

ਤਹਿਜ਼ੀਬ
ਜਿੰਦਰ

# ਤਹਿਜ਼ੀਬ

## ਜਿੰਦਰ

www.PunjabiLibrary.com

# ਤਹਿਜ਼ੀਬ

(ਹੁਣ ਤੱਕ ਕੁੱਲ ਕਹਾਣੀਆਂ)

*ਏਸੇ ਕਲਮ ਤੋਂ*

**ਕਹਾਣੀ ਸੰਗ੍ਰਹਿ**

ਮੈਂ, ਕਹਾਣੀ ਤੇ ਉਹ — 1990

ਤੁਸੀਂ ਨਹੀਂ ਸਮਝ ਸਕਦੇ — 1996,99, 2004
— 1997 (ਹਿੰਦੀ)
— 1998 (ਸ਼ਾਹਮੁਖੀ ਲਿਪੀ ਪਾਕਿਸਤਾਨ 'ਚ)

ਨਹੀਂ, ਮੈਂ ਨਹੀਂ — 2000, 2004

ਬਿਨਾਂ ਵਜ੍ਹਾ ਤਾਂ ਨਹੀਂ —2004

ਜ਼ਖ਼ਮ —2010

**ਰੇਖਾ ਚਿੱਤਰ**

ਕਵਾਸੀ ਰੋਟੀ — 1998

ਜੇ ਇਹ ਸੱਚ ਹੈ ਤਾਂ? — 2004

**ਸੰਪਾਦਨ**

**ਕਹਾਣੀ ਸੰਗ੍ਰਹਿ**

ਬੇਲੋੜੇ — 1997

ਲਾਲ ਮਿੱਟੀ ਦੀ ਸੜਕ —2006

ਪੰਚਕੂਲੇ 'ਚ ਜਨਾਜ਼ਾ —2008

ਸ਼ਾਇਦ ਰੰਮੀ ਮੰਨ ਜਾਏ —2008

ਕਾਹਵਾ ਘਰ ਦੀ ਹੁਸੀਨਾ —2008

ਇਕਬਾਲੀਆ ਬਿਆਨ —2009

**ਰੇਖਾ ਚਿੱਤਰ**

ਤੇਰੇ ਮੇਰੇ ਅਕਸ —2006

ਪਤਾ : 984, ਨੇੜੇ ਸੁਰਿੰਦਰ ਵੈਲਡਿੰਗ ਵਰਕਸ,
ਮਾਡਲ ਹਾਊਸ, ਜਲੰਧਰ-3
ਮੋਬਾਇਲ : 98148-03254

www.PunjabiLibrary.com

# ਤਹਿਜ਼ੀਬ

(ਹੁਣ ਤੱਕ ਕੁੱਲ ਕਹਾਣੀਆਂ)

**ਜਿੰਦਰ**

www.PunjabiLibrary.com

**TEHZEEB**

(A Collection Of Short Stories)

By

*JINDER*

*984, Near Surinder Welding Works*

*Model House*

*Jalandhar*—144 003

ਹਮਸਫ਼ਰ ਪੁਸ਼ੀ, ਬੇਟੇ
ਸ਼ਿਵ ਤੇ ਸੈਫ਼ੀ
ਦੇ
ਨਾਂ

www.PunjabiLibrary.com

## ਤਰਤੀਬ


ਦਰਦ/9
ਕੈਲਕੁਲੇਸ਼ਨ/22
ਡਰ/34
ਤਹਿਜ਼ੀਬ/47
ਜਿੱਤ/57
**ਜ਼ਖ਼ਮ (ਕਹਾਣੀ ਸੰਗ੍ਰਹਿ)**
ਔਕਾਤ/65
ਸ਼ਨਾਖਤ/76
ਜ਼ਖ਼ਮ/87
ਰਫ਼ਤਾਰ/100
ਮੁੜ ਗਲਤੀ ਨਾ ਕਰੀਂ/112
ਪਾਪ/123
ਕੁਰਬਾਨੀ/134
ਵਿੱਥਾਂ/140
ਨਹੀਂ, ਮੈਂ ਦਲਿਤ ਨਹੀਂ/157
**ਬਿਨਾਂ ਵਜ੍ਹਾਂ ਤਾਂ ਨਹੀਂ (ਕਹਾਣੀ ਸੰਗ੍ਰਹਿ)**
ਹੁਣ ਤਕ/171
ਆਤਮ-ਪੁਰਾਣ/183
ਪ੍ਰਸ਼ਨ ਲੀਲ੍ਹਾ/197
ਗਲੋਬ/203
ਇਕ ਸੁਆਲ/216
ਅੰਤ ਬੇਅੰਤ/227
ਬਿਨਾਂ ਵਜ੍ਹਾ ਤਾਂ ਨਹੀਂ/240
ਤਥਾ ਅਸਤੂ, ਨਹੀਂ/252
ਸਿਰ ਦੀ ਅੱਗ/265
**ਨਹੀਂ, ਮੈਂ ਨਹੀਂ (ਕਹਾਣੀ ਸੰਗ੍ਰਹਿ)**
ਹਮਜ਼ਾਦ/282
ਸੌਂਗੀ/295
ਆਤਮ-ਹੱਤਿਆ/304
ਨਹੀਂ, ਮੈਂ ਨਹੀਂ/313
ਕੱਚੇ ਪੱਕੇ ਨਕਸ਼ੇ/323
ਮਾਤ੍ਰੇਸ੍ਰੀ/331
ਸ਼ੀਤ ਯੁੱਧ/340
ਜ਼ਹਿਰ/350
ਪਿਓ-ਸਿਧਾਰਥ-ਪੁੱਤਰ/362
ਜਵਾਲਾਮੁਖੀ/367
ਪੰਤਦਰ/375
ਕੂੜਾ/384
**ਤੁਸੀਂ ਨਹੀਂ ਸਮਝ ਸਕਦੇ (ਕਹਾਣੀ ਸੰਗ੍ਰਹਿ)**
ਕਤਲ/390
ਬਲਾਤਕਾਰ/399
ਮਾਂ ਨੇ ਨਹੀਂ ਰੋਕਿਆ/407
ਤੁਸੀਂ ਨਹੀਂ ਸਮਝ ਸਕਦੇ/415
ਦੋ ਮਿੰਟ ਹੋਰ ਰੁਕ ਜਾ/426
ਬਹੁਤ ਨੇੜੇ ਬਹੁਤ ਦੂਰ/433
ਬੱਸ, ਹੁਣ ਤੂੰ ਸੌਂ ਜਾਈਂ/437
ਕੋਈ ਮਾੜੀ ਤਾਂ ਨਹੀਂ ਕੀਤੀ/447
ਕਾਲੀ ਧੁੱਪ/456
ਕਿਹੜਾ ਕੋਈ ਪਹਾੜ ਡਿੱਗਾ/491
**ਮੈਂ, ਕਹਾਣੀ ਤੇ ਉਹ (ਕਹਾਣੀ ਸੰਗ੍ਰਹਿ)**
ਪਾਣੀ ਦੇ ਸੱਪ/501
ਸ਼ੁਰੂਆਤ/509
ਘੁੰਮਣਘੇਰੀਆਂ/517
ਮੌਤ/528
ਉਹ ਉਡੀਕਦਾ ਰਿਹਾ/537
ਨਿਊਡ/543
ਇਹੁ ਹਮਾਰਾ ਜੀਵਣਾ/551
ਜੰਗਲ 1 ਤੇ 2/558
ਮੈਂ, ਕਹਾਣੀ ਤੇ ਉਹ/567
ਦੋਹਾਂ ਦਾ ਹੀ/572
ਆਪਣਿਆਂ 'ਚ/579


www.PunjabiLibrary.com

## ਦਰਦ

ਕੁਝ ਹਫਤਿਆਂ ਤੋਂ ਮੈਂ ਇਕੱਲਾ ਨਹੀਂ ਰਹਿੰਦਾ। ਇਕੱਲਾ ਹੋਵਾਂ ਤਾਂ ਮੈਨੂੰ ਜਮੀਲ ਦੀ ਯਾਦ ਆ ਜਾਂਦੀ ਹੈ। ਮੈਂ ਪ੍ਰੇਸ਼ਾਨ ਹੁੰਦਾ ਹਾਂ। ਜ਼ਖ਼ਮੀ ਹੋਇਆ ਜਮੀਲ ਮੇਰੇ ਸਾਹਮਣੇ ਆ ਖੜਦਾ ਹੈ। ਮੇਰੇ ਵੱਲ ਸਿੱਧਾ ਹੀ ਦੇਖਦਾ ਹੋਇਆ ਪੁੱਛਦਾ ਹੈ, "ਤੁਹਾਡੇ ਮਜ਼ਹਬੀ ਗ੍ਰੰਥ ਮੌਤ ਬਾਰੇ ਕੀ ਆਂਹਦੇ ਨੇ ?" ਮੈਨੂੰ ਇਸ ਗੱਲ ਦਾ ਪਤਾ ਨਹੀਂ ਲੱਗਦਾ ਕਿ ਉਹ ਇਹੀ ਸਵਾਲ ਵਾਰ-ਵਾਰ ਮੈਥੋਂ ਕਿਉਂ ਪੁੱਛਦਾ ਹੈ। ਮੈਂ ਉਸ ਦਿਨ ਉਸ ਨੂੰ ਦੱਸਿਆ ਤਾਂ ਸੀ। ਉਸ ਦੀ ਤਸੱਲੀ ਕਰਵਾਈ ਸੀ। ਮੈਂ ਉਹਨੂੰ ਇਹ ਵੀ ਦੱਸਿਆ ਸੀ ਕਿ ਜਦੋਂ ਮੈਂ ਪੰਮੇ ਨੂੰ ਰੱਸਿਆਂ ਉਪਰੋਂ ਦੀ ਪੁੱਠਾ ਹੋ ਕੇ ਡਿਗਦਿਆਂ ਹੋਇਆਂ ਦੇਖਿਆ ਸੀ ਤਾਂ ਮੈਨੂੰ ਪਹਿਲੀ ਵਾਰ ਮੌਤ ਦਾ ਖ਼ੌਫ਼ ਆਇਆ ਸੀ। ਮੈਨੂੰ ਪਤਾ ਲੱਗਾ ਸੀ ਕਿ ਮੌਤ ਆਹ ਹੁੰਦੀ ਹੈ। ਪੰਮਾ ਮੇਰਾ ਦੋਸਤ ਸੀ। ਅਸੀਂ ਇਕੱਠੇ ਭਰਤੀ ਹੋਏ ਸੀ। ਲਾਗਲੇ ਪਿੰਡਾਂ ਦੇ ਸੀ। ਇਕ ਦੂਜੇ ਦੇ ਹਮਰਾਜ਼ ਸੀ। ਦੁੱਖ-ਸੁੱਖ ਦੀ ਸਾਂਝ ਸੀ। ਉਸ ਜ਼ੋਰ ਦੇ ਕੇ ਆਪਣਾ ਨਾਂ ਮੇਰੀ ਕੰਪਨੀ 'ਚ ਪਵਾਇਆ ਸੀ। ਉਸ ਦੀ ਮੌਤ ਨੇ ਮੈਨੂੰ ਬੁਰੀ ਤਰ੍ਹਾਂ ਹਿਲਾਇਆ ਸੀ। ਪਰ ਲੜਾਈ ਦਾ ਮੈਦਾਨ ਹੋਣ ਕਰਕੇ ਮੈਂ ਉਸ ਬਾਰੇ ਬਹੁਤਾ ਕੁਝ ਸੋਚ ਨਹੀਂ ਸਕਿਆ ਸੀ। ਮੈਂ ਤਾਂ ਅੱਗੋਂ ਆਉਂਦੀਆਂ ਗੋਲੀਆਂ ਤੋਂ ਬਚਣ ਲਈ ਆਪਣੀ ਸਾਰੀ ਤਾਕਤ ਲਗਾ ਰੱਖੀ ਸੀ। ਗੋਲੀਆਂ ਚਲਾਉਣ ਬਾਰੇ ਇਕਾਗਰਚਿਤ ਹੋਇਆ ਸੀ। ਪਰ ਜਦੋਂ ਵੀ ਕਿਸੇ ਜੁਆਨ ਦੀ ਲਾਸ਼ ਦੇਖਦਾ ਸੀ ਤਾਂ ਮੈਨੂੰ ਪੰਮਾ ਦਿੱਸ ਪੈਂਦਾ ਸੀ। ਮੈਂ ਗੁੱਸੇ ਨਾਲ ਭਰ ਜਾਂਦਾ ਸੀ। ਦੁਸ਼ਮਣ ਨੂੰ ਡਿਗਦਿਆਂ ਦੇਖ ਮੈਨੂੰ ਸਤੁੰਸ਼ਟੀ ਹੁੰਦੀ ਸੀ।.. ਮੈਨੂੰ ਪੰਮੇ ਦਾ ਗੋਲੀਆਂ ਨਾਲ ਉਡਿਆ ਸਿਰ ਅਕਸਰ ਦਿੱਸਦਾ ਰਹਿੰਦਾ ਹੈ। ਲੜਾਈ ਦੀਆਂ ਹੋਈਆਂ ਬੀਤੀਆਂ ਯਾਦ ਆਉਣ ਲੱਗਦੀਆਂ ਹਨ ਤਾਂ ਮੈਂ ਯਕਦਮ ਆਪਣਾ ਧਿਆਨ ਹੋਰ ਪਾਸੇ ਮੋੜਨ ਦੀ ਕੋਸ਼ਿਸ਼ ਕਰਦਾ ਹਾਂ। ਕੁਲਵੰਤ ਨੂੰ ਆਵਾਜ਼ ਮਾਰ ਲੈਂਦਾ ਹਾਂ ਜਾਂ ਟ੍ਰਾਂਜਿਸਟਰ ਉੱਚੀ ਆਵਾਜ਼ 'ਚ ਲਾ ਦਿੰਦਾ ਹਾਂ। ਘਰ 'ਚ ਮੇਰੇ ਕਰਨ ਗੋਚਰਾ ਕੋਈ ਕੰਮ ਨਹੀਂ ਹੈ। ਜੇ ਕਿਤੇ ਹੋਵੇ ਵੀ ਤਾਂ ਕੁਲਵੰਤ ਕਰਨ ਨਹੀਂ ਦਿੰਦੀ। ਝੱਟ ਅਗਾਂਹ ਹੋ ਕੇ ਆਪ ਕਰਨ ਲੱਗ ਜਾਂਦੀ ਹੈ। ਮੇਰਾ ਮੁੱਖ ਕੰਮ ਤਾਂ ਅਖ਼ਬਾਰਾਂ 'ਚ ਐਕਸ ਸਰਵਿਸਮੈਨ ਜਾਂ ਹੈਂਡੀਕੈਪਿਡਾਂ ਲਈ ਖਾਲੀ ਥਾਵਾਂ ਦੇਖਣ ਦਾ ਹੈ। ਮੈਂ ਕਈ ਥਾਵਾਂ 'ਤੇ ਅਪਲਾਈ ਕੀਤਾ ਹੋਇਆ ਹੈ। ਦੋ-ਚਾਰ ਥਾਵਾਂ 'ਤੇ ਇੰਟਰਵਿਊ ਵੀ ਦੇ ਆਇਆ ਹਾਂ। ਅਜੇ ਤਾਈਂ ਕਿਸੇ ਪਾਸਿਉਂ ਕੋਈ ਜਵਾਬ



ਨਹੀਂ ਆਇਆ। ਸ਼ਾਮ ਨੂੰ ਮੈਂ ਲੰਬੀ ਸੈਰ ਕਰਨ ਦੀ ਰੁਟੀਨ ਬਣਾ ਲਈ ਹੈ। ਮੇਰੇ ਕੁੜਤੇ ਦੀ ਜੇਬ 'ਚ ਹਮੇਸ਼ਾ ਹੀ ਛੋਟਾ ਟ੍ਰਾਂਜਿਸਟਰ ਰਹਿੰਦਾ ਹੈ। ਆਉਂਦਾ ਜਾਂਦਾ ਕੋਈ ਨਾ ਕੋਈ ਮਿਲ ਜਾਂਦਾ ਹੈ ਤਾਂ ਮੈਂ ਟ੍ਰਾਂਜਿਸਟਰ ਦੀ ਆਵਾਜ਼ ਮੱਧਮ ਕਰ ਦਿੰਦਾ ਹਾਂ। ਅਗਾਂਹ ਜਾ ਕੇ ਆਵਾਜ਼ ਵਧਾ ਦਿੰਦਾ ਹਾਂ। ਕਦੇ ਕਦਾਈਂ ਨਾਨਕ ਸਰ ਗੁਰਦਵਾਰੇ ਵੱਲ ਵੀ ਜਾਂਦਾ ਹਾਂ। ਉਧਰੋਂ ਗੁਰਬਾਣੀ ਦੀ ਆਵਾਜ਼ ਆਉਂਦੀ ਹੈ। ਜਿਵੇਂ-ਜਿਵੇਂ ਮੈਂ ਗੁਰਦਵਾਰੇ ਦੇ ਨੇੜੇ ਹੁੰਦਾ ਜਾਂਦਾ ਹਾਂ ਇਹ ਆਵਾਜ਼ ਉੱਚੀ ਹੁੰਦੀ ਜਾਂਦੀ ਹੈ। ਮੇਰਾ ਇਕ ਘੰਟਾ ਵਧੀਆ ਬੀਤ ਜਾਂਦਾ ਹੈ। ਮੇਰੀਆਂ ਸੋਚਾਂ ਕਿਸੇ ਪਾਸੇ ਵੀ ਨਹੀਂ ਜਾਂਦੀਆਂ। ਇਸ ਪਾਸੇ ਵੱਲ ਜਾਂਦਿਆਂ ਮੈਨੂੰ ਕੋਈ ਨਹੀਂ ਮਿਲਦਾ। ਨਾ ਜਾਂਦਿਆਂ ਹੋਇਆਂ। ਨਾ ਹੀ ਵਾਪਸੀ 'ਤੇ। ਮੈਂ ਆਪਣੇ ਆਪ ਨੂੰ ਐਨਾ ਕੁ ਥਕਾ ਲੈਂਦਾ ਹਾਂ ਜਿਸ ਨਾਲ ਰਾਤ ਨੂੰ ਮੈਨੂੰ ਜਲਦੀ ਨੀਂਦ ਆ ਜਾਵੇ। ਦਸ ਕੁ ਵਜੇ ਤਾਈਂ ਕੁਲਵੰਤ ਗੱਲਾਂ ਕਰਦੀ ਰਹਿੰਦੀ ਹੈ। ਬੱਚੇ ਆਪਣੀਆਂ ਆਪਣੀਆਂ ਕਲਾਸਾਂ ਦੀਆਂ ਗੱਲਾਂ ਸੁਣਾ ਕੇ ਬੀਬੀ ਕੋਲ ਸੌਣ ਚਲੇ ਜਾਂਦੇ ਹਨ। ਫੇਰ ਮੈਂ ਕੁਲਵੰਤ ਦੀਆਂ ਛਾਤੀਆਂ ਵਿਚਕਾਰ ਸਿਰ ਰੱਖ ਕੇ ਸੌਣ ਦੀ ਕੋਸ਼ਿਸ਼ ਕਰਦਾ ਹਾਂ। ਮੇਰੇ ਸਿਰ 'ਚ ਉਹ ਉੱਨਾ ਚਿਰ ਮਾਲਿਸ਼ ਜਿਹੀ ਕਰਦੀ ਰਹਿੰਦੀ ਹੈ ਜਿੰਨਾ ਚਿਰ ਮੈਂ ਸੌਂਦਾ ਨਹੀਂ ਹਾਂ।

ਅੱਜ ਮੈਨੂੰ ਨੀਂਦ ਨਹੀਂ ਆ ਰਹੀ। ਕੁਲਵੰਤ ਨੇ ਥੱਕ ਕੇ ਪਾਸਾ ਲੈ ਲਿਆ ਹੈ। ਮੇਰੇ ਸੱਜੇ ਗਿੱਟੇ ਕੋਲ ਲਗਾਤਾਰ ਜਲਣ ਜਿਹੀ ਹੋ ਰਹੀ ਹੈ। ਇਹ ਵਧਦੀ ਹੋਈ ਗੋਡੇ ਤੱਕ ਚਲੇ ਜਾਂਦੀ ਹੈ। ਮੈਂ ਖਾਜ ਕਰਦਾ-ਕਰਦਾ ਥੱਕ ਤੇ ਅੱਕ ਜਾਂਦਾ ਹਾਂ। ਸੋਚਦਾ ਹਾਂ ਕਿ ਇਥੇ ਕੀ ਲੜ ਗਿਆ ਸੀ। ਸ਼ਾਇਦ ਲੇਂਦੜਿਆਂ ਕਰਕੇ ਹੈ। ਬਾਰੀਕ-ਬਾਰੀਕ ਕੰਡੇ ਅਜੇ ਵੀ ਚਮੜੀ ਨਾਲ ਚੁੰਬੜੇ ਹੋਏ ਹਨ। ਮੈਂ ਕੁਲਵੰਤ ਦੇ ਕੰਨ ਕੋਲ ਮੂੰਹ ਕਰਕੇ ਹੌਲੀ ਜਿਹੇ ਪੁੱਛਦਾ ਹਾਂ, "ਜਾਗਦੀ ਆਂ ਕਿ ਸੌਂ ਗਈ ?" ਉਹ ਮੇਰੇ ਵੱਲ ਨੂੰ ਪਾਸਾ ਲੈ ਕੇ ਪੁੱਛਦੀ ਹੈ, "ਤੁਸੀਂ ਸੁੱਤੇ ਨ੍ਹੀਂ। ਮੈਂ ਤਾਂ ਕਿਹਾ-ਤੁਸੀਂ ਸੌਂ ਗਏ ਸੀ। ਕੀ ਗੱਲ ਹੋ ਗਈ ? ਤੁਹਾਨੂੰ ਨੀਂਦ ਕਿਉਂ ਨ੍ਹੀਂ ਆਈ ? ਕਿੰਨੇ ਵਜ ਗਏ ਆ ?" ਉਸ ਇਕੋ ਸਾਹੇ ਹੀ ਕਿੰਨੇ ਸਵਾਲ ਪੁੱਛ ਲਏ ਹਨ। ਮੈਂ ਆਪਣੀ ਖਾਜ ਬਾਰੇ ਦੱਸਦਾ ਹਾਂ। ਉਹਨੂੰ ਕਹਿੰਦਾ ਹਾਂ ਕਿ ਉਹ ਮੈਨੂੰ ਤੇਲ ਲੱਭ ਕੇ ਦਵੇ। ਮੈਂ ਮਲਕੜੇ ਜਿਹੇ ਉੱਠ ਕੇ ਤੇਲ ਦੀ ਸ਼ੀਸ਼ੀ ਲੱਭੀ ਸੀ। ਪਰ ਮੈਨੂੰ ਇਹ ਕਿਤੋਂ ਵੀ ਮਿਲੀ ਨਹੀਂ ਸੀ। ਉਹ ਤੇਲ ਲੱਭਣ ਦੀ ਥਾਂ 'ਤੇ ਖਾਜ ਕਰਨ ਲੱਗੀ ਹੈ। ਮੈਨੂੰ ਸਕੂਨ ਮਿਲਦਾ ਹੈ। ਮੇਰਾ ਮਨ ਕਰਦਾ ਹੈ ਕਿ ਉਹ ਲਗਾਤਾਰ ਖਾਜ ਕਰੀ ਜਾਵੇ। ਕੁਝ ਚਿਰ ਪਿਛੋਂ ਮੈਂ ਉਸ ਨੂੰ ਕਹਿੰਦਾ ਹਾਂ ਕਿ ਉਹ ਖੱਬੇ ਗਿੱਟੇ ਕੋਲ ਖਾਜ ਕਰੇ। ਮੈਨੂੰ ਲੱਗਦਾ ਹੈ ਕਿ ਹੁਣ ਸੱਜੇ ਗਿੱਟੇ ਵਾਂਗੂ ਖੱਬੇ ਗਿੱਟੇ ਕੋਲ ਵੀ ਖਾਜ ਹੋਣੀ ਸ਼ੁਰੂ ਹੋ ਗਈ ਹੈ। ਉਹ ਉੱਠ ਕੇ ਬੈਠ ਜਾਂਦੀ ਹੈ। ਉਸ ਦਾ ਹਉਕਾ ਨਿਕਲ ਜਾਂਦਾ ਹੈ। ਮੈਂ ਉਸਨੂੰ ਪੁੱਛਦਾ ਹਾਂ ਕਿ ਉਹ ਖਾਝ ਕਿਉਂ ਨਹੀਂ ਕਰਦੀ। ਜੇ ਉਹ ਥੱਕ ਗਈ ਹੈ ਤਾਂ ਤੇਲ ਲੱਗਾ ਦੇਵੇ। ਮੇਰਾ ਚਿਤ ਕਾਹਲਾ ਪੈਣ ਲੱਗਾ ਹੈ। ਮੈਂ ਉਸਨੂੰ ਫੇਰ ਕਹਿੰਦਾ ਹਾਂ ਤਾਂ ਉਹ ਹੌਲੀ ਜਿਹੇ ਕਹਿੰਦੀ ਹੈ, "ਤੁਹਾਡਾ ਖੱਬਾ ਗਿੱਟਾ ਤਾਂ ਹੈ ਨ੍ਹੀਂ।"

ਮੈਂ ਜ਼ੋਰ ਦੇ ਕੇ ਕਹਿੰਦਾ ਹਾਂ, "ਹੈਗਾ। ਜੇ ਹੈਗਾ ਤਾਂ ਹੀ ਖਾਜ ਆਉਂਦੀ ਆ।"

"ਤੁਹਾਨੂੰ ਭੁਲੇਖਾ ਪੈਂਦਾ। ਗੋਡੇ ਕੋਲ ਆਉਂਦੀ ਹੋਣੀ।"

"ਗੋਡੇ ਕੋਲੋਂ ਨ੍ਹੀਂ-ਗਿੱਟੇ ਕੋਲੋਂ ਸ਼ੁਰੂ ਹੁੰਦੀ ਆ। ਫੇਰ ਉਤਾਂਹ ਨੂੰ ਜਾਂਦੀ ਆ।"



www.PunjabiLibrary.com

ਮੇਰਾ ਸਾਰਾ ਧਿਆਨ ਖੱਬੇ ਗਿੱਟੇ 'ਤੇ ਹੁੰਦੀ ਖਾਜ 'ਤੇ ਲਗਾ ਹੋਇਆ ਹੈ। ਮੈਨੂੰ ਆਪਣੇ ਦੋਵੇਂ ਪੈਰ ਸਹੀ ਸਲਾਮਤ ਲੱਗਦੇ ਹਨ।

ਸ਼ਾਇਦ ਉਸ ਸੋਚ ਲਿਆ ਹੈ ਕਿ ਮੈਂ ਅਰਧ-ਸੁੱਤ ਅਵਸਥਾ 'ਚ ਗੁਜ਼ਰ ਰਿਹਾ ਹਾਂ। ਇਸੇ ਲਈ ਉਸ ਲਾਈਟ ਜਗਾ ਕੇ ਮੈਨੂੰ ਇਸ ਗੱਲ ਦਾ ਅਹਿਸਾਸ ਕਰਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਮੇਰੀ ਖੱਬੀ ਲੱਤ ਗੋਡੇ ਹੇਠੋਂ ਹੈ ਨਹੀਂ। ਪਰ ਮੈਨੂੰ ਤਾਂ ਐਦਾਂ ਮਹਿਸੂਸ ਹੁੰਦਾ ਹੈ ਕਿ ਮੇਰੀ ਖੱਬੀ ਲੱਤ ਵੀ ਠੀਕ-ਠਾਕ ਹੈ। ਜੇ ਠੀਕ-ਠਾਕ ਹੈ ਤਾਂ ਹੀ ਤਾਂ ਖਾਜ ਆਉਂਦੀ ਹੈ।

"ਤੁਸੀਂ ਪਹਿਲਾਂ ਆਪਣੀ ਲੱਤ 'ਤੇ ਹੱਥ ਫੇਰ ਕੇ ਦੇਖੋ।" ਉਹ ਮੈਨੂੰ ਹਲੂਣ ਕੇ ਕਹਿੰਦੀ ਹੈ।

"ਮੈਂ ਕੋਈ ਝੂਠ ਬੋਲਦਾਂ।"

"ਮੈਂ ਇਹ ਕਦੋਂ ਕਿਹਾ।"

"ਤੂੰ ਛੇਤੀ-ਛੇਤੀ ਖਾਜ ਕਰ। ਮੇਰੀ ਲੱਤ ਵੀ ਹੈਗੀ ਆਂ। ਜਮੀਲ ਵੀ ਹੈਗਾ।"

"ਕੌਣ ਜਮੀਲ ?" ਉਹ ਕਾਹਲੀ-ਕਾਹਲੀ ਪੁੱਛਦੀ ਹੈ।

"ਪਾਕਿਸਤਾਨੀ ਫੌਜ ਦਾ ਸਿਪਾਹੀ।"

"ਉਹਨੂੰ ਕੀ ਹੋਇਆ ਸੀ ?"

"ਸ਼ਾਇਦ ਮੈਂ ਉਹਨੂੰ ਮਾਰਿਆ ਸੀ।"

"ਇਹ ਕਿਹੜੀ ਨਵੀਂ ਗੱਲ ਆ। ਆਪ ਹੀ ਦੱਸਿਆ ਸੀ ਕਿ ਤੁਸੀਂ ਪੰਮੇ ਦੀ ਮੌਤ ਮਗਰੋਂ ਗੁੱਸੇ 'ਚ ਅਨੇਕਾਂ ਪਾਕਿਸਤਾਨੀ ਮਾਰੇ ਸੀ। ਕਿਸੇ 'ਤੇ ਵੀ ਤਰਸ ਨ੍ਹੀਂ ਕੀਤਾ ਸੀ।"

"ਪਰ ਜਮੀਲ ਉਨ੍ਹਾਂ 'ਚੋਂ ਨ੍ਹੀਂ ਸੀ।"

"ਫੇਰ ਉਹ ਕੌਣ ਸੀ ?"

"ਉਹ ਮੇਰਾ ਯਾਰ ਸੀ...ਛੋਟਾ ਭਰਾ ਸੀ...ਦੁਸ਼ਮਣ ਸੀ...ਹੋਰ ਪਤਾ ਨ੍ਹੀਂ ਕੀ-ਕੀ ਸੀ...।"

"ਮੈਨੂੰ ਤਾਂ ਕੋਈ ਪਤਾ ਨ੍ਹੀਂ ਲੱਗ ਰਿਹਾ, ਤੁਸੀਂ ਕੀ ਕਹਿਣਾ ਚਾਹੁੰਦੇ ਹੋ।"

"ਉਹ ਬਹੁਤ ਸੋਹਣਾ ਜੁਆਨ ਸੀ। ਅੱਠ ਦਸ ਘੰਟਿਆਂ 'ਚ ਹੀ ਉਹ ਮੇਰੇ ਬਹੁਤ ਨੇੜੇ ਆ ਗਿਆ ਸੀ। ਉਹ ਅਜੇ ਵੀ ਮੇਰੇ ਨੇੜੇ ਆ। ਅੰਗ ਸੰਗ ਆ। ਮੈਂ ਉਹਨੂੰ ਕਦੇ ਨ੍ਹੀਂ ਭੁੱਲ੍ਹਿਆ। ਕਦੇ ਵੀ ਨ੍ਹੀਂ।"

"ਤੁਹਾਨੂੰ ਕਿੰਨਾ ਚਿਰ ਹੋ ਗਿਆ ਘਰੇ ਆਇਆਂ ਨੂੰ। ਪਹਿਲਾਂ ਤਾਂ ਕਦੇ ਉਹ ਦੀ ਗੱਲ ਨ੍ਹੀਂ ਕੀਤੀ। ਸੁਪਨਿਆਂ 'ਚ ਬੁੜਬੜਾ ਕੇ 'ਜਮੀਲ', 'ਜਮੀਲ' ਕਰਦੇ ਹੁੰਦੇ ਆਂ। ਮੈਂ ਜਿੰਨੀ ਵਾਰੀ ਵੀ ਪੁੱਛਿਆ ਤੁਸੀਂ ਕੁਝ ਨ੍ਹੀਂ ਦੱਸਿਆ। ਵਿਚੋਂ ਕਹਾਣੀ ਕੀ ਆ। ਦੱਸੋ। ਹੁਣੇ ਦੱਸੋ। ਉਨਾ ਚਿਰ ਮੈਂ ਤੁਹਾਨੂੰ ਸੌਣ ਨ੍ਹੀਂ ਦੇਣਾ। ਆਪ ਵੀ ਨ੍ਹੀਂ ਸੌਣਾ....।" ਉਸ ਨੇ ਮੇਰੀਆਂ ਅੱਖਾਂ 'ਚ ਸਿੱਧਿਆਂ ਹੀ ਦੇਖਦਿਆਂ ਹੋਇਆਂ ਕਿਹਾ ਹੈ।

"ਪਹਿਲਾਂ ਮੈਨੂੰ ਪਾਣੀ ਦਾ ਗਿਲਾਸ ਲਿਆ ਕੇ ਦੇ। ਫੇਰ ਚਾਹ ਬਣਾ ਕੇ ਲਿਆ...ਮੈਂ ਤੈਨੂੰ ਸਾਰੀ ਕਹਾਣੀ ਸੁਣਾਉਣਾ।"

****



ਕਾਰਗਿਲ 'ਚ ਕੁਸ਼ ਐਸੀਆਂ ਚੌਕੀਆਂ ਆ ਜਿੱਥੇ ਨਵੰਬਰ-ਦਸੰਬਰ 'ਚ ਬਹੁਤ ਜ਼ਿਆਦਾ ਬਰਫ਼ ਪੈਂਦੀ ਆ। ਬਰਫਬਾਰੀ ਤੋਂ ਪਹਿਲਾਂ ਅਕਸਰ ਹੀ ਅਸੀਂ ਇਹਨਾਂ ਚੌਂਕੀਆਂ ਨੂੰ ਖਾਲੀ ਕਰਕੇ ਪਿਛਾਂਹ ਹਟ ਜਾਂਦੇ ਆਂ। ਉਥੇ ਖਾਲੀ ਜਗ੍ਹਾ ਆ ਜਿਥੇ ਸਾਡੇ ਜੁਆਨ ਵੀਹ-ਪੱਚੀ ਦਿਨਾਂ ਬਾਅਦ ਗੇੜਾ ਮਾਰਦੇ ਆ। ਪਿਛਲੀ ਵਾਰ ਉਨ੍ਹਾਂ ਨੂੰ ਗੇੜਾ ਮਾਰਨ 'ਚ ਦੇਰ ਹੋ ਗਈ ਸੀ। ਫੇਰ ਜਿਉਂ ਹੀ ਮਾਰਚ ਮਹੀਨਾ ਬੀਤਦਾ ਆ ਤਾਂ ਅਸੀਂ ਵਾਪਸ ਇਹਨਾਂ ਚੌਕੀਆਂ 'ਤੇ ਚਲੇ ਜਾਂਦੇ ਆਂ। ਕਿੰਨੇ ਹੀ ਸਾਲਾਂ ਤੋਂ ਅਸੀਂ ਆਪਣੀ ਸਹੂਲਤ ਲਈ ਇਹੀ ਕਰਦੇ ਆ ਰਹੇ ਆਂ। ਪਾਕਿਸਤਾਨੀ ਫੌਜ ਨੇ ਕਦੇ ਵੀ ਸਾਡੀ ਇਸ ਸਹੂਲਤ ਵਿੱਚ ਦਖਲ ਨਹੀਂ ਦਿੱਤਾ। ਪਿਛਲੀ ਵਾਰ ਠੰਢ ਪੈਣ ਤੋਂ ਪਹਿਲਾਂ ਅਸੀਂ ਪਿਛਾਂਹ ਹਟੇ ਤਾਂ ਪਾਕਿਸਤਾਨੀ ਫੌਜ ਦੇ ਨਵੇਂ ਬਣੇ ਜਰਨੈਲ ਦੇ ਮਨ ਵਿੱਚ ਬੇਈਮਾਨੀ ਆ ਗਈ। ਉਸਨੇ ਪਲੈਨਿੰਗ ਕੀਤੀ ਕਿ ਇਹਨਾਂ ਚੌਂਕੀਆਂ 'ਤੇ ਕਬਜ਼ਾ ਕਰ ਲਿਆ ਜਾਵੇ। ਮਗਰੋਂ ਸ਼੍ਰੀਨਗਰ ਤੇ ਲੇਹ ਲਦਾਖ ਵੱਲ ਨੂੰ ਜਾਣ ਵਾਲੀ ਵੱਡੀ ਸੜਕ ਨੂੰ ਆਪਣੇ ਕੰਟਰੋਲ 'ਚ ਲੈ ਕੇ ਉਪਰਲੇ ਏਰੀਏ ਨੂੰ ਬਾਕੀ ਦੇਸ਼ ਨਾਲੋਂ ਕੱਟ ਦਿੱਤਾ ਜਾਵੇ। ਉਸ ਵੇਲੇ ਦੋਹਾਂ ਦੇਸ਼ਾਂ 'ਚ ਹਾਲਾਤ ਵੀ ਇੰਨੇ ਮਾੜੇ ਨਹੀਂ ਸੀ। ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀ ਲਾਹੌਰ ਵਿੱਚ ਮਿਲ ਕੇ ਪੱਕੀ ਦੋਸਤੀ ਲਈ ਹੱਥ ਅਗਾਂਹ ਵਧਾਉਣ ਦੀ ਤਿਆਰੀ ਕਰ ਰਹੇ ਸੀ। ਉਧਰ ਪਾਕਿਸਤਾਨੀ ਫੌਜ ਦਾ ਜਰਨੈਲ ਇਸ ਸ਼ਾਂਤੀ ਵਾਰਤਾ ਨੂੰ ਹਰ ਹੀਲੇ ਫੇਲ੍ਹ ਕਰਨਾ ਚਾਹੁੰਦਾ ਸੀ। ਫੇਰ ਸ਼ਾਂਤੀ ਵਾਰਤਾ ਦਾ ਸਮਾਂ ਆਇਆ। ਜਦੋਂ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀ ਭਵਿੱਖ 'ਚ ਨਾ ਲੜਨ ਦੇ ਵਾਅਦੇ ਕਰਦੇ ਇੱਕ ਦੂਜੇ ਨੂੰ ਜੱਫੀਆਂ ਪਾ ਰਹੇ ਸੀ ਤਾਂ ਪਾਕਿਤਸਾਨੀ ਫੌਜ ਦਾ ਜਰਨੈਲ ਉਦੋਂ ਤੱਕ ਬਹੁਤ ਸਾਰਾ ਏਰੀਆ ਆਪਣੇ ਕਬਜ਼ੇ ਹੇਠਾਂ ਕਰ ਚੁੱਕਿਆ ਸੀ ਤੇ ਵਾਹੋ ਦਾਹੀ ਅਗਾਂਹ ਵੱਧ ਰਿਹਾ ਸੀ।

ਸਾਡੇ ਜੁਆਨ ਗੇੜਾ ਮਾਰਨ ਗਏ ਤਾਂ ਉਹਨਾਂ ਦਾ ਸਾਹਮਣਾ ਗੋਲੀਆਂ ਨਾਲ ਹੋਇਆ। ਸਾਡੇ ਅਫਸਰਾਂ ਨੇ ਹੈਲੀਕਾਪਟਰਾਂ ਨਾਲ ਸਰਵੇ ਕੀਤਾ ਤਾਂ ਪਤਾ ਲੱਗਾ ਕਿ ਪਾਕਿਸਤਾਨੀ ਫੌਜ ਤਾਂ ਸਾਡੀਆਂ ਸਾਰੀਆਂ ਚੌਂਕੀਆਂ 'ਤੇ ਕਬਜ਼ਾ ਕਰੀ ਬੈਠੀ ਸੀ।

ਜੋ ਕੁਝ ਹੋਣਾ ਸੀ ਉਹ ਹੋ ਚੁੱਕਾ ਸੀ। ਆਉਣ ਵਾਲੀ ਵੱਡੀ ਲੜਾਈ ਸਾਹਮਣੇ ਦਿੱਸ ਰਹੀ ਸੀ। ਸਾਡੀਆਂ ਫੌਜਾਂ ਕਾਰਗਿਲ ਵੱਲ ਇਕੱਠੀਆਂ ਹੋਣ ਲੱਗੀਆਂ। ਫੌਜੀਆਂ ਦੀਆਂ ਛੁੱਟੀਆਂ ਕੈਂਸਲ ਕਰਕੇ ਉਨ੍ਹਾਂ ਨੂੰ ਵਾਪਸ ਬੁਲਾਇਆ ਗਿਆ। ਐਦਾਂ ਹੀ ਮੈਨੂੰ ਵੀ ਛੁੱਟੀ ਵਿਚਾਲੇ ਛੱਡ ਕੇ ਵਾਪਸ ਜਾਣਾ ਪਿਆ ਸੀ। ਤੈਨੂੰ ਯਾਦ ਆ ਨਾ ਉਦੋਂ ਹੀ ਤੇਰੇ ਭਰਾ ਦਾ ਵਿਆਹ ਰੱਖਿਆ ਹੋਇਆ ਸੀ। ਤੂੰ ਸਾਰੀ ਰਾਤ ਮੈਨੂੰ ਨਾ ਜਾਣ ਲਈ ਮਨਾਉਂਦੀ ਰਹੀ ਸੀ। ਮੇਰੇ ਸਾਹਮਣੇ ਸਰਕਾਰੀ ਡਿਊਟੀ ਸੀ। ਤੂੰ ਵਾਰ ਵਾਰ ਇਹੀ ਕਹੀ ਗਈ ਸੀ, "ਕੋਈ ਗੋਲੀ ਨ੍ਹੀਂ ਚਲ ਗਈ। ਤੁਸੀਂ ਮੈਡੀਕਲ ਲੀਵ ਲੈ ਲਉ। ਵਿਆਹ ਦਾ ਦਿਨ ਲੰਘਾ ਦਿਉ।" ਮੈਂ ਤੈਨੂੰ ਮਸਾਂ ਮਨਾਇਆ ਸੀ। ਦੱਸਿਆ ਸੀ ਕਿ ਫੌਜ ਦੀ ਨੌਕਰੀ 'ਚ ਬਹਾਨੇਬਾਜ਼ੀ ਨਹੀਂ ਚਲਦੀ ਹੁੰਦੀ। ਜੇ ਮੈਂ ਨਾ ਗਿਆ ਤਾਂ ਨਤੀਜਾ ਭੈੜਾ ਨਿਕਲੇਗਾ।....ਸਾਨੂੰ ਹੁਕਮ ਹੋਇਆ ਕਿ ਭਰਵਾਂ ਹਮਲਾ ਕਰਕੇ ਪਾਕਿਸਤਾਨੀ ਫੌਜ ਨੂੰ ਲਾਈਨ ਆਫ ਕੰਟਰੋਲ ਤੋਂ ਪਿਛਾਂਹ ਧੱਕ ਦਿਉ। ਲੜਨ ਵਾਲੀਆਂ ਬਟਾਲੀਅਨਾਂ 'ਚ ਮੇਰੇ ਵਾਲੀ ਕੰਪਨੀ ਸਭ ਤੋਂ ਅੱਗੇ ਸੀ। ਜੁਆਨਾਂ ਨੂੰ ਕੰਪਨੀਆਂ ਵਿੱਚ ਵੰਡ ਕੇ ਅਗਾਂਹ ਵਧਣ ਦੀ ਟਰੇਨਿੰਗ ਦਿੱਤੀ ਗਈ ਸੀ। ਹਰ ਰੋਜ਼



www.PunjabiLibrary.com

ਟਰੇਨਿੰਗ ਪ੍ਰਾਪਤ ਕੰਪਨੀਆਂ, ਚੌਂਕੀਆਂ ਵਾਪਸ ਲੈਣ ਲਈ ਪੂਰੀ ਤਿਆਰੀ ਨਾਲ ਅਗਾਂਹ ਵਧਦੀਆਂ ਤੇ ਦੁਸ਼ਮਣ 'ਤੇ ਹਮਲਾ ਕਰਦੀਆਂ। ਆਹਮਣੇ ਸਾਹਮਣੇ ਦੀ ਲੜਾਈ ਵਿੱਚ ਬੇਗਿਣਤ ਜੁਆਨ ਮਾਰੇ ਗਏ। ਪਾਕਿਸਤਾਨੀ ਫੌਜ ਫਾਇਦੇ 'ਚ ਸੀ। ਇੱਕ ਤਾਂ ਉਹ ਉਚਾਈ 'ਤੇ ਬੈਠੀ ਸੀ। ਦੂਜਾ ਉਹ ਸੁਰੱਖਿਅਤ ਟਿਕਾਣਿਆਂ 'ਚ ਸੀ। ਅਸੀਂ ਰੜੇ ਮੈਦਾਨ ਤੇ ਨੰਗੇ ਧੜ ਲੜ ਰਹੇ ਸੀ। ਇਸੇ ਕਰਕੇ ਸਾਡਾ ਬਹੁਤ ਨੁਕਸਾਨ ਹੋ ਰਿਹਾ ਸੀ। ਇੰਨਾ ਨੁਕਸਾਨ ਕਰਵਾ ਕੇ ਵੀ ਸਾਡਾ ਅੱਗੇ ਵਧਣਾ ਜਾਰੀ ਸੀ। ਆਖਿਰ ਪਾਕਿਸਤਾਨੀ ਫੌਜ ਦੇ ਪੈਰ ਉਖੜਨ ਲੱਗੇ। ਅਸੀਂ ਹੋਰ ਅਗਾਂਹ ਵੱਧਣ ਲੱਗੇ। ਪਾਕਿਸਤਾਨੀ ਫੌਜ ਕਬਜੇ ਹੇਠਲੀਆਂ ਚੌਂਕੀਆਂ ਇੱਕ ਇੱਕ ਕਰਕੇ ਖਾਲੀ ਕਰਨ ਲੱਗੀ। ਅਸੀਂ ਮੁੜ ਤੋਂ ਆਪਣੀਆਂ ਚੌਂਕੀਆਂ 'ਤੇ ਝੰਡਾ ਲਹਿਰਾਉਣ ਲੱਗੇ। ਪੂਰੇ ਜ਼ੋਰਾਂ ਦੀ ਲੜਾਈ ਚਲ ਰਹੀ ਸੀ। ਦੋਹਾਂ ਪਾਸਿਆਂ ਦੇ ਜੁਆਨ ਮਰ ਰਹੇ ਸਨ। ਜਦੋਂ ਸਾਡੇ ਅਫਸਰਾਂ ਨੂੰ ਇਹ ਯਕੀਨ ਹੋ ਗਿਆ ਕਿ ਪਾਕਿਸਤਾਨੀ ਫੌਜ ਐਡੀ ਛੇਤੀ ਸਾਰੀਆਂ ਚੌਂਕੀਆਂ ਖਾਲੀ ਨਹੀਂ ਕਰਨ ਲੱਗੀ ਤਾਂ ਉਨ੍ਹਾਂ ਦੇ ਦਿਮਾਗ 'ਚ ਇੱਕ ਹੋਰ ਵਿਚਾਰ ਆਇਆ।

ਕਾਰਗਿਲ ਤੋਂ ਪਹਿਲਾਂ ਇੱਕ ਪੁਆਇੰਟ ਐਸਾ ਆ ਜਿਹੜਾ ਉਪਰ ਨੂੰ ਜਾਂਦੀ ਸੜਕ 'ਤੇ ਬਿਲਕੁਲ ਨੇੜੇ ਰਹਿ ਜਾਂਦਾ ਆ। ਇਸ ਪੁਆਇੰਟ ਦਾ ਨਾਂ ਦਰਾਸ ਪੁਆਇੰਟ ਆ। ਵੈਸੇ ਤਾਂ ਇਹ ਹਰ ਵੇਲੇ ਸਾਡੇ ਖਾਸ ਪਹਿਰੇ ਹੇਠ ਰਹਿੰਦਾ ਆ। ਪਰ ਇਸ ਵੇਲੇ ਸਾਰਾ ਜ਼ੋਰ ਕਾਰਗਿਲ 'ਚ ਲੱਗਿਆ ਹੋਣ ਕਰਕੇ ਫੌਜੀ ਨਜ਼ਰੀਏ ਤੋਂ ਇਹ ਪੁਆਇੰਟ ਕਮਜ਼ੋਰ ਸੀ। ਸਾਡੇ ਅਫਸਰਾਂ ਦਾ ਵਿਚਾਰ ਸੀ ਕਿ ਪਿੱਛੇ ਹੱਟਦੀ ਪਾਕਿਸਤਾਨੀ ਫੌਜ ਕਿਤੇ ਤਕੜਾ ਹਮਲਾ ਕਰਕੇ ਇਹ ਦਰਾਸ ਪੁਆਇੰਟ ਹੀ ਨਾ ਹਥਿਆ ਲਏ। ਇਸ ਨਾਲ ਅਗਲੀ ਫੌਜ ਦੀ ਸਪਲਾਈ ਲਾਈਨ ਕੱਟੀ ਜਾ ਸਕਦੀ ਸੀ। ਇਹੋ ਜਿਹੀ ਸਥਿਤੀ ਦਾ ਸਾਹਮਣਾ ਕਰਨ ਲਈ ਅਫਸਰਾਂ ਨੇ ਜੰਗਲਾਂ 'ਚ ਲੜਾਈ ਦੀ ਮਾਹਿਰ ਫੌਜ ਦੀਆਂ ਸਪੈਸ਼ਲ ਕੰਪਨੀਆਂ ਮੰਗਵਾਈਆਂ। ਇਹਨਾਂ ਸਪੈਸ਼ਲ ਕੰਪਨੀਆਂ ਨੇ ਇਹ ਸਾਰਾ ਏਰੀਆ ਕਵਰ ਕਰ ਲਿਆ। ਇਸ ਪਾਸੇ ਜੰਗਲ ਸੀ। ਉੱਚੇ ਲੰਬੇ ਰੁੱਖ। ਇਸ ਫੌਜ ਨੂੰ ਜਿੰਦਾਂ ਦੀ ਟਰੇਨਿੰਗ ਦਿੱਤੀ ਜਾਂਦੀ ਸੀ ਉਸ ਨੇ ਉਸੇ ਢੰਗ ਨਾਲ ਆਪਣਾ ਕੰਮ ਸ਼ੁਰੂ ਕੀਤਾ। ਇਹਨਾਂ ਜੁਆਨਾਂ ਨੇ ਰੁੱਖਾਂ ਨਾਲ ਲੰਬੇ ਰੱਸੇ ਬੰਨ੍ਹੇ। ਇਕ ਰੁੱਖ ਨੂੰ ਦੂਜੇ ਨੂੰ ਨਾਲ ਜੋੜਿਆ। ਐਦਾਂ ਕਰਦਿਆਂ ਹੋਇਆਂ ਸਾਰੇ ਏਰੀਏ ਦੇ ਰੁੱਖਾਂ ਨੂੰ ਆਪਸ ਵਿੱਚ ਜੋੜ ਦਿੱਤਾ। ਇਹਨਾਂ ਰੱਸਿਆਂ ਦੇ ਸਹਾਰੇ ਜੁਆਨ ਇੱਕ ਰੁੱਖ ਤੋਂ ਦੂਜੇ ਰੁੱਖ ਤੱਕ ਜਾਂਦਿਆਂ ਹੋਇਆਂ ਸਾਰਾ ਜੰਗਲ ਘੁੰਮ ਸਕਦੇ ਸੀ। ਐਨਾ ਹੀ ਨਹੀਂ ਕੋਈ ਵੀ ਜੁਆਨ ਇੱਕ ਰੁਖ 'ਤੇ ਬੈਠਾ ਆਪਣੇ ਹੱਥਲੇ ਰੱਸੇ ਦੇ ਆਸਰੇ ਉਪਰ ਥੱਲੇ ਵੀ ਆ ਜਾ ਸਕਦਾ ਸੀ।

ਪੂਰੀ ਤਿਆਰੀ ਕਰਕੇ ਜੁਆਨ ਰਾਤ ਵੇਲੇ ਹੀ ਰੁੱਖਾਂ 'ਤੇ ਚੜ੍ਹ ਕੇ ਬੈਠ ਗਏ। ਸਾਡੇ ਅਫਸਰਾਂ ਦਾ ਤੌਖਲਾ ਸੱਚ ਸਾਬਤ ਹੋਇਆ। ਅਗਲੇ ਦਿਨ ਕਾਰਗਿਲ ਵੱਲੋਂ ਪਿੱਛੇ ਹਟੀ ਪਾਕਿਸਤਾਨੀ ਫੌਜ ਨੇ ਸਵੱਖਤੇ ਹੀ ਦਰਾਸ ਪੁਆਇੰਟ 'ਤੇ ਹਮਲਾ ਕਰ ਦਿੱਤਾ। ਜਿਉਂ ਹੀ ਪਾਕਿਸਤਾਨੀ ਫੌਜ ਅੱਗੇ ਵੱਧਣ ਲੱਗੀ ਤਾਂ ਪਹਿਲਾਂ ਹੀ ਰੁੱਖਾਂ 'ਤੇ ਚੜ੍ਹੇ ਬੈਠੇ ਸਾਡੇ ਜੁਆਨਾਂ ਨੇ ਉਹਨਾਂ ਨੂੰ ਫੁੰਡਣਾ ਸ਼ੁਰੂ ਕਰ ਦਿੱਤਾ। ਉਹ ਯਾ ਅਲੀ ਯਾ ਅਲੀ ਦੇ ਨਾਅਰੇ ਲਾਉਂਦੇ ਅਗਾਂਹ ਵਧਦੇ ਪਰ ਰੁੱਖਾਂ 'ਤੇ ਚੜ੍ਹੇ ਬੈਠੇ ਸਾਡੇ ਜੁਆਨ ਉਹਨਾਂ ਨੂੰ ਥਾਂ 'ਤੇ ਹੀ ਢੇਰੀ ਕਰ



ਦਿੰਦੇ। ਪਾਕਿਸਤਾਨੀਆਂ ਲਈ ਵੱਡੀ ਮੁਸ਼ਕਲ ਇਹ ਸੀ ਕਿ ਉਹਨਾਂ ਨੂੰ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਗੋਲੀਆਂ ਕਿਧਰੋਂ ਆ ਰਹੀਆਂ। ਪਾਕਿਸਤਾਨੀ ਫੌਜ ਅਗਾਂਹੋਂ ਗੋਲਬਾਰੀ ਦੇ ਦਬਾਅ ਕਾਰਨ ਪਿਛਾਂਹ ਹਟਣ ਲੱਗੀ ਸੀ। ਪਿਛੋਂ ਉਹਨਾਂ ਦੇ ਅਫਸਰ ਉਹਨਾਂ ਨੂੰ ਫਿਰ ਅਗਾਂਹ ਨੂੰ ਧੱਕਣ ਲੱਗੇ। ਸਾਰਾ ਦਿਨ ਇਸੇ ਤਰ੍ਹਾਂ ਲੰਘ ਗਿਆ। ਦਰਾਸ ਪੁਆਇੰਟ ਪਾਕਿਸਤਾਨੀ ਫੌਜ ਲਈ ਮੌਤ ਦੀ ਥਾਂ ਬਣ ਗਿਆ। ਕੋਈ ਵਾਹ ਨਾ ਜਾਂਦੀ ਦੇਖ ਕੇ ਪਾਕਿਸਤਾਨੀ ਅਫਸਰਾਂ ਨੇ ਦਰਾਸ ਪੁਆਇੰਟ ਤੋਂ ਫੌਜ ਨੂੰ ਵਾਪਸ ਬੁਲਾ ਲਿਆ। ਲਾਸ਼ਾਂ ਦੇ ਢੇਰ ਛੱਡ ਕੇ ਬਚੀ ਖੁਚੀ ਪਾਕਿਸਤਾਨੀ ਫੌਜ ਦਰਾਸ ਪੁਆਇੰਟ ਨੂੰ ਖਾਲੀ ਕਰ ਗਈ। ਇਧਰ ਸਾਡੇ ਜੁਆਨਾਂ ਨੂੰ ਵੀ ਵਾਪਸ ਮੁੜਨ ਦੇ ਹੁਕਮ ਹੋ ਗਏ। ਸ਼ਾਮ ਪੈ ਗਈ ਸੀ। ਸਾਡੇ ਜੁਆਨ ਬਾਂਦਰਾਂ ਵਾਂਗੂੰ ਰੱਸੇ ਟੱਪਦੇ ਤੇ ਦੁੜੰਗੇ ਮਾਰਦੇ ਵਾਪਸ ਮੁੜਨ ਲੱਗੇ। ਵਾਪਸੀ 'ਤੇ ਮੈਂ ਪਿਛੇ ਰਹਿ ਗਿਆ। ਇਕ ਵਾਰੀ ਪਿਛੇ ਰਿਹਾ ਤਾਂ ਫਿਰ ਮੈਂ ਦੂਜਿਆਂ ਤੋਂ ਪਿੱਛੇ ਹੀ ਰਹਿੰਦਾ ਗਿਆ। ਮੈਂ ਰੱਸਿਆਂ ਦੀ ਦੁਨੀਆਂ 'ਚ ਐਸਾ ਗੁਆਚਿਆ ਕਿ ਆਲੇ ਦੁਆਲੇ ਰਸਤਾ ਲੱਭਦਾ ਮੈਂ ਹੋਰ ਗੁਆਚ ਗਿਆ। ਇਧਰ ਉਧਰ ਘੁੰਮਦਾ ਥੱਕ ਗਿਆ। ਕੁਝ ਚਿਰ ਅਰਾਮ ਕਰਨ ਲਈ ਮੈਂ ਇਕ ਰੁੱਖ ਦੇ ਦੁਸਾਂਗ ਨਾਲ ਢੋਅ ਲਾ ਕੇ ਬੈਠ ਗਿਆ। ਮੇਰਾ ਤਿਆਹ ਨਾਲ ਬੁਰਾ ਹਾਲ ਸੀ। ਮੈਂ ਆਪਣੀ ਬੋਤਲ ਹਿਲਾਈ। ਉਸ ਵਿੱਚ ਇਕ ਬੂੰਦ ਵੀ ਪਾਣੀ ਦੀ ਨਹੀਂ ਸੀ। ਮੇਰੀ ਖੱਬੀ ਲੱਤ ਵਿੱਚ ਗੋਲੀ ਲੱਗੀ ਹੋਈ ਸੀ। ਮੈਂ ਆਪਣੇ ਖੁਸ਼ਕ ਬੁੱਲ੍ਹਾਂ 'ਤੇ ਜੀਭ ਫੇਰੀ। ਆਪਣੇ ਸਾਥੀਆਂ ਦੀਆਂ ਆਵਾਜ਼ਾਂ ਸੁਣਨ ਦੀ ਕੋਸ਼ਿਸ਼ ਕਰਨ ਲੱਗਾ ਪਰ ਮੈਨੂੰ ਕੋਈ ਆਵਾਜ਼ ਨਾ ਸੁਣੀ। ਸੂਰਜ ਛਿਪ ਚੁੱਕਾ ਸੀ। ਮੈਂ ਆਲੇ ਦੁਆਲੇ ਨਜ਼ਰ ਮਾਰੀ। ਪਰ ਰੁੱਖਾਂ ਤੋਂ ਬਿਨਾਂ ਉਥੇ ਕੁਸ਼ ਵੀ ਨਾ ਦਿੱਸਿਆ। ਮੈਂ ਇਹ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰਨਾ ਲੱਗਾ ਸੀ ਕਿ ਮੈਂ ਪਾਕਿਸਤਾਨ ਵਾਲੇ ਪਾਸੇ ਹਾਂ ਜਾਂ ਹਿੰਦੁਸਤਾਨ ਵਾਲੇ ਪਾਸੇ। ਉਦੋਂ ਹੀ ਮੈਨੂੰ ਹੇਠਾਂ ਵੱਲ ਹਲਚਲ ਜਿਹੀ ਸੁਣੀ। ਮੈਂ ਮੋਟੇ ਰੁੱਖ ਦੇ ਟਾਹਣੇ ਨਾਲ ਸਹਿ ਕੇ ਬੈਠ ਗਿਆ। ਇੱਕ ਪਾਕਿਸਤਾਨੀ ਫੌਜੀ ਝਾੜੀਆਂ 'ਚੋਂ ਨਿਕਲ ਕੇ ਮੇਰੇ ਸਾਹਮਣੇ ਆ ਗਿਆ। ਉਹ ਇੱਕ ਛੋਟੇ ਜਿਹੇ ਟਿੱਲੇ 'ਤੇ ਖੜ ਗਿਆ। ਜਿਥੇ ਉਹ ਖੜਾ ਸੀ ਉਹ ਥਾਂ ਮੇਰੇ ਬਿਲਕੁਲ ਸਾਹਮਣੇ ਪੈਂਦੀ ਸੀ। ਉਹ ਘਬਰਾਇਆ ਹੋਇਆ ਜਿਹਾ ਇਧਰ ਉਧਰ ਦੇਖ ਰਿਹਾ ਸੀ। ਉਸਦੀ ਹਾਲਤ ਦੇਖ ਕੇ ਮੈਂ ਸਮਝ ਗਿਆ ਕਿ ਉਹ ਵੀ ਆਪਣੀ ਕੰਪਨੀ ਨਾਲੋਂ ਵਿਛੜਿਆ ਹੋਇਆ ਸੀ। ਉਹ ਕਦੇ ਬੈਠ ਜਾਂਦਾ। ਕਦੇ ਖੜਾ ਹੋ ਕੇ ਦੂਰ ਦੂਰ ਤੱਕ ਨਜ਼ਰ ਮਾਰਦਾ। ਉਸਨੂੰ ਵੀ ਇਸ ਜੰਗਲ 'ਚੋਂ ਨਿਕਲਣ ਦਾ ਰਸਤਾ ਲੱਭ ਨਹੀਂ ਸੀ ਰਿਹਾ।

"ਅਜੇ ਲੜਾਈ ਜਾਰੀ ਆ। ਇਹ ਮੇਰੀ ਦੁਸ਼ਮਣ ਫੌਜ ਦਾ ਸਿਪਾਹੀ ਆ।" ਮੈਂ ਇਹ ਸੋਚਦਿਆਂ ਹੀ ਰਾਈਫਲ ਉਸ ਵੱਲ ਸਿੱਧੀ ਕਰਦਿਆਂ ਟ੍ਰਾਈਗਰ 'ਤੇ ਉਂਗਲ ਰੱਖ ਲਈ। ਪਹਾੜੀ 'ਤੇ ਬੈਠਾ ਪਾਕਿਸਤਾਨੀ ਇਕ ਵਾਰ ਫਿਰ ਖੜਾ ਹੋਇਆ। ਉਸਨੇ ਆਲੇ ਦੁਆਲੇ ਦੇਖਿਆ। ਉਹ ਮੋਢੇ ਉਪਰ ਦੀ ਪੁਠਾ ਹੱਥ ਕਰਕੇ ਪਿੱਠ 'ਤੇ ਹੋਏ ਜ਼ਖ਼ਮਾਂ 'ਤੇ ਹੱਥ ਫੇਰਨ ਦੀ ਕੋਸ਼ਿਸ਼ ਕਰਦਾ। ਪਰ ਜ਼ਖ਼ਮਾਂ ਤੱਕ ਹੱਥ ਨਾ ਪਹੁੰਚਣ ਕਰਕੇ ਉਹ ਕਸੀਸ ਵੱਟ ਕੇ ਹਟ ਜਾਂਦਾ। ਮੈਂ ਉਸ ਦੀਆਂ ਹਰਕਤਾਂ ਦੇਖੀ ਗਿਆ।

"ਜੇ ਉਸਨੇ ਉਤਾਂਹ ਮੇਰੇ ਵੱਲ ਦੇਖ ਲਿਆ ਤਾਂ ਉਸਨੇ ਗੋਲੀ ਮਾਰਨ ਲੱਗਿਆਂ



www.PunjabiLibrary.com

ਮਿੰਟ ਨ੍ਹੀਂ ਲਾਉਣਾ।" ਇਹ ਸੋਚਦਿਆਂ ਹੀ ਮੈਂ ਹੋਰ ਸਾਵਧਾਨ ਹੋ ਗਿਆ। ਪਰ ਮੈਂ ਉਸ ਤੋਂ ਬਿਹਤਰ ਪੁਜੀਸ਼ਨ 'ਚ ਸੀ। ਉਸਦੇ ਗੋਲੀ ਚਲਾਉਣ ਤੋਂ ਪਹਿਲਾਂ ਹੀ ਮੈਂ ਟ੍ਰਾਈਗਰ ਦੱਬ ਦੇਣਾ ਸੀ। ਉਹ ਦੂਜੇ ਪਾਸੇ ਦੇਖਦਾ ਹੋਇਆ ਮੇਰੇ ਵੱਲ ਪਿੱਠ ਕਰਕੇ ਖੜ ਗਿਆ।

ਹੁਣ ਮੈਨੂੰ ਕੋਈ ਖਤਰਾ ਨਹੀਂ ਸੀ। ਮੇਰੇ ਹੱਥ ਢਿੱਲੇ ਪੈ ਗਏ। ਫੇਰ ਮੈਨੂੰ ਖ਼ਿਆਲ ਆਇਆ ਕਿ ਉਹ ਮੇਰੇ ਨਿਸ਼ਾਨੇ ਦੀ ਮਾਰ ਹੇਠ ਆ। ਕਿਉਂ ਨਾ ਉਸਨੂੰ ਲਲਕਾਰ ਕੇ ਉਸਦੇ ਹਥਿਆਰ ਸੁੱਟਵਾ ਲਵਾਂ। ਉਸਨੂੰ ਕੈਦੀ ਬਣਾ ਲਵਾਂ।

ਮੈਂ ਦੇਖਿਆ ਕਿ ਉਹ ਹੇਠਾਂ ਖੜਾ ਫੇਰ ਪਾਸਾ ਪਰਤਣ ਲੱਗਾ ਸੀ। ਹੁਣ ਉਸਦੀ ਨਜ਼ਰ ਮੇਰੇ ਖੱਬੇ ਹੱਥ ਦੇ ਰੁੱਖ ਵੱਲ ਸੀ। ਉਹ ਰੁੱਖਾਂ ਦੇ ਉਪਰ ਦੀ ਦੇਖਦਾ ਹੋਇਆ ਦਿਸ਼ਾ ਦਾ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਰੁੱਖਾਂ ਵੱਲ ਦੇਖਦਿਆਂ ਹੀ ਉਸਦੀ ਨਜ਼ਰ ਹੌਲੀ ਹੌਲੀ ਮੇਰੇ ਰੁੱਖ ਵੱਲ ਆ ਗਈ। ਮੈਂ ਸਾਵਧਾਨ ਹੋ ਗਿਆ। ਉਹ ਥੋੜ੍ਹਾ ਕੁ ਹੋਰ ਮੁੜਿਆ ਤਾਂ ਮੈਂ ਬਿਲਕੁਲ ਉਸਦੇ ਸਾਹਮਣੇ ਸੀ। ਹੈਰਾਨੀ ਨਾਲ ਉਸਦੀਆਂ ਨਜ਼ਰਾਂ ਮੇਰੇ ਚਿਹਰੇ 'ਤੇ ਟਿਕ ਗਈਆਂ। ਉਸਨੇ ਦੇਖ ਲਿਆ ਸੀ ਕਿ ਮੈਂ ਉਸ ਵੱਲ ਰਾਈਫਲ ਕਰੀ ਟ੍ਰਾਈਗਰ 'ਤੇ ਉਂਗਲ ਰੱਖੀ ਹੋਈ ਸੀ। ਟ੍ਰਾਈਗਰ ਦੱਬਣ ਦੀ ਦੇਰ ਸੀ ਤੇ ਬੱਸ ਠਾਅ। ਫੇਰ ਉਸਦਾ ਖੱਬਾ ਹੱਥ, ਸੱਜੇ ਹੱਥ 'ਚ ਫੜੀ ਰਾਈਫਲ ਵੱਲ ਨੂੰ ਵਧਿਆ।

"ਹਥਿਆਰ ਸੁੱਟ ਦੇ, ਨ੍ਹੀਂ ਤਾਂ ਗੋਲੀ ਆਈ ਲੈ।" ਮੈਂ ਚੀਕਦਿਆਂ ਹੋਇਆਂ ਕਿਹਾ।

ਉਸ ਦਾ ਹੱਥ ਰੁਕ ਗਿਆ। ਮੇਰੀ ਆਵਾਜ਼ ਸੁਣ ਕੇ ਉਸਨੇ ਮੋਢਿਉਂ ਲਾਹ ਕੇ ਰਾਈਫਲ ਪਰ੍ਹਾਂ ਸੁੱਟ ਦਿੱਤੀ। ਉਪਰ ਨੂੰ ਹੱਥ ਕਰਕੇ ਖੜ ਗਿਆ।

ਮੈਂ ਉਸ ਦਿਆਂ ਖਾਲੀ ਹੱਥਾਂ ਵੱਲ ਦੇਖਦਿਆਂ ਹੋਇਆਂ ਹੇਠਾਂ ਉਤਰਿਆ। ਉਸ ਦੀ ਤਲਾਸ਼ੀ ਲਈ। ਉਸਦੀ ਰਾਈਫਲ ਆਪਣੇ ਕਬਜ਼ੇ 'ਚ ਕੀਤੀ। ਉਸ ਦੇ ਹੱਥ ਪਿਛਾਂਹ ਨੂੰ ਮੋੜਨ ਲੱਗਾ ਤਾਂ ਉਸਦੀ ਲੇਰ ਨਿਕਲ ਗਈ।

"ਮੇਰੀ ਪਿੱਠ 'ਤੇ ਗੋਲੀਆਂ ਲੱਗੀਆਂ ਹੋਈਆਂ।" ਉਸ ਦੀ ਅਵਾਜ਼ 'ਚ ਅਥਾਹ ਪੀੜ ਸੀ। ਮੈਂ ਉਸਦੇ ਪੈਰ ਬੰਨ੍ਹਣ ਲੱਗਾ। ਉਸਦੇ ਪੈਰ ਵੀ ਲਹੂ ਲੁਹਾਣ ਸੀ।

"ਗੋਲੀਆਂ ਨਾਲ ਤਾਂ ਮੈਂ ਵਿੰਨਿਆ ਪਿਆਂ। ਨੱਸਣ ਜੋਗਾ ਕਿਥੇ ਆਂ ਮੈਂ। ਮੈਂ ਕਿਧਰੇ ਨਹੀਂ ਨੱਸਦਾ। ਮੈਨੂੰ ਕਸਮ ਏ ਮੇਰੇ ਅੱਲ੍ਹਾ ਪਾਕ ਦੀ ਮੈਂ ਤੈਨੂੰ ਧੋਖਾ ਨਹੀਂ ਦਿੰਦਾ। ਸੱਚ ਪੁੱਛਦੈਂ ਤਾਂ ਤੈਨੂੰ ਮਿਲਕੇ ਬੜਾ ਸਕੂਨ ਮਿਲਿਆ।"

"ਚੰਗਾ ਬੈਠ ਜਾ ਫੇਰ।" ਮੇਰੇ ਇੰਨਾ ਕਹਿਣ 'ਤੇ ਉਹ ਬੈਠਣ ਦੀ ਬਜਾਏ ਲੰਮਾ ਪੈ ਗਿਆ ਸੀ।

"ਭੈਣ ਦੇਣਿਆਂ, ਕੀ ਨਾਂ ਆ ਤੇਰਾ?"

"ਗਾਲ੍ਹਾਂ ਕਿਉਂ ਕੱਢਦਾਂ। ਪ੍ਰੇਮ ਨਾਲ ਗੱਲ ਕਰ। ਸਾਰੀ ਰਾਤ ਕੱਠਿਆਂ ਲੰਘਾਉਣੀ ਏ। ਮੇਰਾ ਨਾਂ ਜਮੀਲ ਅਹਿਮਦ ਏ।"

"ਪਿਛੋਂ ਕਿਹੜਾ ਪਿੰਡ ਆ?"

"ਕਸੂਰ ਲਾਗੇ ਏ ਮੇਰਾ ਪਿੰਡ ਫਤਿਹਾਬਾਦ। ਦੋ ਕੁ ਸਾਲ ਪਹਿਲਾਂ ਫੌਜ 'ਚ ਭਰਤੀ



ਹੋਇਆਂ। ਘਰ 'ਚ ਭੰਗ ਭੁਜਦੀ ਸੀ। ਭੁੱਖਾ ਮਰਦਾ ਕੀ ਨ੍ਹੀਂ ਕਰਦਾ। ਛੇ ਭੈਣਾਂ ਤੇ ਮੈਂ ਉਨ੍ਹਾਂ ਦਾ ਇਕੋ ਇਕ ਭਰਾ। ਅੱਬਾ ਨ੍ਹੀਂ ਚਾਹੁੰਦਾ ਸੀ ਕਿ ਮੈਂ ਫੌਜ 'ਚ ਭਰਤੀ ਹੋਵਾਂ। ਪਰ ਮੇਰੇ ਅੱਗੇ ਕੋਈ ਹੋਰ ਰਾਹ ਵੀ ਨਾ ਸੀ। ਘਰ ਦੇ ਜੀਆਂ ਨੂੰ ਖਾਣ-ਪੀਣ ਲਈ ਸ਼ੈਵਾਂ ਵੀ ਲੋੜੀਂਦੀਆਂ ਸੀ। ਹੁਣ ਘਰ ਮੇਰੇ ਭੇਜੇ ਪੈਸਿਆਂ ਨਾਲ ਹੀ ਚਲਦਾ। ਜੇ ਮੈਂ ਨਾ ਰਿਹਾ ਤਾਂ ਉਸ ਘਰ ਦਾ ਕੀ ਹੋਵੇਗਾ-ਅੱਲ੍ਹਾ ਈ ਜਾਣਦਾ।"

ਉਸਦੀ ਕਥਾ ਸੁਣਕੇ ਮੈਨੂੰ ਉਸ ਨਾਲ ਹਮਦਰਦੀ ਹੋਣ ਲੱਗੀ ਸੀ।

"ਭਰਾ, ਤੂੰ ਹੁਣੇ ਚੁੱਪ ਕਰ ਗਿਆਂ। ਗੱਲਾਂ ਕਰ। ਮੈਨੂੰ ਬਹੁਤੀਆਂ ਗੱਲਾਂ ਨਹੀਂ ਆਉਂਦੀਆਂ। ਤੂੰ ਵੀ ਆਪਣੇ ਬਾਰੇ ਦੱਸ ਛੱਡ।"

"ਮੇਰੀ ਵੀ ਹਾਲਤ ਤੇਰੇ ਜਿਹੀ ਹੀ ਆ। ਮੈਂ ਵੀ ਭੁੱਖ ਦਾ ਮਾਰਿਆ ਫੌਜ 'ਚ ਭਰਤੀ ਹੋਇਆਂ। ਮੇਰਾ ਪਿਉ ਸੁਨਿਆਰਾ ਕੰਮ ਕਰਦਾ ਸੀ। ਸੋਨੇ ਦਾ ਭਾਅ ਵਧ ਗਿਆ। ਲੋਕ ਗਹਿਣੇ ਬਣਾਉਣੋ ਹਟ ਗਏ। ਮੇਰੇ ਪਿਉ ਨੂੰ ਰਾਤ ਨੂੰ ਬੋਤਲ ਪੀਤਿਆਂ ਬਿਨਾਂ ਨੀਂਦ ਨ੍ਹੀਂ ਆਉਂਦੀ ਸੀ। ਘਰ 'ਚ ਜਿਹੜੇ ਚਾਰ ਪੈਸੇ ਸੀ-ਉਹ ਵੀ ਮੁਕ ਗਏ। ਰੋਟੀ ਪਾਣੀ ਦੇ ਲਾਲੇ ਪੈ ਗਏ। ਮੈਨੂੰ ਘਰਦਿਆਂ ਨੇ ਬੀ. ਏ. ਤੱਕ ਪੜ੍ਹਾਇਆ। ਪਰ ਨੌਕਰੀ ਨ੍ਹੀਂ ਮਿਲੀ। ਨਾ ਸਰਕਾਰੀ। ਨਾ ਹੀ ਪ੍ਰਾਈਵੇਟ। ਜੇ ਪ੍ਰਾਈਵੇਟ ਮਿਲੀ ਵੀ ਤਾਂ ਤਨਖਾਹ ਐਨੀ ਘੱਟ ਸੀ ਕਿ ਮੇਰਾ ਆਪਣਾ ਖਰਚਾ ਵੀ ਨ੍ਹੀਂ ਤੁਰਦਾ ਸੀ। ਘਰਦਿਆਂ ਤੋਂ ਚੋਰੀ ਹੀ ਮੈਂ ਫੌਜ 'ਚ ਭਰਤੀ ਹੋਇਆਂ। ਫੌਜ ਕਰਕੇ ਹੀ ਮੇਰਾ ਵਿਆਹ ਹੋਇਆ। ਹੁਣ ਪਿਛੇ ਦੋ ਨਿਆਣੇ ਆ।...ਵੱਡਾ ਮੁੰਡਾ ਕਾਲਜ 'ਚ ਪੜ੍ਹਦਾ। ਕੁੜੀ ਸਕੂਲ 'ਚ।" ਮੈਥੋਂ ਅਗਾਂਹ ਆਪਣੇ ਬਾਰੇ ਦੱਸਿਆ ਨਹੀਂ ਗਿਆ ਸੀ।

"ਫਿਰ ਤਾਂ ਆਪਾਂ ਇਕੋ ਜਿਹੇ ਆਂ।"

"ਹੂੰ।"

ਮੇਰਾ ਤਿਆਹ ਨਾਲ ਬੁਰਾ ਹਾਲ ਹੋ ਗਿਆ ਸੀ। ਮੇਰਾ ਪਾਣੀ ਮੁੱਕ ਗਿਆ ਸੀ। ਮੈਂ ਉਹਨੂੰ ਪੁੱਛਿਆ ਸੀ, "ਤੇਰੇ ਕੋਲ ਪਾਣੀ ਹੈਗਾ?"

ਉਹ ਨੇ ਕੂਹਣੀ ਪਰਨੇ ਹੋ ਕੇ ਬੋਤਲ ਦਾ ਢੱਕਣ ਮੂੰਹ 'ਚ ਲੈਂਦਿਆਂ ਖੋਲ੍ਹਿਆ। ਬੋਤਲ ਮੇਰੇ ਮੂੰਹ ਵਿੱਚ ਉਲਦ ਦਿੱਤੀ। ਪੁੱਛਿਆ ਸੀ, "ਹੁਣ ਕਿਵੇਂ ਏ?"

"ਪਾਣੀ ਪੀ ਕੇ ਕੁਸ਼ ਰਾਹਤ ਮਿਲੀ ਆ?"

ਉਸ ਦੀ ਦਰਦ ਨਾਲ ਲੇਰ ਨਿਕਲੀ ਗਈ ਸੀ। ਮੈਂ ਆਪਣੇ ਪਿੱਠੂ 'ਚੋਂ ਪੱਟੀ ਕੱਢੀ। ਉਸ ਦੀ ਪਿੱਠ ਦੇ ਜ਼ਖ਼ਮ 'ਤੇ ਰਖੀ। ਆਪਣੀ ਪੱਗ ਦੇ ਲੜ ਨਾਲੋਂ ਲੰਬੀ ਸਾਰੀ ਲੀਰ ਪਾੜੀ। ਉਪਰੋਂ ਦੀ ਬੰਨ੍ਹ ਦਿੱਤੀ। ਉਸ ਨੂੰ ਕੁਝ ਕੁ ਰਾਹਤ ਮਿਲੀ।

"ਭਰਾ-ਤੂੰ ਆਪਣਾ ਨਾਂ ਤਾਂ ਦੱਸਿਆ ਨ੍ਹੀਂ।" ਕੁਸ਼ ਚਿਰ ਬਾਅਦ ਉਹ ਨੇ ਪੁੱਛਿਆ।

"ਮੇਰਾ ਨਾਂ ਅਜਾਇਬ ਆ। ਮੈਨੂੰ ਲੱਗਦਾ ਕਿ ਤੇਰੀ ਵੱਖੀ ਦੇ ਪਿਛਲੇ ਪਾਸੇ ਵੱਡਾ ਜ਼ਖ਼ਮ ਆ।"

"ਗੋਲੀ ਮੇਰੀ ਵੱਖੀ ਕੋਲ ਦੀ ਲੰਘ ਗਈ। ਪਸਲੀ ਤਾਂ ਬਚ ਗਈ ਪਰ ਲੱਗਦਾ ਮਾਸ ਦਾ ਲੋਥੜਾ ਉਡ ਗਿਆ। ਹੁਣ ਇਸ ਢਿੱਡ ਦਾ ਕੀ ਕਰਾਂ?"

"ਕੀ ਹੋਇਆ?"



www.PunjabiLibrary.com

"ਮੈਂ ਸਾਝਰੇ ਦਾ ਭੁੱਖਾ ਤੁਰਿਆ ਫਿਰਦਾਂ। ਖਾਣ ਨੂੰ ਮੇਰੇ ਕੋਲ ਕੁਝ ਨਹੀਂ।"

"ਇਸ ਗੱਲ ਦਾ ਤੂੰ ਫਿਕਰ ਨਾ ਕਰ। ਮੇਰੇ ਕੋਲ ਵਾਧੂ ਸਾਮਾਨ ਆ।" ਮੈਂ ਪਿੱਠੂ ਖੋਲ੍ਹ ਕੇ ਦੋਹਾਂ ਦੇ ਵਿਚਕਾਰ ਰੱਖ ਲਿਆ। ਅਸੀਂ ਦੋਵੇਂ ਸ਼ੱਕਰਪਾਰੇ, ਗੁੜ ਤੇ ਭੁੱਜੇ ਹੋਏ ਛੋਲੇ ਖਾਣ ਲੱਗੇ।

"ਯਾਰ ਜਮੀਲ ਠੰਢ ਲੱਗਣ ਲੱਗ ਪਈ ਆ।" ਹੱਥ ਮਲਦਿਆਂ ਹੋਇਆਂ ਮੈਂ ਆਲੇ ਦੁਆਲੇ ਦੇਖਿਆ।

"ਠੰਢ ਤਾਂ ਭਰਾ ਹੋਈ ਈ ਆ ਉਪਰੋਂ ਰਾਤ ਉਤਰ ਆਈ ਏ।"

ਗੱਲਾਂ ਕਰਦਿਆਂ ਨੂੰ ਸਾਨੂੰ ਪਤਾ ਹੀ ਨਾ ਲੱਗਿਆ ਕਿ ਸਾਡੇ ਦੁਆਲੇ ਹਨੇਰਾ ਪਸਰ ਚੁੱਕਿਆ ਸੀ। ਚਾਰੇ ਪਾਸੇ ਧੁੰਦ ਜਿਹੀ ਫੈਲਣ ਲੱਗੀ ਸੀ। ਠੰਢੀ ਹਵਾ ਦੇ ਬੁੱਲ੍ਹੇ ਆਉਣ ਲੱਗ ਪਏ ਸਨ।

"ਆ ਫਿਰ ਔਖੇ ਸੌਖੇ ਲੱਕੜਾਂ ਇਕੱਠੀਆਂ ਕਰੀਏ।" ਅਸੀਂ ਦੋਵੇਂ ਗੋਡਣੀਆਂ ਭਾਰ ਹੁੰਦੇ ਹੋਏ ਘਾਹ ਫੂਸ ਤੇ ਛੋਟੀਆਂ ਛੋਟੀਆਂ ਟਾਹਣੀਆਂ ਇਕੱਠੀਆਂ ਕਰਨ ਲੱਗੇ। ਥੋੜ੍ਹੀ ਦੇਰ 'ਚ ਵਾਹਵਾ ਢੇਰੀ ਬਣ ਗਈ। ਜਮੀਲ ਨੇ ਪਿੱਠੂ 'ਚੋਂ ਇਕ ਕੱਪੜਾ ਕੱਢਿਆ ਤੇ ਜੇਬ 'ਚੋਂ ਡੱਬੀ ਕੱਢ ਕੇ ਅੱਗ ਬਾਲ ਲਈ। ਅੱਗ ਦੇ ਸੇਕ ਨਾਲ ਸਾਡੇ ਸਰੀਰਾਂ ਨੇ ਗਰਮਾਇਸ਼ ਫੜੀ। ਅਸੀਂ ਕੁਸ਼ ਠੀਕ ਠੀਕ ਮਹਿਸੂਸ ਕਰਨ ਲੱਗੇ।

"ਤੂੰ ਦਰੱਖਤ 'ਤੇ ਕਿਉਂ ਚੜ੍ਹਿਆ ਬੈਠਾ ਸੀ?"

"ਛੋਟੇ ਭਾਈ ਰੁੱਖ 'ਤੇ ਤਾਂ ਮੈਂ ਸਵੇਰ ਦਾ ਹੀ ਭੱਜਿਆ ਫਿਰਦਾ ਸੀ। ਸਾਡੀ ਕੰਪਨੀ ਰੁੱਖਾਂ 'ਤੇ ਬੈਠ ਕੇ ਲੜਾਈ ਲੜਦੀ ਆ।"

"ਤਾਹੀਉਂ ਸਾਡੇ ਆਲਿਆਂ ਨੂੰ ਸਾਰਾ ਦਿਨ ਮੱਕੀ ਦੇ ਦਾਣਿਆਂ ਵਾਂਗੂੰ ਭੁੰਨੀ ਗਏ।"

"ਤੁਹਾਨੂੰ ਇਸ ਗੱਲ ਦਾ ਬਿਲਕੁਲ ਈ ਪਤਾ ਨ੍ਹੀਂ ਲੱਗਾ ਕਿ ਗੋਲੀਆਂ ਤਾਂ ਰੁੱਖਾਂ ਉਪਰੋਂ ਆ ਰਹੀਆਂ?"

"ਦਰਅਸਲ 'ਚ ਅਸੀਂ ਉਲਝਣ 'ਚ ਫਸ ਗਏ। ਇੱਕ ਤਾਂ ਤੁਸੀਂ ਅੱਗੋਂ ਬਹੁਤ ਜ਼ੋਰਦਾਰ ਗੋਲਬਾਰੀ ਕਰ ਰਹੇ ਸੀ। ਦੂਜਾ ਪਿਛੋਂ ਸਾਡੇ ਅਫਸਰ ਨਹੀਂ ਸੀ ਟਿਕਣ ਦੇ ਰਹੇ। ਹਫਲਿਆਂ ਹੋਇਆਂ ਨੂੰ ਕੁਝ ਨ੍ਹੀਂ ਸੀ ਸੁਝ ਰਿਹਾ। ਉਹ ਅੰਨ੍ਹੇਵਾਹ ਸਾਨੂੰ ਅਗਾਂਹ ਧੱਕੀ ਆ ਰਹੇ ਸੀ। ਸਾਨੂੰ ਸੋਚਣ ਦਾ ਮੌਕਾ ਹੀ ਨ੍ਹੀਂ ਮਿਲਿਆ ਕਿ ਅਸੀਂ ਕਰੀਏ ਤਾਂ ਕੀ ਕਰੀਏ।"

"ਲੜਾਈ 'ਚ ਤਾਂ ਐਦਾਂ ਹੀ ਹੁੰਦਾ।"

"ਮੈਨੂੰ ਇਸ ਗੱਲ ਦੀ ਸਮਝ ਨ੍ਹੀਂ ਪਈ ਕਿ ਮੈਂ ਤੇਰਾ ਦੁਸ਼ਮਣ ਤਕਰੀਬਨ ਦਸ ਮਿੰਟ ਤੇਰੇ ਸਾਹਮਣੇ ਖੜ੍ਹਾ ਰਿਹਾ ਪਰ ਤੂੰ ਮੈਨੂੰ ਮਾਰਿਆ ਕਿਉਂ ਨਹੀਂ?"

"ਲੜਾਈ 'ਚ ਦੁਸ਼ਮਣ ਨੂੰ ਮਾਰਨਾ ਹੀ ਜ਼ਰੂਰੀ ਨ੍ਹੀਂ ਹੁੰਦਾ। ਜੇ ਤੁਸੀਂ ਉਸਦੇ ਹਥਿਆਰ ਸੁਟਵਾਕੇ ਉਸਨੂੰ ਕੈਦੀ ਬਣਾ ਲੈਨੇ ਉਂ ਤਾਂ ਵੀ ਜਿੱਤ ਤੁਹਾਡੀ ਹੀ ਹੁੰਦੀ ਐ। ਨਾਲੇ ਇੱਕ ਗੱਲ ਹੋਰ.........।"

"ਉਹ ਕੀ...?"



"ਮੈਂ ਸੋਚਿਆ ਕਿ ਜੇਕਰ ਤੇਰੇ ਹਥਿਆਰ ਸੁੱਟਵਾ ਕੇ ਮੈਂ ਤੈਨੂੰ ਕੈਦੀ ਬਣਾ ਲਵਾਂ ਤਾਂ ਕਮ ਸੇ ਕਮ ਇਸ ਉਜਾੜ ਜੰਗਲ 'ਚ ਰਾਤ ਕੱਟਣ ਲਈ ਕਿਸੇ ਦਾ ਸਾਥ ਤਾਂ ਮਿਲ ਜਾਵੇਗਾ। ਇਕੱਲੇ ਨੂੰ ਤਾਂ ਜੰਗਲ 'ਚ ਜਾਨਵਰ ਹੀ ਖਾ ਜਾਣਗੇ।"

"ਇਹ ਗੱਲ ਤਾਂ ਮੇਰੇ ਮਨ 'ਚ ਵੀ ਆਈ ਸੀ।"

"ਅੱਛਾ।"

"ਮੈਨੂੰ ਵੀ ਪਤਾ ਲੱਗ ਗਿਆ ਸੀ ਕਿ ਮੁਸੀਬਤ ਦੇ ਇਸ ਮੁਕਾਮ 'ਤੇ ਨਾ ਤੂੰ ਮੈਨੂੰ ਮਾਰਨੈ, ਨਾ ਹੀ ਮੈਂ ਤੈਨੂੰ ਮਾਰਨੈ।"

"ਇਹ ਗੱਲ ਤੂੰ ਕਿਵੇਂ ਸੋਚੀ?"

"ਐਤਰਾਂ ਦੀ ਹਾਲਤ ਵਿੱਚ ਤਾਂ ਆਲੇ ਦੁਆਲੇ ਦੇ ਦਰੱਖਤ ਵੀ ਸਾਥੀ ਭਾਲਦੇ ਆ। ਆਪਾਂ ਤਾਂ ਫਿਰ ਵੀ ਇਨਸਾਨ ਆਂ।...ਸ਼ਾਇਦ ਤੈਨੂੰ ਪਤਾ ਨ੍ਹੀਂ-ਇਕ ਵੇਰ ਤਾਂ ਮੈਂ ਤੈਨੂੰ ਗੋਲੀ ਮਾਰਣ ਲੱਗਾ ਸੀ। ਮਾਰ ਵੀ ਸਕਦਾ ਸੀ। ਪਰ ਮੈਥੋਂ ਘੋੜੀ ਨ੍ਹੀਂ ਦਬੀ ਗਈ...ਕੀ ਪਤਾ ਖ਼ੁਦਾ ਦੇ ਫ਼ਜ਼ਲੋ ਕਰਮ ਨਾਲ ਤੂੰ ਬਚ ਗਿਆਂ....।" ਉਹ ਦੱਸਦਾ-ਦੱਸਦਾ ਰੁਕ ਗਿਆ। ਜਿਵੇਂ ਉਸਨੂੰ ਪਿਛੋਂ ਕਿਸੇ ਨੇ ਰੋਕ ਲਿਆ ਹੋਵੇ। ਫੇਰ ਉਹ ਬੋਲਿਆ ਸੀ, "ਹੁਣ ਆਪਾਂ ਇੱਕ ਦੂਜੇ ਦਾ ਆਸਰਾ ਬਣੇ ਹੋਏ ਆਂ। ਦਿਨ ਚੜ੍ਹਦਿਆਂ ਹੀ ਡਿਊਟੀ ਨਿਭਾਉਂਦਿਆਂ ਆਪਾਂ ਫਿਰ ਇੱਕ ਦੂਜੇ ਦੀ ਜਾਨ ਦੇ ਦੁਸ਼ਮਣ ਬਣਜਾਂਗੇ।"

"ਡਿਊਟੀ ਦੀ ਡਿਊਟੀ ਨਾਲ ਰਹੀ। ਪਰ ਫੌਜੀ ਕਿਹੜੇ ਇਨਸਾਨ ਨ੍ਹੀਂ ਹੁੰਦੇ। ਉਹ ਵੀ ਤਾਂ ਰੱਬ ਦੀ ਮਖ਼ਲੂਕ ਨੇ।"

"ਇਹ ਗੱਲ ਤਾਂ ਤੇਰੀ ਬਿਲਕੁਲ ਦਰੁਸਤ ਏ।"

ਫਿਰ ਅਸੀਂ ਕਿੰਨਾ ਚਿਰ ਚੁੱਪ ਰਹੇ।

ਮੇਰੀ ਲੱਤ 'ਚੋਂ ਦਰਦ ਦੀਆਂ ਲਹਿਰਾਂ ਉੱਠਦੀਆਂ ਹੋਈਆਂ ਸਿਰ ਵੱਲ ਨੂੰ ਜਾਂਦੀਆਂ। ਮੇਰੇ ਹੱਥ-ਪੈਰ ਝੂਠੇ ਪੈਣ ਲੱਗਦੇ। ਮੈਂ ਸੋਚਦਾ ਕਿ ਮੇਰੇ ਸਾਹਮਣੇ ਬੈਠੇ ਜਮੀਲ ਦਾ ਕੀ ਹਾਲ ਹੋਵੇਗਾ। ਉਸ ਦੇ ਚਿਹਰੇ 'ਤੇ ਅਜੀਬ ਜਿਹਾ ਕਸਾਉ ਸੀ। ਮੈਂ ਦਰਦ ਨੂੰ ਭੁੱਲਣ ਲਈ ਉਸ ਨੂੰ ਹਲੂਣ ਕੇ ਪੁੱਛਿਆ ਸੀ, "ਕੀ ਸੋਚਣ ਲਗ ਪਿਆਂ?"

"ਕੁਛ ਨ੍ਹੀਂ।"

"ਕਿਉਂ ਝੂਠ ਬੋਲਦਾਂ।"

"ਝੂਠ ਕਿਉਂ ਬੋਲਣਾ। ਮੈਂ ਆਪਣੀ ਅੰਮੀ ਨਾਲ ਗੱਲਾਂ ਕਰ ਰਿਹਾ ਸੀ। ਉਹ ਮੇਰਾ ਬਹੁਤ ਮੋਹ ਕਰਦੀ ਏ। ਜਦੋਂ ਉਹਨੂੰ ਮੇਰੀ ਵਫ਼ਾਤ ਦਾ ਪਤਾ ਲੱਗਾ-ਉਹਨੇ ਅੱਧੀ ਕੁ ਉਸੇ ਵਕਤ ਮਰ ਜਾਣਾ। ਤੈਨੂੰ ਕੌਣ ਯਾਦ ਆ ਰਿਹਾ?"

"ਮੇਰੀ ਘਰਵਾਲੀ ਇਕ ਗੀਤ ਗਾਉਂਦੀ ਹੁੰਦੀ ਆ-ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕੱਜਲਾ, ਵੇ ਅੱਖੀਆਂ 'ਚ ਤੂੰ ਵੱਸਦਾ।...ਮੈਨੂੰ ਉਹ ਗੀਤ ਯਾਦ ਆ ਗਿਆ।"

ਮੈਨੂੰ ਇਸ ਗੱਲ ਦਾ ਪਤਾ ਨਹੀਂ ਰਿਹਾ ਸੀ ਕਿ ਕੀ ਮੈਨੂੰ ਨੀਂਦ ਆ ਗਈ ਸੀ ਜਾਂ ਜ਼ਖ਼ਮਾਂ ਦੀ ਪੀੜ ਨੇ ਮੈਨੂੰ ਆਪਣੇ ਆਲੇ ਦੁਆਲੇ ਦੀ ਕੋਈ ਸੁੱਧ-ਬੁੱਧ ਨਹੀਂ ਰਹਿਣ ਦਿੱਤੀ ਸੀ ਜਾਂ ਮੈਂ ਕੁਝ ਚਿਰ ਲਈ ਬੇਹੋਸ਼ ਹੋ ਗਿਆ ਸੀ। ਮੇਰੀ ਅੱਖ ਖੁੱਲ੍ਹੀ ਸੀ ਤਾਂ ਮੈਂ ਡੌਰ-ਭੌਰ



www.PunjabiLibrary.com

ਹੁੰਦਿਆਂ ਆਲੇ ਦੁਆਲੇ ਦੇਖਿਆ ਸੀ। ਮੈਨੂੰ ਜਮੀਲ ਕਿਧਰੇ ਨਹੀਂ ਦਿੱਸਿਆ ਸੀ। ਮੇਰੇ ਮੂੰਹੋਂ ਗਾਲ੍ਹ ਨਿਕਲੀ ਸੀ, "...ਕਰ ਦਿੱਤੀ ਨਾ ਦੁਸ਼ਮਣਾਂ ਵਾਲੀ ਗੱਲ.........।" ਇਕ ਪਾਸੇ ਬੈਠੇ ਜਮੀਲ ਨੇ ਮੇਰੀ ਆਵਾਜ਼ ਸੁਣ ਲਈ ਸੀ। ਉਸਨੇ ਆਮ ਨਾਲੋਂ ਉੱਚੀ ਆਵਾਜ਼ 'ਚ ਕਿਹਾ ਸੀ, "ਘਬਰਾ ਨਾ ਭਰਾ ਮੈਂ ਤਾਂ ਇਧਰ ਬੈਠਾਂ। ਮੈਂ ਤਾਂ ਅੱਲ੍ਹਾ ਦੇ ਕਹਿਰ ਤੋਂ ਡਰਦਾ ਹੋਇਆ ਇਧਰ ਆ ਗਿਆ ਸੀ। ਜੇ ਮੈਂ ਸੌਂ ਜਾਂਦਾ ਤਾਂ ਮੁਮਕਿਨ ਸੀ ਕਿ ਮੇਰੇ ਜਿਸਮ ਨੂੰ ਅੱਗ ਲੱਗ ਜਾਂਦੀ। ਮੈਂ ਦੋਜ਼ਖ਼ ਦੀ ਅੱਗ ਵਿਚ ਸੜ ਮਰਦਾ। ਫਿਰ ਅੱਲ੍ਹਾ ਨੂੰ ਕੀ ਜਵਾਬ ਦਿੰਦਾ....।"

ਸਾਡੇ ਦੋਹਾਂ ਵਿਚਕਾਰ ਲੰਬੀ ਚੁੱਪ ਪਸਰ ਗਈ ਸੀ ਜਿਵੇਂ ਕੋਈ ਗੱਲ ਕਰਨ ਵਾਲੀ ਨਾ ਰਹਿ ਗਈ ਹੋਵੇ ਜਾਂ ਜੇ ਕੋਈ ਗੱਲ ਕਹਿਣਾ ਚਾਹੁੰਦੇ ਵੀ ਸੀ ਤਾਂ, ਉਹ ਸਾਡੇ ਕੋਲੋਂ ਕਹਿ ਨਹੀਂ ਹੋ ਰਹੀ। ਫੇਰ ਪਹਿਲ ਕਰਦਿਆਂ ਮੈਂ ਪੁੱਛਿਆ ਸੀ, "ਜਮੀਲ ਕੋਈ ਗੱਲ ਕਰ ?"

"ਰਾਤੀਂ ਆਪਾਂ ਭਰਾਵਾਂ ਵਾਂਗੂ ਸਾਂ। ਹੁਣ ਦੁਸ਼ਮਣਾਂ....।"

"ਫੇਰ ਉਹੀ ਗੱਲ....ਤੂੰ ਐਦਾਂ ਕਿਉਂ ਸੋਚਦਾਂ ?"

"ਇਹ ਵਕਤ ਦਾ ਸੱਚ ਏ।"

"ਮੈਨੂੰ ਲਗਦਾ ਵਿਚੋਂ ਕੋਈ ਹੋਰ ਗੱਲ ਆ।"

ਉਹ ਚੁੱਪ ਰਿਹਾ ਸੀ।

"ਖੁੱਲ੍ਹ ਕੇ ਦੱਸ ਵੀ।" ਮੈਂ ਜ਼ੋਰ ਪਾ ਕੇ ਪੁੱਛਿਆ ਸੀ।

"ਤੂੰ ਮੇਰੇ 'ਤੇ ਇਕ ਫ਼ਜ਼ਲ ਕਰੀਂ-ਮੈਨੂੰ ਕਬਰ ਪੁੱਟ ਕੇ ਦਬ ਛੱਡੀਂ...।"

ਉਸ ਦੀਆਂ ਗੱਲਾਂ ਨੇ ਮੇਰਾ ਸਿਰ ਘੁੰਮਾ ਦਿੱਤਾ ਸੀ। ਮੈਨੂੰ ਲੱਗਾ ਸੀ ਕਿ ਉਹ ਹੌਲੀ ਹੌਲੀ ਆਪਣੇ ਮਨ ਦੀਆਂ ਗੰਢਾਂ ਖੋਲ੍ਹ ਰਿਹਾ ਸੀ। ਮੈਂ ਆਪ ਚਾਹੁੰਦਾ ਸੀ ਕਿ ਉਹ ਮਨ ਦੀਆਂ ਗੰਢਾਂ ਖੋਲ੍ਹੇ। ਇਸ ਨਾਲ ਉਸ ਨੂੰ ਦਰਦਾਂ ਤੋਂ ਕੁਝ ਚਿਰ ਲਈ ਰਾਹਤ ਵੀ ਮਿਲ ਸਕਦੀ ਸੀ।

"ਕੁਸ਼ ਹੋਰ ?"

"ਤੂੰ ਮੇਰਾ ਦਰਦ ਨ੍ਹੀਂ ਜਾਣ ਸਕਦਾ।"

"ਯਾਰ ਦੱਸ ਤਾਂ ਸਈ।"

"ਮੈਂ ਬਹੁਤ ਔਖਾਂ। ਮੈਨੂੰ ਜਾਪਦਾ-ਮੈਂ ਬਚਣਾ ਨ੍ਹੀਂ। ਜਦੋਂ ਬਚਣਾ ਨ੍ਹੀਂ ਤਾਂ ਐਵੇਂ ਦਰਦ-ਤਕਲੀਫਾਂ ਸਹਿਣ ਦਾ ਕੀ ਫਾਇਦਾ ? ਜੇ ਤੂੰ ਭਲੇ ਦਾ ਕੰਮ ਕਰ ਸਕਦਾਂ ਤਾਂ ਮੇਰੇ ਗੋਲੀ ਮਾਰ ਦੇ। ਹੁਣ ਮੈਂ ਮਰਣਾ ਚਾਹੁਣਾ। ਮੈਥੋਂ ਦਰਦ ਨ੍ਹੀਂ ਸਹਾਰਿਆ ਜਾ ਰਿਹਾ। ਅੱਲ੍ਹਾ ਪਾਕ ਦੇ ਘਰੋਂ ਤੇਰਾ ਪੁੰਨ ਹੋਵੇਗਾ।"

ਮੈਂ ਦੂਜੇ ਪਾਸੇ ਦੇਖਣਾ ਸ਼ੁਰੂ ਕਰ ਦਿੱਤਾ ਸੀ।

"ਭਰਾ, ਤਾਡੇ ਮਜ਼ਹਬੀ ਗ੍ਰੰਥ ਮੌਤ ਬਾਰੇ ਕੀ ਆਂਹਦੇ ਨੇ ?" ਉਸ ਨੇ ਔਖਾ ਜਿਹਾ ਸਾਹ ਲੈਂਦਿਆਂ ਪੁੱਛਿਆ ਸੀ।

"ਤੂੰ ਮੌਤ ਬਾਰੇ ਕਿਉਂ ਪੁੱਛਦਾਂ ? ਜ਼ਿੰਦਗੀ ਬਾਰੇ ਗੱਲਾਂ ਕਰ ?"

"ਪਹਿਲਾਂ, ਤੂੰ ਮੌਤ ਬਾਰੇ ਤਾਂ ਦੱਸ।"

"ਛੋਟੇ ਭਾਈ, ਮੈਂ ਕੋਈ ਗੁਣੀ ਗਿਆਨੀ ਤਾਂ ਹੈ ਨ੍ਹੀਂ। ਮੇਰੀ ਮਾਂ ਰੋਜ਼ ਗੁਰਦਵਾਰੇ



ਜਾਂਦੀ ਆ। ਪਿਤਾ ਕ੍ਰਿਸ਼ਨ ਭਗਤ ਆ। ਘਰਵਾਲੀ ਸਾਰੇ ਦੇਵੀ ਦੇਵਤਿਆਂ ਨੂੰ ਮੰਨਦੀ ਆ। ਜਿਹੜੀਆਂ ਗੱਲਾਂ ਮੈਂ ਤੈਨੂੰ ਦੱਸਣ ਲੱਗਾਂ ਇਹ ਵੀ ਮੈਂ ਘਰੋਂ ਹੀ ਸਿਖੀਆਂ। ਮੌਤ ਬਾਰੇ ਭਗਵਤ ਗੀਤਾ 'ਚ ਲਿਖਿਆ ਆ ਕਿ ਜੋ ਜੀਅ ਆਇਆ ਆ-ਉਹਨੇ ਜਾਣਾ ਹੀ ਜਾਣਾ ਆ। ਜੀਵ ਕੀ-ਹਰ ਇਕ ਚੀਜ਼ ਨਾਸ਼ਵਾਨ ਆ। ਜਿੱਦਾਂ ਬੰਦਾ ਪੁਰਾਣੇ ਕੱਪੜੇ ਉਤਾਰ ਕੇ ਹੋਰ ਨਵੇਂ ਕੱਪੜੇ ਪਹਿਣ ਲੈਂਦਾ ਆ, ਉਵੇਂ ਹੀ ਦੇਹੀ ਪੁਰਾਣੇ ਸਰੀਰ ਨੂੰ ਤਿਆਗ ਕੇ ਦੂਜੇ ਨਵੇਂ ਸਰੀਰ ਨੂੰ ਧਾਰ ਲੈਂਦੀ ਆ। ਗੁਰਬਾਣੀ ਵੀ ਕਹਿੰਦੀ ਆ : ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥"

"ਜੇਹੜੇ ਵਕਤੋਂ ਪਹਿਲਾਂ ਮਰ ਜਾਂਦੇ ਏ ?"

"ਉਨ੍ਹਾਂ ਦੀਆਂ ਰੂਹਾਂ ਭਟਕਦੀਆਂ ਰਹਿੰਦੀਆਂ। ਉਨ੍ਹਾਂ ਰੂਹਾਂ ਦਾ ਧਿਆਨ ਘਰ 'ਚ ਹੀ ਰਹਿੰਦਾ। ਉਹ ਸਾਡੇ ਸੁਪਨਿਆਂ 'ਚ ਆਉਂਦੀਆਂ। ਸਾਨੂੰ ਅੰਦਰ ਤੇ ਬਾਹਰ ਤੁਰੀਆਂ ਫਿਰਦੀਆਂ ਦਿੱਸਦੀਆਂ। ਉਨ੍ਹਾਂ ਨੂੰ ਕੀਲਣਾ ਪੈਂਦਾ। ਇਕ ਧਾਰਮਿਕ ਅਸਥਾਨ ਆ। ਪਹੇਵਾ। ਉਨ੍ਹਾਂ ਦੀ ਉਥੇ ਜਾ ਕੇ ਗਤੀ ਕਰਵਾਉਣੀ ਪੈਂਦੀ ਆ। ਫੇਰ ਕਿਤੇ ਜਾ ਕੇ ਉਹ ਪਿਛਾ ਛੱਡਦੀਆਂ....।"

ਸਾਡੇ ਵਿਚਕਾਰ ਫੇਰ ਲੰਬੀ ਚੁੱਪ ਪਸਰ ਗਈ ਸੀ।

ਉਸ ਮੌਤ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਉਹ ਕਿਸੇ ਮੌਲਵੀ ਦੇ ਕਹੇ ਲਫ਼ਜ਼ ਦੁਹਰਾਉਣ ਲੱਗਾ, "ਇਹ ਦੁਨੀਆਂ ਤਾਂ ਬਸ ਅਸਥਾਈ ਫ਼ਾਇਦਾ ਏ ਤੇ ਜੋ ਆਖਿਰਤ, ਉਹੀ ਪਾਏਦਾਰ ਘਰ ਏ।" ਫੇਰ ਉਹ ਪੈਦਾਇਸ਼ ਤੋਂ ਲੈ ਕੇ ਮੌਤ, ਆਲਮੇ ਬਰਜ਼ਖ਼ ਤੇ ਕਿਆਮਤ ਦੀ ਦੁਨੀਆਂ 'ਚ ਵਿਚਰਣ ਲੱਗਾ ਸੀ। ਉਸ ਨੂੰ ਐਦਾਂ ਲੱਗਾ ਸੀ ਜਿਵੇਂ ਦੋ ਫ਼ਰਿਸ਼ਤੇ ਉਹਨੂੰ ਮਿਲਣ ਆਏ ਸਨ। ਉਨ੍ਹਾਂ ਦੇ ਹੱਥਾਂ 'ਚ ਉਸ ਦਾ ਆਮਾਲਨਾਮਾ ਫੜਿਆ ਸੀ। ਇਕ ਫਰਿਸ਼ਤੇ ਨੇ ਉਸ ਨੂੰ ਉਸ ਦਾ ਆਮਾਲਨਾਮਾ ਸੱਜੇ ਹੱਥ 'ਚ ਫੜਾਇਆ ਸੀ। ਉਸ ਫਰਿਸ਼ਤੇ ਨੂੰ ਦੱਸਿਆ ਸੀ, "ਮੈਂ ਆਪਣੀ ਸਰਜ਼ਮੀਨ ਲਈ ਸ਼ਹੀਦ ਹੋਇਆ ਵਾਂ।"..

ਮੇਰਾ ਗਲ੍ਹਾ ਵਾਰ-ਵਾਰ ਸੁੱਕ ਰਿਹਾ ਸੀ। ਪਾਣੀ ਵਾਲੀ ਬੋਤਲ ਖਾਲੀ ਹੋ ਗਈ। ਫੇਰ ਮੈਂ ਉਸ ਨੂੰ ਗੱਲੀਂ ਲਾਉਣਾ ਚਾਹਿਆ ਸੀ। ਉਸ ਕਿਹਾ ਸੀ, "ਮੈਂ ਕਦੀ ਬਹੁਤਾ ਬੋਲਿਆ ਹੀ ਨ੍ਹੀਂ। ਬੱਸ ਸੁਣਦਾ ਹੀ ਆਂ। ਤੂੰ ਸੁਣਾਈ ਚਲ।" ਮੈਂ ਦੂਜੇ ਪਾਸੇ ਮੂੰਹ ਘੁੰਮਾ ਲਿਆ ਸੀ।

ਉਸ ਕੋਲੋਂ ਹੋਰ ਇੰਤਜ਼ਾਰ ਨਹੀਂ ਹੋਇਆ ਸੀ। ਉਸ ਦੰਦਾਂ ਹੇਠਾਂ ਜੀਭ ਲੈ ਕੇ ਪਾਸਾ ਲਿਆ ਸੀ, "ਭਰਾ ਮੈਂ ਬਹੁਤ ਔਖਾਂ। ਤੂੰ ਮਾਰ ਦੇ ਨਾ ਮੈਨੂੰ ਗੋਲੀ। ਜ਼ਖ਼ਮਾਂ 'ਚ ਬੜੀਆਂ ਚੀਸਾਂ ਪੈ ਰਹੀਆਂ। ਖ਼ੁਦਾ ਦੇ ਨਾਂ 'ਤੇ ਇਹ ਕਰਮ ਕਰ ਦੇ।"

ਮੈਨੂੰ ਉਸ ਦੀ ਹਾਲਤ 'ਤੇ ਤਰਸ ਆਇਆ ਸੀ। ਮੇਰਾ ਇਕ ਮਨ ਕਹਿ ਰਿਹਾ ਸੀ ਕਿ ਗੋਲੀਆਂ ਦੀ ਬਾਛੜ ਕਰਕੇ ਉਸ ਦੀ ਗਤੀ ਕਰ ਦਵਾਂ। ਅਜਿਹੀ ਜ਼ਿੰਦਗੀ ਨਾਲੋਂ ਮੌਤ ਚੰਗੀ। ਮੈਨੂੰ ਇਸ ਗੱਲ ਦਾ ਵੀ ਪੱਕ ਹੋ ਗਿਆ ਸੀ ਕਿ ਉਸ ਬਚਣਾ ਨਹੀਂ। ਉਹ ਕੁਝ ਘੰਟਿਆਂ ਜਾਂ ਦੋ ਚਾਰ ਦਿਨਾਂ ਦਾ ਮਹਿਮਾਨ ਸੀ। ਦੂਜਾ ਮਨ ਕਹਿਣ ਲੱਗਾ ਸੀ ਕਿ ਇਹ ਬਹੁਤ ਵੱਡਾ ਪਾਪ ਹੋਵੇਗਾ। ਇਕ ਪਾਸੇ ਤਾਂ ਮੈਂ ਉਸ ਨੂੰ ਛੋਟਾ ਭਾਈ ਕਹਿ ਰਿਹਾ ਸੀ। ਦੂਜੇ ਪਾਸੇ ਉਸ ਨੂੰ ਮਾਰਾਂ। ਇਹ ਕਿਸ ਪਾਸੇ ਦਾ ਨਿਆਂ ਆ।



www.PunjabiLibrary.com

ਮੈਨੂੰ ਲੱਗਾ ਸੀ ਕਿ ਸੀਜ ਫਾਇਰ ਹੋ ਗਿਆ ਸੀ। ਸੂਰਜ ਰੁੱਖਾਂ ਦੇ ਸਿਰੇ ’ਤੇ ਆ ਗਿਆ ਸੀ। ਕਿਸੇ ਪਾਸਿਉਂ ਵੀ ਗੋਲੀਆਂ ਜਾਂ ਬੰਬ ਚਲਣ ਦੀ ਆਵਾਜ਼ ਨਹੀਂ ਆ ਰਹੀ ਸੀ।

ਮੈਂ ਉਸ ਨੂੰ ਕਿਹਾ ਸੀ, “ਚਲ ਤੈਨੂੰ ਤੇਰੇ ਵਾਲੇ ਪਾਸੇ ਛੱਡ ਆਵਾਂ। ਲਗਦਾ–ਲੜਾਈ ਖਤਮ ਹੋ ਗਈ ਆ।”

ਉਸ ਦੇ ਚਿਹਰੇ ’ਤੇ ਰੌਣਕ ਆ ਗਈ ਸੀ। ਮੈਂ ਆਪ ਲੰਗੜਾਉਂਦਿਆਂ ਹੋਇਆਂ ਉਸ ਨੂੰ ਕਿੱਡੀ ਦੂਰ ਤੱਕ ਲੈ ਗਿਆ ਸੀ। ਉਹ ਤੁਰਦਾ–ਤੁਰਦਾ ਥੱਕ ਗਿਆ ਸੀ। ਪਰ ਉਸ ਨੇ ਹਿੰਮਤ ਨਹੀਂ ਹਾਰੀ ਸੀ। ਇਕ ਥਾਂ ’ਤੇ ਆ ਕੇ ਉਹ ਬੈਠ ਗਿਆ ਸੀ। ਉਸ ਲੰਬੇ–ਲੰਬੇ ਸਾਹ ਲਏ ਸਨ। ਦੋਵੇਂ ਹੱਥ ਜੋੜ ਕੇ ਕਿਹਾ ਸੀ, “ਭਰਾਵਾ–ਮੈਂ ਤੇਰਾ ਕਿਵੇਂ ਸ਼ੁਕਰੀਆ ਅਦਾ ਕਰਾਂ। ਤੂੰ ਮੈਨੂੰ ਮੇਰੀ ਭੌਇੰ ’ਤੇ ਲੈ ਆਇਆਂ।”

ਮੈਂ ਉਸ ਵੱਲ ਦੇਖਿਆ ਸੀ। ਫੇਰ ਮੈਨੂੰ ਰੱਸਿਆਂ ਉਪਰੋਂ ਦੀ ਪੰਮਾ ਡਿਗਦਾ ਦਿਸਿਆ ਸੀ। ਪੰਮੇ ਦੀ ਚੀਕ ਸੁਣੀ ਸੀ। ਹੁਣ ਜਮੀਲ ਪਾਕਿਸਤਾਨੀ ਫ਼ੌਜ ਦਾ ਸਿਪਾਹੀ ਸੀ। ਫੇਰ ਮੈਂ ਗੁੱਸੇ ਨਾਲ ਪਾਗਲ ਹੋ ਗਿਆ ਸੀ। ਮੈਨੂੰ ਸਿਰਫ ਤੇ ਸਿਰਫ ਆਪਣਾ ਦੁਸ਼ਮਣ ਦਿੱਸ ਰਿਹਾ ਸੀ। ਹੁਣ ਜਮੀਲ ਮੇਰਾ ਦੁਸ਼ਮਣ ਸੀ।

ਮੈਂ ਉਸ ਵੱਲ ਨਿਸ਼ਾਨਾ ਸਾਧਣ ਲਈ ਰਾਈਫਲ ਦੇ ਟ੍ਰਾਈਗਰ ’ਤੇ ਉਂਗਲ ਦਾ ਦਬਾਉ ਪਾਉਣਾ ਸ਼ੁਰੂ ਕੀਤਾ ਸੀ। ਮੈਨੂੰ ਇਕ ਆਵਾਜ਼ ਸੁਣੀ ਸੀ। ਫੇਰ ਮੈਨੂੰ ਇਸ ਗੱਲ ਦਾ ਪਤਾ ਨਹੀਂ ਲੱਗਾ ਸੀ ਕਿ ਗੋਲੀ ਮੈਂ ਚਲਾਈ ਸੀ ਜਾਂ ਮੇਰੀ ਕੰਪਨੀ ਦੇ ਕਿਸੇ ਜੁਆਨ ਨੇ। ਜਦੋਂ ਮੈਨੂੰ ਹੋਸ਼ ਆਈ ਸੀ ਤਾਂ ਮੈਂ ਹਸਪਤਾਲ ਦੇ ਬੈੱਡ ’ਤੇ ਪਿਆ ਸੀ।



# ਕੈਲਕੁਲੇਸ਼ਨ

ਤਰਸੇਮ ਨੇ ਮੈਨੂੰ ਇਹੀ ਕਿਹਾ ਸੀ, “ਵੀਨਾ, ਮੈਨੂੰ ਏਨਾ ਥਕਾ ਦੇ ਤਾਂ ਕਿ ਮੈਨੂੰ ਨੀਂਦ ਆ ਜਾਵੇ।”

ਮੇਰੀ ਖੱਬੀ ਛਾਤੀ ’ਤੇ ਕੋਸੇ–ਕੋਸੇ ਹੰਝੂ ਡਿੱਗੇ ਤਾਂ ਮੈਨੂੰ ਉਸ ਦੀ ਅੰਦਰਲੀ ਟੁੱਟ–ਭੱਜ ਦਾ ਪਤਾ ਲੱਗਾ। ਮੈਂ ਉਸ ਦੇ ਸਿਰ ਨੂੰ ਆਪਣੀਆਂ ਛਾਤੀਆਂ ਤੋਂ ਚੁੱਕ ਕੇ ਦੋਵੇਂ ਹੱਥਾਂ ’ਚ ਫੜ ਲਿਆ। ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਸਨ। ਮੈਂ ਕੁਝ ਪੁੱਛਦੀ ਜਾਂ ਕਹਿੰਦੀ ਇਸ ਤੋਂ ਪਹਿਲਾਂ ਹੀ ਉਸ ਨੇ ਮਰੀ ਜਿਹੀ ਆਵਾਜ਼ ’ਚ ਕਿਹਾ, “ਆਹ ਕੀ ਹੋ ਗਿਆ ?” ਇਹ ਉਸ ਮੈਨੂੰ ਕਿਹਾ ਸੀ ਜਾਂ ਆਪਣੇ ਆਪ ਨੂੰ ਜਾਂ ਉਹ ਕਿਸੇ ਹੋਰ ਨਾਲ ਹੀ ਗੱਲੀਂ ਪਿਆ ਸੀ, ਇਸ ਗੱਲ ਦਾ ਮੈਨੂੰ ਪਤਾ ਨਹੀਂ ਲੱਗਾ। ਮੈਨੂੰ ਉਸ ’ਤੇ ਗੁੱਸਾ ਆਇਆ ਕਿ ਉਸ ਮੈਨੂੰ ਉਤੇਜਤ ਕਾਸ ਲਈ ਕੀਤਾ ਸੀ। ਖੁਦ ਉਤੇਜਤ ਕਿਉਂ ਨਹੀਂ ਹੋਇਆ। ਸ਼ਾਇਦ ਹੋਇਆ ਹੋਵੇ। ਕੀ ਪਤਾ ਮੈਂ ਹੀ ਉਹਨੂੰ ਉਤੇਜਿਤ ਕੀਤਾ ਸੀ। ਕਿੰਨੇ ਦਿਨਾਂ ਬਾਅਦ ਤਾਂ ਅਸੀਂ ਇਕੱਠੇ ਹੋਏ ਸੀ। ਫੇਰ ਮੈਨੂੰ ਕਿਹੜੀ ਆਪਣੇ ਆਪ ਦੀ ਹੋਸ਼ ਰਹੀ ਸੀ। ਮੈਂ ਤਾਂ ਮਦ–ਮਸਤ ਹੋਈ ਪਈ ਸੀ। ਉਸ ਨੂੰ ਇਕ ਦਮ ਕੀ ਹੋ ਗਿਆ ਸੀ ? ਮੈਂ ਉਸ ਨੂੰ ਕੱਪੜੇ ਪਾਉਣ ਲਈ ਕਿਹਾ ਤਾਂ ਉਸ ਆਗਿਆਕਾਰੀ ਬੱਚੇ ਵਾਂਗ ਮੇਰਾ ਕਿਹਾ ਮੰਨ ਲਿਆ। ਮੈਂ ਉਹਨੂੰ ਹੌਸਲਾ ਦੇਣ ਦੇ ਲਹਿਜੇ ’ਚ ਕਿਹਾ, “ਇਹ ਕਿਹੜਾ ਮੇਰੇ ਲਈ ਜ਼ਰੂਰੀ ਆ।” ਮੈਂ ਅਲਫ਼ ਨੰਗੀ ਪਈ ਸੀ। ਉਸ ਨੇ ਮੇਰੇ ਵੱਲ ਰਜਾਈ ਸੁੱਟੀ ਤਾਂ ਮੈਨੂੰ ਇਸ ਦਾ ਪਤਾ ਲੱਗਾ। ਮੈਂ ਕੱਪੜੇ ਪਾਏ। ਪੁੱਛਿਆ, “ਕੀ ਸੋਚਦੇ ਹੋ ? ਤੁਹਾਨੂੰ ਕਾਹਦੀ ਟੈਨਸ਼ਨ ਆ ?” “ਮੈਨੂੰ ਵਿਹੜੇ ਵਾਲੇ ਮੰਗੂ ਦਾ ਵੱਡਾ ਮੁੰਡਾ ਕਰਤਾਰਾ ਦਿੱਸਿਆ। ਉਸ ਮੇਰੀ ਬਾਂਹ ਘੁੱਟ ਕੇ ਫੜ ਲਈ। ਸਿੱਧਾ ਅਗਾਂਹ ਨੂੰ ਧੱਕਣ ਲੱਗਾ। ਮੈਂ ਪਿੱਛੇ ਮੁੜ ਕੇ ਦੇਖਣ ਦੀ ਕੋਸ਼ਿਸ਼ ਕੀਤੀ ਕਿ ਕਿਤੇ ਤੂੰ ਪਿਛਾਂਹ ਹੀ ਨਾ ਰਹਿ ਜਾਵੇਂ। ਉਹ ਬੋਲਿਆ ਸੀ–ਤੇਰੀ ਜਨਾਨੀ ਤੇਰੇ ਪਿੱਛੇ ਪਿੱਛੇ ਆ ਰਹੀ ਆ। ...ਮੈਂ ਇਹਨੂੰ ਤੇਰੇ ਸਾਹਮਣੇ ਨੰਗੀ ਕਰਨਾ। ਫੇਰ ਜੰਗਲ...ਪਹਾੜ... ਐਦਾਂ ਦਾ ਕਈ ਕੁਛ ਦਿੱਸਿਆ,” ਉਸ ਨੇ ਦੱਸਿਆ ਸੀ। ਮੈਨੂੰ ਲੱਗਿਆ ਸੀ ਕਿ ਉਹ ਕਿਸੇ ਹੋਰ ਹੀ ਜਗਤ ’ਚ ਵਿਚਰ ਰਿਹਾ ਸੀ। ਉਹਦਾ ਸਰੀਰ ਇੱਥੇ ਸੀ। ਮਨ ਕਿਸੇ ਹੋਰ ਥਾਂ ’ਤੇ।

ਕੀ ਇਹ ਖੇਡ ਉਸ ਬੇ–ਸੁਰਤੀ ਜਿਹੀ ਦੀ ਸਥਿਤੀ ਵਿਚ ਖੇਡੀ ਸੀ ? ਇਹ ਸਭ



www.PunjabiLibrary.com

ਕੁਝ ਕੀ ਸੀ ? ਕਿਉਂ ਹੋਇਆ ਸੀ ? ਇਸ ਗੱਲ ਦੀ ਮੈਨੂੰ ਕੋਈ ਸਮਝ ਨਹੀਂ ਲੱਗੀ ਸੀ। ਮੈਂ ਇਸ ਬਾਰੇ ਹੋਰ ਕੁਝ ਸੋਚਦੀ-ਮੈਨੂੰ ਉਸ ਦੀ ਚਿੰਤਾ ਲੱਗਣੀ ਸ਼ੁਰੂ ਹੋ ਗਈ ਸੀ। ਮੈਨੂੰ ਲੱਗਿਆ ਕਿ ਉਸ ਨਾਲ ਕੋਈ ਬਹੁਤ ਵੱਡੀ ਅਣਹੋਣੀ ਹੋਈ ਹੈ। ਪਹਿਲਾਂ ਐਦਾਂ ਕਦੇ ਨਹੀਂ ਹੋਇਆ ਸੀ। ਕਿਤੇ ਬੈਂਕ 'ਚ ਕੈਸ਼ ਦੀ ਗੜਬੜ ਤਾਂ ਨਹੀਂ ਹੋ ਗਈ। ਪਹਿਲਾਂ ਮੇਰਾ ਧਿਆਨ ਇਸ ਪਾਸੇ ਵੱਲ ਗਿਆ। ਮੈਨੂੰ ਪਤਾ ਕਿ ਉਹ ਕੋਈ ਵੀ ਵੱਡੀ ਗੱਲ ਛੇਤੀ ਦੇਣੀ ਨਹੀਂ ਦੱਸਦਾ। ਉਸ 'ਚ ਗੱਲ ਨੂੰ ਜਜ਼ਬ ਕਰਨ ਦਾ ਅਥਾਹ ਮਾਦਾ ਹੈ। ਮੇਰੇ ਪਾਪਾ ਜੀ ਦੀ ਵੀ ਇਹੀ ਆਦਤ ਹੈ। ਮੈਂ ਇਸ ਬਾਰੇ ਇਕ ਵਾਰ ਉਨ੍ਹਾਂ ਨੂੰ ਪੁੱਛਿਆ ਸੀ। ਉਨ੍ਹਾਂ ਦੱਸਿਆ ਸੀ, "ਸ਼ਾਇਦ ਇਹ ਬੰਦੇ ਦੀ ਆਦਿ ਕਾਲ ਤੋਂ ਹੀ ਆਦਤ ਬਣੀ ਆ। ਓਦੋਂ ਔਰਤਾਂ ਝੌਂਪੜੀਆਂ ਜਾਂ ਘਰਾਂ 'ਚ ਰਹਿੰਦੀਆਂ ਸੀ। ਬੰਦੇ ਸ਼ਿਕਾਰ ਕਰਨ ਜਾਂਦੇ ਸੀ। ਘਰੇ ਔਰਤਾਂ ਇਕ ਦੂਜੀ ਨਾਲ ਗੱਲਾਂ ਕਰਕੇ ਆਪਣੇ ਮਨ ਦਾ ਬੋਝ ਹੌਲਾ ਕਰ ਲੈਂਦੀਆਂ ਸਨ। ਸ਼ਿਕਾਰ ਨੂੰ ਪਤਾ ਨਾ ਲੱਗ ਜਾਵੇ-ਏਸੇ ਲਈ ਬੰਦਾ ਚੁੱਪ ਰਹਿੰਦਾ ਸੀ। ਜੇ ਉਹ ਬੋਲਦਾ ਤਾਂ ਸ਼ਿਕਾਰ ਨੂੰ ਪਤਾ ਲੱਗ ਜਾਂਦਾ। ਇਹੀ ਆਦਤ ਹੁਣ ਵੀ ਚੱਲੀ ਆ ਰਹੀ ਆ।"

ਤਰਸੇਮ ਵੱਲ ਦੇਖ ਕੇ ਮੈਨੂੰ ਕੰਬਣੀ ਛਿੜੀ। ਮੈਂ ਬੈੱਡ ਦੇ ਢੋਅ ਨਾਲ ਪਿੱਠ ਟਿਕਾ ਲਈ। ਮੈਨੂੰ ਔਚੋ-ਤਾਈ ਲੱਗੀ ਸੀ। ਅਗਲੇ ਹੀ ਪਲ ਮੈਂ ਉਸ ਵੱਲ ਘੁੰਮ ਗਈ।

ਉਸ ਨੇ ਮੇਰੇ ਮੋਢਿਆਂ ਉਪਰ ਦੀ ਬਾਂਹ ਫੈਲਾ ਕੇ ਆਪਣੇ ਨਾਲ ਘੁੱਟ ਲਿਆ। ਸਾਹਮਣੇਲੀ ਕੰਧ ਵੱਲ ਸਿੱਧਾ ਹੀ ਦੇਖਣ ਲੱਗਾ। ਇਸ ਦੌਰਾਨ ਉਸ ਦੀਆਂ ਉਂਗਲਾਂ ਦਾ ਦਬਾਉ ਮੇਰੇ ਸੱਜੇ ਮੋਢੇ 'ਤੇ ਕਦੇ ਘੱਟ ਜਾਂਦਾ। ਕਦੇ ਵੱਧ ਜਾਂਦਾ। ਕਦੇ ਉਹ ਖਾਝ ਜਿਹੀ ਕਰਨ ਲੱਗ ਜਾਂਦਾ। ਉਸ ਆਪਣਾ ਮੂੰਹ ਮੇਰੇ ਵੱਲ ਨਾ ਘੁੰਮਾਇਆ। ਉਹ ਕਿਸੇ ਡੂੰਘੀ ਸੋਚ 'ਚ ਗੁਆਚਿਆ ਹੋਇਆ ਸੀ-ਏਸੇ ਲਈ ਮੈਂ ਉਹ ਦੇ ਕੋਲੋਂ ਕੁਝ ਨਾ ਪੁੱਛਿਆ। ਮੇਰਾ ਮਨ ਜਲਦੀ ਹੀ ਕਾਹਲਾ ਪੈਣ ਲੱਗਾ। ਬੁਲ੍ਹ ਪੁੱਛਣ ਲਈ ਹਿਲਦੇ ਪਰ ਗਲੇ 'ਚੋਂ ਆਵਾਜ਼ ਨਾ ਨਿਕਲਦੀ। ਉਸ ਹੌਲੀ ਹੌਲੀ ਦੱਸਣਾ ਸ਼ੁਰੂ ਕੀਤਾ, "ਮੇਰੀਆਂ ਨਜ਼ਰਾਂ ਅੱਗੇ ਤਾਂ ਵੱਡੀ ਭੈਣ ਸ਼ਕੁੰਤਲਾ ਦਾ ਭੋਲਾ ਜਿਹਾ ਚਿਹਰਾ ਘੁੰਮ ਰਿਹਾ। ਤੈਨੂੰ ਪਤਾ ਹੀ ਆ ਕਿ ਆਪਣੀ ਸ਼ਕੁੰਤਲਾ ਦੀ ਛੋਟੀ ਕੁੜੀ ਨੇ ਘਰੋਂ ਭੱਜ ਕੇ ਤਰਖਾਣਾਂ ਦੇ ਮੁੰਡੇ ਨਾਲ ਵਿਆਹ ਕਰਵਾ ਲਿਆ ਸੀ। ਜਦੋਂ ਸ਼ਕੁੰਤਲਾ ਨੂੰ ਪਤਾ ਲੱਗਾ ਤਾਂ ਉਹ ਪੁੱਠੀ ਹੋ ਕੇ ਥਾਈਂ ਡਿਗ ਪਈ ਸੀ। ਫੇਰ ਉਹ ਦੋ ਮਹੀਨੇ ਨਿਊਰੋ ਹਸਪਤਾਲ 'ਚ ਦਾਖਲ ਰਹੀ ਸੀ। ਅਜੇ ਵੀ ਆਪਣੀ ਧੀ ਨੂੰ ਯਾਦ ਕਰਕੇ ਅਰਧ ਬੇਹੋਸ਼ ਹੋ ਜਾਂਦੀ ਆ। ਕਿੰਨੇ ਦੁੱਖ ਝੱਲੇ ਆ ਉਸ ਵਿਚਾਰੀ ਨੇ।"

"ਹੁਣ ਉਸ ਗੱਲ ਨੂੰ ਯਾਦ ਕਰਨ ਦਾ ਕੀ ਫਾਇਦਾ ?" ਮੇਰੇ ਅੰਦਰ ਉੱਠੀ ਕੰਬਣੀ ਨੂੰ ਠੱਲ੍ਹ ਪੈ ਗਈ ਸੀ। ਮੈਂ ਕੀ ਦਾ ਕੀ ਸੋਚੀ ਜਾ ਰਹੀ ਸੀ। ਗੱਲ ਤਾਂ ਵਿਚੋਂ ਹੋਰ ਹੀ ਨਿਕਲੀ ਸੀ।

"ਮੈਂ ਸੋਚਦਾਂ-ਜੇ ਕਲ੍ਹ ਨੂੰ ਆਪਣੀ ਸੁੱਖੀ ਵੀ ਐਦਾਂ ਹੀ ਵਿਆਹ ਕਰਵਾ ਲਵੇ ਤਾਂ ਤੈਥੋਂ ਇਹ ਝੱਲ ਨ੍ਹੀਂ ਹੋਣਾ।"

ਮੈਂ ਉਸ ਦੇ ਬੁੱਲ੍ਹਾਂ 'ਤੇ ਹੱਥ ਰੱਖ ਦਿੱਤਾ ਸੀ। ਕਿਹਾ ਸੀ, "ਮੇਰੀ ਧੀ ਐਦਾਂ ਨ੍ਹੀਂ ਕਰ ਸਕਦੀ। ਉਹਨੂੰ ਪਤਾ ਆ ਕਿ ਮੈਂ ਉਸ ਦੇ ਵਿਆਹ ਬਾਰੇ ਕੀ ਕੀ ਚੀਜ਼ਾਂ ਇਕੱਠੀਆਂ ਕਰ



ਰਹੀ ਆਂ। ਗਗਨ ਨੇ ਤਾਂ ਗੋਰੀ ਨਾਲ ਵਿਆਹ ਕਰਵਾ ਲਿਆ। ਉਹ ਮੁੰਡਾ ਸੀ ਪਰ ਸੁੱਖੀ ਲਈ ਅਸੀਂ ਮੁੰਡਾ ਆਪ ਲੱਭਣਾ।"

ਫੇਰ ਤਰਸੇਮ ਨੇ ਕੋਈ ਗੱਲ ਨਹੀਂ ਕੀਤੀ ਸੀ।

ਮੈਨੂੰ ਉਸ ਦੀ ਚੁੱਪ ਅਸ਼ਾਂਤ ਕਰਨ ਲੱਗੀ। ਮੈਂ ਚਾਰ ਪੰਜ ਘੰਟਿਆਂ ਦੀਆਂ ਹੋਈਆਂ ਬੀਤੀਆਂ ਯਾਦ ਕਰਨ ਲੱਗੀ। ਜਦੋਂ ਉਹ ਚੰਡੀਗੜ੍ਹੋਂ ਆਇਆ ਤਾਂ ਉਸ ਦੇ ਚਿਹਰੇ 'ਤੇ ਮਾੜਾ ਮੋਟਾ ਖਿਚਾਅ ਸੀ। ਮੈਨੂੰ ਇਹ ਖਿਚਾਅ ਸਫਰ ਕਰਕੇ ਲੱਗਾ ਸੀ। ਚੰਡੀਗੜ੍ਹ ਕਿਹੜਾ ਨੇੜੇ ਹੈ। ਆਪਣੀ ਆਦਤ ਅਨੁਸਾਰ ਹੱਥ ਜੋੜ ਕੇ ਨਮਸਤੇ ਕੀਤੀ ਸੀ। ਮੈਂ ਪਾਣੀ ਦਾ ਗਿਲਾਸ ਦਿੱਤਾ ਸੀ। ਅਸੀਂ ਚਾਹ ਪੀਤੀ ਸੀ। ਉਹਨੇ ਮੈਨੂੰ ਪੁੱਛਿਆ ਸੀ, "ਮੈਨੂੰ ਤੂੰ ਟੈਨਸ਼ਨ 'ਚ ਲੱਗਦੀ ਆਂ ?" ਮੈਂ ਦੱਸਿਆ ਸੀ, "ਮੈਨੂੰ ਕਾਹਦੀ ਟੈਨਸ਼ਨ ਹੋਣੀ ਆਂ। ਓਦਾਂ ਹੀ ਘਰ ਦੇ ਕੰਮ ਕਰਦੀ ਕਰਦੀ ਥੱਕ ਜਾਂਦੀ ਆਂ।" ਉਸ ਫਿਰ ਪੁੱਛਿਆ ਸੀ, "ਘਰ ਦੀ ਕੋਈ ਖਾਸ ਗੱਲ ਬਾਤ ?" ਮੈਂ ਕਿਹਾ ਸੀ, "ਕੋਈ ਖਾਸ ਨ੍ਹੀਂ। ਜੇ ਹੁੰਦੀ ਤਾਂ ਮੈਂ ਤੁਹਾਨੂੰ ਟੈਲੀਫੋਨ 'ਤੇ ਹੀ ਦੱਸ ਦੇਣੀ ਸੀ। ਤੁਸੀਂ ਆਪ ਠੀਕ ਨ੍ਹੀਂ ਲੱਗਦੇ ?" "ਨ੍ਹੀਂ," ਕਹਿ ਕੇ ਉਹ ਦੂਜੇ ਪਾਸੇ ਦੇਖਣ ਲੱਗ ਪਿਆ ਸੀ। ਮੈਨੂੰ ਲੱਗਿਆ ਸੀ ਕਿ ਕੋਈ ਨਾ ਕੋਈ ਗੱਲ ਹੈ। ਉਹ ਮੇਰੇ ਵੱਲ ਸਿੱਧਾ ਦੇਖ ਕੇ ਗੱਲ ਨਹੀਂ ਕਰ ਰਿਹਾ ਸੀ। ਮੈਂ ਇਸ ਸੰਬੰਧੀ ਉਸ ਕੋਲੋਂ ਪੁੱਛਣਾ ਚਾਹੁੰਦੀ ਸੀ ਪਰ ਕਿਸੇ ਤਰ੍ਹਾਂ ਦੀ ਕਾਹਲ ਵੀ ਨਹੀਂ ਕਰਨੀ ਚਾਹੁੰਦੀ ਸੀ। ਉਸ ਨੇ ਤਿੰਨ ਰਾਤਾਂ ਤੇ ਦੋ ਤਿੰਨ ਘਰੇ ਹੀ ਰਹਿਣਾ ਸੀ। ਉਹਦੀ ਵੀ ਇਹ ਇੱਛਾ ਹੁੰਦੀ ਸੀ ਕਿ ਮੈਂ ਉਹਨੂੰ ਆਉਂਦਿਆਂ ਹੀ ਐਸੀ ਵੈਸੀ ਗੱਲ ਨਾ ਤਾਂ ਦੱਸਾਂ ਜਾਂ ਨਾ ਪੁੱਛਾਂ। ਇਕ ਰਾਤ ਮੈਂ ਸਬਰ ਕਰ ਲੈਂਦੀ ਸੀ। ਦੂਜੇ ਦਿਨ ਹੋਈ ਬੀਤੀ ਦੱਸਦੀ ਸੀ।

"ਤੂੰ ਡਾਕ ਖੋਲ੍ਹ ਕੇ ਕਿਉਂ ਨ੍ਹੀਂ ਪੜ੍ਹਦੀ ?" ਉਸ ਨੇ ਆਪਣੀ ਬਾਂਹ ਮੇਰੇ ਮੋਢਿਆਂ ਤੋਂ ਹਟਾ ਕੇ ਪੁੱਛਿਆ।

"ਬੱਸ, ਆਦਤ ਹੀ ਨ੍ਹੀਂ ਬਣੀ," ਮੈਂ ਉਸ ਦੀ ਗੋਦ 'ਚ ਸਿਰ ਰੱਖ ਕੇ ਪੈ ਗਈ। ਉਸ ਨੇ ਮੈਨੂੰ ਫੜ ਕੇ ਬੈਠਾ ਦਿੱਤਾ। ਬੋਲਿਆ, "ਉੱਠ ਕੇ ਬੈਠ। ਬਿਲਕੁਲ ਸਾਹਮਣੇ। ਮੈਂ ਤੇਰੇ ਨਾਲ ਬਹੁਤ ਸਾਰੀਆਂ ਗੱਲਾਂ ਕਰਨੀਆਂ।"

ਮੈਂ ਹੋਰ ਡਰ ਗਈ।

"ਜੇ ਤੂੰ ਡਾਕ ਖੋਲ੍ਹ ਕੇ ਪੜ੍ਹੀ ਹੁੰਦੀ ਤਾਂ ਸ਼ਾਇਦ ਕੋਈ ਹੱਲ ਲੱਭਿਆ ਹੋਣਾ ਸੀ ਮੇਰੇ ਆਉਣ ਤੋਂ ਪਹਿਲਾਂ," ਉਸ ਕਿਹਾ। ਫੇਰ ਆਪਣੀ ਹੀ ਗੱਲ ਦਾ ਜੁਆਬ ਵੀ ਆਪ ਹੀ ਦੇ ਦਿੱਤਾ, "ਚਲ, ਚੰਗਾ ਹੋਇਆ-ਤੂੰ ਚਿੱਠੀ ਪੜ੍ਹੀ ਨ੍ਹੀਂ। ਜੇ ਪੜ੍ਹ ਲੈਂਦੀ ਤਾਂ...।"

ਮੈਂ ਕਾਹਲੀ ਪੈਂਦੀ ਨੇ ਉਸ ਦਾ ਹੱਥ ਫੜ ਕੇ ਪੁੱਛਿਆ, "ਦੱਸੋ ਤਾਂ ਸਈਂ-ਕੀ ਹੋਇਆ ?"

"ਤੈਨੂੰ ਨ੍ਹੀਂ ਪਤਾ ਲੱਗਾ ?"

"ਪਤਾ ਹੁੰਦਾ ਤਾਂ ਤੁਹਾਥੋਂ ਕਾਸ ਲਈ ਪੁੱਛਦੀ। ਛੇਤੀ-ਛੇਤੀ ਦੱਸੋ-ਮੇਰਾ ਕਾਲਜਾ ਘੱਟਣ ਲੱਗ ਪਿਆ।"

"ਸੁਖੀ ਨੇ ਵਿਆਹ ਕਰਵਾ ਲਿਆ।"



www.PunjabiLibrary.com

"ਆਪਣੀ ਸੁਖੀ ਨੇ।"

"ਹਾਂ, ਆਪਣੀ ਸੁਖੀ ਨੇ।"

"ਕਦੋਂ ?"

"ਏਸੇ ਹਫਤੇ। "

"ਕਿਹਦੇ ਨਾਲ ?"

"ਜਸਵੰਤ ਨਾਲ।"

"ਉਹ ਤਾਂ ਜਾਤ ਦਾ ਚਮਿਆਰ ਸੀ ਨਾ ?"

"ਹਾਂ-ਉਹੀ ਆ।"

"ਉਹ ਆਪਣੇ ਪਿੰਡ ਵਾਲੇ ਚੰਨਣ ਦਾ ਮੁੰਡਾ ਤਾਂ ਨ੍ਹੀਂ ਜਿਸਦੇ ਘਰੋਂ ਤੁਸੀਂ ਸੁਖੀ ਹੋਈ 'ਤੇ ਬੱਕਰੀ ਦਾ ਦੁੱਧ ਲਿਆਏ ਸੀ।"

"ਉਹੀ ਆ।"

"ਉਹਨੇ ਤਾਂ ਸਾਨੂੰ ਪਤਾ ਨ੍ਹੀਂ ਲੱਗਣ ਦਿੱਤਾ।"

"ਮੈਨੂੰ ਫੋਨ ਕੀਤਾ ਸੀ। ਕਹਿੰਦੀ ਸੀ ਕਿ ਅਸੀਂ ਇਸੇ ਹਫਤੇ ਵਿਆਹ ਕਰਵਾ ਰਹੇ ਹਾਂ।"

"ਉਹਨੂੰ ਵਿਆਹ ਦਾ ਤਾਂ ਪਤਾ ਪਰ ਸਾਡੀ ਬਰਾਦਰੀ ਦੇ ਸੰਸਕਾਰਾਂ ਦਾ ਨ੍ਹੀਂ।"

"ਅਵੱਸ਼ ਪਤਾ ਹੋਊ।"

"ਮੈਨੂੰ ਤਾਂ ਉਹ ਇਹ ਕਹਿ ਕੇ ਗਈ ਸੀ ਕਿ ਉਹ ਆਪਣੇ ਬੈਂਕ ਦੇ ਕੰਮ ਲਈ ਦਿੱਲੀ ਜਾ ਰਹੀ ਆ।"

"ਮੈਨੂੰ ਉਸ ਕਿਹਾ ਸੀ ਕਿ ਹੁਣ ਮੇਰੀ ਡਿਊਟੀ ਪਹਿਲਾਂ ਨਾਲੋਂ ਜ਼ਿਆਦਾ ਵੱਧ ਗਈ ਆ। ਉਸ ਮੈਨੂੰ ਤੈਨੂੰ ਸਾਂਭਣ ਲਈ ਵਾਰ-ਵਾਰ ਜ਼ੋਰ ਦਿੱਤਾ ਸੀ। ਤੇਰੇ ਬਾਰੇ ਉਹ ਬਹੁਤ ਚਿੰਤਾ ਕਰਦੀ ਸੀ। ਕਹਿੰਦੀ ਸੀ-'ਅਸੀਂ ਦੋ ਤਿੰਨ ਹਫ਼ਤਿਆਂ ਬਾਅਦ ਤੁਹਾਨੂੰ ਮਿਲਾਂਗੇ।' ਮੈਥੋਂ ਕਹਿ ਹੋ ਗਿਆ ਸੀ-ਸਮਝ ਲੈ-ਅਸੀਂ ਤੇਰੇ ਲਈ ਮਰ ਗਏ ਆਂ। ਅੱਗੋਂ ਉਹ ਰੋ ਪਈ ਸੀ। ਮੈਂ ਉਹਨੂੰ ਕਿਹਾ ਸੀ ਕਿ ਮੈਂ ਸ਼ੁਕਰਵਾਰ ਆ ਰਿਹਾ ਹਾਂ। ਸ਼ਨੀਵਾਰ ਦੀਵਾਲੀ ਆ। ਉਹ ਕੋਈ ਕਾਹਲੀ ਨਾ ਕਰੇ। ਆਪਾਂ ਬੈਠ ਕੇ ਸਲਾਹ ਕਰਾਂਗੇ। ਕੋਈ ਹੱਲ ਕੱਢਾਂਗੇ। ਉਸ ਮੈਨੂੰ ਹਾਂ ਕਰ ਦਿੱਤੀ ਸੀ ਪਰ ਫੇਰ ਪਤਾ ਨ੍ਹੀਂ ਉਹਦੇ ਮਨ 'ਚ ਕੀ ਆਇਆ ਸੀ ਕਿ ਮੈਨੂੰ ਆਪਣੇ ਕੋਰਟ ਮੈਰਿਜ ਦੇ ਸਰਟੀਫਿਕੇਟ ਦੀ ਫੋਟੋਕਾਪੀ ਕੋਰੀਅਰ ਕਰਾ ਦਿੱਤੀ।"

"ਇਹ ਤਾਂ ਬਹੁਤ ਮਾੜੀ ਗੱਲ ਹੋਈ। ਅਸੀਂ ਤਾਂ ਲੋਕਾਂ ਅੱਗੇ ਮੂੰਹ ਦਿਖਾਉਣ ਜੋਗੇ ਹੀ ਨ੍ਹੀਂ ਰਹੇ।"

"ਇਹੀ ਮੈਂ ਵੀ ਸੋਚਦਾਂ।"

"ਜੇ ਕੋਈ ਹੋਰ ਜਾਤ ਦਾ ਹੁੰਦਾ ਤਾਂ ਠੀਕ ਸੀ। ਆਹ ਚੰਮ ਲਾਹੁਣ ਵਾਲਿਆਂ ਦਾ ਮੁੰਡਾ। ਉਹਨੇ ਕੀ ਸੋਚ ਕੇ ਵਿਆਹ ਕਰਵਾਇਆ।"

"ਸੋਚਣਾ ਕੀ ਸੀ। ਇਕੋ ਬੈਂਕ 'ਚ ਕੰਮ ਕਰਦੇ ਆ।"

"ਇਸ 'ਚ ਤੁਹਾਡਾ ਹੀ ਕਸੂਰ ਆ। ਮੈਂ ਕਹਿੰਦੀ ਹੁੰਦੀ ਸੀ ਕਿ ਬੱਚਿਆਂ ਨੂੰ



ਬਹੁਤੀ ਖੁੱਲ੍ਹ ਨਾ ਦਿਉ। ਤੁਸੀਂ ਮੇਰੀ ਹਰੇਕ ਗੱਲ ਦਾ ਹਮੇਸ਼ਾ ਵਿਰੋਧ ਕੀਤਾ। ਮਜ਼ਾਕ ਉਡਾਇਆ। ਇਹੀ ਕਹਿੰਦੇ ਰਹੇ-ਜੋ ਇਹ ਕਰਦੇ ਆ-ਕਰੀ ਜਾਣ ਦਿਉ। ਪਹਿਲਾਂ ਗਗਨ ਗੁਆਇਆ। ਹੁਣ ਸੁਖੀ ਗਈ।" ਮੈਨੂੰ ਉਸ 'ਤੇ ਗੁੱਸਾ ਆਇਆ।

****

ਮੈਂ ਵਾਰ-ਵਾਰ ਉਸ ਨੂੰ ਰੋਕਦੀ, ਟੋਕਦੀ ਰਹਿੰਦੀ ਸੀ। ਉਹ ਨਹੀਂ ਮੰਨਦਾ ਸੀ। ਮੈਂ ਉਹਨੂੰ ਕਹਿੰਦੀ, "ਇਹ ਘਰ ਕੁੜੀਆਂ ਵਾਲਾ। ਆਹ ਕੀ ਵਿਹੜੇ 'ਚ ਕੱਛਾ ਪਾਈ ਤੁਰੇ ਫਿਰਦੇ ਹੋ।" ਉਹ ਕਹਿ ਦਿੰਦਾ, "ਫੇਰ ਕੀ ਹੋਇਆ।" ਮੈਨੂੰ ਉਹਨੂੰ ਸਮਝਾਉਣਾ ਪੈਂਦਾ, "ਜਦੋਂ ਧੀ ਜਵਾਨ ਹੋ ਜਾਵੇ ਤਾਂ ਸਾਨੂੰ ਬਹੁਤ ਕੁਸ਼ ਸੋਚਣਾ ਪੈਂਦਾ। ਜੇ ਕੱਛਾ ਪਾ ਕੇ ਬੈਠਣਾ ਤਾਂ ਛੱਤ ਉਪਰ ਚਲੇ ਜਾਇਆ ਕਰੋ। ਇਕ ਦਿਨ ਤੁਸੀਂ ਧੋਤੀ ਲਾ ਕੇ ਵਿਹੜੇ 'ਚ ਬੈਠੇ ਸੀ। ਅੱਧੇ ਨੰਗੇ।" ਉਹਨੇ ਮੇਰੀ ਗੱਲ ਮੰਨ ਲਈ ਸੀ। ਮੁੜ ਘਰ ਵਿੱਚ ਧੋਤੀ ਲਾਉਣੀ ਹੀ ਛੱਡ ਦਿੱਤੀ ਸੀ। ਜੇ ਕਦੇ ਉਹ ਮੇਰੇ ਨੇੜੇ ਵੀ ਆ ਕੇ ਬੈਠ ਜਾਂਦਾ ਤਾਂ ਮੈਂ ਪਰ੍ਹਾਂ ਨੂੰ ਖਿਸਕ ਜਾਂਦੀ। ਮੈਂ ਸੁਖਪ੍ਰੀਤ ਬਾਰੇ ਚਿੰਤਤ ਹੁੰਦੀ ਤਾਂ ਸੁਖਪ੍ਰੀਤ ਦੱਸਦੀ, "ਮੈਂ ਤੁਹਾਡੀ ਧੀ ਹਾਂ। ਮੈਨੂੰ ਆਪਣੀਆਂ ਜ਼ੁੰਮੇਵਾਰੀਆਂ ਤੇ ਫਰਜ਼ਾਂ ਦਾ ਪਤਾ। ਜੇ ਤੁਸੀਂ ਆਪਣੀ ਜ਼ਿੰਦਗੀ ਵਿਚ ਕੋਈ ਗਲਤ ਕੰਮ ਨ੍ਹੀਂ ਕੀਤਾ ਤਾਂ ਤੁਹਾਡੀ ਧੀ ਕਿੱਥੋਂ ਕਰੇਗੀ। ਮੈਨੂੰ ਦੱਸੋ-ਮੈਂ ਤੁਹਾਡੀ ਇੱਛਾ ਦੇ ਵਿਰੁੱਧ ਕੋਈ ਕੰਮ ਕੀਤਾ। ਨੌਕਰੀ ਤਾਂ ਮੈਂ ਹੀ ਕਰਨੀ ਆ।" ਮੈਂ ਉਸ ਨਾਲ ਕੁਝ ਕੁ ਸਹਿਮਤ ਹੋ ਜਾਂਦੀ। ਪਰ ਮੈਂ ਖਿੱਝ ਕੇ ਇਹ ਵੀ ਕਹਿ ਦਿੰਦੀ, "ਚੰਗਾ ਬਾਬਾ, ਜੋ ਵੀ ਕਰਨਾ ਕਰ। ਮੇਰੀ ਤਾਂ ਇਹੀ ਇੱਛਾ ਆ ਕਿ ਵਿਆਹ ਸਾਡੀ ਮਰਜ਼ੀ ਨਾਲ ਕਰਾਈਂ। ਜੇ ਵਿਆਹ ਤੂੰ ਵੀ ਆਪਣੀ ਮਰਜ਼ੀ ਨਾਲ ਕਰਾ ਲਿਆ ਤਾਂ ਉਸੇ ਦਿਨ ਮੈਂ ਕੋਠੇ ਤੋਂ ਛਾਲ ਮਾਰ ਦੇਣੀ।"

ਸੁਖਪ੍ਰੀਤ ਦੇ ਵਿਆਹ ਦਾ ਮੈਨੂੰ ਬੜਾ ਚਾਅ ਸੀ। ਇਕੋ-ਇਕ ਕੁੜੀ ਸੀ। ਮੇਰੀ ਖਾਹਿਸ਼ ਸੀ ਕਿ ਮੈਂ ਆਪਣੀ ਕੁੜੀ ਦਾ ਧੂਮ-ਧੜੱਕੇ ਨਾਲ ਵਿਆਹ ਕਰਨਾ ਹੈ। ਆਪਣੇ ਅਧੂਰੇ ਰਹਿ ਗਏ ਚਾਅ, ਖੁਸ਼ੀਆਂ, ਉਮੰਗਾਂ ਪੂਰੀਆਂ ਕਰਨੀਆਂ ਹਨ। ਆਹ ਕਰਨਾ-ਔਹ ਕਰਨਾ। ਜਦੋਂ ਮੈਂ ਕਿਸੇ ਦੇ ਵਿਆਹ 'ਤੇ ਜਾਂਦੀ ਤਾਂ ਵਾਪਸੀ 'ਤੇ ਤਰਸੇਮ ਨਾਲ ਸਲਾਹੀਂ ਪੈਂਦੀ, "ਮੈਂ ਆਪਣੀ ਕੁੜੀ ਦੇ ਵਿਆਹ 'ਤੇ ਸਾਰੇ ਰਿਸ਼ਤੇਦਾਰ ਸੱਦਣੇ ਆ। ਮਾਮਿਆਂ ਦੀਆਂ ਕੁੜੀਆਂ ਨੂੰ ਵੀ। ਜਾਗੋ ਵੀ ਕੱਢਣੀ ਆ।" ਉਹ ਕਹਿੰਦਾ, "ਆਪਾਂ ਕੁੜੀ ਵੀ ਬਾਹਰ ਹੀ ਵਿਆਹ ਦੇਣੀ।" ਮੈਂ ਉਸ ਦੀ ਇਸ ਗੱਲ ਦਾ ਵਿਰੋਧ ਕਰਦੀ, "ਲੈ-ਮੇਰੀ ਇੱਕੋ ਧੀ ਆ। ਉਹ ਵੀ ਬਾਹਰ ਚਲੀ ਗਈ ਤਾਂ ਸਾਡੇ ਕੋਲ ਕੀ ਰਹਿਜੂਗਾ। ਨ੍ਹੀਂ, ਮੈਂ ਤਾਂ ਆਪਣੀ ਕੁੜੀ ਇਧਰ ਹੀ ਵਿਆਹੂੰ।" ਉਹ ਗਿਣਤੀਆਂ ਮਿਣਤੀਆਂ 'ਚ ਪੈ ਜਾਂਦਾ। ਕਾਗਜ਼ ਤੇ ਪੈਨ ਲੈ ਕੇ ਬੈਠ ਜਾਂਦਾ। ਮੈਂ ਮਿੰਨਾ ਮਿੰਨਾ ਹੱਸਦੀ ਇਸ ਕਰਕੇ ਕਿ ਇਸ 'ਚ ਨੋਟ ਕਰਨ ਵਾਲੀ ਕਿਹੜੀ ਖਾਸ ਗੱਲ ਹੈ। ਉਹ ਕਹਿੰਦਾ, "ਬਲੀਏ, ਬੈਂਕ 'ਚ ਕੈਸ਼ੀਅਰ ਲੱਗਾਂ। ਪੈਸੇ-ਪੈਸੇ ਦਾ ਹਿਸਾਬ ਕਰਨਾ ਪੈਂਦਾ। ਇਕ ਫਿਗਰ ਇਧਰ ਉਧਰ ਹੋ ਜਾਵੇ ਤਾਂ ਸਕਰੌਲ ਨ੍ਹੀਂ ਮਿਲਦਾ।" ਉਸ ਦੀ ਆਪਣੀ ਜ਼ਿੰਦਗੀ ਵੀ ਸਕਰੌਲ ਵਰਗੀ ਸੀ। ਪੈਸੇ-ਪੈਸੇ ਦਾ ਹਿਸਾਬ ਰੱਖਦਾ। ਘਰ ਹੁੰਦਾ ਤਾਂ ਜੇ ਕਿਸੇ ਕਮਰੇ ਦੀ ਟਿਊਬ ਐਵੇਂ ਹੀ ਜਗਦੀ ਹੁੰਦੀ ਤਾਂ ਸਵਿਚ ਆਫ ਕਰ ਦਿੰਦਾ। ਟੁੱਲੂ ਪੰਪ ਚਲਾ ਕੇ ਛੱਤ ਉਪਰ ਚਲਿਆ ਜਾਂਦਾ। ਉਦੋਂ ਹੀ ਥੱਲੇ ਆਉਂਦਾ ਜਦੋਂ



www.PunjabiLibrary.com

ਟੈਂਕੀ ਭਰ ਜਾਂਦੀ। ਮੈਨੂੰ ਮਹੀਨੇ ਦਾ ਖਰਚਾ ਦਿੰਦਿਆਂ ਨਸੀਹਤਾਂ ਦਿੰਦਾ, "ਤੂੰ ਇਸੇ ਨਾਲ ਸਾਰਣਾ। ਮੇਰੀ ਪੌਕਟ ਹੋਰ ਨ੍ਹੀਂ ਅਲੌਂਅ ਕਰਦੀ।" ਉਹ ਤਾਂ ਆਪਣੇ 'ਤੇ ਵੀ ਫਾਲਤੂ ਪੈਸਾ ਨਹੀਂ ਖਰਚਦਾ ਸੀ। ਚੰਡੀਗੜ੍ਹ ਤੋਂ ਲੈ ਕੇ ਜਲੰਧਰ ਤੱਕ ਆਉਂਦਿਆਂ ਰਸਤੇ 'ਚ ਚਾਹ ਦਾ ਕੱਪ ਵੀ ਨਾ ਪੀਂਦਾ। ਬਲਾਚੌਰ ਦੇ ਢਾਬੇ 'ਤੇ ਬਸ ਰੁਕਦੀ ਤਾਂ ਉਹ ਬਸ 'ਚ ਹੀ ਬੈਠਾ ਰਹਿੰਦਾ। ਅੱਖਾਂ ਬੰਦ ਕਰੀ। ਪਾਣੀ ਦੀ ਬੋਤਲ ਉਸ ਦੇ ਬੈਗ 'ਚ ਹੁੰਦੀ ਜਿਹੜੀ ਕਿ ਉਹ ਆਪਣੇ ਬੈਂਕ 'ਚੋਂ ਭਰ ਕੇ ਲਿਆਉਂਦਾ ਸੀ।

ਮੈਂ ਇਕ ਦਿਨ ਉਹਨੂੰ ਦੱਸਿਆ ਸੀ, "ਮੇਰੇ ਬਾਬਾ ਜੀ ਕਹਿੰਦੇ ਹੁੰਦੇ ਸੀ ਕਿ ਜ਼ਿੰਦਗੀ ਨੂੰ ਕੈਲਕੁਲੇਟ ਨ੍ਹੀਂ ਕੀਤਾ ਜਾ ਸਕਦਾ। ਇਹਦਾ ਫਾਰਮੂਲਾ ਦੋ ਜਮਾਂ ਦੋ ਬਰਾਬਰ ਹੈ ਚਾਰ ਨ੍ਹੀਂ ਹੋ ਸਕਦਾ। ਕਿਸੇ ਆਦਮੀ ਨੂੰ ਕਿਹੜੇ ਵੇਲੇ ਵੱਡੀ ਖੁਸ਼ੀ ਮਿਲਣੀ ਆ ਜਾਂ ਕਿਹੜੇ ਵੇਲੇ ਗ਼ਮਾਂ-ਦੁਖਾਂ ਨੇ ਆ ਘੇਰਣਾ ਹੁੰਦਾ ਆ-ਇਹ ਦਾ ਉਹਨੂੰ ਪਤਾ ਨ੍ਹੀਂ ਲੱਗਦਾ। ਹਫ਼ਤੇ-ਦਿਨ ਤਾਂ ਕੀ, ਪਲਾਂ 'ਚ ਹੀ ਪਤਾ ਨ੍ਹੀਂ ਕੀ ਦਾ ਕੀ ਹੋ ਜਾਣਾ ਹੁੰਦਾ।"

ਉਸ ਕਿਹਾ ਸੀ, "ਪਰ ਕੈਲਕੁਲੇਸ਼ਨ ਕੀਤਿਆਂ ਬਿਨਾਂ ਸਰਦਾ ਵੀ ਨ੍ਹੀਂ। ਮੰਨ ਲੈ -ਮੈਨੂੰ ਮਹੀਨੇ ਦੇ ਪੈਂਤੀ ਹਜ਼ਾਰ ਮਿਲਦੇ ਆ। ਮੈਨੂੰ ਇਹ ਪਤਾ ਹੋਣਾ ਚਾਹੀਦਾ ਕਿ ਇਸ 'ਚੋਂ ਵੀਹ ਹਜ਼ਾਰ ਲੋਨ ਦੀ ਕਿਸ਼ਤ ਚਲੇ ਜਾਣੀ ਆ। ਅੱਠ ਕੁ ਹਜ਼ਾਰ ਘਰ ਦਾ ਖਰਚਾ। ਚਾਰ-ਪੰਜ ਹਜ਼ਾਰ ਮੇਰੇ ਇਕੱਲੇ ਦਾ। ਬਾਕੀ ਬਚਿਆਂ ਦੋ-ਤਿੰਨ ਹਜ਼ਾਰ। ਇਹ ਕਿਸੇ ਸ਼ੋਸਲ ਫਕੰਸਨ 'ਚ ਖਰਚ ਹੋ ਜਾਣੇ ਆ। ਜੇ ਮੈਂ ਇਸ ਤੋਂ ਜ਼ਿਆਦਾ ਖਰਚ ਕਰਾਂਗਾ ਜਾਂ ਹਿਸਾਬ-ਕਿਤਾਬ 'ਚ ਗੜਬੜ ਕਰਾਂਗਾ ਤਾਂ ਔਖਾ ਹੋਣਾ ਪਵੇਗਾ।"

ਮੈਂ ਕਿਹਾ ਸੀ, "ਤੁਹਾਡੀ ਸੋਚ ਪੈਸਿਆਂ ਨਾਲ ਜੁੜੀ ਹੋਈ ਆ। ਰਿਸ਼ਤਿਆਂ 'ਚ ਤੁਸੀਂ ਹਮੇਸ਼ਾ ਫੇਲ੍ਹ ਰਹੇ ਹੋ।"

"ਫਾਰ ਐਗਜਮਪਲ।"

"ਇਹ ਤੁਸੀਂ ਆਪ ਦੇਖੋ।"

"ਫੇਰ ਵੀ।"

"ਪੁੱਛ ਕੇ ਨ੍ਹੀਂ-ਆਪ ਸੋਚ ਕੇ ਪਤਾ ਲੱਗਦਾ।"

******

ਗਗਨ ਸਟੱਡੀਬੇਸ 'ਤੇ ਆਸਟ੍ਰੇਲੀਆ ਗਿਆ ਸੀ। ਉਹਨੂੰ ਦੋ ਸਾਲਾਂ ਦਾ ਵੀਜ਼ਾ ਮਿਲਿਆ ਸੀ। ਹੋਟਲ ਮੈਨੇਜਮੈਂਟ ਦਾ ਡਿਪਲੋਮਾ ਕਰਨ ਲਈ। ਉਹ ਪੜ੍ਹਦਾ ਸੀ। ਕੰਮ ਕਰਦਾ ਸੀ। ਸਮਿਸਟਰ ਫੀਸ ਉਹ ਘਰੋਂ ਮੰਗਵਾਉਂਦਾ ਸੀ। ਉਪਰਲੇ ਖਰਚੇ ਜੋਗਾ ਆਪ ਕਮਾ ਲੈਂਦਾ ਸੀ। ਫੇਰ ਉਸ, ਜਿਸ ਸਟੋਰ 'ਚ ਉਹ ਕੰਮ ਕਰਨ ਜਾਂਦਾ ਸੀ, 'ਚ ਆਪਣੇ ਨਾਲ ਕੰਮ ਕਰਦੀ ਸਾਊਥ ਕੋਰੀਅਨ ਕੁੜੀ ਮੇਅ ਨਾਲ ਪਿਆਰ ਪਾ ਲਿਆ ਸੀ। ਮੇਅ ਕੋਲ ਆਸਟ੍ਰੇਲੀਅਨ ਸਿਟੀਜ਼ਨਸ਼ਿਪ ਸੀ। ਡਿਗਰੀ ਮਿਲਣ ਤੋਂ ਇਕ ਹਫਤਾ ਬਾਅਦ ਉਸ ਮੇਅ ਨਾਲ ਵਿਆਹ ਕਰਵਾ ਲਿਆ ਸੀ। ਇਸ ਸੰਬੰਧੀ ਉਸ ਮੈਨੂੰ ਦੱਸਿਆ ਸੀ, "ਅਸੀਂ ਕੋਰਟ ਮੈਰਿਜ ਕਰਵਾ ਲਈ। ਇਸ ਨਾਲ ਮੈਨੂੰ ਪੀ.ਆਰ.ਓ. ਸ਼ਿਪ ਮਿਲਣ 'ਚ ਫਾਇਦਾ ਹਊ। ਮੈਂ ਕਲ੍ਹ ਨੂੰ ਤੁਹਾਨੂੰ ਆਪਣੇ ਵਿਆਹ ਦੀਆਂ ਫੋਟੋਆਂ ਭੇਜਾਂਗਾ।" ਮੈਨੂੰ ਪਤਾ ਨਹੀਂ ਲੱਗਾ ਸੀ



ਕਿ ਮੈਂ ਖੁਸ਼ੀ ਮਨਾਵਾਂ ਜਾਂ ਗਮੀ। ਮੇਰੇ ਤਾਂ ਸਾਰੇ ਚਾਅ, ਉਤਸ਼ਾਹ ਧਰੇ ਧਰਾਏ ਰਹਿ ਗਏ ਸਨ। ਜਿਸ ਦਿਨ ਮੇਅ ਨੇ ਮੈਨੂੰ ਟੈਲੀਫੋਨ 'ਤੇ 'ਹੈਲੋ ਮੰਮਾ' ਕਿਹਾ ਸੀ ਤਾਂ ਮੈਨੂੰ ਚੰਗਾ ਚੰਗਾ ਲੱਗਾ ਸੀ। ਮੈਂ ਸੋਚਿਆ ਸੀ ਕਿ ਹੁਣ ਮੈਂ ਅੰਗਰੇਜ਼ੀ ਬੋਲਣੀ ਸਿੱਖਾਂਗੀ। ਮੇਰੇ ਲਈ ਇਹ ਕੰਮ ਔਖਾ ਨਹੀਂ ਸੀ। ਮੈਨੂੰ ਇਸ ਗੱਲ ਨੇ ਤਸੱਲੀ ਦਿੱਤੀ ਸੀ ਕਿ ਗਗਨ ਨੇ ਗੋਰੀ ਨਾਲ ਵਿਆਹ ਕਰਵਾਇਆ ਸੀ। ਲੋਕਾਂ ਨੂੰ ਪਤਾ ਲੱਗਾ ਤਾਂ ਉਹ ਵਧਾਈਆਂ ਦੇਣ ਲੱਗੇ ਸਨ। ਪਾਰਟੀ ਮੰਗਣ ਲੱਗੇ ਸਨ। ਤਰਸੇਮ ਨੇ ਨਾਨਕਿਆਂ, ਭੈਣਾਂ, ਸਾਲੀਆਂ ਤੇ ਹੋਰ ਰਿਸ਼ਤੇਦਾਰਾਂ ਦੇ ਡੱਬੇ ਭੇਜੇ ਸਨ। ਗਗਨ ਨੇ ਦੱਸਿਆ ਸੀ ਕਿ ਉਹ ਅਗਲੇ ਸਾਲ ਆਉਣਗੇ। ਉਦੋਂ ਰੀਸ਼ੈਪਸ਼ਨ ਪਾਰਟੀ ਰੱਖ ਲਿਉ। ਮੈਨੂੰ ਗਗਨ ਦੀ ਗੱਲ ਠੀਕ ਲੱਗੀ ਸੀ। ਮੈਨੂੰ ਲੱਗਾ ਸੀ ਕਿ ਮੇਰੇ ਮੁੰਡੇ ਨੇ ਮੇਰੇ ਮਨ ਦੀ ਗੱਲ ਜਾਣ ਲਈ ਹੈ। ਤਰਸੇਮ ਨੂੰ ਅਥਾਹ ਖੁਸ਼ੀ ਹੋਈ ਸੀ। ਉਸ ਕਿਹਾ ਸੀ, "ਚਲੋ, ਇਕ ਭਾਰ ਤਾਂ ਘਟਿਆ। ਮੁੰਡਾ ਸੈਟ ਹੋ ਗਿਆ। ਵਿਆਹ ਹੋ ਗਿਆ।" ਦੂਜੇ ਪਲ ਉਹ ਆਪਣੇ ਆਪ ਨਾਲ ਗੱਲੀਂ ਪੈ ਗਿਆ ਸੀ, "ਜੇ ਏਥੇ ਵਿਆਹ ਹੁੰਦਾ ਤਾਂ ਕਿੰਨੇ ਚਾਅ ਮਲਾਰ ਕਰਨੇ ਸੀ। ਆਪਾਂ ਕਿੰਨਿਆਂ ਦੇ ਸ਼ਗਨ ਦਿੱਤੇ ਸੀ। ਉਹ ਵੀ ਮੁੜਣੇ ਸੀ। ਇਕੋ ਇਕ ਮੁੰਡਾ ਸੀ। ਉਸ ਵੀ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ। ਹੁਣ ਸੁਖੀ ਦੇ ਵਿਆਹ ਤੇ ਪੂਰਾ ਜ਼ੋਰ ਲਾਵਾਂਗੇ। ਗਗਨ ਵੀ ਮੱਦਦ ਕਰੇਗਾ।" ਖੁਸ਼ੀ ਵਿਚ ਉਹ ਇਹ ਭੁੱਲ ਗਿਆ ਸੀ ਕਿ ਉਹਦੀ ਪੌਣੀ ਤਨਖਾਹ ਤਾਂ ਬੈਂਕ ਤੋਂ ਲਏ ਲੋਨ 'ਚ ਚਲੇ ਜਾਂਦੀ ਹੈ। ਸੁਖਪ੍ਰੀਤ ਦੀ ਅੱਧੀ ਤਨਖਾਹ ਵੀ ਗਗਨ ਦੇ ਲੇਖੇ ਲੱਗ ਰਹੀ ਸੀ। ਉਹਨੂੰ ਗਗਨ 'ਤੇ ਵਿਸ਼ਵਾਸ ਸੀ ਕਿ ਉਹ ਪੱਕੇ ਹੋਣ ਤੋਂ ਬਾਅਦ ਦੋ ਕੁ ਸਾਲਾਂ 'ਚ ਸਾਰਾ ਕਰਜ਼ਾ ਉਤਾਰ ਦੇਵੇਗਾ। ਫੇਰ ਉਹਦੇ ਖੁਸ਼ਹਾਲੀ ਵਾਲੇ ਦਿਨ ਸ਼ੁਰੂ ਹੋ ਜਾਣਗੇ। ਜਦੋਂ ਉਹਨੂੰ ਗਗਨ ਦਾ ਕਿਹਾ ਯਾਦ ਆਉਂਦਾ, "ਬੱਸ, ਇਕ ਵਾਰ ਮੈਂ ਸੈਟ ਹੋ ਲਵਾਂ। ਫੇਰ ਮੈਂ ਤੁਹਾਨੂੰ ਨੌਕਰੀ ਨ੍ਹੀਂ ਕਰਨ ਦੇਣੀ। ਤੁਸੀਂ ਰਿਟਾਇਰਮੈਂਟ ਲੈ ਲੈਣੀ ਆ। ਪੰਜ-ਸੱਤ ਅਖਬਾਰਾਂ ਲਗਵਾ ਲੈਣੀਆਂ। ਅਖਬਾਰਾਂ ਪੜ੍ਹ ਛੱਡੀਆਂ। ਟੈਲੀਵੀਜ਼ਨ ਦੇਖ ਲਿਆ।" ਤਾਂ ਉਹਨੂੰ ਆਪਣਾ ਆਪ ਹੌਲਾ ਫੁੱਲ ਵਰਗਾ ਲੱਗਦਾ। ਉਹਦੇ ਦਿਨ ਤੰਗੀਆਂ ਤੁਰਸੀਆਂ 'ਚ ਲੰਘ ਰਹੇ ਸੀ। ਫੇਰ ਵੀ ਉਹ ਸੁਤੰਸ਼ਟ ਸੀ। ਇਸ ਸੁਤੰਸ਼ਟੀ ਦਾ ਇਕ ਕਾਰਨ ਇਹ ਸੀ ਕਿ ਸੁਖਪ੍ਰੀਤ ਜਲੰਧਰ 'ਚ ਹੀ ਬੈਂਕ 'ਚ ਲੱਗ ਗਈ ਸੀ।

ਅਸੀਂ ਸੋਚਿਆ ਸੀ ਕਿ ਗਗਨ ਦੇ ਆਉਣ 'ਤੇ ਸੁਖਪ੍ਰੀਤ ਦਾ ਵਿਆਹ ਕਰ ਦਵਾਂਗੇ। ਮੈਂ ਜ਼ੋਰ ਪਾਇਆ ਸੀ ਕਿ ਸੁਖਪ੍ਰੀਤ ਲਈ ਮੁੰਡਾ ਵੀ ਲੋਕਲ ਹੀ ਲੱਭਿਆ ਜਾਵੇ ਤਾਂ ਕਿ ਉਹ ਸਾਡੇ ਨੇੜੇ-ਤੇੜੇ ਹੀ ਰਹੇ। ਉਹਨੇ ਮੁੰਡੇ ਦੀ ਭਾਲ ਕਰਨੀ ਸ਼ੁਰੂ ਕੀਤੀ ਸੀ। ਸੁਖਪ੍ਰੀਤ ਨੂੰ ਵੀ ਪੁੱਛਿਆ ਸੀ, "ਪੁੱਤ, ਤੇਰੀ ਕੋਈ ਖਾਸ ਚੁਆਇਸ ਹੈ ਤਾਂ ਦੱਸ ਦੇ।" ਸੁਖਪ੍ਰੀਤ ਦਾ ਕਹਿਣਾ ਸੀ, "ਐਨਾ ਕੁ ਦੇਖ ਲਿਉ ਕਿ ਮੁੰਡਾ ਮੇਰੇ ਸਟੇਟਸ ਦਾ ਹੋਵੇ।" ਉਸ ਆਪਣੇ ਰਿਸ਼ਤੇਦਾਰਾਂ, ਦੋਸਤਾਂ ਤੇ ਜਾਣੂਆਂ ਨੂੰ ਅਜਿਹਾ ਹੀ ਮੁੰਡਾ ਲੱਭਣ ਲਈ ਕਿਹਾ ਸੀ। ਫੇਰ ਉਹਨੂੰ ਪੰਜਾਬ ਨੈਸ਼ਨਲ ਬੈਂਕ 'ਚ ਲੱਗੇ ਮੁੰਡੇ ਦੀ ਦੱਸ ਪਈ ਸੀ। ਉਹਨੇ ਮੈਨੂੰ ਦੱਸਿਆ ਸੀ, "ਦੋ ਭੈਣ ਭਰਾ ਆ। ਭੈਣ ਵੱਡੀ ਆ। ਵਿਆਹੀ ਹੋਈ ਆ ਪਟਿਆਲੇ। ਪਿਓ ਡੀ. ਏ. ਵੀ. ਕਾਲਜ 'ਚ ਪ੍ਰੋਫੈਸਰ ਲੱਗਾ। ਮਾਂ ਆਰੀਆ ਸਕੂਲ ਦੀ ਪ੍ਰਿੰਸੀਪਲ ਆ। ਮਾਡਲ ਟਾਊਨ



www.PunjabiLibrary.com

’ਚ ਕੋਠੀ ਆ। ਸਾਰਿਆਂ ਨੇ ਬਿਆਸਾ ਵਾਲੇ ਗੁਰੂ ਤੋਂ ਨਾਮ ਦਾਨ ਲਿਆ ਹੋਇਆ।” ਮੈਂ ਉਹਨੂੰ ਕਿਹਾ ਸੀ, “ਹੁਣ ਪਾਧਾ ਨਾ ਪੁੱਛੋ। ਐਦਾਂ ਦੇ ਘਰ ਕਿਸਮਤ ਨਾਲ ਮਿਲਦੇ। ਜੇ ਤੁਸੀਂ ਘੌਲ ਕਰ ਗਏ ਤਾਂ ਮੁੰਡਾ ਮੰਗਿਆ ਜਾਣਾ। ਸਾਡੀ ਧੀ ਸੁਖੀ ਰਹੂਗੀ। ਜਿਸ ਘਰ ਵਿਚ ਚਾਰ ਜੀਅ ਕਮਾਉਣ ਵਾਲੇ ਹੋਣ ਉਥੇ ਕਿਹੜੀ ਚੀਜ਼ ਦਾ ਘਾਟਾ ਹੋ ਸਕਦਾ।” ਅਸੀਂ ਮੁੰਡੇ ਨੂੰ ਦੇਖਣ ਦੀ ਸਲਾਹ ਹੀ ਕਰ ਰਹੇ ਸੀ ਕਿ ਗਗਨ ਦਾ ਫੋਨ ਆ ਗਿਆ ਸੀ, “ਸੌਰੀ ਡੈਡ ਮੈਥੋਂ ਅਗਲੇ ਮਹੀਨੇ ਨ੍ਹੀਂ ਆਇਆ ਜਾਣਾ। ਮੇਅ ਕਹਿੰਦੀ ਸੀ ਕਿ ਜਿੰਨੇ ਪੈਸੇ ਇੰਡੀਆ ਜਾਣ ਲਈ ਖਰਚਣੇ ਆ-ਉਹਦੀ ਬਚਤ ਕੀਤੀ ਜਾਵੇ। ਉਹ ਆਪਣਾ ਫਲੈਟ ਖਰੀਦਣ ਲਈ ਕਾਹਲੀ ਪਈ ਆ। ਸ਼ਾਇਦ ਅਸੀਂ ਅਗਲੇ ਮਹੀਨੇ ਲੈ ਹੀ ਲਈਏ। ਜੇ ਮੈਂ ਲਿਆ ਤਾਂ ਮੈਥੋਂ ਦੋ ਸਾਲ ਤੁਹਾਨੂੰ ਪੈਸੇ ਨ੍ਹੀਂ ਭੇਜੇ ਜਾਣੇ। ਤੁਸੀਂ ਮੇਰੀ ਮਜ਼ਬੂਰੀ ਨੂੰ ਸਮਝੋ। ਮੈਨੂੰ ਪਤਾ ਕਿ ਤੁਸੀਂ ਹਰ ਗੱਲ ਦੀ ਅਗਾਊਂ ਹੀ ਕੈਲਕੁਲੇਸ਼ਨ ਕੀਤੀ ਹੁੰਦੀ ਆ। ਇਹਨੂੰ ਵੀ ਐਡਜਸਟ ਕਰ ਲਉਗੇ।” ਉਸ ਮੇਰੇ ਨਾਲ ਸੁਲਾਹ ਮਾਰੀ ਸੀ, “ਮੈਂ ਇਕ ਹੋਰ ਪਲੈਨਿੰਗ ਨੂੰ ਅੰਤਮ ਰੂਪ ਦੇ ਰਿਹਾਂ। ਗਗਨ ਨੇ ਹੁਣ ਆਉਣਾ ਨ੍ਹੀਂ। ਸੁਖੀ ਨੇ ਆਪਣੇ ਘਰੇ ਚਲੇ ਜਾਣਾ। ਰਿਟਾਇਰਮੈਂਟ ਤੋਂ ਬਾਅਦ ਆਪਾਂ ਵੀ ਆਸਟ੍ਰੇਲੀਆ ਸ਼ਿਫਟ ਕਰ ਜਾਣਾ। ਫੇਰ ਕਿਉਂ ਨਾ ਇਹ ਮਕਾਨ ਵੇਚ ਦੇਈਏ।” ਮੈਂ ਵਿਚੋਂ ਹੀ ਟੋਕ ਕੇ ਕਿਹਾ ਸੀ, “ਮੈਂ ਆਪਣੇ ਜੀਉਂਦੇ ਜੀਅ ਤਾਂ ਇਹਨੂੰ ਨ੍ਹੀਂ ਵੇਚਣ ਦਿੰਦੀ। ਮਰਣ ਪਿਛੋਂ ਜੋ ਮਰਜ਼ੀ ਕਰ ਲਉ।” ਉਹਨੇ ਹੱਸਦਿਆਂ-ਹੱਸਦਿਆਂ ਕਿਹਾ ਸੀ, “ਸਾਡੇ ਪੰਜਾਬ ’ਚ ਆਦਮੀ ਪਹਿਲਾਂ ਮਰਦਾ। ਔਰਤਾਂ ਬਾਅਦ ’ਚ। ਆਪਣੇ ਸ਼ਰੀਕੇ-ਭਾਈਚਾਰੇ ਵੱਲ ਦੇਖ ਲੈ-ਕਿੰਨੀਆਂ ਰੰਡੀਆਂ।” ਮੈਂ ਉਸ ਦੇ ਮੂੰਹ ’ਤੇ ਆਪਣਾ ਹੱਥ ਰੱਖ ਦਿੱਤਾ ਸੀ। ਮੇਰੀਆਂ ਅੱਖਾਂ ’ਚ ਪਾਣੀ ਭਰ ਆਇਆ ਸੀ। ਮੈਂ ਭਰੇ ਮਨ ਨਾਲ ਕਿਹਾ ਸੀ, “ਤੁਹਾਥੋਂ ਬਿਨਾਂ ਮੈਂ ਕਾਸ ਦੀ ਆਂ।” ਉਹ ਬੋਲਿਆ ਸੀ, “ਤੂੰ ਮੇਰੀ ਗੱਲ ਤਾਂ ਸੁਣੀ ਹੀ ਨ੍ਹੀਂ। ਆਪਾਂ ਅਜੇ ਬੈਂਕਾਂ ਦੇ ਪੰਦਰਾਂ ਲੱਖ ਦੇਣੇ ਆ। ਵਿਆਜ਼ ਪੈ ਰਿਹਾ। ਮੈਂ ਪਲੈਨਿੰਗ ਕੀਤੀ ਆ ਕਿ ਆਹ ਮਕਾਨ ਵੇਚ ਦੇਈਏ। ਮੈਂ ਬਿਟੂ ਪਰੋਪਰਟੀ ਡੀਲਰ ਨਾਲ ਗੱਲ ਕੀਤੀ ਆ। ਇੱਕੀ-ਬਾਈ ਲੱਖ ’ਚ। ਆਪਾਂ ਲੋਨ ਤੋਂ ਫਾਰਿਗ ਹੋ ਜਾਣਾ। ਬਾਕੀ ਪੈਸਿਆਂ ਨਾਲ ਸੁਖੀ ਦਾ ਵਿਆਹ। ਸਾਰੇ ਕਾਰਜ ਸੰਪੂਰਣ।” ਮੈਂ ਕਿਹਾ ਸੀ, “ਕਾਹਲੇ ਨਾ ਪਉ। ਪਹਿਲਾਂ ਮੈਨੂੰ ਸੁਖੀ ਨਾਲ ਗੱਲ ਕਰ ਲੈਣ ਦਿਉ।”

ਹੁਣ ਸੁਖਪ੍ਰੀਤ ਹੀ ਸਾਡਾ ਪੁੱਤ ਸੀ। ਧੀ ਸੀ। ਘਰ ਦੇ ਹਰ ਕੰਮ ’ਚ ਉਹਦੀ ਸਲਾਹ-ਇੱਛਾ ਪੁੱਛੀ ਜਾਂਦੀ ਸੀ। ਉਹ ਮਕਾਨ ਵੇਚਣ ਦੇ ਹੱਕ ’ਚ ਨਹੀਂ ਸੀ। ਉਸ ਕਿਹਾ ਸੀ ਕਿ ਉਹ ਉਦੋਂ ਤੱਕ ਵਿਆਹ ਨਹੀਂ ਕਰਵਾਏਗੀ ਜਦੋਂ ਤੱਕ ਕਿ ਉਨ੍ਹਾਂ ਦੇ ਸਿਰੋਂ ਸਾਰੇ ਕਰਜ਼ੇ ਨਾ ਲਹਿ ਜਾਣ।

ਇਕ ਦਿਨ ਰਾਤ ਨੂੰ ਅਸੀਂ ਤਿੰਨੇ ਜਣੇ ਰੋਟੀ ਖਾ ਰਹੇ ਸੀ। ਸੁਖਪ੍ਰੀਤ ਨੇ ਪੁੱਛਿਆ ਸੀ, “ਡੈਡੀ ਜੀ, ਬੰਦੇ ਦੀ ਪਰਮਾਨੰਦ ਦੀ ਅਵਸਥਾ ਕਿਹੜੀ ਹੁੰਦੀ ਆ?”

ਉਸ ਅੱਗੋਂ ਕਹਾਣੀ ਸੁਣਾਉਣੀ ਸ਼ੁਰੂ ਕਰ ਦਿੱਤੀ ਸੀ।

ਇਕ ਦਿਨ ਇਕ ਨੌਜਵਾਨ ਬਾਗ਼ ’ਚ ਲੰਮਾ ਪਿਆ ਸੀ ਕਿ ਉਥੇ ਇਕ ਬਜ਼ੁਰਗ ਆਇਆ। ਬਜ਼ੁਰਗ ਨੇ ਪੁੱਛਿਆ, “ਕਿੱਦਾਂ ਆ ਪੁੱਤਰਾ?”



“ਏ ਵਨ। ਮੌਜ ਕਰ ਰਿਹਾਂ,” ਨੌਜਵਾਨ ਨੇ ਦੱਸਿਆ।

“ਕੋਈ ਕੰਮ ਕਿਉਂ ਨ੍ਹੀਂ ਕਰਦਾ?”

“ਨ੍ਹੀਂ ਕਰਦਾ। ਮੇਰੀ ਮਰਜ਼ੀ ਆ।”

“ਪੁੱਤਰਾ, ਉੱਠ ਕੋਈ ਚੰਗੀ ਜਿਹੀ ਨੌਕਰੀ ਲੱਭ।”

“ਫੇਰ ਕੀ ਹਊਗਾ?”

“ਤੇਰੇ ਕੋਲ ਘਰ ਖਰੀਦਣ ਲਈ ਪੈਸੇ ਹੋਣਗੇ।”

“ਫੇਰ ਕੀ ਹਊਗਾ?”

“ਤੂੰ ਵਿਆਹ ਕਰ ਸਕੇਂਗਾ। ਤੇਰੇ ਬਾਲ ਬੱਚੇ ਹੋਣਗੇ।”

“ਫੇਰ ਕੀ ਹਊਗਾ?”

“ਤੂੰ ਆਪਣੇ ਬੱਚਿਆਂ ਨੂੰ ਪੜ੍ਹਾਵੇਂਗਾ। ਉਨ੍ਹਾਂ ਦਾ ਵਿਆਹ ਕਰੇਂਗਾ।”

“ਫੇਰ ਕੀ ਹਊਗਾ?”

“ਤੇਰੇ ਪੋਤੇ, ਪੋਤੀਆਂ, ਦੋਹਤੇ, ਦੋਹਤੀਆਂ ਹੋਣਗੀਆਂ। ਤੂੰ ਉਨ੍ਹਾਂ ਸੰਗ ਬੱਚਾ ਬਣ ਕੇ ਖੇਡਿਆ ਕਰੇਂਗਾ। ਇਹ ਤੇਰੀ ਪਰਮਾਨੰਦ ਦੀ ਅਵਸਥਾ ਹੋਵੇਗੀ। ਸਮਝਿਆ ਮੇਰੀ ਗੱਲ ਨੂੰ?”

****

ਮੈਨੂੰ ਆਪਣੀ ਧੀ ’ਤੇ ਅਥਾਹ ਵਿਸ਼ਵਾਸ ਸੀ।

ਹੁਣ ਮੇਰਾ ਆਖਿਰੀ ਵਿਸ਼ਵਾਸ ਵੀ ਗਿਆ।

“ਤੂੰ ਹੁਣ ਕੀ ਸੋਚਿਆ?” ਤਰਸੇਮ ਨੇ ਮੈਥੋਂ ਪੁੱਛਿਆ।

“ਮੇਰਾ ਤਾਂ ਦਿਮਾਗ ਸੁੰਨ ਹੋਇਆ ਪਿਆ,” ਮੈਂ ਕਿਹਾ। ਮੈਥੋਂ ਆਪਣਾ ਆਪਾ ਕੰਟਰੋਲ ਨਹੀਂ ਹੋਇਆ ਸੀ। ਮਨ ’ਚ ਆਇਆ ਸੀ ਕਿ ਇਸ ਘਰ ਨੂੰ ਅੱਗ ਲਾ ਦੇਵਾਂ। ਮੈਥੋਂ ਘਰ ਨੂੰ ਅੱਗ ਤਾਂ ਲਾਈ ਨਹੀਂ ਗਈ। ਮੈਂ ਸੁਖਪ੍ਰੀਤ ਦੇ ਕਮਰੇ ’ਚ ਗਈ ਸੀ। ਇਕ-ਇਕ ਕਰਕੇ ਉਸ ਦਾ ਸਾਮਾਨ ਵਿਹੜੇ ’ਚ ਸੁੱਟ ਦਿੱਤਾ ਸੀ। ਜਦੋਂ ਮੈਨੂੰ ਲੱਗਿਆ ਸੀ ਕਿ ਹੁਣ ਉਸ ਦੇ ਕਮਰੇ ’ਚ, ਉਸ ਨਾਲ ਸੰਬੰਧਤ ਕੋਈ ਸਾਮਾਨ ਨਹੀਂ ਰਿਹਾ ਤਾਂ ਮੈਂ ਡਰਾਇੰਗ ਰੂਮ, ਬਾਥਰੂਮ ਤੇ ਰਸੋਈ ’ਚ ਗਈ ਸੀ। ਵਿਹੜੇ ’ਚ ਵਾਹਵਾ ਸਾਰੀ ਢੇਰੀ ਲੱਗ ਗਈ ਸੀ। ਮੈਂ ਇਕ ਸੂਟ ’ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ ਸੀ। ਫੇਰ ਉਸ ਉਪਰ ਇਕ ਤੋਂ ਬਾਅਦ ਇਕ ਚੀਜ਼ ਸੁੱਟਦੀ ਰਹੀ ਸੀ-ਉਦੋਂ ਤੱਕ ਜਦੋਂ ਤੱਕ ਸਭ ਕੁਝ ਸੜ ਕੇ ਸਵਾਹ ਨਹੀਂ ਹੋ ਗਿਆ ਸੀ। ਤਰਸੇਮ ਨੇ ਮੈਨੂੰ ਰੋਕਿਆ ਨਹੀਂ ਸੀ। ਬੱਸ ਉਪਰਿਆਂ ਵਾਂਗ ਦੇਖਦਾ ਰਿਹਾ ਸੀ। ਉਸ ਕੋਲ ਆ ਕੇ ਬੈਠਦਿਆਂ ਹੋਇਆਂ ਮੈਂ ਕਿਹਾ ਸੀ, “ਮੈਂ ਤਾਂ ਉਸ ਦੇ ਸਰਟੀਫਿਕੇਟਾਂ ਨੂੰ ਵੀ ਅੱਗ ਲਾ ਦਿੱਤੀ ਆ। ਉਹ ਮੇਰੀ ਧੀ ਨ੍ਹੀਂ-ਪਿਛਲੇ ਜਨਮ ਦੀ ਕੋਈ ਦੁਸ਼ਮਣ ਆ।” ਤਰਸੇਮ ਨੇ ਮੇਰੀ ਗੱਲ ਦਾ ਕੋਈ ਹੁੰਗਾਰਾ ਨਹੀਂ ਭਰਿਆ ਸੀ। ਮੈਂ ਪੱਟਾਂ ’ਤੇ ਹੱਥ ਮਾਰ ਕੇ ਕਿਹਾ ਸੀ, “ਭੈੜੀਏ-ਤੂੰ ਮੇਰਾ ਬੁਢਾਪਾ ਰੋਲ ਤਾ। ਕੁਸ਼ ਤਾਂ ਮੇਰੇ ਬਾਰੇ ਸੋਚ ਲੈਂਦੀ।”

****

ਵਿਹੜੇ ’ਚ ਘੁੰਮਦਿਆਂ-ਘੁੰਮਦਿਆਂ ਤਰਸੇਮ ਨੂੰ ਆਪ ਨੂੰ ਕੁਝ ਨਹੀਂ ਸੁਝ ਰਿਹਾ



www.PunjabiLibrary.com

ਸੀ। ਬੱਸ-ਮਨ 'ਚ ਇਹੀ ਆ ਰਿਹਾ ਸੀ ਕਿ ਉਸ ਕੋਲੋਂ ਕਿੱਥੇ ਗਲਤੀ ਹੋ ਗਈ। ਉਹਨੇ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦਿੱਤੇ ਸਨ। ਆਪ ਚੰਗੇ ਸੰਸਕਾਰਾਂ 'ਚ ਜ਼ਿੰਦਗੀ ਗੁਜ਼ਾਰੀ ਸੀ। ਹਰ ਫੈਸਲਾ ਸੋਚ-ਸਮਝ ਕੇ ਲਿਆ ਸੀ। ਕੀਤਾ ਸੀ। ਦੂਜੇ-ਤੀਜੇ ਜਣੇ ਦੀ ਸਲਾਹ ਵੀ ਲਈ ਸੀ। ਬੱਚਿਆਂ ਕੋਲੋਂ ਕੁਝ ਵੀ ਲੁਕੋ ਕੇ ਨਹੀਂ ਰੱਖਿਆ ਸੀ। ਹੁਣ ਸੁਖਪ੍ਰੀਤ ਬਾਰੇ ਉਹ ਕਿਸ ਨਾਲ ਸਲਾਹ ਕਰੇ। ਇਹ ਗੱਲ ਹੀ ਅਜਿਹੀ ਸੀ ਕਿ ਕਿਸੇ ਨੂੰ ਦੱਸਿਆ ਵੀ ਨਹੀਂ ਜਾ ਸਕਦਾ। ਇਹ ਜਾਣਦਿਆਂ ਹੋਇਆਂ ਵੀ ਅੱਜ ਨਹੀਂ ਤਾਂ ਕਲ੍ਹ ਨੂੰ ਸਾਰਿਆਂ ਨੂੰ ਪਤਾ ਲੱਗ ਜਾਣਾ। ਸੁਖਪ੍ਰੀਤ ਦੇ ਦਫ਼ਤਰ 'ਚ ਤਾਂ ਪਤਾ ਲੱਗ ਹੀ ਗਿਆ ਹੋਣਾ। ਉਸ ਚੰਡੀਗੜ੍ਹੋਂ ਤੁਰਣ ਲੱਗਿਆਂ ਬਹੁਤ ਕੁਝ ਸੋਚਿਆ ਸੀ। ਬਸ ਨੇ ਦਰਿਆ ਪਾਰ ਕਰਕੇ, ਨਹਿਰ ਵਾਲੇ ਪੁਲ ਨੂੰ ਟਪਿਆ ਹੀ ਸੀ ਕਿ ਉਹਨੂੰ ਐਦਾਂ ਲੱਗਾ ਸੀ ਜਿਵੇਂ ਕਿਸੇ ਨੇ ਉਸ ਦੇ ਕੰਨ 'ਚ ਕਿਹਾ ਹੋਵੇ- ਭੂਤਾਂ 'ਚ ਪ੍ਰਾਣੀ ਸ਼੍ਰੇਸ਼ਟ ਹਨ। ਪ੍ਰਾਣੀਆਂ 'ਚ ਬੁੱਧੀਜੀਵੀ ਸ਼੍ਰੇਸ਼ਟ ਹਨ। ਬੁੱਧੀਜੀਵੀਆਂ ਵਿਚ ਮਨੁੱਖ ਸ਼੍ਰੇਸ਼ਟ ਹਨ। ਮਨੁੱਖਾਂ 'ਚ ਬ੍ਰਾਹਮਣ ਸ਼੍ਰੇਸ਼ਟ ਹਨ। ਜੇ ਹੇਠਲੀ ਜਾਤ ਵਾਲਾ ਕੋਈ ਆਦਮੀ ਉਪਰਲੀ ਜਾਤ ਵਾਲੀ ਔਰਤ ਨਾਲ ਵਿਆਹ ਕਰੇ ਤਾਂ ਉਸ ਆਦਮੀ ਨੂੰ ਕਤਲ ਕਰ ਦੇਣਾ ਚਾਹੀਦਾ ਹੈ।... ਉਸ ਦੇ ਧੁਰ ਅੰਦਰੋਂ ਆਵਾਜ਼ ਨਿਕਲੀ ਸੀ-ਜੇ ਉਸ ਇਸ ਵਿਸ਼ੇ 'ਤੇ ਗੱਲ ਤੋਰੀ ਤਾਂ ਦਲਿਤ ਬਰਾਦਰੀ ਉਸ ਦੇ ਖਿਲਾਫ਼ ਹੋ ਜਾਵੇਗੀ। ਫੇਰ ਉਸਨੂੰ ਤਲਹਣ ਕਾਂਡ ਤੋਂ ਬਾਅਦ ਵਿਆਨਾ ਕਾਂਡ ਯਾਦ ਆਇਆ ਸੀ। ਕੈਂਟ ਸਟੇਸ਼ਨ 'ਤੇ ਅੱਧ-ਸੜੀ ਗੱਡੀ ਦੇ ਡੱਬੇ ਦਿੱਸੇ ਸਨ। ਆਪਣੇ ਬੈਂਕ 'ਚ ਲਾਮਬੰਦ ਹੋਏ ਕੁਲੀਗ ਯਾਦ ਆਏ ਸਨ। ਉਹਨੂੰ ਇਸ ਗੱਲ ਦਾ ਅਹਿਸਾਸ ਵੀ ਸੀ ਕਿ ਹੁਣ ਪਹਿਲਾਂ ਜਿਹੇ ਸਮੇਂ ਨਹੀਂ ਰਹੇ। ਹੁਣ ਸਭ ਕੁਝ ਉਲਟ-ਪੁਲਟ ਹੋ ਰਿਹਾ ਸੀ। ਪਹਿਲਾਂ ਵਿਹੜੇ ਵਾਲੇ ਉਨ੍ਹਾਂ ਤੋਂ ਡਰਦੇ ਸਨ। ਸੰਗ-ਸ਼ਰਮ ਮੰਨਦੇ ਸਨ। ਹੁਣ ਉਹ ਵਿਹੜੇ ਵਾਲਿਆਂ ਤੋਂ ਝੇਂਪ ਮੰਨਦੇ ਹਨ। ਵਿਹੜੇ ਵਾਲੇ ਆਪਣੀ ਗਲਤ ਗੱਲ ਨੂੰ ਧੱਕੇ ਨਾਲ ਮੰਨਵਾਉਂਦੇ ਹਨ। ਇਹ ਵੀ ਹੋ ਸਕਦਾ ਸੀ ਕਿ ਉਸ ਦੇ ਆਪਣੇ ਬੰਦੇ ਵੀ ਸੁਖਪ੍ਰੀਤ ਵਾਲੀ ਗੱਲ 'ਚ ਉਸ ਦਾ ਸਾਥ ਨਾ ਦੇਣ। ਉਸ ਦੀ ਹਾਲਤ ਵੀ ਉਸ ਦੀ ਮਾਸੀ ਦੇ ਪਿੰਡ ਵਾਪਰੀ ਘਟਨਾ ਜਿਹੀ ਨਾ ਹੋ ਜਾਵੇ। ਉਹ ਹੋਰ ਡਰ ਗਿਆ ਸੀ। ਉਸ ਦੀ ਮਾਸੀ ਦਾ ਪਿੰਡ 'ਸਰਾਲਾ ਮਿਸਰਾਂ ਦੀ' ਹੈ। ਉਥੋਂ ਦੀ ਜ਼ਿਆਦਾ ਆਬਾਦੀ ਮਿਸਰਾਂ ਦੀ ਹੈ। ਉਹੀ ਜ਼ਮੀਨ ਜਾਇਦਾਦ ਵਾਲੇ ਹਨ। ਬਿਸ਼ਨ ਦਾਸ ਮਿਸਰ ਦੀ ਕੁੜੀ ਗੁਲਮੀਤ ਨੂੰ ਉਸ ਨਾਲ ਪੜ੍ਹਦਾ ਹੋਇਆ ਬਾਲਮਿਕਾਂ ਦਾ ਮੁੰਡਾ ਮੀਕਾ ਕੱਢ ਕੇ ਲੈ ਗਿਆ ਸੀ। ਸਾਰੇ ਪਾਸੇ ਵਾਲੇ ਮਿਸਰਾਂ ਦੇ ਘਰ ਇਕੱਠੇ ਹੋਏ ਸਨ। ਉਨ੍ਹਾਂ ਏਕਾ ਕੀਤਾ ਸੀ ਕਿ ਹੁਣ ਪਿੰਡ 'ਚ ਮੀਕੇ ਕਿਆਂ ਦਾ ਘਰ ਨਹੀਂ ਰਹਿਣ ਦੇਣਾ। ਬਾਲਮਿਕਾਂ ਨੂੰ ਵੀ ਇਸ ਗੱਲ ਦਾ ਪਤਾ ਲੱਗ ਗਿਆ ਸੀ। ਉਨ੍ਹਾਂ ਘਰੋਂ ਬਾਹਰ ਨਾ ਨਿਕਲਣ ਦਾ ਫੈਸਲਾ ਕਰ ਲਿਆ। ਮਿਸਰਾਂ ਦੇ ਮੁੰਡਿਆਂ ਨੇ ਉਸ ਘਰ 'ਤੇ ਹੱਲਾ ਬੋਲ ਦਿੱਤਾ। ਉਨ੍ਹਾਂ ਦੇ ਘਰ 'ਚ ਲਹਿਰਾਂ-ਬਹਿਰਾਂ ਸਨ। ਪਰ ਉਨ੍ਹਾਂ ਇਕੱਲਿਆਂ ਦੀ ਕੋਈ ਪੇਸ਼ ਨਾ ਗਈ। ਮਿਸਰਾਂ ਦੇ ਮੁੰਡੇ ਦੋ ਸੱਜਰੀਆਂ ਸੂਈਆਂ ਝੋਟੀਆਂ ਵੀ ਲੈ ਗਏ। ਮੀਕੇ ਕਿਆਂ ਦਾ ਪਰਿਵਾਰ ਪਿੰਡ ਛੱਡ ਗਿਆ। ਉਨ੍ਹਾਂ ਦਾ ਦੂਰੋਂ ਲੱਗਦਾ ਕੋਈ ਰਿਸ਼ਤੇਦਾਰ ਐਸ. ਐਸ. ਪੀ. ਲੱਗਾ ਸੀ। ਉਹ ਉਸ ਅੱਗੇ ਜਾ ਕੇ ਰੋਏ ਪਿੱਟੇ। ਐਸ. ਐਸ. ਪੀ. ਨੇ ਮਿਸਰ ਆਪਣੇ ਦਫਤਰ ਸੱਦ ਲਏ। ਇਕੱਲੇ-ਇਕੱਲੇ ਨੂੰ ਕੋਲ ਬੈਠਾ ਕੇ



ਪੁੱਛਿਆ ਕਿ ਕਿਸ ਦਾ ਕਸੂਰ ਹੈ। ਮਿਸਰ ਡਰ ਗਏ। ਐਸ. ਐਸ. ਪੀ. ਆਪ ਪਿੰਡ ਗਿਆ। ਘਰ ਘਰ ਜਾ ਕੇ ਹੋਈ-ਬੀਤੀ ਸੁਣੀ। ਕੁਝ ਆਪਣੇ ਆਪ ਮੰਨ ਗਏ। ਕੁਝ ਉਸ ਡੰਡੇ ਦੇ ਜ਼ੋਰ ਨਾਲ ਬਕਾ ਲਏ। ਫੇਰ ਉਸ ਪੰਚਾਇਤ ਇਕੱਠੀ ਕੀਤੀ। ਲੋਕਾਂ ਦੇ ਰਿਕਾਰਡ ਕੀਤੇ ਹੋਏ ਬਿਆਨ ਸੁਣਾਏ। ਸਰਪੰਚ ਨੂੰ ਪੁੱਛਿਆ, "ਹੁਣ ਦੱਸ ਕੀ ਕਰਨਾ।" ਸਰਪੰਚ ਕਿੰਨਾ ਚਿਰ ਨੀਵੀਂ ਪਾ ਕੇ ਸੋਚੀਂ ਗਿਆ। ਐਸ. ਐਸ. ਪੀ. ਕਪੜਿਆਂ ਤੋਂ ਬਾਹਰ ਹੋਣ ਲੱਗਾ, "ਮੈਂ ਕੋਈ ਹੋਰ ਕੰਮ ਵੀ ਕਰਨਾ। ਮੱਝਾਂ ਖੋਲ੍ਹਣ ਵੇਲੇ ਤਾਂ ਤੇਰਾ ਮੁੰਡਾ ਵੀ ਅੱਗੇ ਸੀ। ਹੁਣ ਉਸ 'ਤੇ ਵੀ ਕੇਸ ਬਣਵਾਵਾਂ।" ਸਰਪੰਚ ਹੱਥ ਜੋੜ ਕੇ ਖੜ ਗਿਆ। ਉਸ ਹੌਲੀ ਜਿਹੇ ਕਿਹਾ, "ਸਰਦਾਰ ਸਾਹਿਬ ਨੂੰ ਜਿਦਾਂ ਚੰਗਾ ਲੱਗਦਾ, ਉਦਾਂ ਹੀ ਕਰ ਲਉ। ਸਾਨੂੰ ਤੁਹਾਡਾ ਕੀਤਾ ਫੈਸਲਾ ਮੰਜੂਰ ਹੋਵੇਗਾ।" ਜਿਹੜੇ ਮੱਝਾਂ ਖੋਲ੍ਹ ਕੇ ਲੈ ਗਏ ਸਨ, ਉਹ ਆਪ ਬੰਨ ਕੇ ਗਏ। ਸਾਮਾਨ ਲੈ ਜਾਣ ਵਾਲੇ ਆਪ ਸਾਮਾਨ ਛੱਡ ਕੇ ਗਏ ਸਨ। ਉਹਨਾਂ 'ਤੇ ਸਿਰ ਖਰਚਾ ਪਾ ਦਿੱਤਾ। ਮੁੰਡਾ-ਕੁੜੀ ਵਾਪਸ ਪਿੰਡ ਨਾ ਆਏ ਪਰ ਮੁੜ ਕੇ ਮਿਸਰਾਂ ਦੀ ਹਿੰਮਤ ਨਾ ਪਈ ਮੀਕੇ ਕਿਆਂ ਨੂੰ ਉਏ ਵੀ ਕਹਿਣ ਦੀ....। ਉਸ ਦੀ ਸੋਚ ਇਕ ਬਿੰਦੂ 'ਤੇ ਟਿਕ ਨਹੀਂ ਰਹੀ ਸੀ। ਪਹਿਲਾਂ ਉਹ ਮੁਹਾਲੀ ਲੰਘਦਿਆਂ ਹੀ ਘੂਕ ਸੌਂ ਜਾਂਦਾ ਸੀ। ਜੇ ਜਾਗਦਾ ਵੀ ਹੁੰਦਾ ਤਾਂ ਵੀ ਰਾਮਾਮੰਡੀ ਕੋਲ ਆ ਕੇ ਅੱਖਾਂ ਖੋਲ੍ਹਦਾ ਸੀ। ਪਰ ਅੱਜ ਉਹ ਸਾਰੀ ਵਾਟ ਬਾਹਰ ਦੇਖਦਾ ਆਇਆ ਸੀ। ਐਦਾਂ ਜਿਵੇਂ ਕੁਝ ਗੁਆਚਿਆ ਹੋਇਆ ਲੱਭ ਰਿਹਾ ਹੋਵੇ। ਉਹਨੂੰ ਭੁੱਲੀਆਂ ਵਿਸਰੀਆਂ ਘਟਨਾਵਾਂ ਵਾਰ-ਵਾਰ ਯਾਦ ਆਈਆਂ ਸਨ। ਉਹਨੂੰ ਆਪਣੀ ਮਕਾਨ-ਮਾਲਕਣ ਕਾਂਤਾ ਵੀ ਯਾਦ ਆਈ ਸੀ। ਉਹ ਸ਼ਾਮ ਨੂੰ ਉਸਦੇ ਕਮਰੇ 'ਚ ਆ ਕੇ ਬੈਠ ਜਾਂਦੀ ਸੀ। ਉਨ੍ਹੀਂ ਦਿਨੀਂ ਉਸ 'ਚ ਦੇਖਣ, ਸੁਣਨ, ਸੁੰਘਣ, ਛੂਹਣ ਤੇ ਚੱਖਣ ਦੀ ਭਾਵਨਾ ਬਹੁਤ ਵੱਧ ਗਈ ਸੀ। ਕਾਂਤਾ ਅਕਸਰ ਕਹਿੰਦੀ ਸੀ, "ਚਲੋ-ਕਿਤੇ ਬਾਹਰ ਚੱਲੀਏ। ਆਪਾਂ ਕਈ ਗੱਲਾਂ ਕਰਨੀਆਂ। ਮੇਰੇ ਦਿਲ ਤੇ ਕੁਸ਼ ਭਾਰ ਆ ਕਿਹੜੇ ਮੈਂ ਤੁਹਾਡੇ ਨਾਲ ਸ਼ੇਅਰ ਕਰਨੇ ਆ।" ਉਹ ਕਹਿ ਦਿੰਦਾ, "ਅਵੱਸ਼ ਚੱਲਾਂਗੇ।" ਇਕ ਵਾਰ ਉਹ ਬਾਈ ਸੈਕਟਰ ਦੀ ਰੇਹੜੀ ਮਾਰਕੀਟ 'ਚ ਘੁੰਮੇ ਸਨ। ਕੌਫੀ ਪੀਤੀ ਸੀ। ਅਚਨਚੇਤ ਹੀ ਕਾਂਤਾ ਨੇ ਉਸ ਦਾ ਹੱਥ ਫੜ ਲਿਆ ਸੀ। ਉਹਨੂੰ ਕਰੰਟ ਜਿਹਾ ਲੱਗਾ ਸੀ। ਕੁਝ ਦਿਨਾਂ ਬਾਅਦ ਹੀ ਆਪਣੀ ਜਵਾਨ ਹੋਈ ਧੀ ਬਾਰੇ ਸੋਚ ਕੇ ਉਸ ਕਾਂਤਾ ਤੋਂ ਦੂਰੀ ਬਣਾ ਲਈ ਸੀ। ਜਲਦੀ ਹੀ ਆਪਣਾ ਕਮਰਾ ਬਦਲ ਲਿਆ ਸੀ।

ਉਹਨੂੰ ਕਿਤੇ ਪੜ੍ਹਿਆ ਵਾਰ-ਵਾਰ ਯਾਦ ਆਉਣ ਲੱਗਾ ਸੀ, "ਬੰਦਾ ਦੋ ਜ਼ਿੰਦਗੀਆਂ ਜਿਊਂਦਾ। ਇਕ ਜਿਹਨੂੰ ਸਮਾਜ ਦੇਖਦਾ। ਦੂਜੀ ਉਹ ਹੁੰਦੀ ਹੈ ਜਿਹਨੂੰ ਸਿਰਫ ਤੇ ਸਿਰਫ ਉਹ ਦੇਖਦਾ ਹੈ। ਇਹ ਚੋਰੀ ਦੀ ਜ਼ਿੰਦਗੀ ਹੁੰਦੀ ਹੈ। ਇਸ ਜ਼ਿੰਦਗੀ ਨੂੰ ਉਹੀ ਦੇਖਦਾ ਤੇ ਜਾਣਦਾ ਹੈ। ਦਰਅਸਲ ਬੰਦੇ ਦੀ ਅਸਲ ਜ਼ਿੰਦਗੀ ਉਹੀ ਹੁੰਦੀ ਹੈ ਜਿਹਨੂੰ ਉਹ ਚੋਰੀ ਨਾਲ ਜਿਊਂਦਾ ਹੈ। ਇਹ ਦਿਖਾਵੇ ਵਾਲੀ ਨਹੀਂ ਹੁੰਦੀ।" ਪਰ ਉਸ ਕੋਲੋਂ ਇਹ ਜ਼ਿੰਦਗੀ ਵੀ ਬਹੁਤਾ ਚਿਰ ਜੀਊਂ ਨਹੀਂ ਹੋਈ ਸੀ।

****

ਵਾਪਸ ਆ ਕੇ ਬੈਠਦਿਆਂ ਹੋਇਆ ਤਰਸੇਮ ਨੇ ਮੈਨੂੰ ਦੱਸਣਾ ਸ਼ੁਰੂ ਕੀਤਾ, "ਤੈਨੂੰ



www.PunjabiLibrary.com

ਪਤਾ ਹੀ ਆ ਕਿ ਮੇਰਾ ਬੈਂਕ ਇੰਡਸਟੀਰੀਅਲ ਏਰੀਆ 'ਚ ਪੈਂਦਾ। ਚੌਂਤੀ ਸੈਕਟਰ 'ਚ ਆ ਕੇ ਮੈਂ ਜੀਰਕਪੁਰ ਵਾਲੀ ਬਸ ਫੜਦਾਂ। ਪਿਛਲੇ ਸਿਆਲਾਂ 'ਚ ਚੌਂਤੀ ਸੈਕਟਰ ਦੇ ਬਸ ਸਟਾਪ ਪਿੱਛੇ ਪੈਂਦੇ ਪਲਾਟ 'ਚ ਘੀਕਣੇ ਆਏ ਹੋਏ ਸਨ। ਦਸੰਬਰ ਦਾ ਆਖਿਰੀ ਮਹੀਨਾ ਸੀ। ਬੇਅੰਤ ਠੰਢ ਸੀ। ਬਹੁਤ ਹੀ ਜ਼ਿਆਦਾ। ਉਨ੍ਹਾਂ ਦੀ ਧੂਣੀ ਧੁਖਾਈ ਹੁੰਦੀ। ਸਾਰੇ ਆਲੇ ਦੁਆਲੇ ਬੈਠੇ ਹੁੰਦੇ। ਮੈਂ ਉਹਨਾਂ ਨੂੰ ਰੋਜ਼ ਦੇਖਦਾ। ਉਨ੍ਹਾਂ ਬਾਰੇ ਸੋਚਦਾ ਕਿ ਉਨ੍ਹਾਂ ਦੇ ਜਿਸਮਾਂ ਨੂੰ ਅੱਗੋਂ ਤਾਂ ਤਪਸ਼ ਮਿਲਦੀ ਹੋਵੇਗੀ ਪਰ ਪਿੱਛਾ ਠਰ ਜਾਂਦਾ ਹੋਵੇਗਾ। ਨਾ ਉਨ੍ਹਾਂ ਲਈ ਪਾਣੀ ਦਾ ਇੰਤਜ਼ਾਮ ਸੀ। ਨਾ ਲਾਈਟ ਦਾ। ਸਿਰ 'ਤੇ ਛੱਤ ਨ੍ਹੀਂ ਸੀ। ਮੈਨੂੰ ਉਹ ਬੜੇ ਹੌਂਸਲੇ ਵਾਲੇ ਲੋਕ ਲੱਗਦੇ। ਇਕ ਦਿਨ ਮੈਂ ਉਨ੍ਹਾਂ ਬਾਰੇ ਸੋਚ ਰਿਹਾ ਸੀ ਕਿ ਮੇਰੇ ਕੋਲ ਇਕ ਸਰਦਾਰ ਜੀ ਆ ਖੜੇ। ਉਹ ਫ਼ੌਜੀ ਲੱਗਦੇ ਸਨ। ਮੈਂ ਉਨ੍ਹਾਂ ਨਾਲ ਇਨ੍ਹਾਂ ਲੋਕਾਂ ਬਾਰੇ ਗੱਲ ਕੀਤੀ। ਉਨ੍ਹਾਂ ਦਾ ਕਹਿਣਾ ਸੀ, 'ਕੁਸ਼ ਨ੍ਹੀਂ ਫਰਕ ਪੈਂਦਾ। ਤਨ ਤੇ ਮਨ ਜਿਦਾਂ ਦਾ ਚਾਹੋ ਬਣਾ ਲਉ। ਇਕ ਵਾਰੀ ਮੇਰੀ ਡਿਊਟੀ ਲਦਾਖ ਲੱਗੀ ਸੀ। ਮੈਂ ਉਥੇ ਇਕ ਸਾਧ ਦੇਖਿਆ। ਉਹਦੇ ਤੇੜ ਸਿਰਫ ਲਗੋਟ ਲਾਇਆ ਸੀ। ਅੱਗੇ ਉਸ ਦੂਣੀ ਧੁਖਾ ਰੱਖੀ ਸੀ। ਮੈਂ ਉਹਨੂੰ ਪੁੱਛਿਆ ਸੀ ਕਿ ਉਹਨੂੰ ਠੰਢ ਨ੍ਹੀਂ ਲੱਗਦੀ ਤਾਂ ਉਸ ਦਾ ਕਿਹਾ ਅਜੇ ਵੀ ਮੈਨੂੰ ਯਾਦ ਆ–ਸਰੀਰ ਨੂੰ ਜਿਦਾਂ ਦਾ ਚਾਹੋ–ਬਣਾ ਲਉ। ਐਦਾਂ ਹੀ ਮਨ ਦੀ ਅਵਸਥਾ ਹੁੰਦੀ ਆ।"

"ਕੋਈ ਮੇਰਾ ਕਸੂਰ ਤਾਂ ਦੱਸੇ ?" ਮੈਂ ਹੌਲੀ ਦੇਣੀ ਕਿਹਾ।

ਤਰਸੇਮ ਮੇਰਾ ਮੂੰਹ ਆਪਣੇ ਵੱਲ ਨੂੰ ਕਰਕੇ ਬੋਲਿਆ, "ਤੂੰ ਬਹੁਤਾ ਸੋਚੀਂ ਨਾ ਪੈ। ਮੈਂ ਮਕਾਨ ਵੇਚ ਦੇਣਾ। ਹੁਣ ਆਪਾਂ ਚੰਡੀਗੜ੍ਹ ਰਹਾਂਗੇ। ਠੀਕ ਆ ਨਾ ?"

ਮੈਂ ਚੁੱਪ ਰਹੀ।

ਉਸ ਕਿਹਾ, "ਚੱਲ–ਕਲ੍ਹ ਨੂੰ ਹਰਦੁਆਰ ਚੱਲਦੇ ਆਂ। ਹਰਿ ਕੀ ਪੌੜੀਆਂ 'ਤੇ ਬੈਠ ਕੇ ਪਾਠ ਕਰਾਂਗੇ।"

"ਆਪਣੀਆਂ ਗਿਣਤੀਆਂ–ਮਿਣਤੀਆਂ ਛੱਡੋ। ਪਹਿਲਾਂ ਮੈਨੂੰ ਐਨਾ ਥਕਾਓ ਕਿ ਮੈਨੂੰ ਨੀਂਦ ਆ ਜਾਵੇ। ਜੇ ਮੈਨੂੰ ਨੀਂਦ ਨਾ ਆਈ ਤਾਂ ਮੈਂ ਪਾਗਲ ਹੋ ਜਾਣਾ," ਮੈਂ ਉਸ ਨੂੰ ਆਪਣੇ ਨਾਲ ਘੁਟਦਿਆਂ ਹੋਇਆਂ ਕਿਹਾ।



# ਡਰ

ਥੋੜ੍ਹੇ ਕੁ ਚਿਰ ਲਈ ਮੈਨੂੰ ਨੀਂਦ ਦੀ ਝਪਕੀ ਆਈ ਹੈ। ਇਕ ਚਿਹਰਾ ਦਿੱਸਦਾ ਹੈ। ਬੁਰੀ ਤਰ੍ਹਾਂ ਜ਼ਖ਼ਮੀ ਹੋਇਆ। ਲਹੂ 'ਚ ਲੱਥਪੱਥ। ....ਹੱਥ ਦਾ ਵੱਢਿਆ ਹੋਇਆ ਅੰਗੂਠਾ....। ਇਕ ਪਾਸੇ ਕੰਨ ਪਿਆ। ....ਇਕ ਹੋਰ ਪਾਸੇ ਗੁਟ। ....ਗੋਡੇ ਦੀ ਚੱਪਣੀ। ....ਫਿਰ ਇਹ ਚਿਹਰਾ ਅਜੈ ਦੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ। ਚੀਕਾਂ ਮਾਰਦਾ ਹੈ, "ਮੈਨੂੰ ਬਚਾਉ। ਕੋਈ ਹੈ ਤਾਂ ਮੈਨੂੰ ਬਚਾਉ। ਬਚਾਉ.......ਬਚਾਉ.....ਬਚਾਉ.....।" ਮੈਂ ਆਲੇ ਦੁਆਲੇ ਹੱਥ ਮਾਰਦਾ ਹੋਇਆ ਉੱਠ ਬੈਠਦਾ ਹਾਂ। ਸ਼ਾਇਦ ਮੇਰੀ ਚੀਕ ਵੀ ਨਿਕਲ ਗਈ ਹੈ। ਮੇਰਾ ਇੱਕ ਹੱਥ ਜ਼ੋਰ ਦੀ ਮਨਜੀਤ ਦੀਆਂ ਛਾਤੀਆਂ 'ਤੇ ਲੱਗ ਗਿਆ ਹੈ। ਉਹ ਦਰਦ ਨਾਲ 'ਕੱਠੀ ਮੁੱਠੀ ਹੋ ਗਈ ਹੈ। ਖਿਝ ਨਾਲ ਕਹਿੰਦੀ ਹੈ, "ਕਮਲੇ ਹੋ ਗਏ ਹੋ।" ਖੱਬੀ ਛਾਤੀ ਨੂੰ ਫੜੀ–ਫੜੀ ਮੇਰੇ ਵੱਲ ਨੂੰ ਹੁੰਦੀ ਹੈ। ਮੇਰੇ ਤੇਜ਼ ਚਲਦੇ ਸਾਹਾਂ ਨੂੰ ਮਹਿਸੂਸਦਿਆਂ ਹੋਇਆਂ ਉਹ ਆਪਣੇ ਦਰਦ ਨੂੰ ਭੁੱਲ ਜਾਂਦੀ ਹੈ। ਉਹ ਘਬਰਾ ਜਾਂਦੀ ਹੈ। ਪੁੱਛਦੀ ਹੈ, "ਕੀ ਹੋਇਆ ?" "ਕੁਸ਼ ਨ੍ਹੀਂ।" ਦੱਸਦਾ ਹਾਂ। ਉਹ ਫੇਰ ਪੁੱਛਦੀ ਹੈ, "ਤੁਹਾਡੇ ਦਿਲ ਦੀ ਧੜਕਣ ਦੱਸਦੀ ਆਂ ਕਿ ਤੁਸੀਂ ਡਰੇ ਹੋਏ ਹੋ।" ਮੈਂ ਹਨੇਰੇ 'ਚ ਚਹੁੰ ਪਾਸੀਂ ਨਜ਼ਰਾਂ ਘੁੰਮਾਉਂਦਾ ਹਾਂ। ਸਿਰ 'ਚ ਜ਼ੋਰ–ਜ਼ੋਰ ਦੀ ਉਂਗਲਾਂ ਫੇਰਦਾ ਹਾਂ। ਸੁਰਤ ਸੰਭਾਲਦਾ ਹਾਂ। ਪਹਿਲਾਂ ਨਾਲੋਂ ਕਾਇਮ ਹੁੰਦਾ ਹਾਂ। ਮੈਂ ਆਪਣੇ ਸੁਪਨੇ ਬਾਰੇ ਦੱਸਦਾ ਹਾਂ। ਉਹ ਟਿਊਬ ਜਗਾ ਦਿੰਦੀ ਹੈ। ਕਹਿੰਦੀ ਹੈ, "ਮੈਂ ਤੁਹਾਨੂੰ ਕਿੰਨੀ ਵਾਰ ਕਿਹਾ ਕਿ ਸੌਣ ਲੱਗਿਆਂ ਸਿਰਹਾਣੇ ਵਾਲੇ ਪਾਸੇ ਜੁੱਤੀ ਮੂਧੀ ਮਾਰ ਲਿਆ ਕਰੋ। ਫੇਰ ਮਾੜੇ ਸੁਪਨੇ ਨ੍ਹੀਂ ਆਉਂਦੇ। ਇਹ ਤਰੀਕਾ ਮੈਨੂੰ ਮਾਤਾ ਜੀ ਨੇ ਦੱਸਿਆ ਸੀ। ਇਹਦੇ ਨਾਲ ਫਰਕ ਪੈਂਦਾ ਆ। ਮੇਰਾ ਤਾਂ ਚੇਤਾ ਮਾੜਾ। ਤੁਹਾਥੋਂ ਐਨਾ ਵੀ ਕੰਮ ਨ੍ਹੀਂ ਹੁੰਦਾ।" ਮੈਂ ਉਸ ਦੇ ਚਿਹਰੇ ਵੱਲ ਦੇਖਦਾ ਹਾਂ। ਉਹ ਡਰੀ ਹੋਈ ਹੈ। ਮੈਥੋਂ ਵੀ ਜ਼ਿਆਦਾ।

ਮੈਂ ਉਸਨੂੰ ਪੁੱਛਦਾ ਹਾਂ, "ਤੈਨੂੰ ਇਨ੍ਹੀਂ ਦਿਨੀਂ ਕਿਹੋ ਜਿਹੇ ਸੁਪਨੇ ਆਉਂਦੇ ਆ ?"

ਉਹ ਦੱਸਦੀ ਹੈ, "ਮੈਨੂੰ ਰਾਤੀਂ ਨ੍ਹੀਂ ਦਿਨੇ ਸੁਪਨੇ ਆਉਂਦੇ ਆ। ਅਜੀਬੋ ਗਰੀਬ। ਅੱਜ ਦੁਪਹਿਰ ਦਾ ਹੀ ਸੁਣ ਲਉ। ਮੇਰੀ ਮਾੜੀ ਕੁ ਝਪਕੀ ਲੱਗੀ ਸੀ ਕਿ ਆਹ ਸੁਪਨਾ ਆਇਆ ਸੀ....ਮੈਂ ਤੇ ਬਲਰਾਜ ਕਿਤੇ ਜਾ ਰਹੇ ਆਂ। ਅਗਲੇ ਸਟੇਸ਼ਨ ਤੋਂ ਅਜੈ ਵੀ ਗੱਡੀ 'ਚ ਆ ਚੜ੍ਹਦਾ ਆ। ਗੱਡੀ ਬਹੁਤ ਤੇਜ਼ ਜਾ ਰਹੀ ਆ। ਫੇਰ ਗੱਡੀ ਦੀ ਥਾਂ ਝੋਟਾ ਆ ਜਾਂਦਾ



www.PunjabiLibrary.com

ਆ। ਸੰਨਤੋੜ ਦੌੜਦਾ। ਪਾਗਲ ਹੋਇਆ। ਮੈਂ ਚੀਕਾਂ ਮਾਰਦੀ ਆਂ। ਬਚਾਓ-ਬਚਾਓ। ਫੇਰ ਅਜੀਬ ਜਿਹਾ ਬੰਦਾ ਦਿੱਸਦਾ ਆ। ਉਹ ਦੇ ਹੱਥ 'ਚ ਹੋਰ ਹੀ ਤਰ੍ਹਾਂ ਦਾ ਤੇਜ਼ ਜਿਹਾ ਹਥਿਆਰ ਆ। ਉਹ ਰਾਖ਼ਸ਼ਾਂ ਵਾਂਗੂ ਹੱਸਦਾ ਆ। ਅਜੈ ਤੇ ਬਲਰਾਜ ਨੂੰ ਖਾਣ ਲਈ ਆਪਣਾ ਮੂੰਹ ਖੋਲ੍ਹਦਾ ਆ। ਮੇਰੀ ਚੀਕ ਨਿਕਲ ਜਾਂਦੀ ਆ। ਫੇਰ ਮੇਰੀ ਅੱਖ ਖੁੱਲ੍ਹ ਜਾਂਦੀ ਆ। ਮੁੜ ਕੇ ਨੀਂਦ ਨ੍ਹੀਂ ਆਉਂਦੀ। ਇਹ ਪਤਾ ਨ੍ਹੀਂ ਕਿਉਂ ਹੁੰਦਾ।"

ਅਕਸਰ ਹੀ ਮੈਨੂੰ ਅਜਿਹੇ ਸੁਪਨੇ ਆਉਂਦੇ ਹਨ। ਕਈ ਤਾਂ ਅਜਿਹੇ ਹੁੰਦੇ ਹਨ ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ ਹੁੰਦਾ। ਊਟ ਪਟਾਂਗ ਜਿਹੇ। ਕਈ ਥਾਵਾਂ ਮੇਰੀਆਂ ਦੇਖੀਆਂ ਹੁੰਦੀਆਂ ਹਨ। ਕਈ ਨਹੀਂ। ਕਈ ਚਿਹਰਿਆਂ ਨੂੰ ਮੈਂ ਜਾਣਦਾ ਹਾਂ। ਕਈਆਂ ਨੂੰ ਬਿਲਕੁਲ ਹੀ ਨਹੀਂ। ਪਰ ਇਕ ਗੱਲ ਅਵੱਸ਼ ਹੈ ਕਿ ਇਨ੍ਹਾਂ 'ਚ ਇਕ ਅੱਧ ਨੌਜਵਾਨ ਹੁੰਦਾ ਹੈ ਜਿਸ ਦੀ ਸ਼ਕਲ ਅਜੈ ਜਾਂ ਬਲਰਾਜ ਨਾਲ ਜਾ ਮਿਲਦੀ ਹੈ। ਮੈਨੂੰ ਯਕਦਮ ਜਾਗ ਆ ਜਾਂਦੀ ਹੈ। ਫੇਰ ਕਿੰਨਾ ਚਿਰ ਨੀਂਦ ਨਹੀਂ ਆਉਂਦੀ। ਮੈਂ ਆਪਣੇ ਮਾੜੇ ਸੁਪਨਿਆਂ ਬਾਰੇ ਮਨਜੀਤ ਨੂੰ ਬਹੁਤ ਘੱਟ ਦੱਸਦਾ ਹਾਂ। ਉਹ ਵੀ ਨਹੀਂ ਦੱਸਦੀ। ਪਿਛਲੇ ਕੁਝ ਸਾਲਾਂ ਤੋਂ ਉਹ ਵੀ ਮੇਰੇ ਵਾਂਗ ਭਰਵੀਂ ਨੀਂਦ ਨਹੀਂ ਸੌਂਦੀ। ਮੈਂ ਇਕ ਦਿਨ ਉਹਨੂੰ ਇਸ ਬਾਰੇ ਪੁੱਛਿਆ ਸੀ ਤਾਂ ਉਸ ਆਪਣੀ ਚਿੰਤਾ ਜ਼ਾਹਿਰ ਕੀਤੀ ਸੀ, "ਮੁੰਡੇ ਸੈੱਟ ਹੋ ਜਾਣ। ਵਿਆਹੇ ਜਾਣ। ਸਾਡੀ ਚਿੰਤਾ ਮੁੱਕ ਜਾਵੇਗੀ। ਆਪਣੇ ਜੋਗੇ ਹੋ ਜਾਣ। ਸਾਨੂੰ ਭਾਵੇਂ ਕੱਖ ਨਾ ਦੇਣ।"

ਮੈਂ ਉਸ ਨੂੰ ਸੁਰਿੰਦਰਪਾਲ ਦੇ ਬੇਟੇ ਜੈਪਾਲ ਨਾਲ ਵਾਪਰੇ ਹਾਦਰੇ ਬਾਰੇ ਦੱਸਦਾ ਹਾਂ। ਸੁਰਿੰਦਰਪਾਲ ਮੇਰਾ ਕੁਲੀਗ ਹੈ। ਉਹਨੇ ਅਪਨੈਡਿਕਸ ਦਾ ਅਪ੍ਰੇਸ਼ਨ ਪਟੇਲ ਹਸਪਤਾਲ ਤੋਂ ਕਰਵਾਇਆ ਸੀ। ਕਲ੍ਹ ਰਾਤ ਜੈਪਾਲ ਹਸਪਤਾਲ ਤੋਂ ਵਾਪਸ ਆ ਰਿਹਾ ਸੀ। ਰਾਤ ਦੇ ਬਾਰਾਂ ਵਜੇ ਸਨ। ਜਦੋਂ ਜੈਪਾਲ ਬਸ ਸਟੈਂਡ ਤੋਂ ਕਰਤਾਰ ਨਗਰ ਚੌਕ ਵੱਲ ਜਾ ਰਿਹਾ ਸੀ ਤਾਂ ਅੱਗੋਂ ਤਿੰਨ ਜਣਿਆਂ ਨੇ ਉਸਨੂੰ ਰੋਕ ਲਿਆ ਸੀ। ਮੁੰਡਾ ਜੁਆਨ ਹੈ। ਜੋਸ਼ੀਲਾ ਹੈ। ਉਨ੍ਹਾਂ ਨਾਲ ਹੱਥੋਪਾਈ ਹੋ ਗਿਆ ਸੀ। ਇਕ ਜਣੇ ਨੇ ਹਥੀਆ ਜੈਪਾਲ ਦੀ ਖੱਬੀ ਬਾਂਹ 'ਤੇ ਮਾਰਿਆ ਸੀ। ਬਾਂਹ ਬਚ ਗਈ ਸੀ। ਪਰ ਫਰੈਕਚਰ ਹੋ ਗਿਆ ਸੀ। ਉਹ ਜੈਪਾਲ ਦਾ ਮੋਟਰ ਸਾਈਕਲ, ਮੋਬਾਇਲ ਤੇ ਗਲ ਦੀ ਚੈਨੀ ਲੈ ਗਏ ਸਨ। ਸੁਰਿੰਦਰਪਾਲ ਨੇ ਦੱਸਿਆ ਸੀ ਕਿ ਉਹਨੇ ਜੈਪਾਲ ਨੂੰ ਬੜਾ ਰੋਕਿਆ ਸੀ ਕਿ ਉਹ ਹਸਪਤਾਲ 'ਚ ਹੀ ਰੁਕ ਜਾਵੇ। ਸਵੇਰ ਨੂੰ ਚਲੇ ਜਾਵੇ ਪਰ ਜੈਪਾਲ 'ਕੁਝ ਨਹੀਂ ਹੁੰਦਾ-ਕੁਝ ਨਹੀਂ ਹੁੰਦਾ' ਕਹਿੰਦਾ ਹੋਇਆ ਚਲਾ ਗਿਆ ਸੀ। ਉਹ ਆਪਣੇ ਮੁੰਡੇ ਤੋਂ ਔਖਾ ਸੀ ਕਿ ਉਸ ਉਹਦਾ ਕਿਹਾ ਨਹੀਂ ਮੰਨਿਆ। ਉਹ ਰੋਣ ਹਾਕਾ ਹੋਇਆ ਸੀ, "ਯਾਰ ਕੀ ਕਰੀਏ, ਮੁੰਡੇ ਪ੍ਰਵਾਹ ਹੀ ਨ੍ਹੀਂ ਕਰਦੇ। ਮਾਂ ਪਿਉ ਨੂੰ ਤਾਂ ਵੁਦੂ ਸਮਝਦੇ ਆ। ਜੇ ਮੇਰਾ ਕਿਹਾ ਮੰਨਿਆ ਹੁੰਦਾ ਤਾਂ ਐਨਾ ਨੁਕਸਾਨ ਤਾਂ ਨਾ ਕਰਵਾਉਂਦਾ। ਚੱਲ ਨੁਕਸਾਨ ਤਾਂ ਮਰਾਵੇ ਐਹੀ ਤਹੀ ਦੀ। ਜਾਨ ਬਚ ਗਈ-ਐਨਾ ਬਥੇਰਾ। ਮੈਂ ਹਸਪਤਾਲ 'ਚ ਪਿਆਂ। ਉਹ ਦੀ ਮੰਮੀ ਦਾ ਬਲੱਡ ਪ੍ਰੈਸ਼ਰ ਵਧਿਆ। ਜੈਪਾਲ ਦੇ ਪਲਸਤਰ ਲੱਗਾ......।"

ਮੈਂ ਇਸ ਹਾਦਸੇ ਬਾਰੇ ਉਹਨੂੰ ਦੱਸ ਕੇ ਗਲਤੀ ਕੀਤੀ ਹੈ। ਹੁਣ ਉਹਦੀ ਨੀਂਦ ਰਫੂ ਚੱਕਰ ਹੋ ਗਈ ਹੈ। ਉਹ ਵਾਰ-ਵਾਰ ਪਾਸੇ ਬਦਲਦੀ ਹੈ। ਉਸ ਨੂੰ ਅੱਚੋਤਾਈ ਲੱਗੀ ਹੈ। ਉਸ ਦੇ ਤੇਜ਼ ਚਲਦੇ ਸਾਹਾਂ ਦੀ ਆਵਾਜ਼ ਮੈਨੂੰ ਹੋਰ ਪ੍ਰੇਸ਼ਾਨ ਕਰਦੀ ਹੈ। ਉਹ ਬਹੁਤ ਕੁਝ



ਦੱਸਣਾ ਚਾਹੁੰਦੀ ਹੈ। ਪਰ ਮੈਂ ਉਹਨੂੰ ਪੁੱਛਣਾ ਨਹੀਂ ਚਾਹੁੰਦਾ। ਮੈਨੂੰ ਪਤਾ ਹੈ ਕਿ ਉਸ ਮੋੜ-ਘੋੜ ਕੇ ਉਹੀ ਜਿਹੀਆਂ ਗੱਲਾਂ ਹੀ ਕਰਨੀਆਂ ਹਨ ਜਿਹੋ ਜਿਹੀਆਂ ਪਹਿਲਾਂ ਕਰਦੀ ਹੈ। ਹੁਣ ਸਾਡੇ 'ਚ ਪਿਆਰ-ਮੁਹੱਬਤ ਬਾਰੇ ਨਹੀਂ, ਫਿਕਰਾਂ ਬਾਰੇ ਇਕ ਸਾਂਝ ਬਣ ਗਈ ਹੈ। ਉਹ ਮੇਰੇ ਨਾਲੋਂ ਜ਼ਿਆਦਾ ਸੋਚਦੀ ਹੈ। ਗਲੀ-ਗੁਆਂਢ, ਰਿਸ਼ਤੇਦਾਰਾਂ ਤੇ ਦੂਰ ਨੇੜਲੀਆਂ ਦੋਸਤੀਆਂ 'ਚ ਬੜਾ ਕੁਝ ਅਜਿਹਾ ਵਾਪਰ ਜਾਂਦਾ ਹੈ ਜਿਹੜਾ ਸਾਨੂੰ ਫਿਕਰਮੰਦ ਕਰ ਜਾਂਦਾ ਹੈ। ਉਹ ਬਹੁਤੀਆਂ ਹੋਈਆਂ ਬੀਤੀਆਂ ਨੂੰ ਇਕਦਮ ਨਹੀਂ ਦੱਸਦੀ। ਕੁਝ ਵਕਫੇ ਬਾਅਦ ਦੱਸਦੀ ਹੈ। ਕਈ ਵਾਰ ਮੈਂ ਕਹਿੰਦਾ ਸੀ, "ਇਹ ਕਿਹੜੀ ਦੱਸਣ ਵਾਲੀ ਗੱਲ ਸੀ ?" ਤਾਂ ਉਹ ਕਹਿੰਦੀ ਸੀ, "ਜੇ ਤੁਹਾਨੂੰ ਨਾ ਦੱਸਾਂ ਤਾਂ ਹੋਰ ਕਿਹਨੂੰ ਦੱਸਾਂ। ਇਸ ਘਰ 'ਚ ਤੁਹਾਥੋਂ ਬਿਨਾਂ ਮੇਰੀ ਕੌਣ ਸੁਣਨ ਵਾਲਾ ਆ।" ਹੁਣ ਵੀ ਮੇਰੀ ਚੁੱਪ ਉਹਨੂੰ ਅਖਰਦੀ ਹੈ। ਉਹ ਮੇਰੇ ਵੱਲ ਨੂੰ ਮੂੰਹ ਕਰਕੇ ਕਹਿੰਦੀ ਹੈ, "ਆਪਣਾ ਅਜੈ ਤਾਂ ਢਾਈ ਵਜੇ ਤੋਂ ਬਾਅਦ ਆਉਂਦਾ। ਉਹਨੂੰ ਫੋਨ ਕਰੋ ਕਿ ਤੁਰਣ ਤੋਂ ਪਹਿਲਾਂ ਫੋਨ ਕਰੇ।" ਮੈਂ ਉਹਨੂੰ ਦੱਸਦਾ ਹਾਂ, "ਐਸ ਵੇਲੇ ਉਹਦਾ ਫੋਨ ਬੰਦ ਹੁੰਦਾ।" ਪਰ ਉਹ ਮੇਰੀ ਗੱਲ ਵੱਲ ਕੋਈ ਧਿਆਨ ਹੀ ਨਹੀਂ ਦਿੰਦੀ, "ਤੁਸੀਂ ਮੇਰੀ ਗੱਲ ਨੂੰ ਕਿਉਂ ਨ੍ਹੀਂ ਮੰਨਦੇ। ਹੋ ਸਕਦਾ ਉਹ ਕੌਫੀ ਪੀਣ ਲਈ ਉੱਠਿਆ ਹੋਵੇ।" ਮੈਂ ਉਸ ਦੇ ਮੋਬਾਇਲ ਦਾ ਨੰਬਰ ਮਿਲਾਉਂਦਾ ਹਾਂ। ਫੋਨ ਬੰਦ ਹੈ। ਮੈਂ ਦੁਪਹਿਰ ਬਾਅਦ ਦਫ਼ਤਰੋਂ ਉਹਨੂੰ ਫੋਨ ਕੀਤਾ ਸੀ। ਸਮਝਾਇਆ ਸੀ, "ਤੂੰ ਗਲੀਆਂ ਵਿਚ ਦੀ ਨਾ ਆਇਆ ਕਰ। ਪੈਟ੍ਰੋਲ ਦਾ ਬਹੁਤਾ ਫਰਕ ਨ੍ਹੀਂ ਪੈਣਾ। ਕਪੂਰਥਲਾ ਚੌਕ ਤੋਂ ਫੁੱਟਬਾਲ ਚੌਕ, ਫੁੱਟਬਾਲ ਚੌਕ ਤੋਂ ਨਕੋਦਰ ਚੌਕ, ਉਸ ਤੋਂ ਅੱਗੇ ਰਵਿਦਾਸ ਚੌਕ, ਰਵਿਦਾਸ ਚੌਕ ਤੋਂ ਮਾਡਲ ਹਾਊਸ ਮੋੜ ਵਾਲਾ ਰਸਤਾ ਲਿਆ ਕਰ। ਇਨ੍ਹਾਂ ਰੋਡਾਂ 'ਤੇ ਸਾਰੀ ਰਾਤ ਚਹਿਲ-ਪਹਿਲ ਰਹਿੰਦੀ ਆ। ਕੋਈ ਵੱਡਾ ਖਤਰਾ ਨ੍ਹੀਂ ਹੁੰਦਾ।" ਅੱਗੋਂ ਅਜੈ ਨੇ ਪੁੱਛਿਆ ਸੀ, "ਤੁਸੀਂ ਕਿਉਂ ਡਰ ਗਏ ? ਕੁਸ਼ ਨ੍ਹੀਂ ਹੁੰਦਾ। ਮੈਂ ਤਾਂ ਗੀਤ ਗਾਉਂਦਾ-ਗਾਉਂਦਾ ਘਰੇ ਪਹੁੰਚ ਜਾਣਾਂ।"

ਅਜੈ ਤੇ ਬਲਰਾਜ ਨੂੰ ਲੈ ਕੇ ਮਨਜੀਤ ਕੁਝ ਜ਼ਿਆਦਾ ਹੀ ਚਿਤੁੰਤ ਹੋਣ ਲੱਗੀ ਸੀ। ਉਹ ਅਜੈ ਦੀਆਂ ਕਾਰਗੁਜ਼ਾਰੀਆਂ 'ਤੇ ਜ਼ਿਆਦਾ ਹੀ ਨਜ਼ਰ ਰੱਖਦੀ ਸੀ। ਉਹ ਅਜੈ ਨੂੰ ਸਮਝਾਉਂਦੀ ਤਾਂ ਅਗੋਂ ਉਹ ਕਹਿ ਦਿੰਦਾ ਸੀ, "ਮੰਮੀ ਜੀ ਮੇਰੇ ਬਾਰੇ ਤੁਹਾਨੂੰ ਬਹੁਤੀ ਚਿੰਤਾ ਕਰਨ ਦੀ ਲੋੜ ਨ੍ਹੀਂ। ਮੈਂ ਜਾਣਦਾ ਹਾਂ ਕਿ ਮੈਂ ਕੀ ਕਰਨਾ ਆ। ਕੀ ਬਣਨਾ ਆ। ਬੀ ਰੀਲੈਕਸ।" ਉਹ ਉਹਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦੀ ਹੋਈ ਕਹਿੰਦੀ ਸੀ, "ਮਾਂ-ਪਿਉ ਦੀ ਵੀ ਕੋਈ ਚਿੰਤਾ ਹੁੰਦੀ ਆ ਨਾ।"

ਮੈਂ ਮਾਂ-ਪੁੱਤ ਦੀਆਂ ਗੱਲਾਂ 'ਚ ਦਖਲ ਨਹੀਂ ਦਿੰਦਾ। ਮਨਜੀਤ ਮੇਰੀ ਚੁੱਪ ਨੂੰ ਹੋਰ ਹੀ ਅਰਥ ਦੇ ਦਿੰਦੀ ਹੈ। ਉਹ ਉਲਟਾ ਪੁਲਟਾ ਕੇ ਪੁੱਛਦੀ ਹੈ, "ਕੀ ਤੁਸੀਂ ਵੀ ਮੇਰੇ ਵਾਂਗ ਅਜੈ ਤੋਂ ਡਰਨ ਲੱਗੇ ਹੋ ?" ਮੈਂ ਉਸ ਨੂੰ ਪੁੱਛਦਾ ਹਾਂ, "ਕਿਸ ਗੱਲ ਦਾ ਡਰ ?" ਉਹ ਬਿਨਾਂ ਕਿਸੇ ਲੁੱਕ ਲੁਕਾਅ ਦੇ ਕਹਿ ਦਿੰਦੀ ਹੈ, "ਜਵਾਨ ਪੁੱਤ ਦਾ ਡਰ।" ਮੈਂ ਉਸ ਦੀ ਇਸ ਗੱਲ ਨਾਲ ਸਹਿਮਤ ਨਹੀਂ ਹੁੰਦਾ।

ਮੈਨੂੰ ਆਪਣੇ ਕੁਲੀਗ ਰਵੀ ਦਾ ਕਿਹਾ ਯਾਦ ਆ ਜਾਂਦਾ, "ਅੱਜ ਕਲ੍ਹ ਮੁੰਡਿਆਂ



www.PunjabiLibrary.com

ਨੂੰ ਸੈੱਟ ਕਰਨਾ ਬੜਾ ਔਖਾ। ਮੁੰਡਿਆਂ ਨਾਲੋਂ ਧੀਆਂ ਚੰਗੀਆਂ। ਪੜ੍ਹਾਉ ਤੇ ਵਿਆਹ ਦਿਉ। ਸਮਝ ਲਉ ਚਿੰਤਾ ਖਤਮ। ਮੁੰਡੇ ਤਾਂ ਸ਼ਰੀਕ ਬਣ ਜਾਂਦੇ ਆ। ਰੋਕੋ, ਝਿੜਕੋ ਤਾਂ ਅੱਗੋਂ ਅੱਖਾਂ ਦਿਖਾਉਣ ਲੱਗ ਜਾਂਦੇ ਆ। ਮੇਰਾ ਸਾਲਾ ਪੰਜਾਬ ਰੋਡਵੇਜ਼ 'ਚ ਆਡੀਟਰ ਲੱਗਾ। ਉਹਨੇ ਆਪਣੇ ਮੁੰਡੇ ਨੂੰ ਨਿਊਜ਼ੀਲੈਂਡ ਪੜ੍ਹਣ ਭੇਜਿਆ। ਕੁਸ਼ ਪੈਸੇ ਉਸ ਕੋਲ ਸੀ। ਕੁਸ਼ ਰਿਸ਼ਤੇਦਾਰਾਂ ਕੋਲੋਂ ਫੜੇ। ਦੋ ਸਾਲਾਂ ਦੀ ਡਿਗਰੀ ਸੀ। ਅਜੇ ਪਹਿਲਾ ਸਾਲ ਨ੍ਹੀਂ ਬੀਤਿਆ ਸੀ ਕਿ ਮੁੰਡੇ ਦਾ ਫੋਨ ਆਇਆ ਕਿ ਉਸ ਫਲਾਣੀ ਕੁੜੀ ਨਾਲ ਵਿਆਹ ਕਰਵਾਉਣ ਆਉਣਾ। ਪਿਉ ਨੇ ਸਮਝਾਇਆ ਕਿ ਉਸ ਕੋਲ ਜਿਹੜੇ ਪੈਸੇ ਸੀ–ਉਹ ਤਾਂ ਉਸ ਉਹਨੂੰ ਬਾਹਰ ਭੇਜਣ 'ਤੇ ਲਾ ਦਿੱਤੇ। ਫੇਰ ਦੋ ਸਮਿਸਟਰਾਂ ਦੀਆਂ ਫੀਸਾਂ ਭੇਜੀਆਂ। ਹੁਣ ਉਹ ਵਿਆਹ ਲਈ ਪੈਸੇ ਕਿਥੋਂ ਕੱਢੇਗਾ। ਮੁੰਡਾ ਨਾ ਮੰਨਿਆ। ਉਸ ਦੀ ਮਾਸੀ ਤੇ ਭੂਆ ਕੋਲੋਂ ਫੋਨ ਕਰਵਾਏ। ਅੱਜ ਕਲ੍ਹ ਦੇ ਮੁੰਡੇ ਕਿਥੇ ਮੰਨਦੇ ਆ। ਮੁੰਡੇ ਨੇ ਇਕੋ ਨੰਨਾ ਫੜਿਆ ਸੀ ਕਿ ਉਹ ਛੁੱਟੀਆਂ 'ਚ ਆ ਰਿਹਾ। ਉਹ ਵਿਆਹ ਦੀ ਤਿਆਰੀ ਕਰਨ। ਮਾਂ ਪਿਉ ਵੀ ਕੀ ਕਰਨ। ਮੁੰਡਾ ਆਇਆ। ਵਿਆਹ ਕਰਵਾਇਆ। ਪਿਛਲੇ ਮਹੀਨੇ ਕੁੜੀ ਵੀ ਨਿਊਜ਼ੀਲੈਂਡ ਚਲੇ ਗਈ। ਪਿਉ ਨੂੰ ਹੋਰ ਕਰਜ਼ਿਆਂ 'ਚ ਫਸਾ ਦਿੱਤਾ।"

****

ਅਜੈ ਅਕਸਰ ਮੈਨੂੰ ਕਹਿ ਦਿੰਦਾ ਹੈ, "ਯੂਅਰ ਪਰਸੈਪਸ਼ਨਜ਼ ਆਰ ਰੌਂਗ।" ਉਹ ਮੈਨੂੰ ਘਟ–ਅਕਲ ਵਾਲਾ ਸਮਝਦਾ ਹੈ। ਮੈਨੂੰ ਪੁੱਛਦਾ ਹੈ, "ਤੁਸੀਂ ਕਦੇ ਐਲ ਟੀ ਸੀ ਲੈ ਕੇ ਕਿਧਰੇ ਘੁੰਮਣ ਗਏ ਹੋ ? ਕਿਸੇ ਮਲਟੀਪਲੈਕਸ 'ਚ ਮੂਵੀ ਦੇਖੀ ਆ ? ਕਿਸੇ ਮਾਲ ਵਿਚ ਗਏ ਹੋ ? ਨ੍ਹੀਂ ਨਾ। ਫੇਰ ਤੁਹਾਨੂੰ ਦੁਨੀਆਂ ਦਾ ਕੀ ਪਤਾ। ਤੁਸੀਂ ਆਪਣੇ ਫੈਸਲੇ ਮੇਰੇ 'ਤੇ ਨਾ ਠੋਸਿਆ ਕਰੋ।" ਉਸ ਨੂੰ ਯਾਦ ਆਇਆ ਤੇ ਉਸ ਕਿਹਾ ਸੀ, "ਇਕ ਵਾਰੀ ਬਲਰਾਜ ਤੁਹਾਡੇ ਖਹਿੜੇ ਪੈ ਗਿਆ ਸੀ ਕਿ ਤੁਸੀਂ ਉਹਨੂੰ ਛਤਬੀੜ ਚਿੜੀਆ–ਘਰ ਦਿਖਾ ਕੇ ਲਿਆਉ। ਤੁਸੀਂ ਉਹਨੂੰ ਟਾਲਦੇ ਰਹੇ ਸੀ। ਕਿਉਂ ? ਨਾ ਤਾਂ ਤੁਸੀਂ ਆਪ ਕੁਸ਼ ਦੇਖਣਾ ਸੀ। ਨਾ ਆਪਣੇ ਬੱਚਿਆਂ ਨੂੰ ਦਿਖਾਉਣਾ ਸੀ। ਤੁਹਾਡੀ ਦੁਨੀਆਂ ਤਾਂ ਘਰ ਤੇ ਦਫ਼ਤਰ ਤੱਕ ਹੀ ਸੀਮਤ ਆ। ਅੱਜ ਦਾ ਸਲੋਗਨ ਆ–'ਹੈਪੀ ਚਿਲਡਰਨ ਆਰ ਮੋਰ ਇੰਸਪੌਰਟੈਂਟ ਦੈਨ ਸੁਕਸੈਸਫੁਲ ਚਿਲਡਰਨ।' ਦੱਸੋ–ਮੈਂ ਕੋਈ ਝੂਠ ਬੋਲਦਾਂ ?" ਉਸ ਮੈਨੂੰ ਨਿਰਉੱਤਰ ਕਰ ਦਿੱਤਾ ਸੀ। ਮੇਰੇ ਕੋਲ ਉਸ ਦੀਆਂ ਗੱਲਾਂ ਦਾ ਕੋਈ ਜਵਾਬ ਨਹੀਂ ਸੀ। ਬਲਰਾਜ ਨੇ ਵੀ ਉਸ ਦੀ ਸੁਰ 'ਚ ਸੁਰ ਮਿਲਾਈ ਸੀ, "ਡੈਡੀ ਤਾਂ ਕਿਤੇ ਜਾਂਦੇ ਹੀ ਨ੍ਹੀਂ। ਸਾਲ 'ਚ ਇਕ ਅੱਧ ਵਾਰ ਭੂਆ ਜੀ ਜਾਂ ਮਾਸੀ ਜੀ ਨੂੰ ਮਿਲਣ ਜਾਂਦੇ ਆ। ਬਾਕੀ ਦਿਨ ਤਾਂ ਘਰੋਂ ਦਫਤਰ ਤੇ ਦਫਤਰੋਂ ਘਰ। ਘਰ 'ਚ ਬੈਠੇ ਅਖ਼ਬਾਰਾਂ ਦੇ ਟੈਂਡਰ ਨੋਟਿਸਾਂ ਤੱਕ ਪੜ੍ਹ ਜਾਂਦੇ ਆ।"

ਇਹ ਸੱਚ ਹੈ ਕਿ ਮੇਰੀ ਦੁਨੀਆਂ ਘਰ ਤੇ ਦਫ਼ਤਰ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਛੇ ਸਾਲ ਚੰਡੀਗੜ੍ਹ ਲਾ ਆਇਆਂ। ਉਥੇ ਵੀ ਮੇਰੀ ਇਹੀ ਰੁਟੀਨ ਸੀ। ਮੇਰੇ ਕੁਲੀਗ ਘੁੰਮਦੇ ਫਿਰਦੇ। ਮੈਨੂੰ ਵੀ ਕਹਿੰਦੇ, "ਬਾਬੂ ਜੀ, ਘੁੰਮਿਆ ਫਿਰਿਆ ਕਰੋ। ਸ਼ਾਮ ਨੂੰ। ਸਤਾਰਾਂ ਦੀ ਮਾਰਕੀਟ 'ਚ। ਬਾਈ 'ਚ ਕਿਰਨ ਥੀਏਟਰ ਕੋਲ। ਰੇਹੜੀ ਮਾਰਕੀਟ। ਛੱਤੀ ਦੇ ਵੱਡੇ ਪਾਰਕ 'ਚ। ਤੁਹਾਡਾ ਮਨ ਕਿਸੇ ਹੋਰ ਪਾਸੇ ਪਵੇਗਾ।" ਮੈਂ ਉਨ੍ਹਾਂ ਦੇ ਸਾਥ 'ਚ ਸਿਰਫ਼



ਇਕ ਵਾਰ ਰੌਕ ਗਾਰਡਨ ਗਿਆ ਸੀ। ਉਥੇ ਲੱਗੇ ਸ਼ੀਸ਼ਿਆਂ 'ਚ ਆਪਣਾ ਚਿਹਰਾ ਦੇਖਿਆ ਸੀ। ਪੁੱਠਾ ਹੋਇਆ। ਮੈਨੂੰ ਆਪਣੀ ਜ਼ਿੰਦਗੀ ਵੀ ਪੁੱਠੀ ਲੱਗੀ ਸੀ। ਇਹ ਕਦੇ ਸਿੱਧੀ ਹੋਈ ਹੀ ਨਹੀਂ ਹੈ। ਸਿੱਧੀ ਹੋਣ ਦਾ ਮੌਕਾ ਹੀ ਨਹੀਂ ਮਿਲਿਆ ਜਾਂ ਮੈਂ ਇਹਨੂੰ ਸਿੱਧੀ ਕਰਨ ਬਾਰੇ ਕਦੇ ਸੋਚਿਆ ਹੀ ਨਹੀਂ। ਮੈਨੂੰ ਤਾਂ ਮੇਰੇ ਪਾਪਾ ਜੀ ਦੇ ਡਰ ਨੇ ਹੀ ਕੁਝ ਸੋਚਣ ਨਹੀਂ ਦਿੱਤਾ ਸੀ। ਪਰ ਹੁਣ ਤਾਂ ਮੈਂ ਆਜ਼ਾਦ ਹਾਂ। ਹੁਣ ਮੈਂ ਆਜ਼ਾਦੀ ਕਿਉਂ ਨਹੀਂ ਮਾਣਦਾ ? ਮੇਰਾ ਦਫਤਰ ਅਠਾਰਾਂ ਸੈਕਟਰ 'ਚ ਪੈਂਦਾ ਸੀ। ਮੈਂ ਸਤਾਰਾਂ ਦੇ ਬਸ ਸਟੈਂਡ ਤੱਕ ਪੈਦਲ ਆਉਂਦਾ। ਪੈਂਤੀ ਨੰਬਰ ਜਾਂ ਛੇ ਏ ਨੰਬਰ ਬਸ ਫੜ ਕੇ ਆਪਣੇ ਕਮਰੇ 'ਚ ਆ ਜਾਂਦਾ। ਘੰਟਾ ਕੁ ਸੁਸਤਾਉਂਦਾ। ਫੇਰ ਬੈੱਗ 'ਚੋਂ ਅਖ਼ਬਾਰ ਕੱਢ ਕੇ ਕੁਝ ਨਾ ਕੁਝ ਪੜ੍ਹਣ ਬੈਠ ਜਾਂਦਾ। ਸਾਢੇ ਕੁ ਅੱਠ ਵਜੇ ਰੋਟੀ ਖਾਂਦਾ। ਦੁੱਧ ਦਾ ਗਿਲਾਸ ਪੀਂਦਾ। ਫੇਰ ਸੌਂ ਜਾਂਦਾ। ਮੈਂ ਇਸ ਕੋਠੀ 'ਚ ਪੱਕਾ ਪੀ. ਜੀ. ਸੀ। ਮੁੰਡੇ ਆਉਂਦੇ। ਜਲਦੀ ਹੀ ਚਲੇ ਜਾਂਦੇ। ਕੋਈ ਆਈਲੈਟਸ ਕਰਨ ਆਉਂਦਾ। ਕੋਈ ਕਿਸੇ ਐਗਜ਼ਾਮ ਦੀ ਤਿਆਰੀ ਕਰਨ। ਇਕ ਵਾਰ ਅੱਠ ਮੁੰਡੇ ਇਕੱਠੇ ਹੀ ਆਏ ਸਨ। ਤਕੜੇ ਘਰਾਂ ਦੇ ਸੀ। ਉਹ ਰੋਜ਼ ਰਾਤ ਨੂੰ ਟੀ. ਵੀ. ਦੀ ਆਵਾਜ਼ ਫੁੱਲ ਸਪੀਡ 'ਤੇ ਛੱਡ ਦਿੰਦੇ। ਕਿਸੇ ਰੋਮਾਂਟਿਕ ਗਾਣੇ 'ਤੇ ਨੱਚਦੇ–ਟੱਪਦੇ। ਬਾਰਾਂ ਵਜਾ ਦੇਂਦੇ। ਮੇਰੀ ਨੀਂਦ ਉਖੜ ਜਾਂਦੀ। ਫੇਰ ਮੈਂ ਪਾਸੇ ਮਾਰ–ਮਾਰ ਕੇ ਅੱਕ ਜਾਂਦਾ। ਮੈਂ ਅੱਕ ਕੇ ਇਸ ਦੀ ਸ਼ਿਕਾਇਤ ਮਾਲਕ ਮਕਾਨ ਨੂੰ ਕੀਤੀ। ਉਸ ਦਾ ਕਹਿਣਾ ਸੀ, "ਮੁੰਡੇ–ਖੁੰਡੇ ਆ। ਮੌਜ ਕਰਨ ਦਿਉ। ਜਦੋਂ ਵਿਆਹੇ ਗਏ–ਫੇਰ ਇਨ੍ਹਾਂ ਕਦੇ ਉੱਚੀ ਵੀ ਨ੍ਹੀਂ ਬੋਲਣਾ। ਤੁਸੀਂ ਕੰਨਾਂ 'ਚ ਉਂਗਲਾਂ ਲੈ ਕੇ ਸੌਂ ਜਾਇਆ ਕਰੋ। ਤੁਹਾਡੇ ਤਾਂ ਬੱਚਿਆਂ ਵਰਗੇ ਆ।" ਮੈਨੂੰ ਨੀਂਦ ਨਾ ਆਉਂਦੀ ਤਾਂ ਮੈਂ ਛੱਤ 'ਤੇ ਟਹਿਣ ਲੱਗ ਜਾਂਦਾ। ਉਨਾ ਚਿਰ ਘੁੰਮਦਾ–ਫਿਰਦਾ ਰਹਿੰਦਾ ਜਿੰਨਾ ਚਿਰ ਮੁੰਡੇ ਆਪਣੇ–ਆਪਣੇ ਕਮਰਿਆਂ 'ਚ ਚਲੇ ਨਾ ਜਾਂਦੇ।

ਇਕ ਦਿਨ ਅਜੈ ਤੇ ਬਲਰਾਜ ਆਦਮੀ ਦੀ ਉਤਪਤੀ ਬਾਰੇ ਗੱਲਾਂ ਕਰ ਰਹੇ ਸੀ। ਮੈਂ ਵੀ ਉਨ੍ਹਾਂ ਕੋਲ ਬੈਠ ਗਿਆ ਸੀ। ਮੈਂ ਉਨ੍ਹਾਂ ਨੂੰ ਦੱਸਿਆ ਸੀ, "ਉਪਨਿਸ਼ਦਾਂ 'ਚ ਇਸ ਸ੍ਰਿਸ਼ਟੀ ਦੀ ਉਤਪਤੀ ਬਾਰੇ ਲਿਖਿਆ ਆ ਕਿ ਪਹਿਲਾਂ ਬ੍ਰਹਮਾ ਸੀ। ਆਤਮਾ ਸੀ। ਫੇਰ ਅਕਾਸ਼ ਪੈਦਾ ਹੋਇਆ। ਉਸ ਤੋਂ ਬਾਅਦ ਹਵਾ। ਅੱਗ। ਪਾਣੀ। ਧਰਤੀ। ਔਸ਼ਧੀ। ਖੁਰਾਕ। ਸੀਮੈਨ। ਤੇ ਆਖਿਰ 'ਚ ਆਦਮੀ ਪੈਦਾ ਹੋਇਆ।...ਨਾਮ। ਬਾਣੀ। ਸੰਕਲਪ। ਚਿੱਤ। ਧਿਆਨ। ਵਿਗਿਆਨ। ਬਲ। ਤੇਜ। ਸਿਮਰਣ। ਆਸ਼ਾ।....ਲੋਭ। ਈਰਖਾ। ਗੁੱਸਾ। ਚਿੰਤਾ। ਸਾੜਾ। ਨਿਰਾਸ਼ਾ। ਕਰੂਪਤਾ। ਇਕੱਲਤਾ।...ਸਭਿਆਚਾਰ। ਪ੍ਰੰਪਰਾਵਾਂ। ਸਿਖਲਾਈ। ਸੰਗਤ–ਸੋਹਬਤ। ਝੁਕਾਅ। ਪਿਛੋਕੜ। ਇੱਛਾ। ਸੰਘਰਸ਼। ਅੰਤਰ–ਵਿਰੋਧ। ਮਾਨਸਿਕ ਦਵੈਤ। ਠੀਕ। ਗਲਤ। ਚੰਗਾ। ਬੁਰਾ।...ਦਾਸਤਾ। ਨਿਰਭਰਤਾ। ਇਕਾਂਤ। ਯਾਦਾਂ। ਸੰਸਕਾਰ। ਸ਼ੋਰ। ਪਰਮ ਸੁੰਦਰ। ਅਲੌਕਿਕ ਪਰਮ ਹੁੰਦਾ। ਅਲੌਕਿਕ...ਆਜ਼ਾਦੀ। ਮੁਕਤੀ.........।" ਅਜੈ ਨੇ ਕਿਹਾ ਸੀ, "ਬੱਸ। ਹੁਣ ਬੱਸ ਕਰੋ। ਤੁਸੀਂ ਤਾਂ ਪੰਜਵੀਂ ਜਮਾਤ 'ਚ ਪੜ੍ਹਦੇ ਬੱਚੇ ਵਾਂਗੂ ਇਨ੍ਹਾਂ ਸ਼ਬਦਾਂ ਨੂੰ ਘੋਟਾ ਲਾਇਆ ਹੋਇਆ ਆ। ਸਦੀਆਂ ਤੋਂ ਜੋ ਕੁਸ਼ ਤੁਹਾਡੇ ਗੁਰੂਆਂ ਨੇ, ਪੀਰਾਂ ਨੇ, ਪੈਗੰਬਰਾਂ ਨੇ, ਸੰਤਾਂ ਨੇ, ਤੁਹਾਡੇ ਧਾਰਮਿਕ ਗ੍ਰੰਥਾਂ ਨੇ ਦੱਸਿਆ ਆ, ਤੁਸੀਂ ਦੁੱਧ ਚੁੰਘਦੇ ਬੱਚੇ ਵਾਂਗ ਉਹਨੂੰ ਸੱਚ ਮੰਨ ਲਿਆ ਆ। ਤੁਸੀਂ ਗੱਲਾਂ ਨਾਲ ਜਿਉਂਦੇ ਹੋ। ਤੁਹਾਡੀ ਜ਼ਿੰਦਗੀ



www.PunjabiLibrary.com

ਖਾਲੀ ਤੇ ਫੋਕੀ ਆ। ਤੁਸੀਂ ਨਕਲਚੀ ਹੋ। ਕੁਸ਼ ਵੀ ਅਸਲ, ਮੌਲਿਕ ਤੇ ਸਾਫ਼ ਨ੍ਹੀਂ ਆ....ਤੁਹਾਡੇ ਵਰਗੇ ਬਹੁਤੇ ਤਾਂ ਜਿਉਣ ਤੋਂ ਵੀ ਡਰਦੇ ਆ। ਮੌਤ ਤੋਂ ਤਾਂ ਡਰਣਾ ਹੀ ਆ। ਆਪਣੇ ਪਰਿਵਾਰ ਨੂੰ ਲੈ ਕੇ ਡਰੇ ਰਹਿੰਦੇ ਆ। ਦੂਜੇ ਮੇਰੇ ਬਾਰੇ ਕੀ ਸੋਚਦੇ ਆ। ਮੇਰੀ ਨੌਕਰੀ ਨਾ ਚਲੀ ਜਾਵੇ। ਆਪਣੀ ਸੁਰੱਖਿਆ ਤੇ ਹੋਰ ਸੈਂਕੜੇ ਗੱਲਾਂ ਨੂੰ ਲੈ ਕੇ ਡਰੇ ਰਹਿੰਦੇ ਆ। ਸਿੱਧੀ ਪੱਧਰੀ ਗੱਲ ਇਹ ਆ ਕਿ ਡਰੇ ਹੋਏ ਆ। ਕਿਸ ਤੋਂ ਡਰੇ ਆ ਇਹ ਨ੍ਹੀਂ। ਤੁਸੀਂ ਜੀਵਨ ਇਕ ਬੇਹੋਸ਼ੀ ਤੇ ਨੀਂਦ ਦੀ ਹਾਲਤ 'ਚ ਜਿਉਂਦੇ ਜਾ ਰਹੇ ਹੋ...ਆਦਮੀ ਕੋਲ ਮੂਲੋਂ ਹੀ ਅਲਗ ਕਿਸਮ ਦੀ ਪਹੁੰਚ ਹੋਣੀ ਚਾਹੀਦੀ ਆ...। ਹੁਣ ਮੈਂ ਦੂਜੇ ਪਾਸੇ ਦੀ ਗੱਲ ਕਰਦਾਂ.....ਤੁਸੀਂ ਡਾਰਵਿਨ ਦੀ ਪੁਸਤਕ 'ਉਰੀਜਨ ਆਫ਼ ਸਪੇਸੀਜ਼' ਪੜ੍ਹੋ। ਫੇਰ ਤੁਹਾਡੇ ਗਿਆਨ 'ਚ ਵਾਧਾ ਹੋਊਗਾ। ਜਦੋਂ ਕੋਈ ਆਦਮੀ ਜ਼ਿਆਦਾ ਹੀ ਧਾਰਮਿਕ ਹੋ ਜਾਂਦਾ ਆ ਤਾਂ ਉਸ ਦੀ ਪਰਸਨੈਲਟੀ ਦੀ ਡਿਵਲਪਮੈਂਟ ਰੁਕ ਜਾਂਦੀ ਆ। ਉਸ ਦੀ ਸੋਚ ਦਾ ਵਿਕਾਸ ਨ੍ਹੀਂ ਹੁੰਦਾ। ਤੁਸੀਂ ਇਹ ਪੁਸਤਕ ਨ੍ਹੀਂ ਖਰੀਦਣੀ। ਮੈਂ ਲਿਆ ਕੇ ਦਵਾਂਗਾ। ਜਾਂ ਤੁਸੀਂ ਬਲਰਾਜ 'ਤੇ ਕੰਪਿਊਟਰ 'ਤੇ ਪੜ੍ਹ ਲੈਣੀ। ਫੇਰ ਮੈਂ ਇਸ ਤੋਂ ਬਾਅਦ ਛਪੀਆਂ ਕਿਤਾਬਾਂ ਪੜ੍ਹਾਵਾਂਗਾ। ਸ਼ਾਇਦ ਤੁਹਾਡੀ ਸੋਚ ਬਦਲੇ।"

ਅਜੈ ਆਪਣੇ ਕਮਰੇ 'ਚ ਚਲਾ ਗਿਆ ਸੀ। ਬਲਰਾਜ ਸ਼ੁਰੂ ਹੋ ਗਿਆ ਸੀ, "ਪਿਛਲੇ ਹਫਤੇ ਮੈਂ ਇੰਟਰਨੈਟ 'ਤੇ ਗੁਰਚਰਨ ਦਾਸ ਦੀ ਪੁਸਤਕ 'ਇੰਡੀਆ ਅਨਵਾਊਂਡ' ਪੜ੍ਹ ਰਿਹਾ ਸੀ। ਗੁਰਚਰਨ ਦਾਸ ਨੂੰ ਇਕ ਦਿਨ ਪੁਨੇ ਦੇ ਦੋ ਮੁੰਡੇ ਮਿਲੇ ਸੀ। ਜੇ ਇਹ ਮੁੰਡੇ ਅੱਸੀ ਸਾਲ ਪਹਿਲਾਂ ਦੇ ਹੁੰਦੇ ਤਾਂ ਇਨ੍ਹਾਂ ਦੇ ਹੀਰੋ ਗੋਪਾਲ ਕ੍ਰਿਸ਼ਨ ਗੋਖਲੇ ਤੇ ਬਾਲ ਗੰਗਾਧਰ ਤਿਲਕ ਜਿਹੇ ਰਾਸ਼ਟਰਵਾਦੀ ਹੋਣੇ ਸੀ। ਪੰਜਾਹ ਸਾਲ ਪਹਿਲਾਂ ਗਾਂਧੀ ਤੇ ਨਹਿਰੂ। ਹੁਣ ਇਨ੍ਹਾਂ ਦੇ ਹੀਰੋ ਧੀਰੂ ਭਾਈ ਅੰਬਾਨੀ ਤੇ ਅਜ਼ੀਮ ਪ੍ਰੇਮ ਵਰਗੀਆਂ ਹਸਤੀਆਂ ਆ। ਉਹ ਨਾਰੀਮਨ ਪੁਆਂਇਟ 'ਤੇ ਇਕ ਉੱਚੀ ਬਿਲਡਿੰਗ ਨੂੰ ਦੇਖ ਕੇ ਰੁਕ ਗਏ ਸੀ। ਇਕ ਨੇ ਦੂਜੇ ਨੂੰ ਕਿਹਾ ਸੀ, 'ਤਾਂ ਇਹ ਆ ਉਹ ਬਿਲਡਿੰਗ।' ਦੂਜੇ ਨੇ ਧੀਰੂ ਭਾਈ ਅੰਬਾਨੀ ਦੇ ਦਫਤਰ ਵੱਲ ਸ਼ਰਧਾ ਨਾਲ ਦੇਖਦਿਆਂ ਹੋਇਆਂ ਕਿਹਾ ਸੀ, 'ਅੱਛਾ, ਉਹ ਇਹ ਹੀ ਆ। ਉਹ ਪਤਾ ਨ੍ਹੀਂ ਕਿੱਥੋਂ ਆਇਆ ਸੀ ਪਰ ਉਹ ਉਤਾਂਹ ਹੀ ਉਤਾਂਹ ਚੜ੍ਹਦਾ ਗਿਆ। ਕਈਆਂ ਨੂੰ ਉਮੀਦ ਸੀ ਕਿ ਉਹ ਹੇਠਾਂ ਆਊਗਾ ਪਰ ਉਹਨੇ ਨਾਂਹ ਕਰ ਦਿੱਤੀ ਤੇ ਇੰਡੀਆ ਦੀ ਸਭ ਤੋਂ ਵੱਡੀ ਕੰਪਨੀ ਬਣਾਈ।' ਗੁਰਚਰਨ ਦਾਸ ਨੇ ਵੱਡੀ ਉਮਰ ਦੇ ਮੁੰਡੇ ਨੂੰ ਉਸ ਦੀ ਪੜ੍ਹਾਈ ਬਾਰੇ ਪੁੱਛਿਆ ਸੀ ਤੇ ਉਸ ਮੁੰਡੇ ਨੇ ਦੱਸਿਆ ਸੀ, 'ਪਹਿਲਾਂ ਮੈਂ ਆਈ. ਆਈ. ਟੀ. 'ਚ ਜਾਊਂਗਾ। ਫੇਰ ਆਈ. ਆਈ. ਐਮ. 'ਚ। ਫੇਰ ਮੈਂ ਕਿਸੇ ਕਨਸਲਟੈਂਸੀ ਜਾਂ ਫਿਨੈਨਸ਼ੀਅਲ ਅਦਾਰੇ 'ਚ ਨੌਕਰੀ ਲਗੂੰਗਾ। ਕੁਸ਼ ਸਾਲਾਂ ਬਾਅਦ ਮੈਂ ਆਪਣੀ ਕੰਪਨੀ ਖੜੀ ਕਰੂੰਗਾ।' ਗੁਰਚਰਨ ਦਾਸ ਨੇ ਵੱਡੇ ਮੁੰਡੇ ਨੂੰ ਪੁੱਛਿਆ ਸੀ, 'ਤੂੰ ਕਾਲਜ 'ਚ ਆਰਟਸ ਦੀ ਪੜ੍ਹਾਈ ਬਾਰੇ ਨ੍ਹੀਂ ਸੋਚਿਆ ਸੀ?' ਉਸ ਮੁੰਡੇ ਨੇ ਗੁਰਚਰਨ ਦਾਸ ਵੱਲ ਹੋਰੂੰ-ਹੋਰੂੰ ਦੇਖਿਆ ਸੀ ਤੇ ਦੱਸਿਆ ਸੀ, 'ਆਰਟਸ ਤਾਂ ਡਫਰਾਂ ਲਈ ਆ। ਸਾਹਿਤ ਜਾਂ ਕਵਿਤਾ ਪੜ੍ਹਨ ਨਾਲ ਕੀ ਮਿਲੂਗਾ? ਆਰਟਸ ਦੇ ਵਿਸ਼ਿਆਂ 'ਚੋਂ ਬਹੁਤੇ ਨੰਬਰ ਨ੍ਹੀਂ ਆਉਂਦੇ। ਮੇਰੇ ਲਈ ਸਾਇੰਸ ਕੋਈ ਔਖੀ ਨ੍ਹੀਂ। ਆਈ. ਆਈ. ਟੀ. 'ਚ ਕੁਸ਼ ਤੱਥਾਂ ਦੇ ਸਮੂਹ ਨੂੰ ਯਾਦ ਕਰਨਾ ਹੁੰਦਾ ਆ। ਜੇ ਅਸੀਂ ਕੁਸ਼ ਪ੍ਰਾਪਤ



ਕਰਨ ਆ ਤਾਂ ਮਿਹਨਤ ਕਰਨੀ ਹੀ ਪੈਣੀ ਆ।'...ਚਲੋ ਛੱਡੋ...ਤੁਸੀਂ ਇਸ ਦੁਨੀਆਂ ਨੂੰ ਨ੍ਹੀਂ ਸਮਝ ਸਕਦੇ।"

*****

ਮੈਂ ਲਾਇਟ ਆਫ਼ ਕਰਨ ਲੱਗਾ ਤਾਂ ਮਨਜੀਤ ਮੈਨੂੰ ਰੋਕ ਦਿੰਦੀ ਹੈ।

ਮੇਰੇ ਚਿਹਰੇ ਦੇ ਹਾਵ-ਭਾਵ ਤਾੜਦਿਆਂ ਹੋਇਆਂ ਉਹ ਕਹਿੰਦੀ ਹੈ, "ਹੁਣ ਤੁਹਾਨੂੰ ਵੀ ਨੀਂਦ ਨ੍ਹੀਂ ਆਉਣੀ?"

ਮੈਂ ਉਹਨੂੰ ਕੀ ਦੱਸਾਂ! ਸੱਚੀ ਗੱਲ ਤਾਂ ਇਹ ਹੈ ਕਿ ਮੈਂ ਆਲੇ ਦੁਆਲੇ ਵਾਪਰਦੇ ਹਾਦਸਿਆਂ ਕਰਕੇ ਬਹੁਤ ਹੀ ਜ਼ਿਆਦਾ ਡਰਿਆ ਹੋਇਆ ਹਾਂ। ਜਿੰਨਾ ਚਿਰ ਅਜੈ ਘਰ ਨਹੀਂ ਆ ਜਾਂਦਾ, ਮੈਨੂੰ ਨੀਂਦ ਨਹੀਂ ਆਉਂਦੀ। ਅੱਜ ਪਤਾ ਨਹੀਂ ਕਿਵੇਂ ਝਪਕੀ ਆ ਗਈ ਸੀ। ਜਦੋਂ ਅਜੈ ਬਾਹਰਲਾ ਗੇਟ ਖੋਲ੍ਹ ਕੇ ਆਉਂਦਾ ਸੀ ਤਾਂ ਮੈਨੂੰ ਪਤਾ ਲੱਗ ਜਾਂਦਾ ਸੀ। ਉਹ ਡਰਾਇੰਗ-ਰੂਮ ਦਾ ਅੰਦਰਲਾ ਦਰਵਾਜ਼ਾ ਲਾਉਂਦਾ ਸੀ। ਰਸੋਈ 'ਚ ਜਾਂਦਾ ਸੀ। ਬਿਨਾਂ ਕੋਈ ਖੜਕਾ ਕੀਤਿਆਂ ਰੋਟੀ ਖਾਂਦਾ ਸੀ। ਵੀਹ ਕੁ ਮਿੰਟਾਂ ਬਾਅਦ ਉਸ ਦੇ ਕਮਰੇ ਦੀ ਲਾਈਟ ਬੰਦ ਹੋ ਜਾਂਦੀ ਸੀ। ਫੇਰ ਮੇਰੀਆਂ ਅੱਖਾਂ ਨੀਂਦ ਨਾਲ ਬੰਦ ਹੋਣੀਆਂ ਸ਼ੁਰੂ ਹੋ ਜਾਂਦੀਆਂ ਸਨ।

ਮੈਥੋਂ ਮੁੰਡਿਆਂ ਨੂੰ ਬਹੁਤਾ ਕੁਝ ਕਹਿ ਨਹੀਂ ਹੁੰਦਾ। ਜੇ ਕਹਾਂ ਵੀ ਤਾਂ ਉਹ ਕਿਹੜਾ ਮੰਨਦੇ ਹਨ। ਹੋਰ ਦੀਆਂ ਹੋਰ ਹੀ ਸੁਣਾ ਦਿੰਦੇ ਹਨ। ਮੈਨੂੰ ਆਪ ਵੀ ਲੱਗਦਾ ਹੈ ਕਿ ਮੈਥੋਂ ਉਨ੍ਹਾਂ ਦੀਆਂ ਬਹੁਤੀਆਂ ਗੱਲਾਂ ਦੇ ਜਵਾਬ ਨਹੀਂ ਦੇ ਹੁੰਦੇ।

"ਕਿੰਨੇ ਵੱਜ ਗਏ?" ਉਹ ਮੇਰੇ ਮੋਢੇ 'ਤੇ ਆਪਣਾ ਸਿਰ ਰੱਖ ਕੇ ਪੁੱਛਦੀ ਹੈ।

"ਸਾਢੇ ਬਾਰ੍ਹਾਂ।"

"ਉੱਠੋ ਟਾਈਮ ਪਾਸ ਕਰਨ ਲਈ ਟੈਲੀਵਿਜ਼ਨ ਦੇਖਦੇ ਹਾਂ।"

"ਤੂੰ ਕੌਫੀ ਬਣਾ ਕੇ ਲਿਆ," ਕਹਿ ਕੇ ਮੈਂ ਉੱਠ ਖੜਦਾ ਹਾਂ। ਡਰਾਇੰਗ ਰੂਮ 'ਚ ਆ ਕੇ ਟੈਲੀਵਿਜ਼ਨ ਲਾ ਦਿੰਦਾ ਹਾਂ।

ਜਦੋਂ ਉਸ ਨੇ ਕੌਫੀ ਵਾਲੇ ਕੱਪ ਮੇਜ਼ 'ਤੇ ਰੱਖੇ, 'ਆਜ ਤੱਕ' ਚੈਨਲ 'ਤੇ ਪ੍ਰਭੂ ਚਾਵਲਾ ਸ਼ਾਹਰੁਖ ਖਾਨ ਦੀ ਇੰਟਰਵਿਊ ਲੈ ਰਿਹਾ ਸੀ। ਪ੍ਰਭੂ ਚਾਵਲਾ ਦੇ ਇਕ ਸਵਾਲ ਦੇ ਜਵਾਬ 'ਚ ਸ਼ਾਹਰੁਖ ਖਾਨ ਦੱਸ ਰਿਹਾ ਹੈ, "ਪ੍ਰਭੂ ਜੀ ਅਬ ਆਪ ਕਾ ਸਮਯ ਨਹੀਂ ਰਹਾ। ਆਪ ਕੇ ਸਮਯ ਮੇਂ ਲੜਕੇ ਲੜਕੀਉਂ ਕੇ ਪੀਛੇ ਭਾਗਤੇ ਥੇ। ਅਬ ਸਮਯ ਯਹ ਹੈ ਕਿ ਲੜਕੀਆਂ ਲੜਕੋਂ ਕੇ ਪੀਛੇ ਭਾਗਤੀ ਹੈਂ।"

ਉਹ ਟੈਲੀਵਿਜ਼ਨ ਦੀ ਸਕਰੀਨ 'ਤੇ ਨਜ਼ਰਾਂ ਟਿਕਾਈ ਹੀ ਕਹਿੰਦੀ ਹੈ, "ਸ਼ਾਹਰੁਖ ਠੀਕ ਹੀ ਕਹਿ ਰਿਹਾ।"

ਮੈਂ ਉਹ ਨੂੰ ਛੇੜਦਾ ਹਾਂ, "ਤੈਨੂੰ ਕਿਵੇਂ ਪਤਾ?"

"ਆਪਣਾ ਬਲਰਾਜ ਕਈ ਵਾਰ ਬਾਥਰੂਮ ਗਿਆ ਹੁੰਦਾ। ਉਹਦਾ ਮੋਬਾਇਲ ਬਾਹਰ ਪਿਆ ਹੁੰਦਾ। ਜਦੋਂ ਰਿੰਗ ਹੋਵੇ ਤਾਂ ਮੈਂ ਚੁੱਕਦੀ ਹਾਂ। ਅੱਗੋਂ ਕਿਸੇ ਨਾ ਕਿਸੇ ਕੁੜੀ ਦੀ ਆਵਾਜ਼ ਆਉਂਦੀ ਆ। ਇਕ ਦਿਨ ਮੈਂ ਗੁੱਸੇ ਨਾਲ ਇਕ ਕੁੜੀ ਨੂੰ ਪੁੱਛ ਹੀ ਲਿਆ-'ਤੂੰ ਕੌਣ ਬੋਲਦੀ ਆਂ?' ਤਾਂ ਪਤਾ ਅੱਗੋਂ ਉਹ ਕੀ ਬੋਲੀ। ਕਹਿੰਦੀ-'ਆਂਟੀ ਜੀ-ਗੁੱਸੇ ਨਾਲ



www.PunjabiLibrary.com

ਕਿਉਂ ਬੋਲਦੇ ਹੋ। ਮੈਂ ਬਲਰਾਜ ਦੀ ਫਰੈਂਡ ਬੋਲਦੀ ਆਂ। ਉਹਨੂੰ ਕਹਿਣਾ ਮੈਨੂੰ ਫੋਨ ਕਰੇ।' ਬਲਰਾਜ ਬਾਹਰ ਆਇਆ ਤਾਂ ਮੈਂ ਉਹਨੂੰ ਫੋਨ ਬਾਰੇ ਦੱਸਿਆ। ਪੁੱਛਿਆ ਇਹ ਕਿਹੜੀ ਨਵੀਂ ਸਹੇਲੀ ਬਣ ਗਈ ? ਉਸ ਦਾ ਜਵਾਬ ਸੀ–"ਕੋਈ ਨ੍ਹੀਂ। ਮੇਰੀ ਕਲਾਸ ਫੈਲੋ ਆ।" ਮੈਂ ਉਹਨੂੰ ਉਲਟਾ ਕੇ ਪੁੱਛਿਆ ਸੀ–'ਪਿਛਲੇ ਹਫਤੇ ਕਿਸੇ ਪ੍ਰੋਫੈਸਰ ਦੀ ਕੁੜੀ ਦਾ ਫੋਨ ਆਇਆ ਸੀ।' ਬਲਰਾਜ ਖਿਝ ਗਿਆ ਸੀ। ਉਹਨੇ ਔਖ ਮੰਨਦਿਆ ਕਿਹਾ ਸੀ, 'ਮੇਰੀਏ ਭੋਲੀਏ ਮਾਏਂ, ਅੱਜ ਦੇ ਸਮੇਂ 'ਚ ਤੁਸੀਂ ਕੀ ਬੋਲਦੇ ਹੋ, ਨਾਲੋਂ ਤੁਸੀਂ ਕਿਦਾਂ ਬੋਲਦੇ ਹੋ–ਵਧੇਰੇ ਇਮਪੋਰਟੈਂਟ ਹੋ ਗਿਆ....। ਮੈਨੂੰ ਤਾਂ ਦਸ–ਪੰਦਰਾਂ ਕੁੜੀਆਂ ਦੇ ਫੋਨ ਆਉਂਦੇ ਆ। ਕਿਸੇ ਦੀ ਕੋਈ ਸਮੱਸਿਆ ਆ। ਕਿਸੇ ਦੀ ਕੋਈ। ਆਹ–ਹੁਣ ਜਿਸ ਦਾ ਅੱਜ ਫੋਨ ਆਇਆ–ਉਹ ਦਾ ਨਾਂ ਸਤਵਿੰਦਰ ਆ। ਗਰੀਬ ਘਰ ਦੀ ਕੁੜੀ ਆ। ਕਾਲ ਸੈਂਟਰ 'ਚ ਜੌਬ ਕਰਨੀ ਚਾਹੁੰਦੀ ਆ। ਅਜੈ ਤੋਂ ਹੈਲਪ ਚਾਹੁੰਦੀ ਆ। ਮੈਂ ਅਜੈ ਨੂੰ ਕਹਿਣਾ। ਮੈਂ ਆਪ ਚਾਹੁੰਦਾ ਆਂ ਕਿ ਉਸ ਨੂੰ ਜੌਬ ਮਿਲ ਜਾਵੇ'।"

ਮੈਨੂੰ ਉਹ ਦੇ ਵਿਹਾਰ 'ਤੇ ਹੈਰਾਨੀ ਹੁੰਦੀ ਹੈ। ਦੋ ਕੁ ਸਾਲਾਂ ਪਹਿਲਾਂ ਦੀ ਗੱਲ ਸੀ। ਬਲਰਾਜ ਆਪਣੇ ਦੋਸਤਾਂ ਨਾਲ ਮੋਟਰ ਸਾਈਕਲ 'ਤੇ ਜਵਾਲਾਮੁਖੀ ਗਿਆ ਸੀ। ਇਕ ਮੋੜ 'ਤੇ ਉਸ ਕੋਲੋਂ ਮੋਟਰਸਾਈਕਲ ਕੰਟਰੋਲ ਨਹੀਂ ਹੋਇਆ ਸੀ। ਉਹ ਇਕ ਖੱਡ 'ਚ ਡਿੱਗ ਪਿਆ ਸੀ। ਉਸ ਦੇ ਖੱਬੇ ਕੰਨ ਤੇ ਲੱਤ 'ਤੇ ਕਾਫੀ ਸੱਟਾਂ ਲੱਗੀਆਂ ਸੀ। ਪੰਦਰਾਂ ਟਾਂਕੇ ਲੱਗੇ ਸੀ। ਉਸ ਦੇ ਕਲਾਸਫੈਲੋ ਉਸ ਦਾ ਪਤਾ ਲੈਣ ਆਏ ਸੀ। ਮੈਂ ਦਫਤਰ ਗਿਆ ਹੋਇਆ ਸੀ। ਸ਼ਾਮ ਨੂੰ ਮਨਜੀਤ ਨੇ ਬੜੇ ਉਤਸ਼ਾਹ ਨਾਲ ਦੱਸਿਆ ਸੀ, "ਅੱਜ ਬਲਰਾਜ ਨਾਲ ਪੜ੍ਹਦੀਆਂ ਕੁੜੀਆਂ ਪਤਾ ਲੈਣ ਆਈਆਂ ਸੀ। ਸਾਰੀਆਂ ਨੇ ਜੀਨ ਦੀਆਂ ਪੈਂਟਾਂ ਪਾਈਆਂ ਸੀ। ਹੱਸ ਹੱਸ ਕੇ ਇਕ ਦੂਜੇ ਨੂੰ ਮਜ਼ਾਕ ਕਰ ਰਹੀਆਂ ਸਨ। ਮੈਨੂੰ ਆਪਣੀਆਂ ਗੱਲਾਂ 'ਚ ਵਾਰ–ਵਾਰ ਸ਼ਾਮਿਲ ਕਰ ਲੈਂਦੀਆਂ–'ਆਂਟੀ ਜੀ ਠੀਕ ਆ ਨਾ ?' ਉਨ੍ਹਾਂ ਦੇ ਬੈਠਿਆਂ ਮੈਨੂੰ ਲੱਗਿਆ ਹੀ ਨ੍ਹੀਂ ਕਿ ਇਹ ਕੁੜੀਆਂ ਬਾਹਰੋਂ ਆਈਆਂ। ਬੜੀ ਅਪਣਤ ਸੀ ਉਨ੍ਹਾਂ 'ਚ। ਮੈਂ ਬਲਰਾਜ ਨੂੰ ਬਾਥਰੂਮ ਜਾਣ ਲਈ ਉਠਾਉਣ ਲੱਗੀ ਤਾਂ ਇਕ ਕੁੜੀ ਬੋਲੀ, 'ਆਂਟੀ ਜੀ –ਤੁਸੀਂ ਬੈਠੋ। ਮੈਂ ਛੱਡ ਆਉਂਦੀ ਆਂ।' ਮੈਨੂੰ ਸ਼ਰਮ ਆ ਗਈ ਪਰ ਉਸ ਕੁੜੀ ਨੇ ਕੋਈ ਝਿਜਕ ਮਹਿਸੂਸ ਨਾ ਕੀਤੀ। ਬਲਰਾਜ ਦੇ ਸਿਰ ਹੇਠਾਂ ਬਾਂਹ ਰੱਖ ਕੇ ਉਸਨੂੰ ਉਠਾ ਲਿਆ। ਬਾਥਰੂਮ 'ਚ ਛੱਡ ਆਈ।"

ਮੈਂ ਕਿਹਾ ਸੀ, "ਇਸ ਵਿਚ ਕਿਹੜੀ ਖਾਸ ਗੱਲ ਆ ?" ਉਹ ਖਿਝ ਨਾਲ ਬੋਲੀ ਸੀ, "ਕਿਉਂ, ਖਾਸ ਕਿਉਂ ਨ੍ਹੀਂ। ਅੱਜ ਕਲ੍ਹ ਕੁੜੀਆਂ ਨੂੰ ਕਿੰਨੀ ਆਜ਼ਾਦੀ ਮਿਲੀ ਆ। ਕੋਈ ਮੈਨੂੰ ਪੁੱਛ ਕੇ ਦੇਖੇ–ਮੈਂ ਕਿੰਨੇ ਔਖੇ ਦਿਨ ਦੇਖੇ ਆ। ਤੁਹਾਨੂੰ ਯਾਦ ਆ ਨਾ–ਇਕ ਤੁਹਾਡਾ ਦੋਸਤ ਹੁੰਦਾ ਸੀ ਗੁਰਬਚਨ। ਇਕ ਵਾਰ ਉਹ ਆਪਣੀ ਘਰਵਾਲੀ ਨਾਲ ਆਇਆ ਸੀ। ਮੈਂ ਨੰਗੇ ਸਿਰ ਤੁਹਾਡੇ ਲਈ ਚਾਹ ਲੈ ਕੇ ਗਈ ਸੀ। ਮਾਤਾ ਜੀ ਨੇ ਮੇਰੀ ਐਨੀ ਕੁੱਤੇਖਾਣੀ ਕੀਤੀ ਸੀ ਕਿ ਰਹੇ ਰੱਬ ਦਾ ਨਾਂ। ਮੈਂ ਸਾਰੀ ਰਾਤ ਰੋ–ਰੋ ਕੇ ਕੱਟੀ ਸੀ...।"

ਮੈਨੂੰ ਆਪਣੇ ਵਲੈਤੀਏ ਦੋਸਤ ਸਤਵੰਤ ਉਪਲ ਦੀ ਗੱਲ ਯਾਦ ਆ ਗਈ ਸੀ। ਉਹਨੇ ਦੱਸਿਆ ਸੀ ਕਿ ਉਸ ਦੇ ਮੁੰਡੇ ਦਾ ਕਈ ਕੁੜੀਆਂ ਨਾਲ ਅਫੇਅਰ ਚਲ ਰਿਹਾ ਸੀ।



ਉਹ ਇਸ ਗੱਲ ਨੂੰ ਬੁਰਾ ਨਹੀਂ ਸਮਝਦਾ ਸੀ। ਸਗੋਂ ਮਾਣ ਮਹਿਸੂਸ ਕਰਦਾ ਸੀ। ਮੈਂ ਇਹ ਗੱਲ ਮਨਜੀਤ ਨੂੰ ਨਹੀਂ ਦੱਸੀ ਸੀ। ਜੇ ਦੱਸਦਾ ਤਾਂ ਉਸ ਕਹਿਣਾ ਸੀ, "ਐਵੇਂ ਨਾ ਮੁੰਡਿਆਂ ਨੂੰ ਚਮਲਾਈ ਜਾਉ। ਜੇ ਇਕ ਵਾਰ ਵਿਗੜ ਗਏ ਤਾਂ ਕਾਬੂ ਕਰਨੇ ਔਖੇ ਹੋ ਜਾਣੇ ਆ।" ਉਹ ਇਸ ਗੱਲ ਤੋਂ ਵੀ ਔਖੀ ਹੈ ਕਿ ਮੁੰਡੇ ਉਸ ਵੱਲੋਂ ਖਰੀਦੇ ਕੱਪੜੇ ਪਸੰਦ ਨਹੀਂ ਕਰਦੇ। ਪਿਛਲੀ ਦੀਵਾਲੀ 'ਤੇ ਉਹ ਚੰਡੀਗੜ੍ਹ ਆਪਣੀ ਭੈਣ ਨੂੰ ਮਿਲਣ ਗਈ ਸੀ। ਸੈਕਟਰ ਬਾਈ ਦੀ ਮਾਰਕੀਟ 'ਚੋਂ ਮੁੰਡਿਆਂ ਲਈ ਪੈਂਟਾਂ ਤੇ ਕਮੀਜ਼ਾਂ ਦੇ ਟੋਟੇ ਲੈ ਆਈ ਸੀ। ਉਸ ਬੜਾ ਹੁੱਭ ਕੇ ਦੱਸਿਆ ਸੀ ਕਿ ਉਹ ਕਪੜਾ ਹੁਣੇ–ਹੁਣੇ ਮਾਰਕੀਟ 'ਚ ਆਇਆ ਸੀ। ਅਜੈ ਨੇ ਕੱਪੜਿਆਂ ਨੂੰ ਦੇਖਿਆ ਤੱਕ ਨਹੀਂ ਸੀ। ਕਿਹਾ ਸੀ, "ਮੰਮੀ ਜੀ, ਮੈਂ ਨ੍ਹੀਂ ਇਹ ਕੱਪੜੇ ਸੀਲਾਉਣੇ। ਤੁਸੀਂ ਡੈਡੀ ਜੀ ਲਈ ਰੱਖ ਲਉ।" ਬਲਰਾਜ ਬੋਲਿਆ ਸੀ, "ਮੈਂ ਤਾਂ ਰੈਡੀਮੇਡ ਪਾਊਂਗਾ। ਐਵੇਂ ਨਾ ਪੈਸੇ ਖਰਾਬ ਕਰਿਆ ਕਰੋ।" ਬਾਅਦ 'ਚ ਮੈਂ ਇਹ ਕੱਪੜੇ ਪਾਏ ਸਨ।

ਮੈਂ ਖ਼ਬਰਾਂ ਵਾਲਾ ਚੈਨਲ ਲਾ ਦਿੰਦਾ ਹਾਂ। ਅਜੈ ਨੇ ਇਕ ਘੰਟੇ ਬਾਅਦ ਆਉਣਾ ਹੈ। ਕੋਈ ਖਾਸ ਖ਼ਬਰ ਨਹੀਂ ਹੈ। ਮੈਂ ਵੱਖ–ਵੱਖ ਚੈਨਲ ਲਾਉਂਦਾ ਹਾਂ। ਕੋਈ ਵੀ ਪ੍ਰੋਗਰਾਮ ਚੰਗਾ ਨਹੀਂ ਲੱਗ ਰਿਹਾ। ਮੈਂ ਰਿਮੋਟ ਕੰਟਰੋਲ ਮਨਜੀਤ ਵੱਲ ਸੁੱਟ ਦਿੰਦਾ ਹਾਂ। ਉਹ ਸਿਟੀ ਚੈਨਲ ਲਾ ਦਿੰਦੀ ਹੈ। ਖ਼ਬਰਾਂ ਆ ਰਹੀਆਂ ਹਨ। ਕੁਝ ਖਾਸ ਖ਼ਬਰਾਂ ਬਿਲਟ 'ਤੇ ਅੱਖਰਾਂ ਦੇ ਰੂਪ 'ਚ ਦਿੱਸ ਰਹੀਆਂ ਹਨ। ਬਹੁਤੀਆਂ ਖ਼ਬਰਾਂ ਸ਼ਹਿਰ 'ਚ ਹੋ ਰਹੇ ਜਗਰਾਤਿਆਂ, ਵੱਡੇ–ਵੱਡੇ ਸ਼ੌਪਿੰਗ ਕੰਪਲੈਕਸਾਂ, ਜੋਤਸ਼ੀਆਂ ਤੇ ਲੀਡਰਾਂ ਬਾਰੇ ਹੀ ਹਨ। ਉਹ ਕਹਿੰਦੀ ਹੈ, "ਪਤਾ ਨ੍ਹੀਂ ਲੋਕਾਂ ਕੋਲ ਕਿਥੋਂ ਐਨਾ ਪੈਸਾ ਆ ਗਿਆ, ਜਿਧਰ ਦੇਖੋ–ਮਾਲ ਹੀ ਮਾਲ ਖੁੱਲ੍ਹਣ ਲੱਗ ਪਏ ਆ। ਛੋਟੇ ਦੁਕਾਨਦਾਰਾਂ ਦਾ ਕੀ ਹੋਵੇਗਾ।" ਮੈਂ ਉਸ ਦੀ ਇਸ ਗੱਲ ਦਾ ਕੋਈ ਹੁੰਗਾਰਾ ਨਹੀਂ ਭਰਦਾ ਕਿਉਂਕਿ ਉਹ ਇਹ ਗੱਲ ਕਈ ਵਾਰ ਪਹਿਲਾਂ ਵੀ ਕਰ ਚੁੱਕੀ ਹੈ। ਉਹ ਟੈਲੀਵਿਜ਼ਨ ਬੰਦ ਕਰ ਦਿੰਦੀ ਹੈ। ਮੈਂ ਕਹਿੰਦਾ ਹਾਂ, "ਮੈਂ ਤੇ ਬਲਰਾਜ ਇਕੱਠੇ ਜਾ ਕੇ ਅਜੈ ਨੂੰ ਲੈ ਆਈਏ ?" ਉਹ ਨਾਂਹ 'ਚ ਸਿਰ ਹਿਲਾਉਂਦੀ ਕਹਿੰਦੀ ਹੈ, "ਬਲਰਾਜ ਨੂੰ ਸੌਂ ਲੈਣ ਦਿਉ। ਉਹ ਵੇਲੇ ਸਿਰ ਸੌਂ ਜਾਂਦਾ। ਤੜਕੇ ਉੱਠ ਕੇ ਪੜ੍ਹਦਾ।" ਮੈਂ ਫੇਰ ਕਹਿੰਦਾ ਹਾਂ, "ਬੱਸ–ਆਏ ਤੇ ਗਏ।" ਉਹ ਮੇਰੀ ਬਾਂਹ ਫੜ ਲੈਂਦੀ ਹੈ। ਕੰਬਦੀ ਆਵਾਜ਼ 'ਚ ਕਹਿੰਦੀ ਹੈ, "ਪਹਿਲਾਂ ਹੀ ਅਜੈ ਦੀ ਚਿੰਤਾ ਆ। ਪਿੱਛੋਂ ਜੇ ਮੈਨੂੰ ਕੁਸ਼ ਹੋ ਗਿਆ ਤਾਂ ਮੈਨੂੰ ਕੌਣ ਸੰਭਾਲੂ।"

ਮੈਂ ਐਵੇਂ ਹੀ ਡਰਾਇੰਗ–ਰੂਮ 'ਚ ਗੇੜੇ ਕੱਢਣੇ ਸ਼ੁਰੂ ਕਰ ਦਿੰਦਾ ਹਾਂ।

ਉਹ ਜ਼ੋਰ ਪਾ ਕੇ ਕਹਿੰਦੀ ਹੈ, "ਉਹਨੂੰ ਕਹੋ–ਇਹ ਜੌਬ ਛੱਡ ਦੇਵੇ।"

"ਤੂੰ ਆਪ ਕਹਿ ਕੇ ਦੇਖ ਲੈ।"

"ਮੈਂ ਵਥੇਰਾ ਕਹਿ ਲਿਆ। ਮੇਰੀ ਤਾਂ ਉਹ ਇਕ ਵੀ ਨ੍ਹੀਂ ਮੰਨਦਾ। ਅੱਗੋਂ ਆਪਣੀਆਂ ਹੀ ਸੁਣਾਉਣ ਲੱਗ ਜਾਂਦਾ।... ਇਕ ਦਿਨ ਤਾਂ ਉਸ ਮੈਨੂੰ ਰੋਣਹਾਕੀ ਕਰ ਦਿੱਤਾ ਸੀ।... ਮੈਂ ਘੂਰਿਆ ਸੀ ਤਾਂ ਅਗੋਂ ਸਮਝਾਉਣ ਲੱਗਾ, 'ਤੁਸੀਂ ਮੇਰੀ ਸਿਚੁਏਸ਼ਨ ਕਿਉਂ ਨ੍ਹੀਂ ਸਮਝਦੇ। ਇਹ ਮੈਨੂੰ ਪਤਾ ਆ ਕਿ ਮੈਂ ਇਸ ਕਾਲ ਸੈਂਟਰ 'ਚ ਆ ਕੇ ਕਿੰਨਾ ਕੁਸ਼ ਸਿਖਿਆ। ਪਿਛਲੇ ਹਫਤੇ ਮਦਰਾਸ ਤੋਂ ਦੋ ਐਕਸਪਰਟ ਆਏ ਸੀ। ਉਨ੍ਹਾਂ ਦੀ ਉਮਰ ਤੀਹ ਕੁ ਸਾਲਾਂ ਦੀ ਹੋਣੀ ਆ। ਪਾਣੀ ਵਾਂਗੂ ਇੰਗਲਿਸ਼ ਬੋਲਦੇ ਸੀ। ਉਨ੍ਹਾਂ ਬੜੇ ਪਿਆਰ ਨਾਲ



www.PunjabiLibrary.com

ਸਾਨੂੰ ਸਮਝਾਇਆ। ਮੈਂ ਐਨੇ ਇਨਟੈਕਚੁਅਲ ਪਹਿਲਾਂ ਕਦੇ ਨ੍ਹੀਂ ਦੇਖੇ। ਉਹ ਇਕ ਹਫਤੇ ਲਈ ਆਏ ਸੀ। ਅਸੀਂ ਸਾਰੇ ਜਣਿਆਂ ਨੇ ਉਨ੍ਹਾਂ ਨੂੰ ਪ੍ਰੀਤ ਬਾਰ ਹਾਊਸ 'ਚ ਪਾਰਟੀ ਦਿੱਤੀ ਸੀ। ਮੈਂ ਉਨ੍ਹਾਂ ਕੋਲੋਂ ਬਹੁਤ ਕੁਸ਼ ਸਿੱਖਿਆ। ਜੇ ਮੈਂ ਇਸ ਕਾਲ ਸੈਂਟਰ 'ਚ ਨਾ ਜਾਂਦਾ ਤਾਂ ਮੇਰੇ ਇੰਗਲਿਸ਼ ਬੋਲਣ ਦਾ ਫਲੋ ਨ੍ਹੀਂ ਬਣਨਾ ਸੀ...।" ਉਹ ਨੇ ਆਪਣੀ ਗੱਲ ਮੁਕਾ ਕੇ ਮੇਰੇ ਵੱਲ ਦੇਖਿਆ ਹੈ।

ਮੈਂ ਨਹੀਂ ਚਾਹੁੰਦਾ ਕਿ ਉਹ ਕਾਲ ਸੈਂਟਰ ਵਾਲੀ ਜੌਬ ਕਰੇ। ਜਦੋਂ ਉਸ ਨੂੰ ਟ੍ਰੇਨਿੰਗ ਤੋਂ ਬਾਅਦ ਇੰਪਲਾਇਮੈਂਟ ਲੈਟਰ ਮਿਲਿਆ ਸੀ ਤਾਂ ਮੈਂ ਉਸ ਦੀ ਇਸ ਜੌਬ ਦਾ ਵਿਰੋਧ ਕੀਤਾ ਸੀ। ਸਮਝਾਇਆ ਸੀ, "ਬੇਟਾ-ਇਹ ਜੌਬ ਤੇਰੀ ਸਟੱਡੀ ਦੇ ਉਲਟ ਆ। ਮੈਨੂੰ ਨ੍ਹੀਂ ਪਤਾ ਲੱਗ ਰਿਹਾ ਕਿ ਤੂੰ ਇਹ ਕਿਉਂ ਅਸੈਪਟ ਕਰ ਲਈ।" ਉਸਦਾ ਜਵਾਬ ਸੀ, "ਕੁਸ਼ ਨਵਾਂ ਸਿੱਖਣ ਲਈ।"

ਅਜੈ ਇਨ੍ਹਾਂ ਦਿਨਾਂ 'ਚ ਸਿਵਲ ਹਸਪਤਾਲ ਇੰਟਰਨਰਸ਼ਿਪ ਕਰ ਰਿਹਾ ਹੈ। ਸਵੇਰ ਨੂੰ ਗਿਆਰਾਂ ਵਜੇ ਤੋਂ ਇਕ ਵਜੇ ਤੱਕ ਉਥੇ ਜਾਂਦਾ ਹੈ। ਇਕ ਵਜੇ ਤੋਂ ਸਾਢੇ ਤਿੰਨ ਵਜੇ ਤੱਕ ਕੱਕੜ ਹਸਪਤਾਲ 'ਚ ਬਤੌਰ ਫਿਜ਼ੋਥ੍ਰੈਪੀਡਿਟਸ ਡਾਕਟਰ ਵਜੋਂ ਮਰੀਜ਼ ਦੇਖਦਾ ਹੈ। ਛੇ ਵਜੇ ਤੋਂ ਲੈ ਕੇ ਦੋ ਵਜੇ ਤੱਕ ਫਸਟਸਟੋਨ ਕਾਲ ਸੈਂਟਰ 'ਚ ਜਾਂਦਾ ਹੈ। ਇੱਕ ਦਿਨ ਉਹ ਬਲਰਾਜ ਨੂੰ ਸਮਝਾ ਰਿਹਾ ਸੀ ਕਿ ਉਹ ਕਿਤਾਬਾਂ ਦੀ ਦੁਨੀਆਂ ਤੋਂ ਬਾਹਰ ਦੀ ਦੁਨੀਆਂ ਵੀ ਦੇਖੇ ਤੇ ਸਮਝੇ। ਇਹ ਠੀਕ ਹੈ ਕਿ ਉਹਨਾਂ ਨੂੰ ਆਪਣੇ ਸਲੇਬਸ ਨੂੰ ਕਵਰ ਕਰਨਾ ਹੁੰਦਾ ਹੈ ਪਰ ਨਾਲ ਦੀ ਨਾਲ ਜੋ ਕੁਝ ਆਲੇ ਦੁਆਲੇ ਵਾਪਰ ਰਿਹਾ ਹੈ, ਉਸ ਦੀ ਸਮਝ ਵੀ ਆਉਣੀ ਚਾਹੀਦੀ ਹੈ। ਉਸ ਬਲਰਾਜ ਨੂੰ ਖਾਸਾ ਲੰਬਾ ਚੌੜਾ ਭਾਸ਼ਨ ਦਿੱਤਾ ਸੀ, "ਅੱਜ ਦੇ ਬੰਦੇ ਦੀ ਸਾਇਕੋਲੌਜੀ 'ਚ ਇਕੋ ਗੱਲ ਸ਼ਾਮਿਲ ਆ ਕਿ ਜੋ ਕੁਸ਼ ਵੀ ਮਿਲ ਸਕਦਾ ਆ, ਉਸ ਨੂੰ ਜਲਦੀ ਤੋਂ ਜਲਦੀ ਲੈ ਲਿਆ ਜਾਵੇ। ਵੱਸ 'ਚ ਕਰ ਲਿਆ ਜਾਵੇ। ਕਿਵੇਂ ਨਾ ਕਿਵੇਂ ਕਾਮਯਾਬ ਹੋਇਆ ਜਾਵੇ। ਪੈਸਾ ਕਮਾਉ ਤੇ ਐਸ਼ ਕਰੋ...... ਤੂੰ ਘੱਟੋ-ਘੱਟ ਇਕ ਘੰਟਾ ਨਵੇਂ ਖੁੱਲ੍ਹੇ ਮਾਲਾਂ 'ਚ ਜਾਇਆ ਕਰ। ਤੈਨੂੰ ਪਤਾ ਲੱਗੇਗਾ ਕਿ ਬਾਜ਼ਾਰ 'ਚ ਕੀ ਨਵਾਂ ਟਰੈਂਡ ਚਲ ਰਿਹਾ। ਮੈਂ ਹਫਤੇ 'ਚ ਇਕ ਵਾਰ ਅਵੱਸ਼ ਹੀ ਇਨ੍ਹਾਂ ਮਾਲਾਂ 'ਚ ਜਾਂਦਾ ਆਂ। ਇਕ ਦਿਨ ਮੋਰ ਵਾਲਿਆਂ ਦੇ ਗਿਆ ਸੀ। ਮੈਥੋਂ ਅੱਗੇ ਦੋ ਮੁੰਡੇ ਖੜੇ ਸੀ। ਉਨ੍ਹਾਂ ਕਾਊਂਟਰ 'ਤੇ ਖੜੀ ਸੇਲਜ਼ਗਰਲ ਨੂੰ ਭੱਦਾ ਮਜ਼ਾਕ ਕੀਤਾ ਸੀ। ਅਗੋਂ ਸੇਲਜ਼ਗਰਲ ਨੇ ਬੁਰਾ ਨ੍ਹੀਂ ਮਨਾਇਆ ਸੀ। ਮੈਂ ਇਸ ਬਾਰੇ ਉਸ ਕੋਲੋਂ ਪੁੱਛਿਆ ਸੀ ਤਾਂ ਅੱਗੋਂ ਉਸ ਮੈਨੂੰ ਮੇਰੇ ਬਾਰੇ ਹੀ ਪੁੱਛ ਲਿਆ ਸੀ। ਮੈਂ ਆਪਣੇ ਬਾਰੇ ਦੱਸਿਆ ਤਾਂ ਉਸ ਦਾ ਜਵਾਬ ਸੀ, 'ਤੁਸੀਂ ਡਾਕਟਰ ਹੋ। ਏਸੇ ਲਈ ਪੁੱਛ ਰਹੇ ਹੋ। ਏਥੇ ਰੋਜ਼ ਹੀ ਅਜਿਹੇ ਅਨੇਕਾਂ ਕਸਟਮਰ ਆਉਂਦੇ ਆ। ਜੇ ਮੈਂ ਗੁੱਸਾ ਕਰਨ ਲੱਗਜਾਂ ਤਾਂ ਮੈਨੇਜਰ ਨੇ ਸ਼ਾਮ ਨੂੰ ਮੇਰੀ ਛੁੱਟੀ ਕਰਵਾ ਦੇਣੀ ਆ।' ਮੈਂ ਦੋ ਚਾਰ ਵਾਰ ਗਿਆ ਤਾਂ ਉਹ ਮੇਰੇ ਨਾਲ ਖੁੱਲ੍ਹ ਗਈ ਸੀ। ਉਸ ਦੱਸਿਆ ਸੀ, 'ਉਹ ਜਿਹੜੀ ਕੁੜੀ ਸਾਹਮਣੇ ਖੜ੍ਹੀ ਆ ਨਾ-ਉਹ ਵੀ ਮੇਰੇ ਨਾਲ ਹੀ ਭਰਤੀ ਹੋਈ ਸੀ। ਉਸ ਦੀ ਮੈਨੇਜਰ ਨਾਲ ਗਿਟਮਿਟ ਆ। ਚਹੁੰ ਮਹੀਨਿਆਂ 'ਚ ਹੀ ਉਸ ਦੀ ਤਨਖਾਹ ਮੈਥੋਂ ਦੂਣੀ ਹੋ ਗਈ ਆ। ਮੈਨੂੰ ਵੀ ਮੈਨੇਜਰ ਨੇ ਦਾਣੇ ਪਾਏ ਸੀ ਪਰ ਮੈਂ ਉਸ ਦੀ ਗੱਲ ਅਣਸੁਣੀ ਕਰ ਦਿੱਤੀ ਸੀ। ਇਹ ਮੇਰੀ ਭੁੱਲ ਸੀ। ਹੁਣ ਮੈਨੂੰ ਲੱਗਦਾ ਆ



ਕਿ ਜੇ ਪ੍ਰਾਈਵੇਟ ਸੈਕਟਰ 'ਚ ਕਾਮਯਾਬ ਹੋਣਾ ਆ ਤਾਂ ਪੁਰਾਣੀਆਂ ਸੋਚਾਂ ਨੂੰ ਛੱਡਣਾ ਪਵੇਗਾ।' ਦੇਖ-ਜੇ ਮੈਂ ਮਾਰਕਿਟ 'ਚ ਨਾ ਜਾਂਦਾ ਤਾਂ ਆਹ ਗੱਲਾਂ ਮੈਨੂੰ ਕਿੱਥੋਂ ਪਤਾ ਲੱਗਣੀਆਂ ਸੀ। ਆਪਾਂ ਭਾਵੇਂ ਕੋਈ ਚੀਜ਼ ਨਾ ਖਰੀਦੀਏ-ਪਰ ਆਪਾਂ ਨੂੰ ਉਸ ਦੀ ਵੈਲਜ਼ੂ ਦਾ ਅਵੱਸ਼ ਹੀ ਪਤਾ ਹੋਣਾ ਚਾਹੀਦਾ।"

ਬਲਰਾਜ ਨੇ ਉਹਨੂੰ ਦੱਸਿਆ ਸੀ, "ਤੂੰ ਮੈਨੂੰ ਕਮਲਾ ਸਮਝਦਾਂ, ਮੈਂ ਤਾਂ ਸ਼ਹਿਰ ਦੇ ਸਾਰੇ ਮਾਲ ਗਾਹੇ ਹੋਏ ਆ। ਹੁਣ ਮਾਡਲ ਟਾਊਨ 'ਚ ਇਕ ਨਵਾਂ ਮਾਲ ਖੁੱਲ੍ਹਿਆ। ਰਮਣੀਕ ਨਾਂ ਆ। ਡਾਕਖਾਨੇ ਕੋਲ। ਤੂੰ ਜਾ ਕੇ ਦੇਖ। ਕਿੰਨੇ ਬਰਾਂਡਾਂ ਦੀਆਂ ਜੀਨ ਦੀਆਂ ਪੈਂਟਾਂ ਆਈਆਂ....।"

ਇਹੀ ਗੱਲਾਂ ਉਸ ਮੈਨੂੰ ਵੀ ਦੱਸੀਆਂ ਸਨ। ਬੜਾ ਕੁਝ ਹੋਰ ਵੀ ਦੱਸਿਆ ਸੀ। ਇਹ ਵੀ ਦੱਸਿਆ ਸੀ, "ਅੱਜ ਕਲ੍ਹ ਦੇ ਕਪਲ ਦੋਹਰੀ ਤਰ੍ਹਾਂ ਦੀ ਜ਼ਿੰਦਗੀ ਜਿਉਂ ਰਹੇ ਆ। ਇਕ ਘਰ ਦੀ। ਇਕ ਬਾਹਰ ਦੀ। ਮਤਲਬ ਦਫ਼ਤਰ ਦੀ। ਉਹ ਘਰ ਨੂੰ ਦਫਤਰ ਨ੍ਹੀਂ ਲੈ ਜਾਂਦੇ। ਦਫਤਰ ਨੂੰ ਘਰ। ਉਨ੍ਹਾਂ ਨੂੰ ਬਾਹਰ ਕਈ ਤਰ੍ਹਾਂ ਦੇ ਸਮਝੌਤੇ ਕਰਨੇ ਪੈਂਦੇ ਆ। ਕਈਆਂ ਨਾਲ ਦੋਸਤੀਆਂ ਕਰਨੀਆਂ ਪੈਂਦੀਆਂ ਆ। ਕਿਸੇ ਨਾਲ ਲੰਚ ਕਰਨਾ ਪੈਂਦਾ ਆ। ਕਿਸੇ ਨਾਲ ਡਿਨਰ। ਕਿਸੇ ਨਾਲ ਕਿਸੇ ਪ੍ਰਾਈਵੇਟ ਥਾਂ 'ਤੇ ਵੀ ਜਾਣਾ ਪੈ ਸਕਦਾ ਆ। ਪਰ ਜਦੋਂ ਉਹ ਘਰ 'ਚ ਹੁੰਦੇ ਆ ਤਾਂ ਉਹ ਇਕ ਦੂਜੇ ਪ੍ਰਤੀ ਪੂਰੀ ਜ਼ੁੰਮੇਵਾਰੀ ਨਾਲ ਵਿਚਰਦੇ ਆ।"

ਮੈਂ ਉਹਨੂੰ ਪੁੱਛ ਲਿਆ ਸੀ, "ਤੂੰ ਵੀ ਆਪਣੇ ਲਈ ਕੋਈ ਕੁੜੀ ਪਸੰਦ ਕਰ ਰੱਖੀ ਆ ਤਾਂ ਦੱਸ ਦੇ।"

"ਨ੍ਹੀਂ, ਅਜੇ ਤਾਂ ਨ੍ਹੀਂ। ਜਦੋਂ ਹੋਈ ਮੈਂ ਦੱਸ ਦਵਾਂਗਾ।"

"ਮੇਰੇ ਕੋਲ ਝੂਠ ਤਾਂ ਨ੍ਹੀਂ ਬੋਲਦਾ ?"

"ਮੈਨੂੰ ਝੂਠ ਬੋਲਣ ਦੀ ਲੋੜ ਹੀ ਨ੍ਹੀਂ। ਮੈਂ ਮੰਮੀ ਨੂੰ ਦੱਸਿਆ ਸੀ ਕਿ ਉਹ ਮੇਰੇ ਬਾਰੇ ਚਿੰਤਾ ਨਾ ਕਰਨ। ਮੈਂ ਆਪਣਾ ਵਿਆਹ ਆਪ ਹੀ ਕਰਨਾ ਆ। ਉਨ੍ਹਾਂ ਨੂੰ ਨੂੰਹ ਚਾਹੀਦੀ ਆ। ਉਹ ਮਿਲ ਜਾਊਗੀ।"

ਮੈਂ ਡਰਾਇੰਗ ਰੂਪ 'ਚ ਗੇੜੇ ਕੱਢਦਾ ਕੱਢਦਾ ਬਲਰਾਜ ਦੇ ਬੈੱਡ-ਰੂਮ 'ਚ ਚਲਾ ਜਾਂਦਾ ਹਾਂ। ਉਹ ਘੂਕ ਸੁੱਤਾ ਪਿਆ ਹੈ ਪਰ ਟਿਊਬ ਜਗ ਰਹੀ ਹੈ। ਸਾਹਮਣੇ ਵਾਲੀ ਕੰਧ 'ਤੇ ਉਸ ਕੰਪਿਊਟਰ ਤੋਂ ਬਾਈ ਪੋਆਇੰਟ 'ਚ ਕੰਪੋਜ ਕਰਵਾ ਕੇ ਲਿਖ ਰੱਖਿਆ ਹੈ : ਡਿਵਲਪਮੈਂਟ ਦਾ ਕੇਂਦਰ ਤੇ ਉਦੇਸ਼ ਹੁਣ ਮਨੁੱਖ ਨਹੀਂ ਰਿਹਾ ਸਗੋਂ ਡਿਵਲਪਮੈਂਟ ਹੀ ਉਦੇਸ਼ ਤੇ ਕੇਂਦਰ ਬਣ ਗਈ ਹੈ। ਮੇਰਾ ਸਿਰ ਚਕਰਾ ਜਾਂਦਾ ਹੈ। ਮੈਂ ਟਿਊਬ ਆਫ ਕਰ ਦਿੰਦਾ ਹਾਂ। ਕਾਹਲੀ-ਕਾਹਲੀ ਬਾਹਰ ਆ ਜਾਂਦਾ ਹਾਂ। ਅਜੈ ਦੇ ਬੈੱਡਰੂਮ 'ਚ ਚਲੇ ਜਾਂਦਾ ਹਾਂ। ਲਾਈਟ ਜਗਾਉਂਦਾ ਹਾਂ। ਬੜੇ ਸਲੀਕੇ ਨਾਲ ਉਸ ਆਪਣਾ ਕਮਰਾ ਸਜਾ ਰੱਖਿਆ ਹੈ। ਮੇਰੀ ਨਜ਼ਰ ਖੱਬੇ ਪਾਸੇ ਵਾਲੀ ਕੰਧ 'ਤੇ ਚਲੇ ਜਾਂਦੀ ਹੈ। ਉਥੇ ਬੈਰਾਕ ਹੁਸੈਨ ਉਬਾਮਾ ਦੀ ਫੋਟੋ ਲੱਗੀ ਹੈ। ਹੇਠਾਂ ਅਜੈ ਨੇ ਲਿਖਿਆ ਹੈ : ਹਿਸਟੌਰੀਕਲ ਵਿਕਟਰੀ। ਸੱਜੇ ਪਾਸੇ ਵਾਲੀ ਕੰਧ 'ਤੇ ਲਿਖਿਆ ਹੈ : ਵਿਅਕਤੀ ਇਤਿਹਾਸ ਬਣਾਉਂਦੇ ਹਨ, ਇਤਿਹਾਸ ਵਿਅਕਤੀ ਨਹੀਂ ਬਣਾਉਂਦਾ....।"

ਦੋ ਵੱਜ ਗਏ ਹਨ। ਮੈਂ ਅਜੈ ਦੇ ਮੋਬਾਇਲ 'ਤੇ ਫੋਨ ਕਰਦਾ ਹਾਂ। ਮੋਬਾਇਲ



www.PunjabiLibrary.com

ਅੱਗੋਂ ਬੰਦ ਹੈ। ਦੱਸਾਂ ਮਿੰਟਾਂ ਬਾਅਦ ਮੈਂ ਫੇਰ ਫੋਨ ਕਰਦਾ ਹਾਂ। ਅਜੈ ਦੀ ਆਵਾਜ਼ ਆਉਂਦੀ ਹੈ, "ਤੁਸੀਂ ਅਜੇ ਸੁੱਤੇ ਨ੍ਹੀਂ?"

"ਨ੍ਹੀਂ.......।" ਮੈਂ ਦੱਸਦਾ ਹਾਂ। "ਤੂੰ ਕਿੱਥੇ ਆਂ?"

ਉਹ ਦੱਸਦਾ ਹੈ, "ਬੱਸ-ਪੰਜ ਮਿੰਟਾਂ 'ਚ ਆ ਗਿਆ।"

ਮਨਜੀਤ ਰਸੋਈ 'ਚ ਚਲੇ ਗਈ ਹੈ। ਅਜੈ ਦੇ ਆਉਣ ਤੋਂ ਪਹਿਲਾਂ-ਪਹਿਲਾਂ ਮੈਂ ਫੈਸਲਾ ਕਰ ਲੈਂਦਾ ਹਾਂ ਕਿ ਹੁਣ ਉਸਨੂੰ ਇਹ ਜੌਬ ਨਹੀਂ ਕਰਨ ਦੇਣੀ। ਮੈਨੂੰ ਭਾਪਾ ਜੀ ਦਾ ਕਿਹਾ ਯਾਦ ਆ ਜਾਂਦਾ ਹੈ ਕਿ ਪਿਉ ਬਣਨਾ ਤਾਂ ਸੌਖਾਲਾ ਹੁੰਦਾ ਹੈ ਪਰ ਪਿਉ ਦੇ ਫਰਜ਼ ਨਿਭਾਉਣੇ ਔਖੇ ਹੁੰਦੇ ਹਨ। ਪਿਉ ਦੀ ਅਗਨੀ ਪ੍ਰੀਖਿਆ ਉਦੋਂ ਹੁੰਦੀ ਹੈ ਜਦੋਂ ਪੁੱਤ ਬਰੋਬਰ ਦਾ ਹੋ ਜਾਂਦਾ ਹੈ। ਐਸ ਵੇਲੇ ਪੂਰੀ ਸਮਝ, ਸਬਰ-ਸੰਤੋਖ ਤੇ ਧੀਰਜ ਤੋਂ ਕੰਮ ਲੈਣਾ ਚਾਹੀਦਾ ਹੈ। ਮੈਨੂੰ ਉਹਨਾਂ ਦਾ ਕਿਹਾ ਸੱਚ ਲੱਗਦਾ ਹੈ। ਮੈਂ ਉਹਨਾਂ ਦੇ ਸਿਖਾਏ 'ਤੇ ਚੱਲਣ ਦੀ ਕੋਸ਼ਿਸ਼ ਕਰਦਾ ਹਾਂ। ਮਾਰ ਉਦੋਂ ਖਾਂਦਾ ਹਾਂ ਜਦੋਂ ਮੈਂ ਕੁਝ ਸੋਚੀ ਬੈਠਾ ਹੁੰਦਾ ਹਾਂ-ਅੱਗੋਂ ਉਹ ਪਹਿਲਾਂ ਹੀ ਹੋਰ ਕੁਝ ਕਹਿ ਦਿੰਦਾ ਹੈ। ਮੈਨੂੰ ਐਦਾਂ ਲੱਗਦਾ ਹੈ ਕਿ ਮੇਰਾ ਕੰਮ ਤਾਂ ਉਨ੍ਹਾਂ ਨੂੰ ਪੈਸੇ ਦੇਣ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਹੋਰ ਕਿਸੇ ਕੰਮ 'ਚ ਉਨ੍ਹਾਂ ਨੂੰ ਮੇਰੀ ਲੋੜ ਹੀ ਨਹੀਂ ਹੈ। ਮਨਜੀਤ ਵੀ ਆਪਣੇ ਆਪ ਨੂੰ ਬੇਬੱਸ ਪਾਉਂਦੀ ਹੈ। ਪਿਛਲੇ ਹਫਤੇ ਅਸੀਂ ਚਾਰੇ ਜਣੇ ਬੈਠੇ ਸੀ। ਮੈਂ ਉਸ ਨੂੰ ਦੱਸਿਆ ਸੀ ਕਿ ਅਗਲੇ ਮਹੀਨੇ ਪੰਜਵੇਂ ਪੇ-ਕਮੀਸ਼ਨ ਦੀ ਰਿਪੋਰਟ ਲਾਗੂ ਹੋ ਜਾਣੀ ਹੈ। ਮੈਨੂੰ ਢਾਈ ਲੱਖ ਦੇ ਕਰੀਬ ਪੈਸੇ ਮਿਲ ਜਾਣੇ ਹਨ। ਮਨਜੀਤ ਨੇ ਝੱਟ ਕਿਹਾ ਸੀ, "ਇਸ ਵਾਰੀ ਸਾਰੇ ਪੈਸੇ ਮੈਨੂੰ ਦਿਉ। ਮੈਂ ਇਕ ਕਮਰਾ ਬਣਾਉਣਾ। ਆਏ ਗਏ ਲਈ ਕੋਈ ਸੈਪਰੇਟ ਕਮਰਾ ਨ੍ਹੀਂ ਹੈਗਾ।" ਬਲਰਾਜ ਨੂੰ ਆਪਣੀ ਮੰਮੀ ਦੀ ਸਕੀਮ ਚੰਗੀ ਲੱਗੀ ਸੀ। ਉਹਨੇ ਕਿਹਾ ਸੀ, "ਮੰਮੀ ਠੀਕ ਕਹਿ ਰਹੇ ਆ।" ਅਜੈ ਬੋਲਿਆ ਸੀ, "ਮਹੀਨੇ 'ਚ ਇਕ ਅੱਧ ਗੈਸਟ ਆਉਂਦਾ। ਉਸ ਨੂੰ ਮੇਰੇ ਵਾਲਾ ਕਮਰਾ ਦੇ ਦਿਆ ਕਰੋ। ਮੈਂ ਡਰਾਇੰਗ ਰੂਮ 'ਚ ਪਏ ਸੋਫੇ 'ਤੇ ਸੌਂ ਜਾਇਆ ਕਰਾਂਗਾ।" ਮਨਜੀਤ ਨੇ ਕਿਹਾ ਸੀ, "ਅੱਜ ਨ੍ਹੀਂ ਤਾਂ ਕਲ੍ਹ ਨੂੰ ਕਮਰੇ ਦੀ ਲੋੜ ਪੈਣੀ ਹੀ ਪੈਣੀ ਆ।" ਅਜੈ ਨੇ ਉਸ ਨੂੰ ਨਿਰਉੱਤਰ ਕਰ ਦਿੱਤਾ ਸੀ, "ਤੁਸੀਂ ਕਿਹਦੇ ਲਈ ਸੋਚਦੇ ਹੋ। ਮੈਨੂੰ ਅੱਜੇ ਤੱਕ ਪਤਾ ਨ੍ਹੀਂ ਕਿ ਮੈਂ ਕਿੱਥੇ ਸੈੱਟ ਹੋਣਾ। ਬਲਰਾਜ ਨੇ ਕਿੱਥੇ ਸੈੱਟ ਹੋਣਾ-ਇਸ ਬਾਰੇ ਵੀ ਆਪਾਂ ਕੁਸ਼ ਨ੍ਹੀਂ ਕਹਿ ਸਕਦੇ। ਜਿੱਥੇ ਕੋਈ ਰਹੇਗਾ-ਉਥੇ ਆਪਣਾ ਮਕਾਨ ਬਣਾ ਲਵੇਗਾ। ਤੁਹਾਡੇ ਦੋਹਾਂ ਜੀਆਂ ਲਈ ਇਹ ਘਰ ਬਥੇਰਾ ਆ। ਘਰ 'ਤੇ ਕੋਈ ਪੈਸਾ ਲਾਉਣ ਦੀ ਲੋੜ ਨ੍ਹੀਂ ਆ।"

ਅਜੈ ਰੋਟੀ ਖਾ ਕੇ ਆਪਣੇ ਬੈੱਡ-ਰੂਮ 'ਚ ਜਾਣ ਲੱਗਾ ਤਾਂ ਮੈਂ ਉਹਨੂੰ ਰੋਕ ਲੈਂਦਾ ਹਾਂ। ਕਹਿੰਦਾ ਹਾਂ, "ਬੇਟੇ! ਇਹ ਨੌਕਰੀ ਛੱਡ ਦੇ। ਨ੍ਹੀਂ ਤਾਂ ਤੇਰੀ ਮੰਮੀ ਨੇ ਤੇਰੇ ਬਾਰੇ ਸੋਚਦਿਆਂ ਸੋਚਦਿਆਂ ਕੋਈ ਵੱਡੀ ਬਿਮਾਰੀ ਸਹੇੜ ਲੈਣੀ ਆ।"

ਉਹ ਗੁੱਸੇ ਨਾਲ ਬੋਲਦਾ ਹੈ, "ਤੁਸੀਂ ਮੰਮੀ ਦਾ ਸਹਾਰਾ ਲੈ ਕੇ ਕਿਉਂ ਗੱਲ ਕਰਦੇ ਓਂ। ਤੁਸੀਂ ਤਾਂ ਮੰਮੀ ਨਾਲੋਂ ਵੀ ਜ਼ਿਆਦਾ ਡਰਪੋਕ ਹੁੰਦੇ ਜਾ ਰਹੇ ਹੋ...।" ਉਹ ਸਿੱਧਾ ਹੀ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਕਹਿੰਦਾ ਹੈ, "ਤੁਸੀਂ ਮੈਨੂੰ ਕਾਮਯਾਬ ਹੋਣ ਦੇਣਾ ਆ ਕਿ ਨ੍ਹੀਂ। ਤੁਹਾਡੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਇਹੀ ਆ ਕਿ ਤੁਸੀਂ ਕਦੇ ਆਪਣੇ ਬਾਰੇ ਸੋਚਿਆ ਹੀ ਨ੍ਹੀਂ। ਦੂਜਿਆਂ ਬਾਰੇ ਹੀ ਸੋਚਦੇ ਰਹੇ। ਅੱਜ ਦਾ ਸਮਾਂ ਕਹਿੰਦਾ ਆ ਕਿ ਪਹਿਲਾਂ ਆਪਣੇ ਬਾਰੇ ਸੋਚੋ। ਫੇਰ ਦੂਜਿਆਂ ਬਾਰੇ। ਉਹ ਵੀ ਉਦੋਂ ਜਦੋਂ ਤੁਹਾਡੇ ਕੋਲ ਫਾਲਤੂ ਸਮਾਂ [illegible]ਣ ਮੈਂ ਸਿਰਫ਼ ਤੇ ਸਿਰਫ਼ ਆਪਣੇ ਬਾਰੇ ਸੋਚਦਾ ਆਂ। ਠੀਕ ਆ ਨਾ, ਡੈਡੀ ਜੀ?"

[illegible]ਸ਼ਬਦ ਉਹ ਸਮਝਾਉਣ ਦੇ ਲਹਿਜੇ 'ਚ ਕਹਿੰਦਾ ਹੈ।





www.PunjabiLibrary.com

# ਤਹਿਜ਼ੀਬ

ਸ਼ਾਇਦ ਆਖਰੀ ਗੱਲ ਪ੍ਰੀਆ ਨੇ ਇਹੀ ਕਹੀ ਸੀ, "...ਅਸਲੀ ਰਵ੍ਹਾਂਦਾਰੀ ਤਾਂ ਸੈਲਫ ਤੇ ਮੌਰਲ ਵਿਲਯੂ 'ਚ ਪੈ ਕੇ ਆਉਂਦੀ ਆ....ਸਾਨੂੰ ਇਹੀ ਕੁਸ਼ ਸਿਖਾਇਆ ਗਿਆ।" ਸੈਕਟਰ ਤਰਤਾਲੀ ਦਾ ਬਸ ਸਟੈਂਡ ਆ ਗਿਆ ਸੀ। ਲੋਕ ਉਤਰਨ ਲਈ ਕਾਹਲੇ ਪੈਣ ਲੱਗੇ ਸਨ। ਇਸੇ ਵਿਚਕਾਰ ਡਰਾਈਵਰ ਨੇ ਤੇਜ਼ ਹੌਰਨ ਵਜਾਇਆ ਸੀ। ਤੇਜ਼ ਆਵਾਜ਼ 'ਚ ਮੈਨੂੰ ਉਸ ਦੀ ਇਹ ਗੱਲ ਅੱਧ-ਪਚੱਦੀ ਸੁਣੀ ਸੀ।

ਲੋਕਲ ਬਸਾਂ ਵੱਲ ਜਾਂਦਿਆਂ ਹੋਇਆਂ ਉਸ ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤੀ ਸੀ। ਮੇਰੇ ਆਪਣੇ ਹੱਥ ਕਿਹੜੇ ਵੇਲੇ ਜੁੜ ਗਏ ਸੀ ਤੇ ਮੈਂ ਕਿਹੜੇ ਵੇਲੇ ਉਸ ਦੀ ਨਮਸਕਾਰ ਦਾ ਜਵਾਬ ਦਿੱਤਾ ਸੀ, ਇਸ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ। ਮੇਰਾ ਸਾਰਾ ਧਿਆਨ ਤਾਂ 'ਸਾਨੂੰ' ਸ਼ਬਦ 'ਤੇ ਕੇਂਦਰਤ ਹੋ ਗਿਆ ਸੀ।

ਮੇਰਾ ਮਨ ਕਾਹਲਾ ਪਿਆ ਸੀ ਕਿ ਮੈਂ ਪ੍ਰੀਆ ਨਾਲ ਬਹੁਤ ਸਾਰੀਆਂ ਹੋਰ ਗੱਲਾਂ ਕਰਾਂ। ਉਹਨੂੰ ਦੱਸਾਂ ਕਿ ਹੁਣ ਇਹ ਦੇਸ਼ ਉਹੋ ਜਿਹਾ ਨਹੀਂ ਰਿਹਾ ਜਿਹੋ ਜਿਹਾ ਉਹ ਪੰਦਰਾਂ ਸਾਲ ਪਹਿਲਾਂ ਛੱਡ ਕੇ ਗਈ ਸੀ। ਇੱਥੇ ਤਾਂ ਸੁਪਰੀਮ ਕੋਰਟ ਦੇ ਜੱਜਾਂ ਬੀ. ਐਨ. ਅਗਰਵਾਲ ਤੇ ਜੀ. ਐਸ. ਸਿੰਘਵੀ ਨੂੰ ਕਹਿਣਾ ਪਿਆ ਸੀ, "ਇਵਨ ਗੌਡ ਵੈਲ ਨੌਟ ਬੀ ਏਬਲ ਟੂ ਸੇਵ ਦਿਸ ਕੰਟਰੀ। ਇਨ ਇੰਡੀਆ ਇਵਨ ਐਫ ਗੌਡ ਕਮਸ ਡਾਊਨ, ਹੀ ਕਾਨਟ ਚੇਂਜ ਦਿਸ ਕੰਟਰੀ। ਅਵਰ ਕੰਟਰੀ'ਸ ਕਰੈਕਟਰ ਹੈਜ ਗੌਨ। ਵੀ ਆਰ ਹੈਲਪਲਿਸ।" ਬਾਹਰੋਂ ਆ ਕੇ ਕਿਸੇ ਬੰਦੇ ਲਈ ਇਥੇ ਅਡਜਸਟ ਹੋਣਾ ਬੜਾ ਔਖਾ ਹੈ। ਮੈਂ ਆਪ ਔਖਾ ਹਾਂ। ਮੇਰੇ ਆਲੇ ਦੁਆਲੇ ਰਹਿੰਦੇ ਲੋਕ ਦੁਖੀ ਹਨ। ਪ੍ਰੇਸ਼ਾਨ ਹਨ। ਹੋਰ ਵੀ ਬਹੁਤ ਕੁਝ ਹੈ। ਉਸ ਦੀ ਜ਼ਿੰਦਗੀ ਬਾਰੇ ਕੁਝ ਜਾਨਾਂ। ਮੈਨੂੰ ਉਸ ਐਨਾ ਕੁ ਦੱਸਿਆ ਸੀ ਕਿ ਉਸ ਪੰਚਕੂਲੇ 'ਚ ਕੋਠੀ ਖਰੀਦ ਲਈ ਸੀ। ਪਰ ਕਿਸ ਸੈਕਟਰ 'ਚ? ਕਿੰਨੇ ਨੰ: ਕੋਠੀ ਸੀ? ਇਹ ਤਾਂ ਮੈਂ ਪੁੱਛਿਆ ਹੀ ਨਹੀਂ ਸੀ। ਨਾ ਹੀ ਉਸ ਇਸ ਬਾਰੇ ਦੱਸਿਆ ਸੀ।

ਉਸ ਦੱਸਿਆ ਸੀ ਕਿ ਉਹ ਅਮਰੀਕਾ ਦੀ ਮਿਸ਼ੀਗਨ ਸਟੇਟ ਤੋਂ ਆਈ ਹੈ। ਉਨ੍ਹਾਂ ਕੋਲ ਅਮਰੀਕਾ ਦੀ ਸਿਟੀਜ਼ਨਸ਼ਿਪ ਹੈ। ਦੋਹਾਂ ਬੱਚਿਆਂ ਦਾ ਜਨਮ ਉਧਰਲਾ ਹੈ। ਉਹ ਜਲੰਧਰ ਦੇ ਐਮ. ਜੀ. ਐਨ. ਸਕੂਲ 'ਚ ਪੜ੍ਹੀ ਹੈ। ਸਟੱਡੀਬੇਸ 'ਤੇ ਅਮਰੀਕਾ ਗਈ ਸੀ। ਫੇਰ ਉਥੇ



ਹੀ ਵਿਆਹ ਕਰਵਾ ਲਿਆ ਸੀ।

ਮਹਿੰਦਰ ਤੇ ਮੈਂ ਦੋਵੇਂ ਚੰਡੀਗੜ੍ਹ ਨੌਕਰੀ ਕਰਦੇ ਹਾਂ। ਅੱਡ-ਅੱਡ ਡਿਪਾਰਟਮੈਂਟਾਂ 'ਚ। ਸ਼ੁਕਰਵਾਰ ਘਰ ਆ ਜਾਂਦੇ ਹਾਂ। ਸੋਮਵਾਰ ਸਵੇਰ ਨੂੰ ਵਾਪਸ ਜਾਂਦੇ ਹਾਂ। ਸਫ਼ਰ ਦੌਰਾਨ ਕਿਸੇ ਇਕ ਵਿਸ਼ੇ ਜਾਂ ਆਪ-ਬੀਤੀ/ਜੱਗ-ਬੀਤੀ 'ਤੇ ਵਿਚਾਰ-ਵਟਾਂਦਰਾ ਕਰਦੇ ਹਾਂ। ਉਸ ਦਿਨ ਵੀ ਮਹਿੰਦਰ ਨੇ ਬਸ ਤੁਰਦਿਆਂ ਸਾਰ ਹੀ ਪੁੱਛਿਆ ਸੀ, "ਤੂੰ ਹਫ਼ਤਾ ਘਰ ਰਹਿ ਕੇ ਆਇਆਂ-ਕੋਈ ਖਾਸ ਗੱਲ ਸੀ?" ਮੈਂ ਉਹਨੂੰ ਦੱਸਿਆ ਸੀ ਕਿ ਮੇਰੇ ਭੂੱਫੜ ਜੀ ਦਾ ਦੇਹਾਂਤ ਹੋ ਗਿਆ ਸੀ। ਉਹ ਪੈਂਤੀ ਸਾਲ ਕੈਨੇਡਾ 'ਚ ਰਹੇ ਸਨ ਪਰ ਮਰੇ ਇਥੇ ਆ ਕੇ ਹੀ। ਇਹੀ ਉਨ੍ਹਾਂ ਦੀ ਆਖਿਰੀ ਇੱਛਾ ਸੀ ਕਿ ਉਹ ਆਪਣੇ ਪਿੰਡ ਆ ਕੇ ਹੀ ਆਖਿਰੀ ਸਾਹ ਲੈਣ। ਉਨ੍ਹਾਂ ਨੇ ਆਪਣਾ ਇੰਡੀਅਨ ਪਾਸਪੋਰਟ ਨਹੀਂ ਪੜ੍ਹਿਆ ਸੀ। ਮੈਂ ਸਾਰੀ ਰਾਤ ਸੋਚਦਾ ਰਿਹਾ ਕਿ ਬੰਦਾ ਵੀ ਕੀ ਸ਼ੈਅ ਹੁੰਦਾ ਹੈ। ਜਿਥੇ ਪੈਂਤੀ ਸਾਲ ਰਿਹਾ, ਜਿਥੋਂ ਉਸ ਕਰੋੜਾਂ ਰੁਪਈਏ ਕਮਾਏ, ਆਪ ਤਾਂ ਸੈੱਟ ਹੋਣਾ ਹੀ ਹੋਣਾ ਸੀ, ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਵੀ ਸੈੱਟ ਕੀਤਾ, ਪਰ ਉਸ ਦੇਸ਼ ਨਾਲ ਜੁੜ ਹੀ ਨਾ ਸਕਿਆ। ਮਰਿਆ ਤਾਂ ਪਿੰਡ ਆ ਕੇ ਹੀ। ਮੈਂ ਇਹਦੇ ਬਾਰੇ ਸੁਦਰਸ਼ਨ ਕੋਲੋਂ ਪੁੱਛਿਆ ਤਾਂ ਉਸ ਮੈਨੂੰ ਬਾਬਰ ਦੀ ਕਹਾਣੀ ਸੁਣਾਈ ਸੀ। ਬਾਬਰ ਨੇ ਭਾਰਤ 'ਤੇ 22 ਸਾਲ ਰਾਜ ਕੀਤਾ। ਉਸ ਨੇ ਜੋ ਚਾਹਿਆ ਸੀ, ਉਸ ਨੂੰ ਇਥੋਂ ਮਿਲਿਆ ਸੀ। ਉਸ ਮਰਨ ਲੱਗਿਆਂ ਆਪਣੀ ਆਖਿਰੀ ਇੱਛਾ ਜ਼ਾਹਿਰ ਕੀਤੀ ਸੀ ਕਿ ਉਸ ਨੂੰ ਕਾਬੁਲ 'ਚ ਹੀ ਦਫਨਾਇਆ ਜਾਵੇ। ਪਰ ਉਸਨੂੰ ਆਗਰੇ ਦਫਨਾਇਆ ਗਿਆ। ਉਹ ਉਥੇ ਹੀ ਮਰਿਆ ਸੀ। ਕਿਥੇ ਅਗਰੇ ਦੀ ਉਪਜਾਊ ਧਰਤੀ ਤੇ ਕਿੱਥੇ ਕਾਬੁਲ ਦਾ ਖ਼ੁਸ਼ਕੀ ਦਾ ਮਾਰਿਆ ਇਲਾਕਾ। ਪਰ ਉਸ ਅੰਦਰ ਤਾਂ ਆਗਰਾ ਵਸਿਆ ਸੀ। ਉਸ ਦੀਆਂ ਉਥੇ ਜੜ੍ਹਾਂ ਸਨ। ਬਾਅਦ 'ਚ ਉਸ ਦੀ ਬੀਵੀ ਤੇ ਮੁੰਡੇ ਨੇ ਬਾਬਰ ਦੀ ਆਖਿਰੀ ਇੱਛਾ ਅਨੁਸਾਰ ਉਸਨੂੰ ਕਾਬੁਲ 'ਚ ਦਫਨਾਇਆ ਸੀ।

ਪ੍ਰੀਆ ਨੇ ਸਾਡੀਆਂ ਗੱਲਾਂ 'ਚ ਹਿੱਸਾ ਲੈਂਦਿਆਂ ਹੋਇਆਂ ਦੱਸਿਆ ਸੀ, "ਇਹ ਜਿਹੜੀ ਕਹਾਣੀ ਮੈਂ ਤੁਹਾਨੂੰ ਸੁਣਾਉਣ ਲੱਗੀ ਆਂ-ਇਹ ਮੈਨੂੰ ਮੇਰੀ ਕਿਸੇ ਸਹੇਲੀ ਨੇ ਸੁਣਾਈ ਸੀ। ਇਕ ਕੁੜੀ, ਜਿਸ ਦਾ ਨਾਂ ਪ੍ਰੀਤ ਸੀ, ਉਹਨੇ ਕਾਲੇ ਨਾਲ ਵਿਆਹ ਕਰਵਾ ਲਿਆ। ਉਹ ਦਾ ਜਨਮ ਅਮੈਰੀਕਾ ਦਾ ਸੀ। ਮਾਂ-ਪਿਉ ਦਾ ਇੰਡੀਆ ਦਾ। ਇਕ ਦਿਨ ਪ੍ਰੀਤ ਦੇ ਮਨ 'ਚ ਪਤਾ ਨ੍ਹੀਂ ਕੀ ਆਇਆ ਕਿ ਉਸ ਇੰਡੀਆ ਜਾਣ ਦਾ ਫੈਸਲਾ ਕਰ ਲਿਆ। ਉਸ ਦੀ ਮਾਂ ਨੇ ਉਹਨੂੰ ਵਥੇਰਾ ਸਮਝਾਇਆ ਕਿ ਧੀਏ ਨਾ ਜਾਹ। ਉਸ ਕਾਲੇ ਨਾਲ ਦੇਖ ਕੇ ਸ਼ਰੀਕਾ-ਭਾਈਚਾਰਾ ਕੀ ਕਹੇਗਾ। ਕਿਸੇ ਗੋਰੇ ਨਾਲ ਵਿਆਹ ਕਰਵਾਇਆ ਹੁੰਦਾ ਤਾਂ ਕੋਈ ਹੋਰ ਗੱਲ ਹੋਣੀ ਸੀ। ਪਰ ਪ੍ਰੀਤ ਨਾ ਮੰਨੀ। ਪ੍ਰੀਤ ਨੇ ਮਾਂ ਨੂੰ ਗੱਲਾਂ 'ਚ ਭਰਮਾ ਕੇ ਸਾਰੇ ਰਿਸ਼ਤੇਦਾਰਾਂ ਦੇ ਅਡਰੈਸ ਤੇ ਟੈਲੀਫੋਨ ਲੈ ਲਏ। ਆਪਣੇ ਪਿੰਡ ਗਈ। ਨਾਨਕਿਆਂ ਦੇ ਗਈ। ਉਹਨੂੰ ਪੰਜਾਬੀ ਪੜ੍ਹਣੀ ਨ੍ਹੀਂ ਆਉਂਦੀ ਸੀ। ਬੁੱਤਾ ਸਾਰ ਬੋਲ ਤੇ ਸਮਝ ਲੈਂਦੀ ਸੀ। ਉਹਦੇ ਰਿਸ਼ਤੇਦਾਰਾਂ ਨੇ ਤਾਂ ਉਨ੍ਹਾਂ ਦੋਹਾਂ ਨੂੰ ਹੱਥਾਂ 'ਤੇ ਚੁੱਕ ਲਿਆ। ਉਹ ਆਪਣੇ ਰਿਸ਼ਤੇਦਾਰਾਂ ਦੇ ਮੋਹ 'ਚ ਐਨੀ ਭਿੱਜ ਗਈ ਕਿ ਕਈਆਂ ਦੇ ਇਧਰ ਰਿਸ਼ਤੇ ਕਰਵਾ ਦਿੱਤੇ। ਪੰਜਾਬੀ ਲਿਖਣੀ ਤੇ ਪੜ੍ਹਣੀ ਸਿੱਖੀ। ਆਪਣੀਆਂ ਦੋਹਾਂ ਧੀਆਂ ਨੂੰ ਪੰਜਾਬੀ ਬੋਲਣੀ ਤੇ ਪੜ੍ਹਣੀ



www.PunjabiLibrary.com

ਸਿਖਾਈ। ਹੁਣ ਉਹ ਪੰਜਾਂ ਸਾਲਾਂ ਬਾਅਦ ਇੰਡੀਆ ਜ਼ਰੂਰ ਆਉਂਦੀ ਆ।"

"ਤੁਸੀਂ ਬਾਹਰੋਂ ਆਏ ਹੋ ?" ਉਹ ਰੰਗ-ਰੂਪ ਤੋਂ ਬਾਹਰੋਂ ਆਈ ਨਹੀਂ ਲੱਗਦੀ ਸੀ, ਇਸ ਲਈ ਮੈਂ ਪੁੱਛਿਆ ਸੀ।

"ਹਾਂ ਜੀ, ਅਮੈਰੀਕਾ ਤੋਂ।"

"ਲੱਗਦੇ ਤਾਂ ਨ੍ਹੀਂ ?" ਮਹਿੰਦਰ ਨੇ ਕਿਹਾ ਸੀ।

"ਇਹ ਇਸ ਲਈ ਆ ਕਿ ਸਾਡਾ ਕੁਦਰਤੀ ਰੰਗ ਨ੍ਹੀਂ ਬਦਲਦਾ।"

"ਜਦੋਂ ਕੋਈ ਬਾਹਰੋਂ ਆਉਂਦਾ ਤਾਂ ਚਾਰ ਦਿਨ ਗੋਰਾ-ਚਿੱਟਾ ਰਹਿੰਦਾ-ਫੇਰ ਆਪਣੇ ਅਸਲੀ ਰੰਗ 'ਚ ਆ ਜਾਂਦਾ।" ਮੈਂ ਕਿਹਾ ਸੀ।

"ਇਹੀ ਤਾਂ ਸਾਨੂੰ ਗੋਰਿਆਂ ਤੋਂ ਵੱਖ ਕਰਦਾ।"

ਬਸ ਸਤਲੁਜ ਦਰਿਆ ਦੇ ਪੁੱਲ ਉਪਰੋਂ ਦੀ ਲੰਘੀ ਸੀ ਤਾਂ ਮਹਿੰਦਰ ਨੇ ਦਰਿਆ ਵਾਲੇ ਪਾਸੇ ਨੂੰ ਮੇਰਾ ਮੂੰਹ ਕਰਕੇ ਕਿਹਾ ਸੀ, "ਸਤਪਾਲ, ਦੇਖ ਬਾਹਰਲੇ ਪਾਸੇ।" ਯੂਪੀ ਤੇ ਬਿਹਾਰ ਤੋਂ ਆਏ ਲੋਕ ਲੱਕ-ਲੱਕ ਪਾਣੀ 'ਚ ਖੜੇ ਬੇੜੀ ਵਰਗਾ ਕੁਝ ਤਾਰ ਰਹੇ ਸੀ। ਪ੍ਰੀਆ ਨੇ ਪੁੱਛਿਆ ਸੀ, "ਭਾਜੀ-ਇਹ ਕਿਯਾ ਹੈ ?" ਮੈਂ ਉਹਨੂੰ ਦੱਸਿਆ ਸੀ ਕਿ ਯੂਪੀ ਤੇ ਬਿਹਾਰ ਦੇ ਲੋਕ ਛੱਠ ਪੂਜਾ ਕਰਦੇ ਹਨ। ਇਹ ਦੀਵਾਲੀ ਤੋਂ ਛੇ ਦਿਨ ਬਾਅਦ ਹੁੰਦੀ ਹੈ। ਬੇੜੀ ਨੂੰ ਖੂਬ ਸਜਾਇਆ ਜਾਂਦਾ ਹੈ। ਵਿਚਕਾਰ ਤਰ੍ਹਾਂ ਤਰ੍ਹਾਂ ਦੇ ਫਲ ਤੇ ਮਿਠਾਈਆਂ ਰੱਖੀਆਂ ਜਾਂਦੀਆਂ ਹਨ। ਇਹ ਪੂਜਾ ਸੂਰਜ ਦੇ ਚੜਣ ਤੇ ਛਿਪਣ ਵੇਲੇ ਹੀ ਹੋ ਸਕਦੀ ਹੈ। ਇਸ ਦਿਨ ਜੋ ਕੁਝ ਵੀ ਆਪਣੇ ਈਸ਼ਟ ਤੋਂ ਮੰਗਿਆ ਜਾਂਦਾ ਹੈ, ਉਹੀ ਮਿਲ ਜਾਂਦਾ ਹੈ। ਇਹ ਪੂਜਾ ਵਗਦੇ ਪਾਣੀ 'ਚ ਕੀਤੀ ਜਾਂਦੀ ਹੈ। ਜੇ ਕਿਤੇ ਦੋ ਦਰਿਆਵਾਂ ਦਾ ਸੰਗਮ ਹੋਵੇ ਤਾਂ ਇਹਨੂੰ ਸ਼ੁੱਭ ਸਮਝਿਆ ਜਾਂਦਾ ਹੈ।

ਮਹਿੰਦਰ ਨੇ ਕਿਹਾ ਸੀ, "ਜਿੱਥੇ ਵੀ ਕੋਈ ਜਾਂਦਾ-ਉਹ ਆਪਣੇ ਰਸਮੋ ਰਿਵਾਜ਼ ਨਾਲ ਹੀ ਲੈ ਕੇ ਜਾਂਦਾ। ਇਹ ਆਪਣੇ ਮੁਲਕ ਦੇ ਬਸ਼ਿੰਦੇ ਆ-ਪਰ ਇਨ੍ਹਾਂ ਦਾ ਆਪਣਾ ਕਲਚਰ ਆ।"

ਮੈਨੂੰ ਕੁਝ ਦਿਨ ਪਹਿਲਾਂ ਕਿਤੇ ਪੜ੍ਹਿਆ ਯਾਦ ਆ ਗਿਆ ਸੀ। ਹਿੰਦੀ ਦਾ ਇਕ ਲੇਖਕ ਹੈ ਅਸਗਰ ਵਜਾਹਤ। ਉਹਨੇ ਆਪਣੇ ਪਰਿਵਾਰ ਦਾ ਸਾਢੇ ਚਾਰ ਸੌ ਸਾਲ ਪੁਰਾਣਾ ਪਿੰਡ ਲੱਭਿਆ ਹੈ। ਉਨ੍ਹਾਂ ਦਾ ਵੱਡਾ ਵਡੇਰਾ ਸੱਯਦ ਇਕਰਾਮੁਦੀਨ ਇਰਾਕ ਦੇ ਕਸਬੇ ਖ਼ਾਫ਼ ਤੋਂ ਹੁੰਮਾਯੂ ਦੀ ਸੈਨਾ ਨਾਲ ਹਿੰਦੋਸਤਾਨ ਆਇਆ ਸੀ। 16ਵੀਂ ਸਦੀ 'ਚ। ਖ਼ਾਫ਼ ਤੇਹਰਾਨ ਤੋਂ ਸਾਢੇ ਤਿੰਨ ਸੌ ਮੀਲ ਦੂਰ ਹੈ। ਜਦੋਂ ਉਹ ਆਪਣੇ ਜੱਦੀ ਪਿੰਡ ਖ਼ਾਫ਼ ਪਹੁੰਚਿਆ ਤਾਂ ਉਸ ਦੇਖਿਆ ਕਿ ਉਥੋਂ ਦੇ ਘਰ ਬਿਲਕੁਲ ਉਹੋ ਜਿਹੇ ਸੀ ਜਿਹੋ ਜਿਹੇ ਅਸਗਰ ਵਜਾਹਤ ਦੇ ਅਲੀਗੜ੍ਹ ਜ਼ਿਲ੍ਹੇ 'ਚ ਪੈਂਦੇ ਆਪਣੇ ਪਿੰਡ ਫਤਹਿਪੁਰ 'ਚ ਸੀ। ਉਹਨੂੰ ਉਥੇ ਖੜਿਆਂ ਯਾਦ ਆਇਆ ਸੀ ਕਿ ਉਥੋਂ ਦੇ ਦਰਵਾਜ਼ੇ ਬਿਲਕੁਲ ਉਨ੍ਹਾਂ ਦੇ ਘਰਾਂ ਵਰਗੇ ਸੀ। ਦਰਵਾਜ਼ੇ ਉਪਰ ਜੰਜੀਰ ਲਗੀ ਸੀ ਜਿਸ ਤੋਂ ਘੰਟੀ ਦਾ ਕੰਮ ਵੀ ਲਿਆ ਜਾਂਦਾ ਸੀ। ਖ਼ਾਫ਼ ਦੀ ਮਜਸਿਦ ਦੀ ਬਣਤਰ ਵੀ ਉਹੋ ਜਿਹੀ ਹੀ ਸੀ ਜਿਹੋ ਜਿਹੀ ਉਸ ਦੇ ਆਪਣੇ ਪਿੰਡ 'ਚ ਸੀ। ਉਹਨੂੰ ਫੇਰ ਬਹੁਤ ਕੁਝ ਹੋਰ ਯਾਦ ਆਇਆ ਸੀ। ਉਨ੍ਹਾਂ ਦੇ ਇਕ ਪੁਰਖੇ ਜੈਨੁਲਆਬਦੀਨ ਖਾਂ ਦੀ ਕਬਰ



'ਤੇ ਉਹ ਦੇ ਨਾਂ ਨਾਲ ਨੇਸ਼ਾਬੁਰੀ ਨਾਂ ਵੀ ਲਿਖਿਆ ਹੋਇਆ ਸੀ। ਕਦੇ ਈਰਾਨ ਦੇ ਇਸ ਇਲਾਕੇ 'ਚ ਨੀਸ਼ਾਬੁਰ ਸ਼ਹਿਰ ਹੁੰਦਾ ਸੀ। ਫੇਰ ਉਸ ਇਕ ਬੁੱਢਾ ਦੇਖਿਆ ਸੀ ਜਿਹੜਾ ਬਿਲਕੁਲ ਉਸ ਦੇ ਬਾਬੇ ਵਾਂਗ ਪੈਰਾਂ ਭਾਰ ਬੈਠਾ ਸੀ। ਇਕ ਹੋਰ ਬੁੱਢਾ ਦੇਖਿਆ ਸੀ ਜਿਹੜਾ ਉਸ ਦੇ ਬਾਬੇ ਵਾਂਗ ਹੀ ਖਾ ਰਿਹਾ ਸੀ। ਇਕ ਹੋਰ ਬੁੱਢਾ ਉਸ ਦੇ ਆਪਣੇ ਬਾਬੇ ਵਾਂਗ ਹੀ ਤੁਰ ਰਿਹਾ ਸੀ। ਉਹ ਹੈਰਾਨ ਰਹਿ ਗਿਆ ਸੀ ਕਿ ਸਾਢੇ ਚਾਰ ਸੌ ਸਾਲ ਬੀਤਣ ਉਪਰੰਤ ਵੀ ਆਪਸ 'ਚ ਕਿੰਨਾ ਕੁਝ ਮਿਲਦਾ ਸੀ।

ਮੈਂ ਇਹੀ ਪ੍ਰੀਆ ਨੂੰ ਦੱਸਣ ਹੀ ਲਗਾ ਸੀ ਕਿ ਉਹ ਬੋਲ ਪਈ ਸੀ, "ਬੰਦਾ ਜਿਥੇ ਵੀ ਜਾਂਦਾ-ਆਪਣੀ ਤਹਿਜ਼ੀਬ ਦੇ ਅੰਸ਼ ਨਾਲ ਹੀ ਲੈ ਕੇ ਜਾਂਦਾ। ਸਦੀਆਂ ਬੀਤ ਜਾਂਦੀਆਂ-ਪਰ ਇਹ ਅੰਸ਼ ਨ੍ਹੀਂ ਮਰਦੇ। ਕਿਸੇ ਵੀ ਥਾਂ 'ਤੇ ਜਾ ਕੇ ਦੇਖ ਲਉ-ਤੁਹਾਨੂੰ ਇਹੀ ਕੁਸ਼ ਮਿਲੇਗਾ।"

"ਸ਼ਾਇਦ ਜੀਨਸ ਦਾ ਅਸਰ ਹੋਵੇ।" ਮਹਿੰਦਰ ਨੇ ਕਿਹਾ ਸੀ।

"ਇਹ ਵੀ ਇਕ ਪੱਖ ਆ।"

"ਹੋਰ ਵੀ ਬਹੁਤ ਕੁਸ਼ ਹੁੰਦਾ। ਕੁਸ਼ ਰਸਮੋਂ-ਰਿਵਾਜ਼ ਉਹ ਆਪਣੇ ਕਲਚਰ ਦੇ ਲੈ ਕੇ ਆਉਂਦਾ। ਕੁਸ਼ ਉਥੋਂ ਗ੍ਰਹਿਣ ਕਰਦਾ ਜਿਥੇ ਉਹ ਆ ਕੇ ਵਸਦਾ। ਫੇਰ ਕਈ ਵਾਰ ਮੈਕਸਡ ਕਲਚਰ ਪੈਦਾ ਹੋ ਜਾਂਦਾ। ਇਰਾਨ, ਇਰਾਕ, ਅਫਗਾਨਿਸਤਾਨ ਤੇ ਹੋਰ ਮੱਧ ਏਸ਼ੀਆ ਤੋਂ ਆਏ ਲੋਕਾਂ ਨੇ ਅਜਿਹਾ ਹੀ ਕੀਤਾ ਸੀ। ਹੁਣ ਵੀ ਹੋ ਰਿਹਾ। ਤੁਸੀਂ ਵੀ ਅਮਰੀਕਾ 'ਚ ਰਹਿੰਦੇ ਹੋ। ਇਹ ਗੱਲ ਠੀਕ ਹੈ ਨਾ ?"

"ਅਸੀਂ ਅਮਰੀਕਾ 'ਚ ਜਾ ਕੇ ਆਪਣੇ ਰਸਮ-ਰਿਵਾਜ਼ ਨ੍ਹੀਂ ਭੁੱਲੇ। ਇਕ ਵਾਰ ਵੱਡੇ-ਵਡੇਰਿਆਂ ਦੇ ਸ਼ਰਾਧ ਸੀ। ਸਾਨੂੰ ਕੋਈ ਬੰਦਾ ਨਾ ਲੱਭੇ ਜਿਹਨੂੰ ਸ਼ਰਾਧ ਖੁਆਇਆ ਜਾਵੇ। ਮੈਂ ਜਕੋਤਕੀ 'ਚ ਪਈ ਨੇ ਗੁਆਂਢੀ ਬਜ਼ੁਰਗ ਮਾਈਕਲ ਨਾਲ ਸੁਲਾਹ ਮਾਰੀ। ਪਹਿਲਾਂ ਤਾਂ ਉਹਨੇ ਨਾਂਹ ਕਰ ਦਿੱਤੀ। ਫੇਰ ਮੇਰੇ ਸਮਝਾਉਣ 'ਤੇ ਉਹ ਮੰਨ ਗਿਆ। ਪੂਰੀਆਂ, ਕੜਾਹ ਤੇ ਕਾਬਲੀ ਛੋਲੇ ਖਾ ਕੇ ਉਹ ਬਹੁਤ ਖੁਸ਼ ਹੋਇਆ। ਹੁਣ ਅਸੀਂ ਹਰ ਸਾਲ ਉਹਨੂੰ ਸ਼ਰਾਧ ਵੇਲੇ ਖਾਣਾ ਖੁਆਉਂਦੇ ਆਂ। ਉਹ ਬੜੇ ਚਾਅ ਨਾਲ ਖਾਂਦਾ।"

"ਤੁਹਾਡਾ ਭਰਾ ਇਧਰ ਆ ਜਾਂ ਉਧਰ ?"

"ਉਧਰ ਹੀ ਆ। ਕੈਲੇਫੋਰਨੀਆਂ ਸਟੇਟ ਦੇ ਸ਼ਹਿਰ ਫਰੈਜਨੋ 'ਚ।"

"ਫੇਰ ਤਾਂ ਤੁਸੀਂ ਆਪਣੇ ਭਰਾ ਨੂੰ ਰਖੜੀ ਭੇਜਦੇ ਹੋਵੋਂਗੇ।"

"ਨ੍ਹੀਂ, ਮੈਂ ਬਾਈ ਪੋਸਟ ਨ੍ਹੀਂ ਭੇਜਦੀ। ਆਪ ਜਾਣੀ ਆਂ। ਮੇਰਾ ਵੱਡਾ ਭਰਾ ਮੈਨੂੰ ਅਡਵਾਂਸ ਹੀ ਏਅਰ-ਟਿਕਟ ਭੇਜ ਦਿੰਦਾ। ਮੈਂ ਹਫਤਾ ਭਰ ਉਸ ਕੋਲ ਰਹਿ ਕੇ ਆਉਂਦੀ ਆ। ਅਸੀਂ ਆਪਣੇ ਪਿੱਛੇ ਨੂੰ ਕਦੇ ਨ੍ਹੀਂ ਭੁੱਲੇ। ਭੁੱਲ ਹੀ ਨ੍ਹੀਂ ਸਕਦੇ। ਐਦਾਂ ਹੀ ਉਹ ਲੋਹੜੀ ਦੇ ਨੇੜੇ-ਤੇੜੇ ਮੇਰੇ ਕੋਲ ਆਉਂਦਾ। ਮੇਰੇ ਨਾਂਹ-ਨਾਂਹ ਕਰਦਿਆਂ ਵੀ ਮੈਨੂੰ ਨਾਲ ਲੈ ਜਾ ਕੇ ਪ੍ਰਚੇਜ ਕਰਵਾਉਂਦਾ। ਮੇਰੀ ਇਕ ਵੀ ਗੱਲ ਨ੍ਹੀਂ ਸੁਣਦਾ/ਮੰਨਦਾ। ਇਹੀ ਕਹੀ ਜਾਂਦਾ-ਤੂੰ ਮੈਥੋਂ ਛੋਟੀ ਆਂ। ਮੇਰੇ ਵੀ ਕੁਝ ਫਰਜ਼ ਬਣਦੇ ਆ। ਮੈਂ ਜੀਉਂਦਿਆਂ ਜੀਅ ਇਹ ਫਰਜ਼ ਨਿਭਾਉਣੇ ਆ।"

ਫੇਰ ਸਾਡੀ ਗੱਲਬਾਤ ਰੀਸ਼ੈਸ਼ਨ ਵਾਲੇ ਪਾਸੇ ਤੁਰ ਪਈ ਸੀ। ਮੈਂ ਉਸ ਨੂੰ ਅਮਰੀਕਾ



www.PunjabiLibrary.com

ਦੇ 'ਰੀਸ਼ੈਸ਼ਨ' ਦੇ ਕਾਰਨਾਂ ਬਾਰੇ ਪੁੱਛਿਆ ਸੀ। ਉਸ ਦੱਸਿਆ ਸੀ ਕਿ ਰੀਸ਼ੈਸ਼ਨ ਨੇ ਕਾਰੋਬਾਰਾਂ ਨੂੰ ਬੁਰੀ ਤਰ੍ਹਾਂ ਫੇਲ੍ਹ ਕੀਤਾ ਹੋਇਆ ਹੈ। ਸਭ ਤੋਂ ਵੱਡੀ ਮਾਰ ਗੋਰੇ ਖਾ ਰਹੇ ਹਨ। ਕਈ ਤਾਂ ਬੇਘਰੇ ਹੋ ਗਏ ਹਨ। ਉਨ੍ਹਾਂ ਨੂੰ ਅਪਾਰਟਮੈਂਟਾਂ 'ਚ ਰਹਿਣਾ ਪੈ ਰਿਹਾ ਹੈ। ਉਬਾਮਾ ਨੇ ਸੀਨੀਅਰ ਸੀਟੀਜਨਾਂ ਨੂੰ ਢੇਡ ਸੌ ਡਾਲਰ ਪ੍ਰਤੀ ਹਫਤਾ ਖਰਚਣ ਲਈ ਦਿੱਤੇ ਸੀ ਪਰ ਉਨ੍ਹਾਂ ਨੇ ਇਹ ਪੈਸੇ ਖਰਚੇ ਨਹੀਂ। ਇਸੇ ਕਰਕੇ ਸਟੋਰਾਂ 'ਚ ਬੇਰੌਣਕੀ ਪਸਰੀ ਹੋਈ ਹੈ। ਜਿਸ ਕਿਸੇ ਫੈਕਟਰੀ 'ਚ ਕਾਮਿਆਂ ਦੀ ਛਾਂਟੀ ਹੁੰਦੀ ਹੈ ਤਾਂ ਪਹਿਲਾਂ ਏਸ਼ੀਅਨ ਲੋਕਾਂ ਨੂੰ 'ਜੌਬਾਂ' ਤੋਂ ਹਟਾਇਆ ਜਾਂਦਾ ਹੈ। ਏਸ਼ੀਅਨ ਲੋਕਾਂ ਦਾ ਇਸ ਗੱਲੋਂ ਬਚਾ ਹੈ ਕਿ ਉਹ ਭਵਿੱਖ ਲਈ ਬਚਾ ਕੇ ਰੱਖਦੇ ਹਾਂ। ਇਸ ਰੀਸ਼ੈਸ਼ਨ ਦੇ ਵੱਡੇ ਕਾਰਨਾਂ ਨੂੰ ਫੜਿਆ ਨਹੀਂ ਜਾ ਰਿਹਾ।

ਮੈਂ ਉਸਨੂੰ ਆਪਣੇ ਦੋਸਤ ਹਰਜੀਤ ਅਟਵਾਲ ਵੱਲੋਂ ਸੁਣਾਈ ਗਈ ਘਟਨਾ ਨੂੰ ਜਿਉਂ ਦਾ ਤਿਉਂ ਸੁਣਾਇਆ ਸੀ, "ਕਿਸੇ ਸ਼ਹਿਰ 'ਚ ਕੋਈ ਅਮੀਰ ਰਹਿੰਦਾ ਸੀ। ਉਸਨੇ ਲੋਕਾਂ ਨੂੰ ਕਿਹਾ ਕਿ ਸ਼ਹਿਰ 'ਚ ਜਿੰਨੇ ਬਾਂਦਰ ਆ-ਉਹ ਫੜ ਲਿਆਉ। ਉਹ ਪ੍ਰਤੀ ਬਾਂਦਰ ਤੀਹ ਰੁਪਈਏ ਦੇਵੇਗਾ। ਲੋਕਾਂ ਨੇ ਬਹੁਤ ਸਾਰੇ ਬਾਂਦਰ ਫੜ ਲਿਆਂਦੇ। ਅਮੀਰ ਬੰਦੇ ਕੋਲ ਲਿਆ ਵੇਚੇ। ਅਮੀਰ ਬੰਦੇ ਨੇ ਫੇਰ ਸ਼ਹਿਰ 'ਚ ਹੋਕਾ ਦੁਆਇਆ ਕਿ ਜੇ ਕੋਈ ਬਾਂਦਰ ਅਜੇ ਵੀ ਬਚਿਆ ਆ ਤਾਂ ਉਹ ਵੀ ਫੜ ਲਿਆਉ। ਉਹ ਹਰੇਕ ਬਾਂਦਰ ਦੇ ਪੰਜਾਹ ਰੁਪਈਏ ਦੇਵੇਗਾ। ਲੋਕਾਂ ਨੇ ਲੱਭ ਲੱਭ ਕੇ ਬਾਕੀ ਬਚੇ ਬਾਂਦਰ ਵੀ ਫੜ ਲਿਆਂਦੇ। ਕੁਝ ਦਿਨਾਂ ਬਾਅਦ ਉਸ ਅਮੀਰ ਬੰਦੇ ਨੇ ਅਖ਼ਬਾਰਾਂ, ਰੇਡੀਓ ਤੇ ਟੈਲੀਵਿਜ਼ਨ 'ਚ ਇਸ਼ਤਿਹਾਰ ਦਿੱਤੇ ਕਿ ਹੁਣ ਜੋ ਕੋਈ ਵੀ ਬਾਂਦਰ ਫੜ ਕੇ ਲਿਆਵੇਗਾ ਤਾਂ ਉਹ ਉਸ ਨੂੰ ਸੌ ਰੁਪਈਆ ਦੇਵੇਗਾ। ਲੋਕਾਂ ਦੀਆਂ ਵਾਂਛਾਂ ਖਿੜ ਗਈਆਂ। ਉਨ੍ਹਾਂ ਨੇ ਆਪਣੇ ਆਲੇ ਦੁਆਲੇ ਕੋਈ ਵੀ ਬਾਂਦਰ ਨਾ ਰਹਿਣ ਦਿੱਤਾ। ਜਿਸ ਕਿਸੇ ਨੇ ਪਹਿਲਾਂ ਲੁਕੋ ਕੇ ਰੱਖਿਆ ਸੀ, ਉਹ ਵੀ ਲਿਆ ਵੇਚਿਆ। ਜਦੋਂ ਅਮੀਰ ਬੰਦੇ ਨੂੰ ਇਸ ਗੱਲ ਦਾ ਵਿਸ਼ਵਾਸ ਹੋ ਗਿਆ ਕਿ ਹੁਣ ਉਸ ਦੇ ਸ਼ਹਿਰ 'ਚ ਕੋਈ ਬਾਂਦਰ ਨ੍ਹੀਂ ਰਿਹਾ ਤਾਂ ਉਸ ਬਾਂਦਰਾਂ ਦਾ ਹਿਸਾਬ-ਕਿਤਾਬ ਲਾਇਆ। ਬਾਜ਼ਾਰ 'ਚ ਗਿਆ। ਉਸ ਪ੍ਰਤੀ ਬਾਂਦਰ ਸੱਠ ਰੁਪਈਏ ਮੁੱਲ ਰੱਖਿਆ। ਪਰ ਬਾਜ਼ਾਰ 'ਚ ਬਾਂਦਰਾਂ ਦਾ ਕੋਈ ਗ੍ਰਾਹਕ ਹੀ ਨ੍ਹੀਂ ਸੀ। ਕੋਈ ਵੀਹ ਰੁਪਏ ਪ੍ਰਤੀ ਬਾਂਦਰ ਵੀ ਖਰੀਦਣ ਨੂੰ ਤਿਆਰ ਨ੍ਹੀਂ ਸੀ।"

ਉਹ ਹੱਥ 'ਤੇ ਹੱਥ ਮਾਰ ਕੇ ਹੱਸੀ ਸੀ। ਉਸ ਕਿਹਾ ਸੀ, "ਦੇਖੋ, ਤੁਹਾਡਾ ਦੋਸਤ ਕਿੱਡੀ ਵੱਡੀ ਗੱਲ ਕਹਿ ਗਿਆ। ਇਹੀ ਗੱਲਾਂ ਸਾਡੇ ਬਜ਼ੁਰਗ ਵੀ ਘੁੰਮ-ਘੁੰਮਾ ਕੇ ਕਰਦੇ ਸੀ। ਉਹ ਸਿੱਧੀ ਗੱਲ ਨ੍ਹੀਂ ਕਰਦੇ ਸਨ। ਆਪਣੀ ਗੱਲ ਮਨਾਉਣ ਲਈ ਕਿਸੇ ਕਥਾ-ਕਹਾਣੀ ਜਾਂ ਮਿੱਥ ਆ ਆਸਰਾ ਲੈਂਦੇ ਸੀ....ਹੁਣ ਸਾਰਾ ਚੱਕਰ ਤਾਂ ਸ਼ੇਅਰ ਮਾਰਕੀਟ ਦਾ ਸੀ। ਇਕ ਹੋਰ ਵੀ ਗੱਲ ਆ। ਅਮਰੀਕਾ ਦੇ ਅਰਬਪਤੀ ਬਰਾਕ ਉਬਾਮਾ ਨੂੰ ਬਲੈਕ ਹੋਣ ਕਰਕੇ ਪਸੰਦ ਨ੍ਹੀਂ ਕਰਦੇ। ਇਸੇ ਲਈ ਉਹਨਾਂ ਮਾਰਕੀਟ ਤੋਂ ਪੈਸਾ ਖਿੱਚ ਲਿਆ।"

"ਅੱਛਾ...ਇਹ ਗੱਲ ਵੀ ਆ," ਮੈਂ ਹੈਰਾਨ ਹੁੰਦਿਆਂ ਪੁੱਛਿਆ ਸੀ।

"ਕੰਧ ਪਿਛੇ ਬਹੁਤ ਕੁਝ ਹੁੰਦਾ ਆ ਜਿਹੜਾ ਸਾਨੂੰ ਨ੍ਹੀਂ ਦਿੱਸਦਾ ਜਾਂ ਸਾਡਾ ਧਿਆਨ ਉਸ ਪਾਸੇ ਜਾਂਦਾ ਹੀ ਨ੍ਹੀਂ।" ਉਸਦੇ ਟੈਲੀਫੋਨ 'ਤੇ ਕੋਈ ਮੈਸਿਜ ਆਇਆ ਸੀ। ਉਸ ਪੜ੍ਹ ਕੇ ਕਹਿਣਾ ਸ਼ੁਰੂ ਕੀਤਾ ਸੀ, "ਫੇਰ ਸਾਡੇ ਤੇ ਉਨ੍ਹਾਂ ਦੇ ਕਲਚਰ 'ਚ ਜ਼ਮੀਨ-ਅਸਮਾਨ ਦਾ



ਫਰਕ ਆ। ਅਸੀਂ ਆਪਣੇ ਬਾਰੇ ਘੱਟ ਤੇ ਦੂਜਿਆਂ ਬਾਰੇ ਜ਼ਿਆਦਾ ਫਿਕਰਮੰਦ ਹੁੰਦੇ ਆਂ। ਲੋਕ ਭਾਵੇਂ ਸਾਨੂੰ ਜਿੰਨਾ ਮਰਜ਼ੀ ਨਿੰਦਣ-ਸਾਡੀ ਆਪਣੀ ਤਹਿਜੀਬ ਆ। ਸਾਡੇ ਇਥੇ ਮਾਡਲ ਹਾਊਸ 'ਚ ਇਕ ਹਿੰਦੂ ਜੈਂਟਲਮੈਨ ਆ ਜਿਹੜਾ ਹਰ ਰੋਜ਼ ਸਵੇਰ ਨੂੰ ਦੋ ਕਿਲੋ ਦੁੱਧ ਅਵਾਰਾ ਕੁੱਤਿਆਂ ਨੂੰ ਪਿਲਾਉਂਦਾ ਆ। ਉਹਨੇ ਹਲਵਾਈ ਦੀ ਦੁਕਾਨ ਕੋਲ ਨੁਕਰ 'ਚ ਮਿੱਟੀ ਦੇ ਦੋ ਕੂੰਡੇ ਰੱਖੇ ਹੋਏ ਆ। ਉਹ ਉੱਨਾ ਚਿਰ ਉਥੇ ਖੜ੍ਹਾ ਰਹਿੰਦਾ ਆ ਜਿਨ੍ਹਾਂ ਚਿਰ ਕੁੱਤੇ ਦੁੱਧ ਚਟਮ ਨ੍ਹੀਂ ਕਰ ਜਾਂਦੇ। ਮੇਰੇ ਮੰਮੀ ਜੀ ਦੱਸਦੇ ਸੀ ਕਿ ਮਾਡਲ ਹਾਊਸ 'ਚ ਹੀ ਇਕ ਹੋਰ ਜੈਂਟਲਮੈਨ ਰਹਿੰਦੇ ਆ ਜਿਹੜੇ ਕਿ ਹਰ ਰੋਜ਼ ਸਵੇਰ ਨੂੰ ਠੀਕ ਛੇ ਵਜੇ ਘਰੋਂ ਵੱਡੀ ਕੇਤਲੀ 'ਚ ਚਾਹ ਤੇ ਟੋਕਰੀ 'ਚ ਰੱਸ਼ ਲੈ ਕੇ, ਮਾਤਾ ਵੈਸ਼ਨੋ ਦੇਵੀ ਦੇ ਮੰਦਿਰ ਕੋਲ ਆ ਖੜਦੇ ਆ ਤੇ ਗਰੀਬ ਗੁਰਬੇ ਨੂੰ ਹਾਕਾਂ ਮਾਰ-ਮਾਰ ਕੇ ਚਾਹ ਤੇ ਰੱਸ਼ ਖਵਾਉਂਦੇ ਆ। ਅਸੀਂ ਤਾਂ ਬਹੁਤੀ ਵਾਰ ਜਿਉਂਦੇ ਹੀ ਦੂਜਿਆਂ ਲਈ ਆਂ। ਸਾਡੇ ਉਧਰ ਜੰਮੇ ਬੱਚਿਆਂ ਨੂੰ ਇਨ੍ਹਾਂ ਗੱਲਾਂ ਦਾ ਗਿਆਨ ਨ੍ਹੀਂ। ਉਨ੍ਹਾਂ ਨੂੰ ਤਾਂ ਸਿਰਫ਼ ਇੰਡੀਆ ਦੀ ਗਰੀਬੀ ਹੀ ਦਿੱਸਦੀ ਆ....।" ਫੇਰ ਉਸ ਆਪਣੇ ਕਾਰੋਬਾਰ ਬਾਰੇ ਦੱਸਿਆ ਸੀ। ਉਨ੍ਹਾਂ ਦਾ ਸਟੋਰ ਠੀਕ-ਠਾਕ ਚਲ ਰਿਹਾ ਹੈ ਕਿਉਂਕਿ ਉਥੇ ਥੋੜ੍ਹੇ ਕੁ ਏਸ਼ੀਅਨ ਲੋਕ ਰਹਿੰਦੇ ਹਨ। ਜੇ ਉਨ੍ਹਾਂ ਨੂੰ ਕੋਈ ਜ਼ਿਆਦਾ ਕਮਾਈ ਨਹੀਂ ਹੁੰਦੀ ਤਾਂ ਬਹੁਤਾ ਘਾਟਾ ਵੀ ਨਹੀਂ ਪੈ ਰਿਹਾ।

ਮਹਿੰਦਰ ਨੇ ਪੁੱਛਿਆ ਸੀ, "ਤੁਸੀਂ ਇਨ੍ਹਾਂ ਪੰਦਰਾਂ ਸਾਲਾਂ 'ਚ ਬਿਲਕੁਲ ਨ੍ਹੀਂ ਬਦਲੇ?"

"ਮੈਂ ਬਦਲੀ ਆਂ। ਅਮਰੀਕਾ 'ਚ ਕੰਮ ਕਰਦਿਆਂ ਹੋਇਆਂ ਮੈਨੂੰ ਉਥੋਂ ਦੇ ਅਨੁਸਾਰ ਜਿਊਣਾ ਪੈਂਦਾ ਆ। ਘਰ ਆ ਕੇ ਮੈਂ ਇੰਡੀਅਨ ਬਣ ਜਾਂਦੀ ਆਂ। ਇੰਡੀਆ 'ਚ ਆ ਕੇ ਵੀ ਮੈਂ ਪਹਿਲਾਂ ਜਿਹੀ ਹੋ ਜਾਂਦੀ ਆਂ। ਜਾਂ ਕਹਿ ਲਉ-ਉਦਾਂ ਦੀ ਹੋ ਗਈ ਆਂ।"

"ਤੁਸੀਂ ਵਾਪਸ ਆਉਣ ਬਾਰੇ ਐਡਾ ਵੱਡਾ ਫੈਸਲਾ ਕਿਉਂ ਲਿਆ?" ਮੈਂ ਉਸ ਨੂੰ ਪੁੱਛਿਆ ਸੀ।

"ਬੱਚਿਆਂ ਕਰਕੇ।"

"ਬੱਚਿਆਂ ਕਰਕੇ! ਇਹ ਕੀ ਗੱਲ ਹੋਈ। ਇਥੇ ਤਾਂ ਅੱਜ ਕਲ੍ਹ ਮੁੰਡੇ-ਕੁੜੀਆਂ ਬਾਹਰ ਜਾਣ ਲਈ ਪੱਬਾਂ ਭਾਰ ਹੋਏ ਫਿਰਦੇ ਆ। ਜਿਦਾਂ ਮਰਜ਼ੀ ਜਾਣਾ ਪਏ-ਭਾਵੇਂ ਸਮੁੰਦਰ 'ਚ ਵੀ ਤੈਰ ਕੇ ਜਾਣਾ ਪਵੇ। ਪਹਾੜਾਂ ਤੇ ਚੜ੍ਹਦਿਆਂ ਹੋਇਆਂ ਭਾਵੇਂ ਪੈਰ ਛਾਲਿਆਂ ਨਾਲ ਭਰ ਜਾਣ। ਹਰ ਕੋਈ ਚਾਹੁੰਦਾ ਉਹ ਬਾਹਰ ਚਲਾ ਜਾਵੇ। ਪੇਰੈਂਟ ਵੀ ਇਹੀ ਚਾਹੁੰਦੇ। ਤੁਸੀਂ ਉਲਟ ਸੋਚਣਾ ਸ਼ੁਰੂ ਕਰ ਦਿੱਤਾ?"

"ਉਨ੍ਹਾਂ ਦੀਆਂ ਹੋਰ ਪਰੋਬਲਮਜ਼ ਆ। ਸਾਡੀਆਂ ਆਪਣੀਆਂ ਆ।"

ਮੈਂ ਹੈਰਾਨ ਹੁੰਦਿਆਂ ਹੋਇਆਂ ਕਿਹਾ ਸੀ, "ਆਹ ਦੇਖੋ-ਮੁਰਿੰਡੇ 'ਚ ਹੀ ਕਿੰਨੇ ਆਈਲੈਟਸ ਦੇ ਇਸ਼ਤਿਹਾਰ ਲਗੇ ਆ। ਦੁਕਾਨਾਂ ਖੁੱਲ੍ਹ ਗਈਆਂ। ਕਿਸ ਵਾਸਤੇ। ਬਾਹਰ ਜਾਣ ਲਈ।"

"ਮੈਂ ਤੁਹਾਨੂੰ ਦੱਸਿਆ ਆ ਨਾ ਕਿ ਸਾਡੀਆਂ ਹੋਰ ਪਰੋਬਲਮਜ਼ ਆ। ਇਕ ਨਿੱਕੀ ਜਿਹੀ ਘਟਨਾ ਦੱਸਦੀ ਆਂ। ਇਕ ਵਾਰ ਨਿਊਯਾਰਕ ਦੇ ਨੇੜਲੇ ਸ਼ਹਿਰ ਸਾਡਾ ਸਟੋਰ ਸੀ।



www.PunjabiLibrary.com

ਉਥੇ ਕਾਲੇ ਲੋਕਾਂ ਦੀ ਬਹੁ-ਗਿਣਤੀ ਸੀ। ਉਹ ਹਿੱਕ ਦੇ ਜ਼ੋਰ ਨਾਲ ਸਾਮਾਨ ਲੈ ਜਾਂਦੇ। ਪੈਸੇ ਨਾ ਦਿੰਦੇ। ਕਈ ਵਾਰ ਟੈੱਲ ਵੀ ਖਾਲੀ ਕਰ ਜਾਂਦੇ। ਅਸੀਂ ਬੁਰੀ ਤਰ੍ਹਾਂ ਫਸੇ ਸੀ। ਇਕ ਦਿਨ ਉਥੋਂ ਦਾ ਇਕ ਕਾਲਾ ਬਦਮਾਸ਼ ਸਾਡੇ ਸਟੋਰ 'ਚ ਆ ਵੜਿਆ। ਉਹਨੇ ਦੱਸਿਆ ਕਿ ਉਸ ਦੇ ਮਗਰ ਪੁਲਿਸ ਲੱਗੀ ਹੋਈ ਆ। ਉਹਨੂੰ ਸਾਡੀ ਹੈਲਪ ਦੀ ਲੋੜ ਆ। ਪੰਜ-ਸੱਤ ਮਿੰਟਾਂ 'ਚ ਪੁਲਿਸ ਆ ਗਈ। ਉਨ੍ਹਾਂ ਕਾਲੇ ਬਾਰੇ ਪੁੱਛਿਆ। ਅਸੀਂ ਦੱਸਿਆ ਕਿ ਇਧਰ ਕੋਈ ਕਾਲਾ ਨ੍ਹੀਂ ਆਇਆ। ਉਨ੍ਹਾਂ ਸਾਡੇ ਕਹੇ 'ਤੇ ਯਕੀਨ ਕਰ ਲਿਆ। ਵਾਪਸ ਮੁੜ ਗਏ। ਕਾਲਾ ਸਾਰਾ ਦਿਨ ਸਟੋਰ 'ਚ ਲੁਕਿਆ ਰਿਹਾ। ਰਾਤ ਨੂੰ ਗਿਆ। ਜਾਣ ਲੱਗਿਆਂ ਉਸ ਕਿਹਾ ਕਿ ਜੇ ਸਾਨੂੰ ਕੋਈ ਤਕਲੀਫ ਹੋਵੇ ਤਾਂ ਦੱਸ ਦੇਵੋ। ਮੇਰੇ ਹਸਬੈਂਡ ਨੇ ਸਿਟੀ ਦੇ ਕਈ ਕਾਲਿਆਂ ਬਾਰੇ ਦੱਸਿਆ। ਉਸ ਕਿਹਾ ਕਿ ਅਸੀਂ ਉਸਦੀ ਹੈਲਪ ਕੀਤੀ ਆ-ਹੁਣ ਉਹ ਸਾਡੇ ਬਰੋਬਰ ਖੜ੍ਹਾ ਹੋਵੇਗਾ। ਉਹ ਲਗਾਤਾਰ ਇਕ ਹਫਤਾ ਸਾਡੇ ਸਟੋਰ 'ਤੇ ਆਉਂਦਾ ਰਿਹਾ। ਕਿਸੇ ਕਾਲੇ ਦੀ ਜੁਰਅਤ ਨ੍ਹੀਂ ਪਈ ਕਿ ਸਾਡਾ ਇਕ ਡਾਲਰ ਦਾ ਵੀ ਨੁਕਸਾਨ ਕਰ ਜਾਵੇ। ਮੈਂ ਇਹੀ ਗੱਲ ਆਪਣੇ ਬੱਚਿਆਂ ਨੂੰ ਦੱਸੀ ਤਾਂ ਉਹ ਮੇਰੇ ਨਾਲ ਔਖੇ ਹੋਏ ਕਿ ਮੈਂ ਪੁਲਿਸ ਕੋਲ ਝੂਠ ਕਿਉਂ ਬੋਲੀ।"

ਉਸ ਦਾ ਫੋਨ ਆ ਗਿਆ ਸੀ। ਉਸ ਅੰਗਰੇਜ਼ੀ 'ਚ ਗੱਲਾਂ ਕੀਤੀਆਂ ਸੀ।

ਡਰਾਈਵਰ ਤੇ ਬੋਨਟ 'ਤੇ ਬੈਠੀ ਸਵਾਰੀ ਉੱਚੀ-ਉੱਚੀ ਗੱਲਾਂ ਕਰਨ ਲੱਗੇ ਸਨ। ਸਵਾਰੀ ਨੇ ਡਰਾਈਵਰ ਨੂੰ ਕਹਾਣੀ ਸੁਣਾਈ ਸੀ : "ਇਕ ਗੱਡੀ ਹੁੰਦੀ ਆ ਜਿਸ ਨੂੰ ਪਹਿਲਾਂ ਪਿਉ ਚਲਾਉਂਦਾ ਆ। ਪੁੱਤ ਪਿਛੇ ਬੈਠਦਾ ਆ। ਜਦੋਂ ਪੁੱਤ ਵੱਡਾ ਹੋ ਜਾਂਦਾ ਆ ਤਾਂ ਉਹ ਚਾਹੁੰਦਾ ਆਂ ਕਿ ਹੁਣ ਪਿਉ ਪਿੱਛੇ ਬੈਠੇ। ਗੱਡੀ ਨੂੰ ਪੁੱਤ ਚਲਾਵੇਗਾ। ਜੇ ਤਾਂ ਪਿਉ ਸਿਆਣਾ ਹੋਵੇ ਤਾਂ ਉਹ ਗੱਡੀ ਨੂੰ ਪੁੱਤ ਦੇ ਹਵਾਲੇ ਕਰ ਦਿੰਦਾ ਆ। ਨ੍ਹੀਂ ਤਾਂ ਤੂੰ-ਤੂੰ ਮੈਂ-ਮੈਂ ਹੋਣ ਲੱਗ ਜਾਂਦੀ ਆ।" ਡਰਾਈਵਰ ਨੇ ਕਿਹਾ ਸੀ, "ਸਿਆਣਿਆਂ ਬਿਨਾਂ ਸਰਦਾ ਵੀ ਨ੍ਹੀਂ। ਇਹ ਕਹਾਣੀ ਮੇਰੇ ਨਾਨੇ ਨੇ ਸੁਣਾਈ ਸੀ। ਪੁਰਾਣੇ ਵੇਲਿਆਂ ਦੀ ਗੱਲ ਆ। ਇਕ ਮੁੰਡੇ ਦਾ ਰਿਸ਼ਤਾ ਹੋਣ ਲੱਗਾ ਤਾਂ ਕੁੜੀ ਵਾਲਿਆਂ ਨੇ ਇਹ ਸ਼ਰਤ ਰੱਖ ਦਿੱਤੀ ਕਿ ਜਨੇਤ ਨਾਲ ਸਿਰਫ਼ ਮੁੰਡੇ-ਖੁੰਡੇ ਆਉਣਗੇ। ਨਾਲ ਕੋਈ ਬਜ਼ੁਰਗ ਨ੍ਹੀਂ ਆਉਣਾ ਚਾਹੀਦਾ। ਮੁੰਡੇ ਵਾਲੇ ਮੰਨ ਗਏ। ਕੁੜੀ ਵਾਲੇ ਸੁਹਾਰਾ ਦੇ ਗਏ। ਵਿਆਹ ਦਾ ਦਿਨ ਰੱਖ ਲਿਆ। ਸਿਆਣਿਆਂ ਨੇ ਦੂਰ ਦੀ ਸੋਚੀ। ਦਾਲ 'ਚ ਕੁਸ਼ ਕਾਲਾ-ਕਾਲਾ ਲੱਗਾ। ਜਨੇਤ ਜਾਣ ਲਗੀ ਤਾਂ ਉਨ੍ਹਾਂ ਬਰੀ ਵਾਲੇ ਟਰੰਕ 'ਚ ਮੁੰਡੇ ਦੇ ਤਾਏ ਨੂੰ ਪਾ ਲਿਆ। ਲਉ ਜੀ-ਜਨੇਤ ਜਾ ਪਹੁੰਚੀ। ਉਦੋਂ ਜਨੇਤ ਨੂੰ ਤਿੰਨ ਦਿਨ ਰੱਖਦੇ ਸੀ। ਦੂਜੇ ਦਿਨ ਕੁੜੀ ਵਾਲਿਆਂ ਨੇ ਇਕ ਸ਼ਰਤ ਰੱਖ ਦਿੱਤੀ ਕਿ ਉਹ ਲਾਵਾਂ ਉਦੋਂ ਹੀ ਦੇਣਗੇ ਜਦੋਂ ਮੁੰਡੇ ਰੇਤ ਦੀ ਕੰਧ ਉਸਾਰਣਗੇ। ਪੈ ਗਈ ਪਾਸੂੜੀ। ਰੇਤ ਦੀ ਕੰਧ ਕਿਦਾਂ ਉਸਾਰੀ ਜਾਵੇ। ਮੁੰਡੇ ਨੇ ਬਰੀ ਵਾਲੇ ਟਰੰਕ ਕੋਲ ਬੈਠ ਕੇ ਆਪਣੇ ਤਾਏ ਨੂੰ ਸਾਰੀ ਗੱਲ ਦੱਸੀ। ਤਾਇਆ ਬੜਾ ਸਮਝਦਾਰ ਸੀ। ਉਹਨੇ ਕਿਹਾ ਕਿ ਇਹ ਕਿਹੜੀ ਵੱਡੀ ਗੱਲ ਆ। ਤੁਸੀਂ ਉਨ੍ਹਾਂ ਨੂੰ ਕਹੋ ਕਿ ਉਹ ਛਾਨਣੀ 'ਚ ਪਾਣੀ ਲਈ ਆਉਣ। ਉਹ ਇਸੇ ਪਾਣੀ ਨਾਲ ਰੇਤ ਦੀ ਘਾਣ੍ਹੀ ਕਰਨਗੇ ਤੇ ਰੇਤ ਦੀ ਕੰਧ ਖੜ੍ਹੀ ਕਰਨਗੇ। ਇਹ ਨੂੰ ਕਹਿੰਦੇ ਆ ਬਜ਼ੁਰਗਾਂ ਦੀ ਸਿਆਣਪ। ਨਾ ਛਾਨਣੀ 'ਚ ਪਾਣੀ ਆਵੇ ਤੇ ਨਾ ਹੀ ਕੰਧ ਕਰਨ ਦੀ ਲੋੜ ਪਵੇ।"



ਪ੍ਰੀਆ ਨੇ ਉਨ੍ਹਾਂ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ ਸਨ।

ਮਹਿੰਦਰ ਨੇ ਇਹ ਕਹਾਣੀ ਸੁਣਾਈ ਸੀ, "ਮੇਰੇ ਇਕ ਮਾਸੜ ਸੀ ਕੈਨੇਡਾ ਰਹਿੰਦੇ ਆਪਣੇ ਨੌਂਹ-ਪੁੱਤ ਕੋਲ ਗਏ। ਨੌਂਹ-ਪੁੱਤ ਕੋਲ ਇਕੋ ਕਮਰਾ ਸੀ। ਉਨ੍ਹਾਂ ਆਪਣੇ ਡੈਡੀ ਲਈ ਗੈਰਜ ਕਿਰਾਏ 'ਤੇ ਲੈ ਲਈ ਪਰ ਉਨ੍ਹਾਂ ਨੂੰ ਇਕੱਲਤਾ ਮਹਿਸੂਸ ਨਾ ਹੋਣ ਦਿੱਤੀ। ਸਵੇਰ ਨੂੰ ਕੰਮ 'ਤੇ ਜਾਣ ਲੱਗਿਆਂ ਪੁੱਤ ਆਪਣੇ ਡੈਡੀ ਨੂੰ ਉਠਾਲਦਾ। ਚਾਹ ਦਾ ਗਿਲਾਸ ਤੇ ਦੋ ਬਰੈਡ-ਪੀਸ ਖਾਣ ਨੂੰ ਦਿੰਦਾ। ਦੋ ਕੁ ਘੰਟਿਆਂ ਬਾਅਦ ਨੌਂਹ ਨੇ ਕੰਮ 'ਤੇ ਜਾਣਾ ਹੁੰਦਾ ਸੀ। ਉਹ ਉਨ੍ਹਾਂ ਦਾ ਨਾਸ਼ਤਾ ਤਿਆਰ ਕਰ ਦਿੰਦੀ। ਕੋਲ ਬੈਠ ਕੇ ਉਨ੍ਹਾਂ ਨੂੰ ਖਵਾਉਂਦੀ-ਨਾਲੇ ਆਪ ਖਾਂਦੀ। ਪੁੱਤ ਦਾ ਲੰਚ ਟਾਈਮ ਹੁੰਦਾ ਤਾਂ ਉਹ ਆਪਣੇ ਡੈਡੀ ਨੂੰ ਫੋਨ ਕਰਕੇ ਯਾਦ ਕਰਾਉਂਦਾ ਕਿ ਉਨ੍ਹਾਂ ਨੇ ਫਲਾਣੀ ਟੈਬਲਿਟ ਲੈਣੀ ਆ। ਲੈ ਲਈ ਹੈ ਜਾਂ ਨਹੀਂ। ਫੇਰ ਨੌਂਹ ਦਾ ਫੋਨ ਆ ਜਾਂਦਾ ਕਿ ਡੈਡੀ ਜੀ ਚਾਹ ਬਣਾ ਕੇ ਪੀ ਲਿਉ। ਸ਼ਾਮ ਨੂੰ ਪੁੱਤ ਕੰਮ ਤੋਂ ਆ ਕੇ ਆਪਣੇ ਡੈਡੀ ਕੋਲ ਬੈਠਦਾ। ਦਿਨ ਦੀਆਂ ਹੋਈਆਂ-ਬੀਤੀਆਂ ਦੱਸਦਾ। ਦੋਵੇਂ ਪਿਉ-ਪੁੱਤ ਚਾਹ ਪੀਂਦੇ। ਨੌਂਹ ਆ ਜਾਂਦੀ। ਉਹ ਰਾਤ ਦਾ ਖਾਣਾ ਬਣਾਉਂਦੀ। ਪਿਉ-ਪੁੱਤ ਦੋ-ਦੋ ਪੈੱਗ ਲਾਉਂਦੇ। ਪਿੰਡ ਦੀਆਂ ਯਾਦਾਂ ਸਾਂਝੀਆਂ ਕਰਦੇ। ਤਿੰਨੇ ਜਣੇ ਇਕੱਠੇ ਬੈਠ ਕੇ ਰੋਟੀ ਖਾਂਦੇ। ਪੁੱਤ ਪਿਉ ਨੂੰ ਗੈਰਜ 'ਚ ਛੱਡ ਆਉਂਦਾ। ਉਨ੍ਹਾਂ ਦੀ ਰਜਾਈ ਨੂੰ ਤਿੰਨਾਂ ਪਾਸਿਆਂ ਤੋਂ ਘੁੱਟ ਦਿੰਦਾ ਤੇ ਗੁਡ ਨਾਈਟ ਕਹਿ ਕੇ ਆਪਣੇ ਕਮਰੇ 'ਚ ਆ ਜਾਂਦਾ। ਮਾਸੜ ਜੀ ਨੂੰ ਕਦੇ ਇਕੱਲਤਾ ਮਹਿਸੂਸ ਹੀ ਨਾ ਹੁੰਦੀ.....।"

"ਮੈਂ ਇਹੀ ਕੁਸ਼ ਆਪਣੇ ਬੱਚਿਆਂ ਨੂੰ ਸਿਖਾਉਣਾ ਚਾਹੁੰਦੀ ਆਂ। ਉਹ ਤਾਂ ਹੀ ਸਿੱਖ ਸਕਣਗੇ ਕਿ ਜੇ ਉਹ ਇਥੇ ਆ ਕੇ ਰਹਿਣਗੇ....," ਪ੍ਰੀਆ ਨੇ ਕਿਹਾ ਸੀ।

"ਇਥੇ ਆਉਣ ਨਾਲ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਨ੍ਹੀਂ ਹੋਊਗਾ?"

"ਕੋਈ ਖਾਸ ਨ੍ਹੀਂ।"

"ਮੈਨੂੰ ਲਗਦਾ-ਤੁਹਾਡੇ ਬੱਚੇ ਪੱਛੜ ਜਾਣਗੇ।"

"ਨ੍ਹੀਂ-ਐਦਾਂ ਨ੍ਹੀਂ ਹੁੰਦਾ।"

"ਪਰ ਸਾਡੇ ਬੱਚੇ ਤਾਂ ਪਿੰਡਾਂ, ਸ਼ਹਿਰਾਂ 'ਚੋਂ ਚੰਡੀਗੜ੍ਹ ਤੇ ਹੋਰ ਵੱਡੇ ਸ਼ਹਿਰਾਂ 'ਚ ਪੜ੍ਹਣ ਜਾਂਦੇ ਆ। ਉਹ ਸ਼ਹਿਰੀ ਹੋਣਾ ਚਾਹੁੰਦੇ ਆ। ਉਥੋਂ ਦੂਜੇ ਮੁਲਕਾਂ 'ਚ ਹਾਇਰ ਐਜੂਕੇਸ਼ਨ ਲਈ ਨਿਕਲਦੇ ਆ।""

"ਅਸੀਂ ਸਾਰੇ ਪੱਖਾਂ ਬਾਰੇ ਸੋਚਿਆ। ਚੰਡੀਗੜ੍ਹ ਤੇ ਪੰਚਕੂਲੇ ਦੇ ਸਕੂਲਾਂ, ਕਾਲਜਾਂ ਦੇ ਡਿਟੇਲ ਲਏ ਆ। ਹੁਣ ਇਥੋਂ ਦੀ ਐਜੂਕੇਸ਼ਨ ਪਹਿਲਾਂ ਨਾਲੋਂ ਕਿਤੇ ਵਧੀਆ।"

"ਇਕ ਗੱਲ ਹੋਰ ਵੀ ਆ ਪ੍ਰੀਆ।"

"ਕਿਹੜੀ?"

"ਇਥੋਂ ਦੇ ਬੱਚੇ ਖਾਸ ਤਰ੍ਹਾਂ ਦੀਆਂ ਖੁੱਲ੍ਹਾਂ ਲੈਂਦੇ ਆ।"

"ਸਾਨੂੰ ਇਸ ਗੱਲ ਦਾ ਵੀ ਪਤਾ। ਇਥੇ ਪੜ੍ਹਦੇ ਬੱਚੇ ਅਮਰੀਕਾ ਨਾਲੋਂ ਵੀ ਅੱਗੇ ਆ। ਉਹ ਲੱਖ ਵਾਰੀ ਪੱਛਮ ਦੀ ਨਕਲ ਕਰ ਲੈਣ-ਪਰ ਉਹ ਈਸਟਰਨ ਹੀ ਰਹਿਣਗੇ।"

"ਤੁਸੀਂ ਮੇਰੀ ਗੱਲ ਨ੍ਹੀਂ ਸਮਝ ਰਹੇ।"



www.PunjabiLibrary.com

"ਤੁਸੀਂ ਵਰਜੀਨਿਟੀ ਬਾਰੇ ਕਹਿ ਰਹੇ ਹੋ। ਹੁਣ ਇਹ ਕੋਈ ਸਮੱਸਿਆ ਹੀ ਨ੍ਹੀਂ ਰਹੀ। ਜਦੋਂ ਸਮੱਸਿਆ ਹੀ ਨ੍ਹੀਂ ਰਹੀ ਤਾਂ ਉਸ ਬਾਰੇ ਕਾਸ ਦੀ ਚਿੰਤਾ।"

ਮਹਿੰਦਰ ਨੇ ਕਿਹਾ ਸੀ, "ਤੁਹਾਨੂੰ ਐਨੇ ਸਾਲ ਹੋ ਗਏ ਅਮਰੀਕਾ ਰਹਿੰਦਿਆਂ ਹੋਇਆ। ਇਹ ਪਾਪ ਜਿਹਾ ਨ੍ਹੀਂ ਹੁੰਦਾ ਕਿ ਜਿੱਥੇ ਤੁਸੀਂ ਰਹਿੰਦੇ ਹੋ, ਉਥੇ ਨਾਲ ਨਾ ਜੁੜੋ।"

"ਅਸੀਂ ਚੰਗੇ ਭਵਿੱਖ ਲਈ ਅਮਰੀਕਾ ਰਹਿ ਰਹੇ ਆਂ। ਇਕਨੋਮਿਕ ਕੰਡੀਸ਼ਨਜ਼ ਚੰਗੀਆਂ। ਪਰ ਉਥੋਂ ਦੀਆਂ ਹੋਰ ਸਮੱਸਿਆਵਾਂ ਵੀ ਆ। ਤੁਸੀਂ ਸਿਰਫ਼ ਇਕੋ ਪੱਖ ਬਾਰੇ ਸੋਚਦੇ ਹੋ। ਸਾਨੂੰ ਕਈ ਪੱਖਾਂ ਤੋਂ ਸੋਚਣਾ ਪੈਂਦਾ। ਮੇਰੇ ਹਸਬੈਂਡ ਦਾ ਰੰਗ ਰੂਪ ਬਿਲਕੁਲ ਗੋਰਿਆਂ ਜਿਹਾ। ਇਕ ਵਾਰ ਅਸੀਂ ਬੱਚਿਆਂ ਸਮੇਤ ਪੈਰਿਸ ਦੇ ਇਕ ਪਿੰਡ 'ਚ ਦੋ ਦਿਨ ਰਹੇ। ਮੇਰਾ ਬੇਟਾ ਦੁਕਾਨ ਤੋਂ ਕੋਈ ਚੀਜ਼ ਲੈ ਰਿਹਾ ਸੀ। ਉਹਨੇ ਇਕ ਗੋਰੀ ਬੁੱਢੀ ਦੀ ਸਕਰਟ ਨੂੰ ਹੱਥ ਲਾ ਦਿੱਤਾ। ਬੁੱਢੀ ਨੇ ਮੇਰੇ ਬੇਟੇ ਨੂੰ ਘੂਰਿਆ ਤੇ ਗੁੱਸੇ ਨਾਲ ਬੋਲੀ-'ਡਰਟੀ ਬੁਆਇ।' ਤੇ ਮੈਨੂੰ ਪੁੱਛਿਆ-ਯੂ ਆਰ ਫਰੌਮ ਇੰਡੀਆ? ਮੇਰੀਆਂ ਅੱਖਾਂ ਭਰ ਆਈਆਂ। ਸੁਣਿਆ ਸੀ ਕਿ ਕਿਸੇ ਬੰਦੇ ਦੇ ਰੰਗ, ਬੋਲਣ ਤੇ ਵਰਤਾਉ ਤੋਂ ਉਸ ਦੇ ਕਲਚਰ ਦਾ ਪਤਾ ਲਗ ਜਾਂਦਾ- ਉਸ ਦਿਨ ਇਹ ਗੱਲ ਮੈਨੂੰ ਸੱਚੀ ਲੱਗੀ ਸੀ।"

ਕੁਝ ਪਲਾਂ ਲਈ ਸਾਰੇ ਵਿਚਕਾਰ ਚੁੱਪ ਰਹੀ ਸੀ।

"ਮੈਂ ਇਥੋਂ ਹੀ ਗਈ ਹਾਂ....।"

"ਇਥੇ ਆਉਣ ਬਾਰੇ ਤੁਹਾਡੇ ਪੇਰੈਂਸਟ ਨੇ ਕੋਈ ਜ਼ੋਰ ਪਾਇਆ ਸੀ?" ਮੈਂ ਪੁੱਛਿਆ

"ਬਹੁਤ ਹੀ ਜ਼ਿਆਦਾ। ਖਾਸ ਕਰਕੇ ਮੇਰੀ ਸੱਸ ਨੇ। ਉਹ ਕਈ ਗੱਲਾਂ 'ਚ ਸਾਡੇ ਨਾਲੋਂ ਸਿਆਣੇ ਆ। ਜਦੋਂ ਬੱਚੇ ਛੋਟੇ ਸੀ ਤਾਂ ਉਹ ਵਾਰ-ਵਾਰ ਕਹਿੰਦੇ ਰਹੇ ਕਿ ਸਾਨੂੰ ਦੋ ਸਾਲਾਂ ਬਾਅਦ ਇੰਡੀਆ ਗੇੜਾ ਮਾਰਣਾ ਚਾਹੀਦਾ ਆ। ਅਸੀਂ ਬੱਚਿਆਂ ਸਮੇਤ ਆਵਾਂਗੇ ਤਾਂ ਬੱਚਿਆਂ ਦਾ ਇਧਰ ਮੋਹ-ਪਿਆਰ ਪਵੇਗਾ। ਉਹ ਇਥੋਂ ਦੇ ਰਸਮ-ਰਿਵਾਜ਼ ਸਿੱਖਣਗੇ। ਆਪਣਿਆਂ ਬਾਰੇ ਜਾਨਣਗੇ। ਉਹ ਬੱਚਿਆਂ ਨੂੰ ਭਗਵਾਨ ਰਾਮਚੰਦਰ ਬਾਰੇ ਦੱਸਣਗੇ। ਸਰਵਨ ਦੀ ਕਹਾਣੀ ਸੁਣਾਉਣਗੇ ਕਿ ਕਿਦਾਂ ਉਹਨੇ ਆਪਣੇ ਅੰਨੇ ਮਾਂ-ਬਾਪ ਨੂੰ ਬਹਿੰਗੀ 'ਚ ਬੈਠਾ ਕੇ ਤੀਰਥਾਂ ਦੀ ਯਾਤਰਾ ਕਰਾਈ ਸੀ। ਪਰ ਕੰਮ ਨੇ ਸਾਡੀ ਮਤ ਮਾਰੀ ਰੱਖੀ। ਸਾਥੋਂ ਇਕ ਵਾਰ ਵੀ ਬੱਚਿਆਂ ਨਾਲ ਆਇਆ ਨਾ ਗਿਆ। ਬੱਚਿਆਂ ਵੱਲ ਵੀ ਬਹੁਤਾ ਧਿਆਨ ਨਾ ਦਿੱਤਾ ਗਿਆ। ਇਹ ਤਾਂ ਉਸ ਦਿਨ ਵਾਲੀ ਘਟਨਾ ਨੇ ਸਾਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ।"

"ਕਿਹੜੀ ਘਟਨਾ?" ਮੈਂ ਪੁੱਛਿਆ ਸੀ।

"ਮਨੋਜ ਦੇ ਸਕੂਲ 'ਚ ਛੁੱਟੀਆਂ ਸੀ। ਮੈਂ ਸਵੇਰੇ ਤੇ ਸ਼ਾਮ ਨੂੰ ਟੈਲੀਵਿਜ਼ਨ 'ਤੇ ਦੋ ਵੇਲੇ ਪਾਠ ਸੁਣਦੀ ਆਂ। ਇਹ ਮੇਰਾ ਨੇਤ-ਨੇਮ ਆ। ਇਕ ਦਿਨ ਮਨੋਜ ਕਹਿਣ ਲੱਗਾ ਕਿ 'ਮੰਮਾ ਆਹ ਜਿਹੜੀਆਂ ਰੋਜ਼-ਰੋਜ਼ ਇਕੋ ਜਿਹੀਆਂ ਗੱਲਾਂ ਤੇ ਭਾਸ਼ਾ ਬੋਲ ਰਹੇ ਆ-ਇਹ ਇਕੋ ਵਾਰ ਨ੍ਹੀਂ ਦਸ ਸਕਦੇ।' ਸੁਣਦਿਆਂ ਸਾਰ ਮੇਰਾ ਸਿਰ ਘੁੰਮ ਗਿਆ। ਮੈਂ ਉਹਨੂੰ ਧਰਮ ਦੀਆਂ ਮੌਰਲ ਵੱਲਿਯੂ ਸਿਖਾਉਣ ਲੱਗੀ। ਸੈਲਫ ਬਾਰੇ ਦੱਸਿਆ। ਪਰ ਉਸ ਮੇਰੀਆਂ ਗੱਲਾਂ ਵੱਲ ਕੋਈ ਧਿਆਨ ਹੀ ਨਾ ਦਿੱਤਾ। ਬੰਦਾ ਧਰਮ ਬਿਨਾਂ ਤਾਂ ਕੁਝ ਨ੍ਹੀਂ ਹੋ ਸਕਦਾ। ਇਹ ਧਰਮ ਹੀ ਤਾਂ ਹੁੰਦਾ ਆ ਜਿਹੜਾ ਸਾਨੂੰ ਡਸਿਪਲਨ 'ਚ ਰਹਿਣਾ ਸਿਖਾਉਂਦਾ।"



"ਮੈਨੂੰ ਇਹ ਗੱਲ ਵੱਡੀ ਨ੍ਹੀਂ ਲਗਦੀ।"

"ਪਰ ਸਾਨੂੰ ਲੱਗਦੀ ਆ। ਇਕ ਵਾਰੀ ਮਨੋਜ ਦੇ ਸਕੂਲ 'ਚ ਛੁੱਟੀਆਂ ਸਨ। ਉਹ ਨੇ ਕੁਝ ਦਿਨ ਰੋਡ 'ਤੇ ਕਾਰ-ਵਾਸ਼ਿੰਗ ਕੀਤੀਆਂ। ਪਹਿਲੇ ਦਿਨ ਉਹ ਤੀਹ ਡਾਲਰ ਕਮਾ ਕੇ ਲਿਆਇਆ। ਮੈਂ ਉਹਨੂੰ ਕਿਹਾ ਕਿ ਇਹ ਉਸ ਦੀ ਪਹਿਲੀ ਕਮਾਈ ਆ। ਪੰਜ ਡਾਲਰ ਮੈਨੂੰ ਦੇ ਦੇਵੇ। ਮੈਂ ਇਹ ਪੈਸੇ ਚਿੰਤਪੁਰਣੀ ਵਾਲੀ ਮਾਤਾ ਜੀ ਦੇ ਚੜਾਉਣ ਲਈ ਇੰਡੀਆ ਭੇਜ ਦੇਵਾਂਗੀ। ਅੱਗੋਂ ਉਹ ਮੈਨੂੰ ਟੁੱਟ ਕੇ ਪੈ ਗਿਆ। ਕਹਿਣ ਲੱਗਾ ਕਿ ਇਹ ਉਸ ਨੇ ਕਮਾਏ ਆ-ਉਹ ਆਪਣੀ ਮਰਜ਼ੀ ਨਾਲ ਹੀ ਖਰਚੇਗਾ। ਉਸ ਰਾਤ ਨੂੰ ਮੈਨੂੰ ਨੀਂਦ ਨ੍ਹੀਂ ਆਈ ਸੀ।"

ਕੁਝ ਪਲਾਂ ਲਈ ਸਾਡੇ 'ਚ ਚੁੱਪ ਰਹੀ ਸੀ।

"ਮੇਰੇ ਲਈ ਵੱਡੀ ਪ੍ਰਾਬਲਮ ਖੜੀ ਹੋ ਗਈ ਸੀ। ਮੈਂ ਇਹ ਗੱਲ ਆਪਣੀ ਸੱਸ ਨੂੰ ਦੱਸੀ ਸੀ। ਉਹ ਕਹਿੰਦੇ ਕਿ ਬੱਚਿਆਂ ਲਈ ਇਹ ਦੋ ਸਾਲ ਬੜੇ ਖਤਰਨਾਕ ਹੁੰਦੇ ਆ। ਇਥੋਂ ਹੀ ਬੱਚੇ ਵਿਗੜਦੇ ਆ। ਇਥੋਂ ਹੀ ਉਨ੍ਹਾਂ ਨੂੰ ਕੁਸ਼ ਬਣਾਇਆ ਜਾ ਸਕਦਾ। ਸਿਖਾਇਆ ਤੇ ਸਮਝਾਇਆ ਜਾ ਸਕਦਾ ਆ। ਫੇਰ ਮੈਂ ਕਿਤੇ ਪੜ੍ਹਿਆ ਸੀ ਕਿ ਜਿਸ ਕਲਚਰ ਵਿਚ ਰਹਿ ਕੇ ਕੋਈ ਵੱਡਾ ਹੁੰਦਾ ਆ ਉਹ ਦਿਮਾਗ ਦੇ ਸੌਫਟਵੇਅਰ ਵਾਂਗੂ ਹੀ ਆ ਜਿਸ ਦਾ ਵਧੇਰਾ ਹਿੱਸਾ ਬਚਪਨ ਖਤਮ ਹੋਣ ਤੋਂ ਪਹਿਲਾਂ ਹੀ ਦਿਮਾਗ ਵਿਚ ਚੰਗੀ ਤਰ੍ਹਾਂ ਆਪਣੀਆਂ ਜੜ੍ਹਾਂ ਜਮਾਂ ਲੈਂਦਾ ਆ...ਮੈਨੂੰ ਇਹ ਗੱਲ ਹਨਡਰਡ ਪਰਸੈਂਟ ਠੀਕ ਲਗੀ।.... ਹੁਣ ਸਾਨੂੰ ਬੱਚਿਆਂ ਦੀ ਬਹੁਤ ਹੀ ਜ਼ਿਆਦਾ ਚਿੰਤਾ ਆ।"

ਮਹਿੰਦਰ ਨੇ ਕਿਹਾ ਸੀ, "ਤੁਸੀਂ ਅਮਰੀਕਾ 'ਚ ਰਹਿੰਦੇ ਹੋ। ਦੁਨੀਆਂ ਦਾ ਅਮੀਰ ਮੁਲਕ। ਸਾਰੀ ਦੁਨੀਆਂ 'ਤੇ ਇਸ ਦਾ ਰਾਜ ਆ....।"

"ਤੁਸੀਂ ਆਪਣੇ ਬੱਚਿਆਂ ਨੂੰ ਫਸਟ ਪਰੈਫਰੈਂਸ਼ ਦਿੰਦੇ ਹੋ ਕਿ ਨ੍ਹੀਂ?" ਉਹ ਖਿੱਝ ਜਿਹੀ ਨਾਲ ਬੋਲੀ ਸੀ।

"ਦਿੰਦਾ ਆਂ।"

"ਭਾਈ ਸਾਹਿਬ, ਪੈਸਾ ਹੀ ਸਭ ਕੁਸ਼ ਨ੍ਹੀਂ ਹੁੰਦਾ। ਤੁਸੀਂ ਉਨ੍ਹਾਂ ਲਈ ਆਪਣੀਆਂ ਸਧਰਾਂ ਦੀ ਕੁਰਬਾਨੀ ਕਰਦੇ ਹੋ ਕਿ ਨ੍ਹੀਂ?"

"ਕਰਦਾ ਆਂ।"

"ਫੇਰ ਅਸੀਂ ਵੀ ਕੁਰਬਾਨੀ ਦੇ ਰਹੇ ਆਂ। ....ਸਿਰਫ਼ ਕੁਸ਼ ਸਾਲਾਂ ਲਈ।...ਤਿੰਨ ਸ਼ਬਦ ਆ। ਬੜੇ ਮੀਨਿੰਗਫੁਲ। ਸੈਲਫ। ਸਿਸਟਮ। ਮੌਰਲ ਵਿਲਯੂ। ਸੈਲਫ ਤੇ ਸਿਸਟਮ 'ਚ ਰਵ੍ਹਾਂਦਾਰੀ ਕਾਇਮ ਕਰਕੇ ਕੋਈ ਬੰਦਾ ਬਹੁਤ ਕੁਸ਼ ਪ੍ਰਾਪਤ ਕਰ ਲੈਂਦਾ। ਚਾਹਿਆ ਵੀ। ਅਣਚਾਹਿਆ ਵੀ। ਪਰ ਅਸਲੀ ਰਵ੍ਹਾਂਦਾਰੀ ਤਾਂ ਸੈਲਫ ਤੇ ਮੌਰਲ ਵਿਲਯੂ 'ਚ ਪੈ ਕੇ ਆਉਂਦੀ ਆ...ਜਦੋਂ ਕਦੇ ਸਮਾਂ ਮਿਲਿਆ ਤਾਂ ਇਸ ਸੱਚ ਬਾਰੇ ਸੋਚਣਾ....ਸਾਨੂੰ ਇਹੀ ਕੁਸ਼ ਸਿਖਾਇਆ ਗਿਆ....ਮੈਂ ਇੰਡੀਆ 'ਚ ਦੋ ਸਾਲ ਰਹਿ ਕੇ ਆਪਣੇ ਬੱਚਿਆਂ ਨੂੰ ਵੀ ਇਹੀ ਕੁਸ਼ ਸਿਖਾਉਣਾ ਚਾਹੁਣੀ ਆਂ.....।"



www.PunjabiLibrary.com

# ਜਿੱਤ

ਨੀਂਦ ਮੇਰੇ ਵੱਸ 'ਚ ਨਹੀਂ ਰਹੀ। ਮੇਰੇ ਸਾਹਮਣੇ ਤਾਂ ਪ੍ਰਸ਼ਨਾਂ ਦੀ ਵਿਸ਼ਾਲ ਦੁਨੀਆਂ ਉਸਰੀ ਹੋਈ ਹੈ। ਮਸਲਨ :

ਔਰਤ ਨੂੰ ਮੌਤ ਤੋਂ ਡਰ ਕਿਉਂ ਨਹੀਂ ਲੱਗਾ ?

ਕੀ ਉਹ ਪਾਗਲ ਸੀ ?

ਕੀ ਉਸ ਮੌਤ ਦੇ ਅਰਥਾਂ ਨੂੰ ਸਮਝ ਲਿਆ ਸੀ ?

ਕੀ ਉਹ ਆਪਣੇ ਬੱਚੇ ਦੀ ਬੀਮਾਰੀ 'ਤੇ ਐਨੀ ਚਿੰਤੁਤ ਸੀ ਕਿ ਉਹਨੂੰ ਮੌਤ ਦਾ ਡਰ ਹੀ ਭੁੱਲ ਗਿਆ ਸੀ ?

ਕੀ ਕਾਰ 'ਚ ਮਰਣ ਵਾਲਿਆਂ 'ਚ ਉਸ ਦਾ ਖਾਵੰਦ ਵੀ ਸੀ ?

ਉਹ ਕੌਣ ਸੀ ?

ਉਹ ਕਿਥੋਂ ਆਈ ਸੀ ?

ਉਹ ਕਿਥੇ ਚਲੀ ਸੀ ?

ਉਹ ਕਿਨ੍ਹਾਂ ਨਾਲ ਜਾ ਰਹੀ ਸੀ ?

ਉਹ ਕਾਰ 'ਚੋਂ ਕਿਵੇਂ ਭੱਜ ਗਈ ਸੀ ?

ਕੀ ਕੁਦਰਤ ਨੇ ਉਸ ਨੂੰ ਜਿਉਣ ਦਾ ਮੌਕਾ ਦਿੱਤਾ ਸੀ ?

ਜੇ ਉਸਨੂੰ ਜੀਉਣ ਦਾ ਮੌਕਾ ਦਿੱਤਾ ਸੀ ਤਾਂ ਕੀ ਉਸ ਮੇਰੇ ਹੱਥੋਂ ਹੀ ਮਰਣਾ ਸੀ ?

ਮੈਂ ਪੌਣੀ ਕੁ ਬੋਤਲ ਪੀ ਚੁੱਕਾ ਸਾਂ। ਪਰ, ਜਿਵੇਂ ਮੇਰੇ ਨਾਲ ਪਹਿਲਾਂ ਵੀ ਕਈ ਵਾਰ ਹੋਇਆ ਸੀ, ਉਵੇਂ ਮੈਂ ਬੇਸੁਰਤ ਨਹੀਂ ਹੋਇਆ ਸੀ। ਮੈਨੂੰ ਪੂਰੀ ਸੁਰਤ ਸੀ। ਮੈਂ ਮੋਬਾਇਲ 'ਤੇ ਬਲਿਉ ਫਿਲਮ ਲਾਈ ਸੀ। ਪੰਜ ਕੁ ਮਿੰਟ ਦੇਖਣ ਬਾਅਦ ਮੈਂ ਬੰਦ ਕਰ ਦਿੱਤੀ ਸੀ। ਸੂਫੀਆਨਾ ਗੀਤ ਲਾਏ ਸਨ। ਪਰ ਮਨ ਸੀ ਕਿ ਕਿਸੇ ਇਕ ਬਿੰਦੂ 'ਤੇ ਅਟਕ ਨਹੀਂ ਰਿਹਾ ਸੀ। ਮੈਨੂੰ ਆਪਣੀ ਇਸ ਭਟਕਣ ਬਾਰੇ ਪਤਾ ਸੀ। ਮੈਂ ਉਨ੍ਹਾਂ ਪਲਾਂ ਨੂੰ ਯਾਦ ਨਹੀਂ ਕਰਨਾ ਚਾਹੁੰਦਾ ਸੀ। ਯਾਦ ਨਹੀਂ ਰੱਖਣਾ ਚਾਹੁੰਦਾ ਸੀ। ਪਰ ਉਹ ਪਲ ਮੈਨੂੰ ਵਾਰ-ਵਾਰ ਦਿੱਸ ਰਹੇ ਸੀ। ਜਦੋਂ ਦਾ ਇਥੇ ਆਇਆ ਹਾਂ, ਪਤਾ ਨਹੀਂ ਮੈਂ ਕਿੰਨੀ ਵਾਰ 'ਸ਼ੂਟ ਆਊਟ' ਕੀਤਾ ਹੈ। ਮੈਨੂੰ ਤਾਂ ਐਨਾ ਕੁ ਪਤਾ ਹੈ ਕਿ ਮੈਨੂੰ 'ਹੁਕਮ' ਮਿਲਦਾ ਸੀ ਤੇ ਮੈਂ ਉਸ ਹੁਕਮ ਨੂੰ 'ਉਬੇਅ' ਕਰਦਾ ਸੀ। ਇਸ



ਵਿਚਕਾਰ 'ਸੋਚਣ' ਤੇ 'ਭਾਵੁਕ' ਹੋਣ ਦਾ ਕਦੇ ਸਮਾਂ ਹੀ ਨਹੀਂ ਮਿਲਿਆ ਸੀ। ਅੱਖਾਂ ਤੇਜ਼ੀ ਨਾਲ ਇਧਰ ਉਧਰ ਘੁੰਮਦੀਆਂ ਸਨ। ਕੰਨ ਹੋਰ ਚੌਕਸ ਹੋ ਜਾਂਦੇ ਸਨ। ਦਿਮਾਗ ਹੋਰ ਸੁਚੇਤ ਹੋ ਜਾਂਦਾ ਸੀ। ਕੀ ਪਤਾ ਲੱਗਦਾ ਕਿ ਦੁਸ਼ਮਣ ਕਿੱਥੋਂ ਨਿਕਲ ਆਵੇਗਾ। ਕਿਹੜਾ ਦੁਸ਼ਮਣ ਹੋਵੇਗਾ। ਕਿਹੜੇ ਰੂਪ 'ਚ ਹੋਵੇਗਾ।

ਮੇਰਾ ਮਨ ਖੁੱਲ੍ਹੀ ਫਿਜ਼ਾ 'ਚ ਘੁੰਮਣ ਨੂੰ ਕੀਤਾ ਸੀ। ਕਮਰੇ ਅੰਦਰ ਮੇਰਾ ਦਮ ਘੁੱਟ ਰਿਹਾ ਸੀ। ਮੈਂ ਬਾਹਰ ਜਾਂਦਾ-ਜਾਂਦਾ ਮੁੜ ਫੇਰ ਬੈੱਡ 'ਤੇ ਆ ਕੇ ਡਿਗ ਪਿਆ ਸੀ। ਬਾਹਰ ਵੀ ਮੌਤ ਸੀ। ਅੰਦਰ ਵੀ ਮੌਤ ਸੀ। ਸੰਨਾਟਾ ਸੀ। ਕਿਸੇ ਪਾਸੇਉਂ ਵੀ ਕੋਈ ਆਵਾਜ਼ ਨਹੀਂ ਆ ਰਹੀ ਸੀ। ਮੈਂ ਜੈਕਿਟ ਦੀ ਅੰਦਰਲੀ ਜੇਬ 'ਚ ਰੱਖੀ 'ਗੀਤਾ' 'ਚੋਂ ਮੌਤ ਦੇ ਅਰਥ ਲੱਭਣੇ ਸ਼ੁਰੂ ਕੀਤੇ ਸਨ। ਦੂਜੇ ਅਧਿਆਇ ਦੇ ਸਲੋਕ ਨੰ: 28 'ਤੇ ਲਿਖਿਆ ਸੀ : "ਸਾਰੇ ਜੀਵ ਜਨਮ ਤੋਂ ਪਹਿਲਾਂ ਅਪ੍ਰਗਟ ਸਨ ਤੇ ਮਰਨ ਤੋਂ ਬਾਅਦ ਮੁੜ ਅਪ੍ਰਗਟ ਹੋ ਜਾਣਗੇ। ਉਹ ਤਾਂ ਸਿਰਫ਼ ਵਿਚਕਾਰ ਹੀ ਕੁਝ ਦੇਰ ਲਈ ਪ੍ਰਗਟ ਨਜ਼ਰ ਆਉਂਦੇ ਹਨ। ਇਸ ਲਈ ਸ਼ੋਕ ਕਰਨ ਵਾਲੀ ਕਿਹੜੀ ਗੱਲ ਹੈ ?"

ਕੁਝ ਚਿਰ ਲਈ ਮੇਰਾ ਮਨ ਸ਼ਾਂਤ ਹੋ ਗਿਆ ਸੀ। ਮੈਨੂੰ ਲੱਗਾ ਸੀ ਕਿ ਮੈਂ ਕੁਝ ਵੀ ਗਲਤ ਨਹੀਂ ਕੀਤਾ ਸੀ। ਮੈਂ ਤਾਂ ਆਪਣੇ ਫਰਜ਼ ਨਿਭਾਏ ਸਨ। ਮੇਰੀ ਡਿਊਟੀ ਸੀ ਜਿਹੜੀ ਕਿ ਮੈਂ ਨਿਭਾਈ ਸੀ। ਜੇ ਕਿਤੇ ਕੁਤਾਹੀ ਕਰ ਜਾਂਦਾ ਤਾਂ ਇਹ ਕੰਮ ਮਾਈਕਲ ਜਾਂ ਨੈਸ਼ ਨੇ ਕਰ ਦੇਣਾ ਸੀ। ਇਹ ਵੀ ਹੋ ਸਕਦਾ ਸੀ ਕਿ ਮੈਂ ਉਨ੍ਹਾਂ ਦੀਆਂ ਨਜ਼ਰਾਂ 'ਚ 'ਸ਼ੱਕੀ ਬੰਦਾ' ਹੋ ਜਾਂਦਾ। ਤੇ ਉਹ ਕਿਸੇ ਵੇਲੇ ਵੀ ਮੈਨੂੰ ਮੌਤ ਦਾ ਮੂੰਹ ਦਿਖਾ ਦਿੰਦੇ। ਅਜਿਹੀਆਂ ਅਨੇਕਾਂ ਘਟਨਾਵਾਂ ਵਾਪਰੀਆਂ ਸਨ।

ਮੈਂ ਆਪਣੇ ਆਪ ਨੂੰ ਤਕੜਾ ਕਰਨ ਲਈ ਬੋਤਲ 'ਚ ਬਚੀ ਸ਼ਰਾਬ ਨਾਲ ਗਿਲਾਸ ਭਰ ਲਿਆ ਸੀ। ਇਕੋ ਸਾਹੇ ਹੀ ਗਿਆ ਸੀ। ਮੈਥੋਂ ਫਰਜ਼ਾਂ ਦੇ ਅਰਥ ਦੀ ਕੋਈ ਕੰਨੀ ਨਹੀਂ ਫੜੀ ਗਈ ਸੀ। ਮੈਂ ਇਸ ਸੰਬੰਧੀ ਕਿਸੇ ਨਾਲ ਗੱਲ ਕਰਨੀ ਚਾਹੁੰਦਾ ਸੀ। ਮੈਨੂੰ 'ਗੀਤਾ' 'ਚ ਕ੍ਰਿਸ਼ਨ ਦੇ ਅਰਜੁਨ ਨੂੰ ਕਹੇ ਸ਼ਬਦ ਯਾਦ ਆਏ ਸਨ : 'ਆਪਣੇ ਫ਼ਰਜ਼ਾਂ ਲਈ ਯੁੱਧ ਕਰਨ ਤੋਂ ਵੱਧ ਕੇ ਕਿਸੇ ਯੋਧੇ ਲਈ ਹੋਰ ਕੁਝ ਨਹੀਂ ਹੈ।' ਫੇਰ ਮੈਨੂੰ ਇੰਡੀਆ 'ਚ ਬੈਠੀ ਮੰਮੀ ਦਾ ਖਿਆਲ ਆਇਆ ਸੀ। ਉਨ੍ਹਾਂ ਹਟਕੋਰੇ ਭਰਦਿਆਂ ਹੋਇਆਂ ਕਹਿ ਦੇਣਾ ਸੀ, "ਹਰਮਿੰਦਰ, ਸਾਨੂੰ ਨ੍ਹੀਂ ਚਾਹੀਦੀ ਤੇਰੀ ਆਹ ਮਰਜਾਣੀ ਨੌਕਰੀ। ਅਸੀਂ ਅਮਰੀਕਾ ਤੋਂ ਕੀ ਲੈਣਾ। ਤੂੰ ਘਰ ਆ ਜਾ। ਦੋ ਰੋਟੀਆਂ ਆਚਾਰ ਨਾਲ ਖਾ ਲਵਾਂਗੇ। ਸੁਖ ਦੀ ਨੀਂਦ ਤਾਂ ਸੌਂਵਾਂਗੇ। ਮੈਂ ਤੇਰੀ ਕੋਈ ਗੱਲ ਨ੍ਹੀਂ ਸੁਣਨੀ। ਸਾਡੇ ਧਰਮ 'ਚ ਗਾਂ ਤੇ ਔਰਤ ਨੂੰ ਮਾਰਨਾ ਘੋਰ ਪਾਪ ਹੁੰਦਾ। ਮੇਰਾ ਆਪਣਾ ਪੁੱਤ ਇਹ ਪਾਪ ਕਰੇ-ਇਹਦੂੰ ਤਾਂ ਰੱਬ ਮੈਨੂੰ ਚੁੱਕ ਲਵੇ। ਸਾਨੂੰ ਕਿਸੇ ਦੀ ਜਿੱਤ ਨ੍ਹੀਂ ਚਾਹੀਦੀ।...ਐਦਾਂ ਦੀ ਜਿੱਤ ਨਾਲੋਂ ਹਾਰ ਹੀ ਚੰਗੀ ਆ......।" ਦੂਜਾ ਖਿਆਲ ਮੇਰੀ ਗੋਰੀ ਗਰਲ-ਫਰਿੰਡ ਮੈਰੀ ਦਾ ਆਇਆ ਸੀ। ਮੈਂ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਸੀ ਕਿ ਪਹਿਲਾਂ ਉਸ ਮੇਰੀ ਗੱਲ ਨੂੰ ਧਿਆਨ ਨਾਲ ਸੁਣਨਾ ਸੀ। ਫੇਰ ਸਮਝਾਉਣ ਦੇ ਲਹਿਜੇ 'ਚ ਕਹਿਣਾ ਸੀ, "ਹੈਰੀ, ਮੈਂ ਤੈਨੂੰ ਕਿੰਨੀ ਵਾਰ ਕਹਿ ਚੁੱਕੀ ਆਂ ਕਿ ਪਹਿਲਾਂ ਆਪਣੇ ਅੰਦਰ ਬੈਠੇ ਇੰਡੀਅਨ ਨੂੰ ਮਾਰ। ਤੂੰ ਇਸ ਗੱਲ ਨੂੰ ਕਿਉਂ ਭੁੱਲ ਜਾਣਾਂ ਕਿ ਤੂੰ ਹੁਣ ਅਮੈਰਕਿਨ ਆਂ। ਤੂੰ ਅਮੈਰਕਿਨ



www.PunjabiLibrary.com

ਆਰਮੀ ਦਾ ਅਹਿਮ ਸੋਲੀਜ਼ਰ ਆਂ। ਸਰਕਾਰ ਤੈਨੂੰ ਇਸੇ ਗੱਲ ਦੀ ਤਨਖਾਹ ਦਿੰਦੀ ਆ। ਤੂੰ ਸਿਰਫ਼ ਤੇ ਸਿਰਫ਼ ਜਿੱਤ ਬਾਰੇ ਸੋਚ।" ਹੁਣ ਸੁਆਲ ਜਿੱਤ ਤੇ ਹਾਰ ਦਾ ਖੜਾ ਹੋ ਗਿਆ ਸੀ। ਕਿਸ ਦੀ ਹਾਰ ਹੋਈ? ਕਿਸ ਦੀ ਜਿੱਤ ਹੋਈ ਸੀ? ਇਸ ਬਾਰੇ ਮੈਂ ਕੀ ਕਹਾਂ? ਫੇਰ ਮੇਰਾ ਧਿਆਨ ਤੇਰੇ ਵੱਲ ਗਿਆ ਸੀ। ਮੈਂ ਘੜੀ 'ਤੇ ਸਮਾਂ ਦੇਖਿਆ ਸੀ। ਇੰਡੀਆ ਦੀ ਰਾਤ ਦਾ ਢੇਡ ਵਜਿਆ ਸੀ। ਤੂੰ ਤਾਂ ਘੂਕ-ਸੁੱਤਾ ਪਿਆ ਹੋਵੇਂਗਾ ਆਪਣੀ ਬੀਵੀ ਨਾਲ। ਜੇ ਮੈਂ ਤੈਨੂੰ ਉਠਾਲਦਾ ਤਾਂ ਤੂੰ ਔਖ ਮਹਿਸੂਸ ਕਰਨੀ ਸੀ। ਹੋ ਸਕਦਾ ਸੀ ਕਿ ਤੂੰ ਮੇਰਾ ਫੋਨ ਵੀ ਨਾ ਚੁੱਕਦਾ।

ਮੈਂ ਕੰਧ ਨਾਲ ਢੋਅ ਲਾ ਕੇ ਅੱਜ ਦੀ ਹੋਈ ਬੀਤੀ ਤੈਨੂੰ ਲਿਖ ਰਿਹਾ ਹਾਂ। ਮੇਰੀ ਡਿਊਟੀ ਚੈੱਕ ਪੋਸਟ ਨੰਬਰ ਤਿੰਨ 'ਤੇ ਹੈ। ਸ਼ਹਿਰ ਨੂੰ ਜਾਣ ਲਈ ਜਿਹੜੀ ਸੜਕ ਮੇਰੇ ਕੋਲ ਦੀ ਜਾਂਦੀ ਹੈ, ਉਸ 'ਤੇ ਪਹਿਲੀ ਚੈੱਕ ਪੋਸਟ ਸ਼ਹਿਰੋਂ ਕਾਫੀ ਬਾਹਰ ਹੈ। ਸ਼ਹਿਰ 'ਚ ਜਾਣ ਵਾਲਿਆਂ ਦੀ ਚੈਕਿੰਗ ਸਭ ਤੋਂ ਪਹਿਲਾਂ ਇਸੇ ਚੈੱਕ ਪੋਸਟ 'ਤੇ ਹੁੰਦੀ ਹੈ। ਦੂਸਰੀ ਚੈੱਕ ਪੋਸਟ ਇਸ ਤੋਂ ਮੀਲ ਕੁ ਦੂਰ ਹੈ। ਉਸ 'ਤੇ ਪਹਿਲੀ ਚੈੱਕ ਪੋਸਟ 'ਤੋਂ ਲੰਘ ਆਏ ਲੋਕਾਂ ਦੀ ਫੇਰ ਚੈਕਿੰਗ ਹੁੰਦੀ ਹੈ। ਮੇਰੇ ਵਾਲੀ ਚੈੱਕ ਪੋਸਟ ਸ਼ਹਿਰ ਦੇ ਬਿਲਕੁਲ ਨੇੜੇ ਹੈ। ਪਹਿਲੀਆਂ ਦੋ ਚੈੱਕ ਪੋਸਟਾਂ 'ਚੋਂ ਲੰਘ ਕੇ ਆਈ ਟਰੈਫਿਕ ਦੀ ਚੈਕਿੰਗ ਵੇਲੇ ਜੇ ਕੋਈ ਮਾੜੀ ਮੋਟੀ ਅਣਗਹਿਲੀ ਰਹਿ ਵੀ ਜਾਂਦੀ ਹੈ ਤਾਂ ਉਹ ਮੇਰੇ ਕੋਲੋਂ ਨਹੀਂ ਲੁਕ ਸਕਦੀ। ਮੇਰੇ ਵਾਲੀ ਚੈੱਕ ਪੋਸਟ ਤਾਂ ਬਿਲਕੁਲ ਬਰੀਕ ਛਾਲਣੀ ਵਰਗੀ ਹੈ।

ਸਾਡੇ ਇੰਚਾਰਜ ਤੋਂ ਬਿਨਾਂ ਸਾਡੇ 'ਚੋਂ ਕੋਈ ਵੀ ਵੱਡੀ ਉਮਰ ਦਾ ਨਹੀਂ ਹੈ। ਸਿਰਫ਼ ਮਾਈਕਲ ਪੱਚੀ ਸਾਲਾਂ ਦਾ ਹੈ। ਬਾਕੀ ਸਭ ਉਨੀਂ ਤੋਂ ਤੇਈ ਸਾਲਾਂ ਦੇ ਵਿਚਕਾਰ ਦੇ ਹਨ। ਕਿਸੇ ਨੇ ਵੀ ਆਰਮੀ ਕੈਰੀਅਰ ਸ਼ੌਂਕ ਵਜੋਂ ਨਹੀਂ ਚੁਣਿਆ। ਹਰੇਕ ਜਣਾ ਕਿਸੇ ਨਾ ਕਿਸੇ ਮਜ਼ਬੂਰੀਵੱਸ ਆਰਮੀ 'ਚ ਆਇਆ ਹੈ। ਇਨ੍ਹਾਂ ਮੁੰਡਿਆਂ ਨੇ ਯੂਨੀਵਰਸਿਟੀ ਦੀ ਪੜ੍ਹਾਈ ਕਰਨ ਲਈ ਸਰਕਾਰ ਤੋਂ ਆਰਥਿਕ ਮੱਦਦ ਲਈ ਸੀ। ਇਸੇ ਮਦਦ ਕਰਕੇ ਇਹਨਾਂ ਨੂੰ ਰਿਜਰਵ ਆਰਮੀ ਵਿੱਚ ਭਰਤੀ ਹੋਣਾ ਪਿਆ ਸੀ। 'ਰਿਜਰਵ' ਉਹ ਜਿਹਨਾਂ ਨੂੰ ਐਮਰਜੈਂਸੀ ਵੇਲੇ ਆਰਮੀ 'ਚ ਬੁਲਾਇਆ ਜਾਂਦਾ ਹੈ। ਇਨ੍ਹਾਂ ਨੂੰ ਆਪਣੀ ਪੜ੍ਹਾਈ ਤੇ ਨੌਕਰੀਆਂ ਕਰਨ ਦੀ ਖੁੱਲ੍ਹ ਹੈ। ਇਹਨਾਂ 'ਚੋਂ ਬਹੁਤਿਆਂ ਨੇ ਅਜੇ ਆਪਣੀ ਪੜ੍ਹਾਈ ਵੀ ਪੂਰੀ ਨਹੀਂ ਕੀਤੀ ਸੀ ਕਿ ਇਰਾਕ ਵਿੱਚ 'ਅਪਰੇਸ਼ਨ ਇਰਾਕੀ ਫਰੀਡਮ' ਸ਼ੁਰੂ ਹੋ ਗਿਆ ਸੀ।

ਮੇਰੀ ਮਜ਼ਬੂਰੀ ਇਨ੍ਹਾਂ ਤੋਂ ਵੱਖਰੀ ਕਿਸਮ ਦੀ ਹੈ। ਮੈਨੂੰ ਆਰਮੀ ਵਿੱਚ ਭਰਤੀ ਹੋਣ ਕਰਕੇ ਅਮਰੀਕਾ ਦੀ ਸਿਟੀਜ਼ਨਸ਼ਿਪ ਮਿਲੀ ਹੈ। ਹੁਣ ਮੈਂ ਆਪਣੇ ਇੰਡੀਆ ਰਹਿੰਦੇ ਫੈਮਲੀ ਮੈਂਬਰਾਂ ਨੂੰ ਅਮਰੀਕਾ ਬੁਲਾ ਸਕਦਾ ਹਾਂ। ਮੈਨੂੰ ਆਰਮੀ ਦੀ ਪੂਰੀ ਟਰੇਨਿੰਗ ਨਹੀਂ ਮਿਲੀ ਸੀ। ਇਰਾਕ 'ਚ ਭੇਜਣ ਤੋਂ ਤਿੰਨ ਮਹੀਨੇ ਪਹਿਲਾਂ ਮੈਨੂੰ 'ਨਾਰਫੋਕ ਅਲਟੌਸ' ਆਰਮੀ ਬੇਸ 'ਚ ਭੇਜਿਆ ਸੀ। ਤਿੰਨ ਮਹੀਨਿਆਂ 'ਚ ਜਿੰਨੀ ਕੁ ਸੰਭਵ ਹੋ ਸਕਦੀ ਸੀ ਉਨੀ ਕੁ ਮੈਨੂੰ ਟਰੇਨਿੰਗ ਦਿੱਤੀ ਗਈ ਸੀ। ਫਿਰ ਅਲਟੌਸ ਏਅਰਫੋਰਸ ਤੋਂ ਮੈਨੂੰ ਜਹਾਜ਼ 'ਚ ਚੜ੍ਹਾਕੇ ਇਥੇ ਲਿਆ ਉਤਾਰਿਆ ਸੀ। ਮੈਨੂੰ ਇਰਾਕ ਦੇ ਭੂਗੋਲ ਬਾਰੇ ਮਾੜਾ ਮੋਟਾ ਪਤਾ ਸੀ। ਮੈਂ ਤਿੰਨ-ਚਾਰ ਕਿਤਾਬਾਂ ਪੜ੍ਹੀਆਂ ਸਨ। ਕੁਝ ਵੇਰਵੇ ਇੰਟਰਨੈਟ ਤੋਂ ਲੱਭੇ ਸਨ। ਮੈਨੂੰ ਪਤਾ ਲੱਗਾ ਸੀ ਕਿ



ਸਦਾਮ ਹੁਸੈਨ ਦੇ ਰਾਜ ਦਾ ਤਖਤਾ ਪਲਟਣ ਉਪਰੰਤ ਸਰਕਾਰੀ ਦਫ਼ਤਰਾਂ, ਸਕੂਲਾਂ, ਯੂਨੀਵਰਸਿਟੀਆਂ, ਬੈਂਕਾਂ ਤੇ ਹਸਪਤਾਲਾਂ ਨੂੰ ਲੁੱਟ ਲਿਆ ਗਿਆ ਸੀ। ਵੱਡੇ ਪੱਧਰ 'ਤੇ ਤਬਾਈ ਹੋਈ ਸੀ। ਜਦੋਂ ਮੈਨੂੰ ਬਗਦਾਦ ਲਿਆ ਉਤਾਰਿਆ ਸੀ ਤਾਂ ਅਚਨਚੇਤ ਮੇਰੇ ਮੂੰਹੋਂ ਨਿਕਲਿਆ ਸੀ ਕਿ ਵਾਹ ਸਮਿਆਂ-ਤੂੰ ਇਹ ਧਰਤੀ ਵੀ ਦਿਖਾਉਣੀ ਸੀ। ਤੈਨੂੰ ਯਾਦ ਹੋਣਾ ਕਿ ਆਪਾਂ ਨੂੰ ਮੈਟ੍ਰਿਕ 'ਚ ਮਾਸਟਰ ਲਾਭ ਸਿੰਘ ਇਤਿਹਾਸ ਪੜ੍ਹਾਉਂਦਾ ਹੁੰਦਾ ਸੀ। ਉਹ ਪੜ੍ਹਾਉਂਦਾ-ਪੜ੍ਹਾਉਂਦਾ ਇਤਿਹਾਸ ਤੋਂ ਬਾਹਰ ਦੀਆਂ ਗੱਲਾਂ ਵੀ ਦੱਸਦਾ ਸੀ। ਇਕ ਵਾਰ ਉਸ ਦੱਸਿਆ ਸੀ ਕਿ ਕਿਤੇ ਨਾ ਕਿਤੇ ਇਰਾਕ ਦੇ ਲੋਕਾਂ ਨਾਲ ਸਾਡੀ ਪੁਰਾਣੀ ਸਾਂਝ ਹੈ। ਸਬੂਤ ਵਜੋਂ ਉਸ ਦੱਸਿਆ ਸੀ ਕਿ ਇਕ ਵਾਰ ਉਸ ਦੇ ਦੋਸਤ ਦਾ ਬਾਪ ਈਰਾਕ ਦੇ ਕਿਸੇ ਪਿੰਡ 'ਚ ਗਿਆ ਸੀ। ਉਥੇ ਇਕ ਔਰਤ ਤਵੀ 'ਤੇ ਰੋਟੀਆਂ ਪੱਕਾ ਰਹੀ ਸੀ। ਬਿਲਕੁਲ ਉਸ ਦੀ ਮਾਂ ਵਾਂਗ। ਉਸ ਔਰਤ ਦੇ ਪੈਰੀਂ ਹੱਥ ਲਾਇਆ ਸੀ। ਉਸ ਅਸੀਸਾਂ ਦਿੱਤੀਆਂ ਸਨ। ਪਿਆਰ ਦਿੱਤਾ ਸੀ।

ਮੈਂ ਬੜੀ ਚੌਕਸੀ ਨਾਲ ਆਪਣੀ ਡਿਊਟੀ ਕਰ ਰਿਹਾ ਸੀ। ਮਨ 'ਚ ਕਿਤੇ ਨਾ ਕਿਤੇ ਹਮੇਸ਼ਾਂ ਹੀ ਡਰ ਰਹਿੰਦਾ। ਇਹ ਡਰ ਤਾਂ ਕਮਰੇ 'ਚ ਆ ਕੇ ਵੀ ਖਤਮ ਨਹੀਂ ਹੁੰਦਾ। ਆਮ ਇਰਾਕੀਆਂ ਦਾ ਹਾਲ ਵੀ ਸਾਡੇ ਵਰਗਾ ਹੀ ਹੈ। ਜਦੋਂ ਕੋਈ ਟਰੱਕ/ਕਾਰ ਰੁਕਦੀ ਹੈ ਤਾਂ ਅੰਦਰ ਬੈਠੀਆਂ ਸਵਾਰੀਆਂ ਦੇ ਮੂੰਹ ਬੱਗੇ ਹੋ ਜਾਂਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਮਾੜੀ ਜਿਹੀ ਗਲਤ ਫਹਿਮੀ ਹੋਈ ਨਹੀਂ ਕਿ ਫ਼ੌਜੀਆਂ ਨੇ ਤਾੜ ਤਾੜ ਗੋਲੀਆਂ ਚਲਾ ਦੇਣੀਆਂ ਹਨ। ਇਸ ਸ਼ਹਿਰ 'ਚ ਹਰ ਰੋਜ਼ ਬੰਬ ਧਮਾਕੇ ਹੋ ਰਹੇ ਹਨ। ਪਰ ਇਹ ਬੰਬ ਧਮਾਕੇ ਕਰਨ ਵਾਲੇ ਕਿਸ ਰਸਤੇ ਅੰਦਰ ਬਾਹਰ ਲੰਘ ਜਾਂਦੇ ਹਨ, ਇਸਦਾ ਫ਼ੌਜੀਆਂ ਨੂੰ ਪਤਾ ਨਹੀਂ ਲੱਗਦਾ। ਫ਼ੌਜੀਆਂ ਦਾ ਵਾਹ ਤਾਂ ਅਕਸਰ ਆਮ ਸ਼ਹਿਰੀਆਂ ਨਾਲ ਹੀ ਪੈਂਦਾ ਹੈ। ਇੱਥੇ ਕੀ ਕੁਝ ਹੋ ਰਿਹਾ ਹੈ, ਮੈਨੂੰ ਆਪ ਨੂੰ ਨਹੀਂ ਪਤਾ ਲੱਗਦਾ। ਇਹ ਤਾਂ ਗੈਰੀ ਦਾ ਫੋਨ ਆ ਜਾਵੇ ਤਾਂ ਉਹ ਕਈ ਗੱਲਾਂ ਦੱਸਦੀ ਹੈ। ਜਾਂ ਬਰਲਿਨ ਤੋਂ ਜਸਵੰਤ ਦੱਸਦਾ ਹੈ। ਇਕ ਦਿਨ ਉਸ ਦੱਸਿਆ ਸੀ ਕਿ ਨਸੀਰੀਆਹ ਦੀ ਇਕ ਅਠਾਰ੍ਹਾਂ ਸਾਲਾਂ ਦੀ ਮੁਟਿਆਰ ਹੋਣਾ ਥਾਮੀਰ ਜੇਹਦ ਨੇ ਆਪਣੀ ਡਾਇਰੀ ਲਿਖੀ ਹੈ। ਉਸ ਇਹ ਡਾਇਰੀ ਇੰਟਰਨੈਟ 'ਤੇ ਚਾੜ੍ਹੀ ਹੈ। ਉਹ ਲਿਖਦੀ ਹੈ : ਬਾਅਦ ਦੁਪਹਿਰ ਤਿੰਨ ਕੁ ਵਜੇ ਉਹਨੂੰ ਆਪਣੀ ਦੋਸਤ ਦਾ ਫੋਨ ਆਇਆ ਕਿ ਉਸ ਦੀ ਨੇੜਲੀ ਸਹੇਲੀ ਇਸ ਦੁਨੀਆਂ 'ਚ ਨਹੀਂ ਸੀ। ਉਹ ਆਪਣੇ ਘਰ ਦੇ ਬਗੀਚੇ 'ਚ ਘੁੰਮ ਫਿਰ ਰਹੀ ਸੀ ਕਿ ਪਤਾ ਨਹੀਂ ਕਿਸ ਪਾਸੇਉਂ ਗੋਲੀ ਆਈ ਤੇ ਸਿੱਧੀ ਹੀ ਉਸ ਦੇ ਸਿਰ 'ਚ ਲੱਗੀ। ਇਹ ਖ਼ਬਰ ਐਨੀ ਭਿਆਨਕ ਸੀ ਕਿ ਇਸ ਮੈਨੂੰ ਪਾਗਲ ਹੀ ਕਰ ਦਿੱਤਾ। ਮੈਨੂੰ ਪਤਾ ਨਹੀਂ ਲੱਗਾ ਰਿਹਾ ਸੀ ਕਿ ਮੈਨੂੰ ਕੀ ਕੁਝ ਹੋ ਰਿਹਾ ਸੀ। ਅੱਜ ਮੈਂ ਆਪਣੀ ਸਹੇਲੀ ਗੁਆਈ ਸੀ। ਕਲ੍ਹ ਨੂੰ ਕੀ ਕੁਝ ਹੋਣਾ ਹੈ? ਇਸ ਬਾਰੇ ਅੱਲ੍ਹਾ ਹੀ ਜਾਣਦਾ ਹੈ। ਕੁਝ ਦਿਨ ਪਹਿਲਾਂ ਸਾਡੇ ਗੁਆਂਢ 'ਚ ਇਕ ਔਰਤ ਨੂੰ ਫ਼ੌਜੀਆਂ ਨੇ ਮਾਰਿਆ ਸੀ। ਉਸ ਔਰਤ ਨੇ ਉੱਚੀ-ਉੱਚੀ ਰੌਲਾ ਪਾਇਆ ਸੀ ਪਰ ਕਿਸੇ ਨੇ ਉਸ ਦੇ ਰੌਲੇ ਵੱਲ ਧਿਆਨ ਨਹੀਂ ਦਿੱਤਾ ਸੀ। ਫੇਰ ਗਲੀ ਦੀ ਨੁੱਕਰ 'ਚ ਪੈਂਦੇ ਮਕਾਨ 'ਚੋਂ ਤਿੰਨ ਮੁੰਡੇ ਉਸ ਔਰਤ ਦੇ ਘਰ ਵੱਲ ਨੂੰ ਦੌੜੇ ਸਨ। ਫ਼ੌਜੀਆਂ ਨੇ ਉਨ੍ਹਾਂ ਨੂੰ ਰੋਕਿਆ ਸੀ। ਉਹ ਰੁੱਕੇ ਨਹੀਂ ਸੀ। ਫ਼ੌਜੀਆਂ ਨੂੰ ਵੀ ਗੋਲੀਆਂ ਨਾਲ ਭੁੰਨ ਦਿੱਤਾ



www.PunjabiLibrary.com

ਸੀ। ਉਹ ਕਿਸੇ 'ਤੇ ਦਇਆ ਨਹੀਂ ਕਰਦੇ। ਕੀ ਇਥੋਂ ਦਾ ਹਰੇਕ ਬਾਸ਼ਿੰਦਾ ਫਿਦਾਇਨ ਹੈ ?

ਸ਼ਾਮ ਦੇ ਪੰਜ ਕੁ ਵਜੇ ਸਨ। ਸੜਕ 'ਤੇ ਟਰੈਫਿਕ ਘਟ ਗਿਆ ਸੀ। ਅਸੀਂ ਯਾਨੀਕਿ ਗੋਰਾ ਮਾਈਕਲ, ਕਾਲਾ ਨੈਸ਼ ਤੇ ਮੈਂ ਜ਼ਰਾ ਕੁ ਆਰਾਮ 'ਚ ਹੋ ਕੇ ਖੜ ਗਏ। ਸ਼ੀਤ ਲਹਿਰ ਵਗ ਰਹੀ ਸੀ। ਅਚਾਨਕ ਹੀ ਰੇਡਿਉ 'ਤੇ ਉੱਚੀ ਆਵਾਜ਼ ਆਈ ਸੀ, "ਏ ਸਸਪੈਕਟ ਇਸਕੇਪਡ ਦਾ ਚੈੱਕ ਪੋਸਟ ਨੰਬਰ ਵਨ।"

ਸਾਡੇ ਕੰਨ ਖੜ ਗਏ ਸੀ। ਫੇਰ ਵਾਰ ਵਾਰ ਮੈਸਿਜ ਸੁਣਨ ਲੱਗਾ ਸੀ। ਜਦੋਂ ਸਾਨੂੰ ਇਹ ਪਤਾ ਲੱਗਾ ਸੀ ਕਿ ਸਸਪੈਕਟ ਸ਼ਹਿਰ ਵੱਲ ਵਧ ਰਿਹਾ ਤਾਂ ਅਸੀਂ ਆਪੋ ਆਪਣੇ ਮਿੱਟੀ ਦੇ ਬਣੇ ਮੋਰਚਿਆਂ 'ਚ ਖੜ ਕੇ ਸਿੱਧੇ ਹੀ ਦੇਖਣ ਲੱਗੇ ਸੀ।

"ਸਸਪੈਕਟ ਇਕ ਔਰਤ ਆ ਜਿਹਨੇ ਕਾਲੇ ਰੰਗ ਦੇ ਕੱਪੜੇ ਪਾਏ ਹੋਏ ਆ।"

ਕੁਝ ਦਿਨ ਪਹਿਲਾਂ ਹੀ ਕਿਸੇ ਇਰਾਕੀ ਔਰਤ ਨੇ ਆਪਣੇ ਢਿੱਡ ਨਾਲ ਬੰਬ ਬੰਨ ਕੇ ਸ਼ਹਿਰ ਦੇ ਲੋਕਲ ਪੁਲਸ ਸਟੇਸ਼ਨ ਨੂੰ ਉਡਾਇਆ ਸੀ।

ਪਹਿਲੀ ਚੈੱਕ ਪੋਸਟ ਵੱਲੋਂ ਹੈੱਡ ਆਫਿਸ ਨੂੰ ਰਿਪੋਰਟ ਕੀਤੀ ਜਾ ਰਹੀ ਸੀ: "ਬਾਹਰੋਂ ਇੱਕ ਕਾਰ ਆ ਰਹੀ ਸੀ। ਇਸ ਵਿਚ ਤਕਰੀਬਨ ਦਸ ਕੁ ਜਣੇ ਬੈਠੇ ਸੀ। ਕਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ। ਕਾਰ ਹੌਲੀ ਤਾਂ ਹੋ ਗਈ ਪਰ ਚੈੱਕ ਪੋਸਟ ਤੋਂ ਸੌ ਫੁੱਟ ਪਿੱਛੇ ਹੀ ਰੁਕ ਗਈ। ਕਾਰ ਵਿੱਚ ਬੈਠੇ ਲੋਕ ਬਾਹਰ ਬਾਂਹਾਂ ਕੱਢ ਕੱਢ ਕੇ ਕੋਈ ਇਸ਼ਾਰਾ ਕਰਨ ਲੱਗੇ। ਦੁਭਾਸ਼ੀਏ ਨੇ ਉਨ੍ਹਾਂ ਨੂੰ ਕਾਰ ਅੱਗੇ ਲਿਆਉਣ ਨੂੰ ਕਿਹਾ। ਪਰ ਕਾਰ ਉਥੇ ਹੀ ਖੜੀ ਰਹੀ। ਦੁਭਾਸ਼ੀਏ ਨੇ ਉਨ੍ਹਾਂ ਨੂੰ ਬਾਹਰ ਨਿਕਲ ਕੇ ਹੱਥ ਖੜੇ ਕਰਨ ਨੂੰ ਕਿਹਾ। ਪਰ ਉਨ੍ਹਾਂ ਇਹ ਹੁਕਮ ਨਾ ਮੰਨਿਆਂ। ਫੇਰ ਕਾਰ ਸਟਾਰਟ ਹੋਈ ਤੇ ਹਿਚਕੌਲੇ ਜਿਹੇ ਖਾਂਦੀ ਚੈੱਕ ਪੋਸਟ ਵੱਲ ਵੱਧਣ ਲੱਗੀ। ਇੰਚਾਰਜ ਨੂੰ ਇਸ 'ਚ ਆਤਮਘਾਤੀ ਦਸਤਾ ਹੋਣ ਦਾ ਸ਼ੱਕ ਹੋਇਆ। ਉਸਨੇ ਗੋਲੀ ਚਲਾਉਣ ਦਾ ਹੁਕਮ ਦਿੱਤਾ। ਜਵਾਨਾਂ ਨੇ ਕਾਰ 'ਚ ਬੈਠੇ ਸਾਰਿਆਂ ਨੂੰ ਮਾਰ ਮੁਕਾਇਆ। ਪਰ............। ਕਾਰ ਵਿਚੋਂ ਇਕ ਔਰਤ ਦੌੜਣ ਵਿੱਚ ਕਾਮਯਾਬ ਹੋ ਗਈ। ਸ਼ੱਕ ਆ ਕਿ ਉਸਨੇ ਆਪਣੇ ਢਿੱਡ ਨਾਲ ਬੰਬ ਬੰਨਿਆ ਹੋਇਆ।"

ਅਸੀਂ ਖੌਫ਼ ਭਰੀਆਂ ਨਜ਼ਰਾਂ ਨਾਲ ਸੜਕ ਵੱਲ ਦੇਖਣ ਲੱਗੇ ਸੀ ਜਿਵੇਂ ਉਹ ਔਰਤ ਸਾਡੇ ਵੱਲ ਹੀ ਆ ਰਹੀ ਹੋਵੇ। ਕਲ੍ਹ ਹੀ ਸਦਾਮ ਹੁਸੈਨ ਨੂੰ ਫੜਿਆ ਸੀ। ਵੱਡੀ ਗੜਬੜੀ ਦਾ ਖਦਸਾ ਸੀ। ਫੇਰ ਇੱਕ ਹੈਲੀਕਾਪਟਰ ਆ ਗਿਆ ਸੀ। ਉਹ ਉਸ ਔਰਤ ਨੂੰ ਲੱਭਣ 'ਚ ਮਦਦ ਕਰਨ ਲਈ ਆਇਆ ਸੀ। ਉਸਨੂੰ ਕੁਝ ਦਿਖਾਈ ਨਹੀਂ ਸੀ ਦੇ ਰਿਹਾ। ਸੜਕ ਦੇ ਦੋਹੀਂ ਪਾਸੀਂ ਉੱਚੀਆਂ ਝਾੜੀਆਂ ਸੀ। ਰੇਡਿਉ ਫੇਰ ਬੋਲਿਆ ਸੀ: "ਸਸਪੈਕਟਡ ਔਰਤ ਚੈੱਕ ਪੋਸਟ ਨੰਬਰ ਦੋ ਕਰਾਸ ਕਰ ਗਈ ਆ। ਉਹ ਮੇਨ ਸੜਕ ਛੱਡ ਕੇ ਖੱਬੇ ਪਾਸੇ ਦੀਆਂ ਝਾੜੀਆਂ ਵਿਚੋਂ ਦੀ ਲੰਘ ਗਈ ਆ। ਹੁਣ ਉਹ ਸ਼ਹਿਰ ਵੱਲ ਜਾ ਰਹੀ ਆ।"

ਇਹ ਖ਼ਬਰ ਸੁਣਦਿਆਂ ਹੀ ਸਾਡੀਆਂ ਉਂਗਲਾਂ ਟਰਾਈਗਰ 'ਤੇ ਦਬਾਅ ਪਾਉਣ ਲਗੀਆਂ ਸੀ। ਪਹਿਲਾਂ ਤਾਂ ਸਾਨੂੰ ਇਹ ਲੱਗਾ ਸੀ ਕਿ ਉਸ ਔਰਤ ਨੂੰ ਸਾਡੇ ਤੱਕ ਪਹੁੰਚਣ ਤੋਂ ਪਹਿਲਾਂ ਹੀ ਦੋ ਨੰਬਰ ਚੈੱਕ ਪੋਸਟ ਵਾਲੇ ਉਡਾ ਦੇਣਗੇ। ਹੁਣ ਜਦੋਂ ਉਹ ਉਥੋਂ ਵੀ ਲੰਘ ਆਈ ਤਾਂ ਅਸੀਂ ਸਮਝ ਗਏ ਕਿ ਉਸਦਾ ਅਗਲਾ ਨਿਸ਼ਾਨਾ ਅਸੀਂ ਹੋਵਾਂਗੇ। ਇੱਕ ਹੋਰ



ਹੈਲੀਕਾਪਟਰ ਆ ਗਿਆ ਸੀ। ਹੈਲੀਕਾਪਟਰ 'ਚ ਬੈਠਿਆਂ ਨੂੰ ਹੇਠਾਂ ਝਾੜੀਆਂ 'ਚੋਂ ਲੰਘਦੀ ਉਸ ਔਰਤ ਦੀ ਕੋਈ ਝਲਕ ਮਿਲੀ, ਜਿਸ ਤੋਂ ਉਨ੍ਹਾਂ ਨੇ ਇਹ ਇਨਫਰਮੇਸ਼ਨ ਰੇਡਿਉ 'ਤੇ ਅਨਾਊਂਸ ਕਰਵਾ ਦਿੱਤੀ ਸੀ: "ਸਸਪੈਕਟਰ ਸੂਈਸਾਈਡਲ ਔਰਤ ਨੇ ਕਾਲੇ ਰੰਗ ਦੇ ਕੱਪੜੇ ਪਾਏ ਹੋਏ ਆ। ਉਸਨੇ ਅਕਸਪਲੋਸਿਵ ਡਿਵਾਈਸ ਦੋਨਾਂ ਹੱਥਾਂ ਨਾਲ ਆਪਣੇ ਢਿੱਡ ਨਾਲ ਲਾਕੇ ਘੁੱਟਕੇ ਫੜੀ ਹੋਈ ਆ। ਉਹ ਤੇਜ਼ੀ ਨਾਲ ਅਗਾਂਹ ਜਾ ਰਹੀ ਆ। ਸਾਰੇ ਕੇਅਰਫੁਲ ਰਹਿਣ।"

ਅਸੀਂ ਅਟੈਨਸ਼ਨ ਹੋ ਕੇ ਖੜ ਗਏ ਸੀ। ਹੁਣ ਕੋਈ ਸ਼ੱਕ ਨਹੀਂ ਸੀ ਰਹਿ ਗਿਆ ਕਿ ਉਸਦਾ ਨਿਸ਼ਾਨਾ ਸਾਡੀ ਪੋਸਟ ਹੀ ਸੀ। ਸ਼ਾਮ ਦੇ ਘੁਸਮੁਸੇ 'ਚ ਮੈਨੂੰ ਚਾਰ ਕੁ ਸੌ ਫੁੱਟ ਦੀ ਦੂਰੀ 'ਤੇ ਕਾਲੀ ਸ਼ਕਲ ਦਿੱਸੀ ਜੋ ਕਿ ਝਾੜੀਆਂ 'ਚੋਂ ਨਿਕਲ ਕੇ ਸੜਕ 'ਤੇ ਆ ਗਈ ਸੀ। ਸੜਕ 'ਤੇ ਆ ਕੇ ਉਸਨੇ ਆਲੇ ਦੁਆਲੇ ਦੇਖਿਆ ਸੀ। ਮੈਂ ਦੂਰੋਂ ਹੀ ਪਹਿਚਾਣ ਲਿਆ ਕਿ ਇਹ ਉਹੀ ਔਰਤ ਸੀ ਜਿਸ ਬਾਰੇ ਰੇਡਿਉ 'ਤੇ ਵਾਰ ਵਾਰ ਦੱਸਿਆ ਜਾ ਰਿਹਾ ਸੀ।

"ਅਟੈਨਸ਼ਨ! ਸੀ ਇਜ਼ ਮੂਵਿੰਗ ਟੂਵਰਡਜ਼ ਅਸ।" ਮਾਈਕਲ ਨੇ ਚੀਕਦਿਆਂ ਹੋਇਆਂ ਮੈਨੂੰ ਤੇ ਨੈਸ਼ ਨੂੰ ਚੇਤੰਨ ਕੀਤਾ ਸੀ। ਸਾਰਿਆਂ ਦੀਆਂ ਨਜ਼ਰਾਂ ਉਸ 'ਤੇ ਲੱਗ ਗਈਆਂ ਸੀ। ਫੇਰ ਉਹ ਸਾਡੇ ਵੱਲ ਨੂੰ ਤੁਰ ਪਈ ਸੀ। ਦੁਭਾਸ਼ੀਏ ਨੇ ਉਸਨੂੰ ਥਾਈਂ ਹੀ ਰੁਕਣ ਨੂੰ ਕਿਹਾ ਸੀ। ਸ਼ਾਇਦ ਉਸਦੀ ਆਵਾਜ਼ ਉਸ ਤੱਕ ਨਹੀਂ ਪਹੁੰਚੀ ਸੀ। ਉਹ ਹੌਲੀ ਹੌਲੀ ਤੁਰਦੀ ਸਾਡੇ ਵੱਲ ਆ ਰਹੀ ਸੀ। ਫੇਰ ਉਹ ਇੰਨਾ ਨੇੜੇ ਆ ਗਈ ਕਿ ਮੈਨੂੰ ਉਸਦੀ ਸ਼ਕਲ ਚੰਗੀ ਤਰ੍ਹਾਂ ਦਿੱਸੀ ਸੀ। ਉਹ ਖੜ ਗਈ ਸੀ। ਉਹ ਬਾਈ-ਤੇਈ ਕੁ ਸਾਲਾਂ ਦੀ ਦਰਮਿਆਨੇ ਕੱਦ ਦੀ ਔਰਤ ਸੀ। ਉਸਨੇ ਚੰਗੇ ਕੱਪੜੇ ਪਾਏ ਹੋਏ ਸੀ। ਉਸਨੇ ਦੋਹਾਂ ਹੱਥਾਂ 'ਚ ਫੜੀ ਹੋਈ ਪੋਟਲੀ ਜਿਹੀ ਘੁੱਟ ਕੇ ਢਿੱਡ ਨਾਲ ਲਾਈ ਹੋਈ ਸੀ।

ਉਹ ਫੇਰ ਤੁਰ ਪਈ ਸੀ। ਦੁਭਾਸ਼ੀਏ ਨੇ ਉਸਨੂੰ ਵਾਰ ਵਾਰ ਰੁਕਣ ਨੂੰ ਕਿਹਾ ਸੀ। ਉਤਾਂਹ ਉੱਡ ਰਹੇ ਹੈਲੀਕਾਪਟਰਾਂ ਦੀ ਆਵਾਜ਼ ਕਰਕੇ ਸ਼ਾਇਦ ਉਸਨੂੰ ਦੁਭਾਸ਼ੀਏ ਦੀ ਆਵਾਜ਼ ਸੁਣੀ ਨਹੀਂ ਸੀ। ਜਦੋਂ ਉਸਨੂੰ ਦੁਭਾਸ਼ੀਏ ਦੀ ਆਵਾਜ਼ ਸੁਣੀ ਸੀ ਉਦੋਂ ਉਹ ਚੈੱਕ ਪੋਸਟ ਤੋਂ ਸਿਰਫ਼ ਸੌ ਕੁ ਫੁੱਟ ਦੀ ਦੂਰੀ 'ਤੇ ਆ ਗਈ ਸੀ। ਉਹ ਪੈਰ ਜਿਹੇ ਮਲਦੀ ਉਥੇ ਹੀ ਖੜ ਗਈ ਸੀ।

"ਮੈਨੂੰ ਪੋਟਲੀ 'ਚ ਬੰਬ ਨ੍ਹੀਂ, ਕੋਈ ਬੱਚਾ ਲੱਗਦਾ," ਮੈਂ, ਮੇਰੇ ਸੱਜੇ ਪਾਸੇ ਖੜੇ ਮਾਈਕਲ ਨੂੰ ਦੱਸਿਆ ਸੀ।

"ਤੂੰ ਕਿਵੇਂ ਕਹਿਨਾ ?"

"ਮੈਨੂੰ ਪੋਟਲੀ 'ਚੋਂ ਕੁਸ਼ ਹਿਲਦਾ ਦਿੱਸਦਾ।" ਮੈਂ ਪੂਰੇ ਯਕੀਨ ਨਾਲ ਉਸ ਨੂੰ ਦੱਸਿਆ ਸੀ।

"ਨੈਸ਼, ਤੂੰ ਹੈਰੀ ਦੀ ਗੱਲ ਸੁਣੀ ਆਂ। ਕੀ ਇਹ ਗੱਲ ਸੱਚੀ ਹੋ ਸਕਦੀ ਆ ?"

"ਮੈਂ ਇਸ ਬਾਰੇ ਸ਼ਿਉਰ ਨ੍ਹੀਂ ਆਂ।"

"ਸ਼ਿਉਰ ਤਾਂ ਮੈਂ ਵੀ ਨ੍ਹੀਂ ਆਂ। ਪਰ ਮੈਨੂੰ ਐਦਾਂ ਲੱਗਦਾ.......।" ਮੈਂ ਜਲਦੀ-ਜਲਦੀ ਦੱਸਿਆ ਸੀ।



www.PunjabiLibrary.com

ਮਾਈਕਲ ਤੇ ਨੈਸ਼ ਨੇ ਮੇਰੀ ਗੱਲ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਸੀ। ਉਹ ਪਹਿਲਾਂ ਨਾਲੋਂ ਜ਼ਿਆਦਾ ਚੇਤੰਨ ਹੋ ਗਏ ਸਨ। ਉਨ੍ਹਾਂ ਦੀਆਂ ਨਜ਼ਰਾਂ ਉਸ ਔਰਤ 'ਤੇ ਕੇਂਦਰਤ ਸਨ। ਉਂਗਲਾਂ ਟਰਾਈਗਰ 'ਤੇ ਟਿੱਕੀਆਂ ਹੋਈਆਂ ਸਨ। ਕੰਨ ਅਗਲੇ ਹੁਕਮ ਨੂੰ ਉਡੀਕ ਰਹੇ ਸਨ।

"ਉਹ ਸਾਡੀ ਚੈੱਕ ਪੋਸਟ ਤੋਂ ਸਿਰਫ ਸੌ ਫੁੱਟ ਦੂਰੀ ਤੇ ਆ ਕੇ ਖੜ ਗਈ ਆ।" ਸਾਡੇ ਰੇਡਿਉ ਅਪਰੇਟਰ ਨੇ ਸਾਡੇ ਇੰਚਾਰਜ ਦਾ ਮੈਸਿਜ਼ ਹੈੱਡ ਕੁਆਟਰ ਨੂੰ ਭੇਜਿਆ ਸੀ।

"ਉਸਨੂੰ ਉਥੇ ਹੀ ਰੋਕਣ ਦੀ ਕੋਸ਼ਿਸ਼ ਕਰੋ। ਜੇ ਉਹ ਅਗਾਂਹ ਵਧੀ ਤਾਂ ਸ਼ੂਟ ਕਰ ਦਿਉ।"

"ਓਕੇ।"

ਕੁਝ ਚਿਰ ਰੇਡਿਉ ਚੁੱਪ ਰਿਹਾ ਸੀ। ਮੇਰੀਆਂ ਨਜ਼ਰਾਂ ਉਸ ਔਰਤ ਦੇ ਚਿਹਰੇ 'ਤੇ ਜਾ ਟਿਕੀਆਂ ਸਨ। ਉਸ ਦੇ ਚਿਹਰੇ 'ਤੇ ਕਿਸੇ ਕਿਸਮ ਦਾ ਕੋਈ ਡਰ ਨਹੀਂ ਸੀ। ਚਿੰਤਾ ਅਵੱਸ਼ ਸੀ। ਉਹ ਇਕ ਪਲ ਸਾਡੇ ਵੱਲ ਦੇਖਦੀ ਸੀ ਤੇ ਫੇਰ ਨੀਵੀਂ ਪਾ ਲੈਂਦੀ ਸੀ। ਉਹਨੂੰ ਕੋਈ ਕਾਹਲ ਨਹੀਂ ਸੀ। ਸ਼ਾਇਦ ਉਸ ਸੋਚਿਆ ਹੋਵੇਗਾ ਕਿ ਇਕ ਔਰਤ 'ਤੇ ਕਿਹੜਾ ਬੇਵਕੂਫ ਗੋਲੀ ਚਲਾਵੇਗਾ। ਮੈਂ ਨੈਸ਼ ਨੂੰ ਕਿਹਾ ਸੀ, "ਦੇਖ ਇਹ ਦਾ ਚਿਹਰਾ ਕਿਵੇਂ ਪੀਲਾ ਜਿਹਾ ਆ। ਲੱਗਦਾ ਜਿਵੇਂ ਕੁਝ ਦਿਨ ਪਹਿਲਾਂ ਇਸ ਨੇ ਕਿਸੇ ਬੱਚੇ ਨੂੰ ਜਨਮ ਦਿੱਤਾ ਹੋਵੇ।" ਨੈਸ਼ ਨੇ ਪੁੱਛਿਆ ਸੀ, "ਤੈਨੂੰ ਇਸ ਗੱਲ ਦਾ ਕਿਦਾਂ ਪਤਾ?" ਮੈਂ ਉਹਨੂੰ ਦੱਸਿਆ ਸੀ ਕਿ ਮੈਂ ਆਪਣੇ ਪਿੰਡ 'ਚ ਆਪਣੀਆਂ ਚਾਚੀਆਂ/ਭਾਬੀਆਂ ਦੇਖੀਆਂ ਹਨ। ਨੈਸ਼ ਨੇ ਇਹੀ ਗੱਲ ਮਾਈਕਲ ਨੂੰ ਦੱਸੀ ਸੀ। ਮਾਈਕਲ ਨੇ ਕਿਹਾ ਸੀ, "ਇਸ ਦਾ ਸੰਬੰਧ ਅਵੱਸ਼ ਹੀ ਵਿਦਾਇਨ ਨਾਲ ਹੋਣਾ। ਮੈਂ ਦਾਅਬੇ ਨਾਲ ਕਹਿਨਾ-ਇਹਦੇ ਕੋਲ ਟਾਈਮ ਬੰਬ ਆ। ਜੇ ਇਹ ਬਚਣਾ ਚਾਹੁੰਦੀ ਹੁੰਦੀ ਤਾਂ ਆਪਣੇ ਦੋਵੇਂ ਹੱਥ ਖੜੇ ਕਰਕੇ ਥਾਈਂ ਖੜ ਜਾਂਦੀ। ਕਾਫੀ ਸੁੰਦਰ ਔਰਤ ਆ। ਪਰ ਕਿਹੜੇ ਕੰਮਾਂ 'ਚ ਪੈ ਗਈ ਕਮਲੀ। ਤੁਸੀਂ ਬਿਲਕੁਲ ਢਿੱਲੇ ਨ੍ਹੀਂ ਪੈਣਾ। ਮਾੜੀ ਜਿੰਨੀ ਅਣਗਹਿਲੀ ਵੀ ਸਾਡੀ ਮੌਤ ਦਾ ਕਾਰਨ ਬਣ ਸਕਦੀ ਆ....।"

ਮੈਂ ਅਜੇ ਤੱਕ ਕਿਸੇ ਮਰਦੀ ਹੋਈ ਔਰਤ ਨੂੰ ਨੇੜਿਉਂ ਨਹੀਂ ਦੇਖਿਆ ਸੀ।

"ਆਪਣੇ ਹੱਥ ਖੜੇ ਕਰ ਲੈ।....ਜਿਥੇ ਹੈਂ ਤੂੰ ਉਥੇ ਹੀ ਬੈਹਜਾ।" ਸਾਡੇ ਇੰਚਾਰਜ ਦਾ ਹੁਕਮ ਦੁਭਾਸ਼ੀਏ ਨੇ ਉੱਚੀ ਬੋਲ ਕੇ ਉਸਨੂੰ ਸੁਣਾਇਆ ਸੀ। ਪਰ ਉਸ 'ਤੇ ਇਸ ਗੱਲ ਦਾ ਕੋਈ ਅਸਰ ਨਹੀਂ ਹੋਇਆ ਸੀ। ਉਹ ਸਾਡੇ ਵੱਲ ਸਿੱਧੀ ਹੀ ਦੇਖ ਰਹੀ ਸੀ। ਇਸੇ ਵਿਚਕਾਰ ਉਸਨੇ ਢਿੱਡ ਨਾਲ ਲਾਈ ਹੋਈ ਪੋਟਲੀ ਨੂੰ ਖੱਬੇ ਪਾਸੇ ਵੱਲ ਖਿਸਕਾਇਆ ਸੀ।

"ਹੁਣ ਕੀ ਪੁਜੀਸ਼ਨ ਆ?" ਹੈੱਡ ਕੁਆਰਟਰ ਵੱਲੋਂ ਪੁੱਛਿਆ ਗਿਆ ਸੀ।

"ਉਹ ਕੋਈ ਵੀ ਹੁਕਮ ਨਹੀਂ ਮੰਨ ਰਹੀ। ਇਕੋ ਥਾਂ 'ਤੇ ਹੀ ਖੜੀ ਆ। ਮੈਨੂੰ ਸ਼ੱਕ ਆ ਕਿ ਉਸ ਕੋਲ ਟਾਈਮ ਬੰਬ ਆ। ਉਸੇ ਦੇ ਫਟਣ ਦਾ ਇੰਤਜ਼ਾਰ ਕਰ ਰਹੀ ਆ।"

"ਠੀਕ ਆ, ਦੋ ਵਾਰਨਿੰਗਜ਼ ਦੇ ਕੇ ਉਸਨੂੰ ਸ਼ੂਟ ਕਰ ਦਿਉ।"

"ਓਕੇ।"

ਫੇਰ ਇੰਚਾਰਜ ਦੇ ਕਹਿਣ 'ਤੇ ਦੁਭਾਸ਼ੀਏ ਨੇ ਦੋ ਵਾਰ ਵਾਰਨਿੰਗ ਦਿੱਤੀ ਸੀ।



ਇੰਚਾਰਜ ਦੇ ਮੂੰਹੋਂ ਸ਼ੂਟ ਲਫਜ਼ ਸੁਣਦਿਆਂ ਹੀ ਮੇਰੀ ਰਾਈਫਲ 'ਚੋਂ ਅੱਗ ਦੀ ਲਾਟ ਨਿਕਲੀ ਸੀ। ਅੱਖ ਦੇ ਝਮਕਣ 'ਚ ਹੀ ਉਹ ਔਰਤ ਮੂਧੇ ਮੂੰਹ ਸੜਕ 'ਤੇ ਡਿੱਗ ਪਈ ਸੀ। ਉਸ ਦਾ ਸਿਰ ਉੱਡ ਗਿਆ ਸੀ। ਪਰ ਉਸਦੇ ਹੱਥ ਜਿਉਂ ਦੇ ਤਿਉਂ ਢਿੱਡ ਦੁਆਲੇ ਪਏ ਸਨ। ਮਰ ਜਾਣ ਉਪਰੰਤ ਵੀ ਉਸਨੇ ਢਿੱਡ ਨਾਲ ਲਾਈ ਪੋਟਲੀ ਨਹੀਂ ਛੱਡੀ ਸੀ। ਇੰਚਾਰਜ ਨੇ ਸਾਨੂੰ ਪਿਛਾਂਹ ਹਟ ਜਾਣ ਦਾ ਹੁਕਮ ਦਿੱਤਾ ਸੀ। ਉਹਨੇ ਖਬਰਦਾਰ ਕੀਤਾ ਸੀ ਕਿ ਔਰਤ ਦੇ ਢਿੱਡ ਨਾਲ ਲੱਗਾ ਬੰਬ ਕਿਸੇ ਸਮੇਂ ਵੀ ਫਟ ਸਕਦਾ ਸੀ। ਅਸੀਂ ਛੇਤੀ ਦੇਣੇ ਪੋਸਟ ਖਾਲੀ ਕਰਕੇ ਪਿੱਛਾਂਹ ਹੱਟ ਗਏ ਸੀ। ਫੇਰ ਬੰਬ ਨਿਕਾਰਾ ਕਰਨ ਵਾਲੀ ਟੀਮ ਆਈ ਸੀ। ਦਸ ਕੁ ਮਿੰਟਾਂ 'ਚ ਉਨ੍ਹਾਂ ਨੇ ਔਰਤ ਦਾ ਮ੍ਰਿਤਕ ਸਰੀਰ ਸਿੱਧਾ ਕੀਤਾ ਸੀ। ਉਸਦੇ ਹੱਥਾਂ ਨੂੰ ਪਿੱਛੇ ਹਟਾਇਆ ਸੀ। ਪੋਟਲੀ ਦੁਆਲਿਉਂ ਕੱਪੜਾ ਲਾਹਿਆ ਸੀ।

ਸਾਰਿਆਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ ਸਨ।

ਉਥੇ ਬੰਬ ਨਹੀਂ ਸੀ। ਉਹ ਤਾਂ ਉਸਦਾ ਬੁਖਾਰ ਤੋਂ ਪੀੜਤ ਪੁੱਤ ਸੀ।



www.PunjabiLibrary.com

## ਔਕਾਤ

ਮੈਂ ਤਾਂ ਇਥੋਂ ਤੱਕ ਸੋਚਿਆ ਹੀ ਨਹੀਂ ਸੀ। ਮੇਰੇ ਲਈ ਉਸ ਦੀ ਔਕਾਤ ਪੰਜਾਹ/ਸੌ ਰੁਪਿਆ ਹੀ ਸੀ।

ਉਹਨੂੰ ਮੈਂ ਤਿੰਨ ਵਾਰ ਫੋਨ ਕੀਤਾ ਸੀ। ਉਸ ਦਾ ਫੋਨ ਬਿਜੀ ਆਇਆ ਸੀ। ਫੇਰ ਮੈਂ ਦੋ ਵਾਰ ਮਿਸ ਕਾਲ ਕੀਤੀ ਸੀ। ਉਸ ਨੂੰ ਮੇਰੀ ਮਿਸ ਕਾਲ ਦਾ ਪਤਾ ਹੁੰਦਾ ਹੈ। ਮਿਸ ਕਾਲ ਮਤਲਬ, ਮੈਂ ਉਹਨੂੰ ਬੁਲਾ ਰਿਹਾ ਹਾਂ। ਮੈਨੂੰ ਕਿਸੇ ਚੀਜ਼ ਦੀ ਲੋੜ ਹੈ। ਮਿਸ ਕਾਲ ਦੀ ਆਦਤ ਵੀ ਉਸੇ ਦੀ ਪਾਈ ਹੋਈ ਹੈ। ਉਸ ਮੈਨੂੰ ਕਿਹਾ ਸੀ, "ਸਾਹਿਬ ਜੀ, ਐਵੇਂ ਫੋਨ ਕਰਨ ਦਾ ਕੀ ਫਾਇਦਾ। ਮਿਸ ਕਾਲ ਮਾਰ ਦਿਆ ਕਰੋ। ਮੈਂ ਆਪੇ ਸਮਝ ਜਾਵਾਂਗਾ। ਜੇ ਅੱਗੇ ਪਿਛੇ ਹੋਇਆ ਤਾਂ ਫੋਨ ਕਰਲਾਂਗਾ।" ਪਰ ਉਹ ਮੇਰੇ ਕੋਲ ਆਇਆ ਨਹੀਂ। ਅਜੇ ਤਾਈਂ ਤਾਂ ਕੋਈ ਪੀ. ਜੀ. ਵੀ ਨਹੀਂ ਆਇਆ ਹੋਣਾ। ਵਿਦਿਆਰਥੀਆਂ ਦੀਆਂ ਆਈਲੈਟਸ ਦੀ ਕੋਚਿੰਗ ਕਲਾਸਾਂ ਸੱਤ ਵਜੇ ਖਤਮ ਹੁੰਦੀਆਂ ਹਨ। ਸਾਢੇ ਸੱਤ ਵਜੇ ਤੋਂ ਪਹਿਲਾਂ ਕੋਈ ਨਹੀਂ ਆਉਂਦਾ। ਜਸਪਾਲ ਵੀ ਨਹੀਂ ਹੈ। ਫੇਰ ਉਹ ਕਿਹੜੇ ਕੰਮਾਂ 'ਚ ਰੁਝਿਆ ਹੋਇਆ ਹੈ? ਜਸਪਾਲ ਘਰੇ ਹੋਵੇ ਤਾਂ ਉਹ ਦੇ ਕੰਮ ਅਵੱਸ਼ ਹੀ ਵੱਧ ਜਾਂਦੇ ਹਨ। ਜਸਪਾਲ ਨੂੰ ਮਹਿਫਲ ਸਜਾਉਣ ਦਾ ਸ਼ੌਕ ਹੈ। ਉਹ ਨਵਾਬ ਬਣਿਆ, ਹੁਕਮ ਤੇ ਹੁਕਮ ਚਾੜ੍ਹੀ ਜਾਂਦਾ ਹੈ। ਕਈ ਵਾਰ ਤਾਂ ਉਹ ਮੋਹਣੀ ਦੀ ਭੂਤਨੀ ਭੁਲਾ ਦਿੰਦਾ ਹੈ।

ਪਹਿਲਾਂ ਕੀਤੀ ਕਾਲ ਦਾ ਸਮਾਂ ਦੇਖਦਾ ਹਾਂ। ਚਾਲੀ ਮਿੰਟ ਤੇ ਪਚਵੰਜਾ ਸੈਕਿੰਡ ਹੋ ਗਏ ਹਨ। ਜਦੋਂ ਮੈਂ ਗੇਟ ਖੋਲ੍ਹ ਕੇ ਅੰਦਰ ਆਇਆ ਸੀ ਤਾਂ ਉਹ ਮੈਨੂੰ ਰਸੋਈ 'ਚ ਖੜਾ ਦਿੱਸਿਆ ਨਹੀਂ ਸੀ। ਜਦੋਂ ਵੀ ਮੈਂ ਆਵਾਂ, ਉਹ ਮੈਨੂੰ ਰਸੋਈ 'ਚ ਮਿਲਦਾ ਸੀ। ਐਸ ਵੇਲੇ ਉਹ ਜਾਂ ਤਾਂ ਸਬਜ਼ੀ ਕੱਟ ਰਿਹਾ ਹੁੰਦਾ ਸੀ ਜਾਂ ਗੈਸ ਚੁਲੇ 'ਤੇ ਬਣਾਈ ਜਾ ਰਹੀ ਸਬਜੀ 'ਚ ਕੜਛੀ ਫੇਰਦਾ ਖੜ੍ਹਾ ਹੁੰਦਾ ਸੀ। ਉਹ ਮੈਨੂੰ ਗੇਟ ਤੋਂ ਲੰਘਦਿਆਂ ਹੀ ਦੇਖ ਲੈਂਦਾ ਸੀ। ਅੰਦਰ ਆਉਂਦੇ ਸਾਰ ਉਹ ਹੱਥ ਜੋੜ ਕੇ ਨਮਸਕਾਰ ਕਰਦਾ ਸੀ। ਕਹਿੰਦਾ ਸੀ, "ਸਾਹਿਬ ਜੀ, ਬੜੇ ਦਿਨਾਂ ਬਾਅਦ ਆਏ ਹੋਂ। ਬਾਬੂ ਜੀ, ਮੈਨੂੰ ਤੁਹਾਡੇ ਬਾਰੇ ਰੋਜ਼ ਪੁੱਛਦੇ ਆ। ਤੁਸੀਂ ਉਨ੍ਹਾਂ ਨੂੰ ਫੋਨ ਵੀ ਨ੍ਹੀਂ ਕੀਤਾ।" ਮੈਂ ਉਸਨੂੰ ਦੱਸਦਾ ਸੀ ਕਿ ਇਸ ਵਾਰੀ ਮੇਰਾ ਟੂਰ ਪ੍ਰੋਗਰਾਮ ਲੰਬਾ ਹੋ



ਗਿਆ ਸੀ। ਇਸੇ ਲਈ ਐਨੇ ਦਿਨ ਆਇਆ ਨਹੀਂ ਗਿਆ ਸੀ। ਉਸ ਨੂੰ ਪਤਾ ਹੁੰਦਾ ਸੀ ਕਿ ਇਸ ਵੇਲੇ ਮੈਂ ਚਾਹ ਪੀਂਦਾ ਹਾਂ। ਫੇਰ ਵੀ ਉਹ ਪੁੱਛਦਾ ਸੀ, "ਪੈੱਗ ਚਲੇਗਾ ਜਾਂ ਚਾਹ ਪੀਉਂਗੇ?" ਮੈਂ ਨਾਂਹ 'ਚ ਸਿਰ ਹਿਲਾ ਕੇ ਚਾਹ ਦਾ ਕੱਪ ਬਣਾਉਣ ਦਾ ਇਸ਼ਾਰਾ ਕਰਦਾ ਸੀ।

ਉਹਨੂੰ ਆਵਾਜ਼ ਮਾਰਣ ਲਈ ਮੈਂ ਰੇਲਿੰਗ ਕੋਲ ਆ ਕੇ ਖੜ ਜਾਂਦਾ ਹਾਂ। ਹੇਠਾਂ ਨਜ਼ਰ ਮਾਰਦਾ ਹਾਂ। ਡਾਇਨਿਗ ਟੇਬਲ ਖਾਲੀ ਪਿਆ ਹੈ। ਟੀ. ਵੀ. ਬੰਦ ਹੈ। ਰਸੋਈ 'ਚੋਂ ਭਾਂਡੇ ਖੜਕਣ ਦੀ ਆਵਾਜ਼ ਆ ਰਹੀ ਹੈ। ਮੈਂ ਅੰਦਾਜ਼ਾ ਲਾਉਂਦਾ ਹਾਂ ਕਿ ਉਹ ਰਸੋਈ 'ਚ ਖੜਾ ਹੈ। ਪਰ ਉਸ ਮੇਰੀ ਮਿਸ ਕਾਲ ਵੱਲ ਧਿਆਨ ਕਿਉਂ ਨਹੀਂ ਦਿੱਤਾ। ਉਸ ਐਨੀ ਬੇਪ੍ਰਵਾਹੀ ਕਿਵੇਂ ਕੀਤੀ ਹੈ? ਮੈਨੂੰ ਗੁੱਸਾ ਆਉਣ ਲੱਗਾ ਹੈ। ਮੈਂ ਉਸ ਦੀਆਂ ਅਨੇਕਾਂ ਗਰਜ਼ਾਂ ਪੂਰੀਆਂ ਕੀਤੀਆਂ ਸਨ। ਕਈ ਵਾਰ ਅਲਮਾਰੀ 'ਚ ਅਧੀਆ ਜਾਂ ਪਊਆ ਪਿਆ ਹੁੰਦਾ ਸੀ। ਉਹ ਮੈਥੋਂ ਪੁੱਛਿਆਂ ਬਿਨਾਂ ਹੀ ਪੀ ਲੈਂਦਾ ਸੀ। ਪਰ ਜਦੋਂ ਮੈਂ ਆਉਂਦਾ ਸੀ ਤਾਂ ਮੈਨੂੰ ਦੱਸ ਅਵੱਸ਼ ਦਿੰਦਾ ਸੀ, "ਤੁਹਾਡਾ ਹਿੱਸਾ ਮੈਂ ਪੀ ਲਿਆ। ਦਰਅਸਲ ਮੈਂ ਥੱਕ ਗਿਆ ਸੀ। ਇਕੱਲੀ ਜਾਨ। ਢੇਰ ਸਾਰੇ ਕੰਮ। ਇਕੱਲੇ-ਇਕੱਲੇ ਕਮਰੇ 'ਚ ਜਾ ਕੇ ਚਾਹ ਦੇ ਕੇ ਆਉ। ਸਵੇਰ ਦੀ ਰੋਟੀ ਪਾਣੀ ਦਾ ਕੰਮ ਨਬੇੜ ਕੇ ਕੋਠੀ ਦੀ ਸਫਾਈ ਕਰੋ। ਬਾਬੂ ਜੀ ਦੇ ਕਪੜੇ ਧੋਉ। ਬੈੱਡ ਸ਼ੀਟਾਂ ਹਫਤੇ ਬਾਅਦ ਧੋਣ ਵਾਲੀਆਂ ਹੋ ਜਾਂਦੀਆਂ। ਮੇਰੀ ਜਨਾਨੀ ਦਾ ਬਹੁਤ ਸਮਾਂ ਤਾਂ ਬੱਚਿਆਂ ਦੀ ਸਾਂਭ-ਸੰਭਾਲ 'ਤੇ ਹੀ ਲੱਗ ਜਾਂਦਾ। ਵੱਡੀ ਕੁੜੀ ਜੁਆਨ ਹੋ ਗਈ ਆ। ਉਹ ਦੀ ਮੰਮੀ ਉਸ ਨੂੰ ਆਪ ਸਕੂਲੇ ਛੱਡਣ ਜਾਂਦੀ ਆ। ਆਪ ਲੈ ਕੇ ਆਉਂਦੀ ਆ। ਰਾਤ ਨੂੰ ਮੇਰਾ ਅੰਗ-ਅੰਗ ਦੁੱਖਣ ਲੱਗ ਜਾਂਦਾ। ਘੁੱਟ ਪੀ ਕੇ ਥਕੇਵਾਂ ਲੱਥ ਜਾਂਦਾ....।" ਦਿਨ-ਬ-ਦਿਨ ਮੇਰੀ ਹਮਦਰਦੀ ਉਸ ਪ੍ਰਤੀ ਵਧਦੀ ਹੀ ਗਈ ਸੀ। ਪਰ ਅੱਜ ਵਾਲੀ ਗੱਲ ਨੇ ਮੈਨੂੰ ਡਾਵਾਂਡੋਲ ਕਰ ਦਿੱਤਾ ਸੀ। ਅਜਿਹਾ ਪਹਿਲਾਂ ਵੀ ਪੰਜ-ਸਤ ਵਾਰ ਹੋਇਆ ਸੀ। ਪਰ ਉਹ ਮੇਰੇ ਕਮਰੇ ਦੀ ਲਾਈਟ ਜਗਦੀ ਦੇਖ ਕੇ ਅਵੱਸ਼ ਹੀ ਆਉਂਦਾ ਸੀ। ਮੈਨੂੰ ਜਸਪਾਲ ਦਾ ਸਮਝਾਇਆ ਯਾਦ ਆਉਂਦਾ ਹੈ, "ਨੌਕਰ ਨਾਲ ਬਹੁਤਾ ਖੁੱਲ੍ਹੀ ਦਾ ਨ੍ਹੀਂ ਹੁੰਦਾ। ਦੂਰੀ ਬਣਾ ਕੇ ਰੱਖੋ। ਜੇ ਉਹ ਪਹਿਲੀ ਵਾਰ ਫੋਨ ਕਰੇ ਤਾਂ ਅਟੈਂਡ ਹੀ ਨਾ ਕਰੋ। ਜੇ ਦੂਜੀ ਵਾਰ ਕਰੇ ਤਾਂ ਕਹੋ-'ਹਾਂ-ਦੱਸ-ਕੀ ਗੱਲ ਆ। ਮੈਂ ਬਹੁਤ ਬਿਜੀ ਆਂ। ਜਲਦੀ-ਜਲਦੀ ਦੱਸ।' ਜੇ ਗੱਲ ਤੁਹਾਡੇ ਨਾਲ ਸੰਬੰਧਤ ਆ ਤਾਂ ਸੁਣ ਲਉ। ਜੇ ਉਹ ਕਿਸੇ ਬੀਮਾਰੀ ਬਾਰੇ ਗੱਲ ਕਰੇ ਜਾਂ ਆਪਣੇ ਦੁੱਖ ਬਾਰੇ ਤਾਂ ਜੁਆਬ ਦੇ ਦਿਉ-ਮੈਂ ਆ ਕੇ ਦੇਖਦਾਂ......।" ਪਰ ਮੈਂ ਉਸ ਦੇ ਕਹੇ ਨਾਲ ਸਹਿਮਤ ਨਹੀਂ ਹੋਇਆ ਸੀ। ਮੈਂ ਉਸਨੂੰ ਜ਼ੋਰ ਦੇ ਕੇ ਕਿਹਾ ਸੀ, "ਨੌਕਰ ਘਰ ਦਾ ਅਹਿਮ ਜੀਅ ਹੁੰਦਾ। ਜਿੰਨੀ ਆਪਾਂ ਉਸ ਨਾਲ ਹਮਦਰਦੀ ਕਰਾਂਗੇ-ਉਹ ਉਨਾ ਹੀ ਜ਼ਿਆਦਾ ਵਫਾਦਾਰ ਹੋਵੇਗਾ।" ਜਸਪਾਲ ਨੇ ਕਿਹਾ ਸੀ, "ਤੂੰ ਪਿੰਡ ਦੇ ਨੌਕਰ ਦੇਖੇ ਆ ਜਿਹੜੇ ਰਿਸ਼ਤਿਆਂ ਵਿਚ ਬੱਝੇ ਹੁੰਦੇ ਆ। ਕੋਈ ਕਿਸੇ ਦਾ ਚਾਚਾ ਹੁੰਦਾ ਆ। ਕੋਈ ਤਾਇਆ। ਵੱਡੇ ਭਾਜੀ। ਸਰਦਾਰ ਸਾਹਿਬ। ਸ਼ਹਿਰ ਦੇ ਨੌਕਰ ਬਹੁਤ ਤੇਜ਼ ਹੁੰਦੇ ਆ।"

ਸਿਰ ਦਾ ਦਰਦ ਵਧ ਰਿਹਾ ਹੈ। ਮੈਂ ਅਲਮਾਰੀ ਦੇ ਵੱਖ-ਵੱਖ ਖਾਨਿਆਂ 'ਚ ਹੱਥ ਮਾਰਦਾ ਹਾਂ। ਮੈਨੂੰ ਕੋਈ ਟੈਬਲਿਟ ਨਹੀਂ ਮਿਲਦੀ। ਮੈਂ ਜਸਪਾਲ ਦੇ ਕਮਰੇ 'ਚ ਵੀ ਜਾਂਦਾ ਹਾਂ। ਉਥੋਂ ਵੀ ਮੈਨੂੰ ਕੁਝ ਨਹੀਂ ਮਿਲਦਾ। ਮੈਨੂੰ ਚਾਹ ਦੇ ਕੱਪ ਦੀ ਲੋੜ ਹੈ। ਮੇਰਾ ਹੱਥ ਮੋਬਾਇਲ 'ਤੇ



www.PunjabiLibrary.com

ਜਾਂਦਾ ਜਾਂਦਾ ਰੁਕ ਜਾਂਦਾ ਹੈ। ਮੈਂ ਆਪਣੇ ਕਮਰੇ 'ਚ ਆ ਕੇ ਮੁੜ ਕੰਧ ਨਾਲ ਢੋਅ ਲਾ ਕੇ ਬੈਠ ਜਾਂਦਾ ਹਾਂ। ਰਜਾਈ ਲੱਕ ਤੱਕ ਖਿਚ ਲੈਂਦਾ ਹਾਂ। ਮੈਂ ਲੈਪਟਾਪ ਔਨ ਕਰਦਾ ਹਾਂ। ਡਿਕਸ਼ਨਰੀ 'ਚੋਂ 'ਵਫਾਦਾਰ' ਸ਼ਬਦ ਦੇ ਅਰਥ ਲੱਭਦਾ ਹਾਂ। ਉਥੇ ਇਸ ਸ਼ਬਦ ਦੇ ਕਈ ਅਰਥ ਦਰਜ ਹਨ। ਇਕ ਅਰਥ ਹੈ : ਨਮਕਹਲਾਲ। ਇਸ ਅੱਖਰ 'ਚੋਂ ਹੀ ਕਰਮੂ ਦਾ ਚਿਹਰਾ ਉਭਰਦਾ ਹੈ। ਕਰਮੂ ਸਾਡੇ ਨਾਲ ਕਈ ਸਾਲ ਰਿਹਾ ਸੀ। ਮੇਰੇ ਬਾਬਾ ਜੀ ਉਸ ਦੀਆਂ ਸਿਫਤਾਂ ਕਰਦੇ ਸਨ। ਇਕ ਵਾਰੀ ਛੋਟੇ ਬਾਬਾ ਜੀ ਨੇ ਭੱਠੀ ਲਾਈ ਹੋਈ ਸੀ। ਬਾਬਾ ਜੀ ਖੂਹ ਦੀ ਗਾਦੀ 'ਤੇ ਬੈਠੇ ਸਨ। ਪੁਲਿਸ ਦਾ ਰੇਡ ਪਿਆ ਸੀ। ਪੁਲਿਸ ਦੇਖ ਕੇ ਛੋਟੇ ਬਾਬਾ ਜੀ ਦੌੜ ਗਏ ਸਨ। ਬਾਬਾ ਜੀ ਨੂੰ ਕੁੱਤੇ ਦੀ ਟਿਕ ਟਿਕ 'ਚ ਪੁਲਿਸ ਦੇ ਆਉਣ ਦਾ ਪਤਾ ਹੀ ਨਹੀਂ ਲੱਗਾ ਸੀ। ਜਦੋਂ ਵਗਦੇ ਖੂਹ ਦੀ ਗਾਦੀ ਤੋਂ ਇਕ ਸਿਪਾਹੀ ਨੇ ਬਾਬਾ ਜੀ ਨੂੰ ਗੁਟੋਂ ਫੜ ਕੇ ਹੇਠਾਂ ਖਿਚਿਆ ਸੀ ਤਾਂ ਬਾਬਾ ਜੀ ਨੇ ਇਕੋ ਝਟਕੇ ਨਾਲ ਆਪਣਾ ਗੁੱਟ ਛੁਡਾ ਲਿਆ ਸੀ। ਔਖ ਮੰਨਦਿਆਂ ਪੁੱਛਿਆ ਸੀ, "ਕੀ ਗੱਲ ਆ ?" ਸਿਪਾਹੀ ਉਨ੍ਹਾਂ ਨਾਲੋਂ ਵੀ ਜ਼ਿਆਦਾ ਔਖਾ ਸੀ, "ਚਲ ਦੇਖ ਆਪਣੇ ਕਾਰੇ।" ਥਾਣੇਦਾਰ ਨੇ ਉਨ੍ਹਾਂ ਨੂੰ ਮੋਹਰੇ ਲਾ ਲਿਆ ਸੀ। ਚਲਦੀ ਭੱਠੀ ਕੋਲ ਲਿਆ ਖੜਾ ਕੀਤਾ ਸੀ। ਉਥੇ ਪੰਜ ਸਤ ਸਿਪਾਹੀ ਖੜੇ ਸਨ। ਉਨ੍ਹਾਂ ਨੂੰ ਸਾਰੇ ਮਾਜਰੇ ਦਾ ਪਤਾ ਲੱਗ ਗਿਆ ਸੀ। ਮੁਖਬਰੀ ਕਰਨ ਵਾਲੇ ਨੇ ਪੂਰੀ ਸੂਹ ਦਿੱਤੀ ਸੀ। ਥਾਣੇਦਾਰ ਨੇ ਕਿਹਾ ਸੀ, "ਹੁਣ ਦੱਸ ?" ਬਾਬਾ ਜੀ ਸੋਚੀਂ ਪੈ ਗਏ ਸਨ ਕਿ ਉਹ ਇਸ ਗੱਲ ਦਾ ਕੀ ਜਵਾਬ ਦੇਣ। ਕਮਾਦ ਉਨ੍ਹਾਂ ਦਾ ਸੀ। ਫੇਰ ਵੀ ਉਨ੍ਹਾਂ ਨੇ ਕਿਹਾ ਸੀ, "ਸਾਹਿਬ ਬਹਾਦਰ, ਇਹ ਤਾਂ ਕਿਸੇ ਹੋਰ ਦਾ ਕਾਰਾ।" ਥਾਣੇਦਾਰ ਨੇ ਕੁਰੱਖਤ ਆਵਾਜ਼ 'ਚ ਪੁੱਛਿਆ ਸੀ, "ਫੇਰ ਤੂੰ ਦੱਸ। ਕਿਹਦਾ ਕਾਰਾ।" ਬਾਬਾ ਜੀ ਨੇ ਕਿਹਾ ਸੀ, "ਕੋਈ ਲਾਗਡਾਟ ਵਾਲਾ ਲੱਗਦਾ। ਸ਼ਾਇਦ.....।" ਉਦੋਂ ਹੀ ਕਰਮੂ ਆ ਗਿਆ ਸੀ। ਉਸ ਦੱਸਿਆ ਸੀ ਕਿ ਉਹ ਭੱਠੀ ਉਸ ਲਾਈ ਸੀ। ਇਸ ਬਾਰੇ ਬਾਬਾ ਜੀ ਨੂੰ ਕੁਝ ਨਹੀਂ ਪਤਾ। ਇਕ ਸਿਪਾਹੀ ਬੋਲਿਆ ਸੀ, "ਕਿਉਂ ਅਣਿਆਈਂ ਮੌਤੇ ਮਰਦਾਂ। ਕਾਰਾ ਤਾਂ ਤੇਰੇ ਕੁਛ ਲੱਗਦੇ ਇਨ੍ਹਾਂ ਪਤੰਦਰਾਂ ਦਾ।" ਪਰ ਕਰਮੂ ਵਾਰ-ਵਾਰ ਇਹੀ ਕਹੀ ਗਿਆ ਸੀ ਕਿ ਇਸ ਬਾਰੇ ਬਾਬਾ ਜੀ ਨੂੰ ਕੁਝ ਨਹੀਂ ਪਤਾ। ਥਾਣੇਦਾਰ ਨੇ ਚੌਕੀਦਾਰ ਨੂੰ ਭੇਜ ਕੇ ਸਰਪੰਚ ਤੇ ਪੰਚਾਂ ਨੂੰ ਸੱਦ ਲਿਆ ਸੀ। ਕਰਮੂ ਨੇ ਸਰਪੰਚ ਸਾਹਮਣੇ ਵੀ ਇਹੀ ਕਿਹਾ ਸੀ ਕਿ ਇਹ ਘੜੇ ਉਸ ਦੇ ਪਾਏ ਸਨ। ਸਿਪਾਹੀਆਂ ਨੇ ਕਰਮੂ ਨੂੰ ਉਥੇ ਹੀ ਢਾਹ ਲਿਆ ਸੀ। ਬਹੁਤ ਬੇਕਿਰਕੀ ਨਾਲ ਕੁੱਟਿਆ ਸੀ। ਆਲੇ ਦੁਆਲੇ ਖੜੇ ਲੋਕਾਂ ਦੀ ਰੂਹ ਕੰਬ ਗਈ ਸੀ। ਪਰ ਕਰਮੂ ਮੋੜ ਘੋੜ ਕੇ ਉਹੀ ਕਹੀ ਗਿਆ ਸੀ। ਅਰਧ ਬੇਹੋਸ਼ ਹੋਏ ਨੂੰ ਸਿਪਾਹੀਆਂ ਨੇ ਟਾਂਗੇ 'ਚ ਸੁੱਟ ਲਿਆ ਸੀ। ਫੇਰ ਮੁਕਦਮਾ ਚਲਿਆ ਸੀ। ਕਰਮੂ ਨੂੰ ਦੋ ਸਾਲਾਂ ਦੀ ਸਜ਼ਾ ਹੋਈ ਸੀ। ਬਾਬਾ ਜੀ ਨੇ ਪੈਸੇ ਖਰਚਣ ਲੱਗਿਆਂ ਕਿਰਸ ਨਹੀਂ ਕੀਤੀ ਸੀ। ਉਸਦੇ ਘਰ ਪਰਿਵਾਰ ਦਾ ਖਰਚਾ ਚੁੱਕਿਆ ਸੀ। ਜਦੋਂ ਕਰਮੂ ਛੁੱਟ ਕੇ ਆਇਆ ਸੀ ਤਾਂ ਬਾਬਾ ਜੀ ਨੇ ਸ਼ਹਿਰੋਂ ਦੇਸ਼ੀ ਸ਼ਰਾਬ ਦੀ ਬੋਤਲ ਮੰਗਵਾਈ ਸੀ। ਕੁੱਕੜ ਬਣਾਇਆ ਸੀ। ਦੋ ਪੈੱਗ ਲਾਉਣ ਤੋਂ ਬਾਅਦ ਕਰਮੂ ਨੂੰ ਪੁੱਛਿਆ ਸੀ, "ਕਰਮ ਚੰਦਾ, ਅਸੀਂ ਤਾਂ ਕਿਸੇ ਨੇ ਵੀ ਤੈਨੂੰ ਇਹ ਭੱਠੀ ਆਪਣੇ ਸਿਰ ਲੈਣ ਲਈ ਨ੍ਹੀਂ ਕਿਹਾ ਸੀ। ਫੇਰ ਤੂੰ ਆਪ ਕਿਉਂ ਮੋਹਰੇ ਹੋ ਗਿਆ ਸੀ ?" "ਚਾਚਾ, ਆਪਣੇ ਅੰਨਦਾਤਾ ਪ੍ਰਤੀ ਵਫਾਦਾਰੀ ਵੀ ਹੋਣੀ ਚਾਹੀਦੀ ਆ। ਆਖਿਰ ਮੈਂ ਇਸ ਘਰ ਦਾ ਲੂਣ ਖਾਧਾ



ਆ। ਮੈਂ ਆਪਣੇ ਬਾਬੇ ਤੋਂ ਇਹੀ ਕੁਸ਼ ਤਾਂ ਸਿਖਿਆ.....।"

ਮੈਨੂੰ ਆਪਣੇ ਆਪ 'ਤੇ ਖਿੱਝ ਆਉਂਦੀ ਹੈ ਕਿ ਮੈਂ ਮੋਹਨੀ ਨੂੰ ਆਵਾਜ਼ ਕਿਉਂ ਨਹੀਂ ਮਾਰਦਾ। ਆਪਣੇ ਆਪ ਨੂੰ ਐਡਾ ਵੱਡਾ ਕਿਉਂ ਸਮਝਣ ਲੱਗ ਪਿਆ ਹਾਂ ? ਹੋ ਸਕਦਾ ਹੈ ਕਿ ਉਹ ਕਿਸੇ ਕੰਮ 'ਚ ਲੱਗਾ ਹੋਵੇ। ਮੇਰੀ ਮਿਸ ਕਾਲ ਨੂੰ ਦੇਖਿਆ ਹੀ ਨਾ ਹੋਵੇ ਜਾਂ ਕਿਸੇ ਟੈਨਸ਼ਨ 'ਚ ਹੋਵੇ। ਇਕ ਦਿਨ ਮੈਂ ਸਵੇਰ ਨੂੰ ਬਾਹਰਲੀ ਰੇਲਿੰਗ ਕੋਲ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਉਹ ਸੱਜੇ ਹੱਥ 'ਚ ਕੱਚੀ ਲੱਸੀ ਦਾ ਗਿਲਾਸ ਫੜੀ ਅੰਦਰ ਵੱਲ ਜਾਂਦਾ ਦਿੱਸਿਆ ਸੀ। ਮੈਂ ਸੋਚਣ ਲੱਗਾ ਸੀ ਕਿ ਉਹਨੂੰ ਮੰਦਿਰ ਜਾਣ ਦੀ ਕੀ ਲੋੜ ਪੈ ਗਈ ਸੀ। ਅੱਗੇ ਤਾਂ ਮੈਂ ਕਦੇ ਉਸ ਨੂੰ ਮੰਦਰ ਜਾਂਦਿਆਂ ਦੇਖਿਆ ਨਹੀਂ ਸੀ। ਸ਼ਾਇਦ ਉਹ ਕਿਸੇ ਮੁਸੀਬਤ 'ਚ ਹੋਏ। ਜਦੋਂ ਉਹ ਵਾਪਸ ਆਇਆ ਸੀ ਤਾਂ ਮੈਂ ਉਹਨੂੰ ਆਵਾਜ਼ ਮਾਰ ਕੇ ਪੁੱਛਿਆ ਸੀ, "ਮੋਹਨੀ ਪਿਆਰੇ, ਰੱਬ ਯਾਦ ਆ ਗਿਆ।" ਉਸ ਦੱਸਿਆ ਸੀ, "ਜਦੋਂ ਬਾਕੀ ਸਾਰੇ ਸਹਾਰੇ ਨਾ ਰਹਿਣ ਤਾਂ ਰੱਬ ਬਿਨਾਂ ਕੋਈ ਗੁਜ਼ਾਰਾ ਨ੍ਹੀਂ। ਮੰਦਰ ਜਾ ਕੇ ਦੋ ਘੜੀਆਂ ਲਈ ਸ਼ਾਂਤੀ ਮਿਲ ਜਾਂਦੀ ਆ।" ਮੈਂ ਉਸ ਦੀ ਮੁਸੀਬਤ ਬਾਰੇ ਜਾਨਣਾ ਚਾਹਿਆ ਸੀ ਪਰ ਉਹ ਮੇਰੀ ਗੱਲ ਨੂੰ ਟਾਲ ਗਿਆ ਸੀ।

ਮੈਂ ਆਪਣੇ ਬੈਗ 'ਚੋਂ ਪੀਟਰ ਸਕੌਚ ਦੀ ਬੋਤਲ ਕੱਢਦਾ ਹਾਂ। ਬੈੱਡ ਦੇ ਢੋਅ 'ਤੇ ਰੱਖਦਾ ਹਾਂ। ਮੈਨੂੰ ਪਾਣੀ ਤੇ ਖਾਣ ਪੀਣ ਲਈ ਕਿਸੇ ਚੀਜ਼ ਦੀ ਲੋੜ ਹੈ। ਮੈਂ ਫੇਰ ਜਸਪਾਲ ਦੇ ਕਮਰੇ 'ਚ ਜਾਂਦਾ ਹਾਂ। ਗਿਲਾਸ ਲੱਭਣ ਲਈ। ਜਸਪਾਲ ਦੀ ਭੈੜੀ ਆਦਤ 'ਤੇ ਖਿਝ ਆਉਂਦੀ ਹੈ ਕਿ ਉਹ ਆਪਣੇ ਕਮਰੇ 'ਚ ਕੋਈ ਫਾਲਤੂ ਚੀਜ਼ ਨਹੀਂ ਰੱਖਦਾ ਹੈ। ਬਾਥਰੂਮ 'ਚ ਜਾ ਵੜ੍ਹਦਾ ਹਾਂ। ਉਥੇ ਬਾਲਟੀ ਤੇ ਮੱਘ ਪਿਆ ਹੈ। ਇਸ ਨਾਲ ਮੇਰਾ ਸਰਣਾ ਨਹੀਂ ਹੈ। ਇਕ ਮਨ ਕਰਦਾ ਹੈ ਕਿ ਨੀਟ ਹੀ ਪੀ ਲਵਾਂ। ਇਸ ਨਾਲ ਸਿਰ ਦੁਖਣੋਂ ਤਾਂ ਹੱਟ ਹੀ ਜਾਵੇਗਾ। ਮੈਥੋਂ ਅਜਿਹਾ ਨਹੀਂ ਹੁੰਦਾ ਰੇਲਿੰਗ ਕੋਲ ਆ ਖੜਦਾ ਹਾਂ। ਟੀ. ਵੀ. ਚਲ ਰਿਹਾ ਹੈ। ਇਸ ਦਾ ਮਤਲਬ ਹੈ ਕਿ ਹੇਠਾਂ ਪੀ. ਜੀ. ਆਉਣੇ ਸ਼ੁਰੂ ਹੋ ਗਏ ਸਨ। ਮੁੜ ਮਿਸ ਕਾਲ ਦੇਖਦਾ ਹਾਂ। ਮਨ ਕਰਦਾ ਹੈ ਕਿ ਚੀਕ ਮਾਰ ਕੇ ਮੋਹਨੀ ਨੂੰ ਆਵਾਜ਼ ਮਾਰਾਂ। ਮੈਥੋਂ ਕਦੇ ਉੱਚੀ ਬੋਲਿਆ ਹੀ ਨਹੀਂ ਗਿਆ। ਆਪਣੇ ਬੈੱਡ 'ਤੇ ਆ ਬੈਠਦਾ ਹਾਂ।

ਉਸ ਦਾ ਵੀ ਫਰਜ਼ ਬਣਦਾ ਸੀ ਕਿ ਉਹ ਮੇਰੀ ਮਿਸ ਕਾਲ ਦੇਖ ਕੇ ਤੁਰੰਤ ਆਉਂਦਾ। ਜਸਪਾਲ ਨੇ ਪਹਿਲੇ ਦਿਨ ਹੀ ਉਹ ਨੂੰ ਮੇਰੇ ਸਾਹਮਣੇ ਕਿਹਾ ਸੀ, "ਇਹ ਮੇਰੇ ਖਾਸ ਦੋਸਤ ਨੇ। ਤੂੰ ਸਾਰੇ ਕੰਮ ਛੱਡ ਕੇ ਪਹਿਲਾਂ ਇਨ੍ਹਾਂ ਨੂੰ ਅਟੈਂਡ ਕਰਨਾ ਆ। ਦੇਖੀਂ-ਕੋਈ ਸ਼ਿਕਾਇਤ ਨ੍ਹੀਂ ਆਉਣੀ ਚਾਹੀਦੀ। ਸਮਝਿਆ।" ਉਹ ਨੇ ਸਿਰ ਝੁਕਾ ਕੇ ਹਾਂ ਕਹੀ ਸੀ। ਉਹ ਮੇਰਾ ਖਾਸ ਖਿਆਲ ਰੱਖਣ ਲੱਗ ਪਿਆ ਸੀ। ਉਹ ਛੇ ਕੁ ਵਜੇ ਟਰੇਅ 'ਚ ਪਾਣੀ ਦਾ ਗਿਲਾਸ ਤੇ ਚਾਹ ਦਾ ਕੱਪ ਲਿਆਉਂਦਾ। ਠੀਕ ਅਠ ਵਜੇ ਖਾਰਾ ਸੋਡਾ ਤੇ ਸਲਾਦ ਦੀ ਪਲੇਟ, ਸਵਾ ਨੌਂ ਵਜੇ ਰੋਟੀ। ਪੌਣੇ ਦਸ ਵਜੇ ਦੁੱਧ ਦਾ ਗਿਲਾਸ। ਦੁੱਧ ਦਾ ਗਿਲਾਸ ਮੇਜ਼ 'ਤੇ ਰੱਖਦਿਆਂ ਹੋਇਆਂ ਕਹਿੰਦਾ, "ਜੇ ਕਿਸੇ ਚੀਜ਼ ਦੀ ਲੋੜ ਪਈ ਤਾਂ ਆਵਾਜ਼ ਮਾਰ ਲੈਣਾ।" ਫੇਰ ਦੋਵੇਂ ਹੱਥ ਜੋੜ ਕੇ 'ਗੁਡ ਨਾਈਟ' ਕਹਿੰਦਾ।

ਸਵੇਰ ਦੀ ਚਾਹ ਵੇਲੇ ਉਹ ਮੇਰੇ ਨਾਲ ਘਰ ਪਰਿਵਾਰ ਦੀਆਂ ਗੱਲਾਂ ਕਰਦਾ ਹੈ।



www.PunjabiLibrary.com

ਗੱਲਾਂ ਕਰਨ ਦੀ ਆਦਤ ਵੀ ਮੇਰੀ ਹੀ ਪਾਈ ਹੋਈ ਹੈ। ਮੈਨੂੰ ਆਪ ਗੱਲਾਂ ਕਰਨ ਵਾਲਾ ਚਾਹੀਦਾ ਹੈ। ਪਹਿਲਾਂ ਜਦੋਂ ਉਹ ਮੈਨੂੰ ਕੋਈ ਚੀਜ਼ ਦੇਣ ਆਉਂਦਾ ਸੀ ਤਾਂ ਖੜੇ ਪੈਰੀਂ ਹੀ ਵਾਪਸ ਮੁੜ ਜਾਂਦਾ ਸੀ। ਮੈਨੂੰ ਉਸ ਦੀ ਚੁੱਪ ਅਖਰਦੀ ਸੀ। ਮੈਂ ਉਹਨੂੰ ਕਿਹਾ ਸੀ, "ਕਦੇ ਤਾਂ ਹੱਸ ਬੋਲ ਵੇ। ਮਨ ਦੀ ਖੁੰਡੀ ਖੋਲ੍ਹ ਵੇ।" ਫੇਰ ਉਹ ਕੁਝ ਕੁ ਖੁੱਲ੍ਹਿਆ ਸੀ। ਉਸ ਦੇ ਪਰਿਵਾਰ 'ਚ ਉਸ ਤੋਂ ਬਿਨਾਂ ਉਸ ਦੀ ਪਤਨੀ, ਇਕ ਕੁੜੀ ਤੇ ਦੋ ਮੁੰਡੇ ਹਨ। ਉਸ ਦੀ ਚਿੰਤਾ ਦਾ ਕਾਰਨ ਉਸ ਦੀ ਵੱਡੀ ਕੁੜੀ ਨਿਸ਼ਾ ਹੈ। ਉਹ ਦਸਵੀਂ 'ਚ ਪੜ੍ਹਦੀ ਹੈ। ਉਹ ਮੈਨੂੰ ਵਾਰ-ਵਾਰ ਪੁੱਛਦਾ ਸੀ ਕਿ ਨਿਸ਼ਾ ਨੂੰ ਅਗੇ ਕਿਹੜੇ ਕਾਲਜ ਪੜ੍ਹਾਇਆ ਜਾਵੇ। ਉਹਨੂੰ ਕਿਹੜੇ ਕਿਹੜੇ ਸਬਜੈਕਟ ਰਖਵਾਏ ਜਾਣ। ਮੈਂ ਉਸ ਨੂੰ ਆਪਣੀ ਸਲਾਹ ਦਿੰਦਾ ਸੀ। ਉਹ ਮੇਰੀ ਸਲਾਹ ਨੂੰ ਮੰਨ ਲੈਂਦਾ ਸੀ। ਕੁਝ ਦਿਨ ਬੀਤ ਜਾਂਦੇ ਸਨ। ਉਹ ਫੇਰ ਉਹੀ ਕੁਝ ਪੁੱਛਣ ਲੱਗ ਜਾਂਦਾ ਸੀ। ਮੈਂ ਉਹਨੂੰ ਕਹਿੰਦਾ ਸੀ, "ਤੈਨੂੰ ਦੱਸਿਆ ਤਾਂ ਸੀ।" ਉਹ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਮੱਥੇ 'ਤੇ ਠੋਲਾ ਜਿਹਾ ਮਾਰਦਾ ਕਹਿੰਦਾ ਸੀ, "'ਸੌਰੀ ਸਰ ਜੀ, ਮੈਂ ਭੁੱਲ ਗਿਆਂ। ਮੈਂ ਅਨਪੜ੍ਹਾਂ ਵਰਗਾ। ਅੱਜ ਕਲ੍ਹ ਦੀਆਂ ਪੜ੍ਹਾਈਆਂ ਨੂੰ ਕੀ ਜਾਣਾਂ।" ਮੈਂ ਉਸ ਨੂੰ ਛੇੜਦਾ ਸੀ, "ਤੂੰ ਕਿਸ ਪਾਸੇਉਂ ਅਨਪੜ੍ਹ ਆਂ। ਪੜ੍ਹੇ ਲਿਖੇ ਪਰਿਵਾਰ 'ਚ ਰਹਿਣਾ ਆਂ। ਪੜ੍ਹੇ ਲਿਖੇ ਬੰਦਿਆਂ ਨਾਲ ਤੇਰਾ ਵਾਹ ਪੈਂਦਾ ਆ।" ਉਹ ਮੇਰੀ ਗੱਲ ਨਾਲ ਸਹਿਮਤ ਹੋ ਜਾਂਦਾ ਸੀ। ਮੈਂ ਉਸ ਨੂੰ ਕਹਿੰਦਾ ਸੀ, "ਤੂੰ ਆਪਣੇ ਬੱਚਿਆਂ ਬਾਰੇ ਪ੍ਰੋਫੈਸਰ ਸਾਹਿਬ ਕੋਲੋਂ ਸਲਾਹ ਲਿਆ ਕਰ। ਮੇਰੇ ਨਾਲੋਂ ਜ਼ਿਆਦਾ ਤਾਂ ਉਨ੍ਹਾਂ ਨੂੰ ਪਤਾ ਆ। ਉਹ ਤੇਰੀ ਇਸ ਕੰਮ ਵਿਚ ਮਦੱਦ ਕਰ ਸਕਦੇ ਆ।" ਉਹ ਨੀਵੀਂ ਪਾਈ ਹੀ ਜੁਆਬ ਦਿੰਦਾ ਸੀ, "ਪ੍ਰੋਫੈਸਰ ਸਾਹਿਬ ਤਾਂ ਬਹੁਤ ਹੀ ਚੰਗੇ ਇਨਸਾਨ ਨੇ। ਉਨ੍ਹਾਂ ਦੀ ਜਿੰਨੀ ਵੀ ਪ੍ਰਸੰਸਾ ਕਰਾਂ, ਉਨੀ ਹੀ ਥੋੜ੍ਹੀ ਹੋਵੇਗੀ। ਪਰ ਉਨ੍ਹਾਂ ਕੋਲ ਮੇਰੀ ਗੱਲ ਸੁਨਣ ਦੀ ਕਦੇ ਵਿਹਲ ਹੀ ਨ੍ਹੀਂ ਹੋਈ। " ਮੈਨੂੰ ਲੱਗਦਾ ਸੀ ਕਿ ਪਿਛਲੇ ਸ਼ਬਦ ਬੋਲਦਿਆਂ ਹੋਇਆਂ ਉਹਦੀ ਆਵਾਜ਼ ਬੈਠਣ ਲੱਗਦੀ ਸੀ। ਇਕ ਦਿਨ ਮੈਂ ਉਸਨੂੰ ਕਿਹਾ ਸੀ ਕਿ ਉਹ ਘਰ ਪਰਿਵਾਰ ਤੋਂ ਬਾਹਰ ਦੀਆਂ ਗੱਲਾਂ ਵੀ ਕਰਿਆ ਕਰੇ। ਕਈ ਵਾਰ ਮੈਂ ਉਸ ਦੇ ਰੰਡੀ ਰੋਣੇ ਸੁਣਦਾ ਅਕੇਵਾਂ ਮਹਿਸੂਸ ਕਰਦਾ ਸੀ। ਹਫਤੇ ਕੁ ਬਾਅਦ ਉਹ ਅਖ਼ਬਾਰ ਦੀ ਕਟਿੰਗ ਲੈ ਕੇ ਆਇਆ ਸੀ। ਮੇਰੇ ਸਾਹਮਣੇ ਰੱਖ ਕੇ ਉਸ ਕਿਹਾ ਸੀ ਕਿ ਮੈਂ ਇਹਨੂੰ ਪੜ੍ਹਾਂ। ਮੈਂ ਪੜ੍ਹਿਆ ਸੀ। ਮੁੰਬਈ ਦੇ ਮਨੋਵਿਗਿਆਨੀ ਹਰੀਸ਼ ਸੈਟੀ ਦੇ ਵਿਚਾਰ ਸਨ, "ਇਸ ਭੂਮੰਡਲੀਯ ਵਿਸ਼ਵ ਮੇਂ ਜੋ ਭੀ ਤਾਕਤਵਰ ਹੋਗਾ, ਵਹ ਕਮਜ਼ੋਰ ਪਰ ਨਿਸ਼ਾਨਾ ਸਾਧੇਗਾ।" ਮੈਂ ਉਸ ਨੂੰ ਪੁੱਛਿਆ ਸੀ ਕਿ ਉਹ ਕੀ ਕਹਿਣਾ ਜਾਂ ਜਾਣਨਾ ਚਾਹੁੰਦਾ ਸੀ। ਉਸ ਪੁੱਛਿਆ ਸੀ, "ਮਨੋਵਿਗਿਆਨੀ ਕੌਣ ਹੁੰਦਾ ਆ ?" ਮੈਂ ਦੱਸਿਆ ਸੀ, "ਮਨ ਦੀਆਂ ਗੱਲਾਂ ਜਾਨਣ ਵਾਲਾ।" ਫੇਰ ਮੈਂ ਉਸਨੂੰ ਮਨੋਵਿਗਿਆਨ ਬਾਰੇ ਵਿਸਥਾਰ ਸਹਿਤ ਦੱਸਿਆ ਸੀ। ਉਸ ਦਾ ਕਹਿਣਾ ਸੀ, "ਇਹ ਕਿਹੜੀ ਨਵੀਂ ਗੱਲ ਆ।" ਅਕਸਰ ਉਹ ਨਵੀਆਂ-ਨਵੀਆਂ ਗੱਲਾਂ ਮੈਥੋਂ ਪੁੱਛਦਾ ਰਹਿੰਦਾ ਸੀ। ਕਈ ਵਾਰ ਮੇਰਾ ਉਸ ਨੂੰ ਸਤੁੰਸ਼ਟ ਕਰਾਉਣਾ ਔਖਾ ਹੋ ਜਾਂਦਾ ਸੀ।

ਜਦੋਂ ਉਹ ਪਹਿਲੀ ਵਾਰ ਮੈਨੂੰ ਰੋਟੀ ਦੇਣ ਆਇਆ ਸੀ ਤਾਂ ਜਸਪਾਲ ਘਰੇ ਨਹੀਂ ਸੀ। ਕੁਝ ਚਿਰ ਪਹਿਲਾਂ ਉਹ ਮੇਰੇ ਕੋਲ ਬੈਠਾ ਸਿਗਰੇਟ ਤੇ ਸਿਗਰੇਟ ਫੂਕੀ ਗਿਆ ਸੀ। ਉਸ



ਨੂੰ ਕਿਸੇ ਦੋਸਤ ਦਾ ਫੋਨ ਆਇਆ ਸੀ। ਉਸ ਦੱਸਿਆ ਸੀ, "ਮੇਰੇ ਕੋਲ ਮੇਰਾ ਦੋਸਤ ਅਜੈ ਆਇਆ ਹੋਇਆ। ਅਸੀਂ ਯੂਨੀਵਰਸਿਟੀ ਵਿਚ ਇਕੱਠੇ ਪੜ੍ਹੇ ਆਂ। ਜਦੋਂ ਇਹ ਆਪਣੀ ਜਨਾਨੀ ਕੋਲੋਂ ਅੱਕ ਜਾਵੇ ਤਾਂ ਮੇਰੇ ਕੋਲ ਆਉਂਦਾ ਆ। ਜਦੋਂ ਮੇਰੀ ਮਿਸਿਜ਼ ਤੰਗ ਕਰਨ ਲੱਗ ਜਾਵੇ ਤਾਂ ਮੈਂ ਇਸ ਕੋਲ ਚਲਾ ਜਾਂਦਾ ਆਂ। ਹੁਣ ਇਹ ਦੀ ਟਰਾਂਸਫਰ ਇਥੇ ਦੀ ਹੋ ਗਈ ਆ। ਇਹ ਮੇਰੇ ਕੋਲ ਹੀ ਠਹਿਰਿਆ ਕਰੂਗਾ।" ਉਹ ਗੱਲਾਂ ਕਰਦਾ-ਕਰਦਾ ਹੱਸੀ ਗਿਆ ਸੀ। ਫੋਨ ਬੰਦ ਕਰਨ ਤੋਂ ਪਹਿਲਾਂ ਉਸ ਕਿਹਾ ਸੀ, "ਅੱਜ ਨ੍ਹੀਂ। ਅੱਜ ਮੈਨੂੰ ਲੁਧਿਆਣੇ ਵਾਪਸ ਜਾਣਾ ਪੈਣਾ। ਮਿਸਿਜ਼ ਦਾ ਦੋ ਵਾਰ ਫੋਨ ਆ ਚੁੱਕਾ।" ਉਸ ਫੋਨ ਬੰਦ ਹੀ ਕੀਤਾ ਸੀ ਕਿ ਮਗਰੇ ਉਸ ਦੀ ਮਿਸਿਜ਼ ਦਾ ਫੋਨ ਆ ਗਿਆ ਸੀ। ਉਹ ਪੁੱਛ ਰਹੀ ਸੀ, "ਤੁਸੀਂ ਅਜੇ ਤੁਰੇ ਨ੍ਹੀਂ।" ਉਸ ਨੇ ਫੋਨ ਬੰਦ ਕਰ ਕੇ ਜੇਬ 'ਚ ਪਾ ਲਿਆ ਸੀ। ਮੇਰੇ ਨਾਲ ਹੱਥ ਮਿਲਾਉਂਦਿਆਂ ਹੋਇਆਂ ਕਿਹਾ ਸੀ, "ਸੌਰੀ, ਅਜੈ-ਮੈਨੂੰ ਜਾਣਾ ਪੈ ਰਿਹਾ। ਮਿਸਿਜ਼ ਦੀ ਸਖਤ ਹਦਾਇਤ ਆ। ਅੱਜ ਤੂੰ ਇਕੱਲਾ ਇੰਜੁਆਏ ਕਰ। ਓ. ਕੇ. ਫੇਰ ਮਿਲਦੇ ਆਂ।" ਉਸ ਦੇ ਜਾਣ ਤੋਂ ਘੰਟਾ ਕੁ ਬਾਅਦ ਹੀ ਮੋਹਨੀ ਨੇ ਆ ਕੇ ਕਿਹਾ ਸੀ ਕਿ ਖਾਣਾ ਮੇਜ਼ 'ਤੇ ਲੱਗ ਚੁੱਕਾ ਸੀ। ਮੈਂ ਆ ਕੇ ਖਾ ਲਵਾਂ। ਮੈਂ ਲੈਪਟਾਪ 'ਤੇ ਬਿਜੀ ਸੀ। ਮੈਂ ਉਹਨੂੰ ਦੱਸਿਆ ਸੀ, "ਇਥੇ ਹੀ ਫੜਾ ਦੇ। ਤਿੰਨ ਰੋਟੀਆਂ। ਮੇਰੀ ਇੰਨੀ ਕੁ ਹੀ ਭੁੱਖ ਹੁੰਦੀ ਆ। ਮੇਰੀ ਰੁਟੀਨ ਸਮਝ ਲੈ। ਸਵੇਰੇ ਨੂੰ ਸਾਢੇ ਪੰਜ ਵਜੇ ਸੈਰ ਕਰਦਾ ਆਂ। ਵਾਪਸੀ 'ਤੇ ਮੈਨੂੰ ਪਾਣੀ ਦਾ ਗਿਲਾਸ ਤੇ ਚਾਹ ਦਾ ਕੱਪ ਚਾਹੀਦਾ। ਅੱਠ ਵਜੇ ਇਕ ਪਰਾਉਂਠਾ। ਸਮਝ ਗਿਆ ਨਾ ?" ਉਸ ਹਾਂ 'ਚ ਸਿਰ ਹਿਲਾਇਆ ਸੀ। ਮੈਂ ਉਸ ਨੂੰ ਸੌ ਦਾ ਨੋਟ ਦਿੱਤਾ ਸੀ। ਪਰ ਉਸ ਨੋਟ ਨਹੀਂ ਫੜਿਆ ਸੀ। ਉਸ ਦੱਸਿਆ ਸੀ, "ਬਾਬੂ ਜੀ ਨੇ ਮੈਨੂੰ ਸਖਤ ਹਦਾਇਤ ਕੀਤੀ ਹੋਈ ਆ ਕਿ ਕਿਸੇ ਕੋਲੋਂ ਕੋਈ ਪੈਸਾ ਨ੍ਹੀਂ ਲੈਣਾ। ਜੇ ਮੈਂ ਪੀ. ਜੀ. ਕੋਲੋਂ ਜਾਂ ਕਿਸੇ ਗੈਸਟ ਕੋਲੋਂ ਪੈਸੇ ਲੈ ਲਏ ਤਾਂ ਫੇਰ ਮੇਰੀ ਉਹ ਇੱਜ਼ਤ ਨ੍ਹੀਂ ਰਹਿਣੀ।" ਮੈਂ ਉਹਨੂੰ ਦੱਸਿਆ ਸੀ ਕਿ ਮੈਂ ਉਨ੍ਹਾਂ ਜਿਹਾ ਨਹੀਂ ਹਾਂ। ਮੈਂ ਰੋਟੀ ਖਾ ਕੇ ਥਾਲੀ ਹੇਠਾਂ ਨੋਟ ਰੱਖ ਦਿੱਤਾ ਸੀ। ਖੁੱਲ੍ਹੀ ਹਵਾ ਲੈਣ ਲਈ ਛੱਤ 'ਤੇ ਚਲਾ ਗਿਆ ਸੀ।

ਜਸਪਾਲ ਉਸ ਦੀ ਇਮਾਨਦਾਰੀ ਦੀਆਂ ਸਿਫਤਾਂ ਕਰਦਾ ਸੀ, "ਮੈਂ ਸਾਰੀ ਕੋਠੀ ਇਸ ਦੇ ਹਵਾਲੇ ਕੀਤੀ ਹੋਈ ਆ। ਤੈਨੂੰ ਪਤਾ ਹੀ ਆ ਕਿ ਮਿਸਿਜ਼ ਤੇ ਬੱਚੇ ਤਾਂ ਲੁਧਿਆਣੇ ਰਹਿੰਦੇ ਆ। ਮਿਸਿਜ਼ ਦੀ ਬਦਲੀ ਲਈ ਬਥੇਰੇ ਹੱਥ ਪੈਰ ਮਾਰੇ ਪਰ ਅਜੇ ਤਾਈਂ ਕੰਮ ਨ੍ਹੀਂ ਬਣਿਆ। ਮੈਂ ਇਹ ਕੋਠੀ ਵੀ ਇਸ ਕਰਕੇ ਖਰੀਦੀ ਸੀ ਕਿ ਸਾਰਾ ਪਰਿਵਾਰ ਇਕ ਥਾਂ ਹੋ ਜਾਏ। ਮੈਂ ਇਥੇ ਸਿਰਫ ਦੋ ਤਿੰਨ ਦਿਨ ਰੁਕਦਾ ਆਂ। ਹਫਤੇ ਦਾ ਸਾਰਾ ਸਾਮਾਨ ਸੁੱਟਵਾ ਦਿੰਦਾ ਆਂ।" ਅਸੀਂ ਇਕ ਦਿਨ ਬੈਠੇ ਪੈੱਗ ਲਾ ਰਹੇ ਸੀ। ਦੋ ਕੁ ਪੈੱਗ ਲਾਏ ਸਨ। ਮੋਹਨੀ ਆਂਡਿਆਂ ਦੀ ਭੁਰਜੀ ਬਣਾ ਕੇ ਲਿਆਇਆ ਸੀ। ਜਸਪਾਲ ਨੇ ਕਿਹਾ ਸੀ, "ਅੱਜ ਤੈਨੂੰ ਪੈੱਗ ਨ੍ਹੀਂ ਮਿਲਣਾ।" ਮੋਹਨੀ ਨੇ ਕਿਹਾ ਸੀ, "ਸਰਜੀ, ਜਿਦਾਂ ਤੁਹਾਡੀ ਮਰਜ਼ੀ।" ਜਸਪਾਲ ਨੇ ਲੋਰ 'ਚ ਆਇਆਂ ਕਿਹਾ ਸੀ, "ਦੇਖ-ਮੈਂ ਤੇਰੇ ਬਾਰੇ ਕੀ ਸੋਚੀਂ ਬੈਠਾਂ। ਤੈਨੂੰ ਮੈਂ ਜਲਦੀ ਹੀ ਢੇਡ ਕੁ ਮਰਲੇ ਦਾ ਪਲਾਟ ਲੈ ਦੇਣਾ। ਦੋ ਕਮਰੇ ਵੀ ਬਣਾ ਕੇ ਦਊਂਗਾ। ਐਵੇਂ ਮੇਰੀ ਗੱਪ ਨਾ ਸਮਝੀਂ। ਮੈਂ ਰੱਜਿਆ ਪੁੱਜਿਆ ਸੁਨਿਆਰਾ ਆਂ। ਮੈਨੂੰ ਦੋਵੇਂ ਪੈਰ ਜੋੜ ਕੇ ਸਲੂਟ ਮਾਰ। ਮੈਨੂੰ ਵੱਡੇ ਲੋਕਾਂ ਦੀ ਚਮਚੀ ਮਾਰਨੀ ਪੈਂਦੀ ਆ। ਤੂੰ ਕੁਸ਼ ਲੈਣਾ ਆ ਤਾਂ ਮੇਰੀ ਚਮਚੀ ਮਾਰਿਆ ਕਰ। ਐਵੇਂ



www.PunjabiLibrary.com

ਨ੍ਹੀਂ ਕੁਸ਼ ਮਿਲਦਾ ਹੁੰਦਾ।" ਜਿਵੇਂ ਜਸਪਾਲ ਨੇ ਕਿਹਾ ਸੀ, ਮੋਹਨੀ ਨੇ ਉਵੇਂ ਹੀ ਕੀਤਾ ਸੀ। ਹਫਤੇ ਕੁ ਬਾਅਦ ਮੈਂ ਜਸਪਾਲ ਨੂੰ ਉਸ ਦੇ ਕਹੇ ਦਾ ਯਾਦ ਕਰਵਾਇਆ ਸੀ। ਉਹ ਦੱਸਿਆ ਸੀ, "ਮੈਨੂੰ ਯਾਦ ਆ। ਅਜੇ ਤਾਂ ਇਸ ਕੋਠੀ ਦੀਆਂ ਕਿਸ਼ਤਾਂ ਸਾਹ ਨ੍ਹੀਂ ਲੈਣ ਦਿੰਦੀਆਂ। ਮੇਰੀ ਪੂਰੀ ਤਨਖਾਹ ਕਿਸ਼ਤ 'ਚ ਚਲੇ ਜਾਂਦੀ ਆ। ਮਿਸਿਜ਼ ਦੀ ਲੁਧਿਆਣੇ ਵਾਲੀ ਕੋਠੀ 'ਚ। ਘਰ-ਬਾਹਰ ਦਾ ਖਰਚ ਪਿੰਡ ਦੇ ਸਿਰ 'ਤੇ ਚਲਦਾ। ਇਹਨੂੰ ਕਈ ਵਾਰ ਗਾਜਰ ਦਿਖਾਉਣੀ ਪੈਂਦੀ ਐ।"

ਇੱਕ ਦਿਨ ਰੋਟੀ ਦੇਣ ਆਏ ਮੋਹਨੀ ਨੂੰ ਮੈਂ ਛੇੜਿਆ ਸੀ, "ਤੇਰਾ ਬਾਬੂ ਤੈਨੂੰ ਕਦੋਂ ਪਲਾਟ ਲੈ ਕੇ ਦੇ ਰਿਹਾ ?" ਉਸ ਢਿੱਲੇ ਜਿਹੇ ਮੂੰਹ ਨਾਲ ਕਿਹਾ ਸੀ, "ਬਾਬੂ ਦੀਆਂ ਬਾਬੂ ਹੀ ਜਾਣੇ। ਮੈਨੂੰ ਤਾਂ ਐਨਾ ਪਤਾ ਲਗਾ ਕਿ ਉਨ੍ਹਾਂ ਨੇ ਇੱਥੋਂ ਦੇ ਇਕ ਕਲਬ ਦੀ ਮੈਂਬਰਸ਼ਿਪ ਲੈਣ ਲਈ ਦੋ ਲੱਖ ਰੁਪਈਆ ਖਰਚਿਆ। ਲਾਇੰਸ ਕਲਬ ਨੂੰ ਲੱਖ ਦਿੱਤਾ।" ਕੁਝ ਚਿਰ ਉਹ ਨੀਵੀਂ ਪਾ ਕੇ ਖੜਾ ਰਿਹਾ ਸੀ। ਫੇਰ ਉਸ ਕੁਝ ਕੁ ਹੌਂਸਲੇ ਨਾਲ ਕਿਹਾ ਸੀ, "ਬਾਬੂ ਜੀ, ਤੁਹਾਡੀ ਬਹੁਤ ਮੰਨਦੇ ਆ। ਤੁਸੀਂ ਹੀ ਮੇਰੀ ਸਿਫਾਰਸ਼ ਕਰ ਦਿਉ। ਬੱਚੇ ਵੱਡੇ ਹੋ ਗਏ ਆ। ਮੈਨੂੰ ਸਿਰ ਢੱਕਣ ਲਈ ਜਗ੍ਹਾ ਮਿਲ ਜਾਊ।"

ਮਹੀਨੇ 'ਚ ਮੈਂ ਇਥੇ ਅੱਠ-ਨੌਂ ਦਿਨ ਰੁਕਦਾ ਹਾਂ। ਦਸ ਪੰਦਰਾਂ ਦਿਨਾਂ ਬਾਅਦ ਮੋਹਨੀ ਨੂੰ ਪੰਜਾਹ-ਸੌ ਦੇ ਦਿੰਦਾ ਹਾਂ। ਮੈਨੂੰ ਲੱਗਦਾ ਹੈ ਕਿ ਉਹ ਐਨੇ ਨਾਲ ਹੀ ਖੁਸ਼ ਹੋ ਜਾਂਦਾ ਹੈ। ਮੇਰੇ ਆਉਂਦਿਆਂ ਨੂੰ ਮੇਰਾ ਕੁੜਤਾ-ਪਜਾਮਾ ਤੇ ਤੌਲੀਆ ਧੋਤੇ ਹੋਏ ਮਿਲਦੇ ਹਨ। ਕਮਰਾ ਸਾਫ ਸੁਥਰਾ ਹੁੰਦਾ ਹੈ। ਜੇ ਮੈਂ ਕਦੇ ਪੈਸੇ ਦੇਣ ਦੀ ਘੇਸਲ ਮਾਰ ਜਾਂਦਾ ਹਾਂ ਤਾਂ ਉਹ ਮੈਨੂੰ ਯਾਦ ਕਰਵਾ ਦਿੰਦਾ ਹੈ, "ਸਾਹਿਬ ਜੀ, ਅੱਜ ਘੁਟ ਪੀਣ ਨੂੰ ਮਨ ਕਰਦਾ।" ਜਾਂ "ਮੈਨੂੰ ਪੰਜਾਹ ਦਾ ਨੋਟ ਦਿਉਗੇ। ਬਾਬੂ ਜੀ ਦੇ ਆਉਣ ਤੇ ਦੇ ਦੇਵਾਂਗਾ।" ਕਦੇ ਕਦੇ ਮੈਂ ਉਸਨੂੰ ਪੈੱਗ ਵੀ ਦੇ ਦਿੰਦਾ ਸੀ। ਖਾਸ ਕਰਕੇ ਉਦੋਂ ਜਦੋਂ ਉਸ ਦੀ ਬਣਾਈ ਸਬਜ਼ੀ ਕਮਾਲ ਦੀ ਹੁੰਦੀ ਸੀ। ਉਹ ਹਲਵਾ ਕਦੂ ਖੱਟ ਮਿੱਠਾ ਬਣਾਉਂਦਾ ਹੈ। ਮਿੱਠਾ ਜ਼ਿਆਦਾ। ਖੱਟਾ ਘੱਟ। ਸਾਗ ਮਲਾਈ ਵਰਗਾ ਬਣਾਉਂਦਾ ਹੈ। ਮੈਂ ਖਾਂਦਾ-ਖਾਂਦਾ ਬਾਗੋਬਾਗ ਹੋ ਜਾਂਦਾ ਸੀ। ਉਹਦੀਆਂ ਵਾਰ-ਵਾਰ ਸਿਫਤਾਂ ਕਰਦਾ ਸੀ। ਜ਼ਿਆਦਾ ਹੀ ਖੁਸ਼ ਹੋ ਜਾਂਦਾ ਸੀ ਤਾਂ ਇਕ ਦੀ ਥਾਂ ਤਿੰਨ ਪੈੱਗ ਵੀ ਪਿਲਾ ਦਿੰਦਾ ਸੀ। ਉਹ ਵੀ ਆਪਣੇ ਬੈੱਡ 'ਤੇ ਬਿਠਾ ਕੇ। ਉਹ ਮੇਰੇ ਅੱਗੇ ਸਿਰ ਉੱਚਾ ਨਹੀਂ ਕਰਦਾ ਸੀ। ਨੀਵੀਂ ਪਾਈ ਹੀ ਕਿਸੇ ਗੱਲ ਦਾ ਜਵਾਬ ਦਿੰਦਾ ਸੀ। ਬਹੁਤ ਹੀ ਘੱਟ ਸ਼ਬਦਾਂ 'ਚ। ਜਿੰਨਾ ਕੁ ਪੁੱਛਦਾ, ਉਸ ਤੋਂ ਅੱਧਾ ਕੁ ਜਵਾਬ ਦਿੰਦਾ ਸੀ। ਖਾਸ ਕਰਕੇ ਉਦੋਂ ਜਦੋਂ ਉਸ ਪੈੱਗ ਲਾਇਆ ਹੁੰਦਾ ਸੀ ਜਾਂ ਮੈਂ ਲੁਆਇਆ ਹੁੰਦਾ ਸੀ। ਇਕ ਦਿਨ ਉਹ ਬਹੁਤ ਉਦਾਸ ਜਿਹਾ ਲੱਗਾ। ਮੈਂ ਉਸ ਨੂੰ ਪੁੱਛਿਆ ਕਿ ਕੀ ਗੱਲ ਹੋ ਗਈ ਸੀ। ਉਸ ਦੱਸਣਾ ਸ਼ੁਰੂ ਕੀਤਾ ਸੀ, "ਮੇਰਾ ਸਾਈਕਲ ਚੋਰੀ ਹੋ ਗਿਆ। ਮੈਂ ਬਾਹਰ ਲੌਕ ਲਾ ਕੇ ਰੱਖਿਆ ਸੀ। ਪਤਾ ਨ੍ਹੀਂ ਚੋਰ ਕਿਵੇਂ ਲੈ ਗਿਆ।" ਮੈਂ ਉਸਨੂੰ ਘੂਰਿਆ ਸੀ, "ਤੂੰ ਅੰਦਰ ਕਿਉਂ ਨ੍ਹੀਂ ਰੱਖਿਆ ?" ਉਸ ਦੱਸਿਆ, "ਬਾਬੂ ਜੀ-ਅੰਦਰ ਨ੍ਹੀਂ ਰੱਖਣ ਦਿੰਦੇ। ਕਹਿੰਦੇ-ਅੰਦਰ ਰੱਖ ਕੇ ਗੰਦ ਪਾਉਣਾ। ਚਲੋ-ਸਾਈਕਲ ਤਾਂ ਮੈਂ ਔਖਾ ਸੌਖਾ ਹੋ ਕੇ ਲੈ ਹੀ ਲਵਾਂਗਾ। ਛੋਟੀ ਸਾਲੀ ਦਾ ਵਿਆਹ ਆ ਗਿਆ। ਦਸ ਹਜ਼ਾਰ ਦਾ ਖਰਚਾ। ਉਪਰੋਂ ਬੱਚਿਆਂ ਦੀ ਫੀਸ। ਮੈਂ ਇਕੱਲੀ ਜਾਨ। ਕੀ ਕਰਾਂ।"



ਮੈਂ ਕਿਹਾ ਸੀ, "ਪ੍ਰੋਫੈਸਰ ਸਾਹਿਬ ਕੋਲੋਂ ਅਡਵਾਂਸ ਫੜ ਲੈ।" ਉਸ ਰੋਣੀ ਜਿਹੀ ਸੂਰਤ ਬਣਾ ਕੇ ਦੱਸਿਆ ਸੀ, "ਉਨ੍ਹਾਂ ਕੋਲੋਂ ਤਾਂ ਪਹਿਲਾਂ ਹੀ ਲੈ ਚੁੱਕਾਂ। ਹੁਣ ਜੇ ਤੁਸੀਂ ਮੇਰੀ ਬਾਂਹ ਫੜ ਲਓ ਤਾਂ ਮੇਰਾ ਸਾਹ ਕੁਸ਼ ਕੁ ਸੌਖਾ ਹੋ ਜਾਏਗਾ।" ਮੈਂ ਪੁੱਛਿਆ ਸੀ, "ਕਿੰਨੇ ਕੁ ਨਾਲ ਸਰੂ ?" ਉਸ ਵਾਰ-ਵਾਰ ਇਹੀ ਕਿਹਾ ਸੀ ਕਿ ਆਪਣੀ ਸਮਰੱਥਾ ਅਨੁਸਾਰ ਦੇ ਦਿਉ। ਮੈਂ ਉਸਨੂੰ ਹੌਸਲਾ ਦਿੱਤਾ। ਉਹ ਚਲਾ ਗਿਆ। ਮੈਂ ਇਸ ਸੰਬੰਧੀ ਜਸਪਾਲ ਨਾਲ ਗੱਲ ਕਰਨੀ ਚਾਹੁੰਦਾ ਸੀ। ਮੈਨੂੰ ਪਤਾ ਸੀ ਕਿ ਉਹ ਨੌਕਰ 'ਤੇ ਬਹੁਤਾ ਵਿਸ਼ਵਾਸ ਨਹੀਂ ਕਰਦਾ ਹੈ। ਇਕ ਦਿਨ ਉਸ ਕਿਹਾ ਸੀ, "ਅੱਜ ਕਲ੍ਹ ਦੇ ਨੌਕਰ ਈਮੋਸ਼ਨਲੀ ਬਲੈਕਮੇਲ ਕਰਦੇ ਆ। ਮੈਂ ਆਪ ਇਹਨੂੰ ਕਰਦਾ ਆਂ। ਕਦੇ ਇਹਨੂੰ ਬੱਚਿਆਂ ਵਾਂਗ ਰੱਖਣਾ ਪੈਂਦਾ ਆ। ਕਦੇ ਜਨਾਨੀ ਵਾਂਗ। ਚੰਗੇ ਨੌਕਰ ਮਿਲਦੇ ਨ੍ਹੀਂ। ਕਈ ਵਾਰ ਮਾੜੇ ਨਾਲ ਕੰਮ ਚਲਾਉਣਾ ਪੈਂਦਾ। ਮੈਂ ਹਮੇਸ਼ਾ ਪਰਿਵਾਰ ਵਾਲੇ ਬੰਦੇ ਨੂੰ ਹੀ ਨੌਕਰ ਰੱਖਦਾ ਆਂ। ਉਹ ਗਲਤੀ ਕਰਨ ਲਗਾ ਸੌ ਵਾਰ ਸੋਚਦਾ ਆ।"

ਮੈਨੂੰ ਹਜਾਰੂ ਯਾਦ ਆਇਆ ਸੀ। ਹਜਾਰੂ ਬਾਰੇ ਮੈਨੂੰ ਮੇਰੇ ਚਾਚਾ ਜੀ ਨੇ ਦੱਸਿਆ ਸੀ। ਵੋਟਰ ਸੂਚੀ 'ਚ ਉਸ ਦਾ ਨਾਂ ਹਜਾਰੀ ਚੰਦ ਸਪੁੱਤਰ ਬਿਹਾਰੀ ਚੰਦ ਦਰਜ ਸੀ। ਘਰ ਤੇ ਬਾਹਰ ਉਸ ਨੂੰ ਹਜਾਰੂ ਕਹਿ ਕੇ ਬੁਲਾਇਆ ਜਾਂਦਾ ਸੀ। ਲੰਬੜਦਾਰ ਜਗੀਰ ਸਿੰਘ ਆਪਣੇ ਪਿਉ ਦੇ ਅਸਤ ਪਾਉਣ ਹਰਿਦੁਆਰ ਗਿਆ ਸੀ। ਵਾਪਸ ਮੁੜਿਆ ਤਾਂ ਉਸ ਦੇ ਨਾਲ ਲਵੀ ਜਿਹੀ ਉਮਰ ਦਾ ਮੁੰਡਾ ਸੀ। ਲੰਬੜਦਾਰ ਨੂੰ ਹਰਕੀ ਪੌੜੀ 'ਤੇ ਮਿਲਿਆ ਸੀ। ਲੰਬੜਦਾਰ ਮਹਾ ਗਾਲੜੀ ਸੀ। ਗੱਲਾਂ 'ਚ ਭਰਮਾ ਕੇ ਨਾਲ ਲੈ ਆਇਆ ਸੀ। ਆਉਣ ਸਾਰ ਹੀ ਉਹਨੂੰ ਬਕਰੀਆਂ ਦੇ ਵੱਗ ਮਗਰ ਤੋਰ ਦਿੱਤਾ ਸੀ, "ਲੈ ਬਈ ਬਲਿਆ, ਤੇਰੀ ਨੌਕਰੀ ਸ਼ੁਰੂ।" ਹਜਾਰੂ ਦੇ ਸੱਜੇ ਮੋਢੇ 'ਤੇ ਢਾਂਗੀ ਟਿਕਾ ਕੇ ਸਮਝਾਇਆ ਸੀ, "ਇਹ ਤੇਰੇ ਬੜੀ ਕੰਮ ਆਊਗੀ।" ਕੁਝ ਚਿਰ ਤਾਂ ਹਜਾਰੂ ਦਾ ਮਨ ਨਹੀਂ ਲੱਗਾ ਸੀ। ਪਰ ਹੌਲੀ ਹੌਲੀ ਉਸ ਆਪਣੀ ਹੋਣੀ ਨਾਲ ਇਕ ਤਰ੍ਹਾਂ ਨਾਲ ਸਮਝੌਤਾ ਹੀ ਕਰ ਲਿਆ ਸੀ।

ਮਹਾਮਾਰੀ ਫੈਲੀ ਸੀ। ਦਿਨਾਂ 'ਚ ਹੀ ਵੱਗ 'ਚੋਂ ਚਾਰ ਬੱਕਰੀਆਂ ਬਚੀਆਂ ਸਨ। ਲੰਬੜਦਾਰ ਦੀ ਜ਼ਮੀਨ ਨਾਂ-ਮਾਤਰ ਸੀ। ਘਰ 'ਚ ਰੋਟੀ ਦੇ ਲਾਲੇ ਪੈ ਗਏ ਸਨ। ਲੰਬੜਦਾਰ ਨੇ ਜ਼ਮੀਨ ਆੜ੍ਹਤੀਏ ਕੋਲ ਗਹਿਣੇ ਰੱਖ ਦਿੱਤੀ ਸੀ। ਪੈਸੇ ਜੇਬ 'ਚ ਪਾ ਕੇ ਸਿੰਘਾਪੁਰ ਨੂੰ ਕਮਾਈ ਕਰਨ ਚਲਾ ਗਿਆ ਸੀ। ਜਾਣ ਤੋਂ ਪਹਿਲਾਂ ਉਸ ਹਜਾਰੂ ਨੂੰ ਕਿਹਾ ਸੀ, "ਲੈ ਬਈ ਰੱਬ ਦਿਆ ਬੰਦਿਆ-ਤੇਰਾ ਮੇਰਾ ਐਨਾ ਕੁ ਸੰਬੰਧ ਸੀ। ਤੂੰ ਨੌਕਰ ਆਂ। ਕਿਸੇ ਨਾਲ ਵੀ ਰਲ ਜਾ।" ਹਜਾਰੂ ਦੀਆਂ ਅੱਖਾਂ ਭਰ ਆਈਆਂ ਸਨ। ਲੰਬੜਦਾਰਨੀ ਨੇ ਕਿਹਾ ਸੀ, "ਜਿਥੇ ਬਾਕੀ ਦੇ ਜੀਅ ਰੋਟੀ ਖਾਂਦੇ ਆ-ਉਥੇ ਇਹ ਵੀ ਖਾਈ ਜਾਊ।"

ਲੰਬੜਦਾਰ ਜਿਉਂ ਗਿਆ-ਮੁੜ ਕੇ ਉਸ ਦੀ ਕੋਈ ਉਗ-ਸੁਗ ਨਹੀਂ ਨਿਕਲੀ ਸੀ। ਫੇਰ ਘਰ ਨੂੰ ਹਜਾਰੂ ਨੇ ਸੰਭਾਲਿਆ ਸੀ। ਉਸ ਕੁਝ ਮਹੀਨੇ ਨਕੋਦਰ ਜਾ ਕੇ ਲੁਹਾਰਾ ਕੰਮ ਸਿਖਿਆ ਸੀ। ਫੇਰ ਪਿੰਡ 'ਚ ਸੇਪੀ ਦਾ ਕੰਮ ਸ਼ੁਰੂ ਕਰ ਲਿਆ ਸੀ। ਉਸ ਦੀ ਬੋਲੀ 'ਚ ਮਿਠਾਸ ਸੀ। ਕਿਸੇ ਨੂੰ ਕੰਮ ਤੋਂ ਨਾਂਹ ਨਹੀਂ ਕਰਦਾ ਸੀ। ਕੰਮ ਦਾ ਕਾਰੀਗਰ ਸੀ। ਘਰ ਦਾ ਰੋਟੀ-ਪਾਣੀ ਤੁਰ ਪਿਆ ਸੀ। ਉਸੇ ਦੀ ਮਿਹਨਤ ਨਾਲ ਲੰਬੜਦਾਰ ਦੇ ਤਿੰਨੇ ਮੁੰਡੇ ਜੁਆਨ ਹੋਏ ਸੀ। ਦੋਨੋਂ ਕੁੜੀਆਂ ਵਿਆਹੀਆਂ ਗਈਆਂ ਸਨ।



www.PunjabiLibrary.com

ਮੈਂ ਆਪਣੇ ਆਪ ਨੂੰ ਲੈਪਟਾਪ ’ਤੇ ਬਿਜੀ ਕਰਨ ਦੀ ਕੋਸ਼ਿਸ਼ ’ਚ ਹਾਂ। ਕਈ ਦੋਸਤਾਂ ਨੂੰ ਈ-ਮੇਲ ਕਰਦਾ ਹਾਂ। ਕਈਆਂ ਦੇ ਜਵਾਬ ਦਿੰਦਾ ਹਾਂ। ਇੰਟਰਨੈਟ ਖੋਲ੍ਹਦਾ ਹਾਂ। ਮੇਰਾ ਮਨ ਕੁਝ ਦੇਖਣ ਨੂੰ ਨਹੀਂ ਕਰਦਾ ਹੈ। ਮੈਂ ਫੇਰ ਡਿਕਸ਼ਨਰੀ ਖੋਲ੍ਹਦਾ ਹਾਂ। ‘ਸਰਵੈਂਟ’ ਸ਼ਬਦ ਦੇ ਅਰਥ ਦੇਖਦਾ ਹਾਂ। ਮੈਨੂੰ ਕੁਝ ਹੋਰ ਹੀ ਦਿੱਸਣ ਲੱਗਦਾ ਹੈ। ਗੱਲ ਉਨ੍ਹਾਂ ਦਿਨਾਂ ਦੀ ਹੈ ਜਿਨ੍ਹੀਂ ਦਿਨੀਂ ਨਵੀਆਂ-ਨਵੀਆਂ ਮੋਟਰਾਂ ਲੱਗਣੀਆਂ ਸ਼ੁਰੂ ਹੋਈਆਂ ਸਨ। ਮੇਰੇ ਪਾਪਾ ਜੀ ਡੀ. ਸੀ. ਦਫ਼ਤਰ ’ਚ ਲੱਗੇ ਸਨ। ਪਿੰਡ ’ਚ ਪਹਿਲੀ ਮੋਟਰ ਸਾਡੇ ਹੀ ਲੱਗੀ ਸੀ। ਪਾਪਾ ਜੀ ਨੇ ਮੋਟਰ ’ਤੇ ਪੱਕਾ ਕਮਰਾ ਬਣਾਇਆ ਸੀ। ਵੱਡਾ ਸਾਰਾ ਚੱਲਾ ਬਣਵਾਇਆ ਸੀ ਜਿਸ ’ਚ ਇਕੋ ਵੇਲੇ ਚਾਰ-ਪੰਜ ਜਣੇ ਨਹਾ ਸਕਦੇ ਸਨ। ਨਾਲ ਹੀ ਛੋਟੀ ਚੱਲੀ ਬਣਵਾਈ ਸੀ ਜਿਸ ’ਚ ਬੱਚੇ ਨਹਾਉਂਦੇ ਸਨ। ਇਕ ਦਿਨ ਬਹੁਤ ਹੀ ਜ਼ਿਆਦਾ ਗਰਮੀ ਪਈ ਸੀ। ਬੀਬੀ ਤੇ ਭੂਆ ਹੋਰੀਂ ਜੰਗਲ-ਪਾਣੀ ਗਈਆਂ ਮੋਟਰ ’ਤੇ ਚਲੇ ਗਈਆਂ ਸਨ। ਮੋਟਰ ਦਾ ਪਾਣੀ ਕਾਫੀ ਠੰਢਾ ਸੀ। ਭੂਆ ਨੂੰ ਮੋੜ ’ਤੇ ਖੜਾ ਕਰਕੇ ਬੀਬੀ ਜੀ ਚੱਲੇ ’ਚ ਨਹਾਉਣ ਲਗ ਪਏ ਸਨ। ਸ਼ਾਇਦ ਉਹ ਖੁੱਲ੍ਹੇ ਪਾਣੀ ’ਚ ਪਹਿਲੀ ਵਾਰ ਨਹਾਤੇ ਸਨ। ਧੌਣ ਕੋਲ ਮੈਲ ਲਾਹੁੰਦਿਆਂ ਹੋਇਆਂ ਉਨ੍ਹਾਂ ਦੇ ਗੁਲੂਬੰਦ ਦਾ ਟਾਂਕਾ ਟੁੱਟ ਗਿਆ ਸੀ। ਉਨ੍ਹਾਂ ਨੇ ਗੁਲੂਬੰਦ ਮੋਟਰ ਦੀ ਨਾਲ ਹੇਠਾਂ ਰੱਖੀਆਂ ਇੱਟਾਂ ’ਤੇ ਰੱਖ ਦਿੱਤਾ ਸੀ। ਉਦੋਂ ਹੀ ਭੂਆ ਜੀ ਨੇ ਆਵਾਜ਼ ਦਿੱਤੀ ਸੀ, “ਭਾਬੀ ਜਲਦੀ ਜਲਦੀ ਕੱਪੜੇ ਪਾ ਲੈ। ਕੋਈ ਆਉਂਦਾ ਪਿਆ।” ਬੀਬੀ ਜੀ ਘਬਰਾ ਗਏ ਸਨ। ਇਥੇ ਘਬਰਾਹਟ ’ਚ ਉਹ ਆਪਣਾ ਗੁਲੂਬੰਦ ਵੀ ਭੁੱਲ ਗਏ ਸਨ। ਜਦੋਂ ਕਰਤਾਰਾ ਕੋਲ ਆਇਆ ਸੀ ਤਾਂ ਭੂਆ ਜੀ ਨੇ ਕਿਹਾ ਸੀ, “ਵੇ ਫੋਟ ਤੂੰ ਸੀ। ਕੁਸ਼ ਚਿਰ ਬਾਅਦ ਆ ਜਾਂਦਾ-ਭਾਬੀ ਤਾਂ ਸੰਵਾਰ ਕੇ ਨਹਾ ਲੈਂਦੀ।” ਕਰਤਾਰੇ ਨੇ ਕਿਹਾ ਸੀ, “ਮੈਂ ਨੱਕਾ ਵੀ ਮੋੜਣਾ ਸੀ ਨਾ।” ਸਵੇਰ ਨੂੰ ਬੀਬੀ ਜੀ ਨੂੰ ਯਾਦ ਆਇਆ ਸੀ ਕਿ ਉਹ ਆਪਣਾ ਗੁਲੂਬੰਦ ਤਾਂ ਮੋਟਰ ’ਤੇ ਹੀ ਭੁੱਲ ਆਏ ਸਨ। ਉਹ ਬਹਾਨੇ ਨਾਲ ਮੋਟਰ ’ਤੇ ਗਏ ਸਨ। ਉਥੇ ਗੁਲੂਬੰਦ ਨਹੀਂ ਸੀ। ਪਾਪਾ ਜੀ ਨੂੰ ਦੱਸਿਆ ਤਾਂ ਅਗੋਂ ਉਹ ਬੀਬੀ ਜੀ ਨੂੰ ਟੁੱਟ ਕੇ ਪੈ ਗਏ ਸਨ ਕਿ ਉਹ ਮੋਟਰ ’ਤੇ ਨੰਗੇ ਕਿਉਂ ਨਹਾਤੇ ਸੀ। ਦੋਹਾਂ ਜੀਆਂ ’ਚ ਬੋਲ-ਕੁਬੋਲ ਹੋਇਆ ਸੀ। ਮਾਂ ਜੀ ਨੇ ਉਨ੍ਹਾਂ ਨੂੰ ਝਿੜਕਿਆ ਸੀ, “ਫੇਰ ਲੜ ਲਿਉ। ਪਹਿਲਾਂ ਗੁਆਚੀ ਹੋਈ ਚੀਜ਼ ਤਾਂ ਲਭ ਲਉ।” ਗੁਲੂਬੰਦ ਦੀ ਭਾਲ ਸ਼ੁਰੂ ਹੋ ਗਈ ਸੀ। ਸ਼ੱਕ ਦੀ ਸੂਈ ਕਰਤਾਰੇ ’ਤੇ ਹੀ ਟਿਕੀ ਸੀ। ਪਾਪਾ ਜੀ ਦੋ ਚਿੱਤੀ ’ਚ ਸਨ। ਉਨ੍ਹਾਂ ਨੂੰ ਕਰਤਾਰੇ ’ਤੇ ਅਥਾਹ ਵਿਸ਼ਵਾਸ ਸੀ। ਪਿਛਲੀਆਂ ਤਿੰਨ ਪੀੜੀਆਂ ਤੋਂ ਕਰਤਾਰੇ ਦਾ ਪਰਿਵਾਰ ਸਾਡੇ ਨਾਲ ਲਗਾ ਹੋਇਆ ਸੀ। ਕਰਤਾਰਾ ਕਰਮੂ ਦਾ ਵੱਡਾ ਮੁੰਡਾ ਸੀ। ਸਾਡੇ ਘਰ ’ਚ ਅਕਸਰ ਹੀ ਕਰਮੂ ਨੂੰ ਯਾਦ ਕੀਤਾ ਜਾਂਦਾ ਸੀ। ਜਦੋਂ ਬਾਬਾ ਜੀ ਨੂੰ ਅਧਰੰਗ ਹੋ ਗਿਆ ਸੀ ਤਾਂ ਇਸੇ ਕਰਮੂ ਨੇ ਉਨ੍ਹਾਂ ਨੂੰ ਸੰਭਾਲਿਆ ਸੀ। ਇਥੋਂ ਤੱਕ ਕਿ ਉਨ੍ਹਾਂ ਦੇ ਚਿੱਤੜ ਤੱਕ ਧੋਤੇ ਸਨ। ਬੀਬੀ ਜੀ ਆਪਣੀ ਗੱਲ ’ਤੇ ਅੜ ਗਏ ਸਨ, “ਸਾਡੇ ਤੋਂ ਬਾਅਦ ਇਹੀ ਤਾਂ ਮੋਟਰ ’ਤੇ ਗਿਆ ਸੀ। ਹੋਰ ਕੌਣ ਹੋ ਸਕਦਾ?” ਪਾਪਾ ਜੀ ਨੇ ਕਰਤਾਰੇ ਨੂੰ ਪਿਆਰ ਨਾਲ ਪੁੱਛਿਆ ਸੀ, “ਜੇ ਤੇਰੇ ਕੋਲ ਹੈ ਤਾਂ ਦੇ ਦੇ। ਘਰ ਦੀ ਘਰ ਵਿਚ ਰਹਿ ਜਾਊਗੀ। ਮੈਂ ਕਿਸੇ ਨੂੰ ਨ੍ਹੀਂ ਦੱਸਦਾ।” ਪਰ ਕਰਤਾਰੇ ਨੇ ਪੈਰਾਂ ’ਤੇ ਪਾਣੀ ਨਹੀਂ ਪੈਣ ਦਿੱਤਾ ਸੀ। ਪਾਪਾ ਜੀ ਨੂੰ ਗੁੱਸਾ ਆ ਗਿਆ ਸੀ। ਉਨ੍ਹਾਂ ਆਪਣੇ ਦਫ਼ਤਰ ਤੋਂ ਡੀ. ਐਸ. ਪੀ. ਨੂੰ ਫੋਨ



ਕਰਵਾਇਆ ਸੀ। ਪਹਿਲੀ ਤੌਣੀ ਲਗਦਿਆਂ ਹੀ ਕਰਤਾਰਾ ਬਕ ਪਿਆ ਸੀ। ਪਿੰਡ ਆ ਕੇ ਉਸ ਕੁੱਪ ’ਚੋਂ ਗੁਲੂਬੰਦ ਕੱਢ ਕੇ ਐਸ. ਐਚ. ਓ. ਨੂੰ ਫੜਾ ਦਿੱਤਾ ਸੀ।

ਮੋਹਨੀ ਨੇ ਰੋਟੀ ਵਾਲੀ ਥਾਲੀ ਬੈੱਡ ਦੀ ਨੁਕਰ ’ਤੇ ਰੱਖ ਕੇ ਕਿਹਾ ਹੈ, “ਸਾਹਿਬ ਜੀ, ਬੜੇ ਦਿਨ ਬਾਅਦ ਆਏ ਹੋ?”

ਮੈਂ ਉਸ ਦੀ ਇਸ ਗੱਲ ਦਾ ਕੋਈ ਉੱਤਰ ਨਹੀਂ ਦਿੱਤਾ। ਪੁੱਛਦਾ ਹਾਂ, “ਤੈਨੂੰ ਮੇਰੇ ਆਉਣ ਦਾ ਪਤਾ ਲੱਗ ਗਿਆ?”

ਉਹ ਦੱਸਦਾ ਹੈ, “ਹਾਂ ਪਤਾ ਆ। ਮੈਂ ਤੁਹਾਡੇ ਕਮਰੇ ਦੀ ਲਾਇਟ ਜਗਦੀ ਦੇਖ ਲਈ ਸੀ।”

ਮੈਨੂੰ ਫੇਰ ਗੁੱਸਾ ਆਉਣ ਲੱਗਾ ਹੈ। ਮੈਂ ਆਪਣੇ ਆਪ ’ਤੇ ਕੰਟਰੋਲ ਰੱਖਦਾ ਹਾਂ। ਉਸ ਨਾਲ ਕੋਈ ਵੀ ਗੱਲ ਨਹੀਂ ਕਰਨਾ ਚਾਹੁੰਦਾ। ਕਿਤੇ ਮੇਰਾ ਗੁੱਸੇ ਬੇਕਾਬੂ ਨਾ ਹੋ ਜਾਵੇ।

ਉਹ ਨੀਵੀਂ ਪਾਈ ਖੜਾ ਹੈ। ਮੈਂ ਆਪਣਾ ਧਿਆਨ ਲੈਪਟਾਪ ’ਤੇ ਹੀ ਕੇਂਦਰਤ ਕਰੀ ਰੱਖਦਾ ਹਾਂ। ਦੋ ਕੁ ਮਿੰਟ ਬੀਤ ਜਾਂਦੇ ਹਨ। ਮੇਰੀਆਂ ਉਂਗਲਾਂ ਤੇਜ਼-ਤੇਜ਼ ਚਲ ਰਹੀਆਂ ਸਨ।

ਉਹ ਕਹਿੰਦਾ ਹੈ, “ਸਾਹਿਬ ਜੀ, ਮੈਨੂੰ ਵੀ ਇਹ ਸਿਖਾ ਦਿਉ।”

ਮੈਂ ਔਖ ਜਿਹੀ ਮੰਨਦਿਆਂ ਹੋਇਆ ਕਹਿੰਦਾ ਹਾਂ, “ਤੂੰ ਇਥੇ ਖੜਾਂ?”

“ਜੀ-ਜੀ...।”

ਮੈਨੂੰ ਲੱਗਦਾ ਹੈ ਕਿ ਅੱਜ ਵੀ ਉਹ ਪੈਸੇ ਚਾਹੁੰਦਾ ਹਾਂ। ਮੇਰਾ ਮਨ ਕਰਦਾ ਹੈ ਕਿ ਉਹ ਨੂੰ ਇਕ ਰੁਪਈਆ ਵੀ ਨਾ ਦਵਾਂ। ਮੈਂ ਪਿਛਲੇ ਮਹੀਨੇ ਤੋਂ ਉਸ ਨੂੰ ਕੁਝ ਨਹੀਂ ਦਿੱਤਾ ਸੀ। ਇਸੇ ਕਰਕੇ ਹੀ ਉਸ ਨੇ ਮੇਰੀ ਮਿਸ ਕਾਲ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ।

“ਤੁਹਾਡੀ ਰੋਟੀ ਠੰਢੀ ਹੋ ਰਹੀ ਆ ਜੀ।”

“ਮੈਨੂੰ ਪਤਾ।” ਮੈਂ ਥੋੜ੍ਹੀ ਕੁ ਉੱਚੀ ਆਵਾਜ਼ ’ਚ ਕਹਿੰਦਾ ਹਾਂ।

“ਤੁਸੀਂ ਮੇਰੇ ਨਾਲ ਨਰਾਜ਼ ਹੋ?”

ਮੈਂ ਉਸ ਦੀ ਇਸ ਗੱਲ ਦਾ ਕੋਈ ਜਵਾਬ ਨਹੀਂ ਦਿੰਦਾ ਹਾਂ। ਲੈਪਟਾਪ ਇਕ ਪਾਸੇ ਰੱਖਦਾ ਹਾਂ। ਪੈਂਟ ਦੀ ਪਿਛਲੀ ਜੇਬ ’ਚੋਂ ਪਰਸ ਕੱਢਦਾ ਹਾਂ। ਸੌ ਰੁਪਈਏ ਦਾ ਨੋਟ ਕੱਢ ਕੇ ਉਸ ਅਗੇ ਰੱਖ ਦਿੰਦਾ ਹਾਂ। ਸਮਝਦਾ ਹਾਂ ਕਿ ਉਸ ਦੀ ਐਨੀ ਕੁ ਔਕਾਤ ਹੈ। ਮਨ ਕਰਦਾ ਹੈ ਕਿ ਉਹਨੂੰ ਪੁੱਛਾਂ ਕਿ ਇਸੇ ਨੋਟ ਕਰਕੇ ਉਸ ਨੇ ਮੇਰੀ ਮਿਸ ਕਾਲ ਵੱਲ ਧਿਆਨ ਨਹੀਂ ਦਿੱਤਾ ਸੀ।

ਉਹ ਨੋਟ ਵੱਲ ਕੋਈ ਧਿਆਨ ਨਹੀਂ ਦਿੰਦਾ।

ਮੈਂ ਖਿਝ ਕੇ ਕਹਿੰਦਾ ਹਾਂ, “ਆਹ ਚੁੱਕ ਨੋਟ। ਹੁਣ ਤੂੰ ਚਲੇ ਜਾ। ਜੇ ਕਿਸੇ ਚੀਜ਼ ਦੀ ਲੋੜ ਪਈ ਤਾਂ ਮੈਂ ਆਪੇ ਹੇਠਾਂ ਆ ਕੇ ਲੈ ਲਵਾਂਗਾ।”

“ਪਹਿਲਾਂ ਦੱਸੋ-ਤੁਸੀਂ ਮੇਰੇ ਨਾਲ ਨਰਾਜ਼ ਕਿਉਂ ਹੋ। ਜਿੰਨਾ ਚਿਰ ਤੁਸੀਂ ਦੱਸਦੇ ਨ੍ਹੀਂ-ਮੈਂ ਹੇਠਾਂ ਨ੍ਹੀਂ ਜਾਣਾ।”

“ਤੂੰ ਮੇਰੀ ਮਿਸ ਕਾਲ ਅਟੈਂਡ ਕਿਉਂ ਨ੍ਹੀਂ ਕੀਤੀ?”



www.PunjabiLibrary.com

"ਉਹ ਮਿਸ ਕਾਲਾਂ ਤੁਹਾਡੀਆਂ ਸੀ।"

"ਨ੍ਹੀਂ-ਰੱਬ ਦੀਆਂ ਸੀ।"

"ਸਾਹਿਬ ਜੀ, ਸੌਰੀ। ਮੈਂ ਤਾਂ ਇਹੀ ਸਮਝਦਾ ਰਿਹਾ ਕਿ ਨਵੇਂ ਆਏ ਪੀ. ਜੀ. ਦੀਆਂ ਸੀ। ਇਕ ਨਵਾਂ-ਨਵਾਂ ਮੁੰਡਾ ਆਇਆ। ਸਾਰਾ ਦਿਨ ਆਪਣੇ ਕਮਰੇ 'ਚ ਵੜਿਆ ਰਹਿੰਦਾ। ਉਹ ਬੜਾ ਬੇਵਕੂਫ ਆ। ਪੰਜ-ਦਸ ਮਿੰਟਾਂ ਬਾਅਦ ਮਿਸ ਕਾਲ ਮਾਰਨ ਲੱਗ ਜਾਂਦਾ। ਆਹ ਪਾਣੀ ਦਾ ਗਿਲਾਸ ਲਿਆ। ਚਾਹ ਦਾ ਕੱਪ ਫੜਾ ਜਾ।"

ਮੈਨੂੰ ਲੱਗਦਾ ਹੈ ਕਿ ਉਹ ਝੂਠ ਬੋਲ ਰਿਹਾ ਹੈ। ਗੱਲ ਮੁਕਾਉਣ ਲਈ ਮੈਂ ਕਹਿੰਦਾ ਹਾਂ, "ਅੱਛਾ-ਅੱਛਾ। ਕੋਈ ਗੱਲ ਨ੍ਹੀਂ।"

ਉਹ ਜਾਂਦਾ-ਜਾਂਦਾ ਫੇਰ ਸੌਰੀ ਕਹਿੰਦਾ ਹੈ। ਨੋਟ ਨੂੰ ਚੁੱਕਦਾ ਨਹੀਂ ਹੈ। ਮੈਂ ਉਸਨੂੰ ਆਵਾਜ਼ ਮਾਰਦਾ ਹਾਂ, "ਆਹ ਨੋਟ ਤਾਂ ਲੈ ਜਾ। ਖੁਸ਼ ਹੋ ਜਾ।"

ਉਹ ਥੋੜ੍ਹੀ ਕੁ ਉੱਚੀ ਆਵਾਜ਼ 'ਚ ਕਹਿੰਦਾ ਹੈ, "ਸਾਹਿਬ ਜੀ, ਤੁਸੀਂ ਮੇਰਾ ਮੁੱਲ ਪੰਜਾਹ ਜਾਂ ਸੌ ਰੁਪਈਆ ਸਮਝ ਲਿਆ। ਤੁਸੀਂ ਵੀ ਪ੍ਰੋਫੈਸਰ ਸਾਹਿਬ ਵਾਂਗ ਸੋਚਣ ਲੱਗ ਪਏ। ਮੈਨੂੰ ਪਤਾ ਆ ਕਿ ਸਾਰੇ ਮਾਲਕ ਇਕੋ ਜਿਹੇ ਹੁੰਦੇ ਆ। ਮੈਨੂੰ ਕਿਸੇ ਨਾਲ ਅੰਦਰੋਂ ਨ੍ਹੀਂ ਜੁੜਨਾ ਚਾਹੀਦਾ।"



## ਸ਼ਨਾਖਤ

ਸਰਬਜੀਤ ਵਾਰ-ਵਾਰ ਆ ਰਹੀ ਹੈ। ਕੁਝ ਪਲ ਖੜਦੀ ਹੈ। ਫੇਰ ਕਿਸੇ ਨਾ ਕਿਸੇ ਕੰਮ ਜਾ ਲੱਗਦੀ ਹੈ। ਮੇਰੇ ਵੱਲ ਦੇਖ ਕੇ ਉਸ ਨੂੰ ਅੱਚੋਤਾਈ ਲੱਗੀ ਹੈ। ਉਹ ਪ੍ਰੇਸ਼ਾਨ ਹੈ। ਮੈਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਸ ਦੀ ਇਸ ਪ੍ਰੇਸ਼ਾਨੀ ਦਾ ਕਾਰਨ ਮੈਂ ਹਾਂ। ਮੈਂ ਪਿਛਲੇ ਤਿੰਨ ਘੰਟਿਆਂ ਤੋਂ ਕੰਪਿਊਟਰ ਅੱਗੇ ਬੈਠਾ ਹਾਂ। ਹਰਕਤਹੀਣ। ਫੇਰ ਉਸ ਦੇ ਸਬਰ ਦਾ ਪਿਆਲਾ ਭਰ ਜਾਂਦਾ ਹੈ। ਉਹ ਪੁੱਛਦੀ ਹੈ, "ਤੁਸੀਂ ਕਿਸੇ ਟੈਨਸ਼ਨ 'ਚ ਲੱਗਦੇ ਓਂ। ਅੱਪਸੈਟ ਹੋ। ਹੈ ਨਾ ?" ਮੈਂ ਨਾਂਹ ਦੀ ਮੁਦਰਾ 'ਚ ਸਿਰ ਹਿਲਾ ਦਿੰਦਾ ਹਾਂ। ਉਹ ਮੇਰੇ ਮੱਥੇ 'ਤੇ ਹੱਥ ਰੱਖਦੀ ਹੈ। ਅਗਾਂਹ ਨੂੰ ਮੂੰਹ ਕਰਕੇ ਕਹਿੰਦੀ ਹੈ, "ਮੈਥੋਂ ਕਿਉਂ ਝੂਠ ਬੋਲਦੇ ਹੋ। ਸੱਚ ਸੱਚ ਦੱਸੋ। ਵਿਚੋਂ ਕੀ ਗੱਲ ਆ ?" ਮੈਂ ਕੰਪਿਊਟਰ 'ਤੇ ਹੀ ਨਜ਼ਰਾਂ ਟਿਕਾਈ ਦੱਸਦਾ ਹਾਂ, "ਕੋਈ ਖਾਸ ਨ੍ਹੀਂ। ਮੈਂ ਇਕ ਮਾੜੇ ਬੰਦੇ ਦੀ ਪਹਿਚਾਣ ਕਰ ਰਿਹਾਂ। ਇਹ ਮਾੜਾ ਬੰਦਾ ਮੇਰੇ ਗੇੜ 'ਚ ਨ੍ਹੀਂ ਆ ਰਿਹਾ।" ਉਹ ਫਿਰ ਪੁੱਛਦੀ ਹੈ, "ਮਾੜਾ ਬੰਦਾ ਹੈ ਕੌਣ ?" ਹੁਣ ਮੈਂ ਇਹਨੂੰ ਕੀ ਦੱਸਾਂ। ਇਹੀ ਕਿ ਮੈਂ ਟੈਨਸ਼ਨ 'ਚ ਹਾਂ। ਮੇਰੀ ਟੈਨਸ਼ਨ ਦੇ ਕਈ ਕਾਰਨ ਹਨ। ਵੱਡਾ ਕਾਰਨ 'ਮਾੜਾ ਬੰਦਾ' ਹੈ। ਇਹ ਮਾੜਾ ਬੰਦਾ ਕੌਣ ਹੈ ? ਦਲਜੀਤ ਸਿੰਘ ? ਮੋਹਨ ਲਾਲ ? ਮੈਂ ਖੁਦ ? ਜਾਂ ਕੋਈ ਹੋਰ ? ਮੈਥੋਂ ਇਸ ਗੱਲ ਦਾ ਨਖੇੜਾ ਨਹੀਂ ਹੋ ਰਿਹਾ।

ਮੈਂ ਕੰਪਿਊਟਰ ਅੱਗੇ ਜਿਉਂ ਦਾ ਤਿਉਂ ਬੈਠਾ ਹਾਂ। ਮਨੀਟਰ 'ਤੇ ਬਾਈ ਪੁਆਇੰਟ 'ਚ 'ਮਾੜਾ ਬੰਦਾ' ਲਿਖਿਆ ਹੋਇਆ ਹੈ। ਕੁਝ ਚਿਰ ਬਾਅਦ 'ਮਾੜਾ ਬੰਦਾ' ਅੱਖਰ ਅਲੋਪ ਹੋ ਜਾਂਦੇ ਹਨ। ਸਕਰੀਨ ਸੇਵਰ ਆ ਜਾਂਦਾ ਹੈ। ਮੈਂ ਮੁੜ ਤੋਂ ਮਾਊਸ ਨੂੰ ਹਿਲਾਉਂਦਾ ਹਾਂ। ਦਰਅਸਲ ਮੈਂ ਅਜਿਹੀ ਤਕਨੀਕ ਦੀ ਭਾਲ 'ਚ ਹਾਂ ਕਿ ਮੈਂ ਚੌਹਾਂ ਦੀ ਕਥਾ ਲਿਖ ਦਿਆਂ। ਆਖਰ 'ਚ ਮੈਂ ਕੰਪਿਊਟਰ ਨੂੰ ਅਜਿਹੀ ਕਮਾਂਡ ਦੇਵਾਂ ਜਿਸ ਨਾਲ ਮੈਨੂੰ ਇਹ ਪਤਾ ਲੱਗ ਜਾਵੇ ਕਿ 'ਮਾੜਾ ਬੰਦਾ' ਹੈ ਕੌਣ। ਪਰ ਅਜੇ ਤਾਈਂ ਮੈਨੂੰ ਅਜਿਹਾ ਕੋਈ ਨੁਕਤਾ ਨਹੀਂ ਲੱਭਿਆ।

ਮੈਂ ਸਰਬਜੀਤ ਨੂੰ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਚੁੱਪ ਚਾਪ ਬੈਠਣ ਦਾ ਇਸ਼ਾਰਾ ਕਰਦਾ ਹਾਂ।

'ਮਾੜਾ ਬੰਦਾ' ਅੱਖਰਾਂ 'ਚੋਂ ਦੋ ਅੱਖਾਂ ਪ੍ਰਗਟ ਹੁੰਦੀਆਂ ਹਨ। ਮੈਨੂੰ ਘੂਰਦੀਆਂ ਹਨ। ਮੈਂ ਵੀ ਉਹਨਾਂ ਵੱਲ ਸਿੱਧਾ ਹੀ ਦੇਖਦਾ ਹਾਂ। ਫੇਰ ਦੋ ਬੁੱਲ੍ਹ ਦਿੱਸਦੇ ਹਨ। ਇਕ



www.PunjabiLibrary.com

ਆਵਾਜ਼ ਆਉਂਦੀ ਹੈ, "ਵੱਡਿਆ ਹਰੀਸ਼ ਚੰਦਰਾ ਸੱਚ ਬੋਲ ਕੇ ਦਿਖਾ ਤਾਂ।" ਮੈਂ ਸੱਚ ਬੋਲਣ ਲਈ ਆਪਣੇ ਆਪ ਨੂੰ ਪਹਿਲਾਂ ਤੋਂ ਹੀ ਤਿਆਰ ਕੀਤਾ ਹੋਇਆ ਹੈ। ਗੱਲ ਆਪਣੇ ਆਪ ਜਾਂ ਮੋਹਨ ਲਾਲ ਤੋਂ ਸ਼ੁਰੂ ਕਰਨਾ ਚਾਹੁੰਦਾ ਹਾਂ। ਮੇਰੀਆਂ ਉਂਗਲਾਂ ਕੀ-ਬੋਰਡ 'ਤੇ ਹਰਕਤ ਕਰਨ ਲੱਗਦੀਆਂ ਹਨ। ਦਲਜੀਤ ਸਿੰਘ ਮੇਰਾ ਹੱਥ ਫੜ ਲੈਂਦਾ ਹੈ। ਉਹ ਕਹਿਣਾ ਸ਼ੁਰੂ ਕਰਦਾ ਹੈ, "ਮੈਂ ਇਸ ਕਥਾ ਦਾ ਮੁੱਖ ਪਾਤਰ ਹਾਂ। ਪਹਿਲਾਂ ਮੇਰੇ ਬਾਰੇ ਦੱਸ।" ਮਗਰੇ ਹੀ ਮੋਹਨ ਲਾਲ ਦਾ ਚਿਹਰਾ ਪ੍ਰਗਟ ਹੋ ਜਾਂਦਾ ਹੈ। ਉਹ ਕਹਿੰਦਾ ਹੈ, "ਦਲਜੀਤ ਸਿੰਘ ਕਿਉਂ। ਪਹਿਲਾਂ ਮੈਂ ਹਾਂ। ਮੈਨੂੰ ਪਤਾ ਕਿ ਤੁਸੀਂ ਮੇਰੀ ਗੱਲ ਬਾਅਦ 'ਚ ਹੀ ਕਰਨੀ ਆ। ਤੁਸੀਂ ਪੁੱਛੋ-ਮੈਂ ਇਹ ਕਿਵੇਂ ਜਾਣ ਲਿਆ। ਮੈਨੂੰ ਪਤਾ ਆ ਕਿ ਸਦੀਆਂ ਬੀਤ ਚੱਲੀਆਂ ਨੇ। ਕਥਾਵਾਂ ਵੱਡਿਆਂ ਬੰਦਿਆਂ ਤੋਂ ਸ਼ੁਰੂ ਹੁੰਦੀਆਂ ਨੇ। ਵੱਡਿਆਂ 'ਤੇ ਹੀ ਖਤਮ ਹੋ ਜਾਂਦੀਆਂ ਨੇ।" ਮੈਂ ਦੋਹਾਂ ਨੂੰ ਹੀ ਛੱਡ ਕੇ ਆਪਣੇ ਆਪ ਬਾਰੇ ਪਹਿਲਾਂ ਦੱਸਣਾ ਚਾਹੁੰਦਾ ਹਾਂ। ਮੈਨੂੰ ਲੱਗਦਾ ਹੈ ਕਿ ਇਹ ਠੀਕ ਰਹੇਗਾ। ਮੇਰੇ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਰਹੇਗਾ। ਪਰ ਇਹ ਦੋਵੇਂ ਜਣੇ ਮੇਰੀ ਕੋਈ ਪੇਸ਼ ਨਹੀਂ ਜਾਣ ਦਿੰਦੇ। ਮੈਂ ਇਨ੍ਹਾਂ ਨੂੰ ਸਮਝਾਉਂਦਾ ਹਾਂ, "ਤੁਹਾਨੂੰ ਆਪੋ ਆਪਣੇ ਡਰ ਕਿਉਂ ਮਾਰੀ ਜਾ ਰਹੇ ਨੇ ? ਹੋ ਸਕਦਾ ਹੈ ਕਿ ਇਸ ਕਥਾ ਦਾ ਮਾੜਾ ਬੰਦਾ ਕੋਈ ਹੋਰ ਜਣਾ ਹੀ ਹੋਵੇ। ਅਜੇ ਤਾਂ ਮੈਂ ਸਾਰਿਆਂ ਦੀਆਂ ਅੰਦਰਲੀਆਂ ਪਰਤਾਂ ਫਰੋਲਣੀਆਂ ਨੇ।" ਇਹ ਦੋਵੇਂ ਮੇਰੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਹਨ। ਮੈਂ ਕੰਨਾਂ 'ਚ ਉਂਗਲਾਂ ਲੈ ਲੈਂਦਾ ਹਾਂ। ਕੁਝ ਚਿਰ ਬਾਅਦ ਉਂਗਲਾਂ ਹਟਾਉਂਦਾ ਹਾਂ। ਹੁਣ ਕੁਝ ਕੁ ਸ਼ਾਂਤੀ ਹੈ। ਮੈਂ ਪਰ੍ਹਾਂ ਪਿਆ ਕਾਗਜ਼ ਚੁੱਕਦਾ ਹਾਂ। ਚਾਰ ਪਰਚੀਆਂ ਬਣਾਉਂਦਾ ਹਾਂ। ਪਹਿਲੀ ਪਰਚੀ 'ਤੇ ਲਿਖਦਾ ਹਾਂ। ਮੈਂ ਉਰਫ਼ ਬਲਕਾਰ ਸਿੰਘ-ਸੁਪਰਡੈਂਟ। ਦੂਜੀ 'ਤੇ ਲਿਖਦਾ ਹਾਂ-ਕੋਈ ਹੋਰ ਜਣਾ। ਤੀਜੀ 'ਤੇ ਮੈਥੋਂ ਲਿਖਿਆ ਜਾਂਦਾ ਹੈ-ਦਲਜੀਤ ਸਿੰਘ, ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ)। ਚੌਥੇ 'ਤੇ ਲਿਖਦਾ ਹਾਂ-ਮੋਹਨ ਲਾਲ, ਸੇਵਾਦਾਰ। ਮੈਂ ਅੱਖਾਂ ਮੀਚ ਕੇ ਚਾਰੇ ਪਰਚੀਆਂ ਨੂੰ ਆਪਸ ਵਿੱਚ ਮਿਲਾ ਦਿੰਦਾ ਹਾਂ। ਸਰਬਜੀਤ ਨੂੰ ਇਨ੍ਹਾਂ 'ਚੋਂ ਕਿਸੇ ਇਕ ਪਰਚੀ ਨੂੰ ਚੁੱਕਣ ਲਈ ਇਸ਼ਾਰਾ ਕਰਦਾ ਹਾਂ। ਉਹ ਇਕ ਪਰਚੀ ਚੁੱਕਦੀ ਹੈ। ਖੋਲ੍ਹਦੀ ਹੈ। ਦਲਜੀਤ ਸਿੰਘ ਦਾ ਨਾਂ ਨਿਕਲਦਾ ਹੈ।

ਮੇਰੀਆਂ ਉਂਗਲਾਂ ਤੇਜ਼ੀ ਨਾਲ ਕੀ-ਬੋਰਡ 'ਤੇ ਚਲਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਦਲਜੀਤ ਸਿੰਘ ਦੇ ਕਮਰੇ ਦੇ ਬਾਹਰ ਨੇਮ ਪਲੇਟ 'ਤੇ ਕਾਲਿਆਂ ਅੱਖਰਾਂ 'ਚ ਲਿਖਿਆ ਹੈ-ਦਲਜੀਤ ਸਿੰਘ। ਸਹਾਇਕ ਕੰਟੋਰਲਰ (ਵਿੱਤ ਤੇ ਲੇਖਾ)। ਕਮਰੇ ਵਿੱਚ ਇੱਕ ਵੱਡਾ ਸਾਰਾ ਮੇਜ਼ ਪਿਆ ਹੈ। ਰਿਵਾਲਵਿੰਗ ਚੇਅਰ ਹੈ। ਖੱਬੇ ਹੱਥ ਚਾਰ ਕੁਰਸੀਆਂ ਪਈਆਂ ਹਨ। ਸਾਹਮਣੇ ਛੇ ਕੁਰਸੀਆਂ ਹਨ। ਸੱਜੇ ਹੱਥ ਵਾਲਾ ਪਾਸਾ ਖਾਲੀ ਹੈ। ਚਾਰ ਕੁ ਫੁੱਟ 'ਤੇ ਸਟੀਲ ਦੀ ਅਲਮਾਰੀ ਹੈ। ਇਸ ਅਲਮਾਰੀ ਨੂੰ ਉਸ ਕਦੇ ਖੋਲ੍ਹ ਕੇ ਨਹੀਂ ਦੇਖਿਆ। ਉਸਨੂੰ ਇਹ ਵੀ ਨਹੀਂ ਪਤਾ ਕਿ ਉਸ ਦਾ ਕਿਹੜਾ ਡਾਕੂਮੈਂਟਸ ਕਿਸ ਖਾਨੇ 'ਚ ਪਿਆ ਹੈ। ਕੰਮ ਕਰਦਿਆਂ ਹੋਇਆਂ ਉਹ ਬਹੁਤ ਕੁਝ ਭੁੱਲ ਜਾਂਦਾ ਹੈ। ਉਹ ਇਹ ਵੀ ਭੁੱਲ ਜਾਂਦਾ ਹੈ ਕਿ ਉਸ ਨੇ ਟੈਲੀਫੋਨ ਕਰਕੇ ਗੈਸ ਬੁੱਕ ਕਰਵਾਉਣਾ ਸੀ। ਹਸਪਤਾਲ 'ਚ ਦਾਖਲ ਆਪਣੇ



ਸਾਂਢੂ ਦੇ ਅਪ੍ਰੇਸ਼ਨ ਦੀ ਤਾਜ਼ਾ ਸਥਿਤੀ ਬਾਰੇ ਜਾਣਨਾ ਸੀ। ਭਤੀਜੀ ਦੇ ਆਈਲੈਟਸ ਦੇ ਰਿਜਲਟ ਬਾਰੇ ਪੁੱਛਣਾ ਸੀ। ਅਚਨਚੇਤ ਉਸਨੂੰ ਯਾਦ ਆਉਂਦਾ ਹੈ ਕਿ ਅੱਜ ਛੱਬੀ ਤਰੀਕ ਹੋ ਗਈ ਹੈ। ਉਸ ਤਾਂ ਅਜੇ ਇਨਕਮ ਟੈਕਸ ਦੀ ਰੀਟਰਨ ਨਹੀਂ ਭਰੀ। ਸਿਰਫ਼ ਪੰਜ ਦਿਨ ਰਹਿ ਗਏ ਸਨ। ਉਹ ਸੱਜੇ ਹੱਥ ਲੱਗੀ ਘੰਟੀ ਵਾਲਾ ਬਟਨ ਦਬਾਉਂਦਾ ਹੈ। ਸੇਵਾਦਾਰ ਆ ਹਾਜ਼ਰ ਹੁੰਦਾ ਹੈ। ਉਹ ਕਹਿੰਦਾ ਹੈ, "ਮਰ ਜਾਣਾ ਸੀ। ਚੰਗੇ ਵੇਲੇ ਯਾਦ ਆ ਗਿਆ। ਤੂੰ ਵੀ ਮੈਨੂੰ ਯਾਦ ਨ੍ਹੀਂ ਕਰਾਇਆ। ਮੈਂ ਦਫਤਰ ਦੇ ਕੰਮ 'ਚ ਹੀ ਲੱਗਾ ਰਹਿੰਦਾ ਹਾਂ। ਆਪਣੇ ਕੰਮ ਭੁੱਲ ਜਾਂਦਾ ਹਾਂ। ਮੇਰੀ ਪਰਸਨਲ ਫਾਇਲ ਕੱਢੀਂ। ਇਨਕਮ ਟੈਕਸ ਰਿਟਰਨ ਭਰਨੀ ਆਂ।" ਸੇਵਾਦਾਰ ਉਹਨੂੰ ਫਾਇਲ ਫੜਾਉਂਦਾ ਹੈ। ਉਹ ਫਾਰਮਾਂ ਦੇ ਵੱਖ-ਵੱਖ ਕਾਲਮਾਂ ਨੂੰ ਦੇਖਦਾ ਹੈ। ਭਰਦਾ ਹੈ। ਫੇਰ ਘੰਟੀ ਮਾਰਦਾ ਹੈ। ਸੇਵਾਦਾਰ ਨੂੰ ਕਹਿੰਦਾ ਹੈ, "ਰਮੇਸ਼ ਨੂੰ ਬੁਲਾ। ਅੱਜ ਹੀ ਫਾਰਮ ਜਮ੍ਹਾ ਕਰਵਾ ਆਵੇ। ਕੱਲ੍ਹ ਤੇ ਪਰਸੋਂ ਸ਼ਨੀਵਾਰ ਐਤਵਾਰ ਆ। ਸੋਮਵਾਰ ਬਹੁਤ ਰਸ਼ ਹੋ ਜਾਣਾ। ਆਖਰੀ ਦਿਨ ਚਲ ਰਹੇ। ਮੈਂ ਹੁਣ ਆਪਣੇ ਕੰਮਾਂ ਦੀ ਲਿਸਟ ਬਣਾ ਕੇ ਸ਼ੀਸ਼ੇ ਥੱਲੇ ਰੱਖਿਆ ਕਰਾਂਗਾ।...ਤੂੰ ਪਹਿਲਾਂ ਜਿਥੋਂ ਫਾਇਲ ਚੁੱਕੀ ਉਥੇ ਹੀ ਰੱਖ ਦੇ।" ਸੇਵਾਦਾਰ ਉਸ ਦੇ ਕਹੇ ਨੂੰ ਸਿਰ ਮੱਥੇ ਮੰਨਦਾ ਹੈ। ਫਾਇਲ ਫੇਰ ਅਲਮਾਰੀ 'ਚ ਕੈਦ ਹੋ ਜਾਂਦੀ ਹੈ। ਉਹ ਸੇਵਾਦਾਰ ਨੂੰ ਕਹਿੰਦਾ ਹੈ, "ਛੱਡ ਯਾਰ, ਰਮੇਸ਼ ਨੂੰ ਰਹਿਣ ਦੇ। ਉਸ ਦੇ ਕੰਮ ਦਾ ਲੌਸ ਹੋਵੇਗਾ। ਮੈਂ ਆਪਣੇ ਬੇਟੇ ਨੂੰ ਕਹਾਂਗਾ। ਉਹ ਆਪੇ ਜਮ੍ਹਾਂ ਕਰਵਾ ਆਊਗਾ...।"

ਉਸ ਨੂੰ ਇਸ ਦਫ਼ਤਰ 'ਚ ਆਇਆਂ ਛੇ ਸਾਲ ਹੋ ਗਏ ਹਨ। ਬ੍ਰਾਂਚ ਦੇ ਬਾਬੂ ਹਰ ਸਾਲ ਮਾਰਚ-ਅਪ੍ਰੈਲ 'ਚ ਕਿਆਸ ਲਾਉਣੇ ਸ਼ੁਰੂ ਕਰ ਦਿੰਦੇ ਹਨ ਕਿ ਉਹ ਇਸ ਸਾਲ ਬਦਲ ਜਾਵੇਗਾ। ਇਸ ਸਮੇਂ ਉਹਨਾਂ ਨੂੰ ਕੁਲਦੀਪ ਸਿੰਘ ਬਣਵੈਤ ਬਹੁਤ ਯਾਦ ਆਉਂਦਾ ਹੈ। ਸਾਰੇ ਇਕੋ ਸੁਰ ਵਿੱਚ ਕਹਿੰਦੇ ਹਨ, "ਉਹਨਾਂ ਵਰਗਾ ਕੋਈ ਅਫ਼ਸਰ ਮੁੜ ਕੇ ਨ੍ਹੀਂ ਆਉਣਾ। ਕੋਈ ਦੋ ਘੰਟਿਆਂ ਦੀ ਛੁੱਟੀ ਮੰਗਦਾ ਤਾਂ ਉਹ ਚਾਰ ਘੰਟਿਆਂ ਦੀ ਛੁੱਟੀ ਦਿੰਦੇ। ਅੱਧੇ ਦਿਨ ਦੀ ਛੁੱਟੀ ਲਾਉਂਦੇ ਹੀ ਨਾ। ਉਹਨਾਂ ਦੇ ਰਾਜ ਵਿੱਚ ਸੁਖਪਾਲ ਤੇ ਜਸਪਾਲ ਨੇ ਬਹੁਤ ਮੌਜਾਂ ਲੁੱਟੀਆਂ। ਉਹ ਕਹਿੰਦੇ-'ਸਰਕਾਰ ਦੇ ਕੰਮ ਵੀ ਕਦੇ ਮੁੱਕੇ ਆ। ਤੁਸੀਂ ਆਪਣੇ ਘਰ ਦੇ ਕੰਮਾਂ ਨੂੰ ਪਹਿਲਾਂ ਕਰੋ। ਤੁਹਾਡੇ ਕੰਮ ਦਾ ਕੀ ਆ। ਕਟੌਤੀਆਂ, ਡੀ. ਏ. ਤੇ ਅਡਵਾਂਸਾਂ ਦੀਆਂ ਫਿਗਰਾਂ ਇੱਥੇ ਬੈਠ ਕੇ ਫਾਰਮਾਂ 'ਚ ਭਰ ਲਓ। ਕੈਲਕੁਲੇਸ਼ਨ ਘਰੇ ਬੈਠ ਕੇ ਵੀ ਕੀਤੀ ਜਾ ਸਕਦੀ ਆ' ਦੱਸੋ-ਕਿਸੇ ਦਾ ਕੋਈ ਕੰਮ ਪੈਂਡਿੰਗ ਰਿਹਾ। ਕਿਸੇ ਨੇ ਕੋਈ ਉਲਾਭਾ ਲਿਆ।" ਜੁਲਾਈ-ਅਗਸਤ ਗੁਜਰ ਜਾਂਦੇ ਹਨ। ਉਨ੍ਹਾਂ ਦੇ ਲਗਾਏ ਕਿਆਸ ਝੂਠੇ ਨਿਕਲਦੇ ਹਨ। ਕਿਉਂਕਿ ਇਸ ਬ੍ਰਾਂਚ ਦਾ ਕੰਮ ਹੀ ਅਜਿਹਾ ਹੈ ਕਿ ਕੋਈ ਵੀ ਅਕਾਊਂਟ ਅਫਸਰ ਇਥੇ ਰਹਿ ਕੇ ਖੁਸ਼ ਨਹੀਂ। ਕਿਹੜਾ ਸਾਰਾ ਦਿਨ ਮੱਥਾ ਮਾਰੇ। ਇਕੋ ਜਿਹਾ ਕੰਮ। ਇਕੋ ਜਿਹੀ ਰੁਟੀਨ। ਜੇ ਕੋਈ ਹੋਰ ਕੰਮ ਹੋਵੇ ਤਾਂ ਅਫ਼ਸਰ ਘੁੱਗੀ ਮਾਰ ਕੇ ਫਾਇਲ ਅਗਾਂਹ ਤੋਰ ਦਿੰਦੇ ਹਨ। ਪਰ ਇੱਥੇ ਤਾਂ ਜੀ. ਪੀ. ਐਫ਼. ਦੀ ਅਦਾਇਗੀ ਹੁੰਦੀ ਹੈ। ਅਡਵਾਂਸ ਤੇ ਅੰਤਮ ਅਦਾਇਗੀ। ਜੇ ਕਿਸੇ ਨੂੰ ਵੱਧ ਅਦਾਇਗੀ ਹੋ ਗਈ ਤਾਂ ਕਿਸ ਭੜੂਏ ਨੇ ਵਾਪਸ ਕਰਨੀ ਹੈ। ਪੈਸੇ ਆਪਣੇ ਸਿਰ ਪੈ ਜਾਣੇ ਹਨ। ਪੂਰੀ ਇਕਾਗਰਤਾ ਨਾਲ ਕੰਮ ਕਰਨਾ ਪੈਂਦਾ ਹੈ।



www.PunjabiLibrary.com

ਉਹ ਇਸ ਬ੍ਰਾਂਚ 'ਚ ਖੁਸ਼ ਹੈ। ਇੱਥੋਂ ਜਾਣ ਨੂੰ ਉਹਦਾ ਮਨ ਰਾਜ਼ੀ ਨਹੀਂ ਹੁੰਦਾ। ਉਹ ਆਪਣੇ ਆਪ ਨਾਲ ਗੱਲੀਂ ਪੈਂਦਾ, "ਕੰਮ ਕਰਨਾ ਬੰਦੇ ਦਾ ਪਹਿਲਾ ਫਰਜ਼ ਆ। ਜਿੰਨੇ ਪੈਸੇ ਸਾਨੂੰ ਸਰਕਾਰ ਦਿੰਦੀ ਆ-ਘੱਟੋ ਘੱਟ ਉੱਨਾ ਕੰਮ ਤਾਂ ਕਰਨਾ ਚਾਹੀਦਾ। ਇਸ ਦਫਤਰ ਦੀ ਇਹ ਮੌਜ ਆ ਕਿ ਏਥੇ ਸਮੇਂ ਦਾ ਪਤਾ ਨ੍ਹੀਂ ਲੱਗਦਾ। ਬੰਦਾ ਆਪਣੇ ਕੰਮੀਂ ਲੱਗਾ ਰਹਿੰਦਾ। ਬਿਜ਼ੀ ਰਹਿੰਦਾ।" ਉਸ ਦੀ ਪੱਕੀ ਰੁਟੀਨ ਹੈ ਕਿ ਠੀਕ ਅੱਠ ਵੱਜ ਕੇ ਪਚਵੰਜਾ ਮਿੰਟ 'ਤੇ ਆਪਣੀ ਕੁਰਸੀ 'ਤੇ ਆ ਬੈਠਦਾ ਹੈ। ਮੀਂਹ ਪਵੇ ਜਾਂ ਹਨੇਰੀ ਆ ਜਾਵੇ, ਉਸ ਨੇ ਆਪਣੀ ਰੁਟੀਨ ਕਦੇ ਨਹੀਂ ਤੋੜੀ। ਸ਼ਾਮ ਨੂੰ ਚਾਰ ਪੈਂਤੀ 'ਤੇ ਕੁਰਸੀ ਤੋਂ ਉੱਠਦਾ ਹੈ। ਸਾਢੇ ਚਾਰ ਵਜੇ ਘੰਟੀ ਮਾਰਦਾ ਹੈ। ਸੇਵਾਦਾਰ ਨੂੰ ਅਖ਼ਬਾਰ ਤੇ ਟਿਫਿਨ ਬੌਕਸ ਗੱਡੀ 'ਚ ਰੱਖਣ ਦਾ ਇਸ਼ਾਰਾ ਕਰਦਾ ਹੈ। ਸੇਵਾਦਾਰ ਉਸ ਦੀ ਕਾਰ ਵੱਲ ਜਾਂਦਾ ਹੈ। ਉਹ ਅੰਦਰੋਂ ਹੀ ਬੈਠਾ ਬੈਠਾ ਰਿਮੋਟ ਕੰਟਰੋਲ ਨਾਲ ਕਾਰ ਦਾ ਲੌਕ ਖੋਲ੍ਹ ਦਿੰਦਾ ਹੈ। ਉਹ ਸਾਲ 'ਚ ਦੋ ਜਾਂ ਤਿੰਨ ਛੁੱਟੀਆਂ ਕਰਦਾ ਹੈ। ਉਹ ਵੀ ਉਦੋਂ ਜਦੋਂ ਉਹਨੂੰ ਕੋਈ ਬਹੁਤ ਹੀ ਅਤੀ ਜ਼ਰੂਰੀ ਕੰਮ ਪੈ ਜਾਵੇ। ਕਿਸੇ ਮਰਗ 'ਤੇ ਜਾਣਾ ਪੈ ਜਾਵੇ। ਜੇ ਕੋਈ ਮਾਤਹਿਤ ਛੁੱਟੀ ਦੀ ਅਰਜ਼ੀ ਲੈ ਕੇ ਜਾਵੇ ਤਾਂ ਪਹਿਲੀ ਵਾਰ ਤਾਂ ਉਹਨੂੰ ਟਾਲਣ ਦੀ ਕੋਸ਼ਿਸ਼ ਕਰਦਾ ਹੈ। ਜੇ ਮਾਤਹਿਤ ਗੜਗੜਾਉਣ ਹੀ ਲੱਗ ਪਵੇ ਤਾਂ ਉਹ 'ਪ੍ਰਵਾਨ ਹੈ' ਲਿਖਦਿਆਂ ਹੋਇਆਂ ਇਹ ਕਹਿਣਾ ਨਹੀਂ ਭੁੱਲਦਾ, "ਦੇਖੀਂ, ਘਰ ਜਾ ਕੇ ਹੋਰ ਨਾ ਛੁੱਟੀ ਦੀ ਅਰਜ਼ੀ ਭੇਜ ਦੇਈਂ। ਤੇਰੇ ਕੋਲ ਪਹਿਲਾਂ ਹੀ ਕਿੰਨੇ ਸਾਰੇ ਕੇਸ ਪੈਂਡਿੰਗ ਪਏ ਆ।" ਮਾਤਹਿਤ ਉਸ ਦੇ ਸਾਹਮਣੇ ਤਾਂ ਕੁਝ ਨਹੀਂ ਬੋਲਦਾ ਪਰ ਬਾਹਰ ਆ ਕੇ ਆਪਣਾ ਗੁੱਸਾ ਜ਼ਾਹਿਰ ਕਰਦਾ ਹੈ, "ਭੈਣ ਆਪਣੀ ਦਾ ਖਸਮ। ਛੁੱਟੀ ਦਿੰਦਿਆਂ ਇਹਦੀ.... ਫਟਦੀ ਆ। ਇਹਨੇ ਤਾਂ ਦਫਤਰ ਨੂੰ ਆਪਣੀ ਸਲਤਨਤ ਸਮਝ ਰੱਖਿਆ। ਇਹ ਨੂੰ ਦੱਸਣਾ ਪਊ ਕਿ ਇਹ ਸਰਕਾਰੀ ਦਫਤਰ ਆ। ਸਾਨੂੰ ਸਰਕਾਰ ਵੱਲੋਂ ਛੁੱਟੀਆਂ ਮਿਲੀਆਂ ਹੋਈਆਂ। ਜੇ ਇਹਨੇ ਅਗਲੀ ਵਾਰ ਵੀ ਐਦਾਂ ਹੀ ਕੀਤੀ ਤਾਂ ਮੈਂ ਘਰੋਂ ਹੀ ਦੋ ਮਹੀਨਿਆਂ ਦਾ ਮੈਡੀਕਲ ਭੇਜ ਦੇਣਾ। ਪੁੱਟ ਲਵੇ ਜਿਹੜਾ ਮੇਰਾ ਪੁੱਟਣਾ.....।" ਮਾਤਹਿਤ ਐਨੇ ਗੁੱਸੇ 'ਚ ਹੁੰਦਾ ਹੈ ਕਿ ਉਹ ਇਹ ਵੀ ਭੁੱਲ ਜਾਂਦਾ ਹੈ ਕਿ ਇਸ ਬ੍ਰਾਂਚ 'ਚ ਛੇ ਔਰਤਾਂ ਵੀ ਬੈਠੀਆਂ ਹਨ। ਕੋਈ ਜਣਾ ਉਸਨੂੰ ਇਸ਼ਾਰਾ ਕਰਦਾ ਹੈ ਤਾਂ ਉਹ ਕਹਿ ਦਿੰਦਾ ਹੈ, "ਕੰਜਰ ਦਾ ਪੁੱਤ-ਇਨ੍ਹਾਂ ਨਾਲ ਕਿਹੜਾ ਘੱਟ ਕਰਦਾ। ਪਿਛਲੇ ਹਫ਼ਤੇ ਰਜਨੀ ਛੁੱਟੀ ਲੈਣ ਗਈ ਸੀ। ਅੰਦਰੋਂ ਰੋਂਦੀ-ਰੋਂਦੀ ਆਈ ਸੀ। ਇਹ ਤਾਂ ਕਿਸੇ ਨਾਲ ਵੀ ਘੱਟ ਨ੍ਹੀਂ ਕਰਦਾ।"

ਇਨ੍ਹਾਂ ਗੱਲਾਂ ਬਾਰੇ ਦਲਜੀਤ ਸਿੰਘ ਨੂੰ ਵੀ ਪਤਾ ਲੱਗ ਜਾਂਦਾ ਹੈ। ਕੇਸ ਚੈਕ ਕਰਾਉਣ ਆਏ ਸੁਖਪਾਲ ਨਾਲ ਉਹ ਸਲਾਹੀਂ ਪੈ ਜਾਂਦਾ ਹੈ, "ਮੈਨੂੰ ਪਤਾ ਆ ਕਿ ਤੁਸੀਂ ਸਾਰੇ ਮੈਥੋਂ ਔਖੇ ਹੋ। ਮੈਨੂੰ ਪਸੰਦ ਨ੍ਹੀਂ ਕਰਦੇ। ਨਾ ਕਰੋ। ਮੈਂ ਨ੍ਹੀਂ ਕਿਸੇ ਦੀ ਪ੍ਰਵਾਹ ਕਰਦਾ। ਇਹ ਤਾਂ ਮੈਂ ਜਾਣਦਾਂ ਜਾਂ ਮੇਰਾ ਰੱਬ ਕਿ ਮੈਂ ਏਨੇ ਸਾਰੇ ਬੰਦਿਆਂ ਨੂੰ ਕਿਵੇਂ ਕੰਟਰੋਲ ਕੀਤਾ ਹੋਇਆ... ਮੇਰੀ ਵੀ ਕੋਈ ਜ਼ੁੰਮੇਵਾਰੀ ਆ। ਮੈਂ ਆਪਣੀ ਬ੍ਰਾਂਚ ਵੀ ਚਲਾਉਣੀ ਆ। ਜੇ ਮੈਂ ਤੁਹਾਨੂੰ ਖੁੱਲ੍ਹ ਦੇ ਦਵਾਂ ਤਾਂ ਤੁਸੀਂ ਤਾਂ ਸੌਖੇ ਹੋ ਜਾਣਾ-ਮੈਂ ਔਖਾ। ਤੂੰ ਪੁੱਛ-ਉਹ ਕਿਵੇਂ। ਭਾਈ ਮੇਰਿਆ-ਜੇ ਕਿਸੇ ਰਿਟਾਇਰੀ ਨੂੰ ਸਮੇਂ ਸਿਰ ਪੈਸੇ ਨਾ ਮਿਲੇ ਤਾਂ ਉਹਨੇ ਕੋਰਟ ਕੇਸ ਕਰਨ ਲੱਗਿਆਂ ਦੇਰ ਨ੍ਹੀਂ ਲਾਉਣੀ। ਉਹਨੇ ਮੈਨੂੰ ਵੀ ਨਾਲ ਹੀ ਪਾਰਟੀ ਬਣਾ ਲੈਣਾ।



ਪਹਿਲਾਂ ਹੀ ਕਿੰਨੇ ਕੇਸ ਚਲ ਰਹੇ। ਇਨ੍ਹਾਂ 'ਤੇ ਕਿੰਨਾ ਸਮਾਂ ਖਰਾਬ ਹੋ ਰਿਹਾ। ਇਕ ਤਾਂ ਕੰਮ ਦਾ ਲੌਸ ਹੁੰਦਾ। ਦੂਜਾ ਖਜਲ ਖੁਆਰੀ ਵਾਧੂ ਦੀ। ਸਾਰਾ ਸਾਰਾ ਦਿਨ ਕੋਰਟ 'ਚ ਬੈਠੇ ਰਹੋ। ਸ਼ਾਮ ਨੂੰ ਜੱਜ ਅਗਲੀ ਤਰੀਕ ਪਾ ਦਿੰਦਾ। ਇਹਦੂੰ ਚੰਗਾ ਨ੍ਹੀਂ-ਵੇਲੇ ਸਿਰ ਕੰਮ ਕਰੋ।" ਕੋਲ ਬੈਠੇ ਸੁਖਪਾਲ ਨੇ ਕੀ ਕਹਿਣਾ ਹੁੰਦਾ ਹੈ। ਉਹ 'ਹੂੰ ਜੀ', 'ਹਾਂ ਜੀ', 'ਠੀਕ ਆ ਜੀ' ਕਹਿੰਦਾ ਹੋਇਆ ਉਸ ਦੀ ਗੱਲ ਸੁਣਦਾ ਰਹਿੰਦਾ ਹੈ। ਦਲਜੀਤ ਸਿੰਘ ਕੇਸ ਵੀ ਚੈਕ ਕਰੀ ਜਾਂਦਾ ਹੈ ਤੇ ਆਪਣੀ ਗੱਲ ਵੀ ਕਰੀ ਜਾਂਦਾ ਹੈ,"ਤੂੰ ਵੀ ਹੁਣ ਕਹੇਂਗਾ ਕਿ ਮੈਂ ਖੁੱਲ੍ਹ ਕਿਉਂ ਨ੍ਹੀਂ ਦਿੰਦਾ। ਇਸ ਬ੍ਰਾਂਚ 'ਚ ਖੁੱਲ੍ਹ ਦਿੱਤੀ ਹੀ ਨ੍ਹੀਂ ਜਾ ਸਕਦੀ। ਜਦੋਂ ਮੈਂ ਨਵਾਂ ਨਵਾਂ ਆਇਆ ਸੀ ਤਾਂ ਕੁਲਦੀਪ ਸਿੰਘ ਬਣਵੈਤ ਨਾਲੋਂ ਵੀ ਜ਼ਿਆਦਾ ਖੁੱਲ੍ਹਾਂ ਦਿੱਤੀਆਂ ਸੀ। ਫੇਰ ਮੈਂ ਜਿਹੜਾ ਵੀ ਕੇਸ ਚੈਕ ਕਰਦਾ-ਉਹੀ ਗਲਤ ਨਿਕਲਦਾ। ਇਕ ਵਾਰੀ ਦਰਸ਼ਨਾ ਦੋ ਅਡਵਾਂਸ ਪਾਉਣੇ ਹੀ ਛੱਡ ਗਈ। ਰਜਨੀ ਦੀਆਂ ਦੋ ਸਾਲਾਂ ਦੀਆਂ ਕਟੌਤੀਆਂ ਗਲਤ ਨਿਕਲੀਆਂ। ਜੇ ਮੈਂ ਹੀ ਇਕੱਲੀ ਇਕੱਲੀ ਫਿਗਰ ਚੈਕ ਕਰਨੀ ਆ ਤਾਂ ਇੰਨੇ ਜਣਿਆਂ ਦਾ ਅਚਾਰ ਪਾਉਣਾ। ਤੁਹਾਨੂੰ ਕੀ ਪਤਾ ਜਦੋਂ ਏ. ਜੀ. ਪਾਰਟੀ ਵਾਲੇ ਪਿਛਲੇ ਦੋ ਸਾਲਾਂ ਦਾ ਰਿਕਾਰਡ ਚੈਕ ਕਰਨ ਆਏ ਤਾਂ ਕਿੰਨੀਆਂ ਗਲਤੀਆਂ ਨਿਕਲੀਆਂ ਸਨ। ਅਕਾਊਂਟ ਅਫ਼ਸਰ ਮੇਰਾ ਦੋਸਤ ਸੀ। ਮੇਰੇ ਕਹਿਣ 'ਤੇ ਉਹ ਤੁਹਾਨੂੰ ਸਾਰਿਆਂ ਨੂੰ ਬਖ਼ਸ਼ ਗਿਆ। ਜੇ ਕੋਈ ਹੋਰ ਹੁੰਦਾ ਤਾਂ ਉਹਨਾਂ ਦੇ ਬਣਾਏ ਪੈਰਿਆਂ ਦੇ ਜੁਆਬ ਤੁਹਾਡੇ ਕੋਲੋਂ ਸਾਰੀ ਉਮਰ ਨ੍ਹੀਂ ਦੇ ਹੋਣੇ ਸੀ। ਫੇਰ ਰਿਕਵਰੀਆਂ ਅੱਡ।" ਸੁਖਪਾਲ ਅਗਾਂਹ ਨੂੰ ਹੋ ਕੇ ਉਸਦੇ ਗੋਡੇ ਹੱਥ ਲਾਉਂਦਾ ਹੈ। ਉਹ ਆਪਣੀ ਗੱਲ ਜਾਰੀ ਰੱਖਦਾ ਹੈ, "ਮੈਨੂੰ ਕੰਮ ਚਾਹੀਦਾ ਆ। ਐਵੇਂ ਨਾ ਮੇਰੇ ਗੋਡਿਆਂ ਨੂੰ ਘੁੱਟੀ ਜਾਇਆ ਕਰ। ਤੁਸੀਂ ਤਾਂ ਵਰਮੇ ਕੋਲੋਂ ਸੂਤ ਆਏ ਸੀ। ਉਹ ਹਰ ਹਫ਼ਤੇ ਕੰਮ ਦੀ ਰਿਪੋਰਟ ਲੈਂਦਾ ਸੀ। ਉਹਨੇ ਮੂਵਿੰਗ ਰਜਿਸਟਰ ਲਗਾਇਆ ਸੀ। ਦੱਸ ਮੈਂ ਝੂਠ ਬੋਲਦਾਂ.... ?.... ਬ੍ਰਾਂਚ 'ਚੋਂ ਕੋਈ ਮੈਨੂੰ ਦੱਸੇ-ਮੈਂ ਕਦੇ ਆਪਣੇ ਕੰਮ ਲਈ ਦਫਤਰੋਂ ਬਾਹਰ ਗਿਆਂ। ਮੇਰੇ ਵੀ ਬਾਲ ਬੱਚੇ ਆ। ਮੈਨੂੰ ਵੀ ਆਪਣੇ ਸੌ ਤਰ੍ਹਾਂ ਦੇ ਕੰਮ ਹੁੰਦੇ ਆ। ਮੈਂ ਇਹ ਪੰਜ ਵਜੇ ਤੋਂ ਬਾਅਦ ਕਰਦਾਂ ਜਾਂ ਸ਼ਨੀਵਾਰ-ਐਤਵਾਰ। ਜੇ ਮੈਂ ਕਰਦਾਂ ਤਾਂ ਤੁਸੀਂ ਕਿਉਂ ਨ੍ਹੀਂ। ਦੇਖ-ਇਨ੍ਹਾਂ ਬਾਬੂਆਂ ਦੇ ਲੱਛਣ-ਚਾਹ ਪੀਣ ਗਏ ਘੰਟਾ-ਘੰਟਾ ਨ੍ਹੀਂ ਮੁੜਦੇ। ਜੇ ਮੈਂ ਕਹਾਂ ਤਾਂ ਕਹਿ ਦਿੰਦੇ-ਕੀ ਅਸੀਂ ਚਾਹ ਵੀ ਨ੍ਹੀਂ ਪੀ ਸਕਦੇ। ਟਿਫਿਨ ਵੀ ਇਕ ਵਜੇ ਖੋਲ੍ਹ ਕੇ ਬੈਠ ਜਾਂਦੇ। ਮੈਂ ਹੁਣੇ ਸਟੈਨੋ ਨੂੰ ਸੱਦਦਾਂ। ਆਰਡਰ ਕੱਢਦਾਂ-ਕੋਈ ਵੀ ਡੇਢ ਵਜੇ ਤੋਂ ਪਹਿਲਾਂ ਰੋਟੀ ਨ੍ਹੀਂ ਖਾਵੇਗਾ।" ਸੁਖਪਾਲ ਬੁੱਲ੍ਹਾਂ 'ਚ ਹੱਸਦਾ ਚਲਾ ਜਾਂਦਾ ਹੈ। ਦਲਜੀਤ ਸਿੰਘ ਆਪਣੇ ਸਟੈਨੋ ਨੂੰ ਬੁਲਾਉਂਦਾ ਹੈ। ਡਿਕਟੇਸ਼ਨ ਦਿੰਦਾ ਹੈ। ਆਖਿਰ 'ਚ ਇਹ ਲਿਖਵਾਉਣਾ ਨਹੀਂ ਭੁੱਲਦਾ, "ਜੇ ਕਿਸੇ ਨੇ ਨਿਯਮਾਂ ਦੀ ਪਾਲਣਾ ਨਾ ਕੀਤੀ ਤਾਂ ਉਸ ਵਿਰੁੱਧ ਅਗਲੀ ਕਾਰਵਾਈ ਲਈ ਡਾਇਰੈਕਟਰ ਸਾਹਿਬ ਨੂੰ ਲਿਖ ਦਿੱਤਾ ਜਾਵੇਗਾ।"

ਜਿਵੇਂ ਜਿਵੇਂ ਸਟੈਨੋ ਬਾਬੂਆਂ ਤੇ ਮੈਡਮਾਂ ਕੋਲੋਂ ਨੋਟਿੰਗ ਪੰਨੇ 'ਤੇ ਨੋਟ ਕਰਵਾਉਂਦਾ ਹੈ, ਤਿਵੇਂ-ਤਿਵੇਂ ਉਨ੍ਹਾਂ ਦੇ ਗੁਭਗਲਾਹਟ ਨਿਕਲਣੇ ਸ਼ੁਰੂ ਹੋ ਜਾਂਦੇ ਹਨ।

"ਉਸ ਕੁੱਤੇ ਦੇ ਤੁਖ਼ਮ ਨੂੰ ਕਹਿ ਦੇ ਮੇਰੇ ਵੱਲੋਂ-ਇਹ ਦਫਤਰ ਆ। ਕਿਸੇ ਡਿਕਟੇਟਰ ਦੀ ਸਲਤਨਤ ਨ੍ਹੀਂ," ਜਸਪਾਲ ਸਿੰਘ ਦਸਖ਼ਤ ਕਰਦਿਆਂ ਹੋਇਆਂ ਸਟੈਨੋ ਨੂੰ ਕਹਿੰਦਾ ਹੈ।



www.PunjabiLibrary.com

ਸਟੈਨੋ ਬੁੱਲ੍ਹਾਂ 'ਚ ਹੱਸਦਾ ਹੋਇਆ ਅਗਲੇ ਟੇਬਲ 'ਤੇ ਚਲਾ ਜਾਂਦਾ ਹੈ।

"ਇਹਨੂੰ ਕਦੇ ਤਾਪ ਵੀ ਨ੍ਹੀਂ ਚੜ੍ਹਦਾ। ਜੇ ਇਹਦੇ ਵੱਸ 'ਚ ਹੋਵੇ ਤਾਂ ਇਹ ਤਾਂ ਸਾਨੂੰ ਸ਼ਨੀਵਾਰ ਤੇ ਐਤਵਾਰ ਦੀ ਛੁੱਟੀ ਨਾ ਕਰਨ ਦੇਵੇ," ਪਰਮਜੀਤ ਕੌਰ ਕਹਿੰਦੀ ਹੈ।

"ਹੁਕਮ ਤਾਂ ਇਉਂ ਕਰਦਾ-ਜਿਵੇਂ ਜਾਰਜ ਬੁਸ਼ ਦਾ ਸਾਲਾ ਹੋਵੇ। ਜਾ ਮੈਂ ਨ੍ਹੀਂ ਕਰਦੀ ਸਾਈਨ। ਜਾ ਕੇ ਕਹਿ ਦੇ ਵੱਡੇ ਨਵਾਬ ਸਾਹਿਬ ਨੂੰ," ਦਰਸ਼ਨਾ ਨੋਟਿੰਗ ਪੰਨਾ ਪਰ੍ਹਾਂ ਨੂੰ ਸੁੱਟਦੀ ਹੋਈ ਬੋਲਦੀ ਹੈ।

"ਜਿਥੇ ਬਾਕੀਆਂ ਨੇ ਸਾਈਨ ਕੀਤੇ-ਉਥੇ ਤੂੰ ਵੀ ਕਰਦੇ। ਅਫਸਰ ਦਾ ਲਿਖਿਆ ਕਦੇ ਵਾਪਸ ਨ੍ਹੀਂ ਮੁੜਦਾ ਹੁੰਦਾ।" ਸੁਖਪਾਲ ਨੇ ਦਰਸ਼ਨਾ ਨੂੰ ਸਮਝਾਉਂਦਿਆਂ ਹੋਇਆਂ ਕਿਹਾ ਹੈ।

ਸਾਰਿਆਂ ਦੀ ਇਹੋ ਜਿਹੀ ਹੀ ਪ੍ਰਤੀਕ੍ਰਿਆ ਹੈ।

"ਮੈਂ ਇੱਕ ਦਿਨ ਉਹਨੂੰ ਸਮਝਾਇਆ ਸੀ-ਸਰਦਾਰ ਜੀ, ਕਿਤੇ ਵਿਹਲੇ ਬੈਠ ਕੇ ਸੋਚੀਓ-ਪਿੱਛੇ ਕਿੰਨੀ ਕੁ ਉਮਰ ਰਹਿ ਗਈ। ਤੁਹਾਡੀ ਰਿਟਾਇਰਮੈਂਟ ਵਿੱਚ ਸਾਲ ਵੀ ਨ੍ਹੀਂ ਰਿਹਾ। ਇਹ ਉਮਰ ਭਲਾ ਕਰਨ ਦੀ ਹੁੰਦੀ ਆ। ਕਿਸੇ ਦਾ ਭਲਾ ਕਰੋਗੇ ਤਾਂ ਰਿਟਾਇਰਮੈਂਟ ਤੋਂ ਬਾਅਦ ਵੀ ਤੁਹਾਨੂੰ ਲੋਕ ਖਿੜੇ ਮੱਥੇ ਮਿਲਣਗੇ। ਜੇ ਕੋਈ ਬਾਬੂ ਜਾਂ ਮੈਡਮ ਘੰਟਾ ਦੋ ਘੰਟੇ ਲੇਟ ਆ ਵੀ ਗਈ ਤਾਂ ਕਿਹੜੀ ਆਫਤ ਆ ਜਾਣੀ ਆ। ਗੱਲ ਤਾਂ ਆਪਣੀ ਸੀਟ ਦੇ ਕੰਮ ਦੀ ਹੁੰਦੀ ਆ। ਦੱਸੋ-ਕਿਹਦਾ ਕੰਮ ਪੈਂਡਿੰਗ ਪਿਆ। ਇੱਕ ਵਾਰ ਤਾਂ ਉਹ ਸੋਚੀਂ ਪੈ ਗਿਆ ਸੀ। ਬੋਲਿਆ ਸੀ, 'ਗੱਲ ਤਾਂ ਤੇਰੀ ਠੀਕ ਆ।' ਪਰ ਇਸ ਸ਼ਖ਼ਸ ਨੇ ਤੀਜੇ ਦਿਨ ਹੀ ਦੀਪ ਦੀ ਜੁਆਬ ਤਲਬੀ ਕਰ ਲਈ। ਜੇ ਉਹ ਅਡਵਾਂਸ ਪਾਉਣਾ ਭੁੱਲ ਗਈ ਸੀ ਤਾਂ ਇਹ ਆਪ ਪਾ ਦਿੰਦਾ। ਆਖਰੀ ਐਂਟਰੀ ਸੀ," ਸੁਖਪਾਲ ਨੇ ਆਪਣੇ ਸੱਜੇ ਪਾਸੇ ਬੈਠੇ ਕੁਲਵਿੰਦਰ ਨਾਲ ਸਲਾਹੀਂ ਪੈਂਦਿਆਂ ਦੱਸਿਆ ਹੈ।

"ਕਦੇ ਕੁੱਤੇ ਦੀ ਪੂਛ ਵੀ ਸਿੱਧੀ ਹੋਈ ਆ। ਮੈਂ ਆਪ ਕਈ ਵਾਰ ਕਿਹਾ ਕਿ ਇਸ ਬ੍ਰਾਂਚ 'ਚ ਬਾਬੂਆਂ ਤੇ ਮੈਡਮਾਂ ਦੀ ਉਮਰ ਔਸਤਨ ਪੰਜਾਹ ਸਾਲ ਬਣਦੀ ਆ। ਸਾਰੇ ਹੀ ਕਿਸੇ ਨਾ ਕਿਸੇ ਤਰ੍ਹਾਂ ਦੀ ਟੈਨਸ਼ਨ ਲਈ ਫਿਰਦੇ ਆ। ਘਰੋਂ। ਬਾਹਰੋਂ। ਆਪਾਂ ਨੂੰ ਦਫਤਰ 'ਚ ਅਜਿਹਾ ਮਾਹੌਲ ਸਿਰਜਨਾ ਚਾਹੀਦਾ ਜਿਸ ਨਾਲ ਇੱਥੇ ਕੋਈ ਟੈਨਸ਼ਨ ਕਰੀਏਟ ਨਾ ਹੋਵੇ। ਜੇ ਇੱਥੇ ਵੀ ਟੈਨਸ਼ਨ ਰਹੀ ਤਾਂ ਅਗਲੇ ਦੇ ਮਨ ਦੀ ਇਕਾਗਰਤਾ ਵਾਰ-ਵਾਰ ਭੰਗ ਹੁੰਦੀ ਰਹਿਣੀ। ਫੇਰ ਗਲਤੀਆਂ ਹੋਣ ਦੀ ਜ਼ਿਆਦਾ ਸੰਭਾਵਨਾ ਰਹਿਣੀ ਆ। ਪਰ ਇਹਨੂੰ ਤਾਂ ਪਤਾ ਨ੍ਹੀਂ ਕਿਉਂ ਸਾਨੂੰ ਟੈਨਸ਼ਨ ਵਿੱਚ ਪਾਉਂਦਿਆਂ ਖੁਸ਼ੀ ਹੁੰਦੀ ਆ। ਦੱਸੋ-ਆਪਣੇ ਵਿੱਚੋਂ ਕਿਹੜਾ ਬਚਿਆ ਜਿਸਦੀ ਇਸ ਕਦੇ ਜਵਾਬਤਲਬੀ ਨਾ ਕੀਤੀ ਹੋਵੇ," ਕੁਲਵਿੰਦਰ ਨੇ ਕਿਹਾ ਹੈ।

*****

ਮੋਹਨ ਲਾਲ ਦੀ ਪਰਚੀ ਨਿਕਲਦਿਆਂ ਹੀ ਮੈਂ ਖੁਸ਼ੀ ਨਾਲ ਸਰਬਜੀਤ ਵੱਲ ਦੇਖਣ ਲੱਗਾ ਹਾਂ।

ਉਸ ਨੂੰ ਇਸ ਬ੍ਰਾਂਚ 'ਚ ਆਇਆਂ ਦੋ ਕੁ ਮਹੀਨੇ ਹੋਏ ਹਨ। ਪਿਆਰੇ ਲਾਲ ਨੇ ਛੇ



ਮਹੀਨਿਆਂ ਦੀ ਮੈਡੀਕਲ ਛੁੱਟੀ ਲਈ ਸੀ। ਮੋਹਨ ਲਾਲ ਦੇ ਆਰਡਰ ਇਸ ਬ੍ਰਾਂਚ 'ਚ ਹੋ ਗਏ ਸਨ। ਉਸ ਦੇ ਇਸ ਬ੍ਰਾਂਚ 'ਚ ਆਉਣ ਤੋਂ ਪਹਿਲਾਂ ਹੀ ਉਸ ਦੀਆਂ ਚੰਗਿਆਈਆਂ-ਬੁਰਾਈਆਂ ਪਹੁੰਚ ਗਈਆਂ ਸਨ।

-ਬਹੁਤ ਹੀ ਨੇਕ ਆਦਮੀ ਹੈ।

-ਜੀ ਤੋਂ ਬਿਨਾਂ ਬੋਲਦਾ ਨਹੀਂ।

-ਕਿਸੇ ਨੂੰ ਕੰਮ ਤੋਂ ਨਾਂਹ ਨਹੀਂ ਕਰਦਾ।

-ਮੇਜ਼ ਤੇ ਕੁਰਸੀਆਂ ਆਉਂਦਿਆਂ ਨੂੰ ਸਾਫ਼ ਮਿਲਣਗੀਆਂ।

-ਸਾਹਿਬ ਦੀ ਕਾਰ ਚਮਕਾ ਕੇ ਰੱਖਦਾ ਹੈ। ਬਾਬੂਆਂ ਤੇ ਮੈਡਮਾਂ ਦੇ ਸਕੂਟਰ ਆਪਣੇ ਆਪ ਸਾਫ਼ ਕਰ ਦਿੰਦਾ ਹੈ।

-ਜੇ ਕੋਈ ਬਾਹਰੋਂ ਦਾਲ-ਸਬਜ਼ੀ ਮੰਗਵਾਉਣਾ ਚਾਹੁੰਦਾ ਹੈ ਤਾਂ ਦੌੜ ਕੇ ਫੜ ਲਿਆਉਂਦਾ ਹੈ।

-ਇਕੱਲੇ-ਇਕੱਲੇ ਨੂੰ ਨਮਸਕਾਰ ਕਰਦਾ ਹੈ।

-ਅੱਧੇ-ਅੱਧੇ ਘੰਟੇ ਬਾਅਦ ਪਾਣੀ ਦਾ ਪੁੱਛਦਾ ਹੈ।

-ਜੇ ਆਕੜ ਜਾਵੇ ਤਾਂ ਲੋਹੇ ਦਾ ਥਣ ਬਣ ਜਾਂਦਾ।

-ਨਾ ਵਾਧੂ ਗੱਲ ਕਰਦਾ। ਨਾ ਸੁਣਦਾ।

-ਆਪਣੇ ਆਪ ਨੂੰ ਬਾਬੂ ਹੀ ਸਮਝਦਾ। ਪੈਂਟ ਕਮੀਜ਼ ਦੀ ਕਰੀਜ ਨਹੀਂ ਮਰਨ ਦਿੰਦਾ।

-ਬੜਾ ਘੈਂਟ ਬੰਦਾ।

ਮੋਹਨ ਲਾਲ ਬਾਬੂਆਂ ਤੇ ਮੈਡਮਾਂ ਦੀਆਂ ਆਸ਼ਾਵਾਂ 'ਤੇ ਠੀਕ ਉਤਰਿਆ ਸੀ। ਉਹ ਤਾਂ ਆਪਣੇ ਘਰ ਪਰਿਵਾਰ ਦੀਆਂ ਗੱਲਾਂ ਵੀ ਉਸ ਨਾਲ ਕਰ ਲੈਂਦੇ ਸਨ। ਬਿਨਾਂ ਕਿਸੇ ਲੁਕ ਲੁਕੋ ਦੇ। ਦਲਜੀਤ ਸਿੰਘ ਵੀ ਉਸ ਦੇ ਕੰਮ ਤੋਂ ਖੁਸ਼ ਸੀ। ਉਹ ਡੇਢ ਵਜੇ ਦਲਜੀਤ ਸਿੰਘ ਦਾ ਟਿਫਿਨ ਬੌਕਸ ਖੋਲ੍ਹਦਾ। ਦਾਲ ਸਬਜ਼ੀ ਗਰਮ ਕਰਦਾ। ਉਸ ਅੱਗੇ ਰੱਖਦਾ। ਇਕੱਲੀ-ਇਕੱਲੀ ਰੋਟੀ ਹੀਟਰ 'ਤੇ ਗਰਮ ਕਰਦਾ। ਨਾਲ ਦੀ ਨਾਲ ਦੇਈ ਜਾਂਦਾ। ਦਲਜੀਤ ਸਿੰਘ ਕਹਿੰਦਾ, "ਯਾਰ ਤੂੰ ਤਾਂ ਮੇਰੀ ਆਦਤ ਖਰਾਬ ਕਰ ਦੇਣੀ।" ਮੋਹਨ ਲਾਲ ਬੋਲਦਾ, "ਇਹ ਤਾਂ ਮੇਰਾ ਫਰਜ਼ ਆ। ਘਰ 'ਚ ਬਜ਼ੁਰਗ ਦੀ ਸੇਵਾ ਹੋਣੀ ਚਾਹੀਦੀ ਆ। ਦਫਤਰ 'ਚ ਅਫਸਰ ਦੀ। ਦੋਵੇਂ ਇਕੋ ਜਿਹੇ ਹੁੰਦੇ ਆ। ਦੋਹਾਂ ਦੇ ਸਿਰ 'ਤੇ ਕੰਮ ਚਲਦੇ ਆ।" ਦਲਜੀਤ ਸਿੰਘ ਪੁੱਛਦਾ, "ਉਹ ਕਿਵੇਂ?" ਮੋਹਨ ਲਾਲ ਦੱਸਦਾ, "ਘਰ 'ਚ ਕੋਈ ਵੀ ਦੁੱਖ ਤਕਲੀਫ ਹੋਵੇ ਬਜ਼ੁਰਗ ਨੂੰ ਦੱਸਿਆ ਜਾਂਦਾ। ਉਹਦੀ ਸਲਾਹ ਲਈ ਜਾਂਦੀ। ਬਜ਼ੁਰਗ ਨੂੰ ਸਾਰੇ ਜੀਆਂ ਦਾ ਧਿਆਨ ਰੱਖਣਾ ਪੈਂਦਾ। ਇਹੀ ਗੱਲ ਦਫਤਰ ਦੇ ਅਫਸਰ ਦੀ ਹੁੰਦੀ ਆ। ਅਫਸਰ ਵੀ ਉਹੀ ਸਿਆਣਾ ਹੁੰਦਾ ਜਿਹੜਾ ਇਕ ਦੀ ਗੱਲ ਦੂਜੇ ਨੂੰ ਨਾ ਦੱਸੇ। ਸਾਰਿਆਂ ਨਾਲ ਹੱਸ ਖੇਡ ਕੇ ਬੋਲੇ। ਆਪਣੇ ਮਾਤਹਿਤ ਦੀਆਂ ਸਮੱਸਿਆਵਾਂ ਨੂੰ ਸਮਝੇ।" ਦਲਜੀਤ ਸਿੰਘ ਕਹਿੰਦਾ, "ਤੂੰ ਤਾਂ ਆਪਣੀ ਉਮਰ ਨਾਲੋਂ ਜ਼ਿਆਦਾ ਸਿਆਣਾ ਹੋ ਗਿਆਂ। ਕਿਥੋਂ ਲਈ ਆ ਇਹ ਮਤ?" ਮੋਹਨ ਲਾਲ ਦੱਸਦਾ, "ਕਿਹੜਾ ਕੋਈ ਘਰੋਂ ਸਿੱਖ ਕੇ ਆਉਂਦਾ। ਤੁਹਾਡੇ ਵਰਗੇ



www.PunjabiLibrary.com

ਅਫਸਰਾਂ ਦੀ ਸੰਗਤ ਦਾ ਅਸਰ ਆ।" ਦਲਜੀਤ ਸਿੰਘ ਕਹਿੰਦਾ, "ਆਹ ਸਾਹਮਣੇ ਬੈਠੇ ਤਾਂ ਮੈਨੂੰ ਮਾੜਾ ਬੰਦਾ ਕਹਿੰਦੇ ਆ।" ਮੋਹਨ ਲਾਲ ਕਹਿੰਦਾ, "ਕਿਸੇ ਦੇ ਕਹਿਣ ਨਾਲ ਕੋਈ ਮਾੜਾ ਤਾਂ ਨ੍ਹੀਂ ਬਣ ਜਾਂਦਾ।"

ਇਹੀ ਮੋਹਨ ਲਾਲ ਪਿਛਲੇ ਹਫਤੇ ਦਲਜੀਤ ਸਿੰਘ ਅੱਗੇ ਆਕੜ ਗਿਆ ਸੀ।

ਦਲਜੀਤ ਸਿੰਘ ਨੇ ਲਾਲ ਪੀਲਿਆਂ ਹੁੰਦਿਆਂ ਹੋਇਆਂ ਪੁੱਛਿਆ ਸੀ, "ਤੈਨੂੰ ਮੇਰੀ ਘੰਟੀ ਨ੍ਹੀਂ ਸੁਣੀ ?"

ਮੋਹਨ ਲਾਲ ਨੇ ਦੱਸਿਆ ਸੀ, "ਸੁਣੀ ਸੀ।"

"ਫੇਰ ਆਇਆ ਕਿਉਂ ਨ੍ਹੀਂ ?"

"ਮੈਂ ਸਤਨਾਮ ਜੀ ਨੂੰ ਲੈਜਰਾਂ ਦੇ ਰਿਹਾ ਸੀ।"

"ਸਤਨਾਮ ਮੈਥੋਂ ਪਹਿਲਾਂ ਹੋ ਗਿਆ।"

"ਨ੍ਹੀਂ ਜੀ।"

"ਤੈਨੂੰ ਪਤਾ ਮੈਂ ਕੌਣ ਆਂ ?"

"ਮੇਰੇ ਸਰ।"

"ਫੇਰ ਪਹਿਲਾਂ ਮੇਰੀ ਘੰਟੀ ਸੁਣਿਆ ਕਰ।"

"ਬਾਬੂਆਂ ਦਾ ਕੰਮ.....?"

"ਫੇਰ ਉਹੀ ਗੱਲ।"

"ਜੀ ਸਰ।"

"ਔਹ ਦੂਰ ਕਿਉਂ ਬੈਠਾ ਰਹਿੰਨਾ। ਮੇਰੇ ਕਮਰੇ ਦੇ ਬਾਹਰ ਬੈਠਿਆ ਕਰ।"

ਮੋਹਨ ਲਾਲ ਕੁਝ ਚਿਰ ਨੀਵੀਂ ਪਾਈ ਖੜਾ ਰਿਹਾ ਸੀ। ਦਲਜੀਤ ਸਿੰਘ ਆਪਣੇ ਕੰਮ ਲੱਗ ਗਿਆ ਸੀ। ਉਹਨੂੰ ਨਹੀਂ ਪਤਾ ਸੀ ਕਿ ਮੋਹਨ ਲਾਲ ਖੜਾ ਸੀ। ਕੁਝ ਚਿਰ ਬਾਅਦ ਦਲਜੀਤ ਸਿੰਘ ਨੇ ਪਰ੍ਹਾਂ ਪਈ ਫਾਇਲ ਆਪਣੇ ਵੱਲ ਨੂੰ ਕੀਤੀ ਤਾਂ ਉਹਦਾ ਧਿਆਨ ਮੋਹਨ ਲਾਲ ਵੱਲ ਗਿਆ ਸੀ। ਉਹਨੇ ਪੁੱਛਿਆ ਸੀ, "ਹੁਣ ਕੀ ਗੱਲ ਹੋ ਗਈ ?"

"ਪਹਿਲਾਂ ਫੈਸਲਾ ਕਰੋ।"

"ਕਿਸ ਗੱਲ ਦਾ ?"

"ਇਹੀ ਕਿ ਕੀ ਮੈਂ ਸਿਰਫ਼ ਤੁਹਾਡੀ ਘੰਟੀ ਸੁਣਾਂ ਜਾਂ ਸਟਾਫ ਨੂੰ ਲੈਜਰਾਂ ਦਵਾਂ।"

"ਤੈਨੂੰ ਦੋਹੇਂ ਹੀ ਕੰਮ ਕਰਨੇ ਪੈਣੇ ਆ।"

"ਮੈਥੋਂ ਇਕੋ ਵੇਲੇ ਦੋਵੇਂ ਕੰਮ ਨ੍ਹੀਂ ਹੋਣੇ।"

"ਤੈਨੂੰ ਪਤਾ ਕਿ ਤੂੰ ਕੀ ਕਹਿ ਰਿਹਾਂ।"

"ਹਾਂ ਜੀ, ਮੈਨੂੰ ਪਤਾ। ਮੈਂ ਹੁਣ ਸਿਰਫ਼ ਤੁਹਾਡੀ ਹੀ ਘੰਟੀ ਸੁਣਾਗਾਂ," ਕਹਿ ਕੇ ਮੋਹਨ ਲਾਲ ਬਾਹਰ ਆ ਗਿਆ ਸੀ। ਉਸ ਬਾਬੂਆਂ ਤੇ ਮੈਡਮਾਂ ਵੱਲ ਪਿਠ ਕਰ ਲਈ ਸੀ। ਜੇ ਕੋਈ ਕਿਸੇ ਕੰਮ ਲਈ ਉਸ ਨੂੰ ਆਵਾਜ਼ ਮਾਰਦਾ ਤਾਂ ਉਹ ਦਲਜੀਤ ਸਿੰਘ ਦੇ ਕਮਰੇ 'ਚ ਚਲੇ ਜਾਂਦਾ। ਪੁੱਛਦਾ, "ਮੈਂ ਸਤਵਿੰਦਰ ਹੋਰਾਂ ਨੂੰ ਲੈਜਰਾਂ ਦੇ ਆਵਾਂ ?" ਅੱਗੋਂ ਦਲਜੀਤ ਸਿੰਘ ਦਾ ਮੱਥਾ ਤਿਊੜਿਆਂ ਨਾਲ ਭਰ ਜਾਂਦਾ। ਉਹ ਹੌਲੀ ਜਿਹੇ ਕਹਿੰਦਾ, "ਜਾ ਉਨ੍ਹਾਂ ਦੀ



ਗੱਲ ਵੀ ਸੁਣ।"

ਮੋਹਨ ਲਾਲ ਲੈਜਰਾਂ ਲੱਭਣ ਲੱਗ ਜਾਂਦਾ ਸੀ। ਫੇਰ ਉਹ ਮੈਡਮ ਪਲਵਿੰਦਰ ਕੋਲ ਹੀ ਪਈ ਕੁਰਸੀ 'ਤੇ ਬੈਠ ਜਾਂਦਾ। ਬਾਬੂ ਤੇ ਮੈਡਮਾਂ ਉਸ ਦੇ ਕੰਨ ਭਰਨ ਲੱਗਦੀਆਂ।

ਕਲ੍ਹ ਸ਼ਾਮੀਂ ਤਾਂ ਅਜੀਬ ਕਿਸਮ ਦੀ ਗੱਲ ਹੋਈ ਸੀ। ਦਲਜੀਤ ਸਿੰਘ ਨੇ ਜਾਣ ਲਈ ਉੱਠਦਿਆਂ ਹੋਇਆਂ ਘੰਟੀ ਮਾਰੀ ਸੀ। ਮੋਹਨ ਲਾਲ ਜਾ ਹਾਜ਼ਿਰ ਹੋਇਆ ਸੀ। ਦਲਜੀਤ ਸਿੰਘ ਨੇ ਅਖ਼ਬਾਰ ਤੇ ਟਿਫਿਨ ਬੌਕਸ ਕਾਰ 'ਚ ਰੱਖਣ ਲਈ ਕਿਹਾ ਸੀ। ਅੱਗੋਂ ਮੋਹਨ ਲਾਲ ਨੇ ਕਿਹਾ ਸੀ, "ਉੱਚੀ ਬੋਲੋ। ਮੈਨੂੰ ਸੁਣਿਆ ਨ੍ਹੀਂ।"

"ਤੂੰ ਬੋਲਾਂ ?"

"ਹਾਂ ਜੀ।"

"ਆਹ ਫੜ ਅਖ਼ਬਾਰ ਤੇ ਡੱਬਾ। ਕਾਰ 'ਚ ਰੱਖ ਆ।" ਦਲਜੀਤ ਸਿੰਘ ਨੇ ਉੱਚੀ ਦੇਣੀ ਕਿਹਾ ਸੀ।

ਮੋਹਨ ਲਾਲ ਕਾਰ ਕੋਲ ਆ ਕੇ ਖੜ ਗਿਆ ਸੀ। ਮਿੰਟ ਕੁ ਬਾਅਦ ਅੰਦਰ ਆ ਕੇ ਬੋਲਿਆ ਸੀ, "ਸਰ ਜੀ, ਕਾਰ ਤਾਂ ਲੌਕਡ ਆ।"

"ਖੁੱਲ੍ਹੀ ਆ।"

"ਮੈਂ ਦੇਖ ਕੇ ਆਇਆਂ। ਲੌਕਡ ਆ।"

"ਜਾ ਫੇਰ ਦੇਖ ਕੇ ਆ।"

ਮੋਹਨ ਲਾਲ ਫੇਰ ਚਲਾ ਗਿਆ ਸੀ। ਵਾਪਸ ਮੁੜ ਆਇਆ ਸੀ। ਦਲਜੀਤ ਸਿੰਘ ਖਿਝ ਨਾਲ ਭਰਿਆ ਪਿਆ ਸੀ। ਉਹਨੇ ਮੋਹਨ ਲਾਲ ਤੋਂ ਅਖ਼ਬਾਰ ਤੇ ਟਿਫਿਨ ਬੌਕਸ ਫੜ ਲਿਆ ਸੀ। ਮੂੰਹੋਂ ਕੁਝ ਨਹੀਂ ਬੋਲਿਆ ਸੀ। ਨਾ ਹੀ ਉਸ ਕਿਸੇ ਵੱਲ ਦੇਖਿਆ ਸੀ।

****

ਮੈਨੂੰ ਦਲਜੀਤ ਸਿੰਘ ਨੇ ਸੱਦਿਆ ਹੈ। ਜਾਂਦਿਆਂ ਹੀ ਬੈਠਣ ਲਈ ਇਸ਼ਾਰਾ ਕੀਤਾ ਹੈ। ਮੈਨੂੰ ਉਹ ਕਹਿੰਦਾ ਹੈ, "ਇਹ ਮਾੜਾ ਬੰਦਾ ਬ੍ਰਾਂਚ ਦਾ ਮਾਹੌਲ ਖਰਾਬ ਕਰ ਰਿਹਾ। ਕੋਈ ਬਾਬੂ ਜਾਂ ਮੈਡਮ ਅੱਖ ਚੁੱਕ ਕੇ ਮੇਰੇ ਨਾਲ ਗੱਲ ਨ੍ਹੀਂ ਕਰਦੇ। ਇਹ ਤਾਂ ਮੇਰੇ ਅੱਗੇ ਹੀ ਆਕੜਣ ਲੱਗ ਪਿਆ। ਕਲ੍ਹ ਕਹਿੰਦਾ ਸੀ–'ਅਖ਼ਬਾਰ ਤੇ ਟਿਫਿਨ ਬੌਕਸ ਚੁੱਕਣਾ ਮੇਰੀ ਡਿਊਟੀ ਨ੍ਹੀਂ।' ਹੁਣ ਮੈਂ ਇਹਨੂੰ ਸਿਖਵਾਂਗਾ ਕਿ ਡਿਊਟੀ ਕਿਵੇਂ ਕਰੀਦੀ ਆ। ਇਨ੍ਹਾਂ ਲੋਕਾਂ ਨੂੰ ਜਿੰਨੀ ਢਿੱਲ ਦਿਓ ਉੱਨੇ ਹੀ ਇਹ ਸਿਰ ਨੂੰ ਚੜ੍ਹਦੇ ਆ। ਤੂੰ ਯੂ. ਓ. ਟਾਈਪ ਕਰਵਾ ਕੇ ਲਿਆ। ਮੈਥੋਂ ਸਿੱਧੇ ਹੀ ਸਾਈਨ ਕਰਵਾ ਲਈਂ।"

ਮੈਂ ਕਹਿੰਦਾ ਹਾਂ, "ਮੈਨੂੰ ਇਕ ਵਾਰੀ ਮੋਹਨ ਨੂੰ ਸਮਝਾ ਲੈਣ ਦਿਉ।"

"ਤੂੰ ਮੈਥੋਂ ਵੱਡਾ ਹੋ ਗਿਆਂ। ਇਹ ਨ੍ਹੀਂ ਬੋਲਦਾ–ਇਹਦੇ 'ਚ ਬੈਠੀ ਬਸਪਾ ਪਾਰਟੀ ਬੋਲਦੀ ਆ। ਇਸ ਕੁੱਤੇ ਦੀ ਪੂਛ ਨੇ ਸਿੱਧੀ ਨ੍ਹੀਂ ਹੋਣਾ।" ਉਹ ਡਾਢਾ ਹੀ ਔਖਾ ਲੱਗਦਾ ਹੈ। "ਤੂੰ ਇਸ ਬ੍ਰਾਂਚ 'ਚ ਸੁਪਰਡੈਂਟ ਲੱਗਾ। ਗੜਸ ਰੱਖਿਆ ਕਰ। ਐਵੇਂ ਜਨਾਨੀਆਂ ਵਾਂਗ ਨਾ ਰਿਹਾ ਕਰ। ਸਮਝਿਆ ਮੇਰੀ ਗੱਲ ਨੂੰ...?"

ਮੈਂ ਬਾਹਰ ਆ ਜਾਂਦਾ ਹਾਂ। ਸੋਚਦਾ ਹਾਂ ਕਿ ਇਸ ਕੰਮ ਲਈ ਉਸ ਮੈਨੂੰ ਕਿਉਂ



www.PunjabiLibrary.com

ਬੁਲਾਇਆ ਹੈ। ਇਹ ਕੰਮ ਤਾਂ ਉਹ ਆਪ ਵੀ ਕਰ ਸਕਦਾ ਸੀ। ਸਟੈਨੋ ਨੂੰ ਬੁਲਾਉਂਦਾ। ਡਿਕਟੇਸ਼ਨ ਦਿੰਦਾ। ਘੂਰੀ ਮਾਰਦਾ। ਸਟੈਨੋ ਦਾ ਨੰਬਰ ਲਵਾਉਂਦਾ। ਕੀ ਉਹ ਇਸ ਮਾੜੇ ਕੰਮ 'ਚ ਮੈਨੂੰ ਵੀ ਸ਼ਾਮਿਲ ਕਰਨਾ ਚਾਹੁੰਦਾ ਹੈ।

ਮੈਂ ਕਿਸੇ ਕਾਹਲ 'ਚ ਨਹੀਂ ਪੈਣਾ ਚਾਹੁੰਦਾ। ਐਵੇਂ ਮੋਹਨ ਲਾਲ ਦਾ ਨੁਕਸਾਨ ਹੋ ਜਾਵੇਗਾ। ਉਹਨੂੰ ਉਪਰਲੇ ਅਫ਼ਸਰਾਂ ਦੀਆਂ ਮਿੰਨਤਾਂ ਕਰਨੀਆਂ ਪੈਣਗੀਆਂ। ਜੇ ਕੰਮ ਇੱਥੇ ਹੀ ਨਿਬੜ ਜਾਵੇ ਤਾਂ ਇਸ ਨਾਲੋਂ ਹੋਰ ਕੀ ਵਧੀਆ ਹੋ ਸਕਦਾ। ਦਲਜੀਤ ਸਿੰਘ ਨੇ ਮੈਨੂੰ ਦੋ ਵਾਰ ਬੁਲਾਇਆ ਸੀ। ਮੈਂ ਇਹੀ ਕਹਿ ਕੇ ਵਾਪਸ ਮੁੜ ਆਇਆ ਸੀ, "ਹੱਥ ਵਾਲਾ ਕੇਸ ਫਾਇਨਲ ਕਰ ਲਵਾਂ-ਫੇਰ ਖਰੜਾ ਟਾਈਪ ਕਰਵਾਉਂਦਾ ਆਂ।" ਉਹ ਗੁੱਸੇ 'ਚ ਹੈ। ਏਸੇ ਕਰਕੇ ਉਸ ਮੈਨੂੰ ਬੈਠਣ ਲਈ ਵੀ ਨਹੀਂ ਕਿਹਾ। ਮੈਨੂੰ ਪਤਾ ਹੈ ਕਿ ਉਸ ਦੇ ਸੁਭਾਅ 'ਚ ਕਾਹਲੀ ਹੈ। ਉਹ ਕਿਸੇ ਨੂੰ ਨਹੀਂ ਬਖ਼ਸ਼ਦਾ। ਮੈਨੂੰ ਵੀ ਨਹੀਂ। ਮੈਂ ਕੋਈ ਵੀ ਫੈਸਲਾ ਕਾਹਲੀ 'ਚ ਨਹੀਂ ਕਰਦਾਂ। ਚਾਰ ਘੰਟੇ ਲੰਘਾ ਦਿੰਦਾ ਹਾਂ। ਮੇਰੇ ਮਨ 'ਚ ਡਰ ਹੈ ਕਿ ਮੈਂ ਕਿਉਂ ਮਾੜਾ ਬਣਾਂ। ਦਲਜੀਤ ਸਿੰਘ ਨੂੰ ਇੱਕ ਮੌਕਾ ਮਿਲਿਆ ਹੈ-ਮੈਨੂੰ ਮਾੜਾ ਬਣਾਉਣ ਦਾ। ਉਹ ਮੇਰੇ ਮੋਢੇ 'ਤੇ ਰੱਖ ਕੇ ਬੰਦੂਕ ਚਲਾਉਣਾ ਚਾਹੁੰਦਾ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਉਸ ਕਿਸੇ ਕੰਮ ਲਈ ਮੈਨੂੰ ਕਿਹਾ ਹੈ। ਸਲਾਹ ਲਈ ਹੈ। ਕੀ ਉਸ ਦੇ ਮਨ 'ਚ ਵੀ ਮੇਰੇ ਵਾਂਗ ਕੋਈ ਡਰ ਹੈ। ਝਿਜਕ ਹੈ। ਕਿਸੇ ਮਾਤਹਿਤ ਵਿਰੁੱਧ ਮਾੜਾ ਕਰਨਾ ਔਖਾ ਨਹੀਂ ਹੁੰਦਾ। ਔਖਾ ਤਾਂ ਹੁੰਦਾ ਹੈ ਬਾਅਦ ਦੀਆਂ ਕਾਰਵਾਈਆਂ। ਮੈਂ ਕਿਸੇ ਦਾ ਮਾੜਾ ਨਹੀਂ ਕਰ ਸਕਦਾ। ਜੇ ਕੋਈ ਵੱਧ ਘੱਟ ਕਹੇ ਵੀ ਤਾਂ ਮੈਂ ਅਗਲੇ ਨੂੰ ਸਮਝਾਉਂਦਾ ਹਾਂ। ਬੇਨਤੀ ਵੀ ਕਰਦਾ ਹਾਂ। ਏਸੇ ਕਰਕੇ ਮੈਨੂੰ ਕਈ ਡਰਪੋਕ ਵੀ ਕਹਿ ਦਿੰਦੇ ਹਨ। ਕਈ ਇਸ ਤੋਂ ਅਗਾਂਹ ਦੇ ਸ਼ਬਦ ਵੀ ਵਰਤ ਜਾਂਦੇ ਹਨ। ਕੀ ਪਤਾ ਮੋਹਨ ਲਾਲ ਵੀ ਅਜਿਹਾ ਹੀ ਸੋਚੇ। ਬਾਬੂ ਤੇ ਮੈਡਮਾਂ ਵੀ ਸੋਚਣ। ਮੈਨੂੰ ਦਲਜੀਤ ਸਿੰਘ ਤੇ ਮੋਹਨ ਲਾਲ 'ਤੇ ਗੁੱਸਾ ਆਉਂਦਾ ਹੈ। ਫਿਰ ਸੋਚਦਾ ਹਾਂ-ਮਨਾ ਉਹਨੇ ਕਿਹੜਾ ਪਿੱਛਾ ਛੱਡਣਾ। ਖਰੜਾ ਤਾਂ ਮੈਂ ਦਿਮਾਗ਼ 'ਚ ਤਿਆਰ ਕਰ ਲਿਆ ਹੈ। ਇਸ ਨੂੰ ਫਾਈਨਲ ਰੂਪ ਦੇਣ ਤੋਂ ਪਹਿਲਾਂ ਮੈਂ ਮੋਹਨ ਲਾਲ ਨੂੰ ਕੋਲ ਬੁਲਾਉਂਦਾ ਹਾਂ। ਸਮਝਾਉਂਦਾ ਹਾਂ। ਵਾਰ ਵਾਰ ਕਹਿੰਦਾ ਹਾਂ, "ਜਾ-ਅੰਦਰ ਜਾ ਕੇ ਸੌਰੀ ਕਹਿ ਆ। ਤੇਰਾ ਕੁਸ਼ ਨ੍ਹੀਂ ਘੱਟ ਚਲਿਆ। ਉਹਨੇ ਏਨੇ ਨਾਲ ਹੀ ਠੰਢਾ ਹੋ ਜਾਣਾ।"

ਅੱਗੋਂ ਉਹ ਆਕੜ ਜਾਂਦਾ ਹੈ। ਕਹਿੰਦਾ ਹੈ, "ਮੈਂ ਕਿਉਂ ਮਾੜੇ ਬੰਦੇ ਨੂੰ ਸੌਰੀ ਕਹਾਂ। ਮੈਂ ਕੀ ਮਾੜਾ ਕੀਤਾ ਆ। ਤੁਹਾਡੇ ਕਿਸੇ 'ਚ ਤੜ ਨ੍ਹੀਂ ਸੀ-ਏਸੇ ਲਈ ਉਹ ਚਾਮਲ ਗਿਆ। ਬੰਦੇ ਨੂੰ ਬੰਦਾ ਹੀ ਨ੍ਹੀਂ ਸਮਝਦਾ। ਮੈਂ ਉਹਨੂੰ ਬੰਦੇ ਦਾ ਪੁੱਤ ਬਣਾਊਂਗਾ। ਜਾਉ-ਉਸਨੂੰ ਕਹਿ ਦਿਉ-ਜੋ ਕਰਨਾ ਕਰ ਲਵੇ। ਵੱਧ ਤੋਂ ਵੱਧ ਕੀ ਹੋ ਜਾਊ-ਮੈਨੂੰ ਕਿਸੇ ਹੋਰ ਬ੍ਰਾਂਚ ਵਿੱਚ ਭੇਜ ਦੇਣਗੇ। ਇਸ ਨਾਲ ਮੈਨੂੰ ਕੀ ਫਰਕ ਪੈਣ ਲੱਗਾ। ਮੈਨੂੰ ਸਸਪੈਂਡ ਕਰਾ ਦਊ-ਇਹਦੂੰ ਵਧ ਕੀ ਕਰ ਲਊ। ਉਹਨੂੰ ਦੱਸ ਦਿਓ-ਜੇ ਮੈਂ ਸਸਪੈਂਡ ਹੋ ਗਿਆ-ਪਹਿਲਾਂ ਮੈਂ ਗਾਲ੍ਹਾਂ ਕਢਾਂਗਾ। ਫੇਰ ਮੇਰੀ ਘਰਵਾਲੀ ਤੇ ਤਿੰਨੇ ਬੱਚੇ। ਮਾਂ ਤੇ ਬਾਪੂ ਅੱਡ। ਜਿਨ੍ਹਾਂ ਦੇ ਮੈਂ ਦੇਣੇ ਆ-ਉਹ ਅੱਡ। ਜੇ ਉਹਨੇ ਇਨ੍ਹਾਂ ਸਾਰਿਆਂ ਦੀਆਂ ਗਾਲ੍ਹਾਂ ਖਾਣੀਆਂ ਤਾਂ ਜੋ ਮਰਜ਼ੀ ਕਰ ਲਵੇ। ਹੁਣ ਮੈਂ ਉਹੀ ਕੰਮ ਕਰਾਂਗਾ-ਜੋ ਮੇਰੀ ਦਫਤਰੀ ਡਿਊਟੀ ਬਣਦੀ ਆ।"



ਜੇ ਮੇਰੀ ਥਾਂ 'ਤੇ ਕੋਈ ਹੋਰ ਹੁੰਦਾ ਤਾਂ ਉਸ ਇਹੀ ਗੱਲ ਵਧਾ ਚੜ੍ਹਾ ਕੇ ਦਲਜੀਤ ਸਿੰਘ ਨੂੰ ਦੱਸਣੀ ਸੀ। ਆਪਣੇ ਨੰਬਰ ਬਣਾਉਣੇ ਸਨ। ਮੇਰਾ ਉਹੋ ਜਿਹਾ ਸੁਭਾਅ ਨਹੀਂ ਹੈ। ਮੈਨੂੰ ਕੋਈ ਰਸਤਾ ਨਹੀਂ ਲੱਭਦਾ। ਕਈ ਕੁਝ ਸੋਚ ਵਿਚਾਰ ਕੇ ਆਖਰ ਮੈਂ ਸਟੈਨੋ ਨੂੰ ਬੁਲਾਉਂਦਾ ਹਾਂ। ਡਿਕਟੇਸ਼ਨ ਦਿੰਦਾ ਹਾਂ। ਖਰੜਾ ਟਾਈਪ ਹੋ ਕੇ ਆ ਜਾਂਦਾ ਹੈ। ਇਕ ਵਾਰ ਪੜ੍ਹਦਾ ਹਾਂ। ਦੋ ਵਾਰ ਪੜ੍ਹਦਾ ਹਾਂ। ਮਨ ਹੀ ਮਨ ਸੋਚਦਾ ਹਾਂ ਕਿ ਦਫਤਰ 'ਚ ਕਈ ਕੰਮ ਆਪਣੀ ਇੱਛਾ ਦੇ ਵਿਰੁੱਧ ਜਾ ਕੇ ਵੀ ਕਰਨੇ ਪੈਂਦੇ ਹਨ।

ਖਰੜਾ ਲੈ ਜਾ ਕੇ ਮੈਂ ਦਲਜੀਤ ਸਿੰਘ ਦੇ ਸ਼ੀਸ਼ੇ 'ਤੇ ਰੱਖ ਦਿੰਦਾ ਹਾਂ। ਕੁਰਸੀ 'ਤੇ ਬੈਠ ਕੇ ਉਸ ਦੀ ਪ੍ਰਤੀਕ੍ਰਿਆ ਦਾ ਇੰਤਜ਼ਾਰ ਕਰਦਾ ਹਾਂ। ਉਹ ਹੱਥ ਵਾਲਾ ਕੰਮ ਨਿਪਟਾ ਕੇ ਖਰੜਾ ਪੜ੍ਹਦਾ ਹੈ। ਐਨਕਾਂ ਉਪਰੋਂ ਦੀ ਦੇਖਦਾ ਹੋਇਆ ਮੈਨੂੰ ਪੁੱਛਦਾ ਹੈ ਕਿ ਮੋਹਨ ਲਾਲ ਨੇ ਕੀ ਕਿਹਾ ਹੈ। ਮੈਂ ਉਹਨੂੰ ਮੋਹਨ ਲਾਲ, ਉਸ ਦੀ ਬੀਵੀ, ਬੱਚਿਆਂ ਤੇ ਮਾਂ ਪਿਉ ਬਾਰੇ ਦੱਸਦਾ ਹਾਂ। ਉਹ ਆਪਣੇ ਘਰੋਂ ਲਿਆਂਦੀ ਪਾਣੀ ਦੀ ਵੱਡੀ ਸਾਰੀ ਬੋਤਲ 'ਚੋਂ ਪਾਣੀ ਦਾ ਗਿਲਾਸ ਭਰਦਾ ਹੈ। ਘੁੱਟ-ਘੁੱਟ ਕਰਕੇ ਪੀਂਦਾ ਹੈ। ਮੱਥੇ ਤੇ ਯਕਦਮ ਆਏ ਪਸੀਨੇ ਨੂੰ ਪੂੰਝਦਾ ਹੈ। ਘਬਰਾਹਟ ਜਿਹੀ ਮਹਿਸੂਸ ਕਰਦਾ ਹੈ। ਨਾਲ ਦੀ ਨਾਲ ਸਾਰੀ ਬ੍ਰਾਂਚ ਨੂੰ ਦੇਖ ਲੈਂਦਾ ਹੈ। ਉਸ ਦੀ ਨਜ਼ਰ ਹੇਠ ਮੋਹਨ ਲਾਲ ਨਹੀਂ ਆਉਂਦਾ।

ਉਹ ਖਰੜੇ ਨੂੰ ਚੁੱਕ ਕੇ ਆਪਣੇ ਮੇਜ਼ ਦੀ ਹੇਠਲੀ ਦਰਾਜ਼ 'ਚ ਰੱਖ ਦਿੰਦਾ ਹੈ। ਮੈਨੂੰ ਕਹਿੰਦਾ ਹੈ, "ਬੜੀ ਪੋਲਾਇਟ ਲੈਂਗੁਏਜ਼ ਲਿਖੀ। ਮਾੜੇ ਬੰਦੇ ਦਾ ਕੋਈ ਇਲਾਜ਼ ਨ੍ਹੀਂ।"

ਅੱਧੇ ਕੁ ਘੰਟੇ ਬਾਅਦ ਮੈਨੂੰ ਪਾਣੀ ਦਾ ਗਿਲਾਸ ਦਿੰਦਿਆਂ ਹੋਇਆਂ ਮੋਹਨ ਲਾਲ ਕਹਿੰਦਾ ਹੈ, "ਮਾੜੇ ਬੰਦੇ ਦਾ ਕੋਈ ਇਲਾਜ਼ ਨ੍ਹੀਂ।"

ਕੇਸ ਚੈਕ ਕਰਾਉਣ ਆਇਆ ਸੁਖਪਾਲ ਕਹਿੰਦਾ ਹੈ, "ਹੋ ਗਿਆ ਰਾਂਝਾ ਰਾਜੀ ? ਮਾੜੇ ਬੰਦੇ ਦਾ ਕੋਈ ਇਲਾਜ਼ ਨ੍ਹੀਂ।"

ਮਾੜਾ ਬੰਦਾ ਕੌਣ ਹੈ ? ਮੈਂ ? ਮੋਹਨ ਲਾਲ ? ਦਲਜੀਤ ਸਿੰਘ ? ਜਾਂ ਕੋਈ ਹੋਰ ? ਇਸ ਸੰਬੰਧੀ ਸਰਬਜੀਤ ਨੀਵੀਂ ਪਾਈ ਸੋਚ ਰਹੀ ਹੈ। ਲੱਗਦਾ ਹੈ ਕਿ ਹੁਣ ਉਹ ਵੀ ਮੇਰੇ ਵਾਂਗ ਟੈਨਸ਼ਨ ਗ੍ਰਸਤ ਹੋ ਗਈ ਹੈ। ਮੈਥੋਂ ਵੀ ਕੋਈ ਫੈਸਲਾ ਨਹੀਂ ਹੋ ਰਿਹਾ। ਕੁਝ ਚਿਰ ਬਾਅਦ ਡਰਾਇੰਗ ਰੂਮ 'ਚ ਪਏ ਟੈਲੀਵਿਜ਼ਨ ਤੋਂ ਆਵਾਜ਼ ਆਉਂਦੀ ਹੈ-"ਨਹੀਉਂ ਲੱਭਣੇ ਲਾਲ ਗੁਆਚੇ। ਮਿੱਟੀ ਨਾ ਫਰੋਲ ਜੋਗੀਆ।" ਅਸੀਂ ਦੋਵੇਂ ਇਕ ਦੂਜੇ ਵੱਲ ਦੇਖਦੇ ਹਾਂ। ਬੱਸ, ਦੇਖੀ ਜਾ ਰਹੇ ਹਾਂ।



www.PunjabiLibrary.com

# ਜ਼ਖ਼ਮ

"ਮੈਨੂੰ ਤਾਂ ਐਡੀ ਦੂਰੋਂ ਸੰਵਾਰ ਕੇ ਨ੍ਹੀਂ ਦਿੱਸਦਾ," ਤਾਇਆ ਜੀ ਨੇ ਆਪਣੀ ਖੂੰਡੀ ਨੂੰ ਹੱਥ ਪਾ ਕੇ ਉੱਠਦਿਆਂ ਹੋਇਆਂ ਕਿਹਾ ਸੀ। ਉਹ ਟੀਵੀ ਤੋਂ ਦੋ ਕੁ ਫੁੱਟ ਦੂਰ, ਬਿਲਕੁਲ ਸਾਹਮਣੇ, ਪੈਰਾਂ ਭਾਰ ਜਾ ਬੈਠੇ ਸਨ। ਮੈਂ ਆਪ ਕੁਰਸੀ ਚੁੱਕ ਕੇ ਉਨ੍ਹਾਂ ਦੇ ਕੋਲ ਲੈ ਗਿਆ ਸੀ। ਮਲੋਜ਼ੋਰੀ ਉਨ੍ਹਾਂ ਨੂੰ ਕੁਰਸੀ 'ਤੇ ਬੈਠਾਇਆ ਸੀ। ਉਹ ਆਪਣੀ ਹੀ ਧੁੰਨ 'ਤੇ ਸਵਾਰ ਹੋਏ ਬੋਲੀ ਗਏ ਸਨ, "ਪੁੱਤ, ਕੋਈ ਨਾ। ਕੋਈ ਨਾ। ਮੈਂ ਐਦਾਂ ਹੀ ਬੈਠਦਾ ਹੁੰਨਾਂ। ਫਿਲਮ ਸੋਹਣੀ ਆ। ਮੈਨੂੰ ਸੰਵਾਰ ਕੇ ਦੇਖਣ ਦੇ। ਮੈਂ ਕਿਹੜਾ ਬਾਹਰਲਾ ਬੰਦਾ। ਮੇਰਾ ਆਪਣਾ ਘਰ ਆ। ਮੈਂ ਜਿਵੇਂ ਮਰਜ਼ੀ ਬੈਠਾਂ।"

ਮੈਂ ਕਿਹਾ ਸੀ, "ਫਿਲਮ ਦਾ ਕੀ ਆ। ਮੈਂ ਫੇਰ ਮੁੱਢ ਤੋਂ ਚਲਾ ਦੇਣਾਂ।"

ਡਰਾਇੰਗ ਰੂਮ 'ਚ ਪਿਆ ਬੱਤੀ ਇੰਚੀ ਐਲ. ਸੀ. ਡੀ. ਸਾਡੇ ਤੋਂ ਦੱਸ ਕੁ ਫੁੱਟ ਦੂਰ ਸੀ। ਅਸੀਂ ਵੀ ਮੇਜ਼, ਸੋਫੇ ਨੂੰ ਖਿੱਚ ਕੇ ਉਨ੍ਹਾਂ ਕੋਲ ਆ ਬੈਠੇ ਸੀ।

ਉਹ ਮੱਥੇ 'ਤੇ ਹੱਥ ਦਾ ਓਹਟਾ ਜਿਹਾ ਬਣਾ ਕੇ, ਇਕਾਗਰਚਿਤ ਹੋਏ ਫਿਲਮ ਦੇਖ ਰਹੇ ਸਨ। ਉਨ੍ਹਾਂ ਸੱਜੀ ਲੱਤ ਖੱਬੀ 'ਤੇ ਰੱਖੀ ਹੋਈ ਸੀ। ਉਨ੍ਹਾਂ ਨੇ ਧੋਤੀ ਲਾਈ ਸੀ। ਉਹ ਵਾਰ-ਵਾਰ ਸੱਜੇ ਗਿੱਟੇ ਉਪਰ ਦੀ ਥਾਂ 'ਤੇ ਖਾਜ ਕਰ ਰਹੇ ਸਨ। ਫੇਰ ਉਨ੍ਹਾਂ ਨੇ ਗਿੱਟੇ ਉਪਰੋਂ ਦੀ ਖਾਜ ਕਰਦਿਆਂ-ਕਰਦਿਆਂ ਆਪਣਾ ਹੱਥ ਗੋਡੇ ਦੀ ਖੁੱਚ ਕੋਲ ਲਿਆਂਦਾ ਤਾਂ ਮੈਂ ਉਨ੍ਹਾਂ ਦਾ ਜ਼ਖ਼ਮ ਦੇਖ ਕੇ ਅਚੰਭਿਤ ਹੋ ਗਿਆ ਸੀ। ਗਿੱਟੇ ਕੋਲ ਦਾ ਜ਼ਖ਼ਮ ਤਾਂ ਮੈਂ, ਜਦੋਂ ਉਹ ਆ ਕੇ ਬੈਠੇ ਹੀ ਸਨ, ਉਦੋਂ ਹੀ ਦੇਖ ਲਿਆ ਸੀ। ਸ਼ਾਇਦ ਪਹਿਲਾਂ ਵੀ ਕਦੇ ਦੇਖਿਆ ਹੋਵੇਗਾ। ਇਸ ਬਾਰੇ ਪੱਕਾ ਨਹੀਂ ਯਾਦ। ਪਰ ਇਹ ਜ਼ਖ਼ਮ ਐਨਾ ਵੱਡਾ ਤੇ ਡੂੰਘਾ ਹੋਵੇਗਾ, ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ। ਜਿਵੇਂ ਕਿਸੇ ਤੂਤ ਦੇ ਦਰੱਖਤ ਦੇ ਤਣੇ 'ਚ ਖੋੜ ਜਿਹੀ ਬਣੀ ਹੁੰਦੀ ਹੈ, ਹੇਠਾਂ ਤੋਂ ਲੈ ਕੇ ਟਾਹਣਿਆਂ ਤੱਕ, ਠੀਕ ਉਵੇਂ ਦਾ ਉਨ੍ਹਾਂ ਦਾ ਇਹ ਜ਼ਖ਼ਮ ਸੀ। ਕਈ ਥਾਵਾਂ ਤੋਂ ਪੀਕ ਵਰਗਾ ਕੁਝ-ਕੁਝ ਰਿਸ ਰਿਹਾ ਸੀ। ਮੈਨੂੰ ਕਚਿਆਣ ਜਿਹੀ ਆਈ ਸੀ। ਸ਼ਾਇਦ ਮੇਰੇ ਨਾਲ ਬੈਠੇ ਦੋਸਤਾਂ ਨੂੰ ਵੀ ਆਈ ਹੋਵੇਗੀ। ਫੇਰ ਮੈਂ ਸੋਚਿਆ ਸੀ ਕਿ ਕੀ ਪਤਾ ਉਨ੍ਹਾਂ ਦਾ ਇਸ ਪਾਸੇ ਧਿਆਨ ਹੀ ਨਾ ਗਿਆ ਹੋਵੇ। ਮੇਰੀਆਂ ਨਜ਼ਰਾਂ ਹੀ ਉਸ 'ਤੇ ਕੇਂਦਰਤ ਹੋਈਆਂ ਹੋਣ। ਮੈਂ ਆਪ ਚਾਹੁੰਦਾ ਸੀ ਕਿ ਉਹ ਉਨ੍ਹਾਂ ਦੇ ਜ਼ਖ਼ਮ ਨੂੰ ਨਾ ਦੇਖਣ।



ਉਨ੍ਹਾਂ ਨੇ ਆਪਣੀ ਧੋਤੀ ਫੇਰ ਤੋਂ ਗਿੱਟੇ ਤੱਕ ਫੈਲਾ ਲਈ ਸੀ। ਇਸ ਡਰ ਤੋਂ ਕਿ ਕਿਤੇ ਕੋਈ ਮੱਖੀ ਨਾ ਆ ਬੈਠੇ। ਚਾਰ ਚੁਫੇਰੇ ਤੋਂ ਬੇਫਿਕਰ, ਉਹ ਫਿਲਮ ਦੇਖਣ 'ਚ ਮਦਮਸਤ ਸਨ। ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਾ ਸੀ ਕਿ ਕੈਮਰਾਮੈਨ ਨੇ ਕਦੋਂ ਉਨ੍ਹਾਂ ਦੇ ਕੁੜਤੇ 'ਤੇ ਮਾਇਕ ਚਿਪਕਾ ਦਿੱਤਾ ਸੀ।

****

ਅਸੀਂ ਦੋ ਘੰਟਿਆਂ ਤੋਂ ਉਨ੍ਹਾਂ ਦਾ ਇੰਤਜ਼ਾਰ ਕੀਤਾ ਸੀ। ਕਈ ਛੋਟੇ-ਛੋਟੇ ਪੈੱਗ ਸਿਪ ਕਰ ਕੀਤੇ ਸੀ। ਅਸੀਂ ਯਾਨੀਕਿ ਚਾਰ ਦੋਸਤ। ਮੈਂ ਉਰਫ ਜਗਮੋਹਣ ਗੋਗਨਾ, ਮਾਨਵ ਸ਼ਾਸਤਰ ਦਾ ਪ੍ਰੋਫੈਸਰ, ਸਟੇਟ ਯੂਨੀਵਰਸਿਟੀ ਆਫ ਨਿਊਯਾਰਕ, ਬਿਨਘੰਟਨ ਤੋਂ ਸਮਾਜ ਸ਼ਾਸਤਰ ਵਿਭਾਗ ਦਾ ਮੁਖੀ, ਪ੍ਰੋ. ਖ਼ਾਲਿਦ ਜਾਵੇਦ, ਸਿੰਗਾਪੁਰ ਦੀ ਨੈਸ਼ਨਲ ਯੂਨੀਵਰਸਿਟੀ ਤੋਂ ਡਾ. ਜਸਪਾਲ ਕਲੇਰ ਜਿਸ ਨੇ ਪੁਰਾਤਨ ਏਸ਼ੀਅਨ ਇਤਿਹਾਸ 'ਤੇ ਕਈ ਖੋਜ ਪੱਤਰ ਲਿਖੇ ਸਨ ਤੇ ਦਿੱਲੀ ਤੋਂ ਆਇਆ ਕੈਮਰਾਮੈਨ ਹਰੀ ਭਟਨਾਗਰ।

ਪ੍ਰੋ. ਜਾਵੇਦ ਦਾ ਪਿੰਡ ਕਸੂਰ ਦੇ ਨੇੜੇ ਪੈਂਦਾ ਸੀ। ਉਸ ਦੇ ਮਾਂ-ਪਿਓ ਨੂਰਮਹਿਲ ਤੋਂ ਉਜੜ ਕੇ ਉਧਰ ਗਏ ਸਨ। ਉਸ ਦੀਆਂ ਦੋ ਚਾਚੀਆਂ, ਤਿੰਨ ਭੂਆ ਮਾਰੀਆਂ ਗਈਆਂ ਸਨ। ਉਸ ਦੀ ਇਕ ਚਾਚੀ ਨੇ ਦੱਸਿਆ ਸੀ ਕਿ ਬੱਚਿਆਂ ਨੂੰ ਬਚਾਉਣ ਲਈ ਪਿਛਲੀ ਕੋਠੜੀ ਵਿੱਚ ਬੰਦ ਕਰ ਦਿੱਤਾ ਸੀ। ਉਨ੍ਹਾਂ ਦੇ ਬਾਰਾਂ ਬੱਚਿਆਂ ਬਾਰੇ ਕੁਝ ਪਤਾ ਨਹੀਂ ਲੱਗਾ ਸੀ ਕਿ ਉਹ ਜਿਊਂਦੇ ਸਨ ਜਾਂ ਕਿ ਕਤਲ ਕਰ ਦਿੱਤੇ ਸਨ। ਉਸ ਦੇ ਬਾਬੇ ਦਾ ਕਹਿਣਾ ਸੀ ਕਿ ਸ਼ਾਇਦ ਕਿਸੇ ਨੇ ਤਰਸ ਖਾ ਕੇ ਬੱਚਿਆਂ ਨੂੰ ਨਾ ਮਾਰਿਆ ਹੋਵੇ। ਉਨ੍ਹਾਂ ਦਾ ਧਰਮ ਬਦਲ ਦਿੱਤਾ ਹੋਵੇ। ਉਹਦੇ ਬਾਬੇ ਨੇ ਦੋ ਸਾਲਾਂ ਬਾਅਦ 'ਆਪਣੇ ਘਰ 'ਚ ਰਹਿਣ ਵਾਲੇ' ਦੇ ਨਾਂ ਖ਼ਤ ਲਿਖ ਕੇ ਇਹਨਾਂ ਬੱਚਿਆਂ ਬਾਰੇ ਪੁੱਛਿਆ ਸੀ ਪਰ ਅੱਗੋਂ ਉਹਨੂੰ ਕੋਈ ਜਵਾਬ ਨਹੀਂ ਮਿਲਿਆ ਸੀ।

ਹੁਣ ਜਾਵੇਦ ਇਨ੍ਹਾਂ ਬੱਚਿਆਂ ਦੀ ਭਾਲ ਲਈ ਮੇਰੇ ਨਾਲ ਆਇਆ ਸੀ। ਉਹਨੂੰ ਯਕੀਨ ਸੀ ਕਿ ਇਨ੍ਹਾਂ 'ਚੋਂ ਕੋਈ ਨਾ ਕੋਈ ਅਵੱਸ਼ ਹੀ ਜਿਊਂਦਾ ਹੋਵੇਗਾ। ਜੇ ਅੱਠ ਸਾਲਾ ਰਜਾ ਅਲੀ ਜਿਊਂਦਾ ਹੋਇਆ ਤਾਂ ਉਸ ਕੋਲੋਂ ਕਈ ਕੁਸ਼ ਪਤਾ ਚੱਲ ਸਕਦਾ ਸੀ।

"ਉਹਨੂੰ ਕਹਿੰਦੇ ਆ ਨੂਰਮਹਿਲ ਦੀ ਸਰਾਂ," ਮੈਂ ਸਾਹਮਣੇ ਵੱਲ ਦੇਖਦਿਆਂ ਹੋਇਆਂ ਦੱਸਿਆ ਸੀ।

ਪ੍ਰੋ. ਜਾਵੇਦ ਕਾਰ 'ਚੋਂ ਉਤਰਿਆ ਸੀ। ਉਹਨੇ ਬੜੀ ਰੀਝ ਨਾਲ ਸਰਾਂ ਵੱਲ ਦੇਖਿਆ ਸੀ। ਕਿਹਾ ਸੀ, "ਹੁਣ ਤੁਸੀਂ ਮੇਰੇ ਮਗਰ ਮਗਰ ਆਓ। ਮੈਂ ਆਪਣੇ ਵਡੇਰਿਆਂ ਦਾ ਘਰ ਆਪੇ ਹੀ ਲੱਭ ਲਵਾਂਗਾ।" ਉਹ ਮੇਰੇ ਤੋਂ ਅੱਗੇ ਅੱਗੇ ਹੋ ਕੇ ਤੁਰ ਪਿਆ ਸੀ। ਦੋ ਕੁ ਪਲਾਂ ਲਈ ਉਹ ਦੋਚਿੱਤੀ 'ਚ ਪਿਆ ਸੀ। "ਬਾਜ਼ਾਰ ਨੂੰ ਦੋ ਰਾਹ ਜਾਂਦੇ। ਇੱਕ ਅੱਡੇ ਵਾਲੇ ਪਾਸਿਓਂ। ਇੱਕ ਅੱਡੇ ਤੇ ਸਰਾਂ ਦੇ ਵਿਚਕਾਰੋਂ ਦੀ। ਆਹ ਰਾਹ ਠੀਕ ਰਹੇਗਾ।" ਉਹ ਖੱਬੇ ਪਾਸੇ ਨੂੰ ਮੁੜਿਆ ਸੀ। ਮੈਂ ਉਹਨੂੰ ਰੋਕਿਆ ਸੀ, "ਅਗਾਂਹ ਵਾਲਾ ਰਾਹ ਵੀ ਠੀਕ ਰਹੂ।" "ਨ੍ਹੀਂ-ਪਲੀਜ਼ ਮੈਨੂੰ ਡਿਸਟਰਬ ਨਾ ਕਰੋ। ਮੈਂ ਆਪਣੇ ਕਦਮਾਂ ਦੀ ਗਿਣਤੀ ਕਰ ਰਿਹਾਂ।" ਫੇਰ ਉਹਨੇ ਦੱਸਣਾ ਸ਼ੁਰੂ ਕੀਤਾ ਸੀ, "ਇੱਥੋਂ ਸੰਤਾਲੀ ਕਦਮ ਅੱਗੇ ਜਾ ਕੇ ਸੱਜੇ ਹੱਥ ਮੁੜਨਾ



www.PunjabiLibrary.com

ਆ। ਫੇਰ ਇਕ ਸੌ ਤੇਈ ਕਦਮਾਂ ਤੇ ਬੋਹੜ ਆਵੇਗਾ। ਬੋਹੜ ਹੇਠਾਂ ਲਲਾਰੀ ਬੈਠਾ ਹੋਵੇਗਾ। ਖੌਰੇ ਉਹ ਹੁਣ ਨਾ ਹੋਵੇ। ਉਥੋਂ ਖੱਬੇ ਹੱਥ ਮੁੜਨਾ ਆ। ਪੰਚਾਸੀ ਕਦਮ ਅਗਾਂਹ ਜਾ ਕੇ ਖੱਬੇ ਹੱਥ ਮੁੜਾਂਗੇ। ਬਾਜ਼ਾਰ ਖ਼ਤਮ ਹੋ ਜਾਵੇਗਾ। ਦੱਸ ਕਦਮਾਂ ਤੇ ਚੜ੍ਹਾਈ ਆਵੇਗੀ। ਪੰਦਰਾਂ ਕਦਮ ਹੇਠਾਂ ਨੂੰ ਜਾਣਾ ਪਵੇਗਾ। ਫੇਰ ਖੱਬੇ ਹੱਥ ਮੁੜਾਂਗੇ। ਬਵੰਜਾ ਕਦਮ ਜਾ ਕੇ ਖੂਹੀ ਆਵੇਗੀ। ਇੱਥੋਂ ਬਾਰਾਂ ਕਦਮਾਂ ਤੇ ਖੱਬੇ ਪਾਸੇ ਤੇ ਮੇਰੇ ਵਡੇਰਿਆਂ ਦਾ ਕਦੇ ਘਰ ਹੁੰਦਾ ਸੀ।"

ਅਸੀਂ ਠੀਕ ਉਸ ਘਰ ਅੱਗੇ ਚਲੇ ਗਏ ਸੀ। ਮੈਂ ਉਹਨੂੰ ਛੇੜਿਆ ਸੀ, "ਬੜਾ ਹਿਸਾਬ ਰੱਖਿਆ।"

"ਇਹ ਹਿਸਾਬ ਮੈਂ ਨ੍ਹੀਂ ਰੱਖਿਆ। ਮੇਰੇ ਗਰੈਂਡ ਫਾਦਰ ਨੇ ਰੱਖਿਆ ਹੋਇਆ ਸੀ। ਉਹ ਦੂਜੇ ਚੌਥੇ ਦਿਨ ਆਪਣੇ ਘਰ ਨੂੰ ਯਾਦ ਕਰਦੇ ਰਹਿੰਦੇ ਸੀ। ਇੱਥੇ ਮੇਰੇ ਵਡੇਰਿਆਂ ਦੀਆਂ ਜੜ੍ਹਾਂ ਨੇ। ਮੈਨੂੰ ਲੱਗਦਾ ਆ ਕਿ ਖੌਰੇ ਮੇਰੀਆਂ ਵੀ ਇੱਥੇ ਜੜ੍ਹਾਂ ਨੇ। ਫਿਜ਼ੀ 'ਚ ਭਾਰਤੀ ਸੋਚਦੇ ਨੇ ਕਿ ਜਿੱਥੇ ਉਹਨਾਂ ਦੇ ਵਡੇਰਿਆਂ ਦਾ ਨੜੂਆ ਨੱਪਿਆ ਹੁੰਦਾ ਉਥੇ ਹੀ ਉਨ੍ਹਾਂ ਦੀਆਂ ਜੜ੍ਹਾਂ ਹੁੰਦੀਆਂ ਨੇ। ਇਸ ਗੱਲ ਦੀ ਮੈਨੂੰ ਹੁਣ ਸਮਝ ਲੱਗੀ ਆ।"

****

ਮੇਰੀ ਉਸ ਨਾਲ ਮੁਲਾਕਾਤ ਔਕਸਫੋਰਡ ਯੂਨੀਵਰਸਿਟੀ, ਇੰਗਲੈਂਡ 'ਚ ਇਕ ਸੈਮੀਨਾਰ ਦੌਰਾਨ ਹੋਈ ਸੀ। ਇਸ ਸੈਮੀਨਾਰ ਦਾ ਵਿਸ਼ਾ ਸੀ : ਇੰਡੋ-ਪਾਕਿ ਵੰਡ ਵਿੱਚ ਨਹਿਰੂ ਤੇ ਜਿਨਾਹ ਦਾ ਰੋਲ : ਸਾਈਕੋਏਨਾਲੈਟਿਕ ਅਧਿਐਨ। ਜਿਸ ਹੋਟਲ ਵਿੱਚ ਸਾਨੂੰ ਠਹਿਰਾਇਆ ਗਿਆ ਸੀ ਉਸ ਵਿੱਚ ਮੇਰਾ ਕਮਰਾ ਪ੍ਰੋ. ਜਾਵੇਦ ਦੇ ਨਾਲ ਲੱਗਦਾ ਸੀ। ਦੋ ਤਿੰਨ ਮੁਲਾਕਾਤਾਂ ਬਾਅਦ ਅਸੀਂ ਆਪਸ ਵਿੱਚ ਘੁਲ ਮਿਲ ਗਏ ਸੀ। ਸਾਨੂੰ ਲੱਗਿਆ ਹੀ ਨਹੀਂ ਸੀ ਕਿ ਅਸੀਂ ਪਹਿਲੀ ਵਾਰ ਮਿਲੇ ਸੀ। ਅਸੀਂ ਆਪਣੀ ਭਾਸ਼ਾ ਵਿੱਚ ਗੱਲਾਂ ਕੀਤੀਆਂ ਸਨ। ਜਦੋਂ ਮੈਂ ਉਸ ਨੂੰ ਆਪਣੇ ਸ਼ਹਿਰ ਨੂਰਮਹਿਲ ਬਾਰੇ ਦੱਸਿਆ ਸੀ ਤਾਂ ਉਸ ਕਿੰਨਾ ਹੀ ਚਿਰ ਜੱਫੀ ਪਾਈ ਰੱਖੀ ਸੀ। ਫੇਰ ਮੇਰਾ ਹੱਥ ਘੁਟਦਿਆਂ ਕਿਹਾ ਸੀ, "ਮੈਨੂੰ ਮੇਰੇ ਵਡੇਰਿਆਂ ਦੀ ਭੌਂਅ ਦਾ ਬੰਦਾ ਮਿਲ ਗਿਆ। ਖੌਰੇ ਮੇਰਾ ਕੰਮ ਸੌਖਾ ਹੋ ਜਾਵੇ।" ਮੇਰੇ ਕਈ ਵਾਰ ਪੁੱਛਣ 'ਤੇ ਵੀ ਉਸ ਆਪਣੇ ਕੰਮ ਬਾਰੇ ਕੁਝ ਨਹੀਂ ਦੱਸਿਆ ਸੀ। ਬੱਸ ਕਿਹਾ ਸੀ, "ਜਿਗਰਾ ਰੱਖ। ਮੈਂ ਤਾਂ ਹਰ ਰੋਜ਼ ਤੇਰੀ ਸੰਗਤ ਮਾਨਣੀ ਆ।" ਜਲਦੀ ਹੀ ਸਾਡੇ ਨਾਲ ਡਾ. ਕਲੇਰ ਵੀ ਆ ਰਲਿਆ ਸੀ।

ਇਹ ਸੈਮੀਨਾਰ ਇਕ ਹਫਤੇ ਦਾ ਸੀ।

ਤੀਜੇ ਦਿਨ ਦੂਜੇ ਸੈਸ਼ਨ ਵਿੱਚ ਕਾਂਗਰਸ ਪ੍ਰਧਾਨ ਕ੍ਰਿਪਾਲਾਨੀ ਦਾ ਕਾਂਗਰਸ ਅਧਿਵੇਸ਼ਨ 'ਚ ਦਿੱਤਾ ਗਿਆ ਭਾਸ਼ਨ ਬਹਿਸ ਦਾ ਮੁੱਦਾ ਬਣਿਆ ਸੀ, "ਮੈਂ ਕੁਝ ਦੰਗਾ ਪੀੜਤ ਇਲਾਕਿਆਂ ਤੋਂ ਆਇਆ ਹਾਂ। ਇਕ ਜਗ੍ਹਾ ਮੈਂ ਇਕ ਖੂਹ ਦੇਖਿਆ ਜਿਸ ਵਿੱਚ ਔਰਤਾਂ ਨੇ ਆਪਣੇ ਬੱਚਿਆਂ ਸਮੇਤ ਛਾਲ ਮਾਰ ਕੇ ਆਪਣੀ ਜਾਨ ਬਚਾਈ ਸੀ। ਇਕ ਹੋਰ ਜਗ੍ਹਾ ਇਕ ਮੰਦਰ ਵਿੱਚ ਬੰਦਿਆਂ ਨੇ ਇਸੇ ਕਾਰਨ ਪੰਜਾਹ ਮੁਟਿਆਰਾਂ ਨੂੰ ਮਾਰ ਸੁੱਟਿਆ। ਇਕ ਘਰ ਵਿੱਚ ਮੈਂ ਹੱਡੀਆਂ ਦੇ ਢੇਰ ਦੇਖੇ ਜਿੱਥੇ 107 ਵਿਅਕਤੀ, ਜਿਨ੍ਹਾਂ ਵਿੱਚ ਵਧੇਰੇ ਇਸਤਰੀਆਂ ਤੇ ਬੱਚੇ ਸੀ, ਹਮਲਾਵਰਾਂ ਨੇ ਘੇਰ ਕੇ ਇਕ ਘਰ ਵਿੱਚ ਬੰਦ ਕਰ ਦਿੱਤੇ। ਫੇਰ



ਜਿਉਂਦੇ ਸਾੜ ਦਿੱਤੇ। ਕੁਝ ਮੈਂਬਰਾਂ ਨੇ ਸਾਡੇ ਤੇ ਦੋਸ਼ ਲਾਇਆ ਕਿ ਅਸੀਂ ਡਰ ਦੇ ਮਾਰਿਆਂ ਇਹ ਫੈਸਲਾ ਕੀਤਾ ਹੈ। ਮੈਂ ਇਸ ਦੇ ਸੱਚ ਨੂੰ ਸਵੀਕਾਰ ਕਰਦਾ ਹਾਂ ਪਰ ਉਸ ਅਰਥ ਵਿੱਚ ਨਹੀਂ ਜਿਸ ਵਿੱਚ ਇਹ ਦੋਸ਼ ਲਾਇਆ ਗਿਆ ਹੈ। ਇਹ ਡਰ ਪ੍ਰਾਨਹਾਨੀ ਦਾ ਜਾਂ ਵਿਧਵਾਵਾਂ ਤੇ ਅਨਾਥਾਂ ਦੇ ਰੁਦਨ ਦਾ ਜਾਂ ਅਨੇਕਾਂ ਘਰਾਂ ਦੇ ਸਾੜੇ ਜਾਣ ਦਾ ਨਹੀਂ ਹੈ। ਡਰ ਇਹ ਹੈ ਕਿ ਅਸੀਂ ਐਦਾਂ ਹੀ ਕਰਦੇ ਰਹੇ, ਇਕ ਦੂਜੇ ਤੋਂ ਬਦਲਾ ਲੈਂਦੇ ਰਹੇ ਤੇ ਅਪਮਾਨ ਤੇ ਅਪਮਾਨ ਕਰਦੇ ਰਹੇ ਤਾਂ ਆਖਰ ਸਾਡੀ ਸਥਿਤੀ ਮਾਨਵ ਭਕਸ਼ੀਆਂ ਵਰਗੀ ਤੇ ਉਸ ਤੋਂ ਬੁਰੀ ਹੋ ਜਾਵੇਗੀ। ਇਨ੍ਹਾਂ ਦੁਖੀ ਪ੍ਰਸਥਿਤੀਆਂ 'ਚ ਮੈਂ ਭਾਰਤ ਦੀ ਵੰਡ ਦਾ ਸਮਰਥਨ ਕੀਤਾ ਹੈ।"

ਜਰਮਨੀ ਤੋਂ ਆਏ ਡਾ. ਸਪੈਨਸਰ ਨੇ ਕਿਸੇ ਪੁਸਤਕ 'ਚੋਂ ਸ. ਪਟੇਲ ਦੇ ਵਿਚਾਰ ਪੜ੍ਹ ਕੇ ਸੁਣਾਏ ਸਨ, "ਕਾਂਗਰਸ ਪਾਕਿਸਤਾਨ ਦੇ ਵਿਰੁੱਧ ਹੈ, ਫੇਰ ਵੀ ਸਦਨ ਦੇ ਸਾਹਮਣੇ ਜੋ ਪ੍ਰਸਤਾਵ ਹੈ, ਇਹ ਵੰਡ ਨੂੰ ਸਵੀਕਾਰ ਕਰਦਾ ਹੈ। ਮਹਾਸਮਿਤੀ ਇਸ ਨੂੰ ਪਸੰਦ ਕਰੇ ਜਾਂ ਨਾ ਕਰੇ ਅਸਲ ਵਿੱਚ ਪੰਜਾਬ ਤੇ ਬੰਗਾਲ ਦੋਹਾਂ 'ਚ ਪਹਿਲਾਂ ਤੋਂ ਹੀ ਪਾਕਿਸਤਾਨ ਮੌਜੂਦ ਹੈ। ਅਜਿਹੀ ਪ੍ਰਸਥਿਤੀ 'ਚ ਮੈਂ ਅਸਲੀ ਪਾਕਿਸਤਾਨ ਨੂੰ ਜ਼ਿਆਦਾ ਪਸੰਦ ਕਰਾਂਗਾ ਕਿਉਂਕਿ ਫੇਰ ਉਨ੍ਹਾਂ ਲੋਕਾਂ ਦੀ ਜ਼ੁੰਮੇਵਾਰੀ ਦਾ ਕੁਝ ਖਿਆਲ ਰਹੇਗਾ।"

ਪ੍ਰੋ. ਜਾਵੇਦ ਆਪਣੀ ਕੁਰਸੀ ਤੋਂ ਉਠ ਕੇ ਖੜ੍ਹ ਗਿਆ ਸੀ। ਉਸ ਸਮਾਂ ਲੈ ਕੇ ਆਪਣੀ ਗੱਲ ਸ਼ੁਰੂ ਕੀਤੀ ਸੀ, "ਮੈਂ ਸਬੂਤ ਪੇਸ਼ ਕਰ ਸਕਦਾ ਹਾਂ ਕਿ ਕਾਇਦੇ ਆਜਮ ਜਿਨਾਹ ਆਖਰ ਤੱਕ ਪਾਕਿਸਤਾਨ ਨਹੀਂ ਚਾਹੁੰਦੇ ਸਨ। ਕੈਬਨਿਟ ਮਿਸ਼ਨ ਦੀ ਯੋਜਨਾ ਸੰਬੰਧੀ 2 ਜੂਨ, 1947 ਨੂੰ ਜਿਨਾਹ ਮਾਊਂਟਬੇਟਨ ਨੂੰ ਮਿਲਣ ਗਏ ਸਨ। ਕਾਂਗਰਸ ਨੇ ਇਸ ਯੋਜਨਾ ਨੂੰ ਪਹਿਲਾਂ ਹੀ ਮੰਨ ਲਿਆ ਸੀ। ਜਿਨਾਹ ਨੇ ਨਹੀਂ। ਮਾਊਂਟਬੇਟਨ ਨੇ ਕਿਹਾ ਸੀ, 'ਇਸ ਤਰ੍ਹਾਂ ਤੁਸੀਂ ਆਪ ਆਪਣਾ ਪਾਕਿਸਤਾਨ ਹਮੇਸ਼ਾ ਲਈ ਖੋਹ ਦੇਉਗੇ,' ਤਾਂ ਅੱਗੋਂ ਜਿਨਾਹ ਨੇ ਇਕ ਲਾਇਨ ਵਿੱਚ ਜਵਾਬ ਦਿੱਤਾ ਸੀ, 'ਜੋ ਹੋਣਾ ਹੈ ਉਹੀ ਹੋਵੇਗਾ।' ਕਿੰਨੀ ਮਹੱਤਵਪੂਰਨ ਗੱਲ ਸੀ ਕਿ ਕਾਇਦੇ ਆਜਮ ਇਤਿਹਾਸ ਦੇ ਇਸ ਅਤਿ ਮਹੱਤਵਪੂਰਨ ਤੇ ਫੈਸਲਾਕੁੰਨ ਪਲ ਵਿੱਚ ਵੀ ਕੋਈ ਅਹਿਮ ਫੈਸਲਾ ਲੈਣ ਤੋਂ ਪਿੱਛੇ ਹੱਟ ਰਹੇ ਸੀ।"

ਪ੍ਰੋ. ਜਾਵੇਦ ਦੇ ਵਿਚਾਰਾਂ ਤੇ ਤੱਥਾਂ ਨੇ ਇਕ ਵਾਰ ਤਾਂ ਹਾਲ ਵਿੱਚ ਸੁੰਨ ਵਰਤਾ ਦਿੱਤੀ ਸੀ। ਉਥੇ ਬੈਠੇ ਵਿਦਵਾਨਾਂ ਦੇ ਮਨਾਂ ਵਿੱਚ ਇਹ ਪ੍ਰਸ਼ਨ ਖੌਰੂ ਪਾਉਣ ਲੱਗਾ ਸੀ ਕਿ ਕੀ ਪ੍ਰੋ. ਜਾਵੇਦ ਅਜਿਹਾ ਪਹਿਲਾ ਮੁਸਲਮਾਨ ਸੀ ਜਿਸ ਪਾਕਿਸਤਾਨ ਬਣਨ ਦਾ ਵਿਰੋਧ ਕੀਤਾ ਹੈ ਜਾਂ ਉਸ ਦੇ ਅੰਦਰ ਇਹ ਗੱਲ ਘਰ ਕਰ ਗਈ ਸੀ ਕਿ ਕਾਇਦੇ ਆਜ਼ਮ ਪਾਕਿਸਤਾਨ ਨਹੀਂ ਚਾਹੁੰਦੇ ਹਨ। ਉਸ ਦੇ ਵਿਚਾਰ ਤਾਂ ਪਾਕਿਸਤਾਨ ਦੇ ਵਿਰੁੱਧ ਸਨ। ਏਸੇ ਗੱਲ ਨੇ ਸਾਰਿਆਂ ਦਾ ਧਿਆਨ ਖਿੱਚ ਲਿਆ ਸੀ। ਕਈਆਂ ਨੇ ਉੱਠ ਕੇ ਉਸ ਵੱਲ ਉਚੇਚਾ ਦੇਖਿਆ ਵੀ ਸੀ।

ਪਿੱਛੋਂ ਕਿਸੇ ਵਿਦਵਾਨ ਨੇ ਕਹਿਣਾ ਸ਼ੁਰੂ ਕੀਤਾ ਸੀ, "ਮੈਂ ਪ੍ਰੋ. ਜਾਵੇਦ ਦੀ ਗੱਲ ਨਾਲ ਸਹਿਮਤ ਨਹੀਂ ਹਾਂ। ਬਾਈ-ਚੌਵੀ ਮਾਰਚ, 1940 ਨੂੰ ਲਾਹੌਰ 'ਚ ਮੁਸਲਿਮ ਲੀਗ ਦਾ 27ਵਾਂ ਇਤਿਹਾਸਿਕ ਸੈਸ਼ਨ ਹੋਇਆ ਜਿਸ 'ਚ ਕਾਇਦੇ ਆਜਮ ਜਿਨਾਹ ਨੇ ਕਿਹਾ ਸੀ, 'ਹਿੰਦੂ ਤੇ ਮੁਸਲਮਾਨ ਦੋ ਵੱਖ-ਵੱਖ ਧਾਰਮਿਕ ਦਰਸ਼ਨ, ਸਮਾਜਿਕ ਰੀਤੀ ਰਿਵਾਜ਼ ਤੇ ਵੱਖ-



www.PunjabiLibrary.com

ਵੱਖ ਸਾਹਿਤ ਦੇ ਹਨ। ਉਹ ਨਾ ਆਪਸ 'ਚ ਸ਼ਾਦੀ ਕਰ ਸਕਦੇ ਨੇ ਨਾ ਨਾਲ ਖਾਣਾ ਖਾ ਸਕਦੇ ਨੇ।ਅਸਲ ਵਿੱਚ ਇਹ ਦੋ ਅਲਗ ਸਭਿਆਤਾਵਾਂ ਨੇ ਜੋ ਵਿਰੋਧੀ ਵਿਚਾਰਧਾਰਾਵਾਂ ਤੇ ਭਾਵਨਾਵਾਂ ਤੇ ਅਧਾਰਿਤ ਨੇ।ਉਨ੍ਹਾਂ ਦੇ ਮਹਾਂਕਾਵਿ ਅਲੱਗ ਨੇ।ਉਨ੍ਹਾਂ ਦੇ ਨਾਇਕ ਅਲੱਗ ਨੇ ਤੇ ਕਥਾਵਾਂ ਵੀ ਅਲੱਗ ਨੇ।ਅਕਸਰ ਇਕ ਦਾ ਨਾਇਕ ਦੂਜੇ ਲਈ ਖਲਨਾਇਕ ਹੈ।ਏਸੇ ਤਰ੍ਹਾਂ ਉਨ੍ਹਾਂ ਦੀ ਹਾਰ ਤੇ ਜਿੱਤ ਵੀ ਅਲੱਗ ਹੈ।.........।"

ਸਮਾਂ ਪੂਰਾ ਹੋਣ ਕਰਕੇ ਉਸ ਵਿਦਵਾਨ ਕੋਲੋਂ ਉਸ ਦੀ ਗੱਲ ਪੂਰੀ ਨਹੀਂ ਹੋਈ ਸੀ।

ਇਸ ਸੈਸ਼ਨ 'ਚ ਬਹੁਤ ਹੀ ਵਿਚਾਰ ਉਤੇਜਿਕ ਗੱਲਾਂ ਹੋਈਆਂ ਸਨ।

ਰਾਤ ਨੂੰ ਮਹਿਫਲ ਮੇਰੇ ਕਮਰੇ ਵਿੱਚ ਸਜੀ ਸੀ। ਅਸੀਂ ਚਾਹੁੰਦੇ ਸੀ ਕਿ ਇੰਡੋ-ਪਾਕਿ ਵੰਡ ਨੂੰ ਛੱਡ ਕੇ ਕੁਝ ਹੋਰ ਗੱਲਾਂ ਕਰੀਏ।ਪਰ ਡਾ. ਕਲੇਰ ਨੇ ਡਾ. ਸਪੈਨਸਰ ਨੂੰ ਬੁਲਾ ਲਿਆ ਸੀ। ਡਾ. ਕਲੇਰ ਨੇ ਕਿਹਾ ਸੀ, "ਦੋਸਤੋ-ਹੁਣ ਅਸੀਂ ਆਫ ਦੀ ਰਿਕਾਰਡ ਗੱਲਾਂ ਕਰਾਂਗੇ।"

ਥੋੜ੍ਹੇ ਚਿਰ ਬਾਅਦ ਹੀ ਅਸੀਂ ਸੈਮੀਨਾਰ ਨਾਲੋਂ ਵੀ ਜ਼ਿਆਦਾ ਗੰਭੀਰ ਗੱਲਾਂ ਕੀਤੀਆਂ ਸਨ।

ਡਾ. ਸਪੈਨਸਰ ਨੇ ਚੁਣ-ਚੁਣ ਕੇ ਸ਼ਬਦਾਂ 'ਚ ਦੱਸਿਆ ਸੀ, "ਮੇਰਾ ਹੁਣ ਤੱਕ ਦਾ ਤਜ਼ਰਬਾ ਇਹੀ ਦੱਸਦਾ ਕਿ ਤੁਸੀਂ ਏਸ਼ੀਅਨ ਲੋਕ ਤੱਥਾਂ ਨੂੰ ਤੋੜ ਮਰੋੜ ਕੇ ਦੱਸਦੇ ਹੋ। ਆਪਣੇ 'ਤੇ ਕੋਈ ਦੋਸ਼ ਨ੍ਹੀਂ ਲੈਂਦੇ। ਏਸੇ ਕਰਕੇ ਕੋਈ ਵੀ ਗੱਲ ਨਿਖਰ ਕੇ ਸਾਹਮਣੇ ਨ੍ਹੀਂ ਆਉਂਦੀ। ਮੈਂ ਹੀ ਨ੍ਹੀਂ-ਜਿਹੜਾ ਵੀ ਜਣਾ ਇੰਡੋ-ਪਾਕ ਵੰਡ ਵੇਲੇ ਦੀ ਹਾਲਤਾਂ ਦੀ ਘੋਖ ਕਰੇਗਾ, ਉਹਨੂੰ ਜ਼ਖਮ ਹੀ ਜ਼ਖਮ ਦਿੱਸਣਗੇ। ਇਹ ਅਜੇ ਕਈ ਸਾਲ ਅੱਲ੍ਹੇ ਰਹਿਣਗੇ। ਤੇ ਅੱਲ੍ਹੇ ਜ਼ਖਮ ਬਹੁਤ ਤੰਗ ਕਰਦੇ ਹੁੰਦੇ ਆਂ।...ਹੁਣ ਮੈਂ ਆਪਣੀ ਗੱਲ ਮਹਾਤਮਾ ਗਾਂਧੀ ਤੋਂ ਸ਼ੁਰੂ ਕਰਦਾ ਹਾਂ। ਉਦੋਂ ਉਹਨਾਂ ਦੀ ਉਮਰ 78 ਸਾਲਾਂ ਦੀ ਸੀ। ਨਹਿਰੂ ਤੇ ਸਰਦਾਰ ਪਟੇਲ ਨੇ ਇੰਡੋ-ਪਾਕਿ ਵੰਡ ਨੂੰ ਸਵੀਕਾਰ ਕਰ ਲਿਆ ਸੀ। ਇਸ ਸੰਬੰਧੀ ਉਹਨਾਂ ਗਾਂਧੀ ਨੂੰ ਉਹਲੇ 'ਚ ਰੱਖਿਆ ਸੀ। ਜਦੋਂ ਗਾਂਧੀ ਨੂੰ ਪਤਾ ਲੱਗਾ ਤਾਂ ਉਹ ਕਸੂਤੀ ਸਥਿਤੀ 'ਚ ਫਸ ਗਏ ਸੀ। ਉਹ ਜਾਣਦੇ ਸਨ ਕਿ ਪਾਰਟੀ 'ਤੇ ਸਰਦਾਰ ਪਟੇਲ ਦੀ ਪਕੜ ਮਜ਼ਬੂਤ ਹੈ। ਨਹਿਰੂ ਦੀ ਜਨਤਾ 'ਤੇ। ਜੇ ਗਾਂਧੀ ਉਹਨਾਂ ਦੋਹਾਂ ਦਾ ਖੁੱਲ੍ਹ ਕੇ ਵਿਰੋਧ ਕਰਦੇ ਤਾਂ ਗਾਂਧੀ, ਕਾਂਗਰਸ ਤੇ ਭਾਰਤ ਦੀ ਆਜ਼ਾਦੀ, ਤਿੰਨਾਂ ਦੀ ਸਥਿਤੀ ਬਹੁਤ ਹੀ ਸੰਕਟਮਈ ਹੋ ਜਾਣੀ ਸੀ।ਦੂਜੀ ਵੱਡੀ ਗੱਲ ਉਨ੍ਹਾਂ 'ਚ ਹੁਣ ਪਹਿਲਾਂ ਜਿੰਨੀ ਸ਼ਕਤੀ ਵੀ ਨਹੀਂ ਰਹੀ ਸੀ।"

ਡਾ. ਕਲੇਰ ਨੇ ਡਾ. ਸਪੈਨਸਰ ਨੂੰ ਟੋਕਿਆ ਸੀ, "ਗਾਂਧੀ ਜੀ ਨੇ ਤਾਂ ਅੰਗਰੇਜ਼ਾਂ ਨੂੰ ਇਹ ਵੀ ਕਿਹਾ ਸੀ-ਤੁਸੀਂ ਜਾਉ, ਸਾਨੂੰ ਰੱਬ ਦੇ ਆਸਰੇ ਛੱਡ ਦਿਓ। ਬਰਬਾਦੀ 'ਚ ਛੱਡ ਦਿਓ। ਅਸੀਂ ਆਪਸ ਵਿੱਚ ਤਹਿ ਕਰ ਲਵਾਂਗੇ ਪਰ ਤੁਸੀਂ ਚਲੇ ਜਾਉ।"

"ਗਾਂਧੀ ਨੇ ਮਾਊਂਟਬੇਟਨ ਨਾਲ ਦੂਜੀ ਮੁਲਾਕਾਤ 'ਚ ਹੀ ਕਹਿ ਦਿੱਤਾ ਸੀ ਕਿ ਜਿਨਾਹ ਤੇ ਮੁਸਲਿਮ ਲੀਗ ਨੂੰ ਕੇਂਦਰ 'ਚ ਸਰਕਾਰ ਬਣਾਉਣ ਦਿੱਤੀ ਜਾਵੇ। ਜਿਨਾਹ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਤੇ ਜਿਵੇਂ ਚਾਹੁਣ ਦੇਸ਼ ਚਲਾਉਣ। ਅੱਗੋਂ ਮਾਊਂਟਬੇਟਨ ਨੇ



ਪੁੱਛਿਆ ਸੀ, 'ਜਿਨਾਹ ਤੇ ਇਸ ਦੀ ਕੀ ਪ੍ਰਤੀਕਿਰਿਆ ਹੋਵੇਗੀ?" ਗਾਂਧੀ ਨੇ ਉੱਤਰ ਦਿੱਤਾ ਸੀ, 'ਫੇਰ ਇਹੀ-ਉਹੀ ਕਪਟੀ ਗਾਂਧੀ।"

"ਪਰ ਪਟੇਲ ਤੇ ਨਹਿਰੂ ਇਹ ਨਹੀਂ ਚਾਹੁੰਦੇ ਸਨ।"

"ਵੰਡ ਦੀ ਯੋਜਨਾ ਵੀ. ਪੀ. ਮੇਨਨ ਨੇ ਤਿਆਰ ਕੀਤੀ-ਉੱਚਕਾਲੀਨ ਹਿੰਦੂ ਨੇ- ਮੁਸਲਿਮ ਲੀਗ ਤੋਂ ਲਕੋ ਕੇ।"

"ਹਾਂ, ਗਾਂਧੀ ਜੀ ਨੇ ਕਿਹਾ ਸੀ, ਮੈਂ ਮੰਨਦਾਂ। ਪਰ ਜਿਵੇਂ ਮੈਂ ਸੈਮੀਨਾਰ 'ਚ ਵੀ ਕਿਹਾ ਸੀ ਤੇ ਪ੍ਰੋ. ਜਾਵੇਦ ਨੇ ਵੀ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਜਿਨਾਹ ਇੰਡੋ-ਪਾਕਿ ਵੰਡ ਲਈ ਜ਼ੁੰਮੇਵਾਰ ਨਹੀਂ ਸਨ-ਹੁਣ ਵੀ ਆਪਣੇ ਵਿਚਾਰਾਂ ਤੇ ਜਿਉਂ ਦਾ ਤਿਉਂ ਖੜ੍ਹਾ ਹਾਂ। ਸਾਰੇ ਸਕਾਲਰ ਤੱਥਾਂ ਨੂੰ ਇਤਿਹਾਸਿਕ ਤੱਥਾਂ ਨਾਲ ਜੋੜ ਕੇ ਦੇਖਦੇ। ਮੈਂ ਇਕ ਹੋਰ ਪਾਸਿਓਂ ਵੀ ਸੋਚਣਾ ਸ਼ੁਰੂ ਕੀਤਾ ਹੈ।ਸ਼ਾਇਦ ਮੈਂ ਸਹੀ ਹੋਵਾਂ। ਇਹ ਹੈ ਮਨੁੱਖੀ ਜੀਨਸ। ਜਿਨਾਹ ਹੋਰੀਂ ਦੋ ਪੀੜ੍ਹੀਆਂ ਪਹਿਲਾਂ ਹਿੰਦੂ ਸਨ। ਕੀ ਕਿਤੇ ਨਾ ਕਿਤੇ ਉਹਨਾਂ ਦੇ ਖ਼ੂਨ 'ਚ ਹਿੰਦੂ ਧਰਮ ਨਹੀਂ ਸਮਾਇਆ ਹੋਇਆ ਸੀ। ਜਿਨਾਹ ਨੇ ਨਾ ਕਦੇ ਹਿੰਦੂ ਧਰਮ ਤੇ ਨਾ ਹੀ ਹਿੰਦੂਆਂ ਦੇ ਖਿਲਾਫ਼ ਅਪ ਸ਼ਬਦ ਬੋਲਿਆ ਸੀ। ਜਿੰਨੀ ਇੱਜ਼ਤ ਉਹ ਤਿਲਕ ਤੇ ਗੋਖਲੇ ਨੂੰ ਦਿੰਦੇ ਸੀ ਉਨੀਂ ਕਿਸੇ ਮੁਸਲਮਾਨ ਨੂੰ ਨਹੀਂ।"

ਇਕ ਵਾਰ ਤਾਂ ਸਾਡੇ ਮੂੰਹਾਂ ਨੂੰ ਜਿੰਦਰੇ ਲੱਗ ਗਏ ਸਨ।

ਜਲਦੀ ਹੀ ਪ੍ਰੋ. ਜਾਵੇਦ ਨੇ ਕਮਾਂਡ ਆਪਣੇ ਹੱਥਾਂ 'ਚ ਲੈ ਲਈ ਸੀ, "ਯਾਰੋ-ਗੱਲ ਤਾਂ ਐਨੀ ਕੁ ਸੀ ਕਿ ਜੇ ਇਸ ਗੱਲ ਨੂੰ ਕਾਂਗਰਸ ਇਕ ਵਾਰ ਵੀ ਮੰਨ ਲੈਂਦੀ ਕਿ ਜਿਨਾਹ ਤੇ ਮੁਸਲਿਮ ਲੀਗ ਮੁਸਲਮਾਨਾਂ ਦੇ ਪ੍ਰਤੀਨਿੱਧੀ ਨੇ ਤਾਂ ਸ਼ਾਇਦ ਗੱਲ ਐਨੀ ਨਾ ਵੱਧਦੀ। ਸਾਡਾ ਇਤਿਹਾਸ ਹੋਰ ਹੀ ਹੁੰਦਾ।"

ਡਾ. ਕਲੇਰ ਨੇ ਇਤਿਹਾਸ ਦਾ ਇਕ ਹੋਰ ਪੰਨਾ ਖੋਲ੍ਹ ਦਿੱਤਾ ਸੀ, "ਚਲੋ ਇਸਲਾਮ ਧਰਮ ਤੋਂ ਹੀ ਸ਼ੁਰੂ ਕਰ ਲਓ। ਮੁਹੰਮਦ ਇਕਬਾਲ ਨੇ ਇਕ ਵਾਰ ਕਿਹਾ ਸੀ ਕਿ ਇਤਿਹਾਸ 'ਚ ਸੰਕਟ ਵੇਲੇ ਇਸਲਾਮ ਨੇ ਮੁਸਲਮਾਨਾਂ ਦੀ ਰੱਖਿਆ ਕੀਤੀ ਹੈ। ਨਾ ਕਿ ਮੁਸਲਮਾਨਾਂ ਨੇ ਇਸਲਾਮ ਦੀ। ਜੇ ਤੁਸੀਂ ਆਪਣਾ ਧਿਆਨ ਇਸਲਾਮ ਤੇ ਕੇਂਦਰਤ ਕਰੋ ਤੇ ਉਸ 'ਚ ਸਮੋਈ ਉਜਵਲ ਵਿਚਾਰਧਾਰਾ ਤੋਂ ਪ੍ਰੇਰਨਾ ਲਓ ਤਾਂ ਤੁਹਾਡੀ ਖਿਲਰੀ ਹੋਈ ਸ਼ਕਤੀ ਫੇਰ ਤੋਂ ਇਕੱਠੀ ਹੋ ਜਾਵੇਗੀ। ਮੈਂ ਉਹਨਾਂ ਦੀ ਇਸ ਗੱਲ ਨਾਲ ਸਹਿਮਤ ਵੀ ਹਾਂ ਤੇ ਨਹੀਂ ਵੀ। ਤੁਸੀਂ ਪੁੱਛੋ ਨਹੀਂ ਕਿਵੇਂ? ਹਿੰਦੋਸਤਾਨ ਦੇ ਲਗਪਗ ਸਾਰੇ ਹੀ ਮੁਸਲਮਾਨਾਂ ਦੀ ਸਭ ਤੋਂ ਅਹਿਮ ਸਮੱਸਿਆ ਇਹ ਸੀ ਕਿ ਉਨ੍ਹਾਂ ਦਾ ਧਰਮ ਵਿਦੇਸ਼ੀ ਸੀ। ਉਨ੍ਹਾਂ ਦੇ ਧਾਰਮਿਕ ਫੈਸਲੇ ਕਿਸੇ ਨਾ ਕਿਸੇ ਰੂਪ ਨਾਲ ਤੁਰਕੀ ਜਾਂ ਹੋਰ ਥਾਵਾਂ ਤੋਂ ਪ੍ਰਭਾਵਿਤ ਹੁੰਦੇ ਸਨ। ਇਸ ਤੋਂ ਵੱਡੀ ਗੱਲ ਇਹ ਸੀ ਕਿ ਉਨ੍ਹਾਂ ਨੂੰ ਅਸਲੀ ਮੁਸਲਮਾਨ ਨਹੀਂ ਮੰਨਿਆ ਜਾਂਦਾ ਸੀ। ਇਸਲਾਮ ਅਰਬੀ ਧਰਮ ਹੈ। ਜੋ ਅਰਬੀ ਨਹੀਂ ਹੈ ਪਰ ਮੁਸਲਮਾਨ ਹੈ, ਉਹ ਪਰਿਵਰਤਿਤ ਹੈ। ਇੱਥੇ ਮੁਸਲਮਾਨਾਂ ਦੀ ਅਜਿਹੀ ਸਥਿਤੀ ਸੀ ਕਿ ਇਕ ਬੰਨੇ ਉਨ੍ਹਾਂ ਦੀ ਮਾਤਰ ਭੂਮੀ ਸੀ, ਜਿੱਥੇ ਉਹ ਜੰਮੇ ਪਲੇ ਸੀ। ਦੂਜੇ ਬੰਨੇ ਉਨ੍ਹਾਂ ਦੀ ਆਸਥਾ ਸੀ ਜਿਸ ਦਾ ਸਭ ਕੁਝ ਅਰਬ 'ਚ ਸੀ। ਜਦੋਂ ਵਿਦੇਸ਼ੀ ਮੁਸਲਮਾਨ ਇੰਡੀਆ 'ਚ ਆਏ ਤਾਂ ਉਹ ਆਪਣੇ ਨਾਲ ਔਰਤਾਂ ਤੇ ਬੱਚੇ ਨਹੀਂ ਲਿਆਏ। ਇੱਥੇ ਇਕ



www.PunjabiLibrary.com

ਅਜੀਬ ਕਿਸਮ ਦਾ ਇਸਲਾਮੀ ਰਾਜ ਫੈਲਿਆ। ਕਈ ਪੱਧਰਾਂ ਤੇ ਇਹ ਵੱਖ-ਵੱਖ ਰੂਪਾਂ ਵਿੱਚ ਦੇਸ਼ ਦੇ ਮੂਲ ਨਿਵਾਸੀਆਂ ਨਾਲ ਜੁੜਿਆ ਹੋਇਆ ਸੀ।"

ਪ੍ਰੋ. ਜਾਵੇਦ ਨੇ ਆਮ ਨਾਲੋਂ ਉੱਚੀ ਆਵਾਜ਼ 'ਚ ਕਿਹਾ ਸੀ, "ਇੰਡੀਆ 'ਚ ਜਿੰਨੇ ਵੀ ਮੁਗਲ ਬਾਦਸ਼ਾਹ, ਸੰਤ, ਸੂਫ਼ੀ ਰਹੇ, ਕਿਸੇ ਨੇ ਵੀ ਬਾਹਰ ਦੇ ਖਲੀਫ਼ਾ ਜਾਂ ਪਾਸ਼ਾ ਪ੍ਰਤੀ ਆਪਣੀ ਸ਼ਰਧਾ ਜਾਂ ਸਰੋਕਾਰ ਨਹੀਂ ਰੱਖਿਆ ਸੀ। ਮੈਨੂੰ ਇਸ ਦੀ ਇਕ ਵੀ ਉਦਾਹਰਨ ਕਿਤੋਂ ਨਹੀਂ ਮਿਲਦੀ। ਇਸ ਦੇਸ਼ ਦੇ ਹਿੰਦੂ ਵੀ ਬਾਹਰੋਂ ਆਏ ਸੀ। ਮੁਸਲਮਾਨ ਵੀ। ਉਨ੍ਹਾਂ ਲਈ ਇਹ ਧਰਤੀ ਉਨ੍ਹਾਂ ਦੀ ਮਾਤਰ ਭੂਮੀ ਹੈ। ਸਾਡੇ ਲਈ ਇੰਨ ਬਿੰਨ ਓਦਾਂ ਹੀ। ਇੰਡੀਆ 'ਚ ਐਨੇ ਸਾਲ ਇਕੱਠੇ ਰਹਿਣ ਨਾਲ ਸਾਡਾ ਖੂਨ ਬਦਲ ਗਿਆ ਸੀ। ਸਾਡੇ ਚਿਹਰੇ ਵੀ ਬਦਲ ਕੇ ਇਕੋ ਜਿਹੇ ਹੋ ਗਏ ਸਨ। ਮੁਸਲਮਾਨਾਂ ਨੇ ਹਿੰਦੂ ਦੇ ਅਨੇਕਾਂ ਰੀਤੀ ਰਿਵਾਜ਼ ਅਪਨਾ ਲਏ ਸੀ। ਹਿੰਦੂਆਂ ਨੇ ਮੁਸਲਮਾਨਾਂ ਦੇ। ਦੋਹੇਂ ਆਪਸ 'ਚ ਐਨਾ ਘੁਲ ਮਿਲ ਗਏ ਸੀ ਕਿ ਉਨ੍ਹਾਂ ਨੇ ਇਕ ਨਵੀਂ ਭਾਸ਼ਾ ਬਣਾ ਲਈ ਸੀ ਜਿਸ ਦਾ ਨਾਂ ਉਰਦੂ ਹੈ। ਨਾ ਇਹ ਹਿੰਦੂਆਂ ਦੀ ਭਾਸ਼ਾ ਹੈ। ਨਾ ਮੁਸਲਮਾਨਾਂ ਦੀ......।"

ਡਾ. ਸਪੈਨਸਰ ਨੇ ਪੁੱਛਿਆ ਸੀ, "ਫੇਰ ਗਲਤੀ ਕਿੱਥੇ ਹੋਈ ਸੀ?"

ਪ੍ਰੋ. ਜਾਵੇਦ ਨੇ ਸਿੱਧਿਆਂ ਹੀ ਮੇਰੇ ਵੱਲ ਵੇਖਿਆ ਸੀ ਜਿਵੇਂ ਕਹਿ ਰਿਹਾ ਹੋਵੇ ਕਿ ਹੁਣ ਚੁੱਪ ਬੈਠ ਕੇ ਨਹੀਂ ਸਰਨਾ। ਕੁਝ ਬੋਲਣਾ ਹੀ ਪੈਣਾ ਸੀ। ਮੈਂ ਆਪਣੀ ਗੱਲ ਇੱਥੋਂ ਸ਼ੁਰੂ ਕੀਤੀ ਸੀ, "ਡਾ. ਸਪੈਨਸਰ ਆਪਣੀ ਗੱਲ ਸਿੱਧ ਕਰਨ ਲਈ ਮੈਨੂੰ ਪਿਛਾਂਹ ਜਾਣਾ ਪੈ ਰਿਹਾ। ਤਿੰਨ ਮਾਰਚ, 1707 ਨੂੰ ਔਰੰਗਜ਼ੇਬ ਦੀ ਮੌਤ ਹੋਈ। ਇੱਥੋਂ ਹੀ ਮੁਗਲ ਸਲਤਨਤ ਦੀ ਡੌਨਫਾਲ ਸ਼ੁਰੂ ਹੋ ਗਈ। ਔਰੰਗਜ਼ੇਬ ਦੇ ਚੌਥੇ ਮੁੰਡੇ ਮੁਹੰਮਦ ਸ਼ਾਹ ਤੋਂ ਬਾਅਦ ਇੰਡੀਆ ਵੰਡਿਆ ਜਾਣ ਲੱਗਾ। 9 ਅਗਸਤ, 1765 ਕਲਾਇਵ ਇਲਾਹਾਬਾਦ 'ਚ ਸ਼ਾਹ ਆਲਮ ਨੂੰ ਮਿਲਿਆ। ਸ਼ਾਹ ਆਲਮ ਨੇ ਇਕ ਸ਼ਾਹੀ ਫੁਰਮਾਨ ਜਾਰੀ ਕਰਕੇ ਬੰਗਾਲ, ਬਿਹਾਰ ਤੇ ਉੜੀਸਾ ਦੀ ਦੀਵਾਨੀ ਕੰਪਨੀ ਨੂੰ ਦੇ ਦਿੱਤੀ। ਇਹ ਮੁਗਲ ਸਲਤਨਤ ਦੇ ਤਾਬੂਤ 'ਚ ਪਹਿਲਾ ਕਿੱਲ ਸੀ। ਕਾਰਨਵਾਲਿਸ ਨੇ ਪਰਮਾਨੈਂਟ ਸੈਟਲਮੈਂਟ ਦੀ ਨੀਤੀ ਲਾਗੂ ਕੀਤੀ ਤਾਂ ਮੁਸਲਮਾਨ ਜ਼ਿਮੀਦਾਰਾਂ ਦਾ ਆਰਥਿਕ ਆਧਾਰ ਖੇਰੂ ਖੇਰੂ ਹੋਣ ਲੱਗਾ। ਹਿੰਦੂ ਪਹਿਲਾਂ ਹੀ ਕੰਪਨੀ 'ਚ ਨੌਕਰੀਆਂ ਕਰਦੇ ਸੀ-ਉਨ੍ਹਾਂ ਨੇ ਮੌਕਾ ਸੰਭਾਲਿਆ। ਅੰਗਰੇਜ਼ੀ ਸਿਖਿਆ ਤੇ ਸਰਕਾਰੀ ਨੌਕਰੀਆਂ 'ਚ ਪੱਛੜਦੇ ਹੋਏ ਮੁਸਲਮਾਨ ਹੌਲੀ ਹੌਲੀ ਉਦਯੋਗਾਂ, ਬੈਂਕਾਂ, ਸ਼ੇਅਰ ਬਾਜ਼ਾਰਾਂ, ਵਪਾਰ ਹਰ ਪਾਸਿਉਂ ਪਛੜਣ ਲੱਗੇ। ਉਨ੍ਹਾਂ ਦਾ ਆਤਮ ਗੌਰਵ ਤੇ ਆਤਮ ਵਿਸ਼ਵਾਸ ਵੀ ਖੇਰੂੰ ਖੇਰੂੰ ਹੋ ਗਿਆ। ਉਨ੍ਹਾਂ ਦਾ ਗੌਰਵਸ਼ਾਲੀ ਅਤੀਤ, ਸ਼ਾਨੋ ਸ਼ੌਕਤ ਤੇ ਉਨ੍ਹਾਂ ਦੇ ਮਹਾਨ ਬਾਦਸ਼ਾਹ ਉਨ੍ਹਾਂ ਲਈ ਬੀਤੇ ਦਿਨਾਂ ਦੀ ਗੱਲ ਹੋ ਗਈ ਸੀ।"

ਮੈਂ ਸਾਹਮਣੇ ਬੈਠੇ ਪ੍ਰੋ. ਜਾਵੇਦ ਦੀ ਪ੍ਰਤੀਕਿਰਿਆ ਜਾਨਣ ਲਈ ਰੁਕਿਆ ਤਾਂ ਉਸ ਗੱਲ ਅਗਾਂਹ ਤੋਰਨ ਲਈ ਮੈਨੂੰ ਇਸ਼ਾਰਾ ਕੀਤਾ ਸੀ। ਮੈਂ ਫੇਰ ਸ਼ੁਰੂ ਹੋ ਗਿਆ ਸੀ, "ਵਾਰੇਨ ਹੇਸਿਟੰਗਜ਼ ਨੇ ਇਕ ਵਾਰੀ ਕੰਪਨੀ ਨੂੰ ਚਿੱਠੀ ਲਿਖੀ ਸੀ ਕਿ ਭਾਰਤ ਦੀਆਂ ਪ੍ਰਪੰਰਾਵਾਂ, ਹਿੰਦੂ ਤੇ ਮੁਸਲਿਮ ਬੇਹੱਦ ਮਜ਼ਬੂਤ, ਪ੍ਰਭਾਵਸ਼ਾਲੀ ਤੇ ਪ੍ਰਾਚੀਨ ਹਨ। ਅੰਗਰੇਜ਼ਾਂ ਨੂੰ ਸਮਾਜਿਕ ਤੇ ਨਿਆਇਕ ਕਾਰਨਾਂ ਨਾਲ ਕਿਸੇ ਵੀ ਸਥਿਤੀ 'ਚ ਦਖਲ ਨਹੀਂ ਦੇਣਾ



ਚਾਹੀਦਾ। 1857 ਦੀ ਅਸਫਲਤਾ ਤੋਂ ਬਾਅਦ ਹਿੰਦੂ ਤੇ ਮੁਸਲਮਾਨ ਦੋ ਵੱਖ-ਵੱਖ ਧਰਮਾਂ, ਫਿਰਕਿਆਂ ਤੇ ਰਾਸ਼ਟਰਤਾਵਾਂ ਦੇ ਰੂਪ ਵਿੱਚ ਦੇਖੇ ਜਾਣ ਲੱਗੇ। ਅਜਿਹਾ ਪਹਿਲਾਂ ਕੁਝ ਨਹੀਂ ਸੀ। ਦੇਖਣ ਵਾਲੀ ਗੱਲ ਇਹ ਵੀ ਸੀ ਕਿ 1857 ਦੀਆਂ ਅਸਫਲਤਾਵਾਂ ਮਗਰੋਂ ਬਦਲੇ ਹੋਏ ਹਾਲਾਤਾਂ 'ਚ ਉਹ ਨਵੀਂ ਤਰ੍ਹਾਂ ਦੇ ਘੱਟ ਗਿਣਤੀ ਵਰਗ ਦੇ ਰੂਪ ਵਿੱਚ ਦੇਖ ਰਹੇ ਸੀ। ਭਾਵੇਂ ਉਹ ਪਹਿਲਾਂ ਵੀ ਘੱਟ ਗਿਣਤੀ ਵਿੱਚ ਸੀ ਪਰ ਉਦੋਂ ਉਨ੍ਹਾਂ ਕੋਲ ਰਾਜਨੀਤਿਕ ਸੱਤਾ ਤੇ ਪਾਵਰ ਸੀ। ਹੁਣ ਉਹ ਸੱਤਾਹੀਣ ਤੇ ਹਾਰੇ ਹੋਏ ਸੀ। ਬੌਧਿਕਤਾ ਸੱਯਦ ਅਹਿਮਦ ਤੋਂ ਸ਼ੁਰੂ ਹੋਈ ਸੀ। ਅਹਿਮਦ ਨੇ ਹੀ ਅੰਗਰੇਜ਼ ਸਰਕਾਰ ਨੂੰ ਦੱਸਿਆ ਕਿ ਅੰਗਰੇਜ਼ਾਂ ਨੂੰ ਹਿੰਦੂ ਤੇ ਮੁਸਲਮਾਨ ਸਿਪਾਹੀਆਂ ਦੀਆਂ ਅਲੱਗ-ਅਲੱਗ ਰੇਜ਼ੀਮੈਂਟ ਰੱਖਣੀਆਂ ਚਾਹੀਦੀਆਂ ਹਨ। ਜਿਸ ਨਾਲ ਉਹ ਦੋਵੇਂ ਇਕ ਦੂਜੇ ਨਾਲ ਭਾਵਨਾਤਮਿਕ ਰੂਪ ਨਾਲ ਜੁੜ ਨਾਲ ਸਕਣ। ਇਕ ਨੂੰ ਦਬਾਉਣ ਲਈ ਦੂਜੇ ਦੀ ਵਰਤੋਂ ਕੀਤੀ ਜਾ ਸਕੇ। ਅਹਿਮਦ ਦੇ ਵਿਚਾਰ ਉਸ ਦੀ ਪੁਸਤਕ, 'ਕਾਸਿਸ ਆਫ ਇੰਡੀਅਨ ਰੀਵੋਲਟ' 'ਚ ਦਰਜ ਹਨ ਜਿਸ ਦੀਆਂ ਕਿ 500 ਕਾਪੀਆਂ ਛਪੀਆਂ ਸਨ। 498 ਕਾਪੀਆਂ ਇੰਗਲੈਂਡ 'ਚ ਸੰਸਦ ਮੈਂਬਰਾਂ ਤੇ ਹੋਰ ਮਹੱਤਵਪੂਰਨ ਵਿਅਕਤੀਆਂ ਨੂੰ ਭੇਜੀਆਂ ਗਈਆਂ। ਅਮੀਰ ਅਲੀ ਨੇ 1910 'ਚ ਮੁਸਲਿਮ ਲੀਗ ਦੀ ਲੰਡਨ 'ਚ ਸ਼ਾਖਾ ਖੋਲ੍ਹੀ। ਅਲੀਗੜ੍ਹ ਯੂਨੀਵਰਸਿਟੀ ਦੇ ਅੰਗਰੇਜ਼ ਪ੍ਰਿੰਸੀਪਲ ਮਿਸਟਰ ਬੇਕ ਨੇ ਮੁਸਲਮਾਨਾਂ ਨੂੰ ਉਕਸਾਇਆ।"

ਪ੍ਰੋ. ਜਾਵੇਦ ਨੇ ਵਿਚਕਾਰੋਂ ਟੋਕਦਿਆਂ ਤੇ ਖਿਝਦਿਆਂ ਹੋਇਆ ਕਿਹਾ ਸੀ, "ਪਤਾ ਨਹੀਂ ਕਿਉਂ ਸਾਡੇ 'ਚੋਂ ਧਰਮ ਮਨਫੀ ਨਹੀਂ ਹੁੰਦਾ। ਮੈਂ ਆਪ ਇਸ ਦਾ ਸ਼ਿਕਾਰ ਹਾਂ। ਡਾ. ਗੋਗਨਾ ਵੀ। ਮੈਨੂੰ ਸਮਝ ਨ੍ਹੀਂ ਆਉਂਦੀ ਜਾਂ ਡਾ. ਗੋਗਨਾ ਨੂੰ ਜਾਣ ਬੁਝ ਕੇ ਸਾਵਰਕਰ ਦੀ ਪੁਸਤਕ 'ਦਾ ਇੰਡੀਅਨ ਵਾਰ ਆਫ਼ ਇੰਡੀਪੈਨਡੈਂਸ 1857' ਕਿਉਂ ਭੁੱਲ ਗਈ। ਇਸ ਪੁਸਤਕ ਨੇ ਹਿੰਦੂ ਮੁਸਲਮਾਨਾਂ 'ਚ ਵੰਡ ਦੀ ਸ਼ੁਰੂਆਤ ਕੀਤੀ ਸੀ।"

ਮੈਂ ਕਿਹਾ ਸੀ, "ਸੌਰੀ, ਮੈਂ ਭੁੱਲ ਗਿਆਂ। ਮੈਂ ਆਪਣੀ ਗੱਲ ਇਹਨਾਂ ਸ਼ਬਦਾਂ ਨਾਲ ਖਤਮ ਕਰਦਾ ਹਾਂ ਕਿ ਇਹ ਲੜਾਈ ਉੱਚ ਵਰਗ ਜਿਨ੍ਹਾਂ 'ਚ ਮਨਸਬਦਾਰ, ਜਾਗੀਰਦਾਰ, ਜਿਮੀਂਦਾਰ ਆਦਿ ਸਨ, ਦੀ ਸੀ। ਨਾ ਕਿ ਗਰੀਬ ਵਰਗ ਕਿਉਂਕਿ ਇਸ 'ਚ ਜੇ ਕਿਸੇ ਨੇ ਆਪਣੀ ਜਾਨ ਮਾਲ ਦਾ ਨੁਕਸਾਨ ਕਰਾਇਆ ਸੀ ਤਾਂ ਉਹ ਗਰੀਬ ਵਰਗ ਹੀ ਸੀ।"

ਡਾ. ਸਪੈਨਸਰ ਸਾਡੀਆਂ ਗੱਲਾਂ ਤੋਂ ਉਕਤਾ ਗਿਆ ਸੀ। ਏਸੇ ਲਈ ਉਸ ਨੇ ਉੱਠਦਿਆਂ ਹੋਇਆਂ ਕਿਹਾ ਸੀ, "ਹੁਣ ਸੌਂ ਜਾਉ। ਬਾਕੀ ਗੱਲਾਂ ਕੱਲ੍ਹ ਨੂੰ ਕਰਾਂਗੇ।"

ਡਾ. ਸਪੈਨਸਰ ਦੇ ਜਾਣ ਤੋਂ ਬਾਅਦ ਅਸੀਂ ਇੰਡੋ-ਪਾਕਿ ਦੋਸਤੀ ਦੇ ਨਾਂ ਦੇ ਜਾਮ ਟਕਰਾਏ ਸਨ।

ਮੈਂ ਜ਼ੋਰ ਦੇ ਕੇ ਕਿਹਾ ਸੀ, "ਸਾਨੂੰ ਇਹ ਗੱਲ ਮੰਨ ਕੇ ਚੱਲਣਾ ਚਾਹੀਦਾ ਆ ਕਿ ਵੰਡ ਨੂੰ ਭੁੱਲਣਾ ਮੁਸ਼ਕਲ ਆ। ਪਰ ਇਹਨੂੰ ਯਾਦ ਰੱਖਣਾ ਹੋਰ ਵੀ ਖਤਰਨਾਕ ਆ।"

ਪ੍ਰੋ. ਜਾਵੇਦ ਨੇ ਮੇਰੇ ਵੱਲ ਔਖ ਜਿਹੀ ਨਾਲ ਦੇਖਦਿਆਂ ਹੋਇਆਂ ਕਿਹਾ ਸੀ, "ਜਿਨ੍ਹਾਂ ਨਾਲ ਬੀਤੀ ਆ-ਉਨ੍ਹਾਂ ਨੂੰ ਪੁੱਛ ਕੇ ਦੇਖੋ। ਉਹ ਅਜੇ ਜਿਉਂਦੇ ਆ। ਉਨ੍ਹਾਂ ਕੋਲ ਆਪਣੀਆਂ ਯਾਦਾਂ ਨੇ। ਵੰਡ ਦੇ ਇਤਿਹਾਸ ਦੀਆਂ ਯਾਦਾਂ। ਪਿਛੇ ਰਹਿ ਗਏ ਆਪਣੇ ਘਰਾਂ



www.PunjabiLibrary.com

ਦੀਆਂ ਯਾਦਾਂ। ਉਨ੍ਹਾਂ ਦੇ ਕਿੱਸੇ ਕਹਾਣੀਆਂ ਸੁਣੋ। ਇਨ੍ਹਾਂ ਕਿੱਸੇ, ਕਹਾਣੀਆਂ ਨਾਲ ਬਹੁਤ ਕੁਝ ਜਾਣਿਆ ਜਾ ਸਕਦਾ।"

ਡਾ. ਕਲੇਰ ਨੇ ਉਹਨੂੰ ਪੁੱਛਿਆ ਸੀ, "ਵੰਡ ਦੇ ਕਿੱਸੇ, ਕਹਾਣੀਆਂ ਨੂੰ ਲੱਭਣਾ ਸਾਡੇ ਲਈ ਕਿੰਨਾ ਕੁ ਫਾਇਦੇਮੰਦ ਆ?"

ਪ੍ਰੋ. ਜਾਵੇਦ ਨੇ ਮੇਜ਼ 'ਤੇ ਮੁੱਕਾ ਮਾਰ ਕੇ ਕਿਹਾ ਸੀ, "ਬਹੁਤ ਹੀ ਮਹੱਤਵਪੂਰਨ ਆ। ਏਸ਼ੀਅਨ ਲੋਕਾਂ ਦੀ ਸਾਇਕੀ ਨੂੰ ਸਮਝਣ ਲਈ ਕਿੱਸੇ, ਕਹਾਣੀਆਂ ਦੀ ਬਹੁਤ ਅਹਿਮੀਅਤ ਆ। ਕਿਸੇ ਵੀ ਸ਼ਖ਼ਸ ਨੂੰ ਮਿਲ ਲਓ-ਉਹ ਆਪਣੀ ਆਪ ਬੀਤੀ ਸੁਣਾਉਣ ਲਈ ਕੋਈ ਕਹਾਣੀ ਅਵੱਸ਼ ਹੀ ਸੁਣਾਏਗਾ। ਇਸ ਤੋਂ ਬਿਨਾਂ ਉਹ ਆਪਣੀ ਗੱਲ ਦੱਸ ਹੀ ਨ੍ਹੀਂ ਸਕਦਾ। ਦੂਜੀ ਗੱਲ-ਮੇਰੇ ਦੋਸਤ, ਤੁਸੀਂ ਇਹ ਗੱਲ ਕਿਉਂ ਭੁੱਲ ਜਾਂਦੇ ਹੋ ਕਿ ਅਸੀਂ ਕਿੰਨਾ ਕੁਝ ਗੁਆਇਆ। ਜਦੋਂ ਰੇਸ਼ਮਾ ਪਹਿਲੀ ਵਾਰ ਇੰਡੀਆ ਗਈ ਸੀ ਤਾਂ ਉਹ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਨੂੰ ਮਿਲੀ ਸੀ। ਇੰਦਰਾ ਗਾਂਧੀ ਨੇ ਉਹਨੂੰ ਪੁੱਛਿਆ ਸੀ, "ਮੇਰੇ ਲਾਈਕ ਕੋਈ ਕੰਮ ਦੱਸ।" ਰੇਸ਼ਮਾ ਨੇ ਝੱਟ ਕਿਹਾ ਸੀ, "ਮੈਡਮ, ਤੁਸੀਂ ਆਹ ਬਾਰਡਰ ਖੋਲ੍ਹ ਦਿਓ। ਅਸੀਂ ਤਾਂ ਓਧਰ ਚਲੇ ਗਏ ਆਂ। ਪਰ ਸਾਡੇ ਪੀਰ-ਬਾਬੇ ਤਾਂ ਇਧਰ ਆ। ਫ਼ੌਜੀ ਸਾਨੂੰ ਉਹਨਾਂ ਦੀ ਮਜ਼ਾਰ ਤੇ ਜਾਣ ਨ੍ਹੀਂ ਦਿੰਦੇ। ਅਸੀਂ ਗਾਣਾ ਗਾਈਏ ਤੇ ਪੀਰ-ਬਾਬਿਆਂ ਨੂੰ ਨਾ ਸੁਣਾਈਏ ਤਾਂ ਗੌਣ ਦਾ ਕੀ ਫਾਇਦਾ।" ਕਿੱਡਾ ਵੱਡਾ ਸੱਚ ਕਿਹਾ ਸੀ ਰੇਸ਼ਮਾ ਨੇ।... ਸਾਡੀਆਂ ਯਾਦਾਂ ਤਾਂ ਇੰਡੀਆ 'ਚ ਹੀ ਆ। ਸਾਡੀਆਂ ਧਾਰਮਿਕ ਥਾਵਾਂ ਅਜਮੇਰ ਸ਼ਰੀਫ਼, ਬਿਹਾਰ ਸ਼ਰੀਫ਼, ਨਿਜਾਮੁਦੀਨ, ਦੁਨੀਆਂ 'ਚ ਮਸ਼ਹੂਰ ਇਮਾਰਤਾਂ ਤਾਜਮਹਲ, ਜਾਮਾ ਮਸਜਿਦ, ਲਾਲ ਕਿਲ੍ਹਾ, ਫਤਿਹਪੁਰ ਸੀਕਰੀ ਇੱਥੇ ਹੀ ਰਹਿ ਗਈਆਂ। ਅਸੀਂ ਇਹ ਸਭ ਕੁਝ ਗੁਆਇਆ ਹੈ। ਦੱਸੋ ਤੁਸੀਂ ਕੀ ਗੁਆਇਆ। ਸਾਡੇ ਆਪਣੇ ਖਾਨਦਾਨ ਦੀਆਂ ਕਬਰਾਂ ਇੰਡੀਆ 'ਚ ਆ। ਮੇਰੇ ਬਾਬਾ ਜੀ ਨੂੰ ਜਦੋਂ ਨੂਰਮਹਿਲ ਯਾਦ ਆਉਂਦਾ ਸੀ ਜਾਂ ਕੋਈ ਗੱਲ ਚੱਲਦੀ ਸੀ ਤਾਂ ਉਹ ਅਕਸਰ ਕਹਿੰਦੇ ਸੀ-ਸਾਡੇ ਦੇਸ਼ 'ਚ ਐਓਂ ਹੁੰਦਾ ਸੀ। ਅਸੀਂ ਆਪਣੇ ਦੇਸ਼ 'ਚ ਐਓਂ ਕਰਦੇ ਸੀ। ਉਨ੍ਹਾਂ ਕਦੇ ਇੰਡੀਆ ਦਾ ਨਾਂ ਨ੍ਹੀਂ ਲਿਆ ਸੀ। ਕਦੇ ਪਾਕਿਸਤਾਨ ਦਾ ਨਾਂ ਨ੍ਹੀਂ ਲਿਆ ਸੀ। ਉਨ੍ਹਾਂ ਦੀਆਂ ਸਮਰਿਤੀਆਂ 'ਚ ਤਾਂ ਉਨ੍ਹਾਂ ਦੀ ਜੰਮਣ ਭੌਂ ਵਸੀ ਸੀ। ਇਹਦਾ ਧਰਮ ਨਾਲ ਕੋਈ ਸੰਬੰਧ ਨ੍ਹੀਂ ਸੀ। ਇਕ ਗੱਲ ਹੋਰ ਦੇਖਣ ਵਾਲੀ ਆ ਕਿ ਵੰਡ ਦੀਆਂ ਖ਼ਾਮੋਸ਼ੀਆਂ ਕਈ ਤਰ੍ਹਾਂ ਦੀਆਂ ਨੇ। ਦੇਖੋ ਸਿਤਮ ਦੀ ਗੱਲ-ਵੰਡ ਵੇਲੇ ਨਾਲ ਸੰਬੰਧਤ ਕੋਈ ਸਮਾਰਕ ਨ੍ਹੀਂ ਬਣਿਆ। ਦੋਸਤੋ-ਸਾਡਾ ਇਕੋ ਕਲਚਰ ਆ। ਪੰਜਾਬੀ ਕਲਚਰ। ਕੋਈ ਤਾਂ ਕੰਮ ਕਰੋ। ਐਵੇਂ ਚੁੱਪ ਬੈਠ ਕੇ ਕੁਸ਼ ਨ੍ਹੀਂ ਹੋਣਾ। ਘੱਟੋ ਘੱਟ ਮੇਰੇ ਪਰਿਵਾਰ ਦੇ ਬੱਚਿਆਂ ਨੂੰ ਹੀ ਲੱਭਣ 'ਚ ਮੇਰੀ ਮੱਦਦ ਕਰੋ। ਸ਼ਾਇਦ ਉਨ੍ਹਾਂ 'ਚੋਂ ਕੋਈ ਜਿਊਂਦਾ ਹੋਵੇ।"

ਡਾ. ਕਲੇਰ ਨੇ ਪੁੱਛਿਆ ਸੀ, "ਤੁਸੀਂ ਨਿੱਜ ਬਾਰੇ ਕਿਉਂ ਸੋਚਦੇ ਹੋ?"

ਪ੍ਰੋ. ਜਾਵੇਦ ਦਾ ਜੁਆਬ ਸੀ, "ਨਿੱਜ ਤੋਂ ਹੀ ਗੱਲ ਅਗਾਂਹ ਤੁਰਦੀ ਹੁੰਦੀ ਆ। ਸ਼ਾਇਦ ਇਹਦੇ ਨਾਲ ਕਈ ਹੋਰ ਬੱਚਿਆਂ ਦਾ ਪਤਾ ਲੱਗ ਜਾਵੇ।"

****

ਮੈਂ ਕੈਮਰਾਮੈਨ ਨੂੰ ਤਾਇਆ ਜੀ ਬਾਰੇ ਦੱਸਿਆ ਸੀ, "ਇਹ ਮੇਰੇ ਤਾਇਆ ਜੀ



ਨੇ। ਮੇਰੇ ਭਾਪਾ ਜੀ ਨਾਲ ਨੂਰਮਹਿਲ 'ਜਗਦੰਬੇ ਜਿਊਲਰਜ਼' 'ਚ ਕੰਮ ਕਰਦੇ ਹੁੰਦੇ ਸੀ। ਇਨ੍ਹਾਂ ਦਾ ਪਿੰਡ ਨਵਾਂ ਪਿੰਡ ਸ਼ੌਂਕੀਆ ਆ। ਸਾਰਾ ਪਰਿਵਾਰ ਅਮਰੀਕਾ ਤੇ ਕਨੈਡਾ ਬੈਠਾ। ਇਹ ਪਿੱਛੇ ਇਕੱਲੇ ਨੇ। ਕਈ ਵਾਰ ਵੀਜ਼ੇ ਲਈ ਅਪਲਾਈ ਕੀਤਾ ਸੀ ਪਰ ਨਰੇਂਦਰ ਮੋਦੀ ਵਾਂਗ ਅੰਗਰੇਜ਼ਾਂ ਨੇ ਇਨ੍ਹਾਂ ਦੇ ਪਾਸਪੋਰਟ 'ਤੇ ਹਮੇਸ਼ਾ ਰੀਫਿਊਜ਼ ਦੀ ਸਟੈਂਪ ਲਾ ਦਿੱਤੀ...।"

ਉਨ੍ਹਾਂ ਨੇ ਵਿਚਕਾਰੋਂ ਹੀ ਟੋਕ ਕੇ ਕਿਹਾ ਸੀ, "ਹੁਣ ਬੱਸ ਵੀ ਕਰ। ਪਹਿਲਾਂ ਪੈੱਗ ਪਾ। ਮੈਨੂੰ ਫਿਲਮ ਦੇਖਣ ਦੇ।"

ਮੈਨੂੰ ਉਨ੍ਹਾਂ ਦੇ ਪੈੱਗ ਦਾ ਅੰਦਾਜ਼ਾ ਸੀ। ਫੇਰ ਵੀ ਮੈਂ ਪੜ੍ਹਿਆਂ-ਲਿਖਿਆਂ ਵਾਲਾ ਪੈੱਗ ਪਾਇਆ ਸੀ। ਉਨ੍ਹਾਂ ਨੇ ਆਪਣੀਆਂ ਨਜ਼ਰਾਂ ਟੀਵੀ ਦੀ ਸਕਰੀਨ 'ਤੇ ਹੀ ਟਿਕਾਈ ਰੱਖੀਆਂ ਸਨ। ਇਕੋ ਸਾਹ 'ਚ ਗਿਲਾਸ ਖਾਲੀ ਕਰ ਦਿੱਤਾ ਸੀ। ਉਨ੍ਹਾਂ ਕਿਸੇ ਵੱਲ ਦੇਖਿਆ ਨਹੀਂ ਸੀ।

ਮੈਂ ਉਨ੍ਹਾਂ ਦੇ ਕੰਨ ਕੋਲ ਆਪਣਾ ਮੂੰਹ ਲਿਜਾ ਕੇ ਆਪਣੇ ਦੋਸਤਾਂ ਬਾਰੇ ਦੱਸਿਆ ਸੀ। ਮੈਂ ਕੁਝ ਪੁੱਛਣ ਹੀ ਲੱਗਾ ਸੀ ਕਿ ਉਨ੍ਹਾਂ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਸੀ।

ਪ੍ਰੋ. ਜਾਵੇਦ ਨੇ ਅਜੈ ਭਾਰਦਵਾਜ ਦੀ ਫਿਲਮ 'ਰੱਬਾ ਹੁਣ ਕੀ ਕਰੀਏ' ਉਥੋਂ ਲਾਈ ਸੀ ਜਿੱਥੇ ਮਾਲੇਰਕੋਟਲੇ ਲਾਗਲੇ ਪਿੰਡ ਦੇ ਇਕ ਅਪਟੂਡੇਟ ਸਰਦਾਰ ਨੇ ਦੱਸਣਾ ਸ਼ੁਰੂ ਕਰ ਕੀਤਾ ਸੀ....."ਉਨ੍ਹੀਂ ਦਿਨੀਂ ਮੈਂ ਇੱਥੇ ਖੜ੍ਹਾ ਹੁੰਦਾ ਸੀ। ਔਹ ਸਾਹਮਣਿਉਂ ਮੈਂ ਮੁਸਲਮਾਨਾਂ ਦੇ ਪਰਿਵਾਰਾਂ ਨੂੰ ਟੋਲੀਆਂ 'ਚ ਤੇ ਇਕੱਲੇ-ਇਕੱਲੇ ਵੀ ਜਾਂਦਿਆਂ ਦੇਖਿਆ ਸੀ। ਇਕ ਦਿਨ ਇਕ ਔਰਤ ਜਾ ਰਹੀ ਸੀ। ਉਸ ਦੇ ਸਿਰ 'ਤੇ ਟਰੰਕ ਰੱਖਿਆ ਸੀ। ਕੁਛੜ ਬੱਚਾ ਚੁੱਕਿਆ ਸੀ। ਸਾਡੇ ਪਿੰਡ ਦਾ ਜਮਨਾ ਉਸ ਮਗਰ ਦੌੜਿਆ ਸੀ। ਜਦੋਂ ਜਮਨਾ ਔਰਤ ਦੇ ਨੇੜੇ ਪਹੁੰਚ ਗਿਆ ਤਾਂ ਉਸ ਔਰਤ ਨੇ ਟਰੰਕ ਸੁੱਟ ਦਿੱਤਾ ਸੀ। ਉਹ ਸਨਤੋੜ ਦੌੜੀ ਸੀ। ਜਮਨੇ ਨੂੰ ਪਿਛਾ ਕਰਦਿਆਂ ਦੇਖ ਕੇ ਔਰਤ ਨੇ ਆਪਣਾ ਬੱਚਾ ਵੀ ਸੁੱਟ ਦਿੱਤਾ ਸੀ। ਜਮਨੇ ਨੇ ਪਹਿਲਾਂ ਬੱਚਾ ਚੁੱਕਿਆ ਸੀ। ਫੇਰ ਟਰੰਕ। ਪਿੰਡ ਕੋਲ ਆ ਕੇ ਉਸ ਬੱਚੇ ਨੂੰ ਲੱਤਾਂ ਤੋਂ ਫੜ ਕੇ, ਘੁੰਮਾ ਕੇ ਉਸ ਦਾ ਸਿਰ ਟਾਹਲੀ 'ਚ ਮਾਰਿਆ ਸੀ। ਪਿੰਡ ਵਾਲਿਆਂ ਨੇ ਇਹਨੂੰ ਪੁੰਨ ਵਾਲਾ ਕੰਮ ਕਿਹਾ ਸੀ। ਜਮਨੇ ਨੂੰ ਦੁੱਧ ਪਿਲਾਇਆ ਸੀ। ਫੇਰ ਮੈਂ ਇਸੇ ਜਮਨੇ ਨੂੰ ਪਿਛਲੀ ਉਮਰੇ ਕੁੱਤੇ ਦੀ ਮੌਤੇ ਮਰਦਿਆਂ ਦੇਖਿਆ ਸੀ। ਉਸ ਦੇ ਸਿਰ 'ਚ ਕੀੜੇ ਪੈ ਗਏ ਸਨ।"

ਤਾਇਆ ਜੀ ਦੇ ਕਹਿਣ 'ਤੇ ਪ੍ਰੋ. ਜਾਵੇਦ ਨੇ ਦੋ ਵਾਰੀ ਰੀਵਾਇੰਡ ਕਰਕੇ ਫਿਲਮ ਚਲਾਈ ਸੀ।

ਡਾ. ਕਲੇਰ ਨੇ ਰਿਮੋਟ ਕੰਟਰੋਲ ਨਾਲ ਆਵਾਜ਼ ਉੱਚੀ ਕਰ ਦਿੱਤੀ ਸੀ।

ਤਾਇਆ ਜੀ ਉੱਠ ਕੇ ਖੜ ਗਏ ਸਨ। ਜਿਵੇਂ ਉਨ੍ਹਾਂ ਦੇ ਪੈਰਾਂ ਹੇਠ ਕਿਸੇ ਨੇ ਅੱਗ ਦੇ ਅੰਗਾਰੇ ਰੱਖ ਦਿੱਤੇ ਹੋਣ। ਉਨ੍ਹਾਂ ਦੋਵੇਂ ਹੱਥ ਜੋੜ ਕੇ ਉਤਾਂਹ ਨੂੰ ਦੇਖਿਆ ਸੀ ਤੇ ਮਰੀ ਜਿਹੀ ਆਵਾਜ਼ 'ਚ ਕਿਹਾ ਸੀ, "ਹੇ ਰੱਬਾ, ਇਹ ਤੂੰ ਕੀ-ਕੀ ਰੰਗ ਦਿਖਾਏ ਸੀ।"

ਉਨ੍ਹਾਂ ਦਾ ਸਰੀਰ, ਭਿੱਜੀ ਹੋਈ ਬਕਰੀ ਵਾਂਗ ਕੰਬਿਆ ਸੀ। ਉਨ੍ਹਾਂ ਸਾਡੇ ਵੱਲ ਉਪਰਿਆਂ ਵਾਂਗ ਦੇਖਿਆ ਸੀ। ਮੈਨੂੰ ਲੱਗਾ ਸੀ ਕਿ ਜ਼ਿਆਦਾ ਉਮਰ ਹੋਣ ਕਰੇ ਉਹ ਕਮਜ਼ੋਰ



www.PunjabiLibrary.com

ਹੋ ਗਏ ਸਨ। ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਸੀ ਕਿ ਮੈਨੂੰ ਇੰਨੀ ਛੇਤੀ ਅਜਿਹੀ ਭਾਵੁਕ ਕਿਸਮ ਦੀ ਫਿਲਮ ਨਹੀਂ ਦਿਖਾਉਣੀ ਚਾਹੀਦੀ ਸੀ।

ਉਨ੍ਹਾਂ ਕਿਹਾ ਸੀ, "ਪੁੱਤ–ਮੈਨੂੰ ਪਿੰਡ ਛੱਡ ਆ। ਮੈਨੂੰ ਦਿਸਣੋਂ ਹੱਟਦਾ ਜਾਂਦਾ।"

ਉਨ੍ਹਾਂ ਨੂੰ ਨੌਰਮਲ ਕਰਨ ਲਈ ਮੈਂ ਇਕ ਹੋਰ ਪੈੱਗ ਪਾ ਕੇ ਦਿੱਤਾ ਸੀ। ਉਨ੍ਹਾਂ ਨੀਵੀਂ ਪਾਈ ਹੀ ਗਿਲਾਸ ਖਾਲੀ ਕਰਕੇ ਮੇਰੇ ਵੱਲ ਨੂੰ ਕਰ ਦਿੱਤਾ ਸੀ। ਕਿਹਾ ਸੀ, "ਮੇਰਾ ਗਿਲਾਸ ਭਰ ਦੇ।"

ਡਾ. ਕਲੇਰ ਨੇ ਮੈਨੂੰ ਇਸ਼ਾਰਾ ਕੀਤਾ ਸੀ ਕਿ ਮੈਂ ਉਨ੍ਹਾਂ ਨੂੰ ਹੋਰ ਪੈੱਗ ਨਾ ਦਵਾਂ। ਵਿਸਕੀ ਤੇਜ਼ ਸੀ। ਇਹ ਨੇ ਤਾਇਆ ਜੀ ਦੇ ਪੈਰ ਚੁੱਕ ਦੇਣੇ ਸਨ। ਫੇਰ ਉਹ ਬੋਲਣ ਜੋਗੇ ਨਹੀਂ ਰਹਿਣੇ ਸਨ।

ਪ੍ਰੋ. ਜਾਵੇਦ ਨੇ ਮੇਰੇ ਹੱਥੋਂ ਬੋਤਲ ਫੜ ਲਈ ਸੀ ਤੇ ਗਿਲਾਸ ਭਰ ਕੇ ਤਾਇਆ ਜੀ ਨੂੰ ਫੜਾ ਦਿੱਤਾ ਸੀ।

ਤਾਇਆ ਜੀ ਚੁੱਪ ਸਨ।

ਸਾਨੂੰ ਉਨ੍ਹਾਂ ਦੀ ਚੁੱਪ ਅੱਖਰੀ ਸੀ।

ਮੈਂ ਉਨ੍ਹਾਂ ਨੂੰ ਗੱਲੀਂ ਲਾਉਣ ਲਈ ਆਪਣੇ ਭਾਪਾ ਦੀ ਜੀਆਂ ਗੱਲਾਂ ਛੇੜ ਲਈਆਂ ਸਨ। ਉਹ ਭਾਪਾ ਜੀ ਦੇ ਹਮਉਮਰ ਸਨ। ਉਨ੍ਹਾਂ ਦੋਹਾਂ ਨੇ ਇਕੋ ਹੀ ਦੁਕਾਨ 'ਤੇ ਚਾਲੀ ਸਾਲ ਕੰਮ ਕੀਤਾ ਸੀ। ਸਾਡੇ ਪਰਿਵਾਰਾਂ ਦਾ ਆਪਸ 'ਚ ਆਉਣ ਜਾਣ ਸੀ। ਬਹੁਤ ਹੀ ਜ਼ਿਆਦਾ। ਭਾਵੇਂ ਉਹ ਭਾਪਾ ਜੀ ਤੋਂ ਉਮਰ 'ਚ ਵੱਡੇ ਸਨ ਪਰ ਉਹ ਭਾਪਾ ਜੀ ਨੂੰ ਆਪਣਾ ਗੁਰੂ ਮੰਨਦੇ ਸਨ ਕਿਉਂਜੁ ਉਨ੍ਹਾਂ ਭਾਪਾ ਜੀ ਕੋਲੋਂ ਸੁਨਿਆਰਾ ਕੰਮ ਸਿਖਿਆ ਸੀ। ਇਕ ਵਾਰ, ਜਦੋਂ ਮੋਰਾਰਜੀ ਦੇਸਾਈ ਨੇ ਨਵੀਂ ਗੋਲਡ ਪਾਲਿਸੀ ਲਾਗੂ ਕੀਤੀ ਸੀ ਤਾਂ ਸਰਾਫਾਂ ਦੇ ਕੰਮ ਬੰਦ ਹੋਣ ਦੇ ਕਿਨਾਰੇ ਪਹੁੰਚ ਗਏ ਸਨ। ਫੜੋ–ਫੜਾਈ ਚੱਲ ਰਹੀ ਸੀ। ਉਨ੍ਹੀਂ ਦਿਨ੍ਹੀਂ 'ਜਗਦੰਬੇ ਜਿਊਲਰਜ਼' ਨੇ ਆਪਣੀ ਦੁਕਾਨ ਨੂਰਮਹਿਲ ਤੋਂ ਬਦਲ ਕੇ ਤਾਇਆ ਜੀ ਦੇ ਪਿੰਡ ਲੈ ਆਂਦੀ ਸੀ। ਸਾਰੇ ਕਾਰੀਗਰ ਇੱਥੇ ਆ ਗਏ ਸਨ। ਦੋ ਸਾਲ ਤਾਇਆ ਜੀ ਦੇ ਚੁਬਾਰੇ 'ਚ ਟੂੰਬਾਂ ਬਣਾਉਣ ਦਾ ਕੰਮ ਚਲਾਇਆ ਸੀ। ਇਨ੍ਹਾਂ ਦਿਨ੍ਹਾਂ 'ਚ ਉਨ੍ਹਾਂ ਤੇ ਭਾਪਾ ਜੀ ਵਿਚਕਾਰ ਰਿਸ਼ਤੇ ਹੋਰ ਗੂੜੇ ਹੋ ਗਏ ਸਨ। ਭਾਪਾ ਜੀ ਰਾਤ ਨੂੰ ਵੀ ਉਥੇ ਹੀ ਰੁਕ ਜਾਂਦੇ ਸਨ। ਹੁਣ ਭਾਵੇਂ ਭਾਪਾ ਜੀ ਇਸ ਦੁਨੀਆਂ 'ਚ ਨਹੀਂ ਰਹੇ ਸਨ ਪਰ ਤਾਇਆ ਜੀ ਜਦੋਂ ਵੀ ਨੂਰਮਹਿਲ ਆਉਂਦੇ, ਸਾਡੇ ਘਰ ਅਵੱਸ਼ ਗੇੜਾ ਮਾਰਦੇ ਸਨ। ਸਾਡੇ ਦੁੱਖਾਂ–ਸੁੱਖਾਂ 'ਚ ਸ਼ਾਮਿਲ ਹੁੰਦੇ ਸਨ।

ਪ੍ਰੋ. ਜਾਵੇਦ ਨੇ ਉਨ੍ਹਾਂ ਨੂੰ ਛੇੜਣ ਲਈ ਮੈਨੂੰ ਇਸ਼ਾਰਾ ਕੀਤਾ ਸੀ।

ਉਨ੍ਹਾਂ ਦੇ ਚਿਹਰੇ 'ਤੇ ਅਜੀਬ ਤਰ੍ਹਾਂ ਦੀ ਘਬਰਾਹਟ, ਦੁੱਖ ਤੇ ਖ਼ਾਮੋਸ਼ੀ ਦੇ ਭਾਵ ਸਨ। ਉਨ੍ਹਾਂ ਨੇ ਮੇਰੇ ਵੱਲ ਮੂੰਹ ਘੁੰਮਾ ਕੇ ਪੁੱਛਿਆ ਸੀ, "ਪੁੱਤ, ਕਦੋਂ ਆਇਆਂ ਸਪੇਨ ਤੋਂ ?"

"ਪੰਜ ਦਿਨ ਪਹਿਲਾਂ। ਮੈਂ ਤੁਹਾਨੂੰ ਦੱਸਿਆ ਤਾਂ ਸੀ।"

"ਮੈਨੂੰ ਚੇਤਾ ਭੁੱਲ ਗਿਆ। ਕਦੋਂ ਵਾਪਸ ਜਾਣਾ ?"



"ਤਿੰਨ ਹਫਤਿਆਂ ਬਾਅਦ।"

"ਮੈਨੂੰ ਕਾਸ ਲਈ ਸੱਦਿਆ ਸੀ ?"

"ਤੁਸੀਂ ਮੇਰੇ ਤਾਇਆ ਜੀ ਹੋ। ਮੈਂ ਤੁਹਾਨੂੰ ਕਿਉਂ ਨ੍ਹੀਂ ਸੱਦ ਸਕਦਾ।" ਮੈਂ ਇਕ ਵਾਰ ਫੇਰ ਉਨ੍ਹਾਂ ਦੇ ਗੋਢੀਂ ਹੱਥ ਲਾਇਆ ਸੀ। ਅੱਗੋਂ ਉਨ੍ਹਾਂ ਮੈਨੂੰ ਜੱਫੀ ਪਾ ਲਈ ਸੀ।

"ਬਾਰਾਂ ਬੱਚਿਆਂ ਵਾਲੀ ਉਹ ਕਹਾਣੀ ਸੁਣਾਉ–ਜਿਹੜੀ ਤੁਸੀਂ ਭਾਪਾ ਜੀ ਨਾਲ ਸ਼ਰਾਬ ਪੀਂਦਿਆਂ ਹੋਇਆਂ ਇਕ ਵਾਰ ਸੁਣਾਈ ਸੀ।"

"ਪਹਿਲਾਂ–ਮੈਨੂੰ ਇਕ ਹੋਰ ਪੈੱਗ ਪਾ ਕੇ ਦੇ। ਗਿਲਾਸ ਭਰ ਦੇ। ਨਕੋ–ਨੀਕ। ਮੈਂ ਸੱਚ ਬੋਲਣ ਜੋਗਾ ਤਾਂ ਹੋ ਜਾਵਾਂ..... । ਪੁੱਤ ਆਹ ਫਿਲਮ ਦੀ ਕਹਾਣੀ ਤਾਂ ਕੁਸ਼ ਵੀ ਨ੍ਹੀਂ। ਮੈਂ ਇਸ ਤੋਂ ਵੱਡਾ ਪਾਪ ਹੁੰਦਾ ਆਪਣੀ ਅੱਖੀਂ ਦੇਖਿਆ ਸੀ। ਪਾਪ। ਅਨਰਥ। ਆਹ ਦੇਖ ਮੇਰਾ ਜ਼ਖ਼ਮ। ਪਿਛਲੇ ਤੀਹ ਸਾਲਾਂ ਤੋਂ ਇਸ ਨੂੰ ਰੱਤੀ ਭਰ ਵੀ ਮੋੜ ਨ੍ਹੀਂ ਪਿਆ। ਮੈਂ ਦੇਸੀ ਦਵਾ–ਦਾਰੂ ਬਥੇਰੀ ਕੀਤੀ। ਅੰਗਰੇਜ਼ੀ ਇਲਾਜ ਵੀ ਕਰਵਾਇਆ। ਮੁੰਡਿਆਂ ਨੇ ਲੱਖਾਂ ਰੁਪਏ ਖਰਚ ਦਿੱਤੇ। ਜੋਕਾਂ ਲਵਾਈਆਂ ਪਰ ਆਹ ਬਾਰ੍ਹਾਂ ਜ਼ਖ਼ਮ ਨ੍ਹੀਂ ਭਰੇ। ਇਹ ਭਰਨੇ ਵੀ ਨ੍ਹੀਂ। ਇਕ ਵਾਰ ਇਸ 'ਚ ਕੀੜੇ ਪੈ ਗਏ ਸੀ। ਮੈਂ ਤਿੰਨ ਦਿਨ ਉਨ੍ਹਾਂ ਨੂੰ ਕੁਸ਼ ਨ੍ਹੀਂ ਕਿਹਾ ਸੀ। ...ਮਰੇ ਬੱਚੇ ਮੈਨੂੰ ਦਿੱਸਦੇ ਸਨ। ਚੌਥੇ ਦਿਨ, ਜਦੋਂ ਦਰਦ ਨਾਲ ਮੈਂ ਬੇਹੋਸ਼ ਹੋਣ ਵਾਲਾ ਸੀ ਤਾਂ ਤੇਰੀ ਤਾਈ ਨੇ ਫਿਨਾਇਲ ਦੇ ਤੇਲ ਦਾ ਤੂੰਬਾ ਅਗਾਂਹ ਨੂੰ ਕਰਕੇ ਧੱਕਿਆ ਸੀ।...ਮੈਂ ਆਪਣੇ ਕੀਤੇ ਦੀ ਸਜ਼ਾ ਭੁਗਤ ਰਿਹਾਂ। ਅਜੇ ਹੋਰ ਪਤਾ ਨ੍ਹੀਂ ਕਿੰਨੀ ਕੁ ਭੁਗਤਣੀ ਆ...।"

ਪ੍ਰੋ. ਜਾਵੇਦ, ਡਾ. ਕਲੇਰ ਤੇ ਕੈਮਰਾਮੈਨ ਕਦੇ ਮੇਰੇ ਮੂੰਹ ਵੱਲ ਤੇ ਕਦੇ ਤਾਇਆ ਜੀ ਦੇ ਮੂੰਹ ਵੱਲ ਦੇਖ ਰਹੇ ਸਨ।

ਮੈਂ ਉਨ੍ਹਾਂ ਨੂੰ ਛੇੜਿਆ ਸੀ, "ਵਿਚਕਾਰਲੀ ਗੱਲ ਤਾਂ ਦੱਸੋ।"

ਉਨ੍ਹਾਂ ਨੇ ਕਿਹਾ ਸੀ, "ਪੁੱਤ ਸੱਚ ਦੱਸਣਾ ਬਹੁਤ ਔਖਾ ਹੁੰਦਾ। ਬਹੁਤ ਸਾਰੇ ਸੱਚ ਤਾਂ ਬੰਦੇ ਦੇ ਨਾਲ ਹੀ ਮਰ ਜਾਂਦੇ ਆ। ਉਹ ਐਨੇ ਭੈੜੇ ਕੰਮ ਕਰਦਾ ਆ ਕਿ ਕਿਸੇ ਨੂੰ ਦੱਸ ਹੀ ਨ੍ਹੀਂ ਸਕਦਾ। ਮੇਰਾ ਅੱਖੀਂ ਦੇਖਿਆ ਸੱਚ ਵੀ ਐਦਾਂ ਦਾ ਸੀ। ਦੱਸਣ ਨੂੰ ਮੇਰਾ ਹੌਂਸਲਾ ਨ੍ਹੀਂ ਪੈਂਦਾ। ਪਹਿਲਾਂ ਇਕ ਹੋਰ ਪੈੱਗ ਪਾ।"

ਮੈਂ ਵਿਸਕੀ ਦਾ ਗਿਲਾਸ ਭਰ ਦਿੱਤਾ ਸੀ ਤੇ ਐਲ. ਸੀ.ਡੀ. ਦੀ ਆਵਾਜ਼ ਨਾ–ਮਾਤਰ ਕਰ ਦਿੱਤੀ ਸੀ।

ਉਨ੍ਹਾਂ ਦੱਸਿਆ ਸੀ, "ਰੌਲੇ ਪਏ ਤਾਂ ਆਲੇ ਦੁਆਲੇ ਦੇ ਪਿੰਡਾਂ 'ਚ ਲੁੱਟ–ਮਾਰ ਸ਼ੁਰੂ ਹੋ ਗਈ ਸੀ। ਨੂਰਮਹਿਲ ਬਹੁਤ ਸਾਰੇ ਮੁਸਲਮਾਨ ਰਹਿੰਦੇ ਸੀ। ਤਕੜੇ ਰਾਤੋਂ ਰਾਤ ਨਿਕਲ ਗਏ ਸੀ। ਗਰੀਬ–ਮਹਾਤੜ ਫਸ ਗਏ ਸੀ। ਮੈਂ, ਸੁਰਜਨ ਤੇ ਕਰਤਾਰਾ ਲੁੱਟਣ ਲਈ ਨੂਰਮਹਿਲ ਗਏ ਸੀ। ਅਸੀਂ ਕਈ ਘਰਾਂ 'ਚੋਂ ਚੀਜ਼ਾਂ ਇਕੱਠੀਆਂ ਕਰ ਲਈਆਂ ਸਨ। ਫੇਰ ਸਾਡੇ ਨਾਲ ਜੋਗਾ ਵੀ ਆ ਰਲਿਆ ਸੀ। ਉਸ ਦਾ ਘਰ ਬਿਲਗੇ ਨੂੰ ਜਾਂਦੇ ਰਾਹ ਵਾਲੇ ਪਾਸੇ ਪੈਂਦਾ ਆ। ਅਸੀਂ ਇਕ ਘਰ 'ਚ ਵੜੇ ਤਾਂ ਉਥੇ ਇਕ ਬੰਦ ਕਮਰੇ 'ਚ ਕਈ ਨਿਆਣੇ ਸਨ। ਦੋ ਤੋਂ ਲੈ ਕੇ ਅੱਠ ਸਾਲਾਂ ਦੀ ਉਮਰ ਦੇ। ਉਹ ਸਹਿਮੇ ਤੇ ਡਰੇ ਹੋਏ ਸਨ। ਉਹ 'ਅੰਮਾ ਕਿੱਥੇ ਆ। ਅੰਮਾ ਕਿਥੇ ਆ।' ਪੁੱਛ ਰਹੇ ਸੀ। ਅਸੀਂ ਸੋਚੀਂ ਪੈ ਗਏ ਕਿ ਇਨ੍ਹਾਂ ਦਾ ਕੀ ਕਰੀਏ। ਘਰ



www.PunjabiLibrary.com

’ਚ ਕੋਈ ਸਿਆਣਾ ਨ੍ਹੀਂ ਸੀ। ਘਰ ਚੀਜ਼ਾਂ ਨਾਲ ਭਰਿਆ ਪਿਆ ਸੀ। ਸਾਨੂੰ ਪਤਾ ਨਾ ਲੱਗੇ ਕਿ ਅਸੀਂ ਇੱਥੋਂ ਕੀ-ਕੀ ਚੁੱਕੀਏ। ਅਸੀਂ ਜੱਕੋ-ਤੱਕੀ ਕਰਦੇ ਬਾਹਰ ਵੀਹੀ ’ਚ ਆ ਕੇ ਖੜ੍ਹ ਗਏ ਸੀ। ਪੰਜ-ਸੱਤ ਮਿੰਟਾਂ ਬਾਅਦ ਸਾਨੂੰ ਪੰਡਤ ਬਿਸ਼ਨ ਦਾਸ ਆਉਂਦਾ ਦਿੱਸਿਆ ਸੀ। ਉਹ ਨੇੜੇ ਆਇਆ ਤਾਂ ਸੁਰਜਨ ਨੇ ਉਹਨੂੰ ਬੱਚਿਆਂ ਬਾਰੇ ਦੱਸਿਆ ਸੀ। ਉਹਨੇ ਸਾਨੂੰ ਕਿਹਾ ਕਿ ਅਸੀਂ ਉਨ੍ਹਾਂ ਬੱਚਿਆਂ ਦਾ ਅਰਦਾਸਾ ਸੋਧ ਦਈਏ। ਸਪੋਲੀਆਂ ਨੂੰ ਜੀਉਂਦਾ ਨ੍ਹੀਂ ਰੱਖਣਾ ਚਾਹੀਦਾ। ਉਹਨੇ ਇਸ ਕੰਮ ਲਈ ਮੈਨੂੰ ਦਸ ਰੁਪਏ ਫੜਾਏ ਸੀ। ਅਸੀਂ ਨਾਂਹ-ਨਾਂਹ ਕਰੀ ਗਏ ਸੀ। ਸਾਡੇ ’ਚੋਂ ਕਿਸੇ ਦਾ ਵੀ ਉਨ੍ਹਾਂ ਨੂੰ ਮਾਰਣ ਦਾ ਹੀਆ ਨਹੀਂ ਪੈਂਦਾ ਸੀ। ਬਿਸ਼ਨ ਦਾਸ ਨੇ ਮੁਸਲਮਾਨਾਂ ਵੱਲੋਂ ਹਿੰਦੂਆਂ ਤੇ ਸਿੱਖਾਂ ਦੇ ਕਤਲੇਆਮ ਦੀਆਂ ਅਨੇਕਾਂ ਘਟਨਾਵਾਂ ਸੁਣਾਈਆਂ ਸੀ। ਉਦੋਂ ਹੀ ਜਵਾਲਾ ਸਿੰਘ ਵੀ ਆ ਗਿਆ ਸੀ। ਉਹਨੇ ਸਾਨੂੰ ਹੱਲਾ-ਸ਼ੇਰੀ ਦਿੱਤੀ ਸੀ। ਅਸੀਂ ਤਿੰਨਾਂ ਨੇ ਬੱਚਿਆਂ ਨੂੰ ਭੇਡ ਬਕਰੀਆਂ ਵਾਂਗ ਹੱਕ ਲਿਆ ਸੀ। ਸ਼ਹਿਰੋਂ ਬਾਹਰ ਨਕੋਦਰ ਵਾਲੇ ਪਾਸੇ ਆਬੇ ਕੋਲ ਲੈ ਆਏ ਸੀ। ਜਵਾਲੇ ਤੇ ਜੋਗੇ ਨੇ ਵੱਡਾ ਸਾਰਾ ਟੋਆ ਪੁੱਟਿਆ ਸੀ। ਅਸੀਂ ਇਕ-ਇਕ ਕਰਕੇ ਬੱਚਿਆਂ ਨੂੰ ਟੋਏ ’ਚ ਸੁੱਟਿਆ ਸੀ। ਮੈਂ ਗਿਣਤੀ ਕੀਤੀ ਸੀ। ਬਾਰਾਂ ਬੱਚੇ ਸੀ। ਬੱਚਿਆਂ ਨੇ ਚੀਕਾਂ ਮਾਰੀਆਂ ਸੀ। ਮੈਂ ਕੰਨਾਂ ’ਚ ਉਂਗਲਾਂ ਲੈ ਲਈਆਂ ਸੀ। ਅੱਖਾਂ ਬੰਦ ਕਰ ਲਈਆਂ ਸੀ। ਮੈਨੂੰ ਤਾਂ ਕੰਬਣੀ ਛਿੜ ਗਈ ਸੀ। ਜਵਾਲੇ ਤੇ ਜੋਗੇ ਨੇ ਜਿਉਂਦਿਆਂ ਬੱਚਿਆਂ ਨੂੰ ਦਫਨ ਕਰ ਦਿੱਤਾ ਸੀ। ਮੈਂ ਤਾਂ ਦਸ ਰੁਪਏ ਸੁੱਟ ਕੇ ਸਨਤੋੜ ਪਿੰਡ ਨੂੰ ਦੌੜ ਆਇਆ ਸੀ।” ਉਹਨਾਂ ਅੱਖਾਂ ਬੰਦ ਕਰ ਲਈਆਂ ਸਨ। ਮੂੰਹ ’ਚ ਕਿੰਨਾ ਚਿਰ ਬੁੜਬੁੜਾਏ ਸੀ ਤੇ ਫੇਰ, ਜਿਵੇਂ ਆਪਣੀ ਗੁਆਚੀ ਹੋਈ ਤਾਕਤ ਇਕੱਠੀ ਕਰ ਰਹੇ ਹੋਣ, ਉਵੇਂ ਜਿਹਾ ਕੀਤਾ ਸੀ। ਉਹ ਪਹਿਲਾਂ ਨਾਲੋਂ ਉੱਚੀ ਆਵਾਜ਼ ’ਚ ਬੋਲੇ ਸੀ, “ਮੈਂ ਆਪਣੇ ਜਿਉਂਦਿਆਂ ਜੀਅ ਇਹ ਜ਼ਖਮ ਨ੍ਹੀਂ ਭਰਣ ਦੇਣੇ। ਇਹ ਜ਼ਖਮ ਰਿਸਦੇ ਰਹਿਣੇ ਚਾਹੀਦੇ ਆ। ਇਨ੍ਹਾਂ ’ਚ ਵਾਰ-ਵਾਰ ਕੀੜੇ ਪੈਣੇ ਚਾਹੀਦੇ ਆ। ਮੈਂ ਤਾਂ ਜਮਨੇ ਨਾਲੋਂ ਵੀ ਮਾੜੀ ਮੌਤੇ ਮਰਨਾ ਚਾਹੁੰਦਾ ਆਂ।”

ਉਨ੍ਹਾਂ ਨੇ ਬੋਤਲ ਚੁੱਕੀ ਸੀ ਤੇ ਆਪਣੇ ਅੱਲੇ ਜ਼ਖਮਾਂ ’ਤੇ ਆਏ ਖਰਿੰਡਾਂ ਨੂੰ ਨੌਹਾਂ ਨਾਲ ਛੇੜ ਕੇ ਉਪਰ ਸ਼ਰਾਬ ਡੋਲਣੀ ਸ਼ੁਰੂ ਕਰ ਦਿੱਤੀ ਸੀ।

ਸਾਡੇ ’ਚ ਇੰਨੀ ਤਾਕਤ ਨਹੀਂ ਰਹੀ ਸੀ ਕਿ ਅਸੀਂ ਉਨ੍ਹਾਂ ਨੂੰ ਰੋਕ ਸਕੀਏ।

ਪ੍ਰੋ. ਜਾਵੇਦ ਨੇ ਜੇਬ ’ਚੋਂ ਰੁਮਾਲ ਕੱਢ ਕੇ ਅੱਖਾਂ ਪੂੰਝੀਆਂ ਸਨ। ਹਰੀ ਭਟਨਾਗਰ ਕੋਲੋਂ ਵੀਡਿਓ ਕੈਮਰਾ ਖੋਹ ਲਿਆ ਸੀ। ਕੈਸਿਟ ਕੱਢ ਕੇ ਬਾਹਰ ਗਟਰ ’ਚ ਸੁੱਟ ਆਂਦੀ ਸੀ।



## ਰਫ਼ਤਾਰ

ਪਾਰਟੀ ਦੇਰ ਰਾਤ ਤੱਕ ਚੱਲੀ ਸੀ। ਪੂਨਮ ਨੇ ਦੱਸ ਕੁ ਨੇੜਲੇ ਦੋਸਤਾਂ ਨੂੰ ਆਉਣ ਦਾ ਸੱਦਾ ਦਿੱਤਾ ਸੀ। ਆ ਵੀਹ ਗਏ ਸਨ। ਖ਼ੂਬ ਰੰਗ ਜੰਮਿਆ ਸੀ। ਇਸ ਘਰ ’ਚ ਇਹ ਆਪਣੇ ਕਿਸਮ ਦੀ ਪਹਿਲੀ ਪਾਰਟੀ ਸੀ। ਬੱਚਿਆਂ ਦੀ ਖ਼ੁਸ਼ੀ ਦੇਖਣ ਵਾਲੀ ਸੀ। ਜ਼ਿੰਦਗੀ ’ਚ ਪਹਿਲੀ ਵਾਰ ਮੈਨੂੰ ਅਹਿਸਾਸ ਹੋਇਆ ਸੀ ਕਿ ਜਵਾਨੀ ਦਾ ਵੀ ਆਪਣੇ ਹੀ ਤਰ੍ਹਾਂ ਦਾ ਨਸ਼ਾ ਹੁੰਦਾ ਹੈ।

ਕਮਲਕਾਂਤ ਨੇ ਕੰਪਿਊਟਰ ਨਾਲ ਅਟੈਚਡ ਸਪੀਕਰਾਂ ਕੋਲੋਂ ਡੈੱਕ ਦਾ ਕੰਮ ਲਿਆ ਸੀ। ਵਿਦੇਸ਼ੀ ਸੰਗੀਤ ਸੀ। ਵਿਦੇਸ਼ੀ ਨਾਚ ਸੀ। ਕੁਝ ਵੀ ਰਸਮੀ ਨਹੀਂ ਸੀ। ਕੋਈ ਊਚ-ਨੀਚ ਦੀ ਭਾਵਨਾ ਨਹੀਂ ਸੀ। ਸਾਰੇ ਖ਼ੁਸ਼ ਸਨ। ਹਰਸੂਰਤ ਨੂੰ ਆਸਟਰੇਲੀਆ ਦਾ ਵੀਜ਼ਾ ਮਿਲਣ ਲਈ। ਪੂਨਮ ਦੀ ਪਹਿਲੀ ਨੌਕਰੀ ਲਈ। ਨੱਚਣ ਲਈ ਵੀ ਕਿਸੇ ਨੂੰ ਜ਼ੋਰ ਨਹੀਂ ਪਾਇਆ ਗਿਆ ਸੀ। ਸਭ ਕੁਝ ਇਕ ਰੌਅ ’ਚ ਹੋਇਆ ਸੀ। ਐਦਾ ਲੱਗਦਾ ਸੀ ਕਿ ਜਿਵੇਂ ਤੀਹ ਜਣੇ ਮੂਲ ਰੂਪ ’ਚ ਇਕ ਹੀ ਹੋਣ।

ਜਦੋਂ ਮੈਨੂੰ ਬੈੱਡ ਨਸੀਬ ਹੋਇਆ, ਉਦੋਂ ਬਾਰਾਂ ਵਜੇ ਤੋਂ ਉੱਪਰ ਸਮਾਂ ਹੋ ਗਿਆ ਸੀ। ਮੈਂ ਬੁਰੀ ਤਰ੍ਹਾਂ ਥੱਕ ਗਈ ਸੀ। ਸੁਦੇਸ਼ ਦੀ ਪੱਕੀ ਆਦਤ ਹੈ ਕਿ ਉਹ ਬੈੱਡ ’ਤੇ ਪਿਆ ਨਹੀਂ ਤੇ ਉਹਨੂੰ ਨੀਂਦ ਨੇ ਘੇਰਿਆ ਨਹੀਂ। ਮੈਂ ਵੀ ਜਲਦੀ ਸੌਣ ਦੀ ਆਦਤ ਪਾਈ ਹੋਈ ਹੈ। ਪਰ ਅੱਜ ਮੈਨੂੰ ਨੀਂਦ ਨਹੀਂ ਆ ਰਹੀ।

ਫੇਰ ਮੈਨੂੰ ਖਿਝ ਜਿਹੀ ਆਉਣ ਲੱਗੀ। ਇਸ ’ਚ ਗੁੱਸਾ ਵੀ ਸ਼ਾਮਿਲ ਹੋ ਗਿਆ। ਮੈਨੂੰ ਲੱਗਿਆ ਜਿਵੇਂ ਮੈਂ ਨਹੀਂ ਹਾਂ। ਹੁਣ ਮੈਂ ਕੁਝ ਵੀ ਨਹੀਂ ਹਾਂ। ਇਹ ਕਿਹੋ ਜਿਹੀ ਸਥਿਤੀ ਹੈ। ਇਸ ਦਾ ਕਾਰਨ ਮਾਂ ਸੀ ? ਮੈਂ ਸਾਂ ? ਜਾਂ ਪੂਨਮ ? ਜਾਂ ਹਰਸੂਰਤ ? ਇਹਦੇ ਬਾਰੇ ਕੀ ਕਹਾਂ ? ਮੇਰੇ ਸਾਹਮਣੇ ਮਾਂ ਹੀ ਆ ਗਈ। ਮਨ ਕਾਹਲਾ ਪਿਆ ਇਹ ਕਹਿਣ ਨੂੰ, “ਜਾਹ ਮਾਈ ਜਾਹ, ਆਪਣੇ ਘਰੇ ਜਾਹ।” ਇਹ ਕਹਿਣਾ ਕਿਹੜਾ ਸੌਖਾਲਾ ਸੀ। ਇਨ੍ਹੀਂ ਦਿਨੀਂ ਮਾਂ ਅਸਹਾਇ, ਲਾਚਾਰ ਤੇ ਬੇਆਸਰਾ ਸੀ। ਮੈਨੂੰ ਪਤਾ ਸੀ ਕਿ ਜਦੋਂ ਮਾਂ ਨੂੰ ਉਸ ਦੇ ਆਪਣੇ ਲਾਡਲੇ ਨਾ ਸੰਭਾਲਣ, ਉਦੋਂ ਧੀ ਹੀ ਉਸ ਦਾ ਅੰਤਿਮ ਸਹਾਰਾ ਹੁੰਦਾ ਹੈ। ਇਹੀ ਸੋਚ ਮੈਨੂੰ ਚੁੱਪ ਕਰ ਜਾਂਦੀ।



www.PunjabiLibrary.com

ਪੂਨਮ ਦੇ ਦੋਸਤ ਆਉਂਦੇ ਤਾਂ ਸਾਹਮਣੇ ਵਾਲੇ ਕਮਰੇ 'ਚ ਬੈਠੀ ਮਾਂ ਔਖ ਮੰਨਦੀ। ਮੇਰੇ ਲਈ ਇਨ੍ਹਾਂ ਪਲਾਂ 'ਚ ਮੁਸੀਬਤ ਆ ਖੜਦੀ। ਮੈਨੂੰ ਧੁੜਕੂ ਲੱਗਾ ਰਹਿੰਦਾ ਕਿ ਕਿਤੇ ਉਹ ਹਰਸੂਰਤ ਨੂੰ ਵੱਧ-ਘੱਟ ਨਾ ਬੋਲ ਜਾਵੇ। ਉਹ ਮੇਰੇ ਵੱਲ ਕੌੜ ਨਜ਼ਰ ਨਾਲ ਝਾਕਦੀ। ਆਪਣੇ ਬੈੱਡ 'ਤੇ ਬੈਠੀ ਬੁੜਬੁੜ ਕਰਦੀ, "ਹੈ ਕੋਈ ਇਹਨੂੰ ਸੰਗ ਸ਼ਰਮ। ਕਿਦਾਂ ਕੁੱਤੇ ਝੱਗੀ ਪਾਈ ਆ। ਇਹ ਨੇ ਕੁੜੀ ਸਿਰੇ ਚੜਾ ਰੱਖੀ। ਇਹਨੂੰ ਪਤਾ ਉਦੋਂ ਲੱਗਣਾ-ਜਦੋਂ ਇਹਨੇ ਕੋਈ ਨਵਾਂ ਚੰਦ ਚੜਾਇਆ। ਐਦਾਂ ਦੀਆਂ ਡਰਾਈਵਰਾਂ ਨਾਲ ਦੌੜ ਜਾਂਦੀਆਂ ਹੁੰਦੀਆਂ....।" ਮੈਂ ਉਸ ਦਾ ਧਿਆਨ ਕਿਸੇ ਹੋਰ ਪਾਸੇ ਲਾਉਣ ਦੀ ਮਨਸ਼ਾ ਨਾਲ ਉਹਦੇ ਕਮਰੇ 'ਚ ਜਾਂਦੀ ਤਾਂ ਉਹ ਬੁੱਲ੍ਹ ਘੁੱਟ ਲੈਂਦੀ। ਮੈਂ ਉਹਦੀ ਰਮਜ਼ ਸਮਝ ਜਾਂਦੀ। ਉਹਦੀਆਂ ਨਜ਼ਰਾਂ ਪੁੱਛ ਰਹੀਆਂ ਹੁੰਦੀਆਂ ਕਿ ਨੌਜੁਆਨ ਕੁੜੀ ਮੁੰਡਾ ਇਕੱਲੇ ਕਿਉਂ ਬੈਠਣ ਦਿੱਤੇ। ਇਕ ਛੱਤ ਹੇਠਾਂ ਇਕੱਲੇ ਤਾਂ ਭੈਣ ਭਰਾ ਨਹੀਂ ਬੈਠਣ ਦੇਣੇ ਚਾਹੀਦੇ। ਕੀ ਮੈਂ ਅੰਨੀ ਹੋਈ ਆਂ। ਉਹ ਮੈਥੋਂ ਬਹੁਤ ਕੁਝ ਹੋਰ ਵੀ ਪੁੱਛਣਾ ਚਾਹੁੰਦੀ ਸੀ। ਮੇਰੀ ਜਵਾਬ ਤਲਬੀ ਕਰਨਾ ਚਾਹੁੰਦੀ। ਫੇਰ ਪਤਾ ਨਹੀਂ ਕੀ ਸੋਚ ਕੇ ਚੁੱਪ ਰਹਿੰਦੀ।

ਮਾਂ ਨਹੀਂ ਸਮਝਦੀ ਕਿ ਹੁਣ ਉਹਦੇ ਵਾਲੇ ਸਮੇਂ ਨਹੀਂ ਰਹੇ। ਮੇਰੇ ਵਾਲੇ ਸਮੇਂ ਨਹੀਂ ਰਹੇ। ਪੂਨਮ ਨੇ ਉਹੀ ਬਣਨਾ ਹੈ, ਜੋ ਉਹ ਬਣਨਾ ਚਾਹੁੰਦੀ ਹੈ। ਉਹ ਕਿਸੇ ਤਰ੍ਹਾਂ ਦੀ ਵੀ ਜ਼ਬਰਦਸਤੀ ਨੂੰ ਸਹਿਣ ਨਹੀਂ ਕਰਦੀ। ਮਾਂ ਨੂੰ ਇਹ ਮੰਨਣਾ ਚਾਹੀਦਾ ਹੈ ਕਿ ਉਹਦੇ ਵਾਲੇ ਸਮੇਂ ਉਹਦੇ ਨਾਲ ਗਏ। ਮੇਰੇ ਵਾਲੇ ਸਮੇਂ ਮੇਰੇ ਨਾਲ ਗਏ। ਪੂਨਮ ਮੇਰਾ ਹੱਥ ਫੜ ਕੇ ਹਰ ਜਗ੍ਹਾ ਨਹੀਂ ਤੁਰ ਸਕਦੀ। ਉਹਨੇ ਜਿੱਥੇ ਵੀ ਜਾਣਾ ਹੈ ਇਕੱਲੀ ਨੇ ਹੀ ਜਾਣਾ ਹੈ। ਉਹ ਜਾਣਦੀ ਹੈ ਕਿ ਜੇ ਉਸ ਆਪਣਾ ਕੈਰੀਅਰ ਬਣਾਉਣਾ ਹੈ ਤਾਂ ਇਸ ਸੰਬੰਧੀ ਫੈਸਲਾ ਆਪ ਹੀ ਕਰਨਾ ਪੈਣਾ ਹੈ। ਮਾਂ ਚਾਹੁੰਦੀ ਸੀ ਕਿ ਪੂਨਮ ਉਹਦੇ ਵਰਗੀ ਬਣੇ। ਉਹਦੀਆਂ ਸਿੱਖਿਆਵਾਂ/ਨਸੀਹਤਾਂ ਨੂੰ ਮੰਨੇ। ਬੰਦਿਸ਼ਾਂ 'ਚ ਰਹੇ। ਪਰ ਪੂਨਮ ਦੀ ਆਪਣੀ ਨਿੱਜੀ ਜ਼ਿੰਦਗੀ ਹੈ। ਉਹ ਕਿਸੇ ਦੂਜੇ/ਤੀਜੇ ਦੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕਰਦੀ। ਮੈਂ ਆਪ ਮਾਂ ਹਾਂ। ਡਰ ਜਾਂਦੀ ਹਾਂ। ਕਈ ਤਰ੍ਹਾਂ ਦੇ ਸ਼ੰਕੇ ਘੇਰ ਲੈਂਦੇ ਹਨ। ਮੈਂ ਆਪਣਾ ਦੁੱਖ-ਦਰਦ ਕਿਸ ਨਾਲ ਸਾਂਝਾ ਕਰਾਂ। ਸੁਦੇਸ਼ ਨਾਲ ? ਉਹ ਬੱਚਿਆਂ ਨੂੰ ਦੋਸਤਾਂ ਵਾਂਗ ਸਮਝਦਾ ਹੈ। ਮੈਨੂੰ ਕਈ ਵਾਰ ਲੱਗਦਾ ਹੈ ਕਿ ਉਹ ਆਪ ਵੀ ਬੱਚਿਆਂ ਤੋਂ ਡਰਨ ਲੱਗਾ ਹੈ। ਉਹ ਉਨ੍ਹਾਂ ਸਾਹਮਣੇ ਆਪਣੇ ਆਪ ਨੂੰ ਬੌਣਾ ਸਮਝਦਾ ਹੈ। ਮੈਂ ਜ਼ਿਆਦਾ ਹੀ ਜ਼ੋਰ ਪਾਵਾਂ ਤਾਂ ਉਹ ਲੰਬਾ ਚੌੜਾ ਭਾਸ਼ਨ ਦੇਣਾ ਸ਼ੁਰੂ ਕਰ ਦਿੰਦਾ। ਮੈਨੂੰ ਉਹਦੀਆਂ ਬਹੁਤੀਆਂ ਗੱਲਾਂ ਦੀ ਸਮਝ ਹੀ ਨਹੀਂ ਲੱਗਦੀ। ਪਿਛਲੇ ਮਹੀਨੇ ਹੀ ਪੂਨਮ ਕਰਕੇ ਸਾਡੀ ਆਪਸ ਵਿੱਚ ਲੜਾਈ ਹੋ ਗਈ ਸੀ। ਉਸ ਕਾਹਲੀ-ਕਾਹਲੀ 'ਚ ਦੱਸਿਆ ਸੀ, "ਤੂੰ ਸਮਝਦੀ ਕਿਉਂ ਨ੍ਹੀਂ ? ਅੱਜ ਸੂਚਨਾਵਾਂ ਦਾ ਐਡਾ ਵੱਡਾ ਢੇਰ ਸਾਡੇ ਸਾਹਮਣੇ ਆ ਕਿ ਸਥਿਤੀਆਂ ਬੇਹੱਦ ਜਟਿਲ ਹੋ ਗਈਆਂ। ਕਈ ਤਰ੍ਹਾਂ ਦੇ ਸੱਚ ਆ। ਅਰਧ ਸੱਚ ਆ। ਇਹ ਸਾਰੇ ਇਕੋ ਵੇਲੇ ਪ੍ਰੋਸੇ ਜਾ ਰਹੇ ਆ। ਅਜਿਹੀ ਸਥਿਤੀ 'ਚ ਨਵੀਂ ਪੀੜ੍ਹੀ ਦੇ ਰਾਹ ਦਾ ਰੋੜਾ ਨ੍ਹੀਂ ਬਣਨਾ ਚਾਹੀਦਾ। ਇੱਥੇ ਬਾਜ਼ਾਰ ਦਾ ਦਬਾਉ ਆ। ਹਾਲਾਤਾਂ ਦਾ ਦਬਾਉ ਆ। ਸੂਚਨਾਵਾਂ ਦਾ ਦਬਾਉ ਆ। ਅਜਿਹੀ ਸਥਿਤੀ ਚਿੰਤਾਜਨਕ ਆ। ਬੱਚਿਆਂ ਦਾ ਵੱਡਾ ਸਪਨਾ ਰੋਜ਼ੀ-ਰੋਟੀ ਦਾ ਆ।....ਬੰਦਿਸ਼ਾਂ 'ਚ ਇਨ੍ਹਾਂ ਦਾ ਵਿਕਾਸ ਨਹੀਂ ਹੋਣਾ। ਯੂ



ਨੋ-ਚੇਂਜ਼ ਇਜ ਦਾ ਲਾ ਆਫ਼ ਨੇਚਰ।...." ਮੈਨੂੰ ਘਰ 'ਚ ਬੈਠੀ ਨੂੰ ਇਨ੍ਹਾਂ ਗੱਲਾਂ ਦਾ ਕੀ ਪਤਾ! ਮੈਂ ਆਪਣੇ ਫਿਕਰ ਸੁਦੇਸ਼ ਦੇ ਕੁਲੀਗ ਰਮਨ ਦੀ ਮਿਸਿਜ਼ ਕਮਲੇਸ਼ ਨਾਲ ਸਾਂਝੇ ਕੀਤੇ ਸਨ। ਉਸ ਨੇ ਮੈਨੂੰ ਸਮਝਾਇਆ ਸੀ, "ਬੱਚਿਆਂ ਨੂੰ ਬਹੁਤਾ ਰੋਕਣਾ, ਟੋਕਣਾ ਨ੍ਹੀਂ ਚਾਹੀਦਾ। ਉਨ੍ਹਾਂ ਨੂੰ ਸਮਝਣਾ ਚਾਹੀਦਾ। ਉਹ ਵੀ ਪਿਆਰ ਨਾਲ। ਦੋਸਤਾਂ ਵਾਂਗ। ਸਖ਼ਤੀ ਨਾਲ ਉਹ ਬਾਗੀ ਹੋ ਜਾਣਗੇ। ਇਕ ਵਾਰੀ ਬਾਗੀ ਹੋ ਗਏ ਤਾਂ ਮੁੜ ਉਨ੍ਹਾਂ ਨੂੰ ਲੀਹ ਤੇ ਲਿਆਉਣਾ ਔਖਾ ਕੰਮ ਆ। ਮੇਰੇ ਖਿਆਲ ਵਿੱਚ ਸਾਡੇ ਬੱਚੇ ਸਾਡੇ ਨਾਲੋਂ ਜ਼ਿਆਦਾ ਸਿਆਣੇ ਆ।"

ਮਾਂ ਦੀਆਂ ਕਈ ਗੱਲਾਂ ਠੀਕ ਵੀ ਸਨ। ਬੱਚਿਆਂ ਨੂੰ ਸਮੇਂ ਸਿਰ ਸੌਣਾ ਚਾਹੀਦਾ। ਸਮੇਂ ਸਿਰ ਉੱਠਣਾ ਚਾਹੀਦਾ। ਬਹੁਤਾ ਚਿਰ ਘਰੋਂ ਬਾਹਰ ਨਹੀਂ ਰਹਿਣਾ ਚਾਹੀਦਾ। ਕੋਈ ਕਿਸੇ ਦੀ ਇੱਜ਼ਤ ਦਾ ਸਾਂਝੀਦਾਰ ਨਹੀਂ ਹੁੰਦਾ। ਖਾਸ ਕਰਕੇ ਕੁੜੀਆਂ ਦਾ। ਇਸੇ ਲਈ ਮੈਂ ਗੱਲਾਂ-ਗੱਲਾਂ 'ਚ ਪੂਨਮ ਨੂੰ ਘੂਰਿਆ ਸੀ ਕਿ ਉਸ ਦਾ ਘਰੋਂ ਇੰਨੇ ਦੇਰ ਤੱਕ ਬਾਹਰ ਰਹਿਣਾ ਠੀਕ ਨਹੀਂ। ਉਸ ਜਿਵੇਂ ਕੋਈ ਵੱਡਾ ਛੋਟੇ ਨੂੰ ਸਮਝਾਉਂਦਾ ਹੈ, ਉਸੇ ਰੌਅ 'ਚ ਲੈਕਚਰ ਦਿੱਤਾ ਸੀ, "ਮੰਮੀ ਤੁਸੀਂ ਚੰਗੇ ਭਲੇ, ਸਿਆਣੇ ਬਿਆਣੇ ਐਨੇ ਬੈਕਵਰਡ ਕਿਉਂ ਹੋ ਜਾਂਦੇ ਹੋ। ਤੁਹਾਡੇ 'ਚੋਂ ਨਾਨੀ ਜੀ ਬੋਲਣ ਲੱਗ ਜਾਂਦੇ। ਮੈਂ ਤੁਹਾਨੂੰ ਕਿੰਨੀ ਵਾਰ ਦੱਸਿਆ ਕਿ ਇਹ ਕੰਪਿਊਟਰ ਤੇ ਮਾਰਕੀਟਿੰਗ ਦਾ ਯੁੱਗ ਆ। ਇਹਨੂੰ ਨਰਡਸ ਵੀ ਕਹਿੰਦੇ ਆ। ਹੁਣ ਮੈਨੂੰ ਦੱਸਣਾ ਪਊ ਕਿ ਨਰਡਸ ਕੀ ਹੁੰਦਾ। ਪਹਿਲਾਂ ਤੁਹਾਨੂੰ ਟਰੇਂਡ ਕਰਲਾਂ। ਠਹਿਰ ਕੇ ਦੱਸਾਂਗੀ।"

ਪੂਨਮ ਨੇ ਕੰਪਿਊਟਰ ਮੇਨਟੇਨਸ 'ਚ ਬੀ. ਐਸ. ਸੀ. ਕੀਤੀ ਹੈ। ਉਹ ਦੌੜੀ ਫਿਰਦੀ ਹੈ। ਪਤਾ ਨਹੀਂ ਲੱਗਦਾ ਉਹ ਕਿਹਨੂੰ-ਕਿਹਨੂੰ ਫੋਨ ਕਰਦੀ ਹੈ। ਕਿਹਨੂੰ-ਕਿਹਨੂੰ ਮਿਲਦੀ ਹੈ। ਕੰਪਿਊਟਰ 'ਤੇ ਇੰਟਰਨੈਟ ਦੀਆਂ ਫਾਇਲਾਂ ਪੜ੍ਹਦੀ/ਵਾਚਦੀ ਹੈ। ਛੋਟੀ-ਮੋਟੀ ਜੌਬ ਉਹਦੇ ਨੱਕ ਹੇਠ ਨਹੀਂ ਆਉਂਦੀ। ਇੱਕ ਦਿਨ ਉਸ ਦੱਸਿਆ ਸੀ ਕਿ ਉਹਨੂੰ ਪੰਦਰਾਂ ਹਜ਼ਾਰ ਰੁ. ਮਹੀਨਾ ਦੀ ਔਫਰ ਆਈ ਸੀ। ਉਹਨੇ ਨਾਂਹ ਕਰ ਦਿੱਤੀ ਸੀ। ਉਹਦਾ ਖਿਆਲ ਸੀ ਕਿ ਸ਼ੁਰੂਆਤ ਚੰਗੀ ਹੋਣੀ ਚਾਹੀਦੀ ਹੈ। ਉਹਨੂੰ ਸੈੱਟ ਹੋਣ ਦੀ ਕਾਹਲ ਹੈ ਪਰ ਉੱਨੀ ਵੀ ਨਹੀਂ ਜਿੰਨੀ ਕਿ ਮੈਂ ਸੋਚ ਰਹੀ ਹਾਂ। ਉਹਨੇ ਇਕ ਹੋਰ ਡਿਪਲੋਮਾ ਸ਼ੁਰੂ ਕਰ ਦਿੱਤਾ ਸੀ। ਮੈਂ ਪੁੱਛਿਆ ਤਾਂ ਉਸ ਦੱਸਿਆ ਸੀ, "ਸਿਸਕੋ ਸਰਟੀਫਾਇਡ ਅਸੋਸੀਏਟ ਦਾ ਡਿਪਲੋਮਾ ਕਰ ਰਹੀ ਹਾਂ। ਇੰਡਸਟਰੀ ਵਿੱਚ ਜਾਣ ਬਾਰੇ ਮਨ ਬਣਾਇਆ।" ਮੈਨੂੰ ਉਹਦੀ ਪੜ੍ਹਾਈ ਬਾਰੇ ਕੁਝ ਪੱਲੇ ਨਹੀਂ ਪੈਂਦਾ। ਮੈਂ ਬੀ. ਏ. ਸੈਕਿੰਡ ਯੀਅਰ ਪਾਸ ਉਸ ਅੱਗੇ ਅਨਪੜ੍ਹ ਹਾਂ। ਮੈਂ ਤਾਂ ਬਿਟਰ-ਬਿਟਰ ਉਹਦੇ ਮੂੰਹ ਵੱਲ ਦੇਖਦੀ ਹਾਂ। ਉਹ ਆਪਣੀ ਪੜ੍ਹਾਈ ਬਾਰੇ ਆਪਣੇ ਡੈਡੀ ਨਾਲ ਹੀ ਸਲਾਹੀਂ ਪੈਂਦੀ ਹੈ। ਮੈਨੂੰ ਤਾਂ ਜਿਵੇਂ ਉਸ ਅਨਪੜ੍ਹ-ਗੰਵਾਰ ਸਮਝ ਰੱਖਿਆ ਹੈ। ਉਹਦੇ ਡੈਡੀ ਉਹਨੂੰ ਕਦੇ ਨਹੀਂ ਰੋਕਦੇ/ਟੋਕਦੇ। ਉਹ ਦੇ ਨਿੱਤ ਦੇ ਫੈਸ਼ਨ, ਉਹਦੇ ਖਰਚਿਆਂ ਬਾਰੇ ਉਨ੍ਹਾਂ ਨੂੰ ਹੀ ਪਤਾ ਹੁੰਦਾ ਹੈ। ਉਹ ਟੌਪ, ਐਡੀਡਾਸ ਦੀ ਜੀਨ ਤੇ ਰੀਬੌਕ ਦੇ ਬੂਟਾਂ ਤੋਂ ਹੇਠਾਂ ਗੱਲ ਨਹੀਂ ਕਰਦੀ। ਮੈਂ ਨੱਕ ਬੁੱਲ੍ਹ ਚੜ੍ਹਾਵਾਂ ਤਾਂ ਉਹ ਵਿਸ਼ਵਾਸ ਨਾਲ ਕਹਿ ਦਿੰਦੀ, "ਸੋਸਾਇਟੀ ਵਿੱਚ ਸਟੇਟਸ ਰੱਖਣਾ ਪੈਂਦਾ।"

ਮਾਂ ਨੂੰ ਕੀ ਦੱਸਾਂ! ਪਹਿਲਾਂ ਕੁੜੀਆਂ ਨੂੰ ਪੜ੍ਹਾਇਆ ਜਾਂਦਾ ਸੀ ਤਾਂ ਕਿ ਉਨ੍ਹਾਂ ਨੂੰ ਚੰਗਾ ਜਿਹਾ ਮੁੰਡਾ ਮਿਲ ਜਾਵੇ। ਹੁਣ ਉਨ੍ਹਾਂ ਨੂੰ ਆਤਮ ਨਿਰਭਰ ਬਣਾਉਣ 'ਤੇ ਜ਼ੋਰ



www.PunjabiLibrary.com

ਦਿੱਤਾ ਜਾਂਦਾ ਹੈ। ਪੂਨਮ ਦੀ ਦੁਨੀਆਂ ਮੇਰੇ ਲਈ ਅਨੋਖੀ ਹੈ। ਉਹ ਤੇ ਉਹਦੀ ਮਿੱਤਰ ਮੰਡਲੀ ਕੰਪਿਊਟਰ ਅੱਗੇ ਬੈਠ ਜਾਂਦੀ। ਉਹ ਇੰਟਰਨੈੱਟ ਦੀਆਂ ਵੱਖ-ਵੱਖ ਫਾਇਲਾਂ ਖੋਲ੍ਹਦੇ। ਬਹਿਸਦੇ। ਵੱਖ-ਵੱਖ ਵੈਬ ਸਾਈਟਾਂ ਦੇਖਦੇ। ਮਹੀਨਾ ਕੁ ਪਹਿਲਾ ਹਰਸੂਰਤ ਦੱਸ ਰਿਹਾ ਸੀ, "ਮਿਲਬੌਰਨ ਵਿੱਚ ਆਰ. ਐਮ. ਆਈ. ਯੂਨੀਵਰਸਿਟੀ ਵਿੱਚ ਐਮ. ਆਈ. ਟੀ. ਦੀ ਡਿਗਰੀ ਲਈ ਐਡਵਰਟਾਈਜ਼ਮੈਂਟ ਨਿਕਲੀ। ਮੈਂ ਅਪਲਾਈ ਕਰ ਰਿਹਾ। ਪੂਨਮ ਤੂੰ ਵੀ ਅਪਲਾਈ ਕਰ ਦੇ ।"

"ਉਨ੍ਹਾਂ ਦੀਆਂ ਕੀ ਕੰਡੀਸ਼ਨ ਨੇ ?" ਪੂਨਮ ਤੋਂ ਪਹਿਲਾਂ ਜਸਪ੍ਰੀਤ ਨੇ ਪੁੱਛਿਆ ਸੀ।

"ਬੀ. ਐਸ. ਸੀ. ਕੰਪਿਊਟਰ। ਇਹ ਡਿਪਲੋਮਾ ਕਰਨ ਨਾਲ ਆਸਟਰੇਲੀਆ ਵਿੱਚ ਸੈੱਟ ਵੀ ਹੋਇਆ ਜਾ ਸਕਦਾ ਤੇ ਇਧਰ ਵੀ ਨੈੱਟਵਰਕ ਤੇ ਅਸਾਨੀ ਨਾਲ ਜੌਬ ਮਿਲ ਸਕਦੀ।"

"ਖਰਚਾ ?"

"ਗਿਆਰਾਂ ਲੱਖ ਅਡਮੀਸ਼ਨ ਫੀਸ ਆ। ਨਾਲ ਹੀ ਉਹ ਚਾਰ ਘੰਟੇ ਦਾ ਵਰਕ ਪਰਮੈਂਟ ਕਾਰਡ ਇਸ਼ੂ ਕਰਨਗੇ। ਤੁਸੀਂ ਆਪਣੇ ਖਰਚੇ ਜੋਗਾ ਕਮਾ ਸਕਦੇ ਹੋ।"

"ਓ. ਕੇ. ਆਈ ਮਸਟ ਜੋਆਇਨ ਇਟ।" ਜਸਪ੍ਰੀਤ ਨੇ ਇਕਦਮ ਹਾਂ ਕਰ ਦਿੱਤੀ ਸੀ। ਪੂਨਮ ਚੁੱਪ ਕਰ ਗਈ ਸੀ। ਉਹ ਕੁਝ ਚਿਰ ਲਈ ਅੱਪਸੈਟ ਹੋਈ ਸੀ। ਇਹ ਉਹਦੀ ਆਦਤ ਹੈ। ਘਰ ਦੀ ਸਥਿਤੀ ਨੂੰ ਦੇਖ/ਜਾਣ ਕੇ ਕੁਝ ਹੀ ਪਲਾਂ 'ਚ ਉਹ ਪਹਿਲਾਂ ਵਰਗੀ ਹੋ ਗਈ ਸੀ। ਉਹਨੂੰ ਆਪਣੀ ਸੀਮਾ ਦਾ ਪਤਾ ਹੈ। ਇਹੀ ਉਸ ਦਾ ਅਹਿਮ ਗੁਣ ਹੈ। ਪੂਨਮ ਨੇ ਮੈਨੂੰ ਕੌਫੀ ਪੀਣ ਲਈ ਆਵਾਜ਼ ਦਿੱਤੀ ਸੀ। ਪਤਾ ਨਹੀਂ ਕਿਹੜੀ ਗੱਲ ਸੀ ਕਿ ਉਹ ਸਾਰੇ ਤਾੜੀਆਂ ਮਾਰ ਕੇ ਹੱਸੇ ਸਨ। ਬਹੁਤ ਹੀ ਜ਼ਿਆਦਾ ਖ਼ੁਸ਼ੀ ਦੇ ਮੂਡ 'ਚ ਸਨ। ਮੈਂ ਅੱਧੇ ਮਨ ਨਾਲ ਉਨ੍ਹਾਂ ਦੀ ਖ਼ੁਸ਼ੀ 'ਚ ਸ਼ਾਮਿਲ ਹੋਈ ਸਾਂ। ਅੱਧਾ ਮਨ ਚਿੰਤਾਵਾਂ ਨਾਲ ਭਰਿਆ ਪਿਆ ਸੀ। ਅਕਸਰ ਮੇਰੀ ਇਹੀ ਅਵਸਥਾ ਰਹਿੰਦੀ ਹੈ। ਇਸ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਾਂ ਤਾਂ ਮੇਰੇ 'ਚ ਮੇਰੀ ਮਾਂ ਧੱਕੇ ਨਾਲ ਆ ਵੜਦੀ ਹੈ। ਮੈਨੂੰ ਕਈ ਡਰ ਘੇਰ ਲੈਂਦੇ ਹਨ। ਮੇਰੀਆਂ ਪਰੇਸ਼ਾਨੀਆਂ ਵੱਧ ਜਾਂਦੀਆਂ ਹਨ। ਅੰਦਰ ਹੀ ਅੰਦਰ ਸ਼ਬਦ ਉਭਰਦੇ ਹਨ, "ਮਾਵਾਂ ਨੂੰ ਬੱਚਿਆਂ ਦੇ ਫਿਕਰ ਮਾਰ ਲੈਂਦੇ ਆ। ਮੈਂ ਕਦੇ ਆਪਣੀਆਂ ਜ਼ਰੂਰਤਾਂ ਬਾਰੇ ਨ੍ਹੀਂ ਸੋਚਿਆ। ਆਪਣੀ ਜ਼ਿੰਦਗੀ ਨ੍ਹੀਂ ਜਿਉਂਈ।" ਮੈਂ ਰਸੋਈ 'ਚ ਜਾ ਖੜੋਈ ਸੀ। ਉਦੋਂ ਹੀ ਮਾਂ ਦੇ ਕਮਰੇ 'ਚੋਂ ਕੁਝ ਡਿਗਣ ਦੀ ਆਵਾਜ਼ ਆਈ ਸੀ। ਉਹਨੇ ਕੌਲੀ ਜਾਂ ਗਿਲਾਸ ਜਾਣ-ਬੁੱਝ ਕੇ ਸੁੱਟਿਆ ਸੀ। ਐਸ ਵੇਲੇ ਉਹ ਬਹੁਤ ਔਖੀ ਸੀ। ਜੇ ਉਹਦਾ ਆਪਣਾ ਘਰ ਹੁੰਦਾ ਤਾਂ ਉਹਨੇ ਹੁਕਮ ਸੁਣਾ ਦੇਣਾ ਸੀ, "ਕਿਦਾਂ ਹਿੜ-ਹਿੜ ਲਾਈ ਆ। ਦਫਾ ਹੋ ਜਾਓ। ਖ਼ਬਰਦਾਰ ਜੇ ਤੁਹਾਡੇ 'ਚੋਂ ਕੋਈ ਵੀ ਜਣਾ ਮੁੜ ਕੇ ਘਰੇ ਆਇਆ। ਇਹ ਘਰ ਆ। ਕੋਈ ਰੇਲਵੇ ਸਟੇਸ਼ਨ ਨ੍ਹੀਂ।" ਇਥੇ ਉਸਦੀ ਕੋਈ ਪੇਸ਼ ਨਹੀਂ ਜਾਂਦੀ ਸੀ। ਪਰ ਉਹ ਵੀ ਆਪਣੀ ਆਦਤ ਤੋਂ ਮਜ਼ਬੂਰ ਸੀ। ਗੱਲਾਂ-ਗੱਲਾਂ 'ਚ ਉਹ ਪੂਨਮ ਨੂੰ ਕਈ ਕੁਝ ਕਹਿ ਵੀ ਚੁੱਕੀ ਸੀ ਪਰ ਪੂਨਮ ਨੇ ਇਕ ਕੰਨੋ ਸੁਣਿਆ ਤੇ ਦੂਜੇ ਕੰਨੋ ਕੱਢ ਦਿੱਤਾ-ਵਾਲੀ ਪਾਲਿਸੀ ਬਣਾ ਰੱਖੀ



ਸੀ। ਉਹ ਕਹਿੰਦੀ ਸੀ ਕਿ ਉਸ ਕੋਲ ਆਊਟ-ਡੇਟਿਡ ਗੱਲਾਂ ਸੁਣਨ ਦਾ ਸਮਾਂ ਨਹੀਂ ਹੈ। ਨਾ ਹੀ ਉਹ ਆਪਣਾ ਧਿਆਨ ਇਸ ਪਾਸੇ ਲਾਉਣਾ ਚਾਹੁੰਦੀ ਹੈ। ਉਸ ਲਈ ਕਰਨ ਵਾਲਾ ਬਹੁਤ ਕੁਝ ਹੈ। ਉਹ ਹਰ ਗੱਲ ਬਾਰੇ ਕਲੀਅਰ ਹੈ। ਉਸ ਕੋਲ ਵਿਚ-ਵਿਚਾਲੇ ਵਾਲਾ ਕੋਈ ਰਸਤਾ ਨਹੀਂ ਹੈ। ਘਰ 'ਚ ਉਸ ਦੀ ਸੁਰ ਕਮਲਕਾਂਤ ਨਾਲ ਮਿਲਦੀ ਹੈ। ਉਹਨੂੰ ਉਹਦੇ ਸਬਜੈਕਟ ਨਾਲ ਸੰਬੰਧਤ ਪੁੱਛਦੀ ਹੈ। ਉਹਦੀ ਚੋਣ ਜਾਣਦੀ ਹੈ। ਉਹ ਨੂੰ ਸਮਝਾਉਂਦੀ ਹੈ ਕਿ ਅੱਜ ਕਲ੍ਹ ਮਾਰਕੀਟ 'ਚ ਕਿਹੜੇ ਵਿਸ਼ਿਆਂ ਦੀ ਮੰਗ ਹੈ। ਬੀ.ਏ., ਬੀ. ਐਸ. ਸੀ. ਤੇ ਬੀ. ਕੱਮ ਦਾ ਕੋਈ ਫਾਇਦਾ ਨਹੀਂ ਰਿਹਾ। ਇਨ੍ਹਾਂ ਤੋਂ ਫਾਸਟ ਰਿਜਲਟ ਨਹੀਂ ਮਿਲ ਰਹੇ। ਫਾਸਟ-ਫੂਡ, ਫਾਸਟ-ਐਜੂਕੇਸ਼ਨ, ਫਾਸਟ ਰਿਜਲਟ। ਕਮਲਕਾਂਤ ਵੀ 'ਦੀਦੀ ਦੀਦੀ' ਕਰਦਾ ਰਹਿੰਦਾ ਹੈ।

ਮਾਂ ਲਈ ਹੁਣ ਇਸ ਘਰ 'ਚ ਕੋਈ ਥਾਂ ਨਹੀਂ ਹੈ। ਜੇ ਉਹਨੇ ਇੱਥੇ ਰਹਿਣਾ ਹੈ ਤਾਂ ਉਹ ਚੁੱਪ-ਚਾਪ ਆਪਣੀ ਸੇਵਾ ਕਰਵਾਈ ਜਾਵੇ। ਉਸ ਦੀ ਟੋਕਾ ਟਾਕੀ ਇੱਥੇ ਨਹੀਂ ਚੱਲਣੀ। ਉਹਨੂੰ ਹਰਸੂਰਤ ਦੀ ਸਤਿ ਸ੍ਰੀਅਕਾਲ ਨੂੰ ਖਿੜੇ ਮੱਥੇ ਸਵੀਕਾਰਨਾ ਪੈਣਾ ਹੈ। ਫੇਰ ਉਹ ਕਿਹੜਾ ਮਾੜੇ ਧੀੜੇ ਘਰ ਦਾ ਹੈ। ਉਹਨਾਂ ਦਾ ਵੈਲ ਸੈਟਲਡ ਪਰਿਵਾਰ ਹੈ। ਉਸ ਦੇ ਬੈਠਣ-ਉੱਠਣ, ਬੋਲਣ ਤੇ ਖਾਣ ਪੀਣ 'ਚ ਸਲੀਕਾ ਹੈ। ਆਉਂਦਿਆਂ ਜਾਂਦਿਆਂ ਮੇਰੇ ਪੈਰੀਂ ਹੱਥ ਲਾਉਂਦਾ ਹੈ। ਮਾਂ ਦੀ ਇੱਜ਼ਤ ਕਰਦਾ ਹੈ। ਬਾਕੀ ਮੁੰਡੇ ਕੁੜੀਆਂ ਵੀ ਐਦਾਂ ਹੀ ਕਰਦੇ ਹਨ। ਸਾਨੂੰ ਹੋਰ ਕੀ ਚਾਹੀਦਾ ਹੈ। ਬੱਚਿਆਂ ਦਾ ਆਪਣਾ ਸਰਕਲ ਹੈ। ਉਨ੍ਹਾਂ ਉਸੇ 'ਚ ਵਿਚਰਨਾ ਹੁੰਦਾ ਹੈ। ਇਹ ਸਮਾਂ ਹੀ ਸੰਪਰਕਾਂ ਦਾ ਹੈ। ਇਕੱਲਾ ਬੰਦਾ ਕੀ ਹੁੰਦਾ ਹੈ। ਇਕ ਗੱਲ ਹੋਰ ਹੈ। ਜਿਹੜੀ ਮੈਂ ਕਿਸੇ ਨਾਲ ਸਾਂਝੀ ਨਹੀਂ ਕੀਤੀ। ਕਰ ਹੀ ਨਹੀਂ ਸਕਦੀ। ਮੈਨੂੰ ਆਪ ਨੂੰ ਹਰਸੂਰਤ ਚੰਗਾ ਲੱਗਦਾ ਹੈ। ਮੈਂ ਚਾਹੁੰਦੀ ਹਾਂ ਕਿ ਇਨ੍ਹਾਂ ਦੀ ਜੋੜੀ ਬਣ ਜਾਵੇ। ਪਰ ਮਾਂ ਨੂੰ ਪਤਾ ਨਹੀਂ ਹਰਸੂਰਤ 'ਚ ਕੀ ਖਰਾਬੀ ਦਿੱਸਦੀ ਹੈ ਕਿ ਮੁੰਡਾ ਘਰ ਆਇਆ ਨਹੀਂ, ਇਸ ਮੱਥੇ 'ਤੇ ਸੌ ਤਿਉੜੀਆਂ ਪਾਈਆਂ ਨਹੀਂ। ਅੱਗੋਂ ਪਿੱਛੋਂ ਉਹ ਕੰਨ 'ਚ ਪਾਈ ਨਹੀਂ ਰੜਕਦੀ। ਕਿਸੇ ਗੱਲੋਂ ਵੀ ਔਖਾ ਨਹੀਂ ਕਰਦੀ। ਜੋ ਦਿੱਤਾ-ਸੋ ਖਾ ਲਿਆ। ਜਿੱਥੇ ਬੈਠਾ ਦਿੱਤਾ-ਬੈਠ ਗਈ। ਕਿਸੇ ਨਾਲ ਕੋਈ ਸ਼ਿਕਾਇਤ ਨਹੀਂ। ਕੋਈ ਗਿਲਾ/ਸ਼ਿਕਵਾ ਨਹੀਂ। ਜਿੰਨਾ ਪੁੱਛਿਆ ਜਾਂਦਾ ਉੰਨਾ ਕੁ ਹੀ ਜਵਾਬ ਦਿੰਦੀ। ਬਹੁਤਾ ਸਮਾਂ ਪਾਠ ਕਰਦੀ ਜਾਂ ਟੀ. ਵੀ. 'ਤੇ ਧਾਰਮਿਕ ਪ੍ਰੋਗਰਾਮ ਦੇਖਦੀ।

ਮੈਨੂੰ ਲੱਗਦਾ ਕਿ ਮੈਂ ਉਹਨੂੰ ਇਥੇ ਲਿਆ ਕੇ ਭਾਰੀ ਗਲਤੀ ਕੀਤੀ ਸੀ। ਉਹਨੇ ਮੇਰੀ ਸ਼ਾਂਤੀ ਭੰਗ ਕੀਤੀ ਹੈ। ਆਪ ਹੀ ਉਸ ਕੋਲ ਦੋ ਮਹੀਨੇ ਰਹਿ ਆਉਂਦੀ। ਜਦੋਂ ਪੂਨਮ ਤੇ ਹਰਸੂਰਤ ਇਕੱਲੇ ਬੈਠੇ ਹੋਣ ਤਾਂ ਮੈਨੂੰ ਅਦਿੱਖ ਖ਼ੁਸ਼ੀ ਹੁੰਦੀ ਹੈ। ਮੇਰੇ ਮਨ 'ਚ ਆਉਂਦਾ ਹੈ ਕਿ ਉਨ੍ਹਾਂ ਨੂੰ ਕਹਾਂ ਕਿ ਬੱਚਿਉ ਦੌੜ ਜਾਉ। ਇਸ ਸੰਸਾਰ ਦੇ ਬੰਧਨ ਤੋੜ ਦਿਉ। ਮੈਂ ਤੁਹਾਡੇ ਨਾਲ ਹਾਂ। ਕੁਝ ਨਹੀਂ ਹੋਣ ਲੱਗਾ। ਤੁਸੀਂ ਮੇਰੇ ਵਾਲੀ ਮੌਤ ਨਾ ਮਰਿਉ। ਜਦੋਂ ਕਦੇ ਮੈਨੂੰ ਉਨ੍ਹਾਂ ਦਿਨਾਂ ਦੀ ਯਾਦ ਆਉਂਦੀ ਹੈ ਤਾਂ ਮੈਨੂੰ ਇਹ ਜਿਉਣਾ ਫਜ਼ੂਲ ਲੱਗਦਾ ਹੈ। ਕਿੰਨੇ ਚੰਗੇ ਸਨ ਉਹ ਦਿਨ। ਬੀ. ਏ. ਪਾਰਟ ਫਸਟ 'ਚ ਪੜ੍ਹਦੀ ਸਾਂ। ਕੋਠੀ ਵਾਲਿਆਂ ਦੇ ਪਰਸ਼ੋਤਮ ਨਾਲ ਨੋਟਸਾਂ ਦਾ ਲੈਣ-ਦੇਣ ਸ਼ੁਰੂ ਕੀਤਾ ਸੀ। ਮੈਂ ਉਹਦੇ ਬਣਾਏ ਨੋਟਸ ਲੈ ਲੈਂਦੀ। ਉਹ



www.PunjabiLibrary.com

ਪੜ੍ਹਣ ਤੇ ਗੱਲਾਂ ਸੁਣਾਉਣ ’ਚ ਬਹੁਤ ਤੇਜ਼ ਸੀ। ਉਹਦੀ ਮਾਂ ਦਾ ਸਾਡੇ ਘਰੇ ਆਉਣ-ਜਾਣ ਸੀ। ਸਾਡਾ ਉਨ੍ਹਾਂ ਦੇ। ਅਸੀਂ ਇਕੱਠੇ ਡੀ.ਏ.ਵੀ. ਕਾਲਜ ’ਚ ਦਾਖਲ ਹੋਏ ਸੀ। ਮੇਰੀ ਮਾਂ ਉਹਨੂੰ ਸਾਊ ਪੁੱਤ ਕਹਿੰਦੀ ਸੀ। ਉਹ ਵੀ ਸਾਡੇ ਘਰ ਆ ਜਾਂਦਾ। ਮਾਂ ਦੇ ਪੈਰੀਂ ਹੱਥ ਲਾਉਂਦਾ। ਚੋਰ ਅੱਖ ਨਾਲ ਮੇਰੇ ਵੱਲ ਦੇਖ ਲੈਂਦਾ। ਅਸੀਂ ਪੀਰੀਅਡ ਮਿੱਸ ਕਰਕੇ ਧਰਮਿੰਦਰ ਦੀ ‘ਅਜ਼ਾਦ’ ਫਿਲਮ ਦੇਖੀ ਸੀ। ਚੋਰੀ-ਛੁਪੇ ਮਿਲਣ ਲੱਗੇ ਸੀ। ਇਕ ਦਿਨ ਮਾਂ ਬਾਜ਼ਾਰ ਗਈ ਸੀ। ਆਮ ਦਿਨਾਂ ਵਾਂਗ ਪਰਸ਼ੋਤਮ ਘਰੇ ਆਇਆ ਸੀ। ਮੈਂ ਚਾਹ ਦੇ ਦੋ ਕੱਪ ਬਣਾ ਕੇ ਮੋਹਰਲੀ ਬੈਠਕ ’ਚ ਉਸਦੇ ਸਾਹਮਣੇ ਆ ਬੈਠੀ ਸੀ। ਉਹਨੇ ਬਿਨਾਂ ਕਿਸੇ ਲੁਕ ਲਕੋ ਦੇ ਸੁਝਾਅ ਰੱਖਿਆ ਸੀ, “ਮੀਤ-ਚਲ ਕਿਤੇ ਦੌੜ ਚਲੀਏ।”

ਮੈਨੂੰ ਹੈਰਾਨੀ ਹੋਈ ਸੀ ਕਿ ਉਹ ਇਥੋਂ ਤੱਕ ਕਿਵੇਂ ਸੋਚੀ ਬੈਠਾ। ਮੇਰੇ ਮਨ ’ਚ ਅਜਿਹਾ ਕੁਝ ਨਹੀਂ ਸੀ। ਜੇ ਸੀ ਤਾਂ ਉਹਦਾ ਮੈਨੂੰ ਥਹੁ ਪਤਾ ਨਹੀਂ ਸੀ।

“ਇਕ ਵਾਰ ਫੇਰ ਕਹੀਂ-ਕੀ ਕਿਹਾ?”

“ਇਹ ਛੋਟਾ ਸ਼ਹਿਰ ਆਪਣੇ ਸੁਪਨਿਆਂ ਦਾ ਸ਼ਹਿਰ ਨ੍ਹੀਂ। ਇਥੇ ਮੇਰਾ ਦਮ ਘੁੱਟਦਾ। ਹਿੰਮਤ ਮਾਰ। ਦੌੜ ਚਲੀਏ।”

“ਪਲੇ ਧੇਲਾ ਨ੍ਹੀਂ-ਕਹਿੰਦਾ ਦੌੜ ਚਲੀਏ।”

“ਆਪਾਂ ਜੀਉਣ ਜੋਗਾ ਤਾਂ ਕਮਾ ਹੀ ਸਕਦੇ ਹਾਂ।” ਉਹ ਦੀਆਂ ਨਜ਼ਰਾਂ ’ਚ ਸੁਪਨੇ ਸਨ। ਅਸਾਧਾਰਣ ਸੁਪਨੇ। ਮੈਂ ਉਹਨਾਂ ਦੀ ਭਾਸ਼ਾ ਨੂੰ ਪੜ੍ਹ ਲਿਆ ਸੀ। ਮੇਰੀ ਲੂੰਈਂ-ਲੂੰਈਂ ਖੜ ਗਈ ਸੀ। ਮੈਨੂੰ ਉਹਦਾ ਸੁਝਾਅ ਆਪਣਾ-ਆਪਣਾ ਲੱਗਾ ਸੀ। ਉਹ ਉੱਠ ਕੇ ਮੇਰੇ ਕੋਲ ਆ ਬੈਠਿਆ ਸੀ। ਮੇਰਾ ਹੱਥ ਫੜ ਲਿਆ ਸੀ।

ਅਸੀਂ ਚੁੱਪਚਾਪ ਬੈਠੇ ਸੀ। ਉਥੇ ਸਿਰਫ਼ ਦਿਲ ਦੀਆਂ ਤੇਜ਼ ਧੜਕਣਾਂ ਦੀ ਆਵਾਜ਼ ਸੀ। ਸਮਾਂ ਜਿਵੇਂ ਖੜ ਗਿਆ ਸੀ। ਕੁਦਰਤ ਦੇ ਬਣਾਏ ਦੋ ਅਨਮੋਲ ਜੀਵ। ਇਕ ਜਾਨ ਹੋਣ ਲਈ ਉਤਾਵਲੇ ਸਨ। ਉਹਦੇ ਹੱਥਾਂ ’ਚ ਤੇਜ਼ੀ ਆਉਣ ਲੱਗੀ ਸੀ। ਮੇਰਾ ਆਪਣਾ ਆਪ ਮੇਰੇ ਵੱਸ ’ਚ ਨਹੀਂ ਰਿਹਾ ਸੀ। ਕੋਈ ਸ਼ੈਅ ਸੀ ਜਿਹੜੀ ਮੈਨੂੰ ਉਡਾਈ ਫਿਰਦੀ ਸੀ। ਮੈਂ ਉਤੇਜਿਤ ਹੋ ਗਈ ਸੀ। ਉਹਨੇ ਕਿੱਸ ਕਰਨ ਲਈ ਆਪਣਾ ਮੂੰਹ ਨੇੜੇ ਨੂੰ ਕੀਤਾ ਸੀ ਜਾਂ ਮੈਂ ਹੀ ਉਹਦੇ ਵੱਲ ਸਰਕੀ ਸੀ ਕਿ ਉਦੋਂ ਹੀ ਉਪਰੋਂ ਮਾਂ ਆ ਗਈ ਸੀ। ਮੈਨੂੰ ਤਾਂ ਇਸ ਗੱਲ ਦਾ ਚੇਤਾ ਵੀ ਨਹੀਂ ਰਿਹਾ ਸੀ ਕਿ ਬਾਹਰਲਾ ਦਰਵਾਜ਼ਾ ਖੁੱਲ੍ਹਾ ਸੀ।

ਮੈਥੋਂ ਵੱਧ ਦੌਰੇ ਮਾਂ ਨੂੰ ਪਏ ਸਨ। ਉਹ ਅਰਧ ਪਾਗਲ ਹੋ ਗਈ ਸੀ। ਬੈਠੀ-ਬੈਠੀ ਹੱਸਣ ਲੱਗ ਜਾਂਦੀ। ਰੋਣਾ ਸ਼ੁਰੂ ਕਰ ਦਿੰਦੀ। ਮੈਨੂੰ ਇਸ ਗੱਲ ਦੀ ਸਤੁੰਸ਼ਟੀ ਸੀ ਕਿ ਉਸ ਇਹ ਗੱਲ ਪਰਿਵਾਰ ਦੇ ਕਿਸੇ ਜੀਅ ਨੂੰ ਨਹੀਂ ਦੱਸੀ ਸੀ। ਉਸ ਦਿਨ, ਜਦੋਂ ਉਸਨੇ ਮੈਨੂੰ ਤੇ ਪਰਸ਼ੋਤਮ ਨੂੰ ਬੈਠਿਆ ਦੇਖਿਆ ਸੀ, ਪਿਛਲੇ ਕਮਰੇ ’ਚ ਡਿੱਠੇ ਸੂਤੜੀ ਦੇ ਮੰਜੇ ’ਤੇ ਮੂਧੇ ਮੂੰਹ ਡਿਗ ਪਈ ਸੀ। ਮੈਂ ਡਰਦੀ-ਤ੍ਰਬਕਦੀ ਦੋ-ਤਿੰਨ ਵਾਰ ਗਈ ਸੀ। ‘ਮਾਂ-ਮਾਂ ਨੀ’ ਕਹਿ ਕੇ ਆਵਾਜ਼ ਮਾਰੀ ਸੀ। ਉਸ ਮੇਰੀ ਕਿਸੇ ਗੱਲ ਦਾ ਜਵਾਬ ਨਹੀਂ ਦਿੱਤਾ ਸੀ। ਉਹ ਭਾਪਾ ਜੀ ਆਏ ਤੋਂ ਵੀ ਨਹੀਂ ਉੱਠੀ ਸੀ। ਇੰਨਾ ਕੁ ਕਿਹਾ ਸੀ, “ਮੈਂ ਬਹੁਤ ਹੀ ਜ਼ਿਆਦਾ ਪ੍ਰੇਸ਼ਾਨ ਹਾਂ। ਇਸੇ ਗੱਲ ਵਿੱਚ ਭਲਾ ਆ ਕਿ ਮੈਨੂੰ ਨਾ ਬੁਲਾਉ। ਮੈਨੂੰ ਇਕੱਲੀ ਨੂੰ ਛੱਡ ਦਿਉ।” ਰਾਤੀਂ



www.PunjabiLibrary.com

ਰੋਟੀ ਲੈ ਕੇ ਗਈ ਤਾਂ ਉਸ ਮੇਰੇ ਵੱਲ ਦੇਖਿਆ ਤਕ ਨਹੀਂ ਸੀ। ਨਾ ਹੀ ਮੇਰੀ ਗੱਲ ਦਾ ਕੋਈ ਹੁੰਗਾਰਾ ਭਰਿਆ ਸੀ। ਨਾ ਰੋਟੀ ਖਾਧੀ ਸੀ। ਮੇਰੀਆਂ ਮਿੰਨਤਾਂ, ਅਰਜੋਈਆਂ, ਮਾਫੀਆਂ ਦਾ ਕੋਈ ਅਸਰ ਨਹੀਂ ਹੋਇਆ ਸੀ। ਦੂਜਾ ਦਿਨ ਵੀ ਐਦਾਂ ਹੀ ਲੰਘ ਗਿਆ ਸੀ। ਤੀਜੇ ਦਿਨ ਕੇਸਰ ਨੇ ਉਸ ਨੂੰ ਮੱਲੋਜੋਰੀ ਚਾਹ ਪਿਲਾਈ ਸੀ। ਅੱਧਾ ਕੁ ਕੱਪ ਪੀਣ ਮਗਰੋਂ ਉਹ ਉੱਚੀ-ਉੱਚੀ ਰੋਈ ਸੀ। ਉਹ ਦੀਆਂ ਚੀਕਾਂ ਮੈਥੋਂ ਸੁਣੀਆਂ ਨਹੀਂ ਗਈਆਂ ਸਨ। ਪੰਜ ਕੁ ਮਿੰਟਾਂ ਬਾਅਦ ਉਹ ਖਿੜਖਿੜਾ ਕੇ ਹੱਸੀ ਸੀ। ਕੇਸਰ ਭਾਪਾ ਜੀ ਨੂੰ ਬੁਲਾਉਣ ਚਲਾ ਗਿਆ ਸੀ। ਮੈਂ ਉਹਨੂੰ ਜੱਫੀ ਪਾ ਲਈ ਸੀ। ਉਸਦੀ ਹਾਲਤ ਪਾਗਲਾਂ ਵਾਲੀ ਸੀ। ਉਹ ਕਦੇ ਹੱਸਣ ਲੱਗ ਜਾਂਦੀ। ਕਦੇ ਰੋਣ ਲੱਗ ਜਾਂਦੀ। ਮੈਂ ਆਪ ਵੀ ਰੋਈ ਸੀ। ਮੈਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਮਾਂ ਨੂੰ ਕਿਵੇਂ ਮੰਨਾਵਾਂ। ਉਹਦੇ ਮਨ ’ਤੇ ਗਹਿਰੀ ਚੋਟ ਲੱਗੀ ਸੀ। ਫੇਰ ਉਹ ਉੱਚੀ-ਉੱਚੀ ਬੋਲਣ ਲੱਗ ਪਈ ਸੀ। ਕਈ ਨਾਂ ਲਏ ਸੀ। ਉਹਨਾਂ ਨੂੰ ਗਾਲ੍ਹਾਂ ਕੱਢੀਆਂ ਸੀ। ਬਹੁਤ ਹੀ ਗੰਦੀਆਂ ਗਾਲਾਂ। ਬੇਸ਼ਰਮੀ ਦੀ ਹੱਦ ਤਕ। ਮੈਂ ਉਹਦੇ ਮੂੰਹ ਅੱਗੇ ਹੱਥ ਰੱਖ ਦਿੱਤਾ ਸੀ। ਕਿਹਾ ਸੀ, “ਮਾਂ---ਤੂੰ ਜਿਦ੍ਹਾਂ ਕਹੇਂਗੀ--ਮੈਂ ਉਦਾਂ ਕਰੂੰਗੀ। ਜਿਹਦੀ ਮਰਜ਼ੀ ਸੌਂਹ ਖੁਆ ਲੈ। ਕੇਸਰ ਦੀ ਸਹੁੰ ਖਾਨੀ ਆਂ।” “ਕੁੱਤੀਏ, ਬਦਮਾਸ਼ੇ-ਮੇਰੀਆਂ ਨਜ਼ਰਾਂ ਤੋਂ ਦੂਰ ਹੋ ਜਾ। ਮੈਂ ਸਾਰੀ ਉਮਰ ਕਿਸੇ ਕੋਲੋਂ ਉਏ ਨ੍ਹੀਂ ਅਖਵਾਈ-ਤੈਨੂੰ ਨਵੀਂ ਜਵਾਨੀ ਚੜ੍ਹੀ ਆ।” ਉਹਨੇ ਆਪਣੇ ਮੂੰਹ ’ਤੇ ਸਿਰਹਾਣਾ ਰੱਖ ਲਿਆ ਸੀ। ਭਾਪਾ ਜੀ ਨੇ ਆਉਂਦੇ ਸਾਰ ਹੀ ਡਾਹਢੇ ਗੁੱਸੇ ’ਚ ਪੁੱਛਿਆ ਸੀ ਕਿ ਆਖਿਰ ਗੱਲ ਕੀ ਹੈ। ਮੈਂ ਉਨ੍ਹਾਂ ਨੂੰ ਕੀ ਦੱਸਦੀ ਕਿ ਉਸ ਦੀ ਇਹ ਹਾਲਤ ਮੇਰੇ ਕਰਕੇ ਹੀ ਹੋਈ ਹੈ। ਮੈਂ ਹੀ ਉਸਦਾ ਵਿਸ਼ਵਾਸ ਤੋੜਿਆ ਸੀ। ਮੈਂ ਐਵੇਂ ਕਿਵੇਂ ਦੀ ਕੋਈ ਕਹਾਣੀ, ਜਿਹੜੀ ਕਿ ਪਹਿਲਾਂ ਤੋਂ ਘੜ ਰੱਖੀ ਸੀ, ਉਹੀ ਸੁਣਾ ਦਿੱਤੀ ਸੀ। ਮਾਂ ਨੂੰ ਕਮਲ ਮੈਂਟਲ ਹਸਪਤਾਲ ’ਚ ਦਾਖਲ ਕਰਾ ਦਿੱਤਾ ਸੀ। ਡਾਕਟਰ ਦਾ ਕਹਿਣਾ ਸੀ ਕਿ ਉਸਨੂੰ ਕੋਈ ਗਹਿਰਾ ਸਦਮਾ ਪਹੁੰਚਿਆ ਸੀ। ਉਸ ਨੂੰ ਵਿਸ਼ੇਸ਼ ਦੇਖ-ਭਾਲ ਦੀ ਲੋੜ ਸੀ। ਜਿਸ ਬੰਦੇ ਕਰਕੇ ਉਸਦੀ ਅਜਿਹੀ ਹਾਲਤ ਹੋਈ ਸੀ-ਉਸ ਨੂੰ ਇਹਦੇ ਮੱਥੇ ਨਾ ਲੱਗਣ ਦਿਉ। ਮੈਂ ਭਾਪਾ ਜੀ ਨੂੰ ਜ਼ੋਰ ਪਾ ਕੇ ਮਾਸੀ ਜੀ ਨੂੰ ਬੁਲਾ ਲਿਆ ਸੀ। ਮੈਂ ਇਕ ਦਿਨ ਵੀ ਕਾਲਜ ਤੋਂ ਛੁੱਟੀ ਨਹੀਂ ਕੀਤੀ ਸੀ। ਘਰ ਸੰਭਾਲਿਆ ਸੀ। ਪੜ੍ਹਾਈ ਦਾ ਨੁਕਸਾਨ ਵੀ ਨਹੀਂ ਹੋਣ ਦਿੱਤਾ ਸੀ। ਪਰਸ਼ੋਤਮ ਨੇ ਆਨੀਂ ਬਹਾਨੀਂ ਕਈ ਵਾਰ ਮਿਲਣ ਦੀ ਕੋਸ਼ਿਸ਼ ਕੀਤੀ ਸੀ ਪਰ ਮੈਂ ਉਹਦੇ ਵੱਲ ਦੇਖਿਆ ਤਕ ਨਹੀਂ ਸੀ। ਉਹ ਨੇ ਮੈਨੂੰ ਲੰਬੀ ਚਿੱਠੀ ਲਿਖੀ ਸੀ। ਮੈਂ ਪੜ੍ਹਦੀ-ਪੜ੍ਹਦੀ ਜ਼ਾਰ-ਜ਼ਾਰ ਰੋਈ ਸੀ। ਮੈਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਇਸ ਵੇਲੇ ਮੇਰਾ ਰੋਲ ਕਿਹੋ ਜਿਹਾ ਹੋਵੇ। ਮੇਰੀ ਅਜੀਬ ਸਥਿਤੀ ਸੀ। ਮੈਂ ਨਾ ਦੁੱਖ ਵਿੱਚ ਸੀ। ਨਾ ਸੁੱਖ ’ਚ। ਕਦੇ ਪਰਸ਼ੋਤਮ ਦਾ ਚਿਹਰਾ ਦਿੱਸਦਾ। ਕਦੇ ਮਾਂ ਦੀ ਡਰਾਉਣੀ ਸ਼ਕਲ। ਮੇਰੇ ’ਤੇ ਗੁਨਾਹ ਦੀ ਭਾਵਨਾ ਭਾਰੂ ਹੋਣ ਲੱਗੀ ਸੀ। ਮੈਂ ਹਸਪਤਾਲ ਉਦੋਂ ਹੀ ਜਾਂਦੀ ਸੀ ਜਦੋਂ ਮਾਂ ਨੂੰ ਨੀਂਦ ਵਾਲਾ ਇੰਜੈਕਸਨ ਲਾਇਆ ਹੁੰਦਾ।

ਇਕ ਦਿਨ ਗਲੀ ਗੁਆਂਢ ਦੀਆਂ ਗੱਲਾਂ ਚੱਲੀਆਂ ਤਾਂ ਮੈਂ ਉਸ ਕੋਲੋਂ ਪੁੱਛਿਆ ਸੀ, “ਮਾਂ-ਉਹ ਕੋਠੀ ਵਾਲਿਆਂ ਦਾ ਪਰਸ਼ੋਤਮ ਹੁੰਦਾ ਸੀ...।”

“ਮੀਤੋ-ਉਨ੍ਹਾਂ ਦਾ ਕਾਰੋਬਾਰ ਬਹੁਤ ਵਧੀਆ। ਪਰਸ਼ੋਤਮ ਦੇ ਦੋ ਮੁੰਡੇ। ਦੋਵੇਂ

ਇੰਗਲੈਂਡ ਚਲੇ ਗਏ। ਪਰਸ਼ੋਤਮ ਕਾਲਜ ਪੜ੍ਹਾਉਂਦਾ। ਉਹਦੀ ਘਰਵਾਲੀ ਬੈਂਕ ਵਿਚ ਲੱਗੀ।"

ਸ਼ਾਇਦ ਮਾਂ ਨੂੰ ਵੀ ਉਹ ਘਟਨਾ ਯਾਦ ਆ ਗਈ ਹੋਵੇ। ਸਾਰਾ ਦਿਨ ਮੈਂ ਉਖੜੀ-ਉਖੜੀ ਰਹੀ ਸੀ। ਸਿਰ ਨੂੰ ਗੁਭਾਰ ਜਿਹਾ ਚੜ੍ਹਦਾ ਉਤਰਦਾ ਰਿਹਾ ਸੀ। ਮੈਂ ਮੁੜ ਕੇ ਉਹਦੇ ਕਮਰੇ 'ਚ ਨਹੀਂ ਗਈ ਸੀ।

ਪੂਨਮ ਦੀ ਮਾਂ ਨਾਲ ਬਹੁਤੀ ਬਣਦੀ ਨਹੀਂ। ਮਾਂ ਉਹਨੂੰ ਬਾਂਹੋਂ ਫੜ ਕੇ ਬਿਠਾ ਲੈਂਦੀ। ਆਪਣੇ ਕੋਲੋਂ ਉੱਠਣ ਨਾ ਦਿੰਦੀ। ਮਾਂ ਉਸ ਨਾਲ ਬਹੁਤਾ ਹੀ ਜ਼ਿਆਦਾ ਪਿਆਰ ਕਰਦੀ ਹੈ। ਉਹਦੇ ਬਚਪਨ ਤੋਂ ਹੀ। ਨਾਨਕਿਆਂ-ਦਾਦਕਿਆਂ 'ਚ ਉਹ ਪਹਿਲੀ ਔਲਾਦ ਸੀ। ਦੋਵੇਂ ਘਰ ਉਹਨੂੰ ਪੁੱਤਾਂ ਵਾਂਗ ਸਮਝਦੇ। ਮੈਂ ਮਾਂ ਨੂੰ ਮਿਲਣ ਜਾਂਦੀ ਤਾਂ ਮਾਂ ਰਾਤ ਨੂੰ ਪੂਨਮ ਨੂੰ ਆਪਣੇ ਨਾਲ ਸੁਵਾ ਲੈਂਦੀ। ਵਾਪਸੀ 'ਤੇ ਉਹਦੀਆਂ ਅੱਖਾਂ ਭਰ ਆਉਂਦੀਆਂ। ਉਹ ਭਰੇ ਮਨ ਨਾਲ ਕਹਿੰਦੀ, "ਆਹ ਪੁੱਤ ਨੂੰ ਏਥੇ ਛੱਡ ਜਾ।" ਫੇਰ ਉਹਦੀਆਂ ਚਿੱਠੀਆਂ ਆਉਂਦੀਆਂ। ਸੁਨੇਹੇ ਮਿਲਦੇ। ਮਿਡਲ ਪਾਸ ਕਰਨ ਤੱਕ ਪੂਨਮ ਵੀ ਮਾਂ ਨੂੰ ਬਹੁਤ ਪਿਆਰ ਕਰਦੀ ਰਹੀ ਸੀ। ਛੁੱਟੀਆਂ ਹੁੰਦੀਆਂ ਤਾਂ ਉਹ ਮਾਂ ਕੋਲ ਛੱਡ ਆਉਣ ਦੀ ਜ਼ਿੱਦ ਕਰਦੀ ਜਾਂ ਚਿੱਠੀ ਲਿਖ ਕੇ ਮਾਂ ਨੂੰ ਏਥੇ ਬੁਲਾ ਲੈਂਦੀ। ਮਾਂ ਉਸ 'ਤੇ ਨਾਨੀ ਵਾਲਾ ਹੱਕ ਜਤਾਉਂਦੀ। ਇਹ ਸਿਲਸਿਲਾ ਪਲੱਸ ਟੂ ਤੱਕ ਨਿਰਵਿਘਨ ਚੱਲਦਾ ਰਿਹਾ। ਦੋਹਾਂ ਦੀ ਜਾਨ ਇਕ ਦੂਜੀ ਵਿੱਚ ਵੱਸਦੀ ਸੀ। ਕਾਲਜ ਜੁਆਇਨ ਕਰਦਿਆਂ ਹੀ ਪੂਨਮ ਦੇ ਸੁਭਾ 'ਚ ਕਈ ਤਬਦੀਲੀਆਂ ਆ ਗਈਆਂ। ਮਾਂ ਦੀ ਹੋਂਦ ਪਿੱਛੇ ਪੈ ਗਈ। ਉਹਦੇ ਸਰਕਲ ਦੀਆਂ ਕੁੜੀਆਂ/ਮੁੰਡੇ ਨੇੜੇ ਆਉਣ ਲੱਗੇ। ਹੁਣ ਉਹਨੂੰ ਮਾਂ ਦੀਆਂ ਬਹੁਤੀਆਂ ਆਦਤਾਂ ਪਸੰਦ ਨਹੀਂ ਸਨ। ਉਹ ਕਹਿੰਦੀ ਕਿ ਮਾਂ ਨੂੰ ਘੁੰਮਾ ਫਿਰਾ ਕੇ ਗੱਲ ਕਰਨ ਦੀ ਆਦਤ ਹੈ। ਉਹ ਕਿਸੇ ਵੀ ਸ਼ੈਅ, ਆਦਮੀ ਬਾਰੇ ਸਪੱਸ਼ਟ ਰਾਏ ਨਹੀਂ ਰੱਖਦੀ। ਬਚਪਨ ਵਾਲਾ ਪਿਆਰ ਯਾਦ ਆਉਂਦਾ ਤਾਂ ਮਾਂ ਕੋਲ ਬੈਠ ਨਵੀਂਆਂ ਗੱਲਾਂ ਛੇੜ ਲੈਂਦੀ। ਮਾਂ ਉਹਨੂੰ ਕਹਿੰਦੀ, "ਚੁੱਪ ਰਹਿ ਨੀ ਕੁੜੀਏ-ਮੈਨੂੰ ਸਾਰਾ ਪਤਾ।"

"ਤੁਹਾਨੂੰ ਕੀ ਪਤਾ। ਨਾ ਤੁਹਾਨੂੰ ਪਤਾ। ਨਾ ਤੁਹਾਡੀ ਧੀ ਨੂੰ।"

"ਤੂੰ ਜਿਉਂ ਸਿਆਣੀ ਜੰਮ ਪਈਂ।"

"ਦੇਖੋ-ਤੁਸੀਂ 1947 ਤੋਂ ਪਹਿਲਾਂ ਦੇ ਹੋ। ਯਾਨੀ ਕਿ ਬੇਬੀ ਬੂਮਰ ਕਲਾਸ। ਮੰਮੀ ਸੱਠ ਤੋਂ ਬਾਅਦ ਦੇ। ਇਹ ਹੋ ਗਈ ਜਨਰੇਸ਼ਨ ਐਕਸ। ਮੈਂ ਇਕਾਸੀ ਦੀ ਹਾਂ। ਜਨਰੇਸ਼ਨ ਵਾਈ।"

ਮਾਂ ਨੂੰ ਉਹਦੀਆਂ ਇਨ੍ਹਾਂ ਗੱਲਾਂ ਦੀ ਸਮਝ ਨਾ ਲੱਗਦੀ। ਉਹ ਕਹਿੰਦੀ, "ਤੂੰ ਊਟ-ਪਟਾਂਗ ਕੀ ਬੋਲੀ ਜਾਨੀ ਆਂ। ਸਿੱਧੀ ਗੱਲ ਕਰ।"

ਪੂਨਮ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਸਿੱਧੀ ਗੱਲ ਨਾਲ ਮਾਂ ਔਖ ਮੰਨਦੀ ਸੀ। ਉਹਨੂੰ ਸਮਝਾਉਣ ਲਈ ਭੂਮਿਕਾ ਬੰਨਣੀ ਪੈਂਦੀ ਸੀ।

ਇਕ ਦਿਨ ਪੂਨਮ ਮਾਂ ਨੂੰ ਉਠਾਲ ਕੇ ਲੌਬੀ 'ਚ ਲੈ ਆਈ। ਉਸ ਨੈਸ਼ਨਲ ਜੋਗਰੈਫਿਕ ਚੈਨਲ ਲਾ ਦਿੱਤਾ। ਗੋਰੇ ਨੇ ਸ਼ੇਰ ਦਾ ਬੱਚਾ ਪਾਲ ਰੱਖਿਆ ਸੀ। ਉਹ ਬੱਚੇ ਨੂੰ



ਦੁੱਧ ਪਿਲਾਉਂਦਾ। ਬੱਚਾ ਗੋਰੇ ਦਾ ਬਹੁਤ ਮੋਹ ਕਰਨ ਲੱਗਾ। ਉਹਦੀਆਂ ਆਦਤਾਂ ਸ਼ੇਰ ਵਾਲੀਆਂ ਨਹੀਂ ਰਹੀਆਂ ਸਨ। ਗੋਰਾ ਚਾਹੁੰਦਾ ਸੀ ਕਿ ਬੱਚਾ ਆਪਣੇ ਅਸਲੀ ਰੂਪ 'ਚ ਆਵੇ। ਉਹ ਉਹਨੂੰ ਜੰਗਲ 'ਚ ਲੈ ਗਿਆ। ਉਹਨੂੰ ਖੁੱਲ੍ਹਾ ਛੱਡ ਦਿੱਤਾ। ਹੁਣ ਉਸ ਆਪਣੀ ਖੁਰਾਕ ਦੀ ਆਪ ਭਾਲ ਕਰਨੀ ਸੀ। ਉਹ ਘਰੇਲੂ ਸ਼ੇਰ ਸੀ-ਇਸ ਲਈ ਉਹਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਸ਼ਿਕਾਰ 'ਤੇ ਕਿਵੇਂ ਵਾਰ ਕਰਨਾ ਹੈ। ਜਦੋਂ ਉਹਨੂੰ ਪਤਾ ਲੱਗਾ ਤਾਂ ਉਸ ਸ਼ਿਕਾਰ 'ਤੇ ਝਪਟਦਿਆਂ ਹੋਇਆਂ ਆਪਣਾ ਪੰਜਾ ਤੁੜਾ ਲਿਆ। ਗੋਰੇ ਨੇ ਉਸਨੂੰ ਚੁੱਕਿਆ। ਪਸ਼ੂਆਂ ਦੇ ਡਾਕਟਰ ਕੋਲ ਲੈ ਆਇਆ। ਉਨ੍ਹਾਂ ਸ਼ੇਰ ਦੇ ਅਰਧ ਬੇਹੋਸ਼ੀ ਵਾਲਾ ਟੀਕਾ ਲਾਇਆ ਤੇ ਪੰਜੇ ਦੀ ਸਰਜਰੀ ਕਰ ਦਿੱਤੀ।

ਮਾਂ ਨੇ ਦੰਦਾਂ ਹੇਠਾਂ ਜੀਭ ਲੈ ਲਈ। "ਕਮਾਲ ਆ ਗੋਰੇ ਦੀ। ਵਾਰੇ ਜਾਵਾਂ ਇਸ ਕੌਮ ਦੇ। ਮੈਂ ਆਪ ਲਾਹੌਰ ਅੰਗਰੇਜ਼ ਦੇਖੇ ਸੀ।"

ਪੂਨਮ ਨੇ 'ਐਫ' ਚੈਨਲ ਲਾ ਦਿੱਤਾ। ਮਾਂ ਚੀਕ ਪਈ, "ਤੂੰ ਮੈਨੂੰ ਆ ਕੁਸ਼ ਦਿਖਾਉਣ ਲਈ ਲਿਆਈਂ ? " ਉਹਨੇ ਅੱਖਾਂ ਅੱਗੇ ਚੁੰਨੀ ਫੈਲਾ ਲਈ, "ਰਖੇ ਰਹਿਣ ਨੀ ਬੜੀਏ ਚਲਾਕੋ। ਬੰਦ ਕਰ ਆਹ ਕੰਜਰਖਾਨਾ। ਦੁਨੀਆਂ ਦਾ ਬੇੜਾ ਗਰਕਣ 'ਤੇ ਆਇਆ।"

"ਇਹਦੇ ਵਿਚ ਕੀ ਮਾੜਾ। ਦੁਨੀਆਂ ਭਰ ਦੇ ਫੈਸ਼ਨ ਘਰ ਬੈਠੇ ਬੈਠਾਏ ਦੇਖ ਲਉ।"

"ਮੈਥੋਂ ਨ੍ਹੀਂ ਇਹ ਲੁੱਚਪੁਣਾ ਦੇਖਿਆ ਜਾਂਦਾ।"

ਮਾਂ ਖਿਝੀ, ਸੜੀ, ਬਲੀ ਆਪਣੇ ਕਮਰੇ 'ਚ ਆ ਗਈ ਸੀ। ਉਹਨੇ ਮੈਨੂੰ ਉੱਚੀ-ਉੱਚੀ ਆਵਾਜ਼ਾਂ ਮਾਰੀਆਂ ਸੀ। ਮੈਂ ਰਸੋਈ 'ਚ ਰੁਝੀ ਖੜੀ ਸੀ। ਥੋੜ੍ਹੇ ਕੁ ਚਿਰ ਬਾਅਦ ਗਈ ਤਾਂ ਉਹਨੇ ਕਿਹਾ ਸੀ, "ਮੈਨੂੰ ਤਾਂ ਚੇਤਾ ਹੀ ਭੁੱਲ ਗਿਆ। ਮੈਂ ਤੈਨੂੰ ਕਾਹਤੋਂ ਆਵਾਜ਼ ਮਾਰੀ ਸੀ।" ਉਹਨੂੰ ਚੇਤਾ ਨਹੀਂ ਭੁੱਲਿਆ ਸੀ। ਉਹ ਕੁਝ ਵੀ ਨਹੀਂ ਭੁੱਲਦੀ। ਕਦੇ ਸਬਰ ਕਰ ਜਾਂਦੀ। ਕਦੇ ਕਾਹਲੀ ਪੈ ਜਾਂਦੀ। ਮੈਨੂੰ ਮਾਂ 'ਤੇ ਤਰਸ ਆ ਗਿਆ ਸੀ। ਮੈਂ ਉਹਨੂੰ ਮਲੋਜ਼ੋਰੀ ਉਠਾਲ ਲਿਆਂਦਾ ਸੀ ਤੇ 'ਸੰਸਕਾਰ' ਚੈਨਲ ਲਾ ਦਿੱਤਾ ਸੀ। ਉਹ ਮਾਈ ਪ੍ਰੀਤੀ ਦੇ ਪ੍ਰਵਚਨ ਸੁਣਨ 'ਚ ਮਸਤ ਹੋ ਗਈ ਸੀ।

ਮੈਂ ਕਦੇ ਪੂਨਮ ਨੂੰ ਕਿਸੇ ਕੰਮ ਲਈ ਨਹੀਂ ਕਿਹਾ। ਉਸ ਕੋਲ ਫਾਲਤੂ ਸਮਾਂ ਹੋਵੇ ਤਾਂ ਉਹ ਆਪੇ ਮੇਰਾ ਹੱਥ ਵਟਾਉਣ ਲੱਗ ਜਾਂਦੀ ਹੈ। ਕਈ ਹੋਰ ਉਪਰਲੇ-ਹੇਠਲੇ ਕੰਮ ਕਰ ਦਿੰਦੀ ਹੈ, ਪਰ ਉਹਨੂੰ ਰਸੋਈ 'ਚ ਖੜ ਕੇ ਕੰਮ ਕਰਨਾ ਮੌਤ ਦਿਖਾਈ ਦਿੰਦੀ ਹੈ, "ਇਟ ਇਜ ਬੋਰਿੰਗ ਜੌਬ। ਕਿੰਨਾ ਸਮਾਂ ਬਰਬਾਦ ਹੁੰਦਾ। ਮੈਂ ਤਾਂ ਫਾਸਟ ਫੂਡ ਹੀ ਖਾਊਂਗੀ।" ਮੈਂ ਉਹਨੂੰ ਦੱਸਿਆ, "ਔਰਤ ਦੇ ਅੱਧੇ ਸਾਹ ਰਸੋਈ ਵਿਚ ਹੁੰਦੇ ਤੇ ਅੱਧੇ ਆਪਣੀ ਉਲਾਦ ਵਿਚ।"

ਮੈਨੂੰ ਤਾਂ ਬਿਊਟੀ ਪਾਰਲਰ ਵੀ ਪੂਨਮ ਹੀ ਲੈ ਕੇ ਗਈ ਸੀ, "ਤੁਸੀਂ ਆਪਣੇ ਆਪ ਨੂੰ ਹੁਣੇ ਬੁੱਢੇ ਮੰਨ ਲਿਆ। ਦੇਖੋ ਤੁਹਾਡੀ ਉਮਰ ਹੀ ਕਿੰਨੀ ਕੁ ਆ। ਤੁਹਾਨੂੰ ਆਪਣੀ ਫੇਸ ਬਿਊਟੀ ਵੱਲ ਧਿਆਨ ਦੇਣਾ ਚਾਹੀਦਾ। ਸ਼ੀਸ਼ੇ ਸਾਹਮਣੇ ਖੜ੍ਹ ਕੇ ਦੇਖੋ-ਤੁਹਾਡੀਆਂ ਪਲਕਾਂ ਹੇਠਾਂ ਕਿੰਨੇ ਬਲੈਕ ਸਪੌਟ ਉਭਰੇ ਆ।" ਹੁਣ ਜੇ ਮੈਂ ਮਹੀਨੇ 'ਚ ਇੱਕ ਅੱਧ ਵਾਰ



www.PunjabiLibrary.com

ਨਾ ਜਾਵਾਂ ਤਾਂ ਉਹ ਮੈਨੂੰ ਯਾਦ ਕਰਾ ਦਿੰਦੀ ਜਾਂ ਮੈਨੂੰ ਆਪ ਨਾਲ ਲੈ ਕੇ ਜਾਂਦੀ।

ਮੈਂ ਕੋਸ਼ਿਸ਼ ਕਰਦੀ ਕਿ ਮੇਰੇ ਅੰਦਰ ਬੈਠੀ ਮਾਂ ਸਦਾ ਲਈ ਸੌਂ ਜਾਵੇ। ਮੇਰੇ ਵਿਚੋਂ ਮੇਰੀ ਧੀ ਵਾਲਾ ਅਕਸ ਉਭਰੇ। ਇਹ ਬਹੁਤ ਔਖਾ ਕੰਮ ਸੀ। ਜਿੰਨਾ ਮੈਂ ਅਗਾਂਹ ਵਧਦੀ–ਇਹ ਉੱਨੀ ਹੀ ਮੇਰੀ ਲੱਤ ਖਿਚ ਕੇ ਪਿਛਾਂਹ ਨੂੰ ਲੈ ਜਾਂਦੀ। ਇਹ ਸਭ ਕੁਝ ਮਾਂ ਦੇ ਏਥੇ ਆਉਣ ਨਾਲ ਹੋਇਆ। ਉਹਦੀਆਂ ਸਮਝੌਤੀਆਂ, ਟੋਕਾ–ਟਾਕੀ ਮੈਨੂੰ ਘੇਰੀ ਰੱਖਦੀਆਂ। ਮੇਰੀਆਂ ਆਦਤਾਂ ਤੋਂ ਪੂਨਮ ਨੂੰ ਛੇਤੀ ਹੀ ਗੁੱਸਾ ਆ ਜਾਂਦਾ। ਉਹ ਮੈਨੂੰ ਮਾਂ ਦੀ ਕਾਰਬਨ ਕਾਪੀ ਐਲਾਨਦੀ। ਇਕ ਦਿਨ ਉਹ ਮੇਰੇ ਨਾਲ ਸਲਾਹੀਂ ਪਈ ਸੀ, "ਮੈਨੂੰ ਛੋਟੇ ਮਾਮਾ ਜੀ ਤੋਂ ਪਤਾ ਲੱਗਾ ਕਿ ਭਾਪਾ ਜੀ ਨੇ ਮਾਂ ਨੂੰ ਕਾਫੀ ਖੁੱਲ੍ਹਾਂ ਦੇ ਰੱਖੀਆਂ ਸਨ। ਉਨ੍ਹਾਂ ਮਾਂ ਦੀ ਕਦੇ ਕਿਸੇ ਗਲਤ ਰਾਏ ਦਾ ਵੀ ਵਿਰੋਧ ਨ੍ਹੀਂ ਕੀਤਾ ਸੀ। ਜੋ ਮਾਂ ਕਰ ਦੇਵੇ–ਭਾਪਾ ਜੀ ਨੂੰ ਉਹ ਮਨਜ਼ੂਰ ਹੁੰਦਾ ਸੀ। ਇਸੇ ਗੱਲ ਨੇ ਮਾਂ ਨੂੰ ਵਿਗਾੜ ਦਿੱਤਾ ਸੀ। ਮਾਂ ਚਾਹੁੰਣ ਲੱਗੀ ਸੀ ਕਿ ਸਭ ਕੁਸ਼ ਉਹਦੀ ਮਰਜ਼ੀ ਮੁਤਾਬਿਕ ਹੋਵੇ। ਉਹ ਰੁਸ ਕੇ, ਲੜ ਕੇ ਆਪਣੀ ਗੱਲ ਮੰਨਵਾ ਲੈਂਦੀ ਸੀ। ਉਹਨੇ ਕਦੇ ਆਪਣੇ ਤੋਂ ਬਿਨ੍ਹਾਂ ਕਿਸੇ ਦੂਜੇ ਦੀ ਪਰਵਾਹ ਨਹੀਂ ਕੀਤੀ ਸੀ। ਇੱਥੋਂ ਹੀ ਸਿਸਟਮ ਖਰਾਬ ਹੋਇਆ ਸੀ। ਉਹ ਇਹ ਗੱਲ ਬਿਲਕੁਲ ਭੁੱਲ ਚੁੱਕੀ ਸੀ ਕਿ ਕੋਈ ਉਸ ਤੋਂ ਛੋਟਾ ਵੀ ਸਿਆਣੀ ਗੱਲ ਕਰ ਸਕਦਾ ਆ।....ਮੈਂ ਉਹਨਾਂ ਦੇ ਸਾਰੇ ਡੈਟੇ ਕੰਪਿਊਟਰ 'ਚ ਫੀਡ ਕਰ ਰਹੀ ਹਾਂ......ਇਹਦਾ ਸਾਰ ਵੀ ਤੁਹਾਨੂੰ ਪੜ੍ਹਾਊਂਗੀ। ਕੰਪਿਊਟਰ ਦੀ ਰਾਇ ਵੀ ਲਵਾਂਗੀ।" ਉਹ ਕਿਥੋਂ ਤੱਕ ਸੋਚਦੀ ਹੈ।

ਪੂਨਮ ਦੀ ਕੋਸ਼ਿਸ਼ ਹੈ ਕਿ ਉਹਨੇ ਮੈਨੂੰ ਮਾਡਰਨ ਬਣਾਉਣਾ ਹੈ। ਉਹ ਕਹਿੰਦੀ, "ਅੱਜ ਦੇ ਸਮੇਂ ਵਿਚ ਉਹੀ ਕਾਮਯਾਬ ਹੁੰਦਾ–ਜਿਸ ਕੋਲ ਸ਼ਾਰਪ ਬਰੇਨ ਹੋਵੇਗਾ।.....ਜਦੋਂ ਪਰਿਵਾਰ ਵਿੱਚ ਦੋਵੇਂ ਜੀਅ ਕਮਾਊ ਹੋਣ–ਉਦੋਂ ਕਿਸੇ 'ਤੇ ਇਕਨੌਮਿਕ ਡੀਪੈਂਡਿਟ ਘੱਟ ਜਾਂਦੀ। ਤੁਹਾਡੀ ਜ਼ਿੰਦਗੀ ਦੀ ਵੀ ਇਹ ਗਲਤੀ ਆ। ਕਿਤੇ ਇਕੱਲੇ ਬੈਠ ਕੇ ਸੋਚਿਉ।"

ਪੂਨਮ ਦੀ ਗੱਲ ਸੱਚੀ ਸੀ। ਵਿਆਹ ਦੇ ਪਹਿਲੇ ਪੰਦਰਾਂ ਸਾਲ ਬਹੁਤ ਔਖੇ ਲੰਘੇ ਸਨ। ਸੁਦੇਸ਼ ਦੀ ਤਨਖ਼ਾਹ ਨਾਲ ਘਰ ਦਾ ਖਰਚਾ ਮਸਾਂ ਚਲਦਾ ਸੀ। ਉਪਰੋਂ ਕਬੀਲਦਾਰੀ ਦੇ ਖਰਚੇ। ਸੁਦੇਸ਼ ਦੇ ਸੀਨੀਅਰ ਸਹਾਇਕ ਬਣਨ ਤੇ ਚੰਗੀ ਸੀਟ ਮਿਲਣ ਨਾਲ ਘਰ ਦੀ ਨੁਹਾਰ ਬਦਲੀ ਸੀ। ਮੈਂ ਉਸ ਨੂੰ ਪਲ–ਪਲ ਮਰਦਿਆਂ ਦੇਖਿਆ ਸੀ। ਮੈਂ ਆਪ ਪਲ–ਪਲ ਮਰੀ ਸੀ। ਉਸ ਦੀਆਂ ਚਾਰ ਭੈਣਾਂ ਸਨ। ਨਿੱਤ ਕਿਸੇ ਨਾ ਕਿਸੇ ਦਾ ਕੋਈ ਦਿਨ–ਸੁਧ ਆ ਜਾਂਦਾ। ਜੇ ਦੋ ਪੈਸੇ ਜੁੜਦੇ ਤਾਂ ਉਧਰ ਨਿਕਲ ਜਾਂਦੇ। ਸੁਦੇਸ਼ ਕਹਿੰਦਾ, "ਆਪਾਂ ਤਾਂ ਔਖਾ ਸਮਾਂ ਕੱਟ ਲਿਆ। ਬੱਚੇ ਸੈੱਟ ਹੋ ਜਾਣ–ਆਪਣੀ ਇਹੀ ਪ੍ਰਾਪਤੀ ਹੋਵੇਗੀ।" ਉਪਰੋਂ ਚੰਗੀ ਗੱਲ ਇਹ ਹੋਈ ਸੀ ਕਿ ਅਸੀਂ ਛੋਟਾ ਸ਼ਹਿਰ ਛੱਡ ਆਏ ਸੀ। ਉਥੋਂ ਦਾ ਮਕਾਨ ਵੇਚ ਕੇ ਇਥੇ ਆਪਣੀ ਮਰਜ਼ੀ ਦੀ ਕੋਠੀ ਬਣਾ ਲਈ ਸੀ। ਸੁਦੇਸ਼ ਕਹਿੰਦਾ, "ਜੇ ਮੈਂ ਨੂਰਮਹੱਲ ਰਹਿੰਦਾ ਤਾਂ ਖੂਹ ਦਾ ਡੱਡੂ ਬਣਿਆ ਰਹਿਣਾ ਸੀ। ਵੱਡੇ ਸ਼ਹਿਰ ਦੀਆਂ ਵੱਡੀਆਂ ਗੱਲਾਂ ਹੁੰਦੀਆਂ। ਇਥੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਆ।"

ਸ਼ਾਮੀਂ ਪੂਨਮ ਦਾ ਫੋਨ ਆਇਆ ਸੀ, "ਮੰਮੀ–ਮੈਂ 97.5 ਪਰਸੈਂਟ ਨੰਬਰ ਲਏ।"

"ਤੇਰਾ ਰਿਜਲਟ ਅੱਜ ਹੀ ਆ ਗਿਆ?"



www.PunjabiLibrary.com

"ਹਾਂ–ਪੰਜ ਮਿੰਟ ਪਹਿਲਾਂ ਕੰਪਿਊਟਰ 'ਤੇ ਆ ਗਿਆ। ਮੋਨੀਟਰ 'ਤੇ ਕੁਅਸ਼ਚਨ ਆਉਂਦੇ ਸੀ। ਮੈਂ ਨਾਲੋਂ ਨਾਲ ਜੁਆਬ ਦਈ ਗਈ। ਇਧਰ ਆਖਿਰੀ ਕੁਅਸ਼ਚਨ ਦਾ ਜੁਆਬ ਦਿੱਤਾ–ਉਧਰ ਰਿਜਲਟ ਵੀ ਆ ਗਿਆ।"

"ਅੱਜ ਬੜੀਆਂ ਖ਼ੁਸ਼ੀਆਂ ਵਾਲਾ ਦਿਨ ਚੜ੍ਹਿਆ। ਤੇਰਾ ਮੋਬਾਇਲ ਬੰਦ ਸੀ..... ਤੈਨੂੰ ਇਕ ਖ਼ੁਸ਼ੀ ਦੀ ਗੱਲ ਦੱਸਾਂ–ਇਹ ਵੀ ਤੇਰੇ ਲਈ ਸਰਪ੍ਰਾਈਜ਼ ਹੋਣੀ। ਹਰਸੂਰਤ ਦਾ ਫੋਨ ਆਇਆ.... ਮਾਂ ਨੇ ਸੁਣਿਆ ਸੀ.....ਉਹਨੂੰ ਅਸਟ੍ਰੇਲੀਆ ਦਾ ਵੀਜਾ ਮਿਲ ਗਿਆ।" ਮੈਨੂੰ ਪੂਨਮ ਨਾਲੋਂ ਹਰਸੂਰਤ ਦੀ ਜ਼ਿਆਦਾ ਖ਼ੁਸ਼ੀ ਹੋਈ ਸੀ।

ਇਕ ਪਲ ਲਈ ਪੂਨਮ ਨੇ ਕੋਈ ਜੁਆਬ ਨਹੀਂ ਦਿੱਤਾ ਸੀ। ਫਿਰ ਉਹ ਕਾਹਲੀ–ਕਾਹਲੀ ਬੋਲੀ ਸੀ, "ਇਹ ਵੀ ਚੰਗੀ ਖ਼ਬਰ ਆ। ਆਪਾਂ ਉਹਨੂੰ ਪਾਰਟੀ ਦੇਣੀ ਆ। ਅੱਜ ਹੀ ਸ਼ਾਮ ਨੂੰ। ਫੇਰ ਮੈਂ ਬਿਜੀ ਹੋ ਜਾਣਾ। ਤੁਸੀਂ ਐਦਾਂ ਕਰੋ–ਬਸ ਸਟੈਂਡ ਵਾਲੀ ਬਸ ਫੜ ਕੇ ਆ ਜਾਉ। ਆਪਾਂ ਬਾਈ ਦੀ ਮਾਰਕੀਟ 'ਚੋਂ ਸਾਮਾਨ ਖਰੀਦ ਲਵਾਂਗੀਆਂ। ਠੀਕ ਹੈ ਨਾ। ਘਰ ਆ ਕੇ ਹੀ ਹਰਸੂਰਤ ਨੂੰ ਫੋਨ ਕਰਾਂਗੀ।"

ਅਸੀਂ ਸਾਮਾਨ ਖਰੀਦ ਕੇ ਵਾਪਸ ਆਈਆਂ ਤਾਂ ਲੌਬੀ 'ਚ ਹਰਸੂਰਤ ਕੋਲ ਮਾਂ ਬੈਠੀ ਸੀ। ਇਹ ਸਾਡੇ ਦੋਹਾਂ ਲਈ ਅਚੰਭਾ ਸੀ। ਮਾਂ ਤਾਂ ਉਹਨੂੰ ਅਥਾਹ ਨਫ਼ਰਤ ਕਰਦੀ ਸੀ। ਉਹ ਤਾਂ ਉਸ ਦੇ ਮੱਥੇ ਨਹੀਂ ਲੱਗਦੀ ਸੀ। ਅੱਜ ਆਹ ਕਿਵੇਂ ਹੋ ਗਿਆ। ਮਾਂ ਮੈਨੂੰ ਵਾਰ–ਵਾਰ ਕਹਿੰਦੀ ਸੀ, "ਮੈਨੂੰ ਇਸ ਮੁੰਡੇ ਦਾ ਚਾਲ ਚਲਣ ਚੰਗਾ ਨ੍ਹੀਂ ਲੱਗਦਾ। ਪੂਰਾ ਫੁਕਰਾ ਲੱਗਦਾ। ਇਹਦੇ ਕਪੜਿਆਂ ਵੱਲ ਦੇਖ ਕੇ ਖਿਝ ਆਉਂਦੀ। ਇਹਨੂੰ ਕਹਿ ਕਿ ਸਾਡੇ ਘਰ ਨਾ ਆਇਆ ਕਰੇ। ਜੇ ਤੈਨੂੰ ਕਹਿਣ ਵਿਚ ਸੰਗ ਲੱਗਦੀ ਤਾਂ ਮੈਂ ਕਹਿ ਦਵਾਂ।" ਮੈਂ ਉਹਨੂੰ ਕਿਹਾ ਸੀ ਕਿ ਇਸ ਬਾਰੇ ਪਹਿਲਾਂ ਪੂਨਮ ਨੂੰ ਪੁੱਛ ਲੈ। ਮਾਂ ਪੂਨਮ ਕੋਲੋਂ ਬਚਦੀ ਸੀ। ਸ਼ਾਇਦ ਡਰਦੀ ਵੀ ਹੋਵੇ। ਪੂਨਮ ਦਾ ਕੀ ਪਤਾ ਕਿ ਅਗੋਂ ਉਹ ਕੀ ਕਹਿ ਦੇਵੇ। ਕੀ ਦੀਆਂ ਕੀ ਸੁਣਾ ਦੇਵੇ।

ਮਾਂ ਕਹਿ ਰਹੀ ਸੀ, "ਕਾਕਾ–ਮਿਹਨਤ ਨਾਲ ਬੰਦਾ ਕੀ ਨ੍ਹੀਂ ਕਰ ਸਕਦਾ। ਤੂੰ ਬਾਹਰ ਚਲਿਆਂ। ਜਾ ਕੇ ਪੂਨਮ ਨੂੰ ਸੱਦ ਲਈਂ। ਮੇਰੇ ਲਈ ਵਧੀਆ ਜਿਹਾ ਸੂਟ ਭੇਜੀਂ। ਦੇਖੀਂ ਭੁੱਲ ਨਾ ਜਾਈਂ----ਵਾਇਦਾ ਕਰ।"

ਅਸੀਂ ਬਾਹਰਲੇ ਦਰਵਾਜ਼ੇ ਕੋਲ ਖੜੀਆਂ ਮਾਂ ਦਾ ਡਰਾਮਾ ਦੇਖ ਰਹੀਆਂ ਸੀ। ਪੂਨਮ ਤੋਂ ਰਿਹਾ ਨਹੀਂ ਗਿਆ ਸੀ। ਉਹਨੇ ਹੌਲੀ ਜਿਹੇ ਮੇਰੇ ਕੰਨ 'ਚ ਕਿਹਾ, "ਮੰਮੀ ਜੀ–ਮੈਂ ਮੰਨਾਂ ਜਾਂ ਨਾ ਮੰਨਾਂ। ਤੁਸੀਂ ਮੰਨੋ ਜਾਂ ਨਾ ਮੰਨੋ–ਮਾਂਜੀ ਨੇ ਹਰਸੂਰਤ ਨੂੰ ਮੇਰੇ ਲਈ ਚੁਣ ਲਿਆ। ਦੇਖੋ ਮਾਂਜੀ ਕੀ ਕਰਦੇ। ਹੁਣ ਮਾਂਜੀ ਨੂੰ ਤੁਸੀਂ ਆਪ ਹੀ ਦੱਸੋ–ਅਜੇ ਉਹ ਮੇਰਾ ਰੀਅਲ ਲਾਈਫ ਹੀਰੋ ਨ੍ਹੀਂ। ਉਹਦੇ ਵਰਗੇ ਮੇਰੇ ਪੰਜ ਹੋਰ ਮਿੱਤਰ ਆ।"

ਮਾਂ ਨੇ ਪੂਨਮ ਨੂੰ ਵਧਾਈਆਂ ਦਿੱਤੀਆਂ ਸਨ। ਉਹਨੂੰ ਘੁਟ ਕੇ ਜੱਫ਼ੀ ਪਾਈ ਸੀ। ਪਿਆਰ ਦਿੱਤਾ ਸੀ। ਪੂਨਮ ਨੇ ਮਾਂ ਵੱਲ ਧਿਆਨ ਹੀ ਨਹੀਂ ਦਿੱਤਾ ਸੀ। ਨਾ ਹੀ ਉਸ ਦੀ ਕਿਸੇ ਗੱਲ ਦਾ ਜੁਆਬ ਦਿੱਤਾ। ਉਹ ਹਰਸੂਰਤ ਕੋਲ ਜਾ ਬੈਠੀ ਸੀ। ਮੈਨੂੰ ਖ਼ੁਸ਼ੀ ਨੇ ਆ ਘੇਰਿਆ ਸੀ। ਕੀ ਪਤਾ–ਪੂਨਮ ਉਤਲੇ ਮਨੋਂ ਕਹਿ ਰਹੀ ਹੋਵੇ। ਖ਼ੁਸ਼ੀ ਦੇ ਪਲ ਸੁਦੇਸ਼ ਨਾਲ ਸਾਂਝੇ ਕਰਨ ਲਈ ਮੈਂ ਉਸ ਦੇ ਦਫ਼ਤਰ ਫੋਨ ਕਰਨ ਲਈ ਡਰਾਇੰਗ ਰੂਮ 'ਚ ਗਈ ਤਾਂ ਪੂਨਮ ਕਹਿ ਰਹੀ ਸੀ, "ਹਰਸੂਰਤ ਤੈਨੂੰ ਇੱਕ ਗੱਲ ਹੋਰ ਦੱਸਾਂ–ਇਹ ਵੀ ਖ਼ੁਸ਼ੀ ਵਾਲੀ ਗੱਲ ਆ। ਇਹਦੇ ਬਾਰੇ ਅਜੇ ਤਾਈਂ ਮੈਂ ਕਿਸੇ ਨੂੰ ਨ੍ਹੀਂ ਦੱਸਿਆ। ਈਵਨ ਮੰਮੀ ਨੂੰ ਵੀ ਨ੍ਹੀਂ। ਮੈਨੂੰ ਐਸਕਾਰਟ ਵੱਲੋਂ ਆਫਰ ਆਈ ਆ। ਵੀਹ ਹਜ਼ਾਰ ਰੁ: ਤਨਖਾਹ। ਐਕਮੋਡੇਸ਼ਨ ਫਰੀ। ਮੈਂ ਅਗਲੇ ਹਫਤੇ ਫਰੀਦਾਬਾਦ ਜੋਆਇਨ ਕਰਨ ਜਾ ਰਹੀ ਹਾਂ। ਤੂੰ ਆਪਣੀ ਪੜ੍ਹਾਈ ਵੱਲ

# ਮੁੜ ਗਲਤੀ ਨਾ ਕਰੀਂ

ਉਦੋਂ ਮੈਨੂੰ ਐਦਾਂ ਹੀ ਲੱਗਾ ਸੀ ਜਿਵੇਂ ਮੈਂ ਬਦਲਾ ਲੈ ਰਹੀ ਹੋਵਾਂ!
ਕਿਸ ਕੋਲੋਂ?
ਮੰਮੀ ਜੀ ਕੋਲੋਂ?
ਚਾਚਾ ਜੀ ਤੇ ਫੁੱਫੜ ਜੀ ਕੋਲੋਂ?
ਇਕਬਾਲ ਕੋਲੋਂ?
ਮਹਿੰਦਰ ਕੋਲੋਂ?
ਆਪਣੇ ਆਪ ਕੋਲੋਂ?
ਆਪਣੇ ਮਨ ਕੋਲੋਂ?
ਆਪਣੀ ਦੇਹ ਕੋਲੋਂ?

ਕਿੰਨਾ ਕੁਝ ਵਾਪਰ ਗਿਆ ਸੀ? ਤਿੰਨਾਂ-ਚੌਹਾਂ ਘੰਟਿਆਂ ਵਿਚ ਹੀ। ਘਰੋਂ ਕੀ-ਕੀ ਸੋਚ ਕੇ ਆਈ ਸੀ। ਕੀ-ਕੀ ਪਲੈਨਿੰਗਾਂ ਬਣਾਈਆਂ ਸੀ। ਅੱਗੋਂ ਕੀ ਦਾ ਕੀ ਹੋਇਆ ਸੀ।

ਮੈਂ ਮੇਜ਼ 'ਤੇ ਦੋਵੇਂ ਕੂਹਣੀਆਂ ਰੱਖ ਕੇ ਤੇ ਹਥੇਲੀਆਂ 'ਤੇ ਠੋਡੀ ਟਿਕਾ ਕੇ ਬਿਲਕੁਲ ਸਾਹਮਣੇ ਦੇਖ ਰਹੀ ਸੀ। ਮੈਨੂੰ ਮੰਮੀ ਦੀਆਂ ਕੀਤੀਆਂ ਹੋਈਆਂ ਨਸੀਹਤਾਂ ਯਾਦ ਆ ਰਹੀਆਂ ਸਨ। ਮੈਨੂੰ ਦੇਖਣ ਆਉਣ ਵਾਲੇ ਜੀਵ ਬਾਰੇ ਸੋਚ ਕੇ ਮੈਂ ਬੁੱਲ੍ਹਾਂ ਵਿਚ ਹੱਸੀ ਸੀ। ਮੇਰੀ ਦੇਹ ਤੇ ਮਨ 'ਚ ਅਜੀਬ ਜਿਹੀ ਕਸ਼ਮਕਸ਼ ਚਲ ਰਹੀ ਸੀ। ਮੇਰੀ ਦਾਦੀ ਕਹਿੰਦੀ ਹੁੰਦੀ ਸੀ ਕਿ ਔਰਤ ਦੀ ਦੇਹ ਦਾ ਅਸਲੀ ਮਾਲਕ ਉਸ ਦਾ ਪਤੀ ਹੁੰਦਾ ਹੈ। ਉਸੇ ਲਈ ਉਹ ਆਪਣਾ ਆਪ ਬਚਾ ਬਚਾ ਕੇ ਰੱਖਦੀ ਹੈ। ਉਹ ਵਾਰ ਵਾਰ ਸੀਤਾ ਤੇ ਪਦਮਨੀ ਦਾ ਨਾਂ ਲੈਂਦੀ ਸੀ।

ਨਾਲ ਦੀ ਸੀਟ 'ਤੇ ਬੈਠੀ ਕੁਲਜੀਤ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ ਸੀ। ਪਰ ਉਹ ਪੁੱਛਣ ਦੀ ਜੁਰਅਤ ਨਹੀਂ ਕਰ ਸਕੀ ਸੀ। ਜੇ ਉਹ ਪੁੱਛ ਵੀ ਲੈਂਦੀ ਤਾਂ ਮੈਂ ਉਹਨੂੰ ਇਹੀ ਦੱਸਣਾ ਸੀ ਕਿ ਮੁੰਡਾ ਤੇ ਉਹਦੀ ਭਰਜਾਈ ਸਮੇਤ ਜੀਜੇ ਦੇ ਮੈਨੂੰ ਦੇਖਣ ਆ ਰਹੇ ਸਨ। ਚਾਚਾ ਜੀ ਤੇ ਫੁਫੜ ਜੀ ਹੋਰਾਂ ਨੇ ਉਨ੍ਹਾਂ ਦਾ ਘਰ ਬਾਰ ਦੇਖ ਆਂਦਾ ਸੀ। ਉਨ੍ਹਾਂ ਨੂੰ ਸਭ ਕੁਝ ਪਸੰਦ ਆ ਗਿਆ ਸੀ। ਮੰਮੀ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਪਹਿਲਾਂ ਉਹ ਕੁੜੀ ਨੂੰ ਉਸ ਦੇ



www.PunjabiLibrary.com

ਦਫਤਰ ਹੀ ਝਾਤੀ ਮਾਰ ਆਉਣ। ਮੁੰਡੇ ਕੁੜੀ ਨੂੰ ਮਿਲਾ ਦੇਣ। ਜੇ ਮੁੰਡੇ ਨੇ ਕੁੜੀ ਨੂੰ ਤੇ ਕੁੜੀ ਨੇ ਮੁੰਡੇ ਨੂੰ ਪਸੰਦ ਕਰ ਲਿਆ ਤਾਂ ਅਗਲੇ ਐਤਵਾਰ ਰਿੰਗ ਸੈਰਾਮਨੀ ਦੀ ਰਸਮ ਰੱਖ ਲਈ ਜਾਵੇਗੀ। ਜਦੋਂ ਦੀ ਮੈਂ ਅਠਾਈਵਾਂ ਵਰ੍ਹਾ ਟੱਪੀ ਸਾਂ, ਮੰਮੀ ਜੀ ਦੀ ਚਿੰਤਾ ਹੋਰ ਵੀ ਵੱਧ ਗਈ ਸੀ। ਪਿਛਲੇ ਤਿੰਨ ਸਾਲਾਂ ਤੋਂ ਇਹ ਦੇਖਣ ਦਿਖਾਉਣ ਦਾ ਸਿਲਸਿਲਾ ਚੱਲ ਰਿਹਾ ਸੀ। ਅਕਸਰ ਮੈਂ ਹੀ ਨਾਂਹ ਕੀਤੀ ਸੀ। ਹੁਣ ਮੈਂ ਅਜਿਹਾ ਲਾਈਫ ਪਾਰਟਨਰ ਚਾਹੁੰਦੀ ਸਾਂ ਜਿਸ ਦੀ ਦੇਹ ਤੇ ਪਰਸਨੈਲਟੀ ਇਕਬਾਲ ਤੇ ਮਹਿੰਦਰ ਵਰਗੀ ਹੋਵੇ। ਮੈਨੂੰ ਜਿੰਨੇ ਵੀ ਦੇਖਣ ਆਏ, ਉਹ ਮਾੜਕੂ ਜਿਹੇ ਸਨ। ਉਨ੍ਹਾਂ ਦੇ ਚਿਹਰੇ 'ਤੇ ਕੋਈ ਖਿੱਚ ਨਹੀਂ ਸੀ। ਕੁਝ ਇਕ ਨੂੰ ਮੇਰੀ ਪੋਸਟ ਪਸੰਦ ਆਈ ਸੀ। ਕੁਝ ਨੂੰ ਫੇਸ ਐਟਰੈਕਸ਼ਨ। ਮੈਨੂੰ ਕਿਸੇ ਨੇ ਵੀ ਰੀਜੈਕਟ ਨਹੀਂ ਕੀਤਾ ਸੀ। ਮੈਂ ਹੀ ਉਨ੍ਹਾਂ ਨੂੰ ਰੀਜੈਕਟ ਕੀਤਾ ਸੀ। ਮੈਨੂੰ ਹਰੇਕ ਵਿਚ ਕੋਈ ਨਾ ਕੋਈ ਨੁਕਸ ਦਿੱਸ ਹੀ ਪੈਂਦਾ ਸੀ। ਖਾਸ ਕਰਕੇ ਉਦੋਂ ਤੋਂ ਜਦੋਂ ਦੀ ਮੈਂ ਮਹਿੰਦਰ ਨਾਲ ਜੁੜੀ ਸੀ।

ਮੈਂ ਟਾਈਪ ਕਰਨ ਲਈ ਫਾਈਲ 'ਚੋਂ ਖਰੜਾ ਕੱਢਿਆ ਹੀ ਸੀ ਕਿ ਚੰਦਰ ਡੱਬਾ ਫੜੀ ਆ ਗਿਆ ਸੀ। ਉਹਨੇ ਆਮ ਨਾਲੋਂ ਉੱਚੀ ਆਵਾਜ਼ ਵਿਚ ਕਿਹਾ ਸੀ, "ਇਕਬਾਲ ਦੇ ਮੁੰਡਾ ਹੋਇਆ।" ਉਹ ਦੇ ਬਹੁਤਾ ਜ਼ੋਰ ਪਾਉਣ 'ਤੇ ਮੈਂ ਇਕ ਪੀਸ ਲਿਆ ਸੀ। ਉਹ ਬੋਲਿਆ ਸੀ, "ਮੈਡਮ ਖਾਣ ਵਾਲੀ ਚੀਜ਼ ਖਾਣੀ ਚਾਹੀਦੀ ਆ। ਇਕਬਾਲ ਨੇ ਸਪੈਸ਼ਲ ਡੱਬਾ ਭੇਜਿਆ। ਕਿਸੇ ਦੇ ਮੁੰਡਾ ਹੋਵੇ ਜਾਂ ਪੋਤਰਾ-ਮੈਂ ਕਿਸੇ ਨੂੰ ਪੇੜੇ ਵੰਡਦਾ ਨ੍ਹੀਂ ਦੇਖਿਆ...। ਉਸ ਕੋਲੋਂ ਖੁਸ਼ੀ ਸੰਭਾਲੀ ਨ੍ਹੀਂ ਜਾ ਰਹੀ...।" ਉਹਦੇ ਲੰਬੇ ਹੁੰਦੇ ਜਾ ਰਹੇ ਵਿਖਿਆਨ ਤੋਂ ਉਕਤਾ ਕੇ ਮੈਂ ਉਹਨੂੰ ਪਾਣੀ ਦਾ ਗਿਲਾਸ ਲਿਆਉਣ ਲਈ ਕਿਹਾ ਸੀ। ਉਹ ਬੁਲ੍ਹਾਂ ਵਿਚ ਮਿੰਨਾ-ਮਿੰਨਾ ਹੱਸਿਆ ਸੀ। ਸ਼ਾਇਦ ਉਹਨੂੰ ਵੀ ਇਕਬਾਲ ਨਾਲ ਮੇਰੇ ਸੰਬੰਧਾਂ ਦਾ ਪਤਾ ਹੋਵੇ। ਸ਼ਾਇਦ ਨਾ ਪਤਾ ਹੋਵੇ। ਅਸੀਂ ਆਪਣਾ ਪਿਆਰ ਜਗ ਜ਼ਾਹਿਰ ਨਹੀਂ ਹੋਣ ਦਿੱਤਾ ਸੀ। ਨਾ ਹੀ ਟੁੱਟੀ ਨੂੰ ਜਗ ਹਸਾਈ ਬਣਾਇਆ ਸੀ।

ਚੰਦਰ ਭੋਲਿਆ ਪੰਛੀਆ, ਤੂੰ ਕੀ ਜਾਣੇ ਦਿਲਾਂ ਦੇ ਮਾਮਲੇ! ਇਕਬਾਲ ਨੇ ਇਹ ਪੇੜੇ ਕਿਉਂ ਭੇਜੇ ਸਨ? ਇਹ ਮੈਥੋਂ ਵੱਧ ਕੌਣ ਜਾਣ ਸਕਦਾ ਸੀ। ਉਹਨੂੰ ਮੇਰੀ ਪਸੰਦ ਦਾ ਪਤਾ ਹੈ। ਇਹ ਉਸੇ ਦੁਕਾਨ ਦੇ ਪੇੜੇ ਸਨ ਜਿਥੇ ਬੈਠ ਕੇ ਉਹ ਸ਼ਾਮ ਨੂੰ ਚਾਹ ਪੀਂਦਾ ਸੀ। ਮੈਂ ਆਪਣੀ ਇੱਛਾ ਅਨੁਸਾਰ ਪੇੜੇ ਖਾਂਦੀ ਸੀ। ਮੈਂ ਗੁਣਗਣਾਉਣ ਲੱਗੀ ਸੀ: 'ਮੈਂ ਯੇਹ ਸੁਣਤਾ ਹੂੰ ਕੇ ਵੋਹ ਦੁਨੀਆਂ ਕੀ ਖ਼ਬਰ ਰਖਤੇ ਹੈਂ। ਯੇਹ ਜੋ ਸੱਚ ਹੈ ਤੋ ਉਨਹੇ ਮੇਰੀ ਖ਼ਬਰ ਭੀ ਹੋਗੀ।' ਹੁਣ ਮੇਰੀ ਵਾਰੀ ਸੀ। ਉਹਨੂੰ ਵਧਾਈਆਂ ਭੇਜਣੀਆਂ ਬਣਦੀਆਂ ਸਨ। ਪਰ ਮੇਰੀ ਤਾਂ ਉਸ ਨਾਲ ਬੋਲ-ਚਾਲ ਵੀ ਬੰਦ ਸੀ। ਕਦੇ ਦੁਆ ਸਲਾਮ ਵੀ ਨਹੀਂ ਹੋਈ ਸੀ। ਜੇ ਕਿਤੇ ਉਹ ਅੱਗਿਓਂ ਆਉਂਦਾ ਦਿੱਸ ਪੈਂਦਾ ਤਾਂ ਮੈਂ ਨੀਵੀਂ ਪਾ ਕੇ ਅਗਾਂਹ ਲੰਘ ਜਾਂਦੀ ਸੀ। ਜਾਂ ਰਾਹ ਬਦਲ ਲੈਂਦੀ ਸੀ। ਅਚਾਨਕ ਮੈਨੂੰ ਯਾਦ ਆਇਆ ਸੀ ਕਿ ਇਕ ਵਾਰ ਉਸ ਹੁੱਬ ਕੇ ਕਿਹਾ ਸੀ ਕਿ ਉਨ੍ਹਾਂ ਦੇ ਪਰਿਵਾਰ 'ਚ ਪਿਛਲੀਆਂ ਪੰਜ ਪੀੜ੍ਹੀਆਂ ਤੋਂ ਕੋਈ ਕੁੜੀ ਨਹੀਂ ਹੈ। ਮੈਂ ਉਹ ਦੇ ਪੱਟ 'ਤੇ ਜ਼ੋਰ ਦੇਣੀ ਹੱਥ ਮਾਰ ਕੇ ਕਿਹਾ ਸੀ ਕਿ ਮੈਂ ਉਹਨੂੰ ਉਹਦੀ ਹੀ ਕੁੜੀ ਜੰਮ ਕੇ ਦਿਖਾਊਂਗੀ।

ਕਸੂਰ ਉਸ ਦਾ ਨਹੀਂ ਸੀ। ਮੇਰਾ ਸੀ। ਮੈਂ ਆਪ ਉਸ ਨੂੰ ਆਪਣੇ ਜਾਲ 'ਚ



ਫਸਾਇਆ ਸੀ। ਆਪ ਹੀ ਉਹਨੂੰ ਛੱਡਿਆ ਸੀ। ਘਰਦਿਆਂ ਵੱਲੋਂ ਨਾਂਹ ਕਰਨ ਉਪਰੰਤ ਉਸ ਕੋਲੋਂ ਅਮੁੱਕ ਦੂਰੀ ਬਣਾਈ ਸੀ। ਅਸੀਂ ਦੋਵੇਂ ਕੰਪੈਨਸ਼ੈਨੇਟ ਗਰਾਊਂਡ 'ਤੇ ਇਸ ਦਫਤਰ ਵਿਚ ਭਰਤੀ ਹੋਏ ਸੀ। ਇੱਕੋ ਦਿਨ ਦਫਤਰ ਜੁਆਇੰਨ ਕੀਤਾ ਸੀ। ਉਹਨੂੰ ਚੈਕਿੰਗ ਬ੍ਰਾਂਚ ਲਾਇਆ ਸੀ। ਮੈਨੂੰ ਅਕਾਊਂਟ ਬ੍ਰਾਂਚ 'ਚ। ਦੋ ਸਾਲਾਂ ਬਾਅਦ ਸੀਟਾਂ ਦੀ ਅਦਲ ਬਦਲ ਹੋਈ ਤਾਂ ਅਸੀਂ ਦੋਵੇਂ ਆਂਕੜਾ ਬ੍ਰਾਂਚ ਵਿਚ ਆ ਗਏ ਸੀ। ਸਾਡੀ ਸਾਂਝ ਦਾ ਪਹਿਲਾ ਕਾਰਨ ਸਾਡਾ ਪਿਉ-ਵਿਹੀਨ ਹੋਣਾ ਬਣਿਆ ਸੀ। ਸਾਡੇ ਨਾਵਾਂ ਨਾਲ ਸਾਡੇ ਪਿਉ ਦਾ ਨਾਂ ਅਕਸਰ ਹੀ ਜੁੜ ਜਾਂਦਾ ਸੀ। ਉਸ ਦੇ ਪਿਉ ਨੂੰ, ਜਿਸ ਨੇ ਇਸ ਦਫਤਰ ਵਿੱਚ ਸਿਰਫ਼ ਛੇ ਮਹੀਨੇ ਕੰਮ ਕੀਤਾ ਸੀ, ਸ਼ਰਾਬੀ-ਕਬਾਬੀ ਵੱਜੋਂ ਯਾਦ ਕੀਤਾ ਸੀ। ਦੁਨੀਆਂ ਦਾ ਕਿਹੜਾ ਵੈਲ ਸੀ ਜਿਹੜਾ ਉਸ ਦੇ ਪਿਤਾ ਨੇ ਨਹੀਂ ਕੀਤਾ ਸੀ। ਮੇਰੇ ਪਿਤਾ ਜੀ ਬਾਰੇ ਉਨ੍ਹਾਂ ਦੀ ਸੁਰ ਪ੍ਰਸੰਸਾਮਈ ਹੁੰਦੀ ਸੀ। ਸਟਾਫ ਦੀਆਂ ਨਜ਼ਰਾਂ ਵਿਚ ਸਾਡੇ ਪ੍ਰਤੀ ਹਮਦਰਦੀ ਦੀ ਭਾਵਨਾ ਸੀ। ਇਕਬਾਲ ਇਹਨੂੰ ਆਪਣੀ ਜ਼ਿੰਦਗੀ ਦਾ ਊਣਾ ਪੱਖ ਸਮਝਦਾ ਸੀ। ਜਦੋਂ ਕਿਸੇ ਨੇ ਮੇਰੇ ਕੋਲੋਂ ਜਲਦੀ-ਜਲਦੀ ਕੰਮ ਕਰਾਉਣਾ ਹੁੰਦਾ ਸੀ-ਤਾਂ ਉਸ ਵੇਲੇ ਉਹ ਮੇਰੇ ਪਿਤਾ ਜੀ ਦੇ ਨਾਂ ਦੀ ਵਰਤੋਂ ਕਰਦਾ ਸੀ। ਕੁਝ ਚਿਰ ਤਾਂ ਮੈਂ ਇਹ ਸਭ ਕੁਝ ਸਹਾਰ ਲਿਆ ਸੀ। ਫੇਰ ਆਪਣੀ ਹੋਂਦ ਗੁਆਚਦੀ ਦੇਖ ਕੇ ਮੈਂ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਛੱਡ ਦਿੱਤਾ ਸੀ। ਇਕਬਾਲ ਅਕਸਰ ਚੁੱਪ, ਗੁੰਮ-ਸੁੰਮ ਰਹਿੰਦਾ ਸੀ। ਉਹਨੂੰ ਆਪਣੇ ਪਿਤਾ ਕਰਕੇ ਨਿਮੋਸ਼ੀ ਝੱਲਣੀ ਪੈਂਦੀ ਸੀ। ਇਸੇ ਕਰਕੇ ਉਹ ਕਿਸੇ ਨਾਲ ਬਹੁਤਾ ਘੁਲਦਾ-ਮਿਲਦਾ ਨਹੀਂ ਸੀ। ਆਪਣੇ ਕੰਮ ਤਕ ਸੀਮਤ ਰਹਿੰਦਾ ਸੀ। ਉਹਨੇ ਸੈਕਟਰ ਚੌਂਤੀ 'ਚ ਸੁਰਜੀਤ ਨਾਲ ਕਮਰਾ ਸ਼ੇਅਰ ਕੀਤਾ ਸੀ। ਉਹ ਚਾਰ ਦਿਨ ਇਥੇ ਰਹਿੰਦਾ ਸੀ। ਤਿੰਨ ਦਿਨ ਪਿੰਡ। ਉਹ ਮੇਰੇ ਕੋਲ ਟਾਈਪ ਕਰਾਉਣ ਆਉਂਦਾ ਸੀ। ਨਹੀਂ, ਇਹ ਝੂਠ ਸੀ। ਉਹ ਆਪ ਨਹੀਂ ਆਉਂਦਾ ਸੀ। ਮੈਂ ਹੀ ਉਹਨੂੰ ਸੱਦ ਲੈਂਦੀ ਸੀ। ਮੈਨੂੰ ਉਸ ਨਾਲ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ ਸਨ। ਮੈਨੂੰ ਉਸ ਦਾ ਮੇਰੇ ਕੋਲ ਬੈਠਣਾ ਚੰਗਾ-ਚੰਗਾ ਲੱਗਦਾ ਸੀ। ਮੈਂ ਜਿੰਨਾ ਕੁ ਪੁੱਛਦੀ ਸੀ, ਉਹ ਓਨਾ ਹੀ ਜੁਆਬ ਦਿੰਦਾ ਸੀ। ਉਹ ਸ਼ਰਮਾਕਲ ਕਿਸਮ ਦਾ ਮੁੰਡਾ ਸੀ। ਮੈਂ ਉਹਨੂੰ ਕੁੜੀਆਂ ਨਾਲੋਂ ਵੀ ਗਿਆ ਗੁਜ਼ਰਿਆ ਕਹਿ ਦਿੰਦੀ ਸੀ। ਉਹ ਅਗੋਂ ਹੱਸ ਕੇ ਸਾਰ ਦਿੰਦਾ ਸੀ। ਉਹਦੇ ਚਿਹਰੇ 'ਤੇ ਫੈਲੀ ਮਾਸੂਮੀਅਤ ਨੇ ਮੈਨੂੰ ਕੀਲ ਲਿਆ ਸੀ। ਮੈਂ ਉਹਨੂੰ ਗੱਲਾਂ ਕਰਨ ਤੇ ਸੁਣਨ ਦੇ ਚਾਟੇ ਲਾ ਲਿਆ ਸੀ। ਮੈਂ ਉਹਨੂੰ ਚਾਹ ਪੀਣ ਲਈ ਸੁਲ੍ਹਾ ਮਾਰੀ ਸੀ ਤਾਂ ਅੱਗੋਂ ਉਸ ਝੋਟੇ ਵਾਂਗ ਸਿਰ ਹਿਲਾ ਦਿੱਤਾ ਸੀ। ਉਹਨੂੰ ਦਫ਼ਤਰ 'ਚ ਇਕੱਠਿਆਂ ਚਾਹ ਪੀਣੀ ਮੰਜੂਰ ਨਹੀਂ ਸੀ। ਅਸੀਂ ਦਫਤਰ ਤੋਂ ਬਾਹਰ ਮਿਲਣਾ ਸ਼ੁਰੂ ਕੀਤਾ ਸੀ। ਪੰਜ ਵਜੇ ਤੋਂ ਬਾਅਦ। ਇਹ ਪਹਿਲ ਵੀ ਮੈਨੂੰ ਹੀ ਕਰਨੀ ਪਈ ਸੀ। ਉਹ ਨਹੀਂ ਚਾਹੁੰਦਾ ਸੀ ਕਿ ਸਾਡੀ ਮਿਲਣੀ-ਗਿਲਣੀ ਦਾ ਦਫਤਰ ਦੇ ਕਿਸੇ ਕਰਮਚਾਰੀ ਨੂੰ ਪਤਾ ਲੱਗੇ। ਮੈਨੂੰ ਉਹਦੀ ਗੱਲ ਜੱਚੀ ਸੀ। ਪਿੱਠ ਪਿੱਛੇ ਸਾਡੇ ਦਫਤਰ ਵਾਲੇ ਘੁਸਰ-ਮੁਸਰ ਕਰਦੇ ਸਨ, "ਜਿਵੇਂ ਅਮਲੀ ਦੀ ਅਮਲੀ ਨਾਲ, ਕਬੂਤਰਬਾਜ਼ ਦੀ ਕਬੂਤਰਬਾਜ਼ ਨਾਲ, ਪੱਤੇਬਾਜ਼ ਦੀ ਪੱਤੇਬਾਜ਼ ਨਾਲ ਤੇ ਮਾਸਟਰ ਦੀ ਮਾਸਟਰ ਨਾਲ ਸਾਂਝ ਹੁੰਦੀ ਆ, ਬਿਲਕੁੱਲ ਓਦਾਂ ਦੀ ਸਾਂਝ ਇਕਬਾਲ ਤੇ ਗੁਰਲੀਨ ਦੀ ਆ।"

ਰੌਕ ਗਾਰਡਨ 'ਚ ਇਕੱਠਿਆਂ ਘੁੰਮਣ ਤੋਂ ਬਾਅਦ ਮੈਨੂੰ ਅਜਿਹਾ ਲੱਗਾ ਸੀ ਕਿ



www.PunjabiLibrary.com

ਮੈਂ ਜਿਹੋ ਜਿਹਾ ਲਾਈਫ ਪਾਰਟਨਰ ਚਾਹੁੰਦੀ ਸੀ-ਉਹੋ ਜਿਹਾ ਮਿਲ ਗਿਆ ਸੀ। ਉਹ ਦੇ ਸੁਭਾਅ ਵਿਚ ਕੋਈ ਤੇਜ਼ੀ ਨਹੀਂ ਸੀ। ਉਹ ਸੋਚ-ਸਮਝ ਕੇ ਫੈਸਲੇ ਲੈਂਦਾ ਸੀ। ਅਸੀਂ ਦਿਨਾਂ 'ਚ ਹੀ ਇਕ ਦੂਜੇ ਨੂੰ ਜਾਣ ਲਿਆ ਸੀ। ਸਮਝ ਲਿਆ ਸੀ। ਇਕ ਦੂਜੇ ਦੀਆਂ ਪਸੰਦੀਆਂ, ਨਾਪਸੰਦੀਆਂ ਦਾ ਥਹੁ ਪਾ ਲਿਆ ਸੀ। ਇਕ ਦੂਜੇ ਦੀ ਇੱਜ਼ਤ ਕਰਨੀ ਸ਼ੁਰੂ ਕਰ ਦਿੱਤੀ ਸੀ। ਬੱਸ ਕਦੇ-ਕਦੇ ਉਹ ਦੀ ਹਦੋਂ ਵੱਧ ਨਿਮਰਤਾ ਮੈਨੂੰ ਤੰਗ ਕਰਦੀ ਸੀ। ਮੈਂ ਉਹਨੂੰ ਟੋਕਦੀ ਸੀ ਤਾਂ ਉਹ ਅਗੋਂ ਹੱਸ ਕੇ ਮੇਰੀ ਗੱਲ ਨੂੰ ਟਾਲ ਦਿੰਦਾ ਸੀ। ਉਹ ਦਫਤਰ ਆਉਂਦਿਆਂ ਸਾਰ ਝੁਕ ਕੇ ਸਾਰਿਆਂ ਨੂੰ ਨਮਸਕਾਰ ਕਰਦਾ ਸੀ। ਹੱਥ ਮਿਲਾਉਂਦਾ ਸੀ। ਸੈਕਸ਼ਨ ਅਫਸਰ ਤੇ ਅਕਾਊਂਟ ਅਫਸਰ ਦੇ ਗੋਡੀਂ ਹੱਥ ਲਾਉਂਦਾ ਸੀ। ਆਪਣੀ ਸੀਟ 'ਤੇ ਬੈਠ ਕੇ ਆਪਣੇ ਈਸਟ ਨੂੰ ਧਿਆਉਂਦਾ ਸੀ। ਫੇਰ ਕੰਮ ਸ਼ੁਰੂ ਕਰਦਾ ਸੀ। ਬਿਨਾਂ ਵਜ੍ਹਾ ਆਪਣੀ ਕੁਰਸੀ ਤੋਂ ਉੱਠਦਾ ਨਹੀਂ ਸੀ। ਉਹ ਪੰਜ-ਸਤ ਜਣੇ ਇਕੱਠੇ ਹੀ ਰੋਟੀ ਖਾਂਦੇ ਸਨ। ਉਹ ਨਿਤ ਨੇਮ ਰੋਟੀ ਤੋਂ ਬਾਅਦ ਟੌਫੀਆਂ ਵੰਡਦਾ ਸੀ। ਕਿਸੇ ਹੱਥ ਸਾਡਾ ਹਿੱਸਾ ਵੀ ਭੇਜ ਦਿੰਦਾ ਸੀ।

ਮੈਂ ਉਸ ਨਾਲ ਬਹੁਤ ਸਾਰੀਆਂ ਗੱਲਾਂ ਸਾਂਝੀਆਂ ਕਰ ਲਈਆਂ ਸਨ। ਇਹ ਵੀ ਕਿ ਜਿੰਨਾ ਚਿਰ ਮੇਰੀਆਂ ਦੋਵੇਂ ਭੈਣਾਂ ਤੇ ਭਰਾ ਸੈੱਟ ਨਹੀਂ ਹੋ ਜਾਂਦੇ-ਮੈਨੂੰ ਉਨ੍ਹਾਂ ਦੀ ਮੱਦਦ ਕਰਨੀ ਪੈਣੀ ਸੀ। ਮੇਰੀਆਂ ਆਪਣੀਆਂ ਆਰਥਿਕ ਮਜ਼ਬੂਰੀਆਂ ਸਨ। ਸਾਰਾ ਪਰਿਵਾਰ ਮੇਰੇ 'ਤੇ ਨਿਰਭਰ ਸੀ। ਮੈਂ ਆਪਣੇ ਫਰਜ਼ਾਂ ਨਾਲ ਬੱਝੀ ਸੀ। ਫੇਰ ਉਸ ਮੇਰੇ ਕੰਨ ਕੋਲ ਮੂੰਹ ਲਿਜਾ ਕੇ ਕਿਹਾ ਸੀ, "ਮੈਨੂੰ ਤੇਰੀ ਇਸ ਮਜ਼ਬੂਰੀ ਦਾ ਪਹਿਲਾਂ ਹੀ ਪਤਾ ਆ। ਕੋਈ ਹੋਰ ਵੀ ਹੈ ਤਾਂ ਉਹ ਵੀ ਦੱਸ ਦੇ।" ਮੇਰੇ ਲਈ ਐਨਾ ਬਥੇਰਾ ਸੀ। ਮੈਂ ਉਹਨੂੰ ਉਹਦੀਆਂ ਸ਼ਰਤਾਂ ਬਾਰੇ ਵੀ ਪੁੱਛਿਆ ਸੀ। ਉਸ ਕਿਹਾ ਸੀ ਕਿ ਉਹ ਸੋਚ ਕੇ ਦੱਸੇਗਾ। ਮੈਂ ਆਪਣੀ ਜ਼ਿੱਦ 'ਤੇ ਉਤਰ ਆਈ ਸੀ ਕਿ ਕਿਉਂ ਨਾ ਅੱਜ ਹੀ ਇਸ ਸਭ ਕਾਸੇ ਬਾਰੇ ਖੁੱਲ੍ਹੀਆਂ ਗੱਲਾਂ ਹੋ ਜਾਣ। ਉਹਨੇ ਕਿਹਾ ਸੀ, "ਮੇਰੀ ਕੋਈ ਸ਼ਰਤ ਨ੍ਹੀਂ। ਮੇਰੀ ਸਥਿਤੀ ਕੁਸ਼ ਹੋਰ ਹੀ ਤਰ੍ਹਾਂ ਦੀ ਆ।" "ਤੂੰ ਦੱਸ ਤਾਂ ਸਹੀਂ।" "ਮੇਰੇ ਮੰਮੀ ਬਹੁਤ ਸਖਤ ਸੁਭਾਅ ਦੇ ਆ। ਤੈਨੂੰ ਉਹਨਾਂ ਨੂੰ ਟੋਲਰੇਟ ਕਰਨਾ ਪੈਣਾ। ਤੂੰ ਇੰਨਾ ਕੁ ਕਰਨਾ। ਉਨ੍ਹਾਂ ਦੀਆਂ ਬਹੁਤੀਆਂ ਗੱਲਾਂ ਨੂੰ ਇਕ ਕੰਨੋਂ ਸੁਣਨਾਂ ਤੇ ਦੂਜੇ ਕੰਨੀਂ ਕੱਢ ਦੇਣਾਂ। ਫੇਰ ਤੇਰੇ ਲਈ ਕੋਈ ਮੁਸੀਬਤ ਨ੍ਹੀਂ ਆਉਣੀ।" ਮੈਂ ਝਟ ਕਹਿ ਦਿੱਤਾ ਸੀ, "ਮੈਂ ਉਨ੍ਹਾਂ ਦੇ ਸੁਭਾਅ ਨੂੰ ਬਦਲ ਦਵਾਂਗੀ।"

ਉਸ ਸ਼ਾਮ ਅਸੀਂ ਬਹੁਤ ਘੁੰਮੇ ਸੀ। ਰੋਜ਼ ਗਾਰਡਨ। ਰੌਕ ਗਾਰਡਨ। ਸੈਕਟਰ ਬਤਾਲੀ ਵਾਲੀ ਝੀਲ। ਉਸ ਬਹੁਤ ਸਾਰੀਆਂ ਗੱਲਾਂ ਕੀਤੀਆਂ ਸਨ। ਉਸ ਇਸ ਗੱਲ ਦੀ ਵੀ ਪ੍ਰਵਾਹ ਨਹੀਂ ਕੀਤੀ ਸੀ ਕਿ ਸਾਨੂੰ ਕੋਈ ਦੇਖ ਵੀ ਰਿਹਾ ਹੋਵੇਗਾ। ਉਸ ਕਈ ਤਰ੍ਹਾਂ ਦੀਆਂ ਖੁੱਲ੍ਹਾਂ ਲਈਆਂ ਸਨ। ਮੈਂ ਉਸਦਾ ਇਕ ਹੋਰ ਨਵਾਂ ਰੂਪ ਦੇਖਿਆ ਸੀ। ਉਹ ਨੇ ਮੈਨੂੰ ਦੱਸਿਆ ਸੀ ਕਿ ਦੇਹ ਦੀ ਵੀ ਆਪਣੀ ਭਾਸ਼ਾ ਹੁੰਦੀ ਹੈ। ਉਹ ਭੋਲਾ-ਭਾਲਾ ਗੋਗਲੂ ਜਿਹਾ-ਕਿੰਨੇ ਭੇਦ ਦੀ ਗੱਲ ਕਰ ਗਿਆ ਸੀ। ਉਹ ਦੀਆਂ ਅੱਖਾਂ ਵਿਚ ਖਿਚ ਸੀ ਜਿਨ੍ਹਾਂ ਨੂੰ ਵਾਰ-ਵਾਰ ਦੇਖ ਕੇ ਵੀ ਮੈਨੂੰ ਰੱਜ ਨਹੀਂ ਆਉਂਦਾ ਸੀ। ਮੈਂ ਇਨ੍ਹਾਂ ਨੂੰ ਵਾਰ-ਵਾਰ ਚੁੰਮਿਆ ਸੀ। ਉਹ ਕਾਹਲਾ ਪੈਣ ਲੱਗਾ ਸੀ। ਮੈਂ ਉਹਦੇ ਪਸ਼ੂਪੁਣੇ ਨੂੰ ਰੋਕ ਦਿੱਤਾ ਸੀ। ਉਸ ਕਾਹਲੀ-ਕਾਹਲੀ ਕਿਹਾ ਸੀ, "ਸਾਨੂੰ ਇਸ ਸ਼ਹਿਰ ਵਿਚ ਆਇਆਂ ਪੰਜ ਸਾਲ ਹੋ ਗਏ। ਤੇਰਾ ਪਿੰਡ ਤਾਂ ਹੈ ਹੀ ਇਸ ਸ਼ਹਿਰ



ਵਿਚ। ਇਹ ਉਹ ਸ਼ਹਿਰ ਆ ਜਿਥੇ ਮੁੰਡੇ ਕੁੜੀਆਂ ਬਿਨ ਵਿਆਹੋਂ ਰਹਿੰਦੇ ਆ। ਬੱਚੇ ਪੈਦਾ ਕਰਦੇ ਆ। ਡੇਟਿੰਗ ਤੇ ਜਾਂਦੇ ਆ ਪਰ ਤੇਰੇ ਵਿਚੋਂ ਵੀ ਤੇਰਾ ਪੇਂਡੂਪੁਣਾ ਨ੍ਹੀਂ ਜਾਂਦਾ। ਤੂੰ ਦੱਸ ਮੇਰੀ ਗੱਲ ਠੀਕ ਆ ਕਿ ਨ੍ਹੀਂ?" ਮੈਂ ਉਸ ਦੀ ਇਸ ਗੱਲ ਦਾ ਕੋਈ ਜੁਆਬ ਨਹੀਂ ਦਿੱਤਾ ਸੀ। ਉਹਨੇ ਇਸ ਬਾਰੇ ਵਾਰ-ਵਾਰ ਪੁੱਛਿਆ ਸੀ ਤਾਂ ਮੈਂ ਕਹਿ ਦਿੱਤਾ ਸੀ, "ਇਹਦਾ ਜੁਆਬ ਵੀ ਤੈਨੂੰ ਜਲਦੀ ਮਿਲ ਜਾਵੇਗਾ।" ਉਹਨੇ ਜ਼ੋਰ ਪਾ ਕੇ ਕਿਹਾ ਸੀ, "ਜਲਦੀ ਨ੍ਹੀਂ। ਕੱਲ੍ਹ ਨੂੰ।" ਉਹ ਮੈਨੂੰ ਬਸ 'ਤੇ ਚੜ੍ਹਾ ਕੇ ਚਲਾ ਗਿਆ ਸੀ ਤਾਂ ਮੈਂ ਉਹਦੀਆਂ ਕਹੀਆਂ ਹੋਈਆਂ ਗੱਲਾਂ 'ਤੇ ਵਿਚਾਰ ਕੀਤਾ ਸੀ। ਡੈਡੀ ਦੀ ਮੌਤ ਨੇ ਮੈਨੂੰ ਡਰਪੋਕ ਬਣਾ ਦਿੱਤਾ ਸੀ। ਜੇ ਡੈਡੀ ਜਿਉਂਦੇ ਹੁੰਦੇ ਤਾਂ ਸ਼ਾਇਦ ਮੈਂ ਜ਼ਿਆਦਾ ਬੋਲਡ ਹੋਣਾ ਸੀ। ਐਨਾ ਸੋਚੀਂ ਨਹੀਂ ਪੈਣਾ ਸੀ। ਮੈਨੂੰ ਲੱਗਾ ਸੀ ਕਿ ਕਾਲਜ ਪੜ੍ਹਣ ਵਾਲੀ ਗੁਰਲੀਨ ਤਾਂ ਕਾਲਜ ਛੱਡਦਿਆਂ ਹੀ ਮਰ ਮੁੱਕ ਗਈ ਸੀ। ਇਹ ਤਾਂ ਉਸ ਦਾ ਕੋਈ ਹੋਰ ਹੀ ਰੂਪ ਸੀ। ਕਾਲਜ 'ਚ ਆਪਣੀਆਂ ਸਹੇਲੀਆਂ ਨਾਲ ਬਹਿਸਦੀ ਹੋਈ ਮੈਂ ਤਾਂ ਇੱਥੋਂ ਤੱਕ ਕਹਿ ਦਿੰਦੀ ਸੀ, "ਮੈਂ ਬੰਦੇ ਦੇ ਹੇਠਾਂ ਨ੍ਹੀਂ-ਉਪਰ ਪੈ ਕੇ ਦਿਖਾਊਂਗੀ। ਇਹ ਮੇਰਾ ਜਿਸਮ ਆ। ਮੈਂ ਇਹ ਦੀ ਮਾਲਕਣ ਆਂ। ਮੈਂ ਬੰਦੇ ਨੂੰ ਕੀ ਸਮਝਦੀ ਆਂ।" ਕਿੱਥੇ ਗਈਆਂ ਉਹ ਗੱਲਾਂ? ਉਹ ਦਾਅਵੇ? ਮੇਰੇ ਸਾਹਮਣੇ ਮੇਰੇ ਮੰਮੀ ਆ ਗਏ ਸਨ। ਅਜੇ ਉਨ੍ਹਾਂ ਦੀ ਉਮਰ ਕਿੰਨੀ ਸੀ। ਸਿਰਫ ਪੰਤਾਲੀ ਸਾਲ ਦੀ। ਉਹ ਚਾਲੀ ਸਾਲਾਂ ਦੀ ਉਮਰ ਵਿਚ ਵਿਧਵਾ ਹੋ ਗਏ ਸਨ। ਉਹ ਸਾਨੂੰ ਕਹਿੰਦੇ ਸਨ, "ਤੁਸੀਂ ਮੇਰੀਆਂ ਧੀਆਂ ਹੋ। ਧੀਆਂ ਵਾਂਗ ਰਹੀਓ। ਮੈਨੂੰ ਪਤਾ ਤੁਹਾਡੀ ਜਵਾਨੀ ਥੁੜਾਂ ਵਿਚੋਂ ਲੰਘੀ ਆ। ਮੇਰੇ ਵੱਲ ਦੇਖੋ- ਮੈਂ ਹਾਰ ਨ੍ਹੀਂ ਮੰਨੀ। ਤੁਸੀਂ ਵੀ ਨ੍ਹੀਂ ਮੰਨਣੀ। ਮੇਰੀ ਹੱਥ ਜੋੜ ਕੇ ਬੇਨਤੀ ਆ ਕਿ ਇਸ ਚਿੱਟੀ ਚੁੰਨੀ ਦਾ ਖਿਆਲ ਰੱਖ ਲੈਣਾ।" ਉਨ੍ਹਾਂ ਦੀਆਂ ਅੱਖਾਂ ਵਿਚ ਨਮੀ ਉਤਰ ਆਉਂਦੀ ਸੀ। ਮੈਂ ਇਸ ਨਮੀ ਨੂੰ ਕਦੇ ਨਹੀਂ ਭੁੱਲਦੀ ਸੀ। ਜੇ ਕਿਤੇ ਭੁੱਲੀ ਵੀ ਹੋਵਾਂ ਤਾਂ ਇਹ ਮਨ ਬੜੀ ਕੁੱਤੀ ਸ਼ੈਅ ਹੈ। ਇਹ ਤੁਰੰਤ ਅਲਾਰਮ ਵਾਲੀ ਘੰਟੀ ਵਜਾ ਦਿੰਦਾ ਸੀ।

ਇਕਬਾਲ ਨੇ ਵੀ ਆਪਣੀ ਜ਼ਿੰਦਗੀ ਦੀਆਂ ਕਈ ਅਹਿਮ ਗੱਲਾਂ ਮੇਰੇ ਨਾਲ ਸਾਂਝੀਆਂ ਕੀਤੀਆਂ ਸਨ। ਉਹ ਆਪਣੀ ਮੰਮੀ ਬਾਰੇ ਚਿਤੁੰਤ ਸੀ। ਉਹ ਆਪਣੀ ਮੰਮੀ ਤੇ ਛੋਟੇ ਭਰਾ ਨੂੰ ਇੱਥੇ ਲਿਆਉਣਾ ਚਾਹੁੰਦਾ ਸੀ ਪਰ ਉਸ ਦੀ ਮੰਮੀ ਆਪਣਾ ਪਿੰਡ ਤੇ ਪਿੰਡ ਵਾਲਾ ਘਰ ਛੱਡਣਾ ਨਹੀਂ ਚਾਹੁੰਦੀ ਸੀ। ਉਹ ਕਹਿ ਦਿੰਦੀ ਸੀ, "ਤੇਰੇ ਡੈਡੀ ਵੀ ਜ਼ੋਰ ਪਾਉਂਦੇ ਸੀ ਕਿ ਮੈਂ ਇੱਥੇ ਆ ਜਾਵਾਂ। ਇੱਕ ਵਾਰ ਮੈਂ ਦੋ ਦਿਨ ਰਹੀ ਸੀ। ਮੇਰਾ ਮਨ ਹੀ ਨ੍ਹੀਂ ਲੱਗਾ ਸੀ।...ਮੈਥੋਂ ਨ੍ਹੀਂ ਕੋਠੜੀਆਂ ਜਿਹੀਆਂ 'ਚ ਰਿਹਾ ਜਾਣਾ। ਫੇਰ, ਜੇ ਮੈਂ ਚਲੀ ਵੀ ਗਈ ਤਾਂ ਪੈਲੀ ਰੁਲ ਜਾਣੀ ਆ। ਮੈਂ ਇੱਥੇ ਠੀਕ ਆਂ। ਜਗਵਿੰਦਰ ਵੀ ਇੱਥੇ ਪੜ੍ਹਦਾ। ਸਾਡਾ ਮਾਂ ਪੁੱਤ ਦਾ ਜੀਅ ਲੱਗਾ ਹੋਇਆ।" ਫੇਰ ਉਸ ਇਕ ਹੋਰ ਹੀ ਗੱਲ ਦੱਸੀ ਸੀ, "ਸਮਾਲਸਰ ਵਾਲੇ ਮਾਸੀ ਜੀ ਆਏ ਸੀ। ਮੈਂ ਪਿਛਲੇ ਕਮਰੇ ਵਿਚ ਪਿਆ ਸੀ। ਮੰਮੀ ਤੇ ਮਾਸੀ ਜੀ ਮੋਹਰਲੇ ਦਲਾਨ ਵਿਚ। ਉਨ੍ਹਾਂ ਨੇ ਅੱਧੀ ਰਾਤ ਤੱਕ ਗੱਲਾਂ ਦੀ ਲੜੀ ਟੁੱਟਣ ਨ੍ਹੀਂ ਦਿੱਤੀ ਸੀ। ਜਿਵੇਂ ਅੱਜ ਹੀ ਸਾਰੇ ਜਹਾਨ ਦੀਆਂ ਗੱਲਾਂ ਕਰ ਲੈਣੀਆਂ ਹੋਣ। ਮੈਂ ਅੱਧ ਸੁੱਤਾ ਜਿਹਾ ਸੀ ਜਦੋਂ ਮੰਮੀ ਨੇ ਮਾਸੀ ਜੀ ਨੂੰ ਦੱਸਿਆ ਸੀ ਕਿ ਬੰਦੇ ਬਿਨਾਂ ਔਰਤ ਦੀ ਜ਼ਿੰਦਗੀ ਵੀ ਕੀ ਜ਼ਿੰਦਗੀ ਹੁੰਦੀ ਆ। ਕਦੇ-ਕਦੇ ਇਹ ਸਰੀਰ ਬਹੁਤ ਤੰਗ ਕਰਨ ਲੱਗ ਜਾਂਦਾ। ਬੇਕਾਬੂ ਹੁੰਦਾ। ਦੌੜਦਾ।



www.PunjabiLibrary.com

ਭੱਜਦਾ। ਕਿਸੇ ਨੂੰ ਚਾਹੁੰਦਾ। ਇਹਨੂੰ ਕੰਟਰੋਲ ਕਰਨਾ ਔਖਾ। ਮਨ ਵਿਚ ਇਕੋ ਗੱਲ ਆਉਂਦੀ, ਕੋਈ ਹੋਵੇ ਜਿਸ ਨਾਲ ਦੌੜ ਜਾਵਾਂ। ਫੇਰ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਆਪ ਨੂੰ ਸੰਭਾਲਦੀ ਆਂ। ਮਨ ਹੋਰ ਪਾਸੇ ਲਾਉਂਦੀ ਆਂ। ਪਾਠ 'ਤੇ ਬੈਠ ਜਾਂਦੀ ਆਂ। ਮਨ ਪਾਠ ਵਿਚ ਵੀ ਨ੍ਹੀਂ ਲੱਗਦਾ। ਮਨ ਤੇ ਦੇਹ ਦੀ ਲੜਾਈ ਵਿਚ ਸਾਰੀ ਸਾਰੀ ਰਾਤ ਜਾਗਦਿਆਂ ਲੰਘ ਜਾਂਦੀ ਆਂ। ਸਵੇਰ ਹੁੰਦੀ ਆ ਤਾਂ ਅੱਗੋਂ ਜੁਆਕ ਦਿੱਸਦੇ ਆ। ਮੈਂ ਇਨ੍ਹਾਂ ਬਾਰੇ ਸੋਚਣ ਲੱਗ ਜਾਂਦੀ ਆਂ।" ਸੁਣਦਿਆਂ ਸਾਰ ਮੇਰੇ ਧੁਰ ਅੰਦਰੋਂ ਹਾਉਂਕਾ ਨਿਕਲਿਆ ਸੀ। ਇਹ ਤਾਂ ਇੰਨ-ਬਿੰਨ ਮੇਰੀ ਮੰਮੀ ਦੀ ਕਹਾਣੀ ਸੀ। ਮੇਰੀ ਆਪਣੀ ਮੰਮੀ ਦਾ ਜ਼ਿਆਦਾ ਸਮਾਂ ਪਾਠ-ਪੂਜਾ ਵਿੱਚ ਬੀਤਦਾ ਸੀ। ਮੇਰੇ ਮਨ ਦੇ ਧੁਰ ਅੰਦਰੋਂ ਆਵਾਜ਼ ਆਈ ਸੀ, "ਔਰਤ ਆਪਣੀ ਦੇਹ ਨੂੰ ਕਿੰਨਾ ਕਸ਼ਟ ਦਿੰਦੀ ਆਂ।" ਪਰ ਮੈਂ ਉਹਨੂੰ ਇਹ ਗੱਲ ਨਹੀਂ ਦੱਸੀ ਸੀ।

ਘਰ ਮੁੜੀ ਤਾਂ ਮੰਮੀ ਨੇ ਐਨਾ ਲੇਟ ਹੋਣ ਬਾਰੇ ਪੁੱਛਿਆ ਸੀ। ਮੈਂ ਉਨ੍ਹਾਂ ਨੂੰ ਸੱਚ ਸੱਚ ਦੱਸ ਦਿੱਤਾ ਸੀ। ਉਹ ਕੁਝ ਚਿਰ ਗੁੰਮਸੁੰਮ ਹੋ ਗਏ ਸਨ। ਫੇਰ ਉਹਨਾਂ ਨੇ ਮੈਥੋਂ ਉਲਟਾ-ਪਲਟਾ ਕੇ ਇਕਬਾਲ ਬਾਰੇ ਪੁੱਛਿਆ ਸੀ। ਜਾਣਿਆ ਸੀ। ਉਨ੍ਹਾਂ ਦੀ ਮੈਂ ਤਸੱਲੀ ਕਰਾ ਦਿੱਤੀ ਸੀ। ਮੈਂ ਉਨ੍ਹਾਂ ਦੇ ਫੈਸਲੇ ਦਾ ਇੰਤਜ਼ਾਰ ਕੀਤਾ ਸੀ। ਇਕਦਮ ਉਨ੍ਹਾਂ ਕੁਝ ਨਹੀਂ ਦੱਸਿਆ ਸੀ। ਦੋ ਘੰਟਿਆਂ ਬਾਅਦ ਕਿਹਾ ਸੀ ਕਿ ਉਨ੍ਹਾਂ ਨੂੰ ਮੇਰੀ ਚੋਣ ਮੰਜੂਰ ਸੀ। ਉਨ੍ਹਾਂ ਲਈ ਤਸੱਲੀ ਵਾਲੀ ਗੱਲ ਇਹ ਸੀ ਕਿ ਅਸੀਂ ਦੋਵੇਂ ਕਮਾਊ ਜੀਅ ਸਾਂ। ਜ਼ਿੰਦਗੀ ਸੌਖਾਲੀ ਕੱਟੀ ਜਾਵੇਗੀ। ਜੇ ਉਨ੍ਹਾਂ ਦੀ ਧੀ ਦੀ ਇਹੀ ਪਸੰਦ ਸੀ ਤਾਂ ਉਨ੍ਹਾਂ ਵੱਲੋਂ ਹਾਂ ਹੀ ਹਾਂ ਸੀ। ਬੱਸ ਚਾਚਾ ਜੀ ਤੇ ਫੁੱਫੜ ਜੀ ਕੋਲੋਂ ਪੁੱਛਣਾ ਜ਼ਰੂਰੀ ਸੀ। ਡੈਡੀ ਜੀ ਦੀ ਮੌਤ ਤੋਂ ਬਾਅਦ ਮੰਮੀ ਇਨ੍ਹਾਂ ਦੋਹਾਂ 'ਤੇ ਜ਼ਿਆਦਾ ਹੀ ਨਿਰਭਰ ਹੋ ਗਏ ਸਨ। ਉਨ੍ਹਾਂ ਦੋਹਾਂ ਨੇ ਵੀ ਇਕਬਾਲ ਨੂੰ ਦਫਤਰ ਵਿਚ ਆ ਕੇ ਦੇਖ ਲਿਆ ਸੀ। ਉਹ ਉਨ੍ਹਾਂ ਨੂੰ ਵੀ ਪਸੰਦ ਆ ਗਿਆ ਸੀ। ਫਾਈਨਲ ਗੱਲ ਇਕਬਾਲ ਦੀ ਮੰਮੀ ਨਾਲ ਉਨ੍ਹਾਂ ਦੇ ਮੋਗੇ ਕੋਲ ਪੈਂਦੇ ਪਿੰਡ ਜਲਾਲਾਬਾਦ ਜਾ ਕੇ ਕਰਨੀ ਬਾਕੀ ਸੀ। ਫੇਰ ਚਾਚਾ ਜੀ ਨੇ ਇਕਬਾਲ ਕੋਲੋਂ ਉਸ ਦੀ ਸਬ-ਕਾਸਟ ਪੁੱਛੀ ਸੀ। ਉਸ ਥਿੰਦ ਦੱਸਿਆ ਸੀ। ਚਾਚਾ ਜੀ ਨੇ ਕਿਹਾ ਸੀ ਕਿ ਇਹ ਸਬ-ਕਾਸਟ ਤਾਂ ਸਾਡੀ ਬਰਾਦਰੀ ਵਿਚ ਹੁੰਦੀ ਹੀ ਨਹੀਂ। ਇਕਬਾਲ ਨੇ ਆਪਣੀ ਜਾਤ ਕੰਬੋਜ ਦੱਸੀ ਸੀ। ਉਸ ਰਾਤ ਨੂੰ ਘਰ ਵਿਚ ਖਲਬਲੀ ਮਚੀ ਸੀ। ਚਾਚਾ ਜੀ ਇਸੇ ਗੱਲ 'ਤੇ ਅੜੇ ਸਨ ਕਿ ਜੇ ਮੇਰਾ ਰਿਸ਼ਤਾ ਇਕਬਾਲ ਨਾਲ ਹੋ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੀਆਂ ਆਪਣੀਆਂ ਧੀਆਂ ਲਈ ਸਮੱਸਿਆ ਆਣ ਖੜਣੀ ਸੀ। ਉਹ ਵਾਰ-ਵਾਰ ਕਹਿ ਰਹੇ ਸਨ ਕਿ ਆਖਰ ਖਾਨਦਾਨ ਦੀਆਂ ਕੁਝ ਮਰਿਆਦਾਵਾਂ ਹੁੰਦੀਆਂ ਹਨ।

****

ਫੇਰ ਮੈਂ ਤਿੰਨ ਮਹੀਨਿਆਂ ਦਾ ਮੈਡੀਕਲ ਭੇਜ ਦਿੱਤਾ ਸੀ।
ਫੇਰ ਮੈਂ ਤਿੰਨ ਮਹੀਨਿਆਂ ਲਈ ਟੈਲੀਫੋਨ ਡੈੱਡ ਕਰ ਦਿੱਤਾ ਸੀ।
ਫੇਰ ਮੈਂ ਆਪਣੇ ਆਪ ਨੂੰ ਆਪਣੇ ਕਮਰੇ ਤੱਕ ਸੀਮਤ ਕਰ ਲਿਆ ਸੀ।

****

ਡਿਊਟੀ 'ਤੇ ਮੁੜ ਹਾਜਰ ਹੋਈ ਤਾਂ ਮੈਂ ਐਡਮਨ ਅਫਸਰ ਨੂੰ ਬੇਨਤੀ ਕਰਕੇ ਹੈੱਡ



ਆਫਿਸ ਤੋਂ ਦੂਰ ਪੈਂਦੀ ਇਸ ਬ੍ਰਾਂਚ ਵਿਚ ਬਦਲੀ ਕਰਾ ਲਈ ਸੀ। ਇਹ ਬ੍ਰਾਂਚ ਇਕਬਾਲ ਦੀ ਬ੍ਰਾਂਚ ਵਾਲੀ ਦਿਸ਼ਾ ਤੋਂ ਉਲਟ ਦਿਸ਼ਾ 'ਚ ਸੀ। ਆਪਸੀ ਦੂਰੀ ਤਿੰਨ ਕਿਲੋਮੀਟਰ ਦੀ ਸੀ। ਨਾ ਇਸ ਬ੍ਰਾਂਚ ਵਿਚ ਤੇ ਨਾ ਉਸ ਬ੍ਰਾਂਚ ਵਿਚ ਫੋਨ ਸੀ। ਇਕ ਦੂਜੇ ਦੇ ਮੱਥੇ ਲੱਗਣ ਦੇ ਬਹੁਤ ਘੱਟ ਮੌਕੇ ਸਨ। ਮੈਂ ਸਿਰਫ ਤੇ ਸਿਰਫ ਆਪਣੇ ਕੰਮ ਨਾਲ ਮਤਲਬ ਰੱਖਦੀ ਸੀ। ਮੈਨੂੰ ਕਿਸੇ ਨਾਲ ਕੋਈ ਮਤਲਬ ਨਹੀਂ ਰਿਹਾ ਸੀ। ਇਥੋਂ ਤੀਕ ਕਿ ਮੈਂ ਕਿਸੇ ਨੂੰ ਵਿਸ਼ ਤੱਕ ਨਹੀਂ ਕਰਦੀ ਸੀ। ਮੈਂ ਸਟਾਫ-ਮੈਂਬਰਾਂ ਨਾਲ ਕਮਰੇ ਵਿੱਚ ਬਣਦੀ ਚਾਹ ਵੀ ਨਹੀਂ ਪੀਂਦੀ ਸੀ। ਮੈਂ ਆਪਣੇ ਬੌਸ ਮਹਿੰਦਰ ਨੂੰ ਵੀ ਇਗਨੋਰ ਕਰ ਦਿੰਦੀ ਸੀ। ਉਨ੍ਹਾਂ ਨੇ ਮੈਨੂੰ ਕਈ ਵਾਰ ਝਿੜਕਿਆ ਸੀ ਕਿ ਮੈਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਉਹ ਮੇਰੇ ਬੌਸ ਹਨ। ਉਹ ਮੈਨੂੰ ਬੁਲਾਉਂਦੇ ਸਨ। ਮੈਂ ਲੈਟਰ ਪੈਡ ਤੇ ਪੈੱਨ ਲੈ ਕੇ ਜਾ ਖੜ੍ਹਦੀ ਸੀ। ਉਹ ਮੈਨੂੰ ਬੈਠਣ ਲਈ ਇਸ਼ਾਰਾ ਕਰਦੇ ਸਨ। ਉਨ੍ਹਾਂ ਨੂੰ ਮੇਰੀ ਘਰੇਲੂ ਸਥਿਤੀ ਦਾ ਗਿਆਨ ਸੀ। ਉਹ ਘਰ ਪਰਿਵਾਰ ਦੀਆਂ ਗੱਲਾਂ ਛੇੜ ਲੈਂਦੇ ਸਨ। ਡੈਡੀ ਦੀਆਂ ਗੱਲਾਂ ਕਰਦੇ ਸਨ, "ਅਵਤਾਰ ਹੁਰਾਂ ਮੇਰੇ ਕੋਲ ਦੋ ਸਾਲ ਕੰਮ ਕੀਤਾ। ਉਹ ਬੜੇ ਨੇਕ ਇਨਸਾਨ ਸਨ। ਅਸੂਲੀ ਬੰਦੇ। ਕਦੇ ਕਿਸੇ ਕੋਲੋਂ ਚਾਹ ਦਾ ਕੱਪ ਵੀ ਨ੍ਹੀਂ ਪੀਤਾ ਹੋਣਾ। ਫਾਇਲਾਂ ਤਾਂ ਉਨ੍ਹਾਂ ਨੂੰ ਟਿਪਸ 'ਤੇ ਯਾਦ ਸਨ.....ਕੁਦਰਤ ਨੂੰ ਕੁਸ਼ ਹੋਰ ਹੀ ਮੰਜ਼ੂਰ ਸੀ। ਇਹ ਉਨ੍ਹਾਂ ਦੇ ਜਾਣ ਦੀ ਉਮਰ ਨ੍ਹੀਂ ਸੀ। ਤੁਹਾਡਾ ਸੁਭਾਅ ਵੀ ਤੁਹਾਡੇ ਡੈਡੀ ਵਰਗਾ। ਮੇਰੇ ਵੱਲੋਂ ਕਿਸੇ ਸਹਿਯੋਗ ਦੀ ਲੋੜ ਪਵੇ ਤਾਂ ਬਿਨਾਂ ਕਿਸੇ ਝਿਜਕ ਦੇ ਦੱਸ ਦੇਣਾ।" ਇਸ ਬਰਾਂਚ 'ਚ ਆ ਕੇ ਵੀ ਡੈਡੀ ਜੀ ਨੇ ਮੇਰਾ ਪਿੱਛਾ ਨਹੀਂ ਛੱਡਿਆ ਸੀ। ਮੈਨੂੰ ਕਿਸੇ ਦੀ ਫੋਕੀ ਹਮਦਰਦੀ ਦੀ ਲੋੜ ਨਹੀਂ ਸੀ। ਮੈਨੂੰ ਆਪਣੇ ਡੈਡੀ ਬਾਰੇ ਚੰਗੀ ਤਰ੍ਹਾਂ ਪਤਾ ਸੀ। ਮੈਂ ਉਨ੍ਹਾਂ ਦੀਆਂ ਭੈੜੀਆਂ ਆਦਤਾਂ ਜਾਣਦੀ ਸੀ। ਉਹ ਬੜੇ ਲਾਹਪ੍ਰਵਾਹ ਸਨ। ਉਨ੍ਹਾਂ ਕਦੇ ਘਰ ਬਾਰੇ ਸੋਚਿਆ ਹੀ ਨਹੀਂ ਸੀ। ਜਿੰਨੀ ਉਹਨਾਂ ਦੀ ਬਾਹਰ ਇੱਜ਼ਤ ਸੀ, ਉਨੀ ਹੀ ਘਰ 'ਚ ਬੇਕਦਰੀ ਸੀ। ਇਹ ਮੇਰੀ ਮੰਮੀ ਜਾਣਦੀ ਸੀ ਕਿ ਉਹ ਘਰ ਕਿਵੇਂ ਚਲਾਉਂਦੀ ਸੀ। ਡੈਡੀ ਨੂੰ ਕਿਵੇਂ ਸੰਭਾਲਦੀ ਸੀ। ਮੈਂ ਚਾਹੁੰਦੀ ਸੀ ਕਿ ਇਥੇ ਸਿਰਫ ਤੇ ਸਿਰਫ ਮੈਨੂੰ ਜਾਨਣ ਵਾਲੇ ਹੋਣ। ਮੈਂ ਉਨ੍ਹਾਂ ਨੂੰ ਟੋਕ ਦਿੱਤਾ ਸੀ, "ਸਰ, ਮੇਰਾ ਨਾਂ ਗੁਰਲੀਨ ਵਿਰਦੀ ਆ। ਮੈਂ ਇਹੀ ਰਹਿਣਾ ਚਾਹੁੰਦੀ ਆਂ। ਅੱਜ ਤੋਂ ਬਾਅਦ ਤੁਸੀਂ ਮੇਰੇ ਨਾਲ ਮੇਰੇ ਡੈਡੀ ਕਰਕੇ ਕੋਈ ਹਮਦਰਦੀ ਨ੍ਹੀਂ ਕਰਨੀ। ਜੇ ਤੁਹਾਨੂੰ ਮੇਰੇ ਕੰਮ ਪ੍ਰਤੀ ਕੋਈ ਸ਼ਿਕਾਇਤ ਹੋਈ ਤਾਂ ਦੱਸਿਓ।" ਉਨ੍ਹਾਂ ਕਿਹਾ ਸੀ, "ਤੁਸੀਂ ਗਲਤ ਸੋਚਦੇ ਹੋ। ਇਹ ਹਮਦਰਦੀ ਨ੍ਹੀਂ-ਇਹ ਤਾਂ ਉਹਨਾਂ ਨੂੰ ਉਨ੍ਹਾਂ ਦੇ ਗੁਣਾਂ ਕਰਕੇ ਯਾਦ ਕੀਤਾ ਜਾਂਦਾ।" ਮੈਂ ਖਿੱਝ ਕੇ ਕਿਹਾ ਸੀ, "ਤੁਸੀਂ ਬਹੁਤੀਆਂ ਗੱਲਾਂ ਉਨ੍ਹਾਂ ਨਾਲ ਜੋੜ ਕੇ ਕਿਉਂ ਦੇਖਦੇ ਹੋ?" ਉਨ੍ਹਾਂ ਕਿਹਾ ਸੀ, "ਤੁਹਾਨੂੰ ਆਪਣੇ ਡੈਡੀ ਦੀ ਆਈਡੈਨਟੀਟੀਫਿਕੇਸ਼ਨ ਦੀ ਲੋੜ ਵਿਆਹ ਤਕ ਹੀ ਰਹਿਣੀ ਆਂ।" ਮੈਂ ਕਿਹਾ ਸੀ, "ਮੈਂ ਇਸ ਗੱਲੋਂ ਇਨਕਾਰੀ ਨ੍ਹੀਂ ਹਾਂ ਕਿ ਮੈਂ ਗੁਰਲੀਨ ਵਿਰਦੀ ਸਪੁੱਤਰੀ ਅਵਤਾਰ ਸਿੰਘ ਵਿਰਦੀ-ਜਾਤ ਤਰਖਾਣ ਆਂ। ਮੈਨੂੰ ਉਨ੍ਹਾਂ ਦਾ ਨਾਂ ਚਾਹੀਦਾ ਆ-ਉਹ ਤਾਂ ਆ। ਉਨ੍ਹਾਂ ਦੇ ਨਾਂ 'ਤੇ ਹਮਦਰਦੀ ਨ੍ਹੀਂ ਚਾਹੀਦੀ।" ਉਹ ਤਾੜੀ ਮਾਰ ਕੇ ਉੱਚੀ-ਉੱਚੀ ਹੱਸੇ ਸਨ। ਫਿਰ ਗੰਭੀਰ ਹੁੰਦਿਆਂ ਕਿਹਾ ਸੀ, "ਤੁਹਾਨੂੰ ਖਿੱਝ ਬੜੀ ਆਉਂਦੀ....ਆਹ ਉਮਰ ਤੇ ਖਿੱਝ... ਮੈਨੂੰ ਇਸ ਗੱਲ ਦੀ ਸੰਤੁਸ਼ਟੀ- ਪਹਿਲੀ ਦਫਾ ਹੋਈ ਆ ਕਿ ਇਸ ਡਫਰ ਬ੍ਰਾਂਚ ਵਿਚ ਕੋਈ ਸਿਆਣੀ



www.PunjabiLibrary.com

ਗੱਲ ਕਰਨ ਵਾਲਾ ਵੀ ਆਇਆ ਆ। ਮੈਂ ਤੁਹਾਡੇ ਵਿਚਾਰਾਂ ਨੂੰ ਐਪਰੀਸ਼ੀਏਟ ਕਰਦਾਂ। ਇਹਨੂੰ ਕਹਿੰਦੇ ਆ ਕਿ ਸਾਡੀ ਸੁਸਾਇਟੀ ਵਿਚ ਚੇਂਜ਼ ਆ ਰਹੀ ਆ।" ਉਨ੍ਹਾਂ ਦੀ ਇਕ ਇਹ ਵੀ ਸਿਫਤ ਸੀ ਕਿ ਉਹ ਕਿਸੇ ਗੱਲ ਨੂੰ ਰਿਪੀਟ ਨਹੀਂ ਕਰਦੇ ਸਨ। ਨਾ ਹੀ ਰਿਪੀਟ ਕਰਨ ਵਾਲੇ ਨੂੰ ਪਸੰਦ ਕਰਦੇ ਸਨ। ਉਨ੍ਹਾਂ ਦੀ ਉਮਰ ਮੈਥੋਂ ਛੇ ਸਾਲ ਜ਼ਿਆਦਾ ਸੀ। ਦੇਖਣ ਚਾਖਣ ਤੋਂ ਮੈਂ ਵੱਡੀ ਲੱਗਦੀ ਸੀ। ਫੇਰ ਉਨ੍ਹਾਂ ਮੈਨੂੰ ਗੱਲਾਂ ਵਿਚ ਫਸਾ ਹੀ ਲਿਆ ਸੀ। ਜਿਵੇਂ ਕਦੇ ਮੈਂ ਇਕਬਾਲ ਨੂੰ ਫਸਾਇਆ ਸੀ। ਮੈਂ ਇਸ ਗੱਲ ਪ੍ਰਤੀ ਸੁਚੇਤ ਸੀ ਕਿ ਉਹ ਮੈਥੋਂ ਕੀ ਚਾਹੁੰਦੇ ਸਨ। ਉਹ ਵਿਆਹੇ ਸਨ। ਇਕ ਬੇਟੇ ਦੇ ਬਾਪ ਸਨ। ਪਰ ਮੈਨੂੰ ਪਤਾ ਨਹੀਂ ਲੱਗਾ ਸੀ ਜਾਂ ਲੱਗ ਰਿਹਾ ਸੀ ਕਿ ਮੈਂ ਕਿਵੇਂ ਉਨ੍ਹਾਂ ਨਾਲ ਜੁੜ ਗਈ ਸੀ। ਸ਼ਾਇਦ ਮੈਨੂੰ ਉਨ੍ਹਾਂ ਨਾਲ ਹਮਦਰਦੀ ਹੋ ਗਈ ਸੀ। ਉਨ੍ਹਾਂ ਆਪਣੀ ਕਥਾ, ਮੇਰੇ ਪੁੱਛੇ ਬਿਨਾਂ ਹੀ ਸੁਣਾ ਦਿੱਤੀ ਸੀ, "ਗੁਰਲੀਨ, ਮੇਰੀ ਪਰਿਵਾਰਕ ਲਾਈਫ ਠੀਕ ਨ੍ਹੀਂ ਚੱਲ ਰਹੀ। ਸ਼ਾਇਦ ਮੈਂ ਆਉਣ ਵਾਲੇ ਦਿਨਾਂ ਵਿਚ ਤਲਾਕ ਹੀ ਲੈ ਲਵਾਂ। ਜਾਂ ਆਤਮ ਹੱਤਿਆ ਹੀ ਕਰਲਾਂ। ਜਾਂ ਘਰ ਹੀ ਛੱਡ ਦੇਵਾਂ। ਮੈਥੋਂ ਕੁਸ਼ ਨਾ ਕੁਸ਼ ਹੋ ਜਾਣਾ ਆ। ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਇਹ ਸੀ ਕਿ ਮੈਂ ਵਿਆਹ ਕਰਾਉਣ ਲੱਗਿਆਂ ਬਹੁਤਾ ਸੋਚਿਆ-ਵਿਚਾਰਿਆ ਨ੍ਹੀਂ। ਸਾਰੀ ਗੱਲ ਘਰਦਿਆਂ 'ਤੇ ਛੱਡ ਦਿੱਤੀ। ਇਥੇ ਮੈਥੋਂ ਗਲਤੀ ਹੋ ਗਈ। ਆਖਰ ਜ਼ਿੰਦਗੀ ਦਾ ਮਸਲਾ ਹੁੰਦਾ। ਵਿਆਹ ਤੋਂ ਪਹਿਲਾਂ ਇਕ ਦੂਜੇ ਨੂੰ ਮਿਲਣਾ-ਗਿਲਣਾ-ਸਮਝਣਾ ਤੇ ਕਦਰ ਕਰਨੀ ਜਾਣਨੀ ਚਾਹੀਦੀ ਆ। ਕਦੇ ਕੋਈ ਕਾਹਲ ਨ੍ਹੀਂ ਕਰਨੀ ਚਾਹੀਦੀ। ਇਕ ਗੱਲ ਹੋਰ। ਤੂੰ ਵੀ ਕਾਹਲ ਨਾ ਕਰੀਂ। ਜੇ ਲੋੜ ਪਈ ਤਾਂ ਮੈਥੋਂ ਸਲਾਹ ਲੈ ਲਈਂ।"

ਇਨ੍ਹੀਂ ਦਿਨੀਂ ਮੈਂ ਅਜਿਹੇ ਸਾਥ ਦੀ ਲੋੜ ਮਹਿਸੂਸ ਕਰਨ ਲੱਗੀ ਸੀ ਜਿਸ ਦੀ ਛਾਤੀ 'ਤੇ ਸਿਰ ਰੱਖ ਕੇ ਮੈਂ ਘੰਟਿਆਂ ਬੱਧੀ ਭਰਵੀਂ ਨੀਂਦ ਸੌਂ ਸਕਾਂ।

ਮਹਿੰਦਰ ਦਾ ਜਿਸਮ ਇਕਬਾਲ ਨਾਲੋਂ ਗੁੰਦਵਾਂ ਤੇ ਭਰਵਾਂ ਸੀ। ਉਨ੍ਹਾਂ ਦੇ ਨੈਣ-ਨਕਸ਼ਾਂ ਤੇ ਚਿਹਰੇ 'ਤੇ ਅਜੀਬ ਜਿਹੀ ਇਬਾਰਤ ਉਕਰੀ ਸੀ ਜਿਸ ਨੂੰ ਮੈਂ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ। ਮੈਂ ਉਨ੍ਹਾਂ ਵੱਲ ਖਿੱਚੀ ਗਈ ਸੀ। ਉਹ ਮੈਨੂੰ, ਜਦੋਂ ਵੀ ਵਿਹਲ ਹੁੰਦੀ, ਪੀਅਨ ਹੱਥ ਸੁਨੇਹਾ ਭੇਜ ਕੇ ਬੁਲਾ ਲੈਂਦੇ ਸਨ।

ਇਕ ਦਿਨ ਉਨ੍ਹਾਂ ਕਿਹਾ ਸੀ, "ਆਪਣੀ ਜਾਤ ਤੋਂ ਬਾਹਰ ਵਿਆਹ ਕਰਵਾਉਣਾ ਵੀ ਚੌਥੀ ਕੂੰਟ ਵੱਲ ਜਾਣਾ ਹੁੰਦਾ।"

"ਚੌਥੀ ਕੂੰਟ?"

"ਇਕ ਚੌਥੀ ਕੂੰਟ ਹੁੰਦੀ ਆ। ਪਿਛਲੇ ਸਮਿਆਂ ਵਿਚ ਕੋਈ ਰਾਜਾ, ਰਾਜ ਕੁਮਾਰ ਜਾਂ ਖੋਜੀ ਜਦੋਂ ਆਪਣੇ ਮਿਸ਼ਨ 'ਤੇ ਨਿਕਲਦਾ ਸੀ ਤਾਂ ਕੋਈ ਸਿਆਣਾ ਕਹਿੰਦਾ ਸੀ। ਸਮਝਾਉਂਦਾ ਹੁੰਦਾ ਸੀ ਕਿ ਫਲਾਣੇ ਪਾਸੇ ਚੌਥੀ ਕੂੰਟ ਪੈਂਦੀ ਆ। ਉਥੇ ਦਿਓ, ਫਫਾਕੁਟਣੀਆਂ, ਵੱਡੇ-ਵੱਡੇ ਸੱਪ, ਜਾਦੂਗਰਣੀਆਂ ਹੁੰਦੀਆਂ। ਉਸ ਪਾਸੇ ਨ੍ਹੀਂ ਜਾਣਾ। ਜੇ ਗਿਆ ਤਾਂ ਵਾਪਸ ਨ੍ਹੀਂ ਮੁੜ ਹੋਣਾ। ਜੋ ਵੀ ਉਸ ਪਾਸੇ ਗਿਆ ਕਦੇ ਜਿਉਂਦਾ ਨ੍ਹੀਂ ਮੁੜਿਆ। ਜਾਣ ਵਾਲੇ ਦੇ ਮਨ 'ਤੇ ਅਜਿਹਾ ਪ੍ਰਭਾਵ ਛੱਡਿਆ ਜਾਂਦਾ ਕਿ ਉਹ ਉਸ ਪਾਸੇ ਜਾਣ ਦਾ ਹੀਆਂ ਨਾ ਕਰਦਾ। ਜੇ ਕੋਈ ਲੀਕ ਪਾੜ ਕੇ ਉਸ ਪਾਸੇ ਗਿਆ-ਉਸ ਨੇ ਹੀ ਕੁਸ਼ ਪ੍ਰਾਪਤ ਕੀਤਾ।"



****

ਅਸੀਂ ਕਲ੍ਹ ਨੂੰ ਬਾਅਦ ਦੁਪਹਿਰ ਪਿੰਜੌਰ ਗਾਰਡਨ ਜਾਣ ਦਾ ਪ੍ਰੋਗਰਾਮ ਉਲੀਕਿਆ ਸੀ। ਇਸੇ ਖੁਸ਼ੀ 'ਚ ਕਿ ਮੈਂ ਉਨ੍ਹਾਂ ਨੂੰ ਹਾਂ ਕਰ ਦਿੱਤੀ ਸੀ, ਉਨ੍ਹਾਂ ਪੀਅਨ ਨੂੰ ਬੁਲਾ ਕੇ 'ਮਲਹੋਤਰਾ ਕੌਫੀ ਹਾਊਸ' ਤੋਂ ਸਪੈਸ਼ਲ ਕੌਫੀ ਮੰਗਵਾਈ ਸੀ। ਉਨ੍ਹਾਂ ਮੈਨੂੰ ਆਪਣੇ ਕਾਲਜ ਸਮੇਂ ਦੀ ਕੋਈ ਦਿਲਚਸਪ ਆਪ ਬੀਤੀ ਸੁਣਾਉਣ ਲਈ ਜ਼ੋਰ ਪਾਇਆ ਸੀ। ਮੈਂ ਉਨ੍ਹਾਂ ਨੂੰ ਦੱਸਿਆ ਸੀ, "ਮੈਂ ਬੀ. ਏ. ਥਰਡ ਯੀਅਰ ਵਿੱਚ ਸੀ। ਇੰਗਲਿਸ਼ ਪ੍ਰੋ. ਜਗਦੀਸ਼ ਤੇ ਰਾਮ ਰਤਨ ਪੜ੍ਹਾਉਂਦੇ ਸਨ। ਉਨ੍ਹਾਂ ਦੋਹਾਂ ਨੇ ਮੈਨੂੰ ਲਲਚਾਈਆਂ ਨਜ਼ਰਾਂ ਨਾਲ ਦੇਖਣਾ ਸ਼ੁਰੂ ਕਰ ਦਿੱਤਾ ਸੀ। ਦੋਹਾਂ ਵਿਚ ਕਸ਼ਮਕਸ਼ ਵੱਧ ਗਈ ਸੀ। ਇਕ ਕਹਿੰਦਾ ਕਿ ਉਹ ਪਹਿਲਾ ਪੀਰੀਅਡ ਲਵੇਗਾ। ਦੂਜਾ ਕਹਿੰਦਾ ਮੈਂ ਲਵਾਂਗਾ। ਉਨ੍ਹਾਂ ਦਾ ਇਹ ਵਤੀਰਾ ਹਰ ਸਾਲ ਇਉਂ ਹੀ ਚਲਦਾ ਰਹਿੰਦਾ। ਇਕ ਸਾਲ ਤਾਂ ਉਨ੍ਹਾਂ ਹੋਰ ਹੀ ਤਰ੍ਹਾਂ ਦੀਆਂ ਸਾਜ਼ਿਸ਼ਾਂ ਘੜੀਆਂ ਸਨ। ਮੈਨੇਜਮੈਂਟ ਨਾਲ ਪੰਗਾ ਲਿਆ ਸੀ। ਕੋਈ ਪੇਸ਼ ਨਾ ਜਾਂਦੀ ਦੇਖ ਉਹ ਹੱਥੋਂ ਪਾਈ ਹੋਣ ਤੱਕ ਗਏ ਸਨ।" ਮਹਿੰਦਰ ਨੇ ਕਾਹਲਾ ਪੈਂਦਿਆਂ ਪੁੱਛਿਆ ਸੀ, "ਫੇਰ ਜਿੱਤ ਕਿਸ ਦੀ ਹੋਈ ਸੀ?" "ਇਹਨੂੰ ਰਾਜ਼ ਹੀ ਰਹਿਣ ਦਿਉ।" ਉਦੋਂ ਹੀ ਪੀਅਨ ਅੰਦਰ ਆਇਆ ਸੀ। ਉਹਨੇ ਦੱਸਿਆ ਕਿ ਬਾਹਰ ਕੋਈ ਗੈਸਟ ਮਿਲਣ ਵਾਲੇ ਆਏ ਸਨ। ਮੈਨੂੰ ਪਤਾ ਸੀ ਕਿ ਕੌਣ ਆਏ ਹੋਣਗੇ। ਫੇਰ ਵੀ ਦਿਖਾਵੇ ਲਈ ਮੈਂ, ਸ਼ੀਸ਼ੇ ਦੇ ਵਿਚਕਾਰਲੀ ਥਾਂ, ਜਿਥੋਂ ਮਹਿੰਦਰ ਨੇ ਬਾਹਰ ਦੇਖਣ ਲਈ ਥੋੜ੍ਹੀ ਕੁ ਜਗ੍ਹਾ ਪਰਦਾ ਹਟਾਇਆ ਹੋਇਆ ਸੀ, ਦੇਖਿਆ ਸੀ। ਮੰਮੀ ਦੇ ਨਾਲ ਦੋ ਓਪਰੇ ਬੰਦੇ ਤੇ ਇਕ ਪੈਂਤੀ ਕੁ ਸਾਲਾਂ ਦੀ ਤੀਵੀਂ ਬੈਠੀ ਸੀ। ਮਹਿੰਦਰ ਨੇ ਮੈਨੂੰ ਜਾਣ ਲਈ ਇਸ਼ਾਰਾ ਕੀਤਾ ਸੀ ਪਰ ਮੈਂ ਉਨ੍ਹਾਂ ਦੇ ਇਸ਼ਾਰੇ ਵੱਲ ਧਿਆਨ ਹੀ ਨਹੀਂ ਦਿੱਤਾ ਸੀ। ਮੈਂ ਕੋਈ ਹੋਰ ਗੱਲ ਛੇੜ ਲਈ ਸੀ। ਮੈਂ ਉਨ੍ਹਾਂ ਨਾਲ ਹੱਸ-ਹੱਸ ਕੇ ਗੱਲਾਂ ਕਰ ਰਹੀ ਸੀ ਤਾਂ ਕਿ ਬਾਹਰ ਬੈਠੇ ਮੇਰੀ ਆਵਾਜ਼ ਨੂੰ ਸੁਣ ਲੈਣ। ਮਨ 'ਚ ਇਹ ਵਿਚਾਰ ਆ ਰਿਹਾ ਸੀ ਕਿ ਕਾਸ਼-ਇਨ੍ਹਾਂ ਨਾਲ ਚਾਚਾ ਜੀ ਤੇ ਫੁੱਫੜ ਜੀ ਆਏ ਹੁੰਦੇ। ਮੈਂ ਉਨ੍ਹਾਂ ਨੂੰ ਘੰਟਾ ਭਰ ਬੈਠਾਉਣਾ ਸੀ। ਦੱਸਣਾ ਸੀ-ਦੇਖੋ ਮੈਂ 'ਆਪਣੇ ਯਾਰ' ਨਾਲ ਬੈਠੀ ਹਾਂ। ਛੰਦੜਾਂ ਵਾਲੇ ਮਹਿੰਦਰ ਵਾਲਮੀਕ ਨਾਲ। ਹੁਣ ਮੈਂ ਉਨ੍ਹਾਂ ਨਾਲ ਵਿਆਹ ਕਰਵਾ ਕੇ ਦਿਖਾਊਂਗੀ। ਤੁਸੀਂ ਜਿਹੜਾ ਕਿਲ੍ਹਾ ਫਤਹਿ ਕਰਨ ਤੁਰੇ ਹੋ-ਉਹਦੀ ਤੁਹਾਡੇ ਸਾਹਮਣੇ ਹੀ ਮੈਂ ਇੱਟ ਨਾਲ ਇੱਟ ਖੜਕਾ ਦੇਣੀ ਹੈ। ਵਿਚ-ਵਿਚ ਮੈਂ ਮੰਮੀ ਵੱਲ ਦੇਖ ਲੈਂਦੀ ਸੀ। ਉਨ੍ਹਾਂ ਦੇ ਚਿਹਰੇ ਦਾ ਰੰਗ ਪਲ ਪਲ ਬਦਲ ਰਿਹਾ ਸੀ। ਮੈਂ 15-20 ਮਿੰਟ ਉਨ੍ਹਾਂ ਦੀ ਪ੍ਰਵਾਹ ਨਹੀਂ ਕੀਤੀ ਸੀ। ਆਪੇ ਉਡੀਕ ਕਰਕੇ ਚਲੇ ਜਾਣਗੇ। ਜਦੋਂ ਮੈਂ ਮੰਮੀ ਵੱਲੋਂ ਦੱਸੀ ਥਾਂ 'ਤੇ ਵਿਆਹ ਹੀ ਨਹੀਂ ਕਰਵਾਉਣਾ ਸੀ ਤਾਂ ਫਿਰ ਦੇਖ ਦਿਖਾਵਾ ਕਾਸ ਲਈ ਕਰਨਾ ਸੀ। ਮੈਂ ਇਸ ਸੰਬੰਧੀ ਮਹਿੰਦਰ ਨਾਲ ਕੋਈ ਗੱਲ ਨਹੀਂ ਕੀਤੀ ਸੀ। ਬੱਸ ਇਹੀ ਕਿਹਾ ਸੀ ਕਿ ਮੇਰੇ ਰਿਸ਼ਤੇਦਾਰ ਸਨ। ਇਨ੍ਹਾਂ ਨੂੰ ਕੋਈ ਕਾਹਲ ਨਹੀਂ ਹੋਵੇਗੀ। ਮੈਂ ਗੱਲਾਂ ਦੀ ਲੜੀ ਨਹੀਂ ਤੋੜਨੀ ਚਾਹੁੰਦੀ ਸੀ। ਆਪਣਾ ਮਜ਼ਾ ਕਿਰਕਿਰਾ ਨਹੀਂ ਕਰਨਾ ਚਾਹੁੰਦੀ ਸੀ। ਇਸ ਤੋਂ ਜ਼ਿਆਦਾ ਇਹ ਵੀ ਸੀ ਕਿ ਮੈਂ ਬਾਹਰ ਬੈਠਿਆਂ ਨੂੰ ਖਿਝਾਉਣਾ ਚਾਹੁੰਦੀ ਸੀ। ਬਾਹਰੋਂ ਫੇਰ ਸੁਨੇਹਾ ਆਇਆ ਸੀ ਤਾਂ ਮੈਂ ਲੈਟਰ ਪੈਡ ਤੇ ਪੈੱਨ ਫੜੀ ਕਾਹਲੀ-ਕਾਹਲੀ ਬਾਹਰ ਆ ਗਈ ਸੀ। ਆਉਂਦਿਆਂ ਹੀ ਪੀਅਨ ਨੂੰ ਉੱਚੀ ਉੱਚੀ ਬੋਲਣ ਲੱਗੀ ਸੀ, "ਤੂੰ ਮੈਨੂੰ ਇਹਨਾਂ ਬਾਰੇ



www.PunjabiLibrary.com

ਪਹਿਲਾਂ ਕਿਉਂ ਨ੍ਹੀਂ ਦੱਸਿਆ ? ਇਨ੍ਹਾਂ ਨੂੰ ਚਾਹ ਵੀ ਪਿਲਾਈ ਕਿ ਨ੍ਹੀਂ ?" ਪੀਅਨ ਨੇ ਅੱਗੋਂ ਕੋਈ ਜੁਆਬ ਨਹੀਂ ਦਿੱਤਾ ਸੀ। ਉਹ ਤਾਂ ਸਬਰ ਦਾ ਘੁੱਟ ਭਰ ਗਿਆ ਸੀ।

ਮੰਮੀ ਮੈਨੂੰ ਉਠਾਲ ਕੇ ਬਾਹਰ ਲੈ ਗਏ ਸਨ। ਮੈਨੂੰ ਮੇਰੀ ਪਸੰਦ ਬਾਰੇ ਪੁੱਛਿਆ ਸੀ। ਇਸ ਗੱਲ ਦਾ ਤਾਂ ਮੈਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਮੁੰਡਾ ਸਿਵਲ ਹਸਪਤਾਲ ਵਿਚ ਅਸਿਸਟੈਂਟ ਲੱਗਾ ਹੋਇਆ ਸੀ। ਦੇਖਣ-ਚਾਖਣ ਨੂੰ ਚੰਗਾ ਭਲਾ ਸੀ। ਮੈਂ ਚਾਹੁੰਦੀ ਸੀ ਕਿ ਮੰਮੀ ਇਕ ਵਾਰ ਮਹਿੰਦਰ ਨੂੰ ਮਿਲ ਲੈਣ। ਦੇਖ ਲੈਣ। ਫੇਰ ਮੈਂ ਉਨ੍ਹਾਂ ਨੂੰ ਆਪਣੀ ਇਸ ਨਵੀਂ ਪਸੰਦ ਬਾਰੇ ਦੱਸ ਦਵਾਂਗੀ। ਮੈਨੂੰ ਪਤਾ ਸੀ ਕਿ ਮਸਲਾ ਵਿਆਹ ਕਰਾਉਣ ਨਾਲ ਹੀ ਹੱਲ ਹੋਣਾ ਸੀ। ਭਾਵੇਂ ਮੈਂ ਇਕਬਾਲ ਤੋਂ ਟੁੱਟਣ ਵੇਲੇ ਭਾਵੁਕ ਹੋ ਕੇ ਮੰਮੀ ਨੂੰ ਇਥੋਂ ਤੀਕ ਕਹਿ ਦਿੱਤਾ ਸੀ ਕਿ ਮੇਰੇ ਹੱਥਾਂ ਦੀਆਂ ਲਕੀਰਾਂ ਵਿਚੋਂ ਵਿਆਹ ਵਾਲੀ ਰੇਖਾ ਸਦਾ ਸਦਾ ਲਈ ਮਿੱਟ ਗਈ ਹੈ।

ਮੰਮੀ ਦੇ ਜ਼ੋਰ ਦੇਣ 'ਤੇ ਮੈਂ ਉਨ੍ਹਾਂ ਨੂੰ ਡਿਵਲਪਮੈਂਟ ਅਥਾਰਟੀ ਦੀ ਕੰਟੀਨ ਵਿਚ ਲੈ ਜਾ ਕੇ ਠੰਢਾ ਪਿਆਇਆ ਸੀ। ਉਸ ਮੁੰਡੇ ਨੇ, ਜਿਸ ਦਾ ਨਾਂ ਸੁਭਾਸ਼ ਸੀ, ਮੇਰੀ ਪੋਸਟ, ਬੇਸਿਕ ਪੇਅ ਤੇ ਪਸੰਦਗੀਆਂ-ਨਾਪਸੰਦਗੀਆਂ ਬਾਰੇ ਪੁੱਛਿਆ ਸੀ। ਉਹੀ ਮੇਰੇ ਕੋਲੋਂ ਪੁੱਛੀ ਗਿਆ ਸੀ। ਮੈਂ ਉਸ ਕੋਲੋਂ ਕੁਝ ਨਹੀਂ ਪੁੱਛਿਆ ਸੀ। ਅਜਿਹੀਆਂ ਪੁੱਛਾਂ-ਗਿੱਛਾਂ 'ਚੋਂ ਮੈਂ ਪੰਦਰਾਂ ਵੀਹ ਵਾਰ ਗੁਜ਼ਰ ਚੁੱਕੀ ਸੀ। ਅਗਲੇ ਦੀ ਭਾਵਨਾ ਜਾਣ ਲੈਂਦੀ ਸੀ। ਸੁਭਾਸ਼ ਮੈਨੂੰ ਦੂਜਿਆਂ ਨਾਲੋਂ ਸਿਆਣਾ ਲੱਗਾ ਸੀ। ਉਸ ਮੈਨੂੰ ਕਿਹਾ ਸੀ, "ਜਦੋਂ ਅਸੀਂ ਪੜ੍ਹਦੇ ਹਾਂ ਤਾਂ ਸਾਡੇ ਵਿਚਾਰ ਹੋਰ ਹੀ ਤਰ੍ਹਾਂ ਦੇ ਹੁੰਦੇ ਆ। ਜਦੋਂ ਅਸੀਂ ਜੌਬ ਕਰਦੇ ਆਂ ਤਾਂ ਅਕਸਰ ਸਾਡੀਆਂ ਪਰੋਰਟੀਆਂ ਬਦਲ ਜਾਂਦੀਆਂ। ਜਦੋਂ ਅਸੀਂ ਪਿਆਰ ਕਰਦੇ ਆਂ ਸਾਡੀਆਂ ਭਾਵਨਾਵਾਂ ਹੋਰ ਹੁੰਦੀਆਂ ਆਂ। ਵਿਆਹ ਸੰਬੰਧੀ ਹੋਰ। ਇਹ ਚੇਂਜ ਤੁਸੀਂ ਵੀ ਮਹਿਸੂਸ ਕੀਤੀ ਹੋਵੇਗੀ ?" ਮੈਂ 'ਹਾਂ' 'ਚ ਸਿਰ ਹਿਲਾਇਆ ਸੀ। ਫੇਰ ਉਸ ਪੁੱਛਿਆ ਸੀ, "ਕਾਲਜ ਵੇਲੇ ਤੁਹਾਡੀ ਖਵਾਹਿਸ਼ ਕੀ ਹੁੰਦੀ ਸੀ ?" ਮੈਂ ਬੇਝਿਜਕ ਦੱਸ ਦਿੱਤਾ ਸੀ, "ਪ੍ਰੇਮ ਵਿਆਹ।" ਉਸ ਅਗਾਂਹ ਪੁੱਛਿਆ ਸੀ, "ਹੁਣ ?" ਮੈਂ ਕਿਹਾ ਸੀ, "ਕੋਈ ਸਮਝ ਨ੍ਹੀਂ ਪੈਂਦੀ। ਮਨ ਦੋ ਚਿੱਤੀ 'ਚ ਪਿਆ ਰਹਿੰਦਾ।" ਉਸ ਜਾਂਦਿਆਂ ਹੋਇਆਂ ਪੁੱਛਿਆ ਸੀ, "ਤੁਹਾਡੇ ਮੇਰੇ ਬਾਰੇ ਕੀ ਵਿਚਾਰ ਬਣੇ ?"

"ਇਹ ਤਾਂ ਸੋਚ ਕੇ ਦੱਸਾਂਗੀ।"

"ਕਿੰਨਾ ਕੁ ਚਿਰ ਵਿਚ ?"

"ਤੁਹਾਨੂੰ ਕੋਈ ਕਾਹਲੀ ਤਾਂ ਨ੍ਹੀਂ ?"

"ਕਾਹਲੀ ਮੈਨੂੰ ਨ੍ਹੀਂ, ਮੇਰੇ ਘਰਦਿਆਂ ਨੂੰ ਆ"

"ਇਧਰ ਵੀ ਉਹੀ ਹਾਲ ਆ। ਮੈਨੂੰ ਆਪਣਾ ਮੋਬਾਇਲ ਨੰਬਰ ਲਿਖਾ ਦਿਓ। ਮੈਂ ਤੁਹਾਨੂੰ ਇਕੱਲਿਆਂ ਨੂੰ ਮਿਲਣਾ ਚਾਹੁੰਦੀ ਹਾਂ। ਤੁਹਾਨੂੰ ਕੋਈ ਅਬਜ਼ੈਕਸ਼ਨ ਤਾਂ ਨ੍ਹੀਂ ?"

"ਬਿਲਕੁਲ ਨ੍ਹੀਂ। ਸਾਡਾ ਪਰਿਵਾਰ ਮੌਡਰਨ ਆ।"

ਮੈਂ ਘੰਟੇ ਕੁ ਬਾਅਦ ਮੁੜ ਕੇ ਦਫ਼ਤਰ ਵਿਚ ਆਈ ਤਾਂ ਮਹਿੰਦਰ ਜਾ ਚੁੱਕੇ ਸਨ। ਸ਼ਾਇਦ ਉਨ੍ਹਾਂ ਪਿੰਡ ਵਾਲੀ ਬਸ ਫੜ ਲਈ ਹੋਵੇਗੀ। ਇਹ ਵੀ ਚੰਗਾ ਹੋਇਆ ਕਿ ਉਹ ਸ਼ਾਮ ਤੱਕ ਵਾਪਸ ਨਹੀਂ ਆਏ। ਨਾ ਹੀ ਮੋਬਾਇਲ 'ਤੇ ਉਨ੍ਹਾਂ ਦਾ ਕੋਈ ਮੈਸਿਜ਼ ਮਿਲਿਆ ਸੀ।



***

ਮੰਮੀ ਨੇ ਦੋ ਤਿੰਨ ਵਾਰ ਇਸ ਰਿਸ਼ਤੇ ਬਾਰੇ ਪੁੱਛਿਆ ਸੀ। ਉਹ ਇਸੇ ਗੱਲ 'ਤੇ ਜ਼ੋਰ ਦੇ ਰਹੇ ਸਨ ਕਿ ਸੁਭਾਸ਼ ਦੇ ਨੈਣ ਨਕਸ਼ ਤਿੱਖੇ ਸਨ। ਉਹਦੀ ਨੌਕਰੀ ਚੰਗੀ ਸੀ। ਉਨ੍ਹਾਂ ਦਾ ਘਰ ਦਾ ਮਕਾਨ ਸੀ। ਸਭ ਤੋਂ ਵੱਡੀ ਗੱਲ-ਉਹ ਬਾਈ ਸੈਕਟਰ 'ਚ ਰਹਿੰਦੇ ਸਨ। ਸੌ ਦੁੱਖ-ਸੁੱਖ 'ਚ ਕੰਮ ਆ ਸਕਦੇ ਸਨ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਕੁਝ ਚਿਰ ਇੰਤਜ਼ਾਰ ਕਰਨ। ਉਨ੍ਹਾਂ ਆਪਣੀ ਗੱਲ 'ਤੇ ਜ਼ੋਰ ਦਿੰਦਿਆਂ ਹੋਇਆਂ ਕਿਹਾ ਸੀ, "ਹੁਣ ਮੈਥੋਂ ਹੋਰ ਇੰਤਜ਼ਾਰ ਨ੍ਹੀਂ ਹੋਣਾ। ਤੂੰ ਸਾਡੇ ਬਾਰੇ ਸੋਚਣਾ ਛੱਡ ਦੇ। ਸਾਡੇ ਕਰਕੇ ਆਪਣੀ ਜ਼ਿੰਦਗੀ ਨਾ ਖਰਾਬ ਕਰ। ਤੂੰ ਆਪਣੇ ਬਾਰੇ ਸੋਚ। ਹਰ ਚੀਜ਼ ਦਾ ਇਕ ਸਮਾਂ ਹੁੰਦਾ। ਕੁਦਰਤ ਸਭ ਨੂੰ ਮੌਕਾ ਦਿੰਦੀ ਆ। ਤੈਨੂੰ ਵੀ ਮੌਕਾ ਮਿਲਿਆ ਆ। ਜੇ ਤੂੰ ਇਸ ਦਾ ਫਾਇਦਾ ਨਾ ਉਠਾਇਆ ਤਾਂ.... ਹੁਣ ਤੈਨੂੰ ਆਪਣੇ ਮਾਲਕ ਦੀ ਲੋੜ ਆ। ਤੂੰ ਉਸ ਬਿਨਾਂ ਅਧੂਰੀ ਆ। ਤੇਰਾ ਜਿਸਮ ਅਧੂਰਾ ਆ। ਤੂੰ ਮੇਰੀ ਗੱਲ ਨੂੰ ਕਿਉਂ ਨ੍ਹੀਂ ਸਮਝਦੀ ? ਮੈਂ ਤੇਰੀ ਦੁਸ਼ਮਣ ਨ੍ਹੀਂ ਆਂ। ਮੈਂ ਤੇਰੀ ਮਾਂ ਹਾਂ। ਤੈਨੂੰ ਹੁਣ ਮਰਦ ਦੀ ਲੋੜ ਆ-ਆਪਣੇ ਮਾਲਕ ਦੀ ਲੋੜ ਆ। ਸਮਝੀ ਕਿ ਨ੍ਹੀਂ ?" ਮਨ ਦੀ ਕਿਸੇ ਨੁੱਕਰ ਵਿਚੋਂ ਨਿਕਲਿਆ ਸੀ ਕਿ ਹਾਂ ਜਾਂ ਨਾਂਹ ਕਹਿਣ ਤੋਂ ਪਹਿਲਾਂ ਮਹਿੰਦਰ ਦੀ ਸਲਾਹ ਵੀ ਪੁੱਛ ਹੀ ਲਵਾਂ। ਉਸ ਤੋਂ ਵੱਡਾ ਮੇਰਾ ਕੋਈ ਹਮਦਰਦੀ ਨਹੀਂ ਹੋ ਸਕਦਾ।

ਇਨ੍ਹਾਂ ਸੋਚਾਂ, ਵਿਚਾਰਾਂ, ਜੱਕਾਂ ਤੱਕਾਂ ਵਿਚ ਪਈ ਦੀ ਅੱਖ ਲੱਗ ਗਈ ਸੀ। ਅੱਧ ਸੁਰਤੀ ਦੀ ਅਵਸਥਾ 'ਚ ਮੈਨੂੰ ਭੁਚੱਕਾ ਜਿਹਾ ਪਿਆ ਸੀ ਜਿਵੇਂ ਇਕਬਾਲ ਨੇ ਕਿਹਾ ਸੀ, "ਗੁਰਲੀਨ ਕੌਰੇ-ਤੂੰ ਆਪਣੀ ਦੇਹ ਨੂੰ ਕਿਹੜੇ ਜ਼ੁਰਮਾਂ ਦੀ ਸਜ਼ਾ ਦੇ ਰਹੀ ਆਂ। ਇਹਨੂੰ ਇਹਦੇ ਮਾਲਕ ਕੋਲ ਸੌਂਪ ਦੇ।...ਪਹਿਲਾਂ ਵੀ ਤੂੰ ਇਕ ਵਾਰੀ ਗਲਤੀ ਕੀਤੀ ਸੀ। ਮੁੜ ਇਹੀ ਗਲਤੀ ਨਾ ਕਰੀਂ। ਤੈਨੂੰ ਮਹਿੰਦਰ ਨੇ ਸਮਝਾਇਆ ਸੀ ਕਿ ਚੌਥੀ ਕੂੰਟ ਵੱਲ ਜਾ ਕੇ ਹੀ ਕੁਸ਼ ਹਾਸਿਲ ਕੀਤਾ ਜਾ ਸਕਦਾ।"

ਮੈਂ ਉਸੇ ਵੇਲੇ ਮੋਬਾਇਲ 'ਤੇ ਐਸ. ਐਮ. ਐਸ. ਕੀਤਾ ਸੀ।



www.PunjabiLibrary.com

## ਪਾਪ

ਤੈਨੂੰ ਮੇਰੀ ਜ਼ਿੰਦਗੀ ਦਾ ਇਕ ਪੱਖ ਹੀ ਕਿਉਂ ਦਿੱਸਿਆ ਹੈ?

ਹੋਰ ਵੀ ਬਹੁਤ ਕੁਝ ਹੈ।

ਹਾਂ। ਹਾਂ।

ਮੈਂ ਬ੍ਰਾਹਮਣਾਂ ਦੀ ਉੱਚ ਕੁਲ ਨਾਲ ਸੰਬੰਧ ਰੱਖਦੀ ਹਾਂ।

ਹਾਂ। ਹਾਂ।

ਹੈ। ਹੈ।

ਇਹ ਵੀ ਇਕ ਖੇਡ ਹੈ।

ਤੂੰ ਕੀ ਜਾਣੇਂ ਮੇਰੇ ਦੁੱਖਾਂ ਨੂੰ। ਕੋਈ ਇਕ ਦੁੱਖ ਹੋਵੇ ਤਾਂ ਮੈਂ ਤੈਨੂੰ ਦੱਸਾਂ। ਇਹ ਤਾਂ ਮੈਂ ਹੀ ਹਾਂ ਜਿਹੜੀ ਇਹ ਸਭ ਕੁਝ ਜ਼ਰ ਰਹੀ ਹਾਂ। ਮਨ 'ਤੇ ਵੀ। ਤਨ 'ਤੇ ਵੀ। ਕਿਸੇ ਦੀ ਪ੍ਰਵਾਹ ਕੀਤੇ ਬਿਨਾਂ। ਜਿਹੜਾ ਕੋਈ ਕੁੱਤਾ ਭੌਂਕਦਾ ਹੈ, ਭੌਂਕੀ ਜਾਵੇ। ਮੇਰੀ ਜਾਣਦੀ ਹੈ ਜੁੱਤੀ। ਹੁਣ ਮੈਂ ਉਹਨੂੰ ਇਸ 'ਤੇ ਨਹੀਂ ਮਾਰਦੀ।

ਕਿਸੇ ਦੇ ਘਰ 'ਚ ਇਕ ਮਰੀਜ਼ ਹੋਵੇਗਾ। ਕਿਸੇ ਦੇ ਦੋ। ਮੇਰੇ ਤਾਂ ਤਿੰਨ ਹਨ। ਸਤਾਰਾਂ ਸਾਲਾਂ ਦਾ ਬੇਟਾ–ਰੌਸ਼ਨ, ਜਿਸ ਦੀ ਰਿਕਵਰੀ ਹੋਣ ਦੀ ਕੋਈ ਆਸ ਨਹੀਂ। ਮੈਂ ਚੰਗੀ ਤਰ੍ਹਾਂ ਜਾਣਦੀ ਹਾਂ ਪਰ ਮੈਥੋਂ ਆਸ ਦਾ ਪੱਲਾ ਨਹੀਂ ਛੱਡਿਆ ਜਾਂਦਾ। ਆਖਿਰ ਉਸ ਦੀ ਮਾਂ ਹਾਂ। ਮੈਂ ਜਦੋਂ ਸਵੇਰ ਨੂੰ ਉਸ ਵੱਲ ਦੇਖਦੀ ਹਾਂ ਤਾਂ ਅੱਗੋਂ ਉਹ ਮੁਸਕਰਾ ਪੈਂਦਾ ਹੈ। ਮੈਨੂੰ ਉਸ ਦੀ ਇਸੇ ਮੁਸਕਰਾਹਟ ਦਾ ਆਸਰਾ ਹੈ। ਮੈਨੂੰ ਪਤਾ ਹੈ ਕਿ ਉਹ ਆਖਰਾਂ ਦਾ ਦੁੱਖੀ ਹੈ। ਮੂੰਹੋਂ ਬੋਲ ਕੇ ਕੁਝ ਨਹੀਂ ਦੱਸ ਸਕਦਾ। ਇਸ਼ਾਰਾ ਨਹੀਂ ਕਰ ਸਕਦਾ। ਬੱਸ, ਉਸ ਨੂੰ ਤਾਂ ਮੁਸਕਰਾਉਣਾ ਆਉਂਦਾ ਹੈ। ਉਹ ਵੀ ਇਕ ਵਾਰ। ਸਿਰਫ਼ ਸਵੇਰ ਨੂੰ। ਕਈ ਵਾਰ ਮੈਨੂੰ ਭੁਲੇਖਾ ਜਿਹਾ ਪੈਂਦਾ ਹੈ ਜਿਵੇਂ ਉਹ ਨਹੀਂ–ਮੈਂ ਹੀ ਮੁਸਕਰਾ ਕੇ ਉਸ ਵੱਲ ਦੇਖਦੀ ਹਾਂ।

ਦੂਜਾ ਮਰੀਜ਼ ਮੇਰੇ ਸਿਰ ਦਾ ਸਾਈਂ ਹੈ। ਚੰਗਾ ਭਲਾ ਸੀ। ਵਿਆਹ ਤੋਂ ਦੋ ਸਾਲਾਂ ਬਾਅਦ ਪਹਿਲਾਂ ਉਹਨੂੰ ਦਮਾ ਹੋ ਗਿਆ ਸੀ। ਫੇਰ ਸ਼ੂਗਰ ਹੋ ਗਈ ਸੀ। ਫੇਰ ਅਧਰੰਗ ਦਾ ਅਟੈਕ ਹੋਇਆ ਸੀ। ਤਿੰਨ ਬਿਮਾਰੀਆਂ ਦਾ ਸ਼ਿਕਾਰ। ਉਸ ਦੀ ਸਰਕਾਰੀ ਨੌਕਰੀ ਖਤਰੇ 'ਚ ਪੈ ਚੱਲੀ ਸੀ। ਮੈਂ ਉਸ ਦੇ ਦਫਤਰ 'ਚ ਜਾ ਕੇ ਰੋਈ ਪਿੱਟੀ ਸੀ। ਬਥੇਰਾ ਜ਼ੋਰ ਲਾਇਆ ਸੀ ਕਿ



www.PunjabiLibrary.com

ਉਹਨੂੰ ਰੱਖ ਲਿਆ ਜਾਵੇ। ਉਸ ਦੀ ਸਮਰਥਾ ਅਨੁਸਾਰ ਉਸ ਨੂੰ ਡਾਇਰੀ ਜਾਂ ਡਿਸਪੈਚ ਦੀ ਸੀਟ 'ਤੇ ਲਾ ਦਿੱਤਾ ਜਾਵੇ। ਸਰਕਾਰ ਦੀ ਵੀ ਪ੍ਰੋਵੀਜ਼ਨ ਹੈ ਕਿ ਜੇ ਸਰਕਾਰੀ ਨੌਕਰੀ ਦੌਰਾਨ ਕੋਈ ਕਰਮਚਾਰੀ ਅੰਗਹੀਣ ਹੋ ਜਾਂਦਾ ਹੈ ਤਾਂ ਉਹਨੂੰ ਉਸ ਦੀ ਸਰੀਰਕ ਸਮਰਥਾ ਅਨੁਸਾਰ ਹੀ ਕੰਮ ਦਿੱਤਾ ਜਾਵੇ। ਪਰ ਉਹਦਾ ਸਾਹਿਬ ਉਸ ਨਾਲ ਕਿਸੇ ਗੱਲੋਂ, ਪਹਿਲਾਂ ਤੋਂ ਹੀ ਨਰਾਜ਼ ਸੀ। ਉਸ ਨੂੰ ਉਸ 'ਤੇ ਤਰਸ ਨਹੀਂ ਆਇਆ ਸੀ। ਉਸ ਮੇਰੀ ਇਕ ਨਹੀਂ ਚੱਲਣ ਦਿੱਤੀ ਸੀ। ਮੈਡੀਕਲ ਸਰਟੀਫਿਕੇਟ ਨੂੰ ਵੀ ਨਕਾਰ ਦਿੱਤਾ ਸੀ। ਕਿਹਾ ਸੀ, "ਜਿਹੜਾ ਬੰਦਾ ਆਪਣੀ ਕਾਇਆ ਨ੍ਹੀਂ ਸੰਭਾਲ ਸਕਦਾ–ਉਹ ਨੌਕਰੀ ਸੁਆਹ ਕਰੇਗਾ।" ਮੈਂ ਇਹ ਮਸਲਾ ਯੂਨੀਅਨ ਕੋਲ ਉਠਾਇਆ ਸੀ। ਆਖਰ ਸਾਹਿਬ ਨੂੰ ਯੂਨੀਅਨ ਅੱਗੇ ਝੁਕਣਾ ਪਿਆ ਸੀ। ਸਵਰੂਪ ਨੂੰ ਮੈਂ ਰਿਕਸ਼ੇ 'ਤੇ ਬੈਠਾ ਕੇ ਭੇਜ ਦਿੰਦੀ ਸੀ। ਸ਼ਾਮ ਨੂੰ ਰਿਕਸ਼ੇ 'ਤੇ ਬੈਠ ਕੇ ਉਹ ਘਰੇ ਆ ਜਾਂਦਾ ਸੀ। ਮੈਂ ਉਹਨੂੰ ਸਮਝਾਉਂਦੀ ਸੀ ਕਿ ਦਫਤਰ ਜਾਣ ਨਾਲ ਉਸ ਦਾ ਸਮਾਂ ਪਾਸ ਹੋ ਜਾਵੇਗਾ। ਐਵੇਂ ਫਜ਼ੂਲ ਦੀਆਂ ਸੋਚਾਂ ਤੋਂ ਛੁਟਕਾਰਾ ਮਿਲੇਗਾ। ਪਰ ਜਲਦੀ ਹੀ ਉਹ ਦਿਲ ਛੱਡ ਗਿਆ ਸੀ। ਉਸ ਇੱਕੋ ਹੀ ਗੱਲ ਫੜ ਲਈ ਸੀ ਕਿ ਉਸ ਕੋਲੋਂ ਹੁਣ ਨੌਕਰੀ ਨਹੀਂ ਕਰ ਹੋਣੀ। ਉਸ ਕੋਲੋਂ ਲੋਕਾਂ ਦੀਆਂ ਤਰਸ ਭਰੀਆਂ ਨਜ਼ਰਾਂ ਦਾ ਸਾਹਮਣਾ ਨਹੀਂ ਹੁੰਦਾ ਸੀ। ਉਹਦੀ ਨੌਕਰੀ ਅੱਠ ਸਾਲ ਤੇ ਤਿੰਨ ਮਹੀਨਿਆਂ ਦੀ ਹੋਈ ਸੀ। ਇਸੇ ਕਰਕੇ ਉਹਨੂੰ ਪੈਨਸ਼ਨ ਨਹੀਂ ਲੱਗੀ ਸੀ। ਮੈਂ ਆਪ ਸਰਕਾਰੀ ਨੌਕਰੀ ਕਰ ਰਹੀ ਹਾਂ। ਮੈਨੂੰ ਪੇਕਿਆਂ ਤੇ ਸਹੁਰਿਆਂ ਵੱਲੋਂ ਕੋਈ ਆਸਰਾ ਨਹੀਂ ਸੀ। ਮੈਂ ਤੇ ਸਵਰੂਪ ਨੇ ਘਰਦਿਆਂ ਦੇ ਵਿਰੁੱਧ ਜਾ ਕੇ ਵਿਆਹ ਕਰਵਾਇਆ ਸੀ। ਦੋਹਾਂ ਘਰਾਂ ਵੱਲੋਂ ਸਾਨੂੰ ਬੇਦਖਲ ਕੀਤਾ ਹੋਇਆ ਹੈ। ਅਧਰੰਗ ਦੇ ਅਟੈਕ ਮਗਰੋਂ ਕੋਈ ਜਣਾ ਉਸ ਦਾ ਪਤਾ ਲੈਣ ਨਹੀਂ ਆਇਆ ਸੀ। ਉਨ੍ਹਾਂ ਦੇ ਲਈ ਜਿਵੇਂ ਅਸੀਂ ਮਰ ਮੁੱਕ ਗਏ ਸੀ। ਉਦੋਂ ਤਾਂ ਨਹੀਂ ਹੁਣ ਉਹ ਇਸ ਗੱਲ ਨੂੰ ਮਹਿਸੂਸ ਕਰਦਾ ਸੀ। ਮੇਰੀਆਂ ਜ਼ੁਮੇਵਾਰੀਆਂ ਵੱਧ ਗਈਆਂ ਸਨ। ਮੈਂ ਪਿਓ ਪੁੱਤ ਨੂੰ ਸੰਭਾਲਦੀ ਸੀ। ਦਫਤਰ ਜਾਂਦੀ ਸੀ। ਮੈਂ ਜਦੋਂ ਵੀ ਉਸ ਦੇ ਸਾਹਮਣੇ ਜਾਂਦੀ, ਹੱਸ ਹੱਸ ਕੇ ਗੱਲਾਂ ਕਰਦੀ ਸੀ। ਮੈਂ ਉਹਨੂੰ ਵੀ ਹਸਾਉਣ ਦੀ ਕੋਸ਼ਿਸ਼ ਕਰਦੀ ਸੀ। ਪਰ ਉਹ ਤਾਂ ਮਨ 'ਤੇ ਕੁਝ ਜ਼ਿਆਦਾ ਹੀ ਬੋਝ ਪਾ ਬੈਠਾ ਸੀ। ਡਿਪਰੈਸ਼ਨ 'ਚ ਆਇਆ ਉਹ ਮੈਨੂੰ ਇਥੋਂ ਤੱਕ ਕਹਿ ਦਿੰਦਾ ਸੀ, "ਸਾਡੇ ਧਾਰਮਿਕ ਗ੍ਰੰਥਾਂ 'ਚ ਕਿਹਾ ਗਿਆ ਆ ਕਿ ਇਸਤਰੀ ਦੀ ਰੱਖਿਆ ਕਰਦਾ ਹੋਇਆ ਆਦਮੀ ਆਪਣੀ ਔਲਾਦ, ਆਚਰਣ, ਕੁੱਲ, ਆਤਮਾ ਤੇ ਧਰਮ–ਇਨ੍ਹਾਂ ਸਾਰਿਆਂ ਦੀ ਰੱਖਿਆ ਕਰਦਾ ਆ...ਮੈਂ ਤਾਂ ਕਾਸੇ ਜੋਗਾ ਨ੍ਹੀਂ ਰਿਹਾ। ਨਾ ਮੈਂ। ਨਾ ਮੇਰਾ ਪੁੱਤ। ਸਾਨੂੰ ਪਿਉ ਪੁੱਤ ਨੂੰ ਪਿੰਗਲਵਾੜੇ ਸੁੱਟ ਆ। ਰੋਜ਼–ਰੋਜ਼ ਦਾ ਕਜੀਆ ਮੁੱਕੂ। ਉਸ ਜੀਵਨ ਦਾ ਕੀ ਫਾਇਦਾ–ਜਿਹੜਾ ਆਪਣਾ ਆਪ ਵੀ ਸੰਭਾਲ ਨਾ ਸਕੇ। ਸਾਡੇ ਕਰਕੇ ਤੇਰੀ ਜ਼ਿੰਦਗੀ ਨਰਕ ਬਣੀ ਪਈ ਆ।"

ਤੀਜੀ ਮਰੀਜ਼ ਮੈਂ ਆਪ ਹਾਂ।

ਹਾਂ। ਹਾਂ।

ਪਾਪ!

ਪੁੰਨ!

ਫਰਜ਼!

ਆਹ ਤੂੰ ਕੀ ਪਾਪਾਂ, ਪੁੰਨਾਂ ਤੇ ਫਰਜ਼ਾਂ ਦੀ ਕਥਾ ਛੇੜ ਬੈਠੀ ਹੈਂ। ਇਹ ਮੈਨੂੰ ਪੁੱਛ ਕਿ ਪਾਪ ਕੀ ਹੁੰਦੇ ਹਨ ? ਪੁੰਨ ਕੀ ਹੁੰਦੇ ਹਨ ? ਫਰਜ਼ ਕੀ ਹੁੰਦੇ ਹਨ ? ਇਕ ਵਾਰ ਮੈਂ ਆਪ ਇਨ੍ਹਾਂ 'ਚ ਫਸ ਗਈ ਸੀ। ਉਲਝ ਗਈ ਸੀ। ਪਰ ਮੈਂ ਜਲਦੀ ਹੀ ਇਨ੍ਹਾਂ ਤੋਂ ਮੁਕਤ ਹੋ ਗਈ ਸੀ। ਡਲਹੌਜ਼ੀ ਤੋਂ ਵਾਪਸੀ ਉਪਰੰਤ ਮੈਨੂੰ ਇਸ ਗੱਲ ਦਾ ਗਿਆਨ ਹੋਇਆ ਸੀ ਕਿ ਫਰਜ਼ਾਂ ਤੋਂ ਵੱਡਾ ਕੋਈ ਨਹੀਂ ਹੈ। ਮੈਂ ਆਪਣੇ ਫਰਜ਼ਾਂ ਤੋਂ ਪਿੱਛੇ ਨਹੀਂ ਹਟੀ ਹਾਂ। ਮੈਨੂੰ ਇਕ ਕੀ, ਕਈ ਕੁਰਬਾਨੀਆਂ ਦੇਣੀਆਂ ਪਈਆਂ ਹਨ।

ਹਾਂ। ਹਾਂ।

ਫਰਜ਼। ਫਰਜ਼।

ਫਰਜ਼ ਵੱਡੇ ਹਨ।

ਲੈ-ਮੇਰੀ ਕਥਾ ਇਥੋਂ ਕੁ ਸੁਣ ਲੈ।

ਮੈਂ ਗੋਪਾਲ ਸਰ ਨਾਲ ਪਠਾਨਕੋਟ ਦੇ ਦੌਰੇ 'ਤੇ ਗਈ ਸੀ। ਉਥੋਂ ਅਸੀਂ ਡਲਹੌਜ਼ੀ ਚਲੇ ਗਏ ਸੀ।

ਡਲਹੌਜ਼ੀ ਆ ਕੇ ਅਚਾਨਕ ਮੈਨੂੰ 'ਪਾਪ' ਦੇ ਚੱਕਰ ਨੇ ਘੇਰ ਲਿਆ ਸੀ ਜਿੱਥੋਂ ਮੈਨੂੰ ਉਸ ਵੇਲੇ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਮਿਲਿਆ ਸੀ। ਇਸੇ 'ਚ ਨੂੜੀ ਹੋਈ ਮੈਂ ਸਵੇਰ ਦੀ ਸੈਰ ਕਰਕੇ ਵਾਪਸ ਆਈ ਤਾਂ ਗੋਪਾਲ ਅਖ਼ਬਾਰ ਪੜ੍ਹਣ 'ਚ ਰੁੱਝਾ ਸੀ। ਉਹਨੇ ਚੌਂਕੜੀ ਮਾਰ ਰੱਖੀ ਸੀ। ਉਹਨੂੰ ਦੇਖਦਿਆਂ ਹੀ ਪਲ ਦੀ ਪਲ ਮੈਂ ਸਭ ਕੁਝ ਭੁੱਲ ਗਈ ਸੀ। ਉਹ ਦੇ ਚਿਹਰੇ 'ਤੇ ਥਕਾਵਟ, ਗਿਲਾਨੀ ਤੇ ਅਫਸਰੀ ਦੇ ਕੋਈ ਭਾਵ ਨਹੀਂ ਸਨ। ਦਫਤਰੀ ਅਫਸਰ ਦੇ ਉਲਟ ਇਹ ਉਸ ਦਾ ਵੱਖਰਾ ਰੂਪ ਸੀ ਜਿਹਨੂੰ ਮੈਂ ਤਿੰਨਾਂ ਦਿਨਾਂ ਤੋਂ ਮਾਣਿਆ ਸੀ। ਮੈਂ ਝੂਠ ਕਿਉਂ ਬੋਲਾਂ। ਜਦੋਂ ਮੈਂ ਮਾਣਿਆ ਹੈ ਤਾਂ ਮਾਣਿਆ ਹੀ ਕਹਾਂਗੀ। ਆਖਰ ਮੈਂ ਵੀ ਔਰਤ ਹਾਂ। ਮੇਰੀਆਂ ਵੀ ਸਰੀਰਕ ਲੋੜਾਂ ਹਨ। ਮਾਇਕ ਲੋੜਾਂ ਵੀ ਹਨ। ਕਦੇ ਸਰੀਰਕ ਲੋੜਾਂ ਪ੍ਰਥਮ ਹੁੰਦੀਆਂ ਹਨ। ਕਦੇ ਮਾਇਕ ਲੋੜਾਂ। ਫੇਰ ਜੇ ਮਰਦ ਆਪਣੀ ਪਸੰਦ ਦਾ ਮਿਲ ਜਾਵੇ ਤਾਂ ਕਿਆ ਕਹਿਣੇ। ਮੈਂ ਉਹਨੂੰ ਆਪਣਾ ਸਭ ਕੁਝ ਦੇ ਸਕਦੀ ਹਾਂ। ਕੋਈ ਲੁਕ ਲਕੋ ਨਹੀਂ ਰੱਖਦੀ। ਮੈਥੋਂ ਉਹਲਿਆਂ 'ਚ ਨਹੀਂ ਜੀਆ ਜਾਂਦਾ। ਇੱਥੇ ਆਉਂਦਿਆਂ ਸਾਰ ਗੋਪਾਲ ਨੇ ਮੈਨੂੰ ਕਿਹਾ ਸੀ, "ਆਪਾਂ ਇੰਜੁਆਏ ਕਰਨ ਆਏ ਆਂ। ਇੰਜੁਆਏ ਹੀ ਕਰਨਾ ਆ। ਕਿਸੇ ਸਾਲੇ ਦੀ ਪ੍ਰਵਾਹ ਨ੍ਹੀਂ ਕਰਨੀ।" ਉਹਦਾ ਇਹੀ ਰੂਪ ਮੈਨੂੰ ਮੋਹਦਾ ਹੈ। ਵਾਰ-ਵਾਰ। ਮੈਂ ਉਸ ਨੂੰ ਚੋਰ ਅੱਖ ਨਾਲ ਦੇਖਦੀ ਹਾਂ। ਸਿੱਧੀ ਅੱਖ ਨਾਲ ਵੀ।

ਮੈਂ ਪਹਾੜੀ ਦੇ ਚਹੁੰ ਪਾਸੀਂ ਅੱਧਾ ਕੁ ਗੇੜਾ ਕੱਢ ਕੇ ਰੇਲਿੰਗ 'ਤੇ ਬਾਹਾਂ ਟਿਕਾ ਕੇ ਖੜ੍ਹ ਗਈ ਸੀ। ਮੇਰੇ ਸਾਹਮਣੇ ਕੁਦਰਤ ਦੀ ਅਪਾਰ ਸੁੰਦਰਤਾ ਸੀ। ਰੁੱਖ। ਪਹਾੜ। ਧੁੰਦ। ਪਾਣੀ। ਹਵਾ। ਪੰਛੀ। ਮੈਂ ਇਸ ਵਿੱਚ ਗੁਚਾਅਦੀ ਹੀ ਗਈ ਸੀ। ਅਚਾਨਕ ਮੈਨੂੰ ਲੱਗਾ ਸੀ ਕਿ ਮੈਂ ਇਕੱਲੀ ਹਾਂ। ਬਿਲਕੁੱਲ ਇਕੱਲੀ। ਮੈਂ ਉਸ ਅਵਸਥਾ 'ਚ ਪਹੁੰਚ ਗਈ ਸੀ ਜਿਸ ਨੂੰ ਸੰਤ ਮਹਾਂਪੁਰਖ ਸ਼ੂਨਯ ਦੀ ਅਵਸਥਾ ਕਹਿੰਦੇ ਹਨ। ਮੈਨੂੰ ਆਪਣੇ ਆਪ ਦੀ ਕੋਈ ਸੁੱਧ ਬੁੱਧ ਨਹੀਂ ਰਹੀ ਸੀ। ਮੇਰੀ ਸੁਰਤੀ ਉਦੋਂ ਵਾਪਸ ਪਰਤੀ ਸੀ ਜਦੋਂ ਕਿਸੇ ਕਾਰ ਡਰਾਈਵਰ ਨੇ ਬਹੁਤ ਹੀ ਉੱਚੀ ਅਵਾਜ਼ 'ਚ ਹਾਰਨ ਦਿੱਤਾ ਸੀ। ਫੇਰ ਮੰਦਿਰ ਤੋਂ ਆਉਂਦੀ ਪੁਜਾਰੀ ਦੀ



ਆਵਾਜ਼ ਮੇਰੇ ਕੰਨਾਂ 'ਚ ਪਈ ਸੀ, "ਪ੍ਰਾਣੀ ਇਕੱਲਾ ਹੀ ਪੈਦਾ ਹੁੰਦਾ ਹੈ, ਇਕੱਲਾ ਹੀ ਮਰਦਾ ਹੈ, ਇਕੱਲਾ ਹੀ ਪੁੰਨ ਭੋਗਦਾ ਹੈ ਤੇ ਇਕੱਲਾ ਹੀ ਪਾਪ ਭੋਗਦਾ ਹੈ....." ਅਗਾਂਹ ਦੇ ਸ਼ਬਦ ਮੈਨੂੰ ਨਹੀਂ ਸੁਣੇ ਸਨ। ਮੈਂ ਤਾਂ 'ਪਾਪ' ਸ਼ਬਦ 'ਚ ਉਲਝ ਗਈ ਸੀ। ਉਹ ਵੀ ਜ਼ਿੰਦਗੀ 'ਚ ਪਹਿਲੀ ਵਾਰ। 'ਇਹ ਜੋ ਮੈਂ ਕਰ ਰਹੀ ਹਾਂ-ਇਹ ਤਾਂ ਕਿਸੇ ਪਾਪ 'ਚ ਨਹੀਂ ਆਉਂਦਾ।' ਮੇਰੇ ਮਨ ਨੇ ਇਹੀ ਕਿਹਾ ਸੀ। 'ਇਹ ਜੋ ਕੁਝ ਹੋ ਰਿਹਾ ਹੈ-ਇਸ ਦੀ ਮੈਨੂੰ ਕੋਈ ਸਮਝ ਨਹੀਂ ਆਉਂਦੀ।' ਇਹ ਮੈਂ ਨਹੀਂ ਕਰਦੀ-ਮੈਥੋਂ ਕੋਈ ਹੋਰ ਹੀ ਕਰਾਈ ਜਾਂਦਾ ਹੈ। ਇਹ ਕਿਹੜਾ ਮੇਰੇ ਹੱਥ ਵੱਸ ਹੈ। ਸ਼ਾਇਦ ਪਹਿਲੇ ਦਿਨੋਂ ਹੀ ਹੱਥ ਵੱਸ ਨਹੀਂ ਰਿਹਾ। ਮੈਂ ਨੀਵੀਂ ਪਾਈ ਅਗਾਂਹ ਤੁਰ ਰਹੀ ਸੀ। ਮੇਰੇ ਸਾਹਮਣੇ ਸਵਰੂਪ ਦਾ ਚਿਹਰਾ ਕਈ ਰੂਪਾਂ 'ਚ ਘੁੰਮਣ ਲੱਗਾ ਸੀ। ਮੈਂ ਕੀ ਕਰ ਰਹੀ ਹਾਂ, ਕਿੱਥੇ ਜਾਂਦੀ ਹਾਂ-ਇਸ ਦਾ ਪਤਾ ਉਹਨੂੰ ਵੀ ਹੈ। ਪਰ ਉਸ ਇਸ ਬਾਰੇ ਕਦੇ ਕੁਝ ਨਹੀਂ ਕਿਹਾ। ਕਦੇ ਕਦਾਈਂ ਉਸ ਦੀ ਸੱਜੀ ਅੱਖ ਬੜੀ ਤੇਜ਼ੀ ਨਾਲ ਘੁੰਮਦੀ ਹੈ। ਮੈਨੂੰ ਇਸ ਤੋਂ ਡਰ ਲੱਗਦਾ ਹੈ। ਰਾਤ ਨੂੰ, ਜਦੋਂ ਉਹ ਆਪਣਾ ਅਧਰੰਗ ਮਾਰਿਆ ਹੱਥ ਮੇਰੇ ਢਿੱਡ 'ਤੇ ਰੱਖਦਾ ਹੈ ਤਾਂ ਮੇਰਾ ਰੋਣ ਨਿਕਲ ਜਾਂਦਾ ਹੈ। ਪਹਿਲਾਂ ਉਹ ਰੋਂਦਾ ਹੁੰਦਾ ਸੀ। ਹੁਣ ਮੈਂ ਰੋਂਦੀ ਹਾਂ। ਉਹ ਮੇਰੇ ਸਾਹਮਣੇ ਰੋਂਦਾ ਸੀ। ਮੈਂ ਦੂਜੇ ਪਾਸੇ ਨੂੰ ਮੂੰਹ ਕਰਕੇ ਅੱਖਾਂ ਪੂੰਝ ਲੈਂਦੀ ਹਾਂ।

ਮੰਦਰ ਦੇ ਪੁਜਾਰੀ ਦੇ ਪ੍ਰਵਚਨਾਂ ਨੇ ਕਿਹੜੇ ਮੋੜ 'ਤੇ ਲਿਆ ਖੜਾਇਆ ਸੀ ਕਿ ਮੈਂ 'ਪਾਪ' ਸ਼ਬਦ 'ਚ ਉਲਝਦੀ ਹੀ ਗਈ ਸੀ। ਮੈਂ ਤਾਂ ਆਪਣੇ ਪਰਿਵਾਰ ਨੂੰ ਬਚਾਉਣ ਲਈ ਆਪਣੇ ਤਨ ਦੀ ਬਲੀ ਵੀ ਦੇ ਦਿੱਤੀ ਸੀ। ਮੈਂ ਆਪਣੇ ਜਿਸਮ ਨੂੰ ਹਥਿਆਰ ਵੱਜੋਂ ਵਰਤਿਆ ਸੀ। ਅਜੇ ਵੀ ਵਰਤ ਰਹੀ ਹਾਂ। ਮੈਨੂੰ ਪਤਾ ਹੀ ਨਹੀਂ ਰਿਹਾ ਸੀ ਕਿ ਮੈਂ ਪਹਾੜੀ ਦੇ ਉਪਰੋਂ ਦੀ ਕਿੰਨੇ ਗੇੜੇ ਕੱਢੇ ਸਨ। ਮੈਂ ਬਿਲਕੁੱਲ ਰੁਕੀ ਨਹੀਂ ਸੀ। ਥੱਕੀ ਨਹੀਂ ਸੀ। ਨੀਵੀਂ ਪਾ ਕੇ ਤੁਰੀਂ ਜਾ ਰਹੀ ਸੀ। ਫੇਰ ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ ਸੀ ਕਿ ਮੈਂ ਇਕੱਲੀ ਨਹੀਂ ਸੀ। ਮੇਰੇ ਨਾਲ ਤਾਂ ਸਵਰੂਪ ਸੀ। ਰੌਸ਼ਨ ਸੀ। ਮੇਰੇ ਨਾਲ ਸਲਾਹੀਂ ਪਏ ਹੋਏ। ਮੇਰੀਆਂ ਗੱਲਾਂ ਦਾ ਹੁੰਗਾਰਾ ਭਰਦੇ ਹੋਏ। ਮੈਂ ਸਵਰੂਪ ਕੋਲੋਂ ਪੁੱਛਣਾ ਚਾਹੁੰਦੀ ਸੀ ਕਿ ਪਾਪ ਕੀ ਹੈ ? ਫਰਜ਼ ਕੀ ਹਨ ? ਕੀ ਇਹ ਉਹ ਪਾਪ ਹੈ ਜਿਹੜੇ ਸਾਡੇ ਧਾਰਮਿਕ ਗ੍ਰੰਥ ਦੱਸਦੇ ਹਨ ? ਮੇਰੇ ਸਿਰ 'ਚ ਕੁਝ ਹੋਣ ਲੱਗਾ ਸੀ। ਮੇਰਾ ਮਨ ਚੀਕ ਮਾਰ ਕੇ ਕਹਿਣ ਨੂੰ ਕੀਤਾ ਸੀ ਕਿ ਇਹ ਪਾਪ ਨਹੀਂ ਹੈ। ਫਰਜ਼ ਮੈਥੋਂ ਇਹ ਸਭ ਕੁਝ ਕਰਵਾ ਰਹੇ ਹਨ। ਮੈਂ ਮੂੰਹੋਂ ਕੁਝ ਬੋਲਣ ਹੀ ਲੱਗੀ ਸੀ ਕਿ ਮੈਨੂੰ ਭੁਜੱਕਾ ਜਿਹਾ ਪਿਆ ਸੀ-ਜਿਵੇਂ ਟੈਕਸੀ ਸਟੈਂਡ ਕੋਲ ਕੁਲਤਾਰ ਸਿੱਧੂ ਖੜ੍ਹਾ ਸੀ। ਬਿਲਕੁਲ ਉਸੇ ਵਰਗੀ ਭਾਰੀ ਪਿੱਠ ਸੀ। ਮੈਂ ਡਰ ਗਈ ਸੀ। ਜਿੰਨਾ ਚਿਰ ਉਹਦੀ ਪੋਸਟਿੰਗ ਇਥੇ ਰਹੀ ਮੈਨੂੰ ਉਸ ਕੋਲੋਂ ਡਰ ਹੀ ਲੱਗਦਾ ਰਿਹਾ ਸੀ। ਜਿਵੇਂ-ਜਿਵੇਂ ਮੈਂ ਪੈਰ ਅਗਾਂਹ ਪੁੱਟਦੀ ਗਈ ਸੀ-ਉਵੇਂ-ਉਵੇਂ ਭੁਜੱਕਾ ਯਕੀਨ 'ਚ ਬਦਲਦਾ ਗਿਆ ਸੀ। ਸਤਗੁਰਾਂ ਦੀ ਮਿਹਰ ਹੋਈ-ਕੋਈ ਹੋਰ ਹੀ ਨਿਕਲਿਆ ਸੀ। ਸੀ ਇੰਨ-ਬਿੰਨ ਉਸੇ ਵਰਗਾ ਹੀ। ਕਮੀਨਾ-ਘਟੀਆ ਕੁਲਤਾਰ ਸਿੱਧੂ। ਡੁਪਲੀਕੇਟ ਸਿੱਧੂ। ਸਾਲਾ......ੜਾ। ਸਵੇਰ-ਸ਼ਾਮ ਨੂੰ ਹਾਜ਼ਰੀ ਚੈੱਕ ਕਰਦਾ/ਕਰਵਾਉਂਦਾ ਸੀ। ਸਾਰੇ ਸਟਾਫ਼ ਨੂੰ ਸੂਲੀ 'ਤੇ ਟੰਗੀ ਰੱਖਦਾ ਸੀ। ਮੇਰੇ ਮਨ 'ਚੋਂ ਅਜੇ ਤੱਕ ਉਹਦਾ ਡਰ ਨਿਕਲਿਆ ਨਹੀਂ ਸੀ। ਉਸ ਦੇ ਸਮੇਂ 'ਚ ਮੈਂ ਬਹੁਤ ਔਖੇ ਦਿਨ ਲੰਘਾਏ



www.PunjabiLibrary.com

ਸਨ। ਬਹੁਤ ਸੌਖੇ ਦਿਨ ਵੀ। ਮੈਂ ਪੰਦਰੀਂ ਵੀਹੀਂ ਦਿਨੀਂ ਦਫ਼ਤਰ 'ਚ ਗੇੜਾ ਮਾਰ ਆਉਂਦੀ ਸੀ। ਸੁਖਜੀਤ ਆਪਣੀ ਸੀਟ ਦੇ ਨਾਲ-ਨਾਲ ਮੇਰੀ ਸੀਟ ਦਾ ਕੰਮ ਵੀ ਕਰਦਾ ਸੀ। ਮੇਰੇ ਆਉਣ ਤੋਂ ਪਹਿਲਾਂ ਹੀ ਉਹ ਫਾਇਲਾਂ ਦੀ ਨੋਟਿੰਗ ਟਾਈਪ ਕਰਵਾ ਕੇ ਰੱਖਦਾ ਸੀ। ਮੈਂ ਤਾਂ ਜਾ ਕੇ ਦਸਤਖਤ ਕਰਨੇ ਹੁੰਦੇ ਸਨ ਤਾਂ ਕਿ ਮੇਰੀ ਹਾਜ਼ਰੀ ਪੈਂਦੀ ਰਹੇ। ਕੁਲਤਾਰ ਦਾ ਦਬਕਾ ਵੀ ਅਜਿਹਾ ਸੀ ਕਿ ਦਫਤਰ 'ਚ ਕੋਈ ਕੁਸਕਦਾ ਤੱਕ ਨਹੀਂ ਸੀ। ਮੈਨੂੰ ਕਿਸੇ ਨੇ ਕੀ ਕਹਿਣਾ ਸੀ। ਸਵਰੂਪ ਤੇ ਰੌਸ਼ਨ ਖੁਸ਼ ਸਨ। ਉਨ੍ਹਾਂ ਦੀਆਂ ਲੋੜਾਂ ਸਮੇਂ ਸਿਰ ਪੂਰੀਆਂ ਹੋ ਰਹੀਆਂ ਸਨ। ਕੁਲਤਾਰ ਨੇ ਸਵਰੂਪ ਨਾਲ ਵੀ ਸਾਂਝ ਪਾ ਲਈ ਸੀ। ਉਹ ਹਫ਼ਤੇ ਦਸੀਂ ਦਿਨੀਂ ਘਰੇ ਆ ਜਾਂਦਾ ਸੀ। ਵਿਸਕੀ ਦੀ ਬੋਤਲ ਤੇ ਮੁਰਗਾ ਲੈ ਕੇ। ਉਹ ਇਓਂ ਆਉਂਦਾ ਸੀ ਜਿਵੇਂ ਆਪਣੇ ਘਰੇ ਆਇਆ ਹੋਵੇ। ਕਦੇ-ਕਦੇ ਮੈਨੂੰ ਉਸ ਦਾ ਬਹੁਤ ਮੋਹ ਆਉਂਦਾ। ਕਦੇ-ਕਦੇ ਉਸ ਨਾਲ ਨਫ਼ਰਤ ਵੀ ਹੋ ਜਾਂਦੀ ਜਦੋਂ ਉਹ ਆਪਣਾ ਹੱਕ ਜਤਾਉਣ ਲੱਗ ਜਾਂਦਾ। ਉਸ 'ਚੋਂ ਅਫਸਰੀ ਦੀ ਬੋਅ ਨਾ ਜਾਂਦੀ। ਜੇ ਮੈਂ ਰਸੋਈ 'ਚ ਖੜੀ ਹੁੰਦੀ ਤਾਂ ਉਹ ਮੈਨੂੰ ਪਿੱਛੋਂ ਦੀ ਜੱਫੀ ਪਾ ਕੇ ਕਹਿੰਦਾ, "ਮੇਰੀ ਮੇਨਕਾ।" ਚੁੰਮ-ਚੁੰਮ ਕੇ ਬੁਰਾ ਹਾਲ ਕਰ ਦਿੰਦਾ। ਸਵਰੂਪ ਕੋਲ ਬੈਠ ਕੇ ਉਹਦਾ ਹੋ ਜਾਂਦਾ। ਸ਼ਰਾਬ ਸਵਰੂਪ ਦੀ ਕਮਜ਼ੋਰੀ ਸੀ। ਉਹ ਦੋਵੇਂ ਬੈਠੇ ਪੀਂਦੇ ਰਹਿੰਦੇ। ਮੈਨੂੰ ਵਾਰ-ਵਾਰ ਆਵਾਜ਼ਾਂ ਮਾਰਦੇ। ਖਾ-ਪੀ ਕੇ ਕੁਲਤਾਰ ਬੈਠਕ 'ਚ ਪਏ ਬੈਡ 'ਤੇ ਆ ਪਸਰਦਾ। ਮੈਂ ਸਵਰੂਪ, ਰੌਸ਼ਨ ਤੇ ਗੁੱਡੀ ਨੂੰ ਸੁੱਤਿਆਂ ਸਮਝ ਕੇ ਉਸ ਕੋਲ ਆ ਜਾਂਦੀ। ਸਾਰੀ ਰਾਤ ਉਸ ਕੋਲ ਰਹਿੰਦੀ। ਸਵਰੂਪ ਵਾਰ-ਵਾਰ ਖੰਘਦਾ। ਕਦੇ ਮੈਨੂੰ ਇਹ ਖੰਘ ਉਸ ਦੇ ਦਮੇ ਕਰਕੇ ਲੱਗਦੀ। ਕਦੇ ਲੱਗਦਾ ਕਿ ਉਹ ਜਾਣ ਬੁੱਝ ਕੇ ਖੰਘ ਰਿਹਾ ਹੈ। ਮੈਂ ਪ੍ਰੇਸ਼ਾਨ ਹੁੰਦੀ। ਮੈਂ ਕੁਲਤਾਰ ਨੂੰ ਕਹਿੰਦੀ ਕਿ ਉਹ ਮੈਨੂੰ ਬਾਹਰ ਬੁਲਾ ਲਿਆ ਕਰੇ। ਮੈਂ ਆ ਜਾਇਆ ਕਰਾਂਗੀ। ਉਹ ਮੇਰੇ ਘਰ ਨੂੰ ਜ਼ਿਆਦਾ ਸੁਰੱਖਿਅਤ ਸਮਝਦਾ। ਸਵੇਰੇ ਨੂੰ ਮੈਥੋਂ ਸਵਰੂਪ ਨਾਲ ਨਜ਼ਰਾਂ ਨਾ ਮਿਲਾ ਹੁੰਦੀਆਂ। ਮੈਂ ਸੋਚਦੀ ਕਿ ਉਹ ਮੇਰੇ ਬਾਰੇ ਕੀ ਸੋਚਦਾ ਹੋਵੇਗਾ। ਭਾਵੇਂ ਅਧਰੰਗ ਕਰਕੇ ਉਸਦਾ ਖੱਬਾ ਪਾਸਾ ਖੜ੍ਹ ਗਿਆ ਸੀ। ਪਰ ਉਸ ਦੀ ਤੇਜ਼ੀ ਨਾਲ ਘੁੰਮਦੀ ਸੱਜੀ ਅੱਖ ਮੇਰਾ ਪਿੱਛਾ ਕਰ ਰਹੀ ਹੁੰਦੀ। ਮੇਰੀ ਵੱਡੀ ਪ੍ਰੇਸ਼ਾਨੀ ਦਾ ਕਾਰਨ ਵੀ ਇਹੀ ਅੱਖ ਸੀ। ਫੇਰ ਕੁਲਤਾਰ ਮੇਰੇ ਮਗਰ ਹੀ ਪੈ ਗਿਆ ਸੀ ਕਿ ਮੈਂ ਉਹਦਾ ਬੱਚਾ ਜਨਮਾਂ। ਮੈਂ ਉਹਨੂੰ ਬਥੇਰਾ ਸਮਝਾਇਆ ਸੀ ਕਿ ਮੇਰੇ ਤਾਂ ਪਹਿਲਾਂ ਹੀ ਬੇਟਾ ਤੇ ਬੇਟੀ ਹਨ। ਮੈਨੂੰ ਕਿਸੇ ਹੋਰ ਇਸ਼ੂ ਦੀ ਲੋੜ ਨਹੀਂ। ਉਹ ਬੜਾ ਜ਼ਿੱਦੀ ਸੀ। ਮੈਂ ਦਫਤਰ ਜਾਂਦੀ ਤਾਂ ਉਹ ਕਹਿੰਦਾ ਕਿ ਮੈਨੂੰ ਦਫਤਰ ਆਉਣ ਦੀ ਲੋੜ ਹੀ ਨਹੀਂ। ਬੱਸ ਮਹੀਨੇ ਬਾਅਦ ਆਇਆ ਕਰਾਂ। ਇਕੋ ਵਾਰ ਰਜਿਸਟਰ 'ਤੇ ਹਾਜ਼ਰੀ ਲਾ ਦਿਆ ਕਰਾਂ। ਮੈਨੂੰ ਘਰੇ ਬੈਠੀ ਨੂੰ ਤਨਖਾਹ ਮਿਲ ਜਾਵੇਗੀ। ਫੇਰ ਉਹ ਦਾ ਘਰੇ ਆਉਣਾ ਵੱਧ ਗਿਆ ਸੀ। ਮੈਨੂੰ ਇਹੀ ਕਹਿੰਦਾ ਕਿ ਉਹਨੂੰ ਮੁੰਡਾ ਚਾਹੀਦਾ ਹੈ। ਕੋਈ ਉਹਨੂੰ ਪੁੱਛਣ ਵਾਲਾ ਹੋਵੇ ਕਿ ਇਹਦੀ ਗਾਰੰਟੀ ਮੈਂ ਕਿਵੇਂ ਦੇ ਸਕਦੀ ਹਾਂ।

ਇਕ ਵਾਰ ਤਾਂ ਮੈਂ ਇੱਥੋਂ ਤੱਕ ਸੋਚ ਲਿਆ ਸੀ ਕਿ ਉਸ ਨੂੰ ਜਾਂ ਤਾਂ ਪੁਲਿਸ ਕੋਲ ਫੜਵਾ ਦੇਵਾਂ ਜਾਂ ਉਸ ਦੀ ਸ਼ਿਕਾਇਤ ਸੈਕਟਰੀ ਕੋਲ ਜਾ ਕਰਾਂ। ਇਸ ਸੰਬੰਧੀ ਮੈਂ ਆਪਣੇ ਕੁਲੀਗ ਜਗਦੀਸ਼ ਬਜਾਜ ਨਾਲ ਸਲਾਹ ਕੀਤੀ ਸੀ। ਉਸ ਮੈਨੂੰ ਸਮਝਾਇਆ ਸੀ, "ਦੇਖੀਓ-ਮੈਡਮ ਇਹ ਗਲਤੀ ਨਾ ਕਰ ਬੈਠੀਓ। ਅਫਸਰ ਵਿਰੁੱਧ ਛੇਤੀ ਕਿਤੇ ਕੋਈ ਕਾਰਵਾਈ ਨ੍ਹੀਂ



ਹੁੰਦੀ। ਤੁਹਾਨੂੰ ਨੌਕਰੀ ਕਰਨੀ ਔਖੀ ਹੋ ਜਾਣੀ। ਐਦਾਂ ਦੀ ਗਲਤੀ ਮੇਰੀ ਇਕ ਰਿਸ਼ਤੇਦਾਰਣ ਕੁਲਵੰਤ ਨੇ ਕੀਤੀ ਸੀ। ਇਕ ਪੀ. ਸੀ. ਐਸ. ਅਫਸਰ ਸੀ। ਉਹਨੇ ਕੁਲਵੰਤ ਨੂੰ ਭੱਦਾ ਮਜਾਕ ਕੀਤਾ ਸੀ। ਕੁਲਵੰਤ ਭਾਵੁਕ ਸੀ। ਉਹਨੂੰ ਨਵੀਂ-ਨਵੀਂ ਨੌਕਰੀ ਮਿਲੀ ਸੀ। ਉਹ ਮਾਈਂਡ ਕਰ ਗਈ।

ਉਹਨੇ ਪੀ. ਸੀ. ਐਸ. ਅਫਸਰ ਦੀ ਕੰਪਲੇਂਟ ਕੀਤੀ। ਅਫਸਰਾਂ ਦੇ ਚਮਚਿਆਂ ਨੇ ਰਾਹ 'ਚ ਹੀ ਕੰਪਲੇਂਟ ਰੁਕਵਾ ਦਿੱਤੀ। ਅਫਸਰ ਨੇ ਕੁਲਵੰਤ ਨੂੰ ਆਪਣੇ ਕਮਰੇ 'ਚ ਸੱਦਿਆ। ਬਹੁਤ ਲਾਹ ਪਾਹ ਕੀਤੀ। ਦਸ ਬੰਦਿਆਂ ਦੇ ਸਾਹਮਣੇ। ਸਸਪੈਨਸ਼ਨ ਆਰਡਰ ਫੜਾਉਂਦਿਆਂ ਕਿਹਾ-'ਤੁਸੀਂ ਸੈਕਟਰੀ ਸਾਹਿਬ ਦੇ ਡੀਓ ਦਾ ਸਮੇਂ ਸਿਰ ਜੁਆਬ ਨ੍ਹੀਂ ਦਿੱਤਾ। ਆਪਣੀ ਗਲਤੀ ਮੰਨਣ ਦੀ ਥਾਂ 'ਤੇ ਉਲਟ ਮੇਰੀ ਹੀ ਬਦਖੋਈ ਕਰਨੀ ਸ਼ੁਰੂ ਕਰ ਦਿੱਤੀ। ਮੈਨੂੰ ਪਤਾ ਆ ਕਿ ਤੁਸੀਂ ਅਜਿਹਾ ਨ੍ਹੀਂ ਕਰ ਸਕਦੇ। ਤੁਹਾਡੇ ਪਿੱਛੇ ਕਿਸੇ ਹੋਰ ਦਾ ਦਿਮਾਗ਼ ਕੰਮ ਕਰ ਰਿਹਾ। ਉਹਨੂੰ ਵੀ ਮੈਂ ਲੱਭ ਲਵਾਂਗਾ। ਪਰ ਪਹਿਲਾਂ ਤੁਹਾਨੂੰ ਸਬਕ ਸਿਖਾਉਣ ਦੀ ਲੋੜ ਆ। ਤੁਹਾਨੂੰ ਇੰਨੀ ਕੁ ਸਜ਼ਾ ਤਾਂ ਮਿਲਣੀ ਚਾਹੀਦੀ ਆ।' ਦਫਤਰ ਦੇ ਸਟਾਫ ਨੇ ਮਿੰਨਤ ਤਰਲਾ ਕੀਤਾ। ਕਿਹਾ ਸੀ-'ਇਸ ਵਿਚਾਰੀ ਦਾ ਤਾਂ ਅਜੇ ਪਰੋਵੇਸ਼ਨਰੀ ਪੀਰੀਅਡ ਵੀ ਖਤਮ ਨ੍ਹੀਂ ਹੋਇਆ।' ਅਫਸਰ ਨੇ ਆਪਣੀ ਲੱਤ ਫੇਰ ਉਪਰ ਰੱਖੀ ਸੀ। ਕੁਲਵੰਤ ਕੋਲੋਂ ਮਾਫੀਨਾਮਾ ਲਿਖਵਾ ਕੇ ਆਰਡਰ ਕੈਂਸਲ ਕੀਤੇ ਸਨ।" ਮੈਨੂੰ ਕਈ ਹੋਰ ਅਫਸਰਾਂ ਦੇ ਚਿਹਰੇ ਦਿੱਸੇ ਸਨ। ਸਾਰੇ ਇਕੋ ਜਿਹੇ ਹੁੰਦੇ ਹਨ। ਇਹ ਸੁਬਾਰਡੀਨੇਟ ਦੀਆਂ ਸਮੱਸਿਆਵਾਂ ਵੱਲ ਬਹੁਤਾ ਧਿਆਨ ਨਹੀਂ ਦਿੰਦੇ। ਗੱਲ ਆਈ ਗਈ ਕਰ ਦਿੰਦੇ ਹਨ।

ਮੈਂ ਆਪਣੇ ਇਸ 'ਪਾਪ' ਬਾਰੇ ਗੋਪਾਲ ਦੇ ਵਿਚਾਰ ਜਾਣਨਾ ਚਾਹੁੰਦੀ ਸੀ। ਮੈਂ ਪੁੱਛਣ ਹੀ ਲੱਗੀ ਸੀ ਕਿ ਉਸ ਨੇ ਅਖ਼ਬਾਰ ਨੂੰ ਇਕ ਪਾਸੇ ਸੁੱਟ ਕੇ ਮੈਨੂੰ ਜੱਫੀ ਪਾ ਲਈ ਸੀ। ਮੇਰੇ ਕੰਨ ਕੋਲ ਆਪਣਾ ਮੂੰਹ ਲਿਜਾ ਕੇ ਕਿਹਾ ਸੀ, "ਹਰਕਿਰਨ।"

"ਹਰਕਿਰਨ ਨ੍ਹੀਂ ਸਰ....," ਮੈਂ ਉਹਨੂੰ ਅਗਾਂਹ ਵੱਧਣ ਤੋਂ ਪਹਿਲਾਂ ਹੀ ਝਾੜ ਦਿੱਤਾ ਸੀ।

"ਸਰ ਕਿਰਨ....।"

"ਨ੍ਹੀਂ, ਇਕੱਲੀ ਸਰ।"

"ਯਾਰ ਤੂੰ ਪਹਿਲਾਂ ਮੇਰੀ ਗੱਲ ਤਾਂ ਸੁਣ ਲੈ।"

"ਪਹਿਲਾਂ ਸਰ ਕਹੋ।"

"ਸਰ, ਹੁਕਮ ਫੁਰਮਾਉ।"

"ਇਨ੍ਹੀਂ ਦਿਨੀਂ ਜੋ ਮੈਂ ਕਰ ਰਹੀ ਆਂ-ਕੀ ਇਹਨੂੰ 'ਪਾਪ' ਕਿਹਾ ਜਾ ਸਕਦਾ?"

ਉਹਦੇ ਹੱਥਾਂ ਦੀ ਪਕੜ ਇਕ ਦਮ ਢਿੱਲੀ ਪੈ ਗਈ ਸੀ।

ਉਹਨੇ ਮੈਨੂੰ ਬੈੱਡ 'ਤੇ ਬੈਠਾਉਂਦਿਆਂ ਹੋਇਆਂ ਦੱਸਿਆ ਸੀ, "ਆਹ 'ਟਾਈਮਸ ਆਫ਼ ਇੰਡੀਆ' ਵਿੱਚ ਖ਼ਬਰ ਛਪੀ ਆ ਕਿ ਸ਼ਰਾਬ ਤੇ ਔਰਤ ਕੁਰੱਪਸ਼ਨ ਵਿੱਚ ਨ੍ਹੀਂ ਆਉਂਦੇ। ਕੀ ਤਰਕ ਦਿੱਤਾ ਗਿਆ? ਜਦੋਂ ਕੋਈ ਕਿਸੇ ਦੇ ਘਰ ਵਿੱਚ ਜਾਂਦਾ ਆ ਤਾਂ ਉਹਨੂੰ ਚਾਹ ਜਾਂ ਕਾਫ਼ੀ ਪਿਲਾਈ ਜਾਂਦੀ ਆ।...ਇਹ ਚੀਜ਼ਾਂ ਕੁਰੱਪਸ਼ਨ ਵਿੱਚ ਨ੍ਹੀਂ ਆਉਂਦੀਆਂ।"



www.PunjabiLibrary.com

"ਮੇਰੀ ਗੱਲ ਦਾ ਤਾਂ ਇਹ ਜਵਾਬ ਨ੍ਹੀਂ।" ਮੈਂ ਖਿਝ ਕੇ ਕਿਹਾ ਸੀ।

ਉਸ ਨੇ ਕਿਹਾ ਸੀ, "ਮੈਂ ਇਹਨੂੰ ਪਾਪ ਨ੍ਹੀਂ ਮੰਨਦਾ। ਦੱਸ-ਤੂੰ ਇੰਜੁਆਏ ਨ੍ਹੀਂ ਕੀਤਾ? ਜਿੱਥੇ ਇੰਜੁਆਏ ਹੋਵੇਗਾ- ਉਥੇ ਪਾਪ ਨ੍ਹੀਂ ਹੋਵੇਗਾ।"

ਮੈਂ ਉਸ ਕੋਲੋਂ ਅਖ਼ਬਾਰ ਫੜ ਕੇ ਖ਼ਬਰ ਪੜ੍ਹੀ ਸੀ। ਹਾਈਕੋਰਟ ਦੇ ਸਾਬਕਾ ਜੱਜ ਸ਼ਾਮੀਤ ਮੁਕਰਜੀ ਦੇ ਵਕੀਲ ਦਿਨੇਸ਼ ਮਾਥੁਰ ਨੇ ਸੁਪਰੀਮ ਕੋਰਟ 'ਚ ਦਲੀਲ ਦਿੱਤੀ ਸੀ ਕਿ ਜੇ ਕੋਈ ਸਾਇਲ ਔਰਤ ਤੇ ਸ਼ਰਾਬ ਨਾਲ ਇੰਟਰਟੇਨ ਕਰਦਾ ਹੈ ਤਾਂ ਇਹਨੂੰ ਮਾਇਕ ਫਾਇਦਾ ਨਹੀਂ ਮੰਨਿਆ ਜਾ ਸਕਦਾ। ਨਾ ਹੀ ਇਹਨੂੰ ਕੁਰੱਪਸ਼ਨ ਕਿਹਾ ਜਾ ਸਕਦਾ ਹੈ। ਉਹਨੇ ਜੱਜ ਐਸ.ਕੇ.ਅਗਰਵਾਲ ਨੂੰ ਇਹ ਮੰਨਣ ਲਈ ਦਲੀਲ ਦਿੱਤੀ ਕਿ 'ਪ੍ਰੀਵੇਨਸ਼ਨ ਆਫ਼ ਕੁਰੱਪਸ਼ਨ ਐਕਟ' ਅਧੀਨ, ਸਿਰਫ਼ ਪੈਸੇ ਲੈਣੇ ਹੀ ਕੁਰੱਪਸ਼ਨ ਹੁੰਦਾ ਹੈ। ਮੰਨ ਲਉ ਕਿ ਕੋਈ ਬੰਦਾ ਕਿਸੇ ਮਿੱਤਰ ਦੇ ਘਰ ਜਾਂਦਾ ਹੈ। ਉਹ ਉਸਨੂੰ ਚਾਹ ਤੇ ਕੌਫ਼ੀ ਪਿਲਾਉਂਦਾ ਹੈ ਤਾਂ ਇਸ ਨਾਲ ਉਸਨੂੰ ਮਾਇਕ ਫਾਇਦਾ ਨਹੀਂ ਹੁੰਦਾ...।

ਗੋਪਾਲ ਮੇਰੇ ਵੱਲ ਦੇਖ ਕੇ ਮਿੰਨਾ-ਮਿੰਨਾ ਮੁਸਕ੍ਰਾਇਆ ਸੀ। ਫੇਰ ਪਤਾ ਨਹੀਂ ਉਹਦੇ ਮਨ 'ਚ ਕੀ ਆਇਆ ਸੀ ਕਿ ਉਹ ਖਿੜਖਿੜਾ ਕੇ ਹੱਸਿਆ ਸੀ। ਮੈਨੂੰ ਲੱਗਾ ਸੀ ਕਿ ਇਹ ਉਸਦਾ ਮਰਦਾਵਾਂ ਹਾਸਾ ਸੀ। ਔਰਤ ਉਪਰ ਜਿੱਤ ਵਾਲਾ ਹਾਸਾ। ਮੈਂ ਔਖ ਮੰਨਦਿਆਂ ਉੱਠ ਖੜੀ ਸੀ। ਉਹ ਮੇਰਾ ਬੌਸ ਸੀ। ਪਹਿਲਾਂ ਬੌਸ। ਬਾਅਦ 'ਚ ਮਰਦ। ਜੇ ਉਹ ਪਹਿਲਾਂ ਮਰਦ ਹੁੰਦਾ ਤਾਂ ਮੈਂ ਉਸ ਨੂੰ ਇਸ ਜਿੱਤ ਦਾ ਮਜ਼ਾ ਚਖਾਉਂਦੀ। ਬੌਸ ਨਾਲ ਬਹੁਤਾ ਤਕਰਾਰ ਨਹੀਂ ਚਲਦਾ। ਚੰਗਾ ਭਲਾ ਵਰਤਾਓ ਕਰਦਿਆਂ-ਕਰਦਿਆਂ ਇਨ੍ਹਾਂ 'ਚੋਂ ਅਫ਼ਸਰੀ ਬੋਲਣ ਲੱਗ ਜਾਂਦੀ ਹੈ। ਇਹ ਮੇਰੇ ਵਰਗੀ ਨੂੰ ਘਟੀਆ ਸ਼ੈਅ ਸਮਝਣ ਲੱਗ ਜਾਂਦੇ ਹਨ। ਇਹ ਉਹੀ ਹਨ ਜਿਹੜੇ ਬਾਹਰ ਪੰਜ ਕਦਮ ਵੀ ਨਾਲ ਚੱਲਣ ਨੂੰ ਤਿਆਰ ਨਹੀਂ ਹੁੰਦੇ। ਬੰਦ ਕਮਰੇ 'ਚ ਇਹ ਉਹ ਕੁਝ ਕਰਦੇ ਹਨ ਜਿਹੜਾ ਕਿ ਇੱਕ ਵੇਸ਼ਵਾ ਨਾਲ ਵੀ ਨਹੀਂ ਕੀਤਾ ਜਾ ਸਕਦਾ।

ਮੈਨੂੰ ਲੱਗਿਆ ਸੀ ਕਿ ਇਸ ਮਸਲੇ 'ਤੇ ਉਸ ਦੀ ਸੋਚ ਵੀ ਬਾਕੀ ਮਰਦਾਂ ਵਰਗੀ ਹੀ ਸੀ।

ਮੈਂ ਬਾਥਰੂਮ 'ਚ ਵੜੀ ਹੀ ਸੀ ਕਿ ਗੋਪਾਲ ਨੇ ਠੱਕ-ਠੱਕ ਦੀ ਆਵਾਜ਼ ਕੀਤੀ ਸੀ। ਮੈਂ ਅਣਸੁਣਿਆ ਕਰ ਦਿੱਤਾ ਸੀ। ਮੈਂ ਪਹਿਲਾਂ ਹੀ ਅੰਦਰੋਂ ਕੁੰਡੀ ਮਾਰ ਲਈ ਸੀ। ਮੈਨੂੰ ਗੁੱਸਾ ਆਇਆ ਸੀ ਕਿ ਮੈਨੂੰ ਵਾਰ-ਵਾਰ ਨੰਗੀ ਦੇਖ ਕੇ ਵੀ ਉਹਨੂੰ ਰੱਜ ਕਿਉਂ ਨਹੀਂ ਆਉਂਦਾ। ਇਨ੍ਹਾਂ ਤਿੰਨਾਂ ਦਿਨਾਂ ਵਿੱਚ ਮੈਂ ਉਸ ਦੇ ਸਾਹਮਣੇ ਕਿੰਨੀ ਵਾਰ ਨੰਗੀ ਹੋਈ ਸੀ।

ਹਾਂ। ਹਾਂ।

ਗੋਪਾਲ।

ਗੋਪਾਲ ਮੇਰਾ ਬੌਸ ਹੈ।

ਗੋਪਾਲ ਸਰ ਨੂੰ ਇਸ ਦਫ਼ਤਰ 'ਚ ਆਇਆਂ ਮਹੀਨਾ ਕੁ ਹੋਇਆ ਸੀ। ਉਹ ਹੱਸਮੁੱਖ, ਖੁੱਲ੍ਹ ਦਿਲਾ ਤੇ ਮਿਲਣਸਾਰ ਹੈ। ਨਿਧੜਕ ਹੋ ਕੇ ਗੱਲ ਕਰਦਾ ਹੈ। ਕੋਈ ਗੁੱਸਾ ਕਰੇ ਤਾਂ ਕਰੀ ਜਾਵੇ। ਕਿਸੇ ਨਾਲ ਬਹੁਤਾ ਮੋਹ ਲਿਹਾਜ ਨਹੀਂ ਰੱਖਦਾ। ਕੰਮ ਪ੍ਰਤੀ ਉਹ ਦੀ ਈਮੇਜ ਇੱਕ ਸਖਤ ਅਫ਼ਸਰ ਵਾਲੀ ਹੈ।



ਉਸ ਨਾਲ ਪਹਿਲੀ ਮਿਲਣੀ 'ਚ ਤਲਖੀ ਪੈਦਾ ਹੋ ਗਈ ਸੀ।

ਮੈਂ ਨੋਟਿੰਗ 'ਤੇ ਉਹਦੇ ਦਸਖਤ ਕਰਾਉਣ ਲਈ ਗਈ ਸੀ ਤਾਂ ਉਸ ਬੈਠਣ ਦਾ ਇਸ਼ਾਰਾ ਕੀਤਾ ਸੀ। ਪੁੱਛਿਆ ਸੀ ਕਿ ਪਾਣੀ ਪੀਉਂਗੇ ਜਾਂ ਚਾਹ। ਕੋਈ ਸਹਾਇਕ ਜਾਂ ਆਡੀਟਰ ਉਸ ਕੋਲ ਜਾਂਦਾ ਤਾਂ ਉਹ ਚਾਹ-ਪਾਣੀ ਦੀ ਸੁਲਾਹ ਅਵੱਸ਼ ਮਾਰਦਾ ਸੀ। ਉਹ ਆਪ ਚਾਹ ਪੀਣ ਦਾ ਬਹੁਤ ਸ਼ੌਕੀਨ ਸੀ। ਮੈਂ ਨਾਂਹ 'ਚ ਸਿਰ ਹਿਲਾਇਆ ਸੀ। ਉਹਦੇ ਟੇਬਲ ਤੋਂ ਵੇਟ ਚੁੱਕ ਕੇ ਘੁੰਮਾਉਣ ਲੱਗੀ ਸੀ। ਉਸ ਮਿੰਨਾ-ਮਿੰਨਾ ਮੁਸਕਰਾਉਂਦਿਆਂ ਕਿਹਾ ਸੀ, "ਹਰੇਕ ਇਨਸਾਨ ਵਿੱਚ ਉਸ ਦਾ ਬਾਲਪਨ ਬੈਠਾ ਹੁੰਦਾ।" ਮੈਂ ਉਹਦੀ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ। ਉਸ ਘੰਟੀ ਵਜਾਈ ਸੀ। ਚਪੜਾਸੀ ਹਰਦਿਆਲ ਨੂੰ ਦੋ ਕੱਪ ਚਾਹ ਦੇ ਲਿਆਉਣ ਲਈ ਕਿਹਾ ਸੀ। ਫੇਰ ਉਹ ਕੇਸ ਹਿਸਟਰੀ ਪੜ੍ਹਣ ਲੱਗਾ ਸੀ। ਉਹਨੇ ਪਹਿਲੇ ਪੇਜ 'ਤੇ ਹੀ ਕਈ ਗਲਤੀਆਂ ਲੱਭ ਲਈਆਂ ਸਨ।

ਪਹਿਲਾ ਹੀ ਪ੍ਰਭਾਵ ਮਾੜਾ ਪਿਆ ਸੀ। ਹੈੱਡ ਆਫ਼ਿਸ ਤੋਂ ਵਾਰ-ਵਾਰ ਫੋਨ ਆ ਰਹੇ ਸਨ ਕਿ ਕੇਸ ਤਿਆਰ ਕਰਕੇ ਜਲਦੀ ਭੇਜੋ। ਮੈਂ ਤਾਂ ਪਿਛਲੇ ਕਈ ਸਾਲਾਂ ਤੋਂ ਦਸਤਖਤ ਕਰਨ ਤੋਂ ਬਿਨਾਂ ਕੋਈ ਦੂਜਾ ਕੰਮ ਕੀਤਾ ਹੀ ਨਹੀਂ ਸੀ। ਮੈਂ ਤਾਂ ਕੰਮ ਕਰਨਾ ਹੀ ਭੁੱਲ ਗਈ ਸੀ। ਜਿੰਨਾ ਚਿਰ ਅਗਰਵਾਲ ਸਾਹਿਬ ਰਹੇ-ਮੈਂ ਤਾਂ ਨਾ ਦੇ ਬਰੋਬਰ ਦਫਤਰ ਗਈ ਸੀ। ਉਪਰੋਂ ਇਨ੍ਹਾਂ ਦਿਨਾਂ 'ਚ ਰੌਸ਼ਨ ਬੈੱਡ ਤੋਂ ਹੇਠਾਂ ਡਿੱਗ ਪਿਆ ਸੀ। ਉਹਦੇ ਮੱਥੇ 'ਚ ਪੰਜ ਟਾਂਕੇ ਲੱਗੇ ਸਨ। ਸੱਜੇ ਗੁੱਟ ਦਾ ਮਾਸ ਪਾਟ ਗਿਆ ਸੀ। ਸਵਰੂਪ ਦਮੇ ਨਾਲ ਸਾਰੀ-ਸਾਰੀ ਰਾਤ ਖੰਘਦਾ ਰਹਿੰਦਾ ਸੀ। ਪਹਿਲਾਂ ਉਹ ਖੂੰਡੀ ਦੇ ਸਹਾਰੇ ਨਾਲ ਵਿਹੜੇ 'ਚ ਦੋ ਤਿੰਨ ਗੇੜੇ ਕੱਢਦਾ ਹੁੰਦਾ ਸੀ। ਹੁਣ ਸਾਰਾ ਦਿਨ ਬੈੱਡ 'ਤੇ ਪਿਆ ਛੱਤ ਨੂੰ ਹੀ ਘੂਰਦਾ ਰਹਿੰਦਾ ਸੀ। ਦਫਤਰ 'ਚ ਸਖਤੀ ਚਲ ਰਹੀ ਸੀ। ਫਰਲੋ ਵੱਜਣੀ ਹਟ ਗਈ ਸੀ। ਸੁਪਰਡੈਂਟ ਦੀ ਸੁਰ ਬਦਲ ਗਈ ਸੀ। ਉਸ ਨੇ ਹੁਕਮ ਸੁਣਾਇਆ ਸੀ, "ਜੇ ਤੁਸੀਂ ਗਏ ਤਾਂ ਆਪਣੇ ਰਿਸਕ 'ਤੇ ਜਾਣਾ।" ਮੈਂ ਪ੍ਰੇਸ਼ਾਨ ਸੀ। ਮੈਂ ਸੋਚਣ ਲੱਗ ਪਈ ਸੀ ਕਿ ਮੈਂ ਜਿਹੜੀ ਖੇਡ, ਖੇਡ ਰਹੀ ਹਾਂ, ਇਹ ਕਿੰਨਾ ਕੁ ਚਿਰ ਹੋਰ ਚਲੇਗੀ?

ਕੀ ਕੋਈ ਆਪਣੇ ਬੱਚੇ ਤੇ ਪਤੀ ਖ਼ਾਤਿਰ ਇਥੋਂ ਤੱਕ ਵੀ ਡਿੱਗ ਸਕਦਾ ਹੈ? ਮੈਨੂੰ ਇਨ੍ਹਾਂ ਡੂੰਘਾਣਾਂ 'ਚੋਂ ਕੱਢਣ ਵਾਲਾ ਕੋਈ ਨਹੀਂ ਸੀ। ਇਨ੍ਹਾਂ 'ਚ ਉਲਝੀ ਨੇ ਇਹ ਕੇਸ ਤਿਆਰ ਕੀਤਾ ਸੀ। ਬੈਠੀ ਮੈਂ ਦਫਤਰ ਹੁੰਦੀ ਸੀ। ਧਿਆਨ ਮੇਰਾ ਰੌਸ਼ਨ ਵੱਲ ਹੁੰਦਾ ਸੀ।

ਚਾਹ ਦਾ ਕੱਪ ਖਤਮ ਹੁੰਦਿਆਂ ਹੀ ਮੈਂ ਸੌਰੀ ਕਹਿ ਕੇ ਉੱਠ ਖੜੀ ਸੀ।

ਉਸ ਅਚਾਨਕ ਯਾਦ ਆਉਣ ਦੇ ਲਹਿਜੇ 'ਚ ਕਿਹਾ ਸੀ, "ਬੈਠੋ-ਤੁਹਾਡੇ ਲਈ ਇਕ ਬੁਰੀ ਖ਼ਬਰ ਆ।"

"ਸਰ ਕੀ?" ਮੈਂ ਉਹਦੇ ਨੇੜੇ ਨੂੰ ਹੁੰਦਿਆਂ ਪੁੱਛਿਆ ਸੀ। ਮਾੜੀ ਖ਼ਬਰ ਨੇ ਮੇਰਾ ਸਿਰ ਘੁੰਮਾ ਦਿੱਤਾ ਸੀ। ਅਵੱਸ਼ ਹੀ ਕੋਈ ਗੱਲ ਸੀ।

"ਤੁਸੀਂ ਬੈਠੋ ਤਾਂ ਸਹੀਂ।" ਉਸ ਸਿੱਧੇ ਹੀ ਮੇਰੇ ਮੂੰਹ ਵੱਲ ਦੇਖਦਿਆਂ ਹੋਇਆਂ ਕਿਹਾ ਸੀ।

ਮੈਥੋਂ ਬੈਠਿਆ ਕਿਥੋਂ ਜਾਣਾ ਸੀ। ਮੈਂ ਕਾਹਲੀ-ਕਾਹਲੀ ਬੋਲਦਿਆਂ ਪੁੱਛਿਆ ਸੀ



www.PunjabiLibrary.com

ਤਾਂ ਉਸ ਦੱਸਿਆ ਸੀ, "ਤੁਹਾਡੇ ਲੁਧਿਆਣੇ ਦੇ ਆਰਡਰ ਹੋ ਗਏ ਆ।"

"ਇਟਸ ਬੈਡ ਨਿਊਜ਼।" ਮੇਰੇ ਮੂੰਹੋਂ ਨਿਕਲਿਆ ਸੀ। ਮੈਨੂੰ ਇਕ ਦਮ ਲੱਗਿਆ ਸੀ ਕਿ ਅਗਰਵਾਲ ਸਾਹਿਬ ਨੇ ਜਾਂਦਿਆਂ-ਜਾਂਦਿਆਂ ਉਸ ਦੇ ਕੰਨਾਂ 'ਚ 'ਕੁਝ' ਕਿਹਾ ਹੋਣਾ ਸੀ। ਅਗਲੇ ਪਲਾਂ 'ਚ ਮੈਂ ਆਪਣੇ ਆਪ ਨੂੰ ਕੁਝ ਕੁ ਸੰਭਾਲ ਲਿਆ ਸੀ। ਕਿਹਾ ਸੀ, "ਤੁਹਾਡੇ ਹੁੰਦਿਆਂ-ਕੁਸ਼ ਨ੍ਹੀਂ ਹੋ ਸਕਦਾ। ਤੁਸੀਂ ਡੀਓ ਲਿਖ ਦਿਓ ਕਿ ਸਟਾਫ ਦੀ ਸ਼ੋਰਟਏਜ ਹੋਣ ਕਰਕੇ ਹਰਕਿਰਨ ਨੂੰ ਰੀਲੀਵ ਨ੍ਹੀਂ ਕੀਤਾ ਜਾ ਸਕਦਾ।"

ਉਹਨੇ ਸਖ਼ਤੀ ਨਾਲ ਕਿਹਾ ਸੀ, "ਸਭ ਕੁਸ਼ ਆਪਣੀ ਮਰਜ਼ੀ ਨਾਲ ਨ੍ਹੀਂ ਹੁੰਦਾ। ਡਾਇਰੈਕਟਰ ਸਾਹਿਬ ਬਹੁਤ ਸਖ਼ਤ ਆ। ਉਨ੍ਹਾਂ ਦਾ ਸਹੁਰਾ ਚੀਫ ਸੈਕਟਰੀ ਲੱਗਾ। ਉਹ ਤਾਂ ਉਨ੍ਹਾਂ ਦੀ ਵੀ ਸਿਫਾਰਸ਼ ਨ੍ਹੀਂ ਮੰਨਦੇ। ਤੁਸੀਂ ਤੇ ਅਸੀਂ ਕੌਣ ਆ। ਤੁਹਾਨੂੰ ਆਰਡਰ ਅਬੇਅ ਕਰਨੇ ਪੈਣੇ ਆ।"

ਮੈਂ ਦੋਬਾਰਾ ਬੇਨਤੀ ਕਰਦੀ ਇਸ ਤੋਂ ਪਹਿਲਾਂ ਹੀ ਉਹਨੇ ਮੇਰੀ ਹਿਸਟਰੀ ਸ਼ੀਟ ਖੋਲ੍ਹ ਲਈ ਸੀ। ਮੇਰੀ ਬਦਲੀ ਤਿੰਨ ਵਾਰ ਪਹਿਲਾਂ ਵੀ ਰੁਕੀ ਸੀ। ਦੋ ਵਾਰ ਤਾਂ ਹੈੱਡ ਆਫਿਸ ਤੋਂ ਡੀਓ ਵੀ ਆਇਆ ਸੀ ਕਿ ਹਰਕਿਰਨ ਨੂੰ ਤੁਰੰਤ ਫਾਰਿਗ ਕਰਕੇ ਲੁਧਿਆਣਾ ਭੇਜਿਆ ਜਾਵੇ। ਤਿੰਨੇ ਵਾਰ ਮੈਂ ਬਚ ਗਈ ਸੀ ਜਾਂ ਮੈਨੂੰ ਬਚਾ ਲਿਆ ਗਿਆ ਸੀ।

"ਸ਼ਾਇਦ ਤੁਹਾਨੂੰ ਮੇਰੇ ਘਰੇਲੂ ਹਾਲਤ ਦਾ ਨ੍ਹੀਂ ਪਤਾ। ਮੇਰਾ ਵੱਡਾ ਬੇਟਾ ਰੌਸ਼ਨ ਅਬਨੌਰਮਲ ਆ। ਛੋਟਿਆਂ ਹੁੰਦਿਆਂ ਦੇ ਉਹਦੇ ਸਿਰ ਵਿੱਚ ਸੱਟ ਲੱਗ ਗਈ ਸੀ। ਫੇਰ ਉਹਦਾ ਵਿਕਾਸ ਉਸ ਗਤੀ ਨਾਲ ਨ੍ਹੀਂ ਹੋਇਆ-ਜਿਸ ਗਤੀ ਨਾਲ ਇੱਕ ਆਮ ਬੱਚੇ ਦਾ ਹੁੰਦਾ। ਉਹ ਉੱਠ ਕੇ ਬੈਠ ਨ੍ਹੀਂ ਸਕਦਾ। ਉਹ ਖਾਣ ਨੂੰ ਨ੍ਹੀਂ ਮੰਗਦਾ। ਮੈਨੂੰ ਉਹਦੇ ਖਾਣ-ਪੀਣ ਦੇ ਸਮੇਂ ਦਾ ਪਤਾ। ਬੇਟੇ ਨੂੰ ਮੈਂ ਆਪ ਨਹਾਉਂਦੀ ਆਂ। ਕਪੜੇ ਬਦਲਦੀ ਆਂ। ਮੇਰੇ ਹਸਬੈਂਡ ਨੂੰ ਕਈ ਸਾਲ ਪਹਿਲਾਂ ਅਧਰੰਗ ਹੋ ਗਿਆ ਸੀ। ਉਨ੍ਹਾਂ ਦਾ ਖੱਬਾ ਪਾਸਾ ਬਿਲਕੁੱਲ ਕੰਮ ਨ੍ਹੀਂ ਕਰਦਾ। ਉਪਰੋਂ ਦਮੇ ਦੇ ਮਰੀਜ਼ ਵੀ ਨੇ। ਮੇਰੇ ਤੋਂ ਬਿਨਾਂ ਉਨ੍ਹਾਂ ਨੂੰ ਕੋਈ ਵੀ ਸੰਭਾਲਣ ਵਾਲਾ ਨ੍ਹੀਂ ਆ। ਮੇਰੀ ਬੇਟੀ ਪੰਜ ਸਾਲਾਂ ਦੀ ਆ। ਲੁਧਿਆਣੇ ਤੋਂ ਮੈਥੋਂ ਰੋਜ਼ ਵਾਪਸ ਨ੍ਹੀਂ ਆਇਆ ਜਾਣਾ। ਤੁਸੀਂ ਟਰਾਈ ਕਰਕੇ ਤਾਂ ਦੇਖੋ। ਪਲੀਜ਼...।" ਨਾ ਚਾਹੁੰਦਿਆਂ ਹੋਇਆਂ ਵੀ ਮੈਂ ਭਰੇ ਮਨ ਦੱਸਿਆ ਸੀ। ਫੇਰ ਮੇਰਾ ਰੋਣਾ ਨਿਕਲ ਗਿਆ ਸੀ।

ਮੈਨੂੰ ਪਤਾ ਸੀ ਕਿ ਕਿਸੇ ਨੇ ਮੇਰੀ ਘਰੇਲੂ ਸਮੱਸਿਆ ਨੂੰ ਨਹੀਂ ਸਮਝਣਾ। ਇਹਨੂੰ ਸੱਚ ਨਹੀਂ ਮੰਨਣਾ। ਅਫਸਰ ਤਾਂ ਬੰਦੇ ਨੂੰ ਬੰਦਾ ਨਹੀਂ ਸਮਝਦੇ, ਮਸ਼ੀਨ ਸਮਝਦੇ ਹਨ। ਮੇਰੇ ਸਾਹਮਣੇ ਸੁਰਿੰਦਰ ਪਾਲ ਦਾ ਕੇਸ ਸੀ। ਸੁਰਿੰਦਰ ਪਾਲ ਅੰਗਹੀਣ ਸੀ। ਪਹਿਲਾਂ ਉਹਨੂੰ ਲਾਈਟ ਸੀਟ ਮਿਲੀ ਸੀ। ਫੇਰ ਉਸ ਦੇ ਹੁਕਮ ਲੈਜਰ ਬ੍ਰਾਂਚ 'ਚ ਹੋ ਗਏ ਸਨ। ਲੈਜਰ ਬ੍ਰਾਂਚ 'ਚ ਦਸ-ਦਸ ਕਿੱਲੋ ਦੀਆਂ ਲੈਜਰਾਂ ਸਨ। ਸੁਰਿੰਦਰ ਪਾਲ ਨੇ ਲਿਖ ਕੇ ਵੀ ਦਿੱਤਾ ਸੀ ਕਿ ਉਸ ਦੀ ਸਰੀਰਕ ਸਮਰਥਾ ਅਨੁਸਾਰ ਹੀ ਉਸ ਨੂੰ ਕੰਮ ਦਿੱਤਾ ਜਾਵੇ। ਉਸ ਕੋਲੋਂ ਭਾਰੀਆਂ-ਭਾਰੀਆਂ ਲੈਜਰਾਂ ਨਹੀਂ ਚੁੱਕੀਆਂ ਜਾਣੀਆਂ। ਕਿਸੇ ਨੇ ਉਸਦੀ ਸੁਣੀ ਨਹੀਂ ਸੀ। ਇਹੀ ਕਿਹਾ ਸੀ, "ਤੁਹਾਨੂੰ ਤਨਖਾਹ ਤਾਂ ਪੂਰੀ ਮਿਲਦੀ ਆ ਨਾ? ਫੇਰ ਕੰਮ ਕਰੋ।" ਸੁਰਿੰਦਰ ਪਾਲ ਨੇ ਇਕ-ਇਕ ਕਰਕੇ ਸਾਰੇ ਅਫਸਰਾਂ ਨੂੰ ਦੱਸਿਆ ਸੀ, "ਮੇਰੀ ਭਰਤੀ ਅੰਗਹੀਣ ਵੱਜੋਂ ਹੋਈ



ਆ।" ਉਹਨੇ ਆਪਣੇ ਦੋਵੇਂ ਹੱਥ ਦਿਖਾਏ ਸਨ। ਇਸ ਨਾਲ ਵੀ ਅਫਸਰਾਂ ਦੇ ਮਨ ਪਿੰਘਲੇ ਨਹੀਂ ਸਨ। ਉਲਟਾ ਸੁਆਲ ਕੀਤਾ ਸੀ, "ਜੈ ਪ੍ਰਕਾਸ਼, ਲੰਮੀ ਛੁੱਟੀ ਤੇ ਚਲਾ ਗਿਆ। ਤੂੰ ਹੀ ਦੱਸ ਉਹਦੀ ਥਾਂ 'ਤੇ ਹੋਰ ਕਿਸ ਦੇ ਆਰਡਰ ਕਰੀਏ।"

ਗੋਪਾਲ ਨੇ ਉਸੇ ਮੂਡ 'ਚ ਕਿਹਾ ਸੀ, "ਤਿੰਨ ਵਾਰ ਤੋਂ ਬਾਅਦ ਵੀ ਅਸੀਂ ਤੁਹਾਨੂੰ ਕਿਸ ਬੇਸ 'ਤੇ ਰੋਕ ਸਕਦੇ ਹਾਂ। ਤੁਹਾਨੂੰ ਜਾਣਾ ਹੀ ਪੈਣਾ। ਜਾਂ ਤੁਸੀਂ ਮੈਡੀਕਲ ਲੀਵ ਲੈ ਲਓ।"

ਮੈਂ ਆਪਣੇ ਕਮਰੇ 'ਚ ਵਾਪਸ ਆ ਗਈ ਸੀ। ਮੇਰੇ ਰੋਣ ਦਾ ਉਸ 'ਤੇ ਕੋਈ ਅਸਰ ਨਹੀਂ ਹੋਇਆ ਸੀ। ਉਸ ਨਾਲ ਪਹਿਲੀ ਮਿਲਣੀ ਹੀ ਆਖਿਰੀ ਮਿਲਣੀ ਬਣ ਚਲੀ ਸੀ। ਮਨ ਕੀਤਾ ਸੀ ਕਿ ਇਸ ਕੁੱਤੀ ਨੌਕਰੀ ਤੋਂ ਅਸਤੀਫਾ ਦੇ ਦਵਾਂ। ਕੀ ਕਰਨਾ ਹੈ ਇਹ ਨੌਕਰੀ ਕਰਕੇ। ਪਰ ਘਰ ਦੇ ਖਰਚਿਆਂ ਬਾਰੇ ਸੋਚਦਿਆਂ ਹੀ ਮਨ ਬਦਲ ਗਿਆ ਸੀ। ਮੇਰੀ ਅੱਧੀ ਤਨਖਾਹ ਤਾਂ ਰੌਸ਼ਨ ਤੇ ਸਵਰੂਪ ਦੀਆਂ ਦਵਾਈਆਂ 'ਤੇ ਲੱਗ ਜਾਂਦੀ ਸੀ। ਮੈਂ ਆਪਣੀ ਡਾਇਰੀ 'ਚ ਦਰਜ ਕਈ ਨਾਵਾਂ 'ਤੇ ਉਡਦੀ-ਉਡਦੀ ਨਜ਼ਰ ਮਾਰੀ ਸੀ। ਅਗਰਵਾਲ ਸਾਹਿਬ ਕੋਲ ਜਾਣ ਦਾ ਮਨ ਬਣਾਇਆ ਸੀ। ਕੀ ਪਤਾ ਗੋਪਾਲ ਅਗਰਵਾਲ ਸਾਹਿਬ ਦਾ ਕਿਹਾ ਮੰਨ ਲਵੇ।

ਇਹ ਐਫ. ਡੀ. ਵਾਲੇ ਇਕ ਦੂਜੇ ਦੀ ਗੱਲ ਅਵੱਸ਼ ਹੀ ਮੰਨ ਲੈਂਦੇ ਹਨ। ਮੈਂ ਅਜੇ ਕੋਈ ਫੈਸਲਾ ਨਹੀਂ ਕਰ ਸਕੀ ਸੀ ਕਿ ਮੈਨੂੰ ਕਿਰਪਾਲ ਸਿੰਘ ਨੇ ਕਿਹਾ ਸੀ, 'ਐਸ ਵੇਲੇ ਗੋਪਾਲ ਸਰ ਤੋਂ ਵੱਡੀ ਅਪਰੋਚ ਕੋਈ ਨਹੀਂ ਹੋ ਸਕਦੀ'। ਮੈਂ ਹਰੀਸ਼ ਕੋਲੋਂ ਗੋਪਾਲ ਦੀ ਸਰਵਿਸ ਬੁੱਕ ਮੰਗਵਾਈ ਸੀ। ਉਸ ਦਾ ਬਾਇਓਡੈਟਾ ਪੜ੍ਹਿਆ ਸੀ। ਉਹ ਦੀ ਉਮਰ ਚੌਰੰਜਾ ਸਾਲਾਂ ਦੀ ਹੈ। ਉਹ ਕਲਰਕ ਤੋਂ ਸਿੱਧਾ ਐਸ. ਓ. ਬਣਿਆ ਸੀ। ਫੇਰ ਪਰਮੋਸ਼ਨ ਲੈ ਕੇ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)। ਉਹਦੀਆਂ ਏ. ਸੀ. ਆਊਟਸਟੈਂਡਿੰਗ ਸਨ। ਉਹਦੇ ਪਿਉ ਦਾ ਨਾਂ ਸੁਦੇਸ਼ ਕੁਮਾਰ ਵਸ਼ਿਸ਼ਟ ਹੈ। ਵਸ਼ਿਸ਼ਟ ਪੜ੍ਹਦਿਆਂ ਹੀ ਮੈਨੂੰ ਥੋੜ੍ਹੀ ਕੁ ਖ਼ੁਸ਼ੀ ਹੋਈ ਸੀ। ਤਸੱਲੀਨੁਮਾ ਖ਼ੁਸ਼ੀ। ਗੱਲ ਬਣ ਸਕਦੀ ਸੀ। ਉਹ ਰਾਮ ਗੋਪਾਲ ਵਸ਼ਿਸ਼ਟ ਹੈ ਤੇ ਮੈਂ ਹਰਕਿਰਨ ਭਾਰਦਵਾਜ। ਅਸੀਂ ਦੋਵੇਂ ਬ੍ਰਾਹਮਣ ਹਾਂ। ਇਹ ਬਹੁਤ ਵੱਡੀ ਸਾਂਝ ਸਿੱਧ ਹੋ ਸਕਦੀ ਸੀ। ਪਿਛਲੇ ਪੰਜਾਂ-ਛੇਆਂ ਸਾਲਾਂ 'ਚ ਦਫ਼ਤਰਾਂ 'ਚ ਜਾਤ-ਪਾਤ ਦਾ ਜ਼ੋਰ ਸ਼ੋਰ ਵੱਧਣ ਲੱਗਾ ਸੀ। ਐਸਸੀਜ, ਸ਼ਰਮੇ, ਜੱਟ ਤੇ ਭਾਪਿਆਂ ਦੇ ਸਮੀਕਰਣ ਉਭਰੇ ਸਨ। ਇਹ ਵਖਰੇਵਾਂ ਉਦੋਂ ਆਪਣੇ ਸਿਖਰ 'ਤੇ ਪਹੁੰਚ ਗਿਆ ਸੀ ਜਦੋਂ ਮਦਨ ਲਾਲ ਸ਼ਰਮਾ ਸੁਪਰਡੈਂਟ ਬਣ ਕੇ ਇਸ ਦਫ਼ਤਰ 'ਚ ਆਇਆ ਸੀ। ਉਹਨੂੰ ਅਮਲਾ ਸ਼ਾਖਾ 'ਚ ਲਾਇਆ ਸੀ ਤਾਂ ਉਸ ਅਮਲਾ ਸ਼ਾਖਾ 'ਚ ਇੱਕ ਵੀ ਨੌਨ-ਬ੍ਰਾਹਮਣ ਨਹੀਂ ਰਹਿਣ ਦਿੱਤਾ ਸੀ। ਉਸ ਆਪਣੀ ਲੌਬੀ ਉਭਾਰੀ ਸੀ। ਗੱਲ ਸਾਹਿਬ ਤੱਕ ਵੀ ਪਹੁੰਚੀ ਸੀ। ਸ਼ਰਮੇ ਦਾ ਸਪੱਸ਼ਟੀਕਰਨ ਸੀ, "ਕਿਸ ਬੰਦੇ ਕੋਲੋਂ ਕੀ ਕੰਮ ਲੈਣਾ-ਇਹ ਮੇਰੀ ਜ਼ੁੰਮੇਵਾਰੀ ਆ। ਜੇ ਤੁਹਾਨੂੰ ਕੋਈ ਸ਼ਿਕਾਇਤ ਮਿਲੀ ਤਾਂ ਜੁੱਤੀ ਤੁਹਾਡੀ ਹੋਵੇਗੀ ਤੇ ਸਿਰ ਮੇਰਾ। ਠੀਕ ਆ ਨਾ ਜੀ ?" ਸਾਹਿਬ ਨੂੰ ਉਹਦੇ ਸ਼ਬਦਾਂ ਨੇ ਕੀਲ ਲਿਆ ਸੀ।

ਸ਼ਾਮ ਨੂੰ ਮੈਂ ਇਹੀ ਗੋਟੀ ਗੋਪਾਲ ਦੇ ਪਾਲੇ 'ਚ ਸੁੱਟੀ ਸੀ। ਉਸ ਦਾ ਅੱਧਾ ਕੁ



www.PunjabiLibrary.com

ਅਸਰ ਹੋਇਆ ਸੀ। ਬਾਕੀ ਅੱਧੇ ਦਾ ਅਸਰ ਕਿਵੇਂ ਹੋਣਾ ਚਾਹੀਦਾ ਸੀ-ਇਹ ਹਮੇਸ਼ਾ ਮੇਰੇ ਵਸ 'ਚ ਰਿਹਾ ਹੈ। ਫੇਰ ਗੋਪਾਲ ਕਿਹੜੇ ਬਾਗ਼ ਦੀ ਮੂਲੀ ਸੀ। ਸੋਨੇ 'ਤੇ ਸੁਹਾਗੇ ਵਾਲੀ ਇਹ ਗੱਲ ਨਾਲ ਆ ਰਲੀ ਕਿ ਅਗਲੇ ਹਫਤੇ ਤੋਂ ਪਠਾਨਕੋਟ ਦੇ ਸ਼ੁਰੂ ਹੋਣ ਵਾਲੇ ਟੂਰ ਪ੍ਰੋਗਰਾਮ ਵਿੱਚ ਮੈਂ ਧੱਕੇ ਨਾਲ ਆਪਣਾ ਨਾਂ ਸ਼ਾਮਿਲ ਕਰਾ ਲਿਆ ਸੀ।

ਹਾਂ। ਹਾਂ।

ਡਲਹੌਜੀ ਤੋਂ ਵਾਪਸੀ 'ਤੇ।

ਮੇਰੇ ਵਾਰ-ਵਾਰ ਜ਼ੋਰ ਦੇਣ 'ਤੇ ਵੀ ਗੋਪਾਲ ਮੇਰੇ ਨਾਲ ਦੀ ਸੀਟ 'ਤੇ ਨਹੀਂ ਬੈਠਾ ਸੀ। ਉਹ ਨੇ ਮੈਥੋਂ ਅਗਲੀ ਸੀਟ ਲਈ ਸੀ।

ਮੈਂ ਖ਼ੁਸ਼ ਸਾਂ। ਦੌਰਾ ਸਫ਼ਲ ਰਿਹਾ ਸੀ। ਗੋਪਾਲ ਨੇ ਮੇਰੇ ਸਾਹਮਣੇ ਬੈਠ ਕੇ ਡੀਓ ਲੈਟਰ ਲਿਖਿਆ ਸੀ। ਜਿਵੇਂ ਮੈਂ ਚਾਹੁੰਦੀ ਸੀ ਉਵੇਂ ਕੀਤਾ ਸੀ। ਉਹ ਤਾਂ ਆਪ ਬਾਜ਼ਾਰ ਜਾ ਕੇ ਟਾਈਪ ਕਰਵਾ ਕੇ ਲਿਆਇਆ ਸੀ। ਮੇਰੇ ਕਹਿਣ 'ਤੇ, ਜ਼ੋਰ ਪਾਉਣ 'ਤੇ ਉਹਨੇ ਦਸਖਤ ਵੀ ਕਰ ਦਿੱਤੇ ਸਨ। ਮੈਂ ਤਾਂ ਡਾਇਰੀ ਨੰ. ਲਗਵਾ ਕੇ ਪੋਸਟ ਕਰਨਾ ਸੀ।

ਹਾਂ। ਹਾਂ।

ਰਾਣੀ ਖੇਤ ਆ ਕੇ।

ਮੈਂ ਅਗਾਂਹ ਨੂੰ ਮੂੰਹ ਲਿਜਾ ਕੇ ਉਹਨੂੰ ਆਪਣੇ ਇਸ 'ਪਾਪ' ਬਾਰੇ ਫੇਰ ਪੁੱਛਿਆ ਸੀ।

ਉਹਨੇ ਅਗਾਂਹ ਵੱਲ ਨੂੰ ਦੇਖਦਿਆਂ ਹੋਇਆਂ ਦੱਸਿਆ ਸੀ, "ਪਾਪ ਪੂਪ ਕੁਝ ਨ੍ਹੀਂ ਹੁੰਦੇ। ਮੇਰੇ ਲਈ ਤਾਂ ਤੂੰ ਪੁੰਨ ਵਾਲਾ ਕੰਮ ਕੀਤਾ। ਘਰਦਿਆਂ ਪ੍ਰਤੀ ਆਪਣੇ ਫਰਜ਼ਾਂ ਨੂੰ ਨਿਭਾਉਣ 'ਚ ਤੂੰ ਕੋਈ ਕੁਤਾਹੀ ਨ੍ਹੀਂ ਕੀਤੀ। ਬੀ ਰੀਲੈਕਸ।"

ਮੈਂ ਬਾਹਰ ਵੱਲ ਦੇਖਣ ਲੱਗੀ ਸੀ। ਪਹਾੜ, ਰੁੱਖ, ਪੰਛੀ, ਤਾਜ਼ੀ ਹਵਾ, ਹਰਿਆਲੀ...ਮੇਰੇ ਸਾਹਮਣੇ ਕੁਦਰਤ ਦੇ ਅਜੀਬ ਨਜ਼ਾਰੇ ਸਨ। ਫੇਰ ਮੈਨੂੰ ਪਤਾ ਹੀ ਨਹੀਂ ਲੱਗਾ ਸੀ ਕਿ ਮੈਨੂੰ ਕਦੋਂ ਨੀਂਦ ਨੇ ਆ ਕੇ ਘੇਰਿਆ ਸੀ।

ਮੈਂ ਘੂਕ ਸੌਂ ਗਈ ਸੀ ਜਿਵੇਂ ਬਹੁਤ ਰਾਤਾਂ ਦੀ ਉਨੀਂਦਰੀ ਹੋਵਾਂ।



## ਕੁਰਬਾਨੀ

ਸਮੁੰਦਰੋਂ ਦੋ ਕੁ ਮੀਲ ਦੂਰ ਪੈਂਦਾ ਪੈਰਾਡਾਇਸ ਹੋਟਲ। ਰਾਤ ਦਾ ਪਿਛਲਾ ਪਹਿਰ। ਖੁੱਲ੍ਹੀ ਤਾਕੀ 'ਚੋਂ ਆਉਂਦੀ ਸਮੁੰਦਰ ਦੀ ਸਿੱਲੀ ਹਵਾ ਦੀ ਤਾਜ਼ਗੀ। ਲੰਬੇ ਸਫਰ ਦਾ ਥਕੇਵਾਂ। ਜਗਜੀਵਨ ਘੂਕ ਸੁੱਤਾ ਪਿਆ ਸੀ। ਤਿੰਨ ਸਾਲਾਂ ਦੀ ਡੌਲੀ ਉਹਦੇ ਸੱਜੇ ਪਾਸੇ ਪਈ ਸੀ। ਅਚਾਨਕ ਉਹ ਹੜਬੜਾ ਕੇ ਕੰਬਿਆ। ਉਹਦੇ ਮੂੰਹੋਂ ਨਿਕਲਿਆ, "ਪੰਮੀਏ-ਪੰਮੀਏ ਅਗਾਂਹ ਨਾ ਜਾਈਂ-ਅਗਾਂਹ ਨਾ ਜਾਈਂ-ਅੱਗੇ ਸੁੱਕਾ ਖੂਹ ਆ।" ਉਹ ਪਸੀਨੇ ਨਾਲ ਭਿੱਜ ਗਿਆ ਸੀ। ਦਿਲ ਦੀਆਂ ਧੜਕਨਾਂ ਬਹੁਤ ਹੀ ਤੇਜ਼ ਸਨ। ਲੱਗਦਾ ਸੀ ਜਿਵੇਂ ਕਿਸੇ ਦੌੜਾਕ ਨੇ ਸੌ ਮੀਟਰ ਦੀ ਦੌੜ ਪੂਰੀ ਕੀਤੀ ਹੋਵੇ।

ਸੰਗੀਤਾ ਉਠ ਕੇ ਬੈਠ ਗਈ। ਉਹ ਨੇ ਜਗਜੀਵਨ ਦੇ ਵਾਲਾਂ 'ਚ ਉਂਗਲਾਂ ਫੇਰੀਆਂ। ਜਦੋਂ ਕਦੇ ਵੀ ਉਹਦੀ ਅਜਿਹੀ ਹਾਲਤ ਹੁੰਦੀ ਹੈ ਤਾਂ ਉਹ ਉਸ ਦੇ ਵਾਲਾਂ ਵਿੱਚ ਹੱਥ ਫੇਰਦੀ ਹੈ। ਪਹਿਲਾਂ ਹੌਲੀ-ਹੌਲੀ। ਫੇਰ ਤੇਜ਼ੀ ਨਾਲ। ਇਸ ਨਾਲ ਉਹ ਨੌਰਮਲ ਹੁੰਦਾ ਹੈ। ਉਹ ਅਜਿਹਾ ਉਦੋਂ ਤੱਕ ਕਰਦੀ ਜਦੋਂ ਤੱਕ ਉਹ ਮੁੜ ਸੌਂ ਨਾ ਜਾਂਦਾ। ਜਾਂ ਕੋਈ ਗੱਲਬਾਤ ਨਾ ਛੇੜਦਾ। ਫੇਰ ਉਨ੍ਹਾਂ ਦੀ ਗੱਲ ਬਾਤ ਦੋ ਤਿੰਨ ਘੰਟੇ ਲੰਮੀ ਚੱਲਦੀ। ਉਹ ਸਭ ਕੁਝ ਭੁੱਲ ਭੁਲਾ ਜਾਂਦਾ। ਫੇਰ ਭਰਵੀਂ ਨੀਂਦ ਸੌਂ ਜਾਂਦਾ।

ਸੰਗੀਤਾ ਨੇ ਲਾਈਟ ਔਨ ਕੀਤੀ। ਜਗਜੀਵਨ ਦਾ ਚਿਹਰਾ ਉਖੜਿਆ-ਉਖੜਿਆ ਸੀ। ਉਹਨੇ ਜਗਜੀਵਨ ਦਾ ਮੂੰਹ ਆਪਣੇ ਵੱਲ ਕਰਕੇ ਪੁੱਛਿਆ, "ਡਾਕਟਰ ਸਾਹਿਬ ਕੀ ਹੋਇਆ?"

"ਪੰਮੀ...ਖੂਹ-ਛਾਲ," ਜਗਜੀਵਨ ਨੇ ਅਰਧ ਉਨੀਂਦਰੇ ਜਿਹੇ ਦੀ ਅਵਸਥਾ 'ਚ ਹੀ ਦੱਸਿਆ। ਉਹ ਅਜੇ ਆਪਣੀ ਪੂਰੀ ਹੋਸ਼ ਵਿੱਚ ਨਹੀਂ ਸੀ। ਉਹਨੂੰ ਪੰਮੀ ਦਾ ਝੌਲਾ ਜਿਹਾ ਰੂਪ ਦਿੱਸ ਰਿਹਾ ਸੀ।

ਸੰਗੀਤਾ ਨੇ ਮੇਜ਼ 'ਤੇ ਮੂਧੀ ਮਾਰੀ ਘੜੀ 'ਤੇ ਸਮਾਂ ਦੇਖਿਆ। ਦੋ ਵਜ ਕੇ ਪਚਵੰਜਾ ਮਿੰਟ ਹੋਏ ਸਨ। ਜਦੋਂ ਦਾ ਉਨ੍ਹਾਂ ਦਾ ਵਿਆਹ ਹੋਇਆ, ਉਹ ਸੌਣ ਲੱਗਿਆਂ ਘੜੀਆਂ ਲਾਹ ਕੇ ਮੂਧੀਆਂ ਮਾਰ ਦਿੰਦੇ ਹਨ। ਉਨ੍ਹਾਂ ਦੇ ਡਰਾਇੰਗ ਰੂਮ 'ਚ, ਬੈੱਡ ਰੂਮ 'ਚ ਕੋਈ ਵਾਲ ਕਲਾਕ ਨਹੀਂ ਲੱਗਾ। ਉਹ ਨੌਂ ਵਜੇ ਤੋਂ ਬਾਅਦ ਕਿਸੇ ਦਾ ਮੋਬਾਇਲ ਨਹੀਂ ਸੁਣਦੇ।



www.PunjabiLibrary.com

ਪੰਜ ਵਜੇ ਉੱਠਦੇ ਹਨ। ਤਿੰਨ ਮੀਲ ਲੰਬੀ ਸੈਰ ਕਰਕੇ, ਚਾਹ ਪੀ ਕੇ ਮਿਸ ਕਾਲਾਂ ਚੈੱਕ ਕਰਦੇ ਹਨ। ਬਹੁਤੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਉਨ੍ਹਾਂ ਦੀ ਇਸ ਆਦਤ ਦਾ ਪਤਾ ਹੈ।

ਉਹਨੇ ਤਿੰਨ ਚਾਰ ਵਾਰ 'ਡਾਕਟਰ ਸਾਹਿਬ, ਡਾਕਟਰ ਸਾਹਿਬ' ਕਿਹਾ। ਉਹਨੇ ਜਗਜੀਵਨ ਨੂੰ ਉਠਾਲ ਕੇ ਬੈਠਾ ਦਿੱਤਾ। ਜਗਜੀਵਨ ਨੇ ਸਿਰ ਨੂੰ ਦੋ ਤਿੰਨ ਵਾਰ ਝਟਕੇ ਜਿਹੇ ਦਿੱਤੇ। ਲੱਗਦਾ ਸੀ ਕਿ ਜਿਵੇਂ ਉਸ ਦਾ ਸਿਰ ਭਾਰਾ-ਭਾਰਾ ਹੋ ਗਿਆ ਹੋਵੇ। ਉਹ ਬਾਥਰੂਮ 'ਚ ਚਲੇ ਗਿਆ।

ਸੰਗੀਤਾ ਅਜਿਹੀ ਸਥਿਤੀ ਦਾ ਦਰਜਨਾਂ ਵਾਰ ਸਾਹਮਣਾ ਕਰ ਚੁੱਕੀ ਹੈ। ਕਈ ਵਾਰ ਉਹਨੂੰ ਇਸ ਤੋਂ ਅਕੇਵਾਂ ਹੋ ਜਾਂਦਾ ਹੈ। ਖਿੱਝ ਜਿਹੀ ਚੜ੍ਹਦੀ ਹੈ। ਕਦੇ ਕਦਾਈਂ ਸੰਗੀਤਾ ਸ਼ੱਕੀ ਵੀ ਹੋ ਜਾਂਦੀ ਹੈ। ਉਹਨੂੰ ਲੱਗਦਾ ਹੈ ਕਿ ਇਹ ਔਰਤ ਪੰਮੀ ਨਹੀਂ, ਅਮਰਜੀਤ ਹੈ। ਜਗਜੀਵਨ ਉਸ ਨਾਲ ਝੂਠ ਬੋਲ ਰਿਹਾ ਹੈ। ਉਸ ਨੂੰ ਇਹ ਵੀ ਲੱਗਦਾ ਹੈ ਕਿ ਸ਼ਾਇਦ ਦੋਵੇਂ ਹੀ ਹੋਣ। ਜਗਜੀਵਨ ਗੱਲਾਂ ਵੀ ਇਨ੍ਹਾਂ ਦੋਹਾਂ ਬਾਰੇ ਹੀ ਕਰਦਾ ਹੈ। ਅਕਸਰ ਕਿਸੇ ਨਾਲ ਕਿਸੇ ਗੱਲ 'ਚ ਇਨ੍ਹਾਂ ਦਾ ਜ਼ਿਕਰ ਆ ਹੀ ਜਾਂਦਾ ਹੈ। ਪਰ ਜਿਨ੍ਹਾਂ ਪਲਾਂ 'ਚ ਉਹ ਜਗਜੀਵਨ ਦੀ ਅਜਿਹੀ ਹਾਲਤ ਦੇਖਦੀ ਹੈ, ਉਨ੍ਹਾਂ ਪਲਾਂ 'ਚ ਸ਼ੱਕ ਦੀ ਕੋਈ ਗੁੰਜਾਇਸ਼ ਵੀ ਨਹੀਂ ਰਹਿੰਦੀ। ਉਹ ਸ਼ੱਕ ਤੇ ਅਸਲੀਅਤ 'ਚ ਉਲਝ ਜਾਂਦੀ।

ਵਾਪਸ ਆ ਕੇ ਉਹਨੇ ਸੰਗੀਤਾ ਨੂੰ ਪੁੱਛਿਆ, "ਮੇਰੇ ਅੰਦਰ ਖੋਹ ਪੈ ਰਹੀ ਆ। ਦਿਲ ਘਟਦਾ। ਕੋਈ ਖਾਣ ਪੀਣ ਵਾਲੀ ਚੀਜ਼ ਮਿਲ ਸਕਦੀ ਆ?"

"ਰਿਸੈਪਸਨਿਸਟ ਨੂੰ ਇੰਟਰਕਾੱਮ ਤੇ ਪੁੱਛਾਂ।"

"ਨ੍ਹੀਂ, ਆਪਣੇ ਕੋਲ ਸੇਬ ਹੋਣੇ।"

"ਹੈਗੇ ਆ।"

"ਫੇਰ, ਲਿਆ।"

ਸੰਗੀਤਾ ਨੇ ਉਹਨੂੰ ਸੇਬ ਚੀਰ ਕੇ ਦਿੱਤਾ। ਇਕ ਪੀਸ ਆਪ ਵੀ ਲਿਆ। ਇਸ ਵਿਚਕਾਰ ਉਨ੍ਹਾਂ ਕੋਈ ਗੱਲ ਨਾ ਕੀਤੀ। ਸੰਗੀਤਾ ਨੂੰ ਲੱਗਾ ਕਿ ਜਗਜੀਵਨ ਦੇ ਦਿਮਾਗ 'ਤੇ ਅਜੇ ਵੀ ਪੰਮੀ ਦਾ ਸੁਪਨਾ ਭਾਰੂ ਹੈ। ਉਹ ਦੋਬਾਰਾ ਸੌਂਵੇਗਾ ਤਾਂ ਹੀ ਉਹ ਨੌਰਮਲ ਹੋਵੇਗਾ। ਉਸ ਕੋਈ ਗੱਲ ਨਹੀਂ ਛੇੜੀ। ਉਹਨੂੰ ਖਾਂਦੇ ਨੂੰ ਦੇਖਦੀ ਰਹੀ।

ਸੇਬ ਖਤਮ ਹੋਇਆ ਤਾਂ ਉਹਨੇ ਪੁੱਛਿਆ, "ਕੁਸ਼ ਹੋਰ ਤਾਂ ਨ੍ਹੀਂ ਚਾਹੀਦਾ?"

"ਨ੍ਹੀਂ-ਐਨੇ ਨਾਲ ਹੀ ਸਰ ਗਿਆ।"

ਜਗਜੀਵਨ ਨੇ ਨੰਗੇ ਪੈਰੀਂ ਹੀ ਕਮਰੇ ਵਿੱਚ ਪੰਜ ਸੱਤ ਗੇੜੇ ਕੱਢੇ। ਬਾਹਾਂ, ਤਾਂਹ ਨੂੰ ਕਰਕੇ ਲੱਕ ਦੇ ਜੋੜਾਂ ਨੂੰ ਹਿਲਾਇਆ। ਲਾਈਟ ਬੰਦ ਕਰ ਦਿੱਤੀ। ਸੰਗੀਤਾ ਨੂੰ ਆਪਣੇ ਵੱਲ ਖਿੱਚ ਲਿਆ। ਕਿਹਾ, "ਹੁਣ ਤੂੰ ਮੈਨੂੰ ਸੁਲਾ ਦੇ।"

ਸੰਗੀਤਾ ਨੇ ਉਸ ਨੂੰ ਛੇੜਿਆ, "ਕੀ ਕਹਿੰਦੀ ਸੀ ਉਹ?"

"ਉਸ ਵਿਚਾਰੀ ਨੇ ਕਹਿਣਾ ਕੀ ਹੁੰਦਾ। ਉਹ ਸ਼ਹਿਰ ਨੂੰ ਜਾ ਰਹੀ ਸੀ। ਮਗਰ ਇਕ ਕੁੱਤਾ ਲੱਗ ਗਿਆ। ਉਹ ਸੰਨਤੋੜ ਦੌੜੀ। ਕੁੱਤਾ ਸੂਰ ਬਣ ਗਿਆ। ਅੱਗੇ ਖੂਹ ਆ ਗਿਆ।"



"ਉਹ ਤੁਹਾਡੇ ਮਨ 'ਚੋਂ ਨਿਕਲਦੀ ਕਿਉਂ ਨ੍ਹੀਂ?"

"ਇਹਦਾ ਮੈਨੂੰ ਵੀ ਨ੍ਹੀਂ ਪਤਾ।"

"ਕਿਉਂ?"

"ਤੂੰ ਆਪ ਮੈਨੂੰ ਸਾਈਕੋਲੋਜਿਸਟ ਡਾਕਟਰ ਦੁਸਾਂਝ ਕੋਲ ਲੈ ਕੇ ਗਈ ਸੀ। ਉਸ ਦੱਸਿਆ ਸੀ ਕਿ ਕੁਝ ਗੱਲਾਂ ਸਾਡੇ ਅਚੇਤ ਮਨ 'ਚ ਘਰ ਕਰ ਜਾਂਦੀਆਂ। ਉਹ ਸਾਰੀ ਉਮਰ ਨਿਕਲਦੀਆਂ ਹੀ ਨ੍ਹੀਂ। ਪੰਮੀ ਵੀ ਉਨ੍ਹਾਂ 'ਚੋਂ ਆ। ਤੈਨੂੰ ਮੈਂ ਉਹਦੇ ਬਾਰੇ ਸਭ ਕੁਸ਼ ਦੱਸਿਆ। ਮਿਲਾਇਆ। ਇਕ ਗੱਲ ਹੋਰ ਆ-ਮੈਨੂੰ ਪਿੰਡ ਛੱਡਿਆਂ ਪੰਦਰਾਂ ਸਾਲ ਹੋ ਗਏ। ਪਰ ਮੈਨੂੰ ਸੁਪਨੇ ਪਿੰਡ ਦੇ ਆਉਂਦੇ। ਕੋਈ ਗੱਲ/ਘਟਨਾ ਸ਼ਹਿਰ ਦੀ ਹੁੰਦੀ ਆ, ਦਿੱਸਦੀ ਪਿੰਡ ਜਾ ਕੇ ਆ। ਦੱਸ-ਤੂੰ ਇਸ ਨੂੰ ਕੀ ਕਹੇਂਗੀ? ਇਹ ਸਾਲਾ ਮਨ ਬੜੀ ਅਜੀਬ ਸ਼ੈਅ।"

"ਕਿਤੇ ਅਮਰਜੀਤ ਪੰਮੀ ਤਾਂ ਨ੍ਹੀਂ ਬਣ ਜਾਂਦੀ?"

"ਤੈਨੂੰ ਅਮਰਜੀਤ ਕੋਲੋਂ ਡਰ ਕਿਉਂ ਲੱਗਦਾ?"

"ਨ੍ਹੀਂ, ਐਦਾਂ ਦੀ ਕੋਈ ਗੱਲ ਨ੍ਹੀਂ।"

"ਤੂੰ ਦੋਹਾਂ ਨੂੰ ਕਿਉਂ ਰਲਾ ਦਿੱਤਾ? ਪੰਮੀ ਬਿਲਕੁਲ ਅਨਪੜ੍ਹ ਆ। ਅਮਰਜੀਤ ਪੜ੍ਹੀ ਲਿਖੀ ਔਰਤ ਆ।"

"ਮੈਨੂੰ ਤਾਂ ਇਹ ਇਕੋ ਰੂਪ ਲੱਗਦਾ।"

"ਇੱਥੇ ਹੀ ਤਾਂ ਤੂੰ ਗਲਤੀ ਕਰ ਰਹੀ ਆਂ।"

"ਸੱਚ ਦੀਆਂ ਕਈ ਪਰਤਾਂ ਹੁੰਦੀਆਂ।"

"ਤੈਨੂੰ ਮੇਰੀਆਂ ਗੱਲਾਂ 'ਤੇ ਵਿਸ਼ਵਾਸ ਕਿਉਂ ਨ੍ਹੀਂ ਹੁੰਦਾ?"

"ਸੱਚ ਤੇ ਵਿਸ਼ਵਾਸ ਦੋ ਅੱਡ-ਅੱਡ ਕਨਸੈਪਟ ਆ।"

"ਛੱਡ ਯਾਰ-ਤੂੰ ਕਿਹੜੇ ਵੇਲੇ ਕਿਹੜਾ ਰਾਗ ਛੇੜ ਲਿਆ। ਆਪਾਂ ਗੋਆ ਮਜ਼ਾ ਲੈਣ ਆਏ ਆਂ। ਬੱਸ ਮਜ਼ਾ ਲੈ।"

ਫੇਰ ਜਗਜੀਵਨ ਨੇ ਉਸ ਨੂੰ ਬੁਰੀ ਤਰ੍ਹਾਂ ਥਕਾ ਦਿੱਤਾ। ਉਹ ਜਲਦੀ ਹੀ ਦੂਜੇ ਪਾਸੇ ਮੂੰਹ ਕਰਕੇ ਸੌਂ ਗਿਆ। ਪਰ ਸੰਗੀਤਾ ਨੂੰ ਨੀਂਦ ਨਹੀਂ ਆਈ ਸੀ। ਉਸ ਨੂੰ ਲੱਗਿਆ ਕਿ ਜਗਜੀਵਨ ਕੋਲ ਇਹ ਵੀ ਇਕ ਤਰ੍ਹਾਂ ਦਾ ਹੱਥਿਆਰ ਹੈ। ਉਸਦੇ ਸਾਹਮਣੇ ਵਾਰ-ਵਾਰ ਅਮਰਜੀਤ ਆ ਜਾਂਦੀ। ਉਹਨੂੰ ਅਮਰਜੀਤ ਦਾ ਕੱਦ ਆਪਣੇ ਨਾਲੋਂ ਵੱਡਾ ਲੱਗਦਾ। ਫੇਰ ਅਜੀਬ ਕਿਸਮ ਦੀਆਂ ਘਟਨਾਵਾਂ ਨੇ ਉਹਨੂੰ ਬੇਚੈਨ ਕੀਤਾ। ਇਨ੍ਹਾਂ ਵਿਚਕਾਰ ਹੀ ਉਹਨੂੰ ਯਾਦ ਆਇਆ ਕਿ ਉਸ ਕਿਤੇ ਪੜ੍ਹਿਆ ਸੀ ਕਿ ਦੁਨੀਆਂ ਦੀਆਂ ਚੀਜ਼ਾਂ ਦੇ ਦੋ ਵਿਰੋਧੀ ਪੱਖ ਹੁੰਦੇ ਹਨ। ਸਵਰਗ ਯਾਂਗ ਹੈ। ਧਰਤੀ ਯਿਨ ਹੈ। ਸਵਰਗ ਗਤੀ ਤੇ ਧਰਤੀ ਸ਼ਾਂਤੀ ਦੇ ਪ੍ਰਤੀਨਿੱਧ ਵੱਜੋਂ ਇਕ ਦੂਜੇ ਦੇ ਬਦਲ ਹਨ। ਇਨ੍ਹਾਂ ਦੋ ਧਰੁਵਾਂ ਦੇ ਵਿਚਕਾਰ ਮਨੁੱਖ ਜਾਤ ਹੈ ਜਿਸ ਵਿੱਚ ਦੋਹਾਂ ਧਰੁਵਾਂ ਦੀ ਊਰਜਾ ਮਿਲੀ ਹੋਈ ਹੈ। ਇਹ ਊਰਜਾ ਕ੍ਰਿਆਸ਼ੀਲ ਰਹਿੰਦੀ ਹੈ। ਯਿਨ ਤੇ ਯਾਂਗ ਦੇ ਪ੍ਰਤੀਕਾਂ 'ਚ ਦੋ ਬਿੰਦੂਆਂ ਦਾ ਅਰਥ ਹੈ ਕਿ ਜਦੋਂ ਇਹ ਊਰਜਾਵਾਂ ਆਪਣੀ ਚਰਮ ਸੀਮਾ 'ਤੇ ਪਹੁੰਚ ਜਾਂਦੀਆਂ ਹਨ ਤਾਂ ਦੂਜੇ ਦਾ ਬੀਜ ਗ੍ਰਹਿਣ ਕਰ ਲੈਂਦੀਆਂ ਹਨ। ਉਹਨੇ ਡੌਲੀ ਨੂੰ ਆਪਣੀ ਹਿੱਕ 'ਤੇ ਪਾ ਲਿਆ। ਉਹ ਛੇ ਵਜੇ ਤੱਕ ਸੌਂ ਨਾ ਸਕੀ।



www.PunjabiLibrary.com

ਅਕਤੂਬਰ, 1991।

ਯੂਨੀਵਰਸਿਟੀ 'ਚ ਪੜ੍ਹਦਿਆਂ ਜਗਜੀਵਨ ਤੇ ਅਮਰਜੀਤ ਦੀ ਜੋੜੀ ਦੇ ਚਰਚੇ ਪੂਰੇ ਜ਼ੋਰਾਂ 'ਤੇ ਚਲਦੇ ਸਨ। ਉਹ ਦੋਵੇਂ ਜਣੇ ਮਦ-ਮਸਤ ਹੋਏ ਆਪਣੇ ਰਾਹ 'ਤੇ ਤੁਰਦੇ ਰਹੇ। ਉਨ੍ਹਾਂ ਕਿਸੇ ਦੀ ਪ੍ਰਵਾਹ ਨਹੀਂ ਕੀਤੀ ਸੀ। ਇਕੱਠੇ ਲਾਇਬ੍ਰੇਰੀ 'ਚ ਬੈਠਦੇ। ਫ਼ਿਲਮ ਦੇਖਣ ਜਾਂਦੇ। ਅਮਰਜੀਤ ਅੰਮ੍ਰਿਤਸਰ ਦੇ ਖਾਂਦੇ ਪੀਂਦੇ ਪਰਿਵਾਰ ਦੀ ਧੀ ਸੀ। ਉਹਨੇ ਘਰਦਿਆਂ 'ਤੇ ਜ਼ੋਰ ਪਾ ਕੇ ਹੋਸਟਲ ਵਿੱਚ ਹੀ ਰਹਿਣਾ ਸ਼ੁਰੂ ਕਰ ਦਿੱਤਾ ਸੀ। ਉਹ ਸੋਚਦੀ ਸੀ ਕਿ ਘਰ ਵਿੱਚ ਰਹਿ ਕੇ ਉਸ ਕੋਲੋਂ ਪੜ੍ਹਾਈ ਨਹੀਂ ਕੀਤੀ ਜਾਣੀ। ਫੇਰ ਜਦੋਂ ਮਨ ਕਰੇ ਉਹ ਘਰੇ ਚਲੀ ਜਾਂਦੀ ਜਾਂ ਘਰ ਦੇ ਆ ਜਾਂਦੇ। ਟੈਲੀਫ਼ੂਨ ਕਰ ਲੈਂਦੇ। ਜਗਜੀਵਨ ਅਨੇਕਾਂ ਵਾਰ ਉਨ੍ਹਾਂ ਦੇ ਘਰੇ ਜਾ ਆਇਆ ਸੀ। ਉਹ ਘਰ ਦੇ ਇਕੱਲੇ-ਇਕੱਲੇ ਜੀਅ ਨੂੰ ਜਾਣਦਾ ਸੀ।

"ਮੈਨੂੰ ਲੱਗਦਾ-ਤੁਹਾਡਾ ਧਿਆਨ ਪੜ੍ਹਾਈ ਵੱਲ ਘੱਟ-ਮੇਰੇ ਵੱਲ ਜ਼ਿਆਦਾ ਹੁੰਦਾ ਜਾ ਰਿਹਾ।" ਇਕ ਦਿਨ ਅਮਰਜੀਤ ਨੇ ਉਸ ਨੂੰ ਸਖਤੀ ਨਾਲ ਕਿਹਾ ਸੀ।

"ਹੂੰ।"

"ਜਨਾਬ-ਆਪਾਂ ਕੈਰੀਅਰ ਬਣਾਉਣਾ। ਮੈਂ ਕਿਤੇ ਦੌੜ ਨ੍ਹੀਂ ਚੱਲੀ। ਤੁਹਾਡੀ ਫਸਟ ਪ੍ਰੈਫਰੈਂਸ ਕੈਰੀਅਰ ਹੋਣਾ ਚਾਹੀਦਾ।"

"ਮੈਨੂੰ ਪਤਾ।"

"ਕੀ ਪਤਾ?"

"ਇਹੀ ਕਿ ਪਾਰਟ ਫਸਟ 'ਚ ਸਿਕਸਟੀ ਟੂ ਪ੍ਰਸੈਂਟ ਮਾਰਕਸ ਲਏ ਸੀ। ਇਸ ਸਾਲ ਘੱਟੋ ਘੱਟ ਸਿਕਸਟੀ ਏਟ ਪ੍ਰਸੈਂਟ ਮਾਰਕਸ ਲੈਣੇ ਆਂ।"

"ਸ਼ਿਉਰ।"

ਇਕ ਦਿਨ ਫ਼ਿਲਮ ਦੇਖ ਕੇ ਵਾਪਸ ਆਉਂਦਿਆਂ ਸਾਰ ਹੀ ਜਗਜੀਵਨ ਨੇ ਅਮਰਜੀਤ ਨੂੰ ਕਿਹਾ, "ਚਲ, ਹਰਮਿੰਦਰ ਸਾਹਿਬ ਜਾ ਕੇ ਲਾਵਾਂ ਲੈ ਲਈਏ।"

"ਮੈਨੂੰ ਕੋਈ ਵੀ ਕੰਮ ਚੋਰੀ-ਚੋਰੀ ਕਰਦਿਆਂ ਚੰਗਾ ਨ੍ਹੀਂ ਲੱਗਦਾ। ਮੇਰੀ ਇੱਛਾ ਆ ਕਿ ਸਾਡਾ ਵਿਆਹ ਧੂਮ-ਧੜਕੇ ਨਾਲ ਹੋਵੇ। ਅਸੀਂ ਕਿਸੇ ਰਿਜ਼ੋਟ 'ਚ ਵੱਡੀ ਪਾਰਟੀ ਕਰੀਏ।"

"ਦਾਸ-ਹਾਜ਼ਰ ਆ।"

"ਫੇਰ ਆਪਣੇ ਘਰਦਿਆਂ ਨਾਲ ਗੱਲ ਕਰੋ। ਮੇਰਿਆਂ ਨੂੰ ਪਤਾ।"

"ਇਹ ਫੈਸਲਾ ਵੀ ਅਗਲੇ ਹਫ਼ਤੇ ਹੋ ਜਾਊ।"

"ਇਕ ਗੱਲ ਦੱਸੋ-ਤੁਹਾਨੂੰ ਵਿਆਹ ਦਾ ਫੁਰਨਾ ਕਿਵੇਂ ਫੁਰਿਆ?"

"ਘੂਰਦੀਆਂ ਨਜ਼ਰਾਂ ਤੋਂ ਬਚਣ ਲਈ ਵਿਆਹ ਤਾਂ ਕਰਾਉਣਾ ਪੈਣਾ।"

"ਵਿਆਹ ਬਿਨਾਂ ਵੀ ਆਪਾਂ ਇਕੱਠੇ ਰਹਿ ਸਕਦੇ ਆਂ।"

"ਬਲੀਏ-ਵਿਆਹ ਵਿਆਹ ਹੀ ਹੁੰਦਾ।"

"ਜੇ ਤੁਸੀਂ ਏਥੋਂ ਤੱਕ ਸੋਚੀਂ ਬੈਠੇ ਹੋ ਤਾਂ ਮੈਂ ਤੁਹਾਡੇ ਲਈ ਸਭ ਕੁਸ਼ ਨਿਛਾਵਰ



ਕਰਨ ਨੂੰ ਤਿਆਰ ਆਂ। ਬੋਲੋ ਕਿੱਥੇ ਚਲਣਾ?"

"ਤੂੰ ਇਹ ਕਿਵੇਂ ਸੋਚ ਲਿਆ?"

"ਮੈਂ ਤੁਹਾਡੀ ਨਜ਼ਰਾਂ ਦੀ ਇਬਾਦਤ ਪੜ੍ਹ ਲਈ ਆ।"

"ਉੱਥੇ ਕੀ ਆ?"

"ਅੱਧਾ ਪਿਆਰ-ਅੱਧੀ ਵਾਸਨਾ।"

"ਏਥੇ ਤੂੰ ਗਲਤੀ ਕਰ ਗਈ। ਹਨਡਰਡ ਪ੍ਰਸੈਂਟ ਲਵ। ਦੂਜੇ ਆਸਪੈਕਟ ਬਾਰੇ ਕਦੇ ਸੋਚਿਆ ਨ੍ਹੀਂ।"

ਆਵੇਗ ਵਿੱਚ ਆ ਕੇ ਅਮਰਜੀਤ ਨੇ ਉਸ ਦੇ ਮੱਥੇ ਨੂੰ ਚੁੰਮ ਲਿਆ ਸੀ। ਫੇਰ ਗੰਭੀਰ ਹੁੰਦਿਆਂ ਕਿਹਾ ਸੀ, "ਫੇਰ ਤਾਂ ਮੈਂ ਗਲਤ ਸੋਚਦੀ ਰਹੀ। ਸ਼ਾਇਦ ਇਹ ਮੇਰਾ ਡਰ ਸੀ।"

ਹਫ਼ਤੇ ਕੁ ਬਾਅਦ ਜਗਜੀਵਨ ਦੇ ਭਾਪਾ ਜੀ ਉਹਨੂੰ ਮਿਲਣ ਆਏ। ਉਹ ਨੇ ਅਮਰਜੀਤ ਨੂੰ ਉਨ੍ਹਾਂ ਨਾਲ ਮਿਲਾਇਆ। ਉਸ ਨੇ ਦੱਸਿਆ ਕਿ ਯੂਨੀਵਰਸਿਟੀ ਛੱਡਣ ਉਪਰੰਤ ਉਨ੍ਹਾਂ ਵਿਆਹ ਕਰਵਾ ਲੈਣਾ ਹੈ। ਭਾਪਾ ਜੀ ਨੂੰ ਅਮਰਜੀਤ ਪ੍ਰਸੰਦ ਆ ਗਈ ਸੀ। ਪਰ ਜਦੋਂ ਉਨ੍ਹਾਂ ਨੇ ਅਮਰਜੀਤ ਦੀ ਜਾਤ ਪੁੱਛੀ ਤਾਂ ਉਨ੍ਹਾਂ ਦਾ ਜਵਾਬ ਸੀ, "ਇਹ ਕੱਪੜੇ ਸਿਉਣੀ ਜਾਤ ਮੇਰੇ ਪੋਤੇ-ਪੋਤੀਆਂ ਜੰਮੇਗੀ-ਇਹ ਕਦੇ ਨ੍ਹੀਂ ਹੋਣਾਂ।"

ਜਦੋਂ ਇਸ ਗੱਲ ਦਾ ਪਤਾ ਅਮਰਜੀਤ ਦੇ ਭਰਾਵਾਂ ਨੂੰ ਲੱਗਾ ਤਾਂ ਉਹ ਕੱਪੜਿਆਂ ਤੋਂ ਬਾਹਰ ਹੋ ਗਏ, "ਇਹ ਮੰਗ ਖਾਣਾ ਪੰਡਤ-ਸਾਨੂੰ ਸਾਡੀ ਔਕਾਤ ਦਿਖਾਉਂਦਾ। ਅਸੀਂ ਚਾਰੇ ਭਰਾ ਗਜ਼ਟਡ ਅਫ਼ਸਰ ਲੱਗੇ ਆਂ। ਚਾਰਾਂ ਕੋਲ ਆਪਣੀਆਂ ਕਾਰਾਂ। ਇਨ੍ਹਾਂ ਦੇ ਟੱਬਰ 'ਚੋਂ ਕੋਈ ਕਦੇ ਕਲਰਕ ਵੀ ਨ੍ਹੀਂ ਲੱਗਾ ਹੋਣਾਂ।"

****

ਦਸੰਬਰ ਦੀਆਂ ਛੁੱਟੀਆਂ ਹੋਈਆਂ ਤਾਂ ਅਮਰਜੀਤ ਦੇ ਭਰਾ ਉਸ ਦਾ ਸਾਮਾਨ ਹੋਸਟਲ 'ਚੋਂ ਚੁੱਕ ਲਿਆਏ ਸਨ। ਉਨ੍ਹਾਂ ਫੈਸਲਾ ਕਰ ਲਿਆ ਸੀ ਕਿ ਹੁਣ ਅਮਰਜੀਤ ਹੋਸਟਲ 'ਚ ਨਹੀਂ, ਘਰੇ ਰਹੇਗੀ।

ਜਾਣ ਤੋਂ ਪਹਿਲਾਂ ਅਮਰਜੀਤ ਜਗਜੀਵਨ ਨੂੰ ਮਿਲੀ ਸੀ। ਜਗਜੀਵਨ ਦੀ ਹਾਲਤ ਅਰਧ ਪਾਗਲਾਂ ਜਿਹੀ ਹੋ ਗਈ ਸੀ। ਪਤਾ ਨਹੀਂ ਉਸ ਕਿੰਨੀ ਕੁ ਵਾਰ 'ਦੇਵਦਾਸ' ਫ਼ਿਲਮ ਦੇਖੀ ਸੀ। ਉਸ ਸੁੰਨੀਆਂ-ਸੁੰਨੀਆਂ ਨਜ਼ਰਾਂ ਨਾਲ ਅਮਰਜੀਤ ਵੱਲ ਦੇਖਿਆ ਸੀ। ਫੇਰ ਉਹ ਚੀਕਾਂ ਮਾਰ-ਮਾਰ ਰੋਇਆ ਸੀ। ਉਸ ਕਿਹਾ ਸੀ, "ਮੈਨੂੰ ਇਕੱਲੇ ਨੂੰ ਛੱਡ ਦਿਉ। ਮੈਂ ਇਕੱਲਾ ਰਹਿਣਾ ਚਾਹੁੰਦਾ ਆਂ।"

ਅਮਰਜੀਤ ਦੀ ਚੁੰਨੀ ਹੰਝੂਆਂ ਨਾਲ ਭਿੱਜ ਗਈ ਸੀ। ਉਹ ਵਾਰ-ਵਾਰ ਕਹਿ ਰਹੀ ਸੀ, "ਇਹ ਜ਼ਿੰਦਗੀ ਦਾ ਕਿਹਾ ਮੋੜ ਆ।" ਜਾਂਦਿਆਂ ਹੋਇਆਂ ਉਸ ਜਗਜੀਵਨ ਨੂੰ ਪਿੱਛੋਂ ਦੀ ਜੱਫ਼ੀ ਪਾ ਕੇ ਸਮਝਾਉਂਦਿਆਂ ਹੋਇਆਂ ਕਿਹਾ ਸੀ, "ਆਪਣੇ ਆਪ ਨੂੰ ਸੰਭਾਲੋ।"

ਅਮਰਜੀਤ ਨੂੰ ਆਪ ਸਮਝ ਨਹੀਂ ਆਉਂਦੀ ਸੀ ਕਿ ਉਹ ਇਸ ਸਥਿਤੀ ਦਾ ਕਿਵੇਂ ਸਾਹਮਣਾ ਕਰੇ। ਲੰਘਦਿਆਂ-ਵੜਦਿਆਂ ਉਨ੍ਹਾਂ ਦਾ ਸਾਹਮਣਾ ਹੋ ਜਾਂਦਾ ਤਾਂ ਉਹ ਹੱਥ ਜੋੜ



www.PunjabiLibrary.com

ਕੇ ਨਮਸਕਾਰ ਕਹਿੰਦਾ। ਕਲਾਸ ਰੂਮ ਵਿੱਚੋਂ ਬਾਹਰ ਆਉਂਦਿਆਂ ਅਮਰਜੀਤ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਉਂਦੀ। ਦੋਹਾਂ ਦੇ ਚਿਹਰੇ 'ਤੇ ਮੁਸਕਰਾਹਟ ਫੈਲਦੀ। ਇਸ ਗੱਲ ਦਾ ਕਿਸੇ ਨੂੰ ਪਤਾ ਨਹੀਂ ਲੱਗਾ ਕਿ ਇਹ ਮੁਸਕਰਾਹਟ ਬਨਾਉਟੀ ਹੈ ਜਾਂ ਕਿ ਅਸਲੀ। ਇਸ ਤੋਂ ਵੱਧ ਕੋਈ ਹੋਰ ਗੱਲ ਨਾ ਹੋਈ। ਦੋਹਾਂ ਪਾਸਿਆਂ ਤੋਂ ਇਹ ਦੂਰੀ ਵੱਧਣ ਲੱਗੀ ਸੀ। ਦੋਹੀਂ ਇਕ ਦੂਜੇ ਕੋਲੋਂ ਬਚ ਕੇ ਨਿਕਲਣਾ ਚਾਹੁੰਦੇ ਸਨ। ਫੇਰ ਪਹਿਲ ਅਮਰਜੀਤ ਨੇ ਕੀਤੀ ਸੀ। ਵਿਸਾਖੀ ਵਾਲੇ ਦਿਨ ਉਸ ਜਗਜੀਵਨ ਨੂੰ ਗਰੀਟਿੰਗ ਕਾਰਡ ਭੇਜਿਆ ਸੀ ਜਿਸ 'ਤੇ ਲਿਖਿਆ ਸੀ : "ਪਿਛਲੀ ਵਿਸਾਖੀ ਤੇ ਆਪਾਂ ਰੀਗਲ ਥੀਏਟਰ ਵਿੱਚ 'ਓਮਰਾਉ ਜਾਨ' ਫ਼ਿਲਮ ਦੇਖਣ ਗਏ ਸੀ। ਯਾਦ ਹੈ ਨਾ ? ਬੱਸ, ਉਸ ਦਿਨ ਦੀ ਯਾਦ ਆ ਗਈ। ਆਪਣੇ ਆਪ ਨੂੰ ਰੋਕ ਨਾ ਸਕੀ। ਤੁਸੀਂ ਮਨ ਲਗਾ ਕੇ ਪੜ੍ਹੋ। ਮੈਂ ਤੁਹਾਡੀ ਕਾਮਯਾਬੀ ਦੇਖਣੀ ਚਾਹੁੰਦੀ ਹਾਂ। ਜੇ ਤੁਸੀਂ ਸਾਥ ਦਿਉਂ ਤਾਂ ਮੈਂ ਤੁਹਾਡੇ ਲਈ ਸਭ ਕੁਸ਼ ਛੱਡਣ ਲਈ ਤਿਆਰ ਆਂ। ਮੇਰੀ ਇਕ ਸਹੇਲੀ ਨੇ ਮੇਹਨਾ ਮਾਰਿਆ ਸੀ ਕਿ ਪੰਡਤ ਕਦੇ ਮਿਰਜ਼ਾ ਨ੍ਹੀਂ ਬਣ ਸਕਦਾ।.....ਬੱਸ ਅਗਾਂਹ ਮੈਥੋਂ ਲਿਖਿਆ ਨ੍ਹੀਂ ਜਾ ਰਿਹਾ। ਤੁਹਾਡੀ ਅਮਰਜੀਤ।"

ਜਗਜੀਵਨ ਨੇ ਕੋਈ ਜਵਾਬ ਨਹੀਂ ਦਿੱਤਾ ਸੀ।

ਜਨਵਰੀ, 1993।

ਹਰਜੀਤ ਨੇ ਸੰਗੀਤਾ ਨੂੰ ਕਿਹਾ ਸੀ, "ਜੀਵਨ ਭੋਲਾ ਪੇਂਡੂ ਆ। ਉਹਦੇ ਮਨ ਚਿਤ ਕੁਸ਼ ਨ੍ਹੀਂ ਹੁੰਦਾ। ਬਰੀਲੀਐਂਟ ਸਟੂਡੈਂਟ ਆਂ। ਉਹ ਬਹੁਤ ਆਤਮ ਨਿਰਭਰ ਤੇ ਘੱਟ ਖਰਚ ਕਰਨ ਵਾਲਾ ਮੁੰਡਾ ਆ। ਉਹਨੇ ਏਸੇ ਯੂਨੀਵਰਸਿਟੀ 'ਚ ਅਡਜਸਟ ਹੋ ਜਾਣਾ। ਉਹਨੂੰ ਸੰਭਾਲ ਲੈ।"

ਸੰਗੀਤਾ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਹੋਰ ਤਿੰਨ ਜਣੀਆਂ ਜਗਜੀਵਨ ਦੇ ਨੇੜੇ ਹੋਣ ਦੀ ਟਰਾਈ ਮਾਰ ਰਹੀਆਂ ਹਨ। ਉਹ ਦੋ ਚਿੱਤੀ ਜਿਹੀ 'ਚ ਸੀ ਕਿ ਕੀ ਕੀਤਾ ਜਾਵੇ। ਉਹ ਜਗਜੀਵਨ ਦੇ ਕੱਦ ਕਾਠ, ਚਿਹਰੇ ਨੂੰ ਦੇਖਦੀ ਤਾਂ ਗੱਦ-ਗੱਦ ਹੋ ਜਾਂਦੀ। ਉਸ ਅੱਗੇ ਉਸ ਦਾ ਕੈਰੀਅਰ ਵੀ ਸੀ। ਉਹ ਇਸ 'ਚ ਉਸ ਦਾ ਸਹਾਈ ਹੋ ਸਕਦਾ ਸੀ।

ਉਸ ਆਪਣੀ ਮਸੇਰੀ ਭੈਣ ਰਾਖੀ, ਜਿਹੜੀ ਕਿ ਦਿੱਲੀ ਯੂਨੀਵਰਸਿਟੀ 'ਚ ਸਾਈਕੋਲੋਜ਼ੀ ਦੀ ਰੀਡਰ ਸੀ, ਨਾਲ ਆਪਣੇ ਮਨ ਦੀ ਗੱਲ ਸਾਂਝੀ ਕੀਤੀ ਸੀ। ਰਾਖੀ ਦੀ ਰਾਏ ਸੀ, "ਦਿਲ ਟੁੱਟੇ ਆਸ਼ਕ ਨਾਲ ਪਿਆਰ ਨਾ ਪਾਈਂ। ਤੂੰ ਸਾਰੀ ਉਮਰ ਪਛਤਾਏਂਗੀ। ਉਹਦੇ ਮਨੋ ਅਮਰਜੀਤ ਨ੍ਹੀਂ ਨਿਕਲਣੀ। ਅੱਗੇ ਖਤਰੇ ਹੀ ਖਤਰੇ ਆ।"

ਉਨ੍ਹਾਂ ਦਿਨਾਂ 'ਚ ਹੀ ਅਮਰਜੀਤ ਦਾ ਫੋਨ ਆਇਆ ਸੀ। ਉਹਨੇ ਜਗਜੀਵਨ ਬਾਰੇ ਪੁੱਛਿਆ ਸੀ ਤਾਂ ਸੰਗੀਤਾ ਨੂੰ ਖਿਝ ਜਿਹੀ ਚੜ੍ਹ ਗਈ ਸੀ, "ਤੂੰ ਆਪ ਉਸ ਕੋਲੋਂ ਕਿਉਂ ਨ੍ਹੀਂ ਪੁੱਛ ਲੈਂਦੀ ?"

"ਤੂੰ ਖਿਝਦੀ ਕਿਉਂ ਆਂ ?"

"ਮੈਂ ਕਾਹਤੋਂ ਖਿਝਣਾ।"

"ਮੇਰੀ ਸਲਾਹ ਮਨ। ਉਹਨੂੰ ਸੰਭਾਲ। ਕਾਬੂ ਕਰ ਲੈ। ਤੇਰੇ ਲਈ ਵਧੀਆ ਮੌਕਾ।



ਅੱਜ ਕੱਲ੍ਹ ਚੰਗੇ ਜੀਵਨ ਸਾਥੀ ਨ੍ਹੀਂ ਮਿਲਦੇ। ਤੇਰੇ ਸੰਬੰਧਾਂ ਵੇਲੇ ਤਾਂ ਤੇਰੀ ਜਾਤ ਵੀ ਅੜਿਕਾ ਨ੍ਹੀਂ ਬਣਨੀ। ਉਹ ਵੀ ਪੰਡਤ। ਤੁਸੀਂ ਵੀ ਪੰਡਤ।"

"ਅੜੀਏ-ਇਹ ਗੱਲ ਤਾਂ ਮੈਂ ਕਦੇ ਸੋਚੀ ਹੀ ਨ੍ਹੀਂ।"

"ਇਸੀ ਕਾ ਨਾਮ ਹੈ ਹਿੰਦੋਸਤਾਨ।"

ਫੇਰ ਉਹਨੇ ਗੱਲਾਂ-ਗੱਲਾਂ 'ਚ ਅਮਰਜੀਤ ਕੋਲੋਂ ਜਗਜੀਵਨ ਦੀ ਜ਼ਿੰਦਗੀ, ਪਸੰਦ ਤੇ ਭਵਿੱਖੀ ਯੋਜਨਾਵਾਂ ਬਾਰੇ ਪੁੱਛ ਲਿਆ ਸੀ। ਅਮਰਜੀਤ ਨੇ ਇੱਥੋਂ ਤੱਕ ਕਹਿ ਦਿੱਤਾ ਸੀ, "ਲੈ, ਤੂੰ ਜਿਸ ਗੱਲੋਂ ਡਰਦੀ ਆਂ-ਉਹ ਤੈਨੂੰ ਦੱਸ ਦਿੰਦੀ ਆਂ-ਸਾਡੇ 'ਚ ਕਿਸੇ ਕਿਸਮ ਦੇ ਸੰਬੰਧ ਨ੍ਹੀਂ ਸੀ ਰਹੇ। ਉਸ ਈਵਨ ਮੈਨੂੰ ਕਦੇ ਕਿੱਸ ਕਰਨ ਦੀ ਕੋਸ਼ਿਸ਼ ਵੀ ਨ੍ਹੀਂ ਕੀਤੀ। ਮੇਰੀ ਇਹੀ ਇੱਛਾ ਹੁੰਦੀ ਸੀ ਕਿ ਉਹ ਆਪਣੀ ਪੜ੍ਹਾਈ ਵੱਲ ਧਿਆਨ ਦੇਵੇ। ਮੇਰੀ ਹੁਣ ਵੀ ਇਹੀ ਇੱਛਾ ਆ ਕਿ ਉਹ ਆਪਣਾ ਧਿਆਨ ਐੱਮ. ਫਿਲ. ਤੇ ਦੇਵੇ। ਮੈਨੂੰ ਪਤਾ-ਉਹਨੂੰ ਡਿਪਾਰਟਮੈਂਟ ਦੀਆਂ ਕਈ ਕੁੜੀਆਂ ਚਾਹੁੰਦੀਆਂ। ਸਿਰਫ਼ ਇਸ ਕਰਕੇ ਕਿ ਉਸ ਦਾ ਕੈਰੀਅਰ ਬ੍ਰਾਈਟ ਆ।"

"ਤੂੰ ਕਿਸੇ ਦਿਨ ਆ। ਟੈਲੀਫੋਨ ਤੇ ਬਹੁਤੀਆਂ ਗੱਲਾਂ ਨ੍ਹੀਂ ਕਰ ਹੁੰਦੀਆਂ।"

ਅਗਲੇ ਮਹੀਨੇ ਅਮਰਜੀਤ ਨੇ ਸੰਗੀਤਾ ਨੂੰ ਆਪਣੇ ਘਰ ਬੁਲਾਇਆ ਸੀ। ਵਾਪਸੀ 'ਤੇ ਸੰਗੀਤਾ ਦੇ ਬੁੱਲ੍ਹਾਂ 'ਤੇ ਇਕ ਰਹੱਸਮਈ ਮੁਸਕਰਾਹਟ ਫੈਲ ਗਈ ਸੀ।

"ਬੱਸ ਮੈਨੂੰ ਤਾਂ ਉਸ ਨਾਲ ਪਿਆਰ ਹੋ ਗਿਆ," ਉਹਨੇ ਰਾਖੀ ਨੂੰ ਦੱਸਿਆ ਸੀ।

"ਮੇਰਾ ਵਿਚਾਰ ਆ ਕਿ ਜਦੋਂ ਅਸੀਂ ਕਿਸੇ ਨੂੰ ਆਪਣਾ ਲਾਈਫ਼ ਪਾਰਟਨਰ ਮੰਨਣ ਲੱਗਦੇ ਆਂ ਤਾਂ ਨਿਰਭਰਤਾ, ਇਕੱਲਾਪਨ ਤੇ ਭਾਵੁਕਤਾ ਕੁਸ਼ ਜ਼ਿਆਦਾ ਹੀ ਵੱਧ ਜਾਂਦੀ ਆ।"

"ਪਰ ਉਹ ਤਾਂ ਸਮਝਦਾ ਹੀ ਨ੍ਹੀਂ ਕਿ ਉਹ ਮੇਰੇ ਲਈ ਕਿੰਨਾ ਇੰਮਪੋਰਟੈਂਟ ਹੋ ਗਿਆ।" ਉਸ ਰਾਖੀ ਦੀ ਗੱਲ ਵੱਲ ਧਿਆਨ ਹੀ ਨਹੀਂ ਦਿੱਤਾ ਸੀ। ਆਪਣੀ ਹੀ ਧੁੰਨ ਵਿੱਚ ਦੱਸੀ ਜਾ ਰਹੀ ਸੀ।

"ਇਕ ਸਮਾਨਾਂਤਰ ਸੰਸਾਰ ਬੰਦੇ ਦੇ ਅੰਦਰ ਵੀ ਰਹਿੰਦਾ। ਉੱਥੇ ਉਹ ਬੰਦਾ ਇਕ ਵੱਖਰੀ ਹੀ ਕਿਸਮ ਦਾ ਹੁੰਦਾ। ਇਹਦੀ ਖ਼ਬਰ ਕਿਸੇ ਨੂੰ ਨ੍ਹੀਂ ਹੁੰਦੀ। ਨਾ ਦੋਸਤਾਂ ਨੂੰ। ਨਾ ਦੁਸ਼ਮਣਾਂ ਨੂੰ। ਨਾ ਹੀ ਖੁਦ ਨੂੰ ਵੀ।"

"ਸੁਪਨਾ ਦੇਖੋ ਤਾਂ ਸੱਚ ਹੋਵੇਗਾ।"

"ਜ਼ਿੰਦਗੀ 'ਚ ਸਿਧਾਂਤਾਂ ਤੇ ਕਿਤਾਬੀ ਗਿਆਨ ਦੀ ਆਪਣੀ ਥਾਂ ਹੁੰਦੀ ਆ। ਪ੍ਰੈਕਟੀਕਲ ਲਾਈਫ਼ ਹੋਰ ਹੀ ਤਰ੍ਹਾਂ ਦੀ ਹੁੰਦੀ ਆ।"

ਉਹ ਇਸ ਵੇਲੇ ਗਿਆਨ ਭਰਪੂਰ ਗੱਲ ਨਹੀਂ ਸੁਣਨੀਆਂ ਚਾਹੁੰਦੀ ਸੀ। ਉਸ ਫੋਨ ਬੰਦ ਕਰਦਿਆਂ ਕਿਹਾ ਸੀ, "ਮੈਨੂੰ ਤੇਰੀਆਂ ਗੱਲਾਂ ਦੀ ਕੋਈ ਸਮਝ ਨ੍ਹੀਂ ਲੱਗ ਰਹੀ।"

ਸੰਗੀਤਾ ਦੇ ਦੋਸਤਾਂ ਨੂੰ ਉਨ੍ਹਾਂ ਦਾ ਮੇਲ-ਮਿਲਾਪ ਚੰਗਾ ਨਹੀਂ ਲੱਗਾ ਸੀ। ਜਸਪ੍ਰੀਤ ਨੇ ਤਾਂ ਏਥੋਂ ਤੱਕ ਕਹਿ ਦਿੱਤਾ ਸੀ, "ਇਹ ਬੰਦਾ ਪਿਆਰ ਦੇ ਕਾਬਿਲ ਨ੍ਹੀਂ।" ਕਮਲਜੀਤ ਦੀ ਰਾਏ ਸੀ, "ਇਹਦੇ ਅੰਦਰ ਬ੍ਰਾਹਮਣੀ ਕਰਮ ਕਾਂਡ ਵਸੇ ਹੋਏ ਆ। ਦੁਨੀਆਂ ਕਿੱਥੋਂ ਦੀ



www.PunjabiLibrary.com

ਕਿੱਥੋਂ ਤੱਕ ਪਹੁੰਚ ਗਈ-ਇਹ ਅਜੇ ਵੀ ਪਿਉ ਪੁੱਤ ਜਾਤਾਂ ਦੀ ਗਾਰ ਵਿੱਚ ਖੁੱਭੇ ਹੋਏ ਆ।" ਹਰਜੀਤ ਨੇ ਕਿਹਾ ਸੀ, "ਉਹ ਵਿਚਾਰਾ ਤਾਂ ਪਿਉ ਤੋਂ ਡਰ ਗਿਆ।" ਸੰਗੀਤਾ ਨੇ ਇਨ੍ਹਾਂ ਗੱਲਾਂ ਦੀ ਪ੍ਰਵਾਹ ਨਹੀਂ ਕੀਤੀ ਸੀ। ਉਸ ਤਾਂ ਮਨ ਹੀ ਮਨ ਏਥੋਂ ਤੱਕ ਸੋਚ ਲਿਆ ਸੀ ਕਿ ਕੁੱਤੇ ਭੌਂਕਦੇ ਆ ਤਾਂ ਭੌਂਕੀ ਜਾਣ। ਇਕ ਗਰੁੱਪ ਨੇ ਉਸ ਦਾ ਸ਼ੋਸਲ ਬਾਈਕਾਟ ਕਰ ਦਿੱਤਾ ਸੀ। ਇਸ ਗਰੁੱਪ ਵਿੱਚ ਉਸ ਦੀ ਪੰਜ ਸਹੇਲੀਆਂ ਤੇ ਸੱਤ ਮੁੰਡੇ ਸ਼ਾਮਿਲ ਸਨ ਜਿਨ੍ਹਾਂ ਨਾਲ ਉਹ ਆਪਣੀ ਹਰ ਗੱਲ ਸਾਂਝੀ ਕਰ ਲੈਂਦੀ ਸੀ। ਉਸ ਨੂੰ ਉਨ੍ਹਾਂ ਦੇ ਇਸ ਰਵੀਈਏ ਨੇ ਦੁੱਖੀ ਕੀਤਾ ਸੀ ਪਰ ਉਸ ਉਨ੍ਹਾਂ ਨੂੰ ਚਿੜਾਉਣ ਲਈ ਖੁੱਲ੍ਹਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹ ਜਗਜੀਵਨ ਦਾ ਹੱਥ ਫੜ ਕੇ ਕਲਾਸ ਵਿੱਚ ਆਉਂਦੀ। ਕੰਟੀਨ ਵਿੱਚ ਉਸ ਨਾਲ ਜੁੜ ਕੇ ਬੈਠਦੀ। ਆਪਣੇ ਟਿਫਨ ਬਾਕਸ ਵਿੱਚ ਉਸ ਦਾ ਖਾਣਾ ਵੀ ਲੈ ਆਉਂਦੀ। ਇਸ ਸਮੇਂ ਅਮਰਜੀਤ ਨੇ ਉਸ ਦਾ ਹਰ ਪਾਸਿਉਂ ਸਾਥ ਦਿੱਤਾ ਸੀ।

ਉਨ੍ਹੀਂ ਦਿਨੀਂ ਜਗਜੀਵਨ ਨੇ ਉਹਨੂੰ ਪੰਮੀ ਬਾਰੇ ਦੱਸਿਆ ਸੀ।

****

ਪੰਮੀ ਜਗਜੀਵਨ ਦਾ ਪਿਛਾ ਨਹੀਂ ਛੱਡਦੀ। ਕਦੇ ਮਹੀਨੇ ਬਾਅਦ, ਕਦੇ ਛੇ ਮਹੀਨਿਆਂ ਮਗਰੋਂ ਉਹ ਕਿਸੇ ਨਾ ਕਿਸੇ ਰੂਪ 'ਚ ਉਸ ਨੂੰ ਦਿੱਸਦੀ ਹੈ। ਕਦੇ ਉਸ ਨੂੰ ਪੁੱਛਦੀ ਹੈ-"ਦੱਸ ਮੈਂ ਕਿਹੜੀ ਮੇਨਕਾ ਨਾਲੋਂ ਘੱਟ ਸੁਹਣੀ ਹਾਂ।" ਕਦੇ ਕਹਿ ਦਿੰਦੀ ਹੈ, "ਮੇਰੇ ਨੈਣ-ਨਕਸ਼ ਹੇਮਾ ਮਾਲਣੀ ਵਰਗੇ ਆ ਜੀਵਨਾ।"

ਪੰਮੀ ਉਸ ਦੇ ਪਿੰਡ ਦੀ ਬਹੂ ਹੈ। ਬਹੁਤ ਹੀ ਸੋਹਣੀ। ਉਹਦੀ ਸੁੰਦਰਤਾ ਸ਼ਬਦਾਂ 'ਚ ਬਿਆਨ ਨਹੀਂ ਕੀਤੀ ਜਾ ਸਕਦੀ। ਉਹਦੇ ਲਈ ਇੱਕੋ ਵਾਕ ਹੀ ਬਥੇਰਾ ਹੈ-ਇੰਦਰ ਦੇ ਖਾੜੇ ਦੀ ਮੇਨਕਾ। ਜਿੰਨੀ ਉਹ ਸੋਹਣੀ ਸੀ-ਲੇਖ ਉੱਨੇ ਹੀ ਮਾੜੇ ਨਿਕਲੇ। ਉਹਦੇ ਵਿਆਹ ਤੋਂ ਢੇਡ ਕੁ ਸਾਲ ਬਾਅਦ ਉਸ ਦੇ ਘਰਵਾਲੇ ਦੀ ਸ਼ਾਹਕੋਟ ਨੇੜੇ ਐਕਸੀਡੈਂਟ 'ਚ ਸੱਜੀ ਲੱਤ ਕੱਟੀ ਗਈ। ਉਹ ਨੇ ਇਸ ਸੱਟ ਨੂੰ ਮਨ 'ਤੇ ਲਾ ਲਿਆ। ਵਾਹੀ ਛੱਡ ਦਿੱਤੀ। ਦਾਰੂ ਪੀਣ ਲੱਗਾ। ਪੰਮੀ ਨੇ ਉਹਨੂੰ ਬੜਾ ਸੰਭਾਲਿਆ। ਸਮਝਾਇਆ। ਪਰ ਉਹ ਉਹਨੂੰ ਡਿਪਰੈਸ਼ਨ 'ਚੋਂ ਨਾ ਕੱਢ ਸਕੀ। ਜਗਜੀਵਨ ਉਦੋਂ ਨਾਲ ਦੇ ਪਿੰਡ ਨੂਰਪੁਰ ਮੈਟਰਿਕ 'ਚ ਪੜ੍ਹਦਾ ਸੀ। ਇਕ ਦਿਨ ਸਾਈਕਲ 'ਤੇ ਸਕੂਲ ਜਾ ਰਿਹਾ ਸੀ ਕਿ ਪੰਮੀ ਨੇ ਉਹਨੂੰ ਟੋਕਰਾ ਚੁੱਕਾਉਣ ਲਈ ਆਵਾਜ਼ ਮਾਰੀ। ਜਦੋਂ ਉਹ ਪੰਮੀ ਨੂੰ ਟੋਕਰਾ ਚੁੱਕਾਉਣ ਲਈ ਅਗਾਂਹ ਆਇਆ ਤਾਂ ਉਸ ਨੇ ਪੰਮੀ ਦੀਆਂ ਅੱਖਾਂ ਨੂੰ ਇੰਨੀ ਨੇੜਿਓਂ ਦੇਖਿਆ ਕਿ ਇਕ ਲਹਿਰ ਜਿਹੀ ਉਸਦੇ ਸਰੀਰ ਦੇ ਆਰ-ਪਾਰ ਹੋ ਗਈ। ਟੋਕਰੇ ਨੂੰ ਹੱਥ ਪਾਉਂਦਿਆਂ ਹੀ ਉਸ ਦੀਆਂ ਨਜ਼ਰਾਂ ਪੰਮੀ ਦੀਆਂ ਛਾਤੀਆਂ 'ਤੇ ਗਈਆਂ। ਉਹਨੇ ਕਿਸੇ ਔਰਤ ਦੀਆਂ ਛਾਤੀਆਂ ਨੂੰ ਐਨੀ ਨੇੜਿਉਂ ਪਹਿਲੀ ਵਾਰ ਦੇਖਿਆ ਸੀ। ਉਹਨੇ ਪੰਮੀ ਨੂੰ ਟੋਕਰਾ ਚਕਾਇਆ ਤੇ ਵਾਪਸ ਮੁੜ ਗਿਆ। ਫੇਰ ਤਾਂ ਇਹ ਰੋਜ਼ ਦੀ ਰੁਟੀਨ ਜਿਹੀ ਹੀ ਬਣ ਗਈ ਸੀ। ਪੰਮੀ ਉਸ ਨੂੰ ਪਿੱਛੋਂ ਦੀ ਆਵਾਜ਼ ਮਾਰਦੀ। ਉਹ ਉਸਦੇ ਸੁਪਨਿਆਂ 'ਚ ਆਉਣ ਲੱਗੀ ਸੀ।

ਲੰਘਦਿਆਂ-ਵੜਦਿਆਂ, ਆਉਂਦਿਆਂ ਜਾਂਦਿਆਂ ਉਹਦਾ ਪੰਮੀ ਨਾਲ ਮੇਲ ਅਵੱਸ਼ ਹੁੰਦਾ। ਪੰਮੀ ਦੀਆਂ ਅੱਖਾਂ 'ਚ ਪ੍ਰਸ਼ਨ ਹੀ ਪ੍ਰਸ਼ਨ ਹੁੰਦੇ। ਪਿੱਪਲ ਹੇਠ ਬੈਠੀ ਮੰਡਲੀ



'ਚ ਪੰਮੀ ਦੇ ਹੁਸਨ ਦੇ ਚਰਚੇ ਹੁੰਦੇ। ਨਿੱਤ ਕੋਈ ਨਾ ਕੋਈ ਕਥਾ-ਕਹਾਣੀ ਬਣਦੀ/ਖਤਮ ਹੁੰਦੀ। ਕੋਈ ਕੁੱਝ ਬੋਲਦਾ। ਕੋਈ ਕੁਝ ਸੁਣਾਉਂਦਾ ਪਰ ਕਿਸੇ ਨੇ ਵੀ ਉਸਦੇ ਸੁਹਪਣ 'ਤੇ ਕਦੇ ਕਿਤੂੰ-ਪ੍ਰੰਤੂ ਨਹੀਂ ਕੀਤਾ ਸੀ। ਪੰਮੀ ਸੀ ਕਿ ਕਿਸੇ ਨੂੰ ਆਪਣੇ ਲਾਗੇ ਨਹੀਂ ਲੱਗਣ ਦਿੰਦੀ ਸੀ। ਮਾੜਾ-ਧੀੜਾ ਤਾਂ ਉਹਨੂੰ ਟਿਚਰ-ਮਸ਼ਕਰੀ ਵੀ ਨਹੀਂ ਕਰ ਸਕਦਾ ਸੀ। ਫੇਰ ਉਸ ਕਿਸੇ ਨਾਲ ਬਹੁਤਾ ਸਹੇਲਪੁਣਾ ਵੀ ਨਹੀਂ ਰੱਖਿਆ ਸੀ। ਉਹ ਚੁੱਪ-ਚੁੱਪ ਜਿਹੀ ਰਹਿੰਦੀ। ਇਕੱਲੀ ਹੋ ਕੇ ਰਹਿਣਾ ਉਹਨੂੰ ਚੰਗਾ ਲੱਗਦਾ ਸੀ।

ਇਕ ਦਿਨ ਪੰਮੀ ਨੇ ਉਹਨੂੰ ਨਹੋਰਾ ਮਾਰਿਆ, "ਸੱਚ ਦੱਸ, ਹੈ ਕੋਈ ਮੇਰੇ ਜਿੰਨੀ ਸੁਹਣੀ ਬਹੂ-ਕੁੜੀ ਤੁਹਾਡੇ ਪਿੰਡ ਵਿੱਚ।"

ਵਿਆਹ ਤੋਂ ਬਾਅਦ ਜਗਜੀਵਨ ਨੇ ਸੰਗੀਤਾ ਨੂੰ ਪੰਮੀ ਨਾਲ ਮਿਲਾਇਆ ਸੀ। ਪੰਮੀ ਦੇ ਚਿਹਰੇ 'ਤੇ ਅਜੇ ਵੀ ਨੂਰ ਸੀ। ਸੰਗੀਤਾ ਨੇ ਉਹਨੂੰ ਦੱਸਿਆ ਸੀ, "ਭੈਣ ਜੀ, ਯੂਨੀਵਰਸਿਟੀ ਵਿੱਚ ਪੜ੍ਹਦਿਆਂ ਹੋਇਆਂ ਤੁਹਾਡਾ ਦਿਉਰ ਤੁਹਾਡੀਆਂ ਸਿਫਤਾਂ ਦੇ ਪੁਲ ਬੰਨ੍ਹਦਾ ਹੁੰਦਾ ਸੀ। ਆਪਣੇ ਯਾਰਾਂ ਦੀ ਢਾਹਣੀ ਵਿੱਚ ਬੈਠਾ ਹੁੱਭ ਕੇ ਦੱਸਦਾ ਸੀ-ਮੇਰੀ ਭਾਬੀ ਪ੍ਰਮਿੰਦਰਜੀਤ ਦਾ ਰੂਪ, ਡਾ. ਸਾਹਿਬ ਉਹ ਕੀ ਬੋਲੀ ਆ-ਰੰਨ ਨਹਾ ਕੇ ਛਪੜ ਵਿੱਚੋਂ ਨਿਕਲੀ-ਸੁਲਫੇ ਦੀ ਲਾਟ ਵਰਗੀ।" ਜਗਜੀਵਨ ਨੇ ਟੇਡੀ ਨਜ਼ਰ ਨਾਲ ਪੰਮੀ ਦੇ ਚਿਹਰੇ ਵੱਲ ਦੇਖਿਆ ਸੀ। ਉਸ ਪਲ 'ਚ ਜਿਹੜੀ ਲਾਲੀ ਪੰਮੀ ਦੇ ਚਿਹਰੇ 'ਤੇ ਫੈਲੀ ਸੀ- ਉਸ ਵਰਗੀ ਲਾਲੀ ਉਸ ਅਜੇ ਤੱਕ ਕਿਸੇ ਔਰਤ ਦੇ ਚਿਹਰੇ 'ਤੇ ਨਹੀਂ ਦੇਖੀ।

13 ਮਾਰਚ, 1996 ।

ਡੌਲੀ ਦਾ ਪਹਿਲਾ ਜਨਮ ਦਿਨ ਉਨ੍ਹਾਂ ਧੂਮ-ਧੜੱਕੇ ਨਾਲ ਮਨਾਇਆ ਸੀ। ਡੌਲੀ ਉਨ੍ਹਾਂ ਦੀ ਧੀ ਹੈ। ਪੁੱਤ ਹੈ। ਦੋਹਾਂ ਦਾ ਫੈਸਲਾ ਹੈ ਕਿ ਉਨ੍ਹਾਂ ਕੋਈ ਹੋਰ ਇਸ਼ੂ ਨਹੀਂ ਕਰਨਾ। ਇਸ ਮੌਕੇ 'ਤੇ ਉਨ੍ਹਾਂ ਨੇ ਰਿਸ਼ਤੇਦਾਰਾਂ ਦੇ ਨਾਲ-ਨਾਲ ਆਪਣੇ ਵਿਦਿਆਰਥੀ ਜੀਵਨ ਦੇ ਸਾਥੀਆਂ ਨੂੰ ਵੀ ਬੁਲਾਇਆ ਸੀ। ਅਮਰਜੀਤ ਤੇ ਉਸ ਦਾ ਬੇਟਾ ਵੀ ਆਇਆ ਸੀ। ਸੰਗੀਤਾ ਨੇ ਕਿਹਾ ਸੀ, "ਅਮਰਜੀਤ, ਤੂੰ ਇਕੱਲੀ ਕਿਉਂ ਆਈ? ਭਾਈ ਸਾਹਿਬ ਕਿਉਂ ਨ੍ਹੀਂ ਆਏ?" ਅਮਰਜੀਤ ਨੇ ਦੱਸਿਆ ਸੀ, "ਉਨ੍ਹਾਂ ਦਿੱਲੀ ਸੁਪਰੀਮ ਕੋਰਟ ਜਾਣਾ ਸੀ-ਅਗਲੀ ਵਾਰ ਇਕੱਠੇ ਆਵਾਂਗੇ।" ਅਮਰਜੀਤ ਦੇ ਆਉਣ ਨਾਲ ਜਗਜੀਵਨ ਦੀ ਖ਼ੁਸ਼ੀ ਦੁਗਣੀ ਹੋ ਗਈ ਸੀ। ਉਹ ਬੈਰੇ ਨੂੰ ਬਾਹੋਂ ਫੜ ਕੇ ਅਮਰਜੀਤ ਕੋਲ ਗਿਆ ਸੀ। ਬੈਰੇ ਨੂੰ ਸਮਝਾਇਆ ਸੀ, "ਇਹ ਸਾਡੇ ਖਾਸ ਮਹਿਮਾਨ ਨੇ। ਇਨ੍ਹਾਂ ਦਾ ਖਿਆਲ ਰੱਖਣਾ।" ਅੱਗੋਂ ਅਮਰਜੀਤ ਨੇ ਥੈਂਕਸ ਕਿਹਾ ਸੀ। ਦੂਰ ਖੜ੍ਹੀ ਸੰਗੀਤਾ ਨੂੰ ਉਨ੍ਹਾਂ ਦਾ ਇਸ ਤਰ੍ਹਾਂ ਮਿਲਣਾ ਅੱਖਰਿਆ ਸੀ। ਉਸ ਕੁਝ ਵੀ ਜ਼ਾਹਰ ਨਹੀਂ ਹੋਣ ਦਿੱਤਾ ਸੀ। ਅਮਰਜੀਤ ਨੇ ਵਾਰ-ਵਾਰ ਕਿਹਾ ਸੀ, "ਮੈਂ ਤੁਹਾਡੀ ਖ਼ੁਸ਼ੀ ਵਿੱਚ ਖ਼ੁਸ਼ ਆਂ।" ਉੱਥੇ ਦੋ-ਦੋ ਚਹੁੰਆਂ-ਚਹੁੰਆਂ ਦੀਆਂ ਟੋਲੀਆਂ ਬਣ ਗਈਆਂ ਸਨ। ਜਗਜੀਵਨ ਦੀਆਂ ਨਜ਼ਰਾਂ ਅਮਰਜੀਤ ਦਾ ਪਿੱਛਾ ਕਰ ਰਹੀਆਂ ਸੀ। ਇਕ ਮੌਕੇ 'ਤੇ ਉਸ ਪੁੱਛਿਆ ਸੀ, "ਭਾਈ-ਤੂੰ ਖ਼ੁਸ਼ ਆਂ?" ਅਮਰਜੀਤ ਨੇ ਉਚੀ ਆਵਾਜ਼ 'ਚ ਕਿਹਾ ਸੀ, "ਪੂਰੀ ਤਰ੍ਹਾਂ।"

****



www.PunjabiLibrary.com

ਅਗਲੇ ਮਹੀਨਿਆਂ 'ਚ ਦੋਹਾਂ ਪਰਿਵਾਰਾਂ ਦੀ ਸਾਂਝ ਵੱਧ ਗਈ ਸੀ। ਕਦੇ ਜਗਜੀਵਨ ਹੋਰੀਂ ਚੰਡੀਗੜ੍ਹ ਚਲੇ ਜਾਂਦੇ। ਕਦੇ ਅਮਰਜੀਤ ਹੋਰੀਂ ਲੁਧਿਆਣੇ ਆ ਜਾਂਦੇ। ਅਮਰਜੀਤ ਦੇ ਪਤੀ ਦੇ ਚਿਹਰੇ 'ਤੇ ਖਿਚਾਉ ਜਿਹਾ ਰਹਿੰਦਾ ਜਿਹੜਾ ਕਿ ਸੰਗੀਤਾ ਨੂੰ ਅਖਰਦਾ। ਉਹ ਜਗਜੀਵਨ ਨੂੰ ਕਹਿੰਦੀ, "ਆਪਾਂ ਨੂੰ ਜ਼ਿਆਦਾ ਮਿਲਣਾ ਨ੍ਹੀਂ ਚਾਹੀਦਾ। ਅਮਰਜੀਤ ਦੇ ਹਸਬੈਂਡ ਨੂੰ ਇਹ ਮਿਲਣਾ-ਗਿਲਣਾ ਚੰਗਾ ਨ੍ਹੀਂ ਲੱਗਦਾ।" ਜਗਜੀਵਨ ਦੱਸਦਾ, "ਉਸ ਦਾ ਸੁਭਾਅ ਹੀ ਅਜਿਹਾ ਆ। ਇਹ ਉਸ ਦੇ ਪ੍ਰੋਫੈਸ਼ਨ ਕਰਕੇ ਆ। ਅਮਰਜੀਤ ਨੇ ਉਸ ਕੋਲੋਂ ਕੁਸ਼ ਵੀ ਨ੍ਹੀਂ ਲੁਕਾਇਆ। ਇਕ ਵਾਰੀ ਜਦੋਂ ਤੁਸੀਂ ਵੀ. ਸੀ. ਡੀ. ਲਾ ਕੇ ਫ਼ਿਲਮ ਦੇਖ ਰਹੀਆਂ ਸੀ, ਅਸੀਂ ਡਰਾਇੰਗ ਰੂਮ 'ਚ ਬੈਠੇ ਪੈੱਗ ਲਾ ਰਹੇ ਸੀ। ਓਦੋਂ ਜਸਵੰਤ ਮੇਰੇ ਨਾਲ ਖੁੱਲ੍ਹਿਆ ਸੀ। ਉਹ ਦੋਵੇਂ ਇਕ ਦੂਜੇ ਤੇ ਜਾਨ ਦਿੰਦੇ ਆ। ਫੇਰ ਉਨ੍ਹਾਂ ਦਾ ਪਿਆਰਾ ਬੇਟਾ ਆ ਵਿਸ਼ਾਲ। ਉਹ ਸ਼ਖ਼ਸ ਦਿਲ ਦਾ ਮਾੜਾ ਨ੍ਹੀਂ। ਹਰ ਚੀਜ਼/ਸਥਿਤੀ ਨੂੰ ਸਮਝਦਾ। ਆਖਰ ਵਕੀਲ ਆ। ਹਾਈ ਕੋਰਟ ਦਾ।"

ਕੋਈ ਵੀ ਦਿਨ ਤਿਉਹਾਰ ਹੋਵੇ, ਅਮਰਜੀਤ ਗਰੀਟਿੰਗ ਕਾਰਡ ਭੇਜਣਾ ਨਹੀਂ ਭੁੱਲਦੀ। ਸਿੱਧਾ ਹੀ ਲਿਖਿਆ ਹੁੰਦਾ-ਜਗਜੀਵਨ ਤੇ ਸੰਗੀਤਾ ਲਈ। ਹੇਠਾਂ ਆਪਣਾ ਨਾਂ ਲਿਖਦੀ ਹੈ। ਆਪਣੇ ਪਤੀ ਦਾ ਨਹੀਂ। ਜਦੋਂ ਸੰਗੀਤਾ ਹੋਰੀਂ ਕਾਰਡ ਭੇਜਦੇ ਤਾਂ ਹੇਠਾਂ ਲਿਖ ਦਿੰਦੇ ਹਨ-ਵੱਲੋਂ ਸੰਗੀਤਾ+ਜਗਜੀਵਨ-ਤੇਰੇ ਆਪਣੇ। ਤੇਰੇ ਵਡੇਰੇ। ਅਮਰਜੀਤ ਉਨ੍ਹਾਂ ਤੋਂ ਉਮਰ 'ਚ ਛੋਟੀ ਹੈ।

ਅਮਰਜੀਤ ਦਾ ਫੋਨ ਆਵੇ ਤਾਂ ਉਹ ਪਹਿਲਾਂ ਡੌਲੀ ਬਾਰੇ ਪੁੱਛਦੀ ਹੈ। ਫੇਰ ਆਖਰ ਵਿੱਚ ਇੱਕ-ਅੱਧ ਗੱਲ ਜਗਜੀਵਨ ਬਾਰੇ ਕਰਦੀ ਹੈ। ਜੇ ਕਿਤੇ ਰਸੀਵਰ ਜਗਜੀਵਨ ਚੁੱਕ ਲਵੇ ਤਾਂ ਫੇਰ ਉਹ ਅੱਧਾ-ਅੱਧਾ ਘੰਟਾ ਗੱਲਾਂ ਕਰਦੇ ਰਹਿੰਦੇ ਹਨ। ਉਦੋਂ ਸੰਗੀਤਾ ਦੇ ਮਿੱਥੇ ਦੀਆਂ ਤਿਊੜੀਆਂ ਚੜ੍ਹ ਜਾਂਦੀਆਂ ਹਨ। ਉਸ ਨੂੰ ਉਸ ਦੀ ਮਸੇਰੀ ਭੈਣ ਰਾਖੀ ਦਾ ਕਿਹਾ ਯਾਦ ਆ ਜਾਂਦਾ ਹੈ, "ਅੱਗੇ ਖਤਰੇ ਹੀ ਖਤਰੇ ਆ। ਉਹਦੇ ਮਨੋ ਅਮਰਜੀਤ ਨ੍ਹੀਂ ਨਿਕਲਣੀ।"

ਕਦੇ-ਕਦੇ ਸੰਗੀਤਾ ਸ਼ੱਕ ਕਰਨ ਲੱਗਦੀ ਹੈ। ਉਹਨੂੰ ਲੱਗਦਾ ਹੈ ਕਿ ਜਗਜੀਵਨ ਦਾ ਝੁਕਾਉ ਅਮਰਜੀਤ ਵੱਲ ਵੱਧ ਰਿਹਾ ਹੈ। ਜਗਜੀਵਨ ਦੇ ਮੂੰਹੋਂ ਨਿਕਲ ਹੀ ਜਾਂਦਾ ਹੈ, "ਅਮਰਜੀਤ ਨੂੰ ਸਾਗ ਤੇ ਮੱਕੀ ਦੀ ਰੋਟੀ ਬੜੀ ਪਸੰਦ ਆ-ਉਹ ਲਾਈਟ ਰੰਗ ਕੇ ਕੱਪੜੇ ਪਾਉਣੇ ਪਸੰਦ ਕਰਦੀ ਆ-ਉਹਨੂੰ ਮੰਗਤੇ ਚੰਗੇ ਨ੍ਹੀਂ ਲੱਗਦੇ।" ਉਹ ਇਸ ਤਰ੍ਹਾਂ ਜ਼ਾਹਰ ਕਰਦੀ ਹੈ ਜਿਵੇਂ ਉਸ ਨੂੰ ਇਨ੍ਹਾਂ ਗੱਲਾਂ ਨਾਲ ਕੋਈ ਸਰੋਕਾਰ ਨਾ ਹੋਵੇ। ਪਰ ਅੰਦਰੋਂ ਡਰ ਜਾਂਦੀ ਹੈ। ਉਹਨੂੰ ਪਤਾ ਹੈ ਕਿ ਉਸ ਇਸ ਘਰ ਨੂੰ ਟੁੱਟਣ ਨਹੀਂ ਦੇਣਾ। ਏਸੇ ਲਈ ਉਹ ਬਹੁਤੀਆਂ ਗੱਲਾਂ ਵੱਲ ਧਿਆਨ ਨਹੀਂ ਦਿੰਦੀ।

ਫੇਰ ਉਹ ਸੋਚਦੀ ਹੈ ਕਿ ਜੇ ਅਮਰਜੀਤ ਉਸ ਨੂੰ ਨਾ ਸਮਝਾਉਂਦੀ ਤਾਂ ਉਸ ਦਾ ਝੁਕਾਉ ਜਗਜੀਵਨ ਵੱਲ ਨਹੀਂ ਹੋਣਾ ਸੀ। ਇਹ ਅਮਰਜੀਤ ਹੀ ਸੀ ਜਿਹੜੀ ਕਿ ਉਨ੍ਹਾਂ ਵਿਚਕਾਰ ਪੁਲ ਬਣੀ ਸੀ। ਜਦੋਂ ਉਹ ਮਿਲਦੀ ਤਾਂ ਉਸ ਨੂੰ ਇਉਂ ਲੱਗਦਾ ਜਿਵੇਂ ਅਮਰਜੀਤ ਉਸ ਦੀ ਛੋਟੀ ਭੈਣ ਹੋਵੇ। ਇਕ ਵਾਰ ਉਸ ਰੌਅ 'ਚ ਆਈ ਨੇ ਕਿਹਾ ਸੀ, "ਅਮਰਜੀਤ ਤੂੰ



ਮੈਨੂੰ ਦੀਦੀ ਕਿਹਾ ਕਰ।" ਅਮਰਜੀਤ ਨੇ ਜਵਾਬ ਦਿੱਤਾ ਸੀ, "ਸੰਗੀਤਾ-ਮੈਨੂੰ ਰਿਸ਼ਤਿਆਂ 'ਚ ਨਾ ਬੰਨ। ਆਪਾਂ ਦੋਸਤਾਂ ਵਾਂਗ ਰਹੀਏ।" ਉਸ ਸਿਆਣਿਆਂ ਵਾਂਗੂੰ ਸੰਗੀਤਾ ਨੂੰ ਨਸੀਹਤਾਂ ਦਿੱਤੀਆਂ ਸਨ, "ਬੰਦੇ ਨੂੰ ਕਾਬੂ ਕਰਕੇ ਰੱਖੀਂ। ਵਿਆਹ ਤੋਂ ਪਹਿਲਾਂ ਤੇ ਵਿਆਹ ਤੋਂ ਬਾਅਦ ਦੀਆਂ ਸਥਿਤੀਆਂ 'ਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ। ਸਮਝੇ-ਮੇਰੇ ਦੋਸਤ।"

ਉਸ ਨੂੰ ਲੱਗਦਾ ਕਿ ਅਮਰਜੀਤ ਉਸ ਨਾਲੋਂ ਸਿਆਣੀ ਹੋ ਗਈ ਹੈ।

14 ਜਨਵਰੀ, 2007

ਉਹ ਯੂਨੀਵਰਸਿਟੀ ਤੋਂ ਘਰੇ ਆਇਆ ਤਾਂ ਅੱਗੋਂ ਪੰਮੀ ਆਈ ਹੋਈ ਸੀ। ਉਸ ਸਤਿਕਾਰ ਵਜੋਂ ਸਤ ਸ੍ਰੀ ਅਕਾਲ ਬੁਲਾਈ। ਪਿੰਡ ਵਾਲਿਆਂ ਦੀ ਸੁਖ ਸਾਂਦ ਪੁੱਛੀ। ਪੰਮੀ ਦੇ ਜੋੜਾਂ 'ਚ ਪਿਛਲੇ ਢੇਡ ਕੁ ਸਾਲ ਤੋਂ ਦਰਦ ਵਧ ਗਿਆ ਸੀ। ਉਹ ਇੱਥੇ ਡਾਕਟਰ ਡਾਂਗ ਨੂੰ ਦਿਖਾਉਣ ਆਈ ਸੀ। ਦੂਜੇ ਦਿਨ ਸਵੇਰ ਨੂੰ ਸੈਰ ਤੋਂ ਮੁੜ ਕੇ ਆਉਂਦਿਆਂ ਹੀ ਜਗਜੀਵਨ ਨੇ ਸੰਗੀਤਾ ਨੂੰ ਸਿਰ 'ਚ ਤੇਲ ਝਸਣ ਲਈ ਕਿਹਾ। ਸੰਗੀਤਾ ਨੇ ਅੱਗੋਂ ਪੰਮੀ ਨੂੰ ਕਿਹਾ, "ਭੈਣ ਜੀ, ਮੈਂ ਤੁਹਾਡੇ ਲਈ ਨਾਸ਼ਤਾ ਤਿਆਰ ਕਰ ਦਿਆਂ। ਤੁਸੀਂ ਆਪਣੇ ਦਿਉਰ ਦੇ ਸਿਰ ਵਿੱਚ ਤੇਲ ਝਸ ਦਿਓ।" ਪੰਮੀ ਤੇਲ ਵਾਲੀ ਸ਼ੀਸ਼ੀ ਲੈ ਕੇ ਸੋਫੇ 'ਤੇ ਬੈਠ ਗਈ। ਜਗਜੀਵਨ ਹੇਠਾਂ ਬੈਠ ਗਿਆ। ਪੰਮੀ ਨੇ ਜ਼ੋਰ-ਜ਼ੋਰ ਦੀ ਤੇਲ ਝਸਣਾ ਸ਼ੁਰੂ ਕੀਤਾ। ਗੱਲਾਂ ਕਰਨ ਲੱਗੀ। ਜਗਜੀਵਨ ਨੇ ਪਹਿਲੀ ਵਾਰ ਉਸ ਨਾਲ ਇੰਨੀਆਂ ਗੱਲਾਂ ਕੀਤੀਆਂ ਸਨ। ਉਹ ਤੇਲ ਝਸ ਰਹੀ ਸੀ, ਗੱਲਾਂ ਕਰ ਰਹੀ ਸੀ। ਉਹ ਕਮਰੇ 'ਚ ਲੱਗੀਆਂ ਜਗਜੀਵਨ ਦੀਆਂ ਫੋਟੋਆਂ ਨੂੰ ਬੜੀ ਹੀ ਨੀਝ ਨਾਲ ਦੇਖ ਰਹੀ ਸੀ।

ਉਹ ਉਤਸ਼ਾਹ ਜਿਹੇ ਨਾਲ ਬੋਲੀ, "ਵੇ ਜੀਵਨਾ, ਤੂੰ ਤਾਂ ਵੱਡਾ ਬੰਦਾ ਬਣ ਗਿਆ।"

ਜਗਜੀਵਨ ਨੇ ਪੁੱਛਿਆ, "ਮੈਂ ਕਿਵੇਂ ?"

"ਆਹ ਦੇਖ ਕਿੰਨੇ ਵੱਡੇ ਬੰਦਿਆਂ ਨਾਲ ਤੇਰੀਆਂ ਫੋਟੋਆਂ। ਜੇ ਤੂੰ ਪਿੰਡ ਰਹਿੰਦਾ ਤਾਂ.....।"

ਅੱਗੋਂ ਜਗਜੀਵਨ ਚੁੱਪ ਰਿਹਾ।

ਪੰਮੀ ਨੇ ਆਪਣੀ ਗੱਲ ਅਗਾਂਹ ਤੋਰੀ, "ਇਹ ਮੇਰਾ ਪ੍ਰਤਾਪ ਆ।"

"ਵੱਡਿਆਂ ਦਾ ਪ੍ਰਤਾਪ ਹੁੰਦਾ।" ਜਗਜੀਵਨ ਇਉਂ ਬੋਲਿਆ ਜਿਵੇਂ ਕੋਈ ਛੋਟਾ ਆਪਣੇ ਤੋਂ ਵੱਡੇ ਨਾਲ ਬੋਲਦਾ ਹੈ।

"ਨ੍ਹੀਂ ਵੇ, ਤੂੰ ਮੇਰੀ ਗੱਲ ਨ੍ਹੀਂ ਸਮਝਿਆ।" ਪੰਮੀ ਨੇ ਉਸ ਦੀ ਪੁੜਪੜੀ 'ਤੇ ਪਹਿਲਾਂ ਨਾਲੋਂ ਜ਼ਿਆਦਾ ਜ਼ੋਰ ਦਿੱਤਾ।

"ਫੇਰ ਤੁਸੀਂ ਹੀ ਦੱਸੋ।" ਜਗਜੀਵਨ ਨੇ ਪਿਛਾਂਹ ਨੂੰ ਧੌਣ ਕਰਕੇ ਕਿਹਾ।

"ਜੇ ਮੈਂ ਤੈਨੂੰ ਉਨ੍ਹੀਂ ਦਿਨੀਂ ਕਾਬੂ ਕਰ ਲੈਂਦੀ ਤਾਂ ਮੇਰੇ ਦਿਨ ਕੁਸ਼ ਸੌਖਾਲੇ ਨਿਕਲ ਜਾਣੇ ਸੀ-ਪਰ ਤੈਥੋਂ ਪ੍ਰੋਫੈਸਰ ਨ੍ਹੀਂ ਬਣਿਆ ਜਾਣਾ ਸੀ। ਮੈਂ ਤੇਰੇ ਲਈ ਬਹੁਤ ਵੱਡੀ ਕੁਰਬਾਨੀ ਕੀਤੀ। ਤੂੰ ਜਾਣੇ ਭਾਵੇਂ ਨਾ ਜਾਣੇ।" ਉਹਨੇ ਹੌਕਾ ਲਿਆ।

ਜਗਜੀਵਨ ਉਠਿਆ। ਉਹਨੇ ਪੰਮੀ ਦੇ ਚਿਹਰੇ ਵੱਲ ਚੇਤੰਨ ਹੋ ਕੇ ਦੇਖਿਆ।



www.PunjabiLibrary.com

ਉਥੇ ਖੁਸ਼ੀ ਵੀ ਸੀ। ਗਮੀ ਵੀ ਸੀ। ਅੱਖਾਂ 'ਚ ਨਮੀ ਸੀ। ਜਗਜੀਵਨ ਨੇ ਉਸ ਨੂੰ ਜਫੀ 'ਚ ਲੈ ਲਿਆ ਤੇ ਹੌਲੀ ਦੇਣੀ ਬੋਲਿਆ, "ਤੁਹਾਡੇ ਜਿਹੀ ਅਮਰਜੀਤ ਵੀ ਸੀ। ਮੇਰੇ ਨਾਲ ਪੜ੍ਹਦੀ ਸੀ। ਦੋਹਾਂ ਨੇ ਮੈਨੂੰ ਇੱਥੇ ਤੱਕ ਪਹੁੰਚਾਇਆ।"

ਸੰਗੀਤਾ ਨੇ ਰਸੋਈ 'ਚੋਂ ਬਾਹਰ ਆਉਂਦਿਆਂ ਸ਼ਰਾਰਤ ਨਾਲ ਪੁੱਛਿਆ, "ਬੜੀ ਖੁਸਰ-ਮੁਸਰ ਕਰੀਂ ਜਾਣੇਉਂ।"

"ਕੋਈ ਖਾਸ ਗੱਲ ਨ੍ਹੀਂ। ਮੈਂ ਸੈਮੀਨਾਰ 'ਚ ਪੇਪਰ ਪੜ੍ਹਣ ਅੰਮ੍ਰਿਤਸਰ ਜਾਣਾ। ਤੂੰ ਇਨ੍ਹਾਂ ਨੂੰ ਨਾਲ ਲੈ ਜਾ ਕੇ ਇਨ੍ਹਾਂ ਦੀ ਪਸੰਦ ਦਾ ਸੂਟ ਲੈ ਕੇ ਦਈਂ।"

"ਅਮਰਜੀਤ ਵਰਗਾ ?"

"ਨ੍ਹੀਂ-ਅਮਰਜੀਤ ਨਾਲੋਂ ਵਧੀਆ...।"



# ਵਿੱਥਾਂ

ਕੁਝ ਗੱਲਾਂ, ਡਰ ਤੇ ਦੋਚਿੱਤੀਆਂ ਮੇਰਾ ਪਿੱਛਾ ਨਹੀਂ ਛੱਡ ਰਹੀਆਂ ਸਨ।

ਜਹਾਜ਼ ਨੂੰ ਉਡਿਆਂ ਅੱਧਾ ਕੁ ਘੰਟਾ ਬੀਤ ਗਿਆ ਸੀ। ਮੈਂ ਵਿੰਡੋ ਸਾਈਡ ਵੱਲ ਬੈਠਾ ਸੀ। ਮੇਰੇ ਸਾਹਮਣੇ ਸਫੈਦ ਬੱਦਲਾਂ ਦੇ ਗੁੱਛਿਆਂ 'ਚ ਸਵਰਗ ਜਿਹੇ ਦ੍ਰਿਸ਼ ਉਭਰ ਰਹੇ ਸਨ। ਮਿਟ ਰਹੇ ਸਨ। ਬਣ ਰਹੇ ਸਨ। ਫੇਰ ਇਨ੍ਹਾਂ 'ਚ ਇਕ ਔਰਤ ਦੀ ਸ਼ਕਲ ਉਭਰਨ ਲੱਗੀ ਸੀ। ਮੈਂ ਕਦੇ ਉਸ ਦੇ ਪੱਟ ਦੇਖਣ ਲੱਗ ਜਾਂਦਾ। ਕਦੇ ਭਾਰੀਆਂ-ਭਾਰੀਆਂ ਛਾਤੀਆਂ। ਕਦੇ ਉਸ ਦੇ ਵਾਲਾਂ ਦੀ ਚਮਕ ਮੋਹ ਲੈਂਦੀ। ਕਦੇ ਭਰਵੀਂ ਪਿੱਠ। ਮੈਨੂੰ ਉਸ ਦਾ ਹਰੇਕ ਅੰਗ ਆਪਣੇ ਵੱਲ ਖਿੱਚ ਰਿਹਾ ਸੀ। ਅਨੰਦ ਜਿਹੇ ਦੀ ਅਵਸਥਾ ਵਿੱਚ ਮੈਂ ਵਿਚਰ ਰਿਹਾ ਸੀ। ਏਸੇ ਅਨੰਦ ਵਿੱਚ ਮੈਨੂੰ ਮਿੰਟ ਕੁ ਲਈ ਨੀਂਦ ਦਾ ਝੋਕਾ ਆਇਆ ਸੀ। ਪਿੰਡ ਵਿਚਲਾ ਘਰ ਦਿੱਸਿਆ। ਟੇਢੇ ਕੀਤੇ ਮੰਜੇ 'ਤੇ ਚੁੰਨੀ ਦੇ ਉਹਲੇ ਕੋਈ ਔਰਤ ਨਹਾ ਰਹੀ ਸੀ। ਮੈਨੂੰ ਸਿਰਫ਼ ਉਸ ਦੀ ਪਿੱਠ ਦਿੱਸੀ ਸੀ। ਕੋਈ ਭਰਵਾਂ ਹੱਥ ਉਸ ਦੀ ਪਿੱਠ ਤੋਂ ਮੈਲ ਲਾਹ ਰਿਹਾ ਸੀ। ਉਹ ਖੀਵੀ ਜਿਹੀ ਹੋਈ ਆਪਣੇ ਸਿਰ ਦਾ ਸਾਰਾ ਭਾਰ ਗੋਡਿਆਂ ਤੇ ਪਾਉਣ ਲੱਗੀ ਸੀ। ਫੇਰ ਮੇਰੀ ਚੀਕ ਹੀ ਨਿਕਲ ਗਈ ਸੀ। ਮੈਂ ਤ੍ਰਬਕਿਆ ਸੀ। ਨਾਲ ਬੈਠੀ ਸਵਾਰੀ ਵੱਲ ਦੇਖਿਆ ਸੀ। ਮੈਂ ਅਰਧ ਸੁਰਤੀ 'ਚ ਸੀ। ਫੇਰ ਰਘੁਬੀਰ ਦਿੱਸੀ ਸੀ। ਕਿੱਕਰ ਦੀ ਛਾਂ ਹੇਠਾਂ ਬੈਠੀ। ਡੱਖੇ ਨਾਲ ਲਕੀਰਾਂ ਮਾਰਦੀ। ਮਿਟਾਉਂਦੀ। ਅੱਖਾਂ ਬੰਦ ਕਰਕੇ ਕਹਿੰਦੀ, "ਰੱਬਾ-ਰੱਬਾ-ਰਾਹ ਦੇ। ਰਾਹ ਨ੍ਹੀਂ ਤਾਂ ਕੁਰਾਹ ਦੇ।" ਉਸ ਨੂੰ ਰਾਹ ਨਹੀਂ ਮਿਲ ਰਿਹਾ ਸੀ। ਫੇਰ ਉਸ ਦੀਆਂ ਅੱਖਾਂ ਭਰ ਆਈਆਂ ਸਨ। ਮੂੰਹ 'ਤੇ ਕਾਲੋਂ ਦੀ ਪਰਤ ਆ ਚੜ੍ਹੀ ਸੀ। ਉਹ ਉਦਾਸ ਸੀ।

ਬਾਰਾਂ ਸਾਲਾਂ 'ਚ ਜਿੰਨੀਆਂ ਵੀ ਉਸ ਆਪਣੀਆਂ ਫੋਟੋਆਂ ਭੇਜੀਆਂ ਸਨ, ਉਨ੍ਹਾਂ 'ਚ ਮੈਂ ਉਸ ਨੂੰ ਉਦਾਸ ਤੇ ਗੁੰਮ ਜਿਹੀ ਹੀ ਦੇਖਿਆ ਸੀ। ਮੈਂ ਟੈਲੀਫੋਨ 'ਤੇ ਇਸ ਬਾਰੇ ਪੁੱਛਦਾ ਤਾਂ ਉਹ ਮੇਰੀ ਗੱਲ ਨੂੰ ਟਾਲ ਜਾਂਦੀ। ਮੈਂ ਉਸ ਨੂੰ ਜ਼ੋਰ ਦੇ ਕੇ ਕਹਿੰਦਾ ਕਿ ਉਹ ਆਪਣੀ ਵਧੀਆ ਜਿਹੀ ਫੋਟੋ ਭੇਜੇ ਜਿਸ ਨੂੰ ਮੈਂ ਆਪਣੇ ਕਮਰੇ ਵਿੱਚ ਲਾ ਸਕਾਂ। ਇਸ ਬਾਰੇ ਮੈਨੂੰ ਉਸ ਨੂੰ ਵਾਰ-ਵਾਰ ਯਾਦ ਕਰਾਉਣਾ ਪੈਂਦਾ। ਮੈਂ ਸੋਚਦਾ ਕਿ ਉਸ ਨੂੰ ਕੀ ਹੋਈ ਜਾਂਦਾ ਹੈ। ਉਹ ਖ਼ੁਸ਼ ਕਿਉਂ ਨਹੀਂ ਰਹਿੰਦੀ ? ਉਹ ਕਿਹੜੀ ਚੀਜ਼ ਹੈ ਜੋ ਮੈਂ ਉਸ ਨੂੰ ਨਾ ਭੇਜੀ ਹੋਵੇ। ਤਿੰਨ ਮਹੀਨਿਆਂ ਬਾਅਦ ਸੱਠ ਹਜ਼ਾਰ ਦਾ ਬੈਂਕ ਡਰਾਫਟ ਭੇਜਦਾਂ। ਉਹ ਉੱਨੀ ਕਰੇ, ਇੱਕੀ



www.PunjabiLibrary.com

ਕਰੇ, ਮੈਨੂੰ ਮਨਜ਼ੂਰ ਹੁੰਦਾ। ਬੀਬੀ ਉਸ ਦੀ ਹਰੇਕ ਗੱਲ ਮੰਨਦੀ। ਉਸ ਤਾਂ ਸਭ ਕੁਝ ਉਸੇ ਦੀ ਇੱਛਾ ਤੇ ਮਰਜ਼ੀ 'ਤੇ ਛੱਡਿਆ ਹੋਇਆ। ਮੈਨੂੰ ਲੱਗਦਾ ਕਿ ਇਹ ਤਾਂ ਉਹ ਵਿਆਹ ਵਾਲੀ ਰਘੁਬੀਰ ਹੈ ਹੀ ਨਹੀਂ। ਕਿੰਨਾ ਚਾਅ ਸੀ ਉਸ ਨੂੰ ਵਿਆਹ ਦਾ। ਉਸ ਆਪ ਦੱਸਿਆ ਸੀ, "ਮੈਂ ਆਪਣੇ ਵਿਆਹ 'ਤੇ ਨੱਚੀ ਸੀ। ਗਾਇਆ ਸੀ-ਮੈਂ ਕਮਲੀ, ਯਾਰ ਦੀ ਕਮਲੀ, ਮੇਰੀ ਦਾਦੀ ਨੇ ਟੋਕਿਆ ਸੀ ਕਿ ਸਾਡੇ ਘਰਾਂ ਵਿੱਚ ਕੁੜੀਆਂ ਆਪਣੇ ਵਿਆਹ ਤੇ ਨ੍ਹੀਂ ਨੱਚਦੀਆਂ ਹੁੰਦੀਆਂ। ਮੈਥੋਂ ਹੱਟ ਨ੍ਹੀਂ ਹੋਇਆ ਸੀ। ਮੇਰੀ ਦਾਦੀ ਨੇ ਮੇਰੀ ਬਾਂਹ ਫੜ ਲਈ ਸੀ ਪਰ ਮੈਂ ਉਹਨੂੰ ਆਪਣੇ ਨਾਲ ਨੱਚਣ ਲਾ ਲਿਆ ਸੀ।"

****

ਹੁਣ ਸਾਹਮਣੇ ਘਰ ਸੀ। ਮੇਰਾ ਘਰ। ਸੱਜੇ ਪਾਸੇ ਲੱਗੀ ਨੇਮ-ਪਲੇਟ। ਉਹੀ ਨੇਮ-ਪਲੇਟ ਜਿਹੜੀ ਕਿ ਹਰਬੰਸ ਨੇ ਆਪਣੀ ਵਰਕਸ਼ਾਪ 'ਚ ਮੈਨੂੰ ਬਣਾ ਕੇ ਦਿੱਤੀ ਸੀ। ਕਿਹਾ ਸੀ, "ਚੜ੍ਹਦੀ ਉਮਰ 'ਚ ਇਹਦੀ ਲੋੜ ਘੱਟ ਪੈਂਦੀ ਆ। ਲਹਿੰਦੀ ਉਮਰੇ ਤੈਨੂੰ ਆਪੇ ਪਤਾ ਲੱਗ ਜਾਊ।"

ਮੈਂ ਆਪਣਾ ਨਾਂ ਪੜ੍ਹਿਆ-ਤੇਜਵੰਤ ਕੰਡਾ। ਇਹ ਜਿਓਂ ਦਾ ਤਿਓਂ ਬਰਕਰਾਰ ਸੀ। ਜੇ ਕੋਈ ਫਰਕ ਪਿਆ ਸੀ ਤਾਂ ਉਹ ਰੰਗਾਂ ਦੇ ਫਿੱਕੇ ਪੈਣ ਦਾ ਸੀ।

ਬਾਹਰਲਾ ਗੇਟ ਬੰਦ ਸੀ। ਮੇਰੇ ਮਨ 'ਚ ਇਕ ਹੋਰ ਪ੍ਰਸ਼ਨ ਉਭਰਿਆ-ਕੀ ਇਸ ਨੂੰ ਮੇਰੇ ਆਉਣ ਦਾ ਅੱਧ ਪਚੱਧਾ ਵੀ ਇੰਤਜ਼ਾਰ ਨਹੀਂ ਸੀ। ਮੇਰੀਆਂ ਨਜ਼ਰਾਂ ਸਾਹਮਣੇ ਮੇਰੇ ਪਿੰਡ ਦੇ ਅਨੇਕਾਂ ਚਿਹਰੇ ਆਏ ਜਿਹੜੇ ਇਕ ਵਾਰ ਇੰਗਲੈਂਡ, ਕਨੇਡਾ 'ਚ ਗਏ ਸਨ ਤੇ ਮੁੜ ਕਦੇ ਵਾਪਸ ਨਹੀਂ ਆਏ ਸਨ। ਉਨ੍ਹਾਂ ਦੀਆਂ ਅਸਤੀਆਂ ਆਈਆਂ ਸਨ ਜਾਂ ਉਨ੍ਹਾਂ ਦੇ ਨਾਂ ਦੇ ਅਖੰਡਪਾਠ ਰੱਖੇ ਗਏ ਸਨ। ਪਰ ਅਰਬ ਦੇਸ਼ਾਂ 'ਚ ਸ਼ਾਇਦ ਹੀ ਮੇਰੇ ਜਿੰਨਾ ਕੋਈ ਰੁਕਿਆ ਹੋਵੇ। ਬਾਰਾਂ ਸਾਲ। ਤਿੰਨ ਮਹੀਨੇ। ਗਿਆਰਾਂ ਦਿਨ।

ਇਨ੍ਹਾਂ ਸਾਲਾਂ 'ਚ ਕਿੰਨਾ ਕੁਝ ਬਦਲ ਗਿਆ ਸੀ। ਮੈਂ ਗਲੀ 'ਚ ਦੂਰ ਤਕ ਨਜ਼ਰ ਦੌੜਾਈ। ਮੈਨੂੰ ਮੇਰੀ ਪਹਿਚਾਣ ਦਾ ਕੋਈ ਚਿਹਰਾ ਨਾ ਦਿੱਸਿਆ। ਜਦੋਂ ਰਿਕਸ਼ਾ ਗਲੀ ਅੰਦਰ ਵੜਿਆ ਸੀ ਤਾਂ ਨੁਕਰ 'ਚ ਖੜੇ ਦੋ ਆਦਮੀਆਂ ਨੇ ਆਪਸ ਵਿਚ ਘੁਸਰ ਮੁਸਰ ਕੀਤੀ ਸੀ, ਫੇਰ ਉਹ ਆਪਣੀਆਂ ਗੱਲ੍ਹਾਂ ਵਿਚ ਰੁਝ ਗਏ ਸਨ। ਸਿਖ਼ਰ ਦੁਪਹਿਰ ਸੀ। ਅਗਾਂਹ ਕੋਈ ਆਦਮੀ ਤਾਂ ਕੀ-ਕੋਈ ਕੁੱਤਾ, ਬਿੱਲਾ ਵੀ ਮਥੇ ਨਾ ਲੱਗਾ। ਕਰਮਚੰਦ ਦੇ ਬਾਹਰਲੇ ਦਰਵਾਜ਼ੇ ਕੋਲ ਫੈਲਿਆ ਸ਼ਹਿਤੂਤ ਗਾਇਬ ਸੀ। ਹੁਣ ਉਥੇ ਕਮਰਾ ਬਣਿਆ ਸੀ। ਮਿੰਦਰ ਕਾ ਛੱਤੜਾ, ਜਸਵੰਤ ਕੀ ਡਿਉਢੀ। ਅਗਲੀਆਂ ਤਬਦੀਲੀਆਂ ਦਾ ਮੈਨੂੰ ਪਤਾ ਨਹੀਂ ਲੱਗਾ ਸੀ।

ਨਿੰਮ ਤੋਂ ਬਿਨਾਂ ਮੇਰੇ ਲਈ ਆਪਣਾ ਘਰ ਪਛਾਨਣਾ ਔਖਾ ਹੋ ਗਿਆ ਸੀ। ਰਘੁਬੀਰ ਮੈਨੂੰ ਬਰੋਬਰ ਲਿਖਦੀ ਰਹੀ ਸੀ ਕਿ ਉਸ ਕੋਠੀ 'ਚ ਕੀ-ਕੀ ਬਣਵਾਇਆ। ਦੋ ਬੈੱਡ ਰੂਮ। ਡਰਾਇੰਗ ਰੂਮ ਕਮ ਲੌਬੀ। 14×16 ਫੁੱਟ ਦਾ। ਵਿਚਕਾਰੋਂ ਚੜ੍ਹਦੀ ਪੌੜੀ। ਇਕ ਦਰਵਾਜ਼ੇ ਨਾਲ ਸਾਰਾ ਘਰ ਬੰਦ। ਅੱਗੇ 14×10 ਫੁੱਟ ਦਾ ਬਰਾਂਡਾ। ਵਿਹੜੇ 'ਚ ਚਿੱਟਾ



ਮਾਰਬਲ। ਰਸੋਈ 'ਚ ਹਲਕਾ ਗਰੇ ਮਾਰਬਲ। ਤਿੰਨ ਅਟੈਚਡ ਬਾਥਰੂਮ। ਤਿੰਨਾਂ 'ਚ ਵੱਖ-ਵੱਖ ਰੰਗਾਂ ਦੀਆਂ ਟਾਈਲਾਂ। ਮੈਂ ਉਸ ਨੂੰ ਕਿਹਾ ਸੀ ਕਿ ਨਿੰਮ ਨਹੀਂ ਵਢਵਾਉਣੀ। ਮੇਰੇ ਕੋਲ ਆਪਣਾ ਘਰ ਪਛਾਨਣ ਦੀ ਕੋਈ ਇਕ ਨਿਸ਼ਾਨੀ ਤਾਂ ਹੋਣੀ ਚਾਹੀਦੀ ਹੈ।

ਰਿਕਸ਼ੇ ਵਾਲੇ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ। ਘੰਟੀ ਵਜਾਈ। ਜਿਵੇਂ ਸੂਚਿਤ ਕੀਤਾ ਹੋਵੇ-ਸਾਹਿਬ ਬਹਾਦੁਰ-ਹੁਣ ਕਿਹੜੀਆਂ ਗਿਣਤੀਆਂ-ਮਿਣਤੀਆਂ 'ਚ ਪੈ ਗਏ। ਆਪਣਾ ਸਾਮਾਨ ਚੁੱਕੋ। ਮੈਂ ਵੀ ਜਾਣਾ।

ਮੈਂ ਪੈਂਟ ਦੀ ਜੇਬ 'ਚੋਂ ਰੁਮਾਲ ਕੱਢਿਆ। ਮੱਥੇ 'ਤੇ ਆਈਆਂ ਸੰਘਣੇ ਪਸੀਨੇ ਦੀਆਂ ਬੂੰਦਾਂ ਨੂੰ ਪੂੰਝਿਆ। ਦੋ ਵਾਰ ਗੇਟ ਦਾ ਅਰਲ ਖੜਕਾਇਆ।

ਅੱਗੋਂ ਕੋਈ ਜਵਾਬ ਨਾ ਆਇਆ।

ਤੀਜੀ ਵਾਰ ਮੈਂ ਪੂਰੇ ਜ਼ੋਰ ਨਾਲ ਅਰਲ ਖੜਕਾਇਆ।

ਅੰਦਰੋਂ ਰੁਖ਼ੀ ਆਵਾਜ਼ ਆਈ, "ਕੌਣ?"

ਮੈਂ ਆਵਾਜ਼ ਪਛਾਣ ਲਈ। ਇਹ ਮੇਰੇ ਬੇਟੇ ਗੁਰਪ੍ਰਤਾਪ ਦੀ ਆਵਾਜ਼ ਸੀ।

ਪਲ ਦੀ ਪਲ ਮੈਨੂੰ ਲਗਾ ਕਿ ਹੁਣ ਮੈਂ ਇਸ ਘਰ ਲਈ ਅਜਨਬੀ ਹੋ ਗਿਆਂ। ਮੈਂ ਇਸ ਦਾ ਕੀ ਜੁਆਬ ਦੇਵਾਂ। ਆਪਣਾ ਨਾਂ ਦੱਸਾਂ ਜਾਂ ਚੀਕ ਮਾਰ ਕੇ ਕਹਾਂ-ਤੁਹਾਡੀ ਮਾਂ ਦਾ ਖਸਮ। ਮੈਨੂੰ ਆਪਣੇ ਭਾਪਾ ਜੀ ਦੀ ਯਾਦ ਆਈ। ਉਹ ਮਹੀਨੇ 'ਚ ਦੋ ਤਿੰਨ ਵਾਰ ਕਰਤਾਰੇ ਹੋਰਾਂ ਦੀ ਢਾਣੀ 'ਚ ਬੈਠੇ ਜ਼ਿਆਦਾ ਪੀ ਲੈਂਦੇ। ਰਾਤ ਨੂੰ ਲੇਟ ਆਉਂਦੇ। ਬਾਹਰਲੇ ਦਰਵਾਜ਼ੇ ਦਾ ਕੁੰਡਾ ਜ਼ੋਰ-ਜ਼ੋਰ ਦੀ ਖੜਕਾਉਂਦੇ। ਜਾਣਦਿਆਂ ਹੋਇਆਂ ਵੀ ਬੀਬੀ ਪੁੱਛਦੀ, "ਕਿਹੜਾ ਹੈ ਇਸ ਵੇਲ਼ੇ?" ਅਗੋਂ ਉਹ ਚੁੱਪ ਰਹਿੰਦੇ। ਦੋ ਕੁ ਮਿੰਟਾਂ ਬਾਅਦ ਉਹ ਫੇਰ ਕੁੰਡਾ ਖੜਕਾਉਂਦੇ। ਬੀਬੀ ਆਪਣੇ ਮੰਜੇ ਤੋਂ ਨਾ ਉਠਦੀ। ਨਾ ਸਾਨੂੰ ਉਠਣ ਦਿੰਦੀ। ਇਹ ਸਿਲਸਿਲਾ ਅੱਧਾ ਕੁ ਘੰਟਾ ਚਲਦਾ। ਫੇਰ ਬੀਬੀ ਵਿਹੜੇ 'ਚ ਆ ਕੇ ਪੁੱਛਦੀ, "ਜਿੰਨਾ ਚਿਰ ਆਪਣਾ ਨਾਂ ਨ੍ਹੀਂ ਦੱਸਦਾ ਮੈਂ ਦਰਵਾਜ਼ਾ ਨ੍ਹੀਂ ਖੋਲ੍ਹਣਾ। ਕੀ ਪਤਾ ਕਿਹੜਾ?"

ਭਾਪਾ ਸਾਰਾ ਜ਼ੋਰ ਲਾ ਕੇ ਕਹਿੰਦੇ, "ਤੁਹਾਡੀ ਮਾਂ ਦਾ ਖਸਮ।"

'ਖਸਮ' ਸ਼ਬਦ 'ਤੇ ਮੈਂ ਮੁਸਕਰਾ ਪਿਆ। ਮੁੰਡੇ 'ਤੇ ਆਇਆ ਗੁੱਸਾ ਛੂੰ-ਮੰਤਰ ਹੋ ਗਿਆ। ਇਸ 'ਚ ਉਸ ਦਾ ਕੀ ਕਸੂਰ ਸੀ? ਜਦੋਂ ਮੈਂ ਗਿਆ ਸੀ ਤਾਂ ਗੁਰਪ੍ਰਤਾਪ ਚਾਰ ਕੁ ਸਾਲਾਂ ਦਾ ਸੀ। 'ਡੈਡੀ-ਡੈਡੀ' ਕਹਿੰਦਾ ਦੁਕਾਨ 'ਚ ਆ ਵੜਦਾ ਸੀ। ਬੜਾ ਜ਼ਿੱਦੀ ਸੀ। ਜਿਸ ਚੀਜ਼ ਲਈ ਅੜ ਜਾਂਦਾ-ਲੈ ਕੇ ਰਹਿੰਦਾ। ਉਹਦੀ ਮੰਮੀ ਘੂਰਦੀ। ਬੀਬੀ ਆ ਕੇ ਫੜਦੀ। ਪਰ ਉਹ ਨਾ ਮੰਨਦਾ।

ਕੀ ਬੀਬੀ ਵੀ ਅੰਦਰ ਨਹੀਂ ਹੈ?

ਜੇ ਉਹ ਘਰ 'ਚ ਹੁੰਦੀ ਤਾਂ ਮੇਰੇ ਅਰਲ ਖੜਕਾਉਣ ਦੇ ਲਹਿਜੇ ਤੋਂ ਜ਼ਰੂਰ ਉਸ ਨੂੰ ਪਤਾ ਲੱਗ ਜਾਣਾ ਸੀ। ਉਹ ਕਹਿੰਦੀ ਸੀ, "ਹਰੇਕ ਜੀਅ ਦੇ ਅਰਲ ਖੜਕਾਉਣ ਦਾ ਆਪਣਾ ਢੰਗ ਆ। ਤੂੰ ਤਿੰਨ ਵਾਰ ਟਿਕ-ਟਿਕ ਕਰਦਾਂ। ਮੈਨੂੰ ਤੇਰਾ ਪਤਾ ਲੱਗ ਜਾਂਦਾ। ਤੂੰ ਵੀਹ ਸਾਲਾਂ ਬਾਅਦ ਵੀ ਆ ਕੇ ਟਿਕ-ਟਿਕ ਕਰੇ ਮੈਨੂੰ ਪਤਾ ਲਗ ਜਾਊ।" ਕੀ ਉਹ ਵੀ ਇਨ੍ਹਾਂ ਸਾਲਾਂ 'ਚ ਅਰਲ ਦੀ ਆਵਾਜ਼ ਪਛਾਨਣਾ ਭੁੱਲ ਗਈ ਸੀ। ਮੈਂ ਗੇਟ ਦੀਆਂ ਝੀਥਾਂ



www.PunjabiLibrary.com

ਥਾਣੀਂ ਅੰਦਰ ਦੇਖਿਆ। ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਮੈਨੂੰ ਟੈਲੀਫੋਨ ਕਰ ਦੇਣਾ ਚਾਹੀਦਾ ਸੀ। ਜਾਂ ਆਪਣੇ ਆਉਣ ਦੀ ਚਿੱਠੀ ਹੀ ਲਿਖ ਦੇਣੀ ਚਾਹੀਦੀ ਸੀ।

ਹੁਣ ਪਹਿਲਾਂ ਵਾਲਾ ਛੋਟਾ ਗੇਟ ਨਹੀਂ ਰਿਹਾ ਸੀ। ਇਹ ਸੱਤ ਬਾਈ ਅੱਠ ਫੁੱਟ ਵੱਡਾ ਗੇਟ ਸੀ। ਵੱਡੀ ਕੋਠੀ ਦਾ ਵੱਡਾ ਗੇਟ। ਮੈਨੂੰ ਗੇਟ ਖੜਕਾਉਣ ਦੀ ਥਾਂ ’ਤੇ ਘੰਟੀ ਦਾ ਬਟਨ ਦਬਾਉਣਾ ਚਾਹੀਦਾ ਸੀ।

ਕੀ ਰਘੁਬੀਰ ਘਰੇ ਹੋਊਗੀ ? ਜਾਂ ? ਅਗਾਂਹ ਮੈਥੋਂ ਗਾਲ੍ਹ ਹੀ ਕੱਢ ਹੋ ਗਈ।

ਮੈਂ ਖਿਝ ਨਾਲ ਨੱਕੋ-ਨੱਕ ਭਰ ਗਿਆ। ਆਪਣੇ ਘਰ ਅੱਗੇ ਖੜ੍ਹ ਕੇ ਮੈਨੂੰ ਇੰਤਜਾਰ ਕਰਨਾ ਡਾਢਾ ਔਖਾ ਲੱਗਾ। ਪਤਾ ਨਹੀਂ ਅੰਦਰ ਬੈਠੀ ਕਿਹੜੇ ਕੰਮਾਂ ’ਚ ਗੁਆਚੀ ਹੋਈ ਸੀ ?

“ਕੌਣ ਏ ਜੀ ?” ਵਰਾਂਡੇ ’ਚੋਂ ਫੇਰ ਆਵਾਜ਼ ਆਈ।

“ਦੱਸਦਾਂ। ਦੱਸਦਾਂ। ਕੁੰਡਾ ਖੋਲ੍ਹ ਪਹਿਲਾਂ,” ਮੈਂ ਸੰਘ ਪਾੜਵੀਂ ਆਵਾਜ਼ ’ਚ ਬੋਲਿਆ।

ਗੁਰਪ੍ਰਤਾਪ ਨੇ ਬਾਹਰ ਆਉਣ ’ਚ ਬਹੁਤੀ ਕਾਹਲੀ ਨਾ ਦਿਖਾਈ। ਉਸ ਬਰਾਂਡੇ ’ਚ ਖੜਿਆਂ ਹੀ ਫੇਰ ਪੁੱਛ ਲਿਆ, “ਪਹਿਲਾਂ ਦੱਸੋ ਤੁਸੀਂ ਕੌਣ ਹੋ ?” ਮੈਂ ਗਾਲ੍ਹ ਕੱਢ ਕੇ ਕਿਹਾ, “ਤੇਰੀ ਮਾਂ ਦਾ ਖਸਮ।”

“ਡੈਡੀ ਜੀ ਆ ਗਏ। ਡੈਡੀ ਜੀ ਆ ਗਏ,” ਗੁਰਪ੍ਰਤਾਪ ਸਨਤੋੜ ਅੰਦਰ ਵੱਲ ਦੌੜਿਆ। ਉਸ ਨੂੰ ਇਹ ਵੀ ਭੁੱਲ ਗਿਆ ਕਿ ਉਸ ਗੇਟ ਖੋਲ੍ਹਣਾ ਸੀ। ਉਹ ਬੀਬੀ ਨੂੰ ਦੱਸਣ ਦੌੜਿਆ ਸੀ। ਬੀਬੀ ਧਾਰਮਿਕ ਫਿਲਮ ਦੇਖਣ ’ਚ ਐਨੀ ਮਗਨ ਸੀ ਜਿਵੇਂ ਟੀ.ਵੀ. ਦੀ ਸਕਰੀਨ ’ਤੇ ਉਸ ਦੇ ਜ਼ਿਹਨ ’ਚ ਉਭਰੇ ਪ੍ਰਭੂ ਦਾ ਸਾਕਾਰ ਰੂਪ ਆ ਖੜੋਇਆ ਹੋਵੇ।

****

ਰਘੁਬੀਰ ਨੇ ਮੇਰੇ ਬਿਨਾਂ ਇੰਨੇ ਸਾਲ ਕਿਵੇਂ ਗੁਜ਼ਾਰੇ ਹੋਣਗੇ ? ਇਸ ਪ੍ਰਸ਼ਨ ਤੋਂ, ਜਦੋਂ ਦੀ ਸੀਟ ਬੁੱਕ ਕਰਵਾਈ ਸੀ, ਮੈਂ ਮੁਕਤ ਨਹੀਂ ਹੋਇਆ ਸੀ। ਉਹ ਮਹੀਨੇ ਵਿਚ ਇਕ ਵਾਰ ਚਿੱਠੀ ਲਿਖਦੀ ਸੀ। ਇਸ ’ਚ ਉਹ ਘਰ, ਬੱਚੇ, ਬੀਬੀ, ਆਂਢ-ਗੁਆਂਢ ਤੇ ਰਿਸ਼ਤੇਦਾਰਾਂ ਬਾਰੇ ਹੋਈਆਂ ਬੀਤੀਆਂ ਲਿਖਦੀ ਸੀ। ਹਰੇਕ ਘਟਨਾ, ਵਿਆਹ, ਦਿਨ ਸੁੱਧ ਬਾਰੇ ਦੱਸਦੀ ਸੀ। ਉਹ ਦੀ ਚਿੱਠੀ ਲੰਬੀ ਹੁੰਦੀ ਸੀ। ਮੈਂ ਜੁਆਬ ਦੇਣ ’ਚ ਆਲਸੀ ਹੋ ਜਾਂਦਾ। ਮੈਂ ਉਸਨੂੰ ਫੋਨ ਕਰਦਾ ਸੀ। ਮਹੀਨੇ ’ਚ ਦੋ ਵਾਰ। ਉਹਨੇ ਆਪਣੇ ਬਾਰੇ ਕਦੇ ਕੁਝ ਨਹੀਂ ਲਿਖਿਆ ਸੀ। ਕਿਸੇ ਚੀਜ਼ ਦੀ ਫਰਮਾਇਸ਼ ਨਹੀਂ ਕੀਤੀ ਸੀ। ਉਹ ਬੱਚਿਆਂ ਤੇ ਉਨ੍ਹਾਂ ਦੀਆਂ ਵਧਦੀਆਂ ਲੋੜਾਂ ਦਾ ਖੁਲਾਸਾ ਕਰਦੀ ਸੀ। ਮੈਂ ਬੀਬੀ ਦੀ ਦੇਖਭਾਲ ਕਰਨ ਦੀ ਤਗੀਦ ਕਰਦਾ ਸੀ।

ਜਿਸ ਦਿਨ ਦਾ ਬਲਬੀਰ ਤੇ ਰਜਨੀਸ਼ ਨੂੰ ਮੇਰੇ ਜਾਣ ਦਾ ਪਤਾ ਲੱਗਾ ਸੀ ਉਸ ਦਿਨ ਦੇ ਉਹ ਮੈਨੂੰ ਕੁਝ ਜ਼ਿਆਦਾ ਹੀ ਛੇੜਨ ਲੱਗੇ ਸਨ। ਮੈਂ ਉਨ੍ਹਾਂ ਦੀਆਂ ਗੱਲਾਂ ਦਾ ਜੁਆਬ ਨਾ ਦਿੰਦਾ। ਉਹ ਮੇਰੇ ਕੁਤਕਤਾਰੀਆਂ ਕੱਢਦੇ। ਹੱਸਾ-ਹੱਸਾ ਕੇ ਢਿਡ ਦੂੱਖਣ ਲਾ ਦਿੰਦੇ। ਵੀ.ਸੀ.ਆਰ. ’ਤੇ ਜਾਨਵਰਾਂ ਦੀਆਂ ਗੰਦੀਆਂ ਫਿਲਮਾਂ ਲਾਉਂਦੇ। ਤੇਜ਼ ਮਸਾਲਿਆਂ



’ਚ ਮੁਰਗਾ ਭੁੰਨਦੇ। ਮੈਨੂੰ ਕੁਝ ਵੀ ਚੰਗਾ ਨਾ ਲੱਗਦਾ। ਮੈਨੂੰ ਰਘੁਬੀਰ ਦੀ ਗੱਲ ਯਾਦ ਆ ਜਾਂਦੀ- ‘ਐਦੂੰ ਤਾਂ ਤੁਸੀਂ ਫੌਜ ’ਚ ਚੰਗੇ ਸੀ। ਆਹ ਵੀ ਕੀ ਚੰਦਰਾ ਜਿਉਣਾ ਹੋਇਆ।’ ਇਹ ਉਸਦੀ ਸਭ ਤੋਂ ਛੋਟੀ ਚਿੱਠੀ ਸੀ। ਸਿਰਫ਼ ਇਕ ਲਾਈਨ ਦੀ ਚਿੱਠੀ। ਲੰਬੀ ਲਕੀਰ ਮਾਰ ਕੇ ਹੇਠਾਂ ਲਿਖਿਆ ਸੀ- ਰਘੁਬੀਰ ਕੌਰ। ਕੀ ਉਸ ਦੇ ਸਬਰ ਦਾ ਪਿਆਲਾ ਭਰ ਗਿਆ ? ਕੀ ਉਸ ਤੋਂ ਹੋਰ ਇੰਤਜਾਰ ਨਹੀਂ ਹੁੰਦਾ ? ਇਨ੍ਹਾਂ ਦਿਨਾਂ ’ਚ ਹੀ ਮੇਰੇ ਹੇਠਾਂ ਕੰਮ ਕਰਦੇ ਦਵਿੰਦਰ ਦੀ ਘਰਵਾਲੀ ਦੀ ਚਿੱਠੀ ਆਈ ਸੀ। ਦਵਿੰਦਰ ਅਨਪੜ੍ਹ ਸੀ। ਮੈਂ ਦਵਿੰਦਰ ਦੀਆਂ ਚਿੱਠੀਆਂ ਪੜ੍ਹਦਾ ਸੀ। ਦਵਿੰਦਰ ਮੇਰੇ ਕੋਲੋਂ ਜੁਆਬ ਲਿਖਵਾਉਂਦਾ ਸੀ। ਇਸ ਚਿੱਠੀ ਵਿਚ ਦਵਿੰਦਰ ਦੀ ਘਰਵਾਲੀ ਨੇ ਲਿਖਿਆ ਸੀ, “ਚਿੱਠੀ ਮਿਲਦੇ ਸਾਰ ਹੀ ਆ ਜਾਉ। ਮੈਥੋਂ ਬਹੁਤਾ ਚਿਰ ਇੰਤਜਾਰ ਨਹੀਂ ਹੋਣਾ। ਮੈਂ ਹਫਤਾ ਦੋ ਹਫਤੇ ਕੱਢ ਲਵਾਂਗੀ। ਜੇ ਨਾ ਆਏ ਤਾਂ ਫਿਰ ਨਾ ਕਹਿਣਾ ਕਿ ਤੁਹਾਡੀ ਘਰਵਾਲੀ ਖਰਾਬ ਹੋ ਗਈ।”

ਉਸ ਰਾਤ ਮੈਨੂੰ ਨੀਂਦ ਨਹੀਂ ਆਈ ਸੀ।

ਮੇਰੇ ਹੇਠਾਂ ਪੰਦਰਾਂ ਪੰਜਾਬੀ, ਪੰਜ ਗੁਜਰਾਤੀ ਤੇ ਦੋ ਬਿਹਾਰ ਦੇ ਬੰਦੇ ਕੰਮ ਕਰਦੇ ਸਨ। ਜਸਪਾਲ ਹੋਰੀਂ ਮਲਕੀਤ ਦੀ ਤੀਵੀਂ ਬਾਰੇ ਘੁਸਰ-ਮੁਸਰ ਕਰਦੇ। ਖੁੱਲ੍ਹ ਕੇ ਕੋਈ ਗੱਲ ਨਾ ਕਰਦਾ। ਏਨਾ ਕੁ ਤਾਂ ਮੈਨੂੰ ਪਤਾ ਲੱਗ ਗਿਆ ਸੀ ਕਿ ਉਸ ਦੀ ਤੀਵੀਂ ਉਸ ਦੇ ਏਧਰ ਆਉਣ ਨਾਲ ਖਰਾਬ ਹੋ ਗਈ ਸੀ। ਇਕ ਦਿਨ ਇਸ ਸੰਬੰਧੀ ਮੈਂ ਬਲਬੀਰ ਨੂੰ ਪੁੱਛਿਆ ਸੀ। ਉਸ ਦੱਸਿਆ ਸੀ, “ਭਾਜੀ-ਅਸੀਂ ਕਮਾਈ ਕਰਨ ਇਧਰ ਆ ਗਏ। ਆਪ ਪੈਸੇ ਦੀ ਕਿਰਸ ਕੀਤੀ-ਸਾਰੇ ਪੈਸੇ ਪਿਛਾਂਹ ਭੇਜਣ ਲੱਗੇ। ਸਟੀਰੀਓ ਭੇਜੇ। ਵੀ. ਸੀ. ਆਰ. ਲੈ ਗਏ। ਜਪਾਨ ਦੇ ਸਸਤੇ ਕੱਪੜਿਆਂ ਦੇ ਢੇਰ ਲਾ ਦਿੱਤੇ। ਜਨਾਨੀਆਂ ਐਸ਼ ਕਰਨ ਲੱਗੀਆਂ। ਪੈਸਾ ਆਵੇ ਤਾਂ ਵੈਲ ਵੀ ਆ ਜਾਂਦੇ।” ਰਜਨੀਸ਼ ਨੇ ਗੱਲਬਾਤ ’ਚ ਸ਼ਾਮਿਲ ਹੁੰਦਿਆਂ ਕਿਹਾ ਸੀ, “ਅਸੀਂ ਪੈਸੇ ਪੱਖੋਂ ਕੁਸ਼ ਖ਼ੁਸ਼ਹਾਲ ਹੋ ਗਏ। ਪਰ ਆਪਣੇ ਪਰਿਵਾਰ ਦੀ ਸਾਂਝ ਗੁਆ ਲਈ। ਮੈਂ ਪਿਛਲੇ ਸਾਲ ਗਿਆ ਸੀ। ਦੋ ਮਹੀਨਿਆਂ ਦੀ ਛੁੱਟੀ। ਪੰਦਰਾਂ ਕੁ ਦਿਨਾਂ ਮਗਰੋਂ ਹੀ ਬੀ. ਏ. ’ਚ ਪੜ੍ਹਦਾ ਮੇਰਾ ਮੁੰਡਾ ਪੁੱਛਣ ਲੱਗਾ-ਡੈਡੀ ਕਦੋਂ ਵਾਪਿਸ ਜਾ ਰਹੇ ਹੋ ? ਮੈਂ ਉਹਨੂੰ ਕਈ ਗੱਲਾਂ ਤੋਂ ਰੋਕਦਾ ਸੀ। ਟੋਕਦਾ ਸੀ। ਉਹ ਇਹਨੂੰ ਬਰਦਾਸ਼ਤ ਨ੍ਹੀਂ ਕਰਦਾ ਸੀ।” ਬਲਬੀਰ ਬੋਲਿਆ ਸੀ, “ਜੇ ਬੰਦਾ ਔਰਤ ਬਿਨਾਂ ਨ੍ਹੀਂ ਰਹਿ ਸਕਦਾ-ਤਾਂ ਔਰਤ ਵੀ ਨ੍ਹੀਂ ਰਹਿ ਸਕਦੀ।” ਮੈਂ ਕਿਹਾ ਸੀ, “ਮੈਨੂੰ ਆਇਆਂ ਤਾਂ ਬਾਰਾਂ ਸਾਲ ਹੋ ਗਏ।” ਬਲਬੀਰ ਨੇ ਇਸ ਨੂੰ ਮੇਰੀ ਵੱਡੀ ਗਲਤੀ ਕਿਹਾ ਸੀ, “ਤੁਹਾਨੂੰ ਇੰਨਾ ਚਿਰ ਆਪਣੇ ਪਰਿਵਾਰ ਕੋਲੋਂ ਦੂਰ ਨ੍ਹੀਂ ਰਹਿਣਾ ਚਾਹੀਦਾ। ਪੈਸਾ ਹੀ ਸਭ ਕੁਸ਼ ਨ੍ਹੀਂ ਹੁੰਦਾ। ਘਰ ਤਾਂ ਖੂਹ ਹੁੰਦਾ ਜਿੰਨਾ ਮਰਜ਼ੀ ਕਮਾਈ ਜਾਓ-ਇਹ ਨ੍ਹੀਂ ਭਰਨਾ। ਪਹਿਲਾਂ ਸਾਡਾ ਪਰਿਵਾਰ ਹੋਣਾ ਚਾਹੀਦਾ। ਹੁਣ ਬੱਚਿਆਂ ਤੋਂ ਡਰਦੀ ਜਨਾਨੀ ਨੇ ਤੁਹਾਡੇ ਨਾਲ ਸੌਣ ਤੋਂ ਨਾਂਹ ਕਰ ਦੇਣੀ। ਫੇਰ ਪੈਸਾ। ਮੈਂ ਦੋ ਸਾਲਾਂ ਬਾਅਦ ਅਵੱਸ਼ ਹੀ ਛੁੱਟੀ ਜਾਂਦਾ ਆਂ।” ਰਜਨੀਸ਼ ਨੇ ਕਿਹਾ ਸੀ, “ਜਾਂ ਤਾਂ ਪਰਿਵਾਰ ਬਚਾ ਲਵੋ ਜਾਂ ਪੈਸੇ ਕਮਾ ਲਵੋ। ਮੈਂ ਤਾਂ ਇਸ ਗੱਲ ਨੂੰ ਮੰਨ ਲਿਆ। ਅਸੀਂ ਇਧਰ ਆ ਜਾਂਦੇ ਆਂ। ਤੀਵੀਂਆਂ ਮਗਰੋਂ ਕਿਸੇ ਨਾ ਕਿਸੇ ਨਾਲ ਸੈੱਟ ਹੋ ਜਾਂਦੀਆਂ। ਲਓ ਮੈਂ ਆਪਣੇ ਚਾਚੇ ਦੀ ਮੁੰਡੇ ਦੀ ਗੱਲ ਦੱਸਦਾਂ। ਉਹ ਇਲਲਿਗਲ ਜਰਮਨੀ ਚਲਾ ਗਿਆ। ਉਹਦੇ ਵਿਆਹ ਹੋਏ ਨੂੰ ਪੰਜ ਸਾਲ ਹੀ ਹੋਏ ਸੀ। ਦੋ



www.PunjabiLibrary.com

ਬੱਚੇ ਸੀ। ਮੁੰਡਾ ਤੇ ਕੁੜੀ। ਦਸ ਖੇਤ ਸੀ। ਮੇਰੇ ਚਾਚੇ ਨੇ ਇਕ ਬਿਹਾਰੀਆ ਰੱਖ ਲਿਆ। ਉਹਨੂੰ ਟਰੈਕਟਰ ਚਲਾਉਣਾ ਸਿਖਾ ਦਿੱਤਾ। ਉਹ ਬਿਹਾਰੀਆ ਬੜਾ ਕਾਮਾ ਸੀ। ਚਾਚੇ ਦੇ ਮੁੰਡੇ ਦੀ ਵਹੁਟੀ ਉਸ ਨਾਲ ਸੈੱਟ ਹੋ ਗਈ। ਲੋਕੀਂ ਪਿੱਠ ਪਿੱਛੇ ਕਹਿਣ ਲੱਗੇ-ਰਾਮੂ ਨੇ ਤਾਂ ਘਰ ਵੀ ਸੰਭਾਲਿਆ। ਬਾਹਰ ਵੀ। ਪਰ ਉਸ ਪਿਓ ਦੀ ਧੀ ਨੇ ਕਿਸੇ ਦੀ ਪ੍ਰਵਾਹ ਨ੍ਹੀਂ ਕੀਤੀ। ਪਹਿਨ ਪਚਰ ਕੇ ਰਾਮੂ ਨਾਲ ਟਰੈਕਟਰ ਤੇ ਬੈਠ ਕੇ ਸ਼ਹਿਰ ਜਾਂਦੀ। ਚਾਚਾ ਬੁੱਢਾ ਸੀ। ਉਸ ਵਿਚਾਰੇ ਨੇ ਕੀ ਕਹਿਣਾ ਸੀ। ਉਹ ਤਾਂ ਕਬੂਤਰ ਵਾਂਗ ਅੱਖਾਂ ਮੀਚ ਲੈਂਦਾ ਸੀ। ਜੇ ਉਹ ਕਹਿੰਦਾ ਤਾਂ ਅਗਲੀ ਨੇ ਰੋਟੀ ਪਕਾ ਕੇ ਨ੍ਹੀਂ ਦੇਣੀ ਸੀ। ਹੁਣ ਦੱਸੋ ਬੰਦਾ ਕੀ ਕਰ ਲਊ।" ਬਲਬੀਰ ਨੇ ਵੀ ਦੱਸਿਆ ਸੀ, "ਮੇਰਾ ਇਕ ਦੋਸਤ ਮਾਸਟਰ ਆ। ਅਰਬਨ ਅਸਟੇਟ 'ਚ ਰਹਿੰਦਾ। ਉੱਥੇ ਉਹਦੇ ਨਾਲ ਇਕ ਜਨਾਨੀ ਫੱਸ ਗਈ। ਉਸਦਾ ਘਰਵਾਲਾ ਬਾਹਰ ਰਹਿੰਦਾ। ਇਕ ਦਿਨ ਉਸ ਨੇ ਮਾਸਟਰ ਨੂੰ ਕਿਹਾ ਸੀ, 'ਮੈਂ ਕਰੈਕਟਰਲੈੱਸ ਨ੍ਹੀਂ ਆਂ। ਮੈਂ ਜੋ ਕਰ ਰਹੀ ਆਂ, ਮੈਨੂੰ ਉਸ ਦਾ ਪਤਾ। ਮੈਂ ਠੀਕ ਆਂ। ਜੇ ਮੇਰੇ ਘਰਵਾਲੇ ਨੂੰ ਮੇਰੀ ਪ੍ਰਵਾਹ ਨ੍ਹੀਂ ਤਾਂ ਮੈਂ ਉਹਦੀ ਇੱਜ਼ਤ ਦੀ ਪ੍ਰਵਾਹ ਕਿਉਂ ਕਰਾਂ?" ਇਹ ਗੱਲ ਸੁਣਨ ਉਪਰੰਤ ਬਲਬੀਰ ਦੇ ਚਿਹਰੇ 'ਤੇ ਪੀਲੋਂ ਜਿਹੀ ਦੀ ਪਰਤ ਉਭਰਨੀ ਸ਼ੁਰੂ ਹੋ ਗਈ ਸੀ।

****

ਕੀ ਸੀ ਫ਼ੌਜ ਦੀ ਨੌਕਰੀ? ਸਾਲ ਬਾਅਦ ਛੁੱਟੀ ਆਉਣਾ। ਘਰ 'ਚ ਮੈਂ ਇਕੱਲਾ ਆਦਮੀ ਸੀ। ਮੇਰੇ ਆਉਣ ਤੀਕ ਘਰ ਦੇ ਇੰਨੇ ਕੰਮ ਇਕੱਠੇ ਹੋਏ ਹੁੰਦੇ ਸਨ ਕਿ ਇਹ ਛੁੱਟੀਆਂ ਭਾਦੋਂ ਦੀ ਬੱਦਲੀ ਵਾਂਗ ਲੰਘ ਜਾਂਦੀਆਂ ਸਨ।

ਵਿਆਹ ਤੋਂ ਪਿੱਛੋਂ ਮੈਂ ਦੋ ਵਾਰੀ ਛੁੱਟੀ ਆਇਆ ਸੀ। ਇਕ ਵਾਰ ਸਰਹੱਦ 'ਤੇ ਗੜਬੜ ਹੋ ਗਈ ਸੀ। ਮੇਰੀ ਛੁੱਟੀ ਕੈਂਸਲ ਹੋ ਗਈ ਸੀ।

ਰਘੁਬੀਰ ਇਹਨੂੰ 'ਚੰਦਰਾ ਜਿਊਣਾ' ਕਹਿੰਦੀ ਸੀ।

ਰਘੁਬੀਰ ਨੇ ਇਸ ਚੰਦਰੇ ਜਿਊਣੇ ਤੋਂ ਮੁਕਤੀ ਪਾਉਣ ਦਾ ਰਾਹ ਲੱਭ ਲਿਆ ਸੀ। ਉਪਰੋਂ ਥਲੀ ਬੀਬੀ ਕੋਲੋਂ ਉਸ ਦੇ ਰੰਡੇਪੇ ਦਾ ਵਾਸਤਾ ਪਵਾ ਕੇ ਅਰਜੀਆਂ ਭਿਜਵਾਈਆਂ ਸਨ। ਛੇ ਮਹੀਨਿਆਂ 'ਚ ਇਸ ਚੰਦਰੇ ਜਿਊਣੇ ਤੋਂ ਮੁਕਤੀ ਮਿਲ ਗਈ ਸੀ।

ਰਘੁਬੀਰ ਬਹੁਤ ਹੀ ਜ਼ਿਆਦਾ ਖੁਸ਼ ਸੀ।

ਬੱਚੇ ਖੁਸ਼ ਸਨ।

ਬੀਬੀ ਪਹਿਲਾਂ ਨਾਲੋਂ ਕੁਝ ਕੁ ਸੌਖੀ ਹੋ ਗਈ ਸੀ।

ਦੋ ਮਹੀਨਿਆਂ ਬਾਅਦ ਮੈਂ ਔਖ ਮੰਨਣ ਲੱਗਾ ਸੀ। ਘਰ ਦੇ ਖਰਚ ਪਾਣੀ ਦਾ ਪ੍ਰਸ਼ਨ ਹੱਲ ਹੁੰਦਾ ਨਹੀਂ ਦਿੱਸਦਾ ਸੀ। ਮੈਂ ਰਘੁਬੀਰ ਨਾਲ ਕੰਮ ਸ਼ੁਰੂ ਕਰਨ ਬਾਰੇ ਸਲਾਹ ਕਰਦਾ। ਜਿਵੇਂ ਮੈਂ ਕਹਿੰਦਾ, ਅੱਗੋਂ ਉਹ ਹਾਂ ਜੀ ਹਾਂ ਜੀ ਕਰਨ ਲੱਗ ਜਾਂਦੀ।

ਪਿੰਡ ਛੱਡ ਕੇ ਮੈਂ ਸ਼ਹਿਰ ਆ ਗਿਆ ਸੀ।

ਮੈਂ ਕਰਿਆਨੇ ਦੀ ਦੁਕਾਨ ਖੋਲ੍ਹੀ ਸੀ। ਕੁਝ ਸਾਮਾਨ ਨਗਦ ਲਿਆ ਸੀ। ਕੁਝ ਉਧਾਰ। ਨੇੜੇ ਤੇੜੇ ਦੇ ਪੰਦਰਾਂ ਵੀਹ ਘਰਾਂ ਦੀ ਲੋੜ ਦੁਕਾਨ ਪੂਰੀ ਕਰਨ ਲੱਗੀ ਸੀ। ਬਹੁਤੇ ਘਰਾਂ ਦੀ ਸਥਿਤੀ ਮੇਰੇ ਵਰਗੀ ਸੀ। ਜੇ ਕੋਈ ਸੌ ਦਾ ਸਾਮਾਨ ਖਰੀਦਦਾ ਤਾਂ ਪੰਜਾਹ ਨਕਦ



ਦੇ ਦਿੰਦਾ। ਪੰਜਾਹ ਉਧਾਰ ਕਰ ਜਾਂਦਾ। ਕੋਰੇ ਹੋ ਕੇ ਦੁਕਾਨ ਚਲ ਨਹੀਂ ਸਕਦੀ ਸੀ। ਮੈਂ ਖਿਝਦਾ। ਸੜਦਾ-ਭੁੱਜਦਾ। ਅੱਗਿਓਂ ਸਾਮਾਨ ਉਧਾਰ ਨਾ ਮਿਲਦਾ। ਉਹ ਪੰਝਤਰ ਪ੍ਰਤੀਸ਼ਤ ਨਕਦ ਮੰਗਦੇ। ਫੇਰ ਉਧਾਰ ਜ਼ਿਆਦਾ ਹੋ ਗਿਆ। ਖ਼ਾਲੀ ਡੱਬਿਆਂ ਦੀ ਗਿਣਤੀ ਵੱਧ ਗਈ। ਪੈਸਿਆਂ ਦੀ ਜ਼ਰੂਰਤ ਪਈ। ਮੇਰੇ ਬਹੁਤੇ ਰਿਸ਼ਤੇਦਾਰ ਮੈਥੋਂ ਵੀ ਗਏ ਗੁਜਰੇ ਸਨ। ਮੇਰੇ ਭਾਪਾ ਜੀ ਨੇ ਚੰਗੀ ਗੱਲ ਇਹ ਹੀ ਕੀਤੀ ਕਿ ਉਨ੍ਹਾਂ ਇਸ ਸ਼ਹਿਰ ਵਿੱਚ ਦਸ ਮਰਲਿਆਂ ਦਾ ਪਲਾਟ ਖਰੀਦਿਆ ਸੀ।

ਮੈਂ ਫ਼ੌਜ 'ਚੋਂ ਨਾਂ ਕਟਵਾਉਣ ਦੇ ਆਪਣੇ ਫੈਸਲੇ ਨੂੰ ਜ਼ਿੰਦਗੀ ਦੀ ਵੱਡੀ ਗਲਤੀ ਮੰਨਿਆ ਸੀ।

ਦੁਕਾਨ ਦੀ ਉਧਾਰਦਾਰੀ, ਘਰ ਦੇ ਵੱਧਦੇ ਖਰਚਿਆਂ ਤੇ ਚਾਚੇ ਦੇ ਇਥੇ ਆ ਕੇ ਸਰਕਾਰੀ ਹਸਪਤਾਲ 'ਚ ਦਾਖਲ ਹੁੰਦਿਆਂ ਸਾਰ ਪਿੰਡੋਂ ਇਕ ਗਿਆ ਦੋ ਆ ਗਏ ਦੇ ਸਿਲਸਿਲੇ ਨੇ ਮੈਨੂੰ ਪੈਰੋਂ ਹਿਲਾ ਕੇ ਰੱਖ ਦਿੱਤਾ ਸੀ।

ਰਘੁਬੀਰ ਵੀ ਖਿਝੀ-ਖਿਝੀ ਰਹਿਣ ਲੱਗੀ ਸੀ। ਬੇਵਜ੍ਹਾ ਹੀ ਨਿੱਕੀ ਨਿੱਕੀ ਗੱਲ 'ਤੇ ਲੜ ਪੈਂਦੀ। ਤੰਗੀਆਂ ਨੇ ਉਸਨੂੰ ਚਿੜਚਿੜਾ ਬਣਾ ਦਿੱਤਾ ਸੀ। ਇਹ ਖਿਝ ਉਸ ਵੇਲੇ ਆਪਣੇ ਸਿਖਰ 'ਤੇ ਜਾ ਪਹੁੰਚੀ ਸੀ ਜਦੋਂ ਮੈਂ ਗੁਰਪ੍ਰੀਤ ਨੂੰ ਗੁਆਂਢ 'ਚੋਂ ਟੈਲੀਵੀਜਨ ਦੇਖਣੋ ਝਿੜਕਿਆ ਸੀ।

"ਤੁਸੀਂ ਆਪਣਾ ਖਰੀਦ ਲਿਆਉ। ਮੈਥੋਂ ਬੱਚਾ ਰਊਂ ਰਊਂ ਕਰਦਾ ਨ੍ਹੀਂ ਦੇਖਿਆ ਜਾਂਦਾ," ਉਹ ਆਮ ਨਾਲੋਂ ਉੱਚੀ ਆਵਾਜ਼ 'ਚ ਬੋਲੀ ਸੀ ਜਿਵੇਂ ਉਹ ਕੋਠੇ 'ਤੇ ਪਈ ਬੀਬੀ ਨੂੰ ਦੱਸਣਾ ਚਾਹੁੰਦੀ ਹੋਵੇ।

"ਤੈਨੂੰ ਮੇਰੀ ਹੈਸੀਅਤ ਦਾ ਪਤਾ। ਤੈਨੂੰ ਆਪੇ ਸਮਝਣਾ ਚਾਹੀਦਾ।"

"ਮੈਂ ਤਾਂ ਸਮਝਦੀ ਆਂ। ਪਰ ਬੱਚਾ ਨ੍ਹੀਂ।"

"ਇਹਨੂੰ ਤੂੰ ਸਮਝਾ।"

"ਮੈਥੋਂ ਨ੍ਹੀਂ ਦੇਖਿਆ ਜਾਂਦਾ। ਉਸ ਦੀ ਕੋਈ ਤਾਂ ਲੋੜ ਪੂਰੀ ਹੋਣੀ ਚਾਹੀਦੀ। ਤੁਸੀਂ ਮੈਥੋਂ ਬਹੁਤੇ ਸਿਆਣੇ ਹੋ ਤਾਂ ਸਮਝਾ ਲਉ," ਕਹਿ ਉਹ ਉੱਠ ਕੇ ਚਲੀ ਗਈ ਸੀ। ਬੀਬੀ ਨੇ ਬਨੇਰੇ ਉਪਰੋਂ ਦੀ ਵਿਹੜੇ 'ਚ ਦੇਖਿਆ ਸੀ। ਉਹ ਪਿਛਾਂਹ ਮੁੜ ਕੇ ਆਪਣੇ ਮੰਜੇ 'ਤੇ ਡਿੱਗ ਪਈ ਸੀ। ਸ਼ਾਇਦ ਉਹ ਇਸ ਗੱਲ 'ਤੇ ਪਛਤਾ ਰਹੀ ਸੀ ਕਿ ਉਹ ਕਿਹੀ ਮੰਦਭਾਗੀ ਘੜੀ ਸੀ ਜਦੋਂ ਉਸ ਆਪਣੇ ਪੁੱਤ ਦੇ ਫ਼ੌਜ 'ਚੋਂ ਨਾਂ ਕਟਵਾਉਣ ਲਈ ਵੱਡੇ ਅਫ਼ਸਰਾਂ ਨੂੰ ਚਿੱਠੀ ਲਿਖੀ ਸੀ ਤੇ ਉਹ ਪਿੰਡ ਛੱਡ ਕੇ ਸ਼ਹਿਰ ਆ ਗਈ ਸੀ।

ਮੈਂ ਇਨ੍ਹੀਂ ਦਿਨੀਂ ਔਖਾ ਹੋਣ ਲੱਗਾ ਸੀ। ਬੀਵੀ ਬੱਚਿਆਂ ਦੀਆਂ ਖਾਹਸ਼ਾਂ ਅੱਗੇ ਬੌਣਾ ਹੋ ਗਿਆ ਸੀ। ਇਕ ਬੀਬੀ ਸੀ ਜਿਸ ਕਦੇ ਮੇਰੇ ਕੋਲ ਕਿਸੇ ਚੀਜ਼ ਦੀ ਫਰਮਾਇਸ਼ ਨਹੀਂ ਕੀਤੀ ਸੀ।

****

ਘਰ! ਬੀਬੀ! ਬੱਚੇ? ਘਰ ਦੀਆਂ ਬਹੁਤੀਆਂ ਚੀਜ਼ਾਂ ਮੇਰੇ ਲਈ ਬੁਝਾਰਤ ਬਣੀਆਂ ਸਨ। ਚਾਰ-ਪੰਜ ਘੰਟਿਆਂ ਬਾਅਦ ਵੀ ਮੈਂ ਉਹਨਾਂ ਵਿਚਕਾਰ ਉਪਰਿਆਂ ਵਾਂਗ ਵਿਚਰ



www.PunjabiLibrary.com

ਰਿਹਾ ਸੀ। ਬੱਚਿਆਂ ਦੀਆਂ ਨਜ਼ਰਾਂ ਮੇਰੇ 'ਤੇ ਘੱਟ, ਮੇਰੀਆਂ ਲਿਆਂਦੀਆਂ ਚੀਜ਼ਾਂ 'ਤੇ ਵਧੇਰੇ ਕੇਂਦਰਿਤ ਹੋ ਰਹੀਆਂ ਸਨ।

"ਡੈਡੀ ਜੀ ਹੋਰ ਕੀ ਕੀ ਲਿਆਏਂ?" ਗੁਰਪ੍ਰਤਾਪ ਵਾਰ-ਵਾਰ ਪੁੱਛਦਾ।

ਮੈਂ ਦੱਸਦਾ। ਉਸ ਦੇ ਚਿਹਰੇ ਨੂੰ ਨਿਹਾਰਦਾ। ਮੋਹ ਨਾਲ ਭਰ ਜਾਂਦਾ। ਉਹ ਨੂੰ ਆਪਣੀ ਹਿੱਕ ਨਾਲ ਘੁੱਟਦਾ। ਇਸੇ ਵਿਚਕਾਰ ਮੈਨੂੰ ਉਸ ਪੁੱਛਿਆ, "ਤੁਸੀਂ ਮੇਰੇ ਲਈ ਘੜੀ ਲਿਆਏ ਓਂ?"

ਮੈਂ ਵੱਡਾ ਅਟੈਚੀਕੇਸ ਖੋਲ੍ਹ ਕੇ ਸਾਰਾ ਸਾਮਾਨ ਬੈੱਡ 'ਤੇ ਖਿਲਾਰ ਦਿੱਤਾ।

ਕੁਲਪ੍ਰੀਤ ਆਪਣੀ ਗਰੁੱਪ ਫੋਟੋ ਦਿਖਾਉਣ ਲਗੀ, "ਡੈਡੀ-ਆਹ ਦੇਖੋ-ਸਾਡੀ ਕਲਾਸ ਦੇ ਸਟੂਡੈਂਟ ਦੀ ਗਰੁੱਪ ਫੋਟੋ। ਦੇਖੋ-ਮੈਂ ਕਿਥੇ ਖੜ੍ਹੀ ਆਂ। ਨ੍ਹੀਂ-ਤੁਸੀਂ ਭੁਲੇਖਾ ਖਾ ਗਏ। ਇਹ ਤਾਂ ਮੇਰੀ ਫਰੈਂਡ ਪੁਸ਼ਪਾ। ਇਹਦੀ ਸ਼ਕਲ ਮੇਰੇ ਨਾਲ ਮਿਲਦੀ। ਨ੍ਹੀਂ, ਹੇਠਾਂ ਪ੍ਰਿੰਟ ਹੋਏ ਨੇਮਸ ਪੜ੍ਹੋ।"

ਫੇਰ ਉਸ ਆਪਣੇ ਸਕੂਲ, ਪੜ੍ਹਾਈ, ਟੂਰ ਦੀ ਕਥਾ ਛੇੜੀ।

"ਡੈਡੀ ਜੀ-ਡੈਡੀ ਜੀ-ਆਉ-ਤੁਹਾਨੂੰ ਆਪਣਾ ਕਮਰਾ ਦਿਖਾਵਾਂ," ਉਹ ਮੇਰਾ ਹੱਥ ਫੜ ਕੇ ਆਪਣਾ ਕਮਰਾ ਦਿਖਾਉਣ ਲੈ ਗਈ। ਇਕ ਪਾਸੇ ਸਿੰਗਲ ਬੈੱਡ ਪਿਆ ਸੀ ਜਿਸ 'ਤੇ ਹਲਕੇ ਗੁਲਾਬੀ ਰੰਗ ਦੀ ਚਾਦਰ ਵਿਛੀ ਸੀ। ਸਾਹਮਣੇ ਪੜ੍ਹਣ-ਲਿਖਣ ਲਈ ਮੇਜ਼। ਦੋ ਕੁਰਸੀਆਂ। ਫਿਲਿਪਸ ਦਾ ਟੀ.ਵੀ.। ਅਲਮਾਰੀ। ਉਹ ਦੱਸਣ ਲਗੀ, "ਇਹ ਸਾਰੀ ਡੈਕੋਰੇਸ਼ਨ ਮੰਮੀ ਜੀ ਦੀ ਕੀਤੀ ਹੋਈ ਆ। ਉਹ ਸਾਡਾ ਬਹੁਤ ਖਿਆਲ ਰੱਖਦੇ। ਉਨ੍ਹਾਂ ਨੂੰ ਪਤਾ ਹੁੰਦਾ-ਸਾਨੂੰ ਕਿਹੜੇ ਵੇਲੇ ਤੇ ਕਦੋਂ ਕਿਹੜੀ ਚੀਜ਼ ਦੀ ਲੋੜ ਪੈਂਦੀ ਆ। ਸਾਨੂੰ ਪਤਾ ਮੰਮੀ ਜੀ ਨੂੰ ਕਿਹੜੀ ਚੀਜ਼ ਪਸੰਦ ਆ। ਤੁਹਾਨੂੰ ਪਤਾ?"

ਮੈਂ ਨਾਂਹ 'ਚ ਸਿਰ ਹਿਲਾਇਆ।

"ਉਨ੍ਹਾਂ ਨੂੰ ਚਾਹੀਦੀਆਂ-ਮੁਕੇਸ਼ ਦੇ ਗਾਏ ਗਾਣਿਆਂ ਦੀਆਂ ਕੈਸਿਟਾਂ।"

ਉਹ ਮੈਨੂੰ ਘਰ ਦੇ ਪਿਛਲੇ ਪਾਸੇ ਲੈ ਗਈ। ਪੁੱਛਣ ਲੱਗੀ, "ਦੱਸੋ-ਆਹ ਕਾਹਦਾ ਬੂਟਾ?"

"ਇਹ ਕੌਣ ਲਿਆਇਆ ਸੀ?"

"ਮੰਮੀ ਜੀ।"

"ਪੁੱਤ, ਮੈਨੂੰ ਬੂਟਿਆਂ ਦੀ ਪਹਿਚਾਣ ਨ੍ਹੀਂ।"

"ਉਧਰ ਫੁੱਲ ਨ੍ਹੀਂ ਹੁੰਦੇ।"

"ਹੁੰਦੇ ਆ। ਪਰ ਰੇਤਲੇ।"

ਮੈਂ ਗੁਰਪ੍ਰਤਾਪ ਤੇ ਕੁਲਪ੍ਰੀਤ ਕੋਲੋਂ ਕੁਝ ਪੁੱਛਣਾ ਚਾਹੁੰਦਾ ਸੀ ਪਰ ਉਨ੍ਹਾਂ ਮੈਨੂੰ ਪੁੱਛਣ ਦਾ ਮੌਕਾ ਹੀ ਨਹੀਂ ਦਿੱਤਾ ਸੀ। ਮੈਂ ਕਦੇ ਕਿਤੇ ਬੈਠ ਜਾਂਦਾ ਤੇ ਕਦੀ ਕਿਤੇ। ਮੈਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਮੈਂ ਕਿੱਥੇ ਬੈਠਾਂ।

ਮੈਨੂੰ ਸਭ ਕੁਝ ਓਪਰਾ-ਓਪਰਾ ਲੱਗ ਰਿਹਾ ਸੀ।

ਅਜਿਹਾ ਮੈਂ ਉਦੋਂ ਵੀ ਮਹਿਸੂਸ ਕੀਤਾ ਸੀ ਜਦੋਂ ਮੈਂ ਦਮਾਮ ਪੁੱਜਿਆ ਸੀ। ਸ਼ਹਿਰ



ਦਮਾਮ। ਛੋਟਾ ਕਮਰਾ ਪਰ ਅਹਿਮ ਲੋੜਾਂ ਪੂਰੀਆ ਕਰਦਾ। ਬਲਬੀਰ ਤੇ ਰਜਨੀਸ਼। ਮੇਰੇ ਲਈ ਓਪਰੇ। ਇਨ੍ਹਾਂ ਨਾਲ ਮੇਰੀ ਕੋਈ ਸਾਂਝ ਨਹੀਂ ਸੀ। ਉਹ ਕੰਮ ਤੋਂ ਆਉਂਦੇ। ਨਹਾਉਂਦੇ। ਵੀ. ਸੀ. ਆਰ. 'ਤੇ ਫਿਲਮ ਲਾਉਂਦੇ। ਬਲਬੀਰ ਮੀਟ ਨੂੰ ਤੜਕਾ ਲਾਉਂਦਾ। ਰਜਨੀਸ਼ ਆਟਾ ਗੁੰਨਦਾ ਜਾਂ ਨੇੜਲੀ ਦੁਕਾਨ ਤੋਂ ਪੈਕਿਡ ਰੋਟੀਆਂ ਫੜ ਲਿਆਉਂਦਾ। ਸੌਣ ਤੱਕ ਵੀ. ਸੀ. ਆਰ. ਚਲਦਾ। ਜਿਹੜਾ ਆਖਰ 'ਚ ਸੌਂਦਾ ਉਹ ਰੀਮੋਟ ਕੰਟੋਲ ਨਾਲ ਟੀ. ਵੀ. ਆਫ ਕਰ ਦਿੰਦਾ। ਕਦੇ ਕਦਾਈਂ ਉਹ ਪਾਕਿਸਤਾਨੀ ਡਰਾਮੇ ਦੇਖਦੇ। ਹੱਸ-ਹੱਸ ਦੋਹਰੇ ਤਿਹਰੇ ਹੁੰਦੇ। ਹਫ਼ਤਾ। ਦੋ ਹਫਤੇ। ਉਹ ਮੇਰਾ ਐਨਾ ਖਿਆਲ ਰੱਖਦੇ ਸਨ ਕਿ ਮੈਨੂੰ ਉਹ ਆਪਣੇ ਛੋਟੇ ਭਾਈ ਲਗਣ ਲੱਗੇ। ਛੁੱਟੀ ਵਾਲੇ ਦਿਨ ਉਹ ਮੈਨੂੰ ਸਮੁੰਦਰ ਕੰਢੇ ਲੈ ਜਾਂਦੇ। ਝੀਲ ਦੀ ਸੈਰ ਕਰਾਉਂਦੇ। ਮਾਰਕੀਟ 'ਚ ਘੁੰਮਾਉਂਦੇ।

ਮੈਂ ਕੁਝ ਚਿਰ ਲਈ ਡਰਾਇੰਗ ਰੂਮ 'ਚ ਪਏ ਸੋਫੇ 'ਤੇ ਹੀ ਟੇਡਾ ਹੋ ਗਿਆ ਸੀ। ਮੇਰੀ ਅੱਖ ਲੱਗ ਗਈ ਸੀ। ਭਰਵੀਂ ਨੀਂਦ ਆਈ ਸੀ। ਕੁਲਪ੍ਰੀਤ ਨੇ ਉੱਠਾਇਆ ਸੀ, "ਡੈਡੀ, ਚਾਹ ਪੀਓਂਗੇ?" ਮੈਂ ਹਾਂ ਵਿੱਚ ਸਿਰ ਹਿਲਾਇਆ ਸੀ। ਚਾਹ ਪੀ ਕੇ ਮੈਂ ਆਨੀਂ ਬਹਾਨੀਂ ਸਾਰਿਆਂ ਕਮਰਿਆਂ 'ਚ ਗੇੜਾ ਮਾਰਿਆ ਸੀ। ਮੇਰੀਆਂ ਨਜ਼ਰਾਂ ਕੁਝ ਭਾਲ ਰਹੀਆਂ ਸਨ। ਕੁਝ ਨਵਾਂ ਖੋਜਣ 'ਚ ਲੱਗੀਆਂ ਸਨ। ਮੈਂ ਜਿੱਧਰ ਵੀ ਨਜ਼ਰ ਮਾਰਦਾ-ਮੈਨੂੰ ਸਭ ਕੁਝ ਨਵਾਂ-ਨਵਾਂ ਦਿੱਸਦਾ। ਇਕ ਪਲ ਲਈ ਲੱਗਦਾ ਕਿ ਮੈਂ ਤਾਂ ਕਿਤੇ ਵੀ ਹਾਜ਼ਰ ਨਹੀਂ। ਦੂਜੇ ਪਲ ਮੈਨੂੰ ਲੱਗਦਾ ਕਿ ਮੈਂ ਤਾਂ ਹਰ ਜਗ੍ਹਾ ਹਾਜ਼ਰ ਸੀ। ਡਰਾਇੰਗ ਰੂਮ 'ਚ ਵੱਡੇ ਸਾਰੇ ਫਰੇਮ 'ਚ ਮੇਰੀ ਫੋਟੋ ਲੱਗੀ ਸੀ। ਬਿਜਲੀ ਟੈਲੀਫੋਨ ਦੇ ਬਿੱਲ ਰਘੁਬੀਰ ਦੇ ਨਾਂ 'ਤੇ ਸਨ।

ਮੈਨੂੰ ਸਭ ਕੁਝ ਓਪਰਾ-ਓਪਰਾ ਕਿਉਂ ਲੱਗ ਰਿਹਾ ਸੀ? ਮੈਂ ਬੈਠਾ ਇਹੀ ਸੋਚ ਰਿਹਾ ਸੀ ਕਿ ਉਦੋਂ ਹੀ ਰਘੁਬੀਰ ਆਈ ਸੀ। ਉਹ ਮੇਰੇ ਵੱਲ ਸਿੱਧਾ ਹੀ ਦੇਖਣ ਲਗੀ। ਜਿਵੇਂ ਉਹ ਦਿਨ 'ਚ ਹੀ ਕੋਈ ਸੁਪਨਾ ਦੇਖ ਰਹੀ ਹੋਵੇ।

ਕਿੰਨਾ ਚਿਰ ਉਸ ਪਲਕਾਂ ਨਾ ਝਪਕੀਆਂ।

"ਮੈਂ ਹੀ ਹਾਂ," ਉਸ ਦੀਆਂ ਅੱਖਾਂ 'ਚ ਫੈਲੀ ਚਿਟਆਈ ਤੋਂ ਘਬਰਾ ਕੇ ਮੈਂ ਕਿਹਾ। ਉਸ ਕੋਲ ਜਾ ਕੇ ਕਿਹਾ, "ਆਪ ਕਾ ਸਵਾਗਤ ਹੈ।"

ਇਹ ਕਿਹਾ ਸਵਾਗਤ ਸੀ?

ਸਵਾਗਤ ਤਾਂ ਰਘੁਬੀਰ ਵੱਲੋਂ ਹੋਣਾ ਚਾਹੀਦਾ ਸੀ।

ਅਸੀਂ ਦੋਵੇਂ ਬੁੱਤ ਬਣ ਗਏ। ਚੁੱਪ।

ਫੇਰ ਚੇਤਨਾ ਪਰਤੀ।

"ਤੁਸੀਂ ਆਉਣ ਲੱਗਿਆਂ ਕਮਾਲ ਕਰਤੀ," ਰਘੁਬੀਰ ਨੇ ਆਪਣੇ ਆਪ 'ਚ ਪਰਤਦਿਆਂ ਕਿਹਾ, "ਮੈਂ ਫਿਲੌਰ ਗਈ ਸੀ। ਵੱਡੇ ਭਾਜੀ ਹਸਪਤਾਲ 'ਚ ਦਾਖਲ ਆ। ਉਨ੍ਹਾਂ ਦਾ ਇਕ ਗੁਰਦਾ ਕੰਮ ਕਰਨੋਂ ਹਟ ਗਿਆ। ਉਨ੍ਹਾਂ ਨੂੰ ਕਲ੍ਹ ਨੂੰ ਡੀ.ਐਮ. ਸੀ. 'ਚ ਦਾਖਲ ਕਰਾਉਣਾ। ਤੁਸੀਂ ਆ ਗਏ। ਇਕੱਠੇ ਚਲਾਂਗੇ।"

****

ਟੀ. ਵੀ. ਅੱਗੇ ਬੈਠੇ ਗੁਰਪ੍ਰਤਾਪ ਤੇ ਕੁਲਪ੍ਰੀਤ ਕੋਲੋਂ ਐਲ. ਜੀ. ਦੇ ਡਬਲ ਵੀ.



www.PunjabiLibrary.com

ਸੀ. ਆਰ. ਦਾ ਚਾਅ ਨਹੀਂ ਸੰਭਾਲਿਆ ਜਾ ਰਿਹਾ ਸੀ।

ਉਹ ਵਾਰ-ਵਾਰ ਕੈਸਿਟਾਂ ਬਦਲਦੇ। ਪੰਜ ਸੱਤ ਸੀਨ ਦੇਖਦੇ। ਫੇਰ ਹੋਰ ਲਾ ਲੈਂਦੇ। ਮੈਂ ਪਾਕਿਸਤਾਨੀ ਡਰਾਮੇ ਦੀ ਕੈਸਿਟ ਲਾ ਕੇ ਦੱਸਿਆ, "ਅੱਜ ਤੁਸੀਂ ਆਹ ਹੀ ਦੇਖੋ। ਐਦੂੰ ਵਧੀਆ ਡਰਾਮਾ ਮੈਂ ਕਦੇ ਨ੍ਹੀਂ ਦੇਖਿਆ।"

ਕੰਮ ਤੋਂ ਵਿਹਲੀ ਹੋ ਕੇ ਰਘੁਬੀਰ ਮੈਨੂੰ ਬੈੱਡ ਰੂਮ 'ਚ ਲੈ ਆਈ। ਮੈਂ ਇਹ ਕਮਰਾ ਅਜੇ ਦੇਖਿਆ ਨਹੀਂ ਸੀ। ਉਸ ਦੀ ਪਸੰਦ ਦੇਖ ਕੇ ਮੇਰਾ ਮਨ ਅਸ਼-ਅਸ਼ ਕਰ ਉਠਿਆ। ਕਿੰਨੀ ਸੁਚਿਆਰੀ ਹੈ ਉਹ। ਧੁਰ ਅੰਦਰੋਂ ਆਵਾਜ਼ ਆਈ। ਮੈਂ ਮਨ ਹੀ ਮਨ ਕਿਹਾ, 'ਘਰ ਸਿਰਫ ਔਰਤ ਨਾਲ ਹੀ ਹੁੰਦਾ ਹੈ।' ਮੈਂ ਕਮਰੇ 'ਚ ਭਰਪੂਰ ਨਜ਼ਰ ਦੌੜਾਈ। ਲਾਵਾਂ ਵੇਲੇ ਦੀ ਫੋਟੋ ਤੋਂ ਬਿਨਾਂ ਸਭ ਕੁਝ ਨਵਾਂ ਸੀ। ਪਤਾ ਨਹੀਂ-ਰਘੁਬੀਰ ਨੇ ਕੀ-ਕੀ ਸੋਚ ਕੇ ਇਹਨੂੰ ਡੈਕੋਰੇਟ ਕੀਤਾ ਸੀ।

ਉਹ ਮੈਥੋਂ ਵਿੱਥ ਬਣਾ ਕੇ ਬੈਠ ਗਈ। ਮੈਂ ਉਹਨੂੰ ਆਪਣੇ ਵੱਲ ਖਿਚ ਲਿਆ। ਹਿੱਕ ਨਾਲ ਘੁਟ ਲਿਆ।

ਉਹ ਸ਼ਾਂਤ ਰਹੀ।

ਬਾਰਾਂ ਸਾਲ ?

ਬਾਰਾਂ ਸਾਲਾਂ ਦੀ ਲੰਬੀ ਦੂਰੀ।

ਮੈਂ ਉਸ ਨੂੰ ਪੁੱਛਿਆ, "ਤੂੰ ਕਿਹੜੀਆਂ ਗਿਣਤੀਆਂ-ਮਿਣਤੀਆਂ 'ਚ ਗੁਆਚ ਗਈਂ ?"

"ਹੈਂ।" ਉਹ ਦੀ ਆਵਾਜ਼ 'ਚ ਘਬਰਾਹਟ ਸੀ। ਕੰਬਣੀ ਛਿੜੀ ਘਬਰਾਹਟ। ਮੇਰੇ ਕੋਲ ਹੁੰਦਿਆਂ ਉਸ ਨੂੰ ਐਨੀ ਘਬਰਾਹਟ ਕਿਉਂ ?

ਬਹੁਤੀ ਖੁਸ਼ੀ ਤੇ ਉਹ ਵੀ ਅਚਾਨਕ-ਸੰਭਾਲਣੀ ਔਖੀ ਹੋ ਜਾਂਦੀ ਹੈ। ਮੈਂ ਸੋਚਿਆ।

ਮੈਂ ਇਕ ਵਾਰ ਫੇਰ ਉਸ ਨੂੰ ਆਪਣੇ ਵੱਲ ਖਿੱਚ ਲਿਆ।

"ਤੁਸੀਂ ਐਨੇ ਕਾਹਲੇ ਕਿਉਂ ਪਏ ਓਂ ?"

"ਸਬਰ ਨ੍ਹੀਂ ਹੁੰਦਾ।" ਮੈਂ ਉਂਗਲਾਂ ਨਾਲ ਉਸ ਦੇ ਚਿੱਟੇ ਵਾਲਾਂ ਨੂੰ ਕਾਲੇ ਵਾਲਾਂ ਵਿੱਚ ਲੁਕੋਂਦਿਆਂ ਹੋਇਆਂ ਕਿਹਾ।

"ਮੈਂ ਕਿਹੜਾ ਕਿਤੇ ਦੌੜ ਚੱਲੀ ਆਂ।"

"ਦੌੜਣ ਤਾਂ ਨ੍ਹੀਂ ਦਿੰਦਾ।"

"ਪਹਿਲਾਂ ਇਹ ਦੱਸੋ ਕਿ ਤੁਸੀਂ ਆਉਣ ਲੱਗਿਆਂ ਮੈਨੂੰ ਇਨਫਾਰਮ ਕਿਉਂ ਨ੍ਹੀਂ ਕੀਤਾ ?"

"ਇਕ ਦਮ ਪ੍ਰੋਗਰਾਮ ਬਣ ਗਿਆ।"

"ਇਹ ਕਿੱਦਾਂ ਹੋ ਸਕਦਾ ?"

"ਐਦਾਂ.......।"

"ਤੁਸੀਂ ਤਾਂ ਐਦਾਂ ਆਏ ਹੋ ਜਿਵੇਂ ਕੋਈ ਪੁਲਸੀਆ ਅਚਾਨਕ ਛਾਪਾ ਮਾਰਨ ਆਉਂਦਾ।"



ਮੈਨੂੰ ਉਸ ਦੀ ਜਜਮੈਂਟ ਨੇ ਬੌਖਲਾ ਦਿੱਤਾ ਸੀ।

ਉਸ ਪੁੱਛਿਆ, "ਤੁਸੀਂ ਕਿੰਨੀ ਛੁੱਟੀ ਆਏਂ ਹੋ ?"

"ਕੀ ਮਤਲਬ ?"

"ਮਤਲਬ ਨ੍ਹੀਂ, ਮੈਂ ਛੁੱਟੀ ਬਾਰੇ ਪੁੱਛਿਆ।"

"ਤਿੰਨ ਹਫਤਿਆਂ ਦੀ। ਸ਼ੇਖ਼ ਕਹਿੰਦਾ ਸੀ ਕਿ ਜੇ ਇਸ ਤੋਂ ਪਹਿਲਾਂ ਮੁੜ ਆਵਾਂ ਤਾਂ ਉਸ ਦਾ ਨੁਕਸਾਨ ਹੋਣੋ ਬਚ ਸਕਦਾ। ਉਹਨੇ ਮੇਰੀ ਤਨਖਾਹ ਪੰਜ ਹਜ਼ਾਰ ਵਧਾ ਦਿੱਤੀ।"

"ਤਿੰਨ ਹਫਤੇ। ਸਿਰਫ ਇੱਕੀ ਦਿਨ," ਕਹਿੰਦਿਆਂ ਉਸ ਦਾ ਫੇਰ ਹੌਕਾ ਨਿਕਲ ਗਿਆ।

ਉਹ ਰਸੋਈ 'ਚ ਗਈ। ਦੋ ਗਿਲਾਸ ਠੰਢੇ ਦੁੱਧ ਦੇ ਲਿਆਈ। ਮੇਰੇ ਨਾਂਹ-ਨਾਂਹ ਕਰਦਿਆਂ ਵੀ ਉਸ ਇਕ ਗਿਲਾਸ ਮੇਰੇ ਹੱਥ 'ਚ ਫੜਾ ਦਿੱਤਾ।

"ਹੁਣ ਤੁਸੀਂ ਸੌਣ ਦੀ ਕਰੋ। ਥਕੇਵਾਂ ਹੋ ਗਿਆ ਹੋਣਾ। ਮੈਂ ਜੁਆਨ ਬੱਚਿਆਂ ਨਾਲ ਦੋ ਚਾਰ ਘੰਟੇ ਸੌਂ ਆਵਾਂ।" ਉਸ ਕੂਲਰ ਦੀ ਸਪੀਡ ਹੋਰ ਵਧਾ ਦਿੱਤੀ।



www.PunjabiLibrary.com

# ਨਹੀਂ, ਮੈਂ ਦਲਿਤ ਨਹੀਂ

ਮੈਂ ਆਪਣੀ ਜ਼ਿੰਦਗੀ ਦੀ ਬੈਲੰਸਸ਼ੀਟ ਬਣਾ ਰਿਹਾ ਹਾਂ। ਮੈਨੂੰ ਪਤਾ ਨਹੀਂ ਲੱਗ ਰਿਹਾ ਕਿ  ਕਲੋਜ਼ਿੰਗ ਬੈਲੰਸ 'ਤੇ ਆ ਕੇ ਮੈਂ ਵਾਰ ਵਾਰ ਕਿਉਂ ਟਪਲਾ ਖਾ ਜਾਂਦਾ ਹਾਂ।

'ਹਾਨੀ' ਵਾਲੇ ਕਾਲਮ ਭਰਦਿਆਂ ਮੇਰੇ ਮਨ 'ਚ ਆਉਂਦਾ ਹੈ ਕਿ ਮੈਂ ਆਪਣੇ ਆਪ ਨੂੰ ਗਾਲ੍ਹਾਂ ਕੱਢਾਂ। ਕਮੀਨਾ, ਘਟੀਆ ਤੇ ਹੋਰ ਅਪਸ਼ਬਦਾਂ ਨਾਲ ਸੰਬੋਧਤ ਕਰਾਂ। ਮਾਰਕਸ ਦੀ ਫੋਟੋ ਅੱਗੇ ਹੱਥ ਜੋੜ ਕੇ ਤੇ ਸਿਰ ਨਿਵਾ ਕੇ ਕਹਾਂ, "ਸਰਵੋਤਮ ਪੁਰਸ਼, ਮੈਨੂੰ ਮਾਫ਼ ਕਰ ਦਿਓ। ਮੈਂ ਕਿਸ ਪਾਸੇ ਜਾਣਾ ਸੀ। ਮੇਰੀ ਮੰਜ਼ਿਲ ਕੀ ਸੀ। ਮੈਂ ਕਿਸ ਪਾਸੇ ਨੂੰ ਤੁਰ ਪਿਆ ਆਂ। ਹੁਣ ਤੁਸੀਂ ਹੀ ਦੱਸੋ-ਕੀ ਮੇਰੇ ਕੋਲ ਕੋਈ ਹੋਰ ਬਦਲ ਨਹੀਂ ਰਿਹਾ? ਕੀ ਇਹੀ ਇਕੋ ਇਕ ਰਸਤਾ ਬਚਿਆ ਆ।" ਪਤਾ ਨਹੀਂ-ਕਿਸ ਪਾਸਿਓਂ ਵਾਰ-ਵਾਰ ਇਕ ਆਵਾਜ਼ ਆਉਂਦੀ ਹੈ, 'ਬੰਦੇ ਅੰਦਰੋਂ ਉਸ ਦੀ ਜਾਤ ਨਹੀਂ ਜਾਂਦੀ। ਸੰਸਕਾਰ ਨਹੀਂ ਮਰਦੇ।' ਹੁਣ, ਮੈਂ ਇਸ ਆਵਾਜ਼ ਨੂੰ ਕੀ ਜਵਾਬ ਦਵਾਂ। ਇਹੀ ਕਿ ਮੈਂ ਤਾਂ ਕਦੇ ਆਪਣੀ ਜਾਤ ਬਾਰੇ ਸੋਚਿਆ ਹੀ ਨਹੀਂ ਸੀ। ਮੇਰਾ ਇਸ ਪਾਸੇ ਵੱਲ ਕਦੇ ਧਿਆਨ ਹੀ ਨਹੀਂ ਗਿਆ ਸੀ। ਮੇਰੇ ਦੋਸਤਾਂ ਦੇ ਘੇਰੇ 'ਚ ਅਪਰਕਾਸਟ ਵਾਲੇ ਵੀ ਸਨ ਤੇ ਦਲਿਤ ਭਾ ਵੀ। ਮੇਰੇ ਲਈ ਸਾਰੇ ਸਾਥੀ ਸਨ। ਮੇਰੇ ਆਪਣੇ।

ਪੰਜਾਹ ਸਾਲਾਂ ਦੀ ਉਮਰ ਤੱਕ ਮੈਂ ਵਰਗ ਚੇਤਨਾ, ਸੰਘਰਸ਼, ਬੁਰਜੂਆ, ਪੈਟੀ ਬੁਰਜੂਆ, ਪਰੋਲਤਾਰੀ ਵਰਤਾਰਿਆਂ 'ਚ ਉਲਝਿਆ ਰਿਹਾ ਹਾਂ। ਹੁਣ ਮੈਨੂੰ ਵਰਣ ਚੇਤਨਾ, ਦਲਿਤ ਚੇਤਨਾ, ਚਿੰਤਨ, ਦਲਿਤ ਜਾਤਾਂ ਤੰਗ ਕਰਨ ਲੱਗੀਆਂ ਹਨ। ਮੈਂ ਇਹ ਗੱਲ ਮੰਨਦਾ ਹਾਂ ਕਿ ਅੰਦਰ ਖਾਤੇ ਮੈਂ ਦੂਜੀਆਂ ਜਾਤਾਂ ਨੂੰ ਕੁਝ ਕੁ ਨਫ਼ਰਤ ਕਰਨ ਲੱਗਾ ਹਾਂ। ਕੀ ਇਹ ਰੂਪ ਲਾਲ ਦਾ ਅਸਰ ਹੈ ਜਿਹੜਾ ਨਿੱਤ ਮੈਨੂੰ ਸਮਝੌਤੀਆਂ ਦਿੰਦਾ ਹੈ, "ਬ੍ਰਾਹਮਣਾਂ, ਖੱਤਰੀਆਂ, ਅਰੋੜਿਆਂ, ਜੱਟਾਂ ਨੇ ਸਾਡੇ ਨਾਲ ਬਹੁਤ ਵਿਤਕਰਾ ਕੀਤਾ। ਬਹੁਤ ਹੀ ਜ਼ਿਆਦਾ। ਤੂੰ ਆਪਣਾ ਪਾਸਟ ਦੇਖ। ਭਵਿੱਖ ਵੱਲ ਝਾਤੀ ਮਾਰ। ਪਿੰਡ ਜਾ ਕੇ ਵੇਖ-ਸਾਡੀ ਵੈਲਯੂ ਕਿੰਨੀ ਆ-ਅਸੀਂ ਅਜੇ ਵੀ ਉਨ੍ਹਾਂ ਲੋਕਾਂ ਲਈ ਚੂਹੜ ਚੜ੍ਹੰਮ ਆਂ। ਮੇਰਾ ਇਕ ਕੁਲੀਗ ਆ। ਜਸਵੰਤ। ਗੋਹੀਰਾਂ ਪਿੰਡ ਦਾ। ਉਨ੍ਹਾਂ ਦੇ ਪਿੰਡ ਦਾ ਇੱਕ ਵਲੈਤੀਆ ਵੀਹ ਸਾਲਾਂ ਬਾਅਦ ਪਿੰਡ ਆਇਆ ਸੀ। ਉਸ ਆਉਂਦਿਆਂ ਸਾਰ ਕੋਠੀ ਬਣਾਉਣੀ ਸ਼ੁਰੂ ਕਰ ਦਿੱਤੀ।



ਜਸਵੰਤ ਨੇ ਉਹਨੂੰ ਕਿਹਾ, 'ਤੇਰੇ ਤਿੰਨੇ ਮੁੰਡਿਆਂ 'ਚੋਂ ਕਿਸੇ ਨੇ ਇੱਥੇ ਆ ਕੇ ਨ੍ਹੀਂ ਰਹਿਣਾ। ਐਵੇਂ ਚਾਲੀ-ਪੰਜਾਹ ਲੱਖ ਖਰਚ ਕਰਨ ਦੀ ਕੀ ਤੁਕ ਆ। ਕੋਈ ਹਸਪਤਾਲ ਜਾਂ ਕੋਈ ਯਾਦਗਾਰ ਬਣਾ ਜਾ।' ਵਲੈਤੀਏ ਨੇ ਜਸਵੰਤ ਵੱਲ ਘੂਰ ਕੇ ਦੇਖਿਆ ਤੇ ਬੋਲਿਆ, 'ਤੇਰੀਆਂ ਤਾਂ ਪੁਠੀਆਂ ਗੱਲਾਂ ਰਹੀਆਂ। ਪਿੰਡ 'ਚ ਤਾਂ ਚੂਹੜ ਚੜਮ ਕੋਠੀਆਂ ਬਣਾਈ ਜਾਂਦੇ ਆ-ਅਸੀਂ ਪਿੰਡ ਦੇ ਮਾਲਕ ਆਂ। ਜ਼ਮੀਨ ਜਾਇਦਾਦਾਂ ਵਾਲੇ ਆਂ।' ਦੇਖ ਲੈ-ਇਨ੍ਹਾਂ ਲੋਕਾਂ ਦੀ ਨਫ਼ਰਤ ਦੀ ਹੱਦ....।" ਮੇਰਾ ਬੇਟਾ ਸਤੀਸ਼ ਮੇਰਾ ਗੁਰੂ ਬਣ ਜਾਂਦਾ ਹੈ, "ਇਹ ਕੰਪਿਊਟਰ ਦਾ ਯੁੱਗ ਆ ਜਿਥੇ ਹਰ ਸੰਬੰਧ ਤੇ ਹਰ ਆਦਮੀ ਦੀ ਕੀਮਤ ਮਹਿਜ ਮੁਨਾਫਾ ਆ। ਜਿਸ ਇਸ ਗੱਲ ਨੂੰ ਸਮਝ ਲਿਆ-ਉਹ ਹੀ ਕਾਮਯਾਬ ਹੋਵੇਗਾ। ਹੁਣ ਸਾਡਾ ਫਾਇਦਾ ਮਾਇਆਵਤੀ ਜੀ ਨਾਲ ਜੁੜਣ 'ਚ ਆ। ਦੂਜੀ ਗੱਲ-ਸਾਨੂੰ ਆਪਣੀ ਜਾਤ ਬਾਰੇ ਤੇ ਆਪਣੇ ਲੋਕਾਂ ਬਾਰੇ ਵੀ ਸੁਚੇਤ ਹੋਣ ਦੀ ਲੋੜ ਆ। ਡੈਡੀ ਜੀ-ਬੀ ਪ੍ਰੈਕਟੀਕਲ। ਪੰਜਾਬ 'ਚ ਸਾਡੀ ਕਿੰਨੀ ਆਬਾਦੀ ਆ-ਦੱਸੋ ਕਦੇ ਸਾਡੀ ਜਾਤ ਦਾ ਸੀ. ਐਮ. ਬਣਿਆ। ਤੁਸੀਂ ਪਹਿਲਾਂ ਆਪਣੇ ਪਾਸਟ ਨੂੰ ਦੇਖੋ-ਫੇਰ ਭਵਿੱਖ ਨੂੰ ਜਾਣੀਓਂ। ਤੁਸੀਂ ਆਪਣੇ ਡੀਪਾਰਟਮੈਂਟ 'ਚ ਬੈਲੰਸਸ਼ੀਟ ਬਣਾਉਣ ਦੇ ਮਾਹਰ ਹੋ-ਹੁਣ ਆਪਣੀ ਜ਼ਿੰਦਗੀ ਦੀ ਬੈਲੰਸਸ਼ੀਟ ਬਣਾ ਕੇ ਦੇਖੋ। ਕਾਮਰੇਡਾਂ ਨਾਲ ਜੁੜ ਕੇ ਕੀ ਖੱਟਿਆ ਤੇ ਕੀ ਗੁਆਇਆ....।" ਸੀਬੋ ਕਹਿੰਦੀ ਹੈ, "ਮੈਨੂੰ ਤਾਂ ਹੁਣ ਸਮਝ ਲੱਗੀ ਆ-ਆਪਣੇ ਆਪਣੇ ਹੀ ਹੁੰਦੇ ਆ। ਕਲ੍ਹ ਮੈਨੂੰ ਸੈਰ ਕਰਨ ਜਾਂਦੀ ਨੂੰ ਸਤਿਆ ਮਿਲੀ ਸੀ। ਉਹ ਕਹਿੰਦੀ ਸੀ ਕਿ ਆਪਾਂ ਮਹੀਨੇ 'ਚ ਇਕ ਵਾਰੀ ਕਿੱਟੀ ਪਾਰਟੀ ਰੱਖਿਆ ਕਰੀਏ ਜਿਸ ਵਿੱਚ ਆਪਣੀ ਬਰਾਦਰੀ ਦੀਆਂ ਹੀ ਔਰਤਾਂ ਸ਼ਾਮਲ ਹੋਣ।" ਭਾਪਾ ਜੀ ਆਪਣਾ ਗਿਆਨ ਝਾੜਦੇ ਹਨ, "ਤੂੰ ਕਾਮਰੇਡ ਬਣ ਕੇ ਕੀ ਥਣ ਪੁੱਟ ਲਿਆ। ਹੁਣ ਬਹੁਜਨ ਸਮਾਜ ਪਾਰਟੀ 'ਚ ਆ ਜਾ। ਮਹਿੰਦਰ ਮੈਨੂੰ ਕਹਿੰਦਾ ਸੀ ਕਿ ਪਿਆਰੇ ਨੂੰ ਮਨਾ ਲਓ। ਉਹ ਰਿਟਾਇਰਮੈਂਟ 'ਤੇ ਬੈਠਾ। ਆਪਾਂ ਉਹਨੂੰ ਕੌਂਸਲਰ ਦੀ ਸੀਟ 'ਤੇ ਖੜ੍ਹਾ ਕਰ ਦੇਣਾ। ਉਹਦੀ ਜਿੱਤ ਪੱਕੀ ਆ। ਆਪਣੀ ਬਰਾਦਰੀ ਦੀਆਂ ਵੋਟਾਂ ਤਾਂ ਲੋਹੇ ਵਰਗੀਆਂ ਪੱਕੀਆਂ। ਹੁਣ ਤੂੰ ਸਿਆਣਾ ਬਣ। ਆਪਣੇ ਮੂਲ ਨੂੰ ਪਛਾਣ। ਮੈਨੂੰ ਆਪ ਨੂੰ ਹੁਣ ਸਮਝ ਲੱਗੀ ਆ ਕਿ ਇੱਥੇ ਬੰਦੇ ਦਾ ਮੁੱਲ ਉਸ ਦੀ ਜਾਤ ਦੇ ਸਿਰ 'ਤੇ ਪੈਂਦਾ ਆ।"

ਮੇਰੇ ਅੰਦਰ ਆਪਣੇ ਮੂਲ ਨੂੰ ਜਾਨਣ ਦੀ ਜਗਿਆਸਾ ਪੈਦਾ ਹੋਈ ਹੈ। ਇਹ ਕਦੇ ਬਹੁਤ ਹੀ ਤੇਜ਼ ਹੋ ਜਾਂਦੀ ਹੈ। ਕਦੇ ਮੱਧਮ ਪੈ ਜਾਂਦੀ ਹੈ। ਮੈਂ ਉਦੋਂ ਔਖਾ ਹੁੰਦਾ ਹਾਂ ਜਦੋਂ ਮੇਰੇ ਅੰਦਰ ਬੈਠਾ ਕਾਮਰੇਡ ਮੇਰੇ ਬੁੱਲਾਂ 'ਤੇ ਆਪਣਾ ਖੁਰਦਰਾ ਹੱਥ ਰੱਖ ਕੇ ਚੀਕਦਾ ਹੈ, "ਓਏ ਮੂਰਖਾ, ਅਕਲ ਕਰ। ਤੂੰ ਕਿਹੜੇ ਪਾਸੇ ਤੁਰ ਪਿਆਂ। ਕੋਈ ਚੱਜ ਦਾ ਕੰਮ ਕਰ। ਐਨਾ ਨਿਰਾਸ਼ ਨ੍ਹੀਂ ਹੋਈਦਾ। ਕੋਈ ਵੀ ਪਾਰਟੀ ਇਕ ਜਾਂ ਦੋ ਬੰਦਿਆਂ ਦੀ ਮਲਕੀਅਤ ਨ੍ਹੀਂ ਹੁੰਦੀ। ਚੱਲ-ਉਠ ਸ਼ੇਰ ਬਣ ਜਾ। ਨ੍ਹੀਂ ਤਾਂ ਦੇਖ ਲੈ ਸੁਰਜਨ ਸੰਧੂ ਵਰਗੇ ਲੋਕਾਂ ਨੇ ਕਹਿਣਾ-ਕਰ ਦਿੱਤੀ ਨਾ ਚੜ੍ਹੱਮਾਂ ਵਾਲੀ ਗੱਲ।" ਇਹਦੀ ਕਹੀ ਹੋਈ ਪਿਛਲੀ ਗੱਲ  ਤੋਂ ਮੈਂ ਪ੍ਰੇਸ਼ਾਨ ਹੋ ਜਾਂਦਾ ਹਾਂ। ਜੀ ਕਰਦਾ ਹੈ ਕਿ ਆਪਣੇ ਅੰਦਰ ਬੈਠੇ ਕਾਮਰੇਡ ਦਾ ਗਲ ਘੁੱਟ ਦੇਵਾਂ। ਅਜੇ ਤੱਕ ਮੈਥੋਂ ਇਹਦਾ ਗਲ ਨਹੀਂ ਘੁੱਟ ਹੋਇਆ। ਪਰ ਘੁੱਟਣ ਦੀ ਖਾਹਿਸ਼ ਬਰਕਰਾਰ ਹੈ। ਮੈਂ ਇਹਨੂੰ ਮਾਰ ਕੇ ਸੌਖਾ ਹੋ ਸਕਦਾ ਹਾਂ। ਇਸ ਤੋਂ ਡਰਦਾ ਵੀ ਹਾਂ ਕਿ ਕਿਤੇ ਇਹ ਹੀ ਮੈਨੂੰ ਮਾਰ



www.PunjabiLibrary.com

ਨਾ ਦੇਵੇ।

ਅਚਾਨਕ ਮੇਰੇ ਸਾਹਮਣੇ ਬਾਬਾ ਹਰਨਾਮ ਸਿੰਘ ਕਾਲਾਸੰਘਿਆਂ ਦਾ ਚਿਹਰਾ ਪ੍ਰਗਟ ਹੁੰਦਾ ਹੈ। ਬਾਬਾ ਹਰਨਾਮ ਸਿੰਘ ਵਲਦ ਸੁੰਦਰ ਸਿੰਘ, ਪਿੰਡ ਕਾਲਾਸੰਘਿਆਂ। ਦੇਸ਼ ਭਗਤ। ਉਹ ਕਹਿੰਦਾ ਹੈ, "ਤੂੰ ਕਿਉਂ ਕਿਸੇ ਦੀ ਪ੍ਰਵਾਹ ਕਰਦਾਂ ? ਜੋ ਤੇਰੇ ਮਨ ਨੂੰ ਚੰਗਾ ਲੱਗਦਾ, ਉਹੀ ਕਰ। ਪਾਰਟੀ ਦੀ ਬਹੁਤੀ ਪ੍ਰਵਾਹ ਨ੍ਹੀਂ ਕਰੀਦੀ। ਮੇਰੇ ਵੱਲ ਦੇਖ-ਮੈਨੂੰ ਵੀ ਸੋਹਣ ਸਿੰਘ ਭਕਨਾ ਤੇ ਰੂੜ ਸਿੰਘ ਚੂਹੜਚੱਕ ਨੇ ਪਾਰਟੀ ਵਿਚੋਂ ਕੱਢ ਦਿੱਤਾ ਸੀ। ਇਸੇ ਕਰਕੇ ਕਿ ਮੈਂ ਪਾਰਟੀ ਦਾ ਹੁਕਮ ਨ੍ਹੀਂ ਮੰਨਿਆ ਸੀ। ਮੇਰੀ ਕੁਰਬਾਨੀ ਦੇਖ-ਮੈਨੂੰ ਪਿੰਜਰੇ 'ਚ ਤਾੜਿਆ ਗਿਆ। ਮੈਂ ਸਵਾ ਮਣ ਅਨਾਜ ਪੀਸਿਆ, ਕੀੜੀਆਂ ਤੇ ਸੁੰਡੀਆਂ ਵਾਲਾ ਆਟਾ ਖਾਧਾ, ਗੋਰਿਆਂ ਦੀ ਅੰਨੀਂ ਸਖਤਾਈ। ਮੈਂ ਆਪਣੀ ਜਵਾਨੀ ਰੋਲੀ। ਦੋਵੇਂ ਮੁੰਡੇ ਮਰ ਗਏ। ਪਰ ਮੈਂ ਹਾਰ ਨ੍ਹੀਂ ਮੰਨੀਂ। ਤੂੰ ਚੰਗੇ ਕੰਮ ਕਰ। ਸਮਾਂ ਤੇਰਾ ਸਾਥ ਦੇਵੇਗਾ। ਸਮਝਿਆ ਮੇਰੀ ਗੱਲ ?"

ਸਮਝਦਾ ਤਾਂ ਮੈਂ ਸਭ ਕੁਝ ਹਾਂ ਪਰ ਆਤਮਾ ਤੇ ਮਨ ਵਿਚਲਾ ਦਵੰਧ ਯੁੱਧ ਮੇਰੀ ਕੋਈ ਪੇਸ਼ ਨਹੀਂ ਜਾਣ ਦੇ ਰਿਹਾ।

****

ਜ਼ਿੰਦਗੀ 'ਚ 'ਕੁਝ' ਪੂਰੀ ਤਰ੍ਹਾਂ ਮਰਦਾ ਕਿਉਂ ਨਹੀਂ ? ਮੇਰੇ ਮਨ 'ਤੇ ਇਹ ਵਿਚਾਰ ਭਾਰੂ ਹੋਣ ਲੱਗੇ ਹਨ। ਜਦੋਂ ਮੈਂ ਇਕੱਲਾ ਹੋਵਾਂ ਉਦੋਂ ਹੀ ਬਹੁਤ ਜ਼ਿਆਦਾ ਸੋਚਦਾ ਹਾਂ। ਜਿਵੇਂ ਹੁਣ ਦੀ ਮੇਰੀ ਅਵਸਥਾ ਹੈ। ਸਤੀਸ਼ ਨੇ ਮੈਨੂੰ ਕੱਲ੍ਹ ਪੁੱਛਿਆ ਸੀ, "ਤੁਹਾਡੀ ਜ਼ਿੰਦਗੀ ਦੀ ਬੈਲੰਸਸ਼ੀਟ ਕਿੱਥੇ ਕੁ ਪਹੁੰਚੀ ਆ ?"

ਹੁਣ ਮੈਂ ਇਕ ਹੋਰ ਬੈਲੰਸਸ਼ੀਟ ਬਣਾਉਣੀ ਸ਼ੁਰੂ ਕੀਤੀ ਹੈ। ਇਸ ਵਾਰ ਅਡਜਸਟਮੈਂਟ ਅਕਾਊਂਟ ਦਾ ਸਹਾਰਾ ਲੈਂਦਾ ਹਾਂ। ਇੱਥੇ ਮੈਨੂੰ ਖੁੱਲ੍ਹ ਹੁੰਦੀ ਸੀ ਕਿ ਮੈਂ ਜਿਵੇਂ ਚਾਹਾਂ-ਰਕਮਾਂ ਇਧਰ ਓਧਰ ਕਰ ਸਕਦਾ ਸੀ। ਮੈਨੂੰ ਪਤਾ ਹੁੰਦਾ ਸੀ ਕਿ ਮੈਂ ਇਹਨੂੰ ਕਿਵੇਂ ਫਾਈਨਲ ਟੱਚ ਦੇਣੀ ਸੀ। ਪਰ ਮੈਥੋਂ ਆਪਣੀ ਬੈਲੰਸਸ਼ੀਟ ਬਣਾਉਂਦਿਆਂ ਗੜਬੜ ਹੋ ਗਈ ਹੈ। 'ਲਾਭ' ਵਾਲੇ ਪਾਸੇ 'ਤੇ ਕਾਮਰੇਡ ਭਾਰੂ ਹੈ। ਮੈਂ ਆਪਣੇ ਫਾਇਦੇ ਬਾਰੇ ਕੁਝ ਜ਼ਿਆਦਾ ਹੀ ਸੋਚ ਰਿਹਾ ਹਾਂ। ਮੈਨੂੰ ਇਹ ਬੈਲੰਸਸ਼ੀਟ ਵੀ ਅਧੂਰੀ ਲੱਗਦੀ ਹੈ। ਮੈਂ ਕਾਗਜ਼ ਪਰ੍ਹਾਂ ਸੁੱਟ ਦਿੰਦਾ ਹਾਂ। ਦਿਮਾਗ਼ ਦਾ ਟਿਸ਼ੂ ਤੰਤਰ ਕਦੇ ਪਿਛਲਖੁਰੀ ਦੌੜਦਾ ਹੈ। ਕਦੇ ਅਗਾਂਹ ਨੂੰ ਹੀ ਜਾਈ ਜਾਂਦਾ ਹੈ।

ਇਕ ਹੋਰ ਬੈਲੰਸਸ਼ੀਟ ਬਣਾਉਣੀ ਸ਼ੁਰੂ ਕਰਦਾ ਹਾਂ। ਇਸ ਵਾਰ ਲਿਖਦਾ ਹਾਂ। ਹਾਨੀ। ਕਾਮਰੇਡ। ਲਾਭ। ਦਲਿਤ। ਲਾਭ ਵਾਲੇ ਪਾਸੇ ਮੈਥੋਂ ਵਾਰ-ਵਾਰ ਦਲਿਤ ਲਿਖਿਆ ਜਾਂਦਾ ਹੈ। ਮੈਂ ਅਕਾਊਂਟਿੰਗ ਵਿਧੀ ਛੱਡ ਕੇ ਡੈਰੀਏਟਿਵ ਵਿਧੀ ਦੀ ਵਰਤੋਂ ਕਰਦਾ ਹਾਂ। ਸੋਚਦਾ ਹਾਂ ਕਿ ਮੈਂ ਆਪਣਾ ਧਿਆਨ 'ਹਾਨੀ' 'ਤੇ ਹੀ ਕਿਉਂ ਕੇਂਦਰਿਤ ਕਰ ਰਿਹਾ ਹਾਂ। ਹਾਨੀ ਪਾਰਟੀ ਨਾਲ ਜੁੜ ਜਾਂਦੀ ਹੈ। ਕੀ ਮੇਰੇ ਨਾਲ ਵਿਤਕਰਾ ਸਿਰਫ ਮੇਰੀ ਜਾਤ ਕਰਕੇ ਹੀ ਹੋਇਆ ਹੈ ? ਬਹੁਤ ਕੁਝ ਹੋਰ ਹੈ ਜਿਸ ਵੱਲ ਮੇਰਾ ਧਿਆਨ ਨਹੀਂ ਜਾਂਦਾ। ਮੈਨੂੰ ਆਪਣੇ ਕੁਲੀਗ ਜਸਵਿੰਦਰ, ਜਿਸ ਕੋਲੋਂ ਮੈਂ ਬੈਲੰਸਸ਼ੀਟ ਬਣਾਉਣੀ ਸਿੱਖੀ ਸੀ, ਦਾ ਕਿਹਾ ਯਾਦ



ਆਉਂਦਾ ਹੈ, "ਬੈਲੰਸਸ਼ੀਟ ਵਿੱਚ ਕੁਝ ਫਿਗਰਾਂ ਆਪਣੇ ਕੋਲੋਂ ਵੀ ਪਾਉਣੀਆਂ ਪੈਂਦੀਆਂ ਆ। ਇਹਨੂੰ ਅਡਜਸਟਮੈਂਟ ਅਕਾਊਂਟ ਕਹਿੰਦੇ ਆ। ਇਹਦੇ ਬਿਨਾਂ ਬੈਲੰਸਸ਼ੀਟ ਨ੍ਹੀਂ ਬਣ ਸਕਦੀ।" ਮੈਨੂੰ ਲੱਗਦਾ ਹੈ ਕਿ ਇਹੀ ਕੁਝ ਜ਼ਿੰਦਗੀ 'ਚ ਵੀ ਵਾਪਰਦਾ ਹੈ। ਇਕ ਵਾਰ ਫੇਰ ਮੈਂ ਐਡਜਸਮੈਂਟ ਅਕਾਊਂਟ ਦਾ ਆਸਰਾ ਲੈਂਦਾ ਹਾਂ। ਸ਼ਾਇਦ ਇਥੋਂ ਹੀ ਮੇਰੇ ਅੰਦਰ ਦੀ ਨਫ਼ਰਤ ਵਿਰਾਟ ਰੂਪ ਧਾਰਨ ਕਰਨ ਲੱਗੀ ਹੈ।

****

ਵੀਆਨਾ ਕਾਂਡ ਕਰਕੇ ਪਿਛਲੇ ਦੋ ਦਿਨਾਂ ਤੋਂ ਵੱਖ-ਵੱਖ ਚੈਨਲਾਂ ਤੋਂ ਦਲਿਤਾਂ ਨਾਲ ਸੰਬੰਧਤ ਕਈ ਵਿਸ਼ੇਸ਼ ਪਰੋਗਰਾਮ ਦਿਖਾਏ ਜਾ ਰਹੇ ਹਨ। 'ਸਟਾਰ ਨਿਊਜ਼' ਨੇ ਦਲਿਤਾਂ ਬਾਰੇ ਇੱਕ ਪੁਰਾਣੀ ਰਿਕਾਰਡਿੰਗ ਦਿਖਾਈ ਸੀ। ਚੰਦਰਭਾਨ ਪ੍ਰਸ਼ਾਦ ਨੇ ਦੱਸਿਆ ਸੀ, "ਮਾਇਆਵਤੀ ਵੱਲੋਂ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਵਜੋਂ ਸਹੁੰ ਚੁੱਕਣਾ ਆਜ਼ਾਦੀ ਤੋਂ ਬਾਅਦ ਭਾਰਤ ਦੇ ਇਤਿਹਾਸ ਦੀ ਅਹਿਮ ਘਟਨਾ ਹੈ। ਇਹ ਦਲਿਤਾਂ ਦੇ ਲਿਖਤ ਇਤਿਹਾਸ 'ਚ ਦਰਜ ਤੀਜੀ ਅਹਿਮ ਘਟਨਾ ਹੈ ਜਦੋਂ ਇੱਕ ਦਲਿਤ ਨੂੰ ਐਨੇ ਉੱਚੇ ਅਹੁਦੇ ਤੇ ਪਹੁੰਚਣ ਤੇ ਅਗਵਾਈ ਕਰਨ ਦਾ ਮਾਣ ਹਾਸਲ ਹੋਇਆ। ਪਹਿਲੀ ਘਟਨਾ ਇਹ ਸੀ ਕਿ ਸੰਤ ਰਵਿਦਾਸ ਨੇ ਤਰਕ ਦੇ ਆਧਾਰ ਤੇ ਬਨਾਰਸ ਦੇ ਬ੍ਰਾਹਮਣਾਂ ਨੂੰ ਹਰਾ ਦਿੱਤਾ ਸੀ। ਇਹ ਗੱਲ ਸ਼ਾਸਤਰਾਂ 'ਚ ਦਰਜ ਹੈ। ਦੂਜੀ ਅਹਿਮ ਘਟਨਾ ਡਾ. ਅੰਬੇਡਕਰ ਦਾ ਭਾਰਤ ਦੇ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਾਲੇ ਕਮੇਟੀ ਦਾ ਚੇਅਰਮੈਨ ਬਣਨਾ ਸੀ। ਇਸੇ ਤਰ੍ਹਾਂ ਜਦੋਂ ਮਾਇਆਵਤੀ ਭਾਜਪਾ ਦੀ ਮੱਦਦ ਨਾਲ ਮੁੱਖ ਮੰਤਰੀ ਬਣੀ ਤਾਂ ਉਸ ਨੇ ਦਿਖਾ ਦਿੱਤਾ ਕਿ ਇਕ ਦਲਿਤ ਵੀ ਲੀਡਰ ਦੀ ਭੂਮਿਕਾ ਨਿਭਾ ਸਕਦਾ ਹੈ। ਇਸ ਨੇ ਭਾਰਤੀਆਂ ਦੀ ਅੰਤਰ ਆਤਮਾ ਨੂੰ ਵੀ ਝੰਜੋੜਿਆ। ਉਸ ਨੇ ਆਖਰ ਇਹ ਦਰਸਾ ਦਿੱਤਾ ਕਿ ਇਕ ਦਲਿਤ ਤੇ ਪੂਰਾ ਭਰੋਸਾ ਕੀਤਾ ਜਾ ਸਕਦਾ ਹੈ ਤੇ ਇਕ ਦਲਿਤ, ਦਲਿਤਾਂ ਅਤੇ ਗੈਰ-ਦਲਿਤਾਂ ਦੋਵਾਂ ਦੀ ਅਗਵਾਈ ਕਰ ਸਕਦਾ ਹੈ।" ਫੇਰ ਟੀ. ਵੀ. ਦੀ ਸਕਰੀਨ ਤੇ ਕੇ. ਆਰ. ਨਰਾਇਨਣ ਦੀ ਭੈਣ ਕੇ. ਆਰ. ਗੌਵਰੀ ਦਾ ਚਿਹਰਾ ਪ੍ਰਗਟ ਹੋਇਆ ਸੀ। ਉਨ੍ਹਾਂ ਨੇ ਕੇ. ਆਰ. ਨਰਾਇਨਣ ਬਾਰੇ ਦੱਸਣਾ ਸ਼ੁਰੂ ਕੀਤਾ ਸੀ, "ਸਾਡੇ ਭਾਈਚਾਰੇ ਦਾ ਕੋਈ ਬੰਦਾ ਤਾਂ ਇੱਥੋਂ ਤੱਕ ਪਹੁੰਚਣ ਵਾਲੇ ਸੋਚ ਵੀ ਨਹੀਂ ਸਕਦਾ। ਉਹ ਬਹੁਤ ਪੜ੍ਹਾਕੂ ਸੀ। ਬਰਤਾਨਵੀ ਹਕੂਮਤ ਸਮੇਂ ਦਲਿਤ ਵਿਦਿਆਰਥੀਆਂ ਨੂੰ ਵਜੀਫਾ ਨਹੀਂ ਮਿਲਦਾ ਸੀ। ਅਸੀਂ ਸਖਤ ਮਿਹਨਤ ਕਰਕੇ ਪੜ੍ਹੇ। ਜਦੋਂ ਲੋਕ ਮੇਰੇ ਭਰਾ ਵੱਲੋਂ ਵੱਖ ਵੱਖ ਅਹੁਦਿਆਂ, ਜਿਵੇਂ ਸਫੀਰ, ਕੇਂਦਰੀ ਰਾਜ ਮੰਤਰੀ, ਉਪ ਰਾਸ਼ਟਰਪਤੀ ਅਤੇ ਰਾਸ਼ਟਰਪਤੀ ਦੇ ਅਹੁਦੇ ਹਾਸਲ ਕਰਨ ਬਾਰੇ ਗੱਲ ਕਰਦੇ ਹਨ ਤਾਂ ਇੰਜ ਲੱਗਦਾ ਹੈ ਕਿ ਲੋਕ ਸੋਚਦੇ ਹਨ ਕਿ ਇੱਕ ਦਲਿਤ ਹੋਣ ਕਰਕੇ ਹੀ ਸ਼ਾਇਦ ਉਨ੍ਹਾਂ ਨੂੰ ਕੋਈ ਲਾਭ ਮਿਲਿਆ ਤੇ ਉਹ ਇਨ੍ਹਾਂ ਅਹੁਦਿਆਂ ਤੱਕ ਪਹੁੰਚੇ, ਪਰ ਇਹ ਸੱਚ ਨ੍ਹੀਂ ਹੈ। ਉਨ੍ਹਾਂ ਜਿਹੜਾ ਵੀ ਅਹੁਦਾ ਹਾਸਲ ਕੀਤਾ ਉਹ ਆਪਣੀ ਯੋਗਤਾ ਦੇ ਬਲਬੂਤੇ ਤੇ ਹਾਸਲ ਕੀਤਾ।"

.... ਉਦੋਂ ਹੀ ਰਮਨ ਆਇਆ ਸੀ। ਆਪਣਾ ਹੋਮ ਵਰਕ ਕਰਨ। ਉਹ ਜ਼ਿਆਦਾ ਝੁਕ ਕੇ ਲਿਖਦਾ। ਮੈਂ ਉਹਨੂੰ ਫੜ ਕੇ ਸਿੱਧਾ ਬੈਠਾਉਂਦਾ। ਉਹ ਫੇਰ ਪਹਿਲਾਂ ਵਾਲੀ ਸਥਿਤੀ 'ਚ ਬੈਠ ਜਾਂਦਾ। ਉਸਨੂੰ 'ਜੀ' ਅੱਖਰ ਨੂੰ ਮਰੋੜੀ ਦੇਣੀ ਨਹੀਂ ਆਉਂਦੀ। ਮੈਂ ਸਮਝਾਉਂਦਾ। ਉਹ ਫਿਰ



www.PunjabiLibrary.com

ਗਲਤੀ ਕਰ ਜਾਂਦਾ। ਪੰਜ ਸੱਤ ਵਾਰ ਐਦਾਂ ਹੋਇਆ। ਫੇਰ ਉਹਨੂੰ ਮਰੋੜੀ ਦੇਣੀ ਆ ਗਈ। ਅੱਧੇ ਕੁ ਘੰਟੇ ਬਾਅਦ ਉਹ ਮੇਰੀ ਲੱਤ 'ਤੇ ਸਿਰ ਰੱਖ ਕੇ ਪੈ ਗਿਆ। ਥੱਕ ਗਿਆ ਹੋਣਾ। ਮੈਂ ਉਸ ਵੱਲੋਂ ਵਿਹਲਾ ਹੋ ਕੇ ਸਾਹਮਣੇ ਰੈਕ 'ਚ ਪਈਆਂ ਕਾਂਸ਼ੀ ਰਾਮ ਦੀਆਂ ਕਿਤਾਬਾਂ, ਕੈਸਿਟਾਂ, ਵੀਡੀਓ ਕੈਸਿਟਾਂ ਜਿਹੜੀਆਂ ਕਿ ਪਿਛਲੇ ਮਹੀਨੇ ਸਤੀਸ਼ ਦਿੱਲੀਉਂ ਖਰੀਦ ਕੇ ਲਿਆਇਆ ਸੀ, ਵੱਲ ਉਪਰੀ ਜਿਹੀ ਨਜ਼ਰ ਮਾਰੀ। ਲੈਨਿਨ ਦੀ ਮੂਰਤੀ ਵੱਲ ਸ਼ਰਧਾ ਭਾਵ ਨਾਲ ਦੇਖਿਆ।

****

ਮੈਂ ਰੁਕ-ਰੁਕ ਕੇ ਵਾਲ-ਕਲਾਕ ਵੱਲ ਦੇਖਦਾ ਹਾਂ। ਸੀਬੋ ਅਜੇ ਤੱਕ ਮੁੜੀ ਨਹੀਂ। ਮੈਂ ਉਹਨੂੰ ਬਾਹਰ ਜਾਣੋਂ ਰੋਕਿਆ ਸੀ। ਦੋ ਦਿਨਾਂ ਤੋਂ ਸਾਡੇ ਵਾਲੇ ਪਾਸੇ ਕਰਫਿਊ ਲੱਗਾ ਹੋਇਆ ਹੈ। ਸ਼ਹਿਰ 'ਚ ਤਨਾਉ ਹੈ। ਲੁੱਟਾਂ-ਖੋਹਾਂ ਤੇ ਅੱਗਾਂ ਲਾਉਣ ਦੀਆਂ ਅਨੇਕਾਂ ਵਾਰਦਾਤਾਂ ਹੋਈਆਂ ਹਨ। ਪਰ ਉਸ ਨੇ ਮੇਰੀ ਗੱਲ ਨਹੀਂ ਮੰਨੀ ਸੀ। ਇਹ ਕਹੀ ਗਈ ਸੀ, "ਮੈਨੂੰ ਬੁੱਢੀ-ਠੇਰੀ ਨੂੰ ਕਿਸੇ ਨੇ ਕੀ ਕਹਿਣਾ।" ਕੀ ਪਤਾ ਉਹ ਵੀਨਾ ਵੱਲ ਚਲੀ ਗਈ ਹੋਵੇ। ਉਹਦੇ ਮੂਡ ਦਾ ਵੀ ਕੋਈ ਪਤਾ ਨਹੀਂ ਲਗਦਾ।

ਮੈਂ 'ਹਾਨੀ' ਵਾਲੇ ਪੰਨੇ 'ਤੇ ਲਿਖਣਾ ਸ਼ੁਰੂ ਕਰਦਾ ਹਾਂ।
ਕਿ ਰਾਜ ਤਾਂ ਹੁਣ ਕੰਜਰਾਂ ਦਲਿਤਾਂ ਦਾ ਹੋ ਗਿਆ ਹੈ
ਤਾਂ ਮੇਰੇ ਅੰਦਰ ਰੋਹ ਕੜ੍ਹਣ ਲੱਗ ਪੈਂਦਾ ਹੈ, ਕਾਮਰੇਡ
ਤੇ ਜੀਅ ਕਰਦਾ ਹੈ
ਤੈਨੂੰ ਝੰਜੋੜ ਕੇ ਆਖਾਂ
ਮੇਰੇ ਕੋਲ ਤੇਰੀ ਪਾਰਟੀ ਦਾ ਕਾਰਡ ਨਾ ਸਹੀ।

ਮੇਰੇ ਕੋਲ ਤਾਂ ਪਾਰਟੀ ਦਾ ਕਾਰਡ ਸੀ। ਮੇਰਾ ਵਿਰੋਧ ਸੁਰਜਨ ਸੰਧੂ ਨੇ ਕੀਤਾ ਸੀ। ਉਸ ਮੈਨੂੰ ਗਾਲ੍ਹ ਕੱਢ ਕੇ ਕਿਹਾ ਸੀ, "ਤੁਹਾਨੂੰ ਚੜ੍ਹਮਾਂ ਨੂੰ ਪਾਰਟੀ ਦੀ ਕੀ ਸਮਝ ਹੈ।" ਰੋਕਦਿਆਂ-ਰੋਕਦਿਆਂ ਮੈਥੋਂ ਗਾਲ੍ਹ ਨਿਕਲ ਜਾਂਦੀ ਹੈ," ...................................।" ਮੈਂ ਤਾਂ ਪਾਰਟੀ ਖਾਤਰ ਸਹੁਰਿਆਂ ਨਾਲ ਵੀ ਵਿਗਾੜ ਲਈ ਸੀ। ਰੌਲਾ 'ਜਗਦੀਸ਼ ਬੁਕ ਸ਼ਾਪ' ਉਪਰਲੇ ਚੁਬਾਰੇ ਦਾ ਸੀ। ਮੇਰੇ ਸਹੁਰੇ ਨੇ ਜਗਦੀਸ਼ ਨੂੰ ਦੁਕਾਨ ਕਿਰਾਏ 'ਤੇ ਦਿੱਤੀ ਸੀ। ਉਹ ਆਪ ਇੰਗਲੈਂਡ ਰਹਿੰਦਾ ਸੀ। ਇਹ ਦੁਕਾਨ ਵੀ ਮੈਂ ਆਪ ਜਗਦੀਸ਼ ਨੂੰ ਲੈ ਕੇ ਦਿੱਤੀ ਸੀ। ਦੋ ਕੁ ਸਾਲਾਂ ਮਗਰੋਂ ਜਗਦੀਸ਼ ਨੇ ਚੁਬਾਰੇ 'ਤੇ ਇਕ ਤਰ੍ਹਾਂ ਨਾਲ ਕਬਜ਼ਾ ਹੀ ਕਰ ਲਿਆ ਸੀ। ਮੇਰਾ ਜਗਦੀਸ਼ ਕੋਲ ਰੋਜ਼ ਦਾ ਆਉਣ ਜਾਣ ਸੀ। ਮੇਰੇ ਸਹੁਰੇ ਦਾ ਫੋਨ ਆਇਆ ਤਾਂ ਮੈਂ ਜਗਦੀਸ਼ ਨੂੰ ਇਸ ਬਾਰੇ ਦੱਸਿਆ ਸੀ। ਜਗਦੀਸ਼ ਨੇ ਮੇਰੀ ਗੱਲ ਨੂੰ ਅਣਸੁਣਿਆ ਕਰ ਦਿੱਤਾ ਸੀ। ਦੋ ਸਾਲਾਂ ਬਾਅਦ ਮੇਰਾ ਸਹੁਰਾ ਆਇਆ ਤਾਂ ਉਸ ਪੰਜ ਸੱਤ ਮੋਹਤਵਰ ਬੰਦਿਆਂ ਨੂੰ ਨਾਲ ਲੈ ਕੇ ਜਗਦੀਸ਼ ਨੂੰ ਚੁਬਾਰਾ ਖਾਲੀ ਕਰਨ ਲਈ ਕਿਹਾ ਸੀ। ਗੱਲ ਨਾ ਬਣਦੀ ਦੇਖ ਕੇ ਉਹ ਥਾਣੇ ਚਲਾ ਗਿਆ ਸੀ। ਮੈਂ ਆਪਣੀ ਪਾਰਟੀ ਵਾਲਿਆਂ ਨਾਲ ਥਾਣੇ ਗਿਆ ਸੀ। ਮੈਂ ਸਹੁਰਿਆਂ ਨਾਲ ਨਹੀਂ, ਆਪਣੀ ਪਾਰਟੀ ਨਾਲ ਖੜ੍ਹਿਆ ਸੀ। ਮੈਨੂੰ ਸਹੁਰਿਆਂ ਨਾਲੋਂ ਪਾਰਟੀ ਪਿਆਰੀ ਸੀ। ਮੇਰੇ ਸਹੁਰੇ ਨੇ ਕੋਰਟ 'ਚ ਕੇਸ ਕਰ ਦਿੱਤਾ ਸੀ। ਇਸ ਕੇਸ ਤੋਂ ਜਗਦੀਸ਼ ਤੇ ਪਾਰਟੀ ਮੈਂਬਰ ਔਖੇ



ਸਨ। ਉਨ੍ਹਾਂ ਦਾ ਮੇਰੇ ਪ੍ਰਤੀ ਵਰਤਾਉ ਬਦਲ ਗਿਆ ਸੀ। ਉਨ੍ਹਾਂ ਨੂੰ ਲੱਗਾ ਸੀ ਕਿ ਮੈਂ ਉਨ੍ਹਾਂ ਦੇ ਨਾਲ ਨਹੀਂ ਹਾਂ। ਉਧਰ ਸਹੁਰਾ ਅੱਡ ਔਖਾ ਸੀ ਕਿ ਮੈਂ ਉਸ ਦਾ ਸਾਥ ਨਹੀਂ ਦਿੱਤਾ। ਜਗਦੀਸ਼ ਤੇ ਪਾਰਟੀ ਮੈਂਬਰਾਂ ਨੇ ਮੇਰੇ ਵੱਲੋਂ ਮੂੰਹ ਮੋੜ ਲਿਆ ਸੀ। ਮੈਂ ਜਗਦੀਸ਼ ਕੋਲ ਆਪਣਾ ਗਿਲ੍ਹਾ ਜ਼ਾਹਰ ਕੀਤਾ ਸੀ, "ਮੈਂ ਐਡੀ ਛੇਤੀ ਪਾਰਟੀ ਨ੍ਹੀਂ ਛੱਡਣੀ।" ਜਗਦੀਸ਼ ਕੋਲ ਬੈਠੇ ਸੁਰਜਨ ਸੰਧੂ ਨੇ ਕਿਹਾ ਸੀ, "ਤੇਰੇ ਵਰਗੇ ਵਰਕਰਾਂ ਦੀ ਪਾਰਟੀ ਨੂੰ ਲੋੜ ਨ੍ਹੀਂ। ਤੂੰ ਜਾਣਦਾ ਨ੍ਹੀਂ ਇਹ ਦੁਕਾਨ ਪਾਰਟੀ ਲਈ ਕਿੰਨੀ ਫਾਇਦੇਮੰਦ ਆ। ਦੱਸ- ਕੋਈ ਹੋਰ ਦੁਕਾਨ ਹੋ ਸਕਦੀ ਆ। ਤੂੰ ਆਪਣੇ ਸਹੁਰੇ ਨੂੰ ਸਮਝਾ ਨ੍ਹੀਂ ਸਕਦਾ -ਲੋਕਾਂ ਨੂੰ ਕੀ ਸਮਝਾਏਂਗਾ।"

****

ਲੌਬੀ 'ਚੋਂ ਆਵਾਜ਼ ਆਈ ਹੈ। ਸਤੀਸ਼ ਤੇ ਰਾਜਵਿੰਦਰ ਸੈਰ ਕਰਕੇ ਮੁੜ ਆਏ ਹਨ। ਹੁਣ ਸਤੀਸ਼ ਭਾਪਾ ਜੀ ਕੋਲ ਬੈਠੇਗਾ। ਰਾਜਵਿੰਦਰ ਰੋਟੀ ਪਾਣੀ ਦਾ ਆਹਰ ਕਰੇਗੀ। ਸਤੀਸ਼ ਭਾਪਾ ਜੀ ਕੋਲ ਬੈਠ ਕੋਈ ਇਕ ਗੱਲ ਛੇੜ ਲਵੇਗਾ ਜਾਂ ਉਨ੍ਹਾਂ ਨੂੰ ਯਾਦ ਕਰਵਾਏਗਾ। ਉਹਨੇ ਭਾਪਾ ਜੀ ਨੂੰ ਆਪਣੇ ਮਗਰ ਲਾ ਲਿਆ ਹੈ। ਭਾਪਾ ਜੀ ਨੇ ਰਵਿਦਾਸ ਭਗਤ ਦੀ ਵੱਡੀ ਸਾਰੀ ਫੋਟੋ ਡਰਾਇੰਗ ਰੂਮ 'ਚ ਲਗਵਾਈ ਹੈ। ਇਹ ਉਹ ਬੂਟਾ ਮੰਡੀ ਮੇਲੇ 'ਚੋਂ ਖਰੀਦ ਕੇ ਲਿਆਏ ਸਨ। ਉਨ੍ਹਾਂ ਤਾਂ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ 'ਤੇ ਸਾਰੀ ਕੋਠੀ 'ਚ ਬਿਜਲੀ ਵਾਲੀਆਂ ਲੜੀਆਂ ਲਗਵਾਈਆਂ ਸਨ। ਪਿਛਲੇ ਹਫਤੇ ਸਤੀਸ਼ ਨੇ ਭਾਪਾ ਜੀ ਨੂੰ ਦੱਸਿਆ ਸੀ, "ਅਸੀਂ ਕੁਝ ਦੋਸਤਾਂ ਨੇ ਪਲੈਨਿੰਗ ਕੀਤੀ ਆ ਕਿ ਇਕ ਅਜਿਹਾ ਚੈਨਲ ਸ਼ੁਰੂ ਕੀਤਾ ਜਾਵੇ ਜਿੱਥੋਂ ਚੌਵੀ ਘੰਟੇ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਪ੍ਰਸਾਰਣ ਹੋਵੇ। ਜੇ ਹਿੰਦੂ ਜਾਂ ਸਿੱਖਾਂ ਦੇ ਚੈਨਲ ਸ਼ੁਰੂ ਹੋ ਸਕਦੇ ਆ ਤਾਂ ਸਾਡੇ ਗੁਰੂ ਦਾ ਕਿਉਂ ਨ੍ਹੀਂ। ਬੱਸ, ਹੁਣ ਫਨੈਸ਼ੀਅਲ ਪ੍ਰੋਬਾਰਲਮ ਆ ਜਿਸ ਦਿਨ ਇਹ ਸੌਲਵ ਹੋ ਗਈ-ਫੇਰ ਦੇਖਿਓ ਸਾਡੀ ਸ਼ਕਤੀ।"

ਮੈਨੂੰ ਇਨ੍ਹਾਂ ਦੀਆਂ ਕਈ ਗੱਲਾਂ ਉਪਰੀਆਂ-ਉਪਰੀਆਂ ਲੱਗਦੀਆਂ ਹਨ। ਪਰ ਫੇਰ ਵੀ ਮੈਂ ਆਪ ਇਨ੍ਹਾਂ 'ਚ ਸ਼ਾਮਲ ਹੋਣਾ ਚਾਹੁੰਦਾ ਹਾਂ। ਕਈ ਵਾਰ ਗਿਆ ਸੀ। ਅੱਧਾ ਘੰਟਾ ਬੈਠਾ ਸੀ। ਇਨ੍ਹਾਂ ਨੂੰ ਮੇਰੀ ਮੌਜੂਦਗੀ ਚੁੱਭੀ ਸੀ। ਮੈਂ ਉੱਠ ਕੇ ਆ ਗਿਆ ਸੀ। ਕਿਸੇ ਨੇ ਮੈਨੂੰ ਬੈਠਣ ਲਈ ਨਹੀਂ ਕਿਹਾ ਸੀ। ਹੁਣ ਜਦੋਂ ਇਹ ਦੋਵੇਂ ਇਕੱਠੇ ਬੈਠੇ ਹੋਣ-ਮੈਂ ਇਨ੍ਹਾਂ ਕੋਲ ਨਹੀਂ ਜਾਂਦਾ। ਇਨ੍ਹਾਂ ਕਦੇ ਨਹੀਂ ਕਿਹਾ ਕਿ ਤੂੰ ਵੀ ਸਾਡੇ ਕੋਲ ਆ ਕੇ ਬੈਠ ਜਾਇਆ ਕਰ। ਆਪਣੀ ਚੰਗੀ ਮਾੜੀ ਰਾਇ ਦੇ ਛੱਡਿਆ ਕਰ। ਮਨ ਹੌਲਾ ਹੋ ਜਾਵੇਗਾ। ਸ਼ਾਮ ਨੂੰ ਮੈਂ ਲਾਅਨ 'ਚ ਚਟਾਈ ਵਿਛਾ ਕੇ ਬੈਠਾ ਹੋਵਾਂ ਤਾਂ ਸਤੀਸ਼ ਮੇਰੇ ਕੋਲ ਆ ਖੜ੍ਹਦਾ ਹੈ। ਦੋ ਘੜੀਆਂ ਲਈ। ਖੜ੍ਹਾ-ਖੜ੍ਹਾ ਹੀ। ਜਿਵੇਂ ਇਹਨਾਂ ਪਲਾਂ 'ਚ ਹੀ ਮੈਂ ਉਹਦਾ ਪਿਓ ਹੋਵਾਂ। ਅੱਗੋਂ ਪਿੱਛੋਂ ਅੱਖ ਬਚਾ ਕੇ ਲੰਘ ਜਾਂਦਾ ਹੈ। ਸਵੇਰ ਨੂੰ ਮੈਂ ਸਾਰਿਆਂ ਨਾਲੋਂ ਪਹਿਲਾਂ ਉੱਠਦਾ ਹਾਂ। ਦੋ ਕੱਪ ਚਾਹ ਦੇ ਬਣਾਉਂਦਾ ਹਾਂ। ਆਪਣੇ ਲਈ ਫਿੱਕਾ। ਭਾਪਾ ਜੀ ਲਈ ਤੇਜ਼ ਮਿੱਠੇ ਵਾਲਾ। ਉਦੋਂ ਤਾਈਂ ਉਹ ਪਾਠ ਕਰ ਚੁੱਕੇ ਹੁੰਦੇ ਹਨ। ਉਹ ਬੈੱਡ ਨਾਲ ਢੋਅ ਲਾ ਲੈਂਦੇ ਹਨ। ਰੱਖਣੇ 'ਚੋਂ ਦੋ ਰਸ ਕੱਢਦੇ ਹਨ। ਇਕ ਮੈਨੂੰ ਦਿੰਦੇ ਹਨ। ਦੂਜਾ ਆਪ ਚਾਹ 'ਚ ਡੋਬ-ਡੋਬ ਖਾਣ ਲੱਗਦੇ ਹਨ। ਉਹ ਕਹਿੰਦੇ ਹਨ, "ਕਾਮਰੇਡ ਜਾ ਲਾਅਨ ਵਿਚ ਹੀ ਸੈਰ ਕਰ ਆ। ਦੋ ਘੜੀਆਂ ਤਾਜ਼ੀ ਹਵਾ ਮਿਲ ਜਾਊ। ਫੇਰ ਫਰੰਟ ਵਾਲਿਆਂ ਦੀ ਅਖ਼ਬਾਰ ਪੜ੍ਹ



www.PunjabiLibrary.com

ਲਈਂ। ਇਸ ਦੇ ਬਿਨਾਂ ਤੈਨੂੰ ਖੁੱਲ੍ਹ ਕੇ ਟੱਟੀ ਨ੍ਹੀਂ ਆਉਣੀ।" ਉਹ ਅਜੇ ਵੀ ਮੈਨੂੰ ਕਾਮਰੇਡ ਕਹਿ ਕੇ ਬੁਲਾਉਂਦੇ ਹਨ। ਸ਼ਾਇਦ ਉਹ ਮੈਨੂੰ ਪਸੰਦ ਨਹੀਂ ਕਰਦੇ। ਉਨ੍ਹਾਂ ਨੂੰ ਮੇਰਾ ਕਾਮਰੇਡ ਵਾਲਾ ਰੂਪ ਬਿਲਕੁਲ ਹੀ ਪਸੰਦ ਨਹੀਂ ਸੀ। ਕਹਿ ਦਿੰਦੇ ਹਨ, " ਕਾਮਰੇਡ ਬਣ ਕੇ ਤੂੰ ਕੀ ਖੱਟ ਲਿਆ? ਸਾਡੀ ਪਾਰਟੀ 'ਚ ਸ਼ਾਮਲ ਹੋ ਜਾ। ਇਸੇ ਗੱਲ 'ਚ ਤੇਰਾ ਫਾਇਦਾ। ਸਤੀਸ਼ ਦੀਆਂ ਗੱਲਾਂ ਧਿਆਨ ਨਾਲ ਸੁਣਿਆ ਕਰ।"

ਜਦੋਂ ਸੁਰਜਨ ਸੰਧੂ ਨੇ ਮੈਨੂੰ ਇਗਨੋਰ ਕਰਨਾ ਸ਼ੁਰੂ ਕਰ ਦਿੱਤਾ ਤਾਂ ਮੈਨੂੰ ਬਹੁਤ ਕੁਝ ਭੁੱਲਿਆ ਵਿਸਰਿਆ ਯਾਦ ਆਉਣ ਲੱਗਾ ਸੀ। ਮੈਂ ਪਿੰਡ ਜਾਂਦਾ ਤਾਂ ਮੈਨੂੰ ਕਈ ਗੱਲਾਂ ਤੰਗ ਕਰਦੀਆਂ ਸਨ। ਵਿਸ਼ੇਸ਼ ਕਰਕੇ ਆਹ ਗੱਲ ... ਬੀਬੀ ਨੂੰ ਜਵਾਲੇ ਕੇ ਬੁੜ੍ਹੇ ਨੇ ਵੱਟ ਤੋਂ ਘਾਹ ਖੋਤਣੋਂ ਹਟਾਇਆ ਸੀ ਤੇ ਚਪੇੜ ਮਾਰ ਕੇ ਬੋਲਿਆ ਸੀ, "ਲੈ, ਰਾਮੂ ਨੇ ਮੱਝਾਂ ਤਾਂ ਦੋ-ਦੋ ਰੱਖ ਲਈਆਂ-ਹੁਣ ਸਾਡੇ ਬੰਨੇ ਰੜੇ ਕਰਨੇ ਲਏ। ਬਾਹਲਾ ਸ਼ੌਂਕ ਆ ਤਾਂ ਮੁੱਲ ਦੇ ਪੱਠੇ ਪਾਏ।" ਉਹਨੇ ਬੀਬੀ ਦਾ ਖੋਤਿਆ ਹੋਇਆ ਘਾਹ ਵੀ ਰਖਾ ਲਿਆ ਸੀ। ਬੀਬੀ ਘਰੇ ਆ ਕੇ ਬਹੁਤ ਕਲਪੀ ਸੀ। ਮੈਂ ਉਹਨੂੰ ਇੰਨੀ ਉੱਚੀ ਬੋਲਦਿਆਂ ਪਹਿਲੀ ਵਾਰ ਸੁਣਿਆ ਸੀ। ਉਹਦੇ ਅੰਦਰ ਐਨਾ ਗੁੱਸਾ ਸਮੋਇਆ ਸੀ। ਪਤਾ ਨਹੀਂ ਲੱਗ ਰਿਹਾ ਸੀ ਕਿ ਉਹ ਉੱਚੀ-ਉੱਚੀ ਰੋਂਦੀ ਹੋਈ ਕੀ ਦਾ ਕੀ ਬੋਲੀਂ ਜਾ ਰਹੀ ਸੀ। ਮੈਂ ਤਾਂ ਇਹੀ ਸਮਝਿਆ ਸੀ ਕਿ ਹੁਣ ਉਹ ਘਾਹ ਖੋਤਣ ਨਹੀਂ ਜਾਵੇਗੀ। ਅੱਗੋਂ ਭਾਪਾ ਜੀ ਨੇ ਚੁੱਪ ਵੱਟੀ ਰੱਖੀ ਸੀ। ਉਹ ਨੀਵੀਂ ਪਾ ਕੇ ਜ਼ਮੀਨ 'ਤੇ ਲੀਕਾਂ ਮਾਰਨ ਲੱਗੇ ਸਨ। ਮੈਂ ਉਨ੍ਹਾਂ ਨੂੰ ਗਰੀਬ ਤੇ ਅਸਹਾਇ ਦੇਖ ਰਿਹਾ ਸੀ। ਉਸ ਰਾਤ ਮੈਨੂੰ ਨੀਂਦ ਨਹੀਂ ਆਈ ਸੀ।

ਮੈਂ ਇਹ ਘਟਨਾ ਆਪਣੇ ਸਾਥੀ ਗੁਰਮੇਲ ਨੂੰ ਦੱਸੀ ਸੀ। ਉਸ ਮੈਨੂੰ ਸਮਝਾਉਣ ਲਈ ਕਿਹਾ ਸੀ, "ਆਪਾਂ ਛੋਟੀਆਂ-ਛੋਟੀਆਂ ਗੱਲਾਂ ਮਗਰ ਨਹੀਂ ਜਾਣਾ। ਸਾਡੇ ਲਈ ਪਾਰਟੀ ਪਹਿਲਾਂ ਆ। ਵਿਅਕਤੀ ਬਾਅਦ 'ਚ।" ਫੇਰ ਉਸ ਮੈਨੂੰ ਇਕ ਪੇਪਰ ਪੜ੍ਹਨ ਨੂੰ ਦਿੱਤਾ ਸੀ। ਇਸ 'ਚ ਗੜ੍ਹਸ਼ੰਕਰ ਦੇ ਨੇੜੇ ਪਿੰਡ ਖੇੜਾ 'ਚ ਰਹਿੰਦੇ ਬਾਬੂ ਰਾਮ ਚੰਦ ਦੀ ਆਪ ਬੀਤੀ ਛਪੀ ਸੀ। ਉਹਨੇ ਲਿਖਿਆ ਸੀ, 'ਇਕ ਵਾਰੀ ਮੈਂ ਜੰਗਲ ਪਾਣੀ ਗਿਆ। ਉਥੇ ਬਾਹਰ ਖੂਹ 'ਤੇ ਹੱਥ ਧੋਣ ਲੱਗਾ ਤਾਂ ਮੇਰੇ ਪਿੱਛੋਂ ਦੀ ਆ ਕੇ ਫੁੰਮਣ ਸਿਹੁੰ ਨੇ, ਜੋ ਜਾਤ ਦਾ ਮਹਿਤੋਂ ਸੀ, ਮੇਰੇ ਪੰਜ ਸੱਤ ਚਪੇੜਾਂ ਮਾਰੀਆਂ। ਗਾਲ੍ਹਾਂ ਕੱਢੀਆਂ। ਕਿਹਾ-ਸਾਲਿਆ ਸਾਡਾ ਖੂਹ ਭਿੱਟ ਦਿੱਤਾ। ਮੈਂ ਉਦੋਂ ਦੂਜੀ ਕਲਾਸ 'ਚ ਪੜ੍ਹਦਾ ਸੀ। ਉਸ ਸਮੇਂ ਇੰਸਪੈਕਟਰ ਇਮਤਿਹਾਨ ਲੈਣ ਵਾਸਤੇ ਆਏ। ਉਨ੍ਹਾਂ ਨੇ ਸਵਾਲ ਪਾਇਆ ਕਿ ਇਕ ਵਪਾਰੀ ਨੇ ਉਨੀ ਟੋਪੀਆਂ ਖਰੀਦੀਆਂ। ਸਵਾ-ਸਵਾ ਆਨੇ ਨੂੰ। ਦੁਕਾਨਦਾਰ ਨੇ ਉਸ ਨੂੰ ਡੇਢ ਰੁਪਇਆ ਦਿੱਤਾ। ਦੁਕਾਨਦਾਰ ਵਪਾਰੀ ਨੂੰ ਕੀ ਦੇਵੇ ਤੇ ਕੀ ਨਾ ਦੇਵੇ? ਉਸ ਵੇਲੇ ਪਹਾੜੇ ਹੁੰਦੇ ਸੀ ਅੱਧਾ, ਪੌਣਾ, ਸਵਾਇਆ, ਡੇਢਾ। ਉਦੋਂ ਸਾਡੇ ਕੋਲ ਸਲੇਟਾਂ, ਫੱਟੀਆਂ ਹੁੰਦੀਆਂ ਸੀ। ਮੈਂ ਸਵਾਲ ਕੱਢ ਕੇ ਸਲੇਟ ਵੱਖਰੀ ਮੂਧੀ ਰੱਖ ਦਿੱਤੀ। ਬਾਕੀ ਮੁੰਡਿਆਂ ਨੇ ਵੀ ਉਥੇ ਆਪਣੀਆਂ-ਆਪਣੀਆਂ ਸਲੇਟਾਂ ਰੱਖ ਦਿੱਤੀਆਂ। ਇੰਸਪੈਕਟਰ ਨੇ ਉਨ੍ਹਾਂ ਦੀਆਂ ਸਲੇਟਾਂ ਦੇਖੀਆਂ। ਕਾਟੇ ਮਾਰ ਕੇ ਉਦਾਂ ਹੀ ਢੇਰ ਲਾ ਦਿੱਤਾ। ਫੇਰ ਉਹਨਾਂ ਮੇਰੀ ਸਲੇਟ ਚੁੱਕੀ। ਉਨ੍ਹਾਂ ਨੇ ਕਿਹਾ ਕਿ ਆਹ ਕਿਸ ਦੀ ਸਲੇਟ ਆ? ਮੈਂ ਖੜ੍ਹਾ ਹੋ ਗਿਆ। ਉਹਨਾਂ ਮੈਨੂੰ ਆਪਣੇ ਕੋਲ ਬੁਲਾਇਆ



ਤੇ ਸ਼ਾਬਾਸ਼ ਦਿੱਤੀ। ਉਦੋਂ ਫੁੰਮਣ ਸਿਹੁੰ ਜਿਹਨੇ ਮੇਰੇ ਚਪੇੜਾਂ ਮਾਰੀਆਂ ਸੀ, ਉਹ ਵੀ ਉਥੇ ਆ ਗਿਆ। ਕਹਿਣ ਲੱਗਾ ਕਿ ਹਟ ਪਰ੍ਹਾਂ, ਇਹ ਤਾਂ ਚਮਾਰ ਆ। ਇੰਸਪੈਕਟਰ ਨੇ ਕਿਹਾ ਕਿ ਇਹ ਜਿਹੜਾ ਸਲੇਟਾਂ ਦਾ ਢੇਰ ਪਿਆ ਇਹਨੂੰ ਇੱਟ ਮਾਰ ਕੇ ਭੰਨ ਦਿਉ। ਜਿਸ ਨੂੰ ਤੁਸੀਂ ਚਮਾਰ ਕਹਿੰਦੇ ਹੋ ਉਸ ਚਮਾਰ ਦੀ ਸਮਝ ਅੱਗੇ ਤੁਸੀਂ ਸਾਰੇ ਰਾਜਪੂਤ ਬੌਣੇ ਹੋ। ਉਨ੍ਹਾਂ ਮੈਨੂੰ ਇਨਾਮ ਵਜੋਂ ਪੰਜ ਰੁਪਏ ਦਿੱਤੇ। ਫੇਰ ਮੈਂ ਉਹਨਾਂ ਨੂੰ ਦੱਸਿਆ ਕਿ ਇਹ ਸਾਨੂੰ ਛੱਪੜ ਵਿੱਚ ਆਪਣੀਆਂ ਫੱਟੀਆਂ ਵੀ ਧੋਣ ਨ੍ਹੀਂ ਦਿੰਦੇ ਤਾਂ ਡਵਿਡੇ ਰਿਹਾਣੇ ਦੇ ਇਕ ਮੁਣਸ਼ੀ ਰਾਧੇ ਸ਼ਾਮ ਨੇ ਕਿਹਾ ਕਿ ਇਸ ਬਾਰੇ ਰਿਪੋਰਟ ਦਿਉ। ਰਿਪੋਰਟ ਦਿੱਤੀ। ਥਾਣੇਦਾਰ ਆ ਗਿਆ। ਸਾਰਾ ਪਿੰਡ ਇਕੱਠਾ ਹੋਇਆ। ਫੇਰ ਰਾਜਪੂਤਾਂ ਨੇ ਸਾਥੋਂ ਭਰੀ ਸਭਾ 'ਚ ਮਾਫ਼ੀ ਮੰਗੀ।' ਗੁਰਮੇਲ ਦੇ ਸਮਝਾਉਣ 'ਤੇ ਮੈਂ ਪਾਰਟੀ ਦੀਆਂ ਮੀਟਿੰਗਾਂ 'ਚ ਸ਼ਾਮਿਲ ਹੋਣ ਲੱਗਾ ਸੀ।

****

ਮੈਨੂੰ ਇਸ ਗੱਲ ਦਾ ਨਹੀਂ ਪਤਾ ਕਿ ਉਨ੍ਹਾਂ ਆਪਣੀ ਕਥਾ ਕਿੱਥੋਂ ਸ਼ੁਰੂ ਕੀਤੀ ਸੀ। ਜਦੋਂ ਮੈਂ ਉੱਠ ਕੇ ਤਾਕੀ ਨਾਲ ਕੰਨ ਲਾਏ ਤਾਂ ਭਾਪਾ ਜੀ ਕਹਿ ਰਹੇ ਸਨ-"ਪਿੰਡ ਦੇ ਸਕੂਲ ਵਿਚ ਇਕ ਮਾਸਟਰ ਹੁੰਦਾ ਸੀ। ਉਹਦਾ ਨਾਂ ਲਾਲ ਚੰਦ ਸੀ। ਗੁਣੀ ਗਿਆਨੀ ਬੰਦਾ। ਦੋ ਵੇਲੇ ਰੱਬ ਦਾ ਨਾਂ ਲੈਣ ਵਾਲਾ। ਫਾਰਸੀ ਪੜ੍ਹਾਉਂਦਾ ਸੀ। ਨਾ ਸ਼ਰਾਬ ਪੀਂਦਾ। ਨਾ ਸ਼ਰਾਬ ਪੀਣ ਵਾਲੇ ਦੇ ਨੇੜੇ ਬੈਠਦਾ। ਨਾ ਮੀਟ ਨੂੰ ਹੱਥ ਲਾਉਂਦਾ। ਚੋਰੀ ਛੁਪੀ ਸਿਗਰੇਟ ਪੀਂਦਾ। ਇਕ ਵਾਰੀ ਸੋਹਣ ਵਲੈਤੀਏ ਨੇ ਸਕੂਲ 'ਚ ਦੋ ਕਮਰੇ ਬਣਾਉਣੇ ਸ਼ੁਰੂ ਕੀਤੇ। ਮੈਂ ਉਥੇ ਦਿਹਾੜੀਆਂ ਕਰਦਾ ਸੀ। ਮੇਰੀ ਲਾਲ ਚੰਦ ਨਾਲ ਸਿਗਰੇਟ ਪੀਣ ਦੀ ਸਾਂਝ ਪੈ ਗਈ। ਉਹ ਬੜੀਆਂ ਸਿਆਣੀਆਂ ਗੱਲਾਂ ਕਰਦਾ। ਕਈ ਗੁੱਝੀਆਂ ਗੱਲਾਂ ਦੱਸਦਾ। ਇਕ ਦਿਨ ਮੈਨੂੰ ਦੱਸਣ ਲੱਗਾ-'ਰਾਮੂ ਤੁਸੀਂ ਪੂਸ਼ਾ ਦੀ ਔਲਾਦ ਹੋ।' ਮੈਨੂੰ ਉਸ ਦੀ ਇਸ ਨਵੀਂ ਘੁੰਡੀ ਦਾ ਪਤਾ ਨਾ ਲੱਗਾ। ਇਹ ਕਿਹੜੇ ਪੂਸ਼ੇ ਦੀ ਗੱਲ ਕਰ ਰਿਹਾ। ਮੈਂ ਇਹ ਨਾਂ ਪਹਿਲਾਂ ਕਦੇ ਨ੍ਹੀਂ ਸੁਣਿਆ ਸੀ। ਪਰ ਮੈਨੂੰ ਉਸ 'ਤੇ ਐਨਾ ਯਕੀਨ ਅਵੱਸ਼ ਸੀ ਕਿ ਉਹ ਮੇਰੇ ਅੱਗੇ ਕੋਈ ਝੂਠੀ ਗੱਲ ਨ੍ਹੀਂ ਕਰਦਾ। ਉਹ ਨਿਧੜਕ ਕਿਸਮ ਦਾ ਬੰਦਾ ਸੀ। ਸੱਚੀ ਗੱਲ ਕਹਿਣ ਲੱਗਾ ਅੱਗਾ-ਪਿੱਛਾ ਨਾ ਦੇਖਦਾ। ਲੈ ਹੁਣ ਜਿਹੜੀ ਘੁੰਡੀ ਉਹਨੇ ਮੇਰੇ ਸਾਹਮਣੇ ਖੋਲ੍ਹੀ ਸੀ-ਤੈਨੂੰ ਵੀ ਉਹ ਦੱਸਦਾਂ। ਪਹਿਲਾਂ ਬ੍ਰਹਮ ਇਕੱਲਾ ਸੀ। ਕੋਈ ਜਾਤ-ਪਾਤ ਨ੍ਹੀਂ ਸੀ। ਕੋਈ ਵਰਣ-ਛਰਣ ਨ੍ਹੀਂ ਸੀ। ਕੋਈ ਊਚ ਨ੍ਹੀਂ ਸੀ। ਕੋਈ ਨੀਚ ਨ੍ਹੀਂ ਸੀ। ਉਸ ਹਾਲਤ ਵਿਚ ਉਸ ਅਲੌਕਿਕ ਸ਼ਕਤੀ ਨੇ ਆਪਣਾ ਰੂਪ ਫੈਲਾਇਆ। ਕਸ਼ਤਰੀਪਨ ਵਿਕਸਤ ਕੀਤਾ। ਇੰਦਰ, ਵਰੁਣ, ਸੋਮ, ਰੁਦਰ, ਮੇਘ, ਯਮ, ਮਿਰਤੂ ਤੇ ਸੂਰਜ ਵਗੈਰਾ-ਵਗੈਰਾ ਕਸ਼ਤਰੀ ਦੇਵਤੇ ਪੈਦਾ ਕੀਤੇ। ਹੁਣ ਬੜਾ ਕੁਸ਼ ਹੋਰ ਵੀ ਚਾਹੀਦਾ ਸੀ। ਵਪਾਰ ਦੀ ਵੀ ਲੋੜ ਸੀ। ਫੇਰ ਉਸ ਨੇ ਵੈਸ਼ ਜਾਤੀ ਦੇ ਵਸੂ, ਆਦ੍ਰਿਤਯ ਤੇ ਮਾਰੁਤ ਦੇਵਤਿਆਂ ਦੀ ਸਿਰਜਣਾ ਕੀਤੀ। ਪਰ ਇਸ ਨਾਲ ਵੀ ਸੰਪੂਰਣਤਾ ਨਾ ਮਿਲੀ। ਮਿਹਨਤਕਸ਼ਾਂ ਦੀਆਂ ਫ਼ੌਜਾਂ ਵੀ ਚਾਹੀਦੀਆਂ ਸਨ। ਇਹਨਾਂ ਬਿਨਾਂ ਸੰਸਾਰ ਕਿਵੇਂ ਚਲਦਾ। ਆਖਰ 'ਚ ਉਸਨੇ ਸ਼ੂਦਰ ਵਰਣ ਦੇ ਦੇਵਤਾ ਪੂਸ਼ੇ ਦੀ ਸਾਜਨਾ ਕੀਤੀ....।"

ਭਾਪਾ ਜੀ ਦੀ ਸਾਰੀ ਉਮਰ ਤਾਂ 'ਸਾਰ ਜੀ' 'ਸਾਰ ਜੀ' ਕਹਿੰਦਿਆਂ ਦੀ ਲੰਘੀ ਸੀ। ਹੁਣ ਪਿਛਲੀ ਉਮਰ 'ਚ ਆ ਕੇ ਆਪਣੀ ਜਾਤ ਦਾ ਪਤਾ ਲੱਗਾ ਹੈ। ਉਹ ਕਾਂਸ਼ੀ ਰਾਮ ਤੇ



www.PunjabiLibrary.com

ਮਾਇਆਵਤੀ ਦੇ ਭਾਸ਼ਨਾਂ ਨੂੰ ਉਸੇ ਇਕਾਗਰਤਾ ਨਾਲ ਸੁਣਦੇ ਹਨ, ਜਿੱਦਾਂ ਕੋਈ ਗੁਰਬਾਣੀ ਜਾਂ ਭਜਨ ਸੁਣਦਾ ਹੈ।

ਸਤੀਸ਼ ਨੇ ਦੱਸਿਆ ਸੀ, "ਬਾਬਾ ਜੀ, ਇਹ ਸਾਰੀਆਂ ਮਨੋਘੜਤ ਕਹਾਣੀਆਂ ਆ। ਮਿੱਥਾਂ ਆਂ। ਇਸ ਵਿੱਚ ਕੋਈ ਵੀ ਗੱਲ ਸੱਚੀ ਨ੍ਹੀਂ। ਬ੍ਰਾਹਮਣਾਂ ਨੇ ਕੂੜ ਫੈਲਾਇਆ ਹੋਇਆ। ਇਨ੍ਹਾਂ ਸਾਨੂੰ ਐਨੀ ਬੁਰੀ ਤਰ੍ਹਾਂ ਜਕੜ ਰੱਖਿਆ ਆ ਕਿ ਇਨ੍ਹਾਂ 'ਚੋਂ ਨਿਕਲਣ ਲਈ ਕਈ ਦਹਾਕੇ ਲੱਗ ਜਾਣਗੇ। ਪੁਰਾਣੇ ਸਮਿਆਂ ਵਿੱਚ ਕਈ ਸ਼ੂਦਰ ਮੰਤਰੀ ਹੋਏ ਆ। ਇਤਿਹਾਸਕਾਰਾਂ ਨੇ ਕਦੇ ਉਹਨਾਂ ਦਾ ਜ਼ਿਕਰ ਤੱਕ ਨ੍ਹੀਂ ਕੀਤਾ। ਕਦੇ ਬਰਾਬਰਤਾ ਦਾ ਦਰਜ਼ਾ ਨ੍ਹੀਂ ਦਿੱਤਾ। ਇਹ ਬਹੁਤ ਲੰਮੀ ਕਥਾ ਆ।...ਸਾਡੇ ਲੋਕਾਂ ਨੂੰ ਸੁਚੇਤ ਕਰਨ ਲਈ ਅੰਬੇਡਕਰ ਤੋਂ ਬਾਅਦ ਕਾਂਸ਼ੀ ਰਾਮ ਤੇ ਭੈਣ ਮਾਇਆਵਤੀ ਦਾ ਬਹੁਤ ਵੱਡਾ ਰੋਲ ਆ। ਇਹ ਜਿਹੜੀ ਤਬਦੀਲੀ ਆਈ ਆ-ਇਹ ਸਾਡੀ ਰਾਜਨੀਤਿਕ ਸ਼ਕਤੀ, ਵੋਟਾਂ ਕਰਕੇ ਆਈ ਆ। ਇਹਨੇ ਦੱਸ ਦਿੱਤਾ ਆ ਕਿ ਦਲਿਤ ਵੋਟਾਂ ਬਿਨਾਂ ਕੋਈ ਵੀ ਪਾਰਟੀ ਕਾਮਯਾਬ ਨ੍ਹੀਂ ਹੋ ਸਕਦੀ।... ਤੁਹਾਡੇ ਵੇਲਿਆਂ 'ਚ ਸਾਡੇ ਲੋਕਾਂ ਨੂੰ ਕਮਜ਼ਾਤ, ਕੁੱਤੀ ਜਾਤ, ਜੂਠ, ਕੰਮੀ, ਕੁਤੀੜ ਕਿਹਾ ਜਾਂਦਾ ਸੀ। ਹੁਣ ਸਾਡੇ ਵੇਲੇ ਵੀ ਚੜਮ, ਡੀ.ਐਸ.ਫੋਰ, ਕੋਟੇ ਵਾਲੇ, ਦਲਿਤ-ਕਈ ਨਾਂ ਦਿੱਤੇ ਗਏ ਆ। ਇਨ੍ਹੀਂ ਦਿਨੀਂ ਦਲਿਤ ਸ਼ਬਦ ਜ਼ਿਆਦਾ ਚਲ ਰਿਹਾ।"

ਰਾਜਵਿੰਦਰ ਦੀ ਆਵਾਜ਼ ਆਈ ਹੈ, "ਡੈਡੀ ਜੀ-ਡੈਡੀ ਜੀ ਤੁਹਾਡਾ ਫੋਨ ਆ।"

ਅੱਧੇ ਕੁ ਮਿੰਟ ਲਈ ਮੈਂ ਸੁੰਨ ਹੋਇਆ ਜਿਉਂ ਦਾ ਤਿਉਂ ਬੈਠਾ ਰਿਹਾ ਜਿਵੇਂ ਮੈਨੂੰ ਰਾਜਵਿੰਦਰ ਦੀ ਆਵਾਜ਼ ਸੁਣੀ ਹੀ ਨਾ ਹੋਵੇ।

ਰਾਜਵਿੰਦਰ ਦੀ ਆਵਾਜ਼ ਫੇਰ ਆਈ ਹੈ, "ਡੈਡੀ ਜੀ-ਤੁਸੀਂ ਕਿੱਥੇ ਹੋ ? ਤੁਹਾਡਾ ਫੋਨ ਆ...।"

ਮੈਨੂੰ ਜਾਣਾ ਹੀ ਪੈਣਾ ਹੈ।

ਅੱਗੋਂ ਦਿਲਬਾਗ ਪੁੱਛਦਾ ਹੈ, "ਕਿਵੇਂ ਆ ਦਲਿਤ ਭਾਈ ?"

ਮੈਨੂੰ ਖਿਝਾਉਣ ਲਈ ਹੀ ਉਹ ਪੁੱਛ ਰਿਹਾ ਹੈ।

"ਦੱਸ-ਸ਼ੈਤਾਨ ਦੀ ਟੂਟੀ।"

"ਕਿਤੇ ਸੀਬੋ ਤੇਰੇ ਨੇੜੇ ਤਾਂ ਨ੍ਹੀਂ ਬੈਠੀ ? ਤੂੰ ਸਾਰੀ ਉਮਰ ਜਨਾਨੀ ਤੋਂ ਡਰਦਿਆਂ ਲੰਘਾਤੀ। ਉਹਨੇ ਤੈਨੂੰ ਗੋਡਿਆਂ ਹੇਠੋਂ ਨਿਕਲਣ ਨ੍ਹੀਂ ਦਿੱਤਾ। ਸੁਣਦਾਂ-ਮੈਂ ਕੀ ਕਹਿਣਾ ?"

"ਚੱਲ-ਚੱਲ-ਪੰਡਿਤਾ ਕਹਿ ਜੋ-ਜੋ ਕਹਿਣਾ।"

"ਮੇਰੇ ਦੱਸੇ ਨੁਸਕੇ ਦਾ ਕੀ ਬਣਿਆ ?"

"ਇਹ ਉਹਨੂੰ ਆ ਕੇ ਹੀ ਪੁੱਛ ਲਈਂ।"

"ਦੇਖ ਲੈ-ਮੈਂ ਪੁੱਛ ਵੀ ਲੈਣਾ। ਫੇਰ ਨਾ ਚੱਡਿਆਂ ਵਿਚ ਪੂਛ ਦੇ ਕੇ ਦੌੜਦਾ ਫਿਰੀਂ।"

"ਤੂੰ ਕੁਸ਼ ਹੋਰ ਬਕਣਾ।"

"ਦਲਿਤ ਭਾਈ ਔਖਾ ਕਿਉਂ ਬੋਲਦਾਂ। ਮੈਨੂੰ ਪਤਾ ਲੱਗਾ ਹੁਣ ਤੂੰ ਵੀ ਮਾਇਆਵਤੀ ਦਾ ਪੱਕਾ ਚੇਲਾ ਬਣ ਜਾਣਾ।"



ਇਹਨੂੰ ਕਿਵੇਂ ਪਤਾ ਲੱਗਾ ਕਿ ਮੈਂ ਬਹੁਜਨ ਸਮਾਜ ਪਾਰਟੀ 'ਚ ਸ਼ਾਮਲ ਹੋ ਰਿਹਾ ਹਾਂ। ਜ਼ਰੂਰ ਸਤੀਸ਼ ਨੇ ਦੱਸਿਆ ਹੋਣਾ ਜਾਂ ਭਾਪਾ ਜੀ ਨੇ ਗੱਲ ਕੀਤੀ ਹੋਣੀ। ਇਹਨੂੰ ਸਾਡੇ ਘਰ ਦੀ ਹਰੇਕ ਗੱਲ ਦਾ ਪਤਾ ਹੁੰਦਾ ਹੈ। ਪਰ ਮੈਂ ਤਾਂ ਆਪਣੇ ਮਨ ਦੀ ਗੱਲ ਕਿਸੇ ਨਾਲ ਸਾਂਝੀ ਨਹੀਂ ਕੀਤੀ। ਮਨ ਦੀਆਂ ਗੰਢਾਂ ਨਹੀਂ ਖੋਲ੍ਹੀਆਂ।

"ਸ਼ਹਿਰ 'ਚ ਐਨਾ ਨੁਕਸਾਨ ਕਰਵਾ ਕੇ ਖੁਸ਼ ਹੋ ?" ਉਹ ਗੁੱਸੇ ਨਾਲ ਕਹਿੰਦਾ ਹੈ।

ਮੈਂ ਟੈਲੀਫੋਨ ਕੱਟ ਦਿੰਦਾ ਹਾਂ।

****

ਹੈਂ। ਇਹ ਕੀ ? ਬੁੱਕ ਅਡਜਸਟਮੈਂਟ ਵਾਲੀ ਸਾਰੀ ਜਗ੍ਹਾ 'ਤੇ ਉਸ ਬਜ਼ੁਰਗ ਦਾ ਚਿਹਰਾ ਫੈਲਦਾ ਜਾ ਰਿਹਾ ਹੈ। ਹਾਂ-ਇਹੀ ਬਜ਼ੁਰਗ ਹੈ। ਮੇਰੀਆਂ ਨਜ਼ਰਾਂ ਧੋਖਾ ਨਹੀਂ ਖਾ ਸਕਦੀਆਂ। ਮੈਂ ਉਹਨੂੰ ਪਛਾਣ ਲਿਆ ਹੈ। ਭਾਪਾ ਜੀ ਨੂੰ ਵੀ ਅਵੱਸ਼ ਦਰਸ਼ਨ ਦਿੰਦਾ ਹੋਵੇਗਾ। ਇਸ ਲਈ ਉਨ੍ਹਾਂ ਕੋਠੀ ਦੇ ਪਿਛਲੇ ਪਾਸੇ ਕੰਧ ਵਿਚ ਇਕ ਆਲਾ ਬਣਵਾਇਆ ਸੀ। ਬਿਲਕੁਲ ਇਕ ਨੁੱਕਰ 'ਚ। ਮੈਥੋਂ ਡਰਦਿਆਂ ਉਨ੍ਹਾਂ ਦਾ ਹਿਆਂ ਅੰਦਰ ਬਣਾਉਣ ਨੂੰ ਨਹੀਂ ਪਿਆ ਸੀ। ਉਹ ਐਤਵਾਰ ਵਾਲੇ ਦਿਨ ਇਹਨੂੰ ਧੋਂਦੇ, ਸੁੱਚੇ ਕੱਪੜੇ ਨਾਲ ਸਾਫ਼ ਕਰਦੇ। ਫੁੱਲ ਰੱਖਦੇ। ਨਤਮਸਤਕ ਹੁੰਦੇ। ਚਿਰਾਗ ਬਾਲਦੇ। ਕਾਫੀ ਪੁਰਾਣੀ ਗੱਲ ਸੀ। ਇਕ ਦਿਨ ਉਹ ਦਿੱਲੀ ਚੱਲੇ ਤਾਂ ਮੈਨੂੰ ਉਨ੍ਹਾਂ ਕਿਹਾ ਸੀ, "ਪਿਆਰਿਆ ਤੂੰ ਚਿਰਾਗ ਜ਼ਰੂਰ ਕਰੀਂ।" ਮੈਥੋਂ ਨਾਂਹ ਤਾਂ ਨਾ ਕਰ ਹੋਈ ਪਰ ਮੇਰਾ ਮਨ ਉੱਕਾ ਹੀ ਇਸ ਪਾਸੇ ਨਾ ਗਿਆ। ਦੂਜੇ ਦਿਨ ਐਤਵਾਰ ਆ ਗਿਆ। ਘੜੀ ਨੇ ਛੇ ਵਜਾਏ। ਮੈਂ ਤੇਲ ਦੀ ਸ਼ੀਸ਼ੀ ਲੈ ਕੇ ਆਲੇ ਵੱਲ ਨੂੰ ਜਾਂਦਾ ਹੋਇਆ ਡਾਢੀ ਔਖ ਮਹਿਸੂਸ ਕਰ ਰਿਹਾ ਸੀ। ਮਨ ਵਾਰ-ਵਾਰ ਕਹਿ ਰਿਹਾ ਸੀ ਕਿ ਦੋ ਇੱਟਾਂ ਲੈ ਕੇ ਇਹਨੂੰ ਬੰਦ ਕਰ ਦੇਵਾਂ। ਜਕੋ-ਤੱਕੀ 'ਚ ਮੈਂ ਦੀਵਾ ਤੇਲ ਨਾਲ ਭਰ ਦਿੱਤਾ। ਤੀਲ੍ਹ ਬਾਲਣ ਲੱਗਿਆਂ ਮੇਰੇ ਹੱਥ ਕੰਬੇ। ਉਦੋਂ ਹੀ ਮੈਨੂੰ ਲੱਗਾ ਜਿਵੇਂ ਕਿਸੇ ਨੇ ਕਿਹਾ ਹੋਵੇ- "ਵੱਡਿਆ ਕਾਮਰੇਡਾ-ਰੁੱਖ ਵੀ ਜੜ੍ਹਾਂ ਬਿਨਾਂ ਨ੍ਹੀਂ ਹੁੰਦੇ। ਤੂੰ ਆਪਣੇ ਵਡੇਰਿਆਂ ਨੂੰ ਹੀ ਭੁੱਲ ਗਿਆਂ। ਕਦੇ ਦੇਖੀਂ। ਸੋਚੀਂ। ਮੈਂ ਕਿਹੜੀਆਂ ਹਾਲਤਾਂ ਵਿੱਚ ਜਿਉਂਦਾ ਰਿਹਾ ਆਂ।" ਅਰਧ ਸੁਰਤੀ ਦੀ ਹਾਲਤ 'ਚ ਮੈਂ ਚਿਰਾਗ ਬਾਲਿਆ ਸੀ। ਉਸੇ ਰਾਤ ਨੂੰ ਉਹ ਬਜ਼ੁਰਗ ਪਹਿਲੀ ਵਾਰ ਮੈਨੂੰ ਸੁਫਨੇ 'ਚ ਦਿੱਸਿਆ ਸੀ।

ਹਾਂ-ਇਹੀ ਬਜ਼ੁਰਗ ਹੈ। ਮੇਰਾ ਵੱਡਾ-ਵਡੇਰਾ। ਮੈਂ ਉਹਦੇ ਅੰਸ਼ 'ਚੋਂ ਹਾਂ। .... ਮੇਰੀਆਂ ਨਜ਼ਰਾਂ ਧੋਖਾ ਨਹੀਂ ਖਾ ਸਕਦੀਆਂ। ਮੈਂ ਉਹਨੂੰ ਪਛਾਣ ਲਿਆ ਹੈ। ਮੈਂ ਦੇਖ ਰਿਹਾ ਹਾਂ... ਧੁੰਦ ਤਾਂ ਪਹਿਲੇ ਪਹਿਰ ਹੀ ਪੈਣੀ ਸ਼ੁਰੂ ਹੋ ਗਈ ਸੀ। ਅੱਗੇ ਤੁਰਿਆ ਜਾਂਦਾ ਬੰਦਾ ਨਹੀਂ ਦਿੱਸਦਾ। ਚੁੱਪਚਾਪ। ਜਿਵੇਂ ਸਾਰੀ ਕਾਇਨਾਤ ਸੁੱਤੀ ਪਈ ਹੋਵੇ। ਪਿੰਡ ਵਾਲੇ ਪਾਸਿਉਂ ਘੁਮਾਰ ਦੀ ਆਵਾਜ਼ ਆਈ, "ਜਵਾਨਾ ਦੌੜ ਕੇ ਖੋਤਿਆਂ ਦੇ ਮੂਹਰੇ ਨੂੰ ਹੋ ਜਾ। ਹੋਰ ਨਾ ਸੌਹਰੀ ਦਾ ਕੋਈ ਖੂਹ ਵਿਚ ਹੀ ਡਿੱਗ ਪਵੇ। ਐਨੀ ਠੰਢ ਵਿਚ ਬਾਹਰ ਕੌਣ ਕੱਢੂ।" ਸੁਣਦਿਆਂ ਬਜ਼ੁਰਗ ਖੁੱਲ੍ਹ ਕੇ ਹੱਸਿਆ। ਉਹ ਮਨ 'ਚ ਸੋਚਦਾ ਲੱਗਾ-ਮੈਂ ਆਪਣੀ ਸੁਰਤ



www.PunjabiLibrary.com

'ਚ ਕੋਈ ਖੋਤਾ ਖੂਹ 'ਚ ਨਾ ਡਿਗਦਾ ਦੇਖਿਆ। ਨਾ ਹੀ ਸੁਣਿਆ। ਇਹਦੇ ਜਾਨਵਰ ਪਸ਼ੌਰੋਂ ਆਏ ਲਗਦੇ ਆ।

"ਲੈ-ਹੁਣ ਸੌਂ ਗਿਆ ਸੈਬ ਬਹਾਦਰ-ਉਏ ਕਰਮਿਆਂ-ਭੈਣ ਦਿਆਂ ਲੱਕੜਾ। ਸੁਸਤ ਪੈ ਗਿਆਂ। ਜ਼ਰਾ ਭਰਵਾਂ ਝੋਕਾ ਲਾ ਤਾਂ," ਜੋਗਿੰਦਰ ਨੇ ਕੜਾਹੇ 'ਚੋਂ ਪੋਣੀ ਨਾਲ ਮੈਲ ਕੱਢਦਿਆਂ ਕਿਹਾ, "ਪੱਤ ਉਠਣ ਵਾਲੀ ਸਮਝ।"

ਕਰਮੇ ਨੇ ਤੂਤ ਦੇ ਦੋਸਾਂਗੜ ਨਾਲ ਟੋਕ ਦਾ ਭਰਵਾਂ ਸਾਰਾ ਰੁਗ ਖਿੱਚਿਆ। ਅੱਗ ਨੂੰ ਤੇਜ਼ ਕਰ ਦਿੱਤਾ। ਲਾਟਾਂ ਬਾਹਰ ਨੂੰ ਆਈਆਂ। ਉਹ ਰਾਮ-ਰਾਮ ਕਰਦਾ ਮੂੰਹ ਉੱਪਰ ਹੱਥ ਫੇਰਨ ਲੱਗਾ।

ਦਿਨ ਬੀਤਦੇ ਦਾ ਪਤਾ ਹੀ ਨਹੀਂ ਲੱਗਾ ਸੀ। ਇਹ ਅੱਜ ਦੀ ਪੰਜਵੀਂ ਤੇ ਆਖਰੀ ਪੱਤ ਸੀ।

"ਹੁਣ ਐਦਾਂ ਕਰੋ-ਪਹਿਲਾਂ ਆਹ ਟੋਕਰੇ ਘਰ ਛੱਡ ਆਓ। ਭੇਲੀਆਂ ਮੈਂ ਆਪੇ ਬਣਾ ਲਊਂ," ਜੋਗਿੰਦਰ ਨੇ ਕਿਹਾ ਤਾਂ ਕਰਮੇ ਨੇ ਲੰਗੋਟੀ ਦਾ ਗੋਡਿਆਂ ਵਿਚਕਾਰ ਲਮਕਦਾ ਲੜ ਉੜੰਗਿਆ, ਉਬਾਸੀ ਲਈ, ਖੇਸ ਦੀ ਬੁੱਕਲ ਮਾਰੀ ਤੇ ਕਿੱਕਰ ਤੋਂ ਬਿਨੂੰ ਲਾਹ ਕੇ ਟੋਕਰੇ ਨੂੰ ਆਣ ਹੱਥ ਪਾਇਆ।

ਛਿੰਦਰ ਕਰਮੇ ਨਾਲੋਂ ਕਾਫੀ ਅਗਾਂਹ ਲੰਘ ਗਿਆ ਸੀ। ਜੋਗਿੰਦਰ ਨੇ ਭਾਰੀ ਟੋਕਰਾ ਉਸਨੂੰ ਚੁਕਾਇਆ ਸੀ। ਇਸ ਲਾਲਚ 'ਚ ਇਕ ਗੇੜਾ ਬਚ ਜਾਵੇਗਾ। ਉਹ ਨਿਆਈਂ 'ਚ ਪੈਂਦੇ ਕਮਾਦ ਕੋਲੋਂ ਦੀ ਲੰਘਣ ਲੱਗਾ ਤਾਂ ਉਸ ਨੂੰ ਭੁਝਕਾ ਪਿਆ ਜਿਵੇਂ ਕਿਸੇ ਦੇ ਭਾਰ ਨਾਲ ਕਮਾਦ ਦਾ ਪੂਲਾ ਟੁੱਟਿਆ ਹੋਵੇ। ਕੜਕ ਦੇਣੀ ਦੀ ਆਵਾਜ਼ ਆਈ ਸੀ। ਉਸਦੇ ਸਿਰ 'ਤੇ ਐਨਾ ਭਾਰਾ ਟੋਕਰਾ ਸੀ ਕਿ ਉਸ ਲਈ ਕਮਾਦ ਵੱਲ ਸਿਰ ਘੁੰਮਾ ਕੇ ਦੇਖਣਾ ਵੀ ਡਾਢਾ ਔਖਾ ਸੀ। ਉਸਦੇ ਮਨ 'ਚ ਆਇਆ ਕਿ ਉਹਨੂੰ ਕੋਈ ਟੋਕਰਾ ਲੁਹਾਉਣ ਵਾਲਾ ਮਿਲ ਜਾਵੇ ਤਾਂ ਉਹ ਦੇਖੇ-ਕਿਹੜਾ ਜਾਨਵਰ ਹੈ। ਉਹ ਪਲ ਕੁ ਖੜ੍ਹਾ ਰਿਹਾ। ਹੁਣ ਆਵਾਜ਼ ਨਹੀਂ ਆ ਰਹੀ ਸੀ। ਉਸ ਇਕ ਹੱਥ ਦਾ ਓਹਲਾ ਜਿਹਾ ਕਰਕੇ ਅਗਾਂਹ ਨੂੰ ਦੇਖਿਆ-ਉਸਨੂੰ ਅੱਗੋਂ ਛਿੰਦਰ ਮੁੜਦਾ ਹੋਇਆ ਦਿੱਸਿਆ। ਦੋਚਿੱਤੀ 'ਚ ਹੀ ਉਹ ਅਗਾਂਹ ਤੁਰ ਪਿਆ। ਉਸ ਦਾ ਸਾਹ ਉਖੜਿਆ-ਉਖੜਿਆ ਰਿਹਾ। ਉਹ ਆਪਣੇ ਆਪ ਨੂੰ ਔਖਾ ਔਖਾ ਮਹਿਸੂਸ ਕਰਨ ਲੱਗਾ। ਅਗਲੇ ਪਲਾਂ 'ਚ ਉਤਰਦੀ ਆਉਂਦੀ ਰਾਤ ਦਾ ਖਿਆਲ ਆਉਂਦਿਆਂ ਹੀ ਉਸ ਆਪਣੀ ਚਾਲ ਤੇਜ਼ ਕਰ ਦਿੱਤੀ।

ਦੂਜੇ ਗੇੜੇ ਮੁੜਿਆ ਤਾਂ ਉਸ ਨੂੰ ਕਮਾਦੀ ਦੀ ਨੁਕਰ ਵੱਲੋਂ ਆਵਾਜ਼ ਪਈ। ਉਹ ਖੜ੍ਹ ਗਿਆ। ਆਵਾਜ਼ ਫੇਰ ਪਈ, "ਬਾਪੂ-ਮੈਨੂੰ ਭਰੀ ਚੁਕਾਈਂ।" ਉਹ ਆਵਾਜ਼ ਦੀ ਸੇਧ ਵੱਲ ਤੁਰ ਪਿਆ। ਭਾਰ ਨੇ ਉਹਦੀ ਕਾਈਂ ਬਾਈਂ ਭੁਲਾ ਦਿੱਤੀ ਸੀ। ਜਗੀਰੋ ਨੇ ਖੋਰੀ ਤੇ ਆਗਾਂ ਦੀ ਵਿੱਤੋਂ ਵਧ ਭਰੀ ਬੰਨ ਰੱਖੀ ਸੀ।

"ਕੁੜੇ ਤੂੰ ਸੀ ਮਰ ਜਾਣੀ," ਕਰਮੇ ਨੇ ਸ਼ੱਕ ਭਰੀਆਂ ਨਜ਼ਰਾਂ ਨਾਲ ਉਸ ਨੂੰ ਘੂਰਿਆ।

ਜਗੀਰੋ ਦੀ ਆਵਾਜ਼ 'ਚ ਘਬਰਾਹਟ ਸੀ। ਉਹਦੇ ਕੋਲੋਂ ਜਗੀਰੋ ਵੱਲ ਬਹੁਤਾ



ਚਿਰ ਦੇਖਿਆ ਨਾ ਗਿਆ। ਉਸ ਭਰੀ ਨੂੰ ਹੱਥ ਪਾਉਣ ਦੀ ਕੀਤੀ। ਬੇਧਿਆਨੀ 'ਚ ਭਰੀ ਇਕ ਪਾਸੇ ਨੂੰ ਉਲਰ ਗਈ। ਜਗੀਰੋ ਬੋਲੀ, "ਦਿਨ ਖਰਾਬ ਹੁੰਦਾ ਜਾਂਦਾ ਸੀ। ਮੈਂ ਸੋਚਿਆ-ਦੋ ਭਰੀਆਂ ਲੈ ਜਾਵਾਂ। ਇਕ ਭਰੀ ਤਾਂ ਮੈਂ ਘਰੇ ਸੁੱਟ ਆਈਂ।" ਕਰਮਾ ਅੱਗੋਂ ਕੁਝ ਨਾ ਬੋਲਿਆ ਪਰ ਉਹਦੇ ਮਨ 'ਚ ਇਹ ਜ਼ਰੂਰ ਆਇਆ ਸੀ ਕਿ ਉਹ ਥਾਂ ਦੇਖ ਕੇ ਆਵੇ ਜਿੱਥੋਂ ਪੂਲਾ ਟੁੱਟਣ ਦੀ ਆਵਾਜ਼ ਆਈ ਸੀ। ਉਹਦੇ ਪੈਰ ਉਧਰ ਜਾਣ ਦੀ ਥਾਂ ਛਿੰਦਰ ਦੀ ਕੁਰੱਖਤ ਆਵਾਜ਼ ਮਗਰ ਵਧੇ, "ਉਏ ਭੈਣ ਦੇਣਿਆ ਚੜ੍ਹਮਾ-ਤੂੰ ਆਪ ਤਾਂ ਕੁਵੇਲਾ ਕਰਨਾ ਹੀ ਹੁੰਦਾ-ਮੈਨੂੰ ਵੀ ਨਾਲ ਟੰਗ ਲੈਣਾਂ।"

ਵਾਪਸ ਆਉਂਦਿਆਂ ਹੋਇਆਂ ਕਮਾਦ ਕੋਲ ਆ ਕੇ ਉਹਦੇ ਪੈਰ ਮਣ-ਮਣ ਦੇ ਭਾਰੀ ਹੋਣ ਲੱਗੇ। ਉਹਦੇ ਮਨ 'ਚ ਤੇਜ਼ੀ ਨਾਲ ਇਹ ਵਿਚਾਰ ਆਇਆ-ਕਿਤੇ ਜਗੀਰੋ ਤਾਂ ਨਹੀਂ ਸੀ? ਪਿੱਛੇ ਆਉਂਦੇ ਛਿੰਦਰ ਦੀ ਫੜਕ-ਫੜਕ ਕਰਦੀ ਜੁੱਤੀ ਦੀ ਆਵਾਜ਼ ਨੇ ਉਸ ਦੇ ਪੈਰਾਂ 'ਚ ਵੀ ਕਾਹਲੀ ਲੈ ਆਂਦੀ। ਉਹਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਘਰ ਦਾ ਵਿਹੜਾ ਲੰਘ ਆਇਆ। ਜਗੀਰੋ ਨੇ ਛੋਹਲੇ ਪੈਰੀਂ ਉਸ ਵੱਲ ਅਹੁਲਦਿਆਂ ਮੈਲ ਦੇ ਟੋਕਰੇ ਨੂੰ ਹੱਥ ਪਾਇਆ। ਉਹ ਉਸ ਵੱਲ ਹੋਰੂੰ-ਹੋਰੂੰ ਝਾਕਿਆ। ਮੂੰਹੋਂ ਕੁਝ ਨਾ ਬੋਲਿਆ। ਉਹ ਡਰ ਗਈ। ਉਸ ਆਪਣੀ ਘਬਰਾਹਟ ਦਬਾ ਕੇ ਕਿਹਾ, "ਬਾਪੂ-ਐਵੇਂ ਤੂੰ ਕਿਉਂ ਔਖਾ ਹੋਇਆਂ। ਮੈਨੂੰ ਸੱਦ ਲੈਂਦਾ।" ਅੱਗੋਂ ਉਹ ਚੁੱਪ ਰਿਹਾ ਤੇ ਸਿੱਧਾ ਹੀ ਦਲਾਨ 'ਚ ਲੰਘ ਗਿਆ। ਚਿੰਤੀ ਰਜਾਈ 'ਚ ਮੂੰਹ ਸਿਰ ਲਕੋਈ ਪਈ ਸੀ। ਉਹ ਉਸ ਦੀ ਪੁਆਂਦੀ ਬੈਠ ਗਿਆ। ਉਹ ਕਹਿਣਾ ਤਾਂ ਇਹ ਚਾਹੁੰਦਾ ਸੀ ਕਿ ਸੌਣ ਤੋਂ ਪਹਿਲਾਂ ਜਗੀਰੋ ਨੂੰ ਕਮਾਦ ਵਾਲੀ ਗੱਲ ਬਾਰੇ ਪੁੱਛੀਂ ਪਰ ਉਸਦਾ ਹਿਆਂ ਨਾ ਪਿਆ।

ਉਹ ਪੁੱਛਣ ਲੱਗਾ, "ਕਿਵੇਂ ਆ ਹੁਣ ਤੇਰੀ ਤਬੀਅਤ?"

ਚਿੰਤੀ ਨੇ ਰਜਾਈ 'ਚੋਂ ਮੂੰਹ ਬਾਹਰ ਕੱਢਿਆ। ਉਸਨੂੰ ਕਾਂਬੇ ਦੇ ਨਾਲ-ਨਾਲ ਜ਼ੋਰ ਦੀ ਖੰਘ ਵੀ ਛਿੜੀ।

"ਪਈ ਰਹੁ, ਪਈ ਰਹੁ," ਕਹਿੰਦਿਆਂ ਉਸ ਚਿੰਤੀ ਦੀ ਰਜਾਈ ਚਹੁੰ ਪਾਸਿਆਂ 'ਚੋਂ ਘੁੱਟ ਦਿੱਤੀ। ਪੁੱਛਣ ਲੱਗਾ, "ਮੈਂ ਕੇਹਰੂ ਕੋਲੋਂ ਦੋਸ਼ਾਂਦਾ ਬਣਾ ਲਿਆਵਾਂ? ਉਹਦੇ ਨਾਲ ਹੀ ਤੈਨੂੰ ਮੋੜ ਪੈਣਾ।"

"ਮੈਂ ਕਿਤੇ ਨ੍ਹੀਂ ਮਰ ਚੱਲੀ। ਤੂੰ 'ਰਾਮ ਨਾਲ ਬੈਠ," ਚਿੰਤੀ ਨੇ ਆਪਣਾ ਆਪ ਸੰਭਾਲਿਆ। ਹੰਭਲਾ ਮਾਰਿਆ ਤੇ ਕੰਧ ਨਾਲ ਢੋਅ ਲਾ ਕੇ ਬੈਠ ਗਈ।

ਜਗੀਰੋ ਅੰਦਰ ਆਈ ਤੇ ਪੁੱਛਣ ਲੱਗੀ, "ਬੇਬੇ ਮੈਲ ਦਾ ਕੀ ਕਰਨਾ?"

ਚਿੰਤੀ ਨੇ ਕਿਹਾ, "ਪਈ ਰਹਿਣ ਦੇ।"

ਇਨ੍ਹਾਂ ਦਿਨਾਂ 'ਚ ਚਿੰਤੀ ਦਾ ਦਮਾ ਕੁਝ ਜ਼ਿਆਦਾ ਹੀ ਵਿਗੜ ਗਿਆ ਸੀ। ਉਸ ਮੰਜਾ ਮਲ ਰੱਖਿਆ ਸੀ। ਉਂਝ ਉਹ ਕਿਤੇ ਟਿਕ ਕੇ ਬੈਠਣ ਵਾਲੀ ਸੀ। ਤਿੰਨਾਂ ਘਰਾਂ ਦਾ ਗੋਹਾ ਕੂੜਾ ਕਰਦੀ। ਮੱਝ ਦੇ ਪੱਠਿਆਂ ਲਈ ਵੀ ਬਾਹਰ ਅੰਦਰ ਜਾ ਆਉਂਦੀ।

"ਸਵੇਰ ਦਾ ਕੁਸ਼ ਖਾਧਾ ਪੀਤਾ ਵੀ ਆ ਕਿ ਨ੍ਹੀਂ?" ਜਗੀਰੋ ਦੇ ਜਾਣ ਤੋਂ ਬਾਅਦ ਉਸ ਪੁੱਛਿਆ।



www.PunjabiLibrary.com

ਚਿੰਤੀ ਨੇ ਉਹਦੇ ਵੱਲ ਮੋਹ ਭਰੀਆਂ ਨਜ਼ਰਾਂ ਨਾਲ ਦੇਖਿਆ। ਦੱਸਣ ਲੱਗੀ, "ਮੈਨੂੰ ਦੁਪਹਿਰੇ ਜਿਹੇ ਖੋਹ ਪਈ ਸੀ। ਜਗੀਰੋ ਤਾਂ ਲੰਬੜਾਂ ਦੇ ਗਈ ਸੀ। ਮੈਂ ਕਿਹਾ-ਚਲ ਮਨਾ ਉਠ। ਰਾਤ ਦੀ ਰੋਟੀ ਪਈ ਸੀ। ਮੈਂ ਰੋਟੀ ਭੂਰੀ। ਲੱਸੀ ਵਿਚ ਲੂਣ-ਮਿਰਚਾਂ ਪਾਈਆਂ। ਮੈਨੂੰ ਬੜੀ ਸਵਾਦ ਲੱਗੀ।"

"ਤੂੰ ਹੁਣ ਕੀ ਖਾਣਾ?"

ਉਹ ਕਹਿਣਾ ਤਾਂ ਕੁਝ ਹੋਰ ਹੀ ਚਾਹੁੰਦੀ ਸੀ ਪਰ ਬੋਲੀ, "ਜਗੀਰੋ ਨੇ ਛੋਲਿਆਂ ਦੀ ਦਾਲ ਚਾੜ੍ਹੀ ਹੋਈ ਆ। ਉਹਦੇ ਨਾਲ ਦੋ ਰੋਟੀਆਂ ਖਾ ਲਊਂ।"

ਉਸ ਤੋਂ ਚਿੰਤੀ ਵੱਲ ਦੇਖਿਆ ਨਾ ਗਿਆ।

ਰੋਟੀ ਖਾ ਕੇ ਉਹ ਨੇ ਮੰਜਾ ਮੱਲਣ ਦੀ ਕੀਤੀ। ਜਗੀਰੋ ਵਾਲੀ ਘਟਨਾ ਨੇ ਉਸ ਨੂੰ ਕੁਝ ਚਿਰ ਪ੍ਰੇਸ਼ਾਨ ਕੀਤਾ। ਫੇਰ ਉਹਨੂੰ ਆਪਣੇ ਬਜ਼ੁਰਗਾਂ ਦੀ ਨਸੀਹਤ ਯਾਦ ਆ ਗਈ, "ਇਹ ਸਾਡੀ ਹੋਣੀ ਆ। ਪੰਚਾਇਤ ਤੇ ਪੁਲਸ ਕੋਲ ਸ਼ਿਕਾਇਤ ਕਰਕੇ ਕੁਸ਼ ਨ੍ਹੀਂ ਹੋਣਾ।"

****

"ਡੈਡੀ ਜੀ-ਡੈਡੀ ਜੀ-ਡੈਡੀ ਜੀ," ਰਾਜਵਿੰਦਰ ਨੇ ਲਗਾਤਾਰ ਆਵਾਜ਼ਾਂ ਦਿੱਤੀਆਂ ਸਨ ਪਰ ਮੈਨੂੰ ਕੁਝ ਵੀ ਨਹੀਂ ਸੁਣਿਆ ਸੀ।

'ਡੈਡੀ ਜੀ-ਡੈਡੀ ਜੀ....," ਉਸ ਮੈਨੂੰ ਹਲੂਣਦਿਆਂ ਹੋਇਆ ਕਿਹਾ ਹੈ, "ਤੁਸੀਂ ਕਿੱਥੇ ਗੁਆਚ ਗਏ?"

"ਕਿਤੇ ਵੀ ਨ੍ਹੀਂ।"

"ਸੌਂ ਤਾਂ ਨ੍ਹੀਂ ਗਏ ਸੀ?"

"ਸੌਰੀ ਬੇਟੇ-ਆਈ ਐਮ ਰੀਅਲੀ ਸੌਰੀ।"

"ਚਲੋ-ਖਾਣਾ ਖਾਓ।"

"ਮੈਨੂੰ ਤਾਂ ਅਜੇ ਭੁੱਖ ਹੀ ਨ੍ਹੀਂ।"

"ਜਿੰਨੀ ਲੋੜ ਆ-ਓਨਾ ਖਾ ਲਓ। ਚਲੋ-ਚਲੋ ਉਠੋ।"

"ਬੇਟਾ ਤੂੰ ਮੈਨੂੰ ਇਥੇ ਹੀ ਦੋ ਫੁਲਕੇ ਲਿਆ ਦੇ।"

****

ਸੀਬੋ ਅਜੇ ਤੱਕ ਨਹੀਂ ਮੁੜੀ। ਉਸ ਦਾ ਕੋਈ ਫੋਨ ਵੀ ਨਹੀਂ ਆਇਆ। ਕਿਤੇ ਪੁਲਿਸ ਨੇ ਨਾ ਫੜ ਲਈ ਹੋਵੇ। ਪਰ ਪੁਲਿਸ ਔਰਤਾਂ ਨੂੰ ਤਾਂ ਕੁਝ ਨਹੀਂ ਕਹਿੰਦੀ। ਮੁੰਡੇ ਵੀ ਨਹੀਂ ਕਹਿੰਦੇ। ਕੀ ਪਤਾ ਉਹ ਵੀਨਾ ਕੋਲ ਹੀ ਸੌਂ ਜਾਵੇ। ਸਵੇਰ ਨੂੰ ਸੈਰ ਕਰਦੀ ਹੋਈ ਮੁੜ ਆਵੇਗੀ।

ਐਨੀ ਜਲਦੀ ਤਾਂ ਮੈਨੂੰ ਨੀਂਦ ਨਹੀਂ ਆਉਣ ਲੱਗੀ। ਕਿਉਂ ਨਾ ਦਿਲਬਾਗ ਨੂੰ ਛੇੜਾਂ। ਪਰ ਜੇ ਅੱਗੋਂ ਉਹਨੇ ਕੋਈ ਹੋਰ ਵੀ ਘੁੰਡੀ ਖੋਲ੍ਹ ਦਿੱਤੀ ਤਾਂ ਮੈਨੂੰ ਗੋਲੀ ਖਾ ਕੇ ਵੀ ਨੀਂਦ ਨਹੀਂ ਆਉਣੀ।

ਮੈਂ ਕੰਧ ਨਾਲ ਕੰਨ ਲਾ ਕੇ ਭਾਪਾ ਜੀ ਦੇ ਕਮਰੇ ਦੀ ਸੂਹ ਲੈਂਦਾ ਹਾਂ। ਉਹ ਸੌਂ ਗਏ ਹਨ।



ਮੈਂ ਇਕ ਤੋਂ ਬਾਅਦ ਇਕ ਚੈਨਲ ਬਦਲਦਾ ਹਾਂ।

ਚੌਤਾਲੀ ਨੰਬਰ 'ਤੇ 'ਆਜ ਤੱਕ' ਵਾਲਾ ਪ੍ਰਭੂ ਚਾਵਲਾ ਮਾਇਆਵਤੀ ਨੂੰ ਪੁੱਛ ਰਿਹਾ ਹੈ, "ਤੁਹਾਡੇ ਯੂਪੀ 'ਚ ਚੋਣਾਂ ਜਿੱਤਣ ਦੇ ਕੀ ਕਾਰਨ ਆ?"

"ਮੈਂ ਬ੍ਰਾਹਮਣਾਂ ਤੇ ਮੁਸਲਮਾਨਾਂ ਨੂੰ ਨਾਲ ਲੈ ਕੇ ਚੋਣਾਂ ਲੜੀਆਂ। ਐਸ. ਸੀ. ਮਿਸ਼ਰਾ ਦੀ ਬ੍ਰਾਹਮਣ ਵੋਟਾਂ ਨੂੰ ਆਪਣੇ ਨਾਲ ਜੋੜਨ ਦੀ ਜ਼ੁੰਮੇਵਾਰੀ ਲਾਈ। ਨਸੀਮੁਦੀਨ ਸਦੀਕੀ ਦੀ ਮੁਸਲਮਾਨ ਵੋਟਾਂ। ਮੈਂ ਛੀਆਸੀ ਬ੍ਰਾਹਮਣਾਂ ਤੇ ਸਵਰਨਾਂ ਨੂੰ ਕੁੱਲ ਇਕ ਸੌ ਚੁਤਾਲੀ ਸੀਟਾਂ ਤੇ ਖੜ੍ਹਾ ਕੀਤਾ ਸੀ। ਮੇਰਾ ਨਾਹਰਾ ਸੀ-ਹਾਥੀ ਨ੍ਹੀਂ, ਗਣੇਸ਼ ਹੈ, ਬ੍ਰਹਮਾ ਵਿਸ਼ਨੂੰ ਮਹੇਸ਼ ਹੈ। ਜੈ ਭੀਮ, ਜੈ ਗਣੇਸ਼.....।"

"ਤੁਹਾਡਾ ਸੁਪਨਾ ਕੀ ਆ?"

"ਮੇਰਾ ਸੁਪਨਾ ਆ ਬਹੁਜਨ ਸਮਾਜ, ਜਿਸ 'ਚ ਅਨੁਸੂਚਿਤ ਜਾਤੀ, ਅਨੁਸੂਚਿਤ ਜਨ-ਜਾਤੀ ਤੋਂ ਇਲਾਵਾ ਬਹੁਜਨ ਸਮਾਜ ਨਾਲ ਜੁੜੇ ਸਿੱਖ, ਮੁਸਲਮ, ਬੋਧ, ਪਾਰਸੀ ਤੇ ਇਸਾਈ ਵੀ ਸ਼ਾਮਲ ਨੇ। ਉੱਚੀ ਜਾਤ ਦੇ ਉਹ ਲੋਕ ਵੀ ਸ਼ਾਮਲ ਨੇ ਜਿਨ੍ਹਾਂ ਦੀ ਸੋਚ, ਮਨੂੰਵਾਦੀ ਨਹੀਂ ਆ। ਮੈਂ ਮੁੱਢ ਤੋਂ ਹੀ ਮਾਨਵਤਾ 'ਚ ਵਿਸ਼ਵਾਸ ਕਰਦੀ ਹਾਂ। ਮੈਂ ਗਰੀਬ, ਦੱਬੇ-ਕੁਚਲੇ ਤੇ ਸ਼ੋਸ਼ਿਤ ਵਰਗ ਨੂੰ ਸਮਰਥ ਬਣਾਉਣਾ ਚਾਹੁੰਦੀ ਆਂ ਤਾਂ ਕਿ ਉਨ੍ਹਾਂ ਦੀਆਂ ਰਾਖਵੀਆਂ ਸੀਟਾਂ ਪੂਰੀ ਤਰ੍ਹਾਂ ਭਰੀਆਂ ਜਾ ਸਕਣ।"

ਮੈਨੂੰ ਗੁੱਸਾ ਆਉਣ ਲੱਗਾ ਹੈ। ਮਾਇਆਵਤੀ ਵੀ ਕਾਂਗਰਸ ਵਾਲੀ ਬੋਲੀ ਬੋਲਣ ਲੱਗ ਪਈ ਹੈ। ਇਹ ਨੇ ਗਰੀਬਾਂ ਦਾ ਕੀ ਸੰਵਾਰਨਾ ਹੈ। ਮੈਂ ਸਿਰ ਨੂੰ ਜ਼ੋਰ-ਜ਼ੋਰ ਦੀ ਝਟਕੇ ਦਿੰਦਾ ਹਾਂ। ਮੇਰੇ ਮੂੰਹੋਂ ਨਿਕਲਦਾ ਹੈ : ਦੁਨੀਆਂ ਭਰ ਦੇ ਮਿਹਨਤਕਸ਼ੋ ਇਕ ਹੋ ਜਾਉ। ਮੈਂ ਆਪਣੀ ਜ਼ਿੰਦਗੀ ਦੀ ਬੈਲੰਸਸ਼ੀਟ 'ਤੇ ਮੋਟੇ ਮੋਟੇ ਅੱਖਰਾਂ ਵਿੱਚ ਲਿਖਦਾ ਹਾਂ : ਨਹੀਂ, ਮੈਂ ਦਲਿਤ ਨਹੀਂ ਹਾਂ। ਇਹ ਕਾਗਜ਼ ਫੜੀ ਸਤੀਸ਼ ਦੇ ਕਮਰੇ ਵੱਲ ਤੁਰ ਪੈਂਦਾ ਹਾਂ-ਇਹ ਜਾਣਦਿਆਂ ਹੋਇਆਂ ਵੀ ਕਿ ਉਹ ਹੁਣ ਸੌਂ ਗਿਆ ਹੋਵੇਗਾ।



www.PunjabiLibrary.com

# ਹੁਣ ਤੱਕ

ਮੰਮੀ ਬੜੇ ਅਜੀਬ 'ਸ਼ੈਅ' ਨੇ। ਪੜ੍ਹਦਿਆਂ ਪੜ੍ਹਦਿਆਂ ਵਾਰ-ਵਾਰ ਮੇਰੇ ਮੂੰਹੋਂ ਨਿਕਲਿਆ ਹੈ।

ਪਿਛਲੇ ਸਾਲ ਮੈਂ ਉਨ੍ਹਾਂ ਦਾ ਸਾਮਾਨ ਪਤ-ਪਤ ਫਰੋਲਿਆ ਸੀ। ਕੁਝ ਖਾਸੋ ਖਾਸ ਲੱਭਣ ਦੀ ਮਨਸ਼ਾ ਨਾਲ। ਕੋਈ ਰੁੱਕਾ। ਕੋਈ ਖ਼ਤ। ਕੋਈ ਨਿਸ਼ਾਨੀ। ਸ਼ੀਸ਼ੇ 'ਚ ਜੜੀ ਹੋਈ ਸੀਨਰੀ ਮਿਲੀ ਸੀ, ਜਿਸ ਦੇ ਹੇਠਾਂ ਉਕਰਿਆ ਸੀ-ਹੱਥੀਂ ਤੋਰੇ ਸੱਜਣਾਂ ਨੂੰ-ਨਾਲੇ ਯਾਦ ਕਰਾਂ ਨਾਲੇ ਰੋਵਾਂ। ਇਹਨੂੰ ਆਪਣੇ ਕਮਰੇ 'ਚ ਚੁੱਕ ਲਿਆਈ ਸੀ। ਕੰਧ ਨਾਲ ਲਟਕਾ ਦਿੱਤਾ ਸੀ। ਇਕਾਗਰ ਚਿਤ ਹੋ ਕੇ ਦੇਖਿਆ ਸੀ। ਨੇੜਿਉਂ। ਦੂਰੋਂ। ਕਲਪਨਾ ਦੇ ਕਯਾ ਘੋੜੇ ਦੌੜਾਏ ਸਨ। ਇੱਕ ਔਰਤ। ਸਿਰੋਂ ਨੰਗੀ। ਪੈਰੋਂ ਨੰਗੀ। ਰੁੰਡ-ਮਰੁੰਡ ਕਿੱਕਰ ਹੇਠਾਂ ਖੜੀ। ਸੂਰਜ ਸਿਰ ਦੇ ਚੀਰ ਦੇ ਗੱਭੇ ਆਇਆ ਹੋਇਆ। ਚਹੁੰ ਪਾਸੀਂ ਖ਼ੁਸ਼ਕੀ ਦਾ ਮਾਹੌਲ। ਚੁੱਪ। ਪਿਛੇ ਰਹਿ ਗਏ ਪਿੰਡ ਵੱਲ ਨੂੰ ਔਰਤ ਦੀ ਪਿੱਠ। ਸ਼ਹਿਰ ਨੂੰ ਜਾਂਦੇ ਰਾਹ ਵੱਲ ਇਕ ਟਕ ਦੇਖਦੀ ਹੋਈ। ਲੰਬੀ ਉਡੀਕ। ਇਹ ਉਡੀਕ ਕਦੋਂ ਖਤਮ ਹੋਵੇਗੀ ? ਹੋਵੇਗੀ ਵੀ ਕਿ ਨਹੀਂ ? ਮੈਂ ਸ਼ੁਸ਼ਮਾ ਕੋਲੋਂ ਇਸ ਦੀ ਪੇਂਟਿੰਗ ਬਣਵਾਈ ਸੀ। ਇਸੇ 'ਤੇ ਲੰਬਾ ਲੇਖ ਲਿਖਿਆ ਸੀ। ਇਸ ਦਾ ਸਿਰਲੇਖ ਹੈ-ਉਡੀਕ।

ਚਾਹ ਪੀਣ ਦੀ ਤਲਬ ਹੋਈ ਹੈ। ਮੰਮੀ ਟੀਵੀ 'ਤੇ ਕੋਈ ਸੀਰੀਅਲ ਦੇਖ ਰਹੇ ਹਨ। ਇਕਾਗਰ ਚਿਤ ਹੋਏ। ਮੈਂ ਉਨ੍ਹਾਂ ਨੂੰ ਡਿਸਟਰਬ ਕਰਨਾ ਨਹੀਂ ਚਾਹੁੰਦੀ।

ਦੋ ਕੱਪ ਬਣਾਉਂਦੀ ਹਾਂ। ਇਕ ਕੱਪ ਉਨ੍ਹਾਂ ਅੱਗੇ ਰੱਖ ਕੇ ਕਹਿੰਦੀ ਹਾਂ, "ਇਸ ਮੈਗਜ਼ੀਨ ਵਿਚ ਮੇਰਾ ਆਰਟੀਕਲ ਛਪਿਆ। ਜਦੋਂ ਵਿਹਲੇ ਹੋਏ ਪੜ੍ਹ ਲਿਉ।"

ਉਨ੍ਹਾਂ ਦੀਆਂ ਨਜ਼ਰਾਂ ਟੀਵੀ ਦੀ ਸਕਰੀਨ 'ਤੇ ਕੇਂਦਰਤ ਹਨ। ਉਹ ਹਾਂ 'ਚ ਸਿਰ ਹਿਲਾਉਂਦੇ ਹਨ। ਮੈਂ ਚਾਹ ਦਾ ਕੱਪ ਲੈ ਕੇ ਮੁੜ ਆਪਣੇ ਕਮਰੇ 'ਚ ਆ ਬੈਠਦੀ ਹਾਂ।

ਜਦੋਂ ਦਾ ਮੈਂ ਆਪਣੇ ਥੀਸਿਸ 'ਤੇ ਕੰਮ ਕਰਨਾ ਸ਼ੁਰੂ ਕੀਤਾ ਹੈ ਉਦੋਂ ਦੀ ਹੀ ਮੈਂ ਮੰਮੀ ਬਾਰੇ ਜਾਣਨ ਲਈ ਬੇਸਬਰੀ ਹੋ ਗਈ ਹਾਂ। ਕਈ ਵਾਰ ਉਨ੍ਹਾਂ ਨਾਲ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ। ਪਹਿਲਾਂ ਇਹ ਸਭ ਕੁਝ ਮੇਰੇ ਚਿਤ ਚੇਤੇ 'ਚ ਨਹੀਂ ਸੀ। ਮੇਰਾ ਵਾਹ ਕਿਤਾਬਾਂ ਨਾਲ ਰਿਹਾ ਸੀ ਜਾਂ ਟੀ. ਵੀ. ਦੇ ਤਿੰਨ-ਚਾਰ ਚੈਨਲਾਂ ਨਾਲ ਜਾਂ ਸਹੇਲੀਆਂ ਦੇ ਸੀਮਤ



ਦਾਇਰੇ ਤੱਕ। ਐੱਮ. ਏ. 'ਚ ਦਾਖਲਾ ਲੈਂਦਿਆਂ ਹੀ ਮੈਂ ਅੱਡ ਸੌਣ ਲੱਗੀ ਸੀ। ਮੇਰਾ ਆਪਣਾ ਕਮਰਾ ਸੀ। ਬੈੱਡ-ਰੂਮ-ਕਮ-ਸਟੱਡੀ-ਰੂਮ-ਕਮ-ਡਰਾਇੰਗ-ਰੂਮ। ਆਪਣੀ ਅਲਮਾਰੀ ਸੀ ਜਿਹਨੂੰ ਜਿੰਦਰਾ ਨਹੀਂ ਮਾਰਿਆ। ਜਿਹਨੂੰ ਮੰਮੀ ਨੇ ਕਦੇ ਖੋਲ੍ਹ ਕੇ ਨਹੀਂ ਦੇਖਿਆ। ਮੈਂ ਉਨ੍ਹਾਂ ਨੂੰ ਆਵਾਜ਼ ਮਾਰਦੀ ਤਾਂ ਹੀ ਉਹ ਮੇਰੇ ਕਮਰੇ 'ਚ ਆਉਂਦੇ। ਉਹਨਾਂ ਨੂੰ ਘਰ ਦੇ ਕੰਮਾਂ ਤੋਂ ਵਿਹਲ ਨਾ ਮਿਲਦੀ। ਉਹ ਹਰ ਵੇਲੇ ਬਿਜ਼ੀ ਹੁੰਦੇ। ਮੈਂ ਕੁਝ ਨਵਾਂ ਪੜ੍ਹਦੀ, ਸੁਣਦੀ ਜਾਂ ਜਾਣਦੀ ਤਾਂ ਉਸ ਬਾਰੇ ਉਨ੍ਹਾਂ ਨੂੰ ਦੱਸਦੀ। ਉਨ੍ਹਾਂ ਦੇ ਗੱਲ ਸੁਨਣ 'ਚ ਇਕ ਸਲੀਕਾ ਹੈ ਜਿਹਦੀ ਘਾਟ ਪਰਿਵਾਰ ਦੇ ਬਾਕੀ ਮੈਂਬਰਾਂ 'ਚ ਅਕਸਰ ਪਾਈ ਜਾਂਦੀ ਹੈ। ਮੈਂ ਰਸੋਈ 'ਚ ਉਨ੍ਹਾਂ ਕੋਲ ਜਾ ਖੜ੍ਹਦੀ। ਉਹ ਸਮਝੌਤੀਆਂ ਦਿੰਦੇ। ਮੈਂ ਉਨ੍ਹਾਂ ਨੂੰ ਟੋਕਦੀ। ਰੋਕਦੀ। ਕਹਿੰਦੀ, "ਮੰਮੀ ਜੀ ਇਹਨਾਂ ਬਾਰੇ ਮੈਨੂੰ ਪਤਾ।" ਮੈਂ ਉਹਨਾਂ ਨੂੰ ਨਵੀਆਂ-ਨਵੀਆਂ ਖੋਜਾਂ ਬਾਰੇ ਦੱਸਦੀ। ਮੈਨੂੰ ਹੈਰਾਨੀ ਇਸ ਗੱਲ ਦੀ ਹੁੰਦੀ ਕਿ ਉਹਨਾਂ ਨੂੰ ਬਹੁਤ ਕੁਝ ਦਾ ਮੇਰੇ ਨਾਲੋਂ ਪਹਿਲਾਂ ਹੀ ਪਤਾ ਹੁੰਦਾ। ਪਰ ਉਹ ਮੇਰੀ ਗੱਲ ਬੜੇ ਧਿਆਨ ਨਾਲ ਸੁਣਦੇ। ਮੈਂ ਲਾਇਬ੍ਰੇਰੀ ਵਿਚ ਜਾ ਕੇ ਨਵੇਂ ਮੈਗਜ਼ੀਨ ਪੜ੍ਹਦੀ। ਅਜਿਹਾ ਕੁਝ ਲੱਭਦੀ ਜੋ ਮੇਰੇ ਲਈ ਬਿਲਕੁਲ ਨਵਾਂ ਹੁੰਦਾ। ਇਹ ਮੈਂ ਉਨ੍ਹਾਂ ਅੱਗੇ ਪਰੋਸਦੀ।

ਪਿਛਲੇ ਸਾਲ ਤੋਂ ਉਨ੍ਹਾਂ ਇਕੋ ਮੁਹਾਰਨੀ ਫੜੀ ਹੋਈ ਹੈ, "ਰਵੀਜੋਤ ਤੂੰ ਵਿਆਹ ਕਰਾ ਲੈ।"

"ਤੁਸੀਂ ਕਿਤੇ ਵਣਪ੍ਰਸਥ ਜਾਣ ਦਾ ਇਰਾਦਾ ਤਾਂ ਨ੍ਹੀਂ ਬਣਾ ਰੱਖਿਆ ?"

"ਨ੍ਹੀਂ।"

"ਕਿਤੇ ਤਾਂ ਜਾਣ ਨੂੰ ਮਨ ਕਰਦਾ ਹਊ ?"

"ਰਿਸ਼ੀਕੇਸ਼ ਜਾਣਾ।"

"ਜਾਓ ਫੇਰ।"

"ਅਜੇ ਨ੍ਹੀਂ।"

"ਕਿਉਂ ?"

"ਪਹਿਲਾਂ ਤੈਥੋਂ ਫਾਰਗ ਹੋ ਲਵਾਂ।"

"ਮੈਂ ਐਡੀ ਜਲਦੀ ਤੁਹਾਡਾ ਪਿੱਛਾ ਨ੍ਹੀਂ ਛੱਡਣ ਲੱਗੀ।"

"ਇਹੀ ਮੇਰੀ ਚਿੰਤਾ।"

"ਮੇਰਾ ਬਹੁਤਾ ਫ਼ਿਕਰ ਨਾ ਕਰਿਆ ਕਰੋ।"

"ਸਾਰਾ ਕਸੂਰ ਤੇਰੇ ਡੈਡੀ ਦਾ। ਉਹ ਸੀਰੀਅਸ ਨ੍ਹੀਂ ਹੋ ਰਹੇ।"

"ਤੁਹਾਨੂੰ ਕਾਹਦੀ ਕਾਹਲੀ ਪਈ ?"

"ਵਿਆਹ ਦੀ ਵੀ ਇਕ ਉਮਰ ਹੁੰਦੀ ਆ।"

"ਇਹ ਮੈਂ ਦੇਖਣਾ।"

"ਅਸੀਂ ਆਪਣੇ ਫ਼ਰਜ਼ ਵੀ ਨਿਭਾਉਣੇ।"

"ਜਦੋਂ ਮੇਰੇ ਸਟੇਟਸ ਦਾ ਸਾਥੀ ਮਿਲ ਗਿਆ ਫੇਰ ਤੁਹਾਨੂੰ ਦੱਸ ਦਊਂਗੀ।"

ਮੇਰੇ ਵਲ ਮੋਹ ਭਰੀਆਂ ਨਜ਼ਰਾਂ ਨਾਲ ਦੇਖਦੇ। ਕਹਿੰਦੇ, "ਵਿਆਹ ਤੇਰੀ ਪਸੰਦ



www.PunjabiLibrary.com

ਅਨੁਸਾਰ ਹੋਊ। ਭਾਵੇਂ ਤੂੰ ਆਪਣਾ ਸਾਥੀ ਆਪ ਲੱਭ ਲੈ।"

****

ਉਨ੍ਹਾਂ ਦੀਆਂ ਆਊਟ ਡੇਟਿਡ ਸਮਝੌਤੀਆਂ ਸੁਣਨ ਲਈ ਮੇਰੇ ਕੋਲ ਸਮਾਂ ਨਹੀਂ ਹੈ। ਮੈਂ ਥੀਸਿਸ ਸਬਮਿਟ ਕਰਨਾ ਹੈ। ਮੌਲਿਕ ਰੂਪ 'ਚ। ਕਿਤਾਬਾਂ ਦੇ ਗਿਆਨ ਤੋਂ ਬਚ ਕੇ। ਕਿਤਾਬਾਂ ਦਾ ਕਿਹੜਾ ਘਾਟਾ ਹੈ। ਲਾਇਬਰੇਰੀਆਂ ਭਰੀਆਂ ਪਈਆਂ ਹਨ। ਚਾਚਾ ਜੀ ਤੋਂ ਵੀ ਲੰਡਨ ਦੀ ਮਾਰਕੀਟ 'ਚੋਂ ਨਵੀਆਂ ਛਪੀਆਂ ਕਿਤਾਬਾਂ ਮੰਗਵਾਈਆਂ ਸਨ। ਪੰਜ-ਛੇ ਮਹੀਨੇ ਇਨ੍ਹਾਂ 'ਚੋਂ ਕੁਝ ਭਾਲਦਿਆਂ ਲੰਘ ਗਏ ਸਨ। ਕੁਝ ਕੁ ਸਾਰਥਿਕ ਮਿਲਿਆ ਸੀ। ਹੂਬਹੂ ਨਕਲ ਨਾਲ ਮੈਨੂੰ ਚਿੜ ਹੈ। ਮੈਂ ਖੂਬ ਘੁੰਮੀ ਸੀ। ਝਾਂਸੀ। ਜੋਧਪੁਰ। ਦਿੱਲੀ। ਫਤਹਿਪੁਰ ਸੀਕਰੀ। ਦੇਖਿਆ । ਸੁਣਿਆ। ਚੰਗਾ ਰਿਹਾ। ਹੁਣ ਮੈਂ ਕਾਲਜ ਤੋਂ ਆਉਂਦੀ। ਘੰਟਾ ਕੁ ਸੁਸਤਾਉਂਦੀ। ਸਕੂਟਰ ਚੁੱਕਦੀ। ਔਰਤਾਂ ਨੂੰ ਮਿਲਣ ਨਿਕਲ ਜਾਂਦੀ। ਇੰਟਰਵਿਊ ਰਿਕਾਰਡ ਕਰਦੀ। ਇਕ ਦਿਨ ਛੋਟੀ ਮਾਮੀ ਜੀ ਨਾਲ ਉਨ੍ਹਾਂ ਦੇ ਪੇਕਿਆਂ ਦੇ ਪਿੰਡ ਚਲੇ ਗਈ। ਉਨ੍ਹਾਂ ਇਕ ਅਜਿਹਾ ਘਰ ਦਿਖਾਇਆ ਜਿਹਨੂੰ ਦੇਖ ਕੇ ਮੇਰੀ ਰੂਹ ਕੰਬ ਉਠੀ। ਉਨ੍ਹਾਂ ਮੈਨੂੰ ਪਹਿਲਾਂ ਹੀ ਤਾੜਨਾ ਕੀਤੀ ਸੀ ਕਿ ਬੁੜੀ ਬੜੀ ਕੁਰੱਖ਼ਤ ਹੈ। ਉਲਟਾ ਸਿੱਧਾ ਪੁੱਛਣਾ ਨਹੀਂ। ਚੁੱਪ ਕਰ ਕੇ ਦੇਖਣਾ ਹੈ। ਸੁਣਨਾ ਹੈ। ਇਸ ਦਾ ਸਾਂਝਾ ਪਰਿਵਾਰ ਹੈ। ਪੰਜ ਪੋਤੇ ਅਮਰੀਕਾ-ਇੰਗਲੈਂਡ ਗਏ ਹਨ। ਪੰਜਾਹ ਕਿੱਲਿਆਂ ਦੀ ਮਲਕੀਅਤ। ਘਰ 'ਚ ਲਹਿਰਾਂ ਬਹਿਰਾਂ। ਤਕੜਾ ਲਾਣਾ। ਕਿਸੇ ਚੀਜ਼ ਦੀ ਘਾਟ ਨਹੀਂ। ਇਸੇ ਬੁੜੀ ਦਾ ਪ੍ਰਤਾਪ ਹੈ ਜਾਂ ਇਸ ਦੇ ਖੱਬੇ ਹੱਥ 'ਚ ਫੜੀ ਹੋਈ ਸੋਟੀ ਦਾ। ਕੋਈ ਇਸ ਅੱਗੇ ਬੋਲਣ ਦਾ ਹਿਆਂ ਨਹੀਂ ਕਰਦਾ। ਮੈਂ ਦੇਖਿਆ ਸੀ-ਰਸੋਈ ਦੇ ਬਾਹਰ ਇਕ ਸੱਤਰ ਕੁ ਸਾਲਾਂ ਦੀ ਬੁੜੀ ਪੀੜੀ 'ਤੇ ਬੈਠੀ ਸੀ। ਭੂਵੀ ਬੁੱਕਲ ਮਾਰੀ। ਵਿਹੜੇ 'ਚ ਨਿਆਣੇ ਖੌਰੂ ਪਾ ਰਹੇ ਸਨ ਜਿਨ੍ਹਾਂ ਨੂੰ ਉਹ ਘੜੀ-ਮੁੜੀ ਝਿੜਕ ਦਿੰਦੀ। ਉਨ੍ਹਾਂ ਦੀਆਂ ਮਾਵਾਂ ਨੂੰ ਉਨ੍ਹਾਂ ਦੇ ਨਾਂ ਲੈ ਕੇ ਗਾਲਾਂ ਕੱਢਦੀ। ਨੌਂਹਾਂ ਨੇ ਰੋਟੀਆਂ ਵਾਲਾ ਛਾਬਾ ਬੁੜੀ ਅੱਗੇ ਲਿਆ ਰੱਖਿਆ। ਬੁੜੀ ਨੇ ਰੋਟੀਆਂ ਚੋਪੜੀਆਂ। ਕੌਲੀਆਂ 'ਚ ਸਬਜ਼ੀ ਪਾਈ। ਰੋਟੀਆਂ ਵਰਤਾਈਆਂ। ਪਹਿਲਾਂ ਬੰਦਿਆਂ ਦੀ ਵਾਰੀ ਆਈ। ਫੇਰ ਬੱਚਿਆਂ ਨੇ ਬੁੜੀ ਦੇ ਕੋਲ ਬੈਠ ਕੇ ਰੋਟੀ ਖਾਧੀ। ਫੇਰ ਨੌਂਹਾਂ ਦੀ ਵਾਰੀ ਆਈ। ਆਖਿਰ 'ਚ ਬੁੜੀ ਦੀ। ਮੈਂ ਬਨੇਰੇ ਦੇ ਇਕ ਖੂੰਜੇ 'ਚ ਖੜੀ ਇਹ ਅਜੀਬ ਦੁਨੀਆ ਦੇਖ ਰਹੀ ਸੀ। ਮੈਥੋਂ ਗਲਤੀ ਹੋ ਗਈ ਸੀ। ਮੈਂ ਦਗੜ-ਦਗੜ ਕਰਦੀ ਪੌੜੀਆਂ ਉਤਰੀ ਸੀ। ਬੁੜੀ ਕੋਲ ਆ ਬੈਠੀ। ਉਹ ਨੇ ਸਹਿਜ ਭਾਵ ਪੁੱਛਿਆ ਸੀ, "ਧੀਏ-ਮੈਂ ਤੈਨੂੰ ਸਿਆਣਿਆ ਨ੍ਹੀਂ?"

"ਮੈਂ ਤੁਹਾਡੇ ਪਿਛਾੜੀਉਂ- ਰਜਨੀ ਦੀ ਭਾਣਜੀ। ਉਹ ਮੇਰੇ ਮਾਮੀ ਆ।"

"ਅੱਛਾ-ਅੱਛਾ ਆਹ ਛੀਬਿਆਂ ਦੀ ਕੁੜੀ। ਰੱਜੋ.......," ਕਹਿੰਦਿਆਂ ਉਹਨੇ ਮੈਨੂੰ ਪਿਆਰ ਦਿੱਤਾ ਸੀ। ਮਾਮੀ ਜੀ ਵੀ ਆ ਗਏ ਸਨ। ਬੁੜੀ ਨੇ ਮਾਮੀ ਜੀ ਦੇ ਪੈਰੀਂ ਹੱਥ ਲਾਇਆ ਸੀ। ਇੱਕ-ਇੱਕ ਕਰਕੇ ਨੌਂਹਾਂ, ਪੋਤਨੌਂਹਾਂ ਨੇ ਵੀ। ਨੌਂਹਾਂ ਦੀ ਗੱਲ ਤਾਂ ਮੈਨੂੰ ਸਮਝ ਆ ਗਈ ਸੀ ਪਰ ਬੁੜੀ ਵਾਲੀ ਨਹੀਂ।

ਕਿਥੇ ਮਾਮੀ ਜੀ ਦੀ ਉਮਰ ਤੇ ਕਿੱਥੇ ਇਸ ਬੁੜੀ ਦੀ।

ਮੈਂ ਪੁੱਛ ਹੀ ਲਿਆ ਸੀ।



"ਕੁੜੀਆਂ ਨੂੰ ਹਮੇਸ਼ਾ ਉੱਚੀ ਥਾਂ ਮੰਨਿਆ ਜਾਂਦਾ.....," ਬੁੜੀ ਨੇ ਲੰਬੀ ਕਥਾ ਸੁਣਾਈ ਸੀ।

****

ਮੇਰੇ ਥੀਸਿਸ ਦਾ ਵਿਸ਼ਾ ਹੈ-ਭਾਰਤੀ ਸਮਾਜ, ਔਰਤ ਤੇ ਦਲਿਤਵਾਦ। ਇਸ 'ਚ ਇਕ ਚੈਪਟਰ ਹੈ: ਇੱਕ ਔਰਤ। ਕਿਸੇ ਇੱਕ ਵਿਸ਼ੇਸ਼ ਔਰਤ ਬਾਰੇ ਲਿਖਣਾ ਹੈ। ਅਜਿਹੀ ਔਰਤ ਜਿਸ ਨੇ ਸਮਾਜ ਲਈ ਕੁੱਝ ਵਿਸ਼ੇਸ਼ ਕੀਤਾ ਹੋਵੇ। ਉਸ 'ਚ ਮਹਾਂਕਾਵਿ ਦੇ ਨਾਇਕ ਵਰਗੇ ਗੁਣ ਹੋਣ। ਉਸ ਦੀ ਇਤਿਹਾਸ 'ਚ ਥਾਂ ਹੋਵੇ। ਉਸ ਦੇ ਵਿਅਕਤੀਤਵ ਦੇ ਅਜਿਹੇ ਗੁਣ ਲੱਭੇ ਜਾਣ ਜਿਨ੍ਹਾਂ ਬਾਰੇ ਪਹਿਲਾਂ ਕਿਸੇ ਨੇ ਕੁਝ ਨਾ ਲਿਖਿਆ ਹੋਵੇ। ਇਹ ਚੈਪਟਰ ਅਹਿਮ ਸੀ।

ਮੇਰਾ ਧਿਆਨ ਰਾਣੀ ਝਾਂਸੀ 'ਤੇ ਕੇਂਦਰਤ ਹੋਇਆ ਸੀ। ਮਦਰ ਟਰੇਸਾ, ਮੈਰੀ ਕਿਊਰੀ, ਪਦਮਨੀ? ਕਈ ਹੋਰ ਨਾਂ ਸਨ। ਮੈਂ ਕਈ ਦਿਨ ਇਸ 'ਚ ਉਲਝੀ ਰਹੀ ਸੀ। ਮੈਨੂੰ ਪਦਮਨੀ ਚੰਗੀ ਲੱਗਦੀ ਸੀ। ਉਸ ਦੇ ਬਾਰੇ ਕਿਸੇ ਗੀਤ ਦੀਆਂ ਇਹ ਸਤਰਾਂ-ਸਹਿਬਾਂ ਕਿਹੜੀ ਪਦਮਨੀ, ਉਹ ਵੀ ਰੰਨਾਂ ਵਰਗੀ ਰੰਨ-ਗੁਣਗਣਾਉਂਦੀ ਰਹੀ ਸੀ। ਫਿਰ ਅਚਾਨਕ ਮੈਂ ਮੰਮੀ ਬਾਰੇ ਸੋਚਿਆ ਸੀ। ਕਿਉਂ ਨਾ ਉਨ੍ਹਾਂ ਬਾਰੇ ਲਿਖਿਆ ਜਾਵੇ। ਇਕ ਸਧਾਰਨ ਔਰਤ ਬਾਰੇ।

ਮੈਂ ਸ਼ੁਸ਼ਮਾ ਨੂੰ ਫੋਨ 'ਤੇ ਦੱਸਿਆ ਸੀ, "ਮੈਂ ਵਿਸ਼ੇਸ਼ ਔਰਤ ਦੀ ਚੋਣ ਕਰ ਲਈ ਆ। ਉਹ ਮੇਰੀ ਮੰਮੀ ਹੋਣਗੇ।"

ਮੈਨੂੰ ਸ਼ੁਸ਼ਮਾ ਦੀ ਇਹ ਆਦਤ ਚੰਗੀ ਲੱਗਦੀ ਹੈ ਕਿ ਉਹ ਨਿਰਉਤਸ਼ਾਹਤ ਨਹੀਂ ਕਰਦੀ। ਕੁਝ ਸੈਕਿੰਡਾਂ ਲਈ ਉਸ ਸੋਚਿਆ ਸੀ ਤੇ ਫੇਰ ਕਿਹਾ ਸੀ, "ਆਪਣਿਆਂ ਬਾਰੇ ਲਿਖਣਾ ਔਖਾ ਹੁੰਦਾ। ਤੇਰੇ ਕਿਹੜੇ ਸੋਰਸਸ ਹੋਣਗੇ?"

"ਢੇਰ ਸਾਰੇ। ਨਾਨੀ, ਮਾਸੀ, ਮਾਮਾ ਜੀ। ਮੰਮੀ ਦੀਆਂ ਆਂਢਣਾਂ ਗੁਆਂਢਣਾਂ। ਆਖ਼ਰੀ ਗੱਲ-ਉਹ ਆਪਣੇ ਸੋਰਸਸ ਆਪ ਆ।"

"ਚੁੱਕਦੇ ਫੇਰ ਫੱਟੇ।"

ਇਸ ਸੰਬੰਧੀ ਗਾਈਡ ਨਾਲ ਗੱਲ ਕਰਨੀ ਵੀ ਜ਼ਰੂਰੀ ਸੀ। ਮੇਰੇ ਗਾਈਡ ਨੂੰ ਮੇਰਾ ਵਿਚਾਰ ਜਚਿਆ ਨਹੀਂ ਸੀ। ਉਨ੍ਹਾਂ ਕਿਹਾ ਸੀ, "ਤੇਰੀ ਮੰਮੀ! ਉਨ੍ਹਾਂ ਬਾਰੇ ਤੂੰ ਕੀ ਲਿਖੇਂਗੀ?"

"ਇਹ ਮੈਂ ਦੇਖਣਾ। ਤੁਹਾਨੂੰ ਠੀਕ ਨਾ ਲੱਗਾ ਤਾਂ ਰਿਜੈਕਟ ਕਰ ਦਿਉ।"

"ਮੈਂ ਤਾਂ ਤੇਰੇ ਕੋਲੋਂ ਕਿਰਨ ਬੇਦੀ ਬਾਰੇ ਲਿਖਾਉਣਾ ਸੀ।"

"ਸਰ-ਕੁਝ ਨਵੇਂ ਕੰਮ ਵੀ ਹੋਣ ਦਿਉ। ਇਹ ਇਕ ਨਵਾਂ ਤਜ਼ਰਬਾ। ਮੈਂ ਕਾਮਯਾਬ ਹੋਵਾਂਗੀ।"

"ਤੇਰੀ ਮਰਜ਼ੀ। ਪਰ ਇਕ ਗੱਲ ਪੱਕੀ ਆ- ਮੈਂ ਕਿਸੇ ਦਾ ਲਿਹਾਜ਼ ਨ੍ਹੀਂ ਕਰਦਾ ਹੁੰਦਾ।"

"ਸ਼ਿਉਰ।"

ਮੰਮੀ ਨੂੰ ਇਸ ਬਾਰੇ ਕੁਝ ਨਹੀਂ ਦੱਸਿਆ ਸੀ। ਆਪਣੇ ਥੀਸਿਸ ਬਾਰੇ ਦੱਸਿਆ ਤਾਂ



www.PunjabiLibrary.com

ਉਨ੍ਹਾਂ ਝਟਪਟ ਕਿਹਾ ਸੀ, "ਇਹ ਕਿਹੜਾ ਔਖਾ ਕੰਮ। ਮੈਥੋਂ ਪੁੱਛ ਲਈਂ। ਔਰਤਾਂ ਬਾਰੇ ਬਹੁਤ ਕੁੱਝ ਦੱਸ ਦਊਂ।"

ਮੈਂ ਕਿਹਾ ਸੀ, "ਨਮੂਨੇ ਵਜੋਂ ਦੱਸੋ ਤਾਂ।"

ਉਸ ਸ਼ੁਰੂ ਹੋ ਗਏ ਸਨ, "ਤੈਨੂੰ ਸੁਲੋਚਨਾ ਅਹੂਜਾ ਬਾਰੇ ਦੱਸਦੀਂ। ਉਹ ਰੋਹਤਕ ਦੇ ਵਕੀਲ ਦੀ ਧੀ ਸੀ। ਉਹਦਾ ਵਿਆਹ ਅਬੋਹਰ ਹੋ ਗਿਆ। ਅਜੇ ਉਹ ਉੱਨੀਆਂ ਸਾਲਾਂ ਦੀ ਹੋਈ ਸੀ ਕਿ ਉਸ ਨੇ ਇਕ ਬੱਚੀ ਨੂੰ ਜਨਮ ਦਿੱਤਾ। ਢੇਡ ਕੁ ਸਾਲ ਬਾਅਦ ਉਹਨੂੰ ਪਤਾ ਲੱਗਾ ਕਿ ਬੱਚੀ ਤਾਂ ਗੂੰਗੀ ਤੇ ਬੋਲੀ ਆ। ਉਨ੍ਹਾਂ ਬੱਚੀ ਦਾ ਨਾਂ ਅੰਜੂ ਰੱਖਿਆ। ਅਜੂੰ ਖਾਤਰ ਹੀ ਅਬੋਹਰ ਛੱਡ ਕੇ ਚੰਡੀਗੜ੍ਹ ਆ ਗਏ। ਉਨ੍ਹਾਂ ਅੰਜੂ ਨੂੰ ਸਕੂਲ 'ਚ ਦਾਖ਼ਲ ਕਰਾ ਦਿੱਤਾ ਪਰ ਬਹੁਤਾ ਫਾਇਦਾ ਨਾ ਹੋਇਆ। ਉਨ੍ਹਾਂ ਉਸ ਲਈ ਕਿਸੇ ਅਜਿਹੇ ਅਧਿਆਪਕ ਦਾ ਪ੍ਰਬੰਧ ਕਰ ਲਿਆ ਜਿਹੜਾ ਉਸ ਨੂੰ ਘਰੇ ਆ ਕੇ ਪੜ੍ਹਾ ਜਾਂਦਾ। ਫੇਰ ਉਨ੍ਹਾਂ ਅੰਜੂ ਨੂੰ ਦੇਹਰਾਦੂਨ ਦੇ ਸਕੂਲ 'ਚ ਜਾ ਕੇ ਪੜ੍ਹਨੇ ਪਾਇਆ। ਉਥੋਂ ਫੇਰ ਚੰਡੀਗੜ੍ਹ ਦੀ ਵਾਪਸੀ। ਐਦਾਂ ਉਦਾਂ ਕਰਦਿਆਂ ਉਹ ਅੱਠਵੀਂ ਪਾਸ ਕਰ ਗਈ। ਉਸ ਪੇਂਟਿੰਗ ਸਿੱਖ ਲਈ। ਉਸ ਦੀ ਮੰਮੀ ਨੂੰ ਲੱਗਿਆ ਕਿ ਇਹ ਕਾਫ਼ੀ ਨ੍ਹੀਂ। ਉਹ ਆਪਣੀ ਬੱਚੀ ਨੂੰ ਸ਼ਹਿਨਾਜ਼ ਹੁਸੈਨ ਕੋਲ ਦਿੱਲੀ ਲੈ ਗਈ। ਉਹ ਨੂੰ ਬੇਨਤੀ ਕੀਤੀ ਕਿ ਇਸ ਨੂੰ ਟ੍ਰੇਨਿੰਗ ਦੇਵੇ। ਉਨ੍ਹਾਂ ਦਿਨਾਂ 'ਚ ਹੀ ਦਿੱਲੀ 'ਚ ਨਵੇਂ-ਨਵੇਂ ਬਿਊਟੀ ਪਾਰਲਰ ਖੁੱਲ੍ਹੇ ਸਨ। ਆਪਣੀ ਬੱਚੀ ਨੂੰ ਬਿਊਟੀ ਪਾਰਲਰ ਦੀ ਟ੍ਰੇਨਿੰਗ ਦੇਣ ਲਈ ਉਹ ਆਪ ਟ੍ਰੇਨਿੰਗ ਲੈਣ ਲੱਗੀ। ਦੋਵੇਂ ਮਾਂ-ਧੀਆਂ ਬਿਊਟੀ ਪਾਰਲਰ ਐਕਸਪਰਟ ਬਣ ਗਈਆਂ। ਉਨ੍ਹਾਂ ਚੰਡੀਗੜ੍ਹ ਵਾਪਸ ਆ ਕੇ ਆਪਣਾ ਬਿਊਟੀ ਪਾਰਲਰ ਖੋਲ੍ਹ ਲਿਆ। ਨਵਾਂ-ਨਵਾਂ ਕੰਮ ਸੀ। ਖੂਬ ਚੱਲਿਆ। ਅੰਜੂ ਨੇ ਆਪਣੀ ਕਲਾ ਦੇ ਜੌਹਰ ਟੈਲੀਵਿਜ਼ਨ ਤੇ ਵੀ ਦਿਖਾਏ। ਬੜੌਦਾ ਦੇ ਮਕੈਨੀਕਲ ਇੰਜਨੀਅਰ ਨੂੰ ਅੰਜੂ ਭਾਅ ਗਈ। ਉਸ ਅੰਜੂ ਨੂੰ ਵਿਆਹ ਦੀ ਆਫ਼ਰ ਕੀਤੀ। ਹੁਣ ਉਨ੍ਹਾਂ ਦੇ ਦੋ ਬੱਚੇ ਆ। ਅੰਜੂ ਨੇ ਬੜੌਦੇ ਗੂੰਗਿਆਂ ਅਤੇ ਬੋਲਿਆਂ ਲਈ ਸਕੂਲ ਖੋਲ੍ਹ ਰੱਖਿਆ। ਤੂੰ ਉਸ ਦਾ ਪਤਾ ਲੱਭ ਕੇ ਉਸ ਨੂੰ ਮਿਲ ਕੇ ਆ।"

ਮੈਥੋਂ ਸੁਲੋਚਨਾ ਨੂੰ ਤਾਂ ਮਿਲ ਨਾ ਹੋਇਆ- ਪਰ ਮੈਂ ਇਕ ਪ੍ਰਸ਼ਨਾਵਲੀ ਤਿਆਰ ਕੀਤੀ ਸੀ। ਇਕ ਦਿਨ ਇਧਰ ਕੰਮ ਖਤਮ ਹੋਇਆ, ਉਧਰ ਮੈਂ ਨੋਟ ਬੁੱਕ ਲੈ ਕੇ ਬੈਠ ਗਈ।

? ਤੁਹਾਡੀ ਡੇਟ ਆਫ਼ ਬਰਥ।

- ਦੋ ਫਰਵਰੀ, 1950।

? ਵਿਦਿਆ।

- ਗਰੈਜੁਏਸ਼ਨ।

? ਗਰੈਜੁਏਸ਼ਨ ਕਰਦਿਆਂ ਤੁਹਾਨੂੰ ਕਿਸ ਰੰਗ ਦੇ ਕੱਪੜੇ ਪਸੰਦ ਸਨ।

- ਲਾਈਟ ਕਲਰ ਦੇ।

? ਤੁਹਾਨੂੰ ਕਿਹੜੀ ਚੀਜ਼ ਖ਼ੁਸ਼ੀ ਦਿੰਦੀ ਸੀ।

- ਕੋਈ ਖਾਸ ਨ੍ਹੀਂ।

? ਉਨ੍ਹੀਂ ਦਿਨੀਂ ਤੁਸੀਂ ਕਿਸੇ ਟੂਰ ਪ੍ਰੋਗਰਾਮ 'ਤੇ ਗਏ ਸੀ।



- ਨ੍ਹੀਂ।

? ਤੁਹਾਡੀਆਂ ਸਹੇਲੀਆਂ ਕੌਣ-ਕੌਣ ਸਨ।

- ਬਿਮਲਾ ਤੇ ਸ਼ੈਲੀ।

? ਉਦੋਂ ਤੁਸੀਂ ਆਪਣੀ ਜ਼ਿੰਦਗੀ ਬਾਰੇ ਕੁਝ ਸੋਚਿਆ ਸੀ।

- ਮੈਂ ਸਿਰਫ਼ ਆਪਣੀ ਪੜ੍ਹਾਈ ਬਾਰੇ ਸੋਚਿਆ ਕਰਦੀ ਸੀ।

? ਵਿਆਹ ਤੁਹਾਡੀ ਮਰਜ਼ੀ ਨਾਲ ਹੋਇਆ ਸੀ।

- ਨ੍ਹੀਂ।

ਮੈਂ ਅਗਾਂਹ ਕੁਝ ਹੋਰ ਪੁੱਛਦੀ, ਉਹ ਉੱਠ ਖੜ੍ਹੇ ਸਨ, "ਬਾਕੀ ਫੇਰ ਪੁੱਛ ਲਈਂ।"

****

ਉਨ੍ਹਾਂ 'ਚੋਂ ਭਾਰਤੀ ਨਾਰੀ ਦਾ ਬਿੰਬ ਲੱਭਣ ਦੀ ਕੋਸ਼ਿਸ਼ 'ਚ ਲੱਗੀ ਹਾਂ। ਹੁਣ ਉਨ੍ਹਾਂ ਦੀ ਮੇਰੇ ਲਈ ਅਹਿਮੀਅਤ ਬਹੁਤ ਵਧ ਗਈ ਹੈ। ਪਹਿਲਾਂ ਉਨ੍ਹਾਂ ਦਾ ਇਹੀ ਆਦਰਸ਼ ਰੂਪ ਸੀ ਕਿ ਉਹ ਇੱਕ ਮਾਂ ਹਨ ਜਿਨ੍ਹਾਂ ਦਾ ਕੰਮ ਆਪਣੇ ਬੱਚਿਆਂ ਦੀ ਸਾਂਭ ਸੰਭਾਲ ਕਰਨਾ ਹੈ। ਉਨ੍ਹਾਂ ਨੂੰ ਸਮੇਂ ਸਿਰ ਜਗਾਉਣਾ ਹੈ। ਸਮੇਂ ਸਿਰ ਸਕੂਲ/ਕਾਲਜ ਭੇਜਣਾ ਹੈ। ਉਨ੍ਹਾਂ ਦੀਆਂ ਲੋੜਾਂ ਵੱਲ ਉਚੇਚਾ ਧਿਆਨ ਦੇਣਾ ਹੈ। ਪਤੀ ਦਾ ਖਿਆਲ ਰੱਖਣਾ ਪਹਿਲਾ ਤੇ ਆਖਿਰੀ ਫਰਜ਼ ਹੈ। ਉਨ੍ਹਾਂ ਦਾ ਆਪਣਾ ਘਰ ਹੈ। ਆਪਣੀ ਸਲਤਨਤ ਹੈ।

ਮੈਂ ਕੋਈ ਖਾਸ ਗੱਲ ਯਾਦ ਕਰਦੀ ਤਾਂ ਮੈਨੂੰ ਕੁਝ ਹੋਰ ਵੀ ਯਾਦ ਆਉਣ ਲੱਗਦਾ ਹੈ। ਉਨ੍ਹਾਂ ਨੂੰ ਬਚਪਨ ਤੋਂ ਦੇਖ ਰਹੀ ਹਾਂ। ਉਹ ਡੈਡੀ ਜੀ ਦੀਆਂ ਬਹੁਤੀਆਂ ਗੱਲਾਂ ਦਾ ਵਿਰੋਧ ਨਹੀਂ ਕਰਦੇ। ਜੋ ਉਨ੍ਹਾਂ ਕਿਹਾ -'ਹਾਂ ਜੀ' ਕਹਿ ਕੇ ਕਬੂਲ ਕਰ ਲਿਆ। ਡੈਡੀ ਜੀ ਨਿੱਕੀਆਂ-ਨਿੱਕੀਆਂ ਗੱਲਾਂ 'ਚ ਸਾਡੀ ਰਾਏ ਲੈਂਦੇ। ਸ਼ਾਇਦ ਉਹ ਮੰਮੀ ਤੋਂ ਨਿਰਾਸ਼ ਹੋਣ। ਪਰ ਉਨ੍ਹਾਂ ਅਜਿਹਾ ਕਦੇ ਜਾਹਿਰ ਨਹੀਂ ਕੀਤਾ। ਉਹ ਜਦੋਂ ਵੀ ਟੂਰ 'ਤੇ ਜਾਂਦੇ-ਮੰਮੀ ਲਈ ਗਿਫਟ ਖਰੀਦ ਲਿਆਉਂਦੇ। ਮੰਮੀ ਦੀ ਅਲਮਾਰੀ ਸੂਟਾਂ, ਸਾੜੀਆਂ ਨਾਲ ਭਰੀ ਪਈ। ਤੁੰਨੀ ਪਈ। ਉਨ੍ਹਾਂ ਨੂੰ ਨਵੇਂ-ਨਵੇਂ ਸੂਟ ਪਾਉਣ ਦਾ ਸ਼ੌਂਕ ਹੈ। ਹੁਣ ਇਸ 'ਚ ਥੋੜ੍ਹੀ ਜਿਹੀ ਤਬਦੀਲੀ ਆ ਗਈ ਹੈ।

ਇਕ ਦਿਨ ਮੈਂ ਉਨ੍ਹਾਂ ਤੋਂ ਪੁੱਛਿਆ, "ਤੁਸੀਂ ਮੇਰੇ ਵਿਆਹ 'ਤੇ ਨੱਚੋਗੇ?"

"ਜ਼ਰੂਰ।"

"ਮੇਰੇ ਨਾਲ।"

"ਤੂੰ ਆਪਣੇ ਵਿਆਹ 'ਤੇ ਆਪ ਨੱਚੇਂਗੀ?"

"ਕਿਉਂ ਮੇਰੇ ਲਈ ਕੋਈ ਬੰਦਿਸ਼ ਆ? "

"ਨ੍ਹੀਂ।"

"ਮੰਮੀ-ਆਪਣੇ ਵਿਆਹ 'ਤੇ। ਮੈਂ ਗਾਊਂਗੀ-ਮੈਂ ਕਮਲੀ- ਯਾਰ ਦੀ ਕਮਲੀ। ਆਪਾਂ ਮਾਵਾਂ ਧੀਆਂ ਨੱਚਾਂਗੀਆਂ। ਡੈਡੀ ਜੀ ਤੇ ਜਸਪਾਲ ਨੋਟ ਵਾਰਣਗੇ। ਵੀਡੀਓ ਕੈਮਰਾ ਚਲੇਗਾ।"

****



www.PunjabiLibrary.com

ਮੈਂ ਮੰਮੀ ਦੀ ਜਸੂਸੀ ਕਰਨ ਲੱਗੀ। ਜਦੋਂ ਉਹ ਬਹੁਤ ਹੀ ਖ਼ੁਸ਼ ਹੁੰਦੇ ਜਾਂ ਗ਼ਮਗੀਨ ਤਾਂ ਇਹ ਗੀਤ ਗਾਉਂਦੇ :-ਹੱਥੀਂ ਤੋਰੇ ਸੱਜਣਾ ਨੂੰ, ਨਾਲੇ ਯਾਦ ਕਰਾਂ ਨਾਲੇ ਰੋਵਾਂ। ਮੈਨੂੰ ਯਾਦ ਆਇਆ-ਦਿੱਲੀ ਵਾਲੀ ਮਾਸੀ ਜੀ ਦੀ ਗਭਲੀ ਕੁੜੀ ਕਮਲੇਸ਼ ਦਾ ਵਿਆਹ ਸੀ। ਰੋਟੀ ਪਾਣੀ ਤੋਂ ਵਿਹਲੀ ਹੋ ਕੇ ਮਾਸੀ ਦੀ ਸਹੇਲੀ ਕਾਂਤਾ ਢੋਲਕੀ ਲੈ ਕੇ ਬੈਠ ਗਈ। ਸ਼ਗਨਾਂ ਦੇ ਗੀਤ ਗਾਏ। ਦੋ ਘੰਟੇ ਬੀਤਦਿਆਂ ਦਾ ਪਤਾ ਨਾ ਲੱਗਾ। ਮਾਸੀ ਲੱਡੂਆਂ ਵਾਲਾ ਥਾਲ ਚੁੱਕ ਲਿਆਈ। ਕਾਂਤਾ ਨੇ ਥਾਲ ਫੜ ਕੇ ਰੱਖ ਦਿੱਤਾ। ਬੋਲੀ-'ਵਿਆਹ ਦਾ ਮਜ਼ਾ ਤਾਂ ਗਿੱਧੇ ਨਾਲ ਆਉਂਦਾ।' ਫੇਰ ਗਿੱਧੇ ਦਾ ਪਿੜ ਬੱਝ ਗਿਆ। ਦੋ-ਦੋ ਚਹੁੰ-ਚਹੁੰ ਜਣੀਆਂ ਦੇ ਜੁੱਟ ਬਣ ਗਏ। ਮੰਮੀ ਨੂੰ ਕਈਆਂ ਨੇ ਖਿਚਿਆ ਸੀ। ਉਨ੍ਹਾਂ ਨਾਂਹ ਹੀ ਕਰੀ ਰੱਖੀ। ਇਹੀ ਕਹਿੰਦੇ ਰਹੇ, "ਮੈਨੂੰ ਕਦੇ ਨੱਚਦੀ ਨੂੰ ਦੇਖਿਆ।" ਉਨ੍ਹਾਂ ਦੀ ਇਹ ਗੱਲ ਸੱਚੀ ਸੀ। ਮੈਂ ਉਨ੍ਹਾਂ ਨੂੰ ਢੋਲਕੀ ਬਜਾਉਂਦਿਆਂ ਦੇਖਿਆ ਸੀ। ਗੀਤ ਗਾਉਂਦਿਆਂ ਸੁਣਿਆ ਸੀ। ਪਰ ਨੱਚਦਿਆਂ ਨੂੰ ਨਹੀਂ। ਮਾਮਾ ਜੀ ਦੇ ਵਿਆਹ 'ਤੇ ਵੀ ਨਹੀਂ। ਪਰ ਇਹ ਤਾਂ ਅਜਿਹਾ ਵੇਲਾ ਹੁੰਦਾ ਹੈ ਜਦੋਂ ਮਲੋਮਲੀ ਪੈਰ ਥਿਰਕਦੇ ਹਨ। ਗੇੜਾ ਦੇ ਹੋ ਜਾਂਦਾ ਹੈ। ਮੈਂ ਉਨ੍ਹਾਂ ਦੀ ਬਾਂਹ ਫੜੀ ਤੇ ਆਪਣੇ ਨਾਲ ਨੱਚਣ ਲਾ ਲਿਆ। ਆਦਤਨ ਉਹਨਾਂ ਨਾਂਹ ਕੀਤੀ। ਬਾਂਹ ਛੁਡਾਉਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਮੈਂ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਉਨ੍ਹਾਂ ਦੋ ਗੇੜੇ ਦਿੱਤੇ ਤਾਂ ਮੈਂ ਕਿਹਾ ਕਿ ਐਦਾਂ ਨਹੀਂ-ਕੋਈ ਬੋਲੀ ਪਾਉ। ਦਿੱਲੀ ਵਾਲੀਆਂ ਨੂੰ ਵੀ ਪਤਾ ਲੱਗੇ ਕਿ ਮਾਵਾਂ ਧੀਆਂ ਕਿਵੇਂ ਪਿੜ ਬੰਨ੍ਹਦੀਆਂ। ਉਨ੍ਹਾਂ ਨੇ ਚੁੰਨੀ ਨੂੰ ਸਿਰ 'ਤੇ ਬੰਨ ਲਿਆ। ਲੜ ਸੱਜੇ ਪਾਸੇ ਰੱਖਿਆ, ਫੇਰ ਲੰਬਾ ਸਾਹ ਲਿਆ ਜਾਂ ਹਉਕਾ- ਮੈਨੂੰ ਇਹ ਦਾ ਪਤਾ ਨਾ ਲੱਗਾ। ਉਹ ਕੰਨ 'ਤੇ ਹੱਥ ਰੱਖ ਕੇ ਕੂਕੇ-ਹੱਥੀਂ ਤੇਰੇ ਸੱਜਣਾ ਨੂੰ, ਨਾਲੇ ਯਾਦ ਕਰਾਂ ਨਾਲੇ ਰੋਵਾਂ...। ਉਨ੍ਹਾਂ 'ਚ ਇੰਨੀ ਸ਼ਕਤੀ ਆ ਗਈ ਸੀ ਕਿ ਉਹ ਭੰਵੀਰੀ ਵਾਂਗ ਘੁੰਮਣ ਲੱਗੇ ਸੀ। ਅੱਖਾਂ 'ਚ ਸਿੱਲ ਉਭਰੀ ਸੀ। ਉਹ ਸਿੱਧੇ ਹੀ ਵਾਸ਼ਬੇਸਨ ਵੱਲ ਦੌੜ ਪਏ ਸਨ।

ਚੌਥੇ ਦਿਨ ਮਾਸੀ ਜੀ ਤੇ ਮੈਂ ਛੱਤ 'ਤੇ ਧੁੱਪੇ ਬੈਠੀਆਂ ਸੀ। ਮੰਮੀ ਦੀਆਂ ਬਹੁਤੀਆਂ ਆਦਤਾਂ ਉਨ੍ਹਾਂ ਨਾਲ ਮਿਲਦੀਆਂ ਹਨ। ਜੇ ਫਰਕ ਹੈ ਤਾਂ ਸਿਰਫ ਇਸ ਗੱਲ ਦਾ ਕਿ ਉਹ ਬਿਨਾਂ ਵਜ੍ਹਾ ਰੋਕਦੇ ਨਹੀਂ। ਟੋਕਦੇ ਨਹੀਂ। ਮਾਸੀ ਜੀ ਨੇ ਮੱਲੋਮੱਲੀ ਹਰ ਕੰਮ 'ਚ ਆਪਣੀ ਟੰਗ ਅੜਾਉਣੀ ਹੁੰਦੀ ਹੈ। ਮੈਨੂੰ ਮਾਸੀ ਜੀ ਦੀਆਂ ਕਮਜ਼ੋਰੀਆਂ ਦਾ ਪਤਾ ਸੀ। ਪਹਿਲਾਂ ਉਨ੍ਹਾਂ ਦੇ ਸੰਤਾਂ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹ ਦਿਉ-ਫੇਰ ਭਾਵੇਂ ਉਨ੍ਹਾਂ ਤੋਂ ਜੋ ਮਰਜ਼ੀ ਮੰਗ ਲਉ। ਮੰਨਵਾ ਲਉ। ਪੁੱਛ ਲਓ। ਅਜਿਹੇ ਵੇਲੇ ਉਹ ਝੂਠ ਨਹੀਂ ਬੋਲਦੇ। ਮੈਂ ਉਨ੍ਹਾਂ ਤੋਂ ਮੰਮੀ ਦੇ ਬਚਪਨ ਬਾਰੇ ਪੁੱਛਿਆ ਸੀ। ਉਹ ਸ਼ੁਰੂ ਹੋ ਗਏ ਸਨ , "ਜੱਸੀ-ਮੁੱਢ ਤੋਂ ਬਹੁਤ ਸੰਗਾਊ ਰਹੀ। ਆਪਣੇ ਘਰੋਂ ਰੋੜਿਆਂ ਦੀ ਦੁਕਾਨ ਕਿੰਨੀ ਕੁ ਦੂਰ ਸੀ। ਚਾਰ ਘਰ ਛੱਡ ਕੇ। ਮੈਂ ਇਹਨੂੰ ਕਹਿਣਾ-ਜਾਹ ਦੌੜ ਕੇ ਤੀਲਾਂ ਦੀ ਡੱਬੀ ਫੜ ਲਿਆ। ਇਹਦਾ ਘੜਿਆ ਘੜਾਇਆ ਜੁਆਬ ਹੁੰਦਾ-'ਮੈਂ ਨ੍ਹੀਂ ਜਾਣਾ। ਉਥੇ ਕਿੰਨੇ ਭਾਈ ਬੈਠੇ ਹੁੰਦੇ ਆ। ਤੁਸੀਂ ਕਿਸੇ ਹੋਰ ਕੋਲੋਂ ਮੰਗਵਾ ਲਓ।' ਮੈਂ ਇਹਨੂੰ ਘੂਰਦੀ-ਇਹ ਕੋਠਿਉਂ ਉਪਰੋਂ ਦੀ ਚਾਚੀ ਕੋਲੋਂ ਅੱਗ ਲੈ ਆਉਂਦੀ। ਇਹ ਦਾ ਇਕੋ-ਇਕ ਸ਼ੌਕ ਸੀ-ਪੜ੍ਹਨਾ। ਕੋਈ ਅਖ਼ਬਾਰ ਜਾਂ ਕਿਤਾਬ ਦਾ ਵਰਕਾ ਮੈਂ ਅੱਗ ਬਾਲਣ ਲਈ ਚੁੱਕਦੀ ਤਾਂ ਇਹ ਮੇਰੇ ਹੱਥੋਂ ਖੋਹ ਲੈਂਦੀ। ਦਸਵੀਂ ਇਹ ਨੇ ਪਿੰਡੇ



ਕੀਤੀ। ਅਗਾਂਹ ਫਗਵਾੜੇ ਜਾ ਲੱਗੀ। ਆਪਣੇ ਪਾਸੇ ਦੀਆਂ ਸੱਤ-ਅੱਠ ਕੁੜੀਆਂ-ਸਾਈਕਲਾਂ 'ਤੇ ਇਕੱਠੀਆਂ ਜਾਂਦੀਆਂ-ਇਕੱਠੀਆਂ ਮੁੜ ਆਉਂਦੀਆਂ। ਇਹ ਨੇ ਚੌਂਦ੍ਹਾਂ ਜਮਾਤਾਂ ਫਗਵਾੜਿਉਂ ਹੀ ਪਾਸ ਕੀਤੀਆਂ। ਫਸਟ ਡਿਵੀਜ਼ਨ ਲਈ। ਫੇਰ ਭਾਪਾ ਜੀ ਇਹ ਨੂੰ ਜਲੰਧਰ ਦਾਖਲ ਕਰਾ ਆਏ। ਇਹ ਤਿੰਨ ਮਹੀਨੇ ਜਾਂਦੀ ਰਹੀ। ਪਿੰਡੋਂ ਫਗਵਾੜੇ ਸਾਈਕਲ 'ਤੇ। ਫਗਵਾੜਿਉਂ ਜਲੰਧਰ ਦੀ ਬਸ ਫੜਦੀ। ਚੌਥੇ ਮਹੀਨੇ ਇਹ ਨੇ ਕਿਤਾਬਾਂ ਸੁੱਟ ਦਿੱਤੀਆਂ। ਮੁੜ ਕੇ ਇਨ੍ਹਾਂ ਨੂੰ ਹੱਥ ਨਹੀਂ ਲਾਇਆ। ਭਾਪਾ ਜੀ ਨੇ ਬੜਾ ਸਮਝਾਇਆ। ਮੈਂ ਕਹਿ-ਕਹਿ ਕੇ ਹਾਰ ਗਈ। ਇਹਦੀ ਤਾਂ ਘੋੜੇ ਵਾਲੀ ਅੜੀ ਸੀ ਕਿ ਮੈਂ ਨਹੀਂ ਪੜ੍ਹਨਾ। ਮੈਂ ਇਹ ਨੂੰ ਜ਼ਿਆਦਾ ਹੀ ਘੂਰ ਬੈਠੀ। ਫੇਰ ਪਿਆਰ ਨਾਲ ਸਮਝਾਇਆ-"ਮੇਰੀਏ ਭੈਣੇ ਪੜ੍ਹ ਲੈ। ਮੈਂ ਤਾਂ ਆਪਣੇ ਪੈਰੀਂ ਕੁਹਾੜੀ ਮਾਰ ਬੈਠੀ-ਤੂੰ ਗਲਤੀ ਨਾ ਕਰ। ਤੂੰ ਕੋਈ ਡਿਗਰੀ ਲੈ ਲਾ। ਆਪਣੇ ਪੈਰਾਂ 'ਤੇ ਖੜ੍ਹ ਜਾਵੇਗੀ। ਤੈਨੂੰ ਦੂਜੇ ਦੇ ਹੱਥਾਂ ਵੱਲ ਦੇਖਣਾ ਨਾ ਪਊ।" ਇਹ ਅਗਿਉਂ ਸੁੰਨਵਟਾ ਬਣ ਗਈ। ਭਾਪਾ ਜੀ ਨੇ ਦਬਕਾ ਮਾਰਿਆ ਤਾਂ ਬੋਲੀ-'ਤੁਸੀਂ ਮੈਨੂੰ ਜਬਰਦਸਤੀ ਪੜ੍ਹਾ ਲਉਂਗੇ ?' ਮਾਂ ਵੀ ਕਲਪੀ। ਆਖਰ ਉਹਨੇ ਹਥਿਆਰ ਸੁੱਟ ਦਿੱਤੇ-ਸਾਨੂੰ ਕੀ-ਇਹਨੂੰ ਮੌਕਾ ਮਿਲਿਆ ਸੀ-ਇਹਨੇ ਖੁੰਜਾਹ ਲਿਆ। ਇਹਦੀ ਇਕ ਜਮਾਤਣ-ਸਹੇਲੀ ਸੀ-ਸ਼ੈਲੀ। ਇਹ ਦੀ ਉਹ ਦੇ ਨਾਲ ਬੜੀ ਦਾਲ ਗਲਦੀ ਸੀ। ਜਦੋਂ ਇਕੱਠੀਆਂ ਹੋ ਜਾਂਦੀਆਂ ਤਾਂ ਇਨ੍ਹਾਂ ਦੀਆਂ ਗੱਲਾਂ ਮੁੱਕਣ 'ਚ ਨਾ ਆਉਂਦੀਆਂ। ਇਹ ਖੁਸਰ-ਮੁਸਰ ਕਰਦੀਆਂ ਰਹਿੰਦੀਆਂ-ਮੈਨੂੰ ਕੋਲ ਬੈਠੀ ਨੂੰ ਪਤਾ ਨਾ ਲੱਗਦਾ। ਇਹ ਪੁੱਠੇ-ਸਿੱਧੇ ਅੱਖਰਾਂ 'ਚ ਗੱਲਾਂ ਕਰਦੀਆਂ। ਜੇ ਤੂੰ ਇਹਦੇ ਬਾਰੇ ਹੋਰ ਜਾਣਨਾ ਤਾਂ ਉਹਨੂੰ ਪੁੱਛ। ਪਰ ਉਹ ਤੈਨੂੰ ਮਿਲੂ ਕਿਵੇਂ ? ਉਹ ਤਾਂ ਇੰਗਲੈਂਡ ਰਹਿੰਦੀ। ਜਿਉਂ ਵਿਆਹੀ ਗਈ-ਮੁੜ ਕੇ ਇਕ ਵਾਰੀ ਆਈ। ਮੈਂ ਉਹਨੂੰ ਮੁੜਕੇ ਨ੍ਹੀਂ ਦੇਖਿਆ। ਕੀ ਪਤਾ-ਤੇਰੀ ਮੰਮੀ ਨੂੰ ਉਹ ਦੀ ਕੋਈ ਚਿੱਠੀ ਆਉਂਦੀ ਵੀ ਹੁੰਦੀ ਆ ਜਾਂ ਕਿ ਨ੍ਹੀਂ। ਮੈਨੂੰ ਇਹਦੇ ਬਾਰੇ ਪਤਾ ਨ੍ਹੀਂ....।"

ਬਹੁਤ ਕੁਝ ਹੋਰ ਵੀ ਸੀ ਜੋ ਮਾਸੀ ਜੀ ਤੋਂ ਫੜਿਆ ਨਹੀਂ ਗਿਆ ਸੀ। ਜਿਸਦਾ ਥਹੁ ਪਤਾ ਨਾਨੀ ਜੀ ਨੂੰ ਨਹੀਂ ਲੱਗਾ ਸੀ। ਭਾਪਾ ਜੀ ਨੂੰ ਸਮਝ ਨਹੀਂ ਲੱਗਾ ਸੀ। ਡੈਡੀ ਜੀ ਦੀ ਪਹੁੰਚ ਤੋਂ ਦੂਰ ਸੀ। ਮੈਂ ਉਨ੍ਹਾਂ ਦੇ ਧੁਰ ਅੰਦਰ ਜਾਣਾ ਚਾਹਿਆ ਸੀ ਪਰ ਅਜੇ ਤੱਕ ਮੈਥੋਂ ਵੀ ਇਹ ਦੀ ਕੋਈ ਇੱਕ ਕੰਨੀ ਫੜੀ ਨਹੀਂ ਗਈ ਸੀ।

****

ਜਦੋਂ ਮੈਂ ਜਿੱਤੀ ਹੋਈ ਸ਼ੀਲਡ ਉਨ੍ਹਾਂ ਅੱਗੇ ਲਿਆ ਕੇ ਰੱਖਦੀ ਤਾਂ ਉਨ੍ਹਾਂ ਦੀ ਖ਼ੁਸ਼ੀ ਦੇਖਣ ਵਾਲੀ ਹੁੰਦੀ ਸੀ। ਉਹ ਮੇਰਾ ਮੱਥਾ ਚੁੰਮਦੇ। ਵਾਰ-ਵਾਰ ਜੱਫੀਆਂ ਪਾਉਂਦੇ। ਪੁੱਛਦੇ -'ਹੋਰ ਕਿੰਨੀਆਂ ਕੁੜੀਆਂ ਨੇ ਹਿੱਸਾ ਲਿਆ ਸੀ ? ਜੱਜ ਕੌਣ ਸੀ ?' ਉਹ ਉੰਨਾ ਚਿਰ ਪੁੱਛਣੋਂ ਨਾ ਹਟਦੇ ਜਿੰਨਾ ਚਿਰ ਉਨ੍ਹਾਂ ਦੀ ਤਸੱਲੀ ਨਾ ਹੋ ਜਾਂਦੀ। ਗੱਲਾਂ ਨਾਲ ਉਨ੍ਹਾਂ ਦਾ ਢਿੱਡ ਨਾ ਭਰ ਜਾਂਦਾ। ਇਹ ਉਨ੍ਹਾਂ ਦੇ ਜ਼ੋਰ ਪਾਉਣ ਦਾ ਹੀ ਸਿੱਟਾ ਸੀ ਕਿ ਮੈਂ ਐੱਮ. ਏ. ਕੀਤੀ। ਗੌਰਮੈਂਟ ਕਾਲਜ 'ਚ ਲੈਕਚਰਾਰ ਲੱਗੀ। ਮੈਂ ਮੈਟ੍ਰਿਕ ਤੋਂ ਬਾਅਦ ਹਥਿਆਰ ਸੁੱਟ ਦਿੱਤੇ ਸਨ। ਪਰ ਉਨ੍ਹਾਂ ਮੇਰੀ ਇੱਕ ਨਹੀਂ ਸੁਣੀ ਸੀ। ਆਪ ਮੱਦਤ ਕਰਨ ਦਾ ਵਾਇਦਾ ਕੀਤਾ ਸੀ। ਮੈਂ ਉਨ੍ਹਾਂ ਨੂੰ ਪਹਿਲੀ ਵਾਰ ਡੈਡੀ ਜੀ ਨਾਲ ਸਖਤੀ ਨਾਲ ਪੇਸ਼ ਆਉਂਦਿਆਂ ਦੇਖਿਆ



www.PunjabiLibrary.com

ਸੀ, "ਤੁਸੀਂ ਆਫਿਸ ਤੋਂ ਛੁੱਟੀ ਲਉ। ਰਵੀਜੋਤ ਨੂੰ ਆਪ ਕਾਲਜ ਦਾਖਲ ਕਰਾ ਕੇ ਆਉ। ਬਾਅਦ 'ਚ ਮੈਂ ਜਾਣਾ ਜਾਂ ਮੇਰਾ ਕੰਮ ਜਾਣੇ।" ਮੈਂ ਕਿਸੇ ਵੀ ਕੰਮ ਨੂੰ ਹੱਥ ਪਾਉਣ ਲੱਗਦੀ ਤਾਂ ਉਹ ਪੁੱਛਦੇ, "ਤੂੰ ਹੋਮ ਵਰਕ ਕਰ ਲਿਆ?" ਮੈਂ ਹਾਂ ਕਹਿੰਦੀ। ਉਹ ਫੇਰ ਕਹਿੰਦੇ, "ਜਾਹ-ਤੂੰ ਬੈਠ ਕੇ ਪੜ੍ਹ। ਜਾਂ ਅੱਜ ਦੀ ਅਖ਼ਬਾਰ ਪੜ੍ਹ। ਦੀ ਟ੍ਰਿਬਿਊਨ ਮੈਂ ਤੇਰੇ ਲਈ ਹੀ ਲਗਵਾਈ ਹੋਈ।" ਮੈਂ ਉਨ੍ਹਾਂ ਨੂੰ ਕਹਿੰਦੀ ਕਿ ਆਖਿਰ ਪੜ੍ਹਣ ਦੀ ਵੀ ਸੀਮਾ ਹੁੰਦੀ। ਉਹ ਪੁੱਛਦੇ ਕਿ ਟੈਲੀ ਦੇਖਣ ਦੀ ਤਾਂ ਨਹੀਂ। ਮੈਂ ਵੀ ਕਿਥੋਂ ਮੰਨਣ ਵਾਲੀ ਸੀ। ਉਹਨਾਂ ਕੋਲ ਹੀ ਖੜੀ ਰਹਿੰਦੀ। ਉਹ ਮੈਨੂੰ ਰਸੋਈ ਦੇ ਕੰਮ ਬਾਰੇ ਦੱਸਦੇ, "ਆਹ ਦੇਖ- ਮੈਂ ਮੱਕੀ ਦੀ ਰੋਟੀ ਕਿਵੇਂ ਪਕਾਉਂਦੀ ਆਂ। ਹਾਂ-ਹਾਂ ਐਦਾਂ ਨ੍ਹੀਂ ......ਐਦਾਂ ਫੈਲਾਉਣੀ।" ਇਹ ਵੀ ਉਨ੍ਹਾਂ ਦੀ ਇੱਛਾ 'ਚ ਸ਼ਾਮਿਲ ਸੀ ਕਿ ਮੈਂ ਪੜ੍ਹਾਈ ਦੇ ਨਾਲ-ਨਾਲ ਬਾਕੀ ਕੰਮਾਂ 'ਚ ਵੀ ਮਾਹਿਰ ਹੋ ਜਾਵਾਂ। ਮੈਂ ਸਿਰਫ਼ ਉਨ੍ਹਾਂ ਦੀ ਮਦਦ ਕਰਨ ਜਾਂਦੀ ਸੀ। ਮੈਨੂੰ ਰਸੋਈ ਦੇ ਕੰਮਾਂ 'ਚ ਕੋਈ ਦਿਲਚਸਪੀ ਨਹੀਂ ਸੀ। ਅੱਜ ਕਲ੍ਹ ਕੀ ਨਹੀਂ ਮਿਲਦਾ। ਟੈਲੀਫੋਨ 'ਤੇ ਆਰਡਰ ਕਰੋ-ਵੇਟਰ ਪੈਕ ਕਰਕੇ ਘਰੇ ਛੱਡ ਜਾਂਦਾ। ਐਵੇਂ ਉਂਗਲਾਂ ਸਾੜਣ-ਸਮਾਂ ਬਰਬਾਦ ਕਰਨ ਦਾ ਕੀ ਫਾਇਦਾ!

ਮੈਂ ਉਨ੍ਹਾਂ ਤੋਂ ਪੁੱਛਿਆ ਸੀ, "ਜੇ ਕੋਈ ਨੈਸ਼ਨਲ ਲੈਵਿਲ ਦਾ ਸੈਮੀਨਾਰ ਹੋ ਰਿਹਾ ਹੋਵੇ ਜਿਸ ਦੀ ਪ੍ਰਧਾਨਗੀ ਦੇਸ਼ ਦਾ ਗ੍ਰਹਿ ਮੰਤਰੀ ਕਰ ਰਿਹਾ ਹੋਵੇ ਤੇ ਮੈਨੂੰ ਉਸ ਸੈਮੀਨਾਰ 'ਚ ਪੇਪਰ ਪੜ੍ਹਨ ਲਈ ਸੱਦਿਆ ਜਾਵੇ, ਫੇਰ ਤੁਹਾਨੂੰ ਕਿੰਨੀ ਖ਼ੁਸ਼ੀ ਹੋਵੇਗੀ?"

"ਬੱਚਿਆਂ ਦੀ ਕਾਮਯਾਬੀ 'ਚ ਪਰਿਵਾਰ ਦੀ ਖ਼ੁਸ਼ੀ ਹੁੰਦੀ ਆ।"

"ਮੈਂ ਤੁਹਾਥੋਂ ਤੁਹਾਡੀ ਰਾਇ ਪੁੱਛਦੀ ਆਂ।"

"ਮੈਂ ਸਮਝੂਗੀ ਮੇਰੀ ਗ੍ਰਹਿਸਥੀ ਕਾਮਯਾਬ ਆ।"

ਮੈਂ ਖਿੱਝ ਕੇ ਕਿਹਾ ਸੀ, "ਨ੍ਹੀਂ-ਇਹਨੂੰ ਗ੍ਰਹਿਸਥੀ ਨਾ ਕਹੋ- ਧੀ ਨਾਲ ਜੋੜੋ।"

"ਧੀ ਵੀ ਇਸੇ 'ਚ ਆ ਜਾਂਦੀ। ਜੋ ਕੰਮ ਮੈਂ ਨ੍ਹੀਂ ਕਰ ਸਕੀ-ਜੇ ਉਹੀ ਕੰਮ ਮੇਰੀ ਆਪਣੀ ਧੀ ਕਰੇ ਤਾਂ ਮੇਰੇ ਲਈ ਇਸ ਤੋਂ ਵੱਡੀ ਖ਼ੁਸ਼ੀ ਵਾਲੀ ਕਿਹੜੀ ਗੱਲ ਹਊ।"

ਮੈਂ ਉਨ੍ਹਾਂ ਨੂੰ ਪਿਛਿਉਂ ਦੀ ਜਫੀ ਪਾ ਲਈ ਸੀ। ਦੱਸਿਆ ਸੀ, "ਮੰਮੀ ਜੀ-ਆਹ ਦੇਖੋ-ਆਹ ਅਖ਼ਬਾਰ ਦੇਖੋ। ਅਲੀਗੜ੍ਹ ਯੂਨੀਵਰਸਿਟੀ 'ਚ ਸੈਮੀਨਾਰ ਹੋ ਰਿਹਾ। ਤਿੰਨਾਂ ਦਿਨਾਂ ਦਾ। ਮੈਂ ਦੂਜੇ ਦਿਨ ਦੇ ਪਹਿਲੇ ਸੈਸ਼ਨ 'ਚ ਪੇਪਰ ਪੜ੍ਹਨਾ.....।"

ਉਨ੍ਹਾਂ ਨੂੰ ਮੇਰੇ ਕਹੇ ਦਾ ਇਤਬਾਰ ਨਹੀਂ ਆਇਆ ਸੀ। ਉਨ੍ਹਾਂ ਮੈਥੋਂ ਝਟਕੇ ਨਾਲ ਅਖ਼ਬਾਰ ਫੜ ਲਈ ਸੀ। ਆਪਣੀ ਉਂਗਲ ਮੇਰੇ ਨਾਂ 'ਤੇ ਟਿਕਾ ਦਿੱਤੀ ਸੀ। ਮੈਨੂੰ ਹਿੱਕ ਨਾਲ ਲਾ ਲਿਆ ਸੀ। ਬੋਲੇ ਸਨ, "ਅੱਜ ਮੈਂ ਬਹੁਤ ਖ਼ੁਸ਼ ਹਾਂ। ਬਹੁਤ ਹੀ ਜ਼ਿਆਦਾ।"

"ਤੁਹਾਨੂੰ ਪਤਾ-ਜਦੋਂ ਕੋਈ ਖ਼ੁਸ਼ ਹੋਵੇ ਤਾਂ ਇਹੀ ਕਹਿੰਦਾ ਹੁੰਦਾ ਕਿ ਮੰਗ ਲੈ ਭਗਤਾ-ਜੋ ਕੁਝ ਮੰਗਣਾ। ਮੈਂ ਵੀ ਮੰਗ ਕੇ ਦੇਖਾਂ?"

"ਮੰਗ ਲੈ।"

"ਮੁਕਰ ਨਾ ਜਾਇਉ।"

"ਮੇਰੀ ਲਿਮਟ ਦਾ ਖ਼ਿਆਲ ਰੱਖ ਲਈਂ।"



"ਉਹ ਗੀਤ ਪੂਰਾ ਸੁਣਾਉ-ਹੱਥੀਂ ਤੋਰੇ.....।"

"ਉਹ ਗੀਤ ਕਦੇ ਪੂਰਾ ਨ੍ਹੀਂ ਹੋਣਾ। ਟੋਟਲੀ ਇਮਪੌਸੀਬਲ।"

"ਤੁਸੀਂ ਕੋਸ਼ਿਸ਼ ਤਾਂ ਕਰਕੇ ਦੇਖੋ।"

"ਮੈਥੋਂ ਪਹਿਲੇ ਟੱਪੇ ਤੋਂ ਅਗਾਂਹ ਜਾਇਆ ਨ੍ਹੀਂ ਜਾਂਦਾ।"

"ਕੋਸ਼ਿਸ਼ ਕਰੋ।"

"..................।"

****

ਮੈਂ ਛੁੱਟੀਆਂ ਦਾ ਲਾਹਾ ਲਿਆ ਹੈ। ਨੋਟਸਾਂ ਨੂੰ ਤਰਤੀਬ ਸਿਰ ਸੈਟ ਕਰ ਰਹੀ ਹਾਂ। ਮੇਰੇ ਬੈੱਡ 'ਤੇ ਕਾਗਜ਼ਾਂ, ਕਿਤਾਬਾਂ, ਮੈਗਜ਼ੀਨਾਂ ਤੇ ਕੈਸਿਟਾਂ ਦਾ ਬੇਢਬਾ ਖਿਲਾਰਾ ਪਿਆ ਹੈ। ਇਹਨਾਂ ਵਿਚਕਾਰ ਘਿਰੀ ਕੰਧ ਨਾਲ ਢੋਅ ਲਾਈ ਬੈਠੀ ਲਿਖਦੀ ਹਾਂ। ਟੈਲੀਫੋਨ ਲਈ ਆਵਾਜ਼ ਪੈਂਦੀ ਤਾਂ ਉਠਦੀ ਹਾਂ। ਇਥੇ ਹੀ ਪਾਣੀ-ਚਾਹ-ਕੌਫ਼ੀ। ਇਥੇ ਹੀ ਖਾਣਾ-ਪੀਣਾ। ਮੰਮੀ ਇਸ ਬਾਰੇ ਸੁਚੇਤ ਹਨ। ਮੈਨੂੰ ਕਹਿਣ ਜਾਂ ਆਵਾਜ਼ ਮਾਰਨ ਦੀ ਲੋੜ ਨਹੀਂ ਪੈਂਦੀ। ਘੰਟੇ ਕੁ ਬਾਅਦ ਕੁਝ ਨਾ ਕੁਝ ਖਾਣ-ਪੀਣ ਲਈ ਰੱਖ ਜਾਂਦੇ ਹਨ। ਜੇ ਮੈਂ ਸੋਚੀਂ ਪਈ ਹੋਵਾਂ ਤਾਂ ਉਹ ਖੜ੍ਹੇ ਪੈਰੀਂ ਵਾਪਸ ਚਲੇ ਜਾਂਦੇ ਹਨ। ਜੇ ਮੈਂ ਲਿਖਦੀ ਹੁੰਦੀ ਤਾਂ ਉਹ ਇਕ ਪਲ ਖੜ੍ਹਦੇ, ਰੁਕਦੇ, ਉਡੀਕਦੇ-ਇਹ ਪੁੱਛਣ ਲਈ ਕੋਈ ਚੀਜ਼ ਤਾਂ ਨਹੀਂ ਚਾਹੀਦੀ। ਮੈਂ ਕਹਿੰਦੀ ਤਾਂ ਉਹ ਬੈਠ ਜਾਂਦੇ ਹਨ। ਗਿਆਰਾਂ ਕੁ ਵਜੇ ਚਾਹ ਰੱਖਣ ਆਏ ਤਾਂ ਮੈਂ ਉਨ੍ਹਾਂ ਨੂੰ ਬਿਠਾ ਲਿਆ ਸੀ। ਉਹ ਮੇਰੇ ਖੱਬੇ ਪਾਸੇ ਬੈਠ ਗਏ ਸਨ। ਮੈਂ ਉਨ੍ਹਾਂ ਨੂੰ 'ਇੰਡੀਆ ਟੂਡੇ' 'ਚ ਛਪੀ ਯੁਕਤਾਮੁਖੀ ਦੀ ਫੋਟੋ ਦਿਖਾਈ ਜਿਸ 'ਚ ਉਹ ਸਵਿਮਿੰਗ-ਸੂਟ ਪਾਈ ਪੁੱਲ ਤੋਂ ਹੇਠਾਂ ਛਾਲ ਮਾਰਨ ਲਈ ਤਿਆਰ ਖੜ੍ਹੀ ਸੀ। ਉਹ ਇਕ ਟੱਕ, ਨੀਝ ਲਾ ਕੇ ਫੋਟੋ ਦੇਖਦੇ ਰਹੇ। ਥੱਲਲੀ ਕੈਪਸ਼ਨ ਨੂੰ ਵਾਰ ਵਾਰ ਪੜ੍ਹਿਆ। ਫੇਰ ਉਨ੍ਹਾਂ ਨੂੰ ਕੁਝ ਯਾਦ ਆਉਣ ਲੱਗਾ। ਉਨ੍ਹਾਂ ਮੇਰੇ ਚਿਹਰੇ ਨੂੰ ਨਿਹਾਰਿਆ। ਦੱਸਣ ਲੱਗੇ, "ਮੈਨੂੰ ਇਕ ਗੱਲ ਯਾਦ ਆ ਗਈ। ਪਤਾ ਨ੍ਹੀਂ ਮੈਂ ਤੈਨੂੰ ਇਸ ਬਾਰੇ ਪਹਿਲਾਂ ਦੱਸਿਆ ਸੀ ਕਿ ਨ੍ਹੀਂ। ਇਹ ਨੂੰ ਆਪਣੇ ਥੀਸਿਸ 'ਚ ਕੋਟ ਕਰੀਂ। ਮੇਰਾ ਚੇਤਾ ਮਾੜਾ ਹੋਈ ਜਾਂਦਾ। ਸ਼ਾਇਦ ਉਮਰ ਕਰਕੇ। ਮੈਂ ਜਲਦੀ ਬੁੱਢੀ ਹੋ ਗਈ ਆਂ। ਪਹਿਲਾਂ ਤੇਰੀ ਦਾਦੀ ਨੇ ਮੇਰੀ ਮੱਤ ਮਾਰ ਰੱਖੀ। ਰਹਿੰਦੀ ਕਸਰ ਤੇਰੀ ਤਾਈ ਨੇ ਪੂਰੀ ਕੀਤੀ। ਉਨ੍ਹਾਂ ਦੇ ਰਾਜ 'ਚ ਨਾ ਚੰਗਾ ਖਾ ਕੇ ਦੇਖਿਆ। ਨਾ ਪਹਿਨ ਕੇ। ਇਹਨਾਂ ਦੋਹਾਂ ਨੇ ਮੇਰੀ ਭੂਤਨੀ ਘੁਮਾਈ ਰੱਖੀ। ਕੰਮ ਤੇ ਬੱਸ ਕੰਮ। ਚੰਗਾ ਹੋਇਆ-ਵੇਲੇ ਸਿਰ ਜੁਦਾ ਹੋ ਗਏ। ਆਪਣਾ ਘਰ ਆਪਣਾ ਹੀ ਹੁੰਦਾ। ਮੈਨੂੰ ਪਤਾ ਹੀ ਹੁਣ ਲੱਗਾ-ਦੁਨੀਆਂਦਾਰੀ ਕੀ ਹੁੰਦੀ। ਘਰ ਕੀ ਹੁੰਦਾ। ਆਦਮੀ ਕੀ ਹੁੰਦਾ। ਮੈਂ ਕਿਧਰ ਨੂੰ ਤੁਰ ਪਈ। ਗੱਲ ਕਿਹੜੀ ਸ਼ੁਰੂ ਕਰਨ ਲੱਗੀ ਸੀ-ਹੋ ਕਿਹੜੀ ਗਈ। ਇਹ ਮੇਰੇ ਨਾਨਕਿਆਂ ਦੇ ਪਿੰਡ ਦੀ ਕਹਾਣੀ ਆ। ਬਿਲਗੇ ਦੀ। ਮਾਂ ਨੇ ਮੈਨੂੰ ਕਈ ਵਾਰ ਸੁਣਾਈ ਸੀ। ਪਸੌਰਾ ਸਿਹੁੰ ਦੇ ਮੁੰਡੇ ਦਾ ਵਿਆਹ ਸੀ। ਨਾਨਕਾ ਮੇਲ ਤਲਵੰਡੀਉਂ ਆਇਆ ਸੀ। ਮੇਲ ਕੀ ਸੀ-ਕੁੜੀਆਂ-ਬੁੜੀਆਂ ਦੀ ਹੇੜ ਦੀ ਹੇੜ ਸੀ। ਜੋ ਰਾਹ 'ਚ ਆਇਆ ਮੂਧਾ-ਮਾਰੀ ਜਾਣ। ਜੋ ਅੜਿਆ-ਸੋ ਝੜਿਆ। ਜਿਹੜਾ ਦੌੜ ਗਿਆ-ਉਸੇ ਦਾ ਬਚਾ ਹੋ ਗਿਆ। ਸਟੇਸ਼ਨ ਵੱਲ ਨੂੰ ਜਾਂਦੇ ਰਾਹ ਵੱਲ ਜ਼ਹਿਰ ਖਾਨਿਆਂ ਦਾ ਖੂਹ



www.PunjabiLibrary.com

ਪੈਂਦਾ ਸੀ। ਨਾਨਕਾ ਮੇਲ ਉਧਰ ਨੂੰ ਗਿਆ। ਅਗੇ ਮੁੰਡੀਰ ਖੜੀ ਸੀ। ਕਿਸੇ ਮੁੰਡੇ ਨੇ ਬੁਝਾਰਤ ਪਾਈ। ਰੱਬ ਜਾਣੇ ਕਿਹੋ ਜਿਹੀ ਸੀ। ਇਕ ਕੁੜੀ ਮੇਲਣਾਂ 'ਚੋਂ ਅਗਾਂਹ ਆਈ। ਬੋਲੀ-ਇਸ ਬੁਝਾਰਤ ਦਾ ਜੁਆਬ ਮੈਂ ਦਊਂਗੀ। ਪਰ ਪਹਿਲਾਂ ਆਹ ਜਿਹੜਾ ਚੱਕੀ ਦਾ ਪੁੜ ਪਿਆ-ਇਹਦਾ ਬਾਲਾ ਕੱਢਕੇ ਦਿਖਾਉ। ਦੇਖਦੀ ਆਂ ਤੁਹਾਡੀ ਮਰਦਾਨਗੀ। ਮੁੰਡਿਆਂ ਨੂੰ ਤਾ ਆ ਗਿਆ। ਲੱਗੇ-ਇੱਕ-ਇੱਕ ਜਣਾ ਪੁੜ ਨੂੰ ਚੁੱਕਣ। ਪਰ ਕਿਸੇ ਕੋਲੋਂ ਬਾਲਾ ਨਾ ਨਿਕਲਿਆ। ਛਾਤੀ ਤੋਂ ਅਗਾਂਹ ਲੈ ਜਾ ਨਾ ਹੋਇਆ। ਉਹ ਕੁੜੀ ਫੇਰ ਅਗਾਂਹ ਆਈ। ਇਕ ਵਾਰ ਚੁੱਪ ਛਾ ਗਈ। ਉਹ ਨੇ ਧਰਤੀ ਨੂੰ ਨਮਸਕਾਰ ਕੀਤੀ। ਚੁੰਨੀ ਨੂੰ ਸਿਰ 'ਤੇ ਬੰਨ੍ਹਿਆ। ਦੇਖਦਿਆਂ-ਦੇਖਦਿਆਂ ਦੋ ਬਾਲੇ ਕੱਢ ਦਿੱਤੇ। ਪੁੜ ਮੁੰਡ੍ਹੀਰ ਵੱਲ ਵਗਾਹ ਮਾਰਿਆ। ਬੋਲੀ-ਹੁਣ ਮੈਂ ਤੁਹਾਨੂੰ ਆਪਣੀਆਂ ਵੰਗਾਂ ਪਾਉਣ ਨੂੰ ਦਵਾਂ। ਬਾਅਦ 'ਚ ਪਤਾ ਲੱਗਾ ਸੀ ਕਿ ਉਹ ਝਿਊਰਾਂ ਦੀ ਕੁੜੀ ਸੀ। ਅਠਾਰਾਂ ਸਾਲਾਂ ਦੀ ਭਰ ਜੁਆਨ। ਰਵੀਜੋਤ ਤੂੰ ਇਹੋ ਜਿਹੀਆਂ ਕਹਾਣੀਆਂ ਲੱਭ। ਇਨ੍ਹਾਂ ਪਾਤਰਾਂ ਨੂੰ ਕੋਟ ਕਰ। ਤੇਰਾ ਥੀਸਿਸ ਫੇਰ ਹੀ ਪੂਰਾ ਹੋਣਾ।"

ਉਹ ਜਾਣ ਲਈ ਉਠੇ ਤਾਂ ਮੈਂ ਉਨ੍ਹਾਂ ਨੂੰ ਬਾਹੋਂ ਫੜ ਕੇ ਬਿਠਾ ਲਿਆ ਸੀ। ਮੈਂ ਉਨ੍ਹਾਂ ਦੇ ਚਿਹਰੇ ਵੱਲ ਦੇਖਿਆ ਸੀ। ਥੀਸਿਸ ਦਾ ਵਿਸ਼ੇਸ਼ ਚੈਪਟਰ ਮੈਂ ਉਨ੍ਹਾਂ 'ਤੇ ਕੇਂਦਰਤ ਕੀਤਾ ਹੈ। ਪਰ ਇਹਦੇ ਨਾਲ-ਨਾਲ ਹੀ ਬਾਕੀ ਚੈਪਟਰਾਂ 'ਚ ਵੀ ਉਨ੍ਹਾਂ ਦੀ ਤਸਵੀਰ ਦਾ ਕੋਈ ਨਾ ਕੋਈ ਪੱਖ ਆ ਹੀ ਗਿਆ ਹੈ। ਮੈਂ ਇਸ ਤੋਂ ਬਚਣਾ ਚਾਹਿਆ ਸੀ ਪਰ ਘੁੰਮ-ਘੁਮਾ ਕੇ ਮੈਂ ਇਥੇ ਆ ਰੁੱਕਦੀ ਹਾਂ। ਫਾਈਨਲ ਕਾਪੀ ਤਿਆਰ ਕਰਦਿਆਂ ਮੈਨੂੰ ਬਹੁਤ ਕੁਝ ਕਟਣਾ ਪੈਣਾ ਹੈ। ਇਸ 'ਚ ਹੋਰ ਵੀ ਵਾਧਾ ਕਰਨਾ ਪੈਣਾ ਹੈ। ਸ਼ਾਇਦ ਮੈਨੂੰ ਉਨ੍ਹਾਂ ਦਾ ਕੋਈ ਹੋਰ ਪੱਖ ਲੱਭ ਪਵੇ। ਮੈਂ ਉਨ੍ਹਾਂ ਦੀ ਰਗ-ਰਗ ਤੋਂ ਵਾਕਫ਼ ਹਾਂ। ਉਹ ਮੇਰੇ ਮੰਮੀ ਹਨ। ਕਿਹਾ ਇਹ ਵੀ ਜਾਂਦਾ ਹੈ ਕਿ ਮਾਂ-ਧੀ ਦਾ ਇਕ ਪਰਦਾ ਹੁੰਦਾ। ਪਰ ਉਹ ਤਾਂ ਉਹਲਿਆਂ 'ਚ ਜੀਊਂ ਰਹੇ ਹਨ। ਇਹ ਮੇਰੀ ਇੱਛਾ ਹੈ ਜਾਂ ਜਿੱਦ ਕਿ ਉਨ੍ਹਾਂ ਦੇ ਮਨ ਦੀਆਂ ਬਾਕੀ ਗੰਢਾਂ ਖੋਲ੍ਹਣੀਆਂ ਹੀ ਖੋਲ੍ਹਣੀਆਂ ਹਨ। ਉਨ੍ਹਾਂ ਵੀ ਇਹ ਧਾਰ ਲਿਆ ਹੈ ਕਿ ਕਿਸੇ ਵੀ ਸਿਰੇ ਨੂੰ ਹੱਥ ਨਹੀਂ ਲਾਉਣ ਦੇਣਾ।

ਮੈਂ ਉਨ੍ਹਾਂ ਤੋਂ ਪੁੱਛ ਬੈਠੀ ਸੀ, "ਤੁਸੀਂ ਡੈਡੀ ਜੀ ਦੀ ਇੱਜ਼ਤ ਕਰਦੇ ਹੋ?"

"ਇਹ ਗੱਲ ਪੁੱਛਣ ਵਾਲੀ ਹੁੰਦੀ।"

"ਤੁਸੀਂ ਐਨੇ ਡਰਦੇ ਕਿਉਂ ਹੋ?"

"ਇਹ ਕੁਦਰਤੀ ਵਰਤਾਰਾ।"

"ਮੈਂ ਤੁਹਾਨੂੰ ਪੁੱਛਦੀ ਆਂ।"

"ਮੈਂ ਵੀ ਔਰਤ ਆਂ।"

ਸ਼ਾਮ ਨੂੰ ਸੁਸ਼ਮਾ ਨੇ ਆਉਣਾ ਹੈ। ਜਦੋਂ ਵੀ ਸ਼ੱਕ ਦਾ ਕੋਈ ਬੀਜ ਪੈਦਾ ਹੁੰਦਾ ਤਾਂ ਮੈਂ ਉਹ ਨੂੰ ਪੁੰਗਰਣ ਨਹੀਂ ਦਿੰਦੀ। ਸੁਸ਼ਮਾ ਕੋਲ ਜਾਂਦੀ ਜਾਂ ਟੈਲੀਫੋਨ 'ਤੇ ਉਹਦੇ ਨਾਲ ਡਿਸਕਸ ਕਰ ਲੈਂਦੀ ਹਾਂ। ਮੰਮੀ ਨੂੰ ਸੁਸ਼ਮਾ ਦੀਆਂ ਕਈ ਆਦਤਾਂ ਪਸੰਦ ਨਹੀਂ ਹਨ। ਉਹ ਨੂੰ ਦੇਖ ਕੇ ਉਨ੍ਹਾਂ ਨੂੰ ਖਿਝ ਚੜ੍ਹਦੀ ਹੈ। ਉਹ ਸ਼ੱਕੀ ਹੋ ਜਾਂਦੇ ਹਨ। ਉਹ ਵਾਰ-ਵਾਰ ਕਹਿੰਦੇ, "ਮੈਨੂੰ ਮੁੰਡਿਆਂ ਵਰਗੀਆਂ ਕੁੜੀਆਂ ਬਿਲਕੁਲ ਪਸੰਦ ਨ੍ਹੀਂ।" ਉਨ੍ਹਾਂ ਨੂੰ ਮੇਰੇ ਤੇ ਸੁਸ਼ਮਾ ਦੇ



www.PunjabiLibrary.com

ਸਹੇਲਪੁਣੇ ਦਾ ਪਤਾ ਹੈ। ਮੈਂ ਉਹਦੇ ਵੱਲ ਚਲੇ ਜਾਂਦੀ ਹਾਂ। ਉਹ ਮੇਰੇ ਕੋਲ ਆ ਜਾਂਦੀ ਹੈ।

****

ਮੈਂ ਬਾਲ-ਪੈੱਨ ਬੰਦ ਕਰ ਦਿੰਦੀ ਹਾਂ। ਥੱਕ ਗਈ ਹਾਂ। ਲੱਤਾਂ ਪਸਾਰ ਕੇ ਸਰੀਰ ਢਿੱਲਾ ਛੱਡ ਦਿੰਦੀ ਹਾਂ। ਮੰਮੀ ਦਾ ਚਿਹਰਾ ਮੇਰੇ ਸਾਹਮਣੇ ਫੈਲ ਗਿਆ ਹੈ। ਮੈਨੂੰ ਆਪਣੇ ਆਪ 'ਤੇ ਖਿਝ ਆਈ ਹੈ। ਹੈਰਾਨ ਹਾਂ। ਮੈਂ ਆਪਣੀ ਦੁਨੀਆ ਮੰਮੀ ਤੱਕ ਹੀ ਕਿਉਂ ਸੀਮਿਤ ਕਰ ਰਹੀ ਹਾਂ।

ਮੇਰੇ ਕਮਰੇ ਦੇ ਅੱਗਿਉਂ ਲੰਘਦੇ ਹੋਏ ਉਹ ਕਹਿੰਦੇ ਹਨ, "ਮੈਂ ਤੇਰਾ ਆਰਟੀਕਲ ਪੜ੍ਹ ਲਿਆ। ਬਹੁਤ ਵਧੀਆ। ਤੂੰ ਪਹਿਲਾਂ ਨਾਲੋਂ ਸਿਆਣੀ ਹੋ ਗਈਂ।" ਮੈਂ ਉਨ੍ਹਾਂ ਨੂੰ ਅੰਦਰ ਆਉਣ ਲਈ ਕਹਿੰਦੀ ਹਾਂ। ਉਹ ਆਉਂਦੇ ਹਨ। ਪਰ ਬੈਠਦੇ ਨਹੀਂ। ਮੈਂ ਮਲੋਜ਼ੋਰੀ ਉਹਨਾਂ ਨੂੰ ਬਿਠਾ ਲੈਂਦੀ ਹਾਂ। ਮੈਨੂੰ ਪੱਕਾ ਯਕੀਨ ਹੋ ਗਿਆ ਹੈ ਕਿ ਉਨ੍ਹਾਂ ਦੀ ਜ਼ਿੰਦਗੀ 'ਚ ਕਿਸੇ 'ਦੂਜੇ' ਦਾ ਦਖ਼ਲ ਅਵੱਸ਼ ਹੈ। ਇਹ ਦੂਸਰਾ ਕੌਣ ਹੈ-ਮੈਂ ਇਹਨੂੰ ਲੱਭਣਾ ਹੈ। ਉਨ੍ਹਾਂ ਨੇ ਇਸ ਬਾਰੇ ਕੁਝ ਨਹੀਂ ਦੱਸਣਾ। ਉਹ ਉਸ ਬਾਰੇ ਕੁਝ ਵੀ ਨਹੀਂ ਭੁੱਲੇ। ਉਨ੍ਹਾਂ ਨੂੰ ਸਭ ਕੁਝ ਯਾਦ ਹੈ। ਉਹ ਟਾਲ ਰਹੇ ਹਨ। ਮੈਂ ਉਨ੍ਹਾਂ ਦੀ ਗੋਦੀ 'ਚ ਸਿਰ ਰੱਖ ਲੈਂਦੀ ਹਾਂ। ਉਨ੍ਹਾਂ ਦੀਆਂ ਅੱਖਾਂ 'ਚ ਸਿੱਧਿਆਂ ਦੇਖਦੀ ਹਾਂ।

"ਤੁਹਾਨੂੰ ਕਿਹਨੇ ਗਮਗੀਨ ਕੀਤਾ?"

"ਕੀ?" ਉਹ ਤ੍ਰਬਕਦੇ ਹਨ।

"ਤੁਹਾਡਾ ਪਹਿਲਾ ਪਿਆਰ।"

ਉਹ ਖਿੜਖਿੜਾ ਕੇ ਹੱਸਦੇ ਹਨ। ਫੇਰ ਇਕਦਮ ਗੰਭੀਰ ਹੋ ਜਾਂਦੇ ਹਨ, "ਤੂੰ ਬਹੁਤ ਗਲਤ ਸੋਚਣ ਲੱਗ ਪਈਂ।"

"ਪਹਿਲਾਂ ਮੇਰੀ ਗੱਲ ਦਾ ਜੁਆਬ ਦਿਉ।"

"ਮੈਂ ਤੇਰੀ ਹਰੇਕ ਗੱਲ ਦਾ ਜੁਆਬ ਦੇਣ ਲਈ ਬਾਊਂਡ ਨ੍ਹੀਂ।"

ਮੈਂ ਕਿਸ ਪਾਸੇ ਆਪਣੀ ਸ਼ਕਤੀ ਗੁਆ ਰਹੀ ਹਾਂ। ਸ਼ਾਇਦ ਇਹ ਵੀ ਮੇਰਾ ਭ੍ਰਮ ਹੋਵੇ। ਅਜੇ ਬਹੁਤ ਕੰਮ ਕਰਨ ਵਾਲੇ ਪਏ ਹਨ। ਥੀਸਿਸ ਪੂਰਾ ਕਰਕੇ ਟਾਈਪ ਕਰਾਉਣਾ ਹੈ। ਮੇਰੇ ਕੋਲ ਤਾਂ ਸਿਰ ਖੁਰਕਣ ਦੀ ਵਿਹਲ ਨਹੀਂ। ਗਾਈਡ ਕੋਲ ਵੀ ਜਾਣਾ ਹੈ।

ਬੈੱਡ 'ਤੇ ਪਏ ਖਿਲਾਰੇ ਨੂੰ ਗੀਝ ਲਾ ਕੇ ਦੇਖਦਿਆਂ ਹੋਇਆਂ ਉਹ ਕਹਿੰਦੇ ਹਨ, "ਤੂੰ ਇਹ ਜ਼ਰੂਰ ਲਿਖੀਂ-ਬੰਦੇ ਨੇ ਤਾਂ ਔਰਤ ਨੂੰ ਕੀ ਸਮਝਣਾ ਸੀ-ਔਰਤ ਵੀ ਔਰਤ ਨੂੰ ਸਮਝ ਨ੍ਹੀਂ ਸਕੀ।"

ਉਨ੍ਹਾਂ ਮੈਨੂੰ ਨਿਰਉੱਤਰ ਕਰ ਦਿੱਤਾ ਸੀ। ਮੈਂ ਕੁਝ ਕਹਿੰਦੀ ਇਸ ਤੋਂ ਪਹਿਲਾਂ ਹੀ ਉਹ ਬੋਲੇ, "ਮੇਰੀਏ ਧੀਏ-ਔਰਤ ਮਾਂ ਕਰਕੇ ਹੀ ਮਹਾਨ ਹੁੰਦੀ ਆ।"

## ਆਤਮ-ਪੁਰਾਣ

ਮਰਜਾਣੀਏ। ਕੁੱਤੀਏ। ਲੁੱਚੀਏ।

ਇਹ ਸ਼ਬਦ ਮੈਂ ਇਕੱਲੀ ਨੇ ਨਹੀਂ ਘੜੇ। ਮੇਰੇ ਨਾਲ ਦੋ ਹੋਰ ਹਨ। ਸਪਨਾ ਤੇ ਮਨਪ੍ਰੀਤ। ਨਹੀਂ ਸਨ। ਇੱਕ ਅੱਧ ਵਿਚਕਾਰ ਸਾਥ ਛੱਡ ਗਈ। ਸ਼ਾਇਦ ਥੋੜ੍ਹੇ ਚਿਰ ਲਈ। ਉਹ ਇਥੇ ਕਿਤੇ ਹੀ ਹੈ। ਨੇੜੇ-ਤੇੜੇ। ਸੱਜੇ-ਖੱਬੇ। ਮੇਰੀਆਂ ਯਾਦਾਂ 'ਤੇ ਭਾਰੂ। ਮੈਨੂੰ ਭੁੱਲਿਆ ਵਿਸਰਿਆ ਯਾਦ ਕਰਾਉਂਦੀ। ਹਸਾਉਂਦੀ। ਰੁਆਉਂਦੀ। ਝਿੜਕਦੀ। ਘੂਰਦੀ।

ਇਹ ਦੋਵੇਂ ਮੇਰੇ ਵਰਗੀਆਂ ਹਨ। ਮੇਰੀ ਕਾਰਬਿਨ ਕਾਪੀ। ਜਾਂ ਮੈਂ ਹੀ ਉਨ੍ਹਾਂ ਦੀ ਕਾਰਬਿਨ ਕਾਪੀ। ਜਦੋਂ ਤਿੰਨੋਂ ਮਿਲ ਬੈਠਦੀਆਂ ਜਾਂ ਇਕ ਦੂਜੀ ਨੂੰ ਫੋਨ ਕਰਦੀਆਂ ਤਾਂ ਆਪਸ 'ਚ ਇਨ੍ਹਾਂ ਸ਼ਬਦਾਂ ਨਾਲ ਸੰਬੋਧਨ ਹੁੰਦੀਆਂ: ਮਰਜਾਣੀਏ-ਕੁੱਤੀਏ-ਲੁੱਚੀਏ। ਤਿੰਨਾਂ ਦੇ ਹਿੱਸੇ ਇੱਕ-ਇੱਕ ਸ਼ਬਦ ਆਇਆ ਸੀ। ਗੁੱਸੇ ਨਾਲ ਨਹੀਂ। ਈਰਖਾ ਨਾਲ ਨਹੀਂ। ਅਪਣੱਤ ਨਾਲ। ਮੋਹ ਨਾਲ।

ਹੁਣ ਜਿਥੇ ਮੈਂ ਬੈਠੀ ਹਾਂ-ਇਹ ਕਮਰਾ ਨਹੀਂ। ਇਹ ਤਾਂ ਰੀਡਿੰਗ ਰੂਮ ਹੈ। 6x6 ਫੁੱਟ ਦਾ। ਰਸੋਈ ਪਿਛੇ ਜਗਾ ਬਚੀ ਸੀ। ਨਕਸ਼ਾ ਬਣਾਉਣ ਵਾਲੇ ਦਾ ਇਸ ਪਾਸੇ ਧਿਆਨ ਹੀ ਨਹੀਂ ਗਿਆ ਸੀ। ਇਹ ਇਕ ਪਾਸੇ ਨੂੰ ਪੈਂਦਾ ਹੈ। ਨਿਤਿਸ਼ ਨੇ ਪਲਾਈ ਲਗਾ ਕੇ ਇਹਨੂੰ ਰੀਡਿੰਗ ਰੂਮ ਬਣਾ ਦਿੱਤਾ ਹੈ। ਥੱਲੇ ਕਾਰਪਿਟ ਵਿਛਾ ਦਿੱਤਾ ਹੈ। ਉਹਨੂੰ ਹੇਠਾਂ ਬੈਠਣਾ ਚੰਗਾ ਲੱਗਦਾ ਹੈ। ਮੈਨੂੰ ਨਹੀਂ। ਮੈਨੂੰ ਇਹਦੀ ਲੋੜ ਪਈ ਤਾਂ ਮੈਂ ਕੁਰਸੀ ਮੇਜ਼ ਲਿਆ ਰੱਖੇ। ਜਿਸ ਨੂੰ ਇਕੱਲਤਾ ਦੀ ਲੋੜ ਪੈਂਦੀ ਜਾਂ ਕੋਈ ਇਕੱਲਾ ਬੈਠ ਕੇ ਪੜ੍ਹਨਾ ਚਾਹੁੰਦਾ, ਉਹ ਇਥੇ ਆ ਬੈਠਦਾ। ਇਸ ਸ਼ਰਤ 'ਤੇ ਕਿ ਜਦੋਂ ਉਹ ਇਥੋਂ ਉਠੇਗਾ ਤਾਂ ਆਪਣੀ ਕੋਈ ਨਿਸ਼ਾਨੀ ਨਹੀਂ ਛੱਡ ਕੇ ਜਾਵੇਗਾ। ਇਹ ਸਖਤ ਅਨੁਸ਼ਾਸਨ ਹੈ।

ਜਦੋਂ ਘਰ 'ਚ ਕੋਈ ਨਹੀਂ ਹੁੰਦਾ ਜਾਂ ਹੁੰਦਿਆਂ ਹੋਇਆਂ ਵੀ ਆਪਣੇ ਕਮਰੇ 'ਚ ਕਿਸੇ ਦੂਜੇ ਦੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕਰਦੇ ਜਾਂ, ਮੈਂ ਬਿਲਕੁਲ ਇਕੱਲੀ ਹੋਵਾਂ ਤਾਂ ਸੋਚਣ ਲੱਗ ਜਾਂਦੀ ਹਾਂ-ਪੰਤਾਲੀ ਵਰ੍ਹੇ ਬੀਤ ਗਏ। ਇਨ੍ਹਾਂ ਸਾਲਾਂ 'ਚ ਮੈਂ ਕੀ-ਕੀ ਖਾਸ ਕੀਤਾ? ਕੀ ਖਟਿਆ? ਕੀ ਕਮਾਇਆ? ਮੈਨੂੰ ਵਾਰ-ਵਾਰ ਲੱਗਦਾ- ਬਹੁਤਾ ਗਵਾਇਆ ਹੀ ਸੀ। ਖਾਧਾ। ਪੀਤਾ। ਪਤੀ ਨਾਲ ਸੌਂ ਲਿਆ। ਇਸ ਤੋਂ ਵਧ ਕੀ ਸੀ? ਜਾਂ ਇਹੋ ਪ੍ਰਾਪਤੀ



ਸੀ ਕਿ ਦੋ ਨਿਆਣੇ ਜੰਮ ਲਏ। ਇਕ ਨਿਤਿਸ਼ ਦੀ ਇੱਛਾ ਅਨੁਸਾਰ। ਦੂਜੇ ਦੀ ਲੋੜ ਮੈਂ ਅਹਿਮ ਸਮਝ ਲਈ। ਦਸ ਸਾਲਾਂ ਬਾਅਦ ਆਪਣੀ ਕੋਠੀ ਬਣਾਉਣ ਦਾ ਜਨੂੰਨ ਸਿਰ 'ਤੇ ਆ ਚੜ੍ਹਿਆ। ਆਪ ਹਾਊਸ ਬਿਲਡਿੰਗ ਅਡਵਾਂਸ ਲਿਆ। ਨਿਤਿਸ਼ ਨੇ ਝੂਠਾ ਮੂਠਾ ਐਫੀਡੈਵਿਟ ਦੇ ਕੇ ਪ੍ਰੋਵੀਡੈਂਟ ਫੰਡ 'ਚੋਂ ਪੈਸੇ ਕਢਵਾਏ। ਵੱਡਾ ਕੰਮ ਛੇੜ ਲਿਆ। ਬਜਟ ਗੜਬੜਾ ਗਿਆ। ਮੈਂ ਆਪਣੇ ਰਿਸ਼ਤੇਦਾਰਾਂ ਵੱਲ ਭੱਜੀ। ਨਿਤਿਸ਼ ਨੇ ਦੋਸਤਾਂ ਤੋਂ ਬਾਅਦ ਭੈਣ ਜੀ ਤੇ ਜੀਜਾ ਜੀ ਦਾ ਪਲਾ ਫੜਿਆ। ਮਸਾਂ-ਮਸਾਂ ਕੋਠੀ ਸਿਰੇ ਚੜ੍ਹੀ। ਤਿੰਨ ਸਾਲ ਉਧਾਰ ਚੁਕਾਇਆ। ਫੇਰ ਦੋ ਪੈਸੇ ਜੋੜੇ। ਬੱਚੇ ਵੱਡੇ ਹੋ ਗਏ। ਉਨ੍ਹਾਂ ਦੀਆਂ ਮੰਗਾਂ ਵਧ ਗਈਆਂ। ਇਕ ਦਿਨ ਉਹ ਕਾਰ ਮਗਰ ਪੈ ਗਏ। ਨਿਤਿਸ਼ ਆਪ ਭਾਵੇਂ ਔਖਾ ਹੋ ਲਵੇ, ਬੱਚਿਆਂ ਦੀ ਮੰਗ ਜ਼ਰੂਰ ਪੂਰੀ ਕਰਦਾ। ਮੈਂ ਪੁਰਾਣੀ ਖਰੀਦਣ ਦੇ ਹੱਕ 'ਚ ਸੀ। ਉਨ੍ਹਾਂ ਨਵੀਂ ਕਢਵਾਉਣ ਦਾ ਨੰਨਾ ਫੜ ਲਿਆ। ਬੈਂਕ 'ਚੋਂ ਲੋਨ ਲੈਣਾ ਪਿਆ। ਨਿਤਿਸ਼ ਆਪਣੀ ਜਮ੍ਹਾਂ-ਘਟਾਉ 'ਚ ਫਸ ਗਿਆ। ਮੈਂ ਆਪਣੀਆਂ ਗਿਣਤੀਆਂ ਮਿਣਤੀਆਂ 'ਚ ਉਲਝ ਗਈ।

ਕਿੰਨੀ ਜਲਦੀ ਇੰਨੇ ਸਾਲ ਬੀਤ ਗਏ।

ਹੁਣ ਮੈਨੂੰ ਕਈ ਚੀਜ਼ਾਂ ਪਸੰਦ ਆਉਣ ਲੱਗੀਆਂ ਹਨ। ਉਹ ਹੀ ਚੀਜ਼ਾਂ ਜਿਨ੍ਹਾਂ ਵੱਲ ਪਹਿਲਾਂ ਮੇਰਾ ਧਿਆਨ ਨਹੀਂ ਗਿਆ ਸੀ ਜਾਂ ਜਿਨ੍ਹਾਂ ਦਾ ਮੈਨੂੰ ਚਿਤ ਚੇਤਾ ਨਹੀਂ ਰਿਹਾ ਸੀ।

ਇਹ ਕਿਹੜਾ ਗਲੇਸ਼ੀਅਰ ਪਿਘਲਣ ਲੱਗਾ ਹੈ? ਮੈਨੂੰ ਲੱਗਦਾ ਹੈ ਜਿਵੇਂ ਮੈਂ ਇਕ ਵਾਰ ਫੇਰ ਤੋਂ ਜੁਆਨ ਹੋਣ ਲੱਗੀ ਹਾਂ। ਇਹ ਤਬਦੀਲੀ ਦੋ ਕੁ ਸਾਲਾਂ ਤੋਂ ਆਈ ਹੈ। ਮੈਨੂੰ ਆਲਾ ਦੁਆਲਾ ਚੰਗਾ-ਚੰਗਾ ਲੱਗਦਾ ਹੈ। ਮਨਮੋਹਕ। ਨਾ ਤਾਂ ਮਨ ਮੇਰੇ ਵੱਸ 'ਚ ਰਹਿੰਦਾ ਹੈ। ਨਾ ਹੀ ਸਰੀਰ। ਇਹ ਬੜੀ ਛੇਤੀ ਬੇਲਗ਼ਾਮ ਹੋ ਜਾਂਦਾ ਹੈ। ਮੇਰੇ ਕਾਬੂ 'ਚ ਕੁਝ ਨਹੀਂ ਰਹਿੰਦਾ। ਇਹ ਕਿਹਨੂੰ ਦੱਸਾਂ ਜਾਂ ਕਿਸ ਤੋਂ ਪੁੱਛਾਂ-ਇਹ ਐਨਾ ਅਥਰਾ ਪਹਿਲਾਂ ਕਿਉਂ ਨਾ ਹੋਇਆ। ਸ਼ਾਇਦ ਹੋਇਆ ਵੀ ਹੋਵੇ। ਮੈਨੂੰ ਬਹੁਤੀਆਂ ਗੱਲਾਂ ਭੁੱਲ ਗਈਆਂ ਹਨ। ਮੈਂ ਕੀ ਯਾਦ ਕਰਨਾ ਚਾਹੁੰਦੀ ਹਾਂ। ਇਸ ਦੇ ਉਲਟ ਕੁਝ ਹੋਰ ਹੀ ਯਾਦ ਆਉਣ ਲੱਗਦਾ ਹੈ। ਮੈਂ ਕਪੜੇ ਪਹਿਨਦੀ ਤੇ ਨਿਤਿਸ਼ ਅਗੇ ਜਾ ਖੜੋਂਦੀ ਹਾਂ। ਪੁੱਛਦੀ ਹਾਂ-'ਤੁਹਾਨੂੰ ਕਿਵੇਂ ਦੇ ਲੱਗਦੇ?' ਉਹ ਦੂਰੋਂ ਹੀ ਪ੍ਰਸ਼ੰਸਾ ਦੇ ਪੁੱਲ ਬੰਨ ਦਿੰਦਾ ਹੈ। ਕਿਸੇ ਸੂਟ ਨੂੰ ਹੱਥ 'ਚ ਫੜ ਕੇ ਨਹੀਂ ਦੇਖਦਾ। ਇਕ ਇਹ ਵੀ ਇੱਛਾ ਜਾਗਦੀ ਕਿ ਉਹ ਮੇਰੇ ਕਪੜੇ ਆਪ ਖਰੀਦ ਕੇ ਲਿਆਵੇ। ਮੈਂ ਆਪਣੇ ਮਨ ਦੀ ਗੱਲ ਉਸਨੂੰ ਦੱਸੀ ਸੀ। ਉਸ ਕਿਹਾ ਸੀ-'ਅਗੇ ਮੈਂ ਕਦੇ ਖਰੀਦੇ ਆ। ਤੂੰ ਮੇਰੇ ਲਈ ਖਰੀਦ ਕੇ ਲਿਆਉਂਦੀ ਆਂ। ਕਪੜਿਆਂ ਦੇ ਮਾਮਲੇ 'ਚ ਮੈਂ ਬੁੱਧੂ ਹਾਂ।' ਉਸ ਇੰਨੇ ਭੋਲੇ ਜਿਹੇ ਮੂੰਹ ਨਾਲ ਕਿਹਾ ਸੀ ਕਿ ਮੈਂ ਮੋਹ ਨਾਲ ਭਰ ਗਈ ਸੀ। ਕਿਹਾ ਸੀ-'ਹਾਂ-ਤੁਸੀਂ ਬੁੱਧੂ ਹੋ। ਕਈ ਹੋਰ ਮਾਮਲਿਆਂ 'ਚ ਵੀ।'

ਮੈਂ ਕਿਹੜਾ ਆਤਮ ਪੁਰਾਣ ਖੋਲ੍ਹਣ ਬੈਠੀ ਸੀ-ਖੋਲ੍ਹ ਕਿਹੜਾ ਬੈਠੀ। ਨਿਤਿਸ਼ ਠੀਕ ਕਹਿੰਦਾ ਹੈ-'ਅੱਜ ਕਲ੍ਹ ਤੂੰ ਫਜ਼ੂਲ ਗੱਲਾਂ ਕਰਨ ਲਗ ਪਈਂ।'...

ਇਹ ਮੇਰੀ ਕਹਾਣੀ ਹੈ ਜਾਂ ਸਪਨਾ ਦੀ ਜਾਂ ਮਨਪ੍ਰੀਤ ਦੀ? ਇਹਦੇ ਬਾਰੇ ਕੀ



www.PunjabiLibrary.com

ਕਹਾਂ ? ਅਸੀਂ ਤਿੰਨੋਂ ਇਕੋ ਜਿਹੀਆਂ ਹਾਂ। ਅੰਦਰੋਂ ਵੀ। ਬਾਹਰੋਂ ਵੀ। ਤਨੋਂ ਵੀ। ਮਨੋਂ ਵੀ। ਮੁੜ ਕੇ ਜੁਆਨ ਹੋਈਆਂ। ਟਪੂ-ਟਪੂ ਕਰਦੀਆਂ। ਆਪਣੇ ਆਪ ਨੂੰ ਬਚਾ ਬਚਾ ਕੇ ਰੱਖਦੀਆਂ। ਸਾਡੇ 'ਚ ਉਮਰ ਪੱਖੋਂ ਬਹੁਤਾ ਫਰਕ ਨਹੀਂ। ਕਿੱਤੇ ਵੱਲੋਂ ਵੀ। ਸੋਸ਼ਲ ਸਟੇਟਸ ਵੱਲੋਂ ਵੀ। ਮੀਆਂ ਤੇ ਬੱਚਿਆਂ ਵੱਲੋਂ ਵੀ।

ਸਪਨਾ ਮੇਰੇ ਹੁਝਾਂ ਮਾਰਨ ਲੱਗੀ ਹੈ। ਇਹ ਬੜੀ ਜਿੱਦੀ ਹੈ। ਬੜੀ ਛੇਤੀ ਕਾਹਲੀ ਪੈ ਜਾਂਦੀ ਹੈ। ਇਹ ਕਹਿ ਰਹੀ ਹੈ ਕਿ ਪਹਿਲਾਂ ਉਹਦੇ ਬਾਰੇ ਗੱਲ ਕਰਾਂ।

ਮਨਪ੍ਰੀਤ ਚੁੱਪ ਹੈ। ਉਸ 'ਚ ਬੜਾ ਧੀਰਜ ਹੈ।

ਸਪਨਾ ? ਮਨਪ੍ਰੀਤ ? ਮੈਂ ?

ਪਹਿਲਾਂ ਸਪਨਾ ਬਾਰੇ ਹੀ ਦੱਸਦੀ ਹਾਂ।

ਉਹ ਮੇਰੀ ਮਾਸੀ ਜੀ ਦੀ ਵੱਡੀ ਧੀ ਹੈ। ਤੰਗੀਆਂ ਤੁਰਸ਼ੀਆਂ 'ਚ ਜੰਮੀ। ਪਲੀ। ਨਾ ਚੰਗਾ ਖਾਣ ਨੂੰ ਮਿਲਿਆ। ਨਾ ਚੰਗਾ ਪਹਿਨਣ ਨੂੰ। ਉਪਰੋਂ ਬੰਦਸ਼ਾਂ ਹੀ ਬੰਦਸ਼ਾਂ। ਦਮ ਘੋਟੂ ਮਹੌਲ। ਬਾਹਰਲਾ ਦਰਵਾਜ਼ਾ ਖੁੱਲ੍ਹਾ ਨਹੀਂ ਛੱਡਣਾ। ਛੱਤ 'ਤੇ ਨਹੀਂ ਜਾਣਾ। ਉੱਚੀ-ਉੱਚੀ ਹੱਸਣਾ ਨਹੀਂ। ਸਪਨਾ ਨੇ ਪਿਛਲੇ ਕਮਰੇ 'ਚ ਮੰਦਰ ਬਣਾ ਰੱਖਿਆ ਸੀ। ਬਸੁੰਰੀ ਵਾਲੇ ਦੀ ਮੂਰਤੀ ਅਗੇ ਉਹ ਦੋ ਵੇਲੇ ਆਰਤੀ ਕਰਦੀ। ਸੋਮਵਾਰ ਦਾ ਵਰਤ ਰੱਖਦੀ। ਘਰ ਦੇ ਨੇੜੇ ਪੈਂਦੇ ਮੰਦਰ 'ਚ ਉਹ ਮੱਥਾ ਟੇਕਣ ਜਾਂਦੀ। ਘਰੋਂ ਸਕੂਲ ਤੇ ਸਕੂਲੋਂ ਘਰ। ਰਸਤੇ ਵਿਚ ਕਿਤੇ ਵੀ ਨਾ ਰੁਕਣ ਦੀ ਹਦਾਇਤ ਸੀ। ਉਹ ਨੂੰ ਉਹਦੀਆਂ ਸਾਥਣਾਂ 'ਸੰਤਣੀ' ਕਹਿੰਦੀਆਂ। ਉਸਨੂੰ ਸੰਤਣੀ ਕਹਿਲਾਉਣਾ ਚੰਗਾ ਲੱਗਦਾ। ਉਸ ਦਾ ਮਨ ਕਰਦਾ ਕਿ ਉਹ ਕੇਸਰੀਆ ਬਾਨਾ ਪਾਵੇ ਤੇ ਵਿੰਦਰਾਵਣ ਚਲੇ ਜਾਵੇ। ਉਹ ਘਰ ਤੇ ਸਕੂਲ 'ਚ ਬਹੁਤ ਘੱਟ ਬੋਲਦੀ ਸੀ। ਮਾਸੜ ਜੀ ਜਿੰਨਾ ਚਿਰ ਜਿਉਂਦੇ ਰਹੇ ਉਨ੍ਹਾਂ ਆਪਣੀਆਂ ਮਨ ਆਈਆਂ ਕੀਤੀਆਂ। ਸਿਰਫ਼ ਤੇ ਸਿਰਫ਼ ਆਪਣੇ ਢਿੱਡ ਬਾਰੇ ਸੋਚਿਆ। ਉਨ੍ਹਾਂ ਦੀ ਘੜੀਆਂ ਦੀ ਦੁਕਾਨ ਸੀ। ਗ੍ਰਾਹਕ ਚੰਗੇ ਆ ਜਾਂਦੇ ਤਾਂ ਅੰਗਰੇਜ਼ੀ ਬੋਤਲ ਖੋਲ੍ਹ ਲੈਂਦੇ। ਅਗੋਂ ਪਿਛੋਂ ਦੇਸੀ ਚਲਦੀ। ਉਨ੍ਹਾਂ ਦਾ ਲੀਵਰ ਡੈਮੇਜ਼ ਹੋ ਗਿਆ। ਮਹੀਨਾ ਭਰ ਹਸਪਤਾਲ ਰਹੇ। ਘਰ 'ਚ ਜਿਹੜੇ ਦੋ ਪੈਸੇ ਸਨ ਉਹ ਉਨ੍ਹਾਂ ਦੀ ਬੀਮਾਰੀ 'ਤੇ ਲਗ ਗਏ। ਉਪਰੋਂ ਉਧਾਰ ਸਿਰ ਚੜ੍ਹ ਗਿਆ। ਘਰੇ ਤਾਂ ਉਨ੍ਹਾਂ ਦੀ ਲਾਸ਼ ਵੀ ਨਾ ਆਈ। ਸਪਨਾ ਤੋਂ ਛੋਟੀਆਂ ਦੋ ਭੈਣਾਂ ਸਨ। ਇਕ ਭਰਾ। ਕੋਈ ਕਮਾਊ ਜੀਅ ਨਹੀਂ ਸੀ। ਮਾਸੀ ਜੀ ਨੇ ਪਹਿਲਾਂ ਵੀ ਕਦੇ ਵਿਹਲਿਆਂ ਬੈਠ ਕੇ ਨਹੀਂ ਦੇਖਿਆ ਸੀ, ਹੁਣ ਇਕ ਹੋਰ ਸਿਲਾਈ ਮਸ਼ੀਨ ਡਾਹ ਲਈ। ਸਪਨਾ ਲਈ। ਸਪਨਾ ਸਕੂਲ ਤੋਂ ਆ ਕੇ ਮਸ਼ੀਨ ਅੱਗੇ ਆ ਬੈਠਦੀ। ਇਹ ਸਿਲਸਿਲਾ ਰਾਤ ਦੇ ਦਸ ਵਜੇ ਤਕ ਚਲਦਾ। ਸੌਣ ਤੋਂ ਪਹਿਲਾਂ ਉਹ ਸਕੂਲ ਦਾ ਕੰਮ ਕਰਦੀ। ਕਪੜੇ ਸਿਉਂਦੀ-ਸਿਉਂਦੀ ਪਾਠ ਦੁਹਰਾਉਂਦੀ। ਹਾਇਰ ਸੈਕੰਡਰੀ ਪਾਰਟ ਦੂਜਾ ਕੀਤਾ ਤੇ ਪੰਜਾਬ ਸੀਲੈਕਸ਼ਨ ਬੋਰਡ 'ਚ ਨਿਕਲੀਆਂ ਕਲਰਕ ਦੀਆਂ ਪੋਸਟਾਂ ਲਈ ਫਾਰਮ ਭਰ ਦਿੱਤਾ। ਪ੍ਰੀਖਿਆ ਪਾਸ ਕੀਤੀ। ਸੀਲੈਕਸ਼ਨ ਹੋ ਗਈ। ਪਹਿਲੀ ਨੌਕਰੀ ਘਰ ਤੋਂ ਤੀਹ ਮੀਲ ਦੂਰ ਗੜਸ਼ੰਕਰ ਮਿਲੀ। ਬਸ 'ਤੇ ਜਾਣਾ। ਬਸ 'ਤੇ ਆਉਣਾ। ਘਰ ਦੀ ਤੰਗੀ ਨੂੰ ਠੁੰਮਣਾ ਮਿਲਿਆ। ਪਰ ਮਾਸੀ ਜੀ ਮਸ਼ੀਨ ਅਗੇਉਂ ਨਾ ਉਠੇ। ਇਹਦੇ ਬਿਨਾਂ ਗੁਜ਼ਾਰਾ ਨਹੀਂ ਸੀ। ਬੱਸ ਐਨਾ ਕੁ ਫਰਕ ਪਿਆ ਕਿ ਉਨ੍ਹਾਂ ਸਪਨਾ ਹੱਥੋਂ ਕੈਂਚੀ



ਤੇ ਸੂਈ ਖੋਹ ਲਈ। ਹੁਣ ਸਪਨਾ ਵਾਲੀ ਮਸ਼ੀਨ ਉਸ ਤੋਂ ਛੋਟੀ ਨੇ ਸੰਭਾਲ ਲਈ ਸੀ। ਉਹਨਾਂ ਸਪਨਾ ਨੂੰ ਸਮਝਾਇਆ -'ਧੀਏ, ਤੂੰ ਹੁਣ ਆਪਣੇ ਬਾਰੇ ਸੋਚ।' ਉਹਨੇ ਕੀ ਸੋਚਣਾ ਸੀ। ਉਹਦੇ ਕੋਲ ਸੋਚਣ ਦਾ ਸਮਾਂ ਹੀ ਨਹੀਂ ਹੁੰਦਾ ਸੀ। ਅੱਠ ਵਜੇ ਘਰੋਂ ਜਾਣਾ ਪੈਂਦਾ। ਸਾਢੇ ਛੇ ਵਜੇ ਉਹ ਮੁੜਦੀ। ਜਾਣ ਆਉਣ 'ਚ ਥੱਕ ਜਾਂਦੀ। ਉਸ ਨੂੰ ਆਪਣੇ ਨਾਲੋਂ ਜ਼ਿਆਦਾ ਫ਼ਿਕਰ ਛੋਟੀਆਂ ਦਾ ਸੀ। ਉਹ ਉਨ੍ਹਾਂ ਨੂੰ ਪੜ੍ਹਾਉਂਦੀ। ਯਾਦ ਕੀਤਾ ਸੁਣਦੀ। ਥੱਕ ਕੇ ਸੌਂ ਜਾਂਦੀ। ਛੋਟੀਆਂ ਮੈਟ੍ਰਿਕ 'ਚ ਸਨ। ਉਨ੍ਹਾਂ ਤੋਂ ਛੋਟਾ ਮਿਡਲ 'ਚ। ਉਸਦਾ ਸੈਕਸ਼ਨ ਅਫਸਰ ਭਲਾ ਪੁਰਸ਼ ਸੀ। ਉਹਨੇ ਹੀ ਜ਼ੋਰ ਪਾ ਕੇ ਪਹਿਲਾਂ ਉਸ ਤੋਂ ਪ੍ਰਾਈਵੇਟ ਗਰੇਜੂਏਸ਼ਨ ਕਰਾਈ। ਉਸ ਸੈਕਸ਼ਨ ਅਫਸਰ ਦੀ ਬਦਲੀ ਹੋ ਗਈ। ਉਹ ਜਾਂਦਾ-ਜਾਂਦਾ ਉਹਨੂੰ ਸਮਝਾ ਗਿਆ ਕਿ ਉਹਨੂੰ ਐਸ. ਏ. ਐਸ. ਦੀ ਪ੍ਰੀਖਿਆ ਅਵੱਸ਼ ਦੇਣੀ ਚਾਹੀਦੀ ਹੈ। ਉਹ ਇਧਰ ਜੁਟ ਗਈ। ਪਹਿਲੀ ਵਾਰ ਫੇਲ੍ਹ ਹੋਈ। ਦੂਜੀ ਵਾਰ ਅੰਗਰੇਜ਼ੀ ਦੀ ਅਗਜਮਸ਼ਨ ਆ ਗਈ। ਇਕੋ ਵਿਸ਼ਾ ਰਹਿ ਗਿਆ। ਤੀਜੇ ਸਾਲ ਉਹਨੇ ਕਿਲ੍ਹਾ ਫਤਿਹ ਕਰ ਲਿਆ। ਦੋ ਮਹੀਨਿਆਂ ਬਾਅਦ ਉਹ ਲੁਧਿਆਣੇ ਸੈਕਸ਼ਨ ਅਫਸਰ ਲੱਗ ਗਈ। ਇੰਟਰਨਲ ਆਡਿਟ 'ਚ। ਪੰਝੀ ਸਾਲਾਂ ਦੀ ਸੈਕਸ਼ਨ ਅਫ਼ਸਰ। ਇਹ ਵੀ ਆਪਣੇ ਆਪ 'ਚ ਇਕ ਰਿਕਾਰਡ ਸੀ। ਫਾਈਨਾਸ ਡਿਪਾਰਟਮੈਂਟ ਦਾ ਅਹਿਮ ਰਿਕਾਰਡ। ਮਾਸੀ ਜੀ ਦੀ ਖ਼ੁਸ਼ੀ ਦੇਖਣ ਵਾਲੀ ਸੀ। ਉਨ੍ਹਾਂ ਦਾ ਤਾਂ ਜਿਵੇਂ ਜਨਮ ਹੀ ਸਫਲ ਹੋ ਗਿਆ ਹੋਵੇ। ਸਪਨਾ ਨੂੰ ਨਵਾਂ ਸਕੇਲ ਮਿਲਿਆ। ਤਨਖ਼ਾਹ ਪਹਿਲਾਂ ਨਾਲੋਂ ਦੁੱਗਣੀ ਹੋ ਗਈ। ਪਰ ਮਾਸੀ ਜੀ ਛੇਤੀਂ ਕਿਤੇ ਉਹਦੇ ਪੈਸਿਆਂ ਨੂੰ ਹੱਥ ਨਹੀਂ ਲਾਉਂਦੇ ਸਨ। ਉਹ ਪਹਿਲਾਂ ਵੀ ਸਪਨਾ ਨੂੰ ਵਿਆਹ ਲਈ ਜ਼ੋਰ ਲਾ ਰਹੇ ਸਨ। ਹੁਣ ਉਹ ਕਾਹਲੇ ਹੀ ਪੈ ਗਏ। ਉਨ੍ਹਾਂ ਰਿਸ਼ਤੇਦਾਰਾਂ ਵੱਲ ਨੱਠਭੱਜ ਕੀਤੀ। ਐਮ. ਬੀ. ਬੀ. ਐਸ. ਮੁੰਡਾ ਲੱਭ ਪਿਆ। ਲੱਭਾ ਨਹੀਂ-ਇਹ ਸਪਨਾ ਦੀ ਪਸੰਦ ਸੀ। ਉਸ ਦੀ ਚੋਣ ਸੀ। ਦੋਹਾਂ ਦੀ ਆਪਣੀ ਅੰਡਰਸਟੈਂਡਿੰਗ ਸੀ। ਮਾਸੀ ਜੀ ਪਹਿਲਾਂ ਅੜੇ ਸਨ। ਰੁੱਸੇ ਸਨ। ਫੇਰ ਸਪਨਾ ਦਾ ਦ੍ਰਿੜ ਇਰਾਦਾ ਦੇਖ ਕੇ ਉਨ੍ਹਾਂ ਅੱਧਮੰਨੇ ਮਨ ਨਾਲ ਹਾਂ ਕਰ ਦਿੱਤੀ ਸੀ।

ਇਹੀ ਸਪਨਾ ਦੋ ਕੁ ਮਹੀਨੇ ਪਹਿਲਾਂ ਘਰੋਂ ਦੌੜ ਗਈ।

ਉਹਦੀ ਦੌੜਨ ਵਾਲੀ ਗੱਲ ਦੀ ਮੈਨੂੰ ਸਮਝ ਨਹੀਂ ਲੱਗੀ। ਉਹ ਕਿਵੇਂ ਬਾਗੀ ਹੋ ਗਈ ? ਉਸ 'ਚ ਏਨਾ ਉਤਸ਼ਾਹ ਕਿੱਥੋਂ ਆ ਗਿਆ ? ਉਸ ਇਸ ਬਾਰੇ ਮੈਨੂੰ ਕਿਉਂ ਨਹੀਂ ਦੱਸਿਆ। ਉਹ ਤਾਂ ਨਿੱਕੀ ਤੋਂ ਨਿੱਕੀ ਜਿਹੀ ਗੱਲ ਵੀ ਮੇਰੇ ਨਾਲ ਸਾਂਝੀ ਕਰਦੀ ਸੀ। ਜੇ ਉਸ ਹੁਣੇ ਹੀ ਫੋਨ ਕੀਤਾ ਹੁੰਦਾ, ਤਾਂ ਅਗਲੇ ਪਲ ਉਸਨੂੰ ਕੁਝ ਭੁੱਲਿਆ ਵਿਸਰਿਆ ਯਾਦ ਆ ਜਾਂਦਾ, ਉਹ ਫੇਰ ਮੈਨੂੰ ਦੱਸਦੀ। ਜਿਵੇਂ ਮੈਂ ਉਹਦੀ ਗਾਈਡ ਹੋਵਾਂ। ਉਹ ਕਹਿਦੀ, "ਜੇ ਮੈਂ ਆਪਣਾ ਰੰਡੀ ਰੋਣਾ ਤੇਰੇ ਨਾਲ ਸ਼ੇਅਰ ਨਾ ਕਰਾਂ, ਤਾਂ ਕਰਾਂ ਤਾਂ ਕਿਸ ਨਾਲ ਕਰਾਂ।" ਮੈਨੂੰ ਉਹਦੀਆਂ ਬਹੁਤ ਸਾਰੀਆਂ ਆਦਤਾਂ ਪਸੰਦ ਸਨ। ਉਹ ਬਹੁਤ ਗੰਭੀਰ ਸੀ। ਉਹ ਕੋਈ ਵੀ ਗੱਲ ਕਹਿਣ ਤੋਂ ਪਹਿਲਾਂ ਸੋਚਦੀ। ਸੰਤੁਲਤ ਸੋਚ ਰੱਖਦੀ। ਬਹੁਤ ਘੱਟ ਬੋਲਦੀ। ਫਜ਼ੂਲ ਬੋਲਣਾ ਉਹ ਨੂੰ ਪਸੰਦ ਨਹੀਂ ਸੀ। ਉਸ ਕੋਲ ਫਾਲਤੂ ਸਮਾਂ ਨਹੀਂ ਹੁੰਦਾ ਸੀ। ਸਰਕਾਰੀ ਰੂਲ ਤੇ ਰੈਗੂਲੇਸ਼ਨ ਦੀ ਮਾਹਿਰ। ਉਹਨੇ ਅਲਮਾਰੀ ਕਿਤਾਬਾਂ ਨਾਲ ਭਰ ਰੱਖੀ ਸੀ। ਜਦੋਂ ਕੋਈ ਆਲਟਰੇਸ਼ਨ ਹੁੰਦੀ ਤਾਂ ਉਹਦੇ ਦਿਮਾਗ 'ਚ ਫੀਡ ਹੋ ਜਾਂਦੀ। ਐਫ. ਡੀ. ਦੇ ਕਈ ਸੈਕਸ਼ਨ



www.PunjabiLibrary.com

ਅਫਸਰ ਉਸ ਤੋਂ ਸਲਾਹ ਲੈਣ ਆਉਂਦੇ। ਟੈਲੀਫੋਨ ਕਰਦੇ। ਉਹ ਆਪਣਾ ਕੰਮ ਵੀ ਕਰੀ ਜਾਂਦੀ। ਗੱਲਾਂ ਵੀ। ਉਹਦੇ ਕਮਰੇ ਵਾਲੇ ਕਹਿੰਦੇ, "ਮੈਡਮ ਨੇ ਕੁਰਸੀ ਤੋਂ ਸਿਰਫ਼ ਤਿੰਨ ਵਾਰੀ ਉੱਠਣਾ ਹੁੰਦਾ। ਦੋ ਵਾਰੀ ਬਾਥਰੂਮ ਜਾਣ ਲਈ। ਇਕ ਵਾਰੀ ਲੰਚ ਕਰਨ ਲਈ। ਇਹ ਨੌਂ ਵਜੇ ਆ ਜਾਂਦੇ। ਚਾਰ ਪਚਵੰਜਾ 'ਤੇ ਆਪਣੀ ਕੁਰਸੀ ਛੱਡਦੇ। ਜਿਹੜੇ ਕੰਮ ਘੁਗੀ ਮਾਰ ਕੇ ਹੋ ਸਕਦੇ, ਇਹ ਉਨ੍ਹਾਂ ਦਾ ਵੀ ਅੱਖਰ-ਅੱਖਰ ਪੜ੍ਹਦੇ। ਇਨ੍ਹਾਂ ਨੂੰ ਕਦੇ ਵਿਹਲੇ ਬੈਠਿਆ ਨ੍ਹੀਂ ਦੇਖਿਆ।"

ਥੋੜ੍ਹਾ ਕੁ ਰੀਲੈਕਸ ਹੋ ਲਵਾਂ।

ਇਹਦੇ ਬਾਰੇ ਜਦੋਂ ਵੀ ਸੋਚਣ ਬੈਠਦੀ ਹਾਂ ਤਾਂ ਟੈਂਸ ਹੋ ਜਾਂਦੀ ਹਾਂ। ਮੇਰੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਇਹਦੇ ਬਾਰੇ ਕਿਸੇ ਨਾਲ ਗੱਲ ਹੀ ਨਾ ਕਰਾਂ।

ਮੈਨੂੰ ਲੱਗਦਾ ਹੈ ਕਿ ਮੈਂ ਇਹਦੇ ਬਾਰੇ ਨਹੀਂ, ਆਪਣੇ ਆਪ ਬਾਰੇ ਚਿੰਤੁਤ ਹਾਂ।

ਕਿਉਂ ਨਾ ਥੋੜ੍ਹਾ ਘੁੰਮ ਫਿਰ ਲਾਂ। ਡਾਕਟਰ ਨੇ ਮੈਨੂੰ ਸਲਾਹ ਦਿੱਤੀ ਹੈ ਕਿ ਜਦੋਂ ਮੈਂ ਪਰੇਸ਼ਾਨ ਹੋਵਾਂ ਜਾਂ ਸੋਚਾਂ ਮੈਨੂੰ ਤੰਗ ਕਰਨ ਲੱਗ ਜਾਣ ਤਾਂ ਮੈਂ ਕਿਸੇ ਨਾ ਕਿਸੇ ਕੰਮ ਲੱਗ ਜਾਇਆ ਕਰਾਂ। ਕਿਸੇ ਨੂੰ ਫੋਨ ਹੀ ਕਰ ਲਿਆ ਕਰਾਂ। ਕਿਸੇ ਨੂੰ ਮਿਲਣ ਚਲਾ ਜਾਇਆ ਕਰਾਂ। ਕਿਸੇ ਨੂੰ ਚਿੱਠੀ ਲਿਖਣ ਬੈਠ ਜਾਵਾਂ।

ਅੱਜ ਸਵੇਰ ਦੀ ਮੈਂ ਪਰੇਸ਼ਾਨ ਹਾਂ। ਮੈਂ ਮਨਪ੍ਰੀਤ ਨੂੰ ਫੋਨ ਕੀਤਾ ਸੀ ਕਿ ਉਹ ਹੁਣੇ ਮੇਰੇ ਕੋਲ ਆ ਜਾਵੇ। ਜਾਂ ਮੈਂ ਹੀ ਉਸ ਕੋਲ ਚਲੀ ਜਾਵਾਂ। ਉਸ ਆਪਣੇ ਮੀਏਂ ਨਾਲ ਕਿਸੇ ਦੇ ਮਰਗ 'ਤੇ ਜਾਣਾ ਸੀ। ਮੈਂ ਉਹਨੂੰ ਰੋਕ ਨਹੀਂ ਸਕੀ ਸੀ। ਜੇ ਉਸ ਖ਼ੁਸ਼ੀ ਦੇ ਮੌਕੇ 'ਤੇ ਜਾਣਾ ਹੁੰਦਾ ਤਾਂ ਮੈਂ ਉਹਨੂੰ ਜਾਣ ਨਹੀਂ ਦੇਣਾ ਸੀ। ਮੈਂ ਉਸ ਨਾਲ ਢੇਰ ਸਾਰੀਆਂ ਗੱਲਾਂ ਕਰਨੀਆਂ ਹਨ। ਮਨ ਦੀ ਕੁਝ ਕੁ ਭੜਾਸ ਟੈਲੀਫੋਨ 'ਤੇ ਕੱਢ ਲਈ ਸੀ। ਬਹੁਤ ਕੁਝ ਬਾਕੀ ਰਹਿੰਦਾ ਸੀ। ਮੈਂ ਭੱਟਾਚਾਰੀਆ ਦਾ ਟੈਲੀਫੋਨ ਵੀ ਮਿਲਾਇਆ ਸੀ। ਰਿੰਗ ਗਈ ਸੀ। ਪਰ ਮੈਂ ਬੰਦ ਕਰ ਦਿੱਤਾ ਸੀ। ਉਹਦੀਆਂ ਗੂੜ ਗਿਆਨ ਗੱਲਾਂ ਦੀ ਐਸ ਵੇਲੇ ਮੈਨੂੰ ਲੋੜ ਨਹੀਂ ਸੀ।

ਭੱਟਾਚਾਰੀਆ ਦੀ ਕਥਾ ਵੀ ਸੁਣ ਲੈ।

ਅਕਤੂਬਰ ਦੇ ਪਹਿਲੇ ਹਫ਼ਤੇ ਚਾਰ ਛੁੱਟੀਆਂ ਇਕੱਠੀਆਂ ਆ ਗਈਆਂ ਸਨ। ਕਈ ਪ੍ਰੋਗਰਾਮ ਬਣਾਏ। ਰੱਦ ਕੀਤੇ। ਮੇਰੀ, ਨਿਤਿਸ਼ ਤੇ ਬੱਚਿਆਂ ਦੀ ਅੱਡ-ਅੱਡ ਚੋਣ ਸੀ। ਬੱਚੇ ਜੈਪੁਰ ਜਾਣਾ ਚਾਹੁੰਦੇ ਸਨ। ਨਿਤਿਸ਼ ਵਾਰਾਨਸੀ। ਮੈਂ ਹਰਿਦੁਆਰ। ਸਮਾਂ ਥੋੜ੍ਹਾ ਸੀ। ਹਰਿਦੁਆਰ ਸਭ ਤੋਂ ਨੇੜੇ ਦਿੱਸਿਆ। ਉਥੇ ਦੋ ਦਿਨ ਠਹਿਰਣ ਦਾ ਪ੍ਰੋਗ੍ਰਾਮ ਉਲੀਕਿਆ ਸੀ ਪਰ ਰੁੱਕੇ ਇਕ ਦਿਨ ਹੀ। ਦੂਜੇ ਦਿਨ ਕਾਰ ਰਿਸ਼ੀਕੇਸ ਵੱਲ ਤੋਰ ਲਈ। ਉਥੋਂ ਦਾ ਖੁੱਲ੍ਹਾ-ਡੁੱਲ੍ਹਾ ਮਾਹੌਲ ਚੰਗਾ ਲੱਗਾ। ਲਛਮਣ ਝੂਲਾ ਲੰਘ ਕੇ ਨਿਤਿਸ਼ ਤੇ ਬੱਚੇ ਚੋਟੀ ਵਾਲੇ ਨੂੰ ਦੇਖਣ ਲੱਗੇ। ਅੱਧਖੜ ਬੰਦੇ ਨੂੰ ਕਿਲੋ ਸਾਰਾ ਪਾਊਡਰ ਮਲ ਕੇ ਕੁਰਸੀ 'ਤੇ ਸਜਾ ਕੇ ਬੈਠਾਇਆ ਸੀ। ਉਹ ਆਉਣ ਜਾਣ ਵਾਲੇ ਲਈ ਆਕ੍ਰਸ਼ਨ ਦਾ ਕੇਂਦਰ ਬਣਿਆ ਸੀ। ਮੈਨੂੰ ਬਹਿਰੂਪੀਏ ਚੰਗੇ ਨਹੀਂ ਲੱਗਦੇ। ਜਸਲੀਨ ਤੇ ਨਵਨੀਤ ਉਹਦੇ ਨਾਲ ਗੱਲਾਂ ਕਰਨੀਆਂ ਚਾਹੁੰਦੇ ਸਨ। ਉਹ ਥਾਈਂ ਖੜ ਗਏ। ਮੈਂ ਨਿਤਿਸ਼ ਨੂੰ ਕਿਹਾ ਕਿ ਉਹ ਆਪਣੀ ਮਰਜ਼ੀ ਨਾਲ ਘੁੰਮਣ। ਮੈਂ ਆਪਣੀ ਮਰਜ਼ੀ ਨਾਲ ਘੁੰਮਾਂਗੀ। ਤਿੰਨ ਵਜੇ ਸਾਹਮਣਲੇ ਮੰਦਰ ਕੋਲ ਮਿਲਾਂਗੇ।



ਉਸ ਮੇਰੇ ਵੱਲ ਦੇਖਿਆ। ਮੁਸਕਰਾਇਆ।

ਮੈਨੂੰ ਵਗਦੇ ਪਾਣੀ ਦਾ ਸੰਗੀਤ ਚੰਗਾ ਲੱਗਦਾ। ਪਿਛਲੇ ਸਾਲ ਮਨੀਕਰਨ ਗਏ ਸੀ। ਉਥੇ ਵਗਦੇ ਪਾਰਵਤੀ ਦਰਿਆ ਦੇ ਕਿਯਾ ਕਹਿਣੇ। ਮੈਂ ਪੁਲ 'ਤੇ ਇਕ ਘੰਟਾ ਖੜੀ ਰਹੀ ਸੀ। ਉਪਰੋਂ ਪਾਣੀ ਵੇਗ ਨਾਲ ਆਉਂਦਾ। ਵੱਡੇ-ਵੱਡੇ ਪੱਥਰਾਂ ਨਾਲ ਟਕਰਾਉਂਦਾ। ਮਧੁਰ ਸੰਗੀਤ ਪੈਦਾ ਹੁੰਦਾ।

ਮੈਂ ਗੰਗਾ ਦੇ ਉਪਰਲੇ ਕੰਢੇ ਤੁਰਦੀ ਗਈ। ਪ੍ਰਾਕ੍ਰਿਤੀ। ਉਹ ਦੀਆਂ ਦੇਣਾਂ।

ਮੈਂ ਆਤਮ ਮੁਗਧ ਹੋ ਗਈ। ਫੇਰ ਹੇਠਾਂ ਨੂੰ ਦਰਿਆ ਦੇ ਕੰਢੇ ਕੋਲ ਆ ਗਈ।

ਮੈਨੂੰ ਇਕ ਸੰਤ ਦਿੱਸਿਆ। ਇਕੱਲਾ ਬੈਠਾ। ਧੂਣਾ ਧੁਖਾਈਂ। ਆਲੇ ਦੁਆਲੇ ਤੋਂ ਬੇਖ਼ਬਰ। ਅੰਤਰ ਧਿਆਨ ਹੋਇਆ।

ਮੈਂ ਉਸ ਅਗੇ ਬੈਠ ਗਈ। ਤੇਜ਼ ਵਗਦੇ ਪਾਣੀ ਤੋਂ ਬੇਖ਼ਬਰ। ਮੈਂ ਉਹਦੇ ਚਿਹਰੇ ਨੂੰ ਨਿਹਾਰਿਆ। ਮੈਨੂੰ ਕਿਸੇ ਲੋਕਗੀਤ ਦੇ ਇਹ ਸ਼ਬਦ ਯਾਦ ਆਏ-ਮੇਰਾ ਕੰਤ ਜਿਉਂ-ਚਾਨਣੀ ਰਾਤ 'ਚ ਦੁੱਧ ਦਾ ਕਟੋਰਾ।

ਮੈਂ ਹੌਲੀ ਜਿਹੇ ਖੰਘੀ। ਉਹਨੇ ਅੱਖਾਂ ਖੋਲ੍ਹੀਆਂ। ਮੇਰੇ ਵੱਲ ਘੂਰ ਕੇ ਦੇਖਿਆ। ਸ਼ਾਇਦ ਮੇਰੇ ਪਹਿਰਾਵੇ ਤੋਂ ਉਸ ਮੇਰਾ ਮੁੱਲਾਂਕਣ ਕਰ ਲਿਆ ਸੀ। ਬੋਲਿਆ, 'ਪਲੀਜ ਸਾਹਮਣੇਉਂ ਚਾਹ ਦਾ ਬਾਟਾ ਭਰਾ ਕੇ ਲਿਆ ਦਿਓ।' ਸੱਤ-ਬਚਨ ਕਹਿ ਕੇ ਉਠ ਖੜੀ। ਜਾਣ-ਆਉਣ ਕੀਤਾ। ਉਹਨੇ ਧੋਤੀ ਦੇ ਖੱਬੇ ਪਾਸਿਉਂ ਦਸਾਂ ਦਾ ਨੋਟ ਕੱਢਿਆ। ਮੇਰੇ ਵੱਲ ਨੂੰ ਸਰਕਾ ਦਿੱਤਾ। ਮੈਂ ਫੜਨੋਂ ਸਿਰ ਫੇਰ ਦਿੱਤਾ। ਉਹ ਖਿੱਝ ਉੱਠਿਆ। ਉਹਨੇ ਬਾਟਾ ਮੇਰੇ ਅਗੇ ਰੱਖ ਦਿੱਤਾ-'ਇਹ ਚਾਹ ਵੀ ਤੁਸੀਂ ਪੀ ਲਉ। ਮੈਨੂੰ ਨੰਗ ਸਮਝ ਲਿਆ।' ਮੈਂ ਨੋਟ ਫੜ ਕੇ ਪਰਸ 'ਚ ਪਾ ਲਿਆ। ਉਹ ਨੇ ਪੇਂਦੂ ਬੇਰ ਜਿੰਨੀ ਅਫੀਮ ਦੀ ਗੋਲੀ ਖਾਧੀ। ਛੁਅਕਾ ਮਾਰ ਕੇ ਦੋ ਘੁਟ ਭਰੇ।

ਉਸ ਮੈਥੋਂ ਮੇਰੇ ਬਾਰੇ, ਮੇਰੇ ਪਰਿਵਾਰ ਬਾਰੇ ਪੁੱਛਿਆ। ਮੈਂ ਉਸ ਕੋਲ ਝੂਠ ਬੋਲਿਆ।

ਉਸ ਨਿਰਾਜ਼ਗੀ ਦੇ ਭਾਵ ਦਿਖਾਉਂਦਿਆਂ ਹੋਇਆਂ ਕਿਹਾ, "ਮੈਂ ਸਾਇਕੋਲੋਜੀ ਦਾ ਪ੍ਰੋਫੈਸਰ ਹਾਂ।"

ਇਕ ਵਾਰ ਤਾਂ ਮੈਨੂੰ ਕੱਚੀ ਤਰੇਲੀ ਆ ਗਈ। ਮੈਂ ਜਿਵੇਂ ਕਿਵੇਂ ਆਪਣੇ ਆਪ ਨੂੰ ਸੰਭਾਲਿਆ।

ਉਹ ਬੋਲਿਆ, "ਤੁਸੀਂ ਆਪਣੇ ਬਾਰੇ ਨ੍ਹੀਂ ਦੱਸਣਾ ਚਾਹੁੰਦੇ ਤਾਂ ਤੁਹਾਡੀ ਮਰਜ਼ੀ। ਮੈਂ ਆਪਣੇ ਬਾਰੇ ਦੱਸਦਾਂ। ਮੈਂ ਹਰਿਦੁਆਰ ਕਦੇ-ਕਦਾਈਂ ਆਉਣਾ। ਇਹ ਦਾ ਕੋਈ ਬਝਵਾਂ ਸਮਾਂ ਨ੍ਹੀਂ ਹੁੰਦਾ। ਇਹ ਪੀਰੀਅਡ ਕਦੇ ਵੀ ਸ਼ੁਰੂ ਹੋ ਸਕਦਾ। ਕਦੇ ਵੀ ਬੰਦ ਹੋ ਸਕਦਾ। ਕਲੱਕਤੇ ਜੱਦੀ ਪੁਸ਼ਤੀ ਹਵੇਲੀ 'ਚ ਕਪਿਊਟਰ ਰੱਖਿਆ। ਟੈਲੀਫੋਨ ਵੀ। ਖ਼ੂਬ ਪੜ੍ਹਦਾਂ। ਟੀ.ਵੀ. ਦੇਖਦਾਂ। ਈ. ਮੇਲ ਖੋਲ੍ਹਦਾਂ। ਇਕ ਅਜਿਹਾ ਸਮਾਂ ਆਉਂਦਾ ਹੈ ਜਦੋਂ ਮੈਨੂੰ ਕੁਝ ਵੀ ਚੰਗਾ ਨਹੀਂ ਲੱਗਦਾ। ਮੇਰਾ ਪਰਿਵਾਰ। ਮੇਰੇ ਬੱਚੇ। ਮੇਰੇ ਦੋਸਤ। ਰਿਸ਼ਤੇਦਾਰ। ਮੈਨੂੰ ਇੱਕਲਤਾ ਦੀ ਲੋੜ ਪੈਂਦੀ। ਉਹ ਇਥੋਂ ਮਿਲਦੀ ਨਹੀਂ। ਹਵੇਲੀ ਵਿਚਲੀ ਚੀਂ ਚੀ ਪੀਂ ਪੀਂ ਤੋਂ ਭੈਭੀਤ ਹੁਣਾ। ਚੋਲਾ ਪਾਉਣਾ। ਗੰਗਾ ਮਈਆ ਦੇ ਕਿਨਾਰੇ ਆ ਬੈਠਦਾਂ।"



www.PunjabiLibrary.com

ਉਹ ਇਕੋ ਸਾਹੇ ਕਿੰਨਾ ਕੁਝ ਦੱਸ ਗਿਆ ਸੀ। ਹੁਣ ਉਹ ਆਪਣੀ ਇਕੱਲਤਾ ਤੋਂ ਉਕਤਾਇਆ ਹੋਇਆ ਸੀ। ਉਹਨੂੰ ਕਿਸੇ ਦੇ ਸਾਥ ਦੀ ਲੋੜ ਸੀ। ਉਹ ਆਪਣੇ ਮਨ ਦੀ ਗੱਲ ਕਿਸੇ ਨਾਲ ਸਾਂਝੀ ਕਰਨਾ ਚਾਹੁੰਦਾ ਸੀ।

ਮੈਂ ਤਾਂ ਉਸ ਕੋਲੋਂ ਕੁਝ ਵੀ ਪੁੱਛਿਆ ਨਹੀਂ ਸੀ। ਨਾ ਹੀ ਮੇਰੀ ਅਜਿਹੀ ਕੋਈ ਮਨਸ਼ਾ ਸੀ। ਮੈਂ ਇਕੱਲਤਾ ਚਾਹੁੰਦੀ ਸੀ। ਕੁਝ ਘੰਟੇ ਹੋਣ ਜਦੋਂ ਮੈਨੂੰ ਕੋਈ ਨਾ ਬੁਲਾਵੇ। ਕੋਈ ਆਵਾਜ਼ ਨਾ ਮਾਰੇ। ਸਿਰਫ਼ ਤੇ ਸਿਰਫ਼ ਮੈਂ ਹੋਵਾਂ। ਮੈਨੂੰ ਅਜਿਹਾ ਕਰਦਿਆਂ ਅਜੀਬ ਤਰ੍ਹਾਂ ਦਾ ਸਕੂਨ ਮਿਲਦਾ ਹੈ।

ਉਹਨੇ ਘੰਗੂਰਾ ਮਾਰਿਆ। ਚਿਲਮ ਦੇ ਲੰਬੇ-ਲੰਬੇ ਸੂਟੇ ਖਿਚੇ। ਉਹਦੀਆਂ ਅੱਖਾਂ ਲਾਲ ਸਨ। ਲਾਲ ਸੂਹੀਆਂ। ਜਿਵੇਂ ਉਹ ਕਈ ਦਿਨਾਂ ਦਾ ਉਨੀਂਦਰਾ ਹੋਵੇ। ਮੈਨੂੰ ਲੱਗਿਆ ਕਿ ਉਹ ਜਾਣ ਬੁੱਝ ਕੇ ਆਪਣੇ ਸਰੀਰ ਨੂੰ ਕਸ਼ਟ ਦੇ ਰਿਹਾ। ਇਹ ਕੋਈ ਬਹੁਤ ਵੱਡਾ ਰਾਜ਼ ਛੁਪਾਈ ਬੈਠਾ। ਪਤਾ ਨਹੀਂ, ਕਿਸ ਨਾਲ ਸਾਂਝਾ ਕਰੇ। ਕਰੇ ਵੀ ਜਾਂ ਨਾ ਕਰੇ।

ਮੈਨੂੰ ਉਹਦੇ ਤੋਂ ਭੈਅ ਆਇਆ। ਮੈਂ ਉਠਣ ਲੱਗੀ, ਇਸ ਡਰ ਨਾਲ ਕਿ ਅਜਿਹਾ ਬੰਦਾ ਕਿਸੇ ਵੇਲੇ ਵੀ ਖੂੰਖਾਰ ਹੋ ਸਕਦਾ।

ਉਹਨੇ ਮੇਰੇ ਹਾਵ ਭਾਵ ਪੜ੍ਹ ਲਏ ਸਨ। ਬੋਲਿਆ- "ਤੁਸੀਂ ਮੈਨੂੰ ਅਨਪੜ੍ਹ ਸਮਝ ਲਿਆ। ਤੁਹਾਨੂੰ ਡਰਨ ਦੀ ਲੋੜ ਨ੍ਹੀਂ। ਮੈਂ ਬ੍ਰਾਹਮਣ ਹਾਂ। ਬਾਈ ਬਰਥ। ਸਬ ਕਾਸਟ ਸ਼ਰਮਾ। ਭੱਟਾਚਾਰੀਆ ਨਾਂ ਮੇਰੇ ਦੋਸਤਾਂ ਨੇ ਦਿੱਤਾ। ਇਹਦੀ ਕਥਾ ਲੰਬੀ। ਫੇਰ ਸੁਣਾਊਂਗਾ। ਮੈਂ ਪੰਦਰਾਂ ਸਾਲਾਂ ਤੋਂ ਕਲਕੱਤਾ ਯੂਨੀਵਰਸਿਟੀ 'ਚ ਸਾਈਕਲੋਜੀ ਪੜ੍ਹਾ ਰਿਹਾਂ।"

ਮੈਨੂੰ ਉਸ ਦਾ ਬ੍ਰਾਹਮਣ ਹੋਣਾ ਚੰਗਾ ਲੱਗਾ ਸੀ। ਮੈਨੂੰ ਪਲ ਦੀ ਪਲ ਇਹ ਵੀ ਲੱਗਾ ਸੀ ਕਿ ਮੈਂ ਆਪਣੀ ਜਾਤੀ ਦੇ ਮਰਦ ਦੇ ਸਾਹਮਣੇ ਬੈਠੀ ਹਾਂ। ਪਤਾ ਨਹੀਂ ਕਿਵੇਂ ਉਹ ਮੈਨੂੰ ਚੰਗਾ ਚੰਗਾ ਲੱਗਣ ਲੱਗਾ ਸੀ। ਆਪਣਾ-ਆਪਣਾ।

ਉਹ ਅੰਤਰ ਧਿਆਨ ਹੋ ਗਿਆ। ਦਸ ਕੁ ਮਿੰਟ ਸਿੱਧਾ ਤਣਿਆ ਬੈਠਾ ਰਿਹਾ।

ਫੇਰ ਆਮ ਨਾਲੋਂ ਉੱਚੀ ਆਵਾਜ਼ 'ਚ ਬੋਲਿਆ-"ਕੀ ਪੁੱਛਣਾ ਚਾਹੁੰਦੇ ਹੋ ?"

ਮੈਂ ਕੁਝ ਗੁੰਝਲਾਂ ਖੋਲ੍ਹਣੀਆਂ ਚਾਹੁੰਦੀ ਸੀ। ਪਰ ਮੇਰੀ ਦੋਚਿਤੀ ਏਹੀ ਸੀ ਕਿ ਪਹਿਲਾਂ ਕਿਸ ਬਾਰੇ ਪੁੱਛਾਂ।

ਮੈਂ ਇਹ ਪੁੱਛ ਲਿਆ ਸੀ, "ਔਰਤ ਤੇ ਮਰਦ ਵਿਚਕਾਰ ਦੂਰੀਆਂ ਦੀ ਜੜ੍ਹ ਦਾ ਆਧਾਰ ਕੀ ਆ ?" ਉਸ ਹੈਰਾਨੀ ਨਾਲ ਮੇਰੇ ਵੱਲ ਦੇਖਿਆ ਸੀ। ਠੀਕ ਉਵੇਂ ਜਿਵੇਂ ਸਪਨਾ ਨੇ ਮਨਪ੍ਰੀਤ ਤੋਂ ਪੁੱਛਿਆ ਸੀ, "ਮਰਦ ਔਰਤ ਤੋਂ ਕਿਉਂ ਡਰਦਾ ?" ਠੀਕ ਉਵੇਂ ਜਿਵੇਂ ਮਨਪ੍ਰੀਤ ਨੇ ਮੇਰੇ ਵੱਲ ਘੂੰਮਦਿਆਂ ਕਿਹਾ ਸੀ, "ਔਰਤ ਤੇ ਮਰਦ ਇਕ ਦੂਜੇ ਤੋਂ ਡਰਦੇ ਕਿਉਂ ਆਂ ?" ਉਸ ਚਿਲਮ ਦਾ ਲੰਬਾ ਸੂਟਾ ਖਿਚਿਆ। ਗੰਗਾ ਦੇ ਤੇਜ਼ੀ ਨਾਲ ਵਗਦੇ ਪਾਣੀ ਵੱਲ ਦੇਖਿਆ। ਦੱਸਣ ਲੱਗਾ, "ਔਰਤ ਤੇ ਮਰਦ ਵਿਚਕਾਰ ਦੂਰੀਆਂ ਦੀ ਜੜ੍ਹ ਦਾ ਵੱਡਾ ਕਾਰਨ ਉਨ੍ਹਾਂ ਦੇ ਸੁਭਾਅ ਤੇ ਰੁਚੀਆਂ ਬਾਰੇ ਅਗਿਆਨਤਾ ਆ। ਪਿਛਲੇ ਦਿਨੀਂ ਮੈਂ ਅਮੈਰਕਨ ਸਾਇਕੌਲੋਜਿਸਟ ਜੌਹਨ ਗਰੇਅ ਦੀਆਂ ਰੀਸਰਚ ਬੁੱਕਸ ਦਾ ਅਧਿਐਨ ਕੀਤਾ। ਉਸ ਇਸ ਵਿਸ਼ੇ 'ਤੇ ਬਹੁਤ ਕੰਮ ਕੀਤਾ। ਉਸਨੇ ਇਨ੍ਹਾਂ ਦੂਰੀਆਂ ਦੀ ਜੜ੍ਹ ਲੱਭਣ ਲਈ ਇਕ ਫਾਰਮੂਲਾ



ਪੇਸ਼ ਕੀਤਾ। ਇਸ ਦੁਨੀਆਂ ਦੀ ਸਾਜਨਾ ਤੋਂ ਪਹਿਲਾਂ ਔਰਤ ਤੇ ਮਰਦ ਦੋ ਵੱਖ-ਵੱਖ ਗ੍ਰਹਿਆਂ 'ਤੇ ਨਿਵਾਸ ਕਰਦੇ ਸਨ। ਮਰਦ ਮੰਗਲ ਗ੍ਰਹਿ 'ਤੇ ਰਹਿੰਦਾ ਸੀ। ਔਰਤ ਵੀਨਸ 'ਤੇ। ਇਕ ਦਿਨ ਮਰਦ ਨੇ ਵੀਨਸ ਗ੍ਰਹਿ 'ਤੇ ਔਰਤ ਨੂੰ ਦੇਖਿਆ। ਉਸ ਲਈ ਔਰਤ ਅੱਦਭੁਤ ਚੀਜ਼ ਸੀ। ਉਹ ਔਰਤ ਕੋਲ ਆ ਗਿਆ। ਔਰਤ ਨੇ ਪਹਿਲੀ ਵਾਰ ਮਰਦ ਨੂੰ ਦੇਖਿਆ ਸੀ। ਦੋਹਾਂ ਨੇ ਇਕ ਦੂਜੇ ਨੂੰ ਰੱਜ-ਰੱਜ ਕੇ ਭੋਗਿਆ। ਉਹ ਆਪਸ 'ਚ ਲੜਦੇ ਨ੍ਹੀਂ ਸਨ। ਉਨ੍ਹਾਂ ਨੂੰ ਪਤਾ ਸੀ ਕਿ ਉਹ ਵੱਖ-ਵੱਖ ਗ੍ਰਹਿਆਂ ਤੋਂ ਆ। ਰੱਬ ਕੋਲੋਂ ਉਨ੍ਹਾਂ ਦੀ ਖ਼ੁਸ਼ੀ ਝੱਲੀ ਨਾ ਗਈ। ਉਸ ਆਪਣੀ ਸ਼ਕਤੀ ਨਾਲ ਬੰਦੇ ਦੇ ਦਿਮਾਗ 'ਚ ਗਲਤ ਖ਼ਿਆਲ ਭਰ ਦਿੱਤਾ। ਉਸ ਨੇ ਉਨ੍ਹਾਂ ਨੂੰ ਧਰਤੀ 'ਤੇ ਭੇਜ ਦਿੱਤਾ। ਇਥੋਂ ਦੀ ਤਪਸ਼ ਨਾਲ ਮਰਦ/ਔਰਤ ਦੇ ਦਿਮਾਗਾਂ ਦੀ 'ਮੈਮਰੀਚੈਪਸ' ਸੜ ਗਈ। ਉਨ੍ਹਾਂ ਨੂੰ ਇਸ ਗੱਲ ਦਾ ਚੇਤਾ ਹੀ ਨਾ ਰਿਹਾ ਕਿ ਉਹ ਵੱਖ-ਵੱਖ ਗ੍ਰਹਿਆਂ ਤੋਂ ਆ। ਔਰਤ ਤੇ ਮਰਦ ਵੱਖ-ਵੱਖ ਆ। ਦੋਵੇਂ ਹੀ ਇਕ ਦੂਜੇ ਬਾਰੇ ਸੋਚਦੇ ਆ ਕਿ ਦੂਜਾ ਵੀ ਉਹਦੇ ਵਾਂਗੂ ਸੋਚਦਾ। ਪਰ ਅਸਲੀਅਤ ਇਹ ਆ ਕਿ ਉਹ ਵੱਖੋ ਵੱਖਰੇ ਆ।" ਉਸ ਮੇਰੇ ਵੱਲ ਦੇਖਿਆ, ਇਹ ਦੇਖਣ ਲਈ ਕਿ ਉਸ ਦੀਆਂ ਗੱਲਾਂ ਦਾ ਮੇਰੇ 'ਤੇ ਕਿੰਨਾ ਕੁ ਪ੍ਰਭਾਵ ਪਿਆ ਸੀ। ਮੈਂ ਉਸ ਦੇ ਗਿਆਨ ਅੱਗੇ ਨਤਮਸਤਕ ਸੀ। ਉਹ ਤਾਂ ਮਹਾਂ ਗਿਆਨੀ ਸੀ। ਉਹ ਫੇਰ ਦੱਸਣ ਲੱਗਾ, "ਮੇਰਾ ਆਪਣਾ ਖ਼ਿਆਲ ਆ ਕਿ ਕਈ ਕੁਝ ਹੋਰ ਵੀ ਆ ਜਿਹਨੂੰ ਅਸੀਂ ਸੰਸਕਾਰ ਵੀ ਕਹਿ ਦਿੰਦੇ ਹਾਂ। ਸਾਡੇ ਬੁਜ਼ਰਗਾਂ ਅਨੁਸਾਰ ਸਾਰਾ ਚੱਕਰ ਸੰਸਕਾਰਾਂ ਦਾ। ਪੂਰਵ ਜਨਮ ਦੇ ਸੰਸਕਾਰ। ਵਿਰਸੇ 'ਚ ਮਿਲੇ ਸੰਸਕਾਰ। ਸਾਡੇ ਆਲੇ ਦੁਆਲੇ ਨੇ ਦਿੱਤੇ ਸੰਸਕਾਰ। ਇਨ੍ਹਾਂ ਤੋਂ ਕੋਈ ਜਿੰਨਾ ਮਰਜ਼ੀ ਭੱਜ ਲਏ-ਇਹ ਪਿਛਾ ਨ੍ਹੀਂ ਛੱਡਦੇ। ਪਿਛਲੇ ਤਿੰਨ ਸਾਲਾਂ ਤੋਂ ਮੈਂ ਇਨ੍ਹਾਂ ਦੀ ਸਟੱਡੀ ਕਰ ਰਿਹਾਂ। ਕੰਪਿਊਟਰ 'ਚ ਡੈਟੇ ਫੀਡ ਕਰ ਰਿਹਾਂ। ਸ਼ਾਇਦ ਕੋਈ ਲੜ ਸਿਰਾ ਫੜਲਾਂ। ਮੈਂ ਬਹੁਤ ਕੁਝ ਕੰਪਿਊਟਰ 'ਤੇ ਛੱਡਿਆ। ਠੀਕ ਉਵੇਂ ਜਿਵੇਂ ਬ੍ਰਿਟਿਸ਼ ਅੰਬੈਸੀ ਦੇ ਅਸਿਸਟੈਂਟ ਕਰਦੇ। ਮੈਂ ਇਕ ਵਾਰੀ ਇੰਗਲੈਂਡ ਜਾਣਾ ਸੀ। ਮੈਂ ਅੰਬੈਸੀ ਗਿਆ। ਡੀਲਿੰਗ ਅਸਿਸਟੈਂਟ ਪ੍ਰਸ਼ਨ ਕਰਦਾ ਗਿਆ। ਮੈਂ ਜੁਆਬ ਦਈ ਗਿਆ। ਉਸ ਕੰਪਿਊਟਰ 'ਚ ਫੀਡ ਕਰ ਲਿਆ ਸੀ। ਆਖਿਰ 'ਚ ਉਸ ਕੰਪਿਊਟਰ ਦੀ ਸਲਾਹ ਲਈ। ਕੰਪਿਊਟਰ ਨੇ ਨੋ 'ਚ ਜੁਆਬ ਦਿੱਤਾ ਸੀ। ਹੁਣ ਮੈਂ ਵੀ ਇਹੀ ਐਕਸਪੈਰੀਮੈਂਟ ਕਰ ਰਿਹਾਂ। ਜੇ ਸਫਲ ਹੋ ਗਿਆ, ਮੈਂ ਤੁਹਾਨੂੰ ਇਨ੍ਹਾਂ ਸੰਸਕਾਰਾਂ ਤੋਂ ਮੁਕਤੀ ਦਾ ਰਾਹ ਦੱਸਾਂਗਾ....।"

ਮੈਂ ਸਪਨਾ ਨੂੰ ਭੱਟਾਚਾਰੀਆ ਬਾਰੇ ਦੱਸਿਆ ਸੀ। ਉਸ ਮਾਣ ਨਾਲ ਕਿਹਾ ਸੀ, "ਐਵੇਂ ਤਾਂ ਨ੍ਹੀਂ ਲੋਕ ਬ੍ਰਾਹਮਣਾਂ ਨੂੰ ਪੂਜਦੇ।"

ਸਪਨਾ। ਮੇਰੀ ਹਮਉਮਰ। ਮੇਰੀ ਮਸੇਰੀ ਭੈਣ। ਮੇਰੀ ਸਹੇਲੀ। ਮੂਡ 'ਚ ਆਈ ਇਥੋਂ ਤੱਕ ਕਹਿ ਦਿੰਦੀ, "ਆਈ ਡੈਮ ਕੇਅਰ ਫਾਰ ਦਿਸ ਬਲਡੀ ਸੋਸਾਇਟੀ।"

ਸਪਨਾ ਨੂੰ ਗਿਆਂ ਦੋ ਮਹੀਨੇ ਹੋ ਗਏ। ਉਸ ਦਾ ਸਿਰਫ਼ ਇਕ ਵਾਰ ਫੋਨ ਆਇਆ ਸੀ, "ਕੁਲਬੀਰ ਮੈਂ ਆਪਣੀ ਸਿਰਜੀ ਦੁਨੀਆਂ ਵਿਚ ਖ਼ੁਸ਼ ਹਾਂ। ਤੂੰ ਮੇਰੇ ਬਾਰੇ ਬਹੁਤਾ ਨਾ ਸੋਚੀਂ।" ਮੈਂ ਕੁਝ ਪੁੱਛਦੀ- ਉਸ ਰਸੀਵਰ ਹੇਠਾਂ ਰੱਖ ਦਿੱਤਾ ਸੀ।

ਮੈਂ ਉਹਦੇ ਬਾਰੇ ਸੋਚਣ ਲੱਗੀ। ਸਪਨਾ ਤੇ ਦੀਪਕ। ਜਿਵੇਂ ਇਕੋ ਹੀ ਸਿੱਕੇ ਦੇ ਦੋ



www.PunjabiLibrary.com

ਪਾਸੇ ਹੋਣ। ਆਦਰਸ਼ ਜੋੜੀ। ਵੈੱਲ ਸੈਟਲਿਡ। ਆਪਣੀ ਕੋਠੀ। ਕਾਰ। ਆਪ ਫੂਡ ਐਂਡ ਸਪਲਾਈ 'ਚ ਡਿਪਟੀ ਕੰਟ੍ਰੋਲਰ। ਦੀਪਕ ਸਰਕਾਰੀ ਹਸਪਤਾਲ 'ਚ ਸੀਨੀਅਰ ਡਾਕਟਰ। ਦੋ ਬੱਚੇ । ਹਰਪ੍ਰੀਤ ਕੰਪਿਊਟਰ ਸਾਇੰਸ ਦੀ ਐਮ. ਐਸ. ਸੀ. ਕਰ ਰਹੀ। ਛੋਟੇ ਜਸਲੀਨ ਦਾ ਐਮ. ਬੀ. ਬੀ. ਐਸ. 'ਚ ਦੂਜਾ ਸਾਲ। ਨਾ ਕਿਸੇ ਦੀ ਹਿੜਕ। ਨਾ ਝਿੜਕ।

ਇਕ ਵਾਰੀ ਮੈਂ ਉਨ੍ਹਾਂ ਨੂੰ ਪੁੱਛਿਆ ਸੀ, "ਆਹ ਕੀ ਨਾਂ ਹੋਏ ? ਹਰਪ੍ਰੀਤ ਵਰਮਾ। ਜਸਲੀਨ ਸ਼ਰਮਾ।"

"ਮੈਂ ਜਸਲੀਨ ਨੂੰ ਆਪਣੀ ਸਬ ਕਾਸਟ ਦਿੱਤੀ। ਦੀਪਕ ਨੇ ਹਰਪ੍ਰੀਤ ਨੂੰ। ਹੈਂ ਨਾ ਸੁਮੇਲ। ਇਹ ਅਸੀਂ ਜਾਣ ਬੁੱਝ ਕੇ ਕੀਤਾ। ਅਸੀਂ ਅਜੇ ਬਹੁਤ ਕੁਝ ਨਵਾਂ ਕਰਨਾ। ਹਰਪ੍ਰੀਤ ਦਾ ਸੁਖਪਾਲ ਨਾਲ ਪਿਆਰ ਚਲਦਾ। ਸ਼ਾਇਦ ਉਹ ਉਹਦੇ ਨਾਲ ਹੀ ਵਿਆਹ ਕਰਾ ਲਵੇ। ਸਾਨੂੰ ਕੋਈ ਸ਼ਿਕਾਇਤ ਨ੍ਹੀਂ। ਬੱਚਿਆਂ ਦੀ ਖ਼ੁਸ਼ੀ 'ਚ ਸਾਡੀ ਖ਼ੁਸ਼ੀ ਆ। ਇਸ ਬਾਰੇ ਮੈਂ ਆਪਣੇ ਬੈਚ ਦੇ ਕੁਲੀਗ ਨਾਲ ਗੱਲ ਕੀਤੀ ਤਾਂ ਉਸ ਦੱਸਿਆ ਕਿ ਸੁਖਪਾਲ ਬੈਕਵਰਡ ਕਾਸਟ ਕੈਟਾਗਿਰੀ ਨੂੰ ਬੀਲੋਂਗ ਕਰਦਾ। ਮੈਂ ਉਸ ਨੂੰ ਪੁੱਛਿਆ ਕਿ ਹੈ ਤਾਂ ਆਦਮੀ। ਉਹ ਹਰਪ੍ਰੀਤ ਦਾ ਹਮਜਮਾਤੀ। ਦੋਵੇਂ ਇਕ ਦੂਜੇ ਨੂੰ ਪਸੰਦ ਕਰਦੇ। ਇਕ ਦੂਜੇ ਦੇ ਘਰ ਆਉਂਦੇ ਜਾਂਦੇ। ਆਗੇ ਆਗੇ ਦੇਖ ਹੋਤਾ ਹੈ ਕਯਾ ?"

ਮੈਂ ਦੀਪਕ ਨੂੰ ਫੋਨ ਕੀਤਾ ਸੀ। ਉਹ ਦੱਸਣ ਲੱਗਾ ਸੀ, "ਮੈਂ ਤਾਂ ਪੂਨੇ ਮੈਡੀਕਲ ਕੈਂਪ 'ਤੇ ਗਿਆ ਸੀ। ਹਰਪ੍ਰੀਤ ਨੂੰ ਛੁੱਟੀਆਂ ਸੀ। ਉਹ ਆਈ ਹੋਈ ਸੀ। ਉਹਨੇ ਹੀ ਦੱਸਿਆ ਸੀ ਕਿ ਮੰਮੀ ਨੇ ਦੁੱਧ ਦਾ ਗਿਲਾਸ ਦਿੱਤਾ ਸੀ। ਗੁੱਡ ਨਾਈਟ ਕਿਹਾ ਸੀ ਤੇ ਆਪਣੇ ਬੈੱਡ ਰੂਮ 'ਚ ਆ ਗਈ ਸੀ। ਉਹ ਸਵੇਰ ਨੂੰ ਨਾ ਉਠੀ ਤਾਂ ਹਰਪ੍ਰੀਤ ਨੂੰ ਚਿੰਤਾ ਹੋਈ ਕਿ ਉਹਦੀ ਮੰਮੀ ਸਵੇਰੇ ਕਿਉਂ ਨ੍ਹੀਂ ਉਠੇ। ਉਹ ਤਾਂ ਪੰਜ ਵਜੇ ਉਠ ਖੜਦੇ ਸੀ। ਇਸ਼ਨਾਨ ਕਰਦੇ। ਪਾਠ-ਪੂਜਾ ਕਰਦੇ। ਛੇ ਵਜੇ ਚਾਹ ਦੇ ਦੋ ਕੱਪ ਲੈ ਕੇ ਹਰਪ੍ਰੀਤ ਕੋਲ ਆ ਬੈਠਦੇ। ਉਹਨੂੰ ਆਪਣੀ ਮੰਮੀ ਦੀ ਚਿੰਤਾ ਹੋਈ। ਉਹਨੂੰ ਵੀ ਐਨੀ ਨੀਂਦਰ ਪਈ ਸੀ ਕਿ ਉਹ ਅੱਠ ਵਜੇ ਉਠੀ ਸੀ। ਫੇਰ ਉਹ ਆਪਣੀ ਮੰਮੀ ਦੇ ਕਮਰੇ ਵੱਲ ਦੌੜੀ। ਉਹਨੇ ਦਰਵਾਜ਼ਾ ਖੋਲ੍ਹਿਆ ਤਾਂ ਸਪਨਾ ਦੇ ਮੇਜ਼ 'ਤੇ ਇਕ ਰੁੱਕਾ ਪਿਆ ਸੀ- 'ਮੈਂ ਆਪਣੀ ਮਰਜ਼ੀ ਨਾਲ ਜਾ ਰਹੀ ਹਾਂ। ਮੈਨੂੰ ਲੱਭਣ ਦੀ ਕੋਸ਼ਿਸ਼ ਨਾ ਕਰੇਉ।' ਮੈਂ ਉਹਨੂੰ ਮਨ ਵੱਡਾ ਕਰਨ ਲਈ ਕਿਹਾ ਸੀ। ਉਹ ਫਿਸ ਪਿਆ ਸੀ, "ਅਸੀਂ ਤੇਈ ਸਾਲਾਂ 'ਚ ਕਦੇ ਨ੍ਹੀਂ ਲੜੇ। ਇਕ ਦੂਜੇ ਨੂੰ ਫਾਲਤੂ ਸ਼ਬਦ ਨ੍ਹੀਂ ਬੋਲਿਆ। ਸਾਨੂੰ ਇਕ ਦੂਜੇ ਦੀ ਪਸੰਦ ਦਾ ਪਤਾ ਸੀ। ਜੋ ਮੈਂ ਕਰ ਦਿਆਂ, ਉਹਨੂੰ ਮਨਜ਼ੂਰ। ਜੋ ਉਹਨੇ ਕਰ ਲਿਆ, ਮੈਨੂੰ ਮਨਜ਼ੂਰ। ਇਕ ਦਿਨ ਕਹਿਣ ਲੱਗੀ- ਮੇਰਾ ਚਿਤ ਕਰਦਾ ਕਿ ਤੁਸੀਂ ਮੇਰੇ ਨਾਲ ਲੜੋ। ਝਗੜੋ। ਪਤਾ ਨ੍ਹੀਂ ਉਹਦੇ ਮਨ 'ਚ ਕੀ ਆਇਆ, ਬੋਲੀ- ਮੇਰੇ ਵੱਟ ਕੇ ਚਪੇੜ ਮਾਰੋ। ਮੈਂ ਉਹਨੂੰ ਕਿਹਾ ਹੈ- ਤੂੰ ਪਾਗਲ ਹੋ ਗਈਂ।"

ਸਪਨਾ ਆਉਣ ਤੋਂ ਪਹਿਲਾਂ ਮੈਨੂੰ ਫੋਨ ਕਰਦੀ ਸੀ। ਮੈਂ ਮਨਪ੍ਰੀਤ ਨੂੰ।

ਉਹ ਆਉਂਦੀ। ਉਹ ਚਾਹ ਪੀਣ ਦੀ ਬਹੁਤ ਸ਼ੌਕੀਨ ਸੀ। ਮੈਨੂੰ ਉਠਣ ਨਾ ਦਿੰਦੀ। ਮਨਪ੍ਰੀਤ ਨੂੰ ਕਹਿੰਦੀ- 'ਪਲੀਜ਼ ਮਨ, ਚਾਹ ਹੀ ਬਣਾ ਲਿਆ।' ਮਨਪ੍ਰੀਤ ਬਹੁਤ ਬੀਬੀ ਹੈ। ਮੱਥੇ 'ਤੇ ਵੱਟ ਨਹੀਂ ਪਾਉਂਦੀ। ਉਹ ਕੁਝ ਪੁੱਛੇ ਬਿਨਾਂ ਰਸੋਈ 'ਚ ਚਲੇ ਜਾਂਦੀ।



ਮੈਨੂੰ ਲੱਗਦਾ-ਸਪਨਾ ਇਕੱਲਿਆਂ ਮੇਰੇ ਨਾਲ ਕੋਈ ਰਾਜ਼ ਦੀ ਗੱਲ ਸਾਂਝੀ ਕਰਨਾ ਚਾਹੁੰਦੀ ਸੀ। ਪਰ ਗੱਲ ਅੰਦਰ ਹੀ ਅੰਦਰ ਦੱਬਾ ਜਾਂਦੀ ਸੀ। ਕੁਝ ਨਾ ਕੁਝ ਅਵੱਸ਼ ਸੀ।

ਅਸੀਂ ਤਿੰਨੋਂ ਮਿਲ ਬੈਠਦੀਆਂ ਤਾਂ ਖਚਰੀਆਂ ਗੱਲਾਂ ਕਰਦੀਆਂ। ਲੁਚੇ ਚੁਟਕਲੇ ਸੁਣਾਉਂਦੀਆਂ। ਸਾਨੂੰ ਸੁਆਦ ਜਿਹਾ ਆਉਂਦਾ। ਅਸੀਂ ਹੱਸ-ਹੱਸ ਦੋਹਰੀਆਂ-ਤਿਹਰੀਆਂ ਹੁੰਦੀਆਂ।

ਆਹ ਗੱਲ ਮਨਪ੍ਰੀਤ ਨੇ ਸੁਣਾਈ ਸੀ, "ਪਾਰਟੀਸ਼ਨ ਤੋਂ ਪਹਿਲਾਂ ਕਿਸੇ ਕੁੜੀ ਦਾ ਮੁਕਲਾਵਾ ਆ ਗਿਆ। ਉਹਦੀਆਂ ਸਹੇਲੀਆਂ ਨੇ ਉਹਨੂੰ ਸਮਝਾਇਆ ਕਿ ਅੱਜ ਦੀ ਰਾਤ ਬੰਦੇ ਦੇ ਕਾਬੂ ਨ੍ਹੀਂ ਆਉਣਾ। ਆਪਣੇ ਨਾੜੇ ਨੂੰ ਇੰਨੀਆਂ ਗੰਡਾਂ ਮਾਰ ਲਈਂ ਕਿ ਇਕ-ਇਕ ਨੂੰ ਖੋਲ੍ਹਦਿਆਂ ਤੇਰੇ ਖਵੰਦ ਦਾ ਅੱਧਾ ਘੰਟਾ ਲੱਗ ਜਾਵੇ। ਉਹ ਇਕ ਗੱਠ ਖੋਲ੍ਹੇ ਤੇ ਜਦੋਂ ਉਹ ਦੂਜੀ ਨੂੰ ਹੱਥ ਪਾਵੇ ਤਾਂ ਤੂੰ ਉਹਨੂੰ ਬੁਝਾਰਤ ਪਾਈਂ। ਕਹੀਂ-ਪਹਿਲਾਂ ਬੁਝਾਰਤ ਬੁੱਝ। ਗੱਡੀ ਅਗਾਂਹ ਫੇਰ ਚਲੂ। ਲਉ ਜੀ ਗੰਡਾਂ ਖੋਲ੍ਹਦਿਆਂ-ਬੁਝਾਰਤਾਂ ਬੁਝਦਿਆਂ 'ਚ ਉਨ੍ਹਾਂ ਨੂੰ ਆਪਣੇ ਆਪ ਦੀ ਹੋਸ਼ ਉਦੋਂ ਆਈ ਜਦੋਂ ਉਹ ਦੀ ਸੱਸ ਨੇ ਆਵਾਜ਼ ਮਾਰ ਲਈ-ਕੁੜੇ ਪ੍ਰੀਤੋ ਜੰਗਲ ਪਾਣੀ ਨ੍ਹੀਂ ਜਾਣਾ।" ਸਪਨਾ ਤਾਂ ਹੱਸ-ਹੱਸ ਕੇ ਦੋਹਰੀ ਤੇਹਰੀ ਹੋ ਗਈ। ਕਹਿਣ ਲੱਗੀ, "ਤੂੰ ਮੈਨੂੰ ਆਹ ਗੱਲ ਪਹਿਲਾਂ ਕਿਉਂ ਨਾ ਦੱਸੀ। ਮਰਜਾਣੀਏ ਤੂੰ ਬਹੁਤ ਖਤਰਨਾਕ ਔਰਤ ਆ।"

ਮਨਪ੍ਰੀਤ ਨੇ ਉਹਨੂੰ ਪੁੱਛਿਆ ਸੀ, "ਲੁਚੀਏ- ਮੈਥੋਂ ਝੂਠ ਨਾ ਬੋਲੀਂ। ਸੱਚ-ਸੱਚ ਦੱਸ-ਤੈਨੂੰ ਆਦਮੀ ਦਾ ਕਿਹੜਾ ਅੰਗ ਚੰਗਾ ਲੱਗਦਾ ?"

"ਛਾਤੀ। ਚੌੜੀ ਛਾਤੀ ਜਿਸ 'ਤੇ ਮੈਂ ਸਿਰ ਰੱਖ ਕੇ ਸੌਂ ਸਕਾਂ।"

"ਮੈਨੂੰ ਤਾਂ ਬੁੱਲ ਚੰਗੇ ਲੱਗਦੇ।"

"ਕੁਲਬੀਰ ਤੂੰ ਦੱਸ।"

"ਮੈਨੂੰ ਪੱਟ ਚੰਗੇ ਲੱਗਦੇ। ਭਾਰੇ-ਭਾਰੇ। ਗੋਲ-ਗੋਲ। ਮੈਨੂੰ ਤੀਹ ਕੁ ਸਾਲਾਂ ਆਦਮੀ ਖਿਚਦਾ।"

"ਜੇ ਮੈਨੂੰ ਕੋਈ ਪੁੱਛੇ ਕਿ ਤੂੰ ਚੰਗੇ ਆਦਮੀ ਦੀ ਪਰਿਭਾਸ਼ਾ ਦੇ ਤਾਂ ਮੈਂ ਐਦਾਂ ਦਵਾਂਗੀ।" ਸਪਨਾ ਨੇ ਮਨਪ੍ਰੀਤ ਦਾ ਮੂੰਹ ਆਪਣੇ ਵੱਲ ਕਰਕੇ ਕਿਹਾ, "ਉਮਰ ਚਾਲੀ ਸਾਲ। ਬਰੀਕ-ਬਰੀਕ ਬੁੱਲ੍ਹ। ਚੌੜਾ ਮੱਥਾ। ਬਾਂਟੇ ਵਰਗੀਆਂ ਅੱਖਾਂ। ਜੀਨਸ ਦੀ ਪੈਂਟ। ਉਪਰਲੇ ਦੋ ਬਟਨ ਖੋਲ੍ਹ ਕੇ ਪਾਈ ਟੀ ਸ਼ਰਟ। ਉਹ ਮੇਰੇ ਸਾਹਮਣੇ ਆ ਬੈਠੇ ਤੇ ਮੈਂ ਉਹਨੂੰ ਦੇਖਦੀ ਰਹਾਂ। ਇਹ ਮੇਰਾ ਸੁਪਨਾ ਆ।" ਉਸ ਹੌਕਾ ਲਿਆ ਤੇ ਬੋਲੀ, "ਆਪਣੀ ਜਾਤ ਦਾ ਹੋਵੇ।"

ਤੈਨੂੰ ਮਨਪ੍ਰੀਤ ਬਾਰੇ ਦੱਸਾਂ। ਮੈਂ ਇਹ ਦੀ ਕਹਾਣੀ ਤੈਨੂੰ ਬਾਅਦ 'ਚ ਦੱਸਣੀ ਸੀ। ਸ਼ਾਇਦ ਨਾ ਹੀ ਦੱਸਦੀ। ਹੁਣ ਲੱਗਦਾ ਹੈ ਇਹਨੂੰ ਛੱਡਿਆ ਨਹੀਂ ਜਾ ਸਕਦਾ। ਇਹਦੇ ਬਿਨਾਂ ਇਹ ਕਹਾਣੀ ਅਧੂਰੀ ਰਹਿਣੀ ਸੀ।

ਇਹ ਬੜੀ ਮਿੰਨੀ ਮੀਸਣੀ ਹੈ। ਪਹਿਲਾਂ ਚੁੱਪ-ਚਾਪ ਗੱਲਾਂ ਸੁਣਦੀ। ਕੋਈ ਹੂੰ ਵੀ ਨਾ ਕਹਿੰਦੀ। ਜਿਵੇਂ ਇਹ ਕਿਸੇ ਦੀ ਗੱਲ 'ਚ ਹਾਜ਼ਰ ਹੀ ਨਾ ਹੋਵੇ। ਜਿਵੇਂ ਇਸ ਨਾਲ ਇਹ



www.PunjabiLibrary.com

ਦਾ ਕੋਈ ਬਵਾਸਤਾ ਨਾ ਹੋਵੇ। ਪਰ ਗੱਲ ਦਾ ਜੁਆਬ ਐਦਾਂ ਦਾ ਦਿੰਦੀ ਕਿ ਸੁਣਨ ਵਾਲਾ ਉਂਗਲਾਂ ਮੂੰਹ 'ਚ ਲੈ ਲੈਂਦਾ।

ਇਹ ਪੰਜ ਕੁ ਸਾਲ ਪਹਿਲਾਂ ਸਾਡੀ ਟੋਲੀ 'ਚ ਆ ਰਲੀ ਸੀ।

ਮੈਂ ਇਹ ਦੇ ਬਾਰੇ ਕਦੇ ਗੰਭੀਰਤਾ ਨਾਲ ਨਹੀਂ ਸੋਚਿਆ ਸੀ। ਓਦੋਂ ਤੋਂ ਹੀ ਜਦੋਂ ਦਾ ਇਸ ਦਫਤਰ ਜੋਆਇਨ ਕੀਤਾ ਸੀ। ਆਤਮ-ਕੇਂਦਰਤ ਔਰਤ। ਹਲਕੇ ਰੰਗ ਦੇ ਕਪੜੇ ਪਾਉਂਦੀ। ਆਪਣੇ ਕੰਮ ਨਾਲ ਮਤਲਬ ਰੱਖਦੀ। ਆਪਣੇ ਲਈ ਇਕ ਕੱਪ ਚਾਹ ਦਾ ਮੰਗਾਉਂਦੀ। ਦੋ ਵੇਲੇ। ਪਹਿਲਾਂ ਦਸ ਵਜੇ। ਸ਼ਾਮੀਂ ਤਿੰਨ ਵਜੇ। ਕਿਸੇ ਹੋਰ ਕਮਰੇ ਨਾਲ ਕੋਈ ਸੰਬੰਧ ਨਾ ਰੱਖਦੀ। ਨਾ ਹੀ ਕਿਸੇ ਅਫਸਰ ਕੋਲ ਬਿਨਾਂ ਮਤਲਬ ਦੇ ਬੈਠਦੀ। ਜੇ ਅਕਾਊਂਟ ਅਫਸਰ ਜਾਂ ਡਿਪਟੀ ਕੰਟ੍ਰੋਲਰ ਬੁਲਾ ਵੀ ਲੈਂਦਾ ਤਾਂ ਖੜੀ-ਖੜੀ ਮੁੜ ਆਉਂਦੀ। ਫਿਰ ਗੱਲ ਇੱਥੋਂ ਤਕ ਪਹੁੰਚ ਗਈ ਸੀ ਕਿ ਇਹਨੂੰ ਕੋਈ ਬੈਠਣ ਲਈ ਸੁਲਾਹ ਨਾ ਮਾਰਦਾ। ਚਾਹ ਲਈ ਨਾ ਕਹਿੰਦਾ।

ਇਹ ਆਉਂਦੀ। ਰਜਿਸਟਰ 'ਤੇ ਹਾਜਰੀ ਲਾਉਂਦੀ। ਆਪਣੀ ਸੀਟ 'ਤੇ ਆ ਬੈਠਦੀ। ਡਾਕ ਡੀਲ ਕਰਦੀ। ਏਨਾ ਜ਼ਰੂਰ ਸੀ ਕਿ ਇਹ ਆਪਣੇ ਕਮਰੇ ਦੇ ਪੰਜ ਕੁਲੀਗਜ਼ ਨੂੰ ਵਾਰੀ -ਵਾਰੀ ਸਤਿ ਸ੍ਰੀ ਅਕਾਲ ਬੁਲਾਉਂਦੀ। ਆਉਂਦੀ ਤੇ ਜਾਂਦੀ ਹੋਈ। ਉਨ੍ਹਾਂ ਦੀ ਕਿਸੇ ਹੋਰ ਗੱਲ ਵੱਲ ਉੱਕਾ ਧਿਆਨ ਨਾ ਦਿੰਦੀ। ਇਥੋਂ ਤੱਕ ਕਿ ਹੁੰਗਾਰਾ ਵੀ ਨਾ ਭਰਦੀ। ਕੰਮ ਖਤਮ ਹੋ ਜਾਂਦਾ ਜਾਂ ਕੋਈ ਚਿੱਠੀ ਡੀਲ ਕਰਨ ਵਾਲੀ ਨਾ ਹੁੰਦੀ ਤਾਂ ਇਹ ਆਪਣੇ ਪਰਸ 'ਚੋਂ ਅਖ਼ਬਾਰ ਕੱਢਦੀ। ਪੜ੍ਹਦੀ।

ਜਦੋਂ ਵੀ ਦਫਤਰ 'ਚ ਸੀਟਾਂ ਦੀ ਅਦਲ ਬਦਲ ਹੁੰਦੀ ਤਾਂ ਇਹਦਾ ਨੰਬਰ ਅਵੱਸ਼ ਲੱਗਦਾ।

ਇਹ ਦੇ ਬਾਰੇ ਇੱਕ ਇਹ ਗੱਲ ਵੀ ਮਸ਼ਹੂਰ ਸੀ ਕਿ ਇਹ ਕਿਸੇ ਪਾਰਟੀ 'ਤੇ ਨਹੀਂ ਜਾਂਦੀ। ਛੁੱਟ ਰਿਟਾਇਰ ਹੋ ਰਹੇ ਕੁਲੀਗ ਤੋਂ। ਨਾ ਕਿਸੇ ਅਖੰਡਪਾਠ ਦੇ ਭੋਗ ਜਾਂ ਜਗਰਾਤੇ 'ਤੇ ਜਾਂਦੀ। ਨਾ ਵਿਆਹ 'ਤੇ। ਪਰ ਜੇ ਕਿਸੇ ਦਾ ਕੋਈ ਨੇੜਲਾ ਰਿਸ਼ਤੇਦਾਰ ਮਰ ਜਾਂਦਾ ਜਾਂ ਕੋਈ ਹਸਪਤਾਲ 'ਚ ਪਿਆ ਹੁੰਦਾ ਤਾਂ ਇਹ ਉਸ ਦਾ ਹਾਲ ਚਾਲ ਪੁੱਛਣ ਅਵੱਸ਼ ਜਾਂਦੀ।

ਪੰਦਰਾਂ ਸਾਲ ਇਹ ਐਦਾਂ ਹੀ ਰਹੀ ਸੀ।

ਹੁਣ ਪਿਛਲੇ ਪੰਜ ਸਾਲਾਂ ਤੋਂ ਇਹ ਕੁਝ ਜ਼ਿਆਦਾ ਹੀ ਬੋਲਣ ਲੱਗੀ ਹੈ। ਦੂਜਿਆਂ ਬਾਰੇ ਜ਼ਿਆਦਾ ਹੀ ਫਿਕਰਮੰਦ ਹੋ ਗਈ ਹੈ। ਨੰਦਬਲਬ ਪੌੜੀਆਂ ਚੜਨ ਲੱਗਾ ਡਿੱਗ ਪਿਆ ਸੀ। ਉਸ ਦੀ ਸੱਜੀ ਲੱਤ ਪੱਟ ਉੱਪਰੋਂ ਟੁੱਟ ਗਈ ਸੀ। ਇਸ ਨੇ ਨੰਦਬਲਬ ਦੇ ਇਲਾਜ ਲਈ ਹਜ਼ਾਰ ਰੁਪਈਆ ਦਿੱਤਾ ਸੀ। ਇੱਕਲੇ-ਇੱਕਲੇ ਕਮਰੇ ਵਿਚ ਜਾ ਕੇ ਕੁਲੈਕਸ਼ਨ ਵੀ ਕੀਤੀ ਸੀ। ਕਈਆਂ ਕੋਲੋਂ ਜ਼ੋਰ ਜਬਰਦਸ਼ਤੀ ਨਾਲ ਪੈਸੇ ਕਢਵਾਏ ਸਨ।

ਇਹ ਗੂੜ੍ਹੇ ਰੰਗ ਦੇ ਕੱਪੜੇ ਪਾਉਣ ਲੱਗੀ ਹੈ। ਮੇਅਕੱਪ ਹਲਕਾ-ਹਲਕਾ ਕਰਦੀ ਹੈ। ਪਹਿਲਾਂ ਨਾਲੋਂ ਜ਼ਿਆਦਾ ਟਿੱਪਟੋਪ ਰਹਿੰਦੀ ਹੈ। ਇਸ 'ਚ ਏਨਾ ਉਤਸਾਹ ਆ ਗਿਆ ਕਿ ਇਹ ਦੌੜੀ ਫਿਰਦੀ ਹੈ। ਥਕਾਵਟ ਇਹਦੇ ਨੇੜੇ-ਤੇੜੇ ਨਹੀਂ ਦਿੱਸਦੀ।

ਇੱਕ ਵਾਰੀ ਬਲਜਿੰਦਰ ਅਕਾਊਂਟੈਂਟ ਇਹ ਦੇ ਕੋਲ ਆ ਬੈਠਾ ਸੀ। ਉਹ ਨੇ



ਇਹਦੇ ਕੋਲੋਂ ਤਨਖਾਹ ਦੇ ਬਜ਼ਟ ਬਾਰੇ ਸਲਾਨਾ ਖਰਚ ਪੁੱਛਣਾ ਸੀ। ਬਲਜਿੰਦਰ ਮਹਾਂਗਾਲੜੀ। ਭੋਲਾ ਜਿਹਾ ਬਣ ਕੇ ਆਪਣਾ ਕੰਮ ਕਰਾ ਲੈਂਦਾ। ਉਸ ਦਾ ਇਕ ਠਰਕ ਸੀ ਜਿਹੜਾ ਕਿ ਉਸ ਇਸ ਨਾਲ ਵੀ ਸਾਂਝਾ ਕੀਤਾ। ਇਹ ਦੀ ਕਮੀਜ਼ ਦਾ ਇੱਕ ਸਿਰਾ ਫੜ ਕੇ ਪੁੱਛਣ ਲੱਗਾ, "ਮੈਡਮ! ਆਹ ਕੱਪੜਾ ਕਿੰਨੇ ਕੁ ਮੀਟਰ ਵਾਲਾ? ਮੈਂ ਆਪਣੀ ਮਿਸਿਜ਼ ਨੂੰ ਲੈ ਕੇ ਦੇਣਾ।" ਇਹ ਨੇ ਲਾਲ ਲਾਲ ਅੱਖਾਂ ਕੱਢ ਕੇ ਉਹਨੂੰ ਘੂਰਿਆ, "ਮੈਨੂੰ ਆਪਣੇ ਘਰ ਦਾ ਪਤਾ ਦਿਉ। ਮੈਂ ਸ਼ਾਮ ਨੂੰ ਸੱਤ ਵਜੇ ਆਊਂ। ਭੈਣ ਜੀ ਨੂੰ ਪੁੱਛੂੰ ਕਿ ਸੱਚੀਂ ਉਹਨਾਂ ਨੂੰ ਇਹ ਰੰਗ ਪਸੰਦ ਆ।" ਬਲਜਿੰਦਰ ਨੂੰ ਅੱਗਿਉਂ ਕੋਈ ਜਵਾਬ ਨਾ ਔੜਿਆ। ਸ਼ਾਇਦ ਉਹਨੂੰ ਇਹ ਦੀ ਆਸ ਨਹੀਂ ਸੀ। ਉਹ ਕੁਝ ਕਹਿਣ ਹੀ ਲੱਗਾ ਸੀ ਕਿ ਇਹ ਬੋਲੀ, "ਅਗਾਂਹ ਤੋਂ ਖਰਚੇ ਬਾਰੇ ਨੋਟਿੰਗ 'ਤੇ ਹੀ ਪੁੱਛਿਆ ਕਰੋ। ਤੁਹਾਨੂੰ ਆਪਣੀ ਚਿੱਟੀ ਦਾਹੜੀ ਦਾ ਖਿਆਲ ਵੀ ਹੋਣਾ ਚਾਹੀਦਾ।" ਇਹ ਨੋਟਿੰਗ ਲਿਖਣ ਵਿਚ ਮਾਹਿਰ ਸੀ। ਇਹਨੂੰ ਕੇਸ ਨੂੰ ਉਲਝਾਉਣਾ ਵੀ ਆਉਂਦਾ ਸੀ ਤੇ ਸੁਲਝਾਉਣਾ ਵੀ ਆਉਂਦਾ ਸੀ। ਅਫਸਰ ਇਸ ਦੀ ਏ. ਸੀ. ਆਰ. ਉੱਤਮ ਲਿਖਦੇ ਸਨ।

ਇਕ ਦਿਨ ਅਚੰਭਾ ਹੋਇਆ। ਮੈਨੂੰ ਇਸ ਕੋਲੋਂ ਅਜਿਹੀ ਆਸ ਨਹੀਂ ਸੀ। ਮੈਂ ਇਸ ਨਾਲ ਉੱਨੀ ਕੁ ਗੱਲ ਕਰਦੀ ਜਿੰਨੀ ਕੁ ਦੀ ਲੋੜ ਹੁੰਦੀ। ਇਹ ਵੀ ਦਫਤਰ ਦੇ ਸੰਬੰਧ 'ਚ ਮੇਰੇ ਕੋਲੋਂ ਪੀ. ਐਫ. ਆਰ. ਤੇ ਸੀ. ਐਸ. ਆਰ. ਲੈਣ ਆਉਂਦੀ ਸੀ। ਇਹ ਤਾਂ ਸਾਡੇ ਨਾਲ ਲੰਚ ਵੀ ਨਹੀਂ ਕਰਦੀ ਸੀ। ਇਹੀ ਮਨਪ੍ਰੀਤ ਹੌਲੀ-ਹੌਲੀ ਪਰਤ ਦਰ ਪਰਤ ਖੁੱਲ੍ਹਦੀ ਗਈ। ਇਹਨੇ ਮੇਰੇ ਪੁੱਛਣ 'ਤੇ ਦੱਸਿਆ, "ਮੈਨੂੰ ਤਾਂ ਹੁਣ ਪਤਾ ਲੱਗਾ ਕਿ ਜ਼ਿੰਦਗੀ ਦੇ ਕੀ ਮਾਇਨੇ ਹੁੰਦੇ। ਚੌਤਾਲੀ ਸਾਲ ਤੇ ਉਸ 'ਚੋਂ ਬਾਈ ਸਾਲਾਂ ਦੀ ਵਿਆਹੁਤਾ ਜ਼ਿੰਦਗੀ- ਬੱਸ ਆਈ ਚਲਾਈ ਵਿਚ ਬੀਤ ਗਈ। ਘਰੋਂ ਦਫਤਰ ਤੇ ਦਫਤਰੋਂ ਘਰ। ਇਹੀ ਮੰਜ਼ਿਲ। ਇਹੀ ਸੰਸਾਰ। ਛੁੱਟੀ ਹੁੰਦੀ ਤਾਂ ਅਗੋਂ ਢੇਰ ਸਾਰੇ ਕੰਮ। ਕੰਮ ਹੀ ਕੰਮ। ਨਾ ਆਪਣੀ ਸੁੱਧ ਰਹਿੰਦੀ- ਨਾ ਆਪਣੇ ਮੀਆਂ ਦੀ। ਉਹਨਾਂ ਦੀਆਂ ਬਹੁਤੀਆਂ ਇੱਛਾਵਾਂ ਦਾ ਵਿਰੋਧ ਕਰਦੀ। ਜਾਂ ਹੋ ਜਾਂਦਾ। ਇੱਛਾ ਨਾਂ ਦੀ ਚੀਜ਼ ਮਰ ਗਈ ਸੀ। ਹੁਣ ਬੱਚੇ ਵੱਡੇ ਹੋ ਗਏ। ਵੱਡਾ ਇਸ ਸਾਲ ਯੂਨੀਵਰਸਿਟੀ 'ਚ ਚਲਾ ਗਿਆ। ਛੋਟਾ +1 'ਚ ਆ। ਮੇਰੇ ਬੱਚੇ ਬਹੁਤ ਚੰਗੇ। ਜਦੋਂ ਦਫਤਰੋਂ ਮੁੜਦੀ ਆਂ ਤਾਂ ਵੱਡਾ ਰਮੇਸ਼ ਮੇਰੇ ਲਈ ਚਾਹ ਦਾ ਕੱਪ ਬਣਾ ਲਿਆਉਂਦਾ। ਦੋਹਾਂ ਨੇ ਆਪਣੇ-ਆਪਣੇ ਕੰਮ ਵੰਡੇ ਹੋਏ ਆ। ਮੇਰੇ ਜੁੰਮੇ ਤਾਂ ਸਿਰਫ਼ ਰੋਟੀ ਆਈ। ਇਹ ਵੀ ਮੈਂ ਜ਼ੋਰ ਨਾਲ ਰੱਖੀ। ਜਗਦੀਸ਼ ਕਈ ਵਾਰ ਕਹਿ ਚੁੱਕਾ- "ਮੰਮਾ, ਮੈਨੂੰ ਆਟਾ ਗੁੰਨਣਾ ਸਿਖਾ ਦਿਉ! ਤੁਸੀਂ ਅਰਾਮ ਨਾਲ ਬੈਠ ਕੇ ਟੀ. ਵੀ. ਦੇਖਿਆ ਕਰੋ।"

ਇਹਨੇ ਚਾਹ ਮੰਗਵਾ ਲਈ। ਮੈਥੋਂ ਪੁੱਛਣ ਲੱਗੀ, "ਤੁਹਾਡੇ ਬੱਚੇ ਕਿੱਡੇ ਆ?"

"ਛੋਟਾ ਰੁੜਕੀ ਇੰਜਨੀਅਰਿੰਗ ਕਰ ਰਿਹਾ। ਵੱਡਾ ਕੰਪਿਊਟਰ ਸਾਈਂਸ 'ਚ ਦੂਜੇ ਸਾਲ 'ਚ ਆ।"

"ਫੇਰ ਤਾਂ ਤੁਸੀਂ ਵਿਹਲੇ ਹੋ ਗਏ?"

"ਬਿਲਕੁੱਲ।"

"ਮੇਰੇ ਬੱਚੇ ਹੁਣ ਆਪਣੇ-ਆਪਣੇ ਕਮਰੇ 'ਚ ਸੌਣ ਲੱਗ ਪਏ ਆ। ਜਗਦੀਸ਼



www.PunjabiLibrary.com

ਤਾਂ ਦਸਵੀਂ ਤੱਕ ਮੇਰੇ ਨਾਲ ਹੀ ਸੌਂਦਾਂ ਰਿਹਾ। ਸ਼ਾਇਦ ਉਹ ਅਜੇ ਵੀ ਮੇਰੇ ਨਾਲ ਸੌਂਦਾ! ਇਹ ਤਾਂ ਰਮੇਸ਼ ਨੇ ਉਹਨੂੰ ਘੂਰਿਆ ਤੇ ਸਮਝਾਇਆ।"

ਇਹ ਦਿਨ-ਬ-ਦਿਨ ਮੇਰੇ ਨੇੜੇ ਆਉਂਦੀ ਗਈ। ਅਸੀਂ ਲੰਚ ਇੱਕਠੀਆਂ ਕਰਨ ਲੱਗੀਆਂ। ਸਿਆਲਾਂ ਨੂੰ ਸਾਹਮਣੇ ਪੈਂਦੇ ਪਾਰਕ 'ਚ ਜਾ ਬੈਠਦੀਆਂ। ਰਾਤ ਨੂੰ ਫੋਨ ਕਰਦੀਆਂ। ਮੈਂ ਇਹਦੇ ਵੱਲ ਜਾ ਆਉਂਦੀ ਜਾਂ ਇਹ ਮੇਰੇ ਕੋਲ ਆ ਜਾਂਦੀ। ਜਦੋਂ ਮੈਂ ਇਹ ਨੂੰ ਪਹਿਲੀ ਵਾਰ ਸਪਨਾ ਨਾਲ ਮਿਲਾਇਆ ਸੀ ਤਾਂ ਇਹ ਨੇ ਸਪਨਾ ਨੂੰ ਦੀਦੀ ਕਿਹਾ ਸੀ। ਸਪਨਾ ਨੇ ਕਿਹਾ ਸੀ, "ਆਹ ਕੀ ਗੱਲ ਹੋਈ। ਮੈਂ ਅਜੇ ਇੰਨੀ ਬੁੱਢੀ ਨ੍ਹੀਂ ਹੋਈ। ਮੇਰਾ ਨਾਂ ਸਪਨਾ। ਕਹੋ ਤਾਂ ਇਕ ਵਾਰ ਸਪਨਾ।"

ਸਪਨਾ ਜਿੰਦਾ ਦਿਲ ਔਰਤ ਸੀ।

ਉਹ ਪਿਛਲੀ ਵਾਰ ਕਦੋਂ ਆਈ ਸੀ। ਮੈਨੂੰ ਪੱਕਾ ਯਾਦ ਨਹੀਂ। ਇੰਨਾ ਕੁ ਅਵੱਸ਼ ਯਾਦ ਹੈ ਕਿ ਦੀਪਕ ਦੇ ਕਿਸੇ ਕੁਲੀਗ ਦੇ ਮੁੰਡੇ ਦੀ ਸ਼ਾਦੀ ਸੀ। ਦੀਪਕ ਨੇ ਕਿਸੇ ਕੰਮ ਲਈ ਜਾਣਾ ਸੀ। ਉਹ ਜਾਂਦਾ ਹੋਇਆ ਉਸ ਨੂੰ ਮੇਰੇ ਕੋਲ ਛੱਡ ਗਿਆ ਸੀ। ਉਸ ਕਿਹਾ ਸੀ, "ਜਿੰਨਾ ਚਿਰ ਮੈਂ ਨ੍ਹੀਂ ਮੁੜਦਾ- ਇਹ ਮੇਰੀ ਅਮਾਨਤ ਤੁਹਾਡੇ ਹਵਾਲੇ।"

"ਇਹ ਮੇਰੀ ਅਮਾਨਤ," ਸਪਨਾ ਨੇ ਉਹ ਦੇ ਸ਼ਬਦ ਦੁਹਰਾਏ ਸਨ ਤੇ ਉੱਚੀ ਆਵਾਜ਼ 'ਚ ਕਿਹਾ ਸੀ, "ਮੈਂ ਆਪਣੀ ਅਮਾਨਤ ਆਪ ਹਾਂ। ਆਈ ਡੈਮ ਕੇਅਰ ਐਨੀ ਬੌਡੀ।"

ਉਸ ਉੱਪਰੋਂ ਉੱਪਰੋਂ ਕਿਹਾ ਸੀ। ਉਸ ਦੀ ਦੁਨੀਆਂ ਦਾ ਘੇਰਾ ਤਾਂ ਦੀਪਕ ਤਕ ਸੀਮਤ ਸੀ। ਇਸ ਤੋਂ ਬਾਹਰ ਉਹ ਜਾ ਹੀ ਨਹੀਂ ਸਕਦੀ ਸੀ।

ਉਹ ਸੋਫੇ ਤੋਂ ਉੱਠ ਕੇ ਦੀਵਾਨ 'ਤੇ ਲੱਤਾਂ ਪਸਾਰ ਕੇ ਬੈਠ ਗਈ ਸੀ। ਖੁੱਲ੍ਹੀ ਡੁੱਲ੍ਹੀ ਹੋ ਕੇ। ਮੈਂ ਉਹ ਨੂੰ ਪੁੱਛਿਆ ਸੀ, "ਮਨਪ੍ਰੀਤ ਨੂੰ ਸੱਦਾਂ?"

"ਅਜੇ ਨ੍ਹੀਂ।"

"ਕਿਉਂ?"

" ਅੱਜ ਕਲ੍ਹ ਉਹ ਸੈਕਸ ਦੀਆਂ ਬਹੁਤ ਗੱਲਾਂ ਕਰਦੀ।"

"ਤੂੰ ਵੀ ਕਰਦੀਂ।"

"ਮੈਂ ਸਿਰਫ ਤੇਰੇ ਨਾਲ ਕਰਦੀ ਆਂ।"

"ਮੈਂ ਦੋਹਾਂ ਨਾਲ ਕਰਦੀ ਆਂ।"

ਟੈਲੀਫੋਨ ਦੀ ਰਿੰਗ ਵੱਜੀ ਸੀ। ਮੈਨੂੰ ਜਾਣਾ ਪਿਆ ਸੀ।

ਵਾਪਸ ਆ ਕੇ ਮੈਂ ਪੁੱਛਿਆ ਸੀ, "ਹਾਂ- ਬਈ ਕੀ ਬਣਾਵਾਂ?"

"ਮੈਂ ਤਾਂ ਪਾਰਟੀ ਤੋਂ ਟੁੰਨ ਹੋ ਕੇ ਆਈਂ।"

"ਇਹ ਤਾਂ ਮੈਨੂੰ ਪਤਾ।"

"ਤੂੰ ਫਾਰਮਿਲਟੀ ਕਿਉਂ ਕਰਦੀਂ?"

ਉਹ ਰਸਮੀ ਨਹੀਂ ਹੋ ਸਕਦੀ ਸੀ। ਭੁੱਖ ਲੱਗਦੀ ਤਾਂ ਉਹ ਰਸੋਈ 'ਚ ਜਾ ਵੜਦੀ ਸੀ।



"ਥੱਕ ਗਈਂ?"

"ਨ੍ਹੀਂ।"

"ਕੀ ਕੀ ਖਾਧਾ?" ਮੈਨੂੰ ਕੋਈ ਹੋਰ ਗੱਲ ਨਾ ਔੜੀ ਤਾਂ ਮੈਂ ਇਹ ਪੁੱਛ ਲਿਆ ਸੀ। ਉਹ ਹੱਥ 'ਤੇ ਹੱਥ ਮਾਰ ਕੇ ਹੱਸੀ ਸੀ, "ਕੁਲਬੀਰ ਤੂੰ ਪੰਤਾਲੀ ਸਾਲਾਂ ਦੀ ਹੋ ਗਈਂ ਪਰ ਤੇਰੀਆਂ ਉਹੀ ਆਦਤਾਂ। ਬੱਚਿਆਂ ਵਰਗੀਆਂ। ਤੈਨੂੰ ਮੇਰੀ ਗੱਲ ਝੂਠ ਲੱਗਦੀ ਹੋਣੀ। ਮੈਂ ਇਹਨੂੰ ਸੱਚ ਕਰਕੇ ਦਿਖਾਉਂਦੀ। ਤੇਤੀ ਸਾਲ ਪਿੱਛੇ ਚੱਲ। ਆਪਾਂ ਦੋਵੇਂ ਨਾਨਕਿਆਂ ਦੇ ਗਈਆਂ ਸੀ। ਮਾਂ ਨੇ ਮੈਨੂੰ ਤਰਖਾਣਾਂ ਦੇ ਵਿਆਹ 'ਤੇ ਭੇਜਿਆ ਸੀ। ਮਾਮੀ ਨਾਲ। ਤੂੰ ਆਪ ਜਾਣ ਨੂੰ ਤਿਆਰ ਬੈਠੀ ਸੀ। ਮਾਂ ਨੇ ਸਮਝਾਇਆ ਕਿ ਬਹੁਤੇ ਜਾਂਦੇ ਚੰਗੇ ਨ੍ਹੀਂ ਲੱਗਦੇ। ਰਾਤ ਨੂੰ ਸੌਣ ਲੱਗਿਆਂ ਤੂੰ ਮੈਥੋਂ ਵਾਰ-ਵਾਰ ਪੁੱਛਿਆ ਸੀ- ਕੁੱਤੀਏ ਤੂੰ ਇੱਕਲੀ ਚਲੇ ਗਈ। ਪਹਿਲਾਂ ਇਹ ਦੱਸ-ਉੱਥੇ ਕੀ-ਕੀ ਖਾਧਾ। ਐਤ ਤੇਰੀ ਦੀ, ਜ਼ਿੰਦਗੀ 'ਚ ਖਾਣ ਪੀਣ ਤੋਂ ਬਿਨ੍ਹਾਂ ਵੀ ਬਹੁਤ ਕੁਸ਼ ਹੁੰਦਾ। ਛੱਡ-ਇਸ ਰੰਡੀ ਰੋਣੇ ਨੂੰ। ਇਹ ਦੱਸ ਯੂ ਸੈਕਸਉੱਲੀ ਸੈਟਿਸਫਾਈ।"

ਮੈਂ ਚੁੱਪ! ਮੈਂ ਇਹੀ ਉਸ ਤੋਂ ਪੁੱਛਣਾ ਚਾਹੁੰਦੀ ਸੀ।

"ਯੂ ਸੈਕਸਉਲੀ ਸੈਟਿਸਫਾਈ।"

"ਆਫ ਕੋਰਸ।" ਮੈਂ ਪਹਿਲੀ ਵਾਰ ਉਸ ਦੇ ਸਾਹਮਣੇ ਝੂਠ ਬੋਲੀ ਸੀ।

"ਪਰ ਮੈਂ ਨ੍ਹੀਂ। ਸ਼ਾਇਦ ਮੈਂ ਦੀਪਕ ਨੂੰ ਛੱਡ ਕੇ ਦੌੜ ਜਾਂ। ਮੈਨੂੰ ਉਸ ਨਾਲ ਮੈਰਿਜ ਨ੍ਹੀਂ ਕਰਾਉਣੀ ਚਾਹੀਦੀ ਸੀ। ਮੈਥੋਂ ਗਲਤੀ ਹੋ ਗਈ।" ਉਹ ਮੈਨੂੰ ਚੁੰਬੜ ਕੇ ਭੁੱਬੀਂ ਰੋ ਪਈ ਸੀ।

ਮਨਪ੍ਰੀਤ ਨੇ ਆਉਣਾ ਹੈ। ਮੈਂ ਉਹ ਨੂੰ ਫੋਨ ਕਰਕੇ ਸੱਦਿਆ ਹੈ। ਉਹ ਅਜੇ ਤੀਕ ਆਈ ਕਿਉਂ ਨਹੀਂ। ਛੇ ਵੱਜ ਚਲੇ ਹਨ। ਉਹ ਤਾਂ ਸਮੇਂ ਦੀ ਪਾਬੰਦ ਹੈ। ਮੈਂ ਉਸ ਨਾਲ ਸਪਨਾ ਦਾ ਕੇਸ ਡਿਸਕਸ ਕਰਨਾ ਹੈ। ਨਹੀਂ, ਮੈਂ ਉਸ ਨਾਲ ਉਸ ਦਾ ਕੇਸ ਡਿਸਕਸ ਕਰਨਾ ਹੈ। ਉਸ ਵੀ ਇੰਟਰਕਾਸਟ ਮੈਰਿਜ਼ ਕਰਵਾਈ ਹੈ। ਉਹਦੇ ਅੰਦਰ ਬਹੁਤ ਸਾਰੀਆਂ ਗੱਠਾਂ ਇਕੱਠੀਆਂ ਹੋਈਆਂ ਹਨ। ਉਸ ਇਕ ਦਿਨ ਮੈਨੂੰ ਫੋਨ 'ਤੇ ਕਿਹਾ ਸੀ, "ਹੁਣ ਜਦੋਂ ਤੇਜਵੰਤ ਮੇਰੇ ਨਾਲ ਸੌਣ ਦੀ ਜ਼ਿੱਦ ਕਰਦਾ ਤਾਂ ਮੈਨੂੰ ਉਸ ਕੋਲੋਂ ਕਚਿਆਣ ਆਉਂਦੀ।" ਪਰ ਮੈਂ ਆਪਣੇ ਬਾਰੇ ਕਿਸ ਨੂੰ ਦੱਸਾਂ? ਸਪਨਾ ਨੂੰ ਮੇਰੀ ਕੇਸ ਹਿਸਟਰੀ ਦਾ ਪਤਾ ਸੀ। ਸ਼ਾਇਦ ਮਨਪ੍ਰੀਤ ਨੂੰ ਵੀ ਪਤਾ ਹੋਵੇ। ਇਹਦੇ ਬਾਰੇ ਕੁਝ ਕਹਿ ਨਹੀਂ ਸਕਦੀ।

ਬਾਕੀ ਬਾਅਦ 'ਚ ਲਿਖਾਂਗੀ। ਪਹਿਲਾਂ ਸੰਤ ਭੱਟਾਚਾਰੀਆ ਨੂੰ ਫੋਨ ਕਰਲਾਂ। ਸ਼ਾਇਦ ਉਹ ਆਪਣੀ ਹਵੇਲੀ 'ਚ ਹੋਵੇ। ਕੀ ਪਤਾ ਸਮਾਧੀ 'ਚ ਬੈਠਾ ਹੋਵੇ। ਉਹ ਵੀ ਬੜਾ ਮਚਲਾ ਸੰਤ ਹੈ। ਮਨ ਕਰੇ ਤਾਂ ਹਫਤੇ ਬਾਅਦ ਫੋਨ ਕਰ ਲੈਂਦਾ। ਚੁੱਪ ਰਹੇ ਤਾਂ ਉਹ ਦਾ ਦੋ-ਦੋ ਮਹੀਨਿਆਂ ਤੱਕ ਕੋਈ ਅਤਾ ਪਤਾ ਨਹੀਂ ਲੱਗਦਾ। ਜੇ ਮਿਲ ਪਵੇ ਤਾਂ ਪੁੱਛਾਂ ਕਿ ਸਪਨਾ ਦੀ ਕੇਸ ਹਿਸਟਰੀ ਕੰਪਿਊਟਰ 'ਚ ਫੀਡ ਕਰਕੇ ਦੱਸ- ਕੋਈ ਐਦਾਂ ਵੀ ਰਿਸ਼ਤਾ ਤੋੜ ਸਕਦਾ?



www.PunjabiLibrary.com

# ਪ੍ਰਸ਼ਨ ਲੀਲ੍ਹਾ

ਅੱਜ ਪੰਮੀ ਤੇ ਕੁੱਤੀ ਵਿਚਕਾਰਲੀ ਦੌੜ-ਭੱਜ ਇਸ ਖੇਡ ਦਾ ਸਿਰਾ ਸੀ।

ਪਹਿਲਾਂ ਮੇਰੇ ਲਈ ਇਹ ਸਾਧਾਰਣ ਘਟਨਾ ਸੀ। ਮਾਮੂਲੀ ਜਿਹੀ। ਪੰਜ-ਦਸ ਮਿੰਟਾਂ ਦੀ ਖੇਡ। ਮੈਨੂੰ ਮਜ਼ਾ ਆਉਂਦਾ। ਮੁਫਤੋ-ਮੁਫਤੀ ਮਨੋਰੰਜਨ ਹੋ ਜਾਂਦਾ।

ਕਿਆ ਰੋਮਾਂਟਕ ਪਲ ਹੁੰਦੇ। ਮੇਰੇ ਮੂੰਹੋਂ 'ਵਾਹ' ਨਿਕਲਦਾ। ਮੇਰਾ ਰੋਮ-ਰੋਮ ਰੋਮਾਂਟਕ ਹੋ ਜਾਂਦਾ। ਮੇਰੀ ਜ਼ਿੰਦਗੀ 'ਚ ਅਜਿਹੇ ਪਲ ਬਹੁਤ ਘੱਟ ਆਏ ਸਨ। ਅਜਿਹਾ ਪਹਿਲੀ ਵਾਰ ਉਦੋਂ ਹੋਇਆ ਸੀ ਜਦੋਂ ਮੈਂ ਜਹਾਜ਼ 'ਚ ਵਿੰਡੋ ਕੋਲ ਬੈਠਾ ਸੀ। ਜਹਾਜ਼ ਅਫਗਾਨਿਸਤਾਨ ਦੇ ਉਪਰੋਂ ਦੀ ਜਾ ਰਿਹਾ ਸੀ। ਸਾਹਮਣੇ ਚਿੱਟੇ ਬੱਦਲਾਂ ਦਾ ਗੁਬਾਰ ਸੀ। ਸਵਰਗ ਦਾ ਝਾਉਲਾ ਪਾਉਂਦਾ। ਬਣਦੇ, ਗੁਆਚਦੇ ਚਿਹਰੇ। ਦੂਜੀ ਵਾਰ ਮੈਂ ਆਪਣੇ ਚਾਚੇ ਦੇ ਮੁੰਡਿਆਂ ਨਾਲ ਟਰਾਫਲਗਰ ਸੁਕੇਅਰ 'ਤੇ ਇਕੱਤੀ ਦਸੰਬਰ ਨੂੰ ਘੁੰਮਿਆ ਸੀ। ਪੌਣੇ ਬਾਰਾਂ ਵਜੇ। ਨਵਾਂ ਸਾਲ। ਨਵਾਂ ਉਤਸ਼ਾਹ। ਹੈਪੀ ਨਿਊ ਯੀਅਰ- ਕੰਨ ਪਾੜਵਾਂ ਸ਼ੋਰ। ਮੇਰੇ ਬੁੱਲ੍ਹ-ਮੇਰੀਆਂ ਗਲਾਂ ਗਿਲੀਆਂ ਸਨ। ਤੀਜੀ ਵਾਰ ਨਿਆਗਰਾ ਫਾਲ 'ਤੇ।

ਮੈਨੂੰ ਆਪਣੇ ਆਪ 'ਤੇ ਖਿਝ ਆਉਂਦੀ ਕਿ ਮੈਂ ਮੂਵੀ ਕੈਮਰਾ ਕਿਉਂ ਨਹੀਂ ਲਿਆਇਆ। ਸਤਵਿੰਦਰ ਨੇ ਜ਼ੋਰ ਦਿੱਤਾ ਸੀ, "ਕੈਮਰਾ ਲੈ ਜਾਉ। ਵਿਆਹ ਦੀ ਮੂਵੀ ਬਣਾ ਲਿਆਉਣੀ। ਇਕ ਕੈਸਿਟ ਆਪਣੇ ਪਿੰਡ, ਬਸ ਅੱਡਾ, ਕੋਠੀ, ਗਲੀਆਂ, ਮੋਟਰ ਤੇ ਰਿਸ਼ਤੇਦਾਰਾਂ ਦੀ ਬਣਾ ਲਿਆਉ। ਬੱਚਿਆਂ ਨੂੰ ਆਪਣੇ ਪਿਛਲਿਆਂ ਦਾ ਪਤਾ ਲੱਗੂ।" ਮੇਰੇ ਮੂੰਹੋਂ ਨਾਂਹ ਨਿਕਲੀ ਸੀ। ਦੋਬਾਰਾ ਹਾਂ ਹੋਣੀ ਨਹੀਂ ਸੀ। ਜੋਅ ਨੇ ਕਿਹਾ ਸੀ, "ਡੈਡ ਤੁਸੀਂ ਜਿਹੜੇ ਪੌਂਡ ਵਿੱਚ ਬਾਥ ਕਰਦੇ ਸੀ, ਉਸ ਦੇ ਸ਼ੋਟ ਮਸਟ ਬੀ।" ਮੈਂ ਉਸ ਦਾ ਕਿਹਾ ਵੀ ਅਣਸੁਣਿਆ ਕਰ ਦਿੱਤਾ ਸੀ।

ਮੈਂ ਬੈੱਡ-ਰੂਮ ਦੀ ਵਿਹੜੇ ਵੱਲ ਖੁੱਲ੍ਹਦੀ ਤਾਕੀ ਖੋਲ੍ਹ ਲੈਂਦਾ। ਮੇਰੀਆਂ ਨਜ਼ਰਾਂ ਗੇਟ 'ਤੇ ਫੋਕਸ ਹੋ ਜਾਂਦੀਆਂ। ਕਦੇ ਪੰਮੀ ਪਹਿਲਾਂ ਆ ਜਾਂਦੀ। ਕਦੇ ਕੁੱਤੀ। ਦੋਹਾਂ 'ਚ ਦੌੜ ਲੱਗੀ ਰਹਿੰਦੀ। ਪਹਿਲਾਂ ਆਉਣ ਦੀ। ਪਹਿਲਾਂ ਪਾਉਣ ਦੀ। ਜੇ ਕਿਤੇ ਦੋਹਾਂ ਦਾ ਅੱਗੜ-ਪਿੱਛੜ ਸਾਹਮਣਾ ਹੋ ਜਾਂਦਾ ਉਹ ਇੱਕ ਦੂਜੀ ਵੱਲ ਘ੍ਰਿਣਾ ਨਾਲ ਦੇਖਦੀਆਂ ਸਨ। ਖਾ ਜਾਣ ਵਾਲੀਆਂ ਨਜ਼ਰਾਂ ਨਾਲ ਘੂਰਦੀਆਂ ਸਨ। ਕੁੱਤੀ ਭੌਂਕ ਕੇ ਪਿਛਾਂਹ ਨੂੰ ਦੌੜ ਜਾਂਦੀ ਸੀ।



ਪੰਮੀ ਮੂੰਹ 'ਚ ਬੁੜ-ਬੁੜ ਕਰਦੀ ਸੀ। ਉਸ ਦੇ ਵੱਸ 'ਚ ਹੁੰਦਾ ਤਾਂ ਉਹ ਕੁੱਤੀ ਦੇ ਗੋਲੀ ਮਾਰ ਦਿੰਦੀ। ਕੁੱਤੀ ਦੇ ਵੱਸ 'ਚ ਹੁੰਦਾ ਤਾਂ ਉਹ ਪੰਮੀ ਨੂੰ ਪਾੜ ਕੇ ਖਾ ਜਾਂਦੀ।

ਮੇਰੀ ਪੰਜ ਕੁ ਵਜੇ ਅੱਖ ਖੁੱਲ੍ਹਦੀ। ਸਿੱਧਾ ਰਸੋਈ 'ਚ ਜਾਂਦਾ। ਚਾਹ ਦਾ ਕੱਪ ਬਣਾਉਂਦਾ। ਉਥੇ ਹੀ ਖੜਾ-ਖੜਾ ਪੀਂਦਾ। ਵਿਹੜੇ ਦੀ ਨੁੱਕਰ 'ਚ ਬਣਾਏ ਚੁੱਲ੍ਹੇ 'ਚ ਅੱਗ ਬਾਲਦਾ। ਵੱਡਾ ਪਤੀਲਾ ਪਾਣੀ ਦਾ ਭਰ ਕੇ ਰੱਖਦਾ। ਦੋ ਸਿਗਰੇਟਾਂ ਪੀਂਦਾ। ਸਰੀਰ ਰੁੱਖ ਸਿਰ ਹੁੰਦਾ।

ਪੰਮੀ ਸਤ ਵਜੇ ਆਉਂਦੀ। ਰਾਤ ਦਾ ਪਿਆ ਖਿਲਾਰਾ ਸਾਂਭਦੀ। ਅਸੀਂ ਉੱਨਾ ਖਾਂਦੇ ਨਾ-ਜਿੰਨਾ ਛੱਡਦੇ। ਉਹ ਡੈਡੀ ਦੇ ਕਮਰੇ ਤੋਂ ਬਾਅਦ ਮੇਰੇ ਕਮਰੇ 'ਚ ਆਉਂਦੀ। ਇਧਰ ਉਧਰ ਖਿਲਰੀਆਂ ਚੀਜ਼ਾਂ ਨੂੰ ਥਾਂ ਸਿਰ ਰੱਖਦੀ-ਰੱਖਦੀ ਕਹਿੰਦੀ, "ਜੇ ਖਾਣਾ ਨ੍ਹੀਂ ਹੁੰਦਾ ਤਾਂ ਰੋਟੀਆਂ ਪਕਵਾਉਣ ਦਾ ਕੀ ਫਾਇਦਾ? ਤੁਸੀਂ ਕੀ ਖਾਧਾ? ਬਾਪੂ ਜੀ ਨੇ ਦੋ ਰੋਟੀਆਂ ਖਾਧੀਆਂ। ਤੁਸੀਂ ਇਕ ਹੀ।" ਮੈਂ ਉਹ ਦੀ ਗੱਲ ਨੂੰ ਅਣਸੁਣਿਆ ਕਰ ਦਿੰਦਾ। ਜੇ ਮੈਂ ਉਹਦੀ ਗੱਲ ਦਾ ਇਕ ਅੱਧ ਵਾਰ ਜਵਾਬ ਦੇ ਦਿੰਦਾ ਤਾਂ ਮੈਨੂੰ ਉਹਦੀਆਂ ਬੇ ਸਿਰ ਪੈਰ ਕਹਾਣੀਆਂ ਸੁਣਨੀਆਂ ਪੈਂਦੀਆਂ। ਉਹ ਗੱਲਾਂ ਮੁਕਣ ਨਾ ਦਿੰਦੀ। ਮੈਂ ਸ਼ਰਾਬੀ ਹੁੰਦਾ ਤਾਂ ਉਹਨੂੰ ਸੌ ਦੀ ਥਾਂ 'ਤੇ ਪੰਜ ਸੌ ਦਾ ਨੋਟ ਦੇ ਦਿੰਦਾ। ਸੋਫ਼ੀ ਦੀ ਇਹੀ ਇੱਛਾ ਹੁੰਦੀ ਕਿ ਉਹ ਆਪਣਾ ਕੰਮ ਕਰਕੇ ਜਾਣ ਦੀ ਕਰੇ। ਉਹ ਹੌਂਸਲੇ ਵਾਲੀ ਕੁੜੀ ਸੀ ਜਿਸ ਆਪਣੀ ਅੰਮੀ, ਵੱਡੀ ਭੈਣ ਤੇ ਉਹਦੇ ਬੱਚਿਆਂ ਤੇ ਅੱਬੂ ਦੇ ਖਰਚੇ ਨੂੰ ਆਪਣੀ ਸੂਝ ਅਨੁਸਾਰ ਚਲਾ ਰੱਖਿਆ ਸੀ।

ਉਸ ਨੂੰ ਕੰਮ ਸਮਝਾਉਣ ਦੀ ਲੋੜ ਨਹੀਂ ਪੈਂਦੀ ਸੀ। ਉਹਨੂੰ ਆਪ ਹੀ ਪਤਾ ਸੀ ਕਿ ਉਸ ਗੋਚਰੇ ਕਿਹੜੇ-ਕਿਹੜੇ ਕੰਮ ਹਨ। ਉਹ ਸਿਰਫ ਸਬਜ਼ੀ ਬਾਰੇ ਡੈਡੀ ਤੋਂ ਪੁੱਛਦੀ। ਮੈਥੋਂ ਉਸਨੇ ਇਹ ਵੀ ਨਹੀਂ ਪੁੱਛਿਆ ਸੀ। ਉਹ ਬਚਿਆ ਖੁਚਿਆ ਪੌਣੇ 'ਚ ਲਪੇਟ ਲੈਂਦੀ। ਡੈਡੀ ਨੇ ਉਸ ਨੂੰ ਇਸ ਗੱਲ ਦੀ ਖੁੱਲ੍ਹ ਦੇ ਰੱਖੀ ਸੀ ਕਿ ਰਾਤ ਨੂੰ ਜੋ ਕੁਝ ਵੀ ਬਚਦਾ ਹੈ-ਉਹ ਆਪਣੇ ਘਰੇ ਲੈ ਜਾਵੇ। ਸਿਵਾਏ ਮੀਟ ਤੇ ਫਲਾਂ ਦੇ। ਉਹ ਦੋ ਵੇਲੇ ਤਾਜ਼ੀ ਸਬਜ਼ੀ ਬਣਵਾਉਂਦੇ। ਪੰਮੀ ਨੂੰ ਦੱਸਦੇ, "ਜਦੋਂ ਹਰਜੀਤ ਦੀ ਮੰਮੀ ਜਿਉਂਦੀ ਸੀ ਤਾਂ ਉਸੇ ਨੇ ਮੇਰੀ ਇਹ ਆਦਤ ਵਿਗਾੜੀ ਸੀ। ਹੁਣ ਮੈਥੋਂ ਦੂਜੇ ਵੇਲੇ ਦੀ ਬਹੀ ਚੀਜ਼ ਨ੍ਹੀਂ ਖਾਧੀ ਜਾਂਦੀ।"

ਕੰਮ ਕੋਈ ਜ਼ਿਆਦਾ ਨਹੀਂ ਹੈ। ਡੈਡੀ ਨੇ ਡੇਢ ਕਨਾਲ 'ਚ ਫੈਲੀ ਹੋਈ ਕੋਠੀ ਦੇ ਸਿਰਫ ਤਿੰਨ ਕਮਰੇ ਵਰਤੋਂ ਲਈ ਖੋਲ੍ਹੇ ਹਨ। ਇੱਕ ਉਨ੍ਹਾਂ ਦਾ ਬੈੱਡ ਰੂਮ। ਇਕ ਮੇਰਾ ਬੈੱਡ ਰੂਮ। ਕਿਸੇ ਆਏ ਗਏ ਲਈ ਲੌਬੀਨੁਮਾ ਡਰਾਇੰਗ ਰੂਮ। ਇਹਦੀ ਲੋੜ ਵੀ ਘੱਟ-ਵੱਧ ਹੀ ਪੈਂਦੀ। ਉਹ ਇਨ੍ਹਾਂ ਕਮਰਿਆਂ ਦੀ ਸਫਾਈ ਕਰਦੀ। ਸਵੇਰ ਦਾ ਬਰੇਕਫਾਸਟ ਬਣਾਉਂਦੀ। ਉਹ ਸਵੇਰ ਨੂੰ ਸਮੇਂ ਸਿਰ ਆਉਂਦੀ। ਸ਼ਾਮ ਨੂੰ ਲੇਟ ਹੋ ਜਾਂਦੀ। ਉਸ ਕੋਲ ਕੰਮ ਹੀ ਐਨਾ ਹੁੰਦਾ ਕਿ ਉਸ ਨੂੰ ਵਿਹਲ ਨਾ ਮਿਲਦੀ। ਘਰ ਜਾਂਦੀ। ਰੋਟੀਆਂ ਵਾਲਾ ਪੌਣਾ ਵੱਡੀ ਨੂੰ ਸੰਭਾਲਦੀ। ਤਿਆਰ ਹੁੰਦੀ। ਬਹਿਰਾਮ ਦੀ ਮਿੰਨੀ ਬੱਸ ਫੜਦੀ। ਉਥੋਂ ਨਵਾਂਸ਼ਹਿਰ ਦੀ। ਉਹ ਨਵਾਂਸ਼ਹਿਰ ਇਕ ਦੇਸੀ ਦਵਾਈਆਂ ਦੀ ਫਰਮ 'ਚ ਨੌਕਰੀ ਕਰਦੀ ਹੈ ਜਿਸ ਦਾ ਸਮਾਂ ਨੌਂ ਵਜੇ ਤੋਂ ਚਾਰ ਵਜੇ ਤੱਕ ਹੈ। ਉਹ ਸ਼ੀਸ਼ੀਆਂ ਧੋਂਦੀ ਹੈ। ਭਰਦੀ ਹੈ। ਉਹ ਪੰਜ-ਸਾਢੇ ਪੰਜ ਘਰ



www.PunjabiLibrary.com

ਵਾਪਸ ਮੁੜਦੀ। ਅੰਮੀ ਨੂੰ ਗੋਲੀ ਖਵਾਉਂਦੀ ਤੇ ਸਾਡੇ ਘਰ ਵੱਲ ਦੌੜਦੀ।

ਸੁਰ 'ਚ ਹੋਏ ਡੈਡੀ ਕਹਿੰਦੇ, "ਪੰਮੀ ਦੇ ਹੱਥਾਂ 'ਚ ਸੁੱਚਮ ਆ। ਕਮਾਲ ਦੀ ਕਾਰੀਗਰੀ ਆ। ਮੈਂ ਤੇਈ ਵਰ੍ਹੇ ਫ਼ੌਜ ਦੀ ਨੌਕਰੀ ਕੀਤੀ। ਸੱਤ ਵਾਰ ਤੇਰੇ ਕੋਲ ਇੰਗਲੈਂਡ ਗਿਆਂ। ਕਾਕੂ ਕੋਲ ਕਨੈਡਾ ਗਿਆਂ। ਲਾਡੀ ਕੋਲ ਅਮਰੀਕਾ ਰਿਹਾਂ। ਪਰ ਪੰਮੀ ਵਰਗੀ ਮੱਛੀ ਕੋਈ ਨ੍ਹੀਂ ਬਣਾ ਸਕਦਾ। ਮੁਰਗਾ ? ਅਸ਼ਕੇ ਜਾਵਾਂ ਇਸ ਕੁੜੀ ਦੇ। ਪੁੱਛ ਨਾ। ਇਹ ਤਿੰਨ-ਚਹੁੰ ਦਿਨਾਂ ਬਾਅਦ ਮੈਨੂੰ ਮੁਰਗਾ ਬਣਾ ਕੇ ਖੁਆਉਂਦੀ। ਮੈਂ ਚੱਟਮ ਕਰ ਜਾਣਾ। ਛੱਡਣ ਨੂੰ ਮਨ ਨ੍ਹੀਂ ਕਰਦਾ। ਦੇਖ-ਇਹਦਾ ਵਿਸ਼ਵਾਸ-ਇਹ ਝਟਕੇ ਦੇ ਮੀਟ ਨੂੰ ਮੂੰਹ ਨ੍ਹੀਂ ਲਾਉਂਦੀ।"

ਐਨੀ ਕਟੜਤਾ ਤੇ ਗਰੀਬੀ ? ਮੈਨੂੰ ਇਨ੍ਹਾਂ ਗੱਲਾਂ ਨਾਲ ਹੈਰਾਨੀ ਹੁੰਦੀ। ਉਹ ਦਾ ਪਰਿਵਾਰ ਅਤੀ ਗਰੀਬੀ ਦੇ ਦਿਨਾਂ 'ਚੋਂ ਗੁਜ਼ਰ ਰਿਹਾ ਹੈ। ਉਹ ਇਕੱਲੀ ਕਮਾਉਣ ਵਾਲੀ ਹੈ। ਖਾਣ ਵਾਲੇ ਅੱਠ ਜੀਅ ਹਨ। ਉਹ ਮਾਂ-ਧੀ ਤੇ ਉਹਦਾ ਅੱਬੂ ਉਹ ਦੀ ਵੱਡੀ ਭੈਣ ਤੇ ਉਸ ਦੇ ਚਾਰ ਨਿਆਣੇ। ਉਹ ਦਾ ਇਕੋ ਇਕ ਭਰਾ ਚਾਰ ਸਾਲ ਪਹਿਲਾਂ ਮਰ ਗਿਆ ਸੀ। ਉਹਨੇ ਮੈਨੂੰ ਆਪਣੇ ਅੱਬਾ ਬਾਰੇ ਦੱਸਿਆ ਸੀ, "ਰਹੀਮ ਨੂੰ ਲਾਲਚ ਨੇ ਮਾਰਿਆ। ਉਹ ਪਿੰਡ 'ਚ ਦਿਹਾੜੀਆਂ ਕਰਦਾ ਸੀ। ਮਨ-ਚਿੱਤ ਲਾ ਕੇ ਕੰਮ ਕਰਦਾ ਸੀ। ਉਹਨੂੰ ਕੰਮ ਦਾ ਘਾਟਾ ਨ੍ਹੀਂ ਸੀ। ਇਕ ਦਿਨ ਦੀਵਾਲੀ ਵਾਲੇ ਦਿਨ ਜੂਆ ਖੇਡਣ ਬੈਠ ਗਿਆ। ਪਹਿਲਾਂ ਜਿੱਤਦਾ ਗਿਆ। ਫੇਰ ਹਾਰਨ ਲਗਾ। ਹਾਰਦਾ ਹੀ ਗਿਆ। ਉਧਾਰ ਫੜ ਕੇ ਵੀ। ਦਸ ਹਜ਼ਾਰ ਠੇਕੇਦਾਰ ਦਾ ਸਿਰ ਚੜ ਗਿਆ। ਉਹਦੇ ਬਦਲੇ ਠੇਕੇਦਾਰ ਦੀ ਬਾਹਰਲੀ ਫਿਰਨੀ 'ਤੇ ਬਣਦੀ ਕੋਠੀ 'ਚ ਕੰਮ ਕੀਤਾ। ਠੇਕੇਦਾਰ ਨੇ ਕੰਮ ਦੇ ਲਾਲਚ 'ਚ ਉਹਨੂੰ ਅਫੀਮ ਲਾਤੀ। ਉਹ ਠੇਕੇਦਾਰ ਦਾ ਗੁਲਾਮ ਹੋ ਗਿਆ। ਸਰਪੰਚੀ ਲਈ ਵੋਟਾਂ ਪੈਣੀਆਂ ਸੀ। ਸਰ੍ਹੇਆਮ ਪੰਜ ਭੱਠੀਆਂ ਚਲੀਆਂ। ਰਹੀਮ ਚਤੋਪੈਰ ਉਥੇ ਰਹਿਣ ਲੱਗਾ। ਇੱਕ ਦਿਨ ਚਾਮਲ ਕੇ ਜ਼ਿਆਦੀ ਪੀ ਗਿਆ। ਦੂਜੇ ਦਿਨ ਉਹਦੀ ਲਾਸ਼ ਹੀ ਘਰੇ ਆਈ।" ਉਸ ਦੀ ਬੀਬੀ, ਜਿਸ ਦੇ ਅਸਲੀ ਨਾਂ ਦਾ ਕਿਸੇ ਨੂੰ ਪਤਾ ਨਹੀਂ ਹੈ, ਜਿਸ ਨੂੰ ਸਾਰੇ ਰੱਜੋ ਦਾਈ ਦੇ ਨਾਂ ਨਾਲ ਜਾਣਦੇ ਹਨ, ਅਰਧ ਪਾਗਲ ਹੋ ਗਈ ਸੀ। ਉਹ ਚੰਗੀਆਂ ਭਲੀਆਂ ਗੱਲਾਂ ਕਰਦੀ ਕਰਦੀ ਹੋਰ ਹੀ ਜਹਾਨ 'ਚ ਜਾ ਪਹੁੰਚਦੀ। ਕਈ ਵਾਰ ਉਹਨੂੰ ਸੰਗਲ ਨਾਲ ਬੰਨਣਾ ਪੈਂਦਾ। ਰੋਮੀ ਲਈ ਪਹਿਲਾਂ ਨਸ਼ੇ ਪੱਤੇ ਹਨ। ਉਹ ਹਫਤਾ-ਹਫ਼ਤਾ ਘਰ ਨਹੀਂ ਵੜਦਾ। ਜਿਸ ਕਿਸੇ ਨਾਲ ਕੰਮ ਕਰਾਇਆ, ਉਥੋਂ ਹੀ ਖਾ ਲਿਆ, ਉਥੇ ਹੀ ਸੌਂ ਗਿਆ। ਪੰਮੀ ਤੋਂ ਪੰਦਰਾਂ ਸਾਲ ਵੱਡੀ ਦਾ ਘਰਵਾਲਾ ਜੇ. ਸੀ. ਟੀ. ਮਿਲ ਫਗਵਾੜਾ 'ਚ ਹੈਲਪਰ ਲਗਾ ਸੀ। ਇਕ ਦਿਨ ਟਰੱਕ ਸਾਈਡ ਮਾਰ ਗਿਆ। ਉਹ ਆਪਣੇ ਪੇਕੇ ਆ ਗਈ। ਅੱਜ ਕਲ੍ਹ ਉਹਨੂੰ ਨਿਆਣਾ-ਨਿੱਕਾ ਹੋਣ ਵਾਲਾ ਹੈ।

****

ਦੋ ਹਫਤਿਆਂ ਤੋਂ ਇੱਕ ਕੁੱਤੀ ਆਉਣ ਲਗੀ ਸੀ। ਮਰੀਅਲ ਕੁੱਤੀ। ਪੰਜ-ਸੱਤ ਕਤੂਰੇ। ਉਹਦੇ ਵਰਗੇ ਹੀ। ਉਹ ਸਾਝਰੇ ਗੇਟ ਕੋਲ ਆ ਕੇ ਚੂੰਅ ਚੂੰਅ ਕਰਦੀ। ਪਹਿਲਾਂ ਪਹਿਲ ਮੈਂ ਸਮਝਿਆ ਸੀ ਕਿ ਇਹਨੂੰ ਠੰਢ ਲੱਗਦੀ ਹੋਵੇਗੀ। ਮੈਂ ਗੇਟ ਖੋਲ੍ਹਦਾ। ਉਹ ਮੇਰੇ ਪੈਰਾਂ 'ਚ ਲਿਟਣ ਲੱਗ ਪੈਂਦੀ। ਕਤੂਰੇ ਉੱਚੀ-ਉੱਚੀ ਚੀਕਦੇ। ਰੋਂਦੇ। ਮੈਂ ਛੇਤੀ ਹੀ ਉਨ੍ਹਾਂ



ਦੀ ਭਾਸ਼ਾ ਸਮਝ ਗਿਆ। ਉਹ ਮਾਂ ਦੇ ਦੁੱਧ ਲਈ ਰੋਂਦੇ ਸਨ। ਕੁੱਤੀ ਭੁੱਖੀ ਹੁੰਦੀ ਸੀ। ਥਨਾਂ 'ਚੋਂ ਦੁੱਧ ਕਿਥੋਂ ਉਤਰਨਾ ਸੀ।

ਰਸੋਈ 'ਚ ਰੋਟੀਆਂ ਹੁੰਦੀਆਂ ਜਾਂ ਫਰਿਜ 'ਚ ਡਬਲਰੋਟੀ ਦੇ ਪੀਸ, ਮੈਂ ਦੋਵੇਂ ਹੱਥ ਭਰ ਲੈਂਦਾ। ਉਸ ਕੋਲ ਆ ਖੜਦਾ। ਛੋਟੀਆਂ-ਵੱਡੀਆਂ ਬੁਰਕੀਆਂ ਪਾਉਂਦਾ। ਉਹ ਨਿਰਡਰ ਖਾਂਦੀ। ਜੇ ਮੈਨੂੰ ਲਗਦਾ ਕਿ ਇਸ ਨਾਲ ਉਸ ਦਾ ਅਜੇ ਢਿੱਡ ਨਹੀਂ ਭਰਿਆ ਤਾਂ ਮੈਂ ਰਸੋਈ 'ਚ ਆ ਖੜਦਾ। ਮੈਨੂੰ ਉਸ ਦੇ ਖਾਣ ਗੋਚਰਾ ਕੁਝ ਨਾ ਮਿਲਦਾ। ਮੈਂ ਮੀਟ ਵਾਲੇ ਪਤੀਲੇ 'ਚੋਂ ਬੋਟੀਆਂ ਕੱਢਦਾ। ਥਾਲੀ ਉਸ ਅੱਗੇ ਰੱਖ ਦਿੰਦਾ। ਉਹ ਰੱਜ ਜਾਂਦੀ। ਉਹਨੂੰ ਨਸ਼ਾ ਜਿਹਾ ਹੋ ਜਾਂਦਾ। ਉਹ ਗਲੀ ਵੱਲ ਦੌੜ ਜਾਂਦੀ। ਮਗਰੇ ਹੀ ਕਤੂਰੇ।

ਥੋੜ੍ਹੇ ਚਿਰ ਬਾਅਦ ਪੰਮੀ ਆ ਜਾਂਦੀ। ਜੇ ਉਹਨੂੰ ਦੌੜੀ ਜਾਂਦੀ ਕੁੱਤੀ ਦਿੱਸ ਪੈਂਦੀ ਤਾਂ ਉਸ ਨੂੰ ਖਿਝ ਚੜਦੀ। ਜਿਵੇਂ ਕੁੱਤੀ ਉਸ ਦਾ ਹੱਕ ਮਾਰ ਕੇ ਜਾ ਰਹੀ ਹੋਵੇ। ਉਸ ਦੇ ਹੱਥ ਜੋ ਕੁਝ ਵੀ ਲੱਗਦਾ, ਉਹ ਕੁੱਤੀ ਦੇ ਮਾਰਦੀ। ਮੂੰਹ 'ਚ ਬੁੜਬੁੜਾਉਂਦੀ। ਪਹਿਲਾਂ ਮੈਨੂੰ ਉਸ ਦੀ ਖਿਝ ਦਾ ਪਤਾ ਨਹੀਂ ਲਗਾ ਸੀ। ਡੈਡੀ ਨੇ ਕਦੇ ਉਸਨੂੰ ਝਿੜਕਿਆ ਨਹੀਂ ਸੀ। ਉੱਚੀ ਆਵਾਜ਼ 'ਚ ਬੋਲੇ ਨਹੀਂ ਸਨ। ਘਰ ਨੂੰ ਜਾਂਦੀ ਨੂੰ ਪਿੱਛੋਂ ਆਵਾਜ਼ ਨਹੀਂ ਮਾਰੀ ਸੀ। ਉਹ ਘਰ 'ਚੋਂ ਕੋਈ ਵੀ ਚੀਜ਼ ਲੈ ਜਾ ਸਕਦੀ ਸੀ। ਪਰ ਉਹ ਬਿਨਾਂ ਦੱਸਿਆਂ ਕੋਈ ਚੀਜ਼ ਨਹੀਂ ਲੈ ਜਾਂਦੀ ਸੀ। ਸ਼ਾਇਦ ਉਹ ਪਹਿਲਾਂ ਰਾਤ ਦੀਆਂ ਬਚੀਆਂ ਰੋਟੀਆਂ ਵੀ ਨਾ ਲੈ ਜਾਂਦੀ ਹੋਵੇ। ਇਹ ਖੁੱਲ੍ਹ ਡੈਡੀ ਨੇ ਦਿੱਤੀ ਹੋਣੀ ਹੈ। ਉਨ੍ਹਾਂ ਦੇ ਬਹੁਤੇ ਕੰਮ ਉਹ ਹੀ ਕਰਦੀ ਹੈ। ਬੈਂਕ 'ਚੋਂ ਪੈਨਸ਼ਨ ਲਿਆ ਦਿੰਦੀ ਹੈ। ਮੁਰਗਾ ਖਰੀਦ ਲਿਆਉਂਦੀ ਹੈ। ਇਸ ਗੱਲ ਦਾ ਉਹਨੂੰ ਹੀ ਪਤਾ ਹੈ ਕਿ ਰਸੋਈ 'ਚ ਕਿਹੜੀ ਚੀਜ਼ ਨਹੀਂ ਹੈ। ਕਿਹਦੇ ਵਿਆਹ 'ਤੇ ਕੀ ਦੇਣਾ ਹੈ। ਡੈਡੀ ਵਿਆਹ ਜਾਂ ਕਿਸੇ ਦਿਨ-ਸੁਧ 'ਤੇ ਉਸ ਨੂੰ ਆਪਣੇ ਨਾਲ ਹੀ ਲੈ ਜਾਂਦੇ। ਬਹੁਤੇ ਰਿਸ਼ਤੇਦਾਰਾਂ ਨੂੰ ਉਹਦੇ ਬਾਰੇ ਦੱਸਣ ਦੀ ਲੋੜ ਹੀ ਨਹੀਂ ਪੈਂਦੀ ਸੀ।

ਉਹ ਮੈਨੂੰ ਕਹਿੰਦੇ, "ਤੂੰ ਬੜਾ ਨਿਕੰਮਾ। ਮੈਂ ਤੈਨੂੰ ਕਈ ਵਾਰ ਕਿਹਾ ਕਿ ਇਸ ਕੁੜੀ ਨੇ ਮੇਰੀ ਬੜੀ ਸੇਵਾ ਕੀਤੀ। ਤੂੰ ਇਹਨੂੰ ਪੌਂਡਾਂ ਵਾਲੀ ਧਰਤੀ ਦਿਖਾ ਦੇ। ਇਹ ਬਹੁਤ ਮਿਹਨਤੀ। ਇਹ ਨੇ ਆਪਣੀ ਮਾਂ ਨੂੰ ਉਹਦਾ ਬੁਢਾਪਾ ਭੁੱਲਾ ਦੇਣਾ। ਫਿਰ ਇਹਦਾ ਪਿਓ ਰੋਮੀ ਤੇਰਾ ਭਗਤ ਬਣਿਆ ਹੋਇਆ।" ਮੈਂ ਹੂੰ-ਹਾਂ ਕਰ ਛੱਡਦਾ। ਮੈਥੋਂ ਐਵੇਂ ਲਾਰਾ ਨਹੀਂ ਲਗਦਾ। ਮੈਂ ਜਿਥੇ ਰਹਿੰਦਾ ਹਾਂ-ਉਥੇ ਮੁਸਲਿਮ ਆਬਾਦੀ ਨਹੀਂ ਹੈ। ਜੇ ਕੋਈ ਹੈ ਵੀ ਤਾਂ ਮੈਂ ਨਹੀਂ ਜਾਣਦਾ। ਇਕੋ-ਇਕ ਤੁਫੈਲ ਅਹਿਮਦ ਹੈ। ਪੰਤਾਲੀ ਸਾਲਾਂ ਤੁਫੈਲ। ਉਹ ਮੈਨੂੰ ਈਲਿੰਗ ਬਰੋਡਵੇਅ 'ਤੇ ਮਿਲਦਾ। ਮਹਾਂ ਗਾਲੜੀ। ਮੈਨੂੰ ਘੇਰ ਕੇ ਖੜ ਜਾਂਦਾ, "ਲੈ-ਹੁਣ ਭਾਣਜਾ ਅੱਖ ਨ੍ਹੀਂ ਮਿਲਾਉਂਦੈ। ਕੋਈ ਨਾ। ਕੋਈ ਨਾ। ਇਕੱਲੇ ਬੰਦੇ ਨੂੰ ਕੌਣ ਮਿਲਦੈ।...ਮਾਮੀ ਤੇਰੀ ਮੈਨੂੰ ਇਕੱਲਿਆਂ ਕਰ ਗਈ। ਮੁੰਡੇ ਵਿਆਹਤੇ। ਉਨ੍ਹਾਂ ਆਪੋ ਆਪਣੇ ਘਰ ਖਰੀਦ ਲਏ। ਮੇਰਾ ਘਰ ਜਾਣ ਨੂੰ ਮਨ ਨ੍ਹੀਂ ਕਰਦਾ। ਮੈਂ ਸਟੇਸ਼ਨ 'ਤੇ ਘੁੰਮਦਾ ਰਹਿਣਾ-ਬਈ ਤੇਰੇ ਵਰਗਾ ਕੋਈ ਸੱਜਣ ਪੁਰਸ਼ ਮਿਲ ਜਾਵੇ। ਮੇਰਾ ਦੁੱਖ ਸੁਣਨ ਵਾਲਾ ਕੋਈ ਨ੍ਹੀਂ ਰਿਹਾ। ਜਨਾਨੀ ਬਿਨਾਂ ਕਾਹਦੀ ਜ਼ਿੰਦਗੀ।" ਆਖਿਰ 'ਚ ਉਹ ਇਹ ਅਵੱਸ਼ ਕਹਿੰਦਾ, "ਤੂੰ ਕੋਈ ਸਾਥੀ ਲੱਭ ਦੇ।" ਕਿੱਥੇ ਤੁਫੈਲ ਤੇ ਕਿਥੇ ਪੰਮੀ। ਕੋਈ ਮੇਲ ਨਹੀਂ।



www.PunjabiLibrary.com

****

ਪਿਛਲੇ ਹਫਤੇ ਤੋਂ ਪੰਮੀ ਪਹਿਲਾਂ ਨਾਲੋਂ ਜਲਦੀ ਆਉਣ ਲੱਗੀ ਸੀ। ਉਸਦੀ ਇਹੀ ਕੋਸ਼ਿਸ਼ ਹੁੰਦੀ ਸੀ ਕਿ ਕੁੱਤੀ ਦੇ ਆਉਣ ਤੋਂ ਪਹਿਲਾਂ ਪਹਿਲਾਂ ਆਇਆ ਜਾਵੇ।

ਕੁੱਤੀ ਵੀ ਇਸ ਤਾਕ 'ਚ ਰਹਿੰਦੀ ਸੀ ਕਿ ਪੰਮੀ ਪਹਿਲਾਂ ਨਾ ਆ ਜਾਵੇ।

ਕੁੱਤੀ ਚੂੰਅ-ਚੂੰਅ ਕਰਦੀ। ਮੈਂ ਬੇਚੈਨ ਹੋ ਜਾਂਦਾ। ਜੇ ਮੈਂ ਘੇਸਲਮਾਰ ਕੇ ਬੈਠਾ ਹੁੰਦਾ ਤਾਂ ਵੀ ਉਠ ਖੜਦਾ। ਕੁੱਤੀ ਦੇ ਨਾਲ-ਨਾਲ ਮੈਨੂੰ ਕਤੂਰਿਆਂ ਦੀ ਭੁੱਖ ਦਾ ਅਹਿਸਾਸ ਤੰਗ ਕਰਦਾ। ਇਕ ਦਿਨ, ਮੈਂ ਇਕ-ਇੱਕ ਬੁਰਕੀ ਪਾ-ਪਾ ਕੇ ਕੁੱਤੀ ਨੂੰ ਨੁਕਰ ਵਾਲੀ ਗੈਰਿਜ ਤਾਈਂ ਲੈ ਆਇਆ ਸੀ। ਉਥੇ ਮੈਂ ਰੋਮੀ ਕੋਲੋਂ ਟੋਕ ਦੀ ਪੰਡ ਮੰਗਵਾ ਕੇ ਖਿਲਾਰੀ ਸੀ। ਜੇ ਉਹ ਇੱਥੇ ਟਿੱਕ ਜਾਂਦੀ ਤਾਂ ਮੈਂ ਉਸ ਦੀ ਭੁੱਖ ਦਾ ਪੱਕਾ ਇਲਾਜ ਕਰ ਦੇਣਾ ਸੀ। ਉਹ ਉੱਥੇ ਉੱਨਾ ਕੁ ਚਿਰ ਰੁਕੀ ਸੀ ਜਿੰਨਾ ਚਿਰ ਮੇਰੇ ਹੱਥ 'ਚ ਰੋਟੀਆਂ ਰਹੀਆਂ ਸਨ। ਉਸ ਆਖਿਰੀ ਬੁਰਕੀ ਤਕ ਮੇਰਾ ਇੰਤਜਾਰ ਕੀਤਾ ਸੀ। ਫੇਰ ਉਹ ਆਪਣੇ ਕਤੂਰਿਆਂ ਸਮੇਤ ਗੇਟ ਵੱਲ ਦੌੜ ਗਈ ਸੀ।

ਮੈਨੂੰ ਕੁੱਤੀ ਨਾਲ ਅੰਤਾਂ ਦੀ ਹਮਦਰਦੀ ਸੀ।

ਜੇ ਪੰਮੀ ਪਹਿਲਾਂ ਆ ਜਾਂਦੀ ਤਾਂ ਕੁੱਤੀ ਨੂੰ ਭੁੱਖਿਆ ਰਹਿਣਾ ਪੈਂਦਾ।

ਜੇ ਕੁੱਤੀ ਪਹਿਲਾਂ ਆ ਜਾਂਦੀ ਤਾਂ ਪੰਮੀ ਡਾਹਢੀ ਔਖੀ ਹੁੰਦੀ। ਉਹ ਮੂੰਹੋਂ ਕੁਝ ਨਾ ਬੋਲਦੀ। ਖਿਝੀ ਹੋਈ ਕੰਮ ਕਰਦੀ। ਉੱਨੀ ਇਕਾਗਰਤਾ ਨਾਲ ਨਹੀਂ, ਜਿੰਨੀ ਪਹਿਲਾਂ ਹੁੰਦੀ ਸੀ। ਮੂਲੀਆਂ ਵਾਲੇ ਪਰਾਉਂਠੇ ਬਣਾਉਂਦੀ ਪਰ ਮੂਲੀਆਂ ਚੰਗੀ ਤਰ੍ਹਾਂ ਕੱਦੂਕਸ ਨਾ ਕਰਦੀ। ਜੇ ਆਲੂ ਵਾਲੇ ਪਰਾਉਂਠੇ ਹੁੰਦੇ ਤਾਂ ਮਿਰਚ-ਮਸਾਲੇ ਕਦੇ ਜ਼ਿਆਦਾ ਪਾ ਦਿੰਦੀ। ਕਦੇ ਬਿਲਕੁਲ ਘੱਟ। ਮੈਂ ਦਸ ਕੁ ਵਜੇ ਬਰੇਕਫਾਸਟ ਕਰਦਾ। ਉਦੋਂ ਤਾਈਂ ਉਹ ਨਵਾਂਸ਼ਹਿਰ ਹੁੰਦੀ ਸੀ। ਮੈਂ ਆਪਣੀ ਨਿਰਾਜ਼ਗੀ ਆਪਣੇ ਤੱਕ ਸੀਮਤ ਰੱਖੀ ਸੀ। ਉਹ ਰਾਤ ਦੀ ਰੋਟੀ ਵਧੀਆ ਬਣਾ ਕੇ ਰੱਖਦੀ। ਦੋ ਰੋਟੀਆਂ ਵਧ ਪਕਾਉਂਦੀ। ਇਹ ਉਸ ਦੀ ਇੱਛਾ ਨਹੀਂ ਸੀ। ਇਹ ਮੈਂ ਹੀ ਉਹਨੂੰ ਕਿਹਾ ਸੀ ਕਿ ਦੋ ਚਾਰ ਰੋਟੀਆਂ ਵੱਧ ਪਕਾ ਜਾਇਆ ਕਰ। ਕੋਈ ਸੱਜਣ-ਪੁਰਸ਼ ਪੀਂਦਾ-ਪੀਂਦਾ ਮੇਰੇ ਨਾਲ ਹੀ ਰੋਟੀ ਖਾਣ ਦੀ ਜਿੱਦ ਕਰਨ ਲਗ ਜਾਂਦਾ ਸੀ।

****

ਅੱਜ ਮੈਂ ਆਮ ਦਿਨਾਂ ਨਾਲੋਂ ਜਲਦੀ ਉਠ ਖੜਿਆ ਸੀ। ਸ਼ਾਇਦ ਸ਼ਰਾਬ ਮਾੜੀ ਸੀ ਜਾਂ ਕੋਈ ਚੀਜ਼ ਵੱਧ-ਘੱਟ ਖਾਧੀ ਗਈ ਸੀ। ਮੇਰੇ ਢਿੱਡ 'ਚ ਤੇਜ਼ ਵੱਟ ਉਠਿਆ। ਮੈਂ ਫਾਰਿਗ ਹੋ ਕੇ ਪੈਨਾਡੋਲ ਦੀ ਗੋਲੀ ਲਈ। ਸਰੀਰ ਨੂੰ ਥੋੜ੍ਹਾ ਮੋੜਾ ਪਿਆ। ਚਾਹ ਦੀ ਤਲਬ ਉੱਠੀ। ਡਾਕਟਰ ਦੀ ਸਲਾਹ ਦੇ ਉਲਟ ਮੈਂ ਰਸੋਈ 'ਚ ਗਿਆ। ਸੌਂਫ ਪਾ ਕੇ ਚਾਹ ਦਾ ਕੱਪ ਬਣਾਇਆ। ਬੈੱਡ-ਰੂਮ 'ਚ ਤਾਕੀ ਕੋਲ ਪਈ ਕੁਰਸੀ 'ਤੇ ਆ ਬੈਠਾ। ਪੁਰਾਣੀ ਅਖ਼ਬਾਰ ਪੜ੍ਹਣ ਲਗਾ।

ਅੱਧੇ ਕੁ ਘੰਟੇ ਬਾਅਦ ਕੁੱਤੀ ਦੀ ਚੂੰਅ-ਚੂੰਅ ਦੀ ਆਵਾਜ਼ ਆਈ। ਦਰਦਭਰੀ ਆਵਾਜ਼। ਮੈਂ ਉਹਦੀ ਆਵਾਜ਼ ਦੂਰੋਂ ਹੀ ਪਛਾਣ ਲੈਨਾ। ਉਹ ਰਾਤ ਦੀ ਭੁੱਖੀ ਸੀ। ਉਸ ਦੇ ਬੱਚੇ ਭੁੱਖੇ ਸਨ। ਉਹ ਕਹਿ ਰਹੀ ਸੀ, "ਛੇਤੀ ਕਰੋ। ਮੇਰੀ ਭੁੱਖ ਨਾਲ ਜਾਨ ਨਿਕਲ ਰਹੀ।



ਮੇਰੇ ਬੱਚੇ ਭੁੱਖੇ। ਮੇਰੀ ਨਾ ਸੋਚੋ-ਇਨ੍ਹਾਂ ਬੱਚਿਆਂ ਦਾ ਖਿਆਲ ਕਰੋ।" ਮੈਂ ਲੋਈ ਦੀ ਬੁੱਕਲ ਮਾਰੀ। ਰਸੋਈ 'ਚ ਗਿਆ। ਚਾਰ ਪੰਜ ਰੋਟੀਆਂ ਮਿਲ ਗਈਆਂ। ਮਨ ਨੂੰ ਤਸੱਲੀ ਹੋਈ ਕਿ ਇਸ ਨਾਲ ਕੁੱਤੀ ਦਾ ਪੇਟ ਭਰ ਜਾਵੇਗਾ। ਜਾਂਦਾ-ਜਾਂਦਾ ਮੈਂ ਮੁੜ ਆਇਆ। ਫਰਿਜ 'ਚੋਂ ਪੂਰੀ ਡਬਲਰੋਟੀ ਚੁੱਕੀ। ਤੇਜ਼ੀ ਨਾਲ ਗੇਟ ਵੱਲ ਗਿਆ।

ਮੈਂ ਰੋਟੀਆਂ ਲੈ ਕੇ ਗੇਟ ਕੋਲ ਆਇਆ ਤਾਂ ਪਹਿਲਾਂ ਮੈਨੂੰ ਕੁੱਤੀ ਦਿੱਸੀ। ਫੇਰ ਪੰਮੀ। ਮੇਰੇ ਖੱਬੇ ਪਾਸੇ। ਉਸਦਾ ਘਰ ਇਸੇ ਪਾਸੇ ਪੈਂਦਾ। ਪੰਮੀ ਦੇ ਸੱਜੇ ਹੱਥ 'ਚ ਟੁੱਟੀ ਹੋਈ ਚਪਲ ਦਾ ਇਕ ਪੈਰ ਸੀ ਜਿਸਦਾ ਸਟੈਪਲ ਨਿਕਲ ਗਿਆ ਸੀ। ਉਹ ਇੰਨੀ ਕਾਹਲੀ ਸੀ ਕਿ ਉਸ ਕੋਲ ਇਕ ਪਲ ਖੜਕੇ ਸਟੈਪਲ ਪਾਉਣ ਦਾ ਸਮਾਂ ਨਹੀਂ ਸੀ। ਉਸਦੇ ਖੱਬੇ ਹੱਥ 'ਚ ਪੱਕਾ ਰੋੜਾ ਫੜਿਆ ਸੀ ਜੋ ਉਸ ਕੁੱਤੀ ਦੇ ਮਾਰਨ ਲਈ ਚੁੱਕਿਆ ਹੋਇਆ ਸੀ।

ਕੁੱਤੀ ਦੀਆਂ ਅੱਖਾਂ ਪਾਣੀ ਨਾਲ ਭਰੀਆਂ ਹੋਈਆਂ ਸਨ। ਉਹਦੀਆਂ ਭੁੱਖੀਆਂ ਕੁੱਖਾਂ ਪਿਚਕੀਆਂ ਪਈਆਂ ਸਨ। ਪੰਜਾਂ 'ਚੋਂ ਇਕ ਕਤੂਰਾ, ਜਿਹੜਾ ਕਿ ਸਾਰਿਆਂ ਨਾਲੋਂ ਤਕੜਾ ਦਿੱਸਦਾ ਸੀ, ਉਹ ਖੜੀ ਕੁੱਤੀ ਦੇ ਢਿੱਡ ਤੇ ਅਗਲੇ ਪੈਰ ਟਿਕਾਈ ਬੜੇ ਮਜ਼ੇ ਨਾਲ ਦੁੱਧ ਚੁੰਘ ਰਿਹਾ ਸੀ।

ਮੈਨੂੰ ਦੇਖਦਿਆਂ ਹੀ ਪੰਮੀ ਥਾਂ ਹੀ ਖੜ੍ਹ ਗਈ।

ਕੁੱਤੀ ਨੇ ਸਰੀਰ ਨੂੰ ਛੰਡਿਆ।

ਭਰ ਸਿਆਲ 'ਚ ਵੀ ਮੇਰੀਆਂ ਮੁੱਠੀਆਂ ਮੁੜਕੇ ਨਾਲ ਭਿੱਜ ਗਈਆਂ ਸਨ। ਮੇਰੇ ਕੋਲੋਂ ਹੋਰ ਖੜਿਆ ਨਾ ਗਿਆ। ਮੈਂ ਰੋਟੀਆਂ ਤੇ ਡਬਲਰੋਟੀ ਗੇਟ 'ਤੇ ਰੱਖੀਆਂ। ਮੁੜ ਉਸੇ ਕੁਰਸੀ 'ਤੇ ਆ ਬੈਠਾ ਜਿਥੋਂ ਦੋ ਕੁ ਮਿੰਟ ਪਹਿਲਾਂ ਉੱਠਿਆ ਸੀ।



www.PunjabiLibrary.com

## ਗਲੋਬ

ਘੰਟੀ ਵੱਜੀ ਹੈ। ਖੁਸ਼ਵੰਤ ਦਾ ਫੋਨ ਹੀ ਹੋਵੇਗਾ। ਕੋਰਡਲੈਸ ਚੁੱਕਦੀ ਹਾਂ। ਡਰਾਇੰਗ ਰੂਮ 'ਚ ਆ ਖੜ੍ਹਦੀ ਹਾਂ। ਪ੍ਰੀਤੀ ਦੀ ਨੀਂਦ ਕਿਉਂ ਖਰਾਬ ਕਰਾਂ। ਕੋਰਡਲੈਸ ਔਨ ਕੀਤਾ ਹੈ। ਅੱਗੋਂ ਆਵਾਜ਼ ਨਹੀਂ ਆ ਰਹੀ। ਸ਼ਾਇਦ ਲਾਇਨ ਨਾ ਮਿਲ ਰਹੀ ਹੋਵੇ। ਅਜਿਹਾ ਪਹਿਲਾਂ ਵੀ ਹੁੰਦਾ ਸੀ।

ਦੋ ਮਿੰਟ। ਪੰਜ ਮਿੰਟ। ਵਾਰ-ਵਾਰ ਕੋਰਡਲੈਸ ਚੁੱਕ ਕੇ ਦੇਖਦੀ ਹਾਂ ਕਿ ਕਿਤੇ ਡੈੱਡ ਤਾਂ ਨਹੀਂ ਹੋ ਗਿਆ। ਫੋਨ ਠੀਕ ਹੈ।

ਖੁਸ਼ਵੰਤ ਦੇ ਫੋਨ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਹੁੰਦਾ। ਪਹਿਲੇ ਤਿੰਨ ਸਾਲਾਂ 'ਚ ਉਸ ਸਿਰਫ਼ ਦਸ ਵਾਰ ਫ਼ੋਨ ਕੀਤਾ ਸੀ। ਹੁਣ ਗਿਣਤੀ ਵਧ ਗਈ ਹੈ। ਕਈ ਵਾਰ ਉਹ ਹਫ਼ਤੇ 'ਚ ਦੋ-ਦੋ ਵਾਰ ਫੋਨ ਕਰਦਾ ਹੈ। ਇਹ ਉਸ ਦੇ ਮੂਡ 'ਤੇ ਡਿਪੈਂਡ ਕਰਦਾ। ਕਦੇ ਉਹ ਵੱਡੇ ਤੜਕੇ ਉਠਾ ਲੈਂਦਾ ਹੈ। ਕਦੇ ਦੁਪਹਿਰ ਨੂੰ। ਇਸ ਗੱਲੋਂ ਔਖੀ ਹੁੰਦੀ ਤਾਂ ਉਹ ਕਹਿੰਦਾ, "ਡਰਾਇਵਰ ਹਾਂ। ਯੂ ਨੋ ਮੇਰੇ ਪ੍ਰਫੋਸ਼ਨ ਦਾ ਕੋਈ ਟਾਈਮ ਨ੍ਹੀਂ। ਮੇਰੀ ਨੀਂਦ ਦਾ ਕੋਈ ਟਾਈਮ ਨ੍ਹੀਂ।"

ਉਸ ਦਾ ਤਾਂ ਪਤਾ ਨਹੀਂ ਪਰ ਇਨ੍ਹੀਂ ਦਿਨੀਂ ਮੇਰੀ ਨੀਂਦ ਦਾ ਕੋਈ ਬੱਝਵਾਂ ਸਮਾਂ ਨਹੀਂ ਰਿਹਾ। ਟੈਲੀਵੀਜ਼ਨ ਤੋਂ ਮਨ ਉਕਤਾ ਜਾਵੇ ਤਾਂ ਜੋ ਹੱਥ ਲੱਗਦਾ, ਪੜ੍ਹ ਲੈਂਦੀ ਹਾਂ। ਅਖ਼ਬਾਰ ਨਹੀਂ। ਮੈਨੂੰ ਅਖ਼ਬਾਰ ਚੰਗੀ ਨਹੀਂ ਲੱਗਦੀ। ਉਹੀ ਘਿਸੀਆਂ ਪਿਟੀਆਂ ਖ਼ਬਰਾਂ। ਇਦੂੰ ਟੀ.ਵੀ. ਚੰਗਾ। ਕਿਤਾਬਾਂ ਚੰਗੀਆਂ। ਪ੍ਰੀਤੀ ਦੇ ਕਮਰੇ 'ਚੋਂ ਬਹੁਤ ਕੁਝ ਨਵਾਂ ਮਿਲ ਜਾਂਦਾ ਹੈ। ਇਹ ਕਮਰਾ ਅਜੇ ਤਾਈਂ ਉਸੇ ਦਾ ਹੀ ਹੈ।

ਅੱਖਾਂ ਭਾਰੀਆਂ ਹੋ ਜਾਣ ਤਾਂ ਜਿਥੇ ਬੈਠੀ ਹੋਵਾਂ, ਉਥੇ ਟੇਢੀ ਹੋ ਜਾਂਦੀ ਹਾਂ। ਜ਼ਿਆਦਾ ਚਿਰ ਨਹੀਂ। ਵੱਧ ਤੋਂ ਵੱਧ ਦੋ ਘੰਟੇ-ਤਿੰਨ ਘੰਟੇ। ਘੱਟ ਤੋਂ ਘੱਟ ਇਕ ਝਪਕੀ। ਮਾੜਾ ਜਿੰਨਾ ਹੋਇਆ ਖੜਾਕ ਵੀ ਜਗਾ ਦਿੰਦਾ ਹੈ। ਉਬੜਭਾਵੇ ਉਠਦੀ ਹਾਂ। ਡਰਦੀ ਹਾਂ। ਸੁੰਗੜਦੀ ਹਾਂ। ਕੰਬਦੀ ਹਾਂ। ਪਾਸੇ ਮਾਰਦੀ ਹਾਂ। ਬੇਮਤਲਬ ਫੋਨ ਕਰਦੀ ਹਾਂ।

ਆਪਣੇ ਆਪ ਨੂੰ ਕਿਸੇ ਨਾ ਕਿਸੇ ਤਰ੍ਹਾਂ ਬਿਜੀ ਰੱਖਦੀ ਹਾਂ। ਵਿਤੋਂ ਭਾਰੀਆਂ ਚੀਜ਼ਾਂ ਚੁੱਕ ਕੇ ਇਧਰ-ਉਧਰ ਰੱਖ ਦਿੰਦੀ ਹਾਂ। ਜੇ ਕੋਈ ਕੰਮ ਨਾ ਦਿੱਸੇ ਤਾਂ ਅਲਮਾਰੀ 'ਚੋਂ



ਕੱਪੜੇ ਹੀ ਕੱਢ ਕੇ ਧੁੱਪੇ ਪਾਉਂਦੀ ਹਾਂ। ਮੁੜਕੋ-ਮੁੜਕੀ ਹੁੰਦੀ ਹਾਂ। ਥੱਕਦੀ ਹਾਂ। ਟੁੱਟਦੀ ਹਾਂ। ਡਿਗਦੀ ਹਾਂ। ਸੰਭਲਦੀ ਹਾਂ। ਹੋਸ਼ ਸੰਭਾਲਦੀ ਹਾਂ।

ਜਦੋਂ ਦੀ ਰਿਟਾਇਰਮੈਂਟ ਲਈ ਹੈ, ਉਦੋਂ ਤੋਂ ਮੇਰੀ ਇਹੀ ਅਵਸਥਾ ਚਲੀ ਆ ਰਹੀ ਹੈ। ਇਸ 'ਚ ਬਹੁਤਾ ਫਰਕ ਨਹੀਂ ਪਿਆ। ਜੇ ਜ਼ਿਆਦਾ ਹੀ ਸਤੁੰਸ਼ਟ ਹੋਵਾਂ ਤਾਂ ਇਸ 'ਚ ਉੱਨੀ ਇੱਕੀ ਦਾ ਫਰਕ ਆਉਂਦਾ ਹੈ।

ਇਸ ਗਧੀ ਗੇੜ 'ਚੋਂ ਬਾਹਰ ਨਹੀਂ ਨਿਕਲ ਰਹੀ। ਮਨ ਚਾਹੁੰਦਾ ਹੈ ਕਿ ਖੁਸ਼ਵੰਤ ਮੇਰੇ ਸੁਪਨਿਆਂ 'ਚ ਆਵੇ। ਸਾਰਾ-ਸਾਰਾ ਦਿਨ ਅਤੇ ਸੌਣ ਲੱਗਿਆਂ ਉਹਦੇ ਹੀ ਬਾਰੇ ਸੋਚਦੀ ਹਾਂ। ਉਹ ਦਾ ਨਾਂ ਕਾਪੀ 'ਤੇ ਕਦੇ ਸਿੱਧੇ ਪਾਸਿਉਂ ਤੇ ਕਦੇ ਪੁੱਠੇ ਪਾਸਿਉਂ ਲਿਖਦੀ ਹਾਂ। ਇਕਾਗਰ ਚਿਤ ਹੋ ਕੇ ਵਿਆਹ ਵਾਲੀ ਐਲਬੰਬ ਖੋਲ੍ਹਦੀ ਹਾਂ। ਵਿਰਾਟ ਤੇ ਪ੍ਰੀਤੀ ਨਾਲ ਫੋਨ 'ਤੇ ਉਸੇ ਦੇ ਬਾਰੇ ਗੱਲਾਂ ਕਰਦੀ ਹਾਂ। ਚਾਹੁੰਦੀ ਹਾਂ ਕਿ ਉਹ ਉਸ ਬਾਰੇ ਹੀ ਗੱਲਾਂ ਕਰਨ। ਕਈ 'ਹੋਰ' ਗੁਆਚੇ ਹੋਏ ਪਲਾਂ ਨੂੰ ਸਿਮਰਤੀ 'ਚੋਂ ਬਾਹਰ ਲਿਆਉਂਦੀ ਹਾਂ।

ਖੁਸ਼ਵੰਤ ਜਦੋਂ ਦਾ ਅਮਰੀਕਾ ਗਿਆ-ਇਕ ਵਾਰ ਵੀ ਸੁਪਨੇ 'ਚ ਨਹੀਂ ਆਇਆ। ਨਾ ਦਿਨੇ। ਨਾ ਰਾਤੀਂ। ਸਹੁੰ ਖਾਣ ਨੂੰ ਵੀ ਨਹੀਂ। ਸ਼ਾਇਦ ਪਹਿਲਾਂ ਵੀ ਨਾ ਆਇਆ ਹੋਵੇ- ਇਸ ਬਾਰੇ ਦਾਅਵੇ ਨਾਲ ਕੁਝ ਨਹੀਂ ਕਹਿ ਸਕਦੀ। ਉਹਦੇ ਇਥੇ ਹੁੰਦਿਆਂ ਦੀ ਮੈਂ ਪ੍ਰਵਾਹ ਨਹੀਂ ਕੀਤੀ ਸੀ। ਉਹ ਨਾ ਹੋਇਆਂ ਬਰਾਬਰ ਸੀ। ਮੈਂ ਮਨ ਆਈਆਂ ਕੀਤੀਆਂ ਸਨ। ਉਹ ਕੁਝ ਕਹਿੰਦਾ-ਮੈਂ ਹੋਰ ਦਾ ਹੋਰ ਕਰਦੀ। ਉਹਨੂੰ ਚਿੜਾਉਣ ਨੂੰ। ਸਤਾਉਣ ਨੂੰ।

ਉਨ੍ਹੀਂ ਦਿਨੀਂ ਉਹ ਸੁਪਨਿਆਂ 'ਚ ਜ਼ਿਆਦਾ ਆਇਆ ਸੀ ਜਦੋਂ ਕਾਲਜ 'ਚ 'ਰਾਥ ਆਫ ਐਕਲੀਜ਼' ਨਾਟਕ ਖੇਡਿਆ ਸੀ। ਦਿਨੇਂ ਵੀ। ਰਾਤੀਂ ਵੀ। ਬਸ 'ਚ ਸਫਰ ਕਰਦਿਆਂ ਵੀ। ਨਵੀਂ ਥਾਂ। ਨਵਾਂ ਰੂਪ। ਨਵਾਂ ਰੰਗ-ਢੰਗ।

ਵਾਲ ਕਲੋਕ ਵੱਲ ਦੇਖਦੀ ਹਾਂ। ਅਜੇ ਤਾਂ ਦਸ ਹੀ ਵੱਜੇ ਹਨ। ਪ੍ਰੀਤੀ ਜਲਦੀ ਸੌਂ ਗਈ ਹੈ। ਉਹ ਕਮਲੇਸ਼ ਵੱਲ ਗਈ ਸੀ। ਉਥੋਂ ਉਹ ਫਿਲਮ ਦੇਖਣ ਚਲੇ ਗਈਆਂ ਸਨ।

ਡਰਾਇੰਗ ਰੂਮ 'ਚ ਟਹਿਲਣ ਲੱਗੀ ਹਾਂ। ਕੰਨ ਫੋਨ ਵੱਲ ਹਨ। ਮਨ ਬਹੁਤ ਦੂਰ।

ਇੱਕ ਦਿਨ ਸੁੱਤਿਆਂ ਉਠਦਿਆਂ ਸਾਰ ਚਿੱਠੀਆਂ ਵਾਲੀ ਫਾਈਲ ਖੋਲ੍ਹ ਕੇ ਪੜ੍ਹਣ ਬੈਠ ਗਈ ਸੀ। ਨਾ ਚਾਹ। ਨਾ ਪਾਣੀ। ਨਾ ਬਰੁਸ਼। ਇਹ ਉਦੋਂ ਦੀਆਂ ਸਨ ਜਦੋਂ ਪ੍ਰੀਤੀ ਹੋਣ ਵਾਲੀ ਸੀ। ਖੁਸ਼ਵੰਤ ਦੀ ਇੱਛਾ ਦੇ ਵਿਰੁੱਧ ਪੇਕਿਆਂ ਦੇ ਆਈ ਸੀ। ਉਹ ਮੈਨੂੰ ਰੋਜ਼ ਚਿੱਠੀ ਲਿਖਦਾ। ਮੈਂ ਜੁਆਬ ਦਿੰਦੀ। ਉਸੇ ਦੀ ਭਾਸ਼ਾ 'ਚ। ਉਸੇ ਦੀ ਟੋਨ 'ਚ। ਉਹ ਸੁਆਲ ਪਾਉਂਦਾ। ਜਿਦਾਂ ਦਾ ਉਹ ਦਾ ਸੁਆਲ, ਉਦਾਂ ਦਾ ਮੇਰਾ ਜੁਆਬ। ਉਹ ਫੁਲੀਆਂ ਪਾਉਂਦਾ। ਨਵਾਂ ਜਾਲ ਵਿਛਾਉਂਦਾ। ਮੈਂ ਉਸ ਜਾਲ 'ਚ ਉਲਝ ਜਾਂਦੀ। ਇਹੀ ਮੇਰੀ ਕਮਜ਼ੋਰੀ ਰਹੀ ਸੀ। ਉਹਨੂੰ ਵੀ ਮੇਰੀਆਂ ਕਮਜ਼ੋਰੀਆਂ ਦਾ ਪਤਾ ਸੀ। ਪ੍ਰੀਤੀ ਤੋਂ ਚਾਰ ਸਾਲਾਂ ਬਾਅਦ ਵਿਰਾਟ ਹੋਇਆ ਸੀ। ਮੇਰਾ ਵਿਰਾਟ। ਮੇਰਾ ਬੇਟਾ। ਵਾਰ-ਵਾਰ ਉਹਦਾ ਚਿਹਰਾ ਦੇਖਦੀ। ਚੁੰਮਦੀ। ਹਿੱਕ ਨਾਲ ਘੁੱਟਦੀ। ਕਿਸੇ ਨੂੰ ਨਾ ਮਿਲਦੀ। ਨਾ ਹੀ ਇਹ ਚਾਹੁੰਦੀ ਕਿ ਕੋਈ ਮੈਨੂੰ ਮਿਲਣ ਆਵੇ। ਹਿਲਣ-ਜੁਲਣ, ਉੱਠਣ ਨੂੰ ਮਨ ਨਾ ਕਰਦਾ। ਨੀਂਦ ਘੱਟ ਗਈ। ਵਿਰਾਟ ਦਾ ਵੱਧ ਤੋਂ ਵੱਧ ਖਿਆਲ ਰੱਖਦੀ। ਉਹਨੂੰ ਇਕ ਮਿੰਟ ਵੀ ਆਪਣੀਆਂ ਨਜ਼ਰਾਂ ਤੋਂ ਉਹਲੇ ਨਾ ਹੋਣ



www.PunjabiLibrary.com

ਦਿੰਦੀ। ਇਹ ਅਕਤੂਬਰ ਦੇ ਸ਼ੁਰੂ ਦੇ ਦਿਨ ਸਨ। ਮੇਰੀ ਘੋਰ ਉਦਾਸੀ ਦੇ ਦਿਨ। ਇਨ੍ਹਾਂ ਨਵੰਬਰ ਤੱਕ ਐਦਾਂ ਹੀ ਚਲਣਾ ਸੀ। ਮੇਰੇ ਨਾਲ ਹਰ ਸਾਲ ਐਦਾਂ ਹੀ ਹੁੰਦਾ ਹੈ। ਇਹ ਖੁਸ਼ਵੰਤ ਕਰਕੇ ਹੀ ਸੀ। ਕੋਟ ਮੈਰਿਜ ਤੋਂ ਸਾਲ ਕੁ ਬਾਅਦ ਮੈਨੂੰ ਆਪਣੀ ਚੋਣ 'ਤੇ ਪਛਤਾਵਾ ਹੋਣ ਲੱਗਾ ਸੀ। ਖੁਸ਼ਵੰਤ ਆਪਣੀ ਕੈਲਕੂਲੇਸ਼ਨ 'ਚ ਗੁਆਚਿਆ ਰਹਿੰਦਾ ਸੀ। ਪਰ ਉਸ ਕੋਲੋਂ ਕੋਈ ਫੈਸਲਾ ਨਾ ਲਿਆ ਜਾਂਦਾ। ਨਾ ਦਫ਼ਤਰ ਸੰਬੰਧੀ। ਨਾ ਘਰ 'ਚ। ਇਨਡੀਸੀਸਵ ਮੈਨ। ਕਦੇ ਉਹ ਮੇਰੀ ਸਲਾਹ ਪੁੱਛਦਾ। ਕਦੇ ਮਾਂ ਦੀ। ਭੈਣਾਂ ਨੂੰ ਫੋਨ ਕਰਦਾ। ਇਧਰ ਮੇਰਾ ਚਿੱਤ ਅਸ਼ਾਂਤ ਰਹਿਣ ਲੱਗਾ ਸੀ। ਜੋ ਚਾਹਿਆ ਸੀ, ਜੋ ਸੋਚਿਆ ਸੀ, ਉਹ ਮੈਨੂੰ ਮਿਲ ਨਹੀਂ ਸੀ ਰਿਹਾ। ਪਹਿਲਾਂ ਉਸ ਨਾਲ ਛੋਟੀਆਂ ਮੋਟੀਆਂ ਸ਼ਿਕਾਇਤਾਂ ਸਨ। ਆਮ ਜਿਹੀਆਂ। ਛੇਤੀ ਹੀ ਇਨ੍ਹਾਂ ਨੇ ਗੁੱਸੇ, ਖਿੱਝ, ਚਿੜਚਿੜੇਪਨ ਦਾ ਰੂਪ ਧਾਰਨ ਕਰ ਲਿਆ ਸੀ। ਲੰਮੀ ਸੋਚ ਦੀ ਤਾਂ ਮੈਨੂੰ ਇਸ ਖਿੱਝ ਦੇ ਸਪੱਸ਼ਟ ਕਾਰਨ ਨਾ ਲੱਭਦੇ। ਉਭਾਊਪਨ। ਇੰਡੀਵੀਜੁਆਲਿਟੀ ਦੀ ਮੌਤ। ਅੰਦਰ ਹੀ ਅੰਦਰ ਕੁਝ ਰਿੱਝਦਾ। ਇਹ ਸਮਾਜ- ਇਸ ਸਮਾਜ ਦੇ ਕਾਇਦੇ ਕਾਨੂੰਨ। ਇਹ ਰੁਕਾਵਟਾਂ। ਉਸ ਨਾਲ ਜੁੜੀ ਹੋਈ ਵੀ ਇਕੱਲੀ ਰਹਿਣ ਲੱਗੀ ਸੀ। ਆਪਣੇ ਆਪ ਨੂੰ ਧੋਖਾ ਦਿੰਦੀ ਸੀ। ਚੇਤਨ-ਅਵਚੇਤਨ ਦੋਹਾਂ ਧਰਾਤਲਾਂ 'ਤੇ। ਜਲਦੀ ਹੀ ਆਪਣੇ ਆਪ ਨੂੰ ਸੰਭਾਲ ਲਿਆ ਸੀ। ਆਪਣੀ ਸਮਾਨਾਂਤਰ ਜ਼ਿੰਦਗੀ ਜਿਊਣੀ ਸ਼ੁਰੂ ਕਰ ਦਿੱਤੀ ਸੀ। ਖੁਸ਼ਵੰਤ ਸਭ ਕੁਝ ਜਾਣਦਿਆਂ ਹੋਇਆਂ ਵੀ ਸਹਿਜ ਦਿਖਾਈ ਦਿੰਦਾ ਸੀ। ਹਊ ਪਰਿਆ ਕਰ ਛੱਡਦਾ ਸੀ। ਇਸ ਵਾਰੀ ਉਸ ਨੇ ਮੈਨੂੰ ਸੰਭਾਲਿਆ। ਉਹਨੇ ਵੱਡੇ ਭੈਣ ਜੀ ਨੂੰ ਲੈ ਆਂਦਾ। ਉਹ ਮੈਨੂੰ ਦੋ ਵੇਲੇ ਪਾਰਕ ਦੀ ਸੈਰ ਕਰਾਉਂਦਾ। ਇਕ ਅੱਧ ਗੇੜਾ ਕੱਢ ਕੇ ਥੱਕ ਜਾਂਦੀ। ਖੜ ਜਾਂਦੀ। ਉਹ ਹੌਂਸਲਾ ਦਿੰਦਾ, "ਤੂੰ ਮੇਰਾ ਮੋਢਾ ਫੜ ਕੇ ਤੁਰੀ ਚਲ।" ਉਹ ਮੈਨੂੰ ਗੱਲਾਂ 'ਚ ਉਲਝਾ ਲੈਂਦਾ। ਕਹਿੰਦਾ, "ਮੈਂ ਤੇਰਾ ਐਕਲੀਜ਼।" ਮੈਨੂੰ ਉਸ ਦੇ ਇਸੇ ਰੂਪ ਨਾਲ ਅੰਤਾਂ ਦਾ ਪਿਆਰ ਸੀ। ਮੇਰਾ ਐਕਲੀਜ਼। ਮੇਰਾ ਪਹਿਲਾ ਪਿਆਰ। ਮੋਹ ਨਾਲ ਭਰ ਜਾਂਦੀ। ਉਹਦਾ ਹੱਥ ਫੜ ਲੈਂਦੀ। ਉਹ ਪੋਲਾ-ਪੋਲਾ ਘੁੱਟਦਾ। ਮੁੜਦਿਆਂ ਹੋਇਆਂ ਉਹ ਜੂਸ ਵਾਲੀ ਦੁਕਾਨੇ ਲੈ ਵੜਦਾ। ਮੇਰੀ ਪੇਸ਼ ਨਾ ਜਾਣ ਦਿੰਦਾ। ਨਾਂਹ ਕਰਦੀ। ਉਹ ਕਹਿੰਦਾ, "ਜਿੰਨਾ ਪੀ ਸਕਦੀਂ-ਉਂਨਾ ਤਾਂ ਪੀ। ਬਾਕੀ ਮੈਂ ਪੀ ਲਊਂ।" ਦਫਤਰੋਂ ਜਲਦੀ ਆਉਂਦਾ। ਵਿਰਾਟ ਨੂੰ ਚੁੱਕ ਲੈਂਦਾ। ਪ੍ਰੀਤੀ ਨੂੰ ਹੋਮ-ਵਰਕ ਕਰਾਉਂਦਾ। ਮੈਥੋਂ ਬਾਅਦ ਸੌਂਦਾ। ਪਹਿਲਾਂ ਉਠਦਾ।

'ਡਾਈਵੋਰਸ' ਸ਼ਬਦ ਨੇ ਮੈਨੂੰ ਚਿੰਤੁਤ ਕਰ ਰੱਖਿਆ ਹੈ। ਖੁਸ਼ਵੰਤ ਨੇ ਆਪਣੇ ਵਕੀਲ ਰਾਹੀਂ ਅਪੀਲ ਦਾਇਰ ਕਰਵਾਈ ਸੀ। ਇਹ 'ਆਪਸੀ ਤਲਾਕ' ਦਾ ਕੇਸ ਸੀ। ਉਹਨੇ ਆਪਣੇ ਸਾਈਨ ਕਰਕੇ ਭੇਜ ਦਿੱਤੇ ਸਨ। ਇਧਰ ਮੈਂ, ਜਿਵੇਂ ਉਹ ਚਾਹੁੰਦਾ ਸੀ, ਉਵੇਂ ਹੀ ਕੀਤਾ ਸੀ। ਜਸਪਾਲ ਨੇ ਨੱਠਭੱਜ ਕੀਤੀ ਸੀ। ਚਾਰ ਮਹੀਨਿਆਂ 'ਚ ਹੀ ਡਿਕਰੀ ਸ਼ੀਟ ਦੀ ਕਾਪੀ ਲਿਆ ਫੜਾਈ ਸੀ, "ਤੁਸੀਂ ਇਸ ਨੂੰ ਪੜ੍ਹ ਲਉ। ਇਹ ਦੀ ਫੋਟੋ ਕਾਪੀ ਕਰਵਾ ਲੈਣੀ। ਅਸਲ ਕਾਪੀ ਡੈਡੀ ਜੀ ਨੂੰ ਚਾਹੀਦੀ। ਰਜਿਸਟਰਡ ਪੋਸਟ ਰਾਹੀਂ ਭੇਜ ਦਿਉ।" ਮੈਂ ਲਿਫਾਫੇ ਨੂੰ ਹੱਥ ਨਹੀਂ ਲਾਇਆ ਸੀ। ਇਹਦੇ ਵੱਲ ਮੂੰਹ ਨਹੀਂ ਕੀਤਾ ਸੀ। ਮਨ ਦੇ ਕਿਸੇ ਨੁੱਕਰੋਂ ਨਿਕਲਿਆ ਸੀ ਕਿ ਕੀ ਜਸਪਾਲ ਨੇ ਵੀ ਸਾਡੀਆਂ ਦਰਾੜਾਂ ਨੂੰ ਲੱਭ ਲਿਆ ਸੀ।



www.PunjabiLibrary.com

ਕੁਝ ਸੀ ਜਿਸਕੇ ਉਸ ਮੈਨੂੰ ਡਿਕਰੀ ਸ਼ੀਟ ਪੜ੍ਹਣ ਲਈ ਕਿਹਾ ਸੀ। ਉਹ ਬਿਨਾਂ ਪੜ੍ਹਾਇਆਂ ਵੀ ਭੇਜ ਸਕਦਾ ਸੀ। ਮਨ ਹੋਰ ਸ਼ੱਕੀ ਹੋ ਗਿਆ ਸੀ।

ਦੋਚਿਤੀ ਨੇ ਮੈਨੂੰ ਪਾਗਲ ਕੀਤਾ ਹੋਇਆ ਹੈ। ਮਨ ਵਾਰ-ਵਾਰ ਕਹਿੰਦਾ ਹੈ- ਹੁਣ ਮੈਨੂੰ ਉਹਦੀ ਲੋੜ ਹੈ। ਜੇ ਉਹ ਮੇਰੀਆਂ ਆਦਤਾਂ ਤੇ ਲੋੜਾਂ ਨੂੰ ਸਮਝ ਲੈਂਦਾ ਤਾਂ ਆਹ ਦਿਨ ਨਹੀਂ ਸਨ ਆਉਣੇ। ਮੈਥੋਂ ਉਹਨੂੰ ਛੱਡ ਨਹੀਂ ਹੋਣਾ। ਕਿਸੇ ਵੀ ਕੀਮਤ 'ਤੇ ਨਹੀਂ। ਉਹਨੂੰ ਵੀ ਮੇਰੀ ਲੋੜ ਹੈ। ਅਹਿਮ ਲੋੜ। ਮੈਂ ਹੀ ਉਹਨੂੰ ਇਗਨੋਰ ਕੀਤਾ ਹੈ। ਉਹਨੂੰ ਕਿਵੇਂ ਕਨਵਿਨਸ ਕਰਵਾਵਾਂ। ਹੁਣ ਮੈਨੂੰ ਉਹ ਦੀ ਲੋੜ ਹੈ। ਬਹੁਤ ਹੀ ਜ਼ਿਆਦਾ ਲੋੜ।

ਜਸਪਾਲ ਕੋਲੋਂ ਲਿਫਾਫਾ ਫੜ ਕੇ ਬੈੱਡ ਦੇ ਦਰਾਜ 'ਚ ਰੱਖ ਦਿੱਤਾ ਸੀ। ਪੰਦਰਾਂ ਦਿਨ ਲੰਘ ਗਏ ਸਨ। ਜਸਪਾਲ ਨੇ ਮੈਨੂੰ ਦੋ ਵਾਰ ਯਾਦ ਕਰਵਾਇਆ ਸੀ। ਮੈਨੂੰ ਕੋਈ ਕਾਹਲੀ ਨਹੀਂ। ਇਹਨੂੰ ਸ਼ਾਂਤ ਚਿਤ ਨਾਲ ਪੜ੍ਹਨਾ ਸੀ। ਪਰ ਚਿਤ ਸ਼ਾਂਤ ਕਿਵੇਂ ਹੁੰਦਾ। ਗਿਣਤੀਆਂ-ਮਿਣਤੀਆਂ ਖਹਿੜਾ ਨਹੀਂ ਛੱਡਦੀਆਂ।

ਰਾਜਾ ਚੀਂਅ-ਚੀਂਅ ਕਰਨ ਲੱਗਾ ਹੈ। ਬੈੱਡ ਰੂਮ 'ਚ ਕਾਹਲੀ-ਕਾਹਲੀ ਆਉਂਦੀ ਹਾਂ। ਪ੍ਰੀਤੀ ਉਠ ਖੜੀ ਹੈ। ਉਹ ਉਹਨੂੰ ਥਾਪੜ-ਥਾਪੜ ਕੇ ਸੁਆ ਦਿੰਦੀ ਹੈ। ਮੇਰੇ ਵੱਲ ਮੂੰਹ ਕਰਕੇ ਗੱਲਾਂ ਛੇੜ ਲੈਂਦੀ ਹੈ। ਆਪਣੇ ਸਹੁਰੇ ਪਰਿਵਾਰ ਦੀਆਂ। ਵਾਰ-ਵਾਰ ਉਹੀ ਗੱਲਾਂ। ਇਹਨੂੰ ਵਿਚਕਾਰੋਂ ਹੀ ਟੋਕ ਕੇ ਕਹਿੰਦੀ ਹਾਂ, "ਤੇਰੇ ਡੈਡੀ ਦਾ ਫੋਨ ਨ੍ਹੀਂ ਆਇਆ ? ਕਿੰਨੇ ਦਿਨ ਹੋ ਗਏ ?" ਕੰਧ ਨਾਲ ਚਿਪਕਾਏ ਕਲੰਡਰ ਵੱਲ ਦੇਖਿਆ। ਸਹੀ ਦੇ ਨਿਸ਼ਾਨ ਲੱਗੇ ਨੂੰ ਸੋਲ੍ਹਾਂ ਦਿਨ ਹੋ ਗਏ ਹਨ। ਨਜ਼ਰ ਗੋਲ ਦਾਇਰੇ ਵੱਲ ਵੀ ਗਈ ਹੈ। ਹੁਣ ਇਸ ਨਾਲ ਕੀ ਫਰਕ ਪੈਣਾ ਹੈ। ਇਹ ਗੋਲ ਦਾਇਰਾ ਮੇਰੇ 'ਮਾਸਿਕ ਚੱਕਰ' ਦਾ ਹੈ।

"ਹੈਂ ! ਸੋਲ੍ਹਾਂ ਦਿਨ ਹੋ ਗਏ।"

"ਉਧਰਲੀ ਲਾਈਫ ਬੜੀ ਬਿਜੀ। ਉਨ੍ਹਾਂ ਨੂੰ ਟਾਈਮ ਨ੍ਹੀਂ ਮਿਲਿਆ ਹੋਣਾ। ਤੁਸੀਂ ਕਲ੍ਹ ਉਨ੍ਹਾਂ ਦੇ ਮੋਬਾਈਲ 'ਤੇ ਰਿੰਗ ਕਰ ਲਿਉ।"

"ਹੁਣੇ ਕਿਉਂ ਨ੍ਹੀਂ ?"

"ਕੋਈ ਕਾਰਡ ਪਿਆ ?"

"ਪੰਜ ਸੌ ਵਾਲੇ ਦੋ ਖਰੀਦੇ ਸੀ। ਤੂੰ ਹੀ ਮੁਕਾ ਦਿੱਤੇ।"

"ਗਿਆਰਾਂ ਵੱਜ ਗਏ। ਲਾਗੇ ਛਾਗੇ ਦੀਆਂ ਐਸ. ਟੀ. ਡੀ. ਬੰਦ ਹੋ ਗਈਆਂ ਹੋਣੀਆਂ। ਰੇਲਵੇ ਸਟੇਸ਼ਨ 'ਤੇ ਜਾਣਾ ਪਊ।"

ਪਲ ਕੁ ਚੁੱਪ ਰਹਿੰਦੀ ਹਾਂ। ਮਨ ਕਾਹਲਾ ਪਿਆ ਹੈ।

"ਚਲ ਚਲੀਏ।"

"ਮੰਮੀ ਜੀ ਐਨੀ ਕਾਹਲੀ ਕਾਹਦੀ ਆ ?"

"ਮੇਰੇ ਮਨ ਨੂੰ ਧੁੜਕੂ ਲੱਗਾ।"

"ਉਨ੍ਹਾਂ ਨੂੰ ਜਾਣ ਨਾ ਦਿੰਦੇ।"

ਆਪਣੀ ਧੀ ਨੂੰ ਕਿਵੇਂ ਸਮਝਾਵਾਂ ?

ਇਸ ਆਪਣੀ ਜੇਠਾਣੀ ਦੀ ਕਥਾ ਸ਼ੁਰੂ ਕੀਤੀ ਹੈ, "ਉਹ ਦੇ ਮਾਪਿਆਂ ਦਾ ਕੰਮ

ਬਹੁਤ ਚੰਗਾ। ਵੱਡੇ ਘਰ ਦੀ ਧੀ ਆ। ਇਸ ਵਾਰੀ ਰੱਖੜੀਆਂ 'ਤੇ ਉਹਦੇ ਡੈਡੀ ਨੇ ਉਹਨੂੰ ਫੁੱਲੀ ਆਟੋ ਮੈਟਿਕ ਵਾਸ਼ਿੰਗ ਮਸ਼ੀਨ ਲੈ ਕੇ ਦਿੱਤੀ। ਘਰ 'ਚ ਉਹਦਾ ਪੂਰਾ ਦਬਦਬਾ। ਮੇਰੀ ਸੱਸ ਉਹਦੇ ਮੂਹਰੇ ਕੁਸਕਦੀ ਨ੍ਹੀਂ। ਪਰ ਉਹ ਮੇਰੀ ਵੀ ਬਹੁਤ ਇੱਜ਼ਤ ਕਰਦੀ। ਮੂੰਹ 'ਚੋਂ ਕੱਢ ਕੇ ਵੀ ਚੀਜ਼ ਦੇਣ ਨੂੰ ਤਿਆਰ ਹੋ ਜਾਂਦੀ। ਗੱਲਾਂ-ਗੱਲਾਂ 'ਚ ਸੁਣਾ ਦਿੰਦੀ-ਜਦੋਂ ਤੁਹਾਡੇ ਡੈਡੀ ਪੱਕੇ ਹੋ ਗਏ ਫੇਰ ਦੇਖਿਉ ਕਿਸੇ ਹੋਰ ਨੂੰ ਸੱਦਣ ਜਾਂ ਨਾ ਸੱਦਣ, ਉਨ੍ਹਾਂ ਜਸਪਾਲ ਨੂੰ ਜ਼ਰੂਰ ਬੁਲਾ ਲੈਣਾ। ਮਗਰੇ ਮੇਰੀ ਦਰਾਣੀ ਸਾਹਿਬਾਂ ਨੇ ਉਡਾਰੀ ਮਾਰ ਜਾਣੀ। ਡੈਡੀ ਦੀ ਮੇਰੇ ਸਹੁਰਿਆਂ 'ਚ ਬਹੁਤ ਇੱਜ਼ਤ ਆ। ਉਹ ਇੰਨੇ ਫੋਨ ਤੁਹਾਨੂੰ ਨ੍ਹੀਂ ਕਰਦੇ ਹੋਣੇ ਜਿੰਨੇ ਜਸਪਾਲ ਨੂੰ ਕਰਦੇ। ਮੈਂ ਤੁਹਾਨੂੰ ਦੱਸਣਾ ਹੀ ਭੁੱਲ ਗਈ-ਜਸਪਾਲ ਦੱਸਦੇ ਸੀ ਕਿ ਉਨ੍ਹਾਂ ਕਿਹਾ ਸੀ-'ਆਪਣੀ ਮਾਰੂਤੀ ਵੇਚ ਦੇ। ਮੈਨੂੰ ਛੇਤੀ ਪਤਾ ਕਰਕੇ ਦੱਸ ਕਿ ਇਧਰ ਫੋਰਡ ਏ. ਸੀ. ਦਾ ਕੀ ਰੇਟ ਚਲਦਾ। ਪੈਸਿਆਂ ਦੀ ਚਿੰਤਾ ਨਾ ਕਰੀਂ। ਮੈਂ ਜਲਦੀ ਹੀ ਬੈਂਕ ਰਾਹੀਂ ਭੇਜ ਰਿਹਾਂ। ਤੇਰੇ ਜਨਮ ਦਿਨ 'ਤੇ ਮੇਰੇ ਵੱਲੋਂ ਤੁਛ ਜਿਹੀ ਭੇਂਟ।"

"ਬੱਸ ਕਰ। ਸੌਂ ਜਾ।"

ਬੈੱਡ ਸਵਿਚ ਆਫ ਕਰ ਦਿੰਦੀ ਹਾਂ। ਸੋਚਾਂ ਤੇ ਬੇਚੈਨੀ ਵਿਚਕਾਰ ਯੁੱਧ ਸ਼ੁਰੂ ਹੋ ਗਿਆ ਹੈ। ਪ੍ਰੀਤੀ ਫੇਰ ਸੌਂ ਗਈ ਹੈ। ਮੇਰੀ ਭੋਲੀ ਭਾਲੀ ਧੀ। ਮਲੋਜ਼ੋਰੀ ਮੋਹ ਲੈਂਦੀ ਹੈ। ਚੀਜ਼ ਮੰਗਣ ਦਾ ਇਸ ਦਾ ਆਪਣਾ ਲਹਿਜਾ ਹੈ। ਮੈਥੋਂ ਨਾਂਹ ਹੁੰਦੀ ਹੀ ਨਹੀਂ। ਖੁਸ਼ਵੰਤ ਵੀ ਪ੍ਰੀਤੀ ਨੂੰ ਬਹੁਤ ਪਿਆਰ ਕਰਦਾ ਹੈ। ਭਾਵੇਂ ਆਪ ਤੰਗ ਹੋ ਲਵੇ-ਪਰ ਇਸ ਦੀਆਂ ਫਰਮਾਇਸ਼ਾਂ ਅਵੱਸ਼ ਪੂਰੀਆਂ ਕਰਦਾ ਸੀ। ਇਹਨੂੰ ਕੋਲ ਬੈਠਾ ਕੇ ਰੋਟੀ ਖਾਂਦਾ ਸੀ। ਜ਼ਿਆਦਾ ਹੀ ਮੋਹ ਨਾਲ ਭਰ ਜਾਂਦਾ ਤਾਂ ਪ੍ਰੀਤੀ ਦੇ ਮੂੰਹ 'ਚ ਬੁਰਕੀਆਂ ਪਾਉਣ ਤਕ ਜਾਂਦਾ ਸੀ। ਪ੍ਰੀਤੀ ਇਸ ਗੱਲੋਂ ਔਖੀ ਹੋ ਜਾਂਦੀ ਸੀ, "ਡੈਡ-ਤੁਸੀਂ ਸਮਝਦੇ ਕਿਉਂ ਨ੍ਹੀਂ-ਹੁਣ ਮੈਂ ਛੋਟੀ ਨ੍ਹੀਂ ਰਹੀ।" "ਮੈਂ ਜਾਣਦਾਂ, ਮੈਂ ਜਾਣਦਾਂ- ਇਹੀ ਬੁਰਕੀ ਖਾ ਕੇ ਦੇਖ।" ਪ੍ਰੀਤੀ ਬੁਰਕੀ ਫੜ ਕੇ ਮੇਰੇ ਮੂੰਹ 'ਚ ਪਾ ਦਿੰਦੀ ਸੀ। ਮੈਂ ਇਕ ਬੁਰਕੀ ਲੈਂਦੀ ਤੇ ਪ੍ਰੀਤੀ ਦੇ ਮੂੰਹ 'ਚ ਪਾ ਦਿੰਦੀ ਸੀ। ਪ੍ਰੀਤੀ ਵੀ ਆਪਣੇ ਡੈਡੀ ਦੀਆਂ ਸਿਫਤਾਂ ਕਰਦੀ ਥਕਦੀ ਨਹੀਂ, "ਮੇਰੇ ਡੈਡੀ ਵਰਗਾ ਕੋਈ ਹੋ ਹੀ ਨ੍ਹੀਂ ਸਕਦਾ।"

ਮੇਰਾ ਰਾਜੇ ਉਰਫ਼ ਰਾਜੇਸ਼ਵਰ ਵੱਲ ਮੂੰਹ ਹੈ। ਇਕ ਟਕ ਉਸ ਵੱਲ ਦੇਖਦੀ ਹਾਂ। ਇਹ ਬਹੁਤ ਪਿਆਰਾ ਲੱਗਦਾ ਹੈ। ਤੋਤਲੀਆਂ-ਤੋਤਲੀਆਂ ਗੱਲਾਂ ਕਰਦਾ ਹੈ। ਪੋਲੇ-ਪੋਲੇ ਪੈਰ ਪੁੱਟਦਾ ਹੈ। ਜਕਦਿਆਂ-ਜਕਦਿਆਂ ਦੌੜਦਾ ਹੈ। ਬਿੱਲੀ ਤੋਂ ਡਰ ਕੇ ਮੇਰੇ ਨਾਲ ਆ ਚੁੰਬੜਦਾ ਹੈ। ਸਵੇਰੇ ਸਬਜ਼ੀ ਲੈ ਕੇ ਆਈ ਤਾਂ ਇਹ ਬਾਹਰਲੇ ਗੇਟ ਦੇ ਸਿਖਰ 'ਤੇ ਚੜ੍ਹਿਆ ਹੋਇਆ ਸੀ। ਇਹਨੂੰ ਦੇਖਦਿਆਂ ਮੈਨੂੰ ਕਾਈਂ-ਬਾਈਂ ਭੁੱਲ ਗਈ ਸੀ। ਜੇ ਇਹ ਡਿਗ ਪਿਆ ਜਾਂ ਗੇਟ ਉਪਰਲੇ ਨੋਕੀਲੇ ਸਰੀਏ ਨਾਲ??? ਇਹਦੇ ਵੱਲ ਦੌੜ ਪਈ ਸੀ। ਸਾਹੋ ਸਾਹੀ ਹੋਈ ਨੇ ਇਹਨੂੰ ਹੇਠਾਂ ਉਤਾਰਿਆ ਸੀ। ਪ੍ਰੀਤੀ ਨੂੰ ਝਿੜਕਿਆ ਸੀ। ਸੋਫੇ 'ਤੇ ਬੈਠਿਆਂ-ਬੈਠਿਆਂ ਹੀ ਮੈਨੂੰ ਝਪਕੀ ਆ ਗਈ ਸੀ। ਬੱਚਿਆਂ ਦੀ ਟੋਲੀ????? ਮੇਰੀ ਚੀਕ ਨਿਕਲ ਗਈ ਸੀ। ਡਰ ਕੇ ਉਠ ਖੜੀ ਸੀ। ਵਾਲ ਕਲਾਕ ਵੱਲ ਦੇਖਿਆ ਸੀ। ਦਿਨ ਦੇ ਗਿਆਰਾਂ ਵਜੇ ਸਨ। ਹੱਥ ਅੱਖਾਂ 'ਤੇ ਚਲਿਆ ਗਿਆ ਸੀ। ਚੁੰਨੀ ਦੇ ਲੜ ਨਾਲ ਅੱਖਾਂ ਪੂੰਝੀਆਂ ਸਨ।



ਪਾਣੀ ਗਲੇ ਤੱਕ ਆ ਪਹੁੰਚਿਆ ਸੀ। ਧਿਆਨ ਕਿਸੇ ਹੋਰ ਪਾਸੇ ਲੈ ਜਾਣ ਦੀ ਕੋਸ਼ਿਸ਼ ਕੀਤੀ ਸੀ। ਇਕ ਵਾਰ ਨਹੀਂ, ਕਈ ਵਾਰ। ਇਹ ਵੱਸ 'ਚ ਨਹੀਂ ਰਿਹਾ ਸੀ। ਮੋੜ—ਘੋੜ ਕੇ ਬੱਚੇ ਆ ਜਾਂਦੇ ਸਨ। ਕੰਬਣੀ ਛਿੜੀ ਸੀ। ਦਿਲ ਦੀ ਧੜਕਣ ਤੇਜ਼ ਹੋ ਗਈ ਸੀ। ਕਈ ਬੱਚਿਆਂ ਨੇ ਮੈਨੂੰ ਘੇਰ ਲਿਆ ਸੀ। ਉਨ੍ਹਾਂ ਦੀ ਉਮਰ ਇਕ ਤੋਂ ਲੈ ਕੇ ਚਾਰ ਕੁ ਮਹੀਨਿਆਂ ਦੀ ਸੀ। ਮੈਥੋਂ ਉਨ੍ਹਾਂ ਦੇ ਚਿਹਰੇ ਪਹਿਚਾਣੇ ਨਹੀਂ ਗਏ ਸਨ। ਉਹ ਇਸ ਯੋਗ ਹੀ ਨਹੀਂ ਸਨ ਕਿ ਉਨ੍ਹਾਂ ਦੀ ਪਹਿਚਾਣ ਕਰ ਲੈਂਦੀ। ਇਕੋ ਜਿਹੇ। ਭਗਾਨੇ 'ਚ ਉਲਟੇ ਲਟਕਾਏ। ਪਹਿਲਾਂ ਮੱਧਮ ਆਵਾਜ਼ਾਂ ਆਈਆਂ ਸਨ। ਫੇਰ ਉੱਚੀਆਂ ਆਵਾਜ਼ਾਂ। ਜਿਵੇਂ ਇਕੋ ਵਾਰ ਕਈ ਸਪੀਕਰ ਲੱਗ ਗਏ ਹੋਣ, "ਮਾਤੇਸ਼੍ਰੀ ਸਾਡਾ ਕੀ ਕਸੂਰ ਸੀ ?" ਆਲੇ ਦੁਆਲੇ ਨਜ਼ਰ ਦੌੜਾਈ ਸੀ। ਕੋਈ ਨਹੀਂ ਦਿੱਸਿਆ ਸੀ। ਇਨ੍ਹਾਂ ਬੰਦ ਭਗਾਨਿਆਂ 'ਤੇ ਪਿਆਰ ਨਾਲ ਪੋਲੇ ਦੇਣੀ ਹੱਥ ਫੇਰਿਆ ਸੀ। ਉਨ੍ਹਾਂ 'ਤੇ ਇਸ ਦਾ ਕੋਈ ਅਸਰ ਨਹੀਂ ਹੋਇਆ ਸੀ। ਉਹ ਪਰ੍ਹਾਂ ਨੂੰ ਰੁੜ ਗਏ ਸਨ। ਰੋਣ ਲੱਗੇ ਸਨ। ਮੇਰਾ ਰੋਣਾ ਨਿਕਲ ਗਿਆ ਸੀ। ਉੱਚੀ-ਉੱਚੀ। ਉਨ੍ਹਾਂ ਮੇਰਾ ਸਾਥ ਨਹੀਂ ਦਿੱਤਾ ਸੀ। ਹੱਸਣ ਲੱਗੇ ਸਨ। ਫੇਰ ਉਨ੍ਹਾਂ ਚਿੜੀ ਦੇ ਬੋਟ ਜਿਹੀਆਂ ਆਵਾਜ਼ਾਂ ਕੱਢੀਆਂ ਸਨ। ਉਹੋ ਜਿਹੀਆਂ ਜਿਹੋ ਜਿਹੀਆਂ ਬੋਟ ਸੱਪ ਨੂੰ ਦੇਖ ਕੇ ਕੱਢਦੇ ਹਨ। "ਸਾਡਾ ਗਲਾ ਘੁੱਟ ਦਿਉ। ਸਾਡਾ ਗਲਾ ਘੁੱਟ ਦਿਉ। ਸਾਨੂੰ ਮਾਰ ਦਿਉ। ਸਾਨੂੰ ਮੁਕਤੀ ਦਿਉ। ਮਾਤੇਸ਼੍ਰੀ ਅਸੀਂ ਮੁਕਤੀ ਚਾਹੁੰਦੇ ਹਾਂ। ਸਾਥੋਂ ਹੋਰ ਜੀਆ ਨ੍ਹੀਂ ਜਾਂਦਾ। ਤੁਸੀਂ ਡਰਦੇ ਕਿਉਂ ਹੋ ? ਉਦੋਂ ਤੁਸੀਂ ਆਪਣੀ ਮਰਜ਼ੀ ਨਾਲ ਮਾਰਿਆ ਸੀ-ਹੁਣ ਅਸੀਂ ਆਪਣੀ ਮਰਜ਼ੀ ਨਾਲ ਤੁਹਾਡੇ ਹੱਥੋਂ ਕਤਲ ਹੋਣਾ ਚਾਹੁੰਦੇ ਹਾਂ। ਹੋ ਜਾਉ ਸ਼ੁਰੂ.......ਇੱਕ ਦੋ.....ਤਿੰਨ...।" ਜਦੋਂ ਦਾ ਖੁਸ਼ਵੰਤ ਨੇ ਤਲਾਕ ਬਾਰੇ ਕਿਹਾ ਹੈ ਉਦੋਂ ਤੋਂ ਇਹ ਸੁਪਨਾ ਤੰਗ ਕਰ ਰਿਹਾ ਹੈ। ਇਹ ਹੀ ਸਮਾਂ ਹੁੰਦਾ ਹੈ। ਗਿਆਰਾਂ ਤੋਂ ਦੋ ਦੇ ਵਿਚਕਾਰ। ਇਹ ਬੱਚੇ ਰੋਂਦੇ ਹਨ। ਮੇਰੇ ਵੱਲ ਦੇਖਦੇ ਨਹੀਂ। ਮੈਨੂੰ ਸਿਰਫ਼ ਇਨ੍ਹਾਂ ਦੀਆਂ ਪਿੱਠਾਂ ਦਿੱਸਦੀਆਂ ਹਨ। ਅਲਫ ਨੰਗੀਆਂ। ਇਹ ਮੇਰੇ ਨਾਲ ਗੱਲਾਂ ਕਰਨੀਆਂ ਚਾਹੁੰਦੇ ਹਨ। ਸਲਾਹੀਂ ਪੈਣਾ ਚਾਹੁੰਦੇ ਹਨ। ਇਨ੍ਹਾਂ ਤੋਂ ਪੱਲਾ ਛੁਡਾ ਕੇ ਦੌੜਦੀ ਹਾਂ। ਮਨਤੋੜ ਦੌੜੀ ਵੀ। ਉਹ ਮੇਰੇ ਮਗਰ-ਮਗਰ ਦੌੜੇ-'ਕਿਥੋਂ ਕੁ ਤਕ ਦੌੜ ਲਉਗੇ। ਅਸੀਂ ਤੁਹਾਡਾ ਪਿਛਾ ਨ੍ਹੀਂ ਛੱਡਣਾ।'

'ਆਊਟ ਲੁੱਕ' ਦਾ ਵਿਸ਼ੇਸ਼ ਅੰਕ ਚੁੱਕ ਕੇ ਡਰਾਇੰਗ ਰੂਮ ਵਿਚ ਆ ਬੈਠਦੀ ਹਾਂ। ਇਕ ਤੋਂ ਬਾਅਦ ਇਕ ਪੰਨੇ ਫਰੋਲ ਰਹੀ ਹਾਂ। ਅਚੋਤਾਈ ਵੱਧਦੀ ਹੀ ਜਾ ਰਹੀ ਹੈ। ਨੀਂਦ ਤਾਂ ਬਹੁਤ ਦੂਰ ਚਲੇ ਗਈ ਹੈ। ਅੱਖਾਂ 'ਚ ਪਹਿਲਾਂ ਵਾਲੀ ਜਲਣ ਨਹੀਂ ਹੈ। ਲੇਖ ਪੜ੍ਹਨ ਲੱਗੀ ਹਾਂ। 'ਪਾਵਰ ਸਟ੍ਰਗਲ' ਦਾ ਮਨੋਵਿਸ਼ਲੇਸ਼ਣ ਦਿੱਤਾ ਹੈ। ਮੈਨੂੰ ਲੱਗਦਾ ਹੈ ਕਿ ਖੁਸ਼ਵੰਤ ਇਸੇ ਦਾ ਸ਼ਿਕਾਰ ਹੈ। ਮੈਂ ਆਪ ਇਸੇ ਦੀ ਸ਼ਿਕਾਰ ਹਾਂ।

ਹੁਣ ਵੀ ਸਾਰਾ ਕਸੂਰ ਖੁਸ਼ਵੰਤ ਦਾ ਹੀ ਹੈ। ਨਾ ਉਹਨੂੰ ਅਮਰੀਕਾ ਜਾਣ ਦਾ ਫੁਰਨਾ ਫੁਰਦਾ-ਨਾ ਮੈਂ ਇਕੱਲੀ ਹੁੰਦੀ। ਉਹਨੂੰ ਕਿਹੜੀ ਕਮਾਈ ਘੱਟ ਸੀ। ਉਹ ਜਾਣ-ਬੁੱਝ ਕੇ ਦੌੜਿਆ ਸੀ। ਉਹ ਮੈਥੋਂ ਛੁਟਕਾਰਾ ਚਾਹੁੰਦਾ ਸੀ। ਉਹਨੂੰ ਇਹੀ ਰਸਤਾ ਆਸਾਨ ਲੱਗਾ ਸੀ। ਕਿਥੇ ਫੂਡ ਐਂਡ ਸਪਲਾਈ ਦੀ ਸ਼ਾਹੀ ਇੰਸਪੈਕਟਰੀ ਤੇ ਕਿਥੇ ਦਿਨ ਦੀ ਰਾਤ ਟੈਕਸੀ ਡਰਾਇਵਰੀ।



www.PunjabiLibrary.com

ਘਰ ਦੀ ਇਕੱਲਤਾ ਤੋਂ ਭੈਭੀਤ ਹੋ ਗਈ ਸੀ। ਪ੍ਰੀਤੀ ਨੂੰ ਇਸ ਬਾਰੇ ਦੱਸਿਆ ਸੀ। ਉਸ ਜਸਪਾਲ ਨਾਲ ਗੱਲ ਕੀਤੀ ਸੀ। ਜਸਪਾਲ ਟੀ. ਸੀਰੀਜ਼ ਦੀਆਂ ਕੈਸਿਟਾਂ ਦਾ ਡੱਬਾ ਖਰੀਦ ਲਿਆਇਆ ਸੀ। ਸੰਪੂਰਨ ਗੀਤਾ ਪਾਠ। ਇਨ੍ਹਾਂ ਨੂੰ ਸਜਾ ਕੇ ਅੰਗੀਠੀ 'ਤੇ ਰੱਖ ਦਿੱਤਾ ਸੀ। ਇਹ ਇੱਕ-ਇੱਕ ਕਰਕੇ ਘਟਦੀਆਂ ਗਈਆਂ ਸਨ। ਗੁਲਾਮ ਅਲੀ ਦੀਆਂ ਕੈਸਿਟਾਂ ਦੀ ਗਿਣਤੀ ਵਧਦੀ ਗਈ ਸੀ। ਉਠਦਿਆਂ ਸਾਰ ਇਨ੍ਹਾਂ 'ਚੋਂ ਕੋਈ ਇੱਕ ਲਾ ਲੈਂਦੀ। ਦਫ਼ਤਰ ਜਾਣ ਦੀ ਤਿਆਰੀ ਕਰਦੀ। ਇਧਰ ਮੇਰੀ ਸੁਪਰਿਟੈਂਡੈਂਟ ਦੀ ਵਾਰੀ ਆਈ, ਉਧਰ ਚੰਡੀਗੜ੍ਹ ਦੇ ਆਰਡਰ ਆ ਗਏ। ਨੱਠਭੱਜ ਕੀਤੀ ਸੀ। ਆਪਣਾ ਪੂਰਾ ਵਾਹ ਲਾਇਆ ਸੀ। ਸਭ ਬੇਕਾਰ ਗਿਆ। ਘਰੋਂ ਇੰਨੀ ਦੂਰ। ਉਹ ਵੀ ਇਕੱਲੀ। ਪ੍ਰੀਤੀ ਨੇ ਰਿਟਾਇਰਮੈਂਟ ਲੈਣ ਦੀ ਸਲਾਹ ਦਿੱਤੀ ਸੀ। ਮੈਂ ਪ੍ਰੀ-ਮਿਚਿਉਰ ਰਿਟਾਇਰਮੈਂਟ ਲੈ ਲਈ ਸੀ। ਹੁਣ ਆਪਣੀ ਮਰਜ਼ੀ ਨਾਲ ਉਠਣਾ ਸੀ। ਕਿਤੇ ਜਾਣਾ ਆਉਣਾ ਸੀ। ਵਿਰਾਟ ਨੂੰ ਇੰਜਨੀਅਰਿੰਗ 'ਚ ਦਾਖਲਾ ਮਿਲ ਗਿਆ ਸੀ। ਮੈਂ ਘਰ-ਬਾਹਰ ਤੋਂ ਫਾਰਿਗ ਹੋ ਗਈ ਸੀ। ਪਰ ਹੋਇਆਂ ਇਸ ਤੋਂ ਉਲਟ ਸੀ। ਇੱਕ ਹੋਰ ਜਾਲ 'ਚ ਉਲਝ ਗਈ ਸੀ। ਪਹਿਲਾਂ ਵੀ ਕਈ ਵਾਰ ਉਲਝੀ ਸੀ ਪਰ ਉਨ੍ਹਾਂ ਦਾ ਹੱਲ ਛੇਤੀ ਮਿਲ ਗਿਆ ਸੀ। ਮੇਰੀਆਂ ਸਕੀਮਾਂ ਮੇਰੇ ਵੱਸ 'ਚ ਨਹੀਂ ਰਹੀਆਂ ਸਨ। ਹੁਣ ਖੁਸ਼ਵੰਤ ਦੇ ਫੋਨ ਆਉਣੇ ਵੱਧ ਗਏ ਸਨ। ਉਹ ਮੈਨੂੰ ਸੁੱਤੀ ਪਈ ਨੂੰ ਉਠਾਲ ਲੈਂਦਾ ਸੀ। ਉਧਰਲੀ ਜ਼ਿੰਦਗੀ ਬਾਰੇ ਉਹਦੀਆਂ ਗੱਲਾਂ ਮੁਕਣ 'ਚ ਨਹੀਂ ਆਉਂਦੀਆਂ ਸਨ। ਵਾਰ-ਵਾਰ ਉਹਨੂੰ ਰੋਕਦੀ, ਵਰਜਦੀ ਤੇ ਝਿੜਕ ਵੀ ਦਿੰਦੀ, "ਜਨਾਬ-ਹੁਣ ਬੱਸ ਵੀ ਕਰੋ। ਜਦੋਂ ਫੋਨ ਦਾ ਬਿਲ ਆਇਆ ਤਾਂ ਕਿਹਦੀ ਮਾਂ ਨੂੰ ਮਾਸੀ ਕਹੋਗੇ।" ਉਹ ਮੇਰੀ ਇੱਕ ਨਹੀਂ ਸੁਣਦਾ ਸੀ। ਇਕੋ ਸਾਹੇ ਬੋਲਦਾ ਸੀ। ਉਹਦੇ ਅੰਦਰਲੀ ਭਰੀ ਹੋਈ ਕੈਸਿਟ ਮੁਕ ਕੇ ਰੁਕਦੀ ਸੀ। ਉਹ ਐਨਾ ਕੁਝ ਕਿਵੇਂ ਸਮੋਈ ਬੈਠਾ ਸੀ। ਸ਼ਾਇਦ ਮੇਰੇ ਵਾਂਗੂ ਇਕੱਲਤਾ ਕਰਕੇ ਹੀ ਹੋਵੇ।

ਇਕ ਦਿਨ ਉਸ ਦੱਸਿਆ ਸੀ, "ਮੈਂ ਜਿਸ ਸ਼ਹਿਰ 'ਚ ਰਹਿਨਾ-ਉਥੇ ਸਿਰਫ ਅੱਠ ਹੋਰ ਏਸ਼ੀਅਨ ਪਰਿਵਾਰ ਰਹਿੰਦੇ। ਮੈਂ ਹੌਲੀ-ਹੌਲੀ ਉਨ੍ਹਾਂ ਦੇ ਨੇੜੇ ਹੋਇਆਂ। ਵੀਕ ਇੰਡ 'ਤੇ ਅਸੀਂ ਸਾਰੇ ਪਰਿਵਾਰ ਕਿਸੇ ਇੱਕ ਜਣੇ ਦੇ ਘਰੇ ਇਕੱਠੇ ਹੁੰਦੇ ਆਂ। ਬੀਅਰ ਵਾਲਾ ਬੀਅਰ ਪੀਂਦਾ। ਵਿਸਕੀ ਵਾਲਾ ਵਿਸਕੀ। ਇਨ੍ਹਾਂ ਕੁਝ ਕੁ ਘੰਟਿਆਂ 'ਚ ਮੈਨੂੰ ਪਰਿਵਾਰ ਵਾਲਾ ਸਕੂਨ ਮਿਲਦਾ। ਬਾਕੀ ਦਿਨ ਤਾਂ ਚਲ ਸੋ ਚਲ ਲੱਗੀ ਰਹਿੰਦੀ......।"

ਉਸ ਨਾਲ ਸਲਾਹੀਂ ਪੈਣ ਨੂੰ ਮੇਰਾ ਆਪ ਮਨ ਕਰਦਾ ਸੀ। ਪਰ ਉਹ ਮੇਰੀ ਸੁਣਦਾ ਨਹੀਂ ਸੀ। ਇਕ ਮੁਕਦੀ ਤਾਂ ਦੂਜੀ ਸ਼ੁਰੂ। ਉਹਨੂੰ ਕਹਿਣਾ ਚਾਹੁੰਦੀ ਕਿ ਜੇ ਪੱਕੇ ਹੋਣ ਦੇ ਮੌਕੇ ਘੱਟ ਹਨ ਤਾਂ ਵਾਪਸ ਆ ਜਾਵੇ।

ਫੈਸਲਾ ਕਰ ਲਿਆ ਸੀ ਕਿ ਉਹਦੇ ਨਾਲ ਦੋ ਹਰਫੀ ਗੱਲ ਕਰਨੀ ਹੈ-ਉਹ ਘਰ ਆ ਜਾਵੇ। ਹੁਣ ਮੈਨੂੰ ਉਹ ਦੀ ਬਹੁਤ ਹੀ ਜ਼ਿਆਦਾ ਲੋੜ ਹੈ। ਮੈਨੂੰ ਇਸ ਕੋਠੀ ਤੋਂ ਦਿਨੇ ਭੈਅ ਆਉਂਦਾ ਹੈ। ਮੈਨੂੰ ਉਸ ਦਾ ਸਾਥ ਚਾਹੀਦਾ ਹੈ। ਐਸ. ਟੀ. ਡੀ. 'ਤੇ ਜਾ ਕੇ ਉਹਦੇ ਮੋਬਾਇਲ ਦਾ ਨੰਬਰ ਮਿਲਾਇਆ ਸੀ। ਅਗੋਂ ਉਹ ਬੋਲਿਆ ਸੀ, "ਤੂੰ ਘਰ ਚਲ। ਮੈਂ ਤੈਨੂੰ ਫੋਨ ਕਰਦਾਂ।" ਕੁਝ ਕਹਿੰਦੀ ਜਾਂ ਪੁੱਛਦੀ ਇਸ ਤੋਂ ਪਹਿਲਾਂ ਹੀ ਉਸ ਮੋਬਾਇਲ ਬੰਦ ਕਰ



ਦਿੱਤਾ ਸੀ। ਵਾਪਸੀ 'ਤੇ ਰਾਤ ਲਈ ਚਿਕਨ ਖਰੀਦਿਆ ਸੀ। ਕੋਰਡਲੈਸ ਕੋਲ ਰੱਖ ਲਿਆ ਸੀ। ਇਕ ਘੰਟਾ ਬੀਤਿਆ। ਦੋ ਬੀਤੇ। ਉਹ ਨੂੰ ਗਾਲਾਂ ਕੱਢੀਆਂ ਸਨ। ਫਿਕਰਮੰਦ ਹੋਈ ਸੀ। ਕੋਈ ਐਸੀ ਵੈਸੀ ਗੱਲ ਨਾ ਹੋ ਗਈ ਹੋਵੇ। ਗੇਟ ਨੂੰ ਜਿੰਦਰਾ ਮਾਰ ਆਈ ਸੀ। ਰੋਟੀ ਬਣਾਉਣ ਨੂੰ ਮਨ ਰਾਜ਼ੀ ਨਹੀਂ ਹੋਇਆ ਸੀ। ਬੈੱਡਰੂਮ 'ਚ ਆ ਕੇ ਮੂਧੇ ਮੂੰਹ ਪੈ ਗਈ ਸੀ। ਨੀਂਦ ਕਿਥੋਂ ਆਉਣੀ ਸੀ। ਚਿੰਤਾ ਲੱਗੀ ਸੀ। ਕੋਰਡਲੈਸ ਉਰੇ ਨੂੰ ਰੱਖ ਲਿਆ ਸੀ। ਅੱਧੇ ਕੁ ਘੰਟੇ ਬਾਅਦ ਰਿੰਗ ਹੋਈ ਸੀ। ਗੁੱਸੇ ਨਾਲ ਨੱਕੋ ਨੀਕ ਭਰੀ ਪਈ ਨੇ ਕੋਰਡਲੈਸ ਔਨ ਕੀਤਾ ਸੀ। ਅਗੋਂ ਰਵੀ ਬੋਲਿਆ ਸੀ। ਉਹ ਆਉਣ ਨੂੰ ਕਾਹਲਾ ਪਿਆ ਸੀ। ਉਹਨੂੰ ਟਾਲ ਦਿੱਤਾ ਸੀ। ਉਹ ਜ਼ਿਆਦਾ ਹੀ ਖਹਿੜੇ ਪੈ ਗਿਆ ਸੀ। ਦੱਸਣ ਲਗਾ ਸੀ, "ਮੈਂ ਤੁਹਾਡੇ ਲਈ ਲੈਮਿਨ ਚਿਕਨ ਬਣਾਇਆ।" ਕਿਹਾ ਸੀ, "ਤੂੰ ਮੈਨੂੰ ਘੰਟੇ ਕੁ ਬਾਅਦ ਫੋਨ ਕਰੀਂ। ਜਾਂ ਦੱਸ-ਮੈਂ ਤੈਨੂੰ ਕਿੱਥੇ ਫੋਨ ਕਰਾਂ ?" ਫੋਨ ਆਫ ਹੀ ਕੀਤਾ ਸੀ ਕਿ ਫੇਰ ਰਿੰਗ ਹੋਈ ਸੀ। ਰਵੀ ਦੇ ਸੁਭਾਅ 'ਚ ਬਹੁਤ ਹੀ ਕਾਹਲਾਪਨ ਹੈ। ਮੈਨੂੰ ਗੁੱਸਾ ਆ ਗਿਆ ਸੀ। ਉੱਚੀ ਆਵਾਜ਼ 'ਚ ਕਿਹਾ ਸੀ, "ਹਾਂ, ਦੱਸ...।" ਖੁਸ਼ਵੰਤ ਦੀ ਆਵਾਜ਼ ਆਈ ਸੀ, "ਸੌਰੀ-ਹੋਇਆ ਇਹ ਕਿ ਮੇਰੀ ਕਾਰ ਤੋਂ ਪੰਜ ਫੁੱਟ ਅਗੇ ਜਾਂਦੀ ਕਾਰ ਦਾ ਐਕਸੀਡੈਂਟ ਹੋ ਗਿਆ। ਮੈਂ ਘਬਰਾ ਗਿਆ। ਐਨਾ ਭਿਆਨਕ ਐਕਸੀਡੈਂਟ। ਐਨੀ ਭਿਆਨਕ ਮੌਤ। ਮੇਰਾ ਸਿਰ ਚਕਰਾ ਗਿਆ। ਮੈਂ ਸੁਆਰੀਆਂ ਉਤਾਰ ਕੇ ਆਪਣੇ ਕਮਰੇ 'ਚ ਆ ਗਿਆ। ਮੋੜ-ਘੋੜ ਕੇ ਉਹੀ ਸੀਨ ਦਿੱਸ ਰਿਹਾ। ਬੀਅਰ ਦੇ ਚਾਰ ਕੇਨ ਪੀ ਕੇ ਥੋੜ੍ਹਾ ਨਾਰਮਲ ਹੋਇਆਂ।"

ਸਾਲਾ। ਕਮੀਨਾ। ਝੂਠਾ। ਫਰੇਬੀ। ਇਹ ਦੀ ਝੂਠ ਬੋਲਣ ਦੀ ਆਦਤ ਨਹੀਂ ਗਈ।

ਇਹ ਦੀ ਇਹ ਸਿਫਤ ਹੈ ਕਿ ਇਹ ਮੇਰੇ ਅੱਗੇ ਜਲਦੀ ਹਥਿਆਰ ਸੁੱਟ ਦਿੰਦਾ ਹੈ। ਇਕ ਦਿਨ ਕਹਿਣ ਲੱਗਾ ਸੀ, "ਮੈਂ ਇਸ ਗੱਲ ਨੂੰ ਮੰਨਦਾਂ ਕਿ ਬੰਦਾ ਬਹੁਤ ਘੱਟ ਸੱਚ ਬੋਲਦਾ। ਉਹ ਸੱਚ ਬੋਲ ਹੀ ਨ੍ਹੀਂ ਸਕਦਾ। ਜਜ਼ਬ ਕਰ ਸਕਦਾ। ਉਹਨੂੰ ਪਲ-ਪਲ ਝੂਠ ਬੋਲਣਾ ਪੈਂਦਾ। ਇਹਦੇ ਬਿਨਾਂ ਗੁਜ਼ਾਰਾ ਹੀ ਨ੍ਹੀਂ। ਕੀ ਕਰਾਂ-ਮੇਰਾ ਡਿਪਾਰਟਮੈਂਟ ਹੀ ਇਹੋ ਜਿਹਾ। ਆਲਾ ਦੁਆਲਾ ਗੰਦਾ। ਮੈਨੂੰ ਸਿਰਫ ਤੇਰੇ ਨਾਲ ਝੂਠ ਬੋਲਣ ਦੀ ਲੋੜ ਨ੍ਹੀਂ ਪੈਂਦੀ।"

ਉਸ ਫੋਨ 'ਤੇ ਮੈਨੂੰ ਪੰਜ ਵਾਰ ਕਿੱਸ ਕੀਤਾ ਸੀ। ਪਿਘਲਣ ਲੱਗੀ ਸੀ। ਉਹ ਬੋਲਿਆ ਸੀ, "ਮੈਨੂੰ ਇਥੇ ਪੱਕਾ ਹੋਣ ਲਈ ਮੈਰਿਜ ਕਰਾਉਣ ਦੀ ਲੋੜ ਆ........ਤੇਰੀ ਸਲਾਹ ਮੇਰੇ ਲਈ ਅੰਤਮ ਸਲਾਹ ਹੋਵੇਗੀ।"

ਉਹਨੇ ਇਹ ਫੈਸਲਾ ਮੇਰੇ 'ਤੇ ਛੱਡ ਦਿੱਤਾ ਸੀ।

ਮੇਰੇ ਸਾਹਮਣੇ ਪਹਿਲਾਂ ਵਿਰਾਟ ਸੀ। ਉਹ ਰੁੜਕੀ 'ਚ ਪੜ੍ਹ ਰਿਹਾ ਹੈ। ਛੁੱਟੀਆਂ 'ਚ ਮਿਲਣ ਆਉਂਦਾ ਹੈ। ਦਸ-ਪੰਦਰਾਂ ਦਿਨਾਂ ਬਾਅਦ ਫੋਨ ਕਰਦਾ ਹੈ।

ਅਗਲੇ ਹਫਤੇ ਉਸ ਸਮਝਾਇਆ ਸੀ, "ਆਪਾ ਲੀਗਲੀ ਤਲਾਕ ਲੈਣਾ। ਗਰੀਨ ਕਾਰਡ ਮਿਲਣ ਉਪਰੰਤ ਮੈਂ ਤੇਰੇ ਨਾਲ ਕਾਗਜ਼ਾਂ 'ਚ ਫੇਰ ਮੈਰਿਜ ਕਰ ਲੈਣੀ। ਤੈਨੂੰ ਇਧਰ ਸੱਦਣ ਲਈ ਇਹ ਵੀ ਜ਼ਰੂਰੀ ਆ। ਵਿਰਾਟ ਨੂੰ ਕਿਸੇ ਨਾ ਕਿਸੇ ਯੂਨੀਵਰਸਿਟੀ 'ਚ ਦਾਖਲਾ ਦਵਾਉਣਾ। ਇਹ ਦੇ ਬਾਰੇ ਮੈਂ ਪਲੈਨਿੰਗ ਕਰ ਰਿਹਾਂ। ਉਹਦੇ ਕਰਕੇ ਸਾਰੇ ਡੇਲੀ ਪੇਪਰ ਦੇਖਦਾਂ। ਤੂੰ ਜਾਣਦੀ ਆਂ-ਮੈਂ ਅਖ਼ਬਾਰ ਘੱਟ ਵੱਧ ਪੜ੍ਹਦਾਂ। ਔਲਾਦ ਲਈ ਬੰਦੇ ਨੂੰ ਸੌ



www.PunjabiLibrary.com

ਪਾਪੜ ਵੇਲਣੇ ਪੈਂਦੇ।"

ਮੈਨੂੰ ਹੈਰਾਨੀ ਇਸ ਗੱਲ ਦੀ ਹੋਈ ਸੀ ਕਿ ਇਸ ਵਾਰੀ ਉਸ ਮੇਰੀ ਸਿਹਤ ਬਾਰੇ ਨਹੀਂ ਪੁੱਛਿਆ ਸੀ। ਮੋੜ ਘੋੜ ਕੇ ਤਲਾਕ ਦੀ ਗੱਲ ਛੇੜੀ ਸੀ। ਉਹਨੇ ਮੇਰੀਆਂ ਕਮਜ਼ੋਰੀਆਂ ਵਾਲੀ ਫਾਇਲ ਖੋਲ੍ਹੀ ਸੀ। ਉਹਨੂੰ ਵਿਰਾਟ ਤੋਂ ਵੱਡੀ ਕੋਈ ਕਮਜ਼ੋਰੀ ਨਹੀਂ ਲੱਭੀ ਸੀ। ਮੈਂ ਕੋਈ ਜੁਆਬ ਨਹੀਂ ਦਿੱਤਾ ਸੀ। ਨਾ 'ਹੂੰ' ਕਿਹਾ ਸੀ। ਨਾ 'ਅੱਛਾ' ਕਿਹਾ ਸੀ। ਉਹਨੇ ਨਿਮਰਤਾ ਨਾਲ ਕਿਹਾ ਸੀ, "ਤੂੰ ਮੇਰੇ 'ਤੇ ਵਿਸ਼ਵਾਸ ਰੱਖ। ਇਸ ਗੱਲ ਨੂੰ ਕਿਉਂ ਭੁੱਲਦੀ ਆਂ ਕਿ ਪਿਛੇ ਪ੍ਰੀਤੀ ਬੇਟੀ ਆ। ਵਿਰਾਟ ਆ। ਜਸਪਾਲ ਆ। ਹੁਣ ਤਾਂ ਰਾਜਾ ਵੀ ਆ। ਇੰਨੀ ਮਿਹਨਤ ਤੁਹਾਡੇ ਸਾਰਿਆਂ ਲਈ ਕਰ ਰਿਹਾਂ। ਜਲਦੀ ਹੀ ਆਪਣੇ ਵਕੀਲ ਰਾਹੀਂ ਅਪੀਲ ਕਰ ਰਿਹਾਂ। ਤੂੰ ਉਹਨੂੰ ਕੋਆਪਰੇਟ ਕਰੀਂ। ਉਹਦੇ ਕੋਲ ਜਾ ਕੇ 'ਮਿਚੂਉਲ ਡਾਇਵੋਰਸ' ਪੇਪਰਾਂ 'ਤੇ ਸਾਈਨ ਕਰ ਆਈਂ.....।"

ਦੋ ਮਹੀਨੇ ਬੀਤ ਗਏ ਸਨ। ਝਕੋਤਾਈ 'ਚ। ਅਚੋਤਾਈ 'ਚ।

ਵਕੀਲ ਨੇ ਮੈਨੂੰ ਦੋ ਵਾਰ ਬੁਲਾਇਆ ਸੀ। ਆਪਣਾ ਫੈਸਲਾ ਦੱਸਣ ਲਈ।

ਆਪਣਾ ਫੈਸਲਾ ??? ਵਕੀਲ ਨੇ ਪਹਿਲਾਂ ਘੁੰਡੀ ਪਾਈ ਸੀ। ਫੇਰ ਖੋਲ੍ਹੀ ਸੀ। ਮੈਂ ਜਿਵੇਂ ਗਈ ਸੀ-ਉਵੇਂ ਮੁੜ ਆਈ ਸੀ।

ਕਿਸ ਨਾਲ ਸਲਾਹ ਕਰਦੀ ?

ਪ੍ਰੀਤੀ ਸੀ ਜਾਂ ਦੋਸਤਾਂ ਦਾ ਲੰਬਾ ਘੇਰਾ ਸੀ। ਸ਼ੁੱਭਚਿੰਤਕਾਂ ਦਾ। ਇਕ ਰਵੀ ਸੀ। ਮੇਰਾ ਆਖਿਰੀ ਵਰਜਿਤ ਫਲ। ਕੁੱਤਾ। ਸੁਆਰਥੀ। ਔਖੇ ਵੇਲੇ ਰਿਸ਼ਤੇਦਾਰਾਂ ਨਾਲੋਂ ਕੁਲੀਗਜ਼ ਨੇ ਜ਼ਿਆਦਾ ਸਾਥ ਦਿੱਤਾ ਸੀ। ਇਹਦੇ ਬਾਰੇ ਕਿਸੇ ਅਤੀ ਨੇੜਲੇ ਨਾਲ ਹੀ ਗੱਲ ਕੀਤੀ ਜਾ ਸਕਦੀ ਸੀ। ਅਜਿਹਾ ਕੋਈ ਵਿਸ਼ੇਸ਼ ਨਹੀਂ ਮਿਲਿਆ ਸੀ। ਇਕੋ ਇਕ ਪ੍ਰੀਤੀ ਸੀ। ਮੇਰੀ ਧੀ ਵੀ। ਸਹੇਲੀ ਵੀ। ਉਸ ਨੂੰ ਆਪਣੀ ਰਾਇ ਦੇਣ ਲਈ ਕਿਹਾ ਤਾਂ ਉਸ ਨੇ ਟੈਲੀਫੋਨ 'ਤੇ ਹੀ ਲਾਹਪ੍ਰਵਾਹੀ ਨਾਲ ਕਿਹਾ ਸੀ, "ਡੈਡੀ ਦੀ ਅਟੈਚਮੈਂਟ 'ਤੇ ਸ਼ੱਕ ਨ੍ਹੀਂ ਕੀਤੀ ਜਾ ਸਕਦੀ। ਤੁਸੀਂ ਅੱਖਾਂ ਬੰਦ ਕਰਕੇ ਸਾਈਨ ਕਰ ਆਉ। ਮੈਂ ਬੈਠੀ ਆਂ।"

ਮਨ ਨੇ ਕਿਹਾ ਸੀ-ਕਾਹਲੀ ਨਾ ਕਰ। ਇਸ ਬੰਦੇ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਉਸ ਮੇਰੇ ਨਾਲ ਪਹਿਲਾਂ ਵੀ ਵਿਸ਼ਵਾਸਘਾਤ ਕੀਤਾ ਸੀ। ਉਹ ਨੇੜੇ ਹੁੰਦਿਆਂ ਹੋਇਆਂ ਵੀ ਮੇਰਾ ਨਹੀਂ ਬਣਿਆ ਸੀ। ਕੀ ਪਤਾ ਬਣਿਆ ਹੋਵੇ। ਉਸ 'ਚ ਜਜ਼ਬ ਕਰਨ ਦੀ ਅਥਾਹ ਭਾਵਨਾ ਹੈ। ਉਹ ਕਿਸੇ ਕੰਮ ਲਈ ਕਾਹਲਾ ਨਹੀਂ ਪੈਂਦਾ। ਕੁਝ ਕਹਿਣ ਤੋਂ ਪਹਿਲਾਂ ਉਹ ਸਾਹਮਣੇ ਬੈਠੇ ਦੀ ਗੱਲ ਬੜੇ ਧਿਆਨ ਨਾਲ ਸੁਣਦਾ ਹੈ। ਮੈਥੋਂ, ਜਿਵੇਂ ਪਹਿਲਾਂ ਵੀ ਸੀ, ਹੁਣ ਵੀ ਕਿਸੇ ਫੈਸਲੇ 'ਤੇ ਨਹੀਂ ਪੁੱਜਿਆ ਗਿਆ ਸੀ। ਮੈਂ ਆਪਣੇ ਤੋਂ ਵੱਡੇ ਦੀ ਸਲਾਹ ਲੈਣੀ ਚਾਹੁੰਦੀ ਸੀ। ਇੱਕੋ ਇੱਕ ਭਾਪਾ ਜੀ ਸਨ। ਉਹ ਆਪ ਦੁੱਖੀ ਹਨ। ਪਿੰਡ 'ਚ ਇਕੱਲੇ ਰਹਿੰਦੇ ਹਨ। ਸੱਜੇ-ਖੱਬੇ ਗੁਆਂਢੀਆਂ ਨੇ ਫਿਰਨੀ 'ਤੇ ਮਕਾਨ ਛੱਤ ਲਏ ਹਨ। ਉਹ ਹੀ ਬੀਹੀ ਜਿਥੇ ਕੁਲ-ਬੁਲ ਕੁਲ-ਬੁਲ ਰਹਿੰਦੀ ਸੀ-ਹੁਣ ਦਿਨੇ ਹੀ ਉਲੂ ਬੋਲਦੇ ਹਨ। ਦੋਵੇਂ ਭਰਾ ਉਨ੍ਹਾਂ ਤੋਂ ਦੂਰ ਰਹਿੰਦੇ ਹਨ। ਇਕ ਚੰਡੀਗੜ੍ਹ। ਦੂਜਾ ਕਾਨਪੁਰ। ਸਾਲ ਛੇ ਮਹੀਨਿਆਂ ਬਾਅਦ ਕੋਈ ਇੱਕ ਗੇੜਾ ਮਾਰ ਜਾਂਦਾ ਹੈ। ਇੱਕ ਦੋ ਦਿਨਾਂ ਲਈ ਠਹਿਰਦਾ ਹੈ। ਖਾਲੀ ਭਾਂਡੇ



ਨਕੋਨੀਕ ਭਰ ਜਾਂਦਾ ਹੈ। ਨਾਲ ਚਲਣ ਲਈ ਸੁਲਾਹ ਵੀ ਨਹੀਂ ਮਾਰਦਾ ਹੈ। ਉਨ੍ਹਾਂ ਨੂੰ ਮਹੀਨੇ ਬਾਅਦ ਫੋਨ ਕਰਦੀ ਹਾਂ। ਸਰਬਜੀਤ ਕੇ ਘਰੇ। ਭਾਪਾ ਜੀ ਆਖਿਰ 'ਚ ਇਹ ਪੁੱਛਦੇ ਹਨ, "ਖੁਸ਼ਵੰਤ ਪੈਸੇ ਵੀ ਭੇਜਦਾ ਹੁੰਦਾ ਕਿ ਨ੍ਹੀਂ ? ਕੋਈ ਨਵੀਂ ਚੀਜ਼ ਭੇਜੀ ਆ ? ਉਹਨੂੰ ਗਿਆਂ ਪੰਜ ਸਾਲ ਹੋ ਗਏ-ਉਹਨੇ ਮੈਨੂੰ ਇੱਕ ਵਾਰੀ ਵੀ ਚਿੱਠੀ ਨ੍ਹੀਂ ਲਿਖੀ ?" ਉਨ੍ਹਾਂ ਨੂੰ ਕੀ ਦੱਸਦੀ-ਪੈਸਿਆਂ ਦਾ ਮੇਰੇ ਕੋਲ ਕੀ ਘਾਟਾ ਹੈ। ਪੈਨਸ਼ਨ ਮਿਲਦੀ ਹੈ। ਪਰੋਵੀਡੈਂਟ ਫੰਡ ਦੇ ਸਤ ਲੱਖ ਬੈਂਕ 'ਚ ਪਏ ਹਨ। ਦੋ ਦੁਕਾਨਾਂ ਦਾ ਕਿਰਾਇਆ ਆ ਜਾਂਦਾ ਹੈ। ਜਦੋਂ ਚਾਹਾਂ ਮਾਡਲ ਟਾਊਨ ਵਾਲਾ ਪਲਾਟ ਵੇਚ ਦਵਾਂ। ਝੂਠ ਬੋਲਦੀ, "ਮਹੀਨਾ ਕੁ ਪਹਿਲਾਂ ਉਨ੍ਹਾਂ ਕੋਲੋਂ ਇਕ ਬੰਦਾ ਆਇਆ ਸੀ। ਦੋ ਲੱਖ ਭੇਜਿਆ ਸੀ। ਵਿਰਾਟ ਲਈ ਵੀਡੀਉ ਕੈਮਰਾ। ਮੇਰੇ ਲਈ ਕਈ ਕੁਝ। ਤੁਹਾਡੇ ਲਈ ਗਰਮ ਜੈਕਟ। ਜਦੋਂ ਮਿਲਣ ਆਈ ਲੈ ਆਵਾਂਗੀ।" ਭਾਪਾ ਜੀ ਨੂੰ ਇਹਦੇ ਬਾਰੇ ਬਿਲਕੁਲ ਨਹੀਂ ਦੱਸਿਆ ਸੀ। ਭਿੰਨਕ ਵੀ ਨਹੀਂ ਲੱਗਣ ਦਿੱਤੀ ਸੀ।

ਮੈਗਜ਼ੀਨ ਮੇਜ਼ 'ਤੇ ਰੱਖ ਦਿੰਦੀ ਹਾਂ। ਇਕ ਵਾਰ ਫੇਰ ਕੋਰਡਲੈਸ ਔਨ ਕਰਦੀ ਹਾਂ। ਦੁਬਾਰਾ ਫੋਨ ਕਿਉਂ ਨਹੀਂ ਆਇਆ। ਖੁਸ਼ਵੰਤ ਫੋਨ ਮਿਲਾਉਣ ਲੱਗਾ ਵਾਰ-ਵਾਰ ਕੋਸ਼ਿਸ਼ ਕਰਦਾ ਸੀ। ਕਈ ਵਾਰ ਘੰਟਾ ਵੀ ਬੀਤ ਜਾਂਦਾ ਸੀ। ਅੱਜ ਫੋਨ ਉਸੇ ਦਾ ਹੀ ਹੋਵੇਗਾ। ਇਸ ਵੇਲੇ ਕੋਈ ਹੋਰ ਫੋਨ ਨਹੀਂ ਕਰਦਾ ਹੁੰਦਾ।

ਟਹਿਲਣ ਲੱਗ ਜਾਂਦੀ ਹਾਂ। ਇਹ ਮੇਰੀ ਅਜੀਬ ਆਦਤ ਹੈ ਕਿ ਜਦੋਂ ਨੀਂਦ ਨਾ ਆਵੇ ਤਾਂ ਕੌਫ਼ੀ ਦਾ ਵੱਡਾ ਮੱਗ ਪੀਂਦੀ ਹਾਂ। ਫੇਰ ਨੀਂਦ ਆ ਜਾਂਦੀ ਹੈ। ਹੁਣ ਕੌਫ਼ੀ ਪੀਤੀ ਜਾਵੇ।

ਖੁਸ਼ਵੰਤ ਵੀ ਕੌਫ਼ੀ ਪੀਣ ਦਾ ਸ਼ੌਕੀਨ ਹੈ। ਉਹ ਸ਼ਰਾਬ ਨਹੀਂ ਪੀਂਦਾ। ਮੀਟ ਨਹੀਂ ਖਾਂਦਾ। ਬੀਅਰ ਵੀ ਅਮਰੀਕਾ ਜਾ ਕੇ ਹੀ ਪੀਣ ਲੱਗਾ ਹੈ।

ਰਸੋਈ 'ਚ ਆ ਕੇ ਕੌਫ਼ੀ ਬਣਾਉਂਦੀ ਹਾਂ। ਉਹੀ ਗੱਲਾਂ ਫੇਰ ਯਾਦ ਆਉਣ ਲੱਗੀਆਂ ਹਨ।

ਐੱਮ. ਏ. ਕਰਨ ਜਲੰਧਰ ਆ ਗਈ ਸੀ। ਜਸਵਿੰਦਰ ਸਰ ਨੇ ਹੋਮਰ ਦੇ ਮਹਾਕਾਵਿ 'ਦੀ ਈਲੀਅਡ' 'ਤੇ ਨਾਟਕ ਖੇਡਣ ਦਾ ਫੈਸਲਾ ਕੀਤਾ ਸੀ। ਸਾਨੂੰ ਸੱਤਾਂ ਨੂੰ 'ਦੀ ਇਲੀਅਡ' ਦੋਬਾਰਾ ਤੋਂ ਪੜ੍ਹਣ ਲਈ ਕਿਹਾ ਸੀ। ਮੈਨੂੰ ਹੈਰਾਨੀ ਇਸ ਗੱਲ ਦੀ ਸੀ ਕਿ ਇਸ 'ਤੇ ਨਾਟਕ ਕਿਵੇਂ ਖੇਡਿਆ ਜਾ ਸਕਦਾ। ਇੰਨੇ ਪਾਤਰ ? ਇੰਨੀਆਂ ਘਟਨਾਵਾਂ ? ਇਸ ਬਾਰੇ ਆਪਣੀ ਸ਼ੰਕਾ ਜ਼ਾਹਿਰ ਕੀਤੀ ਤਾਂ ਉਨ੍ਹਾਂ ਸਮਝਾਇਆ ਸੀ ਕਿ ਇਸ ਦੇ ਕੁਝ ਖਾਸ ਐਪੀਸੋਡ ਲਵਾਂਗੇ। ਜ਼ਿਆਦਾ ਜ਼ੋਰ ਐਕਲੀਜ਼ ਦੇ ਗੁੱਸੇ 'ਤੇ ਦਵਾਂਗੇ। ਸ਼ਾਇਦ ਇਹਦਾ ਨਾਂ 'ਰਾਥ ਆਫ ਐਕਲੀਜ਼' ਰੱਖੀਏ। ਹੁਣ ਦੇਖਣਾ ਇਹ ਸੀ ਕਿ ਐਕਲੀਜ਼ ਕੌਣ ਬਣਦਾ। ਜੈਪਾਲ, ਰਮਨ ਜਾਂ ਖੁਸ਼ਵੰਤ। ਇਹ ਰੋਲ ਖੁਸ਼ਵੰਤ ਕੋਲੋਂ ਹੋਣਾ ਨਹੀਂ ਸੀ। ਉਸ ਲਈ ਤਾਂ ਨਿਮਰ, ਕੋਮਲ, ਫਿਲਾਸਫਰਟਾਈਪ ਰੋਲ ਹੁੰਦੇ ਸਨ। ਇਕੋ ਇਕ ਜੈਪਾਲ ਸੀ ਜਿਹੜਾ ਕਿ ਗੁੱਸੇਖੋਰ, ਪਹਿਲਵਾਨਨੁਮਾਂ, ਹਨੂੰਮਾਨਨੁਮਾਂ ਰੋਲ ਲਈ ਫਿਟ ਬੈਠਦਾ ਸੀ। ਇਹ ਲਗਪਗ ਤੈਅ ਸੀ ਕਿ ਇਹ ਰੋਲ ਉਹ ਹੀ ਕਰੇਗਾ। ਰਮਨ ਐਗਾਮਿਮਨੋਨ ਬਣੇਗਾ। ਖੁਸ਼ਵੰਤ ਕੋਈ ਦੇਵਤਾ ਬਣੇਗਾ। ਹੈਲਨ ਮੈਂ ਬਣਨਾ



www.PunjabiLibrary.com

ਸੀ। ਖੁਸ਼ਵੰਤ ਅੜ ਗਿਆ ਸੀ, "ਸਰ, ਇਕ ਮੌਕਾ ਮੈਨੂੰ ਵੀ ਦਿਉ। ਅਜਮਾ ਕੇ ਦੇਖੋ।" ਜਸਵਿੰਦਰ ਸਰ ਕਿਸੇ ਨੂੰ ਨਿਰਉਤਸ਼ਾਹਿਤ ਨਹੀਂ ਕਰਦੇ। ਉਹਨਾਂ ਕੋਲ ਕਿਸੇ ਦੀ ਯੋਗਤਾ ਪਰਖਣ ਦੀ ਆਪਣੀ ਕਸਵੱਟੀ ਸੀ। ਉਨ੍ਹਾਂ ਨਾਂਹ 'ਚ ਸਿਰ ਫੇਰ ਦਿੱਤਾ ਸੀ। ਸਿੱਧਾ ਹੁਕਮ ਸੁਣਾਇਆ ਸੀ ਕਿ ਐਕਲੀਜ਼ ਦਾ ਰੋਲ ਜੈਪਾਲ ਕਰੇਗਾ। ਗੱਲਾਂ ਕਰਦੇ-ਕਰਦੇ ਅਸੀਂ ਕੰਟੀਨ 'ਤੇ ਚਾਹ ਪੀਣ ਆ ਗਏ ਸੀ। ਸਰ ਨੇ ਸਿਗਰੇਟ ਲਾ ਲਈ ਸੀ। ਦੋ ਚਾਰ ਕਸ਼ ਖਿਚੇ ਸਨ। ਜੈਪਾਲ ਨਾਲ ਸਲਾਹੀਂ ਪੈ ਗਏ ਸਨ, "ਰਿਸਕ ਲੈ ਕੇ ਦੇਖਦੇ ? ਕਿਉਂ ਨਾ ਖੁਸ਼ਵੰਤ ਨੂੰ ਮੌਕਾ ਦਿੱਤਾ ਜਾਵੇ ?" ਮੈਂ ਉਨ੍ਹਾਂ ਦੇ ਫੈਸਲੇ ਦੀ ਤਾਈਦ ਕੀਤੀ ਸੀ। ਇਸੇ ਖ਼ੁਸ਼ੀ 'ਚ ਖੁਸ਼ਵੰਤ ਕੋਲੋਂ ਪਾਰਟੀ ਲਈ ਸੀ। ਉਹ ਕਿੰਨੇ ਦਿਨ ਟੈਨਸ਼ਨ 'ਚ ਰਿਹਾ ਸੀ। ਜਿਵੇਂ ਉਹ ਆਪ ਇਸ ਰੋਲ ਬਾਰੇ ਖੁਦ ਨੂੰ ਤਿਆਰ ਨਾ ਕਰ ਰਿਹਾ ਹੋਵੇ। ਰੀਹਸਲ ਵੇਲੇ ਉਹ ਉਪਰੋਂ-ਉਪਰੋਂ ਠੀਕ ਦਿੱਸਦਾ ਸੀ। ਅੰਦਰੋਂ ਝਿਝਕਦਾ ਸੀ। ਮਹੀਨੇ ਬਾਅਦ ਕਾਲਜ ਦੇ ਆਡੋਟੋਰੀਅਮ 'ਚ ਨਾਟਕ ਖੇਡਿਆ ਗਿਆ ਸੀ-'ਰਾਥ ਆਫ ਐਕਲੀਜ਼' -ਐਕਲੀਜ਼ ਦਾ ਐਗਾਮਿਮਨੋਨ ਵਿਰੁੱਧ ਗੁੱਸਾ। ਦੇਵਤਿਆਂ ਵਿਰੁੱਧ ਗੁੱਸਾ। ਉਹਦੀਆਂ ਅੱਖਾਂ 'ਚੋਂ ਵਰਦੀ ਅੱਗ। ਕਿਸੇ 'ਚ ਵੀ ਉਹਨੂੰ ਰੋਕਣ ਦੀ ਸ਼ਕਤੀ ਨਹੀਂ ਸੀ। ਲੱਗਦਾ ਸੀ ਕਿ ਅੱਜ ਹੀ 'ਵਾਰ ਆਫ ਟਰੋਜ਼ਨ' ਦਾ ਫੈਸਲਾ ਹੋ ਜਾਵੇਗਾ। ਮੈਂ ਆਪਣਾ ਰੋਲ ਠੀਕ ਨਿਭਾਇਆ ਸੀ। ਬਹੁਤੀ ਵਾਹ-ਵਾਹ ਖੁਸ਼ਵੰਤ ਨੇ ਖੱਟੀ ਸੀ। ਉਸ ਦਿਨ 'ਵਾਰ ਆਫ ਟਰੋਜ਼ਨ' ਦਾ ਫੈਸਲਾ ਤਾਂ ਨਹੀਂ ਹੋਇਆ ਸੀ। ਆਪਣੀ ਜ਼ਿੰਦਗੀ ਦਾ ਫੈਸਲਾ ਕਰ ਲਿਆ ਸੀ। ਉਹਨੂੰ ਉਚੇਚਾ ਮਿਲਣ ਲੱਗੀ ਸੀ। ਉਹ ਮੇਰਾ ਆਦਰਸ਼ ਬਣ ਗਿਆ ਸੀ।

ਰਿੰਗ ਹੋਈ ਹੈ। ਜਲਦੀ-ਜਲਦੀ ਕੋਰਡਲੈਸ ਔਨ ਕਰਦੀ ਹਾਂ। ਹੈਲੋ ਕਹਿੰਦੀ ਹਾਂ। ਅੱਗੋਂ ਵਿਰਾਟ ਬੋਲ ਰਿਹਾ ਹੈ। ਉਹਨੂੰ ਅਗਲੇ ਮਹੀਨੇ ਦੋ ਹਫਤਿਆਂ ਦੀਆਂ ਛੁੱਟੀਆਂ ਹੋ ਰਹੀਆਂ ਹਨ। ਉਹਨੇ ਆਪਣਾ ਪ੍ਰੋਗ੍ਰਾਮ ਬਣਾ ਰੱਖਿਆ ਹੈ। ਇਕ ਦਿਨ ਆਗਰਾ। ਦੋ ਦਿਨ ਦਿੱਲੀ। ਇਕ ਦਿਨ ਕੁਰੂਕੇਸ਼ਤਰ। ਇਕ ਦਿਨ ਜਵਾਲਾਜੀ। ਦੋ ਦਿਨ ਕਾਂਗੜੇ। ਤਿੰਨ ਦਿਨ ਮਕਲੌਡਗੰਜ। ਇਕ ਅੱਧ ਦਿਨ ਅੰਧਰੇਟੇ ਵੱਲ। ਜਿੰਨੀਆਂ ਛੁੱਟੀਆਂ ਬਚਣਗੀਆਂ, ਉੰਨੇ ਦਿਨ ਮੇਰੇ ਕੋਲ ਰੁਕੇਗਾ। ਉਪਰੋਂ-ਉਪਰੋਂ ਪੁੱਛਦਾ ਸੀ ਕਿ ਕੀ ਉਹ ਪਹਿਲਾਂ ਆ ਜਾਵੇ। ਉਹਨੂੰ ਕਦੇ ਵੀ ਜ਼ੋਰ ਪਾ ਕੇ ਕੁਝ ਨਹੀਂ ਕਿਹਾ। ਉਹਨੂੰ ਸਮਝਾਉਂਦੀ ਹਾਂ ਜਾਂ ਆਪਣੀ ਰਾਏ ਦੱਸਦੀ ਹਾਂ। ਉਹਨੂੰ ਕਹਿੰਦੀ ਹਾਂ ਕਿ ਜਿਵੇਂ ਉਸਦਾ ਮਨ ਕਰਦਾ ਹੈ-ਉਹ ਕਰੇ। ਮੇਰੀ ਇੰਨੀ ਇੱਛਾ ਹੈ ਕਿ ਉਹ ਮੈਨੂੰ ਮਿਲ ਜਾਵੇ। ਉਹਨੇ ਮੁੜਦੇ ਹੋਏ ਨੇ ਹੀ ਮਿਲਣ ਆਉਣਾ ਹੈ। ਉਹਦੇ ਨਾਲ ਉਹਦੀ ਕੋਈ ਫਰੈਂਡ ਹੋਵੇਗੀ-ਇਹ ਗੱਲ ਤਾਂ ਪੱਕੀ ਹੈ। ਮੈਥੋਂ ਉਹਲਾ ਰੱਖਦਾ ਹੈ। ਉਸ ਦੀ ਮਾਂ ਹਾਂ। ਇਧਰੋਂ ਉਧਰੋਂ ਸਭ ਪਤਾ ਲੱਗ ਜਾਂਦਾ ਹੈ। ਜਾਹਿਰ ਨਹੀਂ ਕਰਦੀ। ਰੋਕਦੀ ਨਹੀਂ। ਉਹ ਸ਼ਾਹਖਰਚ ਬੱਚਾ ਹੈ। ਮੈਥੋਂ ਵੀ ਪੈਸੇ ਲੈ ਜਾਂਦਾ ਹੈ। ਆਪਣੇ ਡੈਡੀ ਕੋਲੋਂ ਵੀ ਮੰਗਵਾ ਲੈਂਦਾ ਹੈ। ਜਸਪਾਲ ਵੀ ਉਹਨੂੰ ਭੇਜ ਦਿੰਦਾ ਹੈ।

ਉਹ ਪੁੱਛਦਾ ਹੈ, "ਮੰਮੀ ਜੀ-ਤੁਸੀਂ ਉਦਾਸ ਲੱਗਦੇ ਹੋ ?"

"ਨ੍ਹੀਂ ਬੇਟੇ-ਅਜਿਹਾ ਕੁਝ ਨ੍ਹੀਂ। ਮੈਂ ਸੁੱਤੀ ਉੱਠੀ। ਇਸ ਲਈ ਤੈਨੂੰ ਲੱਗਿਆ।"

"ਤੁਸੀਂ ਮੈਥੋਂ ਝੂਠ ਬੋਲਦੇ ਹੋ ?"



"ਤੂੰ ਕਦੋਂ ਦਾ ਵਹਿਮੀ ਹੋ ਗਿਆਂ ?"

ਉਹ ਆਪਣੀ ਪੜ੍ਹਾਈ ਬਾਰੇ ਦੱਸਦਾ ਹੈ। ਫੋਨ ਬੰਦ ਕਰਨ ਤੋਂ ਪਹਿਲਾਂ ਕਹਿੰਦਾ ਹੈ, "ਮੇਰੀ ਲਵਲੀ ਮੰਮੀ-ਮੈਂ ਤੁਹਾਨੂੰ ਬਹੁਤ ਮਿਸ ਕੀਤਾ।"

ਅੱਖਾਂ 'ਚ ਨਮੀ ਉਤਰ ਆਈ ਹੈ।

ਭਰੇ ਮਨ ਨਾਲ ਬੈੱਡ ਰੂਮ 'ਚ ਆ ਜਾਂਦੀ ਹਾਂ।

ਪ੍ਰੀਤੀ ਵੱਲ ਦੇਖਦੀ ਹਾਂ। ਉਹ ਤਾਂ ਘੋੜੇ ਵੇਚ ਕੇ ਸੁੱਤੀ ਪਈ ਹੈ। ਰਾਜੇ ਵੱਲ ਨੂੰ ਪਿੱਠ ਕਰ ਕੇ। ਰਾਜਾ ਕਿਨਾਰੇ ਵੱਲ ਚਲਿਆ ਗਿਆ ਸੀ। ਪ੍ਰੀਤੀ ਨੂੰ ਨੀਂਦ ਬਹੁਤ ਪਿਆਰੀ। ਬੈੱਡ 'ਤੇ ਪਈ ਨੇ ਅੱਖਾਂ ਬੰਦ ਕੀਤੀਆਂ ਨਹੀਂ ਤੇ ਨੀਂਦ ਆਈ ਨਹੀਂ। ਰਾਜਾ ਰੋਵੇ ਤਾਂ ਮੈਂ ਹੀ ਉਹਨੂੰ ਦੁੱਧ ਗਰਮ ਕਰਕੇ ਪਿਲਾਉਂਦੀ ਹਾਂ। ਉਸ ਦੀ ਗਿਲੀ ਨਿੱਕਰ ਬਦਲਦੀ ਹਾਂ। ਪੋਟੀ ਕਰਾਉਂਦੀ ਹਾਂ।

ਜਿਸਮ ਸਾਹ ਸੱਤਹੀਣ ਹੋਇਆ ਪਿਆ ਹੈ। ਰਾਜੇ ਵੱਲ ਨੂੰ ਪਾਸਾ ਮਾਰ ਕੇ ਰੁੜੀ ਹਾਂ। ਉਹਨੂੰ ਖਿਚ ਕੇ ਪ੍ਰੀਤੀ ਦੇ ਕੋਲ ਨੂੰ ਕਰਦੀ ਹਾਂ। ਮੁੜ ਆਪਣੀ ਥਾਂ 'ਤੇ ਆ ਜਾਂਦੀ ਹਾਂ। ਬੈੱਡ ਦਾ ਨੁੱਕਰ ਵਾਲਾ ਸਵਿਚ ਔਨ ਕਰਦੀ ਹਾਂ। ਪ੍ਰੀਤੀ ਵੱਲ ਹਨੇਰਾ ਹੈ। ਦਰਾਜ 'ਚੋਂ ਲਿਫਾਫਾ ਕੱਢਦੀ ਹਾਂ। ਪੜ੍ਹਦੀ ਹਾਂ : ਹਿੰਦੂ ਵਿਆਹ ਐਕਟ....ਡੀਕਰੀ ਸ਼ੀਟ......ਸ੍ਰੀ ਜੇ.ਪੀ. ਗੁਪਤਾ, ਡਿਸਟ੍ਰਿਕ ਜੱਜ ਦੀ ਕੋਰਟ .....ਹਿੰਦੂ ਵਿਆਹ ਐਕਟ ਕੇਸ ਨੰ. 53 ਸਾਲ 2003 ਸ੍ਰੀਮਤੀ ਪ੍ਰੇਮ ਲਤਾ ਪੁਤਰੀ ਸ੍ਰੀ ਹਰਜੀਤ ਲਾਲ, ਵਾਸੀ ਪਿੰਡ ਤੇ ਡਾਕ. ਨੂਰਪੁਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਰਸਿਸ ਸ੍ਰੀ ਖੁਸ਼ਵੰਤ ਲਾਲ ਸਪੁੱਤਰ ਪਰਮਿੰਦਰ ਲਾਲ ਵਾਸੀ 1185, ਮਾਡਲ ਟਾਊਨ, ਲੁਧਿਆਣਾ ਦਾ ਸੈਕਸ਼ਨ 13 (1) (19) ਅਧੀਨ ਵਕੀਲ ਸ੍ਰੀ ਰਾਜਪਾਲ ਸਿੰਘ ਅਤੇ ਸ੍ਰੀ ਪ੍ਰਦੀਪ ਕੁਮਾਰ ਸ਼ਰਮਾ ਦੀ ਹਾਜ਼ਿਰੀ 'ਚ ਆਪਸੀ ਤਲਾਕ ਮੰਜੂਰ ਕੀਤਾ ਜਾਂਦਾ ਹੈ......।

ਇਹ ਸੱਚ ਹੈ ਕਿ ਅਸੀਂ 'ਆਪਸੀ ਤਲਾਕ' ਲੈ ਲਿਆ ਹੈ। ਹੁਣ ਮੇਰੇ ਨਕਲ ਨਾ ਭੇਜਣ ਨਾਲ ਕੀ ਫਰਕ ਪਵੇਗਾ। ਸ਼ਾਇਦ ਉਹਦੇ ਵਕੀਲ ਨੇ ਇਹਦੀ ਨਕਲ ਕਾਪੀ ਭੇਜ ਦਿੱਤੀ ਹੋਵੇ। ਇੱਛਾ ਪੈਦਾ ਹੋਈ ਕਿ ਲੰਬੀ ਚਿੱਠੀ ਲਿਖਾਂ। ਸ਼ਾਇਦ ਇਹ ਆਖਿਰੀ ਚਿੱਠੀ ਹੋਵੇ। ਸਭ ਕੁਝ ਉਸੇ 'ਤੇ ਨਿਰਭਰ ਕਰਦਾ ਹੈ। ਉਹ ਪਹਿਲ ਕਰਦਾ ਹੈ ਜਾਂ ਕਿ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰ ਲੈਂਦਾ ਹੈ। ਵਾਰ-ਵਾਰ ਲਿਖਦੀ ਹਾਂ। ਕਾਗਜ਼ ਪਾੜਦੀ ਹਾਂ। ਇਹ ਵੀ ਲਿਖਦੀ ਹਾਂ- ਤੁਹਾਡੀ ਇਕ ਸੱਧਰ ਪੂਰੀ ਹੋ ਗਈ। ਇਹ ਵਾਕ ਠੀਕ ਨਹੀਂ ਲੱਗਦਾ। ਉਪਰ ਦੀ ਕਾਟਾ ਮਾਰ ਦਿੰਦੀ ਹਾਂ।

ਕਾਗਜ਼ ਬਾਲ ਪੈੱਨ ਚੁੱਕਦੀ ਹਾਂ। ਲਿਖਣਾ ਸ਼ੁਰੂ ਕਰਦੀ ਹਾਂ-ਤੁਸੀਂ ਬੱਚਿਆਂ ਬਾਰੇ ਜ਼ਰੂਰ ਸੋਚਣਾ। ਮੇਰੀ ਇੱਛਾ ਹੈ ਕਿ ਵਿਰਾਟ 'ਕੁਝ' ਬਣੇ। ਉਹਦਾ ਭਵਿੱਖ ਬਣਾਉਣ 'ਚ ਤੁਹਾਡਾ ਸਾਥ ਚਾਹੀਦਾ ਹੈ। ਇਹ ਠੀਕ ਨਹੀਂ। ਵਿਰਾਟ ਨੂੰ ਕਿਸੇ ਦਾ ਆਸਰਾ ਨਹੀਂ ਚਾਹੀਦਾ। ਉਹ ਆਪ ਕਹਿ ਦਿੰਦਾ ਹੈ-'ਮੈਂ ਆਪਣੇ ਫੈਸਲੇ ਆਪ ਕਰਾਂਗਾ।' ਲਿਫਾਫਾ ਮੁੜ ਦਰਾਜ 'ਚ ਰੱਖ ਦਿੰਦੀ ਹਾਂ। ਪਹਿਲਾਂ ਖੁਸ਼ਵੰਤ ਦਾ ਫੋਨ ਉਡੀਕਾਂਗੀ। ਦੇਖਾਂ- ਉਹ ਕੀ ਬੋਲਦਾ।



www.PunjabiLibrary.com

ਪਿਛਲਾ ਹਫਤਾ ਵੀ ਅਚੋਤਾਈ ’ਚ ਬੀਤਿਆ ਸੀ। ਨਾ ਦਿਨੇ ਚੈਨ। ਨਾ ਰਾਤੀਂ। ਪ੍ਰੀਤੀ ਨੂੰ ਬੁਲਾ ਲਿਆ ਸੀ। ਪ੍ਰੀਤੀ ਸਾਰਾ ਦਿਨ ਬਿਜੀ ਰਹਿੰਦੀ। ਉਹ ਆਪਣੇ ਦੋਸਤਾਂ ਵੱਲ ਚਲੇ ਜਾਂਦੀ ਜਾਂ ਉਨ੍ਹਾਂ ਨੂੰ ਫੋਨ ਮਿਲਾਉਂਦੀ। ਉਸ ਦਾ ਲੰਬਾ ਚੌੜਾ ਸਰਕਲ ਹੈ। ਇਕ ਵਾਰ ਇਨ੍ਹਾਂ ’ਚੋਂ ਕਿਸੇ ਨੂੰ ਪਤਾ ਲੱਗ ਜਾਵੇ ਕਿ ਉਹ ਆਈ ਹੈ, ਫੇਰ ਕਿਸੇ ਨਾ ਕਿਸੇ ਦਾ ਆਉਣ ਜਾਣ ਬਣਿਆ ਰਹਿੰਦਾ ਹੈ। ਜਦੋਂ ਉਹ ਵਿਹਲੀ ਹੁੰਦੀ ਤਾਂ ਕਈ ਤਰ੍ਹਾਂ ਦੇ ਖਾਣੇ ਬਣਾ ਕੇ ਮੇਜ਼ ਭਰ ਦਿੰਦੀ। ਪੁੱਛਦੀ, “ਆ ਜਿਹੜੀ ਸਬਜ਼ੀ ਖਾ ਰਹੇ ਹੋ-ਬੁਝੋ ਤਾਂ ਕਾਹਦੀ ਆ ?” ਮੈਂ ਆਪਣਾ ਕਿਆਸ ਲਾਉਂਦੀ। ਉਹ ਨਾਂਹ ’ਚ ਸਿਰ ਮਾਰੀ ਜਾਂਦੀ। ਆਖਿਰ ਮੈਨੂੰ ਹਾਰਨਾ ਪੈਂਦਾ। ਦੱਸਦੀ, “ਇਹ ਤਾਂ ਘੀਆ ਕਦੂਕਸ ਕਰਕੇ ਪਹਿਲਾਂ ਤਲਿਆ। ਫੇਰ ਇਹਨੂੰ ਪਨੀਰ ’ਚ ਗੁੰਨਿਆ। ਫੇਰ ਤਲਿਆ। ਤੁਸੀਂ ਖਾਣ ਪੀਣ ਤੋਂ ਬਿਲਕੁਲ ਅਣਜਾਣ ਹੋ। ਮੇਰੀ ਸੱਸ ਨੇ ਰਸੋਈ ਦੀ ਮਾਸਟਰੀ ਕੀਤੀ ਹੋਈ ਆ। ਉਹਨੂੰ ਆਪ ਖਾਣ-ਪੀਣ ਦਾ ਬਹੁਤ ਸ਼ੌਂਕ ਆ। ਮੈਨੂੰ ਕਹਿ ਦਿੰਦੀ- ਜਾਹ ਕੁੜੇ ਤੂੰ ਜਸਪਾਲ ਕੋਲ ਬੈਠ। ਅਜੇ ਰਸੋਈ ਮੇਰੇ ਹਵਾਲੇ ਰਹਿਣ ਦੇ।” ਉਹਨੂੰ ਕੀ ਦੱਸਦੀ- ਲੈਮਿਨ ਚਿਕਨ ਖਾਣ ਨੂੰ ਮੇਰਾ ਮਨ ਕਰਦਾ ਸੀ। ਜਿੰਨਾ ਚਿਰ ਕੁਲਵੰਤ ਦੀ ਡਿਊਟੀ ਮੇਰੇ ਨਾਲ ਲੱਗੀ ਰਹੀ ਸੀ ਉੱਨਾ ਚਿਰ ਉਸ ਚਿਕਨ ਬਣਾ ਕੇ ਖੁਆਇਆ ਸੀ। ਹਫਤੇ ’ਚ ਇਕ ਦਿਨ। ਪੈਸੇ ਮੈਂ ਦਿੰਦੀ ਸੀ। ਬਣਾ ਉਹ ਲਿਆਉਂਦਾ ਸੀ। ਜੇ ਮੈਂ ਹਫਤੇ ਬਾਅਦ ਨਾ ਖਾਂਦੀ ਤਾਂ ਮੇਰੀ ਜੀਭ ਮੂਤਣ ਲੱਗ ਜਾਂਦੀ ਸੀ। ਜਿੰਨਾ ਚਿਰ ਮਾਂ ਜਿਉਂਦੀ ਰਹੀ, ਓਨਾ ਚਿਰ ਮੀਟ ਤਾਂ ਕੀ-ਘਰ ’ਚ ਲਸਣ ਵਰਤਣ ਦੀ ਵੀ ਮਨਾਹੀ ਰਹੀ ਸੀ। ਉਪਰੋਂ ਖੁਸ਼ਵੰਤ ਉਸ ਦਾ ਵੀ ਸਿਰਾ।

ਰਿੰਗ ਹੋਈ ਹੈ। ਉਹਨੇ ਪੰਜ ਵਾਰ ਕਿੱਸ ਕੀਤਾ ਹੈ। ਸਿਹਤ ਬਾਰੇ ਪੁੱਛਿਆ ਹੈ। ਫੇਰ ਦੱਸਿਆ ਕਿ ਤਲਾਕ ਬਾਰੇ ਉਹਨੂੰ ਪਤਾ ਲੱਗ ਗਿਆ ਹੈ। ਆਵਾਜ਼ ਆਉਣੀ ਬੰਦ ਹੋ ਗਈ ਹੈ। ਉਸ ਇਹ ਜਾਣ-ਬੁਝ ਕੇ ਕੀਤਾ ਹੈ। ਹੁਣ ਉਹ ਮੈਨੂੰ ਖਿਝਾਊਗਾ। ਸਤਾਊਗਾ। ਰਿੰਗ ਹੁੰਦੀ ਹੈ। ਉਹ ਬੋਲਣ ਲੱਗਦਾ ਹੈ। ਆਵਾਜ਼ ਆਉਂਦੀ ਹੈ। ਬੰਦ ਹੋ ਜਾਂਦੀ ਹੈ। ਆਖਿਰੀ ਸ਼ਬਦ ਇਹ ਹੀ ਸੁਣਿਆ-ਮੇਰੇ ’ਤੇ ਵਿਸ਼ਵਾਸ ਕਰਨ ਲਈ ਧੰਨਵਾਦ।

ਲਿਫਾਫਾ ਚੁੱਕ ਲਿਆਉਂਦੀ ਹਾਂ। ਕਾਗਜ਼ ਬਾਲ-ਪੈੱਨ ਵੀ। ਡੀਕਰੀ ਸ਼ੀਟ ਪੜ੍ਹਦੀ ਹਾਂ। ਪੜ੍ਹਦੀ ਕੀ, ਉਡਦੀ-ਉਡਦੀ ਨਜ਼ਰ ਮਾਰਦੀ ਹਾਂ ਜਿਵੇਂ ਇਸ ’ਚ ਕੁਝ ਵੀ ਗਲਤ ਨਾ ਹੋਵੇ। ਉਹਨੂੰ ਲੰਬੀ ਚਿੱਠੀ ਲਿਖਦੀ ਹਾਂ। ਆਖਿਰੀ ਵਾਕ ਲਿਖਿਆ ਹੈ-ਹੁਣ ਮੈਨੂੰ ਤੁਹਾਡੀ ਲੋੜ ਹੈ....।

ਅੱਖਾਂ ਭਾਰੀਆਂ-ਭਾਰੀਆਂ ਹੋ ਗਈਆਂ ਹਨ । ਬੈਠਣਾ ਔਖਾ ਲੱਗਦਾ ਹੈ। ਕੋਰਡਲੈਸ ਚੁੱਕਦੀ ਹਾਂ। ਬੈੱਡ ’ਤੇ ਆ ਕੇ ਡਿਗ ਹੀ ਪਈ ਹਾਂ। ਭਰਭੂਰ ਨੀਂਦ। ਖੁਸ਼ਵੰਤ ਸੁਪਨਿਆਂ ’ਚ ਦਿੱਸਿਆ......ਐਕਲੀਜ਼ ਬਣਿਆ...।



# ਇਕ ਸੁਆਲ

ਸ਼ਾਇਦ ਮੈਂ ਆਪ ਵੀ ਮਰੀਜ਼ ਹੋ ਗਿਆ ਹਾਂ।

ਮੈਨੂੰ ਆਪਣੇ ਘੇਰੇ ਦਾ ਆਲਾ-ਦੁਆਲਾ ਅਜੀਬ-ਅਜੀਬ ਲੱਗਦਾ ਹੈ।

ਅਜਿਹਾ ਜ਼ਿਆਦਾ ਸੋਚਣ ਕਰਕੇ ਹੋ ਗਿਆ ਹੈ। ਜਾਂ ਕੁਝ ਹੋਰ ਵੀ ਹੈ ਜਿਹਨੂੰ ਮੈਂ ਜਿਵੇਂ ਸਮਝਿਆ ਹੈ-ਉਵੇਂ ਕੋਈ ਦੂਜਾ ਨਹੀਂ ਸਮਝ ਰਿਹਾ।

ਮੈਂ ਆਪਣੇ ਨਿਤਕ੍ਰਮ ’ਚ ਕੋਈ ਫਰਕ ਨਹੀਂ ਆਉਣ ਦਿੱਤਾ। ਸਵੇਰ-ਸ਼ਾਮ ਨੂੰ ਲੰਬੀ ਸੈਰ ਲਈ ਜਾਂਦਾ ਹਾਂ। ਸਵੇਰ ਦਾ ਸਾਥੀ ਪ੍ਰੋ. ਸਤੀਸ਼ ਕੁਮਾਰ ਹੁੰਦਾ ਹੈ। ਉਹਦਾ ਤੇ ਮੇਰਾ ਸਮਝੌਤਾ ਹੋਇਆ ਕਿ ਮੈਂ ਉਹਨੂੰ ਪ੍ਰੋਫੈਸਰ ਸਾਹਿਬ ਨਹੀਂ ਕਹਿਣਾ। ਉਹਨੇ ਮੈਨੂੰ ਡਾਕਟਰ ਸਾਹਿਬ। ਉਹ ਸਿਆਣਾ ਬੰਦਾ ਹੈ। ਉਹਨੂੰ ਪੜ੍ਹਣ ਦਾ ਬਹੁਤ ਸ਼ੌਕ ਹੈ। ਘੁੰਮਣ-ਫਿਰਣ ਦਾ ਉਸ ਤੋਂ ਵੀ ਜ਼ਿਆਦਾ। ਜਦੋਂ ਵੀ ਕਿਧਰੇ ਜਾਂਦਾ, ਮੈਨੂੰ ਕਹਿੰਦਾ-“ਸਾਡੇ ਨਾਲ ਚਲ। ਬੰਦੇ ਲਈ ਰੀਫਰੈਸਮੈਂਟ ਜ਼ਰੂਰੀ ਹੁੰਦੀ। ਤੂੰ ਤਾਂ ਖੂਹ ਦਾ ਡੱਡੂ ਬਣਿਆ ਬੈਠਾਂ।” ਮੈਂ ਆਪਣੀਆਂ ਮਜ਼ਬੂਰੀਆਂ ਗਿਣਾ ਦਿੰਦਾ। ਵਾਪਸੀ ’ਤੇ ਆ ਕੇ ਉਹ ਮੇਰੇ ਨਾਲ ਆਪਣੇ ਨਵੇਂ ਤਜ਼ਰਬੇ ਸਾਂਝੇ ਕਰਦਾ। ਮੈਨੂੰ ਉਹਦੀਆਂ ਗੱਲਾਂ ਸੁਣ-ਸੁਣ ਕੇ ਹੀ ਮਜ਼ਾ ਆ ਜਾਂਦਾ। ਮੈਂ ਫੈਸਲਾ ਕਰਦਾ ਕਿ ਅਗਲੀ ਵਾਰ ਜੋ ਮਰਜ਼ੀ ਹੋ ਜਾਵੇ, ਮੈਂ ਉਹਦੇ ਨਾਲ ਜਾਣਾ ਹੀ ਜਾਣਾ ਹੈ।

ਆਹ ਡਾਕਟਰੀ ਦਾ ਕਿੱਤਾ ਬੜਾ ਕੁੱਤਾ ਕੰਮ ਹੈ। ਆਪਣੇ ਹਸਪਤਾਲ ਦੇ ਮਰੀਜ਼ਾਂ ਨੂੰ ਅਟੈਂਡ ਕਰਨਾ ਹੁੰਦਾ-ਹੁਣ ਬਾਹਰਲੇ ਹਸਪਤਾਲ ਵਾਲੇ ਯੂਨੀਅਰ ਡਾਕਟਰ ਵੀ ਟਿਕ ਕੇ ਨਹੀਂ ਬੈਠਣ ਦਿੰਦੇ। ਸੋਮ-ਮੰਗਲਵਾਰ ਲੂਥਰਾ ਦੇ ਜਾਣਾ। ਬੁੱਧਵਾਰ ਮਦਾਨ ਦੇ। ਵੀਰ-ਸ਼ੁੱਕਰਵਾਰ ਜੱਗੀ ਦੇ। ਪੰਦਰਾਂ ਮਿੰਟ ਲੇਟ ਹੋ ਜਾਵਾਂ -ਮੋਬਾਇਲ ’ਤੇ ਸੁਨੇਹੇ ’ਤੇ ਸੁਨੇਹਾ ਮਿਲਦਾ-“ਡਾਕਟਰ ਸਾਹਿਬ-ਪਲੀਜ ਜਲਦੀ ਆ ਜਾਉ। ਪੇਸ਼ੈਂਟ ਬਹੁਤ ਤੰਗ ਕਰ ਰਿਹਾ...ਸਾਡੀ ਸਮਝ ਤੋਂ ਬਾਹਰ ਆ...ਕਿਸੇ ਸੈਡੇਟਿਵ ਦਾ ਕੋਈ ਅਸਰ ਨ੍ਹੀਂ ਹੋ ਰਿਹਾ। ਪਲੀਜ਼ ਜਲਦੀ-ਆਪਣੀ ਗੱਡੀ ਭੇਜੀਏ।” ਮੈਂ ਇਨ੍ਹਾਂ ਕਾਲਾਂ ਤੋਂ ਤੰਗ ਆ ਗਿਆ ਸੀ। ਬਹੁਤੇ ਮਰੀਜ਼ ਤਾਂ ਇਨਸੋਮੀਨੀਆ ਦੇ ਸ਼ਿਕਾਰ ਹਨ। ਆਪਣੀ ਫੀਸ ਤਿੰਨ ਗੁਣਾਂ ਵਧਾ ਦਿੱਤੀ ਸੀ। ਇਸ ਨਾਲ ਕੋਈ ਫਰਕ ਨਹੀਂ ਪਿਆ ਸੀ। ਉਨ੍ਹਾਂ ਆਪਣੀ ਜੇਬ ’ਚੋਂ ਦੇਣੇ ਹੁੰਦੇ ਤਾਂ ਕਿੰਤੂ-ਪਰੰਤੂ ਕਰਦੇ। ਮੈਨੂੰ ਇਹ ਆਪਣੇ ਪੇਸ਼ੇ ਨਾਲ ਵਿਸ਼ਵਾਸਘਾਤ ਲੱਗਾ ਸੀ। ਮੈਂ



www.PunjabiLibrary.com

ਪਹਿਲਾਂ ਵਾਲੀ ਫੀਸ ਲੈਣ ਲੱਗਾ। ਡਾਕਟਰ ਖ਼ੁਸ਼। ਮਰੀਜ਼ ਖ਼ੁਸ਼। ਮਰੀਜ਼ਾਂ 'ਚ ਹੋਰ ਵਾਧਾ ਹੋ ਗਿਆ। ਨਾਂਹ ਮੈਥੋਂ ਕਰ ਨਹੀਂ ਹੁੰਦੀ।

ਕੋਈ ਛੁੱਟੀ ਨਹੀਂ। ਸਵੇਰ ਦੀ ਸੈਰ ਦੀ ਆਦਤ ਸਤੀਸ਼ ਕੁਮਾਰ ਨੇ ਪਾਈ ਸੀ। ਮੈਥੋਂ ਅੱਠ ਵਜੇ ਤੋਂ ਪਹਿਲਾਂ ਉਠਿਆ ਨਹੀਂ ਜਾਂਦਾ ਸੀ। ਉਹ ਉਦੋਂ ਤਾਈਂ ਗੇਟ ਦਾ ਅਰਲ ਖੜਕਾਉਂਦਾ ਰਹਿੰਦਾ ਜਦੋਂ ਤਾਈਂ ਮੈਂ ਉਠ ਕੇ ਬਾਹਰ ਨਾ ਆ ਜਾਂਦਾ। ਕਈ ਵਾਰ ਐਦਾਂ ਵੀ ਹੋਇਆ ਸੀ ਕਿ ਉਸ ਦਰਵਾਜ਼ਾ ਖੜਕਾਇਆ ਸੀ। ਮੈਂ ਘੇਸਲ ਮਾਰ ਲਈ ਸੀ। ਉਹ ਵੀ ਮੰਨਣ ਵਾਲਾ ਨਹੀਂ ਸੀ। ਉਹਨੇ ਪਨੈਲਟੀ ਰੱਖ ਦਿੱਤੀ ਸੀ। ਮੈਨੂੰ ਪੰਜ ਵਾਰ ਪਾਰਟੀ ਦੇਣੀ ਪਈ ਸੀ। ਗਰੈਂਡ ਪਾਰਟੀ ਜਿਸ 'ਚ ਦੋਵੇਂ ਪਰਿਵਾਰ ਸ਼ਾਮਲ ਹੋਏ ਸੀ। ਮੈਂ ਛੇਵੀਂ ਵਾਰੀ ਆਉਣ ਹੀ ਨਹੀਂ ਦਿੱਤੀ ਸੀ।

ਹੁਣ ਪਿਛਲੇ ਦਿਨਾਂ 'ਚ ਥੋੜ੍ਹਾ ਕੁ ਫਰਕ ਆਇਆ ਹੈ। ਮੇਰੀ ਨੀਂਦ ਘਟ ਗਈ ਹੈ। ਇਕ ਵਾਰ ਜਾਗ ਆ ਜਾਵੇ-ਫੇਰ ਨੀਂਦ ਨਹੀਂ ਆਉਂਦੀ। ਮੈਂ ਉਠ ਕੇ ਹਸਪਤਾਲ ਦੇ ਲਾਅਨ 'ਚ ਟਹਿਲਣ ਲੱਗ ਜਾਂਦਾ ਹਾਂ। ਮਰੀਜ਼ਾਂ ਦੇ ਰੌਲੇ, ਸ਼ੋਰ ਤੇ ਚੀਕਾਂ ਪਰੇਸ਼ਾਨ ਕਰਦੀਆਂ ਹਨ। ਮੈਂ ਉਨ੍ਹਾਂ ਦਾ ਪਤਾ ਲੈਣ ਚਲਾ ਜਾਂਦਾ ਹਾਂ। ਪੰਜ ਵਜਦਿਆਂ ਹੀ ਮੈਂ ਉਹਦੀ ਕੋਠੀ 'ਤੇ ਰਿੰਗ ਦਿੰਦਾ ਹਾਂ। ਉਹ ਇਸ ਤਬਦੀਲੀ 'ਤੇ ਹੈਰਾਨ ਹੋਇਆ ਸੀ। ਕਿਹਾ ਸੀ, "ਆਦਤ ਬਣਾਉਣ ਦੀ ਲੋੜ ਹੁੰਦੀ ਆ। ਸਭ ਕੁਸ਼ ਆਪਣੇ ਆਪ ਹੁੰਦਾ ਜਾਂਦਾ।"

ਅਸੀਂ ਭਗਤ ਸਿੰਘ ਨਗਰ ਵੱਲ ਨਿਕਲ ਜਾਂਦੇ ਹਾਂ। ਗੱਲਾਂ ਕਰਦੇ ਹਾਂ। ਬਹਿਸਦੇ ਹਾਂ। ਮੈਂ ਉਸ ਨਾਲ ਇਸ 'ਘਟਨਾ' ਬਾਰੇ ਉਸ ਦੇ ਵਿਚਾਰ ਜਾਣਨਾ ਚਾਹੁੰਦਾ ਸੀ। ਪਰ ਦੂਰ ਦੀ ਸੋਚ ਕੇ ਚੁੱਪ ਧਾਰਨ ਕਰ ਲਈ ਸੀ।

ਉਸ ਮੈਨੂੰ ਗੱਲਾਂ-ਗੱਲਾਂ 'ਚ ਟੋਇਆ ਸੀ, "ਅੱਜ ਕਲ੍ਹ ਤੂੰ ਗੜਕੇ ਨਾਲ ਗੱਲ ਨ੍ਹੀਂ ਕਰਦਾ? ਕੋਈ ਸਮੱਸਿਆ ਆ ਖੜੀ?"

"ਕੋਈ ਖ਼ਾਸ ਨ੍ਹੀਂ।"

"ਤੂੰ ਝੂਠ ਬੋਲਦਾਂ?"

"ਇਹ ਤੂੰ ਕਿਵੇਂ ਕਹਿਤਾ?"

"ਚਲ ਮੇਰੇ ਨਾਲ ਦੌੜ ਕੇ ਦਿਖਾ।"

ਸਾਡਾ ਨਿਰਣੈ ਸੈਣੀ ਸਵੀਟ ਹਾਊਸ ਤੋਂ ਬਾਟਾ ਸ਼ੋਅਰੂਮ ਤਕ ਦੀ ਇਕ ਮੀਲ ਦੀ ਦੌੜ ਸੀ।

ਮੈਂ ਅੱਧ-ਵਿਚਕਾਰ ਬੁਰੀ ਤਰ੍ਹਾਂ ਹਫ ਗਿਆ ਸੀ। ਕਿਸੇ ਨਾ ਕਿਸੇ ਤਰ੍ਹਾਂ ਉਸ ਨਾਲੋਂ ਦੂਰੀ ਬਣਾਈ ਰੱਖੀ ਸੀ। ਉਹ ਪੌਣੀ ਕੁ ਵਾਟ 'ਤੇ ਬੈਠ ਗਿਆ ਸੀ।

ਮੈਂ ਉਹਨੂੰ ਪਿਛਾੜ ਦਿੱਤਾ ਸੀ। ਵਾਪਸੀ 'ਤੇ ਪੁੱਛਿਆ ਸੀ, "ਤੁਹਾਡੀ ਸਟੱਡੀ ਅਰਧ-ਪਾਗਲ ਬਾਰੇ ਕੀ ਕਹਿੰਦੀ ਆ?"

"ਪਹਿਲਾਂ ਇਹ ਦੱਸ- ਆਹ ਤੁਹਾਡੀ ਸ਼ਬਦ ਕਿੱਥੋਂ ਆ ਗਿਆ?"

"ਸੌਰੀ।"

"ਫੇਰ ਗਲਤੀ ਕਰਤੀ।"



"ਬਲਿਆ ਚਲ ਹੁਣ ਦੱਸ।"

"ਤੂੰ ਕਾਸ ਲਈ ਪੁੱਛ ਰਿਹਾਂ? ਕੋਈ ਪੰਗੇਬਾਜ਼ ਮਰੀਜ਼ ਆ ਗਿਆ?"

"ਇਹ ਕਿਹੜੀ ਇੱਕ ਦਿਨ ਦੀ ਗੱਲ ਆ। ਮੇਰੇ ਹਸਪਤਾਲ 'ਚ ਦਿਮਾਗੀ ਮਰੀਜ਼ ਆਉਂਦੇ ਰਹਿੰਦੇ। ਜਾਂਦੇ ਰਹਿੰਦੇ।"

ਉਹਨੇ ਪੂਰੇ ਪੰਤਾਲੀ ਮਿੰਟ ਦਾ ਲੈਕਚਰ ਝਾੜਿਆ ਸੀ। ਬੋਰ। ਬਕਵਾਸ। ਆਊਟ ਡੇਟਿਡ।

ਮੈਂ ਉਹਨੂੰ ਵਿਚਕਾਰੋਂ ਹੀ ਟੋਕ ਕੇ ਪੁੱਛਿਆ ਸੀ, "ਇਸ ਵਾਰ ਕਿਧਰ ਜਾਣਾ?"

"ਜੈਪੁਰ।"

"ਕਦੋਂ?"

"ਪੰਦਰਾਂ ਨਵੰਬਰ ਨੂੰ।"

"ਤੇਰੇ ਨਾਲ ਹੋਰ ਕਿਹਨੇ ਕਿਹਨੇ ਜਾਣਾ?"

"ਦੋ ਮੇਰੇ ਕੁਲੀਗ ਆ। ਦੋ ਲੇਖਕ ਮਿੱਤਰ।"

"ਮੈਨੂੰ ਵੀ ਸ਼ਾਮਿਲ ਕਰ ਲਿਉ।"

"ਤੂੰ ਟਾਈਮ 'ਤੇ ਆ ਕੇ ਦੌੜ ਜਾਣਾ।"

"ਸਿਉਰ। ਆਈ ਮਸਟ ਗੋ....।"

ਮੇਰੀ ਦੁਨੀਆਂ ਬਹੁਤ ਸੁੰਗੜ ਗਈ ਸੀ। ਪੌੜੀਆਂ ਚੜ੍ਹਿਆ-ਘਰ ਆ ਗਿਆ। ਪੌੜੀਆਂ ਉਤਰਿਆ, ਨਿਊਰੋ ਸਾਈਕਰੈਟਿਕ ਹਸਪਤਾਲ ਸ਼ੁਰੂ ਹੋ ਗਿਆ। ਟੈਲੀਫੋਨ ਆਇਆ। ਕਾਰ ਸਟਾਰਟ ਕੀਤੀ। ਇਪੁਆਇੰਟਮੈਂਟ ਭੁਗਤਾਉਣ ਚਲਾ ਗਿਆ। ਮੁੜ ਆਇਆ। ਆਪਣੇ ਘਰ ਵੱਲ ਦੇਖਿਆ। ਕਾਅਦਾ ਘਰ? ਖਾਣ-ਪੀਣ ਲਈ ਜਾਂਦਾ। ਜਾਂ ਝਪਕੀ ਲੈਣ। ਪਤਾ ਨਹੀਂ ਕਦੋਂ ਆਵਾਜ਼ ਪੈ ਜਾਣੀ। ਮਨ ਕਰਦਾ ਕਿ ਟਰਾਈਕਾ ਖਾ ਕੇ ਰਜ ਕੇ ਸੌਂਵਾਂ। ਮੈਨੂੰ ਕੋਈ ਨਾ ਉਠਾਲੇ। ਸਰ-ਸਰ ਕਹਿ ਕੇ ਆਵਾਜ਼ਾਂ ਨਾ ਮਾਰੇ। ਆਪਣੀ ਇੱਛਾ ਅਨੁਸਾਰ ਆਪੇ ਜਾਗਾਂ। ਰਸੋਈ 'ਚ ਜਾਵਾਂ। ਚਾਹ ਦਾ ਕੱਪ ਬਣਾ ਕੇ ਬੈੱਡ 'ਤੇ ਆ ਬੈਠਾਂ-ਆਪਣੇ ਆਪ ਤੋਂ ਪੁੱਛਾਂ-'ਹਾਂ-ਬਈ ਦਲਜੀਤ ਸਿੰਹਾਂ-ਹੁਣ ਤੇਰਾ ਕੀ ਪ੍ਰੋਗਰਾਮ ਆ?'

ਮੇਰੇ ਮਨ 'ਚ ਡਰ ਸੀ।

ਪਰ ਅਪਰਾਧਬੋਧ ਦੀ ਭਾਵਨਾ ਬਿਲਕੁਲ ਨਹੀਂ ਉਭਰੀ ਸੀ।

ਮੇਰੀ ਲੜਾਈ ਮੇਰੇ ਆਪੇ ਤਕ ਸੀਮਤ ਹੈ।

ਕਮਲੇਸ਼ ਇਹਨੂੰ 'ਅਰੇਂਜਡ ਰੇਪ' ਕਹਿੰਦੀ ਹੈ।

ਜਸਕੀਰਤ ਦਾ ਵਿਚਾਰ ਸੀ, "ਇਹਨੂੰ ਸਾਈਕੋਪਾਥ ਕਹਿੰਦੇ ਆ। ਅਮਰੀਕਨ ਮਨੋਵਿਗਿਆਨੀ ਡਾਕਟਰ ਸਮਿਥ ਦੀ ਇਹਦੇ ਬਾਰੇ ਨਵੀਂ ਕਿਤਾਬ ਆਈ ਆ। ਮੈਂ ਲਾਇਬਰੇਰੀ ਵਿਚੋਂ ਕੱਢਵਾ ਕੇ ਲਿਆਵਾਂਗਾ। ਤੁਹਾਡੇ ਪੜ੍ਹਨ ਵਾਲੀ ਆ।"

ਕਮਲੇਸ਼ ਨੇ ਇਹਨੂੰ ਗਲਤ ਸ਼ਬਦਾਂ 'ਚ ਲਿਆ ਹੈ। ਮੈਨੂੰ ਇਸੇ ਗੱਲ ਨੇ ਦੁਖੀ ਕੀਤਾ ਹੈ। ਮੈਂ ਪਹਿਲਾਂ ਵੀ ਆਪਣੇ ਮਰੀਜ਼ਾਂ ਬਾਰੇ ਉਸ ਨਾਲ ਵਿਚਾਰ-ਵਟਾਂਦਰਾ ਕਰਦਾ ਸੀ। ਇਸ ਮਰੀਜ਼ ਬਾਰੇ ਵੀ ਉਹਨੂੰ ਦੱਸਿਆ ਸੀ। ਆਖਰ 'ਚ ਇਲਾਜ ਦਾ 'ਇਹ ਢੰਗ' ਵੀ



www.PunjabiLibrary.com

ਹੋ ਸਕਦਾ ਹੈ, ਇਸ ਬਾਰੇ ਦੱਸਿਆ ਸੀ। ਆਪਣੀ ਸੁਆਰਥ ਰਹਿਤ ਭਾਵਨਾ ਦਾ ਇਜ਼ਹਾਰ ਕੀਤਾ ਸੀ।

ਉਹ ਆਪਣੀ ਗੱਲ 'ਤੇ ਉਵੇਂ ਹੀ ਅੜੀ ਰਹੀ ਸੀ, "ਨ੍ਹੀਂ। ਮੈਂ ਨ੍ਹੀਂ ਮੰਨਦੀ। ਇਹਦਾ ਇਲਾਜ ਮੈਡੀਸਨ ਨਾਲ ਵੀ ਹੋ ਸਕਦਾ ਸੀ।"

ਮੇਰੇ ਦਿਮਾਗ 'ਚ ਉਦੋਂ ਇਹ ਗੱਲ ਨਹੀਂ ਆਈ ਸੀ।

ਉਹਦੀ ਸੋਚਣੀ ਨੇ ਮੈਨੂੰ ਬੌਖਲਾ ਦਿੱਤਾ ਹੈ।

ਉਹ ਮੇਰੇ ਬਾਰੇ ਚਿੰਤੁਤ ਹੈ। ਉਹਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਮੈਂ ਜੋ ਕੀਤਾ ਹੈ- ਉਹ ਗਲਤ ਹੈ। ਇਸ ਲਈ ਮਾਫ਼ੀ ਮੰਗਣੀ ਚਾਹੀਦੀ ਹੈ। ਉਸ ਨੂੰ ਮੈਂ ਥੱਕਿਆ, ਹਾਰਿਆ, ਠੰਢਾ, ਬਿਮਾਰ ਲੱਗਾ ਸੀ। ਉਹ ਮੈਨੂੰ ਪਛਚਾਤਾਪ ਕਰਨ ਲਈ ਜ਼ੋਰ ਪਾਉਣ ਲੱਗੀ ਸੀ।

ਉਹ ਮੈਨੂੰ ਗੁਰਦੁਆਰੇ ਲੈ ਜਾਣ ਲੱਗੀ ਹੈ।

ਮੈਂ ਡਾਕਟਰ ਹਾਂ।

ਮੈਂ ਆਮ ਆਦਮੀ ਵੀ ਹਾਂ।

ਜ਼ਿਆਦਾ ਡਾਕਟਰ ਹਾਂ। ਪਰੋਫੈਸ਼ਨਲ ਡਾਕਟਰ। ਮਰੀਜ਼ ਦੀ ਦੇਖਭਾਲ ਕਰਨਾ ਮੇਰਾ ਫਰਜ਼ ਹੈ। ਮੈਂ ਕੋਈ ਕੋਤਾਈ ਨਹੀਂ ਕੀਤੀ ਸੀ। ਮੇਰੇ ਲਈ ਨਫ਼ਾ-ਨੁਕਸਾਨ ਦੀਆਂ ਗੱਲਾਂ ਨਾਲੋਂ ਨਾਲ ਚਲਦੀਆਂ ਹਨ। ਉਦੋਂ ਵੀ ਮੈਂ ਅਜਿਹਾ ਹੀ ਸੀ। ਮੈਂ ਦੁੱਖ, ਸ਼ਰਮ ਜਾਂ ਪਛਤਾਵੇ ਨੂੰ ਉੱਕਾ ਹੀ ਭੁੱਲ ਗਿਆ ਸੀ। ਡਾਕਟਰੀ ਦੇ ਪੇਸ਼ੇ 'ਚ ਉੱਨੀ ਇੱਕੀ ਹੋ ਹੀ ਜਾਂਦੀ ਹੈ।

ਮੈਂ ਆਪਣੇ ਆਪ ਨੂੰ ਕਸੂਰਵਾਰ ਨਹੀਂ ਸਮਝਦਾਂ। ਮੈਂ ਤਾਂ ਕੁਦਰਤ ਦੇ ਵਿਧਾਨ ਅਨੁਸਾਰ ਇਲਾਜ ਕੀਤਾ ਹੈ। ਫੇਰ ਸੁੰਮੀ ਨੇ ਪੂਰਾ ਸਾਥ ਦਿੱਤਾ ਸੀ।

20 ਜਨਵਰੀ, 2002।

ਰਾਤ ਦੇ ਸਾਢੇ ਨੌਂ ਵਜੇ।

ਇਹ ਸਮਾਂ ਸਾਡੇ ਇਕੱਠਿਆਂ ਬੈਠਣ ਦਾ ਹੁੰਦਾ ਹੈ। ਇਹ ਕਮਲੇਸ਼ ਨੇ ਨਿਸ਼ਚਿਤ ਕੀਤਾ ਹੈ। ਇਸ ਤੋਂ ਪਹਿਲਾਂ, ਇਸ ਵੇਲੇ ਜਸਕੀਰਤ ਉਰਫ ਜਸਕੀਰਤ ਸਿੰਘ ਰਤੜਾ, ਰੋਲ ਨੰ. 115, ਕੰਪਿਊਟਰ ਸਾਇੰਸ-ਪਾਰਟ ਸੈਕਿੰਡ, ਆਪਣੇ ਬੈੱਡ-ਰੂਮ 'ਚ ਬੈਠਾ ਆਪਣੇ ਪਸੰਦੀਦਾ ਟੀ.ਵੀ. ਦੇ ਪ੍ਰੋਗ੍ਰਾਮ ਦੇਖਦਾ ਸੀ ਜਾਂ ਮੂਧਾ ਪਿਆ ਪੜ੍ਹਦਾ ਸੀ। ਉਹਨੂੰ ਭੁੱਖ ਲੱਗਦੀ ਤਾਂ ਰਾਮੂ ਨੂੰ ਆਵਾਜ਼ ਮਾਰਦਾ ਜਾਂ ਆਪ ਹੀ ਰਸੋਈ 'ਚ ਜਾ ਕੇ ਖਾ ਪੀ ਲੈਂਦਾ। ਉਹਨੂੰ ਮੇਰੀ ਲੋੜ ਪੈਂਦੀ ਜਾਂ ਉਸ ਮੇਰੇ ਨਾਲ ਕੋਈ ਸਲਾਹ-ਮਸ਼ਵਰਾ ਕਰਨਾ ਹੁੰਦਾ ਜਾਂ ਉਹਨੂੰ ਪੈਸਿਆਂ ਦੀ ਲੋੜ ਪੈਂਦੀ ਤਾਂ ਉਹ ਇੰਟਰਕਾਮ 'ਤੇ ਪੁੱਛਦਾ, "ਡੈਡ ਤੁਹਾਡੇ ਕੋਲ ਪੰਜ ਮਿੰਟ ਹੈਗੇ? ਮੈਂ ਆ ਰਿਹਾਂ....।" ਗੀਤਾ ਉਰਫ ਰਮਣੀਤ ਕੌਰ ਰੋਲ ਨੰ. 41, ਐੱਮ. ਏ. ਇੰਗਲਿਸ਼ ਪਾਰਟ ਟੂ। ਆਉਂਦੀ-ਜਾਂਦੀ 'ਹੈਲੋ ਡੈਡ' ਕਹਿ ਜਾਂਦੀ। ਮੇਰੀ ਇੱਛਾ ਹੁੰਦੀ ਕਿ ਉਹ ਮੇਰੇ ਕੋਲ ਬੈਠੇ। ਉਹ ਫਲਾਈ ਕਿੱਸ ਕਰਕੇ ਕਹਿੰਦੀ-"ਅਜੇ ਮੈਂ ਬਿਜੀ ਆਂ।" ਮਿਸਿਜ਼ ਦਲਜੀਤ ਸਿੰਘ ਉਰਫ ਕਮਲੇਸ਼ ਰਤੜਾ-ਲੈਕਚਰਾਰ ਇਕਨੋਮਿਕਸ -ਡੀ. ਏ.



ਵੀ. ਕਾਲਜ ਦੀ ਆਪਣੀ ਦੁਨੀਆਂ ਹੈ। ਉਹ ਕਾਲਜੋਂ ਮੁੜਦੀ ਹੋਈ ਮੇਰੇ ਵੱਲ ਭਰਭੂਰ ਮੁਸਕਾਹਟ ਸੁੱਟਦੀ-ਇਸ ਅੰਦਾਜ਼ ਨਾਲ-ਹਜ਼ੂਰ ਮੈਂ ਆਪਣੀ ਹਾਜ਼ਿਰੀ ਲੁਆ ਚਲੀਂ। ਉਸਦੇ ਆਪਣੇ ਹੀ ਰੁਝੇਵੇਂ ਹਨ। ਉਹ ਕਲੱਬ ਦੀ ਮੀਟਿੰਗ ਅਟੈਂਡ ਕਰਨ ਜਾਂਦੀ। ਕਿਸੇ ਦੇ ਵਰਥਡੇਅ 'ਤੇ ਵਧਾਈਆਂ ਦੇਣ ਜਾਂਦੀ। ਆਪਣੀ ਮਾਰੂਤੀ ਛੱਡ ਕੇ ਮੇਰੀ ਜੈੱਨ ਡਰਾਈਵ ਕਰਕੇ ਲੈ ਜਾਂਦੀ। ਪੈਂਤੀ ਸੌ ਉਸ ਦੇ ਆਪਣੇ ਫੰਕਸ਼ਨ ਹੁੰਦੇ। ਮੈਂ ਵਿਹਲਾ ਹੋ ਕੇ ਉਪਰ ਆਉਂਦਾ। ਉਹ ਕੋਈ ਕੰਮ ਨਾ ਹੁੰਦਿਆਂ ਹੋਇਆਂ ਵੀ ਬਿਜੀ ਦਿੱਸਦੀ। ਮੈਂ ਉਸ ਕੋਲ ਬੈਠਦਾ। ਉਹ ਗੈਰ-ਹਾਜ਼ਿਰ ਰਹਿੰਦੀ। ਮੈਨੂੰ ਉਹ ਉਮਰ ਤੋਂ ਪਹਿਲਾਂ ਬੁੱਢੀ ਹੋ ਗਈ ਦਿੱਸਦੀ। ਜਾਂ ਉਹ ਅਜਿਹਾ ਦਿਖਾਉਣ ਦੀ ਕੋਸ਼ਿਸ਼ ਕਰਦੀ ਸੀ। ਸੌਣ ਤੋਂ ਪਹਿਲਾਂ ਉਹ ਇੰਟਰਕਾਮ 'ਤੇ ਬੱਚਿਆਂ ਨੂੰ ਗੁਡ ਨਾਈਟ ਕਹਿੰਦੀ। ਮੈਨੂੰ ਸੰਬੋਧਿਤ ਹੁੰਦੀ, "ਤੁਸੀਂ ਸੌਂ ਜਾਉ। ਮੈਂ ਸਿਮਰਨ ਕਰਨ ਲੱਗੀ। ਡੌਂਟ ਡਿਸਟਰਬ ਮੀ ਫਾਰ ਵਨ ਹੋਵਰ।"

ਸਟਾਰ ਟੀ.ਵੀ. ਤੋਂ ਖ਼ਬਰਾਂ ਆ ਰਹੀਆਂ ਸਨ। ਅਸੀਂ ਖਾਣਾ ਖਾ ਰਹੇ ਸੀ। ਜਸਕੀਰਤ ਨੇ ਇਸ ਦਾ ਵਿਰੋਧ ਕੀਤਾ ਸੀ, "ਡੈਡ ਖ਼ਬਰਾਂ ਦਾ ਕੀ ਹੁੰਦਾ-ਸਵੇਰ ਨੂੰ ਨਿਊਜ਼ਪੇਪਰ ਦੀਆਂ ਹੈਡ ਲਾਈਨਸ ਦੇਖ ਲਿਉ ਜਾਂ ਆਪਣੇ ਬੈੱਡ ਰੂਮ ਵਿੱਚ ਜਾ ਕੇ ਟੈਨ ਥਰਟੀ ਵਾਲੀਆਂ ਖ਼ਬਰਾਂ ਸੁਣ ਲਿਉ। ਕੋਈ ਆਪਣੀ ਗੱਲ ਸੁਣਾਉ। ਕੁਝ ਸਾਡੀਆਂ ਸੁਣੋ।"

"ਜਸਕੀਰਤ ਠੀਕ ਕਹਿੰਦਾ," ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਕਮਲੇਸ਼ ਬੋਲੀ ਸੀ। ਉਸ ਮੇਜ਼ ਤੋਂ ਰੀਮੋਟ ਕੰਟੋਲ ਚੁੱਕ ਕੇ ਟੀ.ਵੀ. ਬੰਦ ਕਰ ਦਿੱਤਾ ਸੀ।

"ਗੀਤਾ ਤੂੰ ਕੋਈ ਗੱਲ ਸੁਣਾ," ਜਸਕੀਰਤ ਨੇ ਗੀਤਾ ਵੱਲ ਨੂੰ ਮੂੰਹ ਕਰਕੇ ਕਿਹਾ ਸੀ।

ਗੀਤਾ ਨੇ ਆਪਣੀ ਕਲਾਸ ਦੀ ਗੱਲ ਸ਼ੁਰੂ ਹੀ ਕੀਤੀ ਸੀ,"ਅੱਜ ਪ੍ਰੋ. ਦਾਦਾ ਨੇ ਲਾਰੇਂਸ ਦੀ ਕਵਿਤਾ 'ਸਨੇਕ' ਬਾਰੇ ਲੈਕਚਰ ਦਿੱਤਾ। ਇਸ ਕਵਿਤਾ 'ਚ ਲੇਖਕ ਸਿਸਲੀ ਦੇ ਕਿਸੇ ਘਰ ਦੇ ਲਾਨ 'ਚ ਬੈਠਾ ਹੈ। ਗਰਮੀਆਂ ਦਾ ਮੌਸਮ ਹੈ। ਇੱਕ ਮੋਰੀ 'ਚੋਂ ਸੱਪ ਬਾਹਰ ਨਿਕਲਦਾ ਹੈ। ਉਹ ਪਿਆਸਾ ਹੈ। ਉਹ ਹੌਲੀ-ਹੌਲੀ ਟੂਟੀ ਵੱਲ ਵਧਦਾ ਹੈ। ਲੇਖਕ ਦਾ ਐਜੂਕੇਟਿਡ ਮਨ ਕਹਿੰਦਾ ਹੈ ਕਿ ਉਹ ਸੱਪ ਨੂੰ ਮਾਰ ਦੇਵੇ। ਸੱਪ ਮਨੁੱਖ ਦਾ ਵੈਰੀ ਹੈ। ਇਹ ਬਹੁਤ ਦੁਸ਼ਟ ਜਾਨਵਰ ਹੈ। ਇਸ 'ਤੇ ਭਰੋਸਾ ਨ੍ਹੀਂ ਕੀਤਾ ਜਾ ਸਕਦਾ। ਪਰ ਉਸ ਦਾ ਸਪੀਚੂਅਲ ਮਨ ਕਹਿੰਦਾ ਹੈ ਕਿ ਇਹ ਠੀਕ ਨਹੀਂ। ਇਹ ਉਹਦੀ ਸ਼ਰਣ 'ਚ ਆਇਆ ਹੈ। ਸੱਪ ਪਿਆਸਾ ਹੈ। ਇਹ ਪਾਣੀ ਪੀਵੇਗਾ ਤੇ ਚਲਾ ਜਾਵੇਗਾ। ਪ੍ਰੋ. ਦਾਦਾ ਨੇ ਸਾਰੀ ਕਲਾਸ ਅਗੇ ਇਹ ਸੁਆਲ ਰੱਖਿਆ ਕਿ ਜੇ ਤੁਸੀਂ ਲੇਖਕ ਦੀ ਥਾਂ 'ਤੇ ਹੁੰਦੇ ਤਾਂ ਕੀ ਕਰਦੇ। ਹੁਣ ਮੈਂ ਇਹੀ ਸੁਆਲ ਡੈਡੀ ਜੀ ਨੂੰ ਕਰਦੀ ਆਂ। ਜੇ ਤੁਸੀਂ ਉੱਥੇ ਹੁੰਦੇ ਤਾਂ ਕੀ ਕਰਦੇ? " ਮੈਂ ਗੀਤਾ ਨੂੰ ਆਪਣਾ ਪ੍ਰਤੀਕ੍ਰਮ ਦੱਸਦਾ-ਉਦੋਂ ਹੀ ਮੈਨੂੰ ਸਿਸਟਰ ਨੇਗੀ ਦਰਵਾਜ਼ੇ ਦੇ ਐਨ ਵਿਚਕਾਰ ਖੜ੍ਹੀ ਦਿੱਸੀ ਸੀ। ਕੋਈ ਖਾਸ ਗੱਲ ਸੀ। ਉਹ ਐਸ ਵੇਲੇ ਉਪਰ ਨਹੀਂ ਆਉਂਦੀ ਸੀ। ਉਹ ਇਹ ਜਾਣਦੀ ਹੈ ਕਿ ਅਸੀਂ ਇਸ ਵੇਲੇ ਕਿਸੇ ਕਿਸਮ ਦੀ ਦਖਲ-ਅੰਦਾਜ਼ੀ ਬਰਦਾਸ਼ਤ ਨਹੀਂ ਕਰਦੇ।

"ਸਿਸਟਰ ਆ ਜਾਉ। ਕੀ ਗੱਲ ਆ? " ਮੈਂ ਕਿਹਾ ਸੀ। ਉਹ ਮੈਥੋਂ ਉਮਰ 'ਚ



www.PunjabiLibrary.com

ਕਾਫ਼ੀ ਵੱਡੀ ਹੈ। ਮੈਂ ਨਹੀਂ ਚਾਹੁੰਦਾ ਸੀ ਕਿ ਉਹ ਖੜੀ-ਖੜੀ ਸਾਡੇ ਖਾਣੇ ਦੇ ਮੁਕਣ ਦਾ ਇੰਤਜਾਰ ਕਰੇ। ਮੈਂ ਉਹਨੂੰ ਪੌੜੀਆਂ ਚੜ੍ਹਦਿਆਂ ਹੀ ਦੇਖ ਲਿਆ ਸੀ।

ਜਸਕੀਰਤ ਮੇਰੇ ਵੱਲ ਉਲਰਦਿਆਂ ਹੋਇਆਂ ਮੱਧਮ ਆਵਾਜ਼ 'ਚ ਬੋਲਿਆ ਸੀ, "ਮੈਂ ਤੁਹਾਨੂੰ ਕਿੰਨੀ ਵਾਰ ਕਹਿ ਚੁੱਕਾਂ ਕਿ ਹਸਪਤਾਲ ਤੋਂ ਦੂਰ ਕੋਠੀ ਬਣਾਉ। ਜਿਥੇ ਕਿਸੇ ਦੀ ਕੋਈ ਇੰਟਰਫੀਰੀਅੰਸ ਨਾ ਹੋਵੇ। ਇਹਨਾਂ ਪਾਗ਼ਲਾਂ ਨੇ ਸਾਨੂੰ ਵੀ ਪਾਗ਼ਲ ਬਣਾ ਦੇਣਾ। ਆਹ ਵੀ ਕੋਈ ਜ਼ਿੰਦਗੀ ਆ। ਹਰ ਕੋਈ ਮੂੰਹ ਚੁੱਕ ਕੇ ਆਉਣ ਦੀ ਕਰਦਾ। ਕਲ੍ਹ ਨੂੰ ਮੈਂ ਆਪਣਾ ਖਾਣਾ ਆਪਣੇ ਕਮਰੇ।" ਸਿਸਟਰ ਨੇਗੀ ਨੂੰ ਕੋਲ ਆਉਂਦਿਆਂ ਦੇਖ ਉਹ ਚੁੱਪ ਕਰ ਗਿਆ ਸੀ। ਉਸ ਨੀਵੀਂ ਪਾ ਲਈ ਸੀ। ਮੈਂ ਸਿਸਟਰ ਨੇਗੀ ਦੀ ਬਹੁਤ ਇੱਜ਼ਤ ਕਰਦਾ ਹਾਂ। ਇਸ ਬਾਰੇ ਜਸਕੀਰਤ ਨੂੰ ਪਤਾ ਸੀ।

"ਸਰ-ਔਹ ਬੈੱਡ ਨੰ. ਦਸ ਵਾਲੀ ਕੁੜੀ, " ਉਹ ਘਬਰਾਈ ਹੋਈ ਬੋਲੀ ਸੀ।

ਮੈਂ ਹੱਥ 'ਚ ਫੜੀ ਗਰਾਹੀ ਮੁੜ ਪਲੇਟ 'ਚ ਰੱਖ ਦਿੱਤੀ ਸੀ।

ਉਹ ਜਦੋਂ ਬਹੁਤ ਹੀ ਨਰਵਿਸ ਹੋਵੇ, ਉਦੋਂ ਹੀ ਉਹ ਮੈਨੂੰ 'ਸਰ' ਕਹਿੰਦੀ ਹੈ। ਮੈਨੂੰ ਉਹਦਾ 'ਸਰ' ਕਹਿਣਾ ਔਖਾ ਕਰਦਾ ਹੈ। ਆਮ ਵੇਲੇ ਉਹ ਮੇਰਾ ਨਾਂ ਲੈ ਕੇ ਹੀ ਬੁਲਾਉਂਦੀ ਹੈ।

ਬੈੱਡ ਨੰ. ਦਸ ਵਾਲੀ ਕੁੜੀ ਉਸ ਕੋਲੋਂ ਦੇਖੀ ਨਹੀਂ ਗਈ ਸੀ। ਸੰਭਾਲੀ ਨਹੀਂ ਗਈ ਸੀ। ਉਹ ਘਬਰਾ ਗਈ ਸੀ। ਘਬਰਾਹਟ 'ਚ ਹੀ ਮੈਨੂੰ 'ਸਰ' ਕਹਿ ਕੇ ਸੰਬੋਧਤ ਕੀਤਾ ਸੀ।

ਮੈਂ ਕਿਹਾ ਸੀ, "ਤੁਸੀਂ ਚਲੋ-ਮੈਂ ਆ ਰਿਹਾਂ।"

"ਮੈਂ ਉਹਦੇ ਵਿਲੀਅਮ ਦਾ ਇੰਜੈਕਸ਼ਨ ਲਾ ਦਵਾਂ? ਵਿਚਾਰੀ ਸੌਂ ਜਾਊ।"

"ਪਹਿਲਾਂ ਐਲਪਰੋਜੋਲਾਮ ਦਿੱਤੀ ਸੀ।"

"ਹੂੰ।"

"ਕਦੋਂ? "

"ਪੰਜ ਵਜੇ।"

"ਐਲਪਰੈਕਸ...।"

"ਨ੍ਹੀਂ।"

"ਅਜੇ ਹੋਰ ਟੈਬਲਿਟ ਨ੍ਹੀਂ। ਮੈਂ ਤੁਹਾਡੇ ਮਗਰੇ ਆ ਰਿਹਾਂ," ਮੈਂ ਉੱਠ ਖੜਿਆ ਸੀ। ਕਮਲੇਸ਼ ਨੇ ਮੇਰੇ ਵੱਲ ਔਖਿਆਂ ਦੇਖਦਿਆਂ ਪੁੱਛਿਆ, "ਖਾਣੇ ਨਾਲੋਂ ਵੀ ਕੋਈ ਵੱਡੀ ਚੀਜ਼ ਆ? "

ਮੈਂ ਉਸ ਦੀ ਇਸ ਗੱਲ ਦਾ ਕੋਈ ਜੁਆਬ ਨਾ ਦਿੱਤਾ।

ਵਾਸ਼-ਬੇਸਨ 'ਤੇ ਹੱਥ ਧੋਂਦਿਆਂ ਹੀ ਮੇਰੀਆਂ ਨਜ਼ਰਾਂ ਅਗੇ ਬੈੱਡ ਨੰ. ਦਸ ਵਾਲੀ ਕੁੜੀ ਦਾ ਚਿਹਰਾ ਆ ਗਿਆ ਸੀ। ਉਹ ਮੇਰੇ ਹਸਪਤਾਲ 'ਚ ਪਿਛਲੇ ਹਫਤੇ ਦਾਖਲ ਹੋਈ ਸੀ। ਉਸ ਦੀ ਮੰਮੀ ਵਾਰ-ਵਾਰ ਪੁੱਛਦੀ ਸੀ, "ਡਾਕਟਰ ਸਾਹਿਬ-ਮੇਰੀ ਧੀ ਨੂੰ ਕਿਹੜੀ ਬੀਮਾਰੀ ਆ? "



ਮੈਂ ਉਸ ਨੂੰ ਕਿਵੇਂ ਸਮਝਾਉਂਦਾ? ਮੈਂ ਕੁੜਿਕੀ 'ਚ ਫਸ ਗਿਆ ਸੀ। ਮੈਂ ਕਿਸੇ ਇੰਗਲਿਸ਼ ਸ਼ਬਦ ਦਾ ਸਹਾਰਾ ਲੈ ਕੇ ਉਹਨੂੰ ਯਕੀਨ ਦਵਾਇਆ ਸੀ।

ਉਸ ਕੋਲੋਂ ਆਪਣੀ ਧੀ ਦੀ ਬੀਮਾਰੀ ਦਾ ਅਸਲੀ ਕਾਰਨ ਨਹੀਂ ਲਭਿਆ ਗਿਆ ਸੀ। ਮੈਂ ਉਸ ਕੋਲੋਂ ਕੁਝ ਹੋਰ ਪੁੱਛਦਾ, ਉਹ ਹੋਰ ਹੀ ਦੱਸਣ ਲੱਗ ਜਾਂਦੀ, "ਸਾਨੂੰ ਤਾਂ ਪਤਾ ਨ੍ਹੀਂ ਲੱਗਦਾ-ਸੁੰਮੀ ਨੂੰ ਕਿਹੜੀ ਬੀਮਾਰੀ ਆ ਲੱਗੀ। ਚੰਗੀ ਭਲੀ ਪੜ੍ਹਦੀ-ਪੜ੍ਹਦੀ ਗੁਸਲਖਾਨੇ ਵੱਲ ਨੂੰ ਦੌੜ ਪੈਂਦੀ। ਅੱਧਾ-ਅੱਧਾ ਘੰਟਾ ਨਹਾਉਣ ਨੂੰ ਲਾ ਦਿੰਦੀ। ਪੁੱਛਾਂ ਤਾਂ ਅਗੋਂ ਕਹਿੰਦੀ-ਮੈਂ ਆਪਣੀ ਮਰਜ਼ੀ ਨਾਲ ਨਹਾ ਵੀ ਨ੍ਹੀਂ ਸਕਦੀ। ਕਾਲਜੋਂ ਆ ਕੇ ਮੇਰੇ ਨਾਲ ਕੰਮ ਕਰਾਉਂਦੀ। ਮੈਂ ਇਹਨੂੰ ਟੋਕਦੀ-ਰੋਕਦੀ। ਇਹ ਮੇਰੀ ਇਕ ਨਾ ਸੁਣਦੀ। ਜਦੋਂ ਕੋਈ ਕੰਮ ਕਰਨ ਵਾਲਾ ਨਹੀਂ ਹੁੰਦਾ ਤਾਂ ਇਹ ਡਰਾਇੰਗ ਰੂਮ ਵਿੱਚ ਜਾਕੇ ਪੜ੍ਹਣ ਬੈਠ ਜਾਂਦੀ। ਸਾਡੇ ਘਰ ਵਿੱਚ ਸਿਰਫ ਤਿੰਨ ਹੀ ਕਮਰੇ ਆ। ਪਹਿਲਾਂ ਇਸ ਜਿੱਦ ਕੀਤੀ ਸੀ- 'ਮੈਨੂੰ ਉਥੇ ਹੀ ਪੈਣ ਦਿਉ-ਮੈਂ ਉਥੇ ਹੀ ਸੌਂ ਜਾਵਾਂਗੀ।' ਬਾਹਰ ਵਲ ਨੂੰ ਪੈਂਦਾ ਕਮਰਾ। ਨੌਜੁਆਨ ਧੀ। ਮੈਨੂੰ ਨੀਂਦ ਕਿਥੋਂ ਆਉਣੀ ਸੀ। ਮੈਂ ਇਸ ਦੇ ਕੋਲ ਆ ਬੈਠਦੀ। ਇਹ ਪੜ੍ਹਦੀ-ਮੈਂ ਸੁਆਟਰ ਬੁਣਦੀ। ਅਸੀਂ ਚੁੱਪ ਬੈਠਦੀਆਂ। ਮੈਂ ਨ੍ਹੀਂ ਚਾਹੁੰਦੀ ਸੀ ਕਿ ਇਹਨੂੰ ਪੜ੍ਹਣ 'ਚ ਕੋਈ ਦਿੱਕਤ ਆਵੇ। ਗਿਆਰਾਂ ਵਜੇ ਅਸੀਂ ਆਪਣੇ ਬੈੱਡ ਰੂਮ 'ਚ ਆ ਕੇ ਪੈ ਜਾਂਦੀਆਂ। ਇਹ ਪਤਾ ਨ੍ਹੀਂ ਕੀ-ਕੀ ਸੋਚਦੀ ਰਹਿੰਦੀ। ਪਤਾ ਨ੍ਹੀਂ ਪੜ੍ਹਾਈ ਦਾ ਫ਼ਿਕਰ ਕਰਦੀ ਆ। ਇਹਨੂੰ ਨੀਂਦ ਨਾ ਆਉਂਦੀ। ਮੈਨੂੰ ਕਹਿੰਦੀ-'ਮੰਮੀ ਜੀ ਤੁਹਾਡੀ ਨੀਂਦ ਵੀ ਖਰਾਬ ਹੁੰਦੀ। ਮੈਂ ਡਰਾਇੰਗ ਰੂਮ ਵਿੱਚ ਜਾ ਕੇ ਪੜ੍ਹ ਲਵਾਂ। ਤੁਸੀਂ ਅਰਾਮ ਨਾਲ ਸੌਂ ਜਾਉ।' ਪਤਾ ਨ੍ਹੀਂ ਜ਼ਿਆਦਾ ਪੜ੍ਹਣ ਕਰਕੇ ਹੀ......।"

ਮੈਨੂੰ ਇਸ ਸੰਬੰਧ 'ਚ ਉਸ ਦੇ ਪਿਉ ਨਾਲ ਖੁੱਲ੍ਹ ਕੇ ਗੱਲ ਕਰਨੀ ਚਾਹੀਦੀ ਸੀ। ਪਰ ਮੈਨੂੰ ਇਕ ਡਰ ਘੇਰ ਲੈਂਦਾ ਕਿ ਇਸ ਨਾਲ ਅਰਥ ਹੀ ਬਦਲ ਜਾਣਗੇ। ਜਿਵੇਂ ਮੈਂ ਅਕਸਰ ਅਖ਼ਬਾਰਾਂ 'ਚ ਪੜ੍ਹਦਾ ਸੀ- ਬਹੁਤ ਵੱਡਾ ਅਨਰਥ ਹੋ ਸਕਦਾ ਸੀ। ਨਾ ਚਾਹੁੰਦਿਆਂ ਹੋਇਆਂ ਵੀ ਮੈਂ ਝੂਠ ਬੋਲਿਆ ਸੀ।

ਮੈਂ ਹਰ ਰੋਜ਼ ਉਸ ਨਾਲ ਲੰਬੀ ਗੱਲਬਾਤ ਕਰਦਾ ਸੀ। ਬੀਮਾਰੀ ਲਭ ਲਈ ਸੀ। ਇਲਾਜ ਜਾਰੀ ਸੀ। ਉਂਝ ਦਾ ਨਹੀਂ ਜਿਦਾਂ ਦਾ ਹੋਣਾ ਸੀ। ਉਹਨੂੰ ਜ਼ਿਆਦਾ ਸੁਲਾਉਣਾ ਖ਼ਤਰਨਾਕ ਹੋ ਸਕਦਾ ਸੀ। ਇਸ ਨਾਲ ਉਹਨੂੰ ਕੁਝ ਕੁ ਪਲਾਂ ਲਈ ਰਾਹਤ ਮਿਲ ਸਕਦੀ ਸੀ। ਪੱਕੇ ਤੌਰ 'ਤੇ ਨਹੀਂ। ਉਹ ਚੰਗੀਆਂ ਭਲੀਆਂ ਗੱਲਾਂ ਕਰਦੀ-ਕਰਦੀ ਇਕਦਮ ਚੁੱਪ ਕਰ ਜਾਂਦੀ ਸੀ। ਮੈਂ ਸੁਆਲ-ਦਰ-ਸੁਆਲ ਪੁੱਛਦਾ ਸੀ। ਅਗੋਂ ਚੁੱਪ। ਮੈਂ ਪੁੱਛਦਾ-ਪੁੱਛਦਾ ਥੱਕ ਜਾਂਦਾ ਸੀ। ਉਹਨੂੰ ਉਸ ਦੇ ਬੈੱਡ 'ਤੇ ਭੇਜ ਦਿੰਦਾ ਸੀ। ਆਪਣੇ ਮਨ ਨੂੰ ਤਸੱਲੀ ਦਿੰਦਾ ਸੀ। ਜਲਦੀ ਹੀ ਸਚਾਈ ਮਾਪਿਆਂ ਦੇ ਸਾਹਮਣੇ ਆ ਜਾਵੇਗੀ। ਫੇਰ ਉਹ ਜਾਣਨ-ਉਨ੍ਹਾਂ ਦਾ ਕੰਮ। ਅਗਲੇ ਪਲਾਂ 'ਚ ਮੈਨੂੰ ਆਪਣੀ ਹਾਰ ਦਿੱਸਦੀ ਸੀ। ਮੈਂ ਡਾਕਟਰ ਸੀ। ਮਰੀਜ ਨੂੰ ਤੰਦਰੁਸਤ ਕਰਨਾ ਮੇਰਾ ਪਹਿਲਾ ਫਰਜ਼ ਸੀ।

ਉਸੇ ਦਿਨ ਪ੍ਰੋ. ਜਸਵਿੰਦਰ ਦਾ ਟੈਲੀਫੋਨ ਆਇਆ ਸੀ, "ਤੇਰੇ ਹਸਪਤਾਲ ਵਿੱਚ ਪ੍ਰਕਾਸ਼ ਸਿੰਘ ਦੀ ਲੜਕੀ ਦਾਖਲ ਹੈ। ਉਸ ਦਾ ਖਿਆਲ ਰੱਖੀਂ। ਪ੍ਰਕਾਸ਼ ਸਿੰਘ ਬਹੁਤ



www.PunjabiLibrary.com

ਸਾਊ ਕਿਸਮ ਦਾ ਬੰਦਾ। ਵਾਹਿਗੁਰੂ ਦਾ ਦੋਵੇਂ ਵੇਲੇ ਨਾਂ ਲੈਣ ਵਾਲਾ। ਐਵੇਂ ਨਾ ਉਹਦੀ ਛਿੱਲ ਲਾਹੀਂ। ਮੇਰੇ ਆਉਣ ਦੀ ਲੋੜ ਤਾਂ ਨ੍ਹੀਂ? ਓ.ਕੇ.। ਕਲੱਬ ਦੀ ਮਨਥਲੀ ਮੀਟਿੰਗ ਵਿੱਚ ਮਿਲਾਂਗੇ।"

ਸੁੰਮੀ ਦਾ ਚਿਹਰਾ ਦਗਦਗ ਕਰਦਾ ਸੀ। ਕਿਆ ਨੂਰ ਸੀ ਉਸਦੇ ਚਿਹਰੇ 'ਤੇ। ਉਹ ਚੀਕ ਮਾਰਦੀ। ਲੰਬੀ ਚੀਕ। ਫੇਰ ਗੁੰਮ-ਸੁੰਮ ਹੋ ਜਾਂਦੀ ਸੀ। ਨਾਲ ਦੇ ਬੈੱਡਾਂ 'ਤੇ ਪਏ ਮਰੀਜ਼ਾਂ ਨੂੰ ਲੱਗਦਾ ਕਿ ਇਹ ਕੁੜੀ ਪਾਗਲ ਹੋ ਗਈ। ਉਸ ਦੇ ਘਰ ਦੇ ਮੇਰੇ ਕਮਰੇ 'ਚ ਦੌੜੇ ਆਉਂਦੇ ਸਨ। ਮੈਨੂੰ ਜਾਣਾ ਪੈਂਦਾ ਸੀ। ਮੈਂ ਉਸ ਦੇ ਸੱਜੇ ਪੈਰ ਦਾ ਅੰਗੂਠਾ ਫੜਦਾ ਸੀ। ਹੌਲੀ-ਹੌਲੀ ਘੁੱਟਦਾ ਸੀ। ਢਿੱਲਾ ਛੱਡਦਾ ਸੀ। ਉਸ ਦੀਆਂ ਅੱਖਾਂ 'ਚੋਂ ਅੱਗ ਨਿਕਲਣ ਲੱਗਦੀ ਸੀ। ਉਹ ਉਠ ਕੇ ਦੌੜਦੀ ਸੀ। ਦੋ ਨਰਸਾਂ ਉਸ ਨੂੰ ਮਸਾਂ ਕਾਬੂ ਕਰਦੀਆਂ ਸਨ। ਉਹ ਮੂੰਹ 'ਚ ਬੁੜ-ਬੁੜ ਕਰਦੀ ਜਿਸ ਦੀ ਕੋਈ ਸਮਝ ਨਹੀਂ ਲੱਗਦੀ ਸੀ। ਨਰਸਾਂ ਦੇ ਪਿੜ ਪਲੇ ਕੁਝ ਨਹੀਂ ਪੈਂਦਾ ਸੀ। ਉਹ ਕਿਸੇ ਦਾ ਨਾਂ ਲੈ ਕੇ ਆਵਾਜ਼ਾਂ ਮਾਰਦੀ ਸੀ। ਫੇਰ ਉਹ ਪਾਣੀ ਮੰਗਦੀ ਸੀ। ਕੂਲਰ ਦੇ ਪਾਣੀ ਦੇ ਤਿੰਨ-ਚਾਰ ਗਿਲਾਸ ਪੀ ਕੇ ਬਹੁਤ ਹੀ ਨਿਮਰਤਾ ਨਾਲ ਕਹਿੰਦੀ ਸੀ, "ਸਿਸਟਰ-ਮੈਂ ਨਹਾਉਣਾ।"

ਮੈਂ ਸਹਿਜੇ-ਸਹਿਜੇ ਪੌੜੀਆਂ ਉਤਰਿਆ ਸੀ। ਮੈਂ ਕਾਹਲ 'ਚ ਕੋਈ ਫੈਸਲਾ ਨਹੀਂ ਲੈਣਾ ਸੀ। ਮੈਂ ਚਾਹੁੰਦਾ ਸੀ ਕਿ ਮੇਰੇ ਜਾਣ ਤੋਂ ਪਹਿਲਾਂ-ਪਹਿਲਾਂ ਉਹ ਸ਼ਾਂਤ ਹੋ ਜਾਵੇ। ਮੈਂ ਇਹ ਵੀ ਜਾਣਦਾ ਸੀ ਕਿ ਉਹ ਇੰਨੀ ਜਲਦੀ ਸ਼ਾਂਤ ਨਹੀਂ ਹੋਣ ਲੱਗੀ। ਉਸ 'ਤੇ ਕੋਈ ਦਵਾਈ ਬਹੁਤ ਚਿਰ ਅਸਰ ਨਹੀਂ ਕਰੇਗੀ। ਮੈਂ ਅੱਧ ਵਿਚਕਾਰ ਆ ਕੇ ਰੁੱਕ ਗਿਆ ਸੀ। ਮੇਰਾ ਮਨ ਕੀਤਾ ਸੀ ਕਿ ਮੈਂ ਪਿਛਾਂਹ ਮੁੜ ਜਾਵਾਂ। ਆਪਣੇ ਪਰਿਵਾਰ ਨਾਲ ਬੈਠ ਕੇ ਬਾਕੀ ਦਾ ਖਾਣਾ ਖਾਵਾਂ, "ਸੌਰੀ ਕਮਲੇਸ਼-ਕੀ ਕਰਾਂ-ਡਾਕਟਰ ਹਾਂ-ਸੌਰੀ-ਆਈ ਐਮ ਰੀਅਲੀ ਸੌਰੀ। ਅਗਾਂਹ ਤੋਂ ਅਜਿਹਾ ਨ੍ਹੀਂ ਹੋਵੇਗਾ। ਮਸਾਂ-ਮਸਾਂ ਰਾਤ ਨੂੰ ਇਕੱਠਿਆਂ ਬੈਠਣ ਦੀ ਰੁਟੀਨ ਸ਼ੁਰੂ ਹੋਈ-ਮੈਂ ਇਹਨੂੰ ਮਿਸ ਨ੍ਹੀਂ ਕਰਨਾ ਚਾਹੁੰਦਾ- ਇਹ ਰੁਟੀਨ ਨ੍ਹੀਂ ਟੁੱਟੇਗੀ-ਆ-ਆਪਣੇ ਬੈੱਡ ਰੂਮ ਵਿੱਚ ਚਲੀਏ-ਮੈਂ ਉਥੋਂ ਹੀ ਇੰਟਰਕਾਮ 'ਤੇ ਸਿਸਟਰ ਨੇਗੀ ਨੂੰ ਸਮਝਾ ਦਵਾਂਗਾ।" ਉਦੋਂ ਹੀ ਮੈਨੂੰ ਕਮਰੇ ਦੇ ਬਾਹਰੋਂ ਸੁੰਮੀ ਦੀ ਮੰਮੀ ਦੀ ਆਵਾਜ਼ ਸੁਣੀ ਸੀ, "ਸਿਸਟਰ-ਸੁੰਮੀ ਦੀ ਦਸ਼ਾ ਮੈਥੋਂ ਦੇਖੀ ਨ੍ਹੀਂ ਜਾਂਦੀ। ਜੇ ਤੁਹਾਡੇ ਕੋਲੋਂ ਇਸ ਦਾ ਇਲਾਜ ਨ੍ਹੀਂ ਹੁੰਦਾ ਤਾਂ ਅਸੀਂ ਕਿਸੇ ਹੋਰ ਹਸਪਤਾਲ ਲੈ ਜਾਈਏ।" ਸਿਸਟਰ ਉਹਨੂੰ ਧਰਵਾਸ ਦੇ ਰਹੀ ਸੀ, "ਭੈਣ ਜੀ-ਤੁਸੀਂ ਹੌਂਸਲਾ ਰੱਖੋ। ਡਾਕਟਰ ਸਾਹਿਬ ਬਹੁਤ ਸਿਆਣੇ। ਅਗਲੇ ਹਫਤੇ ਤਕ ਕੁੜੀ ਨੌਂ-ਬਰ-ਨੌਂ ਹੋ ਜਾਊ। ਵਿਸ਼ਵਾਸ ਕਰੋ।"

ਮੇਰੇ ਮਨ 'ਚ ਇਹ ਵਿਚਾਰ ਤੇਜ਼ੀ ਨਾਲ ਉਭਰਿਆ ਸੀ ਕਿ ਮੈਂ ਸਾਰੀਆਂ ਨਰਸਾਂ ਨੂੰ ਇਕੱਠਾ ਕਰ ਲਵਾਂ। ਉਨ੍ਹਾਂ ਨੂੰ ਦੱਸਾਂ ਕਿ ਇਸ ਬੀਮਾਰੀ ਦਾ ਅਸਲੀ ਇਲਾਜ ਕੀ ਹੁੰਦਾ ਹੈ। ਅਗਲੇ ਪਲਾਂ 'ਚ ਮੈਂ ਇਹ ਵਿਚਾਰ ਮਨੋ ਵਿਸਾਰ ਦਿੱਤਾ ਸੀ। ਹੋ ਸਕਦਾ ਹੈ ਕਿ ਇਨ੍ਹਾਂ ਸਾਰੀਆਂ ਨੇ ਸੁੰਮੀ ਦੀ ਅਸਲੀ ਬੀਮਾਰੀ ਲਭ ਲਈ ਹੋਵੇ। ਮੈਂ ਇਨ੍ਹਾਂ ਨੂੰ ਕਈ ਵਾਰ ਮੁਸਕੜੀਆਂ ਹੱਸਦਿਆਂ ਦੇਖਿਆ ਸੀ।

ਕਮਰਾ ਨੰ. ਚਾਰ ਦੇ ਅਗੋਂ ਦੀ ਲੰਘਿਆ ਤਾਂ ਸੁੰਮੀ ਦੇ ਡੈਡੀ ਨੇ ਪੁੱਛਿਆ ਸੀ,



"ਸੁੰਮੀ ਦਾ ਵਤੀਰਾ ਅਜਿਹਾ ਕਿਉਂ ਦਾ ਹੈ?"

"ਪਹਿਲਾਂ ਮੈਂ ਉਹਨੂੰ ਦੇਖ ਆਵਾਂ। ਆ ਕੇ ਦੱਸਦਾਂ," ਮੈਂ ਆਪਣਾ ਡਰ ਲਕੋਦਿਆਂ ਹੋਇਆਂ ਕਿਹਾ ਸੀ। ਉਸ ਦੇ ਕਮਰੇ 'ਚ ਜਾਣ ਦੀ ਕੀਤੀ ਸੀ। ਕਮਰੇ ਦਾ ਦਰਵਾਜ਼ਾ ਖੋਲ੍ਹਦਿਆਂ ਹੀ ਮੈਂ ਇਹ ਫੈਸਲਾ ਕਰ ਲਿਆ ਸੀ ਕਿ ਮੁੜਦਾ ਹੋਇਆ ਪ੍ਰਕਾਸ਼ ਸਿੰਘ ਨੂੰ ਸਾਰੀ ਅਸਲੀਅਤ ਤੋਂ ਜਾਣੂ ਕਰਾ ਦਵਾਂਗਾ।

ਘਬਰਾਈ ਹੋਈ ਨਰਸ ਸੁੰਮੀ ਦੀ ਪੁਆਦੀ ਵਾਲੇ ਪਾਸੇ ਖੜੀ ਸੀ। ਸੁੰਮੀ ਉਠ ਕੇ ਬੈਠ ਗਈ ਸੀ। ਉਸ ਦੀਆਂ ਅੱਖਾਂ ਲਾਲ ਸੂਹੀਆਂ ਸਨ। ਜਿਵੇਂ ਉਹ ਪਿਛਲੇ ਕਿੰਨੇ ਦਿਨਾਂ ਤੋਂ ਕੁਦਰਤੀ ਨੀਂਦ ਨਾ ਸੁੱਤੀ ਹੋਵੇ। ਮੈਥੋਂ ਉਸ ਵੱਲ ਦੇਖਿਆ ਨਹੀਂ ਗਿਆ ਸੀ। ਉਹ ਸਿੱਧੀ ਹੀ ਮੇਰੇ ਵੱਲ ਦੇਖਣ ਲੱਗੀ ਸੀ। ਉਸ ਦੀਆਂ ਨਜ਼ਰਾਂ ਮੇਰੀ ਛਾਤੀ 'ਤੇ ਆ ਕੇ ਟਿਕ ਗਈਆਂ ਸਨ। ਮੈਨੂੰ ਘਬਰਾਹਟ ਹੋਈ ਸੀ। ਮੈਥੋਂ ਉਸ ਦੀਆਂ ਨਜ਼ਰਾਂ ਦਾ ਸਾਹਮਣਾ ਨਹੀਂ ਹੋਇਆ ਸੀ। ਮੈਂ ਬਹਾਨਾ ਬਣਾ ਕੇ ਆਪਣੇ ਕਮਰੇ 'ਚ ਆ ਗਿਆ ਸੀ। ਇਹ ਕੰਮ ਮੈਂ ਕਿਸੇ ਹੋਰ ਕੋਲੋਂ ਵੀ ਕਰਵਾ ਸਕਦਾ ਸੀ। ਪਰ ਡਰਦਾ ਸੀ ਕਿ ਉਹ ਇਸ ਦਾ ਨਜਾਇਜ਼ ਫਾਇਦਾ ਉਠਾ ਲਵੇਗਾ। ਅਗਲੇ ਪਲਾਂ ਲਈ ਮੈਂ ਆਪਣੇ ਆਪ ਨੂੰ ਤਿਆਰ ਕਰਨ ਲੱਗਾ ਸੀ। ਇਹ ਮੈਨੂੰ ਆਪਣੇ ਪੇਸ਼ੇ ਨਾਲ ਧ੍ਰੋਹ ਲੱਗਾ ਸੀ। ਮੈਨੂੰ ਇਥੋਂ ਤਕ ਸੋਚਣਾ ਨਹੀਂ ਚਾਹੀਦਾ ਸੀ। ਹਰ ਧੰਦੇ ਦੇ ਆਪਣੇ ਅਸੂਲ ਹੁੰਦੇ ਹਨ। ਮਰਿਆਦਾ ਹੁੰਦੀ ਹੈ। ਡਾਕਟਰ ਨੂੰ ਤਾਂ ਲੋਕ ਰੱਬ ਦਾ ਰੂਪ ਕਹਿ ਦਿੰਦੇ ਹਨ। ਮਰੀਜ਼ ਦਾ ਇਲਾਜ ਵੀ ਜ਼ਰੂਰੀ ਸੀ। ਇਹ ਦੀ ਬੀਮਾਰੀ ਵਧ ਸਕਦੀ ਹੈ। ਇਹ ਪਾਗਲ ਹੋ ਸਕਦੀ ਸੀ। ਮੈਂ ਇਹਨੂੰ ਠੀਕ ਕਰਨਾ ਸੀ। ਕਿਸੇ ਵੀ ਤਰ੍ਹਾਂ। ਸਿਰਫ ਇਲਾਜ ਲਈ। ਮੈਂ ਘੰਟੀ ਵਜਾਈ ਸੀ। ਸਿਸਟਰ ਨੂੰ ਕਿਹਾ ਸੀ ਕਿ ਉਸ ਸੁੰਮੀ ਨੂੰ ਏਥੇ ਲੈ ਆਵੇ। ਉਹ ਨੀਵੀਂ ਪਾਈ ਮੇਰੇ ਸਾਹਮਣੇ ਆ ਬੈਠੀ ਸੀ। ਮੈਂ ਆਪ ਉੱਠ ਕੇ ਦਰਵਾਜ਼ਾ ਬੰਦ ਕਰ ਦਿੱਤਾ ਸੀ। ਲੌਕ ਕਰ ਦਿੱਤਾ ਸੀ। ਮੈਂ ਉਹਨੂੰ ਕਿਹਾ ਸੀ ਕਿ ਉਹ ਚੀਕ ਮਾਰ ਕੇ ਰੋਵੇ। ਉਹ ਬੋਲੀ ਸੀ, "ਮੈਂ ਕੋਈ ਕਮਲੀ ਹਾਂ।"

ਮੈਂ ਗੱਲ ਤੋਰਣ ਲਈ ਪੁੱਛਿਆ ਸੀ, "ਤੁਸੀਂ ਕਿਹੜੀ ਕਲਾਸ ਵਿੱਚ ਪੜ੍ਹਦੇ ਹੋ?"

"+2 'ਚ," ਉਸ ਮੇਰੇ ਵੱਲ ਹੈਰਾਨੀ ਨਾਲ ਦੇਖ ਕੇ ਦੱਸਿਆ ਸੀ।

ਇਹ ਸੁਆਲ ਮੈਂ ਉਸ ਕੋਲੋਂ ਕਈ ਵਾਰ ਪੁੱਛਿਆ ਸੀ।

"ਕਿਹੜੇ ਸਬਜੈਕਟ ਲਏ?"

"ਹਿਸਟਰੀ, ਇਕਨੌਮਿਕਸ ਤੇ.......।" ਬੋਲਦਿਆਂ ਉਸ ਦੀ ਜ਼ਬਾਨ ਥਥਲਾ ਗਈ ਸੀ। ਉਸ ਕੋਲੋਂ ਬੋਲਿਆ ਨਹੀਂ ਗਿਆ ਸੀ।

ਉਹ ਖੜ ਗਈ ਸੀ। ਮੈਂ ਦਬਕ ਦਿੱਤਾ ਸੀ, "ਸਿਟ ਪ੍ਰੋਪਰਲੀ।"

ਉਸ ਕੁਰਸੀ ਨਾਲ ਢੋਅ ਲਾ ਲਈ ਸੀ।

ਮੈਂ ਫੇਰ ਪੁੱਛਿਆ ਸੀ, "ਤੁਸੀਂ ਲਾਇਬਰੇਰੀ 'ਚ ਜਾਨੇ ਹੁਨੇ?"

"ਜੀ।"

"ਕਿਹੜੇ-ਕਿਹੜੇ ਮੈਗਜ਼ੀਨ ਪੜ੍ਹਦੇ?"



www.PunjabiLibrary.com

"ਕੋਈ ਖਾਸ ਨ੍ਹੀਂ।"
"ਉਥੇ ਕਿੰਨੇ ਮੈਗਜ਼ੀਨ ਆਉਂਦੇ ? "
"ਪੰਦਰਾਂ ਕੁ ਹੋਣੇ।"
"ਜ਼ਿਆਦਾ ਇੰਗਲਿਸ਼ 'ਚ ਜਾਂ ਹਿੰਦੀ-ਪੰਜਾਬੀ 'ਚ ? "
"ਇੰਗਲਿਸ਼ ਦੇ ਜ਼ਿਆਦਾ।"
"ਤੁਸੀਂ ਪੰਜਾਬੀ ਦੇ ਮੈਗਜ਼ੀਨ ਪੜ੍ਹਦੇ ? "
"ਪਹਿਲਾਂ ਪੰਜਾਬੀ ਦੇ। ਫੇਰ ਇੰਗਲਿਸ਼ ਦੇ।"
"ਕੋਈ ਖਾਸ ਦਿਲਚਸਪੀ ? "

ਉਸ ਪਿਛਾਂਹ ਨੂੰ ਘੁੰਮਦਿਆਂ ਹੋਇਆਂ ਕਿਹਾ, "ਉਹ ਜਿਹੜੀ ਪਿਛਾਂਹ ਪੇਂਟਿੰਗ ਲਾਈ ਹੈ- ਪਲੀਜ਼ ਉਹਨੂੰ ਮੇਰੇ ਸਾਹਮਣੇ ਲਾ ਦਿਉ।"

ਮੈਂ ਸਾਹਮਣਲੀ ਕੰਧ ਵੱਲ ਦੇਖਿਆ ਸੀ। ਮੇਰਾ ਇਸ ਪਾਸੇ ਪਹਿਲਾਂ ਕਦੇ ਧਿਆਨ ਹੀ ਨਹੀਂ ਗਿਆ ਸੀ। ਕੋਈ ਖਾਸ ਪੇਂਟਿੰਗ ਨਹੀਂ ਸੀ। ਇਕ ਨੌਜੁਆਨ ਸੀ ਜੋ ਖੇਡ ਦੇ ਮੈਦਾਨ 'ਚ ਜਾਣ ਲਈ ਤਿਆਰੀ ਕਰ ਰਿਹਾ ਸੀ।

ਉਹ ਇਕ ਟੱਕੇ ਉਧਰ ਹੀ ਦੇਖ ਰਹੀ ਸੀ।

ਮੈਂ ਦੋਬਾਰਾ ਤੋਂ ਪੇਂਟਿੰਗ ਨੂੰ ਦੇਖਿਆ ਸੀ। ਇਹ ਜਸਕੀਰਤ ਦੀ ਪਸੰਦ ਸੀ। ਉਹਨੇ ਹਰੇਕ ਕਮਰੇ 'ਚ ਨੌਜੁਆਨਾਂ ਦੀਆਂ ਪੇਂਟਿੰਗ ਲਗਵਾਈਆਂ ਸਨ।

ਪਹਿਲੀ ਵਾਰ ਮੈਂ ਉਹ ਨੂੰ ਸਿਰ ਤੋਂ ਪੈਰਾਂ ਤੀਕ ਦੇਖਿਆ। ਅਸਾਧਾਰਣ ਪਰਸਨੈਲਿਟੀ। ਗੋਲ ਮਟੋਲ ਚਿਹਰਾ। ਤਿੱਖਾ ਨੱਕ। ਛੋਟੇ ਛੋਟੇ ਬੁੱਲ। ਦਰਮਿਆਨੇ ਸਾਇਜ਼ ਦੀਆਂ ਅੱਖਾਂ। ਗੋਰਾ ਨਿਸੋਹ ਰੰਗ। ਜਿਵੇਂ ਮੇਰੇ ਸਾਹਮਣੇ ਕੋਈ ਸੰਗਮਰਮਰ ਦੀ ਮੂਰਤੀ ਬੈਠੀ ਹੋਵੇ।

ਉਸ ਦੀਆਂ ਨਜ਼ਰਾਂ 'ਚ ਅਜ਼ੀਬ ਜਿਹੀ ਭੁੱਖ ਸੀ।

ਮੈਂ ਘਬਰਾ ਗਿਆ ਸੀ।

ਮੈਂ ਸਟੂਲ ਖਿਚ ਕੇ ਕੰਧ ਕੋਲ ਲੈ ਆਇਆ ਸੀ। ਉਹ ਉਠ ਕੇ ਮੇਰੇ ਕੋਲ ਆ ਗਈ ਸੀ। ਉਹ ਸਟੂਲ ਦੀਆਂ ਲਤਾਂ ਫੜ ਕੇ ਪੈਰਾਂ ਭਾਰ ਬੈਠ ਗਈ ਸੀ। ਮੈਨੂੰ ਭੁਲੇਖਾ ਜਿਹਾ ਪਿਆ ਸੀ ਕਿ ਜਿਵੇਂ ਉਹ ਜਾਣ-ਬੁੱਝ ਕੇ ਲਤਾਂ ਹਿਲਾ ਰਹੀ ਹੋਵੇ। ਮੇਰਾ ਹੱਥ ਪੇਂਟਿੰਗ ਤਕ ਨਹੀਂ ਪਹੁੰਚ ਰਿਹਾ ਸੀ।

ਉਸ ਕਿਹਾ ਸੀ, "ਤੁਸੀਂ ਹੇਠਾਂ ਆ ਜਾਉ। ਮੇਰਾ ਕੱਦ ਤੁਹਾਡੇ ਨਾਲੋਂ ਲੰਬਾ।"

ਮੈਂ ਇਕ ਵਾਰ ਫੇਰ ਕੋਸ਼ਿਸ਼ ਕੀਤੀ ਸੀ। ਮੇਰੇ ਹੱਥ ਤੇ ਪੇਂਟਿੰਗ 'ਚ ਦੂਰੀ ਕਾਫੀ ਸੀ।

ਮੈਂ ਸਟੂਲ ਤੋਂ ਹੇਠਾਂ ਉੱਤਰ ਆਇਆ ਸੀ।

ਉਹ ਇਕਦਮ ਸਟੂਲ 'ਤੇ ਚੜ੍ਹ ਗਈ ਸੀ। ਪੇਂਟਿੰਗ ਨੂੰ ਜਾ ਹੱਥ ਪਾਇਆ ਸੀ।

ਪੇਂਟਿੰਗ ਉਸ ਦੇ ਹੱਥਾਂ ਵਿਚ ਸੀ। ਉਸ ਮੇਜ਼ 'ਤੇ ਪਏ ਪੈਨ ਸਟੈਂਡ ਨਾਲ ਇਹਨੂੰ ਟਿਕਾ ਦਿੱਤਾ ਸੀ। ਦੋ ਕੁ ਮਿੰਟ ਇੰਝ ਹੀ ਬੀਤ ਗਏ ਸਨ। ਫੇਰ ਉਸ ਪੇਂਟਿੰਗ ਨੂੰ ਉਰਾਂ ਨੂੰ ਕਰ ਲਿਆ ਸੀ। ਕਿੱਸ ਕੀਤਾ ਸੀ।



ਉਸ ਮੈਨੂੰ ਕਿੱਸ ਕੀਤਾ ਸੀ।

ਅਗਲੇ ਹਫਤੇ ਸੁੰਮੀ ਠੀਕ-ਠਾਕ ਹੋ ਗਈ ਸੀ। ਉਹ ਕੁਦਰਤੀ ਨੀਂਦ ਸੌਂਦੀ ਸੀ। ਸਵੇਰ-ਸ਼ਾਮ ਪੜ੍ਹਦੀ ਸੀ। ਰਾਤ ਨੂੰ ਹਾਲ ਕਮਰੇ 'ਚ ਪਿਆ ਟੀ.ਵੀ. ਦੇਖਦੀ ਸੀ।

ਉਸ ਦੀ ਮੰਮੀ ਨੇ ਪੰਜ ਡੱਬੇ ਰਸਗੁੱਲਿਆਂ ਦੇ ਵੰਡੇ ਸਨ। ਮੈਨੂੰ ਬੇਅੰਤ ਅਸੀਸਾਂ ਦਿੱਤੀਆਂ ਸਨ। ਪ੍ਰਕਾਸ਼ ਸਿੰਘ ਨੇ ਸ਼ਰਧਾ ਨਾਲ ਹੱਥ ਜੋੜੇ ਸਨ।

ਪ੍ਰੋ. ਜਸਵਿੰਦਰ ਦਾ ਫੋਨ ਵੀ ਆਇਆ ਸੀ, "ਤੂੰ ਹੁਣ ਵੱਡਾ ਡਾਕਟਰ ਬਣ ਗਿਆ। ਤੈਨੂੰ ਯਾਦ ਹੈ ਨਾ ? ਮੈਂ ਤੈਨੂੰ ਕਿਹਾ ਸੀ-ਪ੍ਰਕਾਸ਼ ਸਿੰਘ ਦੀ ਢਿੱਲ ਨਾ ਲਾਹੀ.....।"

"ਤੇਰੇ ਵੱਲ ਪਾਰਟੀ ਹੋ ਗਈ ? "

ਉਸ ਕਾਹਲਾ ਪੈਂਦਿਆਂ ਪੁੱਛਿਆ ਸੀ, "ਕਦੋਂ ਆ ਰਿਹਾਂ ? "

"ਜਲਦੀ," ਕਹਿ ਕੇ ਮੈਂ ਰਸੀਵਰ ਹੇਠਾਂ ਰੱਖ ਦਿੱਤਾ ਸੀ।

ਉਸ ਦੀ ਡਿਸਚਾਰਜ ਫਾਇਲ 'ਤੇ ਮੈਂ ਸਵੇਰੇ ਹੀ ਸਾਈਨ ਕਰ ਦਿੱਤੇ ਸਨ। ਉਹ ਜਾਣ ਲੱਗੀ ਮੈਨੂੰ ਮਿਲ ਕੇ ਗਈ ਸੀ। ਉਸ ਵੇਲੇ ਉਸਦੇ ਨਾਲ ਉਹਦੀ ਮੰਮੀ ਵੀ ਸੀ। ਮੈਂ ਉਸ ਦੀ ਸਤ ਸ੍ਰੀ ਅਕਾਲ ਦਾ ਜੁਆਬ ਦਿੱਤਾ ਸੀ। ਉਹਦੀ ਮੰਮੀ ਦੀਆਂ ਅੱਖਾਂ 'ਚ ਅਪਾਰ ਸ਼ਰਧਾ ਸੀ। ਮੈਂ ਉਨ੍ਹਾਂ ਲਈ ਰੱਬ ਹੋ ਨਿਬੜਿਆ ਸੀ। ਮੈਂ ਉਨ੍ਹਾਂ ਨੂੰ ਦਰਵਾਜ਼ੇ ਤਕ ਛੱਡਣ ਗਿਆ ਸੀ। ਅਜੇ ਮੁੜ ਕੇ ਮੈਂ ਕੁਰਸੀ 'ਤੇ ਬੈਠਾ ਹੀ ਸੀ ਕਿ ਉਹ ਬਾਹਰਲੇ ਗੇਟ ਤੋਂ ਮੁੜ ਆਈ ਸੀ। ਉਸ ਪੁੱਛਿਆ ਸੀ, "ਤੁਸੀਂ ਆਪਣਾ ਮੋਬਾਇਲ ਨੰਬਰ ਤਾਂ ਦਿੱਤਾ ਹੀ ਨ੍ਹੀਂ ? "



www.PunjabiLibrary.com

# ਅੰਤ ਬੇਅੰਤ

ਊਦਮ ਕੌਰ ਨੂੰ ਅਚਾਨਕ ਲੱਗਾ ਕਿ ਉਸ ਲਈ ਕਿਸੇ ਨਾ ਕਿਸੇ ਨਾਲ ਗੱਲਾਂ ਕਰਨੀਆਂ ਜ਼ਰੂਰੀ ਹਨ। ਕੋਈ ਆਪਣੇ ਆਪ ਨਾਲ ਕਿੰਨਾ ਕੁ ਚਿਰ ਗੱਲਾਂ ਕਰ ਸਕਦਾ ਹੈ ? ਆਪ ਸ਼ੁਰੂ ਕਰਨ ਵਾਲਾ। ਆਪ ਹੁੰਗਾਰਾ ਭਰਨ ਵਾਲਾ। ਆਪ ਹੀ ਜੁਆਬ ਦੇਣ ਵਾਲਾ।

ਇਹ ਕਿਹੋ ਜਿਹਾ ਦਿਨ ਚੜ੍ਹਨ ਵਾਲਾ ਹੈ। ਇੰਨੀ ਅਬਾਜ਼ਾਰ ਤਾਂ ਉਹ ਉਦੋਂ ਵੀ ਨਹੀਂ ਸੀ ਹੋਈ ਜਦੋਂ ਉਹਦਾ ਮੀਆਂ ਨਿਰਾਸ਼ ਤੇ ਪ੍ਰੇਸ਼ਾਨ ਹੋਇਆ ਮੌਤ ਦੀਆਂ ਗੱਲਾਂ ਛੇੜ ਲੈਂਦਾ ਸੀ। ਉਹ ਉਸਨੂੰ ਸੰਭਾਲਦੀ। ਸਮਝਾਉਂਦੀ। ਜ਼ਿੰਦਗੀ ਦੇ ਅਰਥ ਦੱਸਦੀ। ਐਦਾਂ ਹੀ ਜਦੋਂ ਉਹ ਕਲਪੀ ਹੋਈ ਇਥੋਂ ਤੱਕ ਕਹਿ ਦਿੰਦੀ ਕਿ ਇਸ ਜੀਉਣ ਨਾਲੋਂ ਤਾਂ ਮੌਤ ਚੰਗੀ, ਉਹ ਦਾ ਮੀਆਂ ਉਸ ਨੂੰ ਹੌਂਸਲਾ ਦਿੰਦਾ।

ਚਿੰਤਾ, ਡਰ, ਸਹਿਮ, ਗੁੱਸਾ, ਕਲੱਪਣਾ, ਸ਼ੱਕ-ਇਹ ਖਤਮ ਕਿਉਂ ਨਹੀਂ ਹੋ ਰਹੇ। ਉਹਨੂੰ ਵਾਰ-ਵਾਰ ਮੁੜਕਾ ਆ ਰਿਹਾ ਹੈ। ਬੁੱਲ੍ਹ ਸੁੱਕ ਰਹੇ ਹਨ। ਉਂਗਲਾਂ ਦੀਆਂ ਪੋਰਾਂ 'ਚ ਅਸਹਿ ਦਰਦ ਉਠਦਾ ਹੈ। ਅੰਦਰਲਾ ਤਨਾਉ ਵਧਦਾ ਹੀ ਜਾ ਰਿਹਾ ਹੈ। ਉਹ ਚਾਹੁੰਦੀ ਹੈ ਕਿ ਉਹਨੂੰ ਕੋਈ ਮਿਲ ਪਵੇ। ਕੋਈ ਵੀ ਹੋਵੇ। ਆਪਣਾ ਜਾਂ ਵੈਰੀ-ਦੁਸ਼ਮਣ ਹੀ। ਪਰ ਉਥੇ ਤਾਂ ਕੁਝ ਨਹੀਂ ਹੈ। ਜੇ ਹੈ ਤਾਂ ਸੰਘਣਾ ਹਨੇਰਾ ਹੈ। ਚੁੱਪ ਹੈ। ਮੱਠਾ-ਮੱਠਾ ਵਗਦਾ ਠੱਕਾ ਹੈ ਜਾਂ ਉਸਦੇ ਸਾਹਾਂ ਦੀ ਆਵਾਜ਼। ਪਹਿਲਾਂ ਨਾਲੋਂ ਤੇਜ਼ ਹੋਈ। ਹੁਣੇ ਉਹ ਜਿਸ ਥਾਂ 'ਤੇ ਖੜੀ ਸੀ, ਉਸਨੂੰ ਇਸੇ ਥਾਂ ਤੋਂ ਭੈਅ ਆਇਆ ਸੀ। ਉਹ ਇੰਨੀ ਡਰ ਗਈ ਸੀ ਕਿ ਉਹਦੀ ਚੀਕ ਹੀ ਨਿਕਲ ਚਲੀ ਸੀ। ਉਸ ਆਪਣੇ ਆਪ ਨੂੰ ਬਥੇਰਾ ਸਮਝਾਇਆ ਸੀ। ਰੋਕਿਆ ਸੀ। ਪਰ ਉਸ ਨੂੰ ਪਤਾ ਉਦੋਂ ਹੀ ਲੱਗਾ ਸੀ ਜਦੋਂ ਉਸਦਾ ਇਕ ਪੈਰ ਉਸ ਥਾਂ 'ਤੇ ਜਾ ਚੜ੍ਹਿਆ ਸੀ। ਇਹੀ ਥਾਂ ਸੀ। ਇਹਦੇ ਬਾਰੇ ਉਸ ਕਦੇ ਭੁਲੇਖਾ ਨਹੀਂ ਖਾਧਾ। ਬਾਹਰ-ਅੰਦਰ ਜਾਣ ਲਈ ਇਹੀ ਇਕੋ ਇਕ ਰਸਤਾ ਹੈ। ਉਹ ਵੱਡੇ ਤੜਕੇ ਜੰਗਲ ਪਾਣੀ ਜਾਂਦੀ। ਉਸ ਦੀਆਂ ਸਿਮਰਤੀਆਂ 'ਚੋਂ ਕੁਝ ਦਿਨ ਇਹ ਥਾਂ ਗਾਇਬ ਹੋ ਜਾਂਦੀ। ਪਿੰਡ 'ਚ ਕਿਸੇ ਦੀ ਮੌਤ ਹੁੰਦੀ ਤਾਂ ਉਸ ਦੀਆਂ ਨਜ਼ਰਾਂ ਇਥੋਂ ਕੁਝ ਭਾਲਦੀਆਂ। ਲਗਾਤਾਰ। ਉਹ ਇਸ ਥਾਂ ਨੂੰ ਦੂਰੋਂ ਹੀ ਪਛਾਣ ਲੈਂਦੀ। ਕਿੰਨਾ ਵੀ ਸੰਘਣਾ ਹਨੇਰਾ ਕਿਉਂ ਨਾ ਹੋਵੇ। ਕਿੰਨੀ ਵੀ ਕਾਹਲੀ 'ਚ ਕਿਉਂ ਨਾ ਹੋਵੇ। ਯਾਦ ਰੱਖਦੀ ਵੀ ਕਿਉਂ ਨਾ ? ਇਥੇ ਉਸਦੇ ਮੀਆਂ ਦਾ ਧਮਾਕ ਭੰਨਿਆਂ ਸੀ।



ਅਗਲੇ ਦਿਨ ਉਹ ਵੱਡੇ ਤੜਕੇ ਉੱਠੀ ਸੀ। ਭੰਨੇ ਹੋਏ ਘੜੇ ਦੀਆਂ ਕੈਂਕਰਾਂ ਇਕੱਠੀਆਂ ਕੀਤੀਆਂ ਸਨ। ਉੱਪਰ ਲਈ ਖੇਸੀ ਦੇ ਪਲੇ 'ਚ ਪਾਈਆਂ ਸਨ। ਵਗਦੇ ਪਾਣੀ 'ਚ ਸੁੱਟ ਆਈ ਸੀ।

ਉਹ ਘਰ ਵੱਲ ਤੁਰ ਪਈ ਹੈ। ਚੱਕੀ ਕੋਲ ਆ ਕੇ ਉਹਨੂੰ ਚੇਤਾ ਆਇਆ ਹੈ ਕਿ ਉਹ ਗੁਰੂ ਬੇਰੀ ਪਿਛੇ ਛੱਡ ਆਈ ਹੈ। ਉਹ ਪਿਛਾਂਹ ਮੁੜਦੀ ਹੈ। ਗੁਰੂ ਬੇਰੀ ਕੋਲ ਆ ਖੜਦੀ ਹੈ। ਗਲਤੀ ਲਈ ਹੱਥ ਜੋੜਦੀ ਹੈ। ਮੱਥਾ ਟੇਕਦੀ ਹੈ। ਪਿਛਲੇ ਪਾਸੇ ਪਈ ਬਹਾਰੀ ਚੁੱਕਦੀ ਹੈ। ਸਫ਼ਾਈ ਕਰਨ ਲੱਗਦੀ ਹੈ। ਮੀਂਹ ਜਾਵੇ ਜਾਂ ਹਨੇਰੀ-ਜਿੰਨਾ ਚਿਰ ਉਹਦਾ ਮੀਆਂ ਜਿਊਂਦਾ ਰਿਹਾ ਉਹ ਇਥੋਂ ਦੀ ਸੰਭਾਲੀ ਕਰਨਾ ਨਹੀਂ ਭੁੱਲਿਆ ਸੀ। ਇਕ ਵਾਰ ਉਹ ਅੰਤਾਂ ਦਾ ਬੀਮਾਰ ਹੋ ਗਿਆ ਸੀ। ਉਸ ਲਈ ਮੰਜੇ ਤੋਂ ਉਠਣਾ ਵੀ ਔਖਾ ਸੀ। ਪਰ ਉਸ ਨਾਗਾ ਨਹੀਂ ਪਾਇਆ ਸੀ। ਊਦਮ ਕੌਰ ਨੇ ਮਨ੍ਹਾ ਕੀਤਾ। ਰੋਕਿਆ। ਮੀਏਂ ਉਸਦੀ ਇੱਕ ਨਾ ਮੰਨੀ। ਉਦੋਂ ਉਹ ਉਸਦੇ ਨਾਲ ਆਉਂਦੀ ਨਹੀਂ ਸੀ। ਬਾਅਦ 'ਚ ਉਹ ਇਕੱਠੇ ਆਉਣ ਲੱਗੇ। ਉਹ ਨਲਕੇ ਤੋਂ ਪਾਣੀ ਦੀਆਂ ਬਾਲਟੀਆਂ ਭਰ-ਭਰ ਕੇ ਲਿਆਉਂਦੀ। ਮੀਆਂ ਧੋਂਦਾ ਜਾਂਦਾ। ਐਤਵਾਰ ਸ਼ਾਮੀਂ ਚਿਰਾਗ ਕਰਦਾ। ਊਦਮ ਕੌਰ ਦੇ ਮੂੰਹੋਂ ਆਪ ਮੁਹਾਰੇ ਨਿਕਲਦਾ ਹੈ-'ਜਾਹ ਦਾਤਿਆ, ਸਰਬੱਤ ਦਾ ਭਲਾ ਕਰ। ਸਭ ਨੂੰ ਸੁੱਖ ਸੰਤੋਸ਼ ਦੇ।' ਉਸ ਦਾ ਮੀਆਂ ਦੱਸਦਾ ਹੁੰਦਾ ਸੀ-"ਤੈਨੂੰ ਡਰ ਲੱਗੇ। ਦਬਾਅ ਪਵੇ। ਘਬਰਾਹਟ ਹੋਵੇ। ਮਨ 'ਚ ਬੇਚੈਨੀ ਹੋਵੇ, ਗੁਰੂ ਜੀ ਦਾ ਦੱਸਿਆ ਮੂਲ ਵਾਕ 'ਧੰਨ ਬਾਬਾ ਹੰਦਾਲ ਤੇਰੀ ਰਕਤ ਤੇਰੀ ਕਾਲ' ਦਾ ਸਿਮਰਨ ਕਰ ਲਿਆ ਕਰ। ਇਹਦੇ 'ਚ ਬਹੁਤ ਸ਼ਕਤੀ ਆ।" ਉਸਨੂੰ ਆਪਣੇ ਮੀਆਂ ਦਾ ਕਿਹਾ ਹਮੇਸ਼ਾਂ ਸੱਚ ਲੱਗਾ ਸੀ। ਉਸਦਾ ਇਸ ਥਾਂ 'ਚ ਵਿਸ਼ਵਾਸ ਵਧਦਾ ਗਿਆ ਸੀ। ਔਖੇ-ਸੌਖੇ ਵੇਲੇ ਇਹ ਉਸ ਦੇ ਸਹਾਈ ਹੋਏ ਹਨ। ਉਸ ਦਾ ਸਹੁਰਾ ਵੀ ਕਹਿੰਦਾ ਹੁੰਦਾ ਸੀ, "ਗੁਰੂ ਜੀ ਅਥਾਹ ਸ਼ਕਤੀ ਦੇ ਮਾਲਕ ਸਨ। ਇੱਕ ਵਾਰ ਉਨ੍ਹਾਂ ਗਾਂਧਰਾਂ ਦੇ ਸਟੇਸ਼ਨ ਤੋਂ ਗੱਡੀ ਫੜਨੀ ਸੀ। ਆਪਣੇ ਪਾਸੇ ਵਾਲਿਆਂ ਨੇ ਸਲਾਹ ਕੀਤੀ ਕਿ ਗੁਰੂ ਜੀ ਤੁਰ ਕੇ ਜਾਣ, ਇਹ ਚੰਗਾ ਨਹੀਂ ਲੱਗਦਾ। ਉਹ ਪੂਰਨ ਸਿੰਘ ਕੋਲੋਂ ਉਹਦਾ ਘੋੜਾ ਮੰਗਣ ਗਏ। ਪੂਰਨ ਸਿੰਘ ਬੋਲਿਆ-'ਘੋੜਾ ਰਾਜ਼ੀ ਨ੍ਹੀਂ। ਇਹਨੇ ਕਲ੍ਹ ਦੇ ਪੱਠੇ ਨ੍ਹੀਂ ਖਾਧੇ।' ਉਹ ਨਿਮੋਝੂਣੇ ਹੋਏ ਮੁੜ ਆਏ। ਗੁਰੂ ਜੀ ਆਪ ਜਾਣੀ-ਜਾਣ ਸਨ। ਉਹ ਦਾਤਣ ਕਰ ਰਹੇ ਸਨ। ਉਨ੍ਹਾਂ ਦਾਤਣ ਕਰਕੇ ਸੁੱਟ ਦਿੱਤੀ। ਪੁੱਛਿਆ। ਬੋਲੇ, 'ਇਹ ਕਿਹੜੀ ਗੱਲ ਹੋਈ। ਮੈਂ ਤੁਰ ਕੇ ਜਾਵਾਂਗਾ। ਘੋੜਾ ਬੀਮਾਰ ਆ ਤਾਂ ਬੀਮਾਰ ਰਹਿਣ ਦਿਉ।' ਅਸੀਂ ਉਨ੍ਹਾਂ ਨੂੰ ਗੱਡੀ ਚੜ੍ਹਾ ਆਏ। ਦੂਜੇ ਦਿਨ ਘੋੜਾ ਫੁੜਕ ਕੇ ਡਿਗ ਪਿਆ। ਮੁੜ ਕੇ ਨਾ ਉਠਿਆ। ਜਿਥੇ ਗੁਰੂ ਜੀ ਨੇ ਦਾਤਣ ਸੁੱਟੀ ਸੀ ਉਥੇ ਬੇਰੀ ਉੱਗ ਪਈ। ਹੁਣ-ਸਾਰਾ ਪਾਸਾ ਇਸ ਥਾਂ ਨੂੰ ਪੂਜਦਾ। ਆਹ ਪੱਕੀ ਥਾਂ ਉਸੇ ਪੂਰਨ ਸਿੰਘ ਨੇ ਬਣਾਈ ਸੀ।"

ਹਵਾ ਹੈ ਕਿ ਜਿਸਮ ਦੇ ਜਿਸ ਹਿੱਸੇ ਨੂੰ ਵੀ ਛੂਹ ਜਾਂਦੀ ਹੈ-ਉਹ ਬਰਫ਼ ਵਰਗਾ ਹੋਣ ਲੱਗਦਾ ਹੈ। ਉਹ ਡੂਢੀ ਬੁੱਕਲ ਮਾਰ ਲੈਂਦੀ ਹੈ। ਅੱਧੀ ਕੁ ਰਾਤੀਂ ਉਸਦੀ ਅੱਖ ਖੁੱਲ੍ਹ ਗਈ ਸੀ। ਮਗਰੋਂ ਨੀਂਦ ਨਾ ਆਈ। ਸੋਚਦੀ ਰਹੀ। ਆਪਣੇ ਆਪ ਨਾਲ ਗੱਲਾਂ ਕਰਦੀ ਰਹੀ। ਉਸ ਦਾ ਇਕ ਮਨ ਕਰਦਾ ਕਿ ਟੇਪ-ਰਿਕਾਰਡ 'ਤੇ ਸ਼ਬਦ-ਕੀਰਤਨ ਦੀ ਕੋਈ



www.PunjabiLibrary.com

ਕੈਸਿਟ ਹੀ ਲਾ ਲਵੇ। ਧਿਆਨ ਸੱਚੇ ਪਾਤਸ਼ਾਹ ਵੱਲ ਚਲਾ ਜਾਵੇਗਾ। ਪਰ ਉਸ ਕੋਲੋਂ ਉਠਿਆ ਨਾ ਗਿਆ। ਐਦਾਂ ਦੇ ਵੇਲੇ ਇਕੱਲਿਆਂ ਰਹਿਣਾ ਇੰਨਾ ਸੌਖਾਲਾ ਨਹੀਂ ਹੁੰਦਾ-ਜਿੰਨਾ ਉਹ ਸੋਚ ਬੈਠੀ ਸੀ। ਉਹ ਰਜਾਈ 'ਚੋਂ ਮੂੰਹ ਬਾਹਰ ਕੱਢਦੀ। ਝਟ ਕੁ ਪਿਛੋਂ ਮੂੰਹ ਫੇਰ ਅੰਦਰ ਕਰ ਲੈਂਦੀ। ਮੋੜ-ਘੋੜ ਕੇ ਧਿਆਨ ਘਰ ਵੱਲ ਚਲਾ ਜਾਂਦਾ। ਉਸ ਦੀ ਅੱਖ ਉਦੋਂ ਖੁੱਲ੍ਹੀ ਸੀ ਜਦੋਂ ਛਿੰਦੇ ਨੇ ਬਾਹਰਲਾ ਦਰਵਾਜ਼ਾ ਖੋਲ੍ਹਿਆ ਸੀ। ਦਰਵਾਜ਼ਾ ਐਨਾ ਸਖਤ ਖੁੱਲ੍ਹਦਾ ਕਿ ਅੱਧੇ ਪਾਸੇ ਨੂੰ ਇਹਦੇ ਖੁੱਲ੍ਹਣ ਦਾ ਪਤਾ ਲੱਗ ਜਾਂਦਾ। ਕੋਈ ਨਾ ਕੋਈ ਟਕੋਰ ਕਰ ਜਾਂਦਾ-ਐਵੇਂ ਤਾਂ ਨਹੀਂ ਸਿਆਣਿਆਂ ਕਿਹਾ ਸੀ ਕਿ ਮਲਾਹ ਦੇ ਹੁੱਕੇ 'ਚ ਪਾਣੀ ਨਹੀਂ ਹੁੰਦਾ। ਅੱਧੇ ਕੁ ਘੰਟੇ ਬਾਅਦ ਦਰਵਾਜ਼ਾ ਫੇਰ ਖੁੱਲ੍ਹਿਆ ਸੀ। ਉਸ ਨੂੰ ਚਿੰਤਾ ਨੇ ਘੇਰ ਲਿਆ ਸੀ। ਉਹ ਪੰਮੀ ਬਾਰੇ ਸੋਚਣ ਲੱਗੀ ਸੀ। ਛਿੰਦੇ ਬਾਰੇ ਫਿਕਰਮੰਦ ਹੋ ਗਈ ਸੀ। ਉਸਦੀ ਜਾਨ ਅਜੀਬ ਜਿਹੀ ਕੜਿਕੀ 'ਚ ਫਸੀ ਸੀ। ਉਸ ਨੂੰ ਸਾਹ ਲੈਣਾ ਵੀ ਔਖਾ ਲੱਗਾ ਸੀ। ਉਹ ਅੱਖਾਂ ਖੋਲ੍ਹਦੀ, ਅਗੇ ਹਨ੍ਹੇਰਾ ਹੁੰਦਾ। ਛਿੰਦਾ ਹੁੰਦਾ। ਪੰਮੀ ਹੁੰਦੀ।

"ਮਾਤਾ ਜੀ- ਵਧਾਈਆਂ," ਘਰ ਵੱਲੋਂ ਆਉਂਦੀ ਵਿੱਦੋ ਉਹਨੂੰ ਦੂਰੋਂ ਹੀ ਕਹਿੰਦੀ ਹੈ। ਨੇੜੇ ਆਉਣ 'ਤੇ ਉਸ ਦੇ ਪੈਰੀਂ ਹੱਥ ਲਾਉਂਦੀ ਹੈ। ਉਸ ਦੇ ਹੱਥੋਂ ਸੋਟੀ ਛੁੱਟ ਗਈ ਹੈ। "ਦਾਤਾ-ਸਾਰਿਆਂ ਨੂੰ ਵਧਾਵੇ।"

ਉਸ ਪੁੱਛਦੀ ਹੈ, "ਮੁੰਡਾ ਕਿਹਦੇ ਵਰਗਾ?"

"ਅਜੇ ਬਹੁਤੀ ਪਛਾਣ ਨ੍ਹੀਂ ਹੋਈ। ਛਿੰਦਾ ਕਹਿੰਦਾ ਸੀ ਕਿ ਭਾਪੇ ਵਰਗਾ ਲੱਗਦਾ," ਵਿੱਦੋ ਪਲ ਕੁ ਖੜੀ ਰਹੀ। ਫੇਰ ਕਹਿੰਦੀ ਹੈ, "ਮੈਂ ਤੁਹਾਡੇ ਕੋਲੋਂ ਸੂਟ ਤੇ ਸੌ ਰੁਪਏ ਲੈਣਾ। ਚੇਤਾ ਆ ਨਾ। ਤੁਸੀਂ ਆਪ ਕਿਹਾ ਸੀ।"

"ਮੈਂ ਤੇਰੇ ਕੋਲੋਂ ਦੌੜੀ ਆਂ। ਮੰਗ ਲੈ ਜੋ ਕੁਸ਼ ਹੋਰ ਵੀ ਮੰਗਣਾ।" ਉਹਨੂੰ ਚੇਤਾ ਆਇਆ ਕਿ ਉਸ ਦੀ ਚੁੰਨੀ ਦੇ ਲੜ ਨਾਲ ਦਸਾਂ ਦਾ ਨੋਟ ਬੱਝਾ ਹੋਇਆ ਸੀ। ਉਹ ਚੁੰਨੀ ਦਾ ਲੜ ਵਿੱਦੋ ਵੱਲ ਕਰਕੇ ਕਹਿੰਦੀ ਹੈ, "ਪਹਿਲਾਂ ਆਹ ਖੋਲ੍ਹ। ਮੇਰੀਆਂ ਉਂਗਲਾਂ ਸੁੰਨ ਹੋਈਆਂ ਪਈਆਂ। ਅੱਗ ਲਗਣੀ ਠੰਢ ਪੇਸ਼ ਨ੍ਹੀਂ ਜਾਣ ਦਿੰਦੀ। ਦਿਨੇ ਆਈਂ। ਮੈਂ ਤੈਨੂੰ ਮਿੱਠੇ ਲਈ ਵੀ ਪੈਸੇ ਦਊਂ......।"

ਚਾਅ। ਐਨਾ ਚਾਅ। ਉਸਨੂੰ ਕਦੇ ਇੰਨੀ ਖ਼ੁਸ਼ੀ ਨਹੀਂ ਹੋਈ ਸੀ। ਹੁਣ ਕੀ ਕਰੇ? ਉਹ ਭੰਬਲਭੂਸੇ 'ਚ ਫਸ ਗਈ ਹੈ। ਇੱਕ ਰਾਹ ਹਵੇਲੀ ਵੱਲ ਨੂੰ ਜਾਂਦਾ। ਦੂਜਾ ਘਰ ਵੱਲ ਨੂੰ। ਇੱਕ ਰਾਹ ਉਸ ਦੇ ਘਰ ਵੱਲ ਨੂੰ ਜਾਂਦਾ। ਦੂਜਾ ਪੰਮੀ ਦੇ ਘਰ ਵੱਲ ਨੂੰ। ਉਹ ਵਿਚਕਾਰ ਖੜੀ ਹੈ। ਦੋਹਾਂ ਪਾਸਿਆਂ ਦੀ ਦੂਰੀ 'ਚ ਉੱਨੀ ਇੱਕੀ ਦਾ ਫਰਕ ਹੈ। ਉਹ ਪੰਮੀ ਦੇ ਘਰ ਵੱਲ ਦੇਖਦੀ ਹੈ। ਬਾਹਰਲੀ ਬੱਤੀ ਬੰਦ ਸੀ। ਸ਼ਾਇਦ ਕਿਸੇ ਨੂੰ ਜਗਾਉਣ ਦਾ ਚੇਤਾ ਹੀ ਨਾ ਰਿਹਾ ਹੋਵੇ। ਜਾਂ ਕਿਸੇ ਨੇ ਲੋੜ ਹੀ ਨਾ ਸਮਝੀ ਹੋਵੇ। ਅੱਜ ਇਹ ਜਗਣੀ ਚਾਹੀਦੀ ਹੈ। ਉਹ ਹੁੰਦੀ ਤਾਂ ਘਰ ਦੇ ਸਾਰੇ ਬਲਬ ਜਗਾ ਦਿੰਦੀ। ਛਿੰਦਾ ਜੰਮਿਆ ਸੀ ਤਾਂ ਬੇਬੇ ਨੇ ਪੰਦਰਾਂ ਦਿਨ ਦਲਾਨ ਵਾਲਾ ਦੀਵਾ ਬੁਝਣ ਨਹੀਂ ਦਿੱਤਾ ਸੀ। ਉਹ ਸਾਰਾ ਭਾਰ ਸੋਟੀ 'ਤੇ ਸੁੱਟ ਕੇ ਕੁਝ ਪਲ ਖੜੀ ਰਹਿੰਦੀ ਹੈ। ਹੁਣ-ਛਿੰਦਾ ਉਸਨੂੰ ਦੱਸਣ ਆਵੇਗਾ। ਕੋਈ ਵੀ ਗੱਲ ਹੋਵੇ ਉਹ ਉਸ ਨੂੰ ਜ਼ਰੂਰ ਦੱਸਦਾ ਹੈ। ਜਾਂ ਹੋ ਸਕਦਾ ਵੱਡਡੀ ਵੀਣਾ ਸੱਦਣ ਆ ਜਾਵੇ। ਦੂਜੇ ਪਲ ਉਹ ਸੋਚਦੀ



ਹੈ ਕਿ ਕੋਈ ਆਵੇ ਜਾਂ ਨਾ ਆਵੇ ਉਸ ਨੂੰ ਆਪ ਜਾਣਾ ਚਾਹੀਦਾ ਹੈ। ਇਹ ਉਸਦਾ ਆਪਣਾ ਘਰ ਹੈ। ਉਸ ਨੂੰ ਕੌਣ ਕੱਢਣ ਲੱਗਾ? ਉਹ ਕਾਹਲੀ-ਕਾਹਲੀ ਘਰ ਵੱਲ ਨੂੰ ਤੁਰ ਪੈਂਦੀ ਹੈ। ਅਗੋਂ ਬੇਬੇ ਆ ਰਲਦੀ ਹੈ। ਉਸ ਦਾ ਰਾਹ ਰੋਕ ਕੇ ਖੜ ਜਾਂਦੀ ਹੈ। ਉਸ ਦੀ ਇਹਨੂੰ ਕਿਥੋਂ ਯਾਦ ਆ ਗਈ। ਪੰਦਰਾਂ ਸਾਲ ਬਾਅਦ। ਇਹ ਕਦੇ ਉਸਦੇ ਸੁਪਨੇ 'ਚ ਨਹੀਂ ਆਈ। ਇਹ ਜਦੋਂ ਮਰੀ ਸੀ ਤਾਂ ਉਸ ਰਾਤ ਨੂੰ ਇਹਦੇ ਸਿਰਹਾਣੇ ਸੁਆਹ ਛਾਣ ਕੇ ਰੱਖੀ ਸੀ। ਸੁੱਤਿਆਂ ਉਠਦਿਆਂ ਸਾਰ ਦੇਖਿਆ ਤਾਂ ਉੱਥੇ ਕਿਰਲੀ ਦੇ ਪੈਰਾਂ ਦੇ ਨਿਸ਼ਾਨ ਬਣੇ ਹੋਏ ਸਨ। ਉਹ ਨੂੰ ਖ਼ੁਸ਼ੀ ਹੋਈ ਸੀ। ਇਹਨੂੰ ਤਾਂ ਇਸ ਤੋਂ ਵੀ ਭੈੜੀ ਜੂਨ ਮਿਲਣੀ ਚਾਹੀਦੀ ਸੀ। ਨਾਲੀ ਦੇ ਕੀੜੇ ਵਰਗੀ। ਉਹ ਹੀ ਕੀੜਾ ਜਿਹਦੀ ਲੰਬੀ ਸਾਰੀ ਪੂਛ ਹੁੰਦੀ ਆ। ਉਸਨੂੰ ਹਮੇਸ਼ਾਂ ਇਹ ਭੈੜੀ ਲੱਗੀ ਸੀ। ਇਹ ਮਨਹੂਸ ਐਸ ਵੇਲੇ ਕਿਥੋਂ ਆ ਗਈ। ਇਹਦੇ ਤਾਂ ਮੱਥੇ ਲੱਗਣਾ ਹੀ ਬਦਸ਼ਗਨੀ ਸਮਝਿਆ ਜਾਂਦਾ ਸੀ । ਉਹ ਧੀਮੀ ਆਵਾਜ਼ 'ਚ ਕਹਿੰਦੀ ਹੈ-"ਚਲ ਚਲ ਬੁੜੀਏ-ਤੂੰ ਆਪਣੇ ਰਾਹ ਚਲ। ਮੈਨੂੰ ਤੇਰੀ ਕੋਈ ਲੋੜ ਨਹੀਂ। ਤੂੰ ਉਹੀ ਹੈ ਨਾ ਜਿਹਦੇ ਰਾਜ 'ਚ ਮੈਨੂੰ ਚਾਹ ਦਾ ਕੱਪ ਪੀਣ ਦਾ ਵੀ ਹੁਕਮ ਨਹੀਂ ਸੀ। ਚਲ ਮਾਈ ਚਲ। ਮੈਂ ਅਗੇ ਬੜੀ ਦੁੱਖੀ ਹਾਂ। ਮਸਾਂ-ਮਸਾਂ ਖ਼ੁਸ਼ੀ ਦਾ ਦਿਨ ਚੜਿਆ। ਮੈਨੂੰ ਤਾਂ ਤੇਰੇ ਪਰਛਾਵੇਂ ਤੋਂ ਵੀ ਡਰ ਆਉਂਦਾ।" ਹੈ ਨਾ ਕਮਾਲ ਦੀ ਗੱਲ। ਇਹਨੂੰ ਜ਼ਰਾ ਵੀ ਗੁੱਸਾ ਨਹੀਂ ਆ ਰਿਹਾ। ਇਹ ਇੰਨੀ ਮੋਮ ਕਿਵੇਂ ਹੋ ਗਈ? ਇਹ ਤਾਂ ਨੱਕ 'ਤੇ ਮੱਖੀ ਨਹੀਂ ਬੈਠਣ ਦਿੰਦੀ ਸੀ। ਐਵੇਂ ਨਹੀਂ ਸਾਰੇ ਪਾਸੇ ਵਾਲੇ ਕਹਿੰਦੇ ਸਨ, "ਸਾਡੇ ਪਿੰਡ ਵਿੱਚ ਤਿੰਨ ਬੰਦੇ ਕੁਪੱਤੇ ਆ। ਸੋਹਣ ਕਿਆਂ ਦਾ ਬੁੜਾ। ਜਗਦੀਸ਼ ਲਾਲ ਦਾ ਗਭਲਾ ਮੁੰਡਾ ਗੁਰਮੀਤ। ਮਾਈ ਹਰਨਾਮ ਕੌਰ। ਇਨ੍ਹਾਂ ਦੀ ਜਿੱਦ ਬਹੁਤ ਭੈੜੀ। ਜੋ ਇਨ੍ਹਾਂ ਦੇ ਮਨ 'ਚ ਆਉਂਦਾ-ਇਨ੍ਹਾਂ ਉਹੀ ਕਰਨਾ ਹੁੰਦਾ। ਭਾਵੇਂ ਸਾਮਾਨ ਨਾਲ ਭਰਿਆ ਗੱਡਾ ਉਪਰ ਦੀ ਲੰਘ ਜਾਵੇ।" ਜੇ ਕੋਈ ਇਸ ਬਾਰੇ ਉਸ ਤੋਂ ਪੁੱਛ ਲੈਂਦਾ ਤਾਂ ਉਹ ਇਹੀ ਕਹਿੰਦੀ, "ਸਾਡੀ ਬੁੜੀ ਤਾਂ ਸਿਰਾ ਆ। ਦੋਹਾਂ ਤੋਂ ਢਾਈ ਰਤੀਆਂ ਉਪਰ। ਇਸ ਤਾਂ ਜੰਮਦੀ ਨੇ ਕਾਂ ਖਾਧੇ ਹੋਏ।" ਪਹਿਲਾਂ ਬੇਬੇ ਉਸ ਵੱਲ ਦੇਖ ਕੇ ਹੱਸਦੀ ਹੈ। ਫੇਰ ਗੰਭੀਰ ਹੋ ਜਾਂਦੀ ਹੈ। ਉਸ ਕੋਲੋਂ ਬੇਬੇ ਦੀ ਇਹ ਬੁਝਾਰਤ ਬੁਝ ਨਾ ਹੋਈ। ਬੇਬੇ ਪਹਿਲਾਂ ਹੱਸੀ ਕਿਉਂ ਸੀ? ਹੁਣ ਇਹਨੇ ਇਕਦਮ ਰੋਣ ਵਾਲਾ ਮੂੰਹ ਕਿਉਂ ਬਣਾ ਲਿਆ ਹੈ। ਉਹ ਬੇਬੇ ਦੀ ਕਿਉਂ ਪ੍ਰਵਾਹ ਕਰੇ। ਉਹ ਅਗਾਂਹ ਤੁਰ ਪੈਂਦੀ ਹੈ। ਪਰ ਬੇਬੇ ਨੇ ਵੀ ਢੀਠਾਂ ਵਾਂਗ ਉਸਦਾ ਰਾਹ ਰੋਕ ਲਿਆ। ਬੋਲੀ, "ਤੂੰ ਘਰ ਵੱਲ ਬਿਟਰ ਬਿਟਰ ਕੀ ਤੱਕੀ ਜਾਨੀ ਆਂ? ਤੂੰ ਭੁੱਲ ਗਈਂ? ਐਨੀ ਛੇਤੀ। ਪੰਮੀ ਨੇ ਤੇਰੇ ਨਾਲ ਕੀ-ਕੀ ਨ੍ਹੀਂ ਕੀਤਾ। ਹੁਣ ਮੈਂ ਤੈਨੂੰ ਇਹ ਵੀ ਚੇਤਾ ਕਰਾਵਾਂ । ਕਹਿੰਦੀ ਸੀ-ਜਾਣ ਲੈ-ਮੈਂ ਤੇਰੇ ਭਾਅ ਦੀ ਮਰ ਗਈਂ। ਤੂੰ ਮੇਰੇ ਭਾਅ ਦੀ ਮਰ ਗਈਂ। ਤੈਨੂੰ ਆਨੀ-ਬਹਾਨੀ ਮੰਦਾ ਚੰਗਾ ਬੋਲਦੀ। ਤੇਰਾ ਸਾਥ ਤੇਰੀ ਆਪ ਖਰੀਦੀ ਮਸ਼ੀਨ ਨੇ ਦਿੱਤਾ। ਤੂੰ ਕੱਚੇ ਦਾਲਾਨ 'ਚ ਮਸ਼ੀਨ ਚਲਾਉਂਦੀ। ਉਥੇ ਦੋ ਰੋਟੀਆਂ ਮਿਲ ਜਾਂਦੀਆਂ। ਠੰਢੀ ਚਾਹ ਦੀ ਗਿਲਾਸੀ ਪਹੁੰਚ ਜਾਂਦੀ। ਤੂੰ ਆਪਣੇ ਕੱਪੜੇ ਆਪ ਧੋਂਦੀ। ਤੈਨੂੰ ਉਹ ਗੱਲ ਵੀ ਯਾਦ ਹੋਣੀ? ਤੂੰ ਕੀ ਮੰਗ ਲਿਆ ਸੀ। ਸਿਰਫ਼ ਗੋਢਿਆਂ ਲਈ ਮੂਵ। ਕਿੰਨੇ ਕੁ ਦੀ ਆਉਣੀ ਸੀ। ਜੇ ਵੀਹਾਂ ਦੀ ਨਹੀਂ ਤਾਂ ਤੀਹਾਂ ਦੀ ਆ ਜਾਂਦੀ। ਇਦੂੰ ਜ਼ਿਆਦਾ ਦੇ ਤੂੰ ਰੋਜ਼ ਦੇ ਕਪੜੇ ਸੀਉਂ ਲੈਂਦੀ ਸੀ। ਪੰਮੀ ਤੈਨੂੰ ਕਿਸੇ ਚੀਜ਼ ਲਈ ਆਪ ਨਾ ਕਹਿੰਦੀ। ਨਿਆਣਿਆਂ



www.PunjabiLibrary.com

ਹੱਥ ਸੁਨੇਹਾ ਭੇਜ ਦਿੰਦੀ- ਫਲਾਣੀ ਚੀਜ਼ ਹੈ ਨਹੀਂ। ਤੂੰ ਜਿਹੜੇ ਦੋ ਪੈਸੇ ਕਮਾਉਂਦੀ, ਉਹ ਨਾਲੋਂ ਨਾਲ ਘਰੇ ਖਰਚ ਹੋ ਜਾਂਦੇ। ਤੇਰੀ ਜੇਬ ਖਾਲੀ ਦੀ ਖਾਲੀ ਰਹਿੰਦੀ। ਇਕ ਵਾਰ ਉਹਨੂੰ ਪਤਾ ਲੱਗ ਜਾਵੇ ਕਿ ਤੇਰੇ ਕੋਲ ਦਸ ਵੀਹ ਇਕੱਠੇ ਹੋ ਗਏ-ਫੇਰ ਜਿੰਨਾ ਚਿਰ ਉਹ ਇਹ ਕੱਢਵਾ ਨਾ ਲੈਂਦੀ ਉਹਨੂੰ ਚੈਨ ਨਾ ਆਉਂਦੀ। ਤੂੰ ਵੀ ਘਰ ਨਾਲ ਜ਼ਿਆਦਾ ਬੱਝ ਗਈ ਸੀ। ਤੈਨੂੰ ਇਹ ਵੀ ਭੁੱਲ ਜਾਂਦਾ ਕਿ ਅੱਜ ਸੰਗਰਾਂਦ ਆ। ਦੋ ਘੜੀਆਂ ਗੁਰਦੁਆਰੇ ਜਾ ਕੇ ਸਾਧ-ਸੰਗਤ 'ਚ ਹੀ ਬੈਠ ਆਵਾਂ। ਪਰ ਕਾਹਨੂੰ। ਤੈਨੂੰ ਘਰ ਪਿਆਰਾ ਸੀ। ਤੈਨੂੰ ਕੀ ਮਿਲਿਆ ? ਠੂਣ-ਠੂਣ ਗੋਪਾਲ। ਤੂੰ ਮਾਲੜੀ ਜਾ ਕੇ ਚੌਕੀਆਂ ਭਰੀਆਂ। ਮਾੜਾ ਮੋਟਾ ਮੋੜਾ ਪਿਆ। ਛਿੰਦੇ ਕੋਲੋਂ ਤੇਰੇ ਹੂੰਗਰੇ ਨਾ ਸੁਣੇ ਗਏ। ਉਹ ਮੂਵ ਲੈ ਆਇਆ। ਤਾਕਤ ਵਾਲੇ ਕੈਪਸੂਲ ਵੀ। ਪੰਮੀ ਉਹਨੂੰ ਫੱਫੀ ਕੁੱਤੀ ਵਾਂਗ ਪਈ, "ਪਹਿਲਾਂ ਮੈਨੂੰ ਇਹ ਦੱਸ-ਤੂੰ ਵੀਣਾ ਦੀਆਂ ਗਾਈਡਾਂ ਕਿਉਂ ਨ੍ਹੀਂ ਲਿਆਇਆ ? ਮੈਂ ਤੇਰਾ ਕੋਈ ਬਹਾਨਾ ਨ੍ਹੀਂ ਸੁਣਨਾ। ਕੰਨ ਖੋਲ੍ਹ ਕੇ ਸੁਣ ਲੈ-ਜੇ ਕਲ੍ਹ ਨੂੰ ਕੁੜੀ ਦੀਆਂ ਗਾਈਡਾਂ ਨਾ ਆਈਆਂ ਤਾਂ ਆਪਣਾ ਪੜ੍ਹਿਆ ਲਿਖਿਆ ਵਿਚਾਰ ਲਈਂ। ਤੈਨੂੰ ਬੁੱਢੜੀ ਦਾ ਜ਼ਿਆਦਾ ਹੇਜ ਆ ਗਿਆ। ਵਿਲਕਦੀ ਕੁੜੀ ਦੀ ਕੋਈ ਪ੍ਵਾਹ ਨ੍ਹੀਂ।" ਤੈਥੋਂ ਹੋਰ ਸੁਣਿਆ ਨਾ ਗਿਆ। ਇਹ ਕਿਹੜੀ ਇਕ ਦਿਨ ਦੀ ਗੱਲ ਸੀ। ਪੰਮੀ ਗੱਲਾਂ-ਗੱਲਾਂ 'ਚ ਆਰ ਲਾਉਣੋਂ ਵਾਜ਼ ਨਾ ਆਉਂਦੀ। ਤਾਰੋ ਦੇ ਸਮਝਾਉਣ 'ਤੇ ਤੂੰ ਆਪਣੇ ਚਾਰ ਭਾਂਡੇ ਚੁੱਕ ਕੇ ਹਵੇਲੀ ਆ ਗਈ। ਪੰਮੀ ਨੇ ਤੈਨੂੰ ਬਿਲਕੁਲ ਨਾ ਰੋਕਿਆ। ਬੋਲੀ ਸੀ, 'ਚੰਗਾ ਹੋਇਆ-ਭਲੇ ਵੇਲੇ ਨੂੰ ਸਿਰੋਂ ਬਲਾ ਲੱਥੀ।' ਤੇਰਾ ਕੀ ਗਿਆ। ਸੌਖੀ ਆ ਨਾ ਆਪਣੀ ਕੋਠੜੀ 'ਚ। ਚਿਤ ਕੀਤਾ ਤਾਂ ਕਿਸੇ ਦੇ ਲੀੜੇ ਸੀਂਅ ਦਿੱਤੇ। ਨਹੀਂ ਤਾਂ ਮੌਜ ਨਾਲ ਟਾਹਲੀ ਹੇਠ ਮੰਜੀ ਡਾਹ ਕੇ ਬੈਠੀ ਰਹੀ। ਤੇਰੇ ਹੱਥਾਂ 'ਚ ਸੁੱਚਮ ਆ। ਕਾਰੀਗਰ ਹੱਥ ਭੁੱਖੇ ਨਹੀਂ ਰਹਿਣ ਦਿੰਦੇ। ਤੂੰ ਵੀਹਾਂ ਤੀਹਾਂ ਦਾ ਕੰਮ ਕਰ ਲੈਣੀਂ। ਤੇਰਾ ਕਿਹੜਾ ਕੋਈ ਖਾਸ ਖਰਚਾ ਆ। ਜੋ ਜੀਅ 'ਚ ਆਇਆ ਬਣਾ ਕੇ ਖਾ ਲਿਆ। ਨਾ ਕਿਸੇ ਦਾ ਹੈਅ-ਨਾ ਕਿਸੇ ਦਾ ਖੈਅ। ਘਰੇ ਹੁੰਦੀ ਤਾਂ ਹੁਣ ਨੂੰ ਉਹਨੇ ਤੈਨੂੰ ਸਿਵਿਆਂ ਵਾਲਾ ਰਾਹ ਦਿਖਾ ਦੇਣਾ ਸੀ।"

ਊਧਮ ਕੌਰ ਦਾ ਜਿਸਮ ਪੱਥਰ ਦਾ ਹੋਣ ਲੱਗਾ ਹੈ। ਬੇਬੇ ਨੇ ਉਸਨੂੰ ਉਸ ਦੀ ਤਸਵੀਰ ਦਿਖਾ ਦਿੱਤੀ ਸੀ। ਇਹ ਸਭ ਕੁਝ ਉਹ ਭੁੱਲ-ਭੁਲਾ ਬੈਠੀ ਸੀ। ਇਕ ਵਾਰ ਤਾਂ ਪੋਤੇ ਦਾ ਚਾਅ ਮੱਠਾ ਪੈ ਗਿਆ ਹੈ। ਜਿਦਾਂ ਦੀ ਕੋਕੋ ਉਦਾਂ ਦੇ ਬੱਚੇ। ਇਥੇ ਕੋਈ ਕਿਸੇ ਦਾ ਸਕਾ ਨਹੀਂ। ਕੋਈ ਮਿੱਤ ਨਹੀਂ। ਜਿਹਨੂੰ ਦੇ ਦਿਉ ਉਹ ਖ਼ੁਸ਼ ਹੋ ਜਾਂਦਾ। ਮੂੰਹ ਵੱਟਣ ਲੱਗਿਆਂ ਕਿਹੜੀ ਦੇਰ ਲੱਗਦੀ। ਇਕੋ ਇਕ ਪੁੱਤ ਤੇ ਉਹ ਵੀ ਆਪਣੀ ਮਾਂ ਨੂੰ ਨਾਲ ਨਾ ਰੱਖ ਸਕਿਆ। ਉਸ ਨੂੰ ਕਿਸੇ ਦਾ ਕੀ ਆਸਰਾ। ਆਪਣੀਆਂ ਦੁਪੜਾਂ ਆਪ ਪਕਾਉਣੀਆਂ। ਆਪਣੀਆਂ ਉਂਗਲਾਂ ਸਾੜਣੀਆਂ। ਬੀਮਾਰ ਪੈ ਜਾਵੇ ਤਾਂ ਆਪ ਉਠ ਕੇ ਪਾਣੀ ਪੀਣਾ। ਕਈ ਵਾਰ ਛਿੰਦਾ ਵੀ ਮਹੀਨਾ-ਮਹੀਨਾ ਹਵੇਲੀ ਵੱਲ ਨੂੰ ਮੂੰਹ ਨਹੀਂ ਕਰਦਾ। ਜਦੋਂ ਆਪਣੇ ਢਿੱਡੋਂ ਕੱਢਿਆ ਹੀ ਆਪਣਾ ਨਾ ਬਣ ਸਕਿਆ-ਬਿਗਾਨੇ ਘਰੋਂ ਆਈ ਨੂੰ ਕੀ ਦੋਸ਼ ਦੇਣਾ। ਕਾਹਦਾ ਪੁੱਤ ? ਕਿਹਦਾ ਪੋਤਾ ? ਕਿਹਦਾ ਘਰ ? ਪਹਿਲਾਂ ਇਹ ਘਰ ਬੁੱਢੜੀ ਦਾ ਸੀ। ਹੁਣ ਨੌਂਹ ਦਾ ਬਣ ਗਿਆ। ਕਿਦਾਂ ਮੂੰਹ ਪਾੜ ਕੇ ਕਹਿੰਦੀ ਸੀ- 'ਚਲ-ਚਲ ਬੁਢੜੀਏ ਆਪਣੇ ਘਰ ਚਲ।' ਵੱਡੀ ਆਈ ਘਰ ਵਾਲੀ। ਉਸ ਬੁੱਕਲ ਨੂੰ ਘੁਟਿਆ। ਅਜੇ ਦਰਵਾਜ਼ੇ ਕੋਲ



ਪਹੁੰਚੀ ਕਿ ਅਗੋਂ ਉਸ ਦਾ ਮੀਆਂ ਆ ਗਿਆ। ਸਮਝਾਉਣ ਲੱਗਾ ਹੈ, "ਆ ਗਈ ਨਾ ਬੇਬੇ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ 'ਚ। ਬੜਾ ਮੋਹ ਜਾਗਿਆ ਬੇਬੇ ਨਾਲ। ਵਾਹ-ਬਈ-ਵਾਹ ਕਮਾਲ ਕਰਤੀ ਸੱਸ ਨੌਂਹ ਨੇ। ਆਪ ਭੁੱਲ ਗਈ। ਅੱਧੀ ਰਾਤ ਤਾਈਂ ਮੈਨੂੰ ਸੌਣ ਨ੍ਹੀਂ ਦਿੰਦੀ ਸੀ। ਤੇਰੀ ਇਹੀ ਮੁਹਾਰਨੀ ਹੁੰਦੀ-ਬੇਬੇ ਨੂੰ ਸਮਝਾ। ਇਹ ਮੈਨੂੰ ਜਿਊਣ ਨ੍ਹੀਂ ਦਿੰਦੀ। ਜਿਹੜੇ ਵੀ ਕੰਮ ਨੂੰ ਹੱਥ ਪਾਵਾਂ ਅਗੋਂ ਇਹ ਨਿਗੋਚਾਂ ਕੱਢ ਦਿੰਦੀ। ਨਾ ਆਪ ਟਿਕ ਕੇ ਬੈਠਦੀ, ਨਾ ਮੈਨੂੰ ਬੈਠਣ ਦਿੰਦੀ। ਪਤਾ ਨ੍ਹੀਂ ਲੱਗਦਾ-ਕਿਥੋਂ-ਕਿਥੋਂ ਕੰਮ ਕੱਢ ਲਿਆਉਂਦੀ। ਕੁਸ਼ ਹੋਰ ਨਾ ਦਿੱਸੇ ਤਾਂ ਸਿਖਰ ਦੁਪਹਿਰੇ ਪਾਥੀਆਂ ਸੁਕਾਉਣ ਬੈਠ ਜਾਂਦੀ। ਇਹਨੂੰ ਪੁੱਛਣ ਵਾਲਾ ਹੋਵੇ ਕਿ ਕੀ ਇਹ ਅੰਦਰ ਪਈਆਂ-ਪਈਆਂ ਸਲਾਬ ਗਈਆਂ। ਤੂੰ ਅੱਕੀ ਹੋਈ ਇਥੋਂ ਤੱਕ ਕਹਿ ਦਿੰਦੀ-'ਚਲ ਕਿਸੇ ਹੋਰ ਪਿੰਡ ਜਾ ਵਸੀਏ। ਦੋ ਰੋਟੀਆਂ ਹੀ ਖਾਣੀਆਂ। ਦਾਲ ਨਾ ਜੁੜੀ-ਆਚਾਰ ਨਾਲ ਖਾਲਾਂਗੇ। ਦੋ ਘੜੀਆਂ ਦਾ ਸੁੱਖ ਤਾਂ ਹੋਊ। ਕੋਈ ਕਲੇਸ਼ ਕਰਨ ਵਾਲਾ ਨਾ ਰਹੂ। ਤੈਨੂੰ ਕੰਮ ਦਾ ਕੀ ਘਾਟਾ। ਸੇਪੀ ਕਰਨੀ। ਐਸ ਪਿੰਡ ਨਾ ਕੀਤੀ, ਅਗਲੇ ਸਈਂ।' ਪਰ ਮੈਂ ਕਿਹਦੇ ਨਾਲੋਂ ਜੁਦਾ ਹੋਣਾ ਸੀ-ਬੇਬੇ ਨਾਲੋਂ। ਉਸ ਦਾ ਮੇਰੇ ਬਿਨਾਂ ਕੌਣ ਸੀ। ਉਸ ਰੋ-ਰੋ ਕੇ ਮਰ ਜਾਣਾ ਸੀ। ਮੈਂ ਤੈਨੂੰ ਸਮਝਾਉਂਦਾ, ਤੂੰ ਮੰਨ ਜਾਂਦੀ। ਤੂੰ ਕਦੇ ਖੁੱਲ੍ਹਾ ਵਿਰੋਧ ਨਹੀਂ ਕੀਤਾ। ਬੇਬੇ ਦੀਆਂ ਤੱਤੀਆਂ ਖੱਟੀਆਂ ਸੁਣੀਆਂ। ਸੁਣਨੀਆਂ ਪੈਣੀਆਂ ਸਨ। ਉਹ ਇਹੀ ਸਮਝੀ ਬੈਠੀ ਸੀ ਕਿ ਉਹ ਦੇ ਬਿਨਾਂ ਇਸ ਘਰ ਦਾ ਕੋਈ ਹੋਰ ਲੱਗਦਾ ਹੀ ਨਹੀਂ। ਹੁਣ ਤੂੰ ਉਸ ਵਾਲੀ ਮੱਤ ਨਾ ਲੈ। ਤੂੰ ਜਦੋਂ ਆਪਣੇ ਭਾਂਡੇ ਚੁੱਕ ਕੇ ਹਵੇਲੀ ਵੜੀ ਸੀ ਉਦੋਂ ਮੈਂ ਤੈਨੂੰ ਰੋਕਣਾ ਚਾਹਿਆ ਸੀ। ਰੋਕਿਆ ਨਹੀਂ ਸੀ। ਜ਼ਿੰਦਗੀ 'ਚ ਇਕ ਵਾਰੀ ਤੂੰ ਆਪਣੀ ਮਰਜ਼ੀ ਕਰਕੇ ਵੀ ਦੇਖ ਲੈ। ਤੂੰ ਇਸ ਗੱਲ ਨੂੰ ਕਿਉਂ ਭੁੱਲੀ ਬੈਠੀਂ ਕਿ ਜਦੋਂ ਤੇਰੀਆਂ ਚਲਣੋਂ ਹੱਟ ਗਈਆਂ ਉਦੋਂ ਇਸੇ ਪੰਮੀ ਨੇ ਤੈਨੂੰ ਸਾਂਭਣਾ। ਇਸੇ ਪੁੱਤ ਨੇ ਤੇਰੇ ਕੰਮ ਆਉਣਾ। ਆਹ ਕੀ ਗੱਲ ਹੋਈ ਕਿ ਆਪਣੇ ਪੋਤੇ ਨੂੰ ਪਿਆਰ ਦੇਣ ਨ੍ਹੀਂ ਜਾਣਾ। ਤੈਨੂੰ ਪਤਾ-ਜਦੋਂ ਉਪਰੋਂ ਥੱਲੀ ਤਿੰਨ ਕੁੜੀਆਂ ਹੋ ਜਾਣ, ਫੇਰ ਜਨਾਨੀ ਦਾ ਕੀ ਹਾਲ ਹੁੰਦਾ। ਤੇਰੇ ਨਾਲ ਆਪ ਬੀਤੀਆਂ। ਜਦੋਂ ਭੋਲੀ ਹੋਈ ਸੀ ਤਾਂ ਬੇਬੇ ਨੇ ਦੋ ਦਿਨ ਰੋਟੀ ਨਹੀਂ ਖਾਧੀ ਸੀ। ਬੁੱਕਲ 'ਚ ਮੂੰਹ ਲੁਕਾ ਕੇ ਬੁਸ-ਬੁਸ ਕਰੀ ਜਾਵੇ। ਮੈਂ ਉਹਨੂੰ ਸਮਝਾਇਆ-ਕੀ ਲੋਹੜਾ ਆ ਗਿਆ। ਘਰੇ ਲਕਸ਼ਮੀ ਆਈ। ਰੱਬ ਦੀ ਦਾਤ। ਪਰ ਜਦੋਂ ਤਾਰੋ ਆਈ ਬੇਬੇ ਗੁੰਮ-ਸੁੰਮ ਹੋ ਗਈ। ਉੱਚਾ ਬੋਲਣਾ ਭੁੱਲ ਗਈ। ਮੈਂ ਬੇਬੇ ਨੂੰ ਸੰਭਾਲਿਆ। ਤੈਨੂੰ ਵੀ। ਛਿੰਦੇ ਵੇਲੇ ਤਾਂ ਕਿਯਾ ਕਹਿਣੇ ਸੀ। ਬੇਬੇ ਹਵਾ 'ਚ ਉਡੀ ਫਿਰਦੀ ਸੀ। ਯਾਦ ਹੈ ਨਾ ਵਾਰ-ਵਾਰ ਮੁੰਡੇ ਦਾ ਮੂੰਹ ਦੇਖਣੋਂ ਨਾ ਹਟੇ। ਮੈਂ ਰਜਿਆ ਸ਼ਰਾਬ ਦਾ ਚੀਕਾਂ ਮਾਰਨ ਲੱਗਾ ਸੀ। ਬੱਕਰੇ ਬੁਲਾਉਣ ਲੱਗਾ ਸੀ। ਬੇਬੇ ਨੇ ਰੋਕਿਆ ਨਹੀਂ ਸੀ। ਤੂੰ ਅੰਦਰ ਪਈ ਤਾਰੋ ਦੇ ਹੱਥ ਸੁਨੇਹੇ ਤੇ ਸੁਨੇਹਾ ਭੇਜਿਆ ਸੀ-'ਇਹਨੂੰ ਵਰਜੋ। ਐਵੇਂ ਕਿਸੇ ਨਾਲ ਫਸ ਪਊ।' ਬੇਬੇ ਨੇ ਕਿਹਾ ਸੀ-'ਕੁੜੇ ਅੱਜ ਮੈਥੋਂ ਨ੍ਹੀਂ ਰੋਕ ਹੋਣਾ। ਕਰ ਲੈਣ ਦੇ ਇਹਨੂੰ ਆਪਣੀਆਂ ਮਨ ਆਈਆਂ। ਮੇਰਾ ਆਪ ਚਿੱਤ ਕਰਦਾ-ਵਿਹੜੇ 'ਚ ਨੱਚਾਂ।' ਪਹਿਲਾਂ ਉਹ ਇਕੱਲੀ ਹੀ ਵਿਹੜੇ 'ਚ ਗਾਉਣ ਲੱਗੀ। ਫੇਰ ਨੱਚਣ ਲੱਗ ਪਈ। ਬੋਲੀਆਂ ਪਾਉਣ ਲੱਗੀ। ਦੀਪੀ ਝਿਊਰੀ ਆਣ ਰਲੀ। ਤਾਈ ਆ ਗਈ। ਵਿਹੜਾ ਜ਼ਨਾਨੀਆਂ ਨਾਲ ਭਰ ਗਿਆ। ਇਹ ਉਹੋ ਬੇਬੇ ਸੀ ਜਿਹੜੀ ਛਿਲੇ ਵਾਲੇ



www.PunjabiLibrary.com

ਦਿਨਾਂ 'ਚ ਬਾਹਰਲੀ ਜਨਾਨੀ ਤਾਂ ਬਹੁਤ ਦੂਰ ਦੀ ਗੱਲ ਹੈ-ਬਾਹਰਲੀ ਮੱਖੀ ਤਕ ਘਰੇ ਨਹੀਂ ਵੜਨ ਦਿੰਦੀ ਸੀ। ਉਹ ਸਭ ਕੁੱਝ ਭੁੱਲ ਭੁਲਾ ਗਈ ਸੀ। ਹੁਣ ਤੂੰ ਆਪ ਦਾਦੀ ਬਣ ਗਈ ਹੈਂ। ਕੀ ਤੈਨੂੰ ਆਪਣੇ ਪੋਤੇ ਦੇ ਆਉਣ ਦੀ ਖ਼ੁਸ਼ੀ ਨ੍ਹੀਂ ਹੋਈ ? ਜਦੋਂ ਤੈਨੂੰ ਗੁਰੂ ਬੇਰੀ ਕੋਲ ਵਿੱਦੋ ਨੇ ਦੱਸਿਆ ਸੀ ਤੂੰ ਉਦੋਂ ਸਿੱਧੀ ਘਰੇ ਕਿਉਂ ਨ੍ਹੀਂ ਗਈ ? ਐਸ ਵੇਲੇ ਬਹੁਤੀਆਂ ਸੋਚਾਂ 'ਚ ਨ੍ਹੀਂ ਪਈਦਾ ਹੁੰਦਾ। ਆਖਿਰ ਪੋਤਾ ਤਾਂ ਤੇਰਾ ਅਖਵਾਊ। ਹੁਣ ਮੇਰਾ ਨਹੀਂ, ਲੋਕ ਤੇਰਾ ਹੀ ਕਹਿਣਗੇ। ਵੀਨਾ ਜਦੋਂ ਤੇਰੇ ਕੋਲ ਬੈਠੀ ਜਾਂ ਖੇਡਦੀ ਹੁੰਦੀ ਆ ਤਾਂ ਲੰਘਦੀ ਵੜਦੀ ਕੋਈ ਨਾ ਕੋਈ ਕਹਿ ਜਾਂਦੀ-'ਬੜੀ ਬਣਦੀ ਆ ਦਾਦੀ-ਪੋਤੀ ਦੀ।' ਉਦਣ ਰੋੜਿਆਂ ਦੀ ਕਮਲੇਸ਼ ਵੀ ਕਹਿੰਦੀ ਸੀ-'ਤਾਈ ਜੀ ਵੀਨਾ ਦਾ ਸੁਭਾਅ ਤਾਂ ਬਿਲਕੁਲ ਤੁਹਾਡੇ 'ਤੇ ਗਿਆ।' ਹੁਣ ਤੂੰ ਆਪਣਾ ਫਰਜ਼ ਪਛਾਣ ਤੇ ਜਾ ਕੇ ਮੁੰਡੇ ਨੂੰ ਪਿਆਰ ਦੇ ਆ।"

"ਪੰਮੀ ਤਾਂ ਮੈਨੂੰ ਦੇਖ ਨ੍ਹੀਂ ਸਖਾਉਂਦੀ ?"

"ਫੇਰ ਕੀ ਹੋਇਆ ? ਬੱਚੇ ਗਲਤੀਆਂ ਕਰਦੇ। ਵੱਡੇ ਮਾਫ ਕਰਦੇ। ਜ਼ਿੰਦਗੀ 'ਚ ਕੌਣ ਸੰਪੂਰਨ ਹੋਇਆ ? ਕੀ ਆਪਾਂ ਵੱਡਿਆਂ ਨੂੰ ਚੰਗਾ ਮੰਦਾ ਨ੍ਹੀਂ ਬੋਲਿਆ ? ਕੀ ਤੂੰ ਆਪ ਕਦੇ ਬੇਬੇ ਨਾਲ ਨ੍ਹੀਂ ਲੜੀ ? ਕਿਵੇਂ ਮਿਹਣੇ ਕੁਮੇਣੇ ਹੁੰਦੀਆਂ ਸੀ ? ਪਰ ਜਦੋਂ ਬੇਬੇ ਬੀਮਾਰ ਪੈ ਜਾਂਦੀ, ਤੈਨੂੰ ਹੱਥਾਂ ਪੈਰਾਂ ਦੀਆਂ ਪੈ ਜਾਂਦੀਆਂ। ਇਹੀ ਹਾਲ ਬੇਬੇ ਦਾ ਹੁੰਦਾ ਸੀ...।"

"ਤੇਰਾ ਕਿਹਾ ਸਿਰ ਮੱਥੇ 'ਤੇ," ਉਹ ਆਪਣੇ ਮੀਆਂ ਦਾ ਸਮਝਾਇਆ ਮੰਨ ਲੈਂਦੀ ਹੈ। ਜਦੋਂ ਕਦੇ ਵੀ ਉਸ 'ਤੇ ਔਖਾ ਸਮਾਂ ਆਉਂਦਾ ਹੈ ਤਾਂ ਉਸ ਦਾ ਮੀਆਂ ਹੀ ਉਸਦਾ ਮਾਰਗ ਦਰਸ਼ਨ ਕਰਦਾ ਹੈ। ਉਹ ਉਸ ਦੇ ਬਰੋਬਰ ਆ ਖੜਦਾ ਹੈ। ਉਹ ਵੱਡੇ ਤੜਕੇ ਉਸਦੇ ਸੁਪਨੇ 'ਚ ਆਉਂਦਾ ਹੈ। ਉਸ ਨੂੰ ਪਿਛਾਂਹ ਨੂੰ ਮੁੜਨਾ ਪੈਣਾ ਸੀ, ਸੋ ਮੁੜਦੀ ਹੈ। ਹੁਣ ਉਸ 'ਚ ਉਤਸ਼ਾਹ ਹੈ। ਉਮੰਗ ਹੈ। ਪੋਤੇ ਨੂੰ ਦੇਖਣ ਦੀ ਤਾਂਘ ਹੈ। ਦਰਵਾਜ਼ਾ ਬੰਦ ਹੈ। ਅੰਦਰੋਂ ਕੁੰਡਾ ਲੱਗਾ ਹੈ। ਉਹ ਬਾਹਰਲਾ ਕੁੰਡਾ ਫੜ ਕੇ ਖੜਕਾਉਂਦੀ ਹੈ ਤਾਂ ਅੱਗੋਂ ਪੰਮੀ ਚਾਰੇ ਖੁਰ ਚੁੱਕ ਕੇ ਮਾਰਣ ਨੂੰ ਆਉਂਦੀ ਹੈ। ਉਸ ਦਾ ਰਾਹ ਰੋਕ ਲੈਂਦੀ ਹੈ, "ਦਫਾ ਹੋ ਜਾ ਬੁਢੜੀਏ ਇਥੋਂ। ਹੁਣ ਕੀ ਲੈਣ ਆਈ ਆਂ। ਚਲ ਚਲ-ਆਪਣਾ ਕੰਮ ਕਰ। ਲੋਕਾਂ ਦੇ ਕਪੜਿਆਂ ਨੂੰ ਟਾਕੀਆਂ ਲਾ। ਵਗਾਰਾਂ ਕਰ। ਮਰਜ਼ੀ ਦਾ ਖਾ ਪੀ। ਤੈਨੂੰ ਕਿਸੇ ਨਾਲ ਕੀ। ਕੋਈ ਮਰੇ ਜਾਂ ਜੀਵੇ। ਤੇਰੀ ਆਪਣੀ ਗੱਡੀ ਚਲਣੀ ਚਾਹੀਦੀ। ਤੈਨੂੰ ਆਪਣਾ ਢਿੱਡ ਪਿਆਰਾ। ਚੰਗਾ ਚੋਸਾ ਖਾਣ-ਪੀਣ ਨੂੰ ਚਾਹੀਦਾ। ਧੋਤੇ ਧੁਆਏ ਕਪੜੇ ਪਾਉਣ ਨੂੰ ਹੋਣ। ਇਹ ਉਮਰ ਰੱਬ ਦਾ ਨਾਂ ਲੈਣ ਵਾਲੀ ਹੁੰਦੀ। ਬੰਦਾ ਸੋਚਦਾ ਆਪਣੇ ਕੀਤੇ ਬੁਰੇ ਕੰਮਾਂ ਦਾ ਪਛਤਾਵਾ ਕਰਲਾਂ। ਅੱਗਾ ਸੰਵਾਰਿਆ ਜਾਊ। ਪਰ ਕਾਹਨੂੰ। ਤੈਨੂੰ ਰੱਬ ਭੁੱਲਿਆਂ ਹੋਇਆ। ਰੱਬ ਦੇ ਬੰਦੇ ਭੁੱਲੇ ਹੋਏ। ਕੋਈ ਦੱਸੇ- ਮੈਂ ਝੂਠ ਬੋਲਦੀਂ ? ਤੂੰ ਕਦੇ ਗੁਰਦੁਆਰੇ ਗਈਂ ? ਜੇ ਗਈ ਵੀ ਹੋਊਂ ਤਾਂ ਸਿਰਫ ਲੰਗਰ ਡਫਣ। ਤੈਨੂੰ ਸਾਡੇ ਨਾਲ ਕੀ ਮਤਲਬ ? ਤੈਨੂੰ ਪੁੱਤ ਨਾਲੋਂ ਧੀਆਂ ਪਿਆਰੀਆਂ। ਜੋ ਉਹ ਪੱਟੀਆਂ ਪੜ੍ਹਾ ਜਾਂਦੀਆਂ ਤੂੰ ਉਹੀ ਬੋਲਦੀਂ। ਜਾ-ਜਾ ਬੁਢੜੀਏ ਆਪਣੇ ਘਰੇ ਜਾ। ਮੈਨੂੰ ਤੇਰੀ ਕੋਈ ਲੋੜ ਨ੍ਹੀਂ। ਜੇ ਪਈ ਫੇਰ ਵੀ ਮੈਂ ਤੈਨੂੰ ਆਵਾਜ਼ ਨ੍ਹੀਂ ਮਾਰਨ ਲੱਗੀ। ਔਖੀ ਹੋ ਕੇ ਕਿਸੇ ਸੱਤ ਬਿਗਾਨੇ ਦੀ ਮਿੰਨਤ ਕਰ ਲਊਂ। ਦਸ ਵੀਹ ਖਰਚ ਕੇ ਕੰਮ ਕਰਾ ਲਊਂ। ਤੈਨੂੰ ਵਿਹੜੇ 'ਚ ਪੈਰ ਨ੍ਹੀਂ ਪਾਉਣ ਦਿੰਦੀ। ਇਹ ਮੇਰਾ ਘਰ ਆ। ਮੈਂ ਆਪ ਬਣਾਇਆ। ਪੇਕਿਆਂ



ਤੋਂ ਪੈਸੇ ਫੜ ਕੇ ਲਿਆਈਂ। ਮੋਹਰਲੀ ਬੈਠਕ ਛੱਤੀ। ਮੇਰੀ ਪਿਉ ਆਪ ਮਜ਼ਦੂਰੀ ਕਰਕੇ ਗਿਆ। ਤੈਨੂੰ ਉਸ ਗੱਲਾਂ-ਗੱਲਾਂ 'ਚ ਬੜਾ ਸਮਝਾਇਆ, "ਭੈਣ ਜੀ, ਤੁਸੀਂ ਅਰਾਮ ਨਾਲ ਦੋ ਰੋਟੀਆਂ ਖਾ ਛੱਡਿਆ ਕਰੋ। ਹੋਰ ਦੁਨੀਆਂ ਤੋਂ ਕੀ ਲੈਣਾ। ਛਿੰਦਾ ਬੜਾ ਚੰਗਾ। ਨਾ ਸ਼ਰਾਬ ਪੀਵੇ। ਨਾ ਮੀਟ ਖਾਵੇ। ਨਾ ਸਿਗਰੇਟ ਨੂੰ ਹੱਥ ਲਾਵੇ। ਉਹਨੂੰ ਕੋਈ ਵੈਲ ਨ੍ਹੀਂ। ਤੁਸੀਂ ਪਿਛਲੇ ਜਨਮ ਦੇ ਕੋਈ ਚੰਗੇ ਕਰਮ ਕੀਤੇ ਜਿਹੜਾ ਤੁਹਾਨੂੰ ਐਨਾ ਨੇਕ ਪੁੱਤ ਮਿਲਿਆ।" ਤੂੰ ਮੇਰੇ ਪਿਉ ਦੀ ਵੀ ਇੱਕ ਨਾ ਸੁਣੀ। ਆਪਣੀਆਂ ਸੁਣਾਈ ਗਈਂ, "ਪੰਮੀ ਮੈਨੂੰ ਕੁੱਤੀ ਕਰਕੇ ਨ੍ਹੀਂ ਜਾਣਦੀ।" ਤੇਰਾ ਕੋਈ ਵੀ ਕੰਮ ਸਿਆਣਿਆਂ ਵਿਆਣਿਆਂ ਵਾਲਾ ਨ੍ਹੀਂ। ਕੌਣ ਵਾਰ-ਵਾਰ ਤੇਰੀਆਂ ਲੱਤਾਂ ਹੇਠੋਂ ਦੀ ਲੰਘੇ। ਤੂੰ ਇਹੀ ਚਾਹੁੰਦੀਂ-ਮੈਂ ਪੁੱਛਾਂ- 'ਮਾਤਾ ਜੀ ਚਾਹ ਬਣਾ ਲਵਾਂ ? ਸਬਜ਼ੀ 'ਚ ਕਿੰਨੇ ਪਿਆਜ਼ ਪਾਵਾਂ ?'.....ਹੁਣ ਤੈਨੂੰ ਬੜਾ ਪ੍ਰੇਮ ਜਾਗਿਆ। ਜਿਥੇ ਮੈਂ ਇੰਨੇ ਦਿਨ ਔਖਿਆਂ ਸੌਖਿਆਂ ਕੱਢ ਲਏ-ਉਥੇ ਆਹ ਵੇਲਾ ਵੀ ਲੰਘ ਜਾਣਾਂ। ਜਿਨ੍ਹਾਂ ਦਾ ਕੋਈ ਨ੍ਹੀਂ ਹੁੰਦਾ ਉਨ੍ਹਾਂ ਦਾ ਕਿਹੜਾ ਸਰਦਾ ਨ੍ਹੀਂ। ਤੂੰ ਉਨ੍ਹਾਂ ਕੋਲ ਜਾ ਜਿਨ੍ਹਾਂ ਨੂੰ ਪਲਾਟ ਵੇਚਿਆ ਸੀ। ਮੈਂ ਦੇਖੂੰਗੀਂ ਕਿ ਤੇਰੇ ਪੰਜਾਹ ਹਜ਼ਾਰ ਕਿੰਨੇ ਸਾਲ ਚਲਦੇ। ਤੇਰੀ ਲਾਸ਼ ਅੰਦਰ ਹੀ ਪਈ ਸੜੂ। ਮੈਂ ਦੇਖੂੰਗੀ ਘਰੋਂ ਕਿਹੜਾ ਜਾਂਦਾ। ਮੈਂ ਤੈਨੂੰ ਕਿੰਨਾ ਸਮਝਾਇਆ ਕਿ ਮਾਤਾ ਜੀ ਪਲਾਟ ਨਾ ਵੇਚੋ। ਕੁੜੀਆਂ ਦੇ ਵਿਆਹ ਵੇਲੇ ਆਪਣੇ ਕੰਮ ਆਊ। ਸਾਨੂੰ ਇਹ ਦਾ ਹੌਂਸਲਾ। ਤੂੰ ਮੇਰੀ ਇੱਕ ਨਾ ਮੰਨੀਂ। ਮੈਂ ਮਿੰਨਤਾਂ ਕੀਤੀਆਂ। ਪੈਰੀਂ ਪਈ। ਤੇਰੇ ਪੁੱਤ ਨੇ ਵੀ ਸਮਝਾਇਆ। ਤੈਨੂੰ ਪਤਾ ਨ੍ਹੀਂ ਕੀ ਦਿੱਸਦਾ ਸੀ- ਤੂੰ ਇਹਨੂੰ ਵੇਚ ਕੇ ਹੀ ਸਾਹ ਲਿਆ। ਪੈਸੇ ਤਾਰੋ ਕੋਲ ਰੱਖ ਆਈ। ਲੈ ਲਈਂ ਉਸ ਤੋਂ ਗਿਣ-ਗਿਣ ਕੇ। ਸਹੁਰਾ ਜਨਾਨੜਾ ਸੀ ਜਿਹਨੇ ਤੇਰੇ ਨਾਂ ਪਲਾਟ ਲੁਆਇਆ। ਹੁਣ ਤੈਨੂੰ ਪੋਤੇ ਦਾ ਮੋਹ ਜਾਗਿਆ। ਉਦੋਂ ਤੈਨੂੰ ਇਹ ਵੀ ਚੇਤੇ ਨ੍ਹੀਂ ਰਿਹਾ ਸੀ ਕਿ ਤੇਰਾ ਪੁੱਤ ਪੰਦਰਾਂ ਸੌ ਨਾਲ ਪੰਜਾਂ ਜੀਆਂ ਦਾ ਤੋਰਾ ਕਿਵੇਂ ਤੋਰਦਾ। ਤੂੰ ਕਦੀ ਸੋਚਿਆ। ਸੋਚਾਂ 'ਚ ਪਈ ਨੂੰ ਮੈਨੂੰ ਨੀਂਦ ਨਾ ਆਉਂਦੀ। ਮੈਂ ਇਸ ਘਰ 'ਚ ਆ ਕੇ ਕੀ ਦੇਖਿਆ ? ਨਾ ਚੱਜ ਦਾ ਖਾਣ ਨੂੰ ਮਿਲਿਆ, ਨਾ ਚੱਜ ਦਾ ਪਹਿਨਣ ਨੂੰ। ਜਾ ਬੁਢੜੀਏ, ਜਾ ਆਪਣੀ ਕੋਠੜੀ 'ਚ। ਤੈਨੂੰ ਆਪਣੀਆਂ ਧੀਆਂ ਪਿਆਰੀਆਂ। ਜੁਆਈ ਪਿਆਰੇ। ਵੱਡੜੀ ਟੇਪ ਰਿਕਾਰਡਰ ਲੈ ਕੇ ਦੇ ਗਈ। ਨਿੱਕੜੀ ਟੀਵੀ ਲੈ ਦਊ। ਤਾਰੋ ਦੇ ਦੋਵੇਂ ਮੁੰਡੇ ਅਮਰੀਕਾ ਕੀ ਚਲੇ ਗਏ-ਉਹਨੂੰ ਵੀ ਰੱਬ ਭੁੱਲ ਗਿਆ। ਆਪਣੇ ਘਰ ਦੀਆਂ ਸਿਫ਼ਤਾਂ ਕਰਦੀ ਸਾਹ ਨ੍ਹੀਂ ਲੈਂਦੀ। 'ਆਹ ਦੇਖੀਂ-ਅਸੀਂ ਨਵੀਂ ਜਿਨ ਕਢਵਾਈ। ਘਰ 'ਚ ਪਹਿਲਾਂ ਹੀ ਸਭ ਕੁਝ ਆ- ਟੀਵੀ, ਬੀ. ਸੀ. ਆਰ, ਵੱਡੀ ਫਰਿੱਜ, ਏ. ਸੀ.।' ਵੱਡੀ ਆਈ ਜ਼ੈਲਦਾਰਨੀ। ਵੱਡੀ ਹਊ ਤਾਂ ਆਪਣੇ ਲਈ ਹਊ। ਆਪਣੀ ਮਾਂ ਲਈ ਹਊ। ਮੈਥੋਂ ਹੋਰ ਨਾ ਕੁਸ਼ ਸੁਣ ਕੇ ਜਾਈਂ। ਮਸਾਂ-ਮਸਾਂ ਘਰ ਨੇ ਖੁਸ਼ੀ ਦਾ ਮੂੰਹ ਦੇਖਿਆ। ਜਦੋਂ ਤੈਨੂੰ ਆਵਾਜ਼ ਮਾਰਾਂਗੇ ਤੂੰ ਉਦੋਂ ਹੀ ਆਈਂ।"

ਉਹ ਮਿੰਟ ਕੁ ਨੀਵੀਂ ਪਾਈ ਖੜੀ ਰਹੀ। ਵਾਪਸ ਮੁੜਨ ਤੋਂ ਬਿਨਾਂ ਕੋਈ ਦੂਜਾ ਚਾਰਾ ਨਹੀਂ ਰਿਹਾ। ਦਰਵਾਜ਼ਾ ਬੰਦ ਹੈ। ਉਸ 'ਚ ਇੰਨੀ ਹਿੰਮਤ ਨਹੀਂ ਰਹੀ ਕਿ ਖੋਲ੍ਹਣ ਲਈ ਆਵਾਜ਼ ਮਾਰੇ। ਉਹ ਦਰਵਾਜ਼ੇ ਦੀਆਂ ਝੀਤਾਂ ਥਾਣੀਂ ਦੇਖਦੀ ਹੈ। ਦਲਾਨ ਦੀ ਬੱਤੀ ਜਗ ਰਹੀ ਹੈ।



www.PunjabiLibrary.com

"ਲੰਬੀਆਂ ਉਮਰਾਂ ਮਾਣੇ," ਬਾਹਰੋਂ ਹੀ ਅਸੀਸ ਦੇ ਕੇ ਉਹ ਨੀਵੀਂ ਪਾਈ ਹਵੇਲੀ ਵੱਲ ਨੂੰ ਮੁੜ ਪੈਂਦੀ ਹੈ।

ਉਹ ਵਿਹੜੇ 'ਚ ਆ ਖੜਦੀ ਹੈ। ਸਮੇਂ ਦਾ ਕਿਆਸ ਲਗਾਉਣ ਲੱਗਦੀ ਹੈ ਪਰ ਉਸ ਨੂੰ ਇਸ ਗੱਲ ਦਾ ਪਤਾ ਨਹੀਂ ਲੱਗਦਾ ਕਿ ਦਿਨ ਚੜਣ 'ਚ ਅਜੇ ਕਿੰਨਾ ਸਮਾਂ ਪਿਆ ਹੈ। ਭੂਰ-ਚੂਰ ਪੈ ਰਹੀ ਹੈ। ਕੀ ਰਜਾਈ 'ਚ ਜਾ ਲੁਕੇ ? ਜਾਂ ਚਾਹ ਦੀ ਗਿਲਾਸੀ ਪੀ ਕੇ ਮਸ਼ੀਨ ਢਾਹ ਲਵੇ ? ਉਸ ਅੱਜ ਮਸ਼ੀਨ ਨਹੀਂ ਢਾਉਣੀ। ਲੋਕ ਕੀ ਕਹਿਣਗੇ-ਘਰੇ ਪੋਤਾ ਆਇਆ-ਇਹਨੂੰ ਲੋਕਾਂ ਦੇ ਕਪੜੇ ਸੀਉਣ ਦੀ ਪਈ ਹੈ।

ਹੈਂ ??? ਆਹ ਛਿੰਦਾ ਕਿਥੋਂ ਆ ਗਿਆ ? ਉਹ ਤਾਂ ਬਾਹਰਲਾ ਦਰਵਾਜ਼ਾ ਬੰਦ ਕਰਕੇ ਆਈ ਸੀ। ਇਹ ਕੰਧ ਟੱਪ ਕੇ ਆਇਆ ਹੋਣਾ। ਬੜਾ ਮੋਮੋਠੱਗਣਾ। ਜਦੋਂ ਲੋੜ ਪਵੇ, ਬੀਬੀ ਮਾਈਏ ਕਹਿਣ ਲੱਗ ਜਾਂਦਾ। ਅਗੋਂ ਪਿਛੋਂ ਪਤਰਾ ਵਾਚ ਜਾਂਦਾ। ਬੁਢੜੀਏ ਤੋਂ ਬਿਨਾਂ ਗੱਲ ਨਹੀਂ ਕਰਦਾ। ਇਹਨੂੰ ਸਾਰੇ ਢੰਗ ਤਰੀਕੇ ਆਉਂਦੇ ਕਿ ਆਪਣੀ ਬੀਬੀ ਨੂੰ ਕਿਵੇਂ ਮੰਨਾਉਣਾ। ਇਹ ਆਪਣੀ ਰੰਨ ਦੀ ਚੁੱਕ 'ਚ ਜ਼ਰੂਰ ਆ ਜਾਂਦਾ। ਇਹਨੇ ਘੱਟ ਵੱਧ ਹੀ ਮੰਦਾ ਚੰਗਾ ਬੋਲਿਆ। ਪੋਲਾ ਜਿਹਾ ਮੂੰਹ ਬਣਾ ਕੇ ਕਹਿਣ ਲੱਗਾ ਹੈ, "ਮੇਰੀਏ ਭੋਲੀਏ ਮਾਏਂ-ਤੂੰ ਸਾਰੀ ਉਮਰ ਭੋਲੀ ਰਹੀ। ਤੂੰ ਇਕੱਲੀ ਆਪਣੇ ਵੱਲ ਨਾ ਦੇਖਿਆ ਕਰ। ਆਪਣੇ ਆਲੇ ਦੁਆਲੇ ਵੱਲ ਵੀ ਨਜ਼ਰ ਮਾਰ ਲਿਆ ਕਰ। ਨੌਂਹ ਸੱਸ ਦੀ ਲੜਾਈ ਆਦਿ ਕਾਲ ਤੋਂ ਚਲੀ ਆ ਰਹੀ। ਇੰਦਰਾ ਗਾਂਧੀ ਦੇ ਘਰੇ-ਕਿਹੜੀ ਚੀਜ਼ ਦਾ ਘਾਟਾ ਸੀ। ਬਣੀ ਉਥੇ ਵੀ ਨ੍ਹੀਂ। ਤੂੰ ਪੰਮੀ ਦੀਆਂ ਗੱਲਾਂ ਦਾ ਗੁੱਸਾ ਕਰੀ ਬੈਠੀਂ। ਤੇਰੇ ਲਈ ਪੰਮੀ ਪਹਿਲਾਂ ਆ ਕਿ ਮੈਂ ? ਮੁੰਡੇ ਨੂੰ ਦੇਖਣ ਤੂੰ ਮੇਰੇ ਕਰਕੇ ਆਉਣਾ। ਨ੍ਹੀਂ ਤੂੰ ਮੇਰੇ ਕਰਕੇ ਵੀ ਨ੍ਹੀਂ ਆਉਣਾ। ਤੇਰਾ ਪੋਤਾ- ਤੂੰ ਉਹਨੂੰ ਦੇਖਣ ਆਉਣਾ। ਆ ਚਲੀਏ। ਪੰਮੀ ਤੈਨੂੰ ਖਾ ਨ੍ਹੀਂ ਚਲੀ। ਉਹ ਮੂੰਹ ਦੀ ਬੜਬੋਲੀ ਆ। ਦਿਲ ਦੀ ਮਾੜੀ ਨ੍ਹੀਂ। ਤੈਨੂੰ ਨ੍ਹੀਂ ਪਤਾ ਜਦੋਂ ਪਿਛਲੇ ਮਹੀਨੇ ਤੈਨੂੰ ਬੁਖਾਰ ਚੜ੍ਹਿਆ ਸੀ-ਉਹ ਆਪ ਤਾਂ ਨ੍ਹੀਂ ਆਈ ਸੀ ਪਰ ਉਸਨੂੰ ਘਰੇ ਬੈਠੀ ਨੂੰ ਚੈਨ ਥੋੜ੍ਹੋ ਸੀ। ਉਸ ਵੀਣਾ ਨੂੰ ਤੇਰੇ ਕੋਲ ਭੇਜਿਆ ਸੀ। ਤੈਥੋਂ ਡਰਦੀ ਨੇ ਕੋਈ ਖਾਣ-ਪੀਣ ਵਾਲੀ ਚੀਜ਼ ਨ੍ਹੀਂ ਭੇਜੀ ਸੀ। ਹੁਣ-ਤੂੰ ਥੋੜ੍ਹੀ ਇਹੀ ਢੈਲੀ ਹੋ ਜਾ। ਜ਼ਿੰਦਾਂ ਬਹੁਤਾ ਚਿਰ ਨ੍ਹੀਂ ਚਲਦੀਆਂ ਹੁੰਦੀਆਂ। ਵਧਾਈਆਂ ਦੇਣ ਤਾਂ ਕੋਈ ਸਤ ਬਿਗਾਨਾ ਵੀ ਆ ਜਾਂਦਾ। ਤੂੰ ਘਰ ਦੀ ਮਾਲਕਣ। ਮਾਲਕਾਂ ਨੂੰ ਵੀ ਪੁੱਛ ਕੇ ਆਉਣ ਦੀ ਲੋੜ ਹੁੰਦੀ ਆ ?.....ਮੁੰਡੇ ਨੂੰ ਦੇਖ ਕੇ ਵੀਣਾ ਬੋਲੀ ਸੀ-"ਡੈਡੀ ਇਹਦਾ ਨੱਕ ਤਾਂ ਬਿਲਕੁੱਲ ਬੀਬੀ ਵਰਗਾ।" ਮੈਂ ਆਪ ਦੇਖਿਆ। ਨੱਕ ਕੀ ਉਸ ਦਾ ਮੱਥਾ ਵੀ ਤੇਰੇ ਵਰਗਾ। ਮੈਂ ਝੂਠ ਨ੍ਹੀਂ ਬੋਲਦਾ। ਤੂੰ ਆਪ ਹੀ ਦੇਖ ਲਈਂ। ਤੈਨੂੰ ਮੇਰੇ ਦੱਸੇ ਦਾ ਇਤਬਾਰ ਨ੍ਹੀਂ ਆਉਣਾ। ਕੀ ਤੂੰ ਮੈਨੂੰ ਆਪਣੇ ਢਿੱਡੋਂ ਕੱਢੇ ਨੂੰ ਵਸਾਰ ਦੇਵੇਂਗੀ ? ਸੁੱਟ ਪਰ੍ਹੇ ਭੈੜੇ ਗੁੱਸੇ ਨੂੰ। ਸਾਰੀ ਦੁਨੀਆਂ ਇੱਕ ਪਾਸੇ। ਤੇਰਾ ਪੁੱਤ ਇੱਕ ਪਾਸੇ। ਮਾਤਾ ਸ੍ਰੀ ਚਲ। ਹੁਣ ਕੀ ਸੋਚਣ ਲੱਗ ਪਈਂ ? ਅਜੇ ਆਪਾਂ ਕਈ ਕੰਮ ਕਰਨੇ ਆ। ਤੇਰੀ ਸਲਾਹ ਨਾਲ ਲੱਡੂ ਵੰਡਣੇਂ । ਕੁੜੀਆਂ ਨੂੰ ਮਿੱਠਾ ਭੇਜਣਾ। ਤੂੰ ਹੀ ਘਰ 'ਚ ਸਿਆਣੀ। ਤੂੰ ਉੱਚੀ ਦੇਣੀ ਕਹਿ-ਮੈਂ ਪੋਤੇ ਵਾਲੀ ਬਣ ਗਈਂ। ਬੱਲੇ ਬੱਲੇ- ਮੈਂ ਦਾਦੀ ਮਾਂ ਬਣ ਗਈਂ। ਤੂੰ ਮੱਥੇ 'ਤੇ ਹੱਥ ਰੱਖ ਕੇ ਕੀ ਸੋਚਣ ਲੱਗ ਪਈਂ। ਤੈਨੂੰ ਇੱਕ ਕਹਾਣੀ ਸੁਣਾਉਣਾ। ਮੈਨੂੰ ਆਪ ਕਿਸੇ ਨੇ



ਸੁਣਾਈ ਸੀ। ਇਕ ਮੁੰਡੇ ਨੇ ਘਰਦਿਆਂ ਤੋਂ ਬਾਗੀ ਹੋ ਕੇ ਵਿਆਹ ਕਰਵਾ ਲਿਆ। ਉਸ ਦਾ ਪਿਉ ਬੜਾ ਕੱਬਾ ਸੀ। ਉਹਨੇ ਕਿਹਾ ਕਿ ਜੇ ਤੇਰਾ ਵਿਆਹ ਹੋਊਗਾ ਤਾਂ ਉਸੇ ਥਾਂ ਹੀ ਜਿਥੇ ਮੈਂ ਹਾਂ ਕਰੀ ਹੋਈ ਜਾਂ ਫੇਰ ਇਸ ਘਰ 'ਚ ਤੇਰੇ ਲਈ ਕੋਈ ਥਾਂ ਨ੍ਹੀਂ। ਸਮਝ ਲਈਂ ਤੂੰ ਮੇਰੇ ਲਈ ਮਰ ਗਿਆਂ। ਮੈਂ ਤੇਰੇ ਲਈ ਮਰ ਗਿਆਂ। ਅਗੋਂ ਮੁੰਡੇ ਨੇ ਨਾ ਹਾਂ ਕੀਤੀ। ਨਾ ਨਾਂਹ ਕੀਤੀ। ਪਿਉ ਨੂੰ ਗੁੱਸਾ ਆ ਗਿਆ। ਉਹ ਬੋਲਿਆ- 'ਮੇਰੀ ਗੱਲ ਨ੍ਹੀਂ ਮੰਨਣੀ ਤਾਂ ਹੁਣੇ ਇਥੋਂ ਦਫਾ ਹੋ ਜਾ।' ਮੁੰਡਾ ਉਹਦਾ ਵੀ ਸਿਰਾ ਨਿਕਲਿਆ। ਉਸ ਆਪਣਾ ਨਿੱਕ ਸੁੱਕ ਸੰਭਾਲਿਆ ਤੇ ਕਿਸੇ ਹੋਰ ਸ਼ਹਿਰ ਚਲਿਆ ਗਿਆ। ਮੀਆਂ-ਬੀਬੀ ਮੌਜਾਂ ਨਾਲ ਰਹਿਣ ਲੱਗੇ। ਨਾ ਕਿਸੇ ਦਾ ਹੈਹਾ। ਨਾ ਕਿਸੇ ਦਾ ਖੈਹਾ। ਪਿਉ ਨੂੰ ਮੁੰਡਾ ਯਾਦ ਨਾ ਆਇਆ। ਮੁੰਡੇ ਨੂੰ ਪਿਉ। ਇਕ ਦੂਜੇ ਦੀ ਕਿਸੇ ਨੂੰ ਲੋੜ ਹੀ ਨਾ ਪਈ। ਦੋਵੇਂ ਆਪਣੀ ਆਪਣੀ ਥਾਂ ਰਾਜ਼ੀ-ਬਾਜ਼ੀ। ਉਨ੍ਹਾਂ ਦੇ ਦੋ ਮੁੰਡੇ ਹੋਏ। ਬਹੁਤ ਹੀ ਸੋਹਣੇ। ਸੁਨੱਖੇ। ਸਿਆਣੇ। ਇੱਕ ਬੱਚੇ ਦਾ ਜਨਮ ਦਿਨ ਆ ਗਿਆ। ਉਹਨੇ ਆਪਣੀ ਮੰਮੀ ਤੋਂ ਆਪਣੇ ਬਾਬੇ ਬਾਰੇ ਪੁੱਛਿਆ। ਉਹਦੀ ਮੰਮੀ ਨੂੰ ਜੋ ਕੁਝ ਪਤਾ ਸੀ, ਉਹਨੇ ਦੱਸ ਦਿੱਤਾ। ਬੱਚੇ ਨੇ ਆਪਣੇ ਬਾਬੇ ਨੂੰ ਚਿੱਠੀ ਲਿਖੀ- 'ਬਾਬਾ ਜੀ ਮੈਂ ਤੁਹਾਨੂੰ ਆਪਣੇ ਜਨਮ ਦਿਨ 'ਤੇ ਬੁਲਾ ਰਿਹਾ ਹਾਂ। ਤੁਸੀਂ ਜ਼ਰੂਰ ਆਉਣਾ ਹੈ। ਜੇ ਤੁਸੀਂ ਨਾ ਆਏ ਤਾਂ ਮੈਂ ਆਪਣਾ ਜਨਮ ਦਿਨ ਨ੍ਹੀਂ ਮੰਨਾਉਣਾ। ਮੈਂ ਕੇਕ ਚੁੱਕ ਕੇ ਬਾਹਰ ਸੁੱਟ ਦੇਣਾ'। ਇਧਰ ਚਿੱਠੀ ਮਿਲੀ, ਉਧਰ ਬੁੜਾ ਸੋਚੀਂ ਪੈ ਗਿਆ-ਜਾਵਾਂ ਕਿ ਨਾ ਜਾਵਾਂ। ਫੇਰ ਉਹਨੂੰ ਲੱਗਾ ਕਿ ਉਹਦਾ ਆਪਣਾ ਪੋਤਾ, ਆਪਣਾ ਖ਼ੂਨ ਉਸ ਦੀ ਬੜੀ ਹੀ ਤੀਬਰਤਾ ਨਾਲ ਉਡੀਕ ਕਰ ਰਿਹਾ। ਫੇਰ ਬੁੜਾ ਗਿਆ.....ਚਲ, ਹੁਣ ਤੂੰ ਵੀ ਚਲ.....।"

"ਹਾਂ, ਤੂੰ ਮੇਰਾ ਆਪਣਾ ਖ਼ੂਨ ਹੈਂ," ਉਹ ਉੱਚੀ ਦੇਣੀ ਕਹਿੰਦੀ ਹੈ ਜਿਵੇਂ ਉਸ ਆਂਢ-ਗੁਆਂਢ ਨੂੰ ਸੁਣਾਉਣਾ ਹੋਵੇ ਕਿ ਦੇਖੋ ਉਹ ਪੋਤੇ ਵਾਲੀ ਬਣ ਗਈ ਹੈ।

ਚਲ ਮਨਾ ਹੁਣ ਜਾਣਾ ਹੀ ਪੈਣਾ। ਆਖਿਰ ਉਸਦਾ ਆਪਣਾ ਖ਼ੂਨ ਹੈ। ਬੜੇ ਚਿਰ ਬਾਅਦ ਇਸ ਘਰ ਨੇ ਖ਼ੁਸ਼ੀਆਂ ਦਾ ਮੂੰਹ ਦੇਖਿਆ ਹੈ। ਪੁੱਤਾਂ ਬਿਨਾਂ ਵੀ ਘਰ-ਘਰ ਨਹੀਂ ਲੱਗਦੇ। ਕਬਰਾਂ 'ਤੇ ਦੀਵਾ ਜਗਾਉਣ ਵਾਲਾ ਕੋਈ ਨਾ ਕੋਈ ਹੋਣਾ ਚਾਹੀਦਾ। ਪੰਮੀ ਨਾ ਬੋਲੇ ਤਾਂ ਨਾ ਸਹੀ। ਉਸ ਇਸ ਪਰਿਵਾਰ ਦੀ ਜੜ ਹਰੀ ਕੀਤੀ। ਜਿਊਂਦੀ ਵਸਦੀ ਰਹੇ। ਉਸ ਆਪਣੇ ਪੋਤੇ ਨੂੰ ਪਿਆਰ ਦੇਣਾ ਹੈ। ਜੇ ਪੰਮੀ ਨੇ ਰੋਕਿਆ ਤਾਂ ਉਹ ਬੈਠ ਜਾਵੇਗੀ। ਨਹੀਂ ਤਾਂ ਪਿਆਰ ਦੇ ਕੇ ਮੁੜ ਆਵੇਗੀ। ਉਹ ਕੋਠੜੀ ਦਾ ਦਰਵਾਜ਼ਾ ਖੋਲ੍ਹਦੀ ਹੈ। ਤੀਲਾਂ ਦੀ ਡੱਬੀ 'ਚੋਂ ਪੰਜਾਹਾਂ ਦਾ ਨੋਟ ਕੱਢਦੀ ਹੈ। ਆਪਣੇ ਆਪ ਨਾਲ ਸਲਾਹੀਂ ਪੈਂਦੀ ਹੈ। ਖਾਲੀ ਹੱਥ ਜਾਂਦੀ ਚੰਗੀ ਨਹੀਂ ਲੱਗਦੀ। ਪੰਮੀ ਨੇ ਕਿਹੜਾ ਰੱਖਣਾ। ਛਿੰਦੇ ਨੇ ਉਹ ਨੂੰ ਮੋੜ ਦੇਣਾ। ਉਸ ਵਾਪਸ ਲੈਣੇ ਨਹੀਂ। ਚੰਗਾ ਨਹੀਂ ਲੱਗਦਾ। ਉਹ ਦਾਦੀ ਹੈ। ਉਸਦਾ ਪੋਤਾ ਹੈ। ਉਸ ਪੋਤੇ ਦੀ ਮੁੱਠ 'ਚ ਫੜਾ ਦੇਣੇ। ਉਹਨੇ ਪੋਲੇ ਜਿਹੇ ਹੱਥ 'ਚ ਘੁੱਟ ਲੈਣਾ। ਅਜੇ ਉਸ ਦਾ ਇੱਕ ਪੈਰ ਬਾਹਰਲੇ ਦਰਵਾਜ਼ੇ ਦੇ ਅੰਦਰ ਸੀ ਤੇ ਦੂਜਾ ਬਾਹਰ ਕਿ ਤਾਰੋ ਆ ਜਾਂਦੀ ਹੈ। ਉਹਨੂੰ ਚਾਅ ਚੜ ਜਾਂਦਾ ਹੈ। ਤਾਰੋ ਦੀ ਸਲਾਹ ਉਸ ਲਈ ਆਖਿਰੀ ਸਲਾਹ ਹੁੰਦੀ ਹੈ। ਤਾਰੋ ਦਾ ਆਪਣੀ ਮਾਂ ਨਾਲ ਬਹੁਤ ਪਿਆਰ ਹੈ। ਇਹਨੂੰ ਪਤਾ ਲੱਗ ਜਾਵੇ ਕਿ ਮਾਂ ਮਾੜੀ ਮੋਟੀ ਢਿੱਲੀ ਹੈ ਤਾਂ ਇਹ ਆਪਣੇ ਸਾਰੇ ਕੰਮ ਛੱਡ ਕੇ ਦੌੜੀ ਆਉਂਦੀ ਹੈ। ਆਪ ਕਾਰ ਚਲਾ ਕੇ। ਇਹ ਛਿੰਦੇ ਦੇ



www.PunjabiLibrary.com

ਘੱਟ ਵੱਧ ਜਾਂਦੀ ਹੈ। ਇਹਨੂੰ ਬੁਲਾਉਣ ਪੰਮੀ ਆਪ ਆਉਂਦੀ ਹੈ। ਤਾਰੋ ਪੁੱਛਣ ਲੱਗੀ ਹੈ, "ਬੀਬੀ ਤੂੰ ਕਿੱਥੇ ਚਲੀ? ਘਰ-ਤੇਰਾ ਕਿਹੜਾ ਘਰ? ਛੱਡ ਇਹ ਮੋਹ ਮਮਤਾ ਦੇ ਝੰਜਟ। ਪਿਛਾਂਹ ਮੁੜ ਕੇ ਸਟੋਵ ਬਾਲ। ਚਾਹ ਦਾ ਕੱਪ ਬਣਾ। ਮਸ਼ੀਨ ਚਲਾ। ਤੂੰ ਪ੍ਰੇਮੋ ਦਾ ਸੂਟ ਸ਼ਾਮ ਤਕ ਦੇਣਾ। ਤੈਨੂੰ ਆਪਣਾ ਕੰਮ ਨਬੇੜਨ 'ਚ ਹੀ ਫਾਇਦਾ। ਵੀਹ ਰੁਪਏ ਮਿਲਣਗੇ। ਮੇਰੀਏ ਅੰਬੜੀਏ-ਚਿਤ ਛੋਟਾ ਨਾ ਕਰ। ਇਹ ਦੁਨੀਆਂ ਮਤਲਬ ਦੀ ਆ। ਇੱਥੇ ਕੋਈ ਕਿਸੇ ਦਾ ਵੇਲੀ ਨ੍ਹੀਂ। ਮੈਂ ਤੈਨੂੰ ਆਪਣੇ ਪਿੰਡ ਦੀ ਕਹਾਣੀ ਸੁਣਾਉਣੀ। ਸਾਡੇ ਪਿਛਾੜੀ ਇਕ ਬੁੜ੍ਹੀ ਰਹਿੰਦੀ ਸੀ ਕਰਤਾਰੋ। ਉਸ ਦੇ ਦੋਵੇਂ ਗੁਰਦੇ ਕੰਮ ਕਰਨੋਂ ਹਟ ਗਏ। ਡਾਕਟਰ ਨੇ ਕਿਹਾ ਕਿ ਜੇ ਕੋਈ ਆਪਣਾ ਇਕ ਗੁਰਦਾ ਦੇ ਦੇਵੇ ਤਾਂ ਉਹ ਬਚ ਸਕਦੀ ਆ। ਉਸ ਦੇ ਘਰਵਾਲੇ ਨੇ ਹਾਂ ਕਰ ਦਿੱਤੀ। ਪਰ ਕਰਤਾਰੋ ਨੇ ਸਿਰ ਫੇਰ ਦਿੱਤਾ। ਬੋਲੀ, "ਮੈਂ ਖਾ ਲਿਆ, ਪੀ ਲਿਆ, ਹੰਢਾ ਲਿਆ। ਵਥੇਰੀ ਦੁਨੀਆਂ ਦੇਖ ਲਈ। ਤੂੰ ਮੇਰੇ ਲਈ ਆਪਣੇ ਦਿਨ ਕਿਉਂ ਘਟਾਵੇਂ। ਮੈਂ ਤੇਰਾ ਗੁਰਦਾ ਨ੍ਹੀਂ ਲੈਣਾ।" ਉਹਦਾ ਮੁੰਡਾ ਅਮਰੀਕਾ ਰਹਿੰਦਾ ਸੀ। ਉਹਨੂੰ ਫੋਨ ਕੀਤਾ ਕਿ ਜਾਂਦੀ ਵਾਰ ਦਾ ਆ ਕੇ ਮਿਲ ਜਾ। ਉਹ ਪੰਦਰਾਂ ਦਿਨਾਂ ਬਾਅਦ ਆ ਗਿਆ। ਕਰਤਾਰੋ ਦੇ ਕਾਲਜੇ ਠੰਢ ਪੈ ਗਈ। ਉਹਨੂੰ ਲੱਗਿਆ ਕਿ ਹੁਣ ਉਹ ਸੌਖਿਆਂ ਮਰ ਸਕਦੀ। ਪਰ ਮਰਨ ਨੂੰ ਕਿਹਦਾ ਚਿਤ ਕਰਦਾ। ਕੌਣ ਇਸ ਦੁਨੀਆਂ ਨੂੰ ਛੱਡ ਕੇ ਜਾਣਾ ਚਾਹੁੰਦਾ। ਇੱਕ ਦਿਨ ਬੁੜ੍ਹੀ ਦੇ ਬਹੁਤ ਤੇਜ਼ ਵੱਟ ਉਠਿਆ। ਉਹਨੇ ਆਪਣੇ ਕੋਲ ਰਹਿੰਦੀ ਆਪਣੀ ਭਤੀਜੀ ਨੂੰ ਆਵਾਜ਼ ਮਾਰੀ। ਲੁਹਾਂਡਾ ਰੱਖਣ ਲਈ ਇਸ਼ਾਰਾ ਕੀਤਾ। ਜੰਗਲ ਪਾਣੀ ਬੈਠੀ ਨੂੰ ਖਿਆਲ ਆਇਆ ਕਿ ਜੇ ਹਵਾ ਸਰਕ ਗਈ ਤਾਂ ਰੋਟੀ ਖਾਣ ਬੈਠੇ ਮੁੰਡੇ ਕੋਲੋਂ ਰੋਟੀ ਨ੍ਹੀਂ ਖਾਧੀ ਜਾਣੀ। ਉਸ ਬੁੜ੍ਹੇ ਨੂੰ ਕੋਲ ਸੱਦਿਆ। ਕਿਹਾ ਕਿ ਜਿੰਨੀ ਦੇਰ ਮੈਂ ਉਠਦੀ ਨ੍ਹੀਂ, ਤੂੰ ਮੇਰੇ ਨਾਲ ਉੱਚੀ-ਉੱਚੀ ਗੱਲਾਂ ਕਰੀ ਜਾ। ਜਦੋਂ ਮੁੰਡਾ ਰੋਟੀ ਖਾ ਉਠਿਆ-ਫੇਰ ਮੈਨੂੰ ਉਠਾਲ ਦਈਂ। ਇਧਰ ਮੁੰਡਾ ਰੋਟੀ ਖਾ ਕੇ ਹੱਥ ਧੋਣ ਲਈ ਉੱਠਿਆ-ਉਧਰ ਕਰਤਾਰੋ ਰੱਬ ਨੂੰ ਪਿਆਰੀ ਹੋ ਗਈ। ਮੁੰਡੇ ਦੇ ਮੂੰਹੋਂ ਇਕ ਵਾਰ ਵੀ ਨ੍ਹੀਂ ਨਿਕਲਿਆ ਕਿ ਮੈਂ ਆਪਣੀ ਮਾਂ ਲਈ ਇਕ ਗੁਰਦਾ ਦੇਣ ਲਈ ਤਿਆਰ ਆਂ। ਇਹ ਤਾਂ ਘਰ ਘਰ ਦੀ ਕਹਾਣੀ ਆ। ਜਿਧਰ ਨਜ਼ਰ ਮਾਰ ਲਉ-ਉਧਰ ਇਹੋ ਮਿਲੂ।"

"..........।"

"ਪਰ। ਮਾਂ?"

"ਤੂੰ ਇਹੀ ਕਹੇਂਗੀ-ਮਾਂ ਆਖਿਰ ਮਾਂ ਹੁੰਦੀ। ਪਰ ਪੁੱਤ ਵੀ ਪੁੱਤ ਹੋਣਾ ਚਾਹੀਦਾ। ਤੂੰ ਖੜੀ-ਖੜੀ ਥੱਕ ਗਈਂ। ਦੋ ਘੜੀਆਂ ਆਰਾਮ ਕਰ ਲੈ। ਅਜੇ ਛੇ ਵਜੇ ਆ। ਚਲੇ ਜਾਈਂ। ਮੈਂ ਤੈਨੂੰ ਰੋਕਦੀ ਨ੍ਹੀਂ। ਮੈਂ ਤੇਰੀ ਦੋਖੀ ਨ੍ਹੀਂ। ਢਿੱਡੋਂ ਕੱਢੀ ਧੀ ਆਂ। ਥੋੜ੍ਹਾ ਚਿਰ ਸਬਰ ਕਰ ਲੈ। ਘਰੋਂ ਤੈਨੂੰ ਕੋਈ ਬੁਲਾਉਣ ਆਉਂਦਾ ਵੀ ਆ ਕਿ ਨ੍ਹੀਂ।"

ਊਦਮ ਕੌਰ ਦਾ ਅੱਧਾ ਦਿਨ ਬੜੀ ਅਚੋਤਾਈ 'ਚ ਬੀਤਿਆ। ਉਸਦੀਆਂ ਨਜ਼ਰਾਂ ਬਾਹਰਲੇ ਦਰਵਾਜ਼ੇ ਵੱਲ ਲੱਗੀਆਂ ਰਹੀਆਂ ਕਿ ਹੁਣ ਵੀ ਘਰੋਂ ਕੋਈ ਸੁਨੇਹਾ ਆਇਆ, ਹੁਣ ਵੀ ਕੋਈ ਬੁਲਾਉਣ ਆਇਆ। ਸਰਬਜੀਤ ਉਸਨੂੰ ਦੱਸ ਗਈ ਸੀ ਕਿ ਛਿੰਦਾ ਆਪਣੀ ਸਮਰਾਲੇ ਵਾਲੀ ਸਾਲੀ ਨੂੰ ਲੈਣ ਗਿਆ ਹੈ।



www.PunjabiLibrary.com

ਅੱਜ ਵੀਣਾ ਵੀ ਇਧਰ ਨਹੀਂ ਆਈ ਸੀ। ਕੀ ਪਤਾ ਪੰਮੀ ਨੇ ਹੀ ਰੋਕ ਦਿੱਤੀ ਹੋਵੇ ਜਾਂ ਇਹ ਵੀ ਹੋ ਸਕਦਾ ਕਿ ਉਹ ਆਪਣੀ ਮੰਮੀ ਕੋਲ ਬੈਠੀ ਹੋਵੇ। ਨਿਆਣੇ ਦਾ ਸਿਆਣੇ ਜਿੰਨਾ ਆਸਰਾ ਹੁੰਦਾ।

ਉਸ ਕੋਠੜੀ ਦਾ ਦਰਵਾਜ਼ਾ ਬੰਦ ਕਰੀ ਰੱਖਿਆ ਸੀ। ਪਰ ਠੰਢੀ, ਤੇਜ਼ ਹਵਾ ਨੇ ਨਿੱਘ ਨਹੀਂ ਆਉਣ ਦਿੱਤਾ ਸੀ। ਉਹ ਅੱਧੇ ਘੰਟੇ ਬਾਅਦ ਦਰਵਾਜ਼ਾ ਖੋਲ੍ਹ ਕੇ ਦੇਖਦੀ ਕਿ ਕੋਈ ਆਇਆ ਕਿ ਨਹੀਂ। ਵਿਹੜੇ 'ਚ ਬਣੀਆਂ ਖੁਬਲੀਆਂ 'ਚ ਪਾਣੀ ਭਰਿਆ ਪਿਆ ਸੀ। ਨਾ ਮੀਂਹ ਹਟਿਆ। ਨਾ ਉਸ ਕੋਲੋਂ ਬਾਹਰ ਜਾਇਆ ਗਿਆ।

ਗੁਰਦੁਆਰਿਉਂ ਰਹਿਰਾਸ ਦਾ ਪਾਠ ਸ਼ੁਰੂ ਹੋ ਗਿਆ। ਮੀਆਂ ਫੇਰ ਸਮਝੌਤੀਆਂ ਦੇਣ ਲੱਗਾ, "ਤੂੰ ਕਰਦੀ ਨਾ ਬੁੜ੍ਹੀਆਂ ਵਾਲੀ ਗੱਲ। ਘਰੇ ਪੰਮੀ ਇਕੱਲੀ ਆ। ਕੁੜੀਆਂ ਆਪਣਾ ਆਪ ਸੰਭਾਲ ਲੈਣ ਇਹ ਹੀ ਬੜਾ। ਤੈਨੂੰ ਜਾਣਾ ਚਾਹੀਦਾ। ਸੂਟ ਕਿਤੇ ਦੌੜ ਨ੍ਹੀਂ ਚਲਿਆ। ਰਾਤ ਨੂੰ ਸੀਂਅ ਲਈਂ। ਹੁਣੇ ਜਾ। ਪੰਮੀ ਤੈਨੂੰ ਮੂੰਹ 'ਚ ਤਾਂ ਨ੍ਹੀਂ ਪਾਉਣ ਲੱਗੀ। ਉਹ ਵੀ ਤੇਰਾ ਆਪਣਾ ਘਰ ਆ।"

ਉਸ ਦਾ ਆਪਣਾ ਮਨ ਵੀ ਜਾਣ ਨੂੰ ਕਾਹਲਾ ਪਿਆ ਸੀ। ਉਸ ਦੀ ਉਡੀਕ ਦਾ ਪਿਆਲਾ ਭਰ ਗਿਆ ਸੀ। ਉਸਨੂੰ ਕੋਈ ਕਿਉਂ ਬੁਲਾਉਣ ਆਵੇ। ਉਹ ਘਰ 'ਚ ਵੱਡੀ ਵਡੇਰੀ ਹੈ। ਪੰਮੀ ਨਹੀਂ ਬੁਲਾਉਂਦੀ ਤਾਂ ਨਾ ਬੁਲਾਵੇ। ਕੁੜੀਆਂ ਤਾਂ ਹਨ। ਉਹਦੀਆਂ ਪੋਤੀਆਂ।

ਉਹ ਘਰ ਵੱਲ ਨੂੰ ਕਾਹਲੀ-ਕਾਹਲੀ ਤੁਰ ਜਾਂਦੀ ਹੈ।

ਅਜੇ ਘਰ ਵਾਲਾ ਮੋੜ ਹੀ ਮੁੜੀ ਹੈ ਕਿ ਅਗੇਉਂ ਉਹਨੂੰ ਛਿੰਦਾ ਜਾਂਦਾ ਦਿੱਸਦਾ ਹੈ। ਉਹ ਛਿੰਦੇ ਨੂੰ ਪੁੱਛਦੀ ਹੈ, "ਤੂੰ ਕਿਧਰੋਂ ਆਇਆਂ?"

"ਮੈਂ ਇਥੇ ਹੀ ਸੀ।"

"ਤੂੰ ਮੈਨੂੰ ਵਧਾਈਆਂ ਨ੍ਹੀਂ ਦਿੱਤੀਆਂ?"

"ਮੈਂ ਭੁੱਲ ਗਿਆ। ਸਾਰਾ ਪ੍ਰਤਾਪ ਤੇਰਾ।"

ਉਸਦੇ ਕਾਲਜੇ 'ਚ ਠੰਢ ਪੈ ਗਈ।

"ਇੰਨੀ ਠੰਢ 'ਚ ਤੂੰ ਕਿਧਰ ਚਲੀਂ?"

"ਘਰੇ। ਆਪਣੇ ਪੋਤੇ ਨੂੰ ਦੇਖਣ।"

"ਪੰਮੀ ਨੇ ਮੈਨੂੰ ਕਿਹਾ ਸੀ ਕਿ ਜਿੰਨਾ ਚਿਰ ਉਹ ਤੇਰਵਾਂ ਨ੍ਹੀਂ ਨਹਾ ਲੈਂਦੀ, ਉੱਨਾ ਚਿਰ ਕਿਸੇ ਬਾਹਰਲੀ ਜਨਾਨੀ ਨੂੰ ਘਰੇ ਨ੍ਹੀਂ ਵੜਨ ਦੇਣਾ।"

ਛਿੰਦੇ ਨੇ ਹੋਰ ਵੀ ਕਿਹਾ ਹੈ। ਉਹਨੂੰ ਬਹੁਤ ਕੁਝ ਨਹੀਂ ਸੁਣਿਆ। ਉਸ ਕੰਨਾਂ 'ਚ ਉਂਗਲਾਂ ਲੈ ਲਈਆਂ ਹਨ। ਉਨ੍ਹੀਂ ਪੈਰੀਂ ਵਾਪਸ ਮੁੜ ਆਈ ਹੈ। ਸਟੋਵ ਬਾਲਦੀ ਹੈ। ਚਾਹ ਦਾ ਕਰਾਰਾ ਜਿਹਾ ਗਲਾਸ ਬਣਾਉਂਦੀ ਹੈ। ਛੋਟੇ-ਛੋਟੇ ਘੁਟ ਭਰਦੀ ਹੈ। ਉਸ ਦੇ ਸਾਹਮਣੇ ਅੱਧ ਸੀਤਾ ਸੂਟ ਪਿਆ ਹੈ। ਉਸ ਸਵੇਰ ਦੀ ਚਾਹ ਲਈ ਕਾਕੂ ਦੀ ਵਹੁਟੀ ਕੋਲੋਂ ਦੁੱਧ ਵੀ ਲੈਣ ਜਾਣਾ ਹੈ। ਕੀ ਪਤਾ ਉਹ ਆਪ ਹੀ ਦੇ ਜਾਵੇ। ਉਹ ਬੜੀ ਚੰਗੀ ਹੈ। ਸ਼ਾਇਦ ਕਿਸੇ ਨਿਆਣੇ ਦੇ ਹੱਥ ਭੇਜ ਦੇਵੇਗੀ। ਉਹ ਸੂਟ ਸੀਉਣਾ ਸ਼ੁਰੂ ਕਰਦੀ ਹੈ। ਆਪਣੇ ਆਪ ਨਾਲ ਗੱਲੀਂ ਪੈ ਜਾਂਦੀ ਹੈ, "ਮੈਂ ਤਾਂ ਭੁੱਲ ਹੀ ਗਈ ਸੀ। ਤੂੰ ਸਵੇਰੇ ਵਿਆਹ 'ਤੇ ਜਾਣਾ। ਹੁਣ ਤੇਰਾ ਸੂਟ ਸੀਂਅ ਕੇ ਹੀ ਰੋਟੀ ਪਕਾਊਂਗੀ। ਤੂੰ ਮੇਰੇ ਵੱਲ ਗੇੜਾ ਨਾ ਮਾਰੀਂ- ਮੈਂ ਆਪ ਦੇਣ ਆਊਂ। ਪਹਿਲਾਂ ਟੇਪ ਰਿਕਾਰਡ ਤੇ ਸ੍ਰੀ ਨਗਰੀਏ ਭਾਈ ਦੇ ਸ਼ਬਦਾਂ ਦੀ ਕੈਸਿਟ ਲਾ ਲਵਾਂ....।" ਤੇ ਇਸੇ ਵਿਚਕਾਰ ਉਧੇੜ ਬੁਣ 'ਚ ਫਸੀ ਦੇ ਮੂੰਹੋਂ ਅਚਨਚੇਤ ਇਹ ਵੀ ਨਿਕਲਦਾ ਹੈ, "ਪੰਮੀ ਦਾ ਮੁੰਡਾ ਬਾਅਦ ਵਿਚ ਹੋਊ। ਪਹਿਲਾਂ ਉਹ ਮੇਰਾ ਪੋਤਾ ਆ। ਮੇਰਾ ਆਪਣਾ ਖ਼ੂਨ।

## ਬਿਨਾਂ ਵਜ੍ਹਾ ਤਾਂ ਨਹੀਂ

ਪਹਿਲਾਂ ਥੋੜ੍ਹਾ ਕੁ 'ਬੈੱਕ ਗਰਾਊਂਡ' ਵਜੋਂ ਦੱਸਲਾਂ। ਇਹ ਸ਼ਬਦ ਸਹੂਲਤ ਲਈ ਘੜਣਾ ਪਿਆ। ਤੁਹਾਡੀ ਤੇ ਕਈ ਹੋਰਾਂ ਦੀ ਸਹੂਲਤ ਲਈ। ਮੇਰੇ ਆਪਣੇ ਵਿਚਾਰ 'ਚ ਇਹ ਉਹ ਨਹੀਂ ਜਿਹਨੂੰ ਤੁਸੀਂ ਸਮਝ ਬੈਠੋਗੇ।

ਤਿੰਨ ਪਾਤਰ ਹਨ।

ਦੁਰਗਾਦਾਸ ਕਲੇਰ।

ਗਿਆਨੋ।

ਤੇ ਬੱਬਾ।

ਮੈਂ ਇਹ ਦੇ ਟੁੱਟਵੇਂ-ਟੁੱਟਵੇਂ ਐਪੀਸੋਡਸ ਦੀ ਸ਼ੂਟਿੰਗ ਕਰ ਰਿਹਾਂ। ਇਹ ਦਾ ਕੋਈ ਬੱਝਵਾਂ ਸ਼ਿਊਲਡ ਨਹੀਂ ਰੱਖਿਆ। ਸ਼ੂਟਿੰਗ ਤਾਂ ਕਿਤੋਂ ਵੀ ਸ਼ੁਰੂ ਕੀਤੀ ਜਾ ਸਕਦੀ। ਮੁੱਢੋਂ। ਵਿਚਕਾਰੋਂ। ਜਾਂ ਨਾ ਵਿਚਕਾਰੋਂ। ਨਾ ਮੁੱਢੋ। ਆਖਰ 'ਚੋਂ। ਪਹਿਲਾਂ ਮੇਰੇ ਕੋਲ ਕਹਾਣੀ ਹੁੰਦੀ ਆ। ਹੱਡਬੀਤੀ ਵੀ। ਜੱਗਬੀਤੀ ਵੀ। ਰੁਕ-ਰੁਕ ਕੇ ਮੇਰੀ ਕਲਪਨਾ ਦੇ ਕਬੂਤਰ ਉਡਦੇ ਆ। ਕਦੇ-ਕਦੇ ਮੈਂ ਆਪ ਵੀ ਇਨ੍ਹਾਂ ਨੂੰ ਉਡਾਉਣਾ ਹੁੰਨਾ। ਸਵੇਰ ਨੂੰ। ਸ਼ਾਮ ਨੂੰ। ਸੌਣ ਲੱਗਿਆਂ। ਫੇਰ ਕੰਮ ਸ਼ੁਰੂ ਕਰਦਾਂ। ਕਿਤਿਉਂ ਵੀ। ਉਦੋਂ ਮੈਨੂੰ ਬਹੁਤਾ ਸੋਚਣਾ ਨਹੀਂ ਪੈਂਦਾ। ਬਹੁਤੀ ਲੇਬਰ ਨਹੀਂ ਕਰਨੀ ਪੈਂਦੀ। ਕਈ ਕੁਝ ਅਵਚੇਤਨ 'ਚੋਂ ਮਿਲਦਾ। ਪਤਾ ਨਹੀਂ ਲੱਗਦਾ- ਇਹ ਕਿਥੋਂ-ਕਿਥੋਂ ਆਇਆ ਹੁੰਦਾ। ਕਿਥੋਂ-ਕਿਥੋਂ ਦੀਆਂ ਤੰਦਾਂ ਜੁੜੀਆਂ ਹੁੰਦੀਆਂ। ਕਈ ਕੁਝ ਤਾਂ ਮੇਰੇ ਚਿਤ-ਚੇਤੇ 'ਚ ਵੀ ਨਹੀਂ ਹੁੰਦਾ। ਮੈਨੂੰ ਖੁਦ 'ਤੇ ਹੈਰਾਨੀ ਹੁੰਦੀ।

ਇਸ ਟੈਲੀਫ਼ਿਲਮ ਦਾ ਆਖਿਰੀ ਹਿੱਸਾ ਮੈਨੂੰ ਬੜਾ ਚੰਗਾ ਲੱਗਦਾ। ਪਹਿਲਾਂ ਮੈਂ ਇਹ ਨੂੰ ਹੀ ਫਿਲਮਾਇਆ। ਹੁਣ ਮੇਰੀ ਇਕੋ ਹੀ ਸਮੱਸਿਆ ਕਿ ਇਹ ਨੂੰ ਸ਼ੁਰੂ ਕਿਥੋਂ ਕਰਾਂ। ਬਹੁਤ ਵੱਡੀ ਸਮੱਸਿਆ। ਪਹਿਲਾਂ ਕਦੇ ਮੇਰੇ ਨਾਲ ਅਜਿਹਾ ਨਹੀਂ ਹੋਇਆ। ਸ਼ੁਰੂਆਤ ਤੇ ਅੰਤ ਬਾਰੇ ਮੈਂ ਸਪੱਸ਼ਟ ਹੁੰਨਾ। ਬਹੁਤੀਆਂ ਤਬਦੀਲੀਆਂ ਵਿਚਕਾਰ ਹੀ ਕਰਨੀਆਂ ਪੈਂਦੀਆਂ। ਪਰ ਗਿਆਨੋ ਦੀ ਸੋਚਣੀ ਨੇ ਮੈਨੂੰ ਦੋਚਿਤੀ 'ਚ ਫਸਾ ਰੱਖਿਆ। ਉਦੋਂ ਤੋਂ ਹੀ ਜਦੋਂ ਤੋਂ ਮੈਂ ਇਸ 'ਤੇ ਕੰਮ ਕਰਨਾ ਸ਼ੁਰੂ ਕੀਤਾ। ਇਹ ਅਜੇ ਹੱਲ ਨਹੀਂ ਹੋਈ। ਸ਼ਾਇਦ ਸਾਰੀ ਸ਼ੂਟਿੰਗ ਕਰਨ ਤੋਂ ਬਾਅਦ ਇਹ ਦਾ ਸਿਰਾ ਫੜਲਾਂ।



www.PunjabiLibrary.com

ਇਹ ਨੂੰ ਸ਼ੁਰੂ ਕਰਨ ਦੇ ਪੰਜ ਐਪੀਸੋਡ ਆ। ਇਨ੍ਹਾਂ 'ਚੋਂ ਇਕ ਤੁਹਾਨੂੰ ਦੱਸਦਾਂ। ਇਹ ਫੈਸਲਾ ਅਜੇ ਕਰਨਾ ਕਿ ਇਨ੍ਹਾਂ 'ਚੋਂ ਕਿਹੜਾ ਢੁੱਕਵਾਂ ਹੋਵੇਗਾ। ਜਾਂ ਮੈਨੂੰ ਚੰਗਾ ਲੱਗੇਗਾ। ਹੋ ਸਕਦਾ ਕਿ ਮੈਂ ਕੋਈ ਅਜਿਹੀ ਥਾਂ ਹੀ ਚੁਣ ਲਵਾਂ ਜਿਹੜੀ ਕਿ ਚਿੰਨ੍ਹਾਤਮਕ ਹੋਵੇ।

ਹਾਲ ਦੀ ਘੜੀ ਮੈਂ ਟੈਲੀਫ਼ਿਲਮ ਇਥੋਂ ਸ਼ੁਰੂ ਕੀਤੀ ਹੈ।

"ਤੂੰ ਸ਼ੀਲਾ ਨੂੰ ਫੋਨ ਕੀਤਾ ਸੀ ?"

"ਨ੍ਹੀਂ।"

"ਭੋਲੀ ਨੂੰ ?"

"ਨ੍ਹੀਂ।"

"ਕਿਉਂ ?"

"ਖਿਆਲ ਹੀ ਨ੍ਹੀਂ ਰਿਹਾ।"

"ਐਨੀ ਖ਼ੁਸ਼ੀ ਹੋਈ ਸੀ ?"

"ਨ੍ਹੀਂ।"

"ਮੈਨੂੰ ਪਤਾ-ਤੂੰ ਖ਼ੁਸ਼ ਹੋਏ ਬਿਨਾਂ ਨ੍ਹੀਂ ਰਹਿ ਸਕਦਾ।"

"ਮੈਨੂੰ ਤਾਂ ਇਸ ਗੱਲ ਦਾ ਪਤਾ ਨ੍ਹੀਂ ਲੱਗਿਆ।"

"ਪਹਿਲਾਂ ਕੁੜੀਆਂ ਨੂੰ ਦੱਸਣਾ ਚਾਹੀਦਾ ਸੀ। ਜਿੰਨਾ ਚਿਰ ਉਨ੍ਹਾਂ ਨੂੰ ਪਤਾ ਨਾ ਲੱਗਾ ਉੱਨਾ ਚਿਰ ਉਨ੍ਹਾਂ ਦਾ ਧਿਆਨ ਇਧਰ ਹੀ ਲੱਗਾ ਰਹਿਣਾ।"

"ਸਵੇਰ ਨੂੰ ਫੋਨ ਕਰੂੰ। ਜਾਂ ਤੂੰ ਆਪ ਹੀ ਉਨ੍ਹਾਂ ਨੂੰ ਮਿਲ ਆਈਂ ਤੇ ਦੱਸ ਆਈਂ।"

"ਮੈਂ ਤਾਂ ਜਾਊਂਗੀ ਹੀ।"

"ਐਨੀ ਕਾਹਲੀ ਨਾ ਪਿਆ ਕਰ।"

"ਉਨ੍ਹਾਂ ਬਿਨਾਂ ਸਾਡਾ ਹੈ ਵੀ ਕੌਣ ?"

ਹੁਣ ਇਹ ਨੇ ਨਹੀਂ ਬੋਲਣਾ। ਘੰਟਾ। ਦੋ ਘੰਟੇ। ਜਾਂ ਸਾਰੀ ਰਾਤ ਵੀ।

ਇਹ ਨੂੰ ਦੌਰਾ ਪੈਣ ਲੱਗਾ ਹੈ। ਉਹੀ ਦੌਰਾ ਜਿਹੜਾ ਕਿ ਇਹ ਨੂੰ ਪਹਿਲੀ ਵਾਰ ਬੱਬੇ ਦੀ ਲਾਸ਼ ਦੇਖ ਕੇ ਪਿਆ ਸੀ। ਸਮਸ਼ਾਨ ਘਾਟ 'ਚੋਂ ਮੁੜਦੀ ਹੋਈ ਧੜੱਮ ਕਰਕੇ ਡਿੱਗ ਪਈ ਸੀ। ਫੇਰ ਇਹ ਪੰਜੀਂ ਸੱਤੀਂ ਦਿਨੀਂ ਪੈਣ ਲੱਗਾ ਸੀ। ਫੇਰ ਮਹੀਨੇ ਬਾਅਦ। ਹੁਣ ਇਹ ਦਾ ਕੋਈ ਬੱਝਵਾਂ ਸਮਾਂ ਨਹੀਂ ਰਿਹਾ। ਕਈ-ਕਈ ਮਹੀਨੇ ਲੰਘ ਜਾਂਦੇ। ਲੱਗਦਾ ਹੀ ਨਾ ਕਿ ਇਥੇ ਕੋਈ ਟਰੈਜਡੀ ਵਾਪਰੀ ਆ। ਉਹ ਕੰਮ ਕਰਦੀ ਨਾ ਥੱਕਦੀ। ਨਾ ਅੱਕਦੀ। ਪਰ ਜਦੋਂ ਦੌਰਾ ਪੈਂਦਾ-ਫੇਰ ਇਹਨੂੰ ਆਪਣੀ ਸੁੱਧ-ਬੁੱਧ ਨਾ ਰਹਿੰਦੀ। ਕਲਬੂਤ ਬਣੀ, ਜਿਥੇ ਬੈਠ ਗਈ-ਮੁੜ ਉਠਣ ਦਾ ਨਾਂ ਨਾ ਲੈਂਦੀ। ਟਿਕਟਿਕੀ ਲਾ ਕੇ ਬਾਹਰਲੇ ਦਰਵਾਜ਼ੇ ਵੱਲ ਦੇਖਣ ਲੱਗ ਜਾਂਦੀ। ਦੁਰਗਾਦਾਸ ਲੱਖ ਆਵਾਜ਼ਾਂ ਮਾਰੀ ਜਾਵੇ-ਅਗੋਂ ਇਹ ਕੁਝ ਨਾ ਬੋਲਦੀ। ਇਹ ਰੁੱਕ-ਰੁੱਕ ਕੇ 'ਹੇ ਰਾਮ' ਕਹਿੰਦੀ। ਮੂੰਹ 'ਤੇ ਹੱਥ ਫੇਰਦੀ। ਫੇਰ 'ਹੇ ਰਾਮ' ਕਹਿੰਦੀ। ਲੰਬੀ ਸੁਰ 'ਚ। ਅੱਖਾਂ ਬੰਦ ਕਰੀ। ਕੋਈ ਹਿਲਜੁਲ ਨਾ ਹੁੰਦੀ। ਘੰਟਾ-ਡੇਢ ਘੰਟਾ ਬੀਤ ਜਾਂਦਾ। ਦੁਰਗਾਦਾਸ ਡਰ ਜਾਂਦਾ।



ਇੱਕ ਦਿਨ ਗਿਆਨੋ ਢੇਰੀ ਢਾਹ ਬੈਠੀ ਸੀ ਤਾਂ ਉਹਨੇ ਉਰਲੀਆਂ-ਪਰਲੀਆਂ ਮਾਰ ਕੇ ਇਹ ਸਾਖੀ ਸੁਣਾਈ ਸੀ, "ਇੱਕ ਦਿਨ ਬਾਬਾ ਨਾਨਕ ਤੇ ਮਰਦਾਨਾ ਸਿਆਲਕੋਟ ਵੱਲ ਜਾ ਰਹੇ ਸੀ। ਉਨ੍ਹਾਂ ਸ਼ਹਿਰੋਂ ਬਾਹਰ ਡੇਰਾ ਲਾ ਲਿਆ। ਮਰਦਾਨੇ ਨੇ ਪੁੱਛਿਆ-'ਗੁਰੂ ਦੇਵ, ਸੱਚ ਕੀ ਆ ? ਝੂਠ ਕੀ ਆ ?' ਬਾਬਾ ਜੀ ਨੇ ਮਰਦਾਨੇ ਵੱਲ ਦੇਖਿਆ। ਉਨ੍ਹਾਂ ਸੋਚਿਆ-ਇਹਨੂੰ ਕਿਹੜੇ ਭਰਮ ਨੇ ਘੇਰ ਲਿਆ। ਉਨ੍ਹਾਂ ਨੇ ਮਰਦਾਨੇ ਨੂੰ ਦੋ ਪੈਸੇ ਦਿੱਤੇ। ਕਿਹਾ, 'ਜਾਹ, ਸ਼ਹਿਰ ਜਾਹ। ਉਥੇ ਮੂਲਾ ਖੱਤਰੀ ਹੋਣਾ। ਉਹਨੂੰ ਕਹੀਂ-ਇੱਕ ਪੈਸੇ ਦਾ ਸੱਚ ਦੇ ਦੇ। ਇੱਕ ਪੈਸੇ ਦਾ ਝੂਠ।' ਮਰਦਾਨਾ ਦੁਕਾਨੇ ਚਲਾ ਗਿਆ। ਉਹਨੇ ਸੱਚ ਤੇ ਝੂਠ ਮੰਗਿਆ। ਮੂਲੇ ਨੇ ਮਰਦਾਨੇ ਵੱਲ ਹੈਰਾਨੀ ਨਾਲ ਦੇਖਿਆ। ਪੈਸੇ ਫੜ ਲਏ। ਦੋ ਪੁੜੀਆਂ ਬੰਨ ਦਿੱਤੀਆਂ। ਮਰਦਾਨੇ ਨੇ ਦੋਵੇਂ ਪੁੜੀਆਂ ਬਾਬੇ ਨੂੰ ਲਿਆ ਫੜਾਈਆਂ। ਬਾਬੇ ਨੇ ਮਰਦਾਨੇ ਨੂੰ ਕਿਹਾ ਕਿ ਪੁੜੀਆਂ ਖੋਲ੍ਹ। ਪੜ੍ਹ ਕੇ ਸੁਣਾ। ਮਰਦਾਨੇ ਨੇ ਪਹਿਲੀ ਪੁੜੀ ਖੋਲ੍ਹੀ। ਲਿਖਿਆ ਸੀ-ਮਰਨਾ ਸੱਚ ਹੈ। ਦੂਜੀ 'ਤੇ ਲਿਖਿਆ ਸੀ- ਜੀਊਣਾ ਝੂਠ ਹੈ।"

ਇੱਕ ਉਦਰ ਜਾਂਦਾ ਤਾਂ ਦੂਜਾ ਸੰਭਾਲਦਾ। ਉਹ ਸੁਣੀਆਂ ਸੁਣਾਈਆਂ ਕਥਾ ਕਹਾਣੀਆਂ ਇੱਕ ਦੂਜੇ ਨੂੰ ਸੁਣਾਉਂਦੇ।

ਐਦਾਂ ਹੀ ਇੱਕ ਦਿਨ ਗਿਆਨੋ ਨੇ ਉਹਨੂੰ ਇਹ ਕਹਾਣੀ ਸੁਣਾਈ ਸੀ, "ਕਹਿੰਦੇ ਮੌਤ ਦਾ ਸਮਾਂ ਨਿਸ਼ਚਤ ਹੁੰਦਾ। ਇੱਕ ਪਲ ਵੀ ਇਧਰ ਦੀ ਉਧਰ ਨ੍ਹੀਂ ਹੋ ਸਕਦਾ। ਆਹ ਕਹਾਣੀ ਮੈਨੂੰ ਇੱਕ ਸੌ ਦਸ ਵਾਲੀ ਨੇ ਸੁਣਾਈ ਸੀ। ਇੱਕ ਰਾਜਾ ਸੀ। ਉਹਦੀ ਦੂਰ-ਦੂਰ ਤੱਕ ਬੱਲੇ ਬੱਲੇ ਸੀ। ਇੱਕ ਦਿਨ ਰਾਜ ਜੋਤਸ਼ੀ ਨੇ ਭਵਿੱਖਬਾਣੀ ਕੀਤੀ ਕਿ ਰਾਜਾ ਦੀ ਮੌਤ ਸੱਪ ਲੜਨ ਨਾਲ ਹੋਵੇਗੀ। ਇਹ ਸੁਣ ਕੇ ਰਾਜੇ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹਨੇ ਆਪਣੇ ਵਜ਼ੀਰਾਂ ਦੀ ਮੀਟਿੰਗ ਸੱਦ ਲਈ। ਸਾਰਿਆਂ ਦੇ ਵਿਚਾਰ ਸੁਣੇ। ਆਖਰ ਵਿਚ ਇਹ ਫੈਸਲਾ ਹੋਇਆ ਕਿ ਇੱਕ ਅਜਿਹੀ ਕਿਸ਼ਤੀ ਬਣਾਈ ਜਾਵੇ ਜਿਸ ਦੇ ਚਹੁੰ ਪਾਸੀਂ ਬਲੇਡ ਲੱਗੇ ਹੋਣ। ਜਿਹੜਾ ਵੀ ਜਾਨਵਰ ਨੇੜੇ ਆਵੇ-ਵੱਢਿਆ ਜਾਵੇ। ਕਿਸ਼ਤੀ ਬਣ ਗਈ। ਰਾਜਾ ਤੇ ਰਾਣੀ ਕਿਸ਼ਤੀ 'ਤੇ ਸਵਾਰ ਹੋ ਕੇ ਝੀਲ ਦੇ ਵਿਚਕਾਰ ਰਹਿਣ ਲੱਗੇ। ਵਜ਼ੀਰਾਂ ਤੋਂ ਬਿਨਾਂ ਰਾਜੇ ਨੂੰ ਕੋਈ ਵੀ ਮਿਲ ਨ੍ਹੀਂ ਸਕਦਾ ਸੀ। ਵਜ਼ੀਰ ਵੀ ਹਫ਼ਤੇ 'ਚ ਸਿਰਫ਼ ਇੱਕ ਵਾਰ ਮਿਲਣ ਜਾਂਦੇ। ਰਾਜੇ ਦੇ ਹੁਕਮ ਲੈ ਕੇ ਮੁੜ ਆਉਂਦੇ। ਰਾਜ ਜੋਤਸ਼ੀ ਦੀ ਭਵਿੱਖਬਾਣੀ ਵੀ ਸੱਚੀ ਹੋਣੀ ਸੀ। ਰਾਜੇ ਨੂੰ ਖ਼ੁਸ਼ ਕਰਨ ਲਈ ਇੱਕ ਦਿਨ ਵੱਡਾ ਵਜ਼ੀਰ ਫੁੱਲਾਂ ਦਾ ਗੁਲਦਸਤਾ ਲੈ ਕੇ ਗਿਆ। ਇਧਰ ਉਹਨੇ ਗੁਲਦਸਤਾ ਭੇਂਟ ਕੀਤਾ ਉਧਰ ਫੁੱਲਾਂ 'ਚ ਲੁੱਕ ਕੇ ਬੈਠੇ ਸੱਪ ਨੇ ਰਾਜੇ ਦੇ ਹੱਥ 'ਤੇ ਡੰਗ ਮਾਰਿਆ। ਹਕੀਮ ਆਉਂਦੇ ਇਸ ਤੋਂ ਪਹਿਲਾਂ ਹੀ ਰਾਜੇ ਨੇ ਦਮ ਤੋੜ ਦਿੱਤਾ।"

ਦੁਰਗਾਦਾਸ ਗਿਆਨੋ ਵੱਲ ਵਾਰ-ਵਾਰ ਦੇਖਦਾ ਹੈ। ਉਸ ਨੂੰ ਜ਼ੋਰਾਂ ਦੀ ਭੁੱਖ ਲੱਗੀ ਹੈ। ਜਾਣ ਲੱਗਿਆਂ ਗਿਆਨੋ ਨੇ ਚਾਰ ਪਰਾਉਂਠੇ ਬੰਨ ਦਿੱਤੇ ਸਨ। ਉਸ ਨੂੰ ਖਾਣ ਦਾ ਮੌਕਾ ਹੀ ਨਹੀਂ ਮਿਲਿਆ ਸੀ। ਉਹ ਉਠਦਾ ਹੈ। ਰਸੋਈ 'ਚ ਜਾ ਕੇ ਇੱਕ ਪਰਾਉਂਠਾ ਖਾਂਦਾ ਹੈ। ਪਾਣੀ ਦਾ ਗਲਾਸ ਪੀਂਦਾ ਹੈ। ਗਿਆਨੋ ਨੂੰ ਰੋਟੀ ਦਾ ਪੁੱਛਣਾ ਚਾਹੁੰਦਾ ਹੈ। ਪਰ ਪੁੱਛਦਾ ਨਹੀਂ। ਮੁੜ ਕੰਧ ਨਾਲ ਢੋਅ ਲਾ ਲੈਂਦਾ ਹੈ। ਬੀੜੀ ਬਾਲਦਾ ਹੈ। ਇੰਤਜ਼ਾਰ ਕਰਦਾ ਹੈ ਕਿ ਕਦੋਂ ਉਹ ਕੁਝ ਹੋਰ ਪੁੱਛੇ।



www.PunjabiLibrary.com

ਜਲਦੀ ਹੀ ਉਸ ਦੇ ਸਬਰ ਦਾ ਬੰਨ ਟੁੱਟ ਜਾਂਦਾ ਹੈ।

ਉਹ ਗਿਆਨੋ ਕੋਲ ਆ ਬੈਠਦਾ ਹੈ।

"ਆਪਾਂ ਸਿਰਫ ਦੋ ਜੀਅ ਆਂ। ਘਰ ਦਾ ਮਕਾਨ ਆ। ਦੋ ਰੋਟੀਆਂ ਖਾਣੀਆਂ ਹੁੰਦੀਆਂ। ਦੋਹਾਂ 'ਚੋਂ ਇੱਕ ਜਣਾ ਵੀ ਕੰਮ ਕਰ ਲਵੇ ਤਾਂ ਗੁਜ਼ਾਰਾ ਚਲਦਾ ਰਹਿਣਾ। ਜੁਆਈ ਨੇਕ ਮਿਲੇ। ਕੁੜੀਆਂ ਨੂੰ ਕੋਈ ਚੀਜ਼ ਲੈ ਕੇ ਦਈਏ ਤਾਂ ਉਹ ਲੈ ਜਾਂਦੀਆਂ ਨ੍ਹੀਂ। ਇਥੇ ਛੱਡ ਜਾਂਦੀਆਂ। ਆਪ ਕਦੇ ਖਾਲੀ ਹੱਥ ਨ੍ਹੀਂ ਆਉਂਦੀਆਂ। ਕੋਈ ਨਾ ਕੋਈ ਚੀਜ਼ ਖਰੀਦ ਕੇ ਰੱਖ ਜਾਂਦੀਆਂ। ਹੁਣ ਦੋਵੇਂ ਭੈਣਾਂ ਸਲਾਹ ਬਣਾਈ ਫਿਰਦੀਆਂ ਕਿ ਆਪਾਂ ਨੂੰ ਟੈਲੀਵਿਜ਼ਨ ਲੈ ਕੇ ਦੇਣਾ। ਹੈ ਨਾ ਉਲਟੀ ਗੱਲ। ਮੈਂ ਧੀਆਂ ਕੋਲੋਂ ਲੈਂਦਾ ਚੰਗਾ ਲੱਗਦਾਂ। ਉਨ੍ਹਾਂ ਨੂੰ ਕੌਣ ਸਮਝਾਵੇ। ਕਹਿ ਦਿੰਦੀਆਂ-ਅਸੀਂ ਕਿਹੜਾ ਕਿਸੇ ਕੋਲੋਂ ਮੰਗਣਾ। ਆਪਣੀ ਹੱਕ ਹਲਾਲ ਦੀ ਕਮਾਈ ਦਾ ਲੈਣਾ।"

"ਟੀ.ਵੀ. ਤਾਂ ਆਪਾਂ ਜ਼ਰੂਰ ਲੈਣਾ। ਦੋ ਘੜੀਆਂ ਦੇਖ ਲਿਆ ਕਰਾਂਗੇ। ਦਸ ਨੰ. ਵਾਲੀ ਕਹਿੰਦੀ ਸੀ ਕਿ ਬਿਨਾਂ ਵਿਆਜ ਦਿੱਤਿਆਂ ਕਿਸ਼ਤਾਂ 'ਤੇ ਮਿਲ ਜਾਂਦਾ। ਰੰਗੀਨ ਟੀ. ਵੀ. ਵੀ। ਰੰਗੀਨ ਕੀ ਕਰਨਾ। ਕਾਲਾ-ਚਿੱਟਾ ਹੀ ਠੀਕ ਆ। ਢਾਈ ਤਿੰਨ ਹਜ਼ਾਰ ਦਾ ਆ ਜਾਣਾ। ਸ਼ਾਇਦ ਦਸ ਨੰ. ਵਾਲੀ ਲੈ ਦੇਵੇ। ਉਹ ਬੜੀ ਮਿਹਰਬਾਨ ਬੁੜੀ ਆ। ਚੰਗੇ ਰੌਅ 'ਚ ਹੋਵੇ ਤਾਂ ਪੈਸੇ ਖਰਚ ਕਰਨ ਲੱਗੀ ਕਿਰਸ ਨ੍ਹੀਂ ਕਰਦੀ।"

ਦੁਰਗਾਦਾਸ ਇਹ ਨੂੰ ਸਲਾਹੀਂ ਪਾਉਂਦਾ ਹੈ। ਪਰ ਬਹੁਤਾ ਚਿਰ ਨਹੀਂ। ਉਸ ਇਕੱਲੇ ਨੇ ਵੀ ਕਿੰਨਾ ਕੁ ਬੋਲ ਲੈਣਾ ਸੀ। ਜਦੋਂ ਇਹ ਹੁੰਗਾਰਾ ਭਰਨੋਂ ਵੀ ਹਟ ਗਈ ਤਾਂ ਉਹ ਫੇਰ ਆਪਣੇ ਮੰਜੇ 'ਤੇ ਆ ਪੈਂਦਾ ਹੈ।

ਉਹ ਨੂੰ ਅਚੋਤਾਈ ਲੱਗੀ ਹੋਈ ਹੈ। ਉਹ ਦਾ ਮਨ ਉਹ ਦੇ ਵਸ 'ਚ ਨਹੀਂ ਹੈ। ਕਈ ਖਿਆਲ ਆਉਂਦੇ ਹਨ। ਸਰੀਰ ਫੋੜੇ ਵਾਂਗ ਦੁੱਖ ਰਿਹਾ ਹੈ। ਉਹ ਥੱਕਿਆ ਹੋਇਆ ਹੈ। ਜਲਦੀ ਸੌਣਾ ਚਾਹੁੰਦਾ ਹੈ। ਪਰ ਨੀਂਦ ਉਹ ਦੇ ਨੇੜੇ ਤੇੜੇ ਨਹੀਂ ਲੱਗਦੀ। ਐਦਾਂ ਉਦਾਂ ਦੀਆਂ ਸੋਚਾਂ 'ਚ ਪਿਆ ਹੀ ਉਹ ਤ੍ਰਬਕਦਾ ਹੈ। ਉਸ ਨੂੰ ਲੱਗਦਾ ਹੈ ਜਿਵੇਂ ਕਿਸੇ ਨੇ ਕਿਹਾ ਹੋਵੇ, "ਤੂੰ ਕਮੀਨਾ ਹੈਂ।" ਇਹ ਕਿਹਨੇ ਕਿਹਾ ਹੈ। ਗਿਆਨੋ ਨੇ ਜਾਂ ਕਿਸੇ ਹੋਰ ਨੇ। ਦੁਪਹਿਰ ਤੋਂ ਬਾਅਦ ਉਹ ਕਈ ਵਾਰ ਇਹੀ ਸ਼ਬਦ ਸੁਣ ਚੁੱਕਾ ਹੈ। ਉਦੋਂ ਵੀ ਜਦੋਂ ਉਹ ਵਕੀਲ ਦੇ ਖੋਖੇ ਦੇ ਬਾਹਰ ਪਏ ਬੈਂਚ 'ਤੇ ਚੌਕੜੀ ਮਾਰ ਕੇ ਬੈਠਾ ਸੀ। ਬੀੜੀ ਲਾਈ। ਇਹੀ ਆਵਾਜ਼ ਸੀ। ਜਨਾਨਾ ਆਵਾਜ਼। ਉਹਨੂੰ ਇਹ ਆਪਣਾ ਭਰਮ ਲੱਗਾ ਸੀ। ਕਈ ਦਿਨਾਂ ਤੋਂ ਉਸ ਬਹੁਤ ਸਾਰੀਆਂ ਆਵਾਜ਼ਾਂ ਸੁਣੀਆਂ ਸਨ। ਇਹ ਇੱਕ ਅੱਧ ਦਿਨ ਤੱਕ ਯਾਦ ਰਹਿੰਦੀਆਂ। ਫੇਰ ਉਹ ਭੁੱਲ ਜਾਂਦਾ। ਪਰ ਇਸ ਆਵਾਜ਼ ਨੇ ਉਸ ਦਾ ਪਿੱਛਾ ਨਹੀਂ ਛੱਡਿਆ ਸੀ। ਆਵਾਜ਼ ਖੱਬੇ ਪਾਸਿਉਂ ਆਉਂਦੀ ਸੀ। ਉਸ ਨੇ ਇਹਨੂੰ ਦੁਰਕਾਰ ਦਿੱਤਾ ਸੀ। ਜਿਵੇਂ ਕੋਈ ਕਿਸੇ ਆਵਾਰਾ ਕੁੱਤੇ ਨੂੰ ਦੁਰਕਾਰਦਾ ਹੈ। ਉਸ ਦੇ ਸਾਹਮਣੇ ਉਹੀ ਬਜ਼ੁਰਗ ਆ ਖੜਦਾ। ਉਹ ਉਸ ਨੂੰ 'ਬਜ਼ੁਰਗਾ' ਕਹਿ ਕੇ ਬੁਲਾਉਂਦਾ। ਬਜ਼ੁਰਗ ਉਸ ਦਾ ਨਾਂ ਲੈ ਕੇ ਗੱਲਾਂ ਕਰਦਾ। ਉਸ ਦਾ ਕੇਸ ਵੀ ਉਸੇ ਵਕੀਲ ਨੇ ਫੜਿਆ ਹੋਇਆ ਸੀ। ਸਬੱਬ ਨਾਲ ਦੋਹਾਂ ਦੀਆਂ ਤਰੀਕਾਂ ਇਕੋ ਦਿਨ ਦੀਆਂ ਆਉਂਦੀਆਂ। ਉਹ ਇਕੱਠੇ ਰੋਟੀ ਖਾਂਦੇ। ਚਾਹ ਪੀਂਦੇ। ਦੁਰਗਾਦਾਸ



ਬੀੜੀ ਪੀਂਦਾ। ਬਜ਼ੁਰਗ ਸਿਗਰੇਟ। ਉਹ ਨੂੰ ਬੀੜੀ ਪੀ ਕੇ ਸਬਰ ਨਾ ਆਉਂਦਾ। ਦੁਰਗਾਦਾਸ ਨੂੰ ਸਿਗਰੇਟ ਦਾ ਸੁਆਦ ਬਕਬਕਾ ਲੱਗਦਾ। ਉਹ ਛੋਟੀਆਂ-ਵੱਡੀਆਂ ਗੱਲਾਂ ਕਰਦੇ। ਦੁਰਗਾਦਾਸ ਨੂੰ ਉਹ ਆਪਣਾ ਕੋਈ ਵੱਡਾ-ਵਡੇਰਾ ਲੱਗਦਾ। ਉਹ ਦੁਰਗਾਦਾਸ ਨੂੰ ਸਮਝਾਉਂਦਾ, "ਲੈ ਤੂੰ ਮੇਰੇ ਵੱਲ ਦੇਖ। ਪਹਿਲਾਂ ਮੈਂ ਪਾਕਿਸਤਾਨ 'ਚੋਂ ਉਜੜ ਕੇ ਆਇਆਂ। ਹੁਣ ਐਸ ਭਸੂੜੀ 'ਚ ਫਸ ਗਿਆਂ। ਅਗਾਂਹ ਦਾ ਕੋਈ ਪਤਾ ਨ੍ਹੀਂ। ਮੈਂ ਕਿਸੇ ਲਾਟੀ ਖਾਨ ਦੀ ਪਰਵਾਹ ਨ੍ਹੀਂ ਕਰਦਾ। ਘਬਰਾਉਣ ਨਾਲ ਕੁਸ਼ ਨ੍ਹੀਂ ਬਣਦਾ ਹੁੰਦਾ। ਬੰਦਾ ਤਾਂ ਬਣਿਆ ਹੀ ਸੰਘਰਸ਼ ਕਰਨ ਲਈ ਆ। ਤੂੰ ਕਿਹੜਾ ਕਿਸੇ ਕੋਲੋਂ ਖੈਰ ਮੰਗ ਰਿਹਾਂ। ਕਸੂਰ ਬਸ ਡਰਾਈਵਰ ਦਾ ਸੀ। ਤੈਨੂੰ ਹਰਜਾਨਾ ਮਿਲਣਾ ਚਾਹੀਦਾ। ਉੱਨਾ ਕੁ ਜਿਸ ਨਾਲ ਤੇਰੀ ਪਿਛਲੀ ਜ਼ਿੰਦਗੀ ਚੰਗੀ ਨਿਕਲ ਜਾਵੇ। ਆਪਣੇ ਹੱਕ ਲਈ ਹਰ ਕੋਈ ਲੜਦਾ। ਬਾਜਾਂ ਵਾਲੇ ਨੇ ਇਹੀ ਸਿੱਖਿਆ ਦਿੱਤੀ।"

ਹੁਣ ਫੇਰ ਜ਼ਨਾਨਾ ਆਵਾਜ਼ ਉਹ ਨੂੰ ਕੁਝ ਜ਼ਿਆਦਾ ਹੀ ਤੰਗ ਕਰਨ ਲੱਗੀ ਹੈ। ਕੰਨਾਂ ਕੋਲ ਆ ਕੇ ਉੱਚੀ ਆਵਾਜ਼ 'ਚ ਕਹਿੰਦੀ ਹੈ, "ਤੂੰ ਕਮੀਨਾ ਹੈਂ। ਤੂੰ ਆਪਣੇ ਮੁੰਡੇ ਦਾ ਮੁੱਲ ਪਵਾ ਲਿਆ। ਤੂੰ ਕਮੀਨਾ....।"

ਉਹ ਉਠ ਕੇ ਵਿਹੜੇ 'ਚ ਆ ਖੜਦਾ ਹੈ। ਉਹਨੂੰ ਕਈ ਕੁਝ ਯਾਦ ਆਉਂਦਾ ਹੈ।

"ਮਾਈ ਬਾਪ-ਮੇਰੇ ਬੁਢਾਪੇ ਦਾ ਇਕੋ ਇਕ ਸਹਾਰਾ ਵੀ ਮੇਰੇ ਕੋਲ ਨ੍ਹੀਂ ਰਿਹਾ। ਪੁੱਤ ਹੀ ਪਿਛਲੀ ਉਮਰ 'ਚ ਆਖਿਰੀ ਟੇਕ ਹੁੰਦੀ। ਉਹ ਦੀ ਕਬਰ 'ਤੇ ਉਹੀ ਦੀਵਾ ਜਗਾਉਂਦਾ।....ਹੁਣ ਮੈਂ ਆਪਣਾ ਬੁਢਾਪਾ ਕਿਵੇਂ ਕੱਟਾਂਗਾ। ਮੈਨੂੰ ਕੁਸ਼ ਪਤਾ ਨ੍ਹੀਂ ਲੱਗਦਾ। ਉਹਦੀ ਥਾਂ ਰੱਬ ਮੈਨੂੰ ਚੁੱਕ ਲੈਂਦਾ।....ਮੇਰੀ ਕਮਾਈ ਦਾ ਬੱਝਵਾਂ ਟਿਕਾਣਾ ਨ੍ਹੀਂ। ਬਣ ਜਾਣ ਤਾਂ ਭਾਵੇਂ ਪੰਜਾਹ-ਸੌ ਬਣ ਜਾਣ। ਨਾ ਬਣੇ ਤਾਂ ਦਸ ਵੀ ਨ੍ਹੀਂ ਬਣਦੇ।....ਮਾਈ ਬਾਪ-ਹੁਣ ਤੁਸੀਂ ਹੀ ਮੇਰੇ ਪਰਮਾਤਮਾ ਹੋ। ਮੇਰੇ ਬਾਰੇ ਤੁਸੀਂ ਹੀ ਸੋਚਣਾ। ਹੁਣ ਮੇਰੇ ਬੁੱਢੇ ਹੱਢਾਂ 'ਚ ਜਾਨ ਨ੍ਹੀਂ ਰਹੀ।...ਘਰਵਾਲੀ ਨੂੰ ਅੱਡ ਸੰਭਾਲਣਾ ਪੈਂਦਾ। ਆਖਿਰ ਮਾਂ ਆ। ਉਹ ਕੰਧਾਂ 'ਚ ਸਿਰ ਮਾਰਨ ਲੱਗ ਜਾਂਦੀ। ਉਹ ਦਾ ਵੀ ਕੁਸ਼ ਸੋਚੋ। ਚਾਰ ਪੰਜ ਸੌ ਰੁਪਈਆ ਤਾਂ ਉਹਦੀਆਂ ਦਵਾਈਆਂ ਲਈ ਹੀ ਚਾਹੀਦਾ। ਡਾਕਟਰ ਕਹਿੰਦਾ ਕਿ ਉਹਦੇ ਲਹੂ 'ਚ ਕੋਲੇਸਟਰੋਲ ਦੀ ਮਾਤਰਾ ਵਧ ਗਈ।"

ਜਿਸ ਦੁਰਗਾਦਾਸ ਨੂੰ ਮੈਂ ਜਾਣਦਾਂ ਜਾਂ ਜਿਸ ਦੁਰਗਾਦਾਸ ਨੂੰ ਮੈਂ ਇੰਨੀ ਵਾਰ ਮਿਲਿਆਂ, ਉਹ ਇੰਨਾ ਲਾਚਾਰ ਨਹੀਂ ਆ। ਜਦੋਂ ਉਹ ਦੇ ਵਕੀਲ ਨੇ ਉਹ ਨੂੰ ਇਨ੍ਹਾਂ ਸ਼ਬਦਾਂ ਦੀ ਰਿਹਾਸਲ ਕਰਵਾਈ ਸੀ ਤਾਂ ਉਹ ਹਰ ਵਾਰ ਇਨਕਾਰੀ ਹੋਇਆ ਸੀ। ਵਕੀਲ ਨੇ ਸਮਝਾਇਆ ਸੀ, "ਚੌਧਰੀ ਸਾਹਿਬ, ਇਥੇ ਝੂਠ ਬੋਲਿਆਂ ਬਿਨਾਂ ਸਰਨਾ ਨ੍ਹੀਂ। ਤੁਸੀਂ ਦੋ ਮਿੰਟ ਦੀ ਐਕਟਿੰਗ ਕਰਨੀ ਆ। ਬਾਕੀ ਸਭ ਕੁਸ਼ ਮੈਂ ਸੰਭਾਲਣਾ।" ਫੇਰ ਉਹ ਨੇ ਕਮਾਲ ਕਰ ਦਿੱਤੀ ਸੀ। ਅੱਖਾਂ 'ਚੋਂ ਪਰਲ-ਪਰਲ ਹੰਝੂ ਡਿਗੇ ਸਨ। ਜੱਜ ਪਸੀਜ਼ ਗਿਆ ਸੀ।

ਮੈਂ ਖੁਦ ਇਸ ਸੀਨ ਬਾਰੇ ਸ਼ਸ਼ੋਪੰਜ 'ਚ ਆਂ।

ਹੇਠਲੇ ਤਬਕੇ ਦਾ ਵੀ ਆਪਣਾ ਕਰੈਕਟਰ ਹੁੰਦਾ। ਅਸੂਲ ਹੁੰਦੇ। ਅਣਖ ਹੁੰਦੀ। ਸਵੈਮਾਣ ਹੁੰਦਾ। ਇਨ੍ਹਾਂ ਨੂੰ ਤੰਗੀਆਂ, ਤੁਰਸੀਆਂ 'ਚ ਜਿਉਣਾ ਆਉਂਦਾ। ਸਮਾਂ ਗੁਜ਼ਾਰਨਾ



www.PunjabiLibrary.com

ਆਉਂਦਾ। ਡੋਲ ਤਾਂ ਕੋਈ ਵੀ ਸਕਦਾ। ਮੈਂ, ਤੁਸੀਂ ਜਾਂ ਕੋਈ ਵੀ ਖੱਬੀਖਾਨ।

ਹੋ ਸਕਦਾ-ਮੈਂ ਇਹ ਸੀਨ ਕੱਟ ਦਵਾਂ।

ਇਹ ਨੂੰ ਅਜੇ ਰੱਖਿਆ ਹੋਇਆ। ਇਹ ਦੇ ਬਾਰੇ ਦੋਬਾਰਾ ਤੋਂ ਸੋਚਾਂਗਾ।....ਤੁਹਾਡੀ ਸਲਾਹ ਵੀ ਲਵਾਂਗਾ।.....ਦੁਰਗਾਦਾਸ ਕੋਲੋਂ। ਨਹੀਂ, ਮੈਥੋਂ ਉਹ ਦੇ ਕੋਲੋਂ ਪੁੱਛਿਆ ਨਹੀਂ ਜਾਣਾ। ਮੈਂ ਉਸ ਕੋਲੋਂ ਕੁਝ ਵੀ ਨਹੀਂ ਪੁੱਛਣਾ।

ਕਿਸੇ ਦਿਨ ਮੈਂ ਤੁਹਾਨੂੰ ਉਹ ਸਖ਼ਸ਼ ਵੀ ਦਿਖਾ ਲਿਆਵਾਂਗਾ।

"ਓ ਮਾਈ ਗਾਡ। ਮੰਮੀ ਨੂੰ ਫੋਨ ਕਰਨਾ ਸੀ। ਭੁੱਲ ਹੋ ਗਈ। ਕਮਾਲ ਆ-ਮੈਂ ਉਨ੍ਹਾਂ ਨੂੰ ਯਾਦ ਨ੍ਹੀਂ ਕਰਾਇਆ। ਪਲੀਜ਼-ਸਟੌਪ ਫਾਰ ਏ ਫੀਊ ਮਿੰਟਸ। ਮੰਮੀ ਨੂੰ ਦੱਸ ਦਿਆਂ। ਉਹ ਮੇਰਾ ਇੰਤਜ਼ਾਰ ਕਰਦੇ ਹੋਣਗੇ। ਅਸੀਂ ਇਕੱਠਿਆਂ ਡੀਨਰ ਲੈਣ ਦਾ ਸਮਾਂ ਮਿਥਿਆ ਸੀ। ਜੇ ਦੂਰ-ਨੇੜੇ ਜਾਣਾ ਪੈ ਜਾਵੇ ਤਾਂ ਮੋਬਾਇਲ 'ਤੇ ਕੰਟੇਕਟ ਕਰ ਲਈਦਾ। ਮੈਨੂੰ ਯਾਦ ਹੀ ਨ੍ਹੀਂ ਰਿਹਾ।..... ਜਰਨਲਇਜ਼ਮ ਦਾ ਪ੍ਰੋਫੈਸ਼ਨ ਐਦਾਂ ਦਾ ਆ। ਘਰ ਜਾਣ ਦਾ ਪੱਕਾ ਸਮਾਂ ਨ੍ਹੀਂ ਹੁੰਦਾ।" ਰਮਣੀਕ ਨੇ ਕੋਕ ਵਾਲਾ ਗਿਲਾਸ ਖਾਲੀ ਕੀਤਾ। ਪੁੱਠੀਆਂ ਉਂਗਲਾਂ ਨਾਲ ਬੁੱਲ੍ਹ ਸਾਫ਼ ਕੀਤੇ। ਕਾਹਲੀ-ਕਾਹਲੀ ਮੋਬਾਇਲ 'ਤੇ ਨੰਬਰ ਮਿਲਾਇਆ.....ਕਮਰੇ 'ਚ ਟਹਿਲਦਿਆਂ-ਟਹਿਲਦਿਆਂ ਦੱਸਿਆ-"ਮੰਮ ਪਲੀਜ਼ ਤੁਸੀਂ ਮੇਰਾ ਇੰਤਜ਼ਾਰ ਨਾ ਕਰਨਾ। ਕਮਲ ਮੇਰੇ ਨਾਲ ਆਪਣੀ ਨਵੀਂ ਟੈਲੀਫ਼ਿਲਮ ਦੀ ਕਹਾਣੀ ਡਿਸਕਸ ਕਰ ਰਿਹਾ। ਮੈਨੂੰ ਆਉਣ 'ਚ ਦੇਰੀ ਹੋ ਸਕਦੀ। ਜਾਂ ਮੈਂ ਇਥੇ ਰਹਿ ਲੈਣਾ। ਤੁਸੀਂ ਖਾਣਾ ਖਾ ਲਿਉ। ਤੁਹਾਡੇ ਬੈੱਡ-ਰੂਮ 'ਚ ਮੇਜ਼ ਉੱਪਰ ਮੈਂ ਇੱਕ ਕੈਸਿਟ ਰੱਖੀ। ਤੁਸੀਂ ਸੌਣ ਤੋਂ ਪਹਿਲਾਂ ਇਹਨੂੰ ਜ਼ਰੂਰ ਦੇਖ ਲਿਉ। ਮੈਂ ਪਹਿਲਾਂ ਦੇਖੀ ਹੋਈ। ਇਕ ਵਾਰ ਫੇਰ ਦੇਖਣੀ। ਕਹਾਣੀ....ਕਹਾਣੀ...ਪੰਜਵੀਂ ਸਦੀ ਦੇ ਕਬੀਲੇ ਦੀ ਇਕ ਔਰਤ ਦੀ ਕਹਾਣੀ ਆ ਜਿਹੜੀ ਆਪਣੇ ਮਰੇ ਬੱਚੇ ਨੂੰ ਕਬੀਲੇ ਦੀਆਂ ਔਰਤਾਂ ਨਾਲ ਰਲ ਕੇ ਖਾਂਦੀ ਆ। ਬਾਕੀ ਤੁਹਾਨੂੰ ਕੁਸ਼ ਨ੍ਹੀਂ ਦੱਸਣਾ। ਤੁਸੀਂ ਸੁਸਤ ਨ੍ਹੀਂ ਪੈਣਾ। ਬੜੀ ਮਿਹਨਤ ਨਾਲ ਇਹ ਕੈਸਿਟ ਲੱਭੀ। ਦੋ ਦਿਨਾਂ ਲਈ। ਉਪਰ ਲਿਖਿਆ-'ਚਾਈਲਡ ਈਟਰ ਮਦਰ'। ਆਪਾਂ ਇਹ ਦੇ ਬਾਰੇ ਡਿਸਕਸ ਕਰਾਂਗੇ। ਓ.ਕੇ. ਮਾਈ ਡੀਅਰ ਮੰਮ-ਗੁੱਡ ਨਾਈਟ-ਸੋ ਨਾਈਸ ਆਫ ਯੂ।"

ਹੁਣ ਦੁਰਗਾਦਾਸ ਬਾਰੇ ਦੱਸਦਾਂ। ਉਹ ਦੱਸਵੀਂ ਫੇਲ੍ਹ ਆ। ਅੱਠਵੀਂ 'ਚ ਉਹ ਦੀ ਫਸਟ ਡਵੀਜ਼ਨ ਆਈ ਸੀ। ਇਧਰ ਉਹ ਨੌਵੀਂ 'ਚ ਹੋਇਆ-ਉਧਰ ਸ਼ਹਿਰ 'ਚ ਇੱਕ ਥੀਏਟਰ ਬਣ ਗਿਆ। ਉਹ ਨੂੰ ਫ਼ਿਲਮਾਂ ਦੇਖਣ ਦਾ ਭੁੱਸ ਪੈ ਗਿਆ। ਪੜ੍ਹਾਈ ਪਿਛੇ ਰਹਿ ਗਈ। ਫ਼ਿਲਮਾਂ ਦਾ ਜਨੂੰਨ ਸਿਰ ਚੜ੍ਹ ਕੇ ਬੋਲਣ ਲੱਗਾ। ਦੱਸਵੀਂ 'ਚੋਂ ਦੋ ਵਾਰ ਫੇਲ੍ਹ ਹੋਇਆ ਤਾਂ ਉਸ ਦੇ ਬਾਪੂ ਨੇ ਧੀਮਾਨ ਇੰਡਸਟਰੀਜ਼ 'ਚ ਛੱਡ ਆਂਦਾ। ਉਸ ਤੋਂ ਭਾਰਾ ਕੰਮ ਨਾ ਕਰ ਹੋਇਆ। ਉਹ ਉਥੋਂ ਦੌੜ ਆਇਆ। ਬਾਪੂ ਉਹਨੂੰ ਆਪਣੇ ਨਾਲ ਲੈ ਜਾਣ ਲੱਗਾ। ਇਥੋਂ ਵੀ ਉਹ ਗਿਚਾਣੀ ਦੇ ਕੇ ਫ਼ਿਲਮ ਦੇਖ ਆਉਂਦਾ। ਉਹ ਦੇ ਬਾਪੂ ਨੂੰ ਇਸ ਬਾਰੇ ਪਤਾ ਸੀ। ਉਹਨੇ ਗੱਲਾਂ-ਗੱਲਾਂ 'ਚ ਉਹ ਨੂੰ ਸਮਝਾਇਆ। ਕੱਚੀ ਉਮਰ 'ਚ ਨਸੀਹਤਾਂ ਦਾ ਕੋਈ ਅਸਰ ਨਹੀਂ ਹੁੰਦਾ। ਉਹ ਨੇ ਮਨ ਭਰ ਕੇ ਫ਼ਿਲਮਾਂ ਦੇਖੀਆਂ। ਪਰ ਨਾਲ ਦੀ ਨਾਲ ਚੰਗਾ ਕਾਮਾ ਵੀ ਬਣ ਗਿਆ। ਉਹਨੇ ਆਪਣੀ ਵੱਖਰੀ ਪੇਟੀ ਬਣਾ ਲਈ। ਫਿਰ ਤੁਰ ਕੇ ਦਿਹਾੜੀ



ਬਣਾਉਣ ਲੱਗਾ। ਬਾਪੂ ਪੂਰਾ ਹੋਇਆ ਤਾਂ ਉਹ ਨੇ ਉਸ ਵਾਲਾ ਅੱਡਾ ਸੰਭਾਲ ਲਿਆ। ਜ਼ੁੰਮੇਵਾਰੀ ਪਈ ਤਾਂ ਉਹ ਨੂੰ ਸਭ ਕੁਝ ਭੁੱਲ ਗਿਆ। ਜੇ ਕੁਝ ਬਚਿਆ ਸੀ ਤਾਂ ਉਹ ਫ਼ਿਲਮਾਂ ਦਾ ਸ਼ੌਂਕ ਹੀ ਸੀ ਜਿਹੜਾ ਕਿ ਹੁਣ ਨਾ-ਮਾਤਰ ਦਾ ਸੀ।

ਉਹ ਨੇ ਬਸ ਤੋਂ ਉਤਰਦਿਆਂ ਹੋਇਆਂ ਸੋਚਿਆ ਸੀ ਕਿ ਉਹ ਘਰ ਨੂੰ ਜਾਂਦਾ-ਜਾਂਦਾ ਗੁਰਪਾਲ ਸਿੰਘ ਵੱਲ ਵੀ ਲੰਘ ਜਾਵੇਗਾ। ਉਹ ਦਾ ਸ਼ੁਕਰੀਆ ਕਰ ਆਵੇਗਾ। ਬਰਫ਼ੀ ਵਾਲਾ ਡੱਬਾ ਉਸੇ ਲਈ ਹੀ ਖਰੀਦਿਆ ਸੀ। ਅਸਲੀ ਹੱਕਦਾਰ ਵੀ ਉਹੀ ਸੀ। ਉਹ ਦੇ ਘਰ ਜਾਣ ਲਈ ਵੱਲ ਮਾਰ ਕੇ ਜਾਣਾ ਪੈਂਦਾ ਸੀ। ਇਸੇ ਕਰਕੇ ਉਹ ਘੌਲ ਕਰ ਗਿਆ ਸੀ। ਭਾਵੇਂ ਇਹ ਸਾਰਾ ਚੱਕਣ ਚਕਾਣ ਉਸੇ ਦਾ ਸੀ। ਉਹ ਨੂੰ ਇਨ੍ਹਾਂ ਬਰੀਕ-ਬੀਨੀਆਂ ਦਾ ਕੋਈ ਪਤਾ ਨਹੀਂ ਸੀ। ਘਰ ਦੀਆਂ ਬਹੁਤੀਆਂ ਚੀਜ਼ਾਂ ਗਿਆਨੋ ਖਰੀਦਦੀ ਸੀ। ਉਹ ਵਿਹਲਾ ਹੁੰਦਾ ਤਾਂ ਸਾਹਮਣਲੇ ਢਾਬੇ ਤੋਂ ਅਖ਼ਬਾਰ ਚੁੱਕ ਲਿਆਉਂਦਾ ਜਾਂ ਕੋਈ ਗ੍ਰਾਹਕ ਆਪਣੀ ਅਖ਼ਬਾਰ ਛੱਡ ਜਾਂਦਾ। ਉਹ ਅੱਖਰ-ਅੱਖਰ ਪੜ੍ਹਦਾ। ਉਸ ਕੋਲ ਤਰ੍ਹਾਂ-ਤਰ੍ਹਾਂ ਦੇ ਗ੍ਰਾਹਕ ਆਉਂਦੇ। ਕਈ ਸਿਆਣੀਆਂ ਗੱਲਾਂ ਕਰਦੇ। ਕਈ ਸਿਰ ਖਾਂਦੇ। ਉਹ ਨੂੰ ਹੂੰ-ਅੱਛਾ ਜੀ-ਫੇਰ ਕਿਦ੍ਹਾਂ ਹੋਇਆ? ਪੁੱਛਣਾ ਪੈਂਦਾ। ਗੁਰਪਾਲ ਸਿੰਘ ਵੀ ਆਉਂਦਾ ਸੀ। ਉਹ ਦਾ ਪੱਕਾ ਗ੍ਰਾਹਕ। ਹਫ਼ਤੇ 'ਚ ਇੱਕ ਵਾਰ ਅਵੱਸ਼ ਆਉਂਦਾ। ਸਿਰੇ ਦਾ ਗਾਲੜੀ। ਦੁਰਗਾਦਾਸ ਨੂੰ ਉਹ ਕਦੇ ਵੀ ਚੰਗਾ ਨਹੀਂ ਲੱਗਾ ਸੀ। ਜਿਹੜੀ ਗੱਲ ਇਕ ਮਿੰਟ 'ਚ ਹੋ ਸਕਦੀ-ਉਹ ਉਸੇ 'ਤੇ ਅੱਧਾ ਘੰਟਾ ਲਾ ਦਿੰਦਾ। ਇਕ ਦਿਨ ਦੱਸਣ ਲੱਗਾ, "ਮੇਰਾ ਇੱਕ ਭਾਈਬੰਦ ਪੰਜਾਬ ਰੋਡਵੇਜ਼ 'ਚ ਅਕਾਊਂਟੈਂਟ ਲੱਗਾ। ਇਕ ਮੈਰਿਜ ਪਾਰਟੀ 'ਤੇ ਮਿਲਿਆ ਸੀ। ਮੈਨੂੰ ਉਸੇ ਨੇ ਦੱਸਿਆ ਕਿ ਸਰਕਾਰੀ ਬਸ ਦੇ ਐਕਸੀਡੈਂਟ 'ਚ ਮਰੇ ਬੰਦੇ ਨੂੰ ਕਲੇਮ ਮਿਲਦਾ। ਤੇਰਾ ਮੁੰਡਾ ਵੀ ਰੋਡਵੇਜ਼ ਦੀ ਬਸ 'ਚ ਮਰਿਆ। ਤੂੰ ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਅਧੀਨ ਪੰਜ ਲੱਖ ਦਾ ਕਲੇਮ ਕਰ ਦੇ। ਟਾਈਮ ਕੱਢ। ਆਪਾਂ ਵਕੀਲ ਕੋਲ ਚਲਦੇਂ।" ਦੁਰਗਾਦਾਸ ਨੇ ਉਹ ਦੀ ਗੱਲ ਧਿਆਨ ਨਾਲ ਸੁਣੀ। ਪਰ ਉਸ ਦਾ ਮਨ ਰਾਜ਼ੀ ਨਾ ਹੋਇਆ। ਉਸ ਕੋਲ ਐਨਾ ਸਮਾਂ ਕਿਥੋਂ ਸੀ ਕਿ ਉਹ ਕਚਹਿਰੀਆਂ ਦੇ ਗੇੜੇ ਲਾਉਂਦਾ ਫਿਰੇ। ਜਿਹੜੇ ਦੋ ਪੈਸੇ ਕੋਲ ਹਨ-ਉਹ ਵੀ ਲਾ ਬੈਠੇ। ਉਸ ਹੂੰ-ਹਾਂ ਕੀਤੀ ਸੀ। ਕਿਸੇ ਹੋਰ ਦਿਨ ਗੁਰਪਾਲ ਸਿੰਘ ਉਸ ਕੋਲ ਆ ਬੈਠਾ। ਜੁੱਤੀ ਪਾਲਿਸ਼ ਕਰਵਾਈ। ਪੈਸੇ ਦਿੱਤੇ। ਜਾਣ ਲੱਗਾ ਫੇਰ ਬੈਠ ਗਿਆ, "ਦੁਰਗਾਦਾਸ-ਮੰਨ ਗਏ ਤੇਰੀ ਘੌਲ ਨੂੰ ਵੀ। ਮੈਂ ਕਿਹੜਾ ਤੇਰਾ ਦੋਖੀ ਆਂ। ਤੇਰੇ ਫਾਇਦੇ ਬਾਰੇ ਗੱਲ ਕਰ ਰਿਹਾਂ। ਤੂੰ ਪੈਸੇ ਖਰਚਣੋ ਡਰ ਗਿਆਂ। ਲੈ-ਇਹ ਵੀ ਤੇਰੇ-ਮੇਰੇ ਵਿਚਕਾਰ ਫੈਸਲਾ ਹੋ ਗਿਆ। ਸਾਰਾ ਖਰਚ ਮੈਂ ਕਰੂੰ। ਜਦੋਂ ਤੂੰ ਮੁਕੱਦਮਾ ਜਿੱਤ ਗਿਆ-ਮੈਨੂੰ ਮੋੜ ਦਈਂ। ਮੈਂ ਆਪਣੇ ਪੈਸੇ ਨ੍ਹੀਂ ਛੱਡਣੇ। ਮੈਨੂੰ ਆਪ ਵਕੀਲ ਤਕ ਕੰਮ ਆ। ਮੈਂ ਸਵੇਰ ਨੂੰ ਜਾਣ ਲੱਗਾ ਤੈਨੂੰ ਆਵਾਜ਼ ਮਾਰੂੰਗਾ। ਤੂੰ ਤਿਆਰ ਰਹੀਂ। ਪੂਰੇ ਨੌਂ ਵਜੇ।" ਦੁਰਗਾਦਾਸ ਨੇ ਨਾ ਉਹ ਨੂੰ ਹਾਂ ਕੀਤੀ ਸੀ। ਨਾ ਨਾਂਹ। ਛੇ ਮਹੀਨਿਆਂ ਬਾਅਦ ਘਰ 'ਚ ਸ਼ਾਂਤੀ ਹੋਣੀ ਸ਼ੁਰੂ ਹੋਈ ਸੀ। ਗਿਆਨੋ ਨੇ ਦੋ ਘਰਾਂ ਦਾ ਕੰਮ ਸੰਭਾਲ ਲਿਆ ਸੀ। ਉਹ ਸਵੱਖਤੇ ਉਠਦੀ। ਚਾਹ ਬਣਾਉਂਦੀ। ਉਹ ਜੰਗਲ ਪਾਣੀ ਤੋਂ ਫਾਰਿਗ ਹੋ ਕੇ ਆਉਂਦਾ ਹੋਇਆ ਮੋਟਰ 'ਤੇ ਇਸ਼ਨਾਨ ਕਰ ਆਉਂਦਾ। ਆਉਂਦੇ ਨੂੰ ਰੋਟੀ ਪੱਕੀ ਹੁੰਦੀ। ਗਿਆਨੋ ਨੇ ਅੱਠ ਵਜੇ ਚਲੇ ਜਾਣਾ ਹੁੰਦਾ ਸੀ। ਦੁਰਗਾਦਾਸ



www.PunjabiLibrary.com

ਦਸ ਵਜੇ ਜਾਂਦਾ ਸੀ। ਸੱਤ-ਅੱਠ ਵਜੇ ਮੁੜਦਾ ਸੀ। ਉਹ ਬਾਹਰਲਾ ਜਿੰਦਰਾ ਮਾਰਦਾ। ਇਕ ਚਾਬੀ ਗਿਆਨੋ ਕੋਲ ਹੁੰਦੀ ਸੀ। ਕੰਮ ਕਰਨ ਨਾਲ ਗਿਆਨੋ ਦਾ ਸਮਾਂ ਚੰਗਾ ਗੁਜ਼ਰਣ ਲੱਗਾ ਸੀ। ਕੰਮ ਲਈ ਉਸ 'ਚ ਵਥੇਰੀ ਫੁਰਤੀ ਸੀ। ਦੁਰਗਾਦਾਸ ਦੇ ਵਾਪਸ ਮੁੜਣ ਤੀਕ ਉਸ ਰੋਟੀ-ਪਾਣੀ ਦਾ ਆਹਰ ਕੀਤਾ ਹੁੰਦਾ ਸੀ। ਹੁਣ ਉਹ ਫੇਰ ਤੋਂ ਕਿਸੇ ਖਲਜਲਣ 'ਚ ਨਹੀਂ ਪੈਣਾ ਚਾਹੁੰਦਾ ਸੀ। ਉਹ ਗਿਆਨੋ ਕੋਲ ਬੱਬੇ ਬਾਰੇ ਬਹੁਤ ਘੱਟ ਗੱਲ ਕਰਦਾ। ਜੇ ਉਹ ਕੋਈ ਗੱਲ ਛੇੜਦੀ ਵੀ ਤਾਂ ਉਹ ਨੂੰ ਕੋਈ ਜਗ ਬੀਤੀ ਸੁਣਾਉਣ ਲੱਗ ਜਾਂਦਾ। ਉਹ ਨੂੰ ਪਿਛਲਾ ਚੇਤਾ ਭੁੱਲ ਜਾਂਦਾ।

"ਮੈਨੂੰ ਵੱਡੇ ਤੜਕੇ ਸੁਪਨਾ ਆਇਆ ਸੀ ਕਿ ਬੱਬੇ ਦਾ ਮੁਕੱਦਮਾ ਆਪਣੇ ਪੱਖ 'ਚ ਹੋ ਗਿਆ।" ਗਿਆਨੋ ਨੇ ਇਕ ਵਾਰ ਫੇਰ ਇਹ ਗੱਲ ਦੱਸੀ ਹੈ। ਉਹ ਦੁਰਗਾਦਾਸ ਵੱਲ ਦੇਖਦੀ ਹੈ ਤੇ ਉਠ ਕੇ ਚੁਲ੍ਹੇ ਕੋਲ ਆ ਬੈਠਦੀ ਹੈ। ਰਾਤ ਦੀ ਰੋਟੀ ਦਾ ਆਹਰ ਕਰਨ ਲੱਗੀ ਹੈ। ਉਹਨੂੰ ਲੱਗਦਾ ਹੈ ਕਿ ਸਵੇਰ ਵਾਲੇ ਦੁਰਗਾਦਾਸ ਤੇ ਹੁਣ ਵਾਲੇ ਦੁਰਗਾਦਾਸ 'ਚ ਬਹੁਤ ਫਰਕ ਆ ਗਿਆ ਹੈ। ਕੇਸ ਜਿੱਤਣ ਦੀ ਖ਼ੁਸ਼ੀ 'ਚ। ਇੰਨੇ ਸਾਰੇ ਪੈਸੇ ਮਿਲਣ ਦੀ ਖ਼ੁਸ਼ 'ਚ। ਲੱਡੂਆਂ ਵਾਲੇ ਡੱਬਿਆਂ ਵੱਲ ਦੇਖ ਕੇ ਉਹ ਨੂੰ ਘ੍ਰਿਣਾ ਹੋਈ ਸੀ। ਉਹ ਉਸ ਨੂੰ ਪੁੱਛਣਾ ਚਾਹੁੰਦੀ ਸੀ, "ਇਹ ਕਿਹਦੇ ਲਈ ਲਿਆਇਆਂ? ਤੈਨੂੰ ਆਪਣੇ ਮਰੇ ਪੁੱਤ ਦੀ ਖ਼ੁਸ਼ੀ ਹੋਈ ਆ?" ਉਹਦੇ ਮਨ 'ਚ ਇਹ ਖਿਆਲ ਵੀ ਆਇਆ ਕਿ ਉਹ ਡੱਬਾ ਚੁੱਕੇ ਤੇ ਕੂੜੇ ਵਾਲੇ ਪੀਪੇ 'ਚ ਸੁੱਟ ਦੇਵੇ। ਲੋਕ ਕੀ ਕਹਿਣਗੇ। ਮਰੇ ਹੋਏ ਪੁੱਤ ਦਾ ਮੁੱਲ ਪਵਾ ਲਿਆ। ਹੁਣ ਲੱਡੂ ਵੰਡਦੇ ਫਿਰਦੇ ਆ।

ਕਈ ਹੋਰ ਆਵਾਜ਼ਾਂ ਵੀ ਸੁਣਦੀ ਹੈ।

-ਬੱਲੇ ਬੱਲੇ-ਮੌਜਾਂ ਲੱਗ ਗਈਆਂ। ਦੋ ਲੱਖ ਰੁ. ਮਿਲ ਗਿਆ। ਤੂੰ ਰੱਬ ਤੋਂ ਹੋਰ ਕੀ ਲੈਣਾ। ਬੁਢਾਪੇ 'ਚ ਕੰਮ ਆ ਗਏ।

-ਬੁਢਾਪੇ ਦਾ ਫਿਕਰ ਮੁੱਕਿਆ।

-ਤੂੰ ਵਧੀਆ ਪਾਰਟੀ ਕਰ। ਭਾਵੇਂ ਮੇਰੇ ਘਰ ਹੀ ਰੱਖ ਲੈ। ਐਵੇਂ ਹੱਥ ਨਾ ਘੁਟੀਂ। ਨੀਲੀ ਛੱਤਰੀ ਵਾਲੇ ਨੇ ਤੇਰੀ ਸੁਣ ਲਈ। ਭਾਵੇਂ ਦੇਰ ਨਾਲ ਹੀ ਸਹੀਂ।

-ਤੇਰੀ ਤਾਂ ਲਾਟਰੀ ਨਿਕਲ ਗਈ।

-ਹੁਣ ਤੂੰ ਸਾਡੇ ਕੰਮਾਂ ਤੋਂ ਗਈ। ਤੈਨੂੰ ਕੰਮ ਕਰਨ ਦੀ ਕੀ ਲੋੜ ਆ। ਦੋ ਲੱਖ ਦਾ ਸੱਤ ਅੱਠ ਹਜ਼ਾਰ ਸਾਲ ਦਾ ਵਿਆਜ਼ ਆ ਜਾਣਾ। ਦੋ ਜਣਿਆਂ ਕੋਲੋਂ ਇਹ ਪੈਸੇ ਨ੍ਹੀਂ ਮੁਕਣੇ। ਤੇਰੇ ਦਿਨ ਫਿਰ ਗਏ। ਵਾਹਿਗੁਰੂ ਵਾਹਿਗੁਰੂ ਕਰ ਛੱਡਿਆ ਕਰ।

-ਅਸੀਂ ਤੇਰੇ ਕੋਲ ਉਧਾਰ ਹੱਥ ਲੈ ਕੇ ਆਪਣਾ ਟਾਈਮ ਸਾਰਿਆ ਕਰਨਾ।

-ਪੰਜ-ਪੰਜ ਹਜ਼ਾਰ ਕੁੜੀਆਂ ਨੂੰ ਦੇ ਦਈਂ।

-ਤੂੰ ਚਿਤ ਛੋਟਾ ਨਾ ਕਰਿਆ ਕਰ। ਜੋ ਵਾਹਿਗੁਰੂ ਨੂੰ ਮੰਜ਼ੂਰ ਆ ਓਹੀ ਹੋਣਾ। ਜਿਹੜਾ ਉਹ ਦੀ ਰਜ਼ਾ 'ਚ ਖ਼ੁਸ਼ ਰਹਿੰਦਾ-ਉਹੀ ਸੁਖੀ ਹੁੰਦਾ। ਤੂੰ ਮੇਰੇ ਵੱਲ ਦੇਖ। ਵੱਡਾ ਮੁੰਡਾ ਐਮ. ਐਸ. ਸੀ. ਬਾਏਉਲੌਜੀ ਕਰਦਾ ਸੀ। ਜਾਣ ਲੱਗਾ ਪੈਰੀਂ ਹੱਥ ਲਾਉਂਦਾ। ਮੈਂ ਉਹਨੂੰ ਰੋਕਦੀ ਪਰ ਉਹ ਮੇਰੀ ਕਦੋਂ ਸੁਣਨ ਵਾਲਾ ਸੀ। ਸਗੋਂ ਘੁੱਟ ਕੇ ਜੱਫੀ ਪਾ ਲੈਂਦਾ।



ਇੱਕ ਦਿਨ ਚੰਗਾ ਭਲਾ ਸਕੂਟਰ 'ਤੇ ਕਾਲਜ ਗਿਆ। ਧੁੰਦ 'ਚ ਸਕੂਟਰ ਟਰੱਕ ਹੇਠ ਜਾ ਵੜਿਆ। ਉਹ ਦੀ ਲਾਸ਼ ਘਰੇ ਆਈ। ਸਬਰ ਕਰਨਾ ਪਿਆ। ਪਹਿਲਾਂ ਆਪਣੇ ਆਪ ਨੂੰ ਸੰਭਾਲਿਆ। ਸਰਦਾਰ ਜੀ ਨੂੰ ਸੰਭਾਲਿਆ। ਕੁੜੀਆਂ ਵੱਲ ਦੇਖਿਆ। ਪੁੱਤ ਨੂੰ ਭੁੱਲਿਆ ਤਾਂ ਨ੍ਹੀਂ ਜਾਂਦਾ। ਇਹ ਮਾਵਾਂ ਦਾ ਦੁੱਖ ਹੁੰਦਾ। ਪਰ ਮਾਵਾਂ ਨੂੰ ਘਰ ਵੱਲ ਵੀ ਦੇਖਣਾ ਪੈਂਦਾ। ਤੂੰ ਆਪਣੇ ਆਪ ਨੂੰ ਸੰਭਾਲ। ਤੇਰੀਆਂ ਵੀ ਦੋ ਧੀਆਂ। ਤੇਰੇ ਨਾਲ ਹੀ ਉਨ੍ਹਾਂ ਦਾ ਪੇਕਾ ਘਰ।

ਰੋਟੀ ਖਾਣ ਤੀਕ ਉਹ ਇਹੀ ਸੋਚਦਾ ਰਿਹਾ ਕਿ ਗਿਆਨੋ, ਜਿਵੇਂ ਉਹ ਪਹਿਲਾਂ ਵੀ ਇਕੋ ਗੱਲ ਨੂੰ ਘੜੀ-ਮੁੜੀ ਪੁੱਛਦੀ ਸੀ-ਹੁਣ ਵੀ ਪੁੱਛੇਗੀ-'ਅੱਛਾ ਫੇਰ ਕੀ ਹੋਇਆ? ਪੈਸੇ ਕਦੋਂ ਮਿਲਣਗੇ? ਬੈਂਕ 'ਚ ਜਮ੍ਹਾਂ ਕਰਾਉਣੇ ਜਾਂ ਡਾਕਖਾਨੇ 'ਚ?' ਪਰ ਉਸ ਤਾਂ ਪੈਸਿਆਂ ਬਾਰੇ ਕੁਝ ਵੀ ਨਹੀਂ ਪੁੱਛਿਆ ਸੀ।

"ਭਲੀਏ ਲੋਕੇ-ਜੋ ਨੀਲੀ ਛੱਤਰੀ ਵਾਲੇ ਨੂੰ ਚੰਗਾ ਲੱਗਾ-ਉਹੀ ਹੋਇਆ। ਉਸ ਢਾਹਡੇ ਅੱਗੇ ਤਾਂ ਰਾਜਿਆਂ-ਰਾਣੀਆਂ ਦੀ ਪੇਸ਼ ਨ੍ਹੀਂ ਚਲਦੀ। ਆਪਾਂ ਕਿਹਦੇ ਪਾਣੀ ਹਾਰ ਹਾਂ।"

"ਤੈਨੂੰ ਮਾਂ ਦੇ ਦੁੱਖ ਦਾ ਕੀ ਪਤਾ?"

"ਮੈਨੂੰ ਸਭ ਪਤਾ।"

ਅਗੋਂ ਉਸ ਤੋਂ ਬੋਲਿਆ ਨਾ ਗਿਆ।

ਅਗੋਂ ਬੋਲਣ ਜੋਗਾ ਬਚਿਆ ਹੀ ਕੀ ਹੈ। ਤਰੀਕ ਤੋਂ ਤਿੰਨ ਦਿਨ ਪਹਿਲਾਂ ਤੇ ਇੱਕ ਦਿਨ ਬਾਅਦ ਤਕ ਗਿਆਨੋ ਦੀ ਉਤਸੁਕਤਾ ਵਧੀ ਰਹਿੰਦੀ। ਉਹ ਇੱਕ-ਇੱਕ ਗੱਲ ਨੂੰ ਵਾਰ-ਵਾਰ ਪੁੱਛਦੀ। ਦੁਰਗਾਦਾਸ ਵਾਰ-ਵਾਰ ਦੱਸਦਾ। ਉਹ ਤਰੀਕ 'ਤੇ ਨਾ ਜਾਂਦਾ ਤਾਂ ਵੀ ਸਰ ਸਕਦਾ ਸੀ। ਪਰ ਉਹ ਜਾਂਦਾ। ਆਪਣੇ ਲਈ ਘੱਟ। ਗਿਆਨੋ ਲਈ ਜ਼ਿਆਦਾ। ਇਹਨਾਂ ਦਿਨਾਂ 'ਚ ਉਹ ਭੱਜ-ਭੱਜ ਕੰਮ ਕਰਦੀ। ਜਿਵੇਂ ਉਸ ਨੂੰ ਕਿਸੇ ਗੱਲ ਦਾ ਹੌਸਲਾ ਹੋਵੇ। ਜਦੋਂ ਕਿਤੋਂ ਜਗਰਾਤੇ ਦੀਆਂ ਭੇਟਾਂ ਗਾਉਣ ਦੀ ਆਵਾਜ਼ ਆਉਂਦੀ ਤਾਂ ਉਹ ਗਿਆਨੋ ਨੂੰ ਬਿਲਕੁਲ ਨਾ ਬੁਲਾਉਂਦਾ। ਗਿਆਨੋ ਦਾ ਚਿੰਤਪੁਰਨੀ ਵਾਲੀ ਮਾਤਾ 'ਚ ਅਥਾਹ ਵਿਸ਼ਵਾਸ ਸੀ। ਪਰ ਜਦੋਂ ਹਰੀਸ਼-ਚੰਦਰ ਤਾਰਾਮਤੀ ਦੀ ਕਥਾ ਉਸ ਮੁਕਾਮ 'ਤੇ ਪਹੁੰਚਦੀ ਜਦੋਂ ਰਾਹੁਲ ਦੀ ਮੌਤ ਹੁੰਦੀ ਹੈ ਤਾਂ ਉਹ ਆਪਣੀ ਹੀ ਕੋਈ ਨਾ ਕੋਈ ਕਥਾ ਛੇੜ ਲੈਂਦਾ।

ਰਮਣੀਕ ਕੌਫ਼ੀ ਦਾ ਕੱਪ ਹੋ ਜਾਵੇ?

ਅਵੱਸ਼। ਮੈਨੂੰ ਆਪ ਲੋੜ ਮਹਿਸੂਸ ਹੋ ਰਹੀ। ਚੀਨੀ ਬਹੁਤ ਘੱਟ ਪਾਉਣੀ। ਤੁਸੀਂ ਰਸੋਈ 'ਚ ਜਾਉ-ਮੈਂ ਇੰਟਰਨੈਟ ਖੋਲ੍ਹ ਲਵਾਂ। ਦੇਖਲਾਂ-ਗਲੋਬਲ ਵਿਲੇਜ ਦੀ ਕਿਹੜੀ ਖਾਸ ਖ਼ਬਰ ਹੈ। ਜੇ ਸਮਾਂ ਜ਼ਿਆਦਾ ਲੱਗ ਗਿਆ ਤਾਂ ਮੈਂ ਘਰ ਨਹੀਂ ਜਾਣਾ। ਇਥੇ ਸੌਂ ਜਾਣਾ।..... ਮੈਂ ਤੁਹਾਨੂੰ ਆਪਣੀਆਂ ਹੀ ਗੱਲਾਂ 'ਚ ਲਾ ਲਿਆ। ਵੀਹਾਂ ਮਿੰਟਾਂ ਬਾਅਦ ਆਪਾਂ ਫੇਰ ਬੈਠਾਂਗੇ। ਟੈਲੀ ਦੀ ਕਹਾਣੀ ਦਿਲਚਸਪ ਹੈ।

ਦੁਰਗਾਦਾਸ ਦਾ ਮਨ ਬੀੜੀ ਪੀਣ ਨੂੰ ਕਾਹਲਾ ਪੈ ਰਿਹਾ ਹੈ। ਬੜਾ ਕੁੱਤਾ ਭੁੱਸ ਹੈ। ਉਹ ਕੰਮ 'ਚ ਲੱਗਾ ਹੋਵੇ ਤਾਂ ਘੰਟਾ-ਦੋ ਘੰਟਿਆਂ ਦਾ ਪਤਾ ਨਹੀਂ ਲੱਗਦਾ। ਵਿਹਲਾ ਬੈਠਾ ਹੋਵੇ ਤਾਂ ਇਹਦੇ ਬਿਨਾਂ ਉਹ ਨੂੰ ਦਸ ਮਿੰਟ ਵੀ ਕੱਢਣੇ ਮੁਸ਼ਕਲ ਹੋ ਜਾਂਦੇ ਹਨ। ਤਲਬ



www.PunjabiLibrary.com

ਉਠਦੀ ਹੈ ਤੇ ਉਹ ਇਕ ਤੋਂ ਬਾਅਦ ਇਕ ਹੋਰ ਲਾ ਲੈਂਦਾ ਹੈ। ਇਹ ਹੀ ਉਸ ਸ਼ੌਕ ਪਾਲ ਰੱਖਿਆ ਹੈ। ਉਹ ਜੇਬ 'ਚ ਹੱਥ ਮਾਰਦਾ ਹੈ। ਉਥੋਂ ਕੋਈ ਬੀੜੀ ਨਹੀਂ ਮਿਲਦੀ। ਕੰਨਾਂ 'ਚ। ਜੇਬਾਂ 'ਚ। ਧੋਤੀ ਦੇ ਲੜ 'ਚੋਂ। ਕਿਤੋਂ ਨਹੀਂ ਮਿਲਦੀ। ਉਹ ਉਠ ਕੇ ਵਿਹੜੇ 'ਚ ਆ ਜਾਂਦਾ ਹੈ। ਹਨ੍ਹੇਰਾ ਪਤਲਾ ਪੈਣ ਲੱਗਾ ਹੈ। ਠੰਢ ਜ਼ਿਆਦਾ ਹੈ। ਅੱਗ ਬਾਲਣ ਨੂੰ ਚਿਤ ਰਾਜ਼ੀ ਨਹੀਂ ਹੁੰਦਾ। ਨਾ ਅੱਗ ਬਾਲੀ ਜਾਂਦੀ ਹੈ। ਨਾ ਚਿਲਮ ਧਰੀ ਜਾਂਦੀ ਹੈ। ਉਹ ਫੇਰ ਮੰਜੇ 'ਤੇ ਆ ਪੈਂਦਾ ਹੈ। ਚਹੁੰ ਪਾਸਿਉਂ ਰਜਾਈ ਘੁਟ ਲੈਂਦਾ ਹੈ। ਮਾੜਾ ਜਿਹਾ ਨਿੱਘ ਮਿਲਦਾ ਹੈ। ਚੰਗਾ ਲੱਗਦਾ ਹੈ। ਪਰ ਨੀਂਦ ਦਾ ਕੋਈ ਨਾਮੋ-ਨਿਸ਼ਾਨ ਨਹੀਂ ਹੈ।

ਗਿਆਨੋ ਦਰਵਾਜ਼ੇ ਵੱਲ ਦੇਖ ਰਹੀ ਹੈ। ਜਿਵੇਂ ਕਿਸੇ ਨੇ ਆਉਣਾ ਹੋਵੇ।

ਉਹ ਕਿੰਨਾ ਚਿਰ ਕੁਝ ਨਾ ਬੋਲੀ ਤੇ ਨਾ ਹੀ ਉਸ ਅੱਖਾਂ ਝਮਕੀਆਂ ਤਾਂ ਉਹ ਕੰਬ ਉਠਿਆ ਹੈ। ਡੇਲਿਆਂ 'ਚ ਵਧਦੀ ਚਿਟਿਆਈ, ਚਿਹਰੇ 'ਤੇ ਫੈਲੀ ਕਾਲੋਂ ਦੀ ਸੰਘਣੀ ਪਰਤ-ਇਹ ਉਸ ਤੋਂ ਦੇਖਿਆ ਨਹੀਂ ਜਾਂਦਾ।

"ਕੀ ਸੋਚੀ ਜਾਣੀਂ ?"

"ਮੈਂ ਕੀ ਸੋਚਣਾ ਹੋਇਆ ?"

"ਕਲ੍ਹ ਨੂੰ ਸ਼ੀਲਾ ਹੋਰਾਂ ਵੱਲ ਗੇੜਾ ਮਾਰ ਆਈਏ ?"

"ਜਿਦਾਂ ਮਰਜ਼ੀ ਕਰ ਲੈ।"

ਦੁਰਗਾਦਾਸ ਨੂੰ ਉਸ ਨਾਲ ਰਹਿੰਦਿਆਂ ਚੌਬੀ ਸਾਲ ਹੋ ਗਏ ਹਨ-ਪਰ ਉਹ ਇਹਦੇ ਮੂਡ ਨੂੰ ਸਮਝ ਨਹੀਂ ਸਕਿਆ। ਉਹ ਦੀ ਮਾਂ ਨੇ ਉਹ ਨੂੰ ਸਮਝਾਇਆ ਸੀ, "ਪੁੱਤ-ਤੂੰ ਗਿਆਨੋ ਨੂੰ ਕਦੇ ਘੂਰੀਂ ਨਾ। ਇਹ ਦਿਲ ਦੀ ਮਾੜੀ ਨ੍ਹੀਂ। ਇਹ ਦੇ ਮਨ ਚਿੱਤ ਕੁਸ਼ ਨ੍ਹੀਂ। ਇਹ ਪੰਜ ਭੈਣਾਂ। ਕੁੜੀਆਂ ਵਾਲਾ ਪਰਿਵਾਰ। ਜਿਸ ਘਰ 'ਚ ਕੁੜੀਆਂ ਹੀ ਕੁੜੀਆਂ ਹੋਣ, ਉਨ੍ਹਾਂ 'ਚ ਹੀਣਤਾ ਵੀ ਜ਼ਿਆਦਾ ਹੁੰਦੀ।"

ਹੁਣ ਵੀ ਉਹ ਗਿਆਨੋ ਦੀ ਮਰਜ਼ੀ ਜਾਨਣਾ ਚਾਹੁੰਦਾ ਹੈ। ਜਿੱਦਣ ਦੀਆਂ ਸ਼ੀਲਾ ਤੇ ਭੋਲੀ ਗਈਆਂ ਹਨ ਉਦਣ ਦੀ ਇਹ ਜ਼ਿਆਦਾ ਹੀ ਢੇਰੀ ਢਾਅ ਬੈਠੀ ਹੈ। ਦੋਵੇਂ ਕੁੜੀਆਂ ਵਾਰੋ-ਵਾਰੀ ਗੇੜਾ ਮਾਰ ਜਾਂਦੀਆਂ ਹਨ। ਕਦੇ ਇਕੱਠੀਆਂ ਵੀ ਆ ਜਾਂਦੀਆਂ ਹਨ। ਇਕ ਦੋ ਦਿਨ ਰਹਿੰਦੀਆਂ ਹਨ। ਜ਼ਿਆਦਾ ਚਿਰ ਰਹਿ ਕੇ ਉਨ੍ਹਾਂ ਦਾ ਸਰਦਾ ਨਹੀਂ। ਬੱਚੇ ਛੋਟੇ ਹਨ। ਉਨ੍ਹਾਂ ਕੰਮਾਂ 'ਤੇ ਵੀ ਜਾਣਾ ਹੁੰਦਾ ਹੈ। ਆਪਣਾ ਘਰ-ਬਾਰ ਵੀ ਦੇਖਣਾ ਪੈਂਦਾ ਹੈ। ਜੁਆਈ ਚੰਗੇ ਹਨ। ਵੱਡਾ ਬੈਂਕ 'ਚ ਕਲਰਕ ਲੱਗਾ ਹੈ। ਜਿੰਨੀ ਵਾਰੀ ਆਵੇ-ਜ਼ੋਰ ਪਾਉਂਦਾ ਰਹਿੰਦਾ ਹੈ-"ਭਾਪਾ ਜੀ-ਛੱਡੋ ਕੰਮਕਾਰ। ਬਹੁਤ ਕਰ ਲਿਆ। ਹੁਣ ਸਾਡੇ ਕੋਲ ਆ ਜਾਉ।" ਉਹ ਦਾ ਮਨ ਕਰਦਾ ਹੈ ਕਿ ਉਹ ਕਹੇ ਕਿ ਉਹ ਹੀ ਇਥੋਂ ਦੀ ਬਦਲੀ ਕਰਵਾ ਕੇ ਆ ਜਾਵੇ। ਉਨ੍ਹਾਂ ਕੋਲ ਰਹੇ। ਪਰ ਉਸ ਤੋਂ ਕਿਹਾ ਨਹੀਂ ਜਾਂਦਾ। ਛੋਟੇ ਦੀ ਆਪਣੀ ਦੁਕਾਨ ਹੈ। ਚੰਗੀ ਚਲਦੀ ਹੈ। ਪ੍ਰਾਹੁਣਾ ਸਕੂਟਰ 'ਤੇ ਖੜਾ-ਖੜਾ ਗੇੜਾ ਮਾਰ ਜਾਂਦਾ ਹੈ।

ਦੁਰਗਾਦਾਸ ਦੀ ਅਚੋਤਾਈ ਦਾ ਵੱਡਾ ਕਾਰਨ ਮਿਲਣ ਵਾਲਾ ਦੋ ਲੱਖ ਰੁ. ਹੈ। ਬਸ 'ਚ ਬੈਠੇ ਹੋਏ ਨੇ ਆਪਣੀਆਂ ਸਕੀਮਾਂ ਬਣਾਈਆਂ ਸਨ। ਹੁਣ ਉਹ ਆਪਣੀ ਦੁਕਾਨ ਖੋਲ੍ਹੇਗਾ। ਬਹੁਤ ਚਿਰ ਮੋਢਿਆਂ 'ਤੇ ਪੇਟੀ ਢੋਅ ਲਈ। ਬਹੁਤ ਅੱਡੇ ਬਦਲ ਲਏ। ਹੁਣ ਉਸ



ਤੋਂ ਭਾਰ ਨਹੀਂ ਚੁੱਕਿਆ ਜਾਂਦਾ। ਆਪਣੀ ਦੁਕਾਨ ਹੋਵੇ ਤਾਂ ਇੱਜ਼ਤ ਵਧਦੀ ਹੈ। ਦੁਕਾਨ ਉਹ ਨੇ ਦੇਖ ਰੱਖੀਂ ਹੈ। ਵੀਹ ਹਜ਼ਾਰ ਪਗੜੀ ਦਾ ਦੇਣਾ ਹੈ। ਪੰਜਾਹ ਹਜ਼ਾਰ ਦਾ ਸਾਮਾਨ ਪਾ ਲੈਣਾ ਹੈ। ਜੇ ਗਿਆਨੋ ਨੇ ਉਹ ਦੀ ਪੇਸ਼ ਨਾ ਜਾਣ ਦਿੱਤੀ ਤਾਂ ? ਉਸ ਆਪਣੀਆਂ ਹੀ ਗਿਣਤੀਆਂ ਕੀਤੀਆਂ ਹੋਣੀਆਂ ਹਨ। ਉਹ ਕਹੇਗੀ, "ਪੰਜ-ਪੰਜ ਹਜ਼ਾਰ ਤਾਂ ਦੋਵੇਂ ਕੁੜੀਆਂ ਨੂੰ ਦਿਉ। ਜੇ ਮੇਰੀ ਮੰਨੋ ਤਾਂ ਵੱਡੇ ਨੂੰ ਸਕੂਟਰ ਲੈ ਦਿਉ। ਉਹ ਮੇਰਾ ਵੱਡਾ ਪੁੱਤ ਆ। ਬਾਕੀ ਬੈਂਕ 'ਚ ਜਮ੍ਹਾ ਕਰਾ ਦਿਓ।"

"ਤੈਨੂੰ ਨੀਂਦ ਨ੍ਹੀਂ ਆਉਂਦੀ ?"

"............।"

"ਸੌਂ ਗਈ ?"

"ਕਿਥੋਂ ?"

ਲੰਬੀ ਚੁੱਪ।

"ਤੂੰ ਕਿਉਂ ਨ੍ਹੀਂ ਸੌਂ ਜਾਂਦਾ ?"

"ਹੁਣ ਤਾਂ ਦਿਨ ਚੜ੍ਹਣ ਵਾਲਾ।"

"ਚਾਹ ਪੀਣੀ ?"

"ਤੂੰ ਜ਼ਰਾ ਪੱਤੀ ਤੇਜ਼ ਪਾ ਕੇ ਬਣਾ ਲਿਆ।"

....ਮੈਂ ਸਿਗਰੇਟ ਪੀ ਲਵਾਂ। ਅਗਲਾ ਸੀਨ ਦੇਖ ਕੇ ਮੈਂ ਆਪ ਨਰਵਿਸ ਹੋ ਜਾਣਾ। ਜੇ ਤੁਸੀਂ ਕੌਫੀ ਪਾਣੀ ਤਾਂ ਮੈਂ ਬਣਾ ਲਿਆਉਣਾ। ਬਹੁਤਾ ਚਿਰ ਨਹੀਂ ਲੱਗਣਾ। ਸਿਰਫ਼ ਦੋ ਮਿੰਟ। ਨਹੀਂ-ਨਹੀਂ। ਇਹ ਤੁਹਾਡੀ ਇੱਛਾ ਹੈ। ਚਲੋ-ਇਹ ਸੀਨ ਦੇਖੋ।

"ਤੇਰੀ ਚਾਹ ਠੰਢੀ ਹੋ ਜਾਣੀ।"

"ਵਕੀਲ ਨੇ ਦੱਸਿਆ ਕਿ ਜੱਜ ਨੇ ਦੋ ਲੱਖ ਦਾ ਹਰਜ਼ਾਨਾ ਦੇਣ ਦਾ ਹੁਕਮ ਦਿੱਤਾ। ਉਸ ਆਪਣੇ ਫੈਸਲੇ 'ਚ ਲਿਖਿਆ-ਇੱਕ ਮੋਚੀ ਦਾ ਮੁੰਡਾ ਵੱਡਾ ਆਦਮੀ ਨ੍ਹੀਂ ਬਣ ਸਕਦਾ ਸੀ।"

"ਤੂੰ ਕੀ ਵਕੀਲਾਂ ਵਾਲੀ ਬੋਲੀ ਬੋਲੀ ਜਾਣਾ। ਮੈਨੂੰ ਚੰਗੀ ਤਰ੍ਹਾਂ ਖੁੱਲ੍ਹ ਕੇ ਸਮਝਾ।"

"ਜੱਜ ਨੇ ਕਿਹਾ ਕਿ ਬੱਬਾ ਨੌਵੀਂ ਜਮਾਤ 'ਚ ਪੜ੍ਹਦਾ ਸੀ। ਉਸ ਵੱਧ ਤੋਂ ਵੱਧ ਦੋ ਤਿੰਨ ਜਮਾਤਾਂ ਹੋਰ ਪੜ੍ਹਣੀਆਂ ਸਨ। ਫੇਰ ਜਾਂ ਤਾਂ ਉਸ ਆਪਣੇ ਬਾਪ ਵਾਲਾ ਜੱਦੀ ਪੁਸ਼ਤੀ ਕੰਮ ਕਰਨਾ ਸੀ ਜਾਂ ਕੋਈ ਐਦਾਂ ਦਾ ਨਿੱਕਾ-ਮੋਟਾ ਹੋਰ ਕੋਈ ਕੰਮ। ਦੋ ਲੱਖ ਰੁ....ਆਪਣਾ ਵਕੀਲ ਦੱਸਦਾ ਸੀ ਕਿ ਜੇ ਇਹੀ ਮੁੰਡਾ ਕਿਸੇ ਵੱਡੇ ਘਰ ਦਾ ਹੁੰਦਾ ਤਾਂ ਕਲੇਮ ਰਾਸ਼ੀ ਦਸ-ਪੰਦਰਾਂ ਲੱਖ ਹੋਣੀ ਸੀ।"

"ਆਹ ਵਾਲੀ ਗੱਲ ਤੂੰ ਮੈਨੂੰ ਪਹਿਲਾਂ ਕਿਉਂ ਨ੍ਹੀਂ ਦੱਸੀ ?"

"ਤੈਨੂੰ ਕੀ-ਕੀ ਦੱਸਾਂ ?"

"ਬੱਬਾ ਪੜ੍ਹਣ ਨੂੰ ਹੁਸ਼ਿਆਰ ਸੀ। ਅੱਠਵੀਂ 'ਚੋਂ ਜ਼ਿਲ੍ਹੇ 'ਚੋ ਪਹਿਲੇ ਨੰਬਰ 'ਤੇ ਆਇਆ ਸੀ। ਕਲਾਸ ਦਾ ਮਨੀਟਰ। ਮੈਂ ਕਦੇ ਉਸ ਨੂੰ ਕਿਸੇ ਕੰਮ ਲਈ ਨ੍ਹੀਂ ਕਿਹਾ। ਸ਼ੀਲਾ ਜਿੰਨੀ ਵਾਰੀ ਵੀ ਆਉਂਦੀ-ਇਹੀ ਕਹਿੰਦੀ ਸੀ ਆਪਣਾ ਬੱਬਾ ਵੱਡਾ ਅਫਸਰ ਬਣੂ। ਜੱਜ



www.PunjabiLibrary.com

ਨੇ ਇਹ ਕਿਵੇਂ ਕਹਿਤਾ ?"

"ਆਪਣਾ ਵਕੀਲ ਤਾਂ ਚੰਡੀਗੜ੍ਹ ਹਾਈਕੋਰਟ 'ਚ ਅਪੀਲ ਕਰਨ ਨੂੰ ਕਹਿੰਦਾ ਸੀ।"

"ਸੱਚ ?"

"ਹਾਂ।"

"ਤੂੰ ਚੰਡੀਗੜ੍ਹ ਕੇਸ ਕਰ। ਪੈਸਿਆਂ ਦੀ ਪ੍ਰਵਾਹ ਨਾ ਕਰੀਂ। ਮੈਨੂੰ ਇਕ ਸੌ ਪੰਜ ਤੇ ਪੰਦਰਾਂ ਵਾਲੀਆਂ ਮੈਡਮਾਂ ਦੇ ਸੁਨੇਹੇ ਮਿਲੇ ਆ। ਮੈਂ ਉਨ੍ਹਾਂ ਦਾ ਕੰਮ ਵੀ ਸੰਭਾਲ ਲੈਣਾ। ਤੂੰ ਜੱਜ ਨੂੰ ਬੱਬੇ ਦਾ ਅੱਠਵੀਂ ਦਾ ਸਰਟੀਫਿਕੇਟ ਦਿਖਾਈਂ। ਦੇਖੀਂ-ਚੰਡੀਗੜ੍ਹ ਵਾਲੀ ਕਚਹਿਰੀ 'ਚ ਉਹਦਾ ਮੁੱਲ ਘੱਟੋ ਘਟ ਦਸ ਲੱਖ ਪਊ।"

ਅਗੋਂ ਉਹ ਐਨੀ ਕਾਹਲੀ-ਕਾਹਲੀ ਬੋਲਦੀ ਹੈ ਕਿ ਦੁਰਗਾਦਾਸ ਨੂੰ ਇਹ ਦੀ ਕੋਈ ਸਮਝ ਨਹੀਂ ਲੱਗੀ। ਉਹ ਸਿੱਧਾ ਹੀ ਇਹ ਦੇ ਮੂੰਹ ਵੱਲ ਦੇਖਦਾ ਹੈ।

"ਹੁਣ ਮੈਨੂੰ ਇਥੇ ਨੀਂਦ ਨ੍ਹੀਂ ਆਉਣੀ," ਰਮਣੀਕ ਨੇ ਯਕਦਮ ਫੈਸਲਾ ਸੁਣਾਇਆ। ਉਹ ਉਠ ਕੇ ਖੜ ਗਈ। ਸੋਫੇ ਦੀ ਨੁਕਰ 'ਚ ਪਿਆ ਆਪਣਾ ਪਰਸ ਚੁੱਕਿਆ। ਕਿੱਸ ਕੀਤਾ। ਟੀ. ਵੀ. ਦੀ ਸਕਰੀਨ ਵੱਲ ਦੇਖਿਆ। ਥਥਲਾਉਂਦੀ ਹੋਈ ਬੋਲੀ, "ਗਿਆਨੋ ਇਥੋਂ ਤਕ ਵੀ ਸੋਚ ਸਕਦੀ ਸੀ ? ਕੀ ਛੋਟੀਆਂ ਜਾਤਾਂ ਦਾ ਇਹੀ ਕਿਰਦਾਰ ਹੁੰਦਾ ?"

ਉਹ ਜਾਂਦੀ-ਜਾਂਦੀ ਫੇਰ ਮੁੜ ਆਈ। ਪੁੱਛਿਆ, "ਇਹ ਦਾ ਕੀ ਨਾਂ ਰੱਖਿਆ ?"

"ਤੁਸੀਂ ਦੱਸੋ-ਇਹ ਦਾ ਕੀ ਨਾਂ ਰੱਖਾਂ ?"

"ਇਕ ਵਾਰ ਫੇਰ 'ਚਾਈਲਡ ਈਟਰ ਮਦਰ' ਫ਼ਿਲਮ ਦੇਖਲਾਂ। ਫੇਰ ਮੰਮ ਨਾਲ ਵੀ ਡਿਸਕਸ ਕਰਾਂਗੀ। ਤੁਸੀਂ ਮੇਰੇ ਫੋਨ ਦਾ ਇੰਤਜ਼ਾਰ ਕਰਨਾ। ਤੁਹਾਡੀ ਇਸ ਟੈਲੀਫ਼ਿਲਮ ਦਾ ਨਾਂ ਸਿੰਬੌਲਿਕ ਹੋਣਾ ਚਾਹੀਦਾ।"

ਉਹਨੇ ਫੇਰ ਕਿੱਸ ਕੀਤਾ ਤੇ ਕਮਰੇ 'ਚੋਂ ਬਾਹਰ ਚਲੇ ਗਈ।

ਮੈਂ ਉਠ ਕੇ ਦਰਵਾਜ਼ਾ ਬੰਦ ਕੀਤਾ। ਮੇਰੀ ਚਾਚੀ ਗਿਆਨੋ ਦਾ ਚਿਹਰਾ ਮੇਰੇ ਅੱਗੇ ਫੇਰ ਸਾਕਾਰ ਹੋਣ ਲੱਗਾ। ਮੈਂ ਗਿਆਨੋ 'ਤੇ ਫਿਲਮਾਏ ਗਏ ਐਪੀਸੋਡਸ ਬਾਰੇ ਦੋਬਾਰਾ ਤੋਂ ਸੋਚਣ ਲੱਗਾ।



## ਤਥਾ ਅਸਤੂ, ਨਹੀਂ

ਮੈਂ ਫਾਈਨਲ ਪਰੂਫ ਕੱਢਣ ਲਈ ਪ੍ਰਿੰਟਰ ਆਨ ਕੀਤਾ ਸੀ ਕਿ ਰਾਵੀਆ ਆ ਗਈ। ਮੈਨੂੰ ਉਸ ਦਾ ਇੰਤਜਾਰ ਸੀ। ਉਸ ਇਸ ਹਫਤੇ ਆਉਣਾ ਸੀ। ਉਸ ਕਿਸ ਦਿਨ ਆਉਣਾ ਸੀ-ਇਸ ਬਾਰੇ ਮੈਨੂੰ ਬਹੁਤਾ ਪਤਾ ਨਹੀਂ ਸੀ। ਉਹ ਆਉਣ ਤੋਂ ਪਹਿਲਾਂ ਫੋਨ ਕਰਦੀ ਸੀ। ਮੈਥੋਂ ਸਮਾਂ ਲੈਂਦੀ ਸੀ। ਮੈਂ ਉਸ ਦਾ ਐਮ. ਫਿਲ. ਦਾ ਗਾਈਡ ਸੀ। ਉਹ ਮਹੀਨੇ, ਡੇਢ ਮਹੀਨੇ ਬਾਅਦ ਆਉਂਦੀ ਸੀ। ਨਵਾਂ ਲਿਖਿਆ ਦਿਖਾਉਣ। ਮੇਰੇ ਵਿਚਾਰ ਜਾਣਨ ਲਈ। ਉਹਨੂੰ ਬਹੁਤ ਕੁਝ ਨਵਾਂ ਕਰਨ ਦੀ ਚਾਹਨਾ ਸੀ। ਉਹ ਮੇਰੀ ਹੋਣਹਾਰ ਵਿਦਿਆਰਥਣ ਸੀ। ਮੈਂ ਮਨ ਬਣਾ ਲਿਆ ਸੀ ਕਿ ਅਗਲੇ ਸਾਲ ਉਹਦੀ ਪੀ. ਐਚ ਡੀ. ਦੀ ਰਜਿਸਟ੍ਰੇਸ਼ਨ ਕਰਵਾ ਦੇਣੀ ਹੈ। ਉਹ ਮੇਰੇ ਕੋਲ ਉੱਨਾ ਕੁ ਚਿਰ ਬੈਠਦੀ ਜਿੰਨਾ ਚਿਰ ਉਸ ਕੁਝ ਪੁੱਛਣਾ ਜਾਂ ਦੱਸਣਾ ਹੁੰਦਾ ਸੀ। ਉਹ ਵਿਸ਼ੇ ਤੋਂ ਬਾਹਰਲੀ ਦੁਨੀਆਂ ਨਾਲ ਸੰਬੰਧਿਤ ਬਹੁਤ ਘੱਟ ਗੱਲਾਂ ਕਰਦੀ। ਮੇਰੇ ਅਧਿਆਪਨ ਪੀਰੀਅਡ ਦੀ ਉਹ ਅਤੀ ਗੰਭੀਰ ਵਿਦਿਆਰਥਣ ਸੀ। ਉਸ ਦੇ ਚਿਹਰੇ 'ਤੇ ਅਜੀਬ ਜਿਹੀ ਮਾਸੂਮੀਅਤ ਸੀ ਜਿਸ ਕਰਕੇ ਮੈਂ ਉਸ ਨੂੰ ਇਸ ਗੱਲ ਦੀ ਖੁੱਲ੍ਹ ਦੇ ਰੱਖੀ ਸੀ ਕਿ ਉਹ ਜਦੋਂ ਮਰਜੀ ਘਰੇ ਆ ਸਕਦੀ। ਅਕਸਰ ਮੈਂ ਵਿਦਿਆਰਥੀਆਂ ਨੂੰ ਘਰੇ ਨਹੀਂ ਬੁਲਾਉਂਦਾ ਜਾਂ ਘਰ ਆਉਣ ਦੀ ਖੁੱਲ੍ਹ ਨਹੀਂ ਦਿੰਦਾ। ਇਹ ਮੇਰਾ ਤੇ ਮੇਰੀ ਮਿਸਿਜ਼ ਦਾ ਫੈਸਲਾ ਸੀ। ਰਾਵੀਆ ਦੀ ਮੇਰੀ ਮਿਸਿਜ਼ ਨਾਲ ਚੰਗੀ ਬਣਦੀ ਸੀ। ਉਹ ਆਉਂਦੀ, ਮਿਸਿਜ਼ ਨੂੰ ਜੱਫੀ ਪਾ ਲੈਂਦੀ। ਉਹ ਗੱਲਾਂ ਕਰਦੀਆਂ-ਕਰਦੀਆਂ ਰਸੋਈ 'ਚ ਜਾ ਖੜਦੀਆਂ। ਚਾਹ ਦੇ ਤਿੰਨ ਕੱਪ ਬਣਾ ਕੇ ਮੇਰੇ ਕੋਲ ਆ ਬੈਠਦੀਆਂ। ਚਾਹ ਦੇ ਕੱਪ ਖਾਲੀ ਹੋ ਜਾਂਦੇ ਤਾਂ ਮਿਸਿਜ਼ ਉਠ ਕੇ ਚਲੀ ਜਾਂਦੀ। ਮੈਂ ਉਸ ਨੂੰ ਥੀਸਿਸ ਨਾਲ ਸੰਬੰਧਿਤ ਜਾਂ ਕਿਸੇ ਮੈਗਜ਼ੀਨ 'ਚ ਛਪੇ ਨਵੇਂ ਲੇਖ ਬਾਰੇ ਜਾਣਕਾਰੀ ਦਿੰਦਾ।

ਜਦੋਂ ਮਿਸਿਜ਼ ਨੇ ਉਸ ਦੇ ਬਾਰੇ 'ਚ ਦੱਸਿਆ ਸੀ ਤਾਂ ਮੇਰੇ ਮੂੰਹੋਂ ਸੁਭਾਵਕ ਹੀ ਨਿਕਲਿਆ ਸੀ, "ਲੱਗਦਾ ਤਾਂ ਨ੍ਹੀਂ ?" ਮੈਂ ਇਸ ਸੰਬੰਧੀ ਆਪਣੀ ਮਿਸਿਜ਼ ਤੋਂ ਹੋਰ ਨਹੀਂ ਪੁੱਛਿਆ ਸੀ। ਮੇਰੀ ਇਹ ਧਾਰਣਾ ਬਣ ਚੁੱਕੀ ਸੀ ਕਿ ਔਰਤਾਂ ਔਰਤ ਦੇ ਮਾਮਲੇ 'ਚ ਜਾਂ ਤਾਂ ਇਕਦਮ ਭਾਵੁਕ ਹੋ ਜਾਂਦੀਆਂ ਹਨ ਜਾਂ ਈਰਖਾਪੂਰਣ।

ਹੁਣ ਮੈਂ ਉਹ ਨੂੰ ਧਿਆਨ ਨਾਲ ਦੇਖਣ ਲੱਗਾ ਸੀ। ਉਸਦੇ ਆਮ ਕਰਕੇ ਹਲਕੇ



www.PunjabiLibrary.com

ਰੰਗ ਦੇ ਕੱਪੜੇ ਹੁੰਦੇ ਸਨ। ਉਹ ਭਰਵੱਟਿਆਂ ਦੇ ਵਿਚਕਾਰ ਵਾਲੀ ਥਾਂ ਤੋਂ ਢੇਡ ਕੁ ਇੰਚ ਉੱਪਰ ਬਿੰਦੀ ਲਾਉਂਦੀ ਸੀ। ਹਲਕਾ ਮੇਕਅੱਪ ਕਰਦੀ ਸੀ। ਛੋਟੇ ਬਰ ਦੀ ਚੁੰਨੀ ਲੈਂਦੀ ਸੀ। ਸ਼ਾਇਦ ਉਸਨੇ ਮਿਸਿਜ਼ ਕੋਲ ਝੂਠ ਬੋਲਿਆ ਹੋਣਾ ਜਾਂ ਮਜ਼ਾਕ 'ਚ ਕਿਹਾ ਹੋਣਾ। ਮੈਂ ਉਸ ਨਾਲ ਇਸ ਬਾਰੇ ਗੱਲ ਕਰਨੀ ਚਾਹੁੰਦਾ ਸੀ ਪਰ ਮੇਰਾ ਮਨ ਇਸ ਦੇ ਲਈ ਤਿਆਰ ਨਹੀਂ ਸੀ ਹੋ ਰਿਹਾ। ਬਿਨਾਂ ਵਜ੍ਹਾ ਕਿਸੇ ਦੀ ਜ਼ਿੰਦਗੀ 'ਚ ਦਖ਼ਲ ਦੇਣ ਦੀ ਕੋਈ ਤੁੱਕ ਨਹੀਂ ਬਣਦੀ। ਜਿਸ ਦਿਨ ਉਹ ਆਪਣੇ ਬੇਟੇ ਮੋਨੂੰ ਨੂੰ ਨਾਲ ਲੈ ਕੇ ਆਈ ਸੀ, ਉਸ ਦਿਨ ਮੈਨੂੰ ਅੱਧਾ ਕੁ ਯਕੀਨ ਹੋ ਗਿਆ ਸੀ। ਬਾਕੀ ਦੀ ਕਹਾਣੀ ਉਸ ਮਿਸਿਜ਼ ਨੂੰ ਉਦੋਂ ਸੁਣਾਈ ਸੀ ਜਦੋਂ ਮੈਂ ਉਸ ਨੂੰ ਆਪਣਾ ਨਵਾਂ ਕਹਾਣੀ ਸੰਗ੍ਰਹਿ ਪੜ੍ਹਨ ਨੂੰ ਦਿੱਤਾ ਸੀ।

ਕੀ ਪਤਾ– ਉਹ ਆਪਣੀ ਕਹਾਣੀ ਦਾ ਫਾਈਨਲ ਰੂਪ ਦੇਖਣਾ ਚਾਹੁੰਦੀ ਹੋਵੇ। ਮੈਂ ਉਹਨੂੰ ਦੂਜੀ ਰੀਡਿੰਗ ਦੇ ਪਰੂਫ ਦਿੱਤੇ ਸਨ। ਉਸ ਤੋਂ ਬਾਅਦ ਮੈਂ ਮਾਮੂਲੀ ਜਿਹੇ ਸ਼ਬਦਾਂ ਦੀ ਹੇਰ-ਫੇਰ ਕੀਤੀ ਸੀ। ਕਹਾਣੀ ਤਾਂ ਉਹੀ ਸੀ ਜਿਹੜੀ ਮਿਸਿਜ਼ ਰਾਹੀਂ ਮੇਰੇ ਕੋਲ ਆਈ ਸੀ ਤੇ ਇਸ ਦਾ ਕੁਝ ਹਿੱਸਾ ਮੇਰੇ ਅਚੇਤ ਮਨ 'ਚੋਂ ਨਿਕਲਿਆ ਸੀ।

ਮੈਂ ਕੰਪਿਊਟਰ ਨੂੰ ਦਿੱਤੀ ਹੋਈ ਕਮਾਂਡ ਰੋਕ ਦਿੱਤੀ। ਸਵਿੱਚ ਆਫ ਕੀਤਾ। ਉਸ ਵੱਲ ਕੁਰਸੀ ਦਾ ਰੁੱਖ ਕਰਦਿਆਂ ਪੁੱਛਿਆ, "ਤੂੰ ਆਉਣ ਤੋਂ ਪਹਿਲਾਂ ਫੋਨ ਨ੍ਹੀਂ ਕੀਤਾ ? "

"ਮੈਨੂੰ ਪਤਾ ਸੀ ਕਿ ਤੁਸੀਂ ਸ਼ਨੀਵਾਰ ਕਿਤੇ ਨ੍ਹੀਂ ਜਾਂਦੇ।" ਉਹ ਵਿਸ਼ਵਾਸ ਨਾਲ ਬੋਲੀ।

ਉਸ ਮੈਨੂੰ ਨਵਾਂ ਲਿਖਿਆ ਚੈਪਟਰ ਦਿਖਾਇਆ। ਮੈਂ ਉਡਦੀ-ਉਡਦੀ ਨਜ਼ਰ ਮਾਰੀ। ਮੇਰੀ ਇੱਛਾ ਸੀ ਕਿ ਉਹ ਮੇਰੀ ਲਿਖੀ ਕਹਾਣੀ ਬਾਰੇ ਗੱਲ ਛੇੜੇ। ਪਰ ਉਹ ਜਿਵੇਂ ਕਿ ਪਹਿਲਾਂ ਵੀ ਆਪਣੇ ਵਿਸ਼ੇ ਤੋਂ ਬਾਹਰਲੀਆਂ ਗੱਲਾਂ ਨਹੀਂ ਸੀ ਕਰਦੀ, ਉਵੇਂ ਉਸ ਕੋਈ ਦੂਜੀ ਗੱਲ ਨਾ ਕੀਤੀ। ਉਹ ਜਾਣ ਲਈ ਉੱਠੀ ਤਾਂ ਮੈਂ ਆਪ ਹੀ ਉਸ ਤੋਂ ਪੁੱਛ ਲਿਆ, "ਕਹਾਣੀ ਪੜ੍ਹੀ ਸੀ ?"

"ਦੋ ਵਾਰ ਪੜ੍ਹ ਚੁੱਕੀ ਆਂ।"

"ਤੇਰੇ ਕੀ ਵਿਚਾਰ ਬਣੇ ?"

"ਤੁਸੀਂ ਫੀਮੇਲ ਪਾਤਰ ਨਾਲ ਇਨਸਾਫ਼ ਨ੍ਹੀਂ ਕੀਤਾ ?"

"ਮੈਂ ?" ਉਸ ਦੇ ਇਕੋ ਵਾਕ ਨੇ ਮੈਨੂੰ ਪੈਰਾਂ ਹੇਠੋਂ ਕੱਢ ਦਿੱਤਾ ਸੀ। ਮੈਨੂੰ ਉਸ ਤੋਂ ਅਜਿਹੀ ਆਸ ਨਹੀਂ ਸੀ।

"ਹਾਂ, ਤੁਸੀਂ। ਲੇਖਕ ਸੁਖਵਿੰਦਰ ਸੰਘਾ ਜੀ।"

"ਕਿਵੇਂ ?"

"ਪਹਿਲਾਂ ਆਪਣੇ ਅੰਦਰ ਬੈਠੇ 'ਮੇਲ' ਨੂੰ ਮਾਰੋ।"

ਇਹ ਸਿੱਧੀ ਵੰਗਾਰ ਸੀ। ਇਹ ਸੱਚੀ ਗੱਲ ਸੀ ਕਿ ਮੈਨੂੰ ਰਾਵੀਆ ਨਾਲ ਹਮਦਰਦੀ ਸੀ। ਪੂਰੀ ਹਮਦਰਦੀ। ਕਿਸੇ ਦੂਜੇ ਨੂੰ ਵੀ ਹੋ ਸਕਦੀ ਹੈ। ਮੈਂ ਉਸ ਦੇ ਬੇਟੇ ਬਾਰੇ ਚਿਤੁੰਤ ਸੀ। ਇਕ ਔਰਤ, ਜਿਸ ਦੇ ਪਤੀ ਦਾ ਐਕਸੀਡੈਂਟ ਹੋਇਆ ਹੋਵੇ, ਦੋਵੇਂ ਲੱਤਾਂ ਕੱਟੀਆਂ ਗਈਆਂ ਹੋਣ, ਸੱਜੀ ਬਾਂਹ ਟੁੱਟ ਗਈ ਹੋਵੇ, ਉਹ ਬਚੇਗਾ ਜਾਂ ਕਿ ਨਹੀਂ, ਨਾਲ ਹਮਦਰਦੀ ਹੋਣੀ



ਕੁਦਰਤੀ ਗੱਲ ਹੈ। ਉਸ ਔਰਤ ਦੀ ਉਮਰ ਸਿਰਫ਼ ਚੌਬੀ ਸਾਲ ਹੈ। ਮੈਂ ਉਸ ਨੂੰ ਕਿੰਨਾ ਕੁ ਬੋਲਡ ਦਿਖਾ ਸਕਦਾ ਸੀ। ਭਾਰਤੀ ਔਰਤ ਤਾਂ ਆਪਣੇ ਸਿਰ ਦੇ ਸਾਈਂ ਆਸਰੇ ਨੱਠੀ-ਭੱਜੀ ਫਿਰਦੀ ਹੈ।

ਮੈਂ ਤਨਾਉਗ੍ਰਸਤ ਹੋ ਗਿਆ ਸੀ।

ਮੈਂ ਸੰਭਲਦਾ, ਇਸ ਤੋਂ ਪਹਿਲਾਂ ਹੀ ਉਸ ਕਿਹਾ, "ਹਮਦਰਦੀ ਦੀ ਲੋੜ ਤਾਂ ਮਰਦ ਨੂੰ ਵੀ ਪੈਂਦੀ।"

"ਮੈਂ ਇਸ ਗੱਲੋਂ ਇਨਕਾਰ ਨ੍ਹੀਂ ਕਰਦਾ।"

"ਫੇਰ ਇਹ ਵਖਰੇਵਾਂ ਕਿਉਂ ?"

ਇਕ ਵਾਰ ਫੇਰ ਉਸ ਮੈਨੂੰ ਨਿਰਉੱਤਰ ਕਰ ਦਿੱਤਾ ਸੀ। ਉਹ ਪੂਰੇ ਹਮਲਾਵਰ ਰੂਪ 'ਚ ਸੀ ਜਿਵੇਂ ਉਹ ਘਰੋਂ ਹੀ ਤਿਆਰ ਹੋ ਕੇ ਆਈ ਹੋਵੇ। ਮੈਂ ਆਪਣਾ ਸਪੱਸ਼ਟੀਕਰਨ ਦਿੱਤਾ, "ਹਮਦਰਦੀ ਸਥਿਤੀਆਂ ਅਨੁਸਾਰ ਪੈਦਾ ਹੁੰਦੀ ਆ।"

"ਤੁਹਾਡੀ ਇਹ ਗੱਲ ਅੱਧੀ ਕੁ ਮੰਨੀ ਜਾ ਸਕਦੀ।"

"ਤੈਨੂੰ ਵੀ ਹਮਦਰਦੀ ਦੀ ਲੋੜ ਆ।"

"ਮੈਨੂੰ ਹਮਦਰਦੀ ਚਾਹੀਦੀ। ਪਰ ਫੋਕੀ ਹਮਦਰਦੀ ਨ੍ਹੀਂ। ਨਾ ਹੀ ਤੁਹਾਡੀ ਕਹਾਣੀ ਵਿਚਲਾ ਝੂਠ।" ਉਹ ਕੁਝ ਹੋਰ ਕਹਿਣ ਲੱਗੀ ਸੀ। ਪਰ ਉਸ ਦੇ ਬੁੱਲ੍ਹਾਂ 'ਚੋਂ ਕੋਈ ਵਾਕ ਨਹੀਂ ਨਿਕਲ ਰਿਹਾ ਸੀ। ਹੋ ਸਕਦਾ ਇੱਕ ਅਧਿਆਪਕ ਤੇ ਇਕ ਵਿਦਿਆਰਥਣ ਵਿਚਲੇ ਗੈਪ ਦੀ ਕੰਧ ਉਪਰੋਂ ਦੀ ਉਹ ਝਾਕਣਾ ਨਾ ਚਾਹੁੰਦੀ ਹੋਵੇ। ਉਸ ਜਾਂਦਿਆਂ-ਜਾਂਦਿਆਂ ਕਿਹਾ, "ਮੈਂ ਆਂਟੀ ਜੀ ਨੂੰ ਆਪਣੀ ਡਾਇਰੀ ਦੇ ਚਲੀ ਆਂ। ਸਮਾਂ ਮਿਲਿਆ ਤਾਂ ਪੜ੍ਹ ਲਿਉ।"

***

ਸੁਪਨਦੀਪ ਨੂੰ ਆਪ੍ਰੇਸ਼ਨ ਥੀਏਟਰ 'ਚ ਗਿਆਂ ਘੰਟਾ ਹੋਣ ਲੱਗਾ ਸੀ। ਅਜੇ ਉਸ ਦੀ ਵਾਰੀ ਨਹੀਂ ਆਈ ਸੀ। ਉਹ ਸਟੈਚਰ 'ਤੇ ਪਿਆ ਸੀ। ਚਿੱਟੀ ਚਾਦਰ 'ਚ ਲਕੋਇਆ। ਸਿਰਫ਼ ਸਿਰ ਦਿੱਸਦਾ ਸੀ। ਅੱਧਾ ਕੁ। ਬਾਕੀ ਦਾ ਪੱਟੀਆਂ ਵਿਚ ਲੁਕਿਆ। ਆਪ੍ਰੇਸ਼ਨ ਥੀਏਟਰ ਵੱਲ ਜਾਂਦਿਆਂ ਸਟੈਚਰ ਨੂੰ ਮਾੜਾ ਜਿਹਾ ਝਟਕਾ ਲੱਗਾ ਤਾਂ ਗੁਰਪ੍ਰੀਤ ਨੇ ਸੇਵਾਦਾਰ ਨੂੰ ਝਿੜਕਿਆ ਸੀ, "ਦੇਖ ਕੇ ਚਲ। ਹੌਲੀ-ਹੌਲੀ। ਬਚਾ ਕੇ।" ਸੇਵਾਦਾਰ ਨੇ ਉਸ ਦੇ ਕਹੇ ਨੂੰ ਅਣਸੁਣਿਆ ਕਰ ਦਿੱਤਾ ਸੀ। ਉਸ ਆਪਣੀ ਚਾਲ ਹੋਰ ਤੇਜ਼ ਕਰ ਦਿੱਤੀ ਸੀ। ਗੁਰਪ੍ਰੀਤ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਿਆ ਸੀ। ਉਸ ਨੇ ਸੇਵਾਦਾਰ ਨੂੰ ਵੀਹ ਦਾ ਨੋਟ ਦਿੰਦਿਆਂ ਅਧੀਨਗੀ ਨਾਲ ਕਿਹਾ ਸੀ, "ਵੀਰ ਮੇਰਿਆ ਬਚਾ ਕੇ। ਜਦੋਂ ਆਪ੍ਰੇਸ਼ਨ ਹੋਣ ਲੱਗਾ ਤਾਂ ਮੈਨੂੰ ਘੜੀ-ਘੜੀ ਦੀ ਖ਼ਬਰ.....।" ਇਨ੍ਹਾਂ ਦਿਨਾਂ 'ਚ ਇਹ ਉਸਦਾ ਪੰਜਵਾਂ ਛੇਵਾਂ ਆਪ੍ਰੇਸ਼ਨ ਹੋਣ ਜਾ ਰਿਹਾ ਸੀ। ਮੇਜਰ ਆਪ੍ਰੇਸ਼ਨ। ਆਰ ਜਾਂ ਪਾਰ ਦਾ। ਸਿਰ ਦਾ। ਡਾਕਟਰ ਪਰਮਾਰ ਨੇ ਇੰਨੀ ਕੁ ਤਸੱਲੀ ਦਿੱਤੀ ਸੀ ਕਿ ਉਹ ਕੋਸ਼ਿਸ਼ ਕਰੇਗਾ। ਅੱਗੇ ਨੀਲੀ ਛੱਤਰੀ ਵਾਲੇ ਦੇ ਹੱਥ 'ਚ ਹੈ। ਡਾਕਟਰ ਨੇ ਖ਼ੂਨ ਦਾ ਬੰਦੋਬਸਤ ਕਰਨ ਲਈ ਕਿਹਾ ਸੀ। ਰਾਵੀਆ ਦੀ ਭੂਆ ਦੇ ਦੋਵੇਂ ਮੁੰਡੇ ਖ਼ੂਨ ਦੇਣ ਲਈ ਤਿਆਰ ਖੜੇ ਸਨ। ਦੋ ਬੋਤਲਾਂ ਰਾਵੀਆ ਦੇ ਛੋਟੇ ਭਰਾਵਾਂ ਨੇ



www.PunjabiLibrary.com

ਦਿੱਤੀਆਂ ਸਨ। ਪਹਿਲਾਂ ਸੁਪਨਪ੍ਰੀਤ ਤੋਂ ਵੱਡੇ ਗੁਰਪ੍ਰੀਤ ਨੇ ਦੋ ਵਾਰ ਖ਼ੂਨ ਦਿੱਤਾ ਸੀ। ਉਹ ਤੀਜੀ ਵਾਰ ਵੀ ਤਿਆਰ ਸੀ। ਮਾਤਾ ਜੀ ਨੇ ਉਹਨੂੰ ਰੋਕ ਦਿੱਤਾ ਸੀ, " ਜਿੰਨੇ ਪੈਸੇ ਚਾਹੀਦੇ- ਮੈਥੋਂ ਲੈ ਜਾ। ਇਕ ਦੀ ਥਾਂ ਭਾਵੇਂ ਦਸ ਬੋਤਲਾਂ ਖ਼ੀਦ ਲੈ। ਹੁਣ ਮੈਂ ਤੈਨੂੰ ਖ਼ੂਨ ਕਢਾਉਣ ਨ੍ਹੀਂ ਦੇਣਾ। ਜੇ ਤੂੰ ਵੀ ਮੰਜੇ 'ਤੇ ਪੈ ਗਿਆ ਤਾਂ ਸਾਡਾ ਕੀ ਬਣੂੰ ?" ਗੁਰਪ੍ਰੀਤ ਦੀਆਂ ਨਜ਼ਰਾਂ ਆਪ੍ਰੇਸ਼ਨ ਥੀਏਟਰ ਦੇ ਮੇਨ ਗੇਟ 'ਤੇ ਕੇਂਦਰਤ ਸਨ। ਕੀ ਪਤਾ-ਡਾਕਟਰਾਂ ਨੇ ਕਿਹੜੀ ਚੀਜ਼ ਲਈ ਆਵਾਜ਼ ਮਾਰ ਦੇਣੀ। ਜਿਸ ਦਿਨ ਸੁਪਨਦੀਪ ਨੂੰ ਹਸਪਤਾਲ 'ਚ ਲਿਆਂਦਾ ਗਿਆ ਸੀ ਡਾਕਟਰਾਂ ਨੇ ਉਨ੍ਹਾਂ ਨੂੰ ਭਾਜੜਾਂ ਪਾਈ ਰੱਖੀਆਂ ਸਨ। ਸੇਵਾਦਾਰ ਦਸ-ਪੰਦਰਾਂ ਮਿੰਟਾਂ ਬਾਅਦ ਆਪ੍ਰੇਸ਼ਨ-ਥੀਏਟਰ ਦਾ ਦਰਵਾਜ਼ਾ ਖੋਲ੍ਹਦਾ। ਉਹ ਦੂਰੋਂ ਹੀ ਕਹਿੰਦਾ-ਆਹ ਇੰਜੈਕਸ਼ਨ ਲਿਆਉ। ਅਗਲੀ ਵਾਰ-ਮੋਟੀਆਂ ਨ੍ਹੀਂ ਬਰੀਕ ਸੂਈਆਂ ਚਾਹੀਦੀਆਂ। ਤੀਜੀ ਵਾਰ- ਹੋਰ ਪੱਟੀਆਂ ਲਿਆਉ।

ਰਾਵੀਆ ਮਾਤਾ ਜੀ ਨਾਲ ਜੁੜ ਕੇ ਬੈਠੀ ਸੀ। ਮਾਤਾ ਜੀ ਰਾਵੀਆ ਨਾਲ। ਦੋਹਾਂ ਨੂੰ ਇਕ-ਦੂਜੀ ਦਾ ਆਸਰਾ ਸੀ।

ਦੋਵੇਂ ਚੁੱਪ ਸਨ।

ਅੱਜ ਸੁਪਨਦੀਪ ਦੇ ਸਿਰ ਦਾ ਅਪ੍ਰੇਸ਼ਨ ਹੋਣਾ ਸੀ। ਡਾਕਟਰ ਪਰਮਾਰ ਨੂੰ ਉਚੇਚਾ ਸੱਦਿਆ ਸੀ। ਡਾ. ਧੀਮਾਨ ਨੇ ਗੁਰਪ੍ਰੀਤ ਨੂੰ ਆਪਣੇ ਕੈਬਿਨ 'ਚ ਸੱਦ ਕੇ ਕੁਝ ਸਮਝਾਇਆ ਸੀ।

ਆਪ੍ਰੇਸ਼ਨ-ਥੀਏਟਰ ਦਾ ਦਰਵਾਜ਼ਾ ਖੁੱਲ੍ਹਦਾ ਤਾਂ ਸਾਰੇ ਉਧਰ ਦੇਖਣ ਲੱਗ ਜਾਂਦੇ।

ਮੋਨੂੰ ਰੀਂਅ-ਰੀਂਅ ਕਰਨ ਲੱਗਾ। ਉਹ ਇਥੋਂ ਜਾਣ ਨੂੰ ਕਾਹਲਾ ਪਿਆ ਸੀ। ਉਹ ਕਦੇ ਮਾਤਾ ਜੀ ਵੱਲ ਉਲਰਦਾ। ਕਦੇ ਰਾਵੀਆ ਦੇ ਵਾਲ ਪੁੱਟਣ ਲੱਗਦਾ। ਕਿਸੇ ਹੋਰ ਵੱਲ ਮੂੰਹ ਨਾ ਕਰਦਾ। ਕੋਈ ਜਬਰਦਸਤੀ ਚੁੱਕਦਾ ਤਾਂ ਉਹ ਚੀਕਾਂ ਮਾਰਨ ਲੱਗ ਪੈਂਦਾ। ਮਾਤਾ ਜੀ ਨੇ ਰਾਵੀਆ ਨੂੰ ਕਿਹਾ, "ਕੁੜੇ-ਇਹਨੂੰ ਦੋ ਘੜੀਆਂ ਪਾਰਕ ਵੱਲ ਘੁੰਮਾ ਲਿਆ। ਦੀਪ ਦੇ ਆਪਰੇਸ਼ਨ ਨੂੰ ਟਾਈਮ ਲੱਗ ਜਾਣਾ।"

ਇਹ ਕੰਮ ਮਾਤਾ ਜੀ ਵੀ ਕਰ ਸਕਦੇ ਸਨ। ਮੋਨੂੰ ਦਿਨੇ ਮਾਤਾ ਜੀ ਕੋਲ ਰਹਿੰਦਾ ਸੀ। ਰਾਤ ਨੂੰ ਰਾਵੀਆ ਨਾਲ ਸੌਂਦਾ ਸੀ। ਸ਼ਾਇਦ ਮਾਤਾ ਜੀ ਇਕੱਲਤਾ ਚਾਹੁੰਦੇ ਸਨ। ਉਸ ਸਮੇਂ ਉਹ ਦੋਵੇਂ ਸਨ। ਨੌਂਹ-ਸੱਸ। ਗੁਰਪ੍ਰੀਤ ਤੇ ਹੋਰ ਰਿਸ਼ਤੇਦਾਰ ਥੋੜ੍ਹਾ ਹਟਵਾਂ ਬੈਠੇ ਸਨ। ਭਾਬੀ ਜੀ ਨੇ ਦੁਪਹਿਰ ਦੀ ਰੋਟੀ ਲੈ ਕੇ ਆਉਣਾ ਸੀ। ਉਨ੍ਹਾਂ ਦੇ ਨਾਲ ਹੀ ਚਾਚੀ ਜੀ ਤੇ ਰਾਤ ਦੀਆਂ ਆਈਆਂ ਦੋਵੇਂ ਮਾਸੀਆਂ ਨੇ ਆਉਣਾ ਸੀ।

ਰਾਵੀਆ ਨੇ ਉਨ੍ਹਾਂ ਨੂੰ ਜਾਣ ਲਈ ਕਿਹਾ। ਅਗੋਂ ਉਨ੍ਹਾਂ ਸਿਰ ਫੇਰ ਦਿੱਤਾ।

ਮੋਨੂੰ ਨੂੰ ਚੁੱਕ ਕੇ ਰਾਵੀਆ ਪਾਰਕ ਵੱਲ ਤੁਰ ਪਈ।

ਦੂਜੇ ਪਾਸੇ ਉਸ ਦੀ ਮੰਮੀ, ਤਾਈ ਤੇ ਉਨ੍ਹਾਂ ਦੀ ਗੁਆਂਢਣ ਆ ਬੈਠੀਆਂ।

ਹੁਣ ਦੋ ਟੋਲੀਆਂ ਬਣ ਗਈਆਂ ਸਨ। ਇਕ ਸਹੁਰਿਆਂ ਵਾਲੀ। ਇਕ ਪੇਕਿਆਂ ਵਾਲੀ। ਇਹ ਅਚਾਨਕ ਹੋਇਆ ਸੀ। ਜਿਸ ਰੁੱਖ ਹੇਠਾਂ ਸਹੁਰਿਆਂ ਵਾਲੇ ਬੈਠੇ ਸਨ, ਉਥੇ ਕਾਫੀ ਜਣੇ ਹੋ ਗਏ ਸਨ। ਛਾਂ ਦਾ ਦਾਇਰਾ ਸੀਮਤ ਸੀ। ਰਾਵੀਆ ਦੀ ਮੰਮੀ ਤੇ ਚਾਚੀ



ਹਟਵੇਂ ਪੈਂਦੇ ਬੋਹੜ ਹੇਠ ਜਾ ਬੈਠੀਆਂ ਸਨ। ਵੀਹ ਕੁ ਮਿੰਟਾਂ ਬਾਅਦ ਰਾਵੀਆ ਦੇ ਡੈਡੀ ਵੀ ਉਨ੍ਹਾਂ ਕੋਲ ਆ ਗਏ ਸਨ। ਸੂਰਜ ਦੀ ਦਿਸ਼ਾ ਬਦਲੀ ਤਾਂ ਗਰਮੀ ਤੋਂ ਉਕਤਾ ਕੇ ਸੁਪਨਦੀਪ ਦੀਆਂ ਦੋ ਗੁਆਂਢਣਾਂ ਉਥੇ ਆ ਗਈਆਂ ਸਨ। ਉਹ ਉਥੇ ਕਾਫੀ ਚਿਰ ਬੈਠੀਆਂ ਰਹੀਆਂ ਸਨ। ਸੁਪਨਦੀਪ ਦੀ ਮਾਤਾ ਜੀ ਨੂੰ ਇਹ ਅਖਰਿਆ ਸੀ। ਉਨ੍ਹਾਂ ਮੂੰਹ ਵੱਟ ਲਿਆ ਸੀ। ਅਗਲੇ ਦਿਨ ਤੋਂ ਦੋ ਟੋਲੀਆਂ ਬਣ ਗਈਆਂ ਸਨ। ਉਨ੍ਹਾਂ ਦੇ ਅੰਦਰ ਦੀ ਰੰਜ਼ਸ਼ ਬਾਹਰ ਆਉਣ ਲੱਗੀ ਸੀ।

ਰਾਵੀਆ ਜ਼ਿਆਦਾ ਸਮਾਂ ਸਹੁਰਿਆਂ ਵਾਲੀ ਟੋਲੀ 'ਚ ਗੁਜ਼ਾਰਦੀ ਸੀ।

ਮੋੜ-ਘੋੜ ਕੇ ਉਹੀ ਗੱਲਾਂ ਹੁੰਦੀਆਂ ਸਨ।

ਸਹੁਰਿਆਂ ਵਾਲੇ ਪਾਸੇ।

-ਕਿਵੇਂ ਐਕਸੀਡੈਂਟ ਹੋਇਆ ?

-ਕਿਥੇ ਐਕਸੀਡੈਂਟ ਹੋਇਆ ?

-ਡਰਾਈਵਾਰ ਫੜ੍ਹ ਲਿਆ ਕਿ ਦੌੜ ਗਿਆ ?

-ਕਿੱਥੇ-ਕਿੱਥੇ ਸੱਟਾਂ ਲੱਗੀਆਂ ?

-ਡਾਕਟਰ ਕੀ ਕਹਿੰਦੇ ?

ਲੰਬੀ ਚੁੱਪ ਤੋਂ ਬਾਅਦ।

-ਬਹੂ ਦੀ ਉਮਰ ਤਾਂ ਦੇਖੋ।

-ਮਾੜੀ ਕਿਸਮਤ ਵਾਲੀ।

ਘੁਸਰ-ਮੁਸਰ।

-ਇਹਨੂੰ ਹੋਰ ਖਸਮ ਮਿਲ ਜਾਊ। ਪਰ ਮਾਂ ਨੂੰ ਪੁੱਤ ਨਹੀਂ ਮਿਲਣਾ। ਮੋਨੂੰ ਨੂੰ ਪਿਉ ਨਹੀਂ ਮਿਲਣਾ।

ਪੇਕਿਆਂ ਵਾਲੇ ਪਾਸੇ।

-ਤੁਹਾਨੂੰ ਦੋਹਰੀ ਮਾਰ ਪੈ ਗਈ।

-ਐਸ ਉਮਰ ਦਾ ਰੰਡੇਪਾ।

-ਪੁਰਾਣੇ ਸਮਿਆਂ 'ਚ ਤਾਂ ਦਿਓਰ ਭਾਬੀ 'ਤੇ ਚਾਦਰ ਪਾ ਲੈਂਦਾ ਸੀ-ਹੁਣ ਦੇ ਮੁੰਡੇ ਨਹੀਂ ਮੰਨਦੇ।

-ਤੁਹਾਨੂੰ ਹੁਣ ਤੋਂ ਹੀ ਕੁੜੀ ਦੇ ਸਹੁਰਿਆਂ ਨਾਲ ਖੋਲ੍ਹ ਕੇ ਗੱਲ ਕਰਨੀ ਚਾਹੀਦੀ।

-ਮੈਥੋਂ ਕੁੜੀ ਵੱਲ ਦੇਖਿਆ ਨਹੀਂ ਜਾਂਦਾ।

ਉਨ੍ਹਾਂ ਇਸ ਗੱਲ ਨੂੰ ਪੱਕ ਮੰਨ ਲਿਆ ਸੀ ਕਿ ਸੁਪਨਦੀਪ ਹੁਣ ਗਿਣਤੀ-ਮਿਣਤੀ ਦੀਆਂ ਘੜੀਆਂ ਦਾ ਪ੍ਰਾਹੁਣਾ ਹੈ। ਇਨ੍ਹਾਂ ਦਸਾਂ ਦਿਨਾਂ 'ਚ ਨਾ ਤਾਂ ਉਸਨੇ ਅੱਖਾਂ ਖੋਲ੍ਹ ਕੇ ਦੇਖਿਆ ਸੀ। ਨਾ ਹੀ ਉਹਦੇ ਮੂੰਹੋਂ ਕੋਈ ਸ਼ਬਦ ਨਿਕਲਿਆ ਸੀ। ਉਸ ਦੇ ਹੱਥ-ਪੈਰ-ਸਿਰ ਜਿਸ ਥਾਂ 'ਤੇ ਨਰਸਾਂ ਨੇ ਟਿਕਾ ਦਿੱਤੇ ਸਨ, ਉਥੇ ਹੀ ਜੜ ਹੋ ਗਏ ਸਨ। ਗੁਲੂਕੋਜ਼ ਦੀ ਬੋਤਲ ਖਤਮ ਹੁੰਦੀ ਤਾਂ ਦੂਜੀ ਲਾ ਦਿੰਦੇ। ਪਹਿਲੇ ਦੋ ਦਿਨਾਂ 'ਚ ਉਮੀਦ ਬਰਕਰਾਰ ਰਹੀ ਸੀ। ਅਜੇ ਉਸ ਦੀ ਉਮਰ ਕਿੰਨੀ ਕੁ ਸੀ ? ਸਿਰਫ਼ ਸਤਾਈ ਸਾਲ। ਇਸ ਉਮਰ 'ਚ ਤਾਂ



www.PunjabiLibrary.com

ਅੱਧੇ-ਵੱਢੇ ਆਦਮੀ ਦੀ ਰਿਕਵਰੀ ਹੋ ਜਾਂਦੀ ਹੈ। ਅਗਲੇ ਦਿਨਾਂ 'ਚ ਉਸਦੀ ਹਾਲਤ ਹੋਰ ਵੀ ਖਰਾਬ ਹੋ ਗਈ ਸੀ। ਉਹਦੇ ਕਿੰਨੇ ਆਪ੍ਰੇਸ਼ਨ ਹੋਏ ਸਨ-ਇਸ ਦਾ ਪਤਾ ਗੁਰਪ੍ਰੀਤ ਨੂੰ ਹੀ ਸੀ। ਨੌਵੇਂ ਦਿਨ ਜਦੋਂ ਉਸ ਦੇ ਆਕਸੀਜਨ ਮਾਸਕ ਲੱਗਾ ਸੀ ਤਾਂ ਗੁਰਪ੍ਰੀਤ ਭੁੱਬੀਂ ਰੋ ਪਿਆ ਸੀ। ਉਸਨੇ ਹਥਿਆਰ ਸੁੱਟ ਦਿੱਤੇ ਸਨ। ਉਹ ਆਪ ਰੋਇਆ ਸੀ। ਕੋਲ ਬੈਠਿਆਂ ਨੂੰ ਰੁਆਇਆ ਸੀ। ਉਹ ਕਿਸੇ ਕੋਲੋਂ ਸੰਭਾਲਿਆ ਨਹੀਂ ਗਿਆ ਸੀ।

ਰਾਵੀਆ ਨੂੰ ਲੱਗਦਾ ਸੀ ਕਿ ਉਨ੍ਹਾਂ ਦੇ ਮਨਾਂ 'ਚ ਕੁਝ ਅਜਿਹਾ ਸੀ ਜਿਹੜਾ ਕਿ ਵਾਰ-ਵਾਰ ਅੱਖਾਂ 'ਚੋਂ ਬਾਹਰ ਆ ਰਿਹਾ ਸੀ। ਉਹਨੂੰ ਇਸੇ ਤੋਂ ਡਰ ਲੱਗਦਾ ਸੀ। ਉਹ ਗਿਰਗਟ ਵਾਂਗ ਰੰਗ ਬਦਲ ਰਹੇ ਸਨ। ਇਕ ਪਾਸੇ ਹਮਦਰਦੀ ਸੀ। ਦੂਜੇ ਪਾਸੇ ਭੈਅ ਸੀ। ਫੇਰ ਤਾਂ ਉਸ ਉਨ੍ਹਾਂ ਦੇ ਚਿਹਰਿਆਂ ਵੱਲ ਦੇਖਣਾ ਹੀ ਛੱਡ ਦਿੱਤਾ ਸੀ।

ਉਹਨੂੰ ਆਪਣੀ ਮੰਮੀ ਦੀਆਂ ਗੱਲਾਂ ਚੰਗੀਆਂ ਨਹੀਂ ਲੱਗਦੀਆਂ ਸਨ। ਉਹ ਵੀ ਦੂਜਿਆਂ ਵਾਂਗ ਨਾਟਕ ਕਰਦੇ ਸਨ।

[23-4-2002: ਮੰਮੀ ਦਿਨ-ਰਾਤ ਹਸਪਤਾਲ ਰਹਿੰਦੇ। ਉਹ ਸਿਰਫ਼ ਇਕ ਵਾਰ ਘਰੇ ਗਏ। ਡੈਡੀ ਨੇ ਪੰਜ ਦਿਨ ਛੁੱਟੀਆਂ ਕੀਤੀਆਂ। ਫੇਰ ਉਹ ਸਵੇਰ-ਦੁਪਹਿਰ ਤੇ ਸ਼ਾਮ ਨੂੰ ਆਉਣ ਲੱਗੇ। ਉਹ ਆਪਣਾ ਲੰਚ ਹਸਪਤਾਲ 'ਚ ਲੈਂਦੇ। ਸੁਪਨਦੀਪ ਕੋਲ ਬੈਠਣ ਦਾ ਸਮਾਂ ਵੰਡਿਆ ਹੋਇਆ। .....ਮੈਨੂੰ ਮੰਮੀ ਨੇ ਬੈਂਗ 'ਚੋਂ ਟੂਥ-ਪੇਸਟ ਤੇ ਬਰੁਸ਼ ਕੱਢਣ ਲਈ ਕਿਹਾ। ਮੈਂ ਬੈਂਗ ਖੋਲ੍ਹਿਆ ਤਾਂ ਹੇਠੋਂ ਚਿੱਟੀ ਚੁੰਨੀ ਨਿਕਲੀ। ਮੈਨੂੰ ਕੰਬਣੀ ਛਿੜੀ। ਉਹ ਇਥੋਂ ਤੀਕ ਸੋਚੀ ਬੈਠੇ ਹਨ। ਕੀ ਉਨ੍ਹਾਂ ਵੀ ਇਸ ਗੱਲ ਨੂੰ ਸੱਚ ਮੰਨ ਲਿਆ ਹੈ ਕਿ ਹੁਣ ਸੁਪਨਦੀਪ ਦੀ ਰਿਕਵਰੀ ਨਹੀਂ ਹੋ ਸਕਦੀ? ਤਿੰਨਾਂ ਦਿਨਾਂ ਤੋਂ ਉਨ੍ਹਾਂ ਦੇ ਸੁਭਾਅ 'ਚ ਕਾਹਲੀ ਆ ਗਈ ਹੈ। ਉਹ ਮੈਨੂੰ ਮੱਲੋਜ਼ੋਰੀ ਖੁਆਉਂਦੇ ਹਨ, "ਜੇ ਤੂੰ ਵੀ ਬਿਮਾਰ ਪੈ ਗਈ ਤਾਂ?" ਉਨ੍ਹਾਂ ਕੋਲ ਇਹ ਵੀ ਇੱਕ ਹਥਿਆਰ ਹੈ। ਮੈਨੂੰ ਉਨ੍ਹਾਂ ਦਾ ਕਿਹਾ ਮੰਨਣਾ ਪੈਂਦਾ ਹੈ। ਪਰ ਮੈਂ ਉਨ੍ਹਾਂ ਦੀ ਕਿਸੇ ਗੱਲ 'ਚ ਸ਼ਾਮਿਲ ਨਹੀਂ ਹੁੰਦੀ। ਡੈਡੀ ਦੁਪਹਿਰੇ ਆਏ ਤਾਂ ਮੰਮੀ ਨੇ ਹੌਲੀ ਜਿਹੇ ਪੁੱਛਿਆ ਸੀ, "ਤੁਸੀਂ ਸੁਪਨਦੀਪ ਦੇ ਦਫਤਰ ਗਏ ਸੀ?"

"ਸਮਾਂ ਨ੍ਹੀਂ ਮਿਲਿਆ।"

"ਆਪਣੇ 'ਚੋਂ ਕੋਈ ਇਕ ਜੀਅ ਰਹਿਣਾ ਚਾਹੀਦਾ। ਮੈਂ ਇਥੇ ਹਾਂ। ਤੁਸੀਂ ਸੁਪਨਦੀਪ ਦੇ ਦਫਤਰ ਜਾਉ। ਸੁਪਰਡੈਂਟ ਤੁਹਾਡਾ ਵਾਕਿਫ਼। ਸੁਪਨਦੀਪ ਦੀ ਸਰਵਿਸ ਬੁੱਕ ਦੇਖੋ। ਉਸ ਕਿਹਦੇ ਨਾਂ ਦੀ ਨੌਮੀਨੇਸ਼ਨ ਕੀਤੀ। ਜੇ ਰਾਵੀਆ ਦੇ ਨਾਂ ਨ੍ਹੀਂ ਕੀਤੀ-ਤਾਂ ਕੋਈ ਉਪਰਾਲਾ ਕਰੋ। ਇਹ ਹਿੰਦੋਸਤਾਨ ਆ। ਇਥੇ ਕੀ ਨ੍ਹੀਂ ਕੀਤਾ ਜਾ ਸਕਦਾ।"

ਡੈਡੀ ਕੁਝ ਚਿਰ ਸੋਚੀਂ ਪਏ ਰਹੇ। ਉਨ੍ਹਾਂ ਮੈਥੋਂ ਪੁੱਛਿਆ, "ਇੰਸੀਊਰੈਂਸ ਬਾਰੇ ਕੁਸ਼ ਪਤਾ?"

ਮੈਂ ਨਾਂਹ 'ਚ ਸਿਰ ਹਿਲਾ ਦਿੱਤਾ।

ਉਹ ਸਮਝਾਉਣ ਲੱਗੇ, "ਬੇਟੇ-ਤੂੰ ਬਹੁਤ ਭੋਲੀ ਆਂ। ਔਰਤ ਨੂੰ ਦੂਰ ਦੀ ਸੋਚਣੀ ਚਾਹੀਦੀ। ਤੁਹਾਡਾ ਬੈਂਕ-ਅਕਾਊਂਟ ਜੁਆਇੰਟ ਆ?"

"ਨ੍ਹੀਂ।"



ਮੰਮੀ ਅਗਾਂਹ ਨੂੰ ਹੋ ਕੇ ਬੋਲੇ, "ਤੇਰੇ ਗਹਿਣੇ ਤੇਰੀ ਸੱਸ ਕੋਲ ਜਾਂ ਕਿ ਤੇਰੇ ਕੋਲ?"

"ਮੇਰੀ ਅਲਮਾਰੀ 'ਚ ਪਏ।"

"ਤੂੰ ਅੱਜ ਰਾਤ ਘਰੇ ਰਹੀਂ। ਆਪਣਾ ਸਾਮਾਨ ਬੀਲੇ ਲਾ ਆਈਂ। ਜੋ ਕੁਝ ਅਸੀਂ ਦਿੱਤਾ-ਉਹ ਤਾਂ ਸਾਂਭ ਲੈ।"

ਮੈਂ ਉਨ੍ਹਾਂ ਕੋਲੋਂ ਉਠ ਕੇ ਸਹੁਰਿਆਂ ਦੀ ਟੋਲੀ 'ਚ ਆ ਗਈ।]

****

ਮੋਨੂੰ ਜ਼ਿਆਦਾ ਹੀ ਰੀਂਅ-ਰੀਂਅ ਕਰਨ ਲੱਗਾ ਸੀ। ਰਾਵੀਆ ਨੂੰ ਪਤਾ ਹੀ ਨਹੀਂ ਲੱਗਾ ਸੀ ਕਿ ਉਹ ਕਦੋਂ ਡਾਕਟਰ ਪਰਮਾਰ ਦੇ ਕਮਰੇ ਕੋਲ ਆ ਖੜੋਈ ਸੀ। ਮੋਨੂੰ 'ਦੈਦੀ.....ਦੈਦੀ" ਕਹਿੰਦਾ ਉਸ ਦੇ ਹੱਥੋਂ ਨਿਕਲ-ਨਿਕਲ ਜਾ ਰਿਹਾ ਸੀ। ਦੂਰ ਤੁਰੇ ਜਾਂਦੇ ਕਿਸੇ ਆਦਮੀ ਦਾ ਉਸ ਨੂੰ ਉਸਦੇ ਡੈਡੀ ਹੋਣ ਦਾ ਭੁਲੇਖਾ ਪਿਆ ਸੀ। ਉਹ ਆਪਣੇ ਡੈਡੀ ਨੂੰ ਬਹੁਤ ਚਾਹੁੰਦਾ ਸੀ। ਸੁਪਨਦੀਪ ਦਫਤਰੋਂ ਆਉਂਦਿਆਂ ਹੀ ਉਸ ਨੂੰ ਚੁੱਕ ਲੈਂਦਾ ਸੀ। ਉਤਾਂਹ ਨੂੰ ਉਛਾਲਦਾ ਸੀ। ਉਹਨੂੰ ਬਾਜ਼ਾਰ ਨੂੰ ਲੈ ਜਾਂਦਾ ਸੀ। ਰਾਵੀਆ ਨੇ ਸਮਾਂ ਦੇਖਿਆ। ਗਿਆਰਾਂ ਪੈਂਤੀ ਹੋਏ ਸਨ। ਉਸ ਕੋਲੋਂ ਮੋਨੂੰ ਦਾ ਉਦਰਿਆ ਹੋਇਆ ਚਿਹਰਾ ਦੇਖਿਆ ਨਾ ਗਿਆ। ਉਹ ਕਹਿਣ ਲੱਗੀ, " ਬੇਟੇ-ਤੂੰ ਭੁੱਲ ਗਿਆਂ। ਤੇਰੇ ਡੈਡੀ ਸ਼ਾਮ ਨੂੰ ਆਉਂਦੇ।"

ਮੋਨੂੰ ਅਜੇ ਵੀ ਉਧਰ ਦੇਖ ਰਿਹਾ ਸੀ।

ਉਹ ਖੜ ਗਈ। ਚੰਗੀ ਤਰ੍ਹਾਂ ਦੇਖਣ ਨਾਲ ਬੱਚੇ ਨੂੰ ਸੰਤੁਸ਼ਟੀ ਹੋ ਜਾਵੇਗੀ। ਮੋਨੂੰ ਚੀਕਿਆ, 'ਦੈਦੀ-ਦੈਦੀ'। ਉਸ ਦਾ ਮਨ ਕੀਤਾ ਕਿ ਉਹ ਮੋਨੂੰ ਨੂੰ ਉਹਦੇ ਡੈਡੀ ਕੋਲ ਲੈ ਜਾ ਕੇ ਕਹੇ- 'ਅਹੁ ਦੇਖ ਤੇਰਾ ਡੈਡੀ ਪਿਆ।' ਮੋਨੂੰ ਸੁਪਨਦੀਪ ਦਾ ਮੂੰਹ ਦੇਖ ਕੇ ਡਰ ਜਾਂਦਾ ਸੀ। ਜਿਵੇਂ ਉਸ ਦਾ ਡੈਡੀ ਨਹੀਂ-ਕੋਈ ਹੋਰ ਹੀ ਪਿਆ ਹੋਵੇ। ਕੋਈ ਬਾਹਰਲਾ ਬੰਦਾ।

ਕੀ ਹੁਣ ਸੁਪਨਦੀਪ ਬਾਹਰਲਾ ਬੰਦਾ ਹੋ ਗਿਆ? ਉਸ ਦਾ ਮਨ ਵਾਰ-ਵਾਰ ਇਨਕਾਰੀ ਕਰਦਾ। ਇਨ੍ਹਾਂ ਦੋ ਸਾਲਾਂ 'ਚ ਕਿੰਨੀਆਂ ਤਬਦੀਲੀਆਂ ਆਈਆਂ ਸਨ। ਉਹ ਕੁੜੀ ਤੋਂ ਔਰਤ ਬਣੀ ਸੀ। ਔਰਤ ਤੋਂ ਮਾਂ। ਹੁਣ ਵਿਧਵਾ? ਇਹ ਉਸ ਦੇ ਮਾਮਾ ਜੀ ਦੀ ਜ਼ਿੱਦ ਸੀ ਜਾਂ ਮੋਹ। ਉਹ ਇਸ ਨੂੰ ਕਿਵੇਂ ਲਏ-ਉਸ ਨੂੰ ਸਮਝ ਨਹੀਂ ਲੱਗਦੀ। ਮਾਮਾ ਜੀ ਨੂੰ ਕੈਂਸਰ ਹੋ ਗਿਆ ਸੀ। ਸੱਜੇ ਪਾਸੇ ਦੀ ਦੂਜੀ ਦਾੜ੍ਹ ਹੇਠਾਂ। ਉਹ ਇਕ ਤੋਂ ਬਾਅਦ ਕਈ ਹਸਪਤਾਲਾਂ 'ਚ ਦਾਖ਼ਲ ਰਹੇ ਸਨ। ਛੋਟੇ ਤੇ ਵੱਡੇ ਆਪ੍ਰੇਸ਼ਨ ਹੋਏ ਸਨ। ਉਨ੍ਹਾਂ ਨੂੰ ਆਪਣਾ ਅੰਤ ਨੇੜੇ ਆਉਂਦਾ ਦਿੱਸਿਆ ਸੀ। ਉਨ੍ਹਾਂ ਰਾਵੀਆ ਦੀ ਮੰਮੀ ਨੂੰ ਬੁਲਾ ਕੇ ਕਿਹਾ ਸੀ, "ਮੇਰੀ ਇੱਛਾ ਕਿ ਮੈਂ ਆਪਣੇ ਜੀਊਂਦੇ ਜੀਅ ਰਾਵੀਆ ਦਾ ਵਿਆਹ ਦੇਖ ਜਾਵਾਂ। ਤੁਹਾਡਾ ਭਾਰ ਵੰਡਾ ਜਾਵਾਂ। ਮੈਨੂੰ ਆਪਣੇ ਮੁੰਡਿਆਂ 'ਤੇ ਇਤਬਾਰ ਨ੍ਹੀਂ। ਤੇਰੇ ਦੋ ਬੱਚੇ ਆ। ਕੁੜੀ ਮੈਂ ਵਿਆਹ ਜਾਣੀ। ਮੁੰਡੇ ਬਾਰੇ ਉਸ ਦਾ ਪਿਉ ਜਾਣੇ।" ਮੰਮੀ ਨੇ ਉਨ੍ਹਾਂ ਦਾ ਕਿਹਾ ਸਿਰ ਮੱਥੇ 'ਤੇ ਮੰਨਿਆ ਸੀ। ਉਨ੍ਹਾਂ ਦੋਹਾਂ ਭੈਣਾਂ-ਭਰਾਵਾਂ 'ਚ ਇੰਨਾ ਮੋਹ ਸੀ ਕਿ ਉਹ ਇਕ ਦੂਜੇ ਦੀ ਕਹੀ ਹੋਈ ਗੱਲ ਨੂੰ ਮੋੜਦੇ ਨਹੀਂ ਸਨ। ਰਾਵੀਆ ਦੇ ਡੈਡੀ ਵੀ ਲਾਲਚ ਕਰ ਗਏ ਸਨ। ਉਨ੍ਹਾਂ ਸਿਰਫ਼ ਇਹ ਕੰਮ ਕਰਨਾ ਸੀ ਕਿ ਰਾਵੀਆ ਲਈ ਵਰ ਲੱਭਣਾ ਸੀ। ਮਹੀਨੇ 'ਚ



www.PunjabiLibrary.com

ਵਿਆਹ ਕਰ ਦੇਣਾ ਸੀ। ਰਾਵੀਆ ਨੇ ਐੱਮ. ਏ. ਪਾਰਟ ਵਨ ਪਾਸ ਕੀਤਾ ਸੀ। ਅਗਲੇ ਮਹੀਨੇ ਕਲਾਸਾਂ ਸ਼ੁਰੂ ਹੋ ਜਾਣੀਆਂ ਸਨ। ਉਸ ਦੀ ਮੰਮੀ ਨੇ ਉਸ ਨੂੰ ਉਸਦੀ ਮਰਜ਼ੀ ਪੁੱਛੀ ਸੀ। ਰਾਵੀਆ ਨੂੰ ਇਸ ਗੱਲ ਦਾ ਪਤਾ ਸੀ ਕਿ ਜੋ ਇਨ੍ਹਾਂ ਕਰਨਾ ਸੀ-ਉਸ ਦਾ ਫੈਸਲਾ ਉਹ ਕਰ ਚੁੱਕੇ ਸਨ। ਇਹ ਤਾਂ ਐਵੇਂ ਕਿਵੇਂ ਦੀ ਸੁਲਾਹਬਾਜ਼ੀ ਸੀ। ਫੇਰ ਵੀ ਉਸ ਕਿਹਾ ਸੀ, "ਤੁਸੀਂ ਕਾਹਲੇ ਨਾ ਪਵੋ। ਮੈਨੂੰ ਐੱਮ. ਏ. ਕਰ ਲੈਣ ਦਿਉ। ਜਦੋਂ ਮੈਂ ਪੱਕੇ ਪੈਰੀਂ ਹੋ ਗਈ ਵਿਆਹ ਕਰਵਾ ਲਵਾਂਗੀ।" ਉਹਦੀ ਗੱਲ ਨੂੰ ਕਿਸੇ ਗੌਲਿਆ ਨਹੀਂ ਸੀ। ਉਹ ਆਪਣੀ ਮੰਮੀ ਦੀਆਂ ਗਿਣਤੀਆਂ-ਮਿਣਤੀਆਂ-ਸਮਝੌਤੀਆਂ ਅੱਗੇ ਬੇਵੱਸ ਸੀ।

ਰਾਵੀਆ ਨੂੰ ਸੁਪਨਦੀਪ ਪਸੰਦ ਸੀ।

ਉਹਨੇ ਸੁਪਨਦੀਪ ਨੂੰ ਪੁੱਛਿਆ ਸੀ, "ਤੁਹਾਨੂੰ ਮੇਰਾ ਕੀ ਚੰਗਾ ਲੱਗਾ ਸੀ ?"

"ਪਹਿਲਾਂ ਤੂੰ ਦੱਸ।"

"ਪਹਿਲਾਂ ਤੁਸੀਂ ਦੱਸੋ।"

"ਨ੍ਹੀਂ-ਪਹਿਲਾਂ ਤੂੰ ਦੱਸ।"

"ਸਵਾਲ ਮੈਂ ਕੀਤਾ।"

"ਮੈਨੂੰ ਤੇਰੀਆਂ ਸੁੰਦਰਤਾ ਨੇ ਕੀਲਿਆ ਸੀ। ਉਪਰੋਂ ਭੋਲਾਪਨ। ਤੇਰੇ ਚਿਹਰੇ 'ਤੇ ਅਜੀਬ ਜਿਹੀ ਮਾਸੂਮੀਅਤ ਆ।"

"ਮੈਨੂੰ ਤੁਹਾਡੀ ਕਨਵਿੰਸਿੰਗ ਪਾਵਰ ਨੇ ਮੋਹ ਲਿਆ।"

ਉਸ ਦਾ ਸੁਭਾਅ ਮਜ਼ਾਕੀਆ ਸੀ। ਉਹ ਸ਼ਾਮ ਨੂੰ ਤੰਗ ਕਰਦਾ ਸੀ। ਮਕਾਨ ਨੂੰ ਦੋ-ਪਾਸੀਂ ਗਲੀ ਲੱਗਦੀ। ਉਹ ਇਕ ਪਾਸੇ 'ਤੇ ਘੰਟੀ ਵਜਾਉਂਦਾ। ਉਹ ਦਰਵਾਜ਼ਾ ਖੋਲ੍ਹਦੀ। ਉਹ ਦੂਜੇ ਦਰਵਾਜ਼ੇ ਕੋਲ ਜਾ ਖੜਦਾ। ਇਧਰਲੀ ਘੰਟੀ 'ਤੇ ਉਂਗਲ ਰੱਖ ਦਿੰਦਾ। ਉਹ ਕਦੇ ਇਧਰ ਦੌੜਦੀ। ਕਦੇ ਉਧਰ। ਉਹ ਖਿਝ ਜਾਂਦੀ। ਦੌੜਦੀ-ਦੌੜਦੀ ਥੱਕ ਜਾਂਦੀ। ਉਹ ਦਰਵਾਜ਼ਾ ਖੋਲ੍ਹਦੀ ਤਾਂ ਅਗੋਂ ਕੋਈ ਗੁਆਂਢੀਆਂ ਦਾ ਬੱਚਾ ਹੁੰਦਾ। ਉਹ ਹਫੀ-ਖਿਝੀ ਕਹਿੰਦੀ- "ਅੱਛਾ ਤੂੰ ਸੀ।" ਮਗਰੇ ਉਹ ਹੱਸਦਾ-ਹੱਸਦਾ ਪ੍ਰਗਟ ਹੋ ਜਾਂਦਾ।

ਰਾਵੀਆ ਨੂੰ ਉਸ ਦੇ ਡੈਡੀ ਦੀ ਕੀਤੀ ਕਾਹਲੀ ਭੁੱਲ ਗਈ ਸੀ। ਉਸ ਨੂੰ ਉਨ੍ਹਾਂ ਦੇ ਫੈਸਲੇ 'ਤੇ ਸੰਤੁਸ਼ਟੀ ਸੀ। ਰਾਵੀਆ ਨੇ ਪੜ੍ਹਾਈ ਜਾਰੀ ਰੱਖਣ ਦੀ ਇੱਛਾ ਜ਼ਾਹਿਰ ਕੀਤੀ ਸੀ। ਸੁਪਨਦੀਪ ਨੇ ਕਿਹਾ ਸੀ, "ਤੂੰ ਇਸੇ ਸਾਲ ਐੱਮ. ਏ. ਕਲੀਅਰ ਕਰਨੀ ਆ। ਕਾਲਜ ਵਿੱਚ ਲੈਕਚਰਾਰ ਲੱਗਣਾ। ਦੋ ਜਣੇ ਕਮਾਉਣ ਵਾਲੇ ਹੋਵਾਂਗੇ ਤਾਂ ਹੱਥ ਸੌਖਾਲਾ ਰਹੂ।" ਉਨ੍ਹਾਂ ਸਮੇਂ ਦੀ ਵੰਡ ਕਰ ਲਈ ਸੀ। ਸੁਪਨਦੀਪ ਦਫਤਰ ਜਾਂਦਾ ਹੋਇਆ ਉਹਨੂੰ ਕਾਲਜ ਉਤਾਰ ਜਾਂਦਾ। ਉਹ ਦੋ ਵਜੇ ਘਰ ਮੁੜਦੀ। ਖਾ-ਪੀ ਕੇ ਘੰਟਾ ਕੁ ਸੁਸਤਾਉਂਦੀ। ਚਾਹ ਦਾ ਕੱਪ ਪੀਂਦੀ। ਦੋ ਘੰਟੇ ਪੜ੍ਹਦੀ। ਸਾਢੇ ਪੰਜ ਵਜੇ ਸੁਪਨਦੀਪ ਆ ਜਾਂਦਾ। ਉਹ ਇਕੱਠੇ ਚਾਹ ਪੀਂਦੇ। ਛੋਟੀਆਂ-ਛੋਟੀਆਂ ਗੱਲਾਂ ਕਰਦੇ। ਉਹ ਘਰ ਦੇ ਕੰਮ ਨਬੇੜਦੀ। ਸਤ ਵਜੇ ਵਿਹਲੀ ਹੁੰਦੀ। ਦੋ ਘੰਟੇ ਪੜ੍ਹਦੀ। ਰਾਤ ਦੀ ਰੋਟੀ ਦੀ ਜ਼ੁੰਮੇਵਾਰੀ ਮਾਤਾ ਜੀ ਨੇ ਸਾਂਭ ਰੱਖੀ ਸੀ। ਉਹ ਨੌਂ ਵਜੇ ਤੋਂ ਲੈ ਕੇ ਗਿਆਰਾਂ ਵਜੇ ਤੱਕ ਟੀਵੀ ਦੇਖਦੇ। ਜਾਂ ਬਾਹਰ ਘੁੰਮਣ ਜਾਂਦੇ।

ਪੰਜਵੇਂ ਮਹੀਨੇ ਉਹ ਪਰੈਗਨੈਟ ਹੋ ਗਈ ਸੀ। ਇਸ ਦਾ ਦੋਸ਼ ਉਹ ਕਿਸ ਨੂੰ



ਦਿੰਦੀ ? ਆਪਣੇ ਆਪ ਨੂੰ ਜਾਂ ਸੁਪਨਦੀਪ ਨੂੰ ? ਅਜੇ ਉਨ੍ਹਾਂ ਨੂੰ ਬੱਚੇ ਦੀ ਲੋੜ ਨਹੀਂ ਸੀ। ਉਹ ਇਸ ਲਈ ਤਿਆਰ ਨਹੀਂ ਸਨ। ਰਾਵੀਆ ਅਬੌਰਸ਼ਨ ਕਰਵਾਉਣਾ ਚਾਹੁੰਦੀ ਸੀ। ਸੁਪਨਦੀਪ ਨੇ ਆਪਣੇ ਦੋਸਤਾਂ ਕੋਲੋਂ ਇਸ ਬਾਰੇ ਪੁੱਛਿਆ ਸੀ। ਉਨ੍ਹਾਂ ਦੀ ਰਾਏ ਸੀ ਕਿ ਪਹਿਲੇ ਇਸ਼ੂ ਨੂੰ ਆਉਣੋਂ ਰੋਕਣਾ ਨਹੀਂ ਚਾਹੀਦਾ। ਇਹੀ ਸਲਾਹ ਰਾਵੀਆ ਨੂੰ ਉਸਦੀ ਮੰਮੀ ਨੇ ਦਿੱਤੀ ਸੀ।

ਇਨ੍ਹਾਂ ਦਿਨਾਂ ਵਿਚ ਹੀ ਉਸ ਦੇ ਮਾਮਾ ਜੀ ਦੀ ਮੌਤ ਹੋ ਗਈ ਸੀ।

****

ਉਹਨੂੰ ਮਾਈ ਆਉਂਦੀ ਦਿੱਸੀ। ਉਹ ਰੁਕ ਗਈ। ਮਾਈ ਚਾਹ ਦੀ ਬਹੁਤ ਸ਼ੌਕੀਨ ਸੀ। ਉਹਨੂੰ ਜਿੰਨੀ ਵਾਰੀ ਮਰਜ਼ੀ ਚਾਹ ਦੀ ਸੁਲਾਹ ਮਾਰ ਲਉ-ਉਹ ਨਾਂਹ ਨਹੀਂ ਕਰਦੀ ਸੀ। ਕੋਲ ਆ ਕੇ ਉਸ ਪੁੱਛਿਆ, "ਧੀਏ-ਤੇਰੇ ਸਿਰ ਦੇ ਸਾਈਂ ਦਾ ਕੀ ਹਾਲ ਆ ?"

ਉਸ ਦੀਆਂ ਅੱਖਾਂ 'ਚ ਨਮੀ ਉਤਰ ਆਈ।

ਮਾਈ ਦੀ ਧੀ ਜ਼ਨਾਨਾ ਵਾਰਡ 'ਚ ਦਾਖ਼ਲ ਸੀ। ਉਸਨੂੰ ਸੁੱਤੀ ਪਈ ਨੂੰ ਚੂਹੇ ਨੇ ਚਕ ਮਾਰਿਆ ਸੀ। ਉਸ ਦੇ ਸਹੁਰਿਆਂ ਨੇ ਇਸ ਵੱਲ ਉੱਕਾ ਧਿਆਨ ਨਹੀਂ ਦਿੱਤਾ ਸੀ। ਜਦੋਂ ਟਿਟਨੈਸ ਦਾ ਖ਼ਤਰਾ ਲੱਗਿਆ ਤਾਂ ਉਹ ਕੁੜੀ ਦੇ ਸਹੁਰਿਆਂ ਦੇ ਵਿਰੋਧ ਦੇ ਬਾਵਜੂਦ ਉਹਨੂੰ ਲੈ ਆਈ ਸੀ।

ਮਾਈ ਚਾਹ ਲੈਣ ਜਾ ਰਹੀ ਸੀ। ਉਸ ਰਾਵੀਆ ਨੂੰ ਵੀ ਨਾਲ ਲੈ ਲਿਆ। ਉਹ ਗੇਟ ਦੇ ਬਾਹਰ ਆ ਗਈਆਂ। ਮਾਈ ਨੇ ਚਾਹ ਵਾਲੇ ਕੋਲ ਥਰਮੋਸ ਰੱਖ ਦਿੱਤੀ। ਪੰਜ ਕੱਪ ਚਾਹ ਬਣਾਉਣ ਲਈ ਕਿਹਾ।

ਉਹ ਕਹਿਣ ਲੱਗੀ, "ਜੇ ਮੈਂ ਆਪਣੀ ਧੀ ਨੂੰ ਹਸਤਪਾਲ 'ਚ ਦਾਖ਼ਲ ਨਾ ਕਰਾਉਂਦੀ ਤਾਂ ਉਹਦੀ ਸੱਸ ਨੇ ਇਹਨੂੰ ਮਾਰ ਦੇਣਾ ਸੀ। ਉਹ ਬੜੇ ਬੇਕਿਰਕ ਰਿਸ਼ਤੇਦਾਰ ਆ। ਧੀਏ- ਮੈਥੋਂ ਤੇਰਾ ਦੁੱਖ ਦੇਖਿਆ ਨ੍ਹੀਂ ਜਾਂਦਾ। ਉਪਰ ਵਾਲੇ ਨੂੰ ਪਤਾ ਨ੍ਹੀਂ ਕੀ ਮੰਜ਼ੂਰ ਆ। ਜ਼ਨਾਨੀਆਂ ਨਾਲ ਮੁੱਢੋ-ਸੁੱਢੋਂ ਫਰਕ ਹੁੰਦਾ ਆਇਆ। ਚਾਹ ਬਣਦੀ-ਬਣਦੀ ਤੈਨੂੰ ਇਕ ਕਹਾਣੀ ਸੁਣਾਉਣੀ। ਇਹ ਕਹਾਣੀ ਮੈਨੂੰ ਮੇਰੀ ਬੇਬੇ ਨੇ ਸੁਣਾਈ ਸੀ। ਕਿਸੇ ਸ਼ਹਿਰ 'ਚ ਇਕ ਸ਼ਾਹੂਕਾਰ ਰਹਿੰਦਾ ਸੀ। ਕਰੋੜਾਂਪਤੀ। ਉਹਦਾ ਇਕੋ ਇਕ ਮੁੰਡਾ ਸੀ। ਰੱਜ ਕੇ ਸੁਹਣਾ। ਬੀਬਾ। ਮੋਹ ਕਰਨ ਵਾਲਾ। ਮੋਹ ਲੈਣ ਵਾਲਾ। ਲੰਘਦੇ-ਵੜਦਿਆਂ ਨੂੰ ਬੁਲਾਉਂਦਾ। ਕਰਨੀ ਰੱਬ ਦੀ- ਮੁੰਡੇ ਦੇ ਗਿੱਟੇ ਕੋਲ ਗੁਭਾਰ ਉਠਿਆ। ਦਸ ਪੰਦਰਾਂ ਦਿਨਾਂ ਬਾਅਦ ਇਹ ਵੱਡਾ ਫੋੜਾ ਬਣ ਗਿਆ। ਪੈਸੇ ਧੇਲੇ ਦਾ ਕੋਈ ਘਾਟਾ ਨ੍ਹੀਂ ਸੀ। ਸ਼ਾਹੂਕਾਰ ਨੇ ਚਹੁੰ ਦਿਸ਼ਾਵਾਂ 'ਚੋਂ ਕਹਿੰਦੇ ਕਹਾਉਂਦੇ ਹਕੀਮ ਬੁਲਾ ਲਏ। ਪਰ ਹਕੀਮਾਂ ਕੋਲੋਂ 'ਰਾਮ ਨਾ ਆਇਆ। ਪਲਮ ਅਗਾਂਹ ਫੈਲ ਗਈ। ਗੋਡੇ ਉਪਰੋਂ ਲੱਤ ਵੱਢਣੀ ਪਈ। ਚਹੁੰ ਮਹੀਨਿਆਂ 'ਚ ਮੁੰਡਾ ਚਲ ਵਸਿਆ। ਉਦੋਂ ਜਦੋਂ ਕਿਸੇ ਦਾ ਘਰਵਾਲਾ ਮਰ ਜਾਂਦਾ ਸੀ ਤਾਂ ਉਸ ਦੀ ਘਰਵਾਲੀ ਨੂੰ ਨਾਲ ਹੀ ਸਤੀ ਹੋਣਾ ਪੈਂਦਾ ਸੀ। ਪਰ ਉਸ ਸ਼ਹਿਰ ਦਾ ਹੋਰ ਹੀ ਰਿਵਾਜ਼ ਸੀ। ਸ਼ਹਿਰ ਦੀ ਸਰਹੱਦ 'ਤੇ ਇਕ ਸੁਰੰਗ ਪੈਂਦੀ ਸੀ। ਜਦੋਂ ਕੋਈ ਮਰ ਜਾਂਦਾ ਤਾਂ ਉਸਨੂੰ ਸੁਰੰਗ 'ਚ ਸੁੱਟ ਆਉਂਦੇ। ਸੁਰੰਗ ਮੋਹਰੇ ਵੱਡਾ ਪੱਥਰ ਰੱਖ ਦਿੰਦੇ। ਸ਼ਾਹੂਕਾਰ ਦੇ ਮੁੰਡੇ ਨੂੰ ਵੀ ਉਹ ਉਸ ਸੁਰੰਗ 'ਚ ਦੂਰ ਕਰਕੇ ਸੁੱਟ



www.PunjabiLibrary.com

ਆਏ। ਨਾਲ ਹੀ ਉਹਦੀ ਘਰਵਾਲੀ ਨੂੰ। ਕਿੱਡਾ ਵੱਡਾ ਜ਼ੁਲਮ। ਹਨੇਰ ਸਾਈਂ ਦਾ। ਉਸ ਵਿਚਾਰੀ ਦਾ ਕੀ ਕਸੂਰ ਸੀ? ਸਤਾਰਾਂ ਸਾਲਾਂ ਦੀ ਉਮਰ। ਅਜੇ ਉਸ ਦੇ ਮੁਕਲਾਵੇ ਆਏ ਨੂੰ ਛੇ ਮਹੀਨੇ ਹੋਏ ਸੀ। ਉਸ ਅੰਦਰ ਬੈਠੀ ਨੇ ਦੇਖਿਆ ਕਿ ਆਲੇ ਦੁਆਲੇ ਬਦਬੂ ਸੀ। ਹੱਥ ਨੂੰ ਹੱਥ ਨ੍ਹੀਂ ਦਿੱਸਦਾ ਸੀ। ਉਸਨੂੰ ਆਪਣੀ ਮੌਤ ਦਿੱਸੀ। ਸਾਹਮਣੇ ਉਸ ਦੇ ਘਰਵਾਲੇ ਦੀ ਲਾਸ਼ ਪਈ ਸੀ। ਉਹ ਲਾਸ਼ ਨੂੰ ਚੁੰਬੜ ਕੇ ਭੁੱਬਾਂ ਮਾਰ-ਮਾਰ ਕੇ ਰੋਈ। ਰੋਂਦੀ ਰਹੀ। ਉਥੇ ਕਿਹਨੇ ਉਹਨੂੰ ਚੁੱਪ ਕਰਾਉਣਾ ਸੀ। ਇਕ ਘੰਟਾ ਬੀਤਿਆ। ਦੋ ਘੰਟੇ ਬੀਤੇ। ਫੇਰ ਉਹਨੂੰ ਡਰ ਲੱਗਾ। ਕਈ ਭਿਆਨਕ ਆਵਾਜ਼ਾਂ ਸੁਣੀਆਂ। ਉਹਨੂੰ ਕੰਬਣੀ ਛਿੜੀ। ਉਹ ਉਠੀ। ਦੌੜੀ। ਸੁਰੰਗ ਦੇ ਮੂੰਹ ਕੋਲ ਆ ਖੜੀ। ਬਾਹਰੋਂ ਮਾੜਾ-ਮਾੜਾ ਚਾਨਣ ਆ ਰਿਹਾ ਸੀ। ਉਸ ਪੱਥਰ ਹਟਾਉਣ ਦੀ ਕੋਸ਼ਿਸ਼ ਕੀਤੀ। ਪੱਥਰ ਐਨਾ ਭਾਰਾ ਸੀ ਕਿ ਇਹ 20 ਬੰਦਿਆਂ ਕੋਲੋਂ ਮਸਾਂ ਹਿਲਦਾ ਸੀ। ਇਕੱਲੀ ਜਿੰਦ ਬੇਵੱਸ ਸੀ। ਦੂਜੇ ਦਿਨ ਉਹ ਸੁਰੰਗ ਦੇ ਉੱਲਟ ਪਾਸੇ ਨੂੰ ਤੁਰ ਪਈ। ਹਵੇਲੀ 'ਚ ਪਲੀ-ਮਲੂਕ ਜਿੰਦ ਜਿਹਨੇ ਕਦੇ ਗਿਲਾਸ ਚੁੱਕ ਕੇ ਵੀ ਨ੍ਹੀਂ ਦੇਖਿਆ ਸੀ ਉਹਦੇ ਸਾਹਮਣੇ ਦੁੱਖਾਂ ਦੇ ਪਹਾੜ ਆ ਖੜੋਏ ਸੀ। ਉਹਦਾ ਮਰਨ ਨੂੰ ਮਨ ਨ੍ਹੀਂ ਕਰਦਾ ਸੀ। ਉਹ ਜਿਊਣਾ ਚਾਹੁੰਦੀ ਸੀ। ਉਹ ਆਪਣੇ ਈਸਟ ਨੂੰ ਤਿਆਉਂਦੀ-ਤਿਆਉਂਦੀ ਤੁਰਦੀ ਗਈ। ਥੱਕ ਗਈ। ਲੰਬੀ ਪੈ ਗਈ। ਉਹਨੂੰ ਭੁੱਖ ਲੱਗੀ। ਘਾਹ-ਫੂਸ ਹੱਥ ਲੱਗਾ। ਖਾ ਲਿਆ। ਥੱਕੀ ਨੂੰ ਨੀਂਦ ਆ ਗਈ। ਐਦਾਂ ਚਾਰ ਦਿਨ ਹੋਰ ਲੰਘ ਗਏ। ਪੰਜਵੇਂ ਦਿਨ ਉਹ ਸੁਰੰਗ ਦੇ ਮੂੰਹ ਕੋਲ ਆ ਗਈ। ਬਾਹਰ ਨਿਕਲੀ। ਬਾਹਰਲੀ ਹਵਾ ਲਈ। ਉਥੋਂ ਦੀ ਇਕ ਮੋਚੀ ਲੰਘਿਆ। ਉਹਦੀ ਹੀ ਉਮਰ ਦਾ। ਉਹਨੇ ਮੋਚੀ ਨੂੰ ਆਪਣੀ ਵਿਥਿਆ ਸੁਣਾਈ। ਮੋਚੀ ਦੀ ਆਪਣੀ ਘਰਵਾਲੀ ਮਰ ਚੁੱਕੀ ਸੀ। ਉਹਨੂੰ ਆਪਣੇ ਘਰ ਲੈ ਗਿਆ।"

[11-8-2000 : ਅਸੀਂ ਹਫਤੇ 'ਚ ਇਕ ਦਿਨ ਇਕੱਠੇ ਫਿਲਮ ਦੇਖਦੇ। ਸ਼ਨੀਵਾਰ ਨੂੰ। ਫੇਰ ਉਸ ਫਿਲਮ ਬਾਰੇ ਬਹਿਸ ਕਰਦੇ। ਇਹ ਬਹਿਸ ਲੰਬੀ ਵੀ ਹੋ ਜਾਂਦੀ। ਉਸ ਦਿਨ ਕਿਹੜੀ ਫਿਲਮ ਦੇਖਣੀ ਹੈ, ਇਸ ਦਾ ਫੈਸਲਾ ਅਖ਼ਬਾਰ 'ਚ ਛਪੇ ਵੱਖ-ਵੱਖ ਟੀਵੀ ਚੈਨਲਾਂ ਦੇ ਪ੍ਰੋਗਰਾਮਾਂ ਨੂੰ ਪੜ੍ਹਨ ਉਪਰੰਤ ਕੀਤਾ ਜਾਂਦਾ ਜਾਂ ਇਸ ਗੱਲ ਤੋਂ ਕਿ ਪਿਛਲੇ ਸਮੇਂ 'ਚ ਕਿਸ ਫਿਲਮ ਨੇ ਕੋਈ ਨਵੀਂ ਥੀਮ ਪੇਸ਼ ਕੀਤੀ ਹੈ। ਇਸ ਸਮੇਂ ਸਾਨੂੰ ਕਿਸੇ ਤੀਜੇ ਦੀ ਦਖ਼ਲਅੰਦਾਜ਼ੀ ਚੰਗੀ ਨਹੀਂ ਲੱਗਦੀ। ਮਾਤਾ ਜੀ ਇਸ ਗੱਲ ਤੋਂ ਵਾਕਿਫ਼ ਸਨ। ਸੁਪਨਦੀਪ ਟੈਲੀਫੋਨ ਦਾ ਰਸੀਵਰ ਹੇਠਾਂ ਰੱਖ ਦਿੰਦਾ। ਇਕ ਦਿਨ 'ਸਟਾਰ ਗੋਲਡ' ਤੋਂ ਵਿਨੋਦ ਮਹਿਰਾ ਤੇ ਰੇਖਾ ਦੀ ਫਿਲਮ ਆ ਰਹੀ ਸੀ। ਮੈਨੂੰ ਉਸ ਫਿਲਮ ਦਾ ਨਾਂ ਯਾਦ ਨਹੀਂ ਆ ਰਿਹਾ। ਨਵਾਂ ਵਿਸ਼ਾ ਸੀ। ਮੀਆਂ-ਬੀਵੀ ਫਿਲਮ ਦੇਖ ਕੇ ਆ ਰਹੇ ਸੀ। ਕੁਝ ਗੁੰਡੇ ਬੀਵੀ ਨੂੰ ਜਬਰਦਸਤੀ ਚੁੱਕ ਕੇ ਲੈ ਜਾਂਦੇ ਹਨ। ਉਸ ਨਾਲ ਰੇਪ ਕਰਦੇ ਹਨ। ਬੀਵੀ ਅੰਦਰੋਂ ਤੇ ਬਾਹਰੋਂ ਟੁੱਟ ਜਾਂਦੀ ਹੈ। ਮੀਆਂ ਆਪਣੀ ਬੀਵੀ ਦੀ ਦੇਖਭਾਲ ਕਰਦਾ ਹੈ। ਸਰੀਰਕ ਤੇ ਮਾਨਸਿਕ ਪੱਖੋਂ। ਫਿਲਮ ਖ਼ਤਮ ਹੋਈ ਤਾਂ ਅਸੀਂ ਦੋਵੇਂ ਚੁੱਪ ਸਾਂ। ਜਿਵੇਂ ਕੁਝ ਕਹਿਣ ਵਾਲਾ ਰਿਹਾ ਹੀ ਨਾ ਹੋਵੇ। ਮੈਥੋਂ ਕਿਵੇਂ ਪੁੱਛਿਆ ਗਿਆ, "ਸੁਪਨ-ਇਸ ਦੇ ਬਾਰੇ ਕਾਨੂੰਨ ਕੀ ਕਹਿੰਦਾ?" ਸੁਪਨਦੀਪ ਤ੍ਰਬਕਿਆ। ਉਸਨੇ ਕਿਹਾ, "ਪੰਜ ਕੁ ਸਾਲ ਪਹਿਲਾਂ ਰਾਜਸਥਾਨ 'ਚ ਇਕ ਸਮਾਜ ਸੇਵਕਾ ਨਾਲ ਸਮੂਹਿਕ ਬਲਾਤਕਾਰ ਹੋਇਆ ਸੀ। ਉਥੋਂ ਦੀ ਇਕ ਸੰਸਥਾ 'ਵਿਸ਼ਾਖਾ' ਤੇ ਕਈ ਹੋਰ



ਸੰਗਠਨਾਂ ਨੇ ਇਹ ਕੇਸ ਸੁਪਰੀਮ ਕੋਰਟ ਤਕ ਪਹੁੰਚਾਇਆ ਸੀ। ਸੁਪਰੀਮ ਕੋਰਟ ਦਾ ਫੈਸਲਾ ਸੀ ਕਿ ਜੇ ਕਿਸੇ ਦਫਤਰ, ਸੰਸਥਾ 'ਚ ਕਿਸੇ ਔਰਤ ਨਾਲ ਅਸ਼ਲੀਲ ਗੱਲ ਵੀ ਕੀਤੀ ਜਾਂਦੀ ਆ ਤਾਂ ਉਹ ਜ਼ੁਲਮ ਆ। ਤੇ ਬਲਾਤਕਾਰ। ਯਾ ਮੇਰੇ ਖ਼ੁਦਾਇਆ-ਮੈਂ ਇਹਦੇ ਬਾਰੇ ਕੀ ਕਹਾਂ। ਅਜਿਹੇ ਬੰਦੇ ਦੇ ਗੋਲੀ ਮਾਰ ਦੇਣੀ ਚਾਹੀਦੀ ਆ।" ਇੰਨੇ ਸ਼ਬਦਾਂ ਨਾਲ ਮੇਰੀ ਸੰਤੁਸ਼ਟੀ ਨਾ ਹੋਈ। ਮੈਂ ਇਸ ਬਾਰੇ ਹੋਰ ਗੱਲਾਂ ਕਰਨੀਆਂ ਚਾਹੁੰਦੀ ਸੀ। ਪਰ ਉਸ ਦੇ ਇਸ ਵਾਕ ਨੇ ਮੈਨੂੰ ਚੁੱਪ ਕਰਾ ਦਿੱਤਾ, "ਖ਼ੁਦਾ ਨਾ ਖਾਦਸਾ-ਜੇ ਤੇਰੇ ਨਾਲ ਵੀ ਅਜਿਹਾ ਹੋ ਜਾਵੇ ਤਾਂ ਮੈਂ ਬਦਲਾ ਲੈਣ ਤੋਂ ਪਹਿਲਾਂ ਤੇਰੀ ਮਾਨਸਿਕ ਸਥਿਤੀ ਬਹਾਲ ਕਰਨ ਦੀ ਕੋਸ਼ਿਸ਼ ਕਰਾਂਗਾ।"]

ਰਾਵੀਆ ਨੇ ਮੋਨੂੰ ਨੂੰ ਕੁਛੜ ਚੁੱਕ ਲਿਆ। ਉਸ ਦੀ ਬਾਂਹ ਥੱਕ ਗਈ ਸੀ। ਉਹ ਪਾਰਕ ਵੱਲ ਚਲੇ ਗਈ। ਮੋਨੂੰ ਨੂੰ ਉਸ ਹੇਠਾਂ ਉਤਾਰ ਦਿੱਤਾ। ਉਹ ਗੁਲਾਬ ਦੇ ਫੁੱਲਾਂ ਵੱਲ ਰੁੜਿਆ। ਉਹ ਫੁੱਲ ਤੋੜਨਾ ਚਾਹੁੰਦਾ ਸੀ। ਆਪਣੇ ਹੱਥਾਂ 'ਚ ਲੈਣਾ ਚਾਹੁੰਦਾ ਸੀ। ਉਹਨੂੰ ਖਿਆਲ ਆਇਆ ਜੇ ਐਸ ਵੇਲੇ ਸੁਪਨਦੀਪ ਹੁੰਦਾ ਤਾਂ ਉਸ ਇਕ ਕੀ-ਪੰਜ-ਸੱਤ ਫੁੱਲ ਤੋੜ ਕੇ ਮੋਨੂੰ ਨੂੰ ਦੇ ਦੇਣੇ ਸਨ। ਉਹਦੇ ਲਈ ਬੱਚੇ ਦੀ ਇੱਛਾ ਪਹਿਲਾਂ ਹੁੰਦੀ ਸੀ।

[25-4-2002: ਸ਼ਾਹਕੋਟ ਵਾਲੇ ਮਾਸੜ ਆਏ। ਉਨ੍ਹਾਂ ਨੂੰ ਰਿਸ਼ਤੇਦਾਰਾਂ 'ਚ ਮਹਾਂਗਿਆਨੀ ਕਿਹਾ ਜਾਂਦਾ। ਗੱਲ ਐਦਾਂ ਸੁਣਾਉਂਦੇ ਜਿਵੇਂ ਸਭ ਕੁਝ ਉਨ੍ਹਾਂ ਦੇ ਸਾਹਮਣੇ ਇੰਨ-ਬਿੰਨ ਵਾਪਰਿਆ ਹੋਵੇ। ਉਨ੍ਹਾਂ ਦੀ ਜ਼ੁਬਾਨ 'ਚ ਕਥਾ-ਰਸ ਹੈ। ਸੁਣਨ ਵਾਲੇ ਨੂੰ ਕੀਲ ਕੇ ਬਿਠਾ ਲੈਂਦੇ ਹਨ। ਉਨ੍ਹਾਂ ਖੜ੍ਹੇ ਪੈਰੀਂ ਸੁਪਨਦੀਪ ਨੂੰ ਦੇਖਿਆ। ਉਨ੍ਹੀਂ ਪੈਰੀਂ ਬਾਹਰ ਆ ਗਏ। ਉਹ ਚਿੰਤੁਤ ਸਨ। ਉਹ ਕਹਿਣ ਲੱਗੇ, "ਮੁੰਡੇ ਦੀ ਕੀ ਉਮਰ ਆ। ਕੀ ਲੋਹੜਾ ਬੱਝਾ। ਸਾਡੇ ਗੁਆਂਢ 'ਚੋਂ ਸੁਨਿਆਰਿਆਂ ਦੀ ਕੁੜੀ ਮੋਗੇ ਵਿਆਹੀ ਆ। ਸਹੁਰਿਆਂ ਦਾ ਬੜਾ ਤਕੜਾ ਕੰਮ। ਮੈਂ ਆਪ ਉਹਨਾਂ ਦੀ ਦੁਕਾਨ ਦੇਖੀ। ਪੰਦਰਾਂ ਕਾਰੀਗਰ ਕੰਮ 'ਤੇ ਰੱਖੇ। ਆਪ ਪਿਓ ਪੁੱਤ ਤਾਂ ਗ੍ਰਾਹਕਾਂ ਨੂੰ ਭੁਗਤਾਉਂਦੇ, ਏ. ਸੀ. ਕਮਰੇ 'ਚ ਬੈਠੇ। ਬਾਹਰ ਜਿੰਨ ਖੜੀ। ਮੁਹੱਲੇ 'ਚ ਸਿਰ ਕੱਢਵੀਂ ਕੋਠੀ। ਘੱਟ ਇਧਰ ਵੀ ਨਹੀਂ। ਕੁੜੀ ਦਾ ਇਕ ਭਰਾ ਜਰਮਨ ਗਿਆ। ਦੋ ਅਮਰੀਕਾ। ਪਿਛੇ ਬੁੜਾ ਬੁੜੀ ਇਕੱਲੇ। ਉਨ੍ਹਾਂ ਦੇ ਤੀਆਂ ਵਰਗੇ ਦਿਨ ਲੰਘਦੇ। ਜਦੋਂ ਘਰ ਵਿਚ ਕਿਸੇ ਚੀਜ਼ ਦਾ ਘਾਟਾ ਨਾ ਹੋਵੇ, ਧੀਆਂ-ਪੁੱਤਰ ਰਾਜ਼ੀ-ਬਾਜ਼ੀ ਹੋਣ, ਬੰਦੇ ਨੇ ਰੱਬ ਤੋਂ ਹੋਰ ਕੀ ਮੰਗਣਾ ਹੁੰਦਾ। ਦੋਵੇਂ ਜੀਅ ਰੱਜ-ਪੁੱਜ ਕੇ ਧਰਮੀ-ਕਰਮੀ। ਦੋ ਵੇਲੇ ਮੰਦਰ ਜਾਂਦੇ। ਜੇ ਮੰਦਰ ਵਾਲੇ ਢਾਲ ਲੈਣ ਆ ਗਏ ਤਾਂ ਉਨ੍ਹਾਂ ਜੋ ਮੰਗਿਆ ਉਨ੍ਹਾਂ ਉਸ ਤੋਂ ਵਧ ਦਿੱਤਾ। ਜੇ ਗੁਰਦੁਆਰੇ ਦੀ ਕਮੇਟੀ ਨੇ ਕਿਹਾ ਕਿ ਅਸੀਂ ਤੁਰਨ ਲੱਗੇ ਆਹ ਸੋਚ ਕੇ ਆਏ ਸੀ ਤਾਂ ਉਹਨਾਂ ਨੇ ਕਮੇਟੀ ਦਾ ਕਿਹਾ ਵੀ ਸਿਰ ਮੱਥੇ ਮੰਨਿਆਂ। ਉਪਰ ਵਾਲਾ ਪਤਾ ਨ੍ਹੀਂ ਕਿਸ ਰਜ਼ਾ 'ਚ ਰਾਜ਼ੀ ਸੀ। ਲਉ ਜੀ ਮੋਗੇ ਵਾਲੇ ਜੁਆਈ ਨੂੰ ਹਾਰਟ ਅਟੈਕ ਹੋ ਗਿਆ। ਉਹਨੂੰ ਹਸਪਤਾਲ ਜਾਣਾ ਨਸੀਬ ਨਾ ਹੋਇਆ। ਮੈਂ ਆਪ ਉਹਦੇ ਦਾਗਾਂ 'ਤੇ ਗਿਆ ਸੀ। ਐਨਾ ਮੁਲਖ ਸੀ- ਜੇ ਮੈਂ ਦੱਸਾਂ ਤਾਂ ਕਿਸੇ ਨੇ ਸੱਚ ਨ੍ਹੀਂ ਮੰਨਣਾ। ਸਿਰ ਹੀ ਸਿਰ ਦਿੱਸਦੇ ਸਨ। ਬੰਦੇ ਨੂੰ ਬਣਾ ਕੇ ਰੱਖਣੀ ਚਾਹੀਦੀ ਆ। ਇਹ ਮੈਂ ਉਥੋਂ ਸਿੱਖਿਆ। ਕੁੜੀ ਨੂੰ ਬੁਰਾ ਪਵਾ ਕੇ ਘਰ ਲੈ ਆਏ। ਫੇਰ ਉਹਦਾ ਸਹੁਰਾ ਆਪ ਆ ਕੇ ਲੈ ਗਿਆ। ਤਿੰਨ ਬੱਚੇ



www.PunjabiLibrary.com

ਸਨ। ਹੁਣ ਉਸ ਉਹਨਾਂ ਦੇ ਆਸਰੇ ਦਿਨ ਕੱਟਦੇ ਸਨ। ਉਹਦੀ ਉਮਰ ਅਠਾਈਆਂ ਕੁ ਸਾਲਾਂ ਦੀ ਹੋਣੀ ਆ। ਛੇ ਮਹੀਨਿਆਂ ਬਾਅਦ ਕੁੜੀ ਨੇ ਆਪਣੀ ਮਾਂ ਨੂੰ ਕਹਿ ਦਿੱਤਾ- 'ਮੈਨੂੰ ਕਿਸੇ ਹੋਰ ਥਾਂ ਤੋਰ ਦਿਉ।' ਮਾਂ ਨੇ ਉਹਨੂੰ ਸਮਝਾਇਆ-'ਧੀਏ- ਤੈਨੂੰ ਪੈਸਿਆਂ ਦੀ ਤੰਗੀ ਆ ਤਾਂ ਮੈਂ ਤੇਰੇ ਪਿਉ ਨੂੰ ਕਹਿ ਕੇ ਪੰਜ-ਦਸ ਲੱਖ ਰੁਪਈਆ ਬੈਂਕ 'ਚ ਤੇਰੇ ਨਾਂ ਦਾ ਜਮ੍ਹਾਂ ਕਰਾ ਦਿੰਨੀਂ।' ਕੁੜੀ ਨੇ ਸਿਰ ਫੇਰ ਦਿੱਤਾ। ਉਸ ਨਿਝੱਕ ਕਿਹਾ- 'ਮੈਨੂੰ ਆਦਮੀ ਚਾਹੀਦਾ। ਮੈਨੂੰ ਰਾਤ ਨੂੰ ਨੀਂਦ ਨ੍ਹੀਂ ਆਉਂਦੀ। ਜੇ ਤੁਸੀਂ ਕੁਸ਼ ਨਾ ਕੀਤਾ ਤਾਂ ਮੈਂ ਕਿਸੇ ਨਾਲ ਦੌੜ ਜਾਣਾ।' ਮਾਂ ਡਰ ਗਈ। ਉਸ ਨੂੰ ਕੁੜੀ ਦੀ ਗੱਲ ਸੱਚੀ ਲੱਗੀ। ਪਰ ਇਨ੍ਹਾਂ ਬੱਚਿਆਂ ਦਾ ਕੀ ਬਣੂ ? ਉਨ੍ਹਾਂ ਨੂੰ ਪਿਛੋਂ ਕੌਣ ਸੰਭਾਲੂ ? ਉਸ ਨੇ ਕੁੜੀ ਨੂੰ ਇਸ ਬਾਰੇ ਪੁੱਛਿਆ। ਉਹ ਲਾਪਰਵਾਹੀ ਨਾਲ ਬੋਲੀ- 'ਕਿਤੇ ਨ੍ਹੀਂ ਚੱਲੇ।' ਪਿਉ ਨੇ ਲੋੜਬੰਦ ਘਰ ਲੱਭਿਆ। ਮਨ 'ਤੇ ਪੱਥਰ ਰੱਖ ਕੇ ਕੁੜੀ ਤੋਰ ਦਿੱਤੀ। ਇਸ ਤੋਂ ਪਹਿਲਾਂ ਉਸ ਆਪਣੇ ਬਾਹਰ ਵਸਦੇ ਮੁੰਡਿਆਂ ਦੀ ਸਲਾਹ ਲਈ ਸੀ। ਉਨ੍ਹਾਂ ਇਹ ਕਹਿ ਕੇ ਹਰੀ ਝੰਡੀ ਦੇ ਦਿੱਤੀ ਸੀ ਕਿ ਉਨ੍ਹਾਂ ਦੀ ਭੈਣ ਖ਼ੁਸ਼ ਰਹਿਣੀ ਚਾਹੀਦੀ ਆ। ਦੁਨੀਆਂ ਜੋ ਮਰਜ਼ੀ ਕਹੀ ਜਾਵੇ। ਕੁੜੀ ਲੁਧਿਆਣੇ ਤੋਰੀ ਸੀ। ਬੱਚੇ ਮੋਗੇ ਸਨ। ਦੋ ਮਹੀਨੇ ਰਾਜ਼ੀ-ਬਾਜ਼ੀ ਦੇ ਲੰਘੇ। ਤੀਜੇ ਮਹੀਨੇ ਕੁੜੀ ਮੋਗੇ ਆ ਗਈ। ਉਥੇ ਉਹਨੂੰ ਉਨ੍ਹਾਂ ਦੇ ਨਿਆਣੇ ਸੰਭਾਲਣੇ ਪੈਂਦੇ ਸੀ। ਫੇਰ ਸਿਆਣਿਆਂ ਐਵੇਂ ਤਾਂ ਨ੍ਹੀਂ ਕਿਹਾ ਕਿ ਇਕ ਵਾਰ ਕੁੜੀ ਵਿਆਹੀ ਜਾਵੇ ਉਹਦੀ ਸੇਲਜ ਵੈਲਯੂ ਅੱਧੀ ਰਹਿ ਜਾਂਦੀ। ਸਹੁਰਿਆਂ ਨੇ ਉਹਨੂੰ ਘਰੋਂ ਵੜਨੋਂ ਰੋਕ ਦਿੱਤਾ। ਕੁੜੀ ਇਸੇ ਜ਼ਿੱਦ 'ਤੇ ਅੜ ਗਈ-ਮੈਂ ਆਪਣੇ ਬੱਚਿਆਂ ਬਿਨ੍ਹਾਂ ਨ੍ਹੀਂ ਰਹਿ ਸਕਦੀ। ਮਮਤਾ ਬਹੁਤ ਵੱਡੀ ਹੁੰਦੀ ਆ। ਲਉ ਜੀ- ਮੁੱਕਦੀ ਗੱਲ-ਰਿਸ਼ਤੇਦਾਰ-ਮੂੰਹ-ਮੱਥੇ ਲੱਗਦਿਆਂ ਨੇ ਵਿਚ ਪੈ-ਪੁਆ ਕੇ ਕੁੜੀ ਨੂੰ ਫੇਰ ਮੋਗੇ ਸੈਟ ਕਰਵਾ ਦਿੱਤਾ।"

ਸਾਰਿਆਂ ਤੋਂ ਵੱਧ ਪ੍ਰੇਸ਼ਾਨ ਮੈਨੂੰ ਮਾਤਾ ਜੀ ਦੇ ਵਰਤਾਉ ਨੇ ਕੀਤਾ ਹੈ। ਉਨ੍ਹਾਂ ਦੇ ਸੁਭਾਅ 'ਚ ਜ਼ਮੀਨ ਅਸਮਾਨ ਦਾ ਫ਼ਰਕ ਆ ਗਿਆ ਹੈ। ਮੈਂ ਉਨ੍ਹਾਂ ਨਾਲ ਨੌਂਹ ਸੱਸ ਵਾਲਾ ਰਿਸ਼ਤਾ ਨਹੀਂ ਰੱਖਿਆ। ਉਨ੍ਹਾਂ ਨੂੰ ਆਪਣੀ ਮੰਮੀ ਦੇ ਸਮਾਨ ਮੰਨਿਆ ਹੈ। ਮੈਨੂੰ ਡੈਡੀ ਜੀ ਨੇ ਸਮਝਾਇਆ ਸੀ ਕਿ ਵਿਧਵਾ ਸੱਸ ਨੂੰ ਆਮ ਨਾਲੋਂ ਜ਼ਿਆਦਾ ਇੱਜ਼ਤ, ਮੋਹ, ਸਤਿਕਾਰ ਦੀ ਲੋੜ ਹੁੰਦੀ ਹੈ। ਮੇਰੇ ਸਹੁਰਾ ਸਾਹਿਬ ਦਸ ਸਾਲ ਪਹਿਲਾਂ ਗੁਜ਼ਰ ਗਏ ਸਨ। ਮੈਂ ਘਰ ਦੇ ਨਿੱਕੇ ਵੱਡੇ ਕੰਮ ਉਨ੍ਹਾਂ ਦੀ ਸਲਾਹ ਨਾਲ ਕਰਦੀ ਸੀ। ਉਨ੍ਹਾਂ ਦੇ ਮੂੰਹੋਂ ਨਿਕਲੀ ਗੱਲ ਨੂੰ ਹੁਕਮ ਵਾਂਗ ਲੈਂਦੀ ਸੀ। ਉੰਨਾ ਖਿਆਲ ਸੁਪਨਦੀਪ ਦਾ ਨਹੀਂ ਰੱਖਦੀ ਸੀ ਜਿੰਨਾ ਕਿ ਉਨ੍ਹਾਂ ਦਾ। ਉਹ ਮੈਨੂੰ ਯਾਦ ਕਰਾਉਂਦੇ, "ਕੁੜੇ ਤੇਰਾ ਘਰ ਵਾਲਾ ਮੈਂ ਨ੍ਹੀਂ।" ਹੁਣ ਛੇਆਂ ਦਿਨਾਂ 'ਚ ਮੈਂ ਉਨ੍ਹਾਂ ਦੇ ਕਈ ਰੂਪ ਦੇਖ ਲਏ ਹਨ। ਉਹ ਕੁਝ ਸ਼ਾਂਤ ਹੁੰਦੇ ਤਾਂ ਕਹਿੰਦੇ, "ਤੂੰ ਘਰ ਜਾ। ਨਹਾ ਧੋ ਆ। ਦੇਖ ਤੇਰੇ ਕੱਪੜੇ ਕਿੰਨੇ ਗੰਦੇ। ਇੱਥੇ ਸੌ ਆਇਆ ਗਿਆ ਰਹਿੰਦਾ।" ਜਾਂ "ਰਾਵੀਆ ਤੂੰ ਸਵੇਰ ਦਾ ਕੁਸ਼ ਨ੍ਹੀਂ ਖਾਂਦਾ। ਆਹ ਫੜ ਖਾ। ਫੇਰ ਰੋ ਲਈਂ।" ਅਗਲੇ ਪਲਾਂ 'ਚ ਉਨ੍ਹਾਂ ਦਾ ਮੱਥਾ ਤਿਊੜੀਆਂ ਨਾਲ ਭਰ ਜਾਂਦਾ ਹੈ। ਮੈਨੂੰ ਉਨ੍ਹਾਂ ਦੇ ਇਸ ਰੂਪ ਤੋਂ ਡਰ ਲੱਗਦਾ ਹੈ।*]*

ਮੋਨੂੰ ਧੁੱਸ ਦੇ ਕੇ ਬਾੜ 'ਚ ਜਾ ਵੜਿਆ ਸੀ। ਉਹ ਦੌੜ ਕੇ ਉਸ ਕੋਲ ਚਲੀ ਗਈ। ਉਹਦੇ ਕੱਪੜੇ ਝਾੜੇ, ਵਾਲ ਰੁਖ ਸਿਰ ਕੀਤੇ। ਉਹ ਮੋਨੂੰ ਨੂੰ ਚੁੱਕ ਕੇ ਤੁਰ ਪਈ।



*[*23-4-2002: ਮੈਂ ਜਿਥੇ ਬੈਠੀ ਹੋਵਾਂ ਉਥੇ ਹੀ ਟੇਢੀ ਹੋ ਜਾਂਦੀ ਹਾਂ। ਅੱਖ ਲੱਗਦੀ ਤਾਂ ਭਿਆਨਕ ਸੁਪਨੇ ਆਉਂਦੇ ਹਨ। ਕਲ੍ਹ ਦੁਪਹਿਰੇ ਸੁਪਨਾ ਆਇਆ ਸੀ। ਸੁਪਨਦੀਪ ਟੈਲੀਵੀਜ਼ਨ ਦੇਖ ਰਿਹਾ ਸੀ। ਟੈਲੀਵੀਜ਼ਨ ਦੀ ਸਕਰੀਨ 'ਚੋਂ ਨਿਊਲ ਨਿਕਲਿਆ। ਉਸ ਨੇ ਇਨ੍ਹਾਂ ਦੇ ਖੱਬੇ ਪੈਰ 'ਤੇ ਚਕ ਮਾਰਿਆ। ਇਹ ਸੰਭਾਲਦੇ ਇਸ ਤੋਂ ਪਹਿਲਾਂ ਹੀ ਉਸ ਨੇ ਇਨ੍ਹਾਂ ਦੇ ਅਗੂੰਠੇ ਨੂੰ ਲਹੂ-ਲੁਹਾਨ ਕਰ ਦਿੱਤਾ। ਮੈਂ ਉਦੋਂ ਰਸੋਈ 'ਚ ਖੜੀ ਸੀ। ਮੋਨੂੰ ਮੇਰੇ ਪੈਰਾਂ ਕੋਲ ਖੇਡ ਰਿਹਾ ਸੀ। ਲਹੂ ਮੇਰੇ ਪੈਰਾਂ ਕੋਲ ਆ ਗਿਆ। ਮੈਂ ਬੈੱਡ-ਰੂਮ ਵੱਲ ਦੌੜੀ। ਹੁਣ ਨਿਊਲ ਸੱਪ ਬਣ ਗਿਆ। ਉਹਨੇ ਫਨ ਚੁੱਕ ਲਿਆ। ਮੈਂ ਦੌੜ ਕੇ ਇਨ੍ਹਾਂ ਦੇ ਅਗਾਂਹ ਹੋਣ ਲੱਗੀ। ਇਨ੍ਹਾਂ ਨੇ ਮੈਨੂੰ ਪਿਛਾਂਹ ਧੱਕ ਦਿੱਤਾ। ਸੱਪ ਇਨ੍ਹਾਂ ਵੱਲ ਨੂੰ ਵਧਿਆ। ਮੈਂ ਇਨ੍ਹਾਂ ਦੇ ਬਿਲਕੁਲ ਪਿਛੇ ਖੜੀ ਸੀ। ਲੱਗਦਾ ਸੀ ਕਿ ਅਗਲੇ ਪਲ 'ਚ ਸੱਪ ਇਨ੍ਹਾਂ ਦੇ ਡੰਗ ਮਾਰੇਗਾ। ਮੈਂ ਫੇਰ ਅਗਾਂਹ ਹੋਈ। ਕੁਝ ਸੈਕਿੰਡਾਂ ਲਈ ਮੇਰੀ ਅੱਖ ਖੁੱਲ੍ਹ ਗਈ। ਫੇਰ ਇਹੀ ਸੁਪਨਾ ਸ਼ੁਰੂ ਹੋ ਗਿਆ। ਅਜਗਰ ਨੇ ਉਨ੍ਹਾਂ ਨੂੰ ਨਿਗਲਣ ਲਈ ਮੂੰਹ ਖੋਲ੍ਹਿਆ। ਉਹ ਰੌਲਾ ਪਾਉਣ ਲੱਗੇ-ਬਚਾਓ-ਬਚਾਓ। ਮੇਰੀ ਚੀਕ ਨਿਕਲ ਗਈ।.........*]*

ਰਾਵੀਆ ਨੇ ਮੋਨੂੰ ਨੂੰ ਚੁੱਕਿਆ। ਸਾਹਮਣੇ ਆਪ੍ਰੇਸ਼ਨ-ਥੀਏਟਰ ਸੀ। ਸੁਪਨਦੀਪ ਅਜੇ ਬਾਹਰ ਨਹੀਂ ਆਇਆ ਸੀ। ਉਸ ਪਹਿਲਾਂ ਸਹੁਰਿਆਂ ਵੱਲ ਦੇਖਿਆ। ਫੇਰ ਪੇਕਿਆਂ ਵੱਲ। ਉਸ ਦੇ ਕਦਮ ਸਹੁਰਿਆਂ ਵੱਲ ਵਧੇ। ਦੋ ਕਦਮ ਜਾ ਕੇ ਉਹ ਰੁਕ ਗਈ। ਮੋਨੂੰ ਵੱਲ ਦੇਖਿਆ। ਉਹ ਹੱਸ ਰਿਹਾ ਸੀ। ਉਹ ਪੇਕਿਆਂ ਦੀ ਟੋਲੀ ਵੱਲ ਨੂੰ ਹੋਈ। ਪਰ ਉਸ ਕੋਲੋਂ ਜ਼ਿਆਦਾ ਅਗਾਂਹ ਨਾ ਜਾਇਆ ਗਿਆ। ਉਸ ਦਾ ਮਨ ਆਪ੍ਰੇਸ਼ਨ-ਥੀਏਟਰ ਵੱਲ ਸੀ। ਨਜ਼ਰਾਂ ਸਹੁਰਿਆਂ ਤੇ ਪੇਕਿਆਂ ਵੱਲ। ਉਹ ਜਿੱਥੇ ਖੜੀ ਸੀ, ਉਥੋਂ ਦੋਹਾਂ ਟੋਲੀਆਂ ਵੱਲ ਇਕੋ ਜਿਹੀ ਦੂਰੀ ਸੀ। ਉਸ ਦੀ ਮੰਮੀ ਨੇ ਆਵਾਜ਼ ਮਾਰੀ, "ਰਾਵੀਆ- ਇਥੇ ਆ ਜਾ।" ਉਸ ਦੀ ਸੱਸ ਨੇ ਉਸ ਕੋਲ ਆ ਕੇ ਬੈਠਣ ਦਾ ਇਸ਼ਾਰਾ ਕੀਤਾ। ਪਹਿਲਾਂ ਉਹ ਕਿਸ ਵੱਲ ਜਾਵੇ ? ਉਸ ਨੇ ਇਕ ਵਾਰ ਫੇਰ ਮੋਨੂੰ ਵੱਲ ਦੇਖਿਆ। ਉਹ ਉਵੇਂ ਮੁਸਕਰਾ ਰਿਹਾ ਸੀ। ਉਸ ਨੇ ਉਹ ਨੂੰ ਹਿੱਕ ਨਾਲ ਘੁੱਟ ਲਿਆ। ਉਹ ਦੋਹਾਂ ਟੋਲੀਆਂ ਵਿਚਕਾਰ ਪੈਂਦੇ ਨਿੰਮ ਦੇ ਛੋਟੇ ਰੁੱਖ ਹੇਠ ਬੈਠ ਗਈ।

ਹੁਣ ਉਹ ਆਪ੍ਰੇਸ਼ਨ-ਥੀਏਟਰ ਵੱਲ ਦੇਖ ਰਹੀ ਸੀ।



www.PunjabiLibrary.com

## ਸਿਰ ਦੀ ਅੱਗ

ਬਾਬਾ ਜੀ ਪੂਰੇ ਜਲੌਅ 'ਚ ਆ ਗਏ, "ਸਾਡਾ ਪੜਦਾਦਾ ਫੌਗੂ ਕੋਟਲੀ ਤੋਂ ਇਥੇ ਆਇਆ ਸੀ। ਪੜਦਾਦੀ ਤੇ ਦੋ ਮੁੰਡਿਆਂ ਨਾਲ। ਉਹਨੂੰ ਨਿਹਾਲਾ ਲੰਬੜਦਾਰ ਲਿਆਇਆ ਸੀ। ਗੱਡੇ ਦੇ ਪਿੱਛੇ-ਪਿੱਛੇ ਤੋਰ ਕੇ। ਮਰੇ ਪਸ਼ੂ ਚੁੱਕਣ ਲਈ। ਦਿਹਾੜੀਆਂ ਲਵਾਉਣ ਲਈ। ਆਪਦੀਆਂ ਬੁੱਤੀਆਂ ਕਰਾਉਣ ਖ਼ਾਤਰ। ਇਹ ਸਾਰਾ ਲਾਣਾ ਉਸੇ ਦੀ ਅੰਸ਼ 'ਚੋਂ ਆ। ਪੜਦਾਦੇ ਦੇ ਪਰਿਵਾਰ 'ਚ ਵਾਹਵਾ ਵਾਧਾ ਹੋਇਆ। ਉਦੋਂ ਹਰੇਕ ਜਣੇ ਦੇ ਦਸ-ਬਾਰਾਂ ਨਿਆਣੇ ਹੁੰਦੇ ਸੀ। ਅੱਜ ਵਾਂਗ ਦੋ-ਤਿੰਨ ਨ੍ਹੀਂ। ਜਿਹੜੇ ਕੁੰਨਾਂ ਵਾਲੇ ਛੱਪੜ ਦੀ ਮਿੱਟੀ ਦਾ ਰੌਲਾ ਪੈ ਰਿਹਾ-ਇਥੇ ਪਹਿਲਾਂ ਛੋਟਾ ਜਿਹਾ ਟੋਇਆ ਸੀ। ਪਿੰਡ ਦੀ ਸ਼ਾਮਲਾਟ 'ਚ। ਸੁਸਰੀਆਂ ਪੱਥਣ ਲਈ ਪਿੰਡ ਵਾਲੇ ਗੱਡੇ ਭਰ-ਭਰ ਕੇ ਮਿੱਟੀ ਲੈ ਗਏ। ਅਸੀਂ ਵੀ ਬਥੇਰੀ ਚੁੱਕੀ। ਇਹ ਟੋਇਆ ਵੱਡਾ ਹੁੰਦਾ ਗਿਆ। ਫੇਰ ਛੱਪੜ ਬਣ ਗਿਆ। ਰੌਲਿਆਂ ਤੋਂ ਪੰਜ ਕ ਸਾਲ ਮਗਰੋਂ ਬੇਗਿਣਤ ਪਸ਼ੂ ਮਰੇ। ਮੂੰਹ-ਖੁਰ ਦੀ ਬੀਮਾਰੀ ਨਾਲ। ਉਨ੍ਹੀਂ ਦਿਨੀਂ ਕੇਹਰੂ ਜੰਡਿਆਲੇਉਂ ਆਇਆ ਸੀ। ਉਹ ਚਮੜਾ ਰੰਗਣ ਦਾ ਕੰਮ ਜਾਣਦਾ ਸੀ। ਬਾਪੂ ਨੂੰ ਖਲ੍ਹਾਂ ਵੇਚਣ ਜਲੰਧਰ ਜਾਣਾ ਪੈਂਦਾ ਸੀ। ਤਾਜ਼ੀਆਂ ਖਲ੍ਹਾਂ ਦਾ ਭਾਰ ਵੀ ਜ਼ਿਆਦਾ ਹੁੰਦਾ ਸੀ। ਕੇਹਰੂ ਨੇ ਆਪਣਾ ਕਾਰਖਾਨਾ ਸ਼ੁਰੂ ਕੀਤਾ। ਪਹਿਲਾਂ ਉਹ ਇਕੱਲਾ ਸੀ। ਉਹਨੇ ਆਪਣੇ ਨਾਲ ਕਰਮੇ, ਮੀਤੂ, ਦਿਆਲੇ ਨੂੰ ਲਾ ਲਿਆ। ਉਹ ਕੰਮ ਸਿੱਖ ਗਏ ਤਾਂ ਉਨ੍ਹਾਂ ਆਪਣੀਆਂ-ਆਪਣੀਆਂ ਪੱਕੀਆਂ ਕੁੰਨਾਂ ਬਣਾ ਲਈਆਂ। ਦਸਾਂ-ਬਾਰਾਂ ਪਿੰਡਾਂ ਦੀਆਂ ਤਾਜ਼ੀਆਂ ਖਲ੍ਹਾਂ ਇਥੇ ਆਉਣ ਲੱਗੀਆਂ। ਸੁਹਣਾ ਕੰਮ ਚੱਲ ਪਿਆ। ਇਹ ਪਕਾਇਆ ਹੋਇਆ ਚਮੜਾ ਜਲੰਧਰ ਜਾ ਕੇ ਵੇਚਣ ਲੱਗੇ।"

ਉਹ ਇਕ ਪਲ ਲਈ ਰੁਕੇ। ਲਗਾਤਾਰ ਬੋਲਣ ਨਾਲ ਉਨ੍ਹਾਂ ਦਾ ਗਲਾ ਸੁੱਕ ਗਿਆ ਸੀ।

ਕੁਲਵੰਤ ਉਨ੍ਹਾਂ ਕੋਲੋਂ ਛੋਟੇ-ਛੋਟੇ ਪ੍ਰਸ਼ਨ ਪੁੱਛਦਾ। ਉਹ ਵਿਸਥਾਰ 'ਚ ਉਹਦੀ ਤਸੱਲੀ ਕਰਾਉਂਦੇ।

ਉਨ੍ਹਾਂ ਪਾਣੀ ਦੇ ਦੋ ਘੁੱਟ ਪੀਤੇ ਤੇ ਬੀੜੀ ਲਾਈ। ਤਿੰਨਾਂ ਸੂਟਿਆਂ 'ਚ ਖ਼ਤਮ ਕਰ ਦਿੱਤੀ। ਅੱਜ ਉਹ ਬਹੁਤ ਕੁਝ ਦੱਸਣ ਤੇ ਬਹੁਤ ਘੱਟ ਲੁਕਾਉਣ ਦੇ ਮੂਡ 'ਚ ਸਨ।



www.PunjabiLibrary.com

"ਅਗਾਂਹ ਪੁੱਛ?" ਉਹ ਕੁਲਵੰਤ ਨੂੰ ਮੁਖ਼ਾਤਬ ਹੋਏ।

ਕਈ ਵਾਰ ਉਨ੍ਹਾਂ ਦੇ ਵੇਰਵਿਆਂ 'ਚ ਦੋਹਰਾ ਆ ਜਾਂਦਾ। ਉਹ ਕਹਿ ਦਿੰਦੇ, "ਆਹ ਗੱਲ ਮੈਂ ਤੈਨੂੰ ਪਹਿਲਾਂ ਤਾਂ ਨ੍ਹੀਂ ਦੱਸੀ ਸੀ?"

ਇਹ ਗੱਲ ਵੀ ਉਨ੍ਹਾਂ ਪੰਜਵੀਂ ਵਾਰ ਦੱਸੀ ਸੀ।

ਕੁਲਵੰਤ ਕੁਝ ਹੋਰ ਪੁੱਛਦਾ ਤੇ ਸੁਖਦੇਵ ਟੇਪ ਰਿਕਾਰਡਰ ਦਾ ਰਿਕਾਰਡਿੰਗ ਸਵਿੱਚ ਨੱਪਦਾ, ਉਦੋਂ ਹੀ ਕਈ ਜਣੇ ਆ ਗਏ। ਉਹ ਤੈਸ਼ 'ਚ ਸਨ। ਉਹ ਸਾਰੇ ਡਾਹਢੇ ਚਿੰਤੁਤ ਸਨ। ਉਹ ਥੱਕੇ-ਥੱਕੇ ਲੱਗਦੇ ਸਨ ਜਿਵੇਂ ਬਹੁਤ ਦੂਰੋਂ ਆਏ ਹੋਣ। ਤੇ ਇਹ ਉਨ੍ਹਾਂ ਦੀ ਆਖ਼ਿਰੀ ਮੰਜ਼ਲ ਹੋਵੇ। ਦੋ ਉਨ੍ਹਾਂ ਦੇ ਸੱਜੇ ਪਾਸੇ ਵੱਲ ਬੈਠ ਗਏ। ਤਿੰਨ ਖੱਬੇ ਪਾਸੇ। ਬਾਕੀ ਸਾਹਮਣੇ ਪੈਰਾਂ ਭਾਰ ਬੈਠ ਗਏ।

ਕੁਲਵੰਤ ਕੁਰਸੀ 'ਤੇ ਬੈਠਾ ਸੀ।

ਸੁਖਦੇਵ ਸੂਤੜੀ ਵਾਲੇ ਮੰਜੇ ਦੀ ਬਾਹੀ 'ਤੇ ਬੈਠਾ ਸੀ। ਉਸ ਲੱਤਾਂ ਹੇਠਾਂ ਲਮਕਾਈਆਂ ਸਨ। ਉਹ ਬੱਚਿਆਂ ਵਾਂਗ ਵਾਰ-ਵਾਰ ਉਨ੍ਹਾਂ ਨੂੰ ਹਿਲਾ ਰਿਹਾ ਸੀ ਜਿਵੇਂ ਉਸ ਨੂੰ ਕੋਈ ਅਚੋਤਾਈ ਲੱਗੀ ਹੋਵੇ। ਜਿਵੇਂ ਉਹਦਾ ਮਨ ਕਾਹਲਾ ਪੈ ਰਿਹਾ ਹੋਵੇ। ਆਉਣ ਵਾਲਿਆਂ 'ਚੋਂ ਕਿਸੇ ਨੇ ਵੀ ਬੋਲਣ/ਦੱਸਣ ਦੀ ਪਹਿਲ ਨਾ ਕੀਤੀ।

"ਕਰਮਾ?" ਬਾਬਾ ਜੀ ਨੇ ਮਿੰਟ ਕੁ ਮਗਰੋਂ ਕਰਮੇ ਦੀ ਬਾਂਹ ਫੜ ਕੇ ਪੁੱਛਿਆ।

"ਆਹੋ।"

"ਤੇਰੇ ਨਾਲ ਹੋਰ ਕੌਣ-ਕੌਣ ਆਇਆ?"

"ਘਰ ਦੇ ਬੰਦੇ ਈ ਆ।"

"ਉਹ ਤਾਂ ਮੈਨੂੰ ਪਤਾ। ਹੋਰ ਮੈਨੂੰ ਪਿੰਡੋਂ ਕਿਹਨੇ ਮਿਲਣ ਆਉਣਾ। ਤੁਹਾਡੀ ਗੱਲਬਾਤ ਕਿਸੇ ਸਿਰੇ ਕੰਢੇ ਲੱਗੀ?"

ਕਰਮੇ ਨੇ ਵਿਸਥਾਰ 'ਚ ਬੀਤਿਆ-ਹੋਇਆ ਸੁਣਾਇਆ।

ਉਨ੍ਹਾਂ ਸਮਝਾਉਂਦਿਆਂ ਕਿਹਾ, "ਧੀਰਜ ਰੱਖੋ। ਕੋਈ ਨਾ ਕੋਈ ਹੱਲ ਕੱਢਦੇ ਆਂ।"

"ਮੈਂ ਆਪਣਾ ਮਕਾਨ ਫੇਰ ਢੁਆਂ ਲਵਾਂ," ਹਰੀ ਰਾਮ ਨੇ ਔਖ ਮੰਨਦਿਆਂ ਕਿਹਾ। ਜੇ ਪਰਸੋਂ ਨੂੰ ਪਿੰਡ ਵਾਲੇ ਛੱਪੜ 'ਚੋਂ ਮਿੱਟੀ ਚੁੱਕਦੇ ਤਾਂ ਸਭ ਤੋਂ ਪਹਿਲਾਂ ਨੁਕਸਾਨ ਉਸੇ ਦਾ ਹੋਣਾ ਸੀ। ਕਈ ਸਾਲ ਪਹਿਲਾਂ ਵੀ ਪਿੰਡ ਵਾਲਿਆਂ ਨੇ ਜ਼ੋਰ ਜ਼ਬਰਦਸਤੀ ਕਰਕੇ ਮਿੱਟੀਨੁਮਾ ਰੂੜੀ ਚੁੱਕੀ ਸੀ ਤਾਂ ਬਰਸਾਤਾਂ 'ਚ ਹਰੀ ਰਾਮ ਦੇ ਘਰ ਅੱਗੋਂ ਦੀ ਜਾਂਦੇ ਰਾਹ 'ਚ ਘਾਲ ਪੈ ਕੇ ਕਾਫ਼ੀ ਵੱਡਾ ਪਾੜ ਪੈ ਗਿਆ ਸੀ ਜਿਸ ਨਵੀਂ ਆਬਾਦੀ ਨੂੰ ਜਾਂਦੇ ਰਾਹ ਨੂੰ ਬੰਦ ਕਰ ਦਿੱਤਾ ਸੀ। ਉਹਦੇ ਘਰ ਦੀ ਮੋਹਰੀ ਕੰਧ ਢਹਿ ਗਈ ਸੀ। ਪਿਛਲੇ ਦਾਲਾਨ ਦੀਆਂ ਮੋਹਰਲੀਆਂ ਕੰਧਾਂ 'ਚ ਵੀ ਤ੍ਰੇੜਾਂ ਆ ਗਈਆਂ ਸਨ।

"ਛੱਪੜ ਸ਼ਾਮਲਾਟ 'ਚ ਪੈਂਦਾ। ਇਹਦੀ ਮਲਕੀਅਤ ਪੰਚਾਇਤ ਕੋਲ ਹੁੰਦੀ ਆ।"

"ਪੰਚਾਇਤ ਕੋਲ ਨ੍ਹੀਂ। ਪਿੰਡ ਦੇ ਜ਼ਿਮੀਦਾਰਾਂ ਕੋਲ ਆ।"

"ਨ੍ਹੀਂ-ਪੰਚਾਇਤ ਕੋਲ ਆ।"

"ਪੰਚਾਇਤ 'ਚ ਸਾਡੇ ਵੀ ਚਾਰ ਮੈਂਬਰ ਆ।"

"ਅਸੀਂ ਵੀ ਪਿੰਡ ਦੇ ਕੁਸ਼ ਲੱਗਦੇ ਆਂ।"

"ਕਦੇ ਕਿਸੇ ਕੰਮ ਤੋਂ ਪਿੱਛੇ ਨ੍ਹੀਂ ਹਟੇ।"

"ਪਿੰਡ ਦੀ ਢਾਲ ਬਰੋਬਰ ਦਿੰਦੇ।"

"ਕੋਈ ਵੀ ਸਾਂਝਾ ਕੰਮ ਹੋਵੇ-ਸਾਨੂੰ ਬਰੋਬਰ ਖਿੱਚਿਆ ਜਾਂਦਾ। ਪਿਛਲੇ ਮਹੀਨੇ ਫਿਰਣੀਆਂ 'ਤੇ ਮਿੱਟੀ ਪਾਈ ਤਾਂ ਘਰ ਭਰਤੀ ਇਕ-ਇਕ ਜੀਅ ਗਿਆ।"

"ਕਾਲੇ ਕੱਛਿਆਂ ਵਾਲਿਆਂ ਦਾ ਡਰ ਵਧਿਆ ਤਾਂ ਅਸੀਂ ਬਰੋਬਰ ਪਹਿਰੇਦਾਰੀ ਕੀਤੀ।"

"ਸੁਖਦੇਵ- ਮੇਰੇ ਪਛਾੜੀ ਪੜਛੱਤੀ 'ਤੇ ਪੰਚਾਇਤੀ ਐਕਟ ਬਾਰੇ ਕਿਤਾਬ ਪਈ। ਉਹ ਚੁੱਕ ਕੇ ਲੱਭ ਕਿ ਸ਼ਾਮਲਾਟ ਦਾ ਕੀ ਮਆਇਨਾ ਹੁੰਦਾ।"

ਸੁਖਦੇਵ ਨੇ ਧੂੜ ਨਾਲ ਭਰੀ ਕਿਤਾਬ ਚੁੱਕੀ। ਝਾੜੀ। ਕਈ ਚਿੱਟੇ-ਚਿੱਟੇ ਜੀਵ ਨਿਕਲੇ/ਦੌੜੇ। ਥਾਂ-ਥਾਂ ਮੋਰੀਆਂ ਹੋਈਆਂ ਸਨ। ਸ਼ਾਇਦ ਇਹਨੂੰ ਕਦੇ ਦੇਖਣ ਦੀ ਲੋੜ ਹੀ ਨਾ ਪਈ ਸੀ। ਕਿਤਾਬ ਦਾ ਨਾਂ ਸੀ-ਪੰਜਾਬ ਗਰਾਮ ਪੰਚਾਇਤ ਐਕਟ। ਉਸ 'ਸ਼ਾਮਲਾਟ' ਸ਼ਬਦ ਦੇ ਅਰਥ ਲੱਭੇ, "ਬਾਬਾ ਜੀ-ਲਿਖਿਆ-ਸ਼ਾਮਲਾਟ ਦਾ ਭਾਵ ਅਜਿਹੀ ਜ਼ਮੀਨ ਹੈ ਜਿਹੜੀ ਕਿਸੇ ਵਿਅਕਤੀ ਦੀ ਨਿਵੇਕਲੀ ਵਰਤੋਂ ਵਿਚ ਨਾ ਹੋਵੇ ਅਤੇ ਦਸਤੂਰ, ਰਿਵਾਜ਼ ਜਾਂ ਪ੍ਰਾਚੀਨ ਰੀਤੀ ਕਾਰਨ ਪਿੰਡਵਾਸੀਆਂ ਦੇ ਸਾਂਝੇ ਮੰਤਵਾਂ ਲਈ ਰਾਖਵੀਂ ਰੱਖੀ ਗਈ ਹੋਵੇ ਜਾਂ ਅਜਿਹੇ ਮੰਤਵਾਂ ਲਈ ਪ੍ਰਾਪਤ ਕੀਤੀ ਗਈ ਹੋਵੇ।"

ਕੁਝ ਪਲਾਂ ਲਈ ਚੁੱਪ ਪਸਰ ਗਈ।

ਹਰੀ ਰਾਮ ਬੋਲਿਆ, "ਇਹ ਥਾਂ ਸਾਰਿਆਂ ਦੀ ਸਾਂਝੀ ਆ। ਜਿੰਨਾ ਇਹਤੇ ਹੱਕ ਸਾਡਾ ਆ-ਉੱਨਾ ਕਿਸੇ ਦੂਜੇ ਦਾ ਕਿਵੇਂ ਹੋ ਸਕਦਾ। ਆਹ ਕਿਤਾਬ ਵੀ ਇਹੀ ਕਹਿੰਦੀ ਆ।"

"ਤੁਹਾਡੀ ਸਰਪੰਚ ਨਾਲ ਦੋਬਾਰਾ ਮੀਟਿੰਗ ਨ੍ਹੀਂ ਹੋਈ ?" ਬਾਬਾ ਜੀ ਨੇ ਉੱਚੀ ਆਵਾਜ਼ 'ਚ ਪੁੱਛਿਆ।

ਇਹ ਜਿਹੜੀਆਂ ਗੱਲਾਂ ਉਹ ਦੱਸ ਰਹੇ ਸਨ-ਇਹ ਤਾਂ ਕਲ੍ਹ ਤੋਂ ਐਦਾਂ ਹੀ ਚੱਲ ਰਹੀਆਂ ਸਨ। ਬੱਸ-ਇਨ੍ਹਾਂ 'ਚ ਉੱਨੀ-ਇੱਕੀ ਦਾ ਫ਼ਰਕ ਆਇਆ ਹੋਣਾ। ਉਹ ਇਨ੍ਹਾਂ ਦੀ ਕਾਂਵਾਰੌਲੀ ਤੋਂ ਉਕਤਾ ਗਏ ਸਨ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹ ਵੇਲਾ ਗੁੱਸੇ ਦਾ ਨਹੀਂ ਸੀ। ਠਰਮੇ ਨਾਲ ਸੋਚਣ ਦਾ ਸੀ। ਝਗੜੇ 'ਚ ਹਾਰ ਜਾਣ ਦਾ ਖਦਸ਼ਾ ਸੀ। ਉਨ੍ਹਾਂ ਨੂੰ ਇਸ ਗੱਲ ਦਾ ਵੀ ਪਤਾ ਸੀ ਕਿ ਇਹ ਲੋਕ ਜਾਂ ਤਾਂ ਬਿਲਕੁਲ ਲਿੱਦ ਕਰ ਦਿੰਦੇ ਹਨ ਜਾਂ ਘੜੀ ਪਲ ਲਈ ਆਤਸ਼ਬਾਜ਼ੀ ਵਰਗਾ ਜਲਬਾ ਦਿਖਾਉਂਦੇ ਹਨ। ਇਨ੍ਹਾਂ ਕੋਲ ਵਿਚ-ਵਿਚਾਲੇ ਵਾਲਾ ਕੋਈ ਰਸਤਾ ਨਹੀਂ ਹੁੰਦਾ। ਇਨ੍ਹਾਂ ਨੇ ਇਹੀ ਕੁਝ ਸਿੱਖਿਆ ਹੈ। ਇਨ੍ਹਾਂ ਨੂੰ ਇਹੀ ਕੁਝ ਸਿਖਾਇਆ ਗਿਆ ਹੈ। ਬਾਬਾ ਜੀ ਕੋਈ ਅਜਿਹਾ ਹੱਲ ਚਾਹੁੰਦੇ ਸਨ ਜਿਸ ਨਾਲ ਸੱਪ ਵੀ ਮਰ ਜਾਵੇ-ਲਾਠੀ ਵੀ ਨਾ ਟੁੱਟੇ। ਜਿਵੇਂ ਕਿ ਪਹਿਲਾਂ ਵੀ ਹੁੰਦਾ ਸੀ-ਉਵੇਂ ਹੀ ਉਨ੍ਹਾਂ ਪਹਿਲੇ ਦਿਨ ਕਿਹਾ ਸੀ ਕਿ ਪੰਜ ਬੰਦੇ ਇਧਰ ਦੇ ਪਾ ਲਉ। ਪੰਜ ਉਧਰਲਿਆਂ ਨੂੰ ਬੁਲਾ



ਲਉ। ਇਸੇ ਨਾਲ ਕੋਈ ਹੱਲ ਨਿਕਲ ਪੈਣਾ। ਉਨ੍ਹਾਂ ਦਾ ਕਿਹਾ ਕਿਸ ਮੋੜਨਾ ਸੀ। ਲੰਬੜਦਾਰ ਬਖਸ਼ੀਸ਼ ਸਿੰਘ ਦੀ ਕੋਠੀ 'ਚ ਦੋਵੇਂ ਧਿਰਾਂ ਮਿਲ ਬੈਠੀਆਂ ਸਨ। ਪਰ ਉਨ੍ਹਾਂ 'ਚੋਂ ਕੋਈ ਵੀ ਆਪਣੇ ਪਹਿਲਾਂ ਲਏ ਫ਼ੈਸਲੇ ਤੋਂ ਪਿੱਛੇ ਮੁੜਣ ਨੂੰ ਰਾਜ਼ੀ ਨਹੀਂ ਸੀ। ਪਿੰਡ ਵਾਲੇ ਆਪਣੀ ਜਗ੍ਹਾ ਸੱਚੇ ਸਨ ਕਿ ਸ਼ਾਮਲਾਟ ਦੀ ਜ਼ਮੀਨ ਉਨ੍ਹਾਂ ਦੇ ਬਜ਼ੁਰਗਾਂ ਦੀ ਛੱਡੀ ਹੋਈ ਹੈ। ਕਿਸੇ ਸਾਂਝੇ ਕੰਮ ਲਈ। ਲੋਕ ਭਲਾਈ ਲਈ। ਇਸ 'ਤੇ ਪਹਿਲਾ ਹੱਕ ਉਨ੍ਹਾਂ ਦਾ ਹੀ ਹੈ। ਉਨ੍ਹਾਂ ਅੱਗੇ ਇਸ ਦਾ ਪ੍ਰਤੱਖ ਪ੍ਰਮਾਣ ਸੀ। ਝਿੜੀ 'ਚ ਪੈਂਦੇ ਪੰਜ ਖੇਤ। ਜਦੋਂ ਪੰਚਾਇਤ ਨੇ ਇਨ੍ਹਾਂ ਨੂੰ ਵੇਚਣ ਦਾ ਫ਼ੈਸਲਾ ਕੀਤਾ ਤਾਂ ਉਦੋਂ ਇਸ ਜ਼ਮੀਨ ਦਾ ਮੁੱਲ ਪਿਆ ਸੀ। ਘਰ ਭਰਤੀ ਪੰਦਰਾਂ-ਪੰਦਰਾਂ ਹਜ਼ਾਰ ਹਿੱਸੇ ਆਇਆ ਸੀ। ਉਦੋਂ ਨਵੀਂ ਆਬਾਦੀ ਵਾਲੇ ਕੁਸਕੇ ਨਹੀਂ ਸਨ। ਹੁਣ ਨਵੀਂ ਆਬਾਦੀ ਵਾਲਿਆਂ ਨੇ ਇਥੋਂ ਤੀਕ ਕਹਿ ਦਿੱਤਾ ਸੀ ਕਿ ਜੇ ਉਹ ਜ਼ੋਰ-ਜ਼ਬਰਦਸਤੀ ਕਰਨਗੇ ਤਾਂ ਉਹ ਕੋਰਟ 'ਚੋਂ ਸਟੇਅ ਲੈ ਆਉਣਗੇ ਕਿਉਂਜੁ ਛੱਪੜ ਦੀ ਰੂੜੀਨੁਮਾ ਮਿੱਟੀ ਉਨ੍ਹਾਂ ਦੀ ਆਪਣੀ ਹੈ। ਇਹ ਉਨ੍ਹਾਂ ਦੇ ਘਰਾਂ ਦੇ ਗੰਦ ਤੇ ਕੂੰਨਾਂ ਦੀ ਰਹਿੰਦ-ਖੂਹਦ ਨਾਲ ਚੰਗੀ ਬਣੀ ਮਿੱਟੀਨੁਮਾ ਰੂੜੀ ਹੈ ਜਿਸ ਦਾ ਮੁੱਲ ਪੈਣਾ ਚਾਹੀਦਾ ਹੈ। ਗੱਲ ਕਿਸੇ ਸਿਰੇ ਨਾ ਲੱਗੀ ਤਾਂ ਲੰਬੜਦਾਰ ਨੇ ਬਾਬਾ ਜੀ ਨੂੰ ਬੁਲਾਉਣ ਲਈ ਕਿਹਾ ਸੀ ਜਿਸ ਨੂੰ ਕਰਮੇ ਨੇ ਇਹ ਕਹਿ ਕੇ ਖਾਰਜ ਕਰ ਦਿੱਤਾ ਸੀ ਕਿ ਉਸ ਨੂੰ ਆਪ ਉਨ੍ਹਾਂ ਕੋਲ ਜਾਣਾ ਚਾਹੀਦਾ ਹੈ।

"ਉਸ ਕੰਜਰ ਨੇ ਆਪਣੀ ਹਿੰਡ ਪਗਾਉਣੀ ਹੁੰਦੀ।" ਦਰਸ਼ਨ ਉੱਠ ਕੇ ਖੜ ਗਿਆ।

"ਦਰਸ਼ਨਾ-ਗੁੱਸੇ 'ਚ ਨੁਕਸਾਨ ਹੋਣਾ। ਮੈਨੂੰ ਸਰਪੰਚ ਨਾਲ ਮਿਲਾਉ। ਮੈਂ ਉਹਦੇ ਨਾਲ ਗੱਲ ਕਰਦਾਂ।"

"ਸਾਡੀ ਤਾਂ ਲੋਹੇ 'ਤੇ ਲੀਕ ਆ ਕਿ ਮਿੱਟੀ ਫਰੀ 'ਚ ਨ੍ਹੀਂ ਚੁੱਕਣ ਦੇਣੀ।"

"ਮੈਂ ਕਦੋਂ ਕਹਿਣਾ-ਮੁਫ਼ਤ ਚੁੱਕਣ," ਬਾਬਾ ਜੀ ਨੇ ਉਨ੍ਹਾਂ ਦੀ ਹਾਂ 'ਚ ਹਾਂ ਮਿਲਾਈ।

ਸਾਰੇ ਚੁੱਪ ਕਰ ਗਏ।

"ਹੁਕਮਿਆਂ-ਮੈਨੂੰ ਚਿਲਮ ਧਰ ਕੇ ਦੇ," ਉਨ੍ਹਾਂ ਕੁਝ ਡੂੰਘਾ ਸੋਚਦਿਆਂ ਕਿਹਾ।

ਉਨ੍ਹਾਂ ਦੀ ਚਿਲਮ ਭਰਣ 'ਚ ਪੰਜ ਮਿੰਟ ਲੱਗ ਗਏ।

ਉਨ੍ਹਾਂ ਦੋ-ਤਿੰਨ ਭਰਵੇਂ ਘੁੱਟ ਖਿੱਚੇ। ਗਿੱਚੀ 'ਚ ਖਾਝ ਕੀਤੀ। ਕੁਝ ਯਾਦ ਆਇਆ। ਉਨ੍ਹਾਂ ਝਟਪਟ ਕਿਹਾ, "ਕੋਈ ਜਣਾ ਮੇਰੀ ਸੁਰਿੰਦਰ ਨਾਲ ਗੱਲ ਕਰਾਉ।" ਉਨ੍ਹਾਂ ਨੇ ਆਪਣੇ ਆਪ ਨੂੰ ਕਿਹਾ ਕਿ ਉਨ੍ਹਾਂ ਨੂੰ ਸੁਰਿੰਦਰ ਦੀ ਪਹਿਲਾਂ ਯਾਦ ਕਿਉਂ ਨਾ ਆਈ। ਹੁਣ ਤਕ ਤਾਂ ਇਹ ਮਸਲਾ ਹੱਲ ਹੋ ਜਾਣਾ ਸੀ।

"ਐਸ ਵੇਲੇ ਅੱਡੇ ਵਾਲੀ ਐਸ. ਟੀ. ਡੀ. ਬੰਦ ਹੋਣੀ।"

"ਜੋਗਿੰਦਰ ਕਾ ਯਸ਼ਪਾਲ-ਉਹੀ ਜਿਹੜਾ ਬੈਂਕ ਮੈਨੇਜਰ ਲੱਗਾ-ਉਹਨੂੰ ਮੇਰਾ ਨਾਂ ਲੈ ਕੇ ਕਹਿ, ਉਹ ਮੇਰੀ ਸੁਰਿੰਦਰ ਨਾਲ ਗੱਲ ਕਰਾ ਦਊ।"

ਉਹ ਇਕ-ਇਕ ਕਰਕੇ ਸਾਰੇ ਚਲੇ ਗਏ।

****



www.PunjabiLibrary.com

ਇਸ ਵਾਰ ਕੁਲਵੰਤ ਇਸ ਆਸੇ ਨਾਲ ਆਇਆ ਸੀ ਕਿ ਉਹ ਉਨ੍ਹਾਂ ਕੋਲੋਂ ਉਸ ਵੇਲੇ ਦਾ ਸੱਚ ਜਾਣੇਗਾ ਜਦੋਂ ਉਹ ਮਰੇ ਪਸ਼ੂਆਂ ਦਾ ਮਾਸ ਖਾਂਦੇ ਸਨ। ਪੱਤ 'ਚੋਂ ਲਾਹੀ ਮੈਲ ਪੀਂਦੇ ਸਨ। ਪਸ਼ੂਆਂ ਦੇ ਗੰਦ-ਮੂਤ ਵਾਲੀ ਮਿੱਟੀ ਨਾਲ ਕੱਪੜੇ ਧੋਂਦੇ ਸਨ। ਪਰ ਛੱਪੜ ਦੇ ਉੱਠ ਖੜੇ ਮਸਲੇ ਨੇ ਗੱਲ ਹੋਰ ਹੀ ਪਾਸੇ ਤੋਰ ਦਿੱਤੀ ਸੀ। ਇਸ ਨਾਲ ਵੀ ਉਹਦੀ ਜਾਣਕਾਰੀ 'ਚ ਨਵਾਂ ਵਾਧਾ ਹੋਣਾ ਹੈ। ਇਸ ਨਾਲ ਉਹ ਇਹਨਾਂ ਦੀ ਹੁਣ ਦੀ ਮਾਨਸਿਕਤਾ ਨੂੰ ਜਾਣ ਲਵੇਗਾ। ਬਾਬਾ ਜੀ ਦੀ ਹੁਣ ਦੀ ਵੁਕਤ ਦਾ ਵੀ ਪਤਾ ਲੱਗ ਜਾਵੇਗਾ। ਉਹਨੂੰ ਆਪਣੇ ਜਿਗਰੀ ਦੋਸਤ ਜਿੰਦਰ ਦੀ ਗੱਲ ਯਾਦ ਕਰਕੇ ਹਾਸਾ ਵੀ ਆਇਆ ਸੀ, "ਅੱਗੇ-ਅੱਗੇ ਕਿਯਾ ਹੋਗਾ-ਯੇ ਅੱਲਾ ਹੀ ਜਾਣਤਾ ਹੈ।"

ਬਾਬਾ ਜੀ ਦੀ ਬਿਰਤੀ ਉੱਖੜੀ ਪਈ ਸੀ। ਪਹਿਲਾਂ ਉਨ੍ਹਾਂ ਦੇ ਮਨ 'ਤੇ ਛੱਪੜ ਭਾਰੂ ਸੀ। ਹੁਣ ਸੁਰਿੰਦਰ। ਉਨ੍ਹਾਂ ਦੱਸਣਾ ਸ਼ੁਰੂ ਕੀਤਾ, "ਸੁਰਿੰਦਰ ਬਹੁਤ ਸਿਆਣਾ ਮੁੰਡਾ। ਬਹੁਤ ਹੀ ਜ਼ਿਆਦਾ। ਉਹ ਦੀ ਜਿੰਨੀ ਸਿਫ਼ਤ ਕਰਲਾਂ-ਉੱਨੀ ਥੋੜ੍ਹੀ। ਮੇਰੇ ਲਈ ਇਸ ਵੇਲੇ ਦੋ ਜਣੇ ਬਹੁਤ ਖ਼ਾਸ ਆ। ਇਹ ਦੋਵੇਂ ਮੈਥੋਂ ਬਹੁਤ ਛੋਟੀ ਉਮਰ ਦੇ ਆ। ਇਕ ਨੂੰ ਮੈਂ ਮਿਲਿਆ ਨ੍ਹੀਂ-ਸਿਰਫ਼ ਉਨ੍ਹਾਂ ਦੀ ਆਵਾਜ਼ ਸੁਣੀ ਆ। ਦੂਜਾ ਸਾਡੇ ਆਪਣੇ ਖ਼ੂਨ 'ਚੋਂ ਆ। ਇਕ ਕਾਂਸ਼ੀ ਰਾਮ ਆ ਜਿਹਨੇ ਸਾਡੇ ਸੁੱਤੇ ਪਏ ਲੋਕਾਂ ਨੂੰ ਉਠਾਇਆ। ਉਨ੍ਹਾਂ ਨੂੰ ਵੋਟ ਦਾ ਮੁੱਲ ਦੱਸਿਆ। ਕਾਂਗਰਸ ਦੇ ਚੁੰਗਲ 'ਚੋਂ ਛੁਡਾਇਆ। ਮਸਾਲ ਤੁਹਾਡੇ ਸਾਹਮਣੇ ਆ। ਸਾਡੀ ਧੀ ਮਾਇਆਵਤੀ ਯੂ.ਪੀ. 'ਚ ਮੁੱਖ ਮੰਤਰੀ ਬਣੀ। ਕਾਂਸ਼ੀ ਰਾਮ ਨੇ ਆਪਣੀ ਹਿੱਕ ਦੇ ਜ਼ੋਰ ਨਾਲ ਉਹਨੂੰ ਇਹ ਕੁਰਸੀ ਦਵਾਈ। ਸਾਡੀ ਆਪਣੀ ਮਾਇਆਵਤੀ। ਸਾਡਾ ਆਪਣਾ ਕਾਂਸ਼ੀ ਰਾਮ। ਸਾਡੀ ਆਪਣੀ ਬਹੁਜਨ ਸਮਾਜ ਪਾਰਟੀ। ਕਾਂਸ਼ੀ ਰਾਮ ਇਕ ਦਿਨ ਇਸ ਦੇਸ਼ ਦਾ ਪ੍ਰਧਾਨ ਮੰਤਰੀ ਬਣੂਗਾ-ਤੂੰ ਮੇਰੀ ਇਹ ਗੱਲ ਨੋਟ ਕਰ ਲੈ। ਪ੍ਰਧਾਨ ਮੰਤਰੀ ਤਾਂ ਬਾਬੂ ਜਗਜੀਵਨ ਰਾਮ ਨੇ ਵੀ ਬਣ ਜਾਣਾ ਸੀ। ਪਰ ਇੰਦਰਾ ਧੋਖਾ ਦੇ ਗਈ। ਕਾਂਗਰਸੀ ਦਗਾ ਕਮਾ ਗਏ। ਸੁਰਿੰਦਰ ਦੀ ਉਮਰ ਅਜੇ ਚਾਲੀ ਸਾਲਾਂ ਦੀ ਆ। ਮੈਥੋਂ ਅੱਧੀ ਉਮਰ ਦਾ। ਗੁਣਾਂ 'ਚ ਵੱਡਾ। ਅਸ਼ਕੇ ਜਾਵਾਂ ਉਸ ਮੁੰਡੇ ਦੇ ਜਿਹਨੇ ਮੈਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਇਹ ਸਾਡਾ ਆਪਣਾ ਪਿੰਡ ਆ। ਸਾਡੀ ਵੀ ਸਮਾਜ 'ਚ ਕੋਈ ਥਾਂ ਆ। ਅਸੀਂ ਵੀ ਪਿੰਡ ਦੇ ਕੁਸ਼ ਲੱਗਦੇ ਆ। ਇਸ ਤੋਂ ਪਹਿਲਾਂ ਜੇ ਕੋਈ ਮੁੰਡਾ ਕੁਸਕਦਾ ਸੀ, ਕੋਈ ਜ਼ਿਮੀਦਾਰਾਂ ਦੇ ਵਿਰੋਧ 'ਚ ਖੜਦਾ ਸੀ ਤਾਂ ਉਹ ਫਤਵਾ ਜਾਰੀ ਕਰ ਦਿੰਦੇ ਸਨ-'ਬੰਦਾ ਬਣ ਕੇ ਰਹਿ। ਨ੍ਹੀਂ ਤਾਂ ਪਿੰਡ 'ਚੋਂ ਤੇਰਾ ਢਗੀ ਢੰਗੋਰੀ ਚੱਕਾ ਦੇਣਾ।' ਸਾਨੂੰ ਲੱਗਦਾ ਹੀ ਨ੍ਹੀਂ ਸੀ ਕਿ ਇਹ ਸਾਡਾ ਵੀ ਪਿੰਡ ਆ। ਸਾਡਾ ਇਸ 'ਚ ਕੋਈ ਹਿੱਸਾ ਆ। ਸਾਡਾ ਕੋਈ ਮੁੱਲ ਆ। ਅਸੀਂ ਤਾਂ ਸਿਰਫ ਇਨ੍ਹਾਂ ਲਈ ਕੰਮੀ ਕਮੀਣ ਸੀ। ਇਨ੍ਹਾਂ ਦੇ ਇਸ਼ਾਰੇ 'ਤੇ ਨੱਚਣ ਵਾਲੀਆਂ ਪੁਤਲੀਆਂ ਸੀ। ਸਾਡੀ ਆਪਣੀ ਕੋਈ ਇੱਜ਼ਤ ਨ੍ਹੀਂ ਸੀ। ਸਾਡੀ ਕੋਈ ਇੱਛਾ ਨ੍ਹੀਂ ਸੀ। ਸਾਨੂੰ ਇਨ੍ਹਾਂ ਦੇ ਖੇਤਾਂ 'ਚ ਜੰਗਲ ਪਾਣੀ ਲਈ ਜਾਣਾ ਪੈਂਦਾ ਸੀ। ਸਾਡੀਆਂ ਔਰਤਾਂ ਘਾਹ-ਪੱਠਿਆਂ ਲਈ ਬਾਹਰ-ਅੰਦਰ ਜਾਂਦੀਆਂ ਸੀ। ਸਾਗ-ਸਬਜ਼ੀ ਭਾਜੀ ਇਥੋਂ ਹੀ ਮਿਲਦੀ ਸੀ। ਇਹ ਸਾਡੇ ਅੰਨਦਾਤਾ ਸਨ। ਸਾਡੇ ਰਹਿਨੁਮਾਂ ਸਨ। ਇਹੀ ਸਰਪੰਚ ਬਣਦੇ ਸੀ। ਇਨ੍ਹਾਂ ਦੀ ਹੀ ਪੰਚਾਇਤ ਹੁੰਦੀ ਸੀ। ਇਨ੍ਹਾਂ ਦਾ ਕਿਹਾ ਕਾਨੂੰਨ ਵਰਗਾ ਹੁੰਦਾ ਸੀ। ਜੇ ਕਿਤੇ ਕੋਈ ਪੰਚ ਬਣਿਆ ਵੀ ਤਾਂ ਉਸ



ਉਹੀ ਕੀਤਾ ਜੋ ਇਨ੍ਹਾਂ ਕਿਹਾ, ਜੋ ਇਨ੍ਹਾਂ ਦੱਸਿਆ। ਸੁਰਿੰਦਰ ਫਰਿਸ਼ਤਾ ਬਣ ਕੇ ਬਹੁੜਿਆ। ਜਿਹੜੀ ਪਿੰਡ ਵੱਲੋਂ ਨਵੀਂ ਆਬਾਦੀ ਨੂੰ ਸੜਕ ਆਉਂਦੀ-ਉਸ ਨੇ ਉਸ ਦਾ ਨਾਂ ਅੰਬੇਡਕਰ ਰੋਡ ਰੱਖਿਆ। ਅੰਬੇਡਕਰ ਦੇ ਨਾਂ ਦਾ ਪੱਥਰ ਲੱਗਾ। ਇਹਦਾ ਉਦਘਾਟਨ ਬਾਬੂ ਭਗਤ ਰਾਮ ਨੇ ਕੀਤਾ ਸੀ। ਪਿੰਡ ਵਾਲਿਆਂ ਦੀ ਹਿੰਮਤ ਨ੍ਹੀਂ ਪਈ-ਇਹਨੂੰ ਹਿਲਾਉਣ ਦੀ। ਸੁਰਿੰਦਰ ਹਮੇਸ਼ਾ ਹੀ ਰੱਬ ਬਣ ਕੇ ਬਹੁੜਿਆ ਆ। ਸਾਡੀਆਂ ਔਕੜਾਂ, ਦੁਖਾਂ-ਸੁਖਾਂ, ਖ਼ੁਸ਼ੀਆਂ-ਗ਼ਮੀਆਂ ਦਾ ਭਾਈਵਾਲ। ਜਦੋਂ ਇਧਰ ਸੀ-ਉਦੋਂ ਵੀ-ਜਦੋਂ ਅਮਰੀਕਾ ਚਲਿਆ ਗਿਆ ਉਹ ਇਹ ਸਮਝਣ ਲੱਗ ਪਿਆ ਕਿ ਉਹਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਧ ਗਈ। ਉਹ ਮਹੀਨੇ 'ਚ ਦੋ-ਤਿੰਨ ਵਾਰ ਕਿਸੇ ਨਾ ਕਿਸੇ ਘਰ ਫੋਨ ਕਰਕੇ ਪਿੰਡ ਦੀ ਖ਼ਬਰਸਾਰ ਪੁੱਛ ਲੈਂਦਾ। ਮੇਰੇ ਨਾਲ ਵੀ ਗੱਲਾਂ ਕਰਦਾ। ਆਖ਼ਿਰ 'ਚ ਕਹਿੰਦਾ-'ਤੁਸੀਂ ਕਿਸੇ ਖੱਬੀਖਾਨ ਦੀ ਪ੍ਰਵਾਹ ਨ੍ਹੀਂ ਕਰਨੀ। ਜਦੋਂ ਵੀ ਆਵਾਜ਼ ਮਾਰੋ-ਮੈਂ ਦੌੜਾ ਆਊਗਾ। ਬਾਬਾ ਜੀ-ਤੁਸੀਂ ਸਿਆਣੇ ਹੋ। ਸਾਡੇ ਬਜ਼ੁਰਗ ਹੋ। ਸਾਡੇ ਇਨਸਾਈਕਲੋਪੀਡੀਆ ਹੋ।"

ਸੁਰਿੰਦਰ ਦੀ ਆਲੀਸ਼ਾਨ ਕੋਠੀ ਹੈ। ਕੋਠੀ ਕਾਹਦੀ-ਮਹੱਲ ਹੈ। ਜਦੋਂ ਵੀ ਕੁਲਵੰਤ ਆਉਂਦਾ-ਉਹ ਇਸੇ ਕੋਠੀ 'ਚ ਰਹਿੰਦਾ ਹੈ। ਇਹ ਪਿੰਡ ਤੇ ਨਵੀਂ ਆਬਾਦੀ ਦੇ ਐਨ ਵਿਚਕਾਰ ਹੈ। ਕਿਸੇ ਦੇ ਵਿਆਹ ਹੋਵੇ ਜਾਂ ਕੋਈ ਹੋਰ ਦਿਨ-ਸੁਧ ਹੋਵੇ-ਚਾਨਣ ਰਾਮ ਸਾਰੇ ਦਰਵਾਜ਼ੇ ਖੁੱਲ੍ਹਵਾ ਦਿੰਦਾ ਹੈ। ਉਹ ਇਕੱਲਾ ਰਹਿੰਦਾ ਹੈ। ਅੱਜ ਕਲ੍ਹ ਭਾਨੋ ਅਮਰੀਕਾ ਗਈ ਹੈ। ਉਸ ਆਪਣੀ ਰੋਟੀ ਟੁਕ ਲਈ ਕਰਮੇ ਦੀ ਕੁੜੀ ਰੱਖੀ ਹੈ। ਇਸ ਕੋਠੀ 'ਤੇ ਸੁਰਿੰਦਰ ਨੇ ਪਞੰਤਰ ਲੱਖ ਰੁਪਈਆ ਖ਼ਰਚਿਆ। ਉਸ ਚੰਡੀਗੜ੍ਹ ਰਹਿੰਦੇ ਆਪਣੇ ਗਭਲੇ ਸਾਲੇ ਰਮੇਸ਼ ਨੂੰ ਉਸ ਦੇ ਦਫ਼ਤਰੋਂ ਦੋ ਸਾਲ ਦੀ ਛੁੱਟੀ ਕਰਵਾਈ ਸੀ ਤੇ ਹਦਾਇਤ ਕੀਤੀ ਸੀ, "ਛੋਟੇ ਭਾਈ-ਪਹਿਲਾਂ ਤੂੰ ਜਿੰਨ ਕੱਢਵਾ। ਨਵੇਂ ਮਾਡਲ ਦੀ। ਆਲੇ-ਦੁਆਲੇ ਦੇ ਵੀਹ ਪਿੰਡ ਘੁੰਮ-ਫਿਰ ਕੇ ਦੇਖ। ਮੈਂ ਜਿਹੜੀ ਕੋਠੀ ਬਣਾਉਣੀ ਆ। ਉਹ ਇਨ੍ਹਾਂ ਤੋਂ ਵੱਖਰੀ ਤੇ ਆਲੀਸ਼ਾਨ ਹੋਣੀ ਚਾਹੀਦੀ ਆ। ਪੈਸਿਆਂ ਦੀ ਕਿਰਸ ਨ੍ਹੀਂ ਕਰਨੀ। ਇਹ ਮੇਰਾ ਜ਼ੁੰਮਾ-ਮੈਂ ਜਾਣਾ-ਮੇਰਾ ਕੰਮ ਜਾਣੇ। ਮੈਨੂੰ ਕੋਠੀ ਦਾ ਨਕਸ਼ਾ ਬਣਾ ਕੇ ਭੇਜ।" ਰਮੇਸ਼ ਦਾ ਸ਼ਹਿਰੀ ਮਨ ਬੋਲਿਆ ਸੀ, "ਭਾਜੀ-ਪਿੰਡ 'ਚ ਐਨੇ ਪੈਸੇ ਲਾਉਣ ਦਾ ਕੋਈ ਫਾਇਦਾ ਨ੍ਹੀਂ ਹੋਣਾ। ਤੁਸੀਂ ਸਾਲ 'ਚ ਇਕ-ਅੱਧ ਵਾਰ ਆਉਣਾ ਹੁੰਦਾ-ਬੱਚਿਆਂ ਨੇ ਉਹ ਵੀ ਨ੍ਹੀਂ ਆਉਣਾ। ਜੇ ਫੇਰ ਵੀ ਪੈਸੇ ਲਾਉਣੇ ਤਾਂ ਚੰਡੀਗੜ੍ਹ ਜਾਂ ਮੋਹਾਲੀ 'ਚ ਲਾਉ-ਉੱਥੇ ਜਾਇਦਾਦ ਦਾ ਮੁੱਲ ਵਧਣਾ।" ਸੁਰਿੰਦਰ ਦਾ ਕਹਿਣਾ ਸੀ, "ਤੂੰ ਸ਼ਹਿਰ 'ਚ ਜੰਮਿਆ-ਪਲਿਆ। ਤੈਨੂੰ ਪਿੰਡ ਦੀ ਸਾਇਕੀ ਦਾ ਕੀ ਪਤਾ। ਜੋ ਠੁੱਕ ਪਿੰਡ 'ਚ ਬੱਝਣਾ-ਉਹ ਸ਼ਹਿਰ 'ਚ ਕਿੱਥੇ।" ਜੀਜਾ ਸ੍ਰੀ ਦਾ ਕਿਹਾ ਸਿਰ ਮੱਥੇ 'ਤੇ।

****

ਅਜਿਹਾ ਇਕ ਵਾਰ ਪਹਿਲਾਂ ਵੀ ਹੋ ਚੁੱਕਾ ਹੈ।

ਸੁਰਿੰਦਰ ਨੇ ਸਰਪੰਚ ਨਾਲ ਫੋਨ 'ਤੇ ਸੁਲਾਹ ਮਾਰੀ ਸੀ, "ਤਾਇਆ ਜੀ-ਜੇ ਬਸ ਸਟੈਂਡ 'ਤੇ ਗੇਟ ਬਣ ਜਾਵੇ ?"

"ਗੇਟ ਤਾਂ ਚਾਹੀਦਾ। ਪਿੰਡ ਦੀ ਸ਼ਾਨ ਗੇਟ ਨਾਲ ਵਧ ਜਾਣੀ। ਤੂੰ ਮੇਰੇ ਮਨ ਦੀ



www.PunjabiLibrary.com

ਗੱਲ ਕੀਤੀ। ਮੈਂ ਜਦੋਂ ਲਾਗਲੇ-ਛਾਗਲੇ ਪਿੰਡਾਂ ਦੇ ਗੇਟ ਦੇਖਦਾਂ ਤਾਂ ਮਨ ਕਰਦਾ-ਸਾਡੇ ਪਿੰਡ ਦਾ ਵੀ ਗੇਟ ਹੋਵੇ। ਮੈਂ ਕਈਆਂ ਨਾਲ ਸਲਾਹ ਕੀਤੀ ਕਿ ਰਲ-ਮਿਲ ਕੇ ਪਿੰਡ ਦਾ ਗੇਟ ਬਣਾਈਏ। ਸਲਾਹਾਂ ਦੇਣ ਵਾਲੇ ਪੈਂਤੀ ਸੌ ਉੱਠ ਖੜਦੇ-ਟਕਾ ਖ਼ਰਚ ਕੇ ਕੋਈ ਰਾਜ਼ੀ ਨ੍ਹੀਂ। ਤੁਸੀਂ ਵਲੈਤੀਏ ਮੱਦਦ ਕਰੋ ਤਾਂ ਇਹ ਬਣੂ।"

"ਲਉ-ਬਣ ਗਿਆ ਗੇਟ। ਤੁਸੀਂ ਕਿਸੇ ਕੰਟਰੈਕਟਰ ਤੋਂ ਐਸਟੀਮੇਟ ਲਵਾ ਕੇ ਮੈਨੂੰ ਮੇਰੇ ਮੋਬਾਇਲ 'ਤੇ ਫੋਨ ਕਰੇਉ।"

ਅਗਲੇ ਹਫ਼ਤੇ ਸਰਪੰਚ ਨੇ ਅੱਡੇ 'ਤੇ ਪੈਂਦੀ ਐਸ. ਟੀ. ਡੀ. ਤੋਂ ਫੋਨ ਕੀਤਾ ਸੀ, "ਸੁਰਿੰਦਰ ਬੇਟੇ-ਪੰਜ ਕੁ ਲੱਖ ਲੱਗਣਾ। ਵੱਧ-ਘੱਟ ਵੀ ਸਕਦਾ। ਸ਼ੰਕਰ ਵਾਲਿਆਂ ਨਾਲੋਂ ਉੱਤੋਂ ਦੀ ਹੋਊ। ਗੇਟ ਐਦਾਂ ਦਾ ਬਣੂ ਕਿ ਲੰਘਦੇ-ਵੜਦੇ ਲੋਕ ਪਿਛਾਂਹ ਨੂੰ ਮੁੜ-ਮੁੜ ਕੇ ਦੇਖਿਆ ਕਰਨਗੇ।"

"ਠੀਕ ਆ। ਮੈਂ ਹੁਣੇ ਲੁਧਿਆਣੇ ਫੋਨ ਕਰਦਾਂ। ਤੁਸੀਂ ਵੀ ਉਨ੍ਹਾਂ ਦਾ ਨੰਬਰ ਨੋਟ ਕਰ ਲਉ। ਭਾਵੇਂ ਘੰਟੇ ਬਾਅਦ ਜਾ ਕੇ ਪੈਸੇ ਫੜ ਲਿਆਉ। ਸਾਰਾ ਕੰਮ ਤੁਹਾਡੀ ਸੁਪਰਵੀਜ਼ਨ ਹੇਠਾਂ ਹੋਣਾ ਚਾਹੀਦਾ।"

ਸਰਪੰਚ ਨੇ ਪੈਸੇ ਹੱਥ 'ਚ ਆਉਂਦਿਆਂ ਹੀ ਕੰਮ ਸ਼ੁਰੂ ਕਰਾਉਣ ਦੀ ਕੀਤੀ ਸੀ। ਉਸਨੂੰ ਇਸ ਗੱਲ ਦਾ ਧੁੜਕੂ ਲੱਗਾ ਸੀ ਕਿ ਇਹ ਕੰਮ ਬਾਬਾ ਜੀ ਦੇ ਹੱਥੀਂ ਨਾ ਲੱਗ ਜਾਵੇ।

ਗੇਟ 'ਤੇ ਟਾਈਲਾਂ ਲਵਾਉਣ ਤੋਂ ਪਹਿਲਾਂ ਸਰਪੰਚ ਨੇ ਸੁਰਿੰਦਰ ਨੂੰ ਫੋਨ ਕੀਤਾ। ਸੁਰਿੰਦਰ ਉਸ ਦੀਆਂ ਗੱਲਾਂ ਹੂੰ-ਹਾਂ-ਅੱਛਾ ਜੀ ਕਹਿੰਦਾ ਸੁਣਦਾ ਰਿਹਾ। ਜਦੋਂ ਉਸ ਨੇ ਇਹ ਕਿਹਾ, "ਗੇਟ ਦੇ ਮਿਡਲ 'ਚ ਸਾਡੇ ਵਡੇਰੇ ਫੋਗੂ ਦਾ ਸਟੈਚੂ ਲਵਾ ਦਿਉ। ਵਾਈਟ ਸੰਗਮਰਮਰ ਦਾ। ਜੇ ਕੋਈ ਮੂਰਤੀਖਾੜਾ ਇਥੋਂ ਨਾ ਮਿਲਿਆ ਤਾਂ ਰਾਜਸਥਾਨੋਂ ਮੰਗਵਾ ਲਿਉ।" ਤਾਂ ਸਰਪੰਚ ਨੇ ਅੱਗੋਂ ਨਾ ਨਾਂਹ ਕਿਹਾ ਸੀ। ਨਾ ਹਾਂ ਕਿਹਾ ਸੀ।

ਉਸ ਆਪਣੀ ਗੱਲ ਜਾਰੀ ਰੱਖੀ ਸੀ, "ਤੁਸੀਂ ਭਾਪਾ ਜੀ ਕੋਲ ਜਾਏਉ। ਉਨ੍ਹਾਂ ਕੋਲ ਬਾਬੇ ਫੋਗੂ ਦੀ ਤਸਵੀਰ ਆ। ਇਹ ਮੈਂ ਆਪ ਬਣਵਾਈ ਸੀ। ਇੰਨ-ਬਿੰਨ ਸੇਮ ਬਣੇ। ਇਸ ਬਹਾਨੇ ਅਸੀਂ ਆਪਣੇ ਵਡੇਰਿਆਂ ਨੂੰ ਯਾਦ ਕਰਲਾਂਗੇ। ਵਨ ਥਿਨਗ ਮੋਰ-ਇਸ ਗੇਟ ਦਾ ਉਦਘਾਟਨ ਆਪਣੇ ਐਮ.ਐਲ. ਏ. ਸਾਹਿਬ ਰਮਿੰਦਰ ਜਖੂ ਕੋਲੋਂ ਹੀ ਕਰਵਾਉਣਾ। ਮੈਂ ਉਨ੍ਹਾਂ ਨੂੰ ਵੀ ਫੋਨ ਕਰ ਰਿਹਾਂ। ਇਸ ਫੰਕਸ਼ਨ ਲਈ ਪੰਜਾਹ ਹਜ਼ਾਰ ਜਲੰਧਰੋਂ ਜਾ ਕੇ ਫੜ ਲਿਆਉ। ਕਿਸੇ ਸਿੰਗਰ ਨੂੰ ਸੱਦ ਲਿਉ। ਰੌਣਕ-ਮੇਲਾ ਹੋ ਜਾਊ।"

ਉਹਦੀ ਗੱਲ ਮੁੱਕਣ ਤੋਂ ਪਹਿਲਾਂ ਹੀ ਸਰਪੰਚ ਨੇ ਰਸੀਵਰ ਹੇਠਾਂ ਰੱਖ ਦਿੱਤਾ ਸੀ। ਐਸ. ਟੀ. ਡੀ. ਤੋਂ ਬਾਹਰ ਆ ਕੇ ਉੱਚੀ-ਉੱਚੀ ਪੰਜ-ਸੱਤ ਗਾਲਾਂ ਕੱਢੀਆਂ ਸਨ, "ਕਦੇ ਕੰਮੀ ਕਮੀਣਾਂ ਦੇ ਨਾਂ 'ਤੇ ਵੀ ਪਿੰਡ ਵਸਦੇ ਦੇਖੇ ਆ। ਸਾਲਾ ਚੜ੍ਹਮ। ਅਮਰੀਕਾ ਨੂੰ ਕੀ ਚਲਿਆ ਗਿਆ, ਪਿੰਡ ਨੂੰ ਮੁੱਲ ਖਰੀਦਣ ਨੂੰ ਫਿਰਦਾ।"

ਉਦੋਂ ਵੀ ਸੁਰਿੰਦਰ ਨੇ ਬਾਬਾ ਜੀ ਅੱਧਾ ਘੰਟਾ ਗੱਲ ਕੀਤੀ ਸੀ।

ਉਸ ਪਿੰਡ ਦੇ ਉਨ੍ਹਾਂ ਘਰਾਂ 'ਚ ਫੋਨ ਕੀਤਾ ਸੀ ਜਿਨ੍ਹਾਂ ਦੇ ਮੁੰਡੇ ਉਸ ਆਪ ਮੰਗਵਾਏ ਸਨ। ਜਿਨ੍ਹਾਂ ਦੇ ਮੁੰਡੇ ਉਸ ਹੇਠਾਂ ਕੰਮ ਕਰਦੇ ਸਨ ਜਾਂ ਜਿਨ੍ਹਾਂ ਨੂੰ ਅਜੇ ਗ੍ਰੀਨ



ਕਾਰਡ ਨਹੀਂ ਮਿਲਿਆ ਸੀ। ਫੋਗੂ ਦਾ ਬੁੱਤ-ਜਿਵੇਂ ਉਸ ਚਾਹਿਆ ਸੀ-ਉਵੇਂ ਹੀ ਲੱਗਾ ਸੀ।

****

"ਸੁਖਦੇਵ-ਛੱਪੜ ਵੱਲ ਰੌਲਾ ਪੈ ਰਿਹਾ। ਜਾ ਦੇਖ ਕੇ ਆ-ਕੀ ਗੱਲ ਹੋਈ?" ਬਾਬਾ ਜੀ ਨੇ ਸੁਖਦੇਵ ਨੂੰ ਕਿਹਾ। ਸੁਖਦੇਵ ਨੇ ਟੇਪ ਰਿਕਾਰਡਰ ਕੁਲਵੰਤ ਨੂੰ ਫੜਾ ਦਿੱਤੀ।

ਬਾਬਾ ਜੀ ਨੇ ਆਪਣੀ ਗੱਲ ਸੁਖਦੇਵ ਵੱਲ ਮੋੜ ਲਈ, "ਆਹ-ਸੁਖਦੇਵ-ਸੁਰਿੰਦਰ ਦਾ ਜੋਟੀਦਾਰ-ਉਦੋਂ ਅੱਠਵੀਂ 'ਚ ਪੜ੍ਹਦਾ ਸੀ ਜਦੋਂ ਇਹਨੂੰ ਇੰਨਾ ਕੁ ਪਤਾ ਲੱਗ ਗਿਆ ਸੀ ਕਿ ਪਿੰਡ ਦੇ ਗੁਰਦੁਆਰੇ 'ਚ ਇਨ੍ਹਾਂ ਵਰਗਿਆਂ ਲਈ ਲੰਗਰ ਦੀ ਅਲੱਗ ਪੰਗਤੀ ਹੁੰਦੀ ਆ। ਪਿੰਡ ਵਾਲੇ ਆਪਣੇ ਆਪ ਨੂੰ ਇਨ੍ਹਾਂ ਦੇ ਅੰਨਦਾਤੇ ਸਮਝਦੇ ਆ। ਇਹ ਕੁਛ ਹੋਰ ਵੱਡਾ ਹੋਇਆ ਤਾਂ ਇਹ ਇਸ ਸਭ ਕਾਸੇ ਦੇ ਅਰਥ ਲੱਭਣ ਲੱਗਾ। ਇਸ ਦੀ ਮੁਲਾਕਾਤ ਇਸ ਤੋਂ ਅਗਲੀ ਜਮਾਤ 'ਚ ਪੜ੍ਹਦੇ ਕੈਲਾਸ਼ ਚੰਦਰ ਨਾਲ ਹੋਈ ਜਿਸ ਇਸ ਨੂੰ ਅੰਬੇਡਕਰ ਬਾਰੇ ਦੱਸਿਆ। ਅੰਬੇਡਕਰ ਬਾਰੇ ਕਿਤਾਬਚੇ ਪੜ੍ਹਨ ਲਈ ਦਿੱਤੇ। ਤੇਹਰਵੀਂ ਪਾਸ ਕਰਦਿਆਂ ਹੀ ਇਹ ਰੀਪਬਲਕਰਨ ਪਾਰਟੀ ਦਾ ਮੈਂਬਰ ਬਣ ਗਿਆ। ਸਰਗਰਮ ਮੈਂਬਰ। ਇਸ ਪਿੰਡ 'ਚ ਵੱਡਾ ਜਲਸਾ ਕਰਵਾਇਆ ਸੀ ਜਿਸ 'ਚ ਲਾਹੌਰੀ ਰਾਮ ਬਾਲੀ ਨੇ ਵੀ ਭਾਸ਼ਨ ਦਿੱਤਾ ਸੀ। ਫੇਰ ਇਹ ਇਕ ਤਰ੍ਹਾਂ ਨਾਲ ਪਿੰਡ ਦਾ ਚੌਧਰੀ ਬਣ ਗਿਆ ਸੀ। ਵੱਡਾ ਸਲਾਹਕਾਰ ਬਣ ਗਿਆ ਸੀ। ਇਸ 'ਭੂਮੀਹੀਣ ਮਜ਼ਦੂਰਾਂ ਲਈ ਭੂਮੀ ਚਾਹੀਦੀ ਆ।' ਅੰਦੋਲਨ 'ਚ ਹਿੱਸਾ ਲਿਆ। ਜੇਲ੍ਹ ਯਾਤਰਾ ਕੀਤੀ। ਇਸ ਦਾ ਪਿਉ ਦੁਰਗਾ ਦਾਸ ਤੇ ਵੱਡਾ ਭਾਈ ਕਿਰਪਾ ਛੰਬਜੋੜੀਆਂ ਦੇ ਲਾਗਲੇ-ਲਾਗਲੇ ਪਿੰਡਾਂ 'ਚ ਚਮੜੇ ਦਾ ਕਾਰੋਬਾਰ ਕਰਦੇ ਸੀ। ਉਹ ਇਸ ਦੀ ਪੜ੍ਹਾਈ-ਲਿਖਾਈ ਲਈ ਖਰਚਾ ਭੇਜਦੇ। ਇਸ ਦੀ ਮਾਂ ਤੇ ਭਰਜਾਈ-ਆਪਣੇ ਦੋਹਾਂ ਮੁੰਡਿਆਂ ਸਮੇਤ ਪਿੰਡ ਹੀ ਰਹਿੰਦੀਆਂ। ਕਿਰਪਾ ਮਹੀਨੇ 'ਚ ਇਕ ਅੱਧ ਵਾਰ ਗੇੜਾ ਮਾਰ ਜਾਂਦਾ। ਦੁਰਗਾ ਦਾਸ ਹਾੜ੍ਹੀ-ਸੌਣੀ ਆਉਂਦਾ। ਇਹਨੇ ਚੌਦਾਂ ਜਮਾਤਾਂ ਪਾਸ ਕੀਤੀਆਂ। ਪਾਰਟੀ ਨੇ ਇਹਦੀ ਲਿਆਕਤ ਦਾ ਮੁੱਲ ਪਾਇਆ। ਉਨ੍ਹਾਂ ਇਸ ਨੂੰ ਰੀਪਬਲਕਨ ਪਾਰਟੀ ਦਾ ਜ਼ਿਲ੍ਹਾ ਪ੍ਰਧਾਨ ਬਣਾ ਦਿੱਤਾ। ਫਗਵਾੜਿਉਂ ਕੋਈ ਮੁੰਡਾ ਇਹਦੇ ਨਾਲ ਆਉਂਦਾ ਹੁੰਦਾ ਸੀ। ਇਹ ਕੁੰਨਾਂ 'ਤੇ ਕੰਮ ਕਰਦਿਆਂ ਨੂੰ ਕਈ ਕੁਛ ਸਮਝਾਉਂਦੇ। ਇਹ ਮੇਰੇ ਕੋਲ ਵੀ ਆਉਂਦੇ। ਇਨ੍ਹਾਂ ਦੇ ਮਨਾਂ 'ਚ ਕੀ-ਕੀ ਆ-ਇਹਦੇ ਬਾਰੇ ਮੇਰੇ ਨਾਲ ਵਿਚਾਰ-ਵਟਾਂਦਰਾ ਕਰਦੇ। ਮੈਂ ਇਨ੍ਹਾਂ ਨੂੰ ਆਪਣੇ ਵਿਚਾਰ ਦੱਸਦਾ ਪਰ ਨਾਲ ਹੀ ਇਹ ਵੀ ਖੁੱਲ੍ਹ ਦਿੰਦਾ ਕਿ ਇਹ ਆਪਣੀ ਮਰਜ਼ੀ ਕਰਨ। ਇਹ ਮੇਰਾ ਮਾਣ ਰੱਖਦੇ। ਮੇਰੇ ਲਈ ਲੈਂਪ ਦਾ ਵੱਡਾ ਬੰਡਲ ਲਿਆਉਂਦੇ ਜਿਹੜਾ ਕਿ ਮੈਥੋਂ ਤਿੰਨ ਮਹੀਨੇ ਨਾ ਮੁਕਦਾ। ਇਕ ਸ਼ਾਮ ਨੂੰ ਇਹ ਉਸ ਮੁੰਡੇ ਦੇ ਨਾਲ ਕੁੰਨਾਂ ਕੋਲ ਖੜਾ ਏਕਲਵਯ ਦੀ ਕਥਾ ਸੁਣ ਰਿਹਾ ਸੀ। ਉਹੀ ਮਹਾਂਭਾਰਤ ਵਾਲੇ ਏਕਲਵਯ ਦੀ। ਉਹੀ ਦਰੋਣਾਚਾਰੀਆ ਦੀ ਜਿਹਨੇ ਬੜੀ ਦੂਰ ਦੀ ਸੋਚ ਕੇ ਏਕਲਵਯ ਕੋਲੋਂ ਉਹਦਾ ਅੰਗੂਠਾ ਮੰਗ ਲਿਆ ਸੀ। ਉਦੋਂ ਹੀ ਸ਼ਹਿਰੋਂ ਡਾਕੀਆ ਟੈਲੀਗ੍ਰਾਮ ਲੈ ਕੇ ਆਇਆ ਸੀ। ਲਿਖਿਆ ਸੀ-ਜਲਦੀ ਪਹੁੰਚੋ। ਚਾਨਣ ਰਾਮ ਸੁਰਗਵਾਸ ਹੋ ਗਿਆ। ਕਿਰਪਾ ਹਸਪਤਾਲ 'ਚ ਦਾਖ਼ਲ। ਇਹਨੂੰ ਤਾਂ ਆਪਣੀ ਕਾਈਂ-ਬਾਈਂ ਭੁੱਲ ਗਈ। ਇਹਨੇ ਮੁੰਡੇ ਨੂੰ ਫਗਵਾੜੇ ਭੇਜ ਦਿੱਤਾ। ਆਪ ਮਾਂ-ਭਰਜਾਈ-ਚਾਚੇ-ਤਾਏ ਨਾਲ ਜੰਮੂ ਦੀ ਬਸੇ ਜਾ ਚੜ੍ਹਿਆ।



www.PunjabiLibrary.com

ਅੱਗੋਂ ਮਿੰਨੀ ਬਸ ਲੈ ਕੇ ਛੰਬਜੋੜੀਆਂ ਪਹੁੰਚੇ ਤਾਂ ਕਿਰਪਾ ਹਸਪਤਾਲ 'ਚ ਦਾਖਲ ਸੀ। ਉਹ ਖਲਾਂ ਦੀ ਰੇਹੜੀ ਭਰੀ ਜਾ ਰਹੇ ਸਨ ਕਿ ਪਿੱਛੋਂ ਆਉਂਦੇ ਫ਼ੌਜੀ ਟਰੱਕ ਨੇ ਉਨ੍ਹਾਂ ਨੂੰ ਰੇਹੜੀ ਸਮੇਤ ਖੱਡ 'ਚ ਧੱਕ ਦਿੱਤਾ ਸੀ।"

"ਇਸ ਨੂੰ ਆਪਣੇ ਪਿਉ ਵਾਲਾ ਕਾਰੋਬਾਰ ਸੰਭਲਣਾ ਪਿਆ। ਕਿਰਪਾ ਦੋ ਮਹੀਨੇ ਹਸਪਤਾਲ 'ਚ ਰਿਹਾ। ਤੀਜੇ ਮਹੀਨੇ ਉਸ ਦੀ ਲਾਸ਼ ਘਰੇ ਆਈ।"

"ਇਸ ਨੂੰ ਲਾਹੌਰੀ ਰਾਮ ਬਾਲੀ ਦੀ ਟੈਲੀਗ੍ਰਾਮ ਮਿਲੀ ਕਿ ਇਹ ਉਹਨੂੰ ਆ ਕੇ ਜਲਦੀ ਮਿਲੇ। ਪਾਰਟੀ ਲਈ ਇਹ ਦੀ ਬਹੁਤ ਲੋੜ ਆ। ਪਰ ਇਹ ਤਾਂ ਪਿਉ ਦੇ ਵਪਾਰ 'ਚ ਉਲਝ ਗਿਆ ਸੀ। ਇਹ ਤਾਂ ਕਿਰਪੇ 'ਤੇ ਹੋਏ ਖ਼ਰਚੇ ਨੂੰ ਲਾਹੁਣ ਲਈ ਦਿਨ-ਰਾਤ ਇਕ ਕਰ ਰਿਹਾ ਸੀ।"

"ਅਜੇ ਇਹ ਥੋੜ੍ਹਾ ਕੁ ਸੰਭਲਿਆ ਸੀ ਕਿ ਇਸ 'ਤੇ ਇਸ ਗੱਲ ਦਾ ਦਬਾਉ ਪੈਣ ਲੱਗਾ ਕਿ ਇਹ ਆਪਣੀ ਭਰਜਾਈ 'ਤੇ ਚਾਦਰ ਪਾ ਲਵੇ। ਇਸ ਦੀ ਭਰਜਾਈ ਇਸ ਨਾਲੋਂ ਦਸ ਸਾਲ ਵੱਡੀ ਸੀ। ਇਸ ਨਾਂਹ ਕਰ ਦਿੱਤੀ। ਕਿਰਪੇ ਦੇ ਸੁਹਰਿਆਂ ਤੋਂ ਪੰਚਾਇਤ ਆਈ। ਇਸ ਉਨ੍ਹਾਂ ਦੀ ਇਕ ਨਾ ਸੁਣੀ। ਇਕ ਨਾ ਮੰਨੀ। ਇਹੀ ਕਹੀ ਗਿਆ, 'ਮੈਂ ਇਨ੍ਹਾਂ ਦੀ ਰੋਟੀ ਪਾਣੀ ਦਾ ਜੁਗਾੜ ਕਰ ਰਿਹਾਂ। ਹੋਰ ਕੀ ਕਰ ਸਕਦਾਂ।"

"ਕੁੜੀ ਨੂੰ ਜਿੰਨੀ ਰੋਟੀ ਦੀ ਲੋੜ ਆ-ਉੱਨੀ ਬੰਦੇ ਦੀ ਵੀ ਆ।"

"ਜੇ ਤੂੰ ਇਹਨੂੰ ਨ੍ਹੀਂ ਰੱਖਣਾ-ਅਸੀਂ ਇਹਨੂੰ ਕਿਤੇ ਹੋਰ ਬੈਠਾ ਦੇਣਾ।"

"ਤੁਹਾਡੀ ਮਰਜ਼ੀ ਆ।" ਇਸ ਸਿੱਧਾ ਕਹਿ ਦਿੱਤਾ ਸੀ।

"ਸਾਨੂੰ ਵੱਡੇ ਚੌਧਰੀ ਨੂੰ ਮਨਾਉਣਾ ਵੀ ਆਉਂਦਾ।" ਸਰਪੰਚ ਨੱਥਾ ਸਿੰਘ ਨੇ ਇਹਨੂੰ ਘੂਰਿਆ ਸੀ। ਬੋਲਿਆ ਸੀ, "ਤੁਸੀਂ ਕੁੜੀ ਨੂੰ ਮੇਰੇ ਘਰੇ ਛਡ ਜਾਉ। ਜਿਥੇ ਦਸ ਜੀਅ ਰੋਟੀ ਖਾਂਦੇ, ਉਥੇ ਇਹ ਵੀ ਖਾ ਲਊ।"

"ਦੋਹਾਂ ਪਾਸਿਆਂ ਤੋਂ ਜ਼ੋਰ ਪੈ ਗਿਆ। ਇਸ ਆਪਣੇ-ਆਪ ਨੂੰ ਬੇਵਸ ਪਾਇਆ। ਇਹ ਹਾਰ ਗਿਆ। ਇਹਨੂੰ ਇਸ 'ਚ ਸਰਪੰਚ ਦਾ ਜ਼ਿਆਦਾ ਹੱਥ ਲੱਗਾ। ਇਸ ਦੇ ਮਨ 'ਚ ਸਰਪੰਚ ਪ੍ਰਤੀ ਨਫ਼ਰਤ ਭਰ ਗਈ ਜਿਹੜੀ ਕਿ ਇਹ ਉਵੇਂ ਦੀ ਉਵੇਂ ਬਰਕਰਾਰ ਆ। ਇਹ ਬਹੁਤ ਸੁਲਝਿਆ ਹੋਇਆ ਮੁੰਡਾ। ਪਰ ਹੁਣ ਇਹਦੇ ਕੋਲ ਪਿੰਡ ਬਾਰੇ ਪਹਿਲਾਂ ਵਾਲੀ ਸਮਝ ਨ੍ਹੀਂ ਰਹੀ। ਇਹਦੇ ਸੁਭਾਅ 'ਚ ਕਾਹਲੀ ਆ ਗਈ। ਇਹ ਠੋਸ ਫ਼ੈਸਲਾ ਨ੍ਹੀਂ ਲੈ ਸਕਦਾ।"

****

ਕੁਲਵੰਤ ਨੂੰ ਬਾਬਾ ਜੀ ਦੇ ਗਿਆਨ 'ਤੇ ਰਸ਼ਕ ਹੋ ਰਿਹਾ ਸੀ। ਸੁਖਦੇਵ ਨੇ ਠੀਕ ਹੀ ਉਨ੍ਹਾਂ ਦਾ ਨਾਂ ਪਾਇਆ ਸੀ-'ਇਨਸਾਈਕਲੋਪੀਡੀਆ ਆਫ ਨਿਊ ਆਬਾਦੀ।' ਉਹ ਆਪਣੇ ਸਿਰਹਾਣੇ ਰੇਡੀਓ ਰੱਖਦੇ ਹਨ। ਖ਼ਬਰਾਂ ਸੁਣਦੇ ਹਨ। ਉਨ੍ਹਾਂ ਦੇ ਘਰੇ ਦੋ ਅਖ਼ਬਾਰਾਂ ਆਉਂਦੀਆਂ ਹਨ। ਉਨ੍ਹਾਂ ਦਾ ਪੋਤਾ ਰਸ਼ਪਾਲ ਉਨ੍ਹਾਂ ਨੂੰ ਪੜ੍ਹ ਕੇ ਸੁਣਾਉਂਦਾ ਹੈ। ਕੁਲਵੰਤ ਨੂੰ ਸੁਖਦੇਵ ਤੋਂ ਹੀ ਪਤਾ ਲੱਗਾ ਸੀ ਕਿ ਤੀਹਾਂ ਕੁ ਸਾਲਾਂ ਦੀ ਉਮਰ 'ਚ ਉਨ੍ਹਾਂ ਦੀਆਂ ਅੱਖਾਂ ਦੀ ਲੋਅ ਘਟਦੀ-ਘਟਦੀ ਬਿਲਕੁਲ ਘੱਟ ਗਈ ਸੀ। ਉਨ੍ਹਾਂ ਨੇ ਹਿੰਮਤ ਨਹੀਂ ਹਾਰੀ ਸੀ। ਉਨ੍ਹਾਂ ਘਰ 'ਚ ਦਰੀਆਂ ਦੀ ਖੱਡੀ ਲਾ ਲਈ ਸੀ। ਇਸੇ ਦੇ ਸਿਰ 'ਤੇ ਉਨ੍ਹਾਂ ਆਪਣੇ ਪਰਿਵਾਰ ਦਾ



ਪਾਲਣ-ਪੋਸ਼ਣ ਕੀਤਾ ਸੀ। ਦੋਵੇਂ ਕੁੜੀਆਂ ਦੇ ਵਿਆਹ ਕੀਤੇ ਸਨ। ਤਿੰਨਾਂ ਮੁੰਡਿਆਂ ਨੂੰ ਬਾਹਰ ਭੇਜਿਆ ਸੀ।

ਕੁਲਵੰਤ ਨੇ ਜਦੋਂ ਸੁਖਦੇਵ ਕੋਲੋਂ ਬਾਬਾ ਜੀ ਦੀ ਜ਼ਿੰਦਗੀ ਬਾਰੇ ਸੁਣਿਆ ਸੀ-ਉਦੋਂ ਹੀ ਉਸ ਦੇ ਮਨ 'ਚ ਆਇਆ ਸੀ ਕਿ ਉਹ ਉਨ੍ਹਾਂ ਬਾਰੇ ਡਾਕੂਮੈਂਟਰੀ ਫ਼ਿਲਮ ਬਣਾਵੇਗਾ ਜਿਹੜੀ ਕਿ ਉਸ ਤਿੰਨ ਦਿਨਾਂ ਦੀ ਸ਼ੂਟਿੰਗ 'ਚ ਬਣਾ ਲਈ ਸੀ। ਹੁਣ ਉਹ ਉਨ੍ਹਾਂ ਦੀ ਜੀਵਨੀ ਲਿਖ ਰਿਹਾ ਹੈ। ਉਹ ਸੁਖਦੇਵ ਨਾਲ ਜੰਮੂ ਤੋਂ ਇੱਥੇ ਆਉਂਦਾ ਹੈ। ਉਹਦੇ ਨਾਲ ਹੀ ਮੁੜ ਜਾਂਦਾ ਹੈ। ਜਿੰਨੀ ਵਾਰੀ ਵੀ ਉਨ੍ਹਾਂ ਨੂੰ ਮਿਲਦਾ ਹੈ-ਉਹ ਨਵੀਆਂ ਗੱਲਾਂ ਦੀ ਟੇਪ ਭਰ ਕੇ ਲੈ ਜਾਂਦਾ ਹੈ।

ਉਹ ਦੋਵੇਂ ਬਾਬਾ ਜੀ ਨੂੰ ਦਿਨ 'ਚ ਤਿੰਨ ਵਾਰ ਮਿਲਦੇ। ਸਵੇਰੇ ਅੱਠ ਤੋਂ ਦਸ ਵਜੇ। ਸੈਰ ਕਰਕੇ ਮੁੜਿਆਂ ਹੋਇਆਂ ਨੂੰ ਕੋਠੀ 'ਚ ਬਿਠਾ ਲੈਂਦੇ। ਸ਼ਾਮ ਨੂੰ ਤਿੰਨ ਤੋਂ ਪੰਜ ਵਜੇ ਤਕ। ਉਦੋਂ ਉਹ ਕੁੰਨਾਂ ਕੋਲ ਪੈਂਦੀ ਟਾਹਲੀ ਹੇਠਾਂ ਲੰਮੇ ਪਏ ਹੁੰਦੇ। ਰਾਤ ਨੂੰ ਅੱਠ ਤੋਂ ਨੌਂ ਵਜੇ ਤਕ। ਉਨ੍ਹਾਂ ਦੇ ਮੰਜੇ ਦੇ ਸੱਜੇ-ਖੱਬੇ ਪਾਸੇ ਬੈਠ ਕੇ। ਰਾਤ ਨੂੰ ਉਨ੍ਹਾਂ ਦੇ ਹੁੱਕੇ ਦੀ ਗੁੜ-ਗੁੜ ਤੇ ਗੱਲਾਂ 'ਚ ਇਕ ਤਾਲਮੇਲ ਹੁੰਦਾ। ਇਸ ਵੇਲੇ ਉਨ੍ਹਾਂ ਦਾ ਮੂਡ ਠੀਕ ਹੁੰਦਾ। ਉਹ ਮਾੜਾ-ਮੋਟਾ ਮਾਖੌਲ ਵੀ ਕਰ ਲੈਂਦੇ। ਕਈ ਖੁੱਲ੍ਹਾਂ ਵੀ ਲੈ ਲੈਂਦੇ। ਕੁਲਵੰਤ ਨੇ ਉਨ੍ਹਾਂ ਦੇ ਸੁਭਾਉ ਦਾ ਪਓ ਪਾ ਲਿਆ ਸੀ। ਕਿਹੜੀ ਗੱਲ ਕਿਹੜੇ ਵੇਲੇ ਤੇ ਕਿਵੇਂ ਪੁੱਛੀ ਜਾ ਸਕਦੀ-ਇਸ ਦਾ ਹਿਸਾਬ-ਕਿਤਾਬ ਉਸ ਦੇ ਵਸ 'ਚ ਹੁੰਦਾ। ਸੁਖਦੇਵ ਦਾ ਕੰਮ ਤਾਂ ਸਿਰਫ਼ ਟੇਪ ਰਿਕਾਰਡਰ ਦਾ ਸਵਿੱਚ ਨੱਪਣਾ ਹੁੰਦਾ ਸੀ।

****

ਸੁਖਦੇਵ ਛੱਪੜ ਕੋਲ ਆਇਆ ਤਾਂ ਰਾਮ ਕ੍ਰਿਸ਼ਨ ਨੂੰ ਕਈ ਜਣਿਆਂ ਨੇ ਘੇਰ ਰੱਖਿਆ ਸੀ।

ਸਰਪੰਚ ਨੇ ਰਾਮ ਕ੍ਰਿਸ਼ਨ ਨੂੰ ਨਵੀਂ ਆਬਾਦੀ ਭੇਜਿਆ ਸੀ। ਸੂਹ ਲੈਣ ਲਈ। ਰਾਮ ਕ੍ਰਿਸ਼ਨ ਸਿੱਧਾ ਰਾਵਲੀ ਕੋਲ ਗਿਆ ਸੀ। ਰਾਵਲੀ ਨੇ ਆਪਣੇ ਮੁੰਡੇ ਨੂੰ ਭੇਜ ਕੇ ਘਰ ਭਰਤੀ ਇਕ-ਇਕ ਮੈਂਬਰ ਨੂੰ ਸੱਦ ਲਿਆ ਸੀ। ਰਾਮ ਕ੍ਰਿਸ਼ਨ ਨੇ ਰਾਵਲੀ ਕੋਲੋਂ ਮੰਗ ਕੇ ਸਿਗਰੇਟ ਪੀਤੀ ਸੀ। ਉਹ ਬਹੁਤ ਮੋਮੋਠਗਣਾ ਬਣ ਗਿਆ ਸੀ। ਉਸ ਹੁਕਮੇ ਕੋਲੋਂ ਵੀ ਹੁੱਕਾ ਲੈ ਕੇ ਭਰਵੇਂ ਘੁੱਟ ਖਿੱਚੇ ਸਨ।

ਉਸ ਰਾਵਲੀ ਕੋਲੋਂ ਪੁੱਛਿਆ, "ਫੇਰ ਕਿੱਦਾਂ ਸਲਾਹ ਕੀਤੀ?"

"ਸਿੱਧੀ ਜਿਹੀ ਗੱਲ ਆ ਕਿ ਅਸੀਂ ਛੱਪੜ 'ਚੋਂ ਮੁਫ਼ਤ 'ਚ ਰੂੜੀ ਨ੍ਹੀਂ ਚੁੱਕਣ ਦੇਣੀ।"

"ਚੀਜ਼ ਸਾਡੀ-ਧੌਂਸ ਉਨ੍ਹਾਂ ਦੀ।"

"ਇਹ ਗੱਲ 'ਤੇ ਕੋਈ ਸਮਝੌਤਾ ਨ੍ਹੀਂ।"

"ਕਾਕਾ-ਤੂੰ ਮੇਰੇ ਨਾਲ ਔਖਾ ਕਿਉਂ ਹੁਣਾ। ਤੁਸੀਂ ਅਨੋਖੇ ਪੜ੍ਹ-ਲਿਖ ਗਏ-ਤੁਹਾਨੂੰ ਤਾਂ ਮਾਨ ਮਰਿਆਦਾ ਵੀ ਭੁੱਲ ਗਈ। ਜੇ ਕਿਸੇ ਨੇ ਰਮਾਇਣ ਜਾਂ ਮਹਾਭਾਰਤ ਪੜ੍ਹੀ ਜਾਂ ਟੀ. ਵੀ. 'ਤੇ ਦੇਖੀ ਹੁੰਦੀ ਤਾਂ ਤੁਹਾਨੂੰ ਇਸ ਗੱਲ ਦਾ ਇਲਮ ਹੁੰਦਾ ਕਿ ਦੂਤ ਦਾ ਕੀ ਰੋਲ



www.PunjabiLibrary.com

ਹੁੰਦਾ। ਉਸ ਦਾ ਕੀ ਮਹੱਤਵ ਹੁੰਦਾ। ਉਸ ਲਈ ਦੋਵੇਂ ਧਿਰਾਂ ਇਕੋ ਜਿਹੀਆਂ ਹੁੰਦੀਆਂ। ਮੈਂ ਤਾਂ ਤੁਹਾਡਾ ਸਮਝੌਤਾ ਕਰਾਉਣ ਆਇਆਂ। ਅੱਗੇ ਤੁਹਾਡੀ ਮਰਜ਼ੀ।"

ਉਸ ਦੀ ਇਹ ਗੱਲ ਥੋੜ੍ਹੇ ਚਿਰ ਲਈ ਅਸਰ ਕਰ ਗਈ। ਉਸ ਹੌਲੇ ਜਿਹੇ ਰਾਵਲੀ ਨੂੰ ਪੁੱਛਿਆ, "ਕੁਸ਼ ਦਵਾ ਦਵਾਂ ?"

ਹੁਣੇ-ਹੁਣੇ ਆਇਆ ਕਰਤਾਰਾ ਬੋਲਿਆ, "ਲਾਲਾ-ਅੱਗੇ ਅਸੀਂ ਕੁਛ ਨ੍ਹੀਂ ਕਿਹਾ। ਪਰ ਐਤਕੀਂ ਰੂੜੀ ਦਾ ਮੁੱਲ ਪਊ। ਇਕ ਟਰਾਲੀ ਦਾ ਦੋ ਸੌ ਰੁਪਈਆ।" ਕਰਤਾਰੇ ਨੂੰ ਇਸ ਗੱਲ ਦਾ ਗੁੱਸਾ ਸੀ ਕਿ ਇਸੇ ਸਰਪੰਚ ਦੇ ਰਾਜ 'ਚ ਪਿੰਡ ਦੀ ਹੱਡਾਰੋੜੀ ਠੇਕੇ 'ਤੇ ਚੜ੍ਹੀ ਸੀ। ਪਹਿਲਾਂ ਉਹ ਮਰੇ ਪਸ਼ੂ ਚੁੱਕਦਾ ਸੀ ਤਾਂ ਘਰ ਵਾਲੇ ਉਸ ਨੂੰ ਦੋ-ਚਾਰ ਕਿਲੋ-ਗੁੜ ਜਾਂ ਪੰਜ-ਸੱਤ ਕਿਲੋ ਦਾਣੇ ਦਿੰਦੇ ਸਨ-ਹੁਣ ਉਸਨੂੰ ਸਾਲ ਦੇ ਦੋ ਹਜ਼ਾਰ ਪਲੇਉਂ ਦੇਣੇ ਪੈਂਦੇ। ਕਈ ਵਾਰ ਘਾਟਾ ਵੀ ਪੈ ਜਾਂਦਾ।

ਸੁਖਦੇਵ ਨੇ ਆਹ ਗੱਲ ਬਾਬੇ ਨੂੰ ਆ ਦੱਸੀ।

ਬਾਬਾ ਜੀ ਕੁਝ ਚਿਰ ਸੋਚੀਂ ਪਏ ਰਹੇ।

ਹੁਣ ਬਾਬਾ ਜੀ ਦਾ ਧਿਆਨ ਪਿੰਡ ਵੱਲ ਚਲਾ ਗਿਆ।

****

ਬੋਹੜ ਵਾਲਿਆਂ ਦੇ ਘਰੇ ਪੋਤਰਾ ਹੋਇਆ ਸੀ। ਇੱਧਰ ਕੈਨੇਡਾ ਤੋਂ ਫੋਨ ਆਇਆ ਉੱਧਰ ਲਖਬੀਰ ਸਿੰਘ ਨੇ ਸਾਰੇ ਰਿਸ਼ਤੇਦਾਰਾਂ ਨੂੰ ਫੋਨ ਘੁੰਮਾ ਦਿੱਤੇ। ਸਾਰਾ ਦਿਨ ਟੈਲੀਫੋਨ ਕਰਨ ਤੇ ਵਧਾਈਆਂ ਦੇ ਫੋਨ ਸੁਣਨ 'ਚ ਲੰਘ ਗਿਆ। ਮਾੜੀ-ਮੋਟੀ ਮਿਲੀ ਫੁਰਸਤ 'ਚ ਉਹ ਛੋਟੇ-ਛੋਟੇ ਪੈੱਗ ਬਣਾ ਕੇ ਇਕੱਲਾ ਹੀ ਪੀਂਦਾ ਰਿਹਾ। ਸ਼ਾਮ ਨੂੰ ਪਿੰਡ 'ਚੋਂ ਕਈ ਜਣੇ ਵਧਾਈਆਂ ਦੇਣ ਆਏ। ਉਨ੍ਹਾਂ ਨੂੰ ਪਤਾ ਤਾਂ ਸਵੇਰੇ ਹੀ ਲੱਗ ਗਿਆ ਸੀ-ਪਰ ਉਹ ਸਮਾਂ ਵਧਾਈਆਂ ਲਈ ਢੁੱਕਵਾਂ ਨਹੀਂ ਸੀ। ਲਖਬੀਰ ਸਵੇਰ ਨੂੰ ਚਾਹ ਨਹੀਂ ਪੀਂਦਾ ਸੀ। ਲੱਸੀ ਨਹੀਂ ਪੀਂਦਾ ਸੀ। ਉਹ ਚਿੱਟੀ ਵੀਅਰ ਦਾ ਗਿਲਾਸ ਪੀਂਦਾ ਸੀ। ਨਾਲ ਦੋ ਘਿਉ 'ਚ ਗੁੰਨੇ ਆਟੇ ਦੇ ਪਰਾਉਂਠੇ।

ਲਖਬੀਰ ਦੇ ਭਾਣਜੇ ਨੇ ਬੋਤਲਾਂ ਦੇ ਡੱਟ ਖੋਲ੍ਹ ਦਿੱਤੇ। ਇਹ ਲਖਬੀਰ ਸਿੰਘ ਦਾ ਪਹਿਲਾ ਪੋਤਰਾ ਸੀ। ਦੋਵੇਂ ਮੁੰਡੇ ਜਰਮਨ 'ਚ ਸਨ। ਇੱਧਰ ਵੀਹ ਖੇਤਾਂ ਦੀ ਪੈਲੀ ਸੀ।

ਇਕ-ਦੋ ਪੈੱਗ ਲਾ ਕੇ ਉਹ ਸਰੂਰ 'ਚ ਆ ਗਏ। ਪਰ ਉੱਨੇ ਵੀ ਨਹੀਂ ਕਿ ਝਲ-ਬਬਲੀਆਂ ਮਾਰਨ ਲੱਗ ਜਾਣ। ਇਕ ਦੂਜੇ ਨੂੰ ਉੱਠ ਕੇ ਜੱਫੀਆਂ ਪਾਉਣ ਲੱਗ ਪੈਣ।

ਸੰਤਾ ਸਿੰਘ ਖੂੰਡੀ ਦੇ ਸਹਾਰੇ ਆਇਆ। ਉਹਨੂੰ ਸਾਹ ਚੜ੍ਹਿਆ ਹੋਇਆ ਸੀ। ਉਹ ਡਰਾਇੰਗ-ਰੂਮ ਦੇ ਦਰਵਾਜ਼ੇ ਕੋਲ ਹੀ ਆਇਆ ਸੀ ਕਿ ਲਖਬੀਰ ਸਿੰਘ ਨੇ ਦੇਖ ਲਿਆ। ਉਹ ਤੇਜ਼ੀ ਨਾਲ ਦਰਵਾਜ਼ੇ ਵੱਲ ਗਿਆ ਤੇ ਉਹਨੂੰ ਬਾਹੋਂ ਫੜ ਕੇ ਅੰਦਰ ਸੋਫੇ 'ਤੇ ਲਿਆ ਬੈਠਾਇਆ। ਕਿਹਾ, "ਤਾਇਆ-ਤੂੰ ਕਾਹਨੂੰ ਔਖਾ ਹੋਇਆਂ ? ਅਸੀਂ ਆਪ ਤੇਰੇ ਵੱਲ ਆ ਜਾਣਾ ਸੀ।"

"ਪੁੱਤ-ਮੈਥੋਂ ਖ਼ੁਸ਼ੀ ਨ੍ਹੀਂ ਸਾਂਭੀ ਗਈ। ਸੱਚ ਜਾਣੀਂ-ਮੈਂ ਘਰੋਂ ਤੁਰਦਿਆਂ ਬਾਬਿਆਂ ਦੇ ਅਖੰਡ ਪਾਠ ਕਰਾਉਣ ਦਾ ਫ਼ੈਸਲਾ ਕਰ ਲਿਆ। ਸਾਡਾ ਖਾਨਦਾਨ ਵਧਿਆ। ਮੇਰੀ ਇਕ



ਹੋਰ ਵੋਟ ਵਧ ਗਈ।"

"ਬਾਬਾ ਜੀ-ਸਿਹਤ ਕਿਵੇਂ ?" ਛਿੰਦਰਪਾਲ ਨੇ ਪੁੱਛਿਆ।

"ਸਿਹਤ ਸੂਹਤ ਕਾਹਦੀ। ਕੋਈ ਚੀਜ਼ ਚੰਗੀ ਤਾਂ ਮਿਲਦੀ ਨ੍ਹੀਂ। ਖੱਤਿਆਂ 'ਚ ਪਹਿਲਾਂ ਖਾਦ ਪਾਉਂਦੇ। ਫੇਰ ਦਵਾ ਛੜਕਾ ਦਿੰਦੇ। ਇਹਦਾ ਅਸਰ ਤਾਂ ਹੋਣਾ। ਪਹਿਲਾਂ ਲੋਕ ਰੂੜੀਆਂ ਪਾਉਂਦੇ ਸੀ। ਮਜਾਲ ਕਿ ਬੀਮਾਰੀ ਲਾਗੇ ਲੱਗ ਜਾਏ।"

"ਹੁਣ ਤਾਂ ਲੋਕ ਰੂੜੀਆਂ ਪਾਉਣੀਆਂ ਭੁੱਲ ਗਏ।"

"ਤੁਸੀਂ ਮੇਰੀ ਮੰਨਣੀ ਤਾਂ ਨ੍ਹੀਂ। ਪਰ ਆਪਣੀ ਗੱਲ ਕਹਿਣ 'ਚ ਕੀ ਹਰਜ ਆ। ਘੱਟੋ-ਘੱਟ ਆਪਣੇ ਖਾਣ-ਪੀਣ ਜੋਗੀ ਥਾਂ 'ਚ ਰੂੜੀ ਪਾਇਆ ਕਰੋ। ਪਹਿਲਾਂ ਸਿਹਤ ਆ। ਫੇਰ ਬਾਕੀ ਗੱਲਾਂ।"

"ਤੁਹਾਡੀ ਗੱਲ ਸੋਲ੍ਹਾਂ ਆਨੇ ਸੱਚੀ ਆ।" ਬਹੁਤਿਆਂ ਨੇ ਸੰਤਾ ਸਿੰਘ ਦੀ ਗੱਲ ਦੀ ਤਾਗੀਦ ਕੀਤੀ। ਭਰਵੇਂ ਪੈੱਗ ਲਏ।

"ਐਤਕੀਂ ਬਾਹਰਲੀ ਚਮਾਲੜੀ ਵਾਲੇ ਛੱਪੜ 'ਚੋਂ ਮਿੱਟੀ ਚੁੱਕੋ। ਉਸ 'ਚ ਬੜੀ ਤਾਕਤ ਆ।" ਪ੍ਰੇਮ ਸਿੰਘ ਨੇ ਕਿਹਾ।

"ਤੇਰੀ ਗੱਲ ਮੰਨਣ ਵਾਲੀ ਆ ਪਾੜ੍ਹਿਆ।"

"ਮੁਫ਼ਤ ਕੀ ਮਾੜੀ।"

"ਘਰ ਭਰਤੀ ਪੰਜ-ਪੰਜ ਟਰਾਲੀਆਂ ਭਰ ਲਉ।"

"ਜਦੋਂ ਭਰਣ ਬੈਠ ਗਏ-ਫੇਰ ਕੀ ਪੰਜ ਤੇ ਕੀ ਦੱਸ।"

"ਜੇ ਚੜ੍ਹਮ ਆਕੜ ਗਏ।"

"ਸਾਡੀ ਬਿੱਲੀ-ਸਾਨੂੰ ਮਿਆਊਂ-ਮਿਆਊਂ।"

"ਉਹ ਰੌਲਾ ਅਵੱਸ਼ ਪਾਉਣਗੇ।"

"ਹੁਣ ਪਹਿਲਾਂ ਵਾਲੇ ਸਮੇਂ ਨ੍ਹੀਂ ਰਹੇ। ਦਲਿਤ ਸੈਨਾ ਅਲੀ ਅਲੀ ਕਰੂ। ਮਾਇਆਵਤੀ ਮੁੱਖ ਮੰਤਰੀ ਕੀ ਬਣੀ-ਇਹ ਆਪਣੇ ਆਪ ਨੂੰ ਰਾਜਭਾਗੀ ਸਮਝਣ ਲੱਗ ਪਏ। ਆਹ ਤੱਲ੍ਹਣ ਇਨ੍ਹਾਂ ਕੀ ਕੜੀ ਘੋਲੀ ਸੀ। ਪਹਿਲਾਂ ਇਨ੍ਹਾਂ ਨੂੰ ਪਾੜੋ। ਚਮਾਲੜੀ ਦੇ ਪੰਜ-ਸੱਤ ਘਰਾਂ ਨੂੰ ਆਪਣੇ ਨਾਲ ਤੋਰ ਲਉ।"

"ਛੱਪੜ ਸ਼ਾਮਲਾਟ 'ਚ ਆਉਂਦਾ। ਇਹ ਥਾਂ ਸਾਡੇ ਵੱਡੇ-ਵਡੇਰਿਆਂ ਦੀ ਛੱਡੀ ਹੋਈ ਆ। ਕਿਸੇ ਸਾਲੇ ਨੂੰ ਕਿਉਂ ਪੁੱਛੀਏ।"

"ਬੁੜ੍ਹੇ ਤਾਂ ਨ੍ਹੀਂ ਕੁਸਰਦੇ। ਮੁੰਡਿਆਂ ਨੇ ਔਖੇ ਹੋਣਾ। ਆ ਜਦੋਂ ਦੀ ਕਾਂਸ਼ੀ ਰਾਮ ਵਾਲੀ ਬਹੁਜਨ ਸਮਾਜ ਪਾਰਟੀ ਬਣੀ ਆ ਇਨ੍ਹਾਂ ਨੂੰ ਪਰ ਲੱਗ ਗਏ। ਇਨ੍ਹਾਂ ਨੂੰ ਬੋਲਣਾ ਭੁੱਲ ਗਿਆ। ਬੁੱਢੇ ਅਜੇ ਵੀ ਸਾਰਜੀ-ਸਾਰਜੀ ਕਹਿੰਦੇ ਆ-ਇਹ ਨਾਂ 'ਤੇ ਆ ਗਏ।"

"ਇਹ ਫੋਕਾ ਰੌਲਾ ਪਾਉਣ ਜੋਗੇ ਆ। ਉਹ ਵੀ ਬਹੁਤਾ ਚਿਰ ਨ੍ਹੀਂ। ਖਾਲੀ ਡਫਲੀ ਵਜਾ ਰਹੇ। ਪੰਜਾਬ 'ਚ ਕਾਂਸ਼ੀ ਰਾਮ ਨੂੰ ਕੌਣ ਪੁੱਛਦਾ। ਦੇਖ ਲਉ-ਐਤਕੀਂ ਇਕ ਵੀ ਸੀਟ ਨ੍ਹੀਂ ਮਿਲੀ। ਅਸੀਂ ਤਾਂ ਛੇਤੀ ਕਿਤੇ ਪਿੰਡ 'ਚ ਇਨ੍ਹਾਂ ਨੂੰ ਪੰਚੀਂ ਲਈ ਵੀ ਵੋਟ ਨ੍ਹੀਂ ਪਾਉਂਦੇ-ਐਮ. ਐਲ. ਏ. ਕਿੱਥੋਂ ਬਣਨ ਦਿਆਂਗੇ।" ਹੁਣੇ-ਹੁਣੇ ਆ ਕੇ ਬੈਠੇ ਲਾਲਾ



www.PunjabiLibrary.com

ਰੌਸ਼ਨ ਲਾਲ ਨੇ ਕਿਹਾ।

"ਅਸੀਂ ਸਰਦਾਰ। ਜ਼ਮੀਨਾਂ ਜਾਇਦਾਦਾਂ ਵਾਲੇ।"

"ਬਖਤਾਉਰਿਆ- ਮੈਨੂੰ ਉਦੋਂ ਨਮੋਸ਼ੀ ਆਉਂਦੀ ਜਦੋਂ ਸ਼ਹਿਰ 'ਚ ਕਿਸੇ ਲਾਲੇ, ਬਾਣੀਏ ਦਾ ਕੋਈ ਮੁੰਡਾ ਨ੍ਹੀਂ ਪੜ੍ਹਦਾ-ਤਾਂ ਉਹ ਸਾਡੇ ਸਾਹਮਣੇ ਕਹਿ ਦਿੰਦੇ-ਇਹਨੂੰ ਲਾ ਦਿਉ ਕਿਸੇ ਜੱਟ-ਬੂਟ ਨਾਲ। ਇਹ ਆਪੇ ਸਿੱਧਾ ਹੋ ਜਾਊ। ਉਦੋਂ ਸਾਡੀ ਬੁੱਕਤ ਕਿੱਥੇ ਰਹਿੰਦੀ।"

ਅਮਲੀ ਦੀ ਇਸ ਗੱਲ 'ਤੇ ਕੁਝ ਹੱਸੇ। ਕੁਝ ਗੰਭੀਰ ਹੋ ਗਏ।

****

ਜਦੋਂ ਦੀ ਬਹੁਜਨ ਸਮਾਜ ਪਾਰਟੀ ਬਣੀ ਸੀ-ਉਦੋਂ ਤੋਂ ਹੀ ਪੁਰਾਣੀ ਤੇ ਨਵੀਂ ਆਬਾਦੀ ਦੇ ਨੌਜੁਆਨਾਂ 'ਚ ਇਕ ਨਵਾਂ ਜੋਸ਼ ਆ ਭਰਿਆ ਸੀ। ਕੁਝ ਸਾਲ ਪਹਿਲਾਂ ਪਿੰਡ 'ਚ ਨੌਜੁਆਨ ਸਭਾ ਬਣੀ ਸੀ। ਇਸ ਦੇ ਮੈਂਬਰ ਕਾਲਜਾਂ 'ਚ ਪੜ੍ਹਦੇ ਸਨ ਜਾਂ ਨੌਕਰੀਪੇਸ਼ਾ ਸਨ। ਇਨ੍ਹਾਂ 'ਚ ਬਹੁਤ ਕੁਝ ਨਵਾਂ ਕਰਨ ਦਾ ਉਤਸ਼ਾਹ ਸੀ। ਜੋਸ਼ ਸੀ। ਇਨ੍ਹਾਂ ਬੀ. ਡੀ. ਓ. ਦੇ ਦਫ਼ਤਰ 'ਚ ਭੱਜ-ਦੌੜ ਕੀਤੀ ਸੀ। ਗ੍ਰਾਂਟ ਮੰਜ਼ੂਰ ਕਰਵਾ ਕੇ ਲਾਇਬ੍ਰੇਰੀ ਬਣਾਈ ਸੀ। ਪਿੰਡ 'ਚ ਸਮਾਜ-ਸੁਧਾਰਕ ਡਰਾਮੇ ਖੇਡੇ ਸਨ। ਸਕੂਲ ਲਾਗਲੀ ਉੱਚੀ-ਨੀਵੀਂ ਜਗ੍ਹਾ ਨੂੰ ਪੱਧਰਾ ਕਰਕੇ ਗਰਾਊਂਡ ਦਾ ਰੂਪ ਦਿੱਤਾ ਸੀ। ਨੁੱਕਰ 'ਚ ਅਮਰੂੰਦਾਂ ਵਾਲਿਆਂ ਨੇ ਆਪਣੇ ਕਿਸੇ ਵੱਡੇ-ਵਡੇਰੇ ਦੀ ਸਮਾਧ ਬਣਾਈ ਸੀ। ਮੁੰਡਿਆਂ ਨੇ ਉਹ ਵੀ ਢਾਹ ਦਿੱਤੀ ਸੀ। ਗੁਰਦੁਆਰੇ ਲਾਗਲੇ ਛੱਪੜ ਦੇ ਚੁਫੇਰੇ ਪੱਕੀ ਚਾਰਦੀਵਾਰੀ ਕਰਵਾਈ ਸੀ। ਨਵੀਂ ਆਬਾਦੀ ਵੱਲ ਜਾਂਦੇ ਕੱਚੇ ਰਾਹ ਨੂੰ ਪੱਕੀ ਮਿੱਟੀ ਨਾਲ ਪੱਕਿਆ ਕੀਤਾ ਸੀ ਤੇ ਜਦੋਂ ਨਾਲੀਆਂ-ਗਲੀਆਂ ਪੱਕੀਆਂ ਹੋਣੀਆਂ ਸਨ-ਪਹਿਲ ਨਵੀਂ ਆਬਾਦੀ ਨੂੰ ਦੇਣੀ ਸੀ। ਉਨ੍ਹਾਂ ਇਸ ਗੱਲ ਦਾ ਵੀ ਫ਼ੈਸਲਾ ਕੀਤਾ ਸੀ ਕਿ ਜਿਹੜਾ ਨਵੀਂ ਆਬਾਦੀ ਨੂੰ 'ਚਮਾਲੜੀ' ਕਹੇਗਾ-ਉਹਨੂੰ ਸੌ ਰੁਪਈਆ ਜੁਰਮਾਨਾ ਦੇਣਾ ਪਵੇਗਾ। 'ਚਮਾਰ' ਕਹਿਣ ਵਾਲੇ ਨੂੰ ਦੋ ਸੌ ਰੁਪਈਆ। ਪਿੰਡ ਦੀ ਵਾਗਡੋਰ ਇਨ੍ਹਾਂ ਮੁੰਡਿਆਂ ਦੇ ਹੱਥ 'ਚ ਸੀ। ਬੁੱਢਿਆਂ ਨੂੰ ਖੂੰਜੇ ਲਾ ਕੇ ਬੈਠਾ ਦਿੱਤਾ ਸੀ। ਸਰਪੰਚ ਦੀ ਚੋਣ ਵੀ ਸਰਬਸੰਮਤੀ ਨਾਲ ਕੀਤੀ ਸੀ। ਪਹਿਲੀ ਵਾਰ ਪੰਝੀ ਸਾਲਾ ਸਤਪਾਲ ਸਰਪੰਚ ਬਣਿਆ ਸੀ। ਪਿੰਡ ਦੀ ਨੁਹਾਰ ਨੂੰ ਚਾਰ-ਚੰਨ ਲੱਗੇ ਸਨ।

ਅਗਲੇ ਪੰਜਾਂ ਸਾਲਾਂ 'ਚ ਬਹੁਜਨ ਸਮਾਜ ਪਾਰਟੀ ਦਿੱਲੀ ਤੋਂ ਚੱਲ ਕੇ ਇਸ ਪਿੰਡ 'ਚ ਆ ਵੜੀ ਸੀ। ਰਮੇਸ਼ ਕੁਮਾਰ ਆਰ. ਐਮ. ਪੀ. ਡਾਕਟਰ ਸੀ। ਉਹ ਸ਼ਹਿਰ 'ਚ ਦੁਕਾਨ ਕਰਦਾ ਸੀ। ਸਭ ਤੋਂ ਪਹਿਲਾਂ ਉਹ ਕਾਂਸ਼ੀ ਰਾਮ ਦੇ ਭਾਸ਼ਨਾਂ/ਵਿਚਾਰਾਂ ਤੋਂ ਪ੍ਰਭਾਵਤ ਹੋਇਆ ਸੀ। ਉਸ ਇਕ-ਇਕ ਕਰਕੇ ਮੁੰਡਿਆਂ ਨੂੰ ਆਪਣੇ ਨਾਲ ਜੋੜ ਲਿਆ। ਘਰਾਂ ਦੀਆਂ ਛੱਤਾਂ 'ਤੇ ਨੀਲੇ ਝੰਡੇ ਦਿੱਸਣ ਲੱਗੇ। ਹਾਥੀ ਵਾਲੇ ਪੋਸਟਰਾਂ ਦੀ ਭਰਮਾਰ ਹੋ ਗਈ। ਪੁਰਾਣੀ ਤੇ ਨਵੀਂ ਆਬਾਦੀ ਵਾਲਿਆਂ ਰਲ ਕੇ ਆਪਣਾ ਵੱਖਰਾ ਰਵੀਦਾਸ ਗੁਰਦੁਆਰਾ ਬਣਾ ਲਿਆ। ਪੈਸੇ ਸੁਰਿੰਦਰ ਨੇ ਭੇਜ ਦਿੱਤੇ। ਸਵੇਰ ਤੇ ਸ਼ਾਮ ਰਵੀਦਾਸ ਦੀ ਬਾਣੀ ਦਾ ਪਾਠ ਹੋਣ ਲੱਗਾ। ਰਵੀਦਾਸ ਦੇ ਜਨਮ ਦਿਹਾੜੇ 'ਤੇ ਪ੍ਰਭਾਵਤ-ਫੇਰੀਆਂ ਨਿਕਲਣ ਲੱਗੀਆਂ। ਪਿੰਡ ਦੇ ਸਾਂਝੇ ਕੰਮਾਂ ਲਈ ਢਾਲ ਦੇਣ 'ਚ ਉਹ ਕਿੰਤੂ-ਪਰੰਤੂ ਕਰਨ ਲੱਗੇ। ਹੁਣ ਉਨ੍ਹਾਂ ਲਈ ਪਿੰਡ ਦਾ



ਮਤਲਬ ਪੁਰਾਣੀ ਤੇ ਨਵੀਂ ਆਬਾਦੀ ਰਹਿ ਗਿਆ ਸੀ। ਮੁੰਡੇ ਡੁਬਈ, ਮਾਸਕਟ, ਅਮਰੀਕਾ, ਕੈਨੇਡਾ, ਜਰਮਨ ਚਲੇ ਗਏ। ਬਾਹਰਲੇ ਪੈਸੇ ਨੇ ਪਿਛਲਿਆਂ ਦੀ ਦੁਨੀਆਂ ਹੀ ਬਦਲ ਕੇ ਰੱਖ ਦਿੱਤੀ। ਛੱਤਾਂ 'ਤੇ ਟੀ. ਵੀ. ਦੇ ਐਨਟੀਨਿਆਂ ਦੀ ਭਰਮਾਰ ਹੋ ਗਈ। ਵਿਚ-ਵਿਚ ਡਿੱਸ਼ ਵੀ ਦਿੱਸਣ ਲੱਗੇ। ਕੱਚੇ ਪੱਕਿਆਂ 'ਚ ਬਦਲ ਗਏ। ਪੱਕੇ ਚੌਬਾਰਿਆਂ 'ਚ। ਨਕਸ਼ੇ ਬਣਾ ਕੇ ਕੋਠੀਆਂ ਬਣੀਆਂ। ਸਕੂਟਰ ਆ ਗਏ। ਕਾਰ ਲੈਣ ਦੀਆਂ ਯੋਜਨਾਵਾਂ ਬਣਨ ਲੱਗੀਆਂ। ਬੁੜੀਆਂ-ਕੁੜੀਆਂ ਘਾਹ ਖੋਤਣੋ ਹਟਦੀਆਂ ਗਈਆਂ। ਘਰਾਂ 'ਚ ਪੱਕੀਆਂ ਫਲਸ਼ਾਂ ਬਣ ਗਈਆਂ। ਸਿਰਫ਼ ਵੀਹ ਕੁ ਘਰ ਦਿਹਾੜੀਆਂ ਕਰਨ ਜਾਂਦੇ ਸਨ। ਇੰਨੇ ਕੁ ਘਰਾਂ ਦੀਆਂ ਔਰਤਾਂ ਪੱਠੇ-ਦੱਥੇ ਲਈ ਬਾਹਰ-ਅੰਦਰ ਜਾਂਦੀਆਂ ਸਨ। ਸ਼ਾਮ ਹੁੰਦੀ ਤਾਂ ਗੁਰਦੁਆਰੇ ਅੰਦਰ ਪਏ ਲੱਕੜ ਦੇ ਬੈਂਚ 'ਤੇ ਬੈਠਣ ਜੋਗੀ ਥਾਂ ਨਾ ਬਚਦੀ। ਕਾਂਸ਼ੀ ਰਾਮ ਦੇ ਗੁਣ ਗਾਏ ਜਾਂਦੇ। ਘਰ-ਘਰ 'ਚ ਅੰਬੇਡਕਰ ਦੀਆਂ ਫੋਟੋ ਲੱਗ ਗਈਆਂ। ਕਾਲਜੀਏਟ ਮੁੰਡੇ ਮਨੂੰਵਾਦ ਤੇ ਬ੍ਰਾਹਮਣਵਾਦ ਦਾ ਖੁੱਲ੍ਹ ਕੇ ਵਿਰੋਧ ਕਰਦੇ। ਉਨ੍ਹਾਂ ਨੂੰ ਪਿੰਡ ਵਾਲੇ ਵੀ ਮਨੂੰ ਦੀ ਅੰਸ਼ 'ਚੋਂ ਲੱਗਦੇ।

ਇਕ ਦਿਨ ਲੱਛਣ ਸਿੰਘ ਰਮੇਸ਼ ਕੁਮਾਰ ਨੂੰ ਘੇਰ ਕੇ ਖੜ੍ਹ ਗਿਆ ਸੀ, "ਤੁਸੀਂ ਗਲਤ ਪ੍ਰਚਾਰ ਕਰ ਰਹੇ ਹੋ। ਆਹ ਜਿਹੜਾ ਸ਼ਬਦ 'ਦਲਿਤ' ਤੁਸੀਂ ਕਰੀਏਟ ਕੀਤਾ-ਇਹਨੂੰ ਆਪਣੇ ਤਕ ਸੀਮਤ ਨਾ ਕਰੋ। ਬਹੁਤੀਆਂ ਵੰਡੀਆਂ ਦਾ ਆਧਾਰ ਆਰਥਿਕਤਾ ਆ। ਸੌ-ਡੇਢ ਸੌ ਸਾਲ ਪਹਿਲਾਂ ਤਾਂ ਅਸੀਂ ਵੀ ਸ਼ੂਦਰ ਗਿਣੇ ਜਾਂਦੇ ਸੀ।"

"ਹੁਣ ਤਾਂ ਨ੍ਹੀਂ।"

"ਹੁਣ ਸ਼ੂਦਰ ਤਾਂ ਨ੍ਹੀਂ, ਕਈ ਸਟੇਟਾਂ 'ਚ ਬੈਕਵਰਡ ਕਾਸਟਾਂ 'ਚ ਆ ਗਏ। ਪਹਿਲਾਂ ਰਾਜਸਥਾਨ 'ਚ ਸਨ। ਹੁਣ ਹਿਮਾਚਲ ਸਰਕਾਰ ਨੇ ਵੀ ਸਾਨੂੰ ਬੈਕਵਰਡਾਂ 'ਚ ਲੈ ਆਂਦਾ।"

"ਇਹ ਤਾਂ ਸਰਕਾਰਾਂ ਦਾ ਪੋਲਟਿਕਸ ਆ।"

"ਜਿਵੇਂ ਰਿਜ਼ਰਵੇਸ਼ਨ ਚਲ ਰਹੀ-ਜਿਵੇਂ ਹਾਲਾਤ ਬਦਲ ਰਹੇ-ਜੇ ਇਹੋ ਰਿਹਾ ਤਾਂ ਅਗਲੇ ਆਉਣ ਵਾਲੇ ਸਮੇਂ 'ਚ ਫੇਰ ਉਲਟ ਚੱਲ ਪੈਣਾ। ਦਲਿਤਾਂ ਉਪਰ ਆ ਜਾਣਾ। ਦੂਜੀਆਂ ਜਾਤਾਂ ਨੇ ਦਲਿਤ ਬਣ ਜਾਣਾ।"

"ਪ੍ਰੋਫ਼ੈਸਰ ਸਾਹਿਬ-ਜਿੰਨਾ ਸਾਡੇ ਲੋਕਾਂ ਨੂੰ ਟੋਰਚਰ ਕੀਤਾ ਗਿਆ ਸੀ-ਉੱਨੀ ਤੁਹਾਡੇ ਨਾਲ ਹੁੰਦੀ ਤਾਂ ਪਤਾ ਲੱਗਦਾ। ਮੈਨੂੰ ਇਕ ਗੱਲ ਦੱਸੋ-ਕਿ ਤੁਹਾਨੂੰ ਕਦੇ ਕਿਸੇ 'ਚੂੜ੍ਹ ਚੜ੍ਹਮ' ਕਹਿ ਕੇ ਜਲੀਲ ਕੀਤਾ। ਅਸੀਂ ਸਾਰੇ ਕਾਂਸ਼ੀ ਰਾਮ ਜੀ ਦੇ ਰਿਣੀ ਹਾਂ ਜਿਨ੍ਹਾਂ ਸਾਡਾ ਮਾਰਗ ਦਰਸ਼ਨ ਕੀਤਾ। ਸਾਨੂੰ ਸਾਡੀ ਵੋਟ ਦੀ ਅਹਿਮੀਅਤ ਸਮਝਾਈ। ਹੁਣ ਅਸੀਂ ਦੱਸਾਂਗੇ ਤੇ ਮੰਨਵਾਵਾਂਗੇ ਕਿ ਅਸੀਂ ਕੌਣ ਆਂ।"

ਲੱਛਣ ਸਿੰਘ ਨੂੰ ਲੱਗਿਆ ਸੀ ਕਿ ਅਜੇ ਇਸ ਉਸ ਦੀ ਕਿਸੇ ਵੀ ਗੱਲ ਨੂੰ ਸਹਿਜਤਾ ਨਾਲ ਨਹੀਂ ਸੁਣਨਾ/ਮੰਨਣਾ। ਕਾਲਜ ਦੀ ਰਾਜਨੀਤੀ 'ਚ ਵੀ ਇਹੀ ਕੁਝ ਭਾਰੂ ਸੀ। ਪ੍ਰਿੰਸੀਪਲ ਸਿਊਲਡਕਾਸਟ ਬਰਾਦਰੀ ਨਾਲ ਸੰਬੰਧ ਰੱਖਦਾ ਸੀ ਤੇ ਉਹ ਉਨ੍ਹਾਂ ਹੀ ਲੈਕਚਰਾਰਾਂ ਦੀ ਗੱਲ ਧਿਆਨ ਨਾਲ ਸੁਣਦਾ ਸੀ ਜਿਹੜੇ ਕਿ ਉਸ ਦੀ ਬਰਾਦਰੀ ਦੇ ਸਨ।



www.PunjabiLibrary.com

ਨੌਜੁਆਨ ਸਭਾ ਦੋ-ਫਾੜ ਹੋ ਗਈ ਸੀ। ਇਕ ਪਿੰਡ ਵਾਲਿਆਂ ਦੀ ਬਣੀ ਸੀ ਜਿਸ ਦਾ ਪ੍ਰਧਾਨ ਲੱਛਣ ਸਿੰਘ ਹੈ।

ਦੂਜੀ ਨਵੀਂ ਆਬਾਦੀ ਵਾਲਿਆਂ ਨੇ ਬਣਾਈ ਸੀ ਜਿਸ ਦੀ ਪ੍ਰਧਾਨਗੀ ਰਮੇਸ਼ ਕੁਮਾਰ ਨੂੰ ਦਿੱਤੀ ਹੈ।

ਮਨੂੰਵਾਦ ਤੇ ਬ੍ਰਾਹਮਣਵਾਦ ਦਾ ਰੌਲਾ ਜ਼ਿਆਦਾ ਹੀ ਵਧਣ ਲੱਗਾ। ਲਾਲਾ ਰੌਸ਼ਨ ਲਾਲ ਨੇ ਮਨੂੰਵਾਦ ਬਾਰੇ ਭਾਸ਼ਨ ਹੀ ਤਿਆਰ ਕਰ ਲਿਆ ਸੀ। ਆਪਣੇ ਹਮ-ਉਮਰਾਂ ਨੂੰ ਉਹ ਦੱਸਦਾ, "ਮਨੂੰ ਮਹਾਰਾਜ ਬ੍ਰਹਮਾ 'ਚੋਂ ਹੋਏ ਆ। ਉਨ੍ਹਾਂ ਨੇ ਮਨੂੰ ਨੂੰ ਪੜ੍ਹਾਇਆ। ......ਮਨੂੰ ਨੇ ਇਹਦਾ ਗਿਆਨ ਭ੍ਰਗੂ ਰਿਸ਼ੀ ਨੂੰ ਦਿੱਤਾ। ਫੇਰ ਇਉਂ ਇਹ ਗਿਆਨ ਫੈਲਿਆ। ਕਹਿੰਦੇ ਆ ਕਿ ਦੁਨੀਆਂ ਕਈ ਵਾਰ ਉੱਜੜੀ ਆ। ਕਈ ਵਾਰ ਵਸੀ ਆ। ਮਨੂੰ ਮਹਾਰਾਜ ਕੋਈ ਨਿਆਣੇ ਤਾਂ ਨ੍ਹੀਂ ਸਨ ਕਿ ਉਨ੍ਹਾਂ ਇਹ ਜਾਤਾਂ-ਪਾਤਾਂ ਪੈਦਾ ਕੀਤੀਆਂ।"

ਪੜ੍ਹਿਆਂ ਲਿਖਿਆਂ ਅੱਗੇ ਉਸ ਆਪਣਾ ਗਿਆਨ ਘੋਟਿਆ, "ਬ੍ਰਹਮਾ ਨੇ ਪਹਿਲਾ ਜਲ ਪੈਦਾ ਕੀਤਾ। ਫੇਰ ਉਸ 'ਚ ਬੀਜ ਛੱਡਿਆ। ਉਸੇ ਨੇ ਯਗਾਂ ਦੀ ਸਿਦੀ ਲਈ ਅੱਗ-ਹਵਾ ਤੇ ਸੂਰਜ ਨਾਲ ਅਵਿਨਾਸ਼ੀ ਰਿਗਵੇਦ, ਯਜੁਰਵੇਦ ਤੇ ਸਾਮਵੇਦ ਨੂੰ ਵੀ ਪ੍ਰਗਟ ਕੀਤਾ। ਲੋਕ ਵਾਧੇ ਲਈ ਬ੍ਰਹਮਾ ਨੇ ਮੂੰਹ, ਬਾਹੂ, ਪਟਾਂ-ਪੈਰਾਂ ਤੋਂ ਬ੍ਰਾਹਮਣ, ਕਛਤਰੀ, ਵੈਸ਼ ਤੇ ਸ਼ੂਦਰ ਪੈਦਾ ਕੀਤੇ। ਧਰਤੀ 'ਤੇ ਜੋ ਕੁਸ਼ ਵੀ ਆ ਇਹ ਸਭ ਕੁਸ਼ ਬ੍ਰਾਹਮਣ ਦਾ ਆ। ਬ੍ਰਾਹਮਣ ਦਾ ਮਤਲਬ-ਜਾਤ ਤੋਂ ਬ੍ਰਾਹਮਣ ਨ੍ਹੀਂ-ਆਪਣੀ ਬੁਧੀਮਤਾ, ਆਪਣੀ ਸਿਆਣਪ ਤੋਂ ਆ। ਜੇ ਕਿਸੇ ਬ੍ਰਾਹਮਣ ਕੋਲ ਅੱਖਰ ਗਿਆਨ ਨ੍ਹੀਂ ਤਾਂ ਉਹ ਸਾਡੇ-ਤੁਹਾਡੇ ਵਰਗਾ ਆ......। ਸ਼ੂਦਰ ਦਾ ਕੰਮ ਆਪਣੇ ਤੋਂ ਉਪਰਲੇ ਤਿੰਨਾਂ ਵਰਗਾਂ ਦੀ ਸੇਵਾ ਕਰਨਾ ਆ। ਇਹ ਹੁਣ ਹੀ ਨ੍ਹੀਂ-ਆਦਿ ਕਾਲ ਤੋਂ ਇਨ੍ਹਾਂ ਦੀਆਂ ਬਸਤੀਆਂ ਅਲੱਗ ਰਹੀਆਂ। ਇਹ ਤਾਂ ਮਰੇ ਪਸ਼ੂ ਦਾ ਮਾਸ ਤੱਕ ਖਾ ਜਾਂਦੇ ਸੀ। ਪੱਤ 'ਚੋਂ ਨਿਕਲੀ ਮੈਲ 'ਚ ਰੋਟੀਆਂ ਭਿਉਂ-ਭਿਉਂ ਕੇ ਖਾਂਦੇ ਸੀ।" ਜੇ ਉਸਨੂੰ ਲੱਗਦਾ ਕਿ ਅੱਗੋਂ ਮੁੰਡਾ ਕੁਝ ਜ਼ਿਆਦਾ ਹੀ ਜਾਣਨਾ ਚਾਹੁੰਦਾ ਤਾਂ ਉਹ ਮਨੂੰਸਮਿਤੀ ਪੜ੍ਹਨ ਲਈ ਦੇ ਦਿੰਦਾ।

ਇਧਰ ਰਮੇਸ਼ ਕੁਮਾਰ ਗੁਰਦੁਆਰੇ 'ਚ ਪਏ ਬੈਂਚ 'ਤੇ ਖੜ ਕੇ ਪ੍ਰਚਾਰ ਕਰਦਾ, "ਮਨੂੰਸਿਮਰਤੀ ਤਾਂ ਹੈ ਹੀ ਝੂਠ ਦਾ ਪੁਲੰਦਾ। ਇਸ 'ਤੇ ਇਤਬਾਰ ਕੀਤਾ ਹੀ ਨ੍ਹੀਂ ਜਾ ਸਕਦਾ। ਇਹ ਬ੍ਰਾਹਮਣਵਾਦ ਨੂੰ ਸਿਰੇ 'ਤੇ ਬੈਠਾ ਦਿੰਦਾ। ਸਾਡੇ ਲੋਕਾਂ ਨੂੰ ਤਾਂ ਪੈਰਾਂ ਦੀ ਜੁੱਤੀ ਦੇ ਬਰੋਬਰ ਵੀ ਨ੍ਹੀਂ ਰੱਖਿਆ ਗਿਆ। ਦੇਖੋ ਇਹਦਾ ਪਹਿਲਾ ਅਧਿਆਏ ਕੀ ਕਹਿੰਦਾ।" ਉਹ ਕਾਹਲੀ-ਕਾਹਲੀ ਹੱਥ 'ਚ ਫੜੀ ਮਨੂੰਸਿਮਰਤੀ ਦੇ ਪੰਨੇ ਪਲਟਦਾ। ਉੱਚੀ ਆਵਾਜ਼ 'ਚ ਦੱਸਦਾ, "ਬ੍ਰਹਮਾ ਨੇ ਇਸ ਸੰਪੂਰਨ ਸ੍ਰਿਸ਼ਟੀ ਦੀ ਰੱਖਿਆ ਲਈ ਬ੍ਰਾਹਮਣ, ਕਛਤਰੀ, ਵੈਸ਼ ਤੇ ਸ਼ੂਦਰ ਦੀ ਸ੍ਰਿਸ਼ਠੀ ਕੀਤੀ ਆ। ਵੇਦ ਪੜ੍ਹਨਾ, ਪੜ੍ਹਾਉਣਾ, ਯਗ ਕਰਾਉਣਾ, ਕਰਨਾ, ਦਾਨ ਦੇਣਾ ਤੇ ਲੈਣਾ-ਇਹ ਕਰਮ ਬ੍ਰਾਹਮਣਾਂ ਲਈ ਬਣਾਇਆ ਗਿਆ। ਪਰਜਾ ਦੀ ਰੱਖਿਆ ਕਰਨਾ, ਦਾਨ ਦੇਣਾ, ਯਗ ਕਰਨਾ, ਪੜ੍ਹਨਾ ਇਨ੍ਹਾਂ ਕਰਮਾਂ ਨੂੰ ਕਛਤਰੀਆਂ ਲਈ ਬਣਾਇਆ ਗਿਆ। ਪਸ਼ੂਆਂ ਦੀ ਰੱਖਿਆ ਕਰਨਾ, ਦਾਨ ਦੇਣਾ, ਯਗ ਕਰਨਾ, ਪੜ੍ਹਨਾ, ਵਪਾਰ ਕਰਨਾ, ਵਿਆਜ ਲੈਣਾ, ਖੇਤੀ ਕਰਨ ਲਈ ਵੈਸ਼ਾਂ ਨੂੰ ਬਣਾਇਆ ਗਿਆ। ਬ੍ਰਹਮਾਂ ਨੇ ਇਹਨਾਂ



ਵਰਣਾਂ ਦੀ ਸੇਵਾ ਕਰਨਾ ਸ਼ੂਦਰਾਂ ਦਾ ਪ੍ਰਧਾਨ ਕਰਮ ਦੱਸਿਆ। ਸਾਨੂੰ ਇੰਨਾ ਹੇਠਲਾ ਦਰਜਾ ਦੇਣਾ ਬ੍ਰਾਹਮਣਾਂ ਦੀ ਸੋਚੀ ਸਮਝੀ ਚਾਲ ਸੀ। ਕੁਦਰਤ ਨੇ ਦਿਨ ਤੇ ਰਾਤ ਬਣਾਏ। ਮਰਦ ਤੇ ਔਰਤ ਬਣਾਏ। ਇਹ ਵੰਡੀਆਂ ਆਦਮੀ ਨੇ ਬਣਾਈਆਂ। ਅਧਿਆਏ ਅੱਠ ਦੇਖੋ। ਸ਼ੂਦਰ ਜਿਸ ਕਿਸੇ ਅੰਗ ਨਾਲ ਬ੍ਰਾਹਮਣ ਨੂੰ ਮਾਰੇ, ਰਾਜਾ ਉਸਦੇ ਉਸੇ ਅੰਗ ਨੂੰ ਵਢਵਾ ਦੇਵੇ। ਜੇ ਕੋਈ ਸ਼ੂਦਰ ਬ੍ਰਾਹਮਣ ਦੇ ਨਾਲ ਇਕੋ ਆਸਣ 'ਤੇ ਬੈਠ ਜਾਵੇ ਤਾਂ ਰਾਜਾ ਗਰਮ ਕੀਤੀ ਲੋਹੇ ਦੀ ਰਾਡ ਨਾਲ ਸ਼ੂਦਰ ਦੇ ਸਰੀਰ ਦੇ ਉਸ ਹਿੱਸੇ ਨੂੰ ਦਾਗ ਦੇਵੇ। ਜੇ ਕੋਈ ਸ਼ੂਦਰ ਕਿਸੇ ਬ੍ਰਾਹਮਣ ਦੀ ਬੇਇੱਜ਼ਤੀ ਥੁੱਕ ਕੇ ਕਰੇ ਤਾਂ ਰਾਜਾ ਉਸ ਦੇ ਮੂੰਹ 'ਚ ਗੂਹ ਤੁੰਨ ਦੇਣੇ। ......ਸਾਨੂੰ ਨ੍ਹੀਂ ਮੰਜੂਰ ਇਨ੍ਹਾਂ ਦੇ ਕਾਨੂੰਨ।"

****

ਬਾਬਾ ਜੀ ਨੇ ਖੰਗੂਰਾ ਮਾਰਿਆ। ਕੁਲਵੰਤ ਨੂੰ ਲੱਗਿਆ ਕਿ ਬਾਬਾ ਜੀ ਬਹੁਤ ਪਿੱਛੇ ਪਰਤ ਗਏ ਸਨ। ਬਹੁਤ ਹੀ ਆਤਮ-ਧਿਆਨ ਹੋ ਗਏ ਸਨ।

ਉਹ ਹੁਣ ਕੁਝ ਜ਼ਿਆਦਾ ਹੀ ਚਿੰਤੁਤ ਲੱਗਦੇ ਸਨ।

ਕੁਲਵੰਤ ਨੇ ਪਹਿਲੀ ਵਾਰ ਮਹਿਸੂਸ ਕੀਤਾ ਕਿ ਬਾਬਾ ਜੀ ਦੀ ਅੰਦਰਲੀ ਉਥਲ-ਪੁਥਲ ਉਨ੍ਹਾਂ ਦੇ ਚਿਹਰੇ 'ਤੇ ਆ ਗਈ ਸੀ।

ਸੁਰਿੰਦਰ ਦਾ ਫੋਨ ਸੁਣ ਕੇ ਉਹ ਆਤਮ-ਵਿਸ਼ਲੇਸ਼ਣ ਦੀ ਸਥਿਤੀ 'ਚ ਪਹੁੰਚ ਗਏ ਸਨ। ਉਹਨਾਂ ਬਹੁਤ ਕੋਸ਼ਿਸ਼ ਕੀਤੀ ਸੀ ਕਿ ਸੁਰਿੰਦਰ ਦੀਆਂ ਗੱਲਾਂ ਨੂੰ ਭੁੱਲ ਜਾਣ ਪਰ ਉਹ ਜਿੰਨਾ ਭੁੱਲਣ ਦੀ ਕੋਸ਼ਿਸ਼ ਕਰਦੇ-ਉਹ ਉੱਨਾ ਹੀ ਜ਼ਿਆਦਾ ਯਾਦ ਆਉਂਦੀਆਂ।

ਉਨ੍ਹਾਂ ਨੇ ਸੁਖਦੇਵ ਨੂੰ ਕਿਹਾ ਕਿ ਉਹ ਅੰਦਰ ਜਾ ਕੇ ਚਾਹ ਦਾ ਕਹਿ ਕੇ ਆਵੇ।

ਸੁਖਦੇਵ ਚਲਾ ਗਿਆ ਤਾਂ ਉਨ੍ਹਾਂ ਕੁਲਵੰਤ ਨੂੰ ਕਿਹਾ, "ਪੁੱਤ-ਤੂੰ ਦੋ-ਤਿੰਨ ਦਿਨ ਸੁਖਦੇਵ ਨੂੰ ਸੰਭਾਲੀ। ਇਹ ਅੱਗ ਦੀ ਨਾਲ ਆ। ਇਹ ਕੁਛ ਵੀ ਕਰ ਸਕਦਾ।"

ਇਸ ਗੱਲ ਦਾ ਕੁਲਵੰਤ ਨੂੰ ਥੋੜ੍ਹਾ ਬਹੁਤਾ ਪਤਾ ਸੀ।

ਸੁਰਿੰਦਰ ਨੇ ਬਾਬਾ ਜੀ ਨੂੰ ਕਿਹਾ ਸੀ ਕਿ ਜੇ ਪਿੰਡ ਵਾਲੇ ਛੱਪੜ 'ਚੋਂ ਮਿੱਟੀ ਚੁੱਕਦੇ ਤਾਂ ਚੁੱਕ ਲੈਣ ਦਿਉ। ਇਸ 'ਚ ਨੁਕਸਾਨ ਹੋਣ ਦਾ ਕੋਈ ਕਾਰਨ ਨਹੀਂ ਦਿੱਸਦਾ। ਸਰਪੰਚ ਨੇ ਵੀ ਉਹਨੂੰ ਫੋਨ ਕੀਤਾ ਸੀ। ਉਸ ਇਹ ਸੁਝਾਅ ਰੱਖਿਆ ਸੀ ਕਿ ਅੱਧੇ ਪੈਸੇ ਪੰਚਾਇਤ ਪਾਊਗੀ-ਅੱਧੇ ਪੈਸੇ ਨਵੀਂ ਆਬਾਦੀ ਵਾਲੇ ਪਾਉਣ-ਉਹ ਰਾਹ ਵਾਲੇ ਪਾਸੇ ਪੱਕੀ ਕੰਧ ਉਸਾਰ ਦੇਵੇਗਾ। ਬਾਬਾ ਜੀ ਨੂੰ ਸੁਰਿੰਦਰ ਦੀ ਰਾਏ ਜਚੀ ਨਹੀਂ ਸੀ। ਉਹ ਜਾਣਦੇ ਸਨ ਕਿ ਬਹੁਤੇ ਮੁੰਡਿਆਂ ਨੇ ਇਹਨੂੰ ਨਹੀਂ ਮੰਨਣਾ। ਪ੍ਰੀਤਮ ਦੇ ਕਲਾਜੀਏਟ ਮੁੰਡੇ ਨੇ ਤਾਂ ਇਥੋਂ ਤਕ ਕਹਿ ਰੱਖਿਆ ਸੀ ਕਿ ਸੁਰਿੰਦਰ ਹੁਣ ਉਨ੍ਹਾਂ 'ਚੋਂ ਨਹੀਂ ਰਿਹਾ। ਸੁਰਿੰਦਰ ਨੇ ਆਪਣਾ ਮੁੰਡਾ ਨੂਰਪੁਰੀਏ ਸਰਦਾਰਾਂ ਦੇ ਘਰ ਮੰਗਿਆ। ਕੁੜੀ ਬ੍ਰਾਹਮਣਾਂ ਦੇ ਮੁੰਡੇ ਨਾਲ ਬਿਨ-ਵਿਆਹੋਂ ਰਹਿੰਦੀ। ਉਹ ਹੋਰ ਸਾਲ ਖੰਡ ਤੱਕ ਵਿਆਹ ਵੀ ਕਰਾ ਲਊ।

ਸਮਝੌਤਾ ਤਾਂ ਇਸ ਗੱਲ ਨਾਲ ਹੀ ਹੋਣਾ ਸੀ ਕਿ ਪਿੰਡ ਵਾਲੇ ਪ੍ਰਤੀ ਟਰਾਲੀ ਦੋ ਸੌ ਰੁਪਈਆ ਦੇਣ।

ਸਰਪੰਚ ਨੇ ਸੁਰਿੰਦਰ ਰਾਹੀਂ ਨਵੀਂ ਚਾਲ ਚੱਲੀ ਸੀ।



www.PunjabiLibrary.com

ਬਾਬਾ ਜੀ ਨੇ ਲੰਬਾ ਸੂਟਾ ਖਿੱਚ ਕੇ ਸਿਗਰਟ ਖਤਮ ਕੀਤੀ।

ਉਹ ਹੁਣ ਇਕੱਲਤਾ ਚਾਹੁੰਦੇ ਸਨ।

ਚਾਹ ਖਤਮ ਹੁੰਦਿਆਂ ਤੀਕ ਤਿੰਨਾਂ 'ਚੋਂ ਕੋਈ ਕੁਝ ਨਾ ਬੋਲਿਆ।

ਕੁਲਵੰਤ ਜਾਣ ਲਈ ਉੱਠਿਆ। ਉਸ ਸਵੇਰੇ ਚਲੇ ਜਾਣਾ ਸੀ। ਉਹ ਛੱਪੜ ਦਾ ਮਸਲਾ ਹੱਲ ਹੁੰਦਾ ਦੇਖਣਾ ਚਾਹੁੰਦਾ ਸੀ। ਪਰ ਉਸਦੀਆਂ ਛੁੱਟੀਆਂ ਪਹਿਲਾਂ ਹੀ ਖਤਮ ਹੋ ਚੁੱਕੀਆਂ ਸਨ। ਉਹ ਮੈਡੀਕਲ ਲੀਵ 'ਤੇ ਚਲ ਰਿਹਾ ਸੀ। ਪਰਸੋਂ ਉਸ ਡਿਊਟੀ 'ਤੇ ਹਾਜ਼ਰ ਹੋਣਾ ਸੀ।

ਉਸ ਬਾਬਾ ਜੀ ਦੇ ਪੈਰੀਂ ਹੱਥ ਲਾਏ। ਉਨ੍ਹਾਂ ਅਸੀਸ ਦਿੱਤੀ। ਉਨ੍ਹਾਂ ਕੁਲਵੰਤ ਦਾ ਹੱਥ ਫੜ ਲਿਆ। ਬੋਲੇ, "ਪੁੱਤ ਤੂੰ ਆਪਣਾ ਬੰਦਾ। ਆਪਣੇ ਕੋਲ ਹੀ ਕੋਈ ਦਿਲ ਦੀ ਗੱਲ ਕਰਦਾ। ਕਈ ਰਾਜ਼ ਸਾਂਝੇ ਕਰ ਜਾਂਦਾ। ਉਹ ਗੱਲਾਂ ਵੀ ਦੱਸ ਜਾਂਦਾ ਜਿਹੜੀਆਂ ਦੂਜੀ ਬਰਾਦਰੀ ਕੋਲ ਨ੍ਹੀਂ ਕੀਤੀਆਂ ਜਾ ਸਕਦੀਆਂ। ਲੈ ਤੂੰ ਵੀ ਸੁਣ ਲੈ। ਸੁਰਿੰਦਰ ਕਹਿੰਦਾ ਕਿ 'ਜੇ ਕਾਂਸ਼ੀ ਰਾਮ ਯੂ.ਪੀ. 'ਚ ਭਾਰਤੀ ਜਨਤਾ ਨਾਲ ਸਮਝੌਤਾ ਕਰਕੇ ਮਾਇਆਵਤੀ ਨੂੰ ਮੁੱਖ ਮੰਤਰੀ ਬਣਾ ਸਕਦਾ ਤਾਂ ਤੁਸੀਂ ਨਿੱਕੀ ਜਿਹੀ ਗੱਲ ਲਈ ਪਿੰਡ ਦੇ ਸਰਪੰਚ ਨਾਲ ਸਮਝੌਤਾ ਕਿਉਂ ਨ੍ਹੀਂ ਕਰ ਸਕਦੇ। ਇਹ ਵੇਲਾ ਸਿੱਧੀ ਲੜਾਈ ਦਾ ਨ੍ਹੀਂ-ਮੌਕੇ ਦਾ ਫਾਇਦਾ ਉਠਾਉਣ ਦਾ ਆ।' ਮੈਂ ਉਹਨੂੰ ਕਿਵੇਂ ਸਮਝਾਵਾਂ ਕਿ ਹਰ ਕੰਮ ਫਾਇਦਾ ਦੇਖ ਕੇ ਨ੍ਹੀਂ ਕੀਤਾ ਜਾਂਦਾ।"

ਬਾਬਾ ਜੀ ਨੇ ਹੌਕਾ ਲੈਣ ਵਾਗੂੰ ਸਾਹ ਲਿਆ। ਕੁਝ ਸੰਭਲੇ ਤੇ ਬੋਲੇ, "ਪੁੱਤ ਸੁਖਦੇਵ-ਤੂੰ ਮੇਰੇ ਕੋਲੋਂ ਜਾਣਾ ਨ੍ਹੀਂ। ਰਾਤ ਨੂੰ ਮੇਰੇ ਕੋਲ ਰਹੀਂ।"

ਕੁਲਵੰਤ ਨੇ ਦੱਸਿਆ ਕਿ ਉਹਨੂੰ ਗਿਆਂ ਤਾਂ ਬਹੁਤ ਚਿਰ ਹੋ ਗਿਆ। ਬਾਬਾ ਜੀ ਕਾਹਲੀ-ਕਾਹਲੀ ਬੋਲੇ, "ਤੂੰ ਉਹਨੂੰ ਲੱਭ ਕੇ ਲਿਆ। ਉਹ ਅੱਗ ਦੀ ਨਾਲ ਆ। ਐਵੇਂ ਕੋਈ ਪੁੱਠਾ ਸਿੱਧਾ ਪੰਗਾ ਨਾ ਲੈ ਬੈਠੇ।"

ਉਨ੍ਹਾਂ ਜਾਂਦੇ ਹੋਏ ਕੁਲਵੰਤ ਨੂੰ ਇਹ ਵੀ ਕਿਹਾ, "ਤੂੰ ਹੋਰ ਜੋ ਮਰਜ਼ੀ ਲਿਖ ਦਈਂ-ਪਰ ਆਹ ਸੁਰਿੰਦਰ ਦੇ ਸਮਝੌਤੇ ਵਾਲੀ ਗੱਲ ਦਾ ਜ਼ਿਕਰ ਬਿਲਕੁਲ ਨਾ ਕਰੀਂ। ਠੀਕ ਆ?"



## ਹਮਜ਼ਾਦ

ਇਕੋ ਫਰਮੇ ਨੇ ਹੀ ਮੇਰੀ ਬੱਸ ਕਰਾ ਦਿੱਤੀ ਸੀ। ਅਸਲ ਕਾਪੀ ਐਨੀ ਮਾੜੀ ਸੀ ਕਿ ਦੋ ਪੰਨੇ ਪੜ੍ਹ ਕੇ ਮੈਂ ਮਨ ਬਣਾ ਲਿਆ ਸੀ ਕਿ ਇਹਨੂੰ ਪੜ੍ਹਾਂ ਹੀ ਨਾ। ਮੋੜ ਦਵਾਂ। ਔਖਾ ਕੰਮ ਕਰਨ ਨੂੰ ਮੈਂ ਹੀ ਰਹਿ ਗਿਆਂ। ਇਹ ਦੂਜੀ ਰੀਡਿੰਗ ਸੀ। ਪਹਿਲੀ ਰੀਡਿੰਗ 'ਚ ਕਿਸੇ ਨੇ ਗਲਤੀਆਂ ਕੱਢਣ ਦੀ ਖੇਚਲ ਨਹੀਂ ਕੀਤੀ ਸੀ। ਜਾਂ ਹੋ ਸਕਦਾ ਕਿ ਉਸ ਤੋਂ ਅਸਲ ਪੜ੍ਹਿਆ ਹੀ ਨਾ ਗਿਆ ਹੋਵੇ। ਫੇਰ ਤਾਂ ਇਹੋ ਹੱਲ ਰਹਿ ਜਾਂਦਾ— ਇਕ ਪੈਰ੍ਹਾ ਪੜ੍ਹ ਲਉ-ਤਿੰਨ ਛੱਡ ਦਿਉ। ਪਰ ਮੈਂ ਪੜ੍ਹਦਾ ਗਿਆ- ਇਹ ਸੋਚ ਕੇ ਕਿ ਹੁਣ ਇਸ ਤੋਂ ਬਚਿਆ ਨਹੀਂ ਜਾਣਾ। ਜੇ ਅੱਜ ਵਾਪਸ ਭੇਜ ਦਿੱਤਾ ਤੇ ਜੇ ਕਲ੍ਹ ਨੂੰ ਇਹੋ ਫਰਮਾ ਦੋਬਾਰਾ ਆ ਗਿਆ ਤਾਂ ਫੇਰ ਕੀ ਹੋਵੇਗਾ? ਮੈਨੂੰ ਕਈ ਵਾਰ ਇਹ ਲਾਲਚ ਹੋ ਜਾਂਦਾ ਕਿ ਅਗਲੀ ਰੀਡਿੰਗ ਮੇਰੇ ਕੋਲ ਆ ਗਈ ਤਾਂ ਅਸਲ ਕਾਪੀ ਦੇਖਣ ਦੀ ਲੋੜ ਹੀ ਨਹੀਂ ਪੈਣੀ। ਮੈਂ ਅੱਧੇ ਘੰਟੇ 'ਚ ਫਰਮਾ ਪੜ੍ਹਮਾਰਨਾ।

ਮੈਂ ਬੁਰੀ ਤਰ੍ਹਾਂ ਥੱਕ ਗਿਆ ਸੀ। ਖਿੱਝ ਗਿਆ ਸੀ। ਜਿਵੇਂ ਅਕਸਰ, ਅਜਿਹੇ ਵੇਲੇ ਮੈਨੂੰ ਸਤੀਸ਼ ਦੀ ਗੱਲ ਯਾਦ ਆਉਂਦੀ ਹੈ, ਹੁਣ ਫੇਰ ਆਉਣ ਲੱਗੀ ਸੀ, "ਸਾਡੀ ਵੀ ਕੋਈ ਜੂਨ ਆ। ਕਦੇ ਰੱਜ ਕੇ ਸੌਂ ਕੇ ਨ੍ਹੀਂ ਦੇਖਿਆ। ਸਾਰਾ ਟੱਬਰ ਮੌਜ ਨਾਲ ਟੈਲੀਵਿਜ਼ਨ ਦੇਖ ਰਿਹਾ ਹੁੰਦਾ ਜਾਂ ਘੋੜੇ ਵੇਚ ਕੇ ਸੁੱਤਾ ਹੁੰਦਾ। ਅਸੀਂ ਮੱਖੀ ਤੇ ਮੱਖੀ ਮਾਰਦੇ ਹੁੰਨੇ......।" ਉਹ ਦੀ ਇਹ ਗੱਲ ਮੈਨੂੰ ਹਮੇਸ਼ਾ ਹੀ ਠੀਕ ਲੱਗੀ ਸੀ। ਪਰ ਮੈਥੋਂ ਅੱਕਿਆ ਨਹੀਂ ਜਾਂਦਾ। ਅੱਜ ਵੀ ਨਹੀਂ ਅੱਕਿਆ ਸੀ। ਅਜੇ ਦੋ ਫਰਮੇ ਪਏ ਸਨ। ਇਹ ਤੜਕੇ ਉੱਠ ਕੇ ਪੜ੍ਹ ਲਾਂਗਾ- ਸੋਚ ਮੈਂ ਟੇਬਲ-ਲੈਂਪ ਬੁਝਾ ਕੇ ਕੁਰਸੀ ਤੋਂ ਉਠ ਖੜ੍ਹਿਆ। ਪਿਛਾਂਹ ਨੂੰ ਭਾਰ ਪਾ ਕੇ ਲੱਕ ਸਿੱਧਾ ਕੀਤਾ। ਉਤਾਂਹ ਨੂੰ ਬਾਹਾਂ ਕਰਕੇ ਭਰਪੂਰ ਉਬਾਸੀ ਲਈ। ਮੇਰਾ ਧਿਆਨ ਵਿਲਾਬਲ ਦੇ ਕਮਰੇ ਵੱਲੋਂ ਆਉਂਦੀ ਸਟੀਰੀਓ ਦੀ ਆਵਾਜ਼ ਵੱਲ ਚੱਲੇ ਗਿਆ। ਮੈਂ ਮੇਜ਼ ਵੱਲ ਨੂੰ ਹੋਇਆ। ਮੂਧੀ ਪਈ ਘੜੀ ਚੁੱਕੀ। ਸੂਈਆਂ 'ਤੇ ਨਜ਼ਰਾਂ ਟਿਕਾ ਦਿੱਤੀਆਂ। ਬਾਰਾਂ ਵਜ ਕੇ ਪੰਜ ਮਿੰਟ ਹੋ ਗਏ। ਅਜੇ ਤਕ ਵਿਲਾਬਲ ਕਿਉਂ ਨਹੀਂ ਸੁੱਤਾ? ਕੀ ਪਤਾ ਉਹ ਸੁੱਤਾ ਹੋਵੇ? ਉਹ ਸਟੀਰੀਓ ਲਾ ਲੈਂਦਾ ਤੇ ਰੀਵਰਸ ਕੈਸਿਟ ਚਲਦੀ ਰਹਿੰਦੀ। ਜਾਗਦਾ ਹੁੰਦਾ ਤਾਂ ਉਹ ਸਿਗਰੇਟ



www.PunjabiLibrary.com

ਬੁਝਣ ਨਾ ਦਿੰਦਾ। ਇਹ ਜਾਣਦਿਆਂ ਹੋਇਆਂ ਵੀ ਕਿ ਉਸ ਦੀ ਮੰਮੀ ਨੂੰ ਇਸ ਨਾਲ ਹੱਦੋਂ ਵਧ ਨਫ਼ਰਤ ਹੈ।

ਉਸ ਨੂੰ ਛੇਤੀ ਨੀਂਦ ਨਹੀਂ ਆਉਂਦੀ।

ਨੀਂਦ ਤਾਂ ਮੈਨੂੰ ਵੀ ਨਹੀਂ ਆਉਂਦੀ। ਮੇਰੇ ਕਮਰੇ ਦੀ ਜਗਦੀ ਟਿਊਬ ਦੇਖ ਕੇ, ਬਾਥਰੂਮ ਵੱਲੋਂ ਮੁੜਦਾ ਹੋਇਆ, ਉਹ ਪੁੱਛਦਾ, "ਡੈਡੀ ਜੀ-ਟੈਬਲਿਟ ਲੈਣੀ ਤਾਂ ਨ੍ਹੀਂ ਭੁੱਲ ਗਏ।" ਅੱਗੋਂ ਮੈਂ ਕੀ ਕਹਿਣਾ ਸੀ। ਟਿਊਬ ਬੰਦ ਕਰ ਦਿੰਦਾ। ਮੈਨੂੰ ਫੇਰ ਵੀ ਨੀਂਦ ਨਹੀਂ ਆਉਂਦੀ। ਮੇਰਾ ਧਿਆਨ ਵਾਰ-ਵਾਰ ਉਹਦੇ ਕਮਰੇ ਵੱਲ ਜਾਂਦਾ। ਮੈਂ ਚਾਹੁੰਦਾ ਕਿ ਜਿਉਤੀ ਜਾ ਕੇ ਉਹ ਨੂੰ ਸਮਝਾਏ, "ਬੇਟਾ ਅੱਧੀ ਰਾਤ ਬੀਤ ਚੱਲੀ। ਹੁਣ ਤੂੰ ਸੌਂ ਜਾ। ਚਿੰਤਾ ਕਰਨ ਨੂੰ ਅਸੀਂ ਬੈਠੇ ਆਂ।" ਪਰ ਮੈਥੋਂ ਕਿਹਾ ਨਾ ਜਾਂਦਾ। ਮੈਂ ਜਾਣਦਾ ਹਾਂ ਕਿ ਉਹ ਜਿਉਤੀ ਦਾ ਆਗਿਆਕਾਰੀ ਪੁੱਤ ਹੈ, ਮੇਰਾ ਨਹੀਂ।

ਜਿੰਨਾ ਚਿਰ ਉਸ ਦੇ ਕਮਰੇ ਦੀ ਬੱਤੀ ਨਾ ਬੁਝਦੀ-ਮੈਨੂੰ ਬੁਰੇ-ਬੁਰੇ ਖ਼ਿਆਲ ਤੰਗ ਕਰਦੇ ਰਹਿੰਦੇ। ਮੇਰੀ ਨੀਂਦ ਉਸ ਦੀ ਨੀਂਦ ਨਾਲ ਜੁੜ ਗਈ ਸੀ।

****

ਜਿਉਤੀ ਦੇ ਵਾਰ-ਵਾਰ ਜ਼ੋਰ ਪਾਉਣ 'ਤੇ ਮੈਂ ਡਾ. ਬਵੇਜਾ ਕੋਲ ਗਿਆ ਸੀ। ਡਾਕਟਰ ਨੇ ਕਿਹਾ ਸੀ ਕਿ ਆਪਣੀ ਕੇਸ ਹਿਸਟਰੀ ਦੱਸ। ਮੈਂ ਦੱਸਿਆ ਸੀ..... ਦਫਤਰ ਵਿਚ ਮੈਂ ਡਿਸਪੈਚਰ ਲੱਗਾਂ। ਚਿੱਠੀਆਂ ਦੇ ਨੰਬਰ ਲਾਉਂਦਿਆਂ ਮੇਰੇ ਪੋਟੇ ਦੁੱਖਣ ਲੱਗ ਜਾਂਦੇ। ਸੁਪਰਡੈਂਟ ਨੂੰ ਬੇਨਤੀ ਕੀਤੀ ਕਿ ਲਿਫਾਫੇ ਬੰਦ ਕਰਨ ਲਈ ਇਕ ਹੈਲਪਰ ਦੇ ਦੇਉ। ਪਰ ਉਸ ਦੇ ਕੰਨ 'ਤੇ ਜੂੰ ਨਾ ਸਰਕੀ। ਅੱਗੋਂ ਔਖਾ ਬੋਲਿਆ, "ਤੂੰ ਕੋਈ ਨਵਾਂ ਡਿਸਪੈਚਰ ਲੱਗਾਂ..... ਪਤਾ ਨ੍ਹੀਂ ਕਿਉਂ ਲੋਕਾਂ ਦਾ ਕੰਮ ਕਰਨ ਨੂੰ ਚਿਤ ਹੀ ਨ੍ਹੀਂ ਕਰਦਾ। ਤੈਨੂੰ ਜੀ. ਪੀ. ਐਫ. ਵਿਭਾਗ ਵਿਚ ਨਾ ਲਾ ਦਵਾਂ। ਸਾਰਾ ਦਿਨ ਜਮ੍ਹਾਂ-ਘਟਾਉ ਕਰਦਾ ਰਹੀਂ।" ਮੈਂ ਉਥੋਂ ਖਿਸਕਣ ਦੀ ਕੀਤੀ। ਇਹ ਦੀ ਖੋਪੜੀ ਪੁੱਠੇ ਪਾਸੇ ਚੱਲਣ ਨੂੰ ਹਰ ਵੇਲੇ ਤਿਆਰ ਰਹਿੰਦੀ। ਸਰਕਾਰੀ ਕੰਮ ਜੁ ਹੋਇਆ। ਕੌਣ ਕਿਸੇ ਦੀ ਪ੍ਰਵਾਹ ਕਰਦਾ। ਮੇਰੇ ਵਰਗੇ ਦੀ ਕੌਣ ਸੁਣਦਾ। ਅਗਲੇ ਮਹੀਨੇ ਹੈਲਪਰਾਂ ਦੀ ਇੰਟਰਵਿਊ ਹੋਣੀ ਸੀ। ਢੇਰ ਸਾਰੀਆਂ ਚਿੱਠੀਆਂ ਭੇਜਣੀਆਂ ਪੈਣੀਆਂ ਸਨ। ਹੁਕਮ ਹੋਇਆ ਸੀ, "ਡਾਕ ਵਾਲੀ ਮੇਜ਼ ਨਿਹੰਗਾਂ ਦੇ ਬਾਟੇ ਵਾਂਗੂ ਚਟਮ-ਚਟ ਹੋਣੀ ਚਾਹੀਦੀ।" ਮੈਂ ਖੋਪੇ ਚੜ੍ਹੇ ਝੋਟੇ ਵਾਂਗ ਸਿਰ ਸੁੱਟ ਕੇ ਨੰਬਰ ਤੇ ਨੰਬਰ ਲਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਦਿਨਾਂ 'ਚ ਪਰੂਫਾਂ ਦਾ ਵੀ ਜ਼ੋਰ ਚਲ ਰਿਹਾ ਸੀ। ਹਰ ਰੋਜ਼ ਪੰਜ-ਛੇ ਫਰਮਿਆਂ ਨਾਲ ਇਕ ਚਿੱਟ ਵੀ ਆ ਜਾਂਦੀ- "ਸਵੇਰ ਨੂੰ ਪੜ੍ਹੇ ਹੋਏ ਚਾਹੀਦੇ ਹਨ।" ਮੈਨੂੰ ਆਰਾਮ ਨਾ ਮਿਲਦਾ। ਮਨ 'ਚ ਇਹ ਖ਼ਿਆਲ ਆਉਂਦਾ ਕਿ ਕਿਉਂ ਨਾ ਅੱਧੀਆਂ ਚਿੱਠੀਆਂ ਪਾੜ ਸੁੱਟਾਂ। ਜਿਨ੍ਹਾਂ ਨੂੰ ਰੱਖਣਾ ਸੀ, ਉਨ੍ਹਾਂ ਦੀ ਸਲੈਕਸ਼ਨ ਤਾਂ ਪਹਿਲਾਂ ਹੀ ਹੋ ਚੁੱਕੀ ਸੀ। ਬਾਕੀ ਫਾਰਮਿਲਟੀ ਪੂਰੀ ਕਰਨੀ ਸੀ। ਮੈਂ ਅਫ਼ਸਰਾਂ ਨੂੰ ਟਿਕਾ ਕੇ ਗਾਲ੍ਹਾਂ ਕੱਢਦਾ। ਗਾਲ੍ਹਾਂ ਕੱਢਣ ਨਾਲ ਮੇਰਾ ਸਿਰ ਥਾਂ ਸਿਰ ਹੋ ਜਾਂਦਾ..... । ਡਾਕਟਰ ਮੇਰੇ ਸੱਚ ਬੋਲਣ 'ਤੇ ਹੱਥ 'ਤੇ ਹੱਥ ਮਾਰ ਕੇ ਹੱਸਿਆ। ਮੈਂ ਉਸਦਾ ਸਾਥ ਨਾ ਦਿੱਤਾ। ਡਾਕਟਰ ਨੇ ਕਿਹਾ, "ਚਲੋ-ਅੱਗੇ ਬੋਲੋ।" ਮੈਂ



ਲਗਾਤਾਰ ਦੋ ਘੰਟੇ ਮਨ ਦੀ ਭੜਾਸ ਕੱਢੀ। ਪਰ ਮੈਥੋਂ ਵਿਲਾਬਲ ਬਾਰੇ ਇਕ ਵੀ ਗੱਲ ਨਾ ਕੀਤੀ ਗਈ। ਫੇਰ ਡਾਕਟਰ ਨੇ ਘੰਟੀ 'ਤੇ ਉਂਗਲ ਰੱਖੀ। ਸੇਵਾਦਾਰ ਨੂੰ ਕਿਹਾ ਕਿ ਦੋ ਕੱਪ ਚਾਹ ਦੇ ਬਣਾ ਕੇ ਦੇ ਜਾ। ਮਿੱਠਾ ਘੱਟ ਤੇ ਪੱਤੀ ਤੇਜ਼। ਕੁਰਸੀ ਮੇਰੇ ਸਾਹਮਣੇ ਨੂੰ ਘੁੰਮਾ ਕੇ ਬੋਲਿਆ, "ਹੁਣ ਜੋ-ਜੋ ਮੈਂ ਪੁੱਛਦਾਂ-ਉਹਦਾ ਜੁਆਬ ਦਿਉ। ਤੁਸੀਂ ਕਿਹੜੀ ਅਖ਼ਬਾਰ ਪੜ੍ਹਦੇ ਹੋ?"

"ਜਿਹੜੀ ਵੀ ਦਫ਼ਤਰ ਵਿਚ ਹੱਥ ਲੱਗ ਜੇ।"

"ਕਿਹੜੀਆਂ ਖ਼ਬਰਾਂ ਜ਼ਿਆਦਾ ਪੜ੍ਹਦੇ?"

"ਨੌਜੁਆਨਾਂ ਦੀਆਂ ਆਤਮ-ਹੱਤਿਆਵਾਂ ਦੀਆਂ।"

"ਕਿਉਂ?"

ਮੈਨੂੰ ਕੋਈ ਢੁੱਕਵਾਂ ਜੁਆਬ ਨਾ ਔੜਿਆ।

"ਕਿਤੇ ਤੁਸੀਂ ਵੀ ਆਤਮ-ਹੱਤਿਆ ਕਰਨ ਦੀ ਤਾਂ ਨ੍ਹੀਂ ਸੋਚੀ ਬੈਠੇ?"

"ਨ੍ਹੀਂ, ਅਜਿਹਾ ਵਿਚਾਰ ਮੇਰੇ ਮਨ ਵਿਚ ਕਦੇ ਨ੍ਹੀਂ ਆਇਆ।"

"ਇਹ ਘਟਨਾਵਾਂ ਪੜ੍ਹ ਕੇ ਤੁਹਾਨੂੰ ਕੋਈ ਸਕੂਨ ਮਿਲਦਾ?"

"ਨ੍ਹੀਂ।"

"ਫੇਰ ਕਿਹੋ ਜਿਹਾ ਮਹਿਸੂਸ ਕਰਦੇ ਜੇ?"

"ਮੈਂ ਚਿੰਤੁਤ ਹੋ ਜਾਨਾਂ।"

"ਫਿਲਮੀ ਐਕਟਰੈਸ ਦੀਆਂ ਰੰਗੀਨ ਕਹਾਣੀਆਂ ਪੜ੍ਹਿਆ ਕਰੋ। ਚੁਟਕਲਿਆਂ ਵਾਲੇ ਕਾਲਮ ਵੀ।" ਡਾਕਟਰ ਨੇ ਮੈਨੂੰ ਲਤੀਫ਼ੇ ਸੁਣਾਏ। ਲੁੱਚੇ-ਨੰਗੇ-ਬਹਿਜਾ-ਬਹਿਜਾ ਕਰਦੇ। ਫੇਰ ਉਸ ਨੇ ਮੈਨੂੰ ਸੁਣਾਉਣ ਲਈ ਵੀ ਕਿਹਾ। ਮੈਂ ਚੁੱਪ ਵੱਟੀ ਰੱਖੀ। ਉਹ ਬੋਲਿਆ, "ਤੁਹਾਡੀ ਉਮਰ ਕੋਈ ਬਹੁਤੀ ਨ੍ਹੀਂ..... ਜ਼ਿੰਦਗੀ ਨੂੰ ਰੰਗੀਨ ਬਣਾਓ..... ਲਉ ਇਕ ਹੋਰ ਸੁਣੋ..... ।" ਉਸ ਮੈਨੂੰ ਇੰਨਾ ਹਸਾਇਆ ਕਿ ਢਿੱਡ ਦੁੱਖਣ ਲੱਗ ਪਿਆ। ਇਕ ਹਫਤਾ ਉਹ ਐਦਾਂ ਹੀ ਕਰਾਉਂਦਾ ਰਿਹਾ। ਮੈਂ ਨਾਰਮਲ ਹੁੰਦਾ ਗਿਆ। ਪਰ ਮਹੀਨੇ ਕੁ ਬਾਅਦ ਮੈਨੂੰ ਸੌਣ ਲੱਗਿਆਂ ਟੈਬਲਿਟ ਦੀ ਫੇਰ ਲੋੜ ਪੈਣੀ ਸ਼ੁਰੂ ਹੋ ਗਈ।

****

ਲੱਗਦਾ ਕਿ ਅੱਜ ਫੇਰ ਟੈਬਲਿਟ ਲੈ ਕੇ ਸੌਣਾ ਪਵੇਗਾ।

ਵਿਲਾਬਲ ਜ਼ਰੂਰ ਜਾਗਦਾ ਹੋਣਾ— ਮੇਰੇ 'ਤੇ ਇਹ ਵਿਚਾਰ ਭਾਰੂ ਹੋਣ ਲੱਗਾ।

ਮੈਂ ਉੱਠਿਆ। ਲੋਈ ਦੀ ਬੁੱਕਲ ਮਾਰੀ। ਬਰਾਂਡੇ 'ਚ ਆ ਕੇ ਖੜ੍ਹ ਗਿਆ। ਉਦਾਸ ਗੀਤਾਂ ਦੀ ਕੈਸਿਟ ਲੱਗੀ ਹੋਈ ਸੀ। ਮੇਰਾ ਐਨਾ ਹੀਆ ਨਹੀਂ ਪਿਆ ਕਿ ਮੈਂ ਉਸ ਦੇ ਕਮਰੇ 'ਚ ਚਲੇ ਜਾਵਾਂ। ਪੈਰ ਬਾਥਰੂਮ ਵੱਲ ਵੱਧੇ। ਧਿਆਨ ਉਸ ਦੇ ਕਮਰੇ ਵੱਲ ਰਿਹਾ। ਮੈਥੋਂ ਉਸ



www.PunjabiLibrary.com

ਦੀ ਹਾਲਤ ਦੇਖੀ ਨਹੀਂ ਜਾਂਦੀ। ਐਸ ਉਮਰ 'ਚ ਉਸ ਦਾ ਐਨਾ ਜਾਗਣਾ ਭਿਆਨਕ ਲੱਗਦਾ। ਮੈਂ ਮੁੜ ਬਰਾਂਡੇ ਕੋਲ ਆ ਕੇ ਖੜ੍ਹ ਗਿਆ। ਇਕ ਹੋਰ ਖਿਆਲ ਆਇਆ ਕਿ ਕਿਉਂ ਨਾ ਮੇਨ-ਸਵਿੱਚ ਹੀ ਬੰਦ ਕਰ ਦਵਾਂ। ਜੇ ਉਹ ਜਾਗਦਾ ਹੋਇਆ ਤਾਂ ਜ਼ਰੂਰ ਬੋਲੇਗਾ। ਨਹੀਂ ਤਾਂ ਠੀਕ-ਠਾਕ। ਪਰ ਜੇ ਉਹ ਚੀਕ ਪਿਆ ਤਾਂ ? ਸੋਚਦਿਆਂ ਹੀ ਮੈਨੂੰ ਕੰਬਣੀ ਛਿੜ ਪਈ।

ਮੈਥੋਂ ਉਸ ਦੀ ਚੀਕ ਦਾ ਸਾਹਮਣਾ ਨਹੀਂ ਹੁੰਦਾ।

ਹੋ ਸਕਦਾ ਕਿ ਉਸ ਕੋਲੋਂ ਵੀ ਮੇਰੀ ਚੀਕ ਦਾ ਸਾਹਮਣਾ ਨਾ ਹੁੰਦਾ ਹੋਵੇ।

ਇਸ ਚੀਕ 'ਚ ਮੇਰਾ ਆਪਣਾ ਕਸੂਰ ਵੀ ਹੈ। ਮੈਂ ਇਸ ਗੱਲੋਂ ਕਦੇ ਇਨਕਾਰੀ ਨਹੀਂ ਹੋਇਆ। ਇਨਕਾਰੀ ਹੋਵਾਂ ਵੀ ਕਿਵੇਂ ?

ਹੁਣ ਉਸ ਨੇ ਬੈਂਕ ਤੋਂ ਕਰਜ਼ਾ ਲੈ ਕੇ ਕੌਫੀ ਹਾਊਸ ਖੋਲ੍ਹਣ ਲਈ ਦੁਕਾਨ ਲੱਭ ਲਈ ਸੀ। ਇਸ ਬਾਰੇ ਨਾ ਤਾਂ ਉਸ ਆਪਣੀ ਮੰਮੀ ਨਾਲ ਕੋਈ ਸਲਾਹ ਕੀਤੀ। ਨਾ ਹੀ ਮੈਥੋਂ ਪੁੱਛਿਆ। ਜਿਵੇਂ ਇਸ ਦੀ ਕੋਈ ਲੋੜ ਹੀ ਨਾ ਹੋਵੇ। ਮੈਨੂੰ ਸਿਰਫ਼ ਐਨਾ ਕੁ ਪਤਾ ਸੀ ਕਿ ਉਹ ਮੇਰੇ ਹੁੰਦਿਆਂ ਹੀ ਘਰੋਂ ਚਲੇ ਜਾਂਦਾ। ਮੇਰੇ ਆਉਣ ਤੋਂ ਬਾਅਦ ਖੌਂ-ਪੀਏ ਮੁੜਦਾ। ਆਪਣੇ ਕਮਰੇ 'ਚ ਜਾ ਵੜਦਾ। ਉਹ ਐਨੇ ਅਹਿਸਤੇ ਜਿਹੇ ਗੇਟ ਦਾ ਅਰਲ ਖੋਲ੍ਹਦਾ ਕਿ ਮੈਨੂੰ ਪਤਾ ਹੀ ਨਾ ਲੱਗਦਾ। ਜਿਉਤੀ ਉਸ ਦੇ ਇੰਤਜ਼ਾਰ 'ਚ ਤਾਕੀ ਕੋਲ ਬੈਠੀ ਰਹਿੰਦੀ। ਕਦੋਂ ਉਹ ਆਵੇ ਤੇ ਕਦੋਂ ਉਹ ਉਸ ਨੂੰ ਰੋਟੀ ਖੁਆ ਕੇ ਸੁਰਖਰੂ ਹੋਵੇ। ਅਕਸਰ ਮੈਂ ਉਹ ਨੂੰ ਘੂਰਦਾ, "ਉਹ ਕਿਹੜਾ ਦੁੱਧ ਚੁੰਘਦਾ ਬੱਚਾ। ਜੇ ਭੁੱਖ ਲੱਗੀ ਹੋਊ ਤਾਂ ਆਵਾਜ਼ ਮਾਰ ਲਊ ਜਾਂ ਰਸੋਈ ਵਿਚ ਜਾਕੇ ਖਾ ਲਊ।" ਅਗੋਂ ਉਹ ਕੁਝ ਨਾ ਕਹਿੰਦੀ। ਮੈਨੂੰ ਲੱਗਦਾ ਕਿ ਉਹ ਚੁੱਪ 'ਚ ਵੀ ਇਹ ਕਹਿ ਰਹੀ ਹੁੰਦੀ—'ਆਖਿਰ ਮਾਂ ਹਾਂ।' ਉਹ ਉਸ ਨੂੰ ਰਸੋਈ 'ਚੋਂ ਆਵਾਜ਼ ਮਾਰਦੀ। ਉਹ ਕਹਿੰਦਾ, "ਮੰਮੀ ਜੀ, ਤੁਸੀਂ ਇੱਥੇ ਆ ਜਾਉ।" ਉਹ ਉਸ ਨੂੰ ਪਤਿਆਉਂਦੀ। ਪਰ ਉਹ ਕਮਰੇ 'ਚੋਂ ਬਾਹਰ ਨਾ ਆਉਂਦਾ। ਮੈਨੂੰ ਵਿਲਾਬਲ ਦੇ ਨਾਲ ਨਾਲ ਜਿਉਤੀ 'ਤੇ ਵੀ ਖਿਝ ਆਉਂਦੀ। ਇਸ ਦੇ ਲਾਡ-ਪਿਆਰ ਨੇ ਉਸਨੂੰ ਵਿਗਾੜ ਦਿੱਤਾ ਸੀ। ਅਲਗਰਜ਼ ਕਰ ਦਿੱਤਾ ਸੀ। ਫੇਰ ਮੈਨੂੰ ਇਹ ਵੀ ਝੂਠ ਲੱਗਦਾ। ਉਹ ਤਾਂ ਬਹੁਤ ਮਿਹਨਤ ਕਰ ਰਿਹਾ ਸੀ। ਉਸ ਮੇਰੇ ਗੋਚਰੇ ਕਦੇ ਕੋਈ ਕੰਮ ਨਹੀਂ ਛੱਡਿਆ। ਮੈਨੂੰ ਪਤਾ ਹੀ ਉਦੋਂ ਲੱਗਦਾ ਜਦੋਂ ਉਹ ਮੈਨੂੰ ਸੂਚਿਤ ਕਰਨ ਆਉਂਦਾ। ਉਹ ਹੋਰ ਕੀ ਕਰ ਸਕਦਾ ਸੀ ? ਮੈਂ ਚਾਹੁੰਦਾ ਸੀ ਕਿ ਉਹ ਮੇਰੇ ਕੋਲ ਬੈਠੇ। ਪਰ ਮੈਂ ਜਲਦੀ ਹੀ ਡਰ ਜਾਂਦਾ। ਉਸ ਝੱਟ ਕਹਿ ਦੇਣਾ ਸੀ, "ਤੁਸੀਂ ਪਰੂਫ ਪੜ੍ਹੀ ਜਾਉ।" ਉਸਨੂੰ ਮੇਰੇ ਇਸ ਕੰਮ ਨਾਲ ਅੰਤਾਂ ਦੀ ਚਿੜ ਸੀ। ਨਫ਼ਰਤ ਸੀ। ਇਹ ਜਾਣਦਿਆਂ ਹੋਇਆਂ ਵੀ ਕਿ ਮੈਂ ਇਹ ਆਪਣੀ ਇੱਛਾ ਨਾਲ ਨਹੀਂ ਸਗੋਂ ਘਰ ਦੀ ਘੜੀ-ਮੁੜੀ ਖੜ੍ਹਦੀ ਜਾਂਦੀ ਗੱਡੀ ਨੂੰ ਧੱਕਾ ਲਾਉਣ ਲਈ ਦਿਨ-ਰਾਤ ਇਕ ਕਰ ਰਿਹਾ ਸੀ। ਮੈਂ ਗੱਲਾਂ-ਗੱਲਾਂ 'ਚ ਉਸ ਨੂੰ ਕਈ ਵਾਰੀ ਸਮਝਾਇਆ, "ਤੂੰ ਮੇਰੀ ਸਥਿਤੀ ਨੂੰ ਸਮਝਣ ਦੀ ਕੋਸ਼ਿਸ਼ ਕਿਉਂ ਨ੍ਹੀਂ ਕਰਦਾ। ਤੈਨੂੰ ਪਤਾ—ਮੈਂ ਹਾਊਸ ਬਿਲਡਿੰਗ ਅਡਵਾਂਸ ਲਿਆ ਹੋਇਆ। ਅੱਧੀ ਤਨਖਾਹ ਤਾਂ ਇਹਦੀ ਕਿਸ਼ਤ ਵਿਚ ਕਟੀ ਜਾਂਦੀ। ਅਜੇ ਦੋ ਸਾਲ ਹੋਰ ਔਖਿਆਂ ਨਿਕਲਣੇ। ਮਕਾਨ



ਬਣਾਉਣਾ ਵੀ ਜ਼ਰੂਰੀ ਸੀ। ਇਹ ਤੇਰੇ ਹੀ ਕੰਮ ਆਉਣਾ..... ।" ਉਹ ਲਾਪਰਵਾਹੀ ਨਾਲ ਕਹਿ ਦਿੰਦਾ, "ਇਹ ਤਾਂ ਸਮਾਂ ਦੱਸੇਗਾ।"

ਵਿਲਾਬਲ ਨੇ ਮੇਰੇ ਸਾਹਮਣੇ ਕਾਰਡ ਫੈਲਾ ਕੇ ਕਿਹਾ, "ਦਫਤਰੋਂ ਛੁੱਟੀ ਲੈ ਲਿਉ।"

ਕਾਰਡ 'ਤੇ ਛਪਿਆ ਮੇਰਾ ਆਪਣਾ ਨਾਂ ਹੀ ਮੇਰੇ ਲਈ ਸਵਾਲੀਆ- ਚਿੰਨ੍ਹ ਬਣ ਗਿਆ ਸੀ।

ਜਿਉਤੀ ਤੋਂ ਰਿਹਾ ਨਾ ਗਿਆ, "ਪੁੱਤ -ਤੂੰ ਤਾਂ ਕਮਾਲ ਕਰਤੀ। ਨਾ ਸਲਾਹ..... ।"

"ਮੰਮੀ ਜੀ, ਇਸ 'ਚ ਸਲਾਹ ਲੈਣ ਵਾਲੀ ਕਿਹੜੀ ਗੱਲ ਆ ਵੜੀ। ਇਹ ਮੇਰਾ ਆਪਣਾ ਫੈਸਲਾ।" ਜਿਉਤੀ ਦੀ ਗੱਲ ਨੂੰ ਵਿਚਕਾਰੋਂ ਟੋਕਦਿਆਂ, ਉਹ ਕਾਹਲੀ-ਕਾਹਲੀ ਬੋਲਿਆ।

ਹੁਣ ਉਹ ਆਪਣੇ ਫੈਸਲੇ ਆਪ ਕਰਦਾ ਸੀ। ਉਸ ਨੂੰ ਕਿਸੇ ਦੀ ਦਖ਼ਲ-ਅੰਦਾਜ਼ੀ ਚੰਗੀ ਨਹੀਂ ਲੱਗਦੀ। ਇਸੇ ਕਰਕੇ ਮੈਂ ਇਕ ਹੋਰ ਫਰਮਾ ਚੁੱਕ ਲਿਆ। ਮੈਥੋਂ ਉਸ ਦਾ ਸਾਹਮਣਾ ਨਹੀਂ ਹੁੰਦਾ ਜਾਂ ਮੈਂ ਆਪ ਹੀ ਦੇਖਣਾ ਨਹੀਂ ਚਾਹੁੰਦਾ।

"ਆਉਗੇ ਨਾ....?" ਉਸ ਮੇਰੀ ਚੁੱਪ ਤੋਂ ਉਕਤਾ ਕੇ ਪੁੱਛਿਆ।

"ਕਿਉਂ ਨ੍ਹੀਂ..... ਅਸੀਂ ਨਾ ਆਵਾਂਗੇ ਤਾਂ ਹੋਰ ਕੌਣ ਆਵੇਗਾ।" ਮੈਥੋਂ ਪਹਿਲਾਂ ਹੀ ਜਿਉਤੀ ਨੇ ਕਹਿ ਦਿੱਤਾ ਤੇ ਪੁੱਛਿਆ, "ਹੋਰ ਕੌਣ-ਕੌਣ ਆ ਰਿਹਾ ?"

ਉਸ ਦੇ ਜਾਂਦਿਆਂ ਸਾਰ ਹੀ ਮੈਨੂੰ ਲੱਗਾ ਸੀ ਕਿ ਹੁਣ ਮੈਂ ਇਕ ਬੋਝ ਤੋਂ ਮੁਕਤ ਹੋ ਗਿਆ ਹਾਂ। ਮੇਰੀਆਂ ਨਜ਼ਰਾਂ ਸਾਹਮਣਿਉਂ ਆਪਣੇ ਕੁਲੀਗ ਰਾਮ ਪ੍ਰਕਾਸ਼ ਦਾ ਮੁੰਡਾ ਨਿੰਦਰ ਆ ਗਿਆ। ਉਹ ਕਿੰਨਾ ਸਮਝਦਾਰ ਨਿਕਲਿਆ। ਪਹਿਲਾਂ ਉਸ ਬਜਾਜੀ ਦੀ ਦੁਕਾਨ 'ਤੇ ਸੇਲਜ਼ਮੈਨਸ਼ਿਪ ਕੀਤੀ। ਫੇਰ ਮਾਲ ਉਧਾਰ ਚੁੱਕ ਕੇ ਆਪਣੀ ਦੁਕਾਨ ਪਾ ਲਈ। ਰਾਮ ਪ੍ਰਕਾਸ਼ ਨੂੰ ਪ੍ਰੀਮਿਚਿਊਰ ਰਿਟਾਇਰਮੈਂਟ ਦੁਆ ਕੇ ਦੁਕਾਨ ਦੇ ਕਾਊਂਟਰ 'ਤੇ ਬਿਠਾ ਦਿੱਤਾ। ਹੋ ਸਕਦਾ ਕਿ ਹੁਣ ਵਿਲਾਬਲ ਵੀ ਕਾਮਯਾਬ ਹੋ ਜਾਵੇ। ਜਦੋਂ ਦੀ ਉਸ ਭਾਂਡਿਆਂ ਦੀ ਦੁਕਾਨ ਚੁੱਕੀ ਸੀ, ਮੈਂ ਉਸ ਨੂੰ ਬੇਚੈਨ ਹੀ ਦੇਖਿਆ ਸੀ। ਸ਼ਾਇਦ ਪਹਿਲੀ ਹਾਰ ਨੇ ਹੀ ਉਸ ਦਾ ਲੱਕ ਤੋੜ ਦਿੱਤਾ ਸੀ। ਉਹ ਬੌਖਲਾ ਉਠਿਆ ਸੀ। ਮੈਂ ਜਿਉਤੀ ਨੂੰ ਸਮਝਾਇਆ ਸੀ ਕਿ ਉਸ ਵੱਲ ਉਚੇਚਾ ਧਿਆਨ ਦੇਵੀਂ। ਜਦੋਂ ਵੀ ਉਹ ਪੈਸੇ ਮੰਗਦਾ ਹੈ-ਜਰੂਰ ਦਵੀਂ। ਉਹ ਨੂੰ ਸੁੱਤੇ ਪਏ ਨੂੰ ਨਾ ਉਠਾਲੀਂ। ਉਸ ਨੂੰ ਕੋਲ ਬੈਠਾ ਕੇ ਰੋਟੀ ਖੁਆਈਂ। ਇਨ੍ਹਾਂ ਦਿਨਾਂ 'ਚ ਮੈਂ ਉਸ ਨੂੰ ਆਪਣੇ ਕੋਲ ਬਿਠਾਉਂਦਾ। ਉਸ ਨਾਲ ਸਲਾਹਾਂ ਕਰਦਾ। ਇਕ ਦਿਨ ਮੈਂ ਉਸ ਨੂੰ ਇਹ ਵੀ ਕਿਹਾ ਸੀ ਕਿ ਉਹ ਪਾਸਪੋਰਟ ਬਣਾ ਲਵੇ ਤੇ ਕਿਸੇ ਅਰਬ ਦੇਸ਼ 'ਚ ਚਲਿਆ ਜਾਵੇ। ਉਸ ਮੇਰੀ ਇਸ ਤਜਵੀਜ ਨੂੰ ਰੱਦ ਕਰਦਿਆਂ ਕਿਹਾ ਸੀ, "ਜਿੰਨ੍ਹੇ ਪੈਸੇ ਬਾਹਰ ਜਾਣ ਲਈ ਖਰਚਣੇ-ਉੱਨਿਆਂ ਨਾਲ ਇਥੇ ਕੋਈ ਵੀ ਛੋਟਾ-ਮੋਟਾ ਕੰਮ ਸ਼ੁਰੂ ਕੀਤਾ ਜਾ ਸਕਦਾ।"



www.PunjabiLibrary.com

"ਅੱਛਾ— ਤੂੰ ਕਿਸੇ ਕੰਮ ਬਾਰੇ ਸੋਚਿਆ ?"

"ਕੰਮ ਤਾਂ ਬਥੇਰੇ ਆ।"

"ਫੇਰ ਕੀ ਸੋਚਦਾਂ ?"

"ਕੁਸ਼ ਵੀ ਨ੍ਹੀਂ ?"

"ਪੈਸਿਆਂ ਦੀ ਚਿੰਤਾ ਮੇਰੇ ਲਈ ਛੱਡ ਦੇ।"

"ਤੁਹਾਨੂੰ ਪਤਾ ਆ ਕਿ ਭਾਂਡਿਆਂ ਦੀ ਦੁਕਾਨ 'ਚੋਂ ਤੀਹ ਹਜ਼ਾਰ ਦਾ ਘਾਟਾ ਪਿਆ।" ਐਨਾ ਕਹਿ ਕੇ ਉਹ ਉਠ ਖੜਿਆ ਸੀ। ਫੇਰ ਤਾਂ ਉਹ ਮੈਥੋਂ ਬਚ ਕੇ ਰਹਿਣ ਲੱਗਾ ਸੀ।

ਉਸ ਇਕ ਪ੍ਰੈੱਸ 'ਚ ਇਸ਼ਤਿਹਾਰਬਾਜ਼ੀ ਦਾ ਕੰਮ ਕੀਤਾ। ਮਾਰਕੀਟ ਕਮੇਟੀ 'ਚ ਆਕਰਸ਼ਨ ਰੀਕਾਰਡਰ ਲੱਗਾ। ਪਰ ਉਸ ਦਾ ਮਨ ਕਿਸੇ ਕੰਮ 'ਚ ਨਾ ਖੁੱਭਾ। ਉਹ ਤਾਂ ਆਪਣਾ ਕੰਮ ਸ਼ੁਰੂ ਕਰਨਾ ਚਾਹੁੰਦਾ ਸੀ।

ਜਿੱਦਣ ਦਾ ਉਸ ਕੌਫ਼ੀ ਹਾਊਸ ਖੋਲ੍ਹਿਆ ਸੀ—ਉੱਦਣ ਦਾ ਉਹ ਖ਼ੁਸ਼-ਖ਼ੁਸ਼ ਰਹਿਣ ਲੱਗਾ ਸੀ। ਆਪਣੀ ਮੰਮੀ ਕੋਲ ਰਸੋਈ 'ਚ ਆ ਬੈਠਦਾ। ਉਸ ਨੂੰ ਦੱਸਦਾ, "ਸਮਝ ਲਉ-ਮੇਰਾ ਕੰਮ ਚੱਲ ਹੀ ਪਿਆ। ਦੋ ਮੁੰਡੂ ਰੱਖੇ। ਪੰਜ-ਪੰਜ ਸੌ 'ਚ। ਦੋ ਹਜ਼ਾਰ ਕਿਰਾਏ ਦਾ ਹੋ ਗਿਆ। ਬਾਕੀ ਪੰਜ ਸੱਤ ਸੌ ਬਿਜਲੀ ਦਾ ਖਰਚਾ। ਮੈਂ ਬੜਾ ਕੁਸ਼ ਸੋਚ ਸਮਝ ਕੇ ਇਹ ਦੁਕਾਨ ਲੱਭੀ ਸੀ। ਇਹ ਨੂੰ ਤਿੰਨ ਪਾਸਿਉਂ ਸੜਕ ਲੱਗਦੀ। ਲੋਕ ਸ਼ਾਮ ਨੂੰ ਇਧਰੋਂ ਦੀ ਲੰਘਦੇ। ਪਿਛਲੇ ਮਹੀਨੇ ਮੈਨੂੰ ਤਿੰਨ ਹਜ਼ਾਰ ਬਚਿਆ ਸੀ। ਇਹ ਤਾਂ ਸ਼ੁਰੂਆਤ ਆ। ਨਾਨਾ ਜੀ ਨੇ ਮੈਨੂੰ ਸਮਝਾਇਆ ਸੀ ਕਿ ਪਹਿਲੇ ਸਾਲ ਦੁਕਾਨ ਤੁਹਾਨੂੰ ਖਾਂਦੀ ਆ। ਫੇਰ ਤੁਸੀਂ ਦੁਕਾਨ ਨੂੰ ਖਾਂਦੇ ਹੋ..... ਮੈਂ ਹੋਰ ਕੰਮ ਵਧਾਉਣ ਦੀ ਸੋਚ ਰਿਹਾਂ......ਡਰਾਈ-ਫਰੂਟ ਰੱਖਿਆ ਜਾ ਸਕਦਾ। ਕਿਤੋਂ ਪੰਜਾਹ ਹਜ਼ਾਰ ਦਾ ਜੁਗਾੜ ਕਰਦਾਂ। ਕਿਸੇ ਕੋਲੋਂ ਵਿਆਜੂ ਪੈਸੇ ਫੜੇ ਜਾ ਸਕਦੇ....।" ਵਿਚ-ਵਿਚਾਲੇ ਉਹ ਚਿੰਤੁਤ ਹੋ ਜਾਂਦਾ। ਇਸ ਗੱਲੋਂ ਡਰਦਾ ਕਿ ਕਿਤੇ ਕੋਈ ਹੋਰ ਕੌਫੀ-ਹਾਊਸ ਨਾ ਖੁੱਲ੍ਹ ਜਾਵੇ। ਜਿਵੇਂ ਉਦੋਂ ਦੋ ਭਾਂਡਿਆਂ ਦੀਆਂ ਦੁਕਾਨਾਂ ਖੁੱਲ੍ਹ ਗਈਆਂ ਸਨ। "ਲੱਗਦਾ ਤਾਂ ਨ੍ਹੀਂ..... ਪਰ ਫੇਰ ਵੀ ਕੀ ਪਤਾ ਲੱਗਦਾ..... ਮੈਂ ਤੁਹਾਨੂੰ ਸਟੈਂਡ ਕਰ ਕੇ ਦਿਖਾਲੂੰ।"

ਉਹ ਮੇਰੇ ਕਮਰੇ 'ਚ ਵੀ ਗੇੜਾ ਮਾਰ ਜਾਂਦਾ। ਕਹਿੰਦਾ, "ਤੁਸੀਂ ਵੇਲੇ ਸਿਰ ਸੌਂ ਜਾਇਆ ਕਰੋ।"

ਉਸ ਦੇ ਕਮਰੇ ਦੀ ਟਿਊਬ ਮਸਾਂ ਅੱਧਾ ਘੰਟਾ ਜਗਦੀ।

ਉਨ੍ਹੀਂ ਦਿਨੀਂ ਮੈਨੂੰ ਭਰਵੀਂ ਨੀਂਦ ਆਉਣ ਲੱਗੀ ਸੀ।

ਪਰ ਇਹ ਸਿਰਫ਼ ਕੁਝ ਮਹੀਨਿਆਂ ਦੀ ਹੀ ਖੇਡ ਰਹੀ ਸੀ।

ਜਦੋਂ ਦੀ ਉਸ ਨੇ ਭਾਂਡਿਆਂ ਦੀ ਦੁਕਾਨ ਚੁੱਕੀ ਸੀ, ਪਹਿਲੀ ਵਾਰ ਮੈਥੋਂ ਪੈਸੇ



ਮੰਗੇ ਸਨ, "ਡੈਡੀ ਜੀ- ਮੈਨੂੰ ਦੋ ਹਜ਼ਾਰ ਮਿਲ ਸਕਦਾ ? ਮੈਂ ਵੀਹ ਤਰੀਕ ਤਕ ਬੈਂਕ ਦੀ ਕਿਸ਼ਤ ਦੇਣੀ ਆ।"

"ਕਲ੍ਹ ਨੂੰ ਲੈ ਲਈਂ।" ਮੈਂ ਕਿਹਾ ਸੀ। ਉਹ ਉਨ੍ਹੀਂ ਪੈਰੀਂ ਹੀ ਆਪਣੇ ਕਮਰੇ 'ਚ ਚਲਾ ਗਿਆ ਸੀ।

ਉਂਝ ਵੀ ਉਹ ਮੇਰੇ ਨਾਲ ਇਕ ਅੱਧ ਗੱਲ ਕਰਦਾ ਤੇ ਆਪਣੇ ਕਮਰੇ 'ਚ ਚਲਾ ਜਾਂਦਾ। ਸਾਡੀ ਗੱਲ ਹਾਂ ਜਾਂ ਨਾਂਹ 'ਚ ਹੀ ਮੁਕ ਜਾਂਦੀ। ਦਰਅਸਲ ਮੇਰੇ ਕੋਲ ਉਸ ਨਾਲ ਸਲਾਹੀਂ ਪੈਣ ਦਾ ਸਮਾਂ ਹੀ ਨਹੀਂ ਹੁੰਦਾ ਸੀ। ਉਹ ਕਿਸੇ ਕੰਮ 'ਚ ਮੈਥੋਂ ਸਲਾਹ ਪੁੱਛਦਾ ਤਾਂ ਮੈਂ ਝੱਟ ਕਹਿ ਦਿੰਦਾ," ਆਪਣੀ ਮੰਮੀ ਨੂੰ ਪੁੱਛ ਲੈ।" ਜੇ ਉਹ ਪੈਸੇ ਮੰਗਦਾ ਤਾਂ ਵੀ ਮੇਰਾ ਇਹੋ ਜਿਹਾ ਹੀ ਜੁਆਬ ਹੁੰਦਾ। ਦਫ਼ਤਰੋਂ ਮੁੜਦਾ ਤਾਂ ਮੇਜ਼ 'ਤੇ ਪਏ ਪਰੂਫ ਮੇਰਾ ਇੰਤਜ਼ਾਰ ਕਰਦੇ। ਜਿਉਤੀ ਚਾਹ ਦਾ ਗਿਲਾਸ ਰੱਖ ਜਾਂਦੀ। ਅੱਗੇ-ਪਿੱਛੇ ਕੋਈ ਘਰੇਲੂ ਗੱਲ ਛੇੜਦੀ ਤਾਂ ਮੇਰੀਆਂ ਨਜ਼ਰਾਂ ਗਲਤੀਆਂ ਮਾਰਕ ਕਰਨ 'ਤੇ ਲੱਗੀਆਂ ਰਹਿੰਦੀਆਂ। ਮੈਂ ਹੂੰ-ਹਾਂ-ਅੱਛਾ-ਜਾਂ ਜਿਵੇਂ ਤੁਹਾਨੂੰ ਚੰਗਾ ਲੱਗਦਾ ਜਾਂ ਜਿਵੇਂ ਤੂੰ ਚੰਗਾ ਸਮਝਦੀ ਹੈਂ- ਕਰ ਲੈ- ਕਹਿ ਕੇ ਪਿੱਛਾ ਛੁਡਾਉਣ ਦੀ ਕਰਦਾ। ਮੇਰੀ ਇਕਾਗਰਤਾ ਤਾਂ ਪਰੂਫ ਪੜ੍ਹਨ 'ਤੇ ਕੇਂਦਰਤ ਰਹਿੰਦੀ। ਜੇ ਕਿਤੇ ਸੀ ਕਾਪੀ ਰਹਿ ਜਾਂਦੀ ਤਾਂ ਅਗਲੇ ਦਿਨ ਚਿੱਟ 'ਤੇ ਲਿਖਿਆ ਆ ਜਾਂਦਾ, "ਬੱਗਾ ਜੀ-ਥੋੜ੍ਹਾ ਧਿਆਨ ਦਿਉ-ਨ੍ਹੀਂ ਤਾਂ ਅੱਗੇ ਤੋਂ ਪਰੂਫ ਨ੍ਹੀਂ ਭੇਜਣੇ...।"

ਉਦੋਂ ਵਿਲਾਬਲ ਅੱਠਵੀਂ 'ਚ ਪੜ੍ਹਦਾ ਸੀ, ਜਦੋਂ ਉਹ ਸਮਰੀ ਯਾਦ ਕਰਦਾ-ਕਰਦਾ ਮੇਰੇ ਕੋਲ ਆਇਆ। ਕੁਝ ਔਖੇ ਵਾਕਾਂ ਦੇ ਅਰਥ ਪੁੱਛਣ ਲੱਗਾ। ਮੈਂ ਦੱਸ ਦਿੱਤੇ। ਉਹ ਫੇਰ ਆਇਆ, ਜੋ ਉਸ ਪੁੱਛਿਆ-ਮੈਂ ਸਮਝਾ ਦਿੱਤਾ। ਤੀਜੀ ਵਾਰੀ ਆਇਆ ਤਾਂ ਮੈਂ ਚੀਕ ਪਿਆ,"ਮੈਨੂੰ ਕੰਮ ਵੀ ਕਰਨ ਦੇਵੇਂਗਾ ਕਿ ਨ੍ਹੀਂ ?" ਪਤਾ ਨਹੀਂ ਮੇਰੀ ਚੀਕ ਕਿੰਨੀ ਭਿਆਨਕ ਸੀ ਕਿ ਜਿਉਤੀ ਦੌੜੀ-ਦੌੜੀ ਆਈ। ਡੌਰ-ਭੌਰ ਖੜ੍ਹੀ ਸਾਡੇ ਦੋਹਾਂ ਵੱਲ ਦੇਖਣ ਲੱਗੀ। ਉਸ ਮੈਥੋਂ ਕੁਝ ਨਾ ਪੁੱਛਿਆ। ਵਿਲਾਬਲ ਨੂੰ ਬਾਹੋਂ ਫੜ੍ਹ ਕੇ ਰਸੋਈ ਵਿਚ ਲੈ ਗਈ। ਉਸ ਨੂੰ ਸਮਝਾਇਆ, "ਇਹਨਾਂ ਨੂੰ ਕੰਮ ਕਰਨ ਦੇ। ਕੰਮ ਨਿਬੜ ਗਿਆ ਤਾਂ ਵੇਲੇ ਸਿਰ ਸੌਣ ਵਾਲੇ ਬਣਨਗੇ......। ਸਿਆਣੇ ਬਣੀਦਾ ਹੁੰਦਾ।"

ਉਹ ਸਿਆਣਾ ਬਣ ਗਿਆ। ਉਸ ਆਪਣੀਆਂ ਕਿਤਾਬਾਂ ਬੈਠਕ 'ਚ ਲੈ ਜਾ ਰੱਖੀਆਂ। ਉਥੇ ਹੀ ਸੌਣ ਲੱਗਾ। ਉਹ ਆਪਣੀ ਮੰਮੀ ਕੋਲ ਆ ਬੈਠਦਾ। ਮੇਰੇ ਕੋਲ ਨਾ ਆਉਂਦਾ। ਮੇਰੇ ਕੋਲ ਇੰਨੀ ਵਿਹਲ ਨਾ ਹੁੰਦੀ ਕਿ ਮੈਂ ਉਸ ਕੋਲ ਜਾ ਬੈਠਾਂ ਜਾਂ ਉਸ ਨੂੰ ਆਪਣੇ ਕੋਲ ਬੁਲਾ ਲਵਾਂ। ਪਰੂਫ ਮੁੱਕਦੇ ਤਾਂ ਅਨੁਵਾਦ ਦਾ ਕੰਮ ਆ ਜਾਂਦਾ। ਰਿਵੀਜ਼ਨ ਲਈ ਕਿਤਾਬਾਂ ਆ ਜਾਂਦੀਆਂ।

ਇਹ ਗੱਲ ਵੀ ਨਹੀਂ ਸੀ ਕਿ ਮੈਂ ਉਸ ਨੂੰ ਆਪਣੇ ਕੋਲ ਬਿਠਾਉਣਾ ਨਹੀਂ ਚਾਹੁੰਦਾ ਸੀ। ਮੇਰੀ ਤਾਂ ਇਹੋ ਇੱਛਾ ਸੀ ਕਿ ਉਹ ਪੜ੍ਹੇ। ਜ਼ਿਆਦਾ ਨਹੀਂ ਤਾਂ ਕਿਸੇ ਦਫ਼ਤਰ 'ਚ ਆਡੀਟਰ ਹੀ ਲੱਗ ਜਾਵੇ। ਮੈਂ ਆਪ ਹੋਰ ਔਖਾ ਹੋ ਲੈਂਦਾ। ਪਰ ਉਸ ਨੂੰ ਤੰਗ ਨਾ ਰਹਿਣ



www.PunjabiLibrary.com

ਦਿੰਦਾ। ਉਸੇ ਲਈ ਤਾਂ ਐਨੀ ਮਿਹਨਤ ਕਰ ਰਿਹਾ ਸੀ। ਦਸ ਕੁ ਵਜੇ ਮੈਨੂੰ ਚਾਹ ਦੀ ਤਲਬ ਲੱਗਦੀ। ਮੈਂ ਰਸੋਈ 'ਚ ਜਾਂਦਾ। ਉਹ ਦੇ ਕਮਰੇ ਦਾ ਬਾਹਰੋਂ ਹੀ ਅੰਦਾਜ਼ਾ ਲਾਉਂਦਾ ਕਿ ਉਹ ਪੜ੍ਹਦਾ ਜਾਂ ਸੁੱਤਾ ਪਿਆ। ਜੇ ਪੜ੍ਹਦਾ ਹੁੰਦਾ ਤਾਂ ਮੈਂ ਉਸ ਨਾਲ ਚਾਹ ਦੀ ਸੁਲਾਹ ਮਾਰਦਾ। ਉਸ ਨੂੰ ਵੀ ਮੇਰੇ ਵਾਂਗ ਚਾਹ ਦੀ ਤਲਬ ਲੱਗਦੀ। ਮੈਂ ਕੱਪਾਂ 'ਚ ਚਾਹ ਪਾ ਕੇ ਉਸ ਕੋਲ ਜਾ ਬੈਠਦਾ। ਉਹ ਆਪਣੀਆਂ ਨਜ਼ਰਾਂ ਕਿਤਾਬ 'ਤੇ ਕੇਂਦਰਤ ਕਰੀ ਰੱਖਦਾ। ਜਿੰਨਾ ਕੁ ਮੈਂ ਪੁੱਛਦਾ- ਬੱਸ ਉੱਨਾ ਕੁ ਉਹ ਜਵਾਬ ਦਿੰਦਾ।

ਦਫਤਰ ਜਾਂਦਿਆਂ-ਜਾਂਦਿਆਂ ਕਈ ਵਾਰ ਮੇਰਾ ਧਿਆਨ ਉਸ ਵੱਲ ਚਲੇ ਜਾਂਦਾ। ਮੈਨੂੰ ਲੱਗਦਾ ਕਿ ਮੇਰੇ ਤੇ ਉਸ ਵਿਚਕਾਰ ਦੂਰੀ ਵਧ ਰਹੀ ਹੈ। ਇਹ ਚੰਗੀ ਗੱਲ ਨਹੀਂ ਸੀ। ਉਸੇ ਦਿਨ ਮੈਂ ਬਾਜ਼ਾਰ ਜਾਂਦਾ। ਉਸ ਲਈ ਕੋਈ ਨਾ ਕੋਈ ਗਿਫ਼ਟ ਖਰੀਦ ਲਿਆਉਂਦਾ। ਬੱਚਾ ਸੀ-ਉਹ ਖ਼ੁਸ਼ ਹੋ ਜਾਂਦਾ। ਮੈਨੂੰ ਘੁੱਟ ਕੇ ਜੱਫ਼ੀ ਪਾ ਲੈਂਦਾ। ਕਹਿੰਦਾ, "ਡੈਡੀ ਜੀ-ਤੁਸੀਂ ਕਿੰਨੇ ਚੰਗੇ ਹੋ!"

ਮੈਂ ਛੇਤੀ ਹੀ ਚੰਗੇ ਤੋਂ ਬੁਰਾ ਬਣ ਗਿਆ ਸੀ। ਉਸ ਦੀ ਮੈਟ੍ਰਿਕ 'ਚੋਂ ਸੈਕਿੰਡ ਡਵੀਜ਼ਨ ਆਈ ਸੀ। ਮੈਂ ਇਸ ਦੀ ਵਜ੍ਹਾ ਪੁੱਛੀ ਤਾਂ ਉਸ ਦਾ ਖਿਝ-ਭਰਿਆ ਜੁਆਬ ਸੀ, "ਤੁਹਾਨੂੰ ਕੀ? ਮੇਰੇ ਲਈ ਤੁਹਾਡੇ ਕੋਲ ਸਮਾਂ ਹੀ ਕਿਥੋਂ ਹੁੰਦਾ।" ਮੇਰੇ ਮਨ 'ਚ ਆਇਆ ਸੀ ਕਿ ਖਿੱਚ ਕੇ ਉਸਦੇ ਮੂੰਹ 'ਤੇ ਚਪੇੜ ਮਾਰਾਂ। ਆਪੇ ਅਕਲ ਆ ਜਾਊਗੀ। ਪਰ ਮੈਂ ਆਪਣੇ ਆਪ ਨੂੰ ਸੰਭਾਲ ਲਿਆ ਸੀ। ਬੱਚਾ ਸੀ। ਹੌਲੀ-ਹੌਲੀ ਅਕਲ-ਦਾੜ੍ਹ ਆਵੇਗੀ। ਉਹ ਆਪਣੇ ਕਮਰੇ ਵੱਲ ਦੌੜ ਗਿਆ ਸੀ। ਮੈਨੂੰ ਉਸ ਦੀ ਇਸ ਖਿਝ ਦਾ ਪਤਾ ਸੀ। ਉਸ ਨੂੰ ਇਸ ਗੱਲ ਦਾ ਗੁੱਸਾ ਸੀ ਕਿ ਮੈਂ ਉਸ ਦੇ ਰਿਜ਼ਲਟ ਦਾ ਪਤਾ ਪਹਿਲਾਂ ਕਿਉਂ ਨਹੀਂ ਲਾਇਆ ਜਿਵੇਂ ਕਿ ਹੋਰ ਮਾਪਿਆਂ ਨੇ ਲਾਇਆ ਸੀ। ਜੇ ਡਵੀਜ਼ਨ ਨਹੀਂ ਬਣਦੀ ਸੀ ਤਾਂ ਉਸ ਨੂੰ ਫੇਲ੍ਹ ਕਰਵਾਇਆ ਜਾ ਸਕਦਾ ਸੀ। ਉਹ ਅਗਲੇ ਸਾਲ ਚੰਗੇ ਨੰਬਰ ਲੈ ਲੈਂਦਾ। ਉਹ ਨੂੰ ਇਹ ਪਤਾ ਸੀ ਕਿ ਮੇਰੇ ਪ੍ਰਕਾਸ਼ਕ ਦੇ ਸਿੱਖਿਆ ਬੋਰਡ ਵਾਲਿਆਂ ਨਾਲ ਚੰਗੇ ਸੰਬੰਧ ਹਨ। ਐਨਾ ਕੁ ਕੰਮ ਆਸਾਨੀ ਨਾਲ ਕਰਵਾਇਆ ਜਾ ਸਕਦਾ ਸੀ। ਮੈਨੂੰ ਆਪਣੀ ਗ਼ਲਤੀ 'ਤੇ ਪਛਤਾਵਾ ਹੋਇਆ ਸੀ। ਮੈਂ ਉਸ ਦੇ ਕਮਰੇ 'ਚ ਜਾ ਕੇ ਕਿਹਾ ਸੀ, "ਕੋਈ ਨਾ ਪੁੱਤਰਾ! ਅਗਾਂਹ ਡਟ ਕੇ ਮਿਹਨਤ ਕਰੀਂ।"

ਉਸ ਸੈਕਿੰਡ ਡਵੀਜ਼ਨ 'ਚ ਗਰੈਜੂਏਸ਼ਨ ਕੀਤੀ। ਨੌਕਰੀ ਲਈ ਅਪਲਾਈ ਕਰਦਾ ਰਿਹਾ। ਇਕ ਸਾਲ। ਦੋ ਸਾਲ। ਤੀਜੇ ਸਾਲ 'ਚ ਮੈਂ ਉਸ ਨੂੰ ਆਪਣੇ ਪ੍ਰੋਵੀਡੈਂਟ ਫੰਡ 'ਚੋਂ ਪੈਸੇ ਕੱਢਵਾ ਕੇ ਭਾਂਡਿਆਂ ਦੀ ਦੁਕਾਨ ਪਵਾ ਦਿੱਤੀ। ਉਦੋਂ ਮੈਂ ਕਾਹਲੀ ਕਰ ਗਿਆ ਸੀ। ਮੈਥੋਂ ਉਸ ਦਾ ਵਿਹਲੇ ਬੈਠਣਾ ਜਰਿਆ ਨਹੀਂ ਗਿਆ ਸੀ। ਮੈਂ ਇਹ ਵੀ ਚਾਹਿਆ ਸੀ ਕਿ ਹੋਰ ਨਹੀਂ ਤਾਂ ਉਹ ਪਰੂਫ-ਰੀਡਿੰਗ ਹੀ ਸਿੱਖ ਲਵੇ। ਰੋਟੀ-ਪਾਣੀ ਜੋਗਾ ਹੋ ਜਾਵੇਗਾ। ਪਰ ਉਸ ਦੇ ਨੱਕ ਹੇਠ ਇਹ ਕੰਮ ਨਾ ਆਇਆ। ਇੱਕ-ਅੱਧ ਵਾਰ ਜ਼ੋਰ ਪਾ ਕੇ ਕਿਹਾ ਤਾਂ ਉਸ ਦਾ ਜੁਆਬ ਸੀ, "ਇਸ ਕੰਮ ਨਾਲੋਂ ਤਾਂ ਖੂਹ ਵਿਚ ਛਾਲ ਮਾਰਨੀ ਚੰਗੀ।" ਦੁਕਾਨ ਚੱਲ ਪਈ। ਦਫਤਰੋਂ ਮੁੜਦਾ ਹੋਇਆ ਮੈਂ ਉਸ ਵੱਲ ਗੇੜਾ ਮਾਰਦਾ। ਖੜ੍ਹਾ-ਖੜ੍ਹਾ ਹੀ ਮੁੜਨ ਦੀ ਕਰਦਾ।



ਉਦੋਂ ਮੇਰੀ ਇਹ ਕੋਸ਼ਿਸ਼ ਹੁੰਦੀ ਸੀ ਕਿ ਛੇਤੀ-ਛੇਤੀ ਘਰ ਅਪੱੜਿਆ ਜਾਵੇ ਤੇ ਦੋ ਘੜੀਆਂ ਸੁਸਤਾ ਲਿਆ ਜਾਵੇ। ਇਹੋ ਸਮਾਂ ਮੇਰੇ ਆਰਾਮ ਦਾ ਹੁੰਦਾ ਸੀ। ਇਸੇ ਸਮੇਂ ਉਸ ਦੀ ਦੁਕਾਨ 'ਤੇ ਗ੍ਰਾਹਕ ਆਉਂਦੇ ਸਨ। ਸੱਤ ਵਜਦੇ ਤਾਂ ਸ਼ੱਸ਼ੀ ਪਰੂਫਾਂ ਦਾ ਬੰਡਲ ਮੇਰੇ ਵੱਲ ਉਛਾਲਦਾ ਹੋਇਆ ਕਹਿੰਦਾ, "ਬੱਗਾ ਸਾਹਿਬ-ਲਉ-ਪੜ੍ਹੋ। ਜਿੰਨੇ ਪੜ੍ਹੇ ਗਏ ਠੀਕ। ਬਾਕੀ ਕਲ੍ਹ ਤਾਈਂ ਨਬੇੜ ਦਿਉ। ਬਹੁਤ ਅਰਜੈਂਟ ਨੇ। ਦੇਖਿਉ-ਘੁੱਗੀ ਨਾ ਮਾਰਿਉ। ਅੱਜ ਕਲ੍ਹ ਸਖਤੀ ਚਲ ਰਹੀ......।" ਉਦੋਂ ਮੈਂ ਸਭ ਕੁਝ ਭੁੱਲ ਜਾਂਦਾ। ਮੈਨੂੰ ਰੋਟੀ ਦਾ ਚਿੱਤ-ਚੇਤਾ ਨਾ ਰਹਿੰਦਾ। ਮੇਰੀ ਇਹੀ ਕੋਸ਼ਿਸ਼ ਹੁੰਦੀ ਕਿ ਸੌਣ ਤੋਂ ਪਹਿਲਾਂ ਜ਼ਿਆਦਾ ਤੋਂ ਜ਼ਿਆਦਾ ਫਰਮੇ ਪੜ੍ਹ ਲਏ ਜਾਣ। ਜਿਉਤੀ ਰੋਟੀ ਲਈ ਆਵਾਜ਼ਾਂ ਮਾਰਦੀ। ਮੈਂ ਉਸ ਨੂੰ ਇੱਥੇ ਹੀ ਲਿਆਉਣ ਲਈ ਜ਼ੋਰ ਦਿੰਦਾ। ਉਹ ਚਾਹੁੰਦੀ ਸੀ ਕਿ ਅਸੀਂ ਪਿਉ-ਪੁੱਤ ਇਕੱਠੇ ਹੀ ਬੈਠ ਕੇ ਰੋਟੀ ਖਾਈਏ। ਮੈਂ ਉਸ ਦੇ ਇਸ ਸੁਝਾਅ ਵੱਲ ਕਦੇ ਧਿਆਨ ਨਾ ਦਿੱਤਾ। ਉਹ ਆਪਣੀ ਗੱਲ ਜ਼ੋਰ ਨਾਲ ਨਾ ਮੰਨਵਾਉਂਦੀ ਕਿਉਂ ਜੁ ਮੇਰੇ ਇਸ ਕੰਮ ਨਾਲ ਉਹ ਥੋੜ੍ਹਾ ਕੁ ਖੁੱਲ੍ਹਾ ਖਰਚ ਕਰ ਲੈਂਦੀ ਸੀ। ਦਸੰਬਰ-ਜਨਵਰੀ 'ਚ ਕੰਮ ਘੱਟ ਜਾਂਦਾ। ਉਹ ਮੈਨੂੰ ਯਾਦ ਕਰਾਉਣ ਦੇ ਲਹਿਜੇ ਨਾਲ ਕਹਿੰਦੀ, "ਤੁਸੀਂ ਜਸਪਾਲ ਨੂੰ ਟੈਲੀਫੋਨ ਕਰਿਉ। ਹੁਣ ਤਾਂ ਨਵਾਂ ਸੀਜ਼ਨ ਸ਼ੁਰੂ ਹੋ ਗਿਆ।"

ਵਿਲਾਬਲ ਦੁਕਾਨ ਬੰਦ ਕਰਕੇ ਸਿੱਧਾ ਘਰੇ ਆਉਂਦਾ। ਮੇਰੇ ਕੋਲ ਬੈਠਦਾ। ਦੱਸਦਾ ਕਿ ਅੱਜ ਕਿੰਨੀ ਵਿਕਰੀ ਹੋਈ। ਕਿੰਨੇ ਪੈਸੇ ਬਚੇ। ਉਹਦੀ ਪਹਿਲਾਂ ਇਹ ਕੋਸ਼ਿਸ਼ ਹੁੰਦੀ ਕਿ ਕਿਰਾਏ ਦੇ ਪੈਸੇ ਪੂਰੇ ਹੋ ਜਾਣ। ਜਲਦੀ ਹੀ ਕਿਰਾਏ ਦੇ ਪੈਸੇ ਵੀ ਪੂਰੇ ਹੋਣੋਂ ਹੱਟ ਗਏ। ਦਿਨ-ਤਿਉਹਾਰ 'ਤੇ ਵਿਕਰੀ ਚੰਗੀ ਹੋ ਜਾਂਦੀ। ਮਗਰੋਂ ਮੰਦੇ ਦਾ ਦੌਰ ਸ਼ੁਰੂ ਹੋ ਜਾਂਦਾ। ਇਸੇ ਦੌਰਾਨ ਉਸ ਦੇ ਸੁਭਾਅ 'ਚ ਚਿੜਚਿੜਾਪਨ ਆਉਣ ਲੱਗਾ। ਉਹ ਮੇਰੇ ਮੱਥੇ ਲੱਗਣੋਂ ਵੀ ਗੁਰੇਜ਼ ਕਰਨ ਲੱਗਾ। ਮੈਂ ਆਪ ਬੁਲਾ ਲਵਾਂ ਤਾਂ ਠੀਕ। ਨਹੀਂ ਤਾਂ ਉਹ ਮੇਰੇ ਕਮਰੇ ਵੱਲ ਮੂੰਹ ਨਾ ਕਰਦਾ।

ਕਿਰਾਇਆ, ਬਿਜਲੀ ਦਾ ਬਿਲ ਤੇ ਹੋਰ ਖਰਚੇ ਜਦੋਂ ਦੁਕਾਨ 'ਚੋਂ ਨਿਕਲਣੇ ਔਖੇ ਹੋ ਗਏ ਤਾਂ ਉਸ ਆਪਣੀ ਮੰਮੀ ਨੂੰ ਕਿਹਾ, "ਹੁਣ ਮੈਨੂੰ ਦੁਕਾਨ ਬੰਦ ਕਰ ਦੇਣ ਵਿਚ ਹੀ ਫ਼ਾਇਦਾ ਦਿੱਸਦਾ।"

"ਅਜੇ ਤਾਂ ਇਹਨੂੰ ਖੋਲ੍ਹਿਆਂ ਤਿੰਨ ਸਾਲ ਵੀ ਨ੍ਹੀਂ ਹੋਏ।" ਜਿਉਤੀ ਨੇ ਉਸ ਨੂੰ ਸਮਝਾਇਆ, "ਦੁਕਾਨ ਨਾਲ ਤੇਰਾ ਅੱਗਾ ਜੁੜਿਆ।"

"ਮੰਮੀ ਜੀ—ਮੈਨੂੰ ਪਤਾ— ਇਹ ਦੁਕਾਨ ਨ੍ਹੀਂ ਚਲਣੀ। ਤੁਸੀਂ ਪੁੱਛੋ—ਕਿਉਂ? ਬਾਜ਼ਾਰ ਵੜਦਿਆਂ ਭਾਂਡਿਆਂ ਦੀਆਂ ਦੋ ਹੋਰ ਦੁਕਾਨਾਂ ਖੁੱਲ੍ਹ ਗਈਆਂ। ਉਨ੍ਹਾਂ ਵਿਚ ਸਾਮਾਨ ਦੀਆਂ ਬਹੁਤ ਸਾਰੀਆਂ ਵਰੈਟੀਆਂ ਪਈਆਂ। ਮੇਰੀ ਦੁਕਾਨ ਵਿਚ ਘੱਟੋ ਘੱਟ ਚਾਲੀ ਪੰਜਾਹ ਹਜ਼ਾਰ ਦਾ ਮਾਲ ਪੈਣਾ ਚਾਹੀਦਾ। ਦੱਸੋ! ਇੰਨੇ ਪੈਸੇ ਮੈਨੂੰ ਕੌਣ ਦੇ ਸਕਦਾ?"

"ਤੂੰ ਥੋੜ੍ਹਾ-ਥੋੜ੍ਹਾ ਕਰਕੇ ਮਾਲ ਪਾਈ ਜਾ।"

"ਹਫ਼ਤੇ ਵਿਚ ਮੈਂ ਦੋ ਵਾਰ ਮਾਰਕੀਟ ਜਾਣਾਂ। ਪੁਰਾਣਾ ਪਿੱਤਲ ਵੇਚਣ। ਨਵਾਂ



www.PunjabiLibrary.com

ਲੈਣ। ਇਸ ਨਾਲ ਕੁਸ਼ ਨ੍ਹੀਂ ਬਣਦਾ। ਬਹੁਤਾ ਫਰਕ ਨ੍ਹੀਂ ਪੈਂਦਾ। ਅੱਜ ਕਲ੍ਹ ਕੰਮ ਪੈਸਿਆਂ ਨਾਲ ਚਲਦੇ। ਖੁੱਲ੍ਹੇ ਪੈਸੇ ਹੋਣ। ਦੁਕਾਨ ਭਰੀ-ਭਰੀ ਲੱਗੇ। ਗ੍ਰਾਹਕ ਆਪੇ ਦੌੜੇ ਆਉਂਦੇ।"

ਦੀਵਾਲੀ ਤੋਂ ਬਾਅਦ ਉਸ ਦੁਕਾਨ ਨੂੰ ਤਾਲਾ ਲਾ ਦਿੱਤਾ।

****

ਵਿਲਾਬਲ ਨੇ ਕੈਸਿਟ ਬਦਲੀ। ਉਹ ਜਾਗਦਾ ਪਿਆ ਸੀ। ਜਿਉਤੀ ਵੀ ਉਠ ਕੇ ਬੈਠ ਗਈ।

"ਇਕ ਵਜ ਚੱਲਿਆ—ਉਹਨੂੰ ਨੀਂਦ ਨ੍ਹੀਂ ਆਉਂਦੀ ?" ਮੈਂ ਚਿੰਤਾਗ੍ਰਸਤ ਹੋਇਆਂ ਪੁੱਛਿਆ।

"ਪਤਾ ਨ੍ਹੀਂ ਕੀ-ਕੀ ਸੋਚਦਾ ਰਹਿੰਦਾ ?"

"ਐਸ ਉਮਰੇ ਤਾਂ ਨੀਂਦ ਹੱਲਾ ਕਰਕੇ ਆਉਣੀ ਚਾਹੀਦੀ।"

"ਹੂੰ।"

ਜਦੋਂ ਉਹ 'ਹੂੰ' ਕਹਿੰਦੀ ਸੀ ਤਾਂ ਉਸ ਕੋਲੋਂ ਆਪਣੀ ਗੱਲ ਜਾਰੀ ਰੱਖਣੀ ਔਖੀ ਹੋ ਜਾਂਦੀ ਸੀ। ਉਸ ਨੂੰ ਕੁਝ ਚਿਰ ਚੁੱਪ ਰਹਿਣਾ ਪੈਂਦਾ ਸੀ। ਮੈਂ ਉਸ ਦੀ ਚੁੱਪ ਨੂੰ ਪੜ੍ਹਣ ਲੱਗਾ।

"ਤੁਸੀਂ ਵਿਲਾਬਲ ਤੂੰ ਆਪਣੇ ਵਾਲੇ ਡਾਕਟਰ ਨੂੰ ਦਿਖਾ ਕੇ ਦੇਖ ਲਉ," ਕਹਿ ਉਸ ਨਜ਼ਰਾਂ ਮੇਰੇ ਚਿਹਰੇ 'ਤੇ ਗੱਡ ਦਿੱਤੀਆਂ।

"ਡਾਕਟਰ ਵੀ ਚੰਗਾ ਕਹੂ। ਪਹਿਲਾਂ ਪਿਉ ਦਵਾਈ ਖਾ ਰਿਹਾ। ਹੁਣ ਪੁੱਤ ਦੀ ਵਾਰੀ ਆ ਗਈ।" ਮੈਨੂੰ ਹਾਸਾ ਆ ਗਿਆ।

ਜਿਉਤੀ ਨੂੰ ਮੇਰਾ ਹੱਸਣਾ ਚੰਗਾ ਨਾ ਲੱਗਿਆ। ਉਸ ਨੇ ਮੇਰੇ ਵੱਲ ਦੇਖਿਆ, ਜਿਵੇਂ ਕਹਿ ਰਹੀ ਹੋਵੇ—ਜਨਾਬ ਇਸ ਵਿਚ ਹੱਸਣ ਵਾਲੀ ਕਿਹੜੀ ਗੱਲ ਹੈ।

ਉਸ ਕਿਹਾ, "ਤੁਹਾਨੂੰ ਉਸ ਨੂੰ ਨਾਲ ਲੈ ਕੇ ਜਾਣਾ ਚਾਹੀਦਾ। ਤੁਹਾਨੂੰ ਵੀ ਫਾਇਦਾ ਹੋਇਆ ਆ ਨਾ।"

ਮੈਂ ਉਸ ਦੀ ਗੱਲ ਮੰਨ ਲਈ। ਕਿਹਾ, "ਤੂੰ ਚਾਹ ਬਣਾ ਕੇ ਲਿਆ। ਵਿਲਾਬਲ ਲਈ ਵੀ ਬਣਾ ਲਿਆਈਂ।"

ਉਹ ਝੱਟ ਉਠੀ। ਚਾਹ ਬਣਾਉਣ ਚਲੀ ਗਈ। ਮੇਰਾ ਧਿਆਨ ਵਿਲਾਬਲ ਵੱਲ ਚਲਾ ਗਿਆ। ਇਕੋ ਇਕ ਮੁੰਡਾ ਹੈ। ਕੁੜੀਆਂ ਆਪਣੋ-ਆਪਣੇ ਘਰੀਂ ਸੁੱਖੀ ਵਸਦੀਆਂ ਹਨ। ਬੱਸ ਮੈਨੂੰ ਉਸ ਦੀ ਚਿੰਤਾ ਰਹਿੰਦੀ। ਮੇਰੇ ਰਿਟਾਇਰ ਹੋਣ ਤੋਂ ਪਹਿਲਾਂ-ਪਹਿਲਾਂ ਸੈੱਟ ਹੋ ਜਾਵੇ। ਤੇ ਫੇਰ ਵਿਆਹ।

ਜਿਉਤੀ ਨੇ ਚਾਹ ਦੇ ਕੱਪ ਲਿਆ ਕੇ ਮੇਰੇ ਕੋਲ ਰੱਖ ਦਿੱਤੇ। ਉਹ ਰਾਤ ਨੂੰ ਚਾਹ



ਨਹੀਂ ਪੀਂਦੀ। ਮੇਰੀ ਵੀ ਬੜੀ ਭੈੜੀ ਆਦਤ ਹੈ। ਚਾਹ ਮਿਲ ਜਾਵੇ ਤਾਂ ਦਸ ਮਿੰਟਾਂ ਬਾਅਦ ਨੀਂਦ ਆ ਜਾਂਦੀ।

ਮੈਂ ਦੋਵੇਂ ਕੱਪ ਚੁੱਕ ਕੇ ਵਿਲਾਬਲ ਦੇ ਕਮਰੇ ਵੱਲ ਜਾਂਦਿਆਂ-ਜਾਂਦਿਆਂ ਇਕ ਹੋਰ ਫ਼ੈਸਲਾ ਕਰ ਲਿਆ ਸੀ। ਇਹ ਉਸ ਨੂੰ ਦੱਸਾਂਗਾ। ਉਹ ਖ਼ੁਸ਼ ਹੋ ਜਾਵੇਗਾ। ਮੈਂ ਆਪਣੇ ਪ੍ਰੋਵੀਡੈਂਟ ਫੰਡ 'ਚੋਂ ਆਖਿਰੀ ਪੰਜਾਹ ਹਜ਼ਾਰ ਰੁਪਏ ਕੱਢਵਾ ਕੇ ਉਸ ਨੂੰ ਦਵਾਂਗਾ ਤਾਂ ਜੋ ਉਹ ਆਪਣੇ ਕੌਫੀ-ਹਾਊਸ ਦੀ ਹੋਰ ਗੈਟ-ਅਪ ਵਧਾ ਲਵੇ।

ਮੈਂ ਪੈਰ ਨਾਲ ਉਸ ਦੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ। ਉਸ ਠੋਡੀ ਤਕ ਰਜਾਈ ਲਈ ਹੋਈ ਸੀ। ਉਸ ਦੇ ਸੱਜੇ ਪਾਸੇ ਪਾੜੇ ਹੋਏ ਕਾਗਜ਼ਾਂ ਦੀ ਢੇਰੀ ਪਈ ਸੀ। ਉਸ ਦੁਕਾਨ ਦਾ ਲੇਖਾ-ਜੋਖਾ ਕੀਤਾ ਹੋਣਾ।

ਮੇਰੇ ਵੱਲ ਦੇਖ ਕੇ ਉਸ ਨੇ ਕੰਧ ਨਾਲ ਢੋਅ ਲਾ ਲਈ। ਬੋਲਿਆ,"ਮੇਰਾ ਕੱਪ ਥੱਲੇ ਰੱਖ ਦਿਉ। ਤੁਸੀਂ ਅਜੇ ਤਾਈਂ ਜਾਗਦੇ ਪਏ ਸੀ ? ਸੌਰੀ ! ਮੈਨੂੰ ਖਿਆਲ ਹੀ ਨ੍ਹੀਂ ਸੀ ਰਿਹਾ। ਮੈਨੂੰ ਐਨੀ ਉੱਚੀ ਆਵਾਜ਼ ਨ੍ਹੀਂ ਛੱਡਣੀ ਚਾਹੀਦੀ ਸੀ। ਸੌਰੀ—ਡੈਡੀ ਜੀ— ਰੀਅਲੀ ਸੌਰੀ।"

ਉਹ ਉੱਠੇ, ਇਸ ਤੋਂ ਪਹਿਲਾਂ ਹੀ ਮੈਂ ਆਵਾਜ਼ ਘੱਟ ਕਰ ਦਿੱਤੀ। ਆਪਣਾ ਕੱਪ ਸੰਭਾਲ ਕੇ ਬੈੱਡ 'ਤੇ ਬੈਠਣ ਲਈ ਕੰਬਲ ਪਰ੍ਹਾਂ ਨੂੰ ਕੀਤਾ। ਉਸ ਕਾਹਲੀ-ਕਾਹਲੀ ਕਿਹਾ, "ਨ੍ਹੀਂ, ਤੁਸੀਂ ਆਪਣੇ ਕਮਰੇ ਵਿਚ ਚਲੇ ਜਾਉ। ਪਲੀਜ਼ ਲੀਵ ਮੀ ਅਲੋਨ — ਤੁਸੀਂ ਤਾਂ ਸੌਂ ਸਕਦੇ ਹੋ—ਜਾਉ—ਸੌਂ ਜਾਉ.....।"

ਮੇਰੇ ਕੋਲ ਆਪਣੇ ਕਮਰੇ 'ਚ ਵਾਪਸ ਆਉਣ ਤੋਂ ਸਿਵਾਇ ਕੋਈ ਦੂਜਾ ਬਦਲ ਨਹੀਂ ਰਿਹਾ ਸੀ।



www.PunjabiLibrary.com

# ਸੌਰੀ

ਸੌਰੀ..... ਸੌਰੀ..... ਸੌਰੀ..... ਚੀਕਣ ਤੋਂ ਸਿਵਾਏ ਮੇਰੇ ਕੋਲ ਕੋਈ ਹੋਰ ਚਾਰਾ ਰਿਹਾ ਹੀ ਨਹੀਂ ਸੀ। ਮੈਥੋਂ ਇਹ ਬਰਦਾਸ਼ਤ ਨਹੀਂ ਹੋਇਆ ਸੀ। ਆਖਿਰ ਕਹਿਣ/ਸੁਣਨ ਦੀ ਵੀ ਕੋਈ ਸੀਮਾ ਹੁੰਦੀ ਹੈ। ..... ਨਹੀਂ..... ਨਹੀਂ। ਇਸ ਨੂੰ ਮੇਰੀ ਕਮਜ਼ੋਰੀ ਨਹੀਂ ਕਿਹਾ ਜਾ ਸਕਦਾ। ਬੁਜ਼ਦਿਲੀ ਵੀ ਨਹੀਂ। ਐਨੀ ਜਲਦੀ ਕੋਈ ਕਿਵੇਂ ਨਿਰਣੇ ਲੈ ਸਕਦਾ। ਮੁਮਕਿਨ ਨਹੀਂ। ਬਿਲਕੁਲ ਨਹੀਂ। ਹੋ ਹੀ ਨਹੀਂ ਸਕਦਾ। ਮੈਂ ਨਹੀਂ ਮੰਨਦਾ। ਨਿਰਣੇ ਲੈਣਾ ਕੋਈ ਗੁੱਡੇ-ਗੁੱਡੀ ਦੇ ਵਿਆਹ ਜਿਹਾ ਨਹੀਂ ਹੁੰਦਾ। ਸੋਚਣਾ ਪੈਂਦਾ। ਵਿਚਾਰਨਾ ਪੈਂਦਾ। ਵਿਚਰਨਾ ਤੇ ਵਿਚਾਰਣਾ। ਦੋਵੇਂ ਹੀ ਸਮਝੋ।

ਉਸ ਦਿਨ ਨਾ ਤਾਂ ਮੈਂ ਸੋਚਣ ਦੇ ਮੂਡ 'ਚ ਸੀ। ਨਾ ਹੀ ਵਿਚਾਰਣ ਦੇ। ਵਿਹਲਾ ਸੀ। ਕੋਈ ਖ਼ਾਸ ਕੰਮ ਨਹੀਂ ਸੀ। ਕਿਤੇ ਜਾਣ ਦਾ ਕੋਈ ਪ੍ਰੋਗਰਾਮ ਨਹੀਂ ਸੀ। ਮਨ ਸ਼ਾਂਤ ਸੀ। ਘਰ 'ਚ ਸੁੱਖ-ਸ਼ਾਂਤੀ ਹੋਵੇ। ਦਫ਼ਤਰੀ ਕੰਮ ਠੀਕ ਠਾਕ ਚੱਲ ਰਿਹਾ ਹੋਵੇ ਤਾਂ ਨੀਂਦ ਗੂੜ੍ਹੀ ਆਉਂਦੀ ਹੈ। ਚਿੱਤ ਵੀ ਟਿਕਾਣੇ ਸਿਰ ਰਹਿੰਦਾ ਹੈ। ਪਿੰਡ ਗਿਆਂ ਦੋ-ਢਾਈ ਮਹੀਨੇ ਹੋ ਗਏ ਸਨ। ਪਿੰਡੋਂ ਵੀ ਕੋਈ ਆਇਆ/ਗਿਆ ਨਹੀਂ ਸੀ। ਨਵੰਬਰ ਦੇ ਆਖ਼ਰੀ ਦਿਨ ਸਨ। ਠੰਢ ਕੋਈ ਬਹੁਤੀ ਨਹੀਂ ਸੀ। ਧੁੱਪ 'ਚ ਬੈਠਣਾ ਤੇ ਉਹ ਵੀ ਸਵੇਰੇ-ਸਵੇਰੇ ਚੰਗਾ ਲੱਗਦਾ। ਲੋਈ ਦੀ ਬੁੱਕਲ ਮਾਰੀ, ਚੜ੍ਹਦੀ ਧੁੱਪ 'ਚ ਨਿੱਘ ਮਹਿਸੂਸ ਹੁੰਦਾ। ਸ਼ਨੀਵਾਰ ਸੀ। ਮੈਂ ਅਖ਼ਬਾਰ ਲੈ ਕੇ ਛੱਤ 'ਤੇ ਆ ਗਿਆ। ਸਾਡੇ ਵਾਲੀ ਲਾਈਨ ਦੇ ਕੁਆਟਰਾਂ ਪਿੱਛੇ ਖੇਤ ਪੈਂਦੇ ਹਨ। ਹਰਿਆਲੀ ਨਾਲ ਭਰਪੂਰ। ਮੱਠੀ-ਮੱਠੀ ਵਗਦੀ ਹਵਾ 'ਚ ਸਰ੍ਹੋਂ ਦੇ ਅੱਧ-ਪਚੱਦੇ ਖਿੜੇ ਫੁੱਲਾਂ ਦੀ ਖੁਸ਼ਬੂ ਰਲੀ ਹੋਈ ਸੀ। ਇਕ ਤਰ੍ਹਾਂ ਦਾ ਨਸ਼ਾ ਵੰਡਦੀ ਹੋਈ। ਮੇਰੇ ਸਾਹਮਣੇ ਦੂਰ ਤਾਈਂ ਖੇਤ ਫੈਲੇ ਹੋਏ ਸਨ। ਮੈਂ ਕੁਆਟਰਾਂ ਵੱਲ ਪਿੱਠ ਕਰਦੇ ਬਨੇਰੇ 'ਤੇ ਇਕ ਪੈਰ ਟਿਕਾ ਕੇ ਖੜ੍ਹਾ ਸੀ। ਕਹਿ ਲਉ ਜਾਂ ਸਮਝ ਲਉ-ਲੁਤਫ਼ ਲੈ ਰਿਹਾ ਸੀ। ਇਸ ਸਮੇਂ ਬੰਦਾ ਕੁਝ ਨਹੀਂ ਸੋਚ ਸਕਦਾ। ਬੱਸ ਦੇਖਦਾ ਹੈ। ਦੇਖੀ ਹੀ ਜਾਂਦਾ ਹੈ। ਕੁਦਰਤ। ਹਰਿਆਲੀ। ਮੇਰੀ ਸਥਿਤੀ ਕੁਝ ਇਹੋ ਜਿਹੀ ਸੀ। ਮੈਂ ਛੱਤ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਜਾਂਦਾ। ਨੀਵੀਂ ਪਾਈ ਹੀ ਮੁੜ ਪੈਂਦਾ। ਸਾਹਮਣੇ ਫੈਲੀ ਖ਼ੁਸ਼ਬੂ ਨੇ ਮੈਨੂੰ ਆਪਣੇ ਕਲਾਵੇ 'ਚ ਲੈ ਰੱਖਿਆ



ਸੀ। ਅਨੰਦ ਭਰਪੂਰ। ਕਿੰਨੇ ਸਾਲਾਂ ਤੋਂ ਮੇਰੇ ਅੰਦਰ ਜਮ੍ਹਾਂ ਹੋਈ ਚੰਮ ਦੀ ਬਦਬੂ 'ਤੇ ਇਹ ਭਾਰੂ ਹੋ ਗਈ। ਹਵਾ ਵਿਚ ਸਮੋਈ ਇਸ ਤਾਜ਼ਗੀ ਨੇ ਮੈਨੂੰ ਆਲੇ-ਦੁਆਲੇ ਦੀ ਸੁੱਧ ਨਹੀਂ ਰਹਿਣ ਦਿੱਤੀ ਸੀ।

"ਲੱਧੜ ਸਾਹਿਬ, ਮਾਰਨਿੰਗ ਵਾਕ ਹੋਈ ਜਾਂਦੀ ?" ਸੱਜੇ ਪਾਸਿਉਂ ਸ਼ਰਮੇ ਨੇ ਆ ਪੁੱਛਿਆ।

"ਬੱਸ ਉਦਾਂ ਹੀ..... ।" ਮੇਰੀ ਉਸ ਵੱਲ ਪਿੱਠ ਸੀ।

"ਸਿੱਧਾ ਕਹੋ ਨਾ, ਤਾਜ਼ੀ ਹਵਾ ਦਾ ਮਜ਼ਾ ਲੈ ਰਹੇ ਹੋ।"

ਮੈਂ ਇਹ ਨੂੰ ਪਸੰਦ ਨਹੀਂ ਕਰਦਾ। ਇਹ ਬਹੁਤ ਗਾਲੜੀ ਹੈ। ਇਕ ਵਾਰੀ ਕੋਈ ਗੱਲ ਸ਼ੁਰੂ ਕਰ ਲਵੇ, ਫੇਰ ਇਸ ਤੋਂ ਪੱਲਾ ਛਡਾਉਣਾ ਬਹੁਤ ਔਖਾ। ਕਈ ਵਾਰ ਮੈਂ ਹੁੰਗਾਰਾ ਦੇਣੋਂ ਵੀ ਹਟ ਜਾਣਾਂ। ਇਹਨੂੰ ਇਸ ਨਾਲ ਫਰਕ ਨਹੀਂ ਪੈਂਦਾ। ਇਸ ਦੇ ਲਈ ਐਨਾ ਹੀ ਕਾਫ਼ੀ ਹੁੰਦਾ ਕਿ ਮੈਂ ਇਹ ਦੇ ਕੋਲ ਖੜਾ ਹਾਂ।

ਅੱਜ ਫੇਰ ਮੈਂ ਇਹ ਦੀ ਗ੍ਰਿਫ਼ਤ 'ਚ ਆ ਗਿਆਂ।

"ਲਉ ਜੀ-ਆਹ ਜਿਹੜੀ ਡੀ.ਐਸ. ਫੋਰ ਦੀ ਸੈਨਾ ਬਣ ਗਈ ਆ ਨਾ-ਆ ਹੀ- ਕਾਸ਼ੀ-ਮਾਇਆਵਤੀ ਵਾਲੀ-ਇਹਨੇ ਜਾਤ-ਪਾਤ ਦਾ ਵਖਰੇਵਾਂ ਹੋਰ ਵਧਾ ਦਿੱਤਾ— ਲੋਕ ਜਾਤ-ਪਾਤ ਭੁੱਲ ਚੱਲੇ ਸੀ— ਪਰ ਆਹ ਜਿਹੜੀ ਵੋਟਾਂ ਦੀ ਰਾਜਨੀਤੀ ਆ— ਇਹ ਆਪਣੀਆਂ ਚਾਲਾਂ ਚਲਦੀ ਰਹਿੰਦੀ— ਤੁਸੀਂ ਪੁੱਛੋ—ਕਿਵੇਂ—ਮੈਂ ਤੁਹਾਨੂੰ ਆਪਣੇ ਦਫ਼ਤਰ ਦੀ ਇਕ ਘਟਨਾ..... ?"

ਸ਼ਰਮੇ ਦੀ ਗੱਲ ਦੀ ਲੜੀ ਅਗਾਂਹ ਤੁਰਦੀ, ਉਦੋਂ ਹੀ ਬਣਵੈਤ ਦੇ ਕੁਆਟਰ ਵੱਲੋਂ ਸ਼ੋਰ ਉਠਿਆ। ਇਹ ਸ਼ੋਰ ਕਦੇ ਉੱਚਾ ਹੋ ਜਾਂਦਾ। ਕਦੇ ਮੱਧਮ। ਮੈਂ ਤੇ ਸ਼ਰਮਾ ਬਨੇਰੇ ਕੋਲ ਆ ਕੇ ਖੜ ਗਏ।

"ਇਕ ਵਾਰ ਫੇਰ ਆਖ ਤਾਂ..... ," ਬੰਤੀ ਸ਼ੇਰਨੀ ਬਣੀ ਵਾਰ-ਵਾਰ ਇਹੋ ਕਹਿ ਰਹੀ ਸੀ। ਮੈਂ ਉਸ ਨੂੰ ਕਦੇ ਐਦਾਂ ਗੁੱਸੇ 'ਚ ਨਹੀਂ ਦੇਖਿਆ। ਆਪਣੇ ਕੁਆਟਰ ਅੱਗੇ ਖੜ੍ਹੀ ਉਹ ਝਈਆਂ ਲੈ-ਲੈ ਕੇ ਮਿਸਿਜ਼ ਸਿੰਘ ਵੱਲ ਤੇਜ਼ੀ ਨਾਲ ਜਾਂਦੀ। ਤਿੰਨ ਕੁ ਫੁੱਟ ਦਾ ਫਾਸਲਾ ਰੱਖਦੀ। ਫੇਰ ਜਿਥੇ ਪਹਿਲਾਂ ਖੜੀ ਸੀ, ਉਥੇ ਮੁੜ ਆ ਖੜਦੀ। ਜਿਵੇਂ ਅਗਾਂਹ ਕੋਈ ਲਛਮਣ ਰੇਖਾ ਉਕਰੀ ਹੋਵੇ, ਜਿਸ ਨੂੰ ਨਾ ਤਾਂ ਮਿਸਿਜ਼ ਸਿੰਘ ਤੇ ਨਾ ਹੀ ਉਹ ਪਾਰ ਕਰਨਾ ਚਾਹੁੰਦੀ ਹੋਵੇ। ਕਲਪਦੀ-ਬੋਲਦੀ ਦੀ ਚੁੰਨੀ ਦਾ ਇਕ ਲੜ ਧਰਤੀ ਨਾਲ ਘਿਸੜਨ ਲੱਗ ਜਾਂਦਾ। ਚੁੰਨੀ ਸੂਤ-ਬਾਤ ਕਰਦਿਆਂ ਉਸ ਦਾ ਗੁੱਸਾ ਸੱਤ ਆਸਮਾਨੀਂ ਜਾ ਚੜ੍ਹਦਾ।

ਮੈਂ ਹੈਰਾਨ ਸੀ ਕਿ ਬਹੁਤ ਹੀ ਧੀਮੀ ਆਵਾਜ਼ 'ਚ ਬੋਲਣ ਵਾਲੀ ਬੰਤੀ ਦਾ ਕੜ ਕਿਵੇਂ ਪਾਟ ਗਿਆ ਸੀ।

"ਇਕ ਵਾਰ ਕੀ, ਮੈਂ ਤਾਂ ਸੌ ਵਾਰ ਕਹੂੰ, ਤੇਰਾ ਮੁੰਡਾ ਚੋਰ..... ।" ਮਿਸਿਜ਼ ਸਿੰਘ



www.PunjabiLibrary.com

ਨੇ ਫੇਰ ਮੋੜਵਾਂ ਜੁਆਬ ਦਿੱਤਾ। ਉਹ ਆਪਣੇ ਕੁਆਟਰ ਅਗੇ ਲਾਈ ਸਬਜ਼ੀ ਦੀਆਂ ਕਿਆਰੀਆਂ ਤੋਂ ਦੋ ਫੁਟ ਅਗਾਂਹ ਖੜੀ ਸੀ। ਸੱਜੇ ਤੇ ਖੱਬੇ ਪਾਸੇ ਉਸ ਦੇ ਬੱਚੇ ਖੜੇ ਸਨ। ਉਸ ਨੂੰ ਵਾਰ-ਵਾਰ ਅਗਾਂਹ ਜਾਣ ਤੋਂ ਰੋਕਦੇ। ਚੁੱਪਚਾਪ। ਇਵੇਂ ਲੱਗਦਾ ਸੀ ਜਿਵੇਂ ਉਹ ਉਸ ਦੀ ਹਿਫਾਜ਼ਤ ਲਈ ਖੜੇ ਸਨ। ਨਾ ਤਾਂ ਉਹ ਇਹ ਚਾਹੁੰਦੇ ਸਨ ਕਿ ਉਨ੍ਹਾਂ ਦੀ ਮੰਮੀ ਬੰਤੀ ਨਾਲ ਹੱਥੋਪਾਈ ਹੋਵੇ। ਨਾ ਹੀ ਬੰਤੀ ਨੂੰ ਇਸ ਪਾਸੇ ਆਉਣ ਦੇਣਾ ਚਾਹੁੰਦੇ ਸਨ।

ਛੁੱਟੀ ਦਾ ਦਿਨ ਸੀ। ਮਿਸਿਜ਼ ਸਿੰਘ ਕੋਲ ਕੋਈ ਕੰਮ ਨਹੀਂ ਸੀ। ਉਹ ਬਰੇਕ-ਫਾਸਟ ਕਰ ਚੁੱਕੇ ਸਨ। ਬੱਚਿਆਂ ਨੂੰ ਸਕੂਲ ਵਾਲੀ ਵੈਨ ਨੇ ਲੈ ਜਾਣਾ ਸੀ।

"ਦੇਖੋ ਭਰਾ ਜੀ, ਆਹ ਜਿਹੜੀ ਨਿੱਕਰ ਇਹ ਦੇ ਕੁਸ਼ ਲੱਗਦੇ ਦੇਸੇ ਨੇ ਪਾਈ ਹੈ ਨਾ, ਇਹ ਮੇਰੇ ਜਸਪਾਲ ਦੀ ਹੈ," ਮਿਸਿਜ਼ ਸਿੰਘ ਨੇ ਕੋਲ ਆ ਖੜੇ ਬਣਵੈਤ ਨੂੰ ਦੱਸਿਆ।

"ਕਿਉਂ ਝੂਠ ਬੋਲਣ 'ਤੇ ਲੱਕ ਬੰਨ੍ਹ ਲਿਆ। ਇਹ ਤਾਂ ਮੈਂ ਪਿਛਲੇ ਐਤਵਾਰ ਸਾਇਨਪਾਇਲ ਸਿਨਮੇ ਕੋਲ ਲੱਗੀ ਸੇਲ 'ਚੋਂ ਪੰਦਰਾਂ ਰੁਪਈਆਂ ਦੀ ਖਰੀਦ ਕੇ ਲਿਆਂਦੀ। ਜੇ ਮੇਰੇ ਆਖੇ ਦਾ ਇਤਬਾਰ ਨ੍ਹੀਂ ਆਉਂਦਾ ਤਾਂ ਹੁਣੇ ਚੱਲ ਮੇਰੇ ਨਾਲ। ਉਥੇ ਅਜੇ ਵੀ ਸੇਲ ਲੱਗੀ।" ਬੰਤੀ ਨੇ ਆਪਣੀ ਸਫਾਈ ਦਿੱਤੀ।

"ਕੁੱਤੀਏ!..... ਰੱਬ ਨੂੰ ਜਾਨ ਦੇਣੀ.....!" ਮਿਸਿਜ਼ ਸਿੰਘ ਹਫਦੀ ਹੋਈ ਬੋਲੀ।

ਮਿਸਿਜ਼ ਸਿੰਘ ਦੇ 'ਕੁੱਤੀਏ' ਕਹਿਣ ਦੀ ਦੇਰ ਸੀ ਕਿ ਬੰਤੀ ਉਸ ਵੱਲ ਸਨਤੋੜ ਦੌੜੀ। ਲੱਗਦਾ ਸੀ ਜਿਵੇਂ ਉਸ ਦੀ ਬਰਦਾਸ਼ਤ ਕਰਨ ਦੀ ਸ਼ਕਤੀ ਖ਼ਤਮ ਹੋ ਗਈ ਸੀ। ਉਹ ਮਿਸਿਜ਼ ਸਿੰਘ ਦੇ ਬਿਲਕੁਲ ਲਾਗੇ ਚਲੇ ਗਈ, ਫੇਰ ਕੁਝ ਸੋਚ ਕੇ ਪਿੱਛੇ ਹਟ ਗਈ। ਉਹ ਦੋਵੇਂ ਜੋ ਮੂੰਹ 'ਚ ਆਇਆ, ਬੋਲਦੀਆਂ ਗਈਆਂ। "ਆ ਮੇਰੇ ਪੇਅ ਦੀਏ ਕੁਸ਼ ਲੱਗਦੀਏ—ਹਰਾਮ ਦੀ ਮਾਰ—ਚਗਲ —ਆਪਣੇ ਆਪ ਨੂੰ ਵੱਡੀ ਸਤੀ-ਸਵਿਤਰੀ ਸਮਝਦੀ—ਮੈਂ ਤੈਥੋਂ ਕੀ ਲੈਣਾ—ਜਦੋਂ ਮੰਗਣ ਆਈ—ਬਾਹੋਂ ਫੜ ਕੇ ਬਾਹਰ ਕੱਢ ਦਈਂ—ਮੈਂ ਤੈਨੂੰ ਭਜਨ ਸਿਹੁੰ ਵਾਲੀ ਗੱਲ ਯਾਦ ਕਰਵਾਵਾਂ ਯਾਦ ਆ ਨਾ ਸਾਰੀ ਉਮਰ ਲੋਕਾਂ ਦਾ ਗੂੰਹ ਮੂਤ ਚੁੱਕਣ ਵਾਲੀ....." ਕੁਆਟਰਾਂ ਦੀਆਂ ਖਿੜਕੀਆਂ, ਦਰਵਾਜ਼ਿਆਂ 'ਚ ਖੜੀਆਂ ਔਰਤਾਂ ਹੱਸ-ਹੱਸ ਕੇ ਚੁੰਨੀਆਂ ਮੂੰਹ 'ਚ ਲੈਣ ਲੱਗੀਆਂ। ਕਈ ਇਹ ਕਿਆਸ ਲਾਉਣ ਲੱਗੀਆਂ ਸਨ ਕਿ ਕੀ ਮਿਸਿਜ਼ ਸਿੰਘ ਬੰਤੀ ਦਾ ਮੁਕਾਬਲਾ ਕਰ ਵੀ ਸਕੇਗੀ? ਜਾਂ ਨਹੀਂ?

ਸ਼ਰਮੇ ਨੇ ਮੈਨੂੰ ਇਸ਼ਾਰਾ ਕੀਤਾ। ਅਸੀਂ ਦੋਵੇਂ ਹੇਠਾਂ ਉਤਰ ਆਏ। ਲੜਾਈ ਸਾਡੇ ਕੁਆਟਰਾਂ ਤੋਂ ਪੰਜਾਹ ਕੁ ਫੁਟ ਅਗੇ ਚੱਲ ਰਹੀ ਸੀ।

"ਬੰਤੀ ਦੇ ਮੁੰਡੇ ਦੀ ਸ਼ਕਲ ਜਮਾਂ ਈ ਚੋਰਾਂ ਵਰਗੀ ਲੱਗਦੀ," ਸਾਨੂੰ ਕੋਲ ਆਉਂਦਿਆਂ ਦੇਖ ਤਿਵਾੜੀ ਨੇ ਕਿਹਾ।

"ਹੋ ਸਕਦਾ," ਸ਼ਰਮੇ ਨੇ ਇਸ ਗੱਲ ਦੀ ਅੱਧ-ਮੰਨੇ ਮਨ ਨਾਲ ਹਾਮੀ ਭਰੀ।

"ਸ਼ਰਮਾ ਸਾਹਿਬ, ਤੁਸੀਂ ਵੀ ਕੀ ਗੱਲ ਕਰ ਰਹੇ ਹੋ। ਹੋ ਸਕਦਾ ਨ੍ਹੀਂ, ਹੈ। ਤੁਸੀਂ



ਪੁੱਛੋ ਕਿਵੇਂ? ਮੈਂ ਸਬੂਤ ਪੇਸ਼ ਕਰ ਸਕਦਾਂ। ਜਮਾਂ ਈ ਖਰੇ ਸਬੂਤ।" ਤਿਵਾੜੀ ਇਕ ਤਰ੍ਹਾਂ ਨਾਲ ਸਾਨੂੰ ਰੋਕ ਕੇ ਹੀ ਖੜ੍ਹ ਗਿਆ। ਜਿਵੇਂ ਉਸ ਆਪਣੀ ਗੱਲ ਮੰਨਵਾਉਣ ਲਈ ਢੇਰ ਸਾਰੇ ਸਬੂਤ ਇਕੱਠੇ ਕੀਤੇ ਹੋਏ ਸਨ।

"ਕਿੱਦਾਂ?" ਆਪਣੇ ਆਪ ਨੂੰ ਰੋਕਦਿਆਂ-ਰੋਕਦਿਆਂ ਵੀ ਮੇਰੇ ਮੂੰਹੋਂ ਨਿਕਲ ਗਿਆ।

"ਤੁਹਾਨੂੰ ਪਤਾ ਹੋਣਾ ਕਿ ਸਾਡੇ ਕੁਆਟਰ ਪਿੱਛੇ ਵਿਹੜਾ ਪੈਂਦਾ। ਉਧਰ ਹੀ ਬਾਥਰੂਮ ਹੈਗਾ। ਅਸੀਂ ਮੀਆਂ-ਬੀਵੀ ਦਫ਼ਤਰ ਚਲੇ ਜਾਈਦਾ। ਸਾਡੇ ਅੰਡਰ ਗਾਰਮੈਂਟਸ ਬਾਹਰਲੀ ਤਾਰ 'ਤੇ ਹੀ ਟੰਗੇ ਪਏ ਰਹਿੰਦੇ। ਪਹਿਲਾਂ ਕਦੇ ਇਕ ਰੁਪਈਏ ਦੀ ਚੀਜ਼ ਇਧਰ ਉਧਰ ਨ੍ਹੀਂ ਹੋਈ ਸੀ। ਪਰ ਹੁਣ ਆਏ ਦਿਨ ਇਹ ਗਾਇਬ ਹੁੰਦੇ ਆ।" ਤਿਵਾੜੀ ਅਜੇ ਵੀ ਮੇਰੇ ਵੱਲ ਸਿੱਧਾ ਹੀ ਦੇਖ ਰਿਹਾ ਸੀ। ਉਹ ਫੇਰ ਬੋਲਿਆ, "ਸਾਰਾ ਪੁਆੜਾ ਬੰਤੀ ਦੇ ਆਉਣ ਤੇ ਪਿਆ। ਪਤਾ ਨ੍ਹੀਂ ਕਿਹੜੀ ਜਾਤ ਦੀ ਆ? ਆ ਦੇਸਾ ਤਾਂ ਮੈਨੂੰ ਬਾਜ਼ੀਗਰਾਂ ਦਾ ਬੀਅ ਲੱਗਦਾ। ਅੱਖ ਦੇ ਫੋਰ 'ਚ ਬਾਂਦਰ ਵਾਂਗੂ ਸਫੈਦਿਆਂ 'ਤੇ ਚੜ੍ਹ ਜਾਂਦਾ। ਕੰਧ ਤੋਂ ਛਾਲ ਮਾਰੂ। ਕਦੇ ਅੰਦਰ। ਕਦੇ ਬਾਹਰ। ਇਹ ਦਾ ਸਰੀਰ ਸਪਰਿੰਗ ਵਾਂਗ ਲਿਫਦਾ। ਸ਼ਿਕਾਰੀ ਕੁੱਤੇ ਵਰਗੀਆਂ ਇਹ ਦੀਆਂ ਲੱਤਾਂ। ਬੜਾ ਤੇਜ਼ ਦੌੜਦਾ। ਮੈਂ ਆਪ ਅਜ਼ਮਾ ਕੇ ਦੇਖਿਆ। ਇਕ ਦਿਨ ਜਿੰਦਰ ਦੇ ਮੁੰਡੇ ਦਾ ਪਤੰਗ ਪ੍ਰੋਫੈਸਰ ਦੇ ਕੋਠੇ ਤੇ ਜਾ ਡਿਗਿਆ। ਮੈਡਮ ਤੋਂ ਡਰਦਾ ਮੁੰਡਾ ਉਨ੍ਹਾਂ ਦੇ ਘਰ ਵੱਲ ਮੂੰਹ ਨਾ ਕਰੇ। ਕੁਦਰਤੀ ਮੈਂ ਆ ਗਿਆ। ਮੈਥੋਂ ਮੁੰਡੇ ਦਾ ਹਾਲ ਦੇਖਿਆ ਨਾ ਗਿਆ। ਲੱਗਦਾ ਸੀ ਕਿ ਉਹ ਹੁਣ ਵੀ ਰੋਇਆ ਕਿ ਹੁਣ ਵੀ ਰੋਇਆ। ਮੈਂ ਦੇਸੇ ਨੂੰ ਕਿਹਾ ਕਿ ਜੇ ਤੂੰ ਇਹਦਾ ਪਤੰਗ ਚੁੱਕ ਲਿਆਵੇਂ ਤਾਂ ਮੈਂ ਤੈਨੂੰ ਰੁਪਈਆ ਦਊਂ। ਇਹ ਦੋ ਮਿੰਟਾਂ 'ਚ ਪਤੰਗ ਲੈ ਆਇਆ।"

ਉਦੋਂ ਹੀ ਸਾਹਮਣੇ ਵਾਲਾ ਜੌੜਾ ਆ ਗਿਆ। ਉਸ ਤਿਵਾੜੀ ਨੂੰ ਬਾਹੋਂ ਫੜ ਕੇ ਮਾੜਾ ਜਿੰਨਾ ਘੁੱਟਿਆ, ਜਿਸ ਦਾ ਮਤਲਬ ਸੀ ਕਿ ਹੁਣ ਤੁਸੀਂ ਚੁੱਪ ਕਰੋ। ਉਹ ਬੋਲਿਆ, "ਪਹਿਲੀ ਗਲਤੀ ਅਰੋੜਾ ਸਾਹਿਬ ਨੇ ਆਹ ਕੀਤੀ। ਕੁਜਾਤ ਨੂੰ ਹੇਠਲਾ ਪੋਰਸ਼ਨ ਦੇ ਦਿੱਤਾ। ਸਿਰਫ਼ ਆਪਣੇ ਸਵਾਰਥ ਲਈ। ਇਹੀ ਬਈ ਕਿ ਇਹ ਉਨ੍ਹਾਂ ਦੀ ਬੀਮਾਰ ਮਾਂ ਦੀ ਸੇਵਾ ਕਰੂ। ਕਰਾ ਲਈਂ ਇਹਦੇ ਤੋਂ ਸੇਵਾ। ਫੇਰ ਕਮਰਾ ਕਿਰਾਏ 'ਤੇ ਦੇਣ ਲੱਗੇ ਇਹ ਤਾਂ ਦੇਖ ਲੈਂਦੇ ਕਿ ਕੀ ਬੰਦਾ ਆਪਣੇ ਸਟੇਟਸ ਦਾ ਹੈ। ਹੁਣ ਆਪਾਂ ਇਕ ਗੱਲ ਕਰੀਏ। ਉਹਨਾਂ ਨੂੰ ਰਿਕੁਐਸਟ ਕਰੀਏ ਬਈ ਬੰਤੀ ਨੂੰ ਆਪਣੇ ਕੁਆਟਰ 'ਚੋਂ ਕੱਢ ਦੇਣ। ਫੇਰ ਨਾ ਰਹੇਗਾ ਬਾਂਸ ਤੇ ਨਾ ਵੱਜੇਗੀ ਬਾਂਸੁਰੀ।"

"ਤੁਸੀਂ ਬੜੀ ਦੂਰ ਦੀ ਸੋਚੀ," ਸ਼ਰਮੇ ਨੂੰ ਉਸ ਦੀ ਤਜ਼ਵੀਜ਼ ਭਾਅ ਗਈ ਸੀ।

ਮਿਸਿਜ਼ ਸਿੰਘ ਤੇ ਬੰਤੀ ਇਕ ਵਾਰ ਫੇਰ ਹੱਥੋਪਾਈ ਹੁੰਦੀਆਂ—ਹੁੰਦੀਆਂ ਮਸਾਂ ਹੀ ਹਟੀਆਂ।

ਅਸੀਂ ਥੋੜ੍ਹਾ ਕੁ ਹੋਰ ਅਗਾਂਹ ਚਲੇ ਗਏ।



www.PunjabiLibrary.com

"ਦੱਸੋ ਵੀਰ ਜੀ, ਮੇਰਾ ਦੇਸ ਰਾਜ ਤੁਹਾਨੂੰ ਚੋਰ ਲੱਗਦਾ?" ਹੁਣ ਬੰਤੀ ਮਿਸਿਜ਼ ਸਿੰਘ ਵੱਲੋਂ ਹਟ ਕੇ ਮੈਨੂੰ ਮੁਖਾਤਿਬ ਹੋਈ।

"ਨ੍ਹੀਂ। ਬਿਲਕੁਲ ਨ੍ਹੀਂ। ਇਹ ਤਾਂ ਬੀਬਾ ਬੱਚਾ। ਬਰੀਲੀਐਂਟ ਬੁਆਇ। ਤੇਜ਼ ਦਿਮਾਗ ਵਾਲਾ। ਇਹ ਕਦੇ ਵੀ ਚੋਰੀ ਨ੍ਹੀਂ ਕਰ ਸਕਦਾ।" ਮੈਂ ਕਿਹਾ ਤਾਂ ਸ਼ਰਮੇ ਅਤੇ ਤਿਵਾੜੀ ਨੇ ਮੈਨੂੰ ਘੂਰ ਕੇ ਦੇਖਿਆ। ਜੌੜਾ ਕਦੇ ਮੇਰੇ ਵੱਲ ਦੇਖ ਲੈਂਦਾ। ਕਦੇ ਬੰਤੀ ਵੱਲ। ਜਿਵੇਂ ਉਸ ਨੂੰ ਮੇਰੇ ਕੋਲੋਂ ਅਜਿਹੇ ਵਰਤਾਉ ਦੀ ਕੋਈ ਆਸ ਨਹੀਂ ਸੀ। ਉਹ ਸਾਰੇ ਇਸ ਨੂੰ ਆਖਿਰੀ ਸੱਚ ਮੰਨੀ ਬੈਠੇ ਸਨ। ਇਸ ਕਾਲੋਨੀ 'ਚ ਹੁੰਦੀ ਹਰੇਕ ਨਿੱਕੀ-ਮੋਟੀ ਚੋਰੀ 'ਚ ਉਨ੍ਹਾਂ ਨੂੰ ਇਸ ਮੁੰਡੇ ਦਾ ਸਿੱਧਾ ਹੱਥ ਲੱਗਦਾ ਸੀ।

"ਤੁਸੀਂ ਇਹ ਕਹਿ ਕੇ ਉਸਨੂੰ ਸ਼ਹਿ ਨਾ ਦਿਓ। ਤੁਹਾਨੂੰ ਇਸ ਮੁੰਡੇ ਦੀਆਂ ਆਦਤਾਂ ਦਾ ਪਤਾ ਨ੍ਹੀਂ," ਵਿਰਦੀ ਸਾਹਿਬ ਨੇ ਮੇਰੇ ਕੰਨ ਕੋਲ ਮੂੰਹ ਲਿਆ ਕੇ ਕਿਹਾ। ਮੈਥੋਂ ਕਿਹਾ ਗਿਆ, "ਤੁਹਾਡੀ ਗੱਲ ਵੀ ਸੱਚੀ ਹੋ ਸਕਦੀ।"

ਦਰਅਸਲ ਉਸ ਸਮੇਂ ਮੈਂ ਕਾਲੋਨੀ ਦੀ ਬਰਾਦਰੀ ਦੀ 'ਹਾਂ' 'ਚ 'ਹਾਂ' ਮਿਲਾਉਣ 'ਚ ਹੀ ਆਪਣਾ ਫਾਇਦਾ ਸਮਝਿਆ ਸੀ।

ਮੈਂ ਬੰਤੀ ਨੂੰ ਆਪਣੇ ਕਮਰੇ ਵਿਚ ਜਾਣ ਲਈ ਇਸ਼ਾਰਾ ਕੀਤਾ। ਉਸ ਅੱਗੋਂ ਕੋਈ ਉਜਰ ਨਾ ਕੀਤੀ। ਮਿਸਿਜ਼ ਸਿੰਘ ਦੀਆਂ ਨਜ਼ਰਾਂ 'ਚ ਸ਼ੱਕ ਦੇ ਡੋਰੇ ਉਭਰੇ। ਉਹ ਨਾਸਾਂ ਫੈਲਾਉਂਦੀ, ਦਰਵਾਜ਼ੇ 'ਚ ਖੜ੍ਹੀ ਬੰਤੀ ਦੇ ਕਮਰੇ ਵੱਲ ਦੇਖ ਰਹੀ ਸੀ। ਜੇਤੂ ਅੰਦਾਜ਼ 'ਚ।

"ਚਾਹ ਚੱਲੇ?" ਜੌੜੇ ਨੇ ਅਮਨ-ਸ਼ਾਂਤੀ ਦੇਖ ਮੇਰੇ ਨਾਲ ਸੁਲਾਹ ਮਾਰੀ।

'ਜ਼ਰੂਰ-ਜ਼ਰੂਰ।" ਸ਼ਰਮਾ ਝੱਟ ਬੋਲਿਆ। ਮੇਰੇ ਨਾਂਹ-ਨਾਂਹ ਕਰਦਿਆਂ ਵੀ ਮੇਰੀ ਬਾਂਹ ਫੜ ਕੇ ਅੰਦਰ ਨੂੰ ਲੈ ਤੁਰਿਆ।

ਮਿਸਿਜ਼ ਜੌੜਾ ਬੋਲੀ, "ਭਾਈ ਸਾਹਿਬ, ਇਹ ਪੜ੍ਹਿਆਂ-ਲਿਖਿਆਂ ਦੀ ਕਲੋਨੀ ਏ। ਮੈਨਰਜ਼ ਨਾਲ ਹੀ ਬੋਲਣਾ/ਰਹਿਣਾ ਚੰਗਾ ਲੱਗਦਾ ਏ?"

"ਹਾਂ, ਭਰਜਾਈ ਜੀ, ਬੰਤੀ ਤਾਂ ਬੋਲਣ ਲੱਗੀ ਕੋਈ ਅੱਗਾ-ਪਿੱਛਾ ਨ੍ਹੀਂ ਦੇਖਦੀ ਕਿ ਉਸ ਕੋਲ ਕੋਈ ਮਰਦ ਵੀ ਖੜ੍ਹਾ, " ਤਿਵਾੜੀ ਬੋਲਿਆ।

"ਇਹਦਾ ਕੋਈ ਪੱਕਾ ਉਪਾਅ ਕਰੋ ਨਾ। ਇਕ ਉਸ ਦਾ ਮੁੰਡਾ ਚੋਰ। ਉਪਰੋਂ ਸੀਨਾ-ਜ਼ੋਰੀਂ ਕਰਦੀ। ਇਕ ਕੰਮ ਮੈਂ ਕਰ ਸਕਦੀ ਆਂ। ਜਿਸ ਫੈਕਟਰੀ ਵਿਚ ਇਹ ਪੀਅਨ ਲੱਗੀ, ਉੱਥੇ ਮੇਰੀ ਇਕ ਕੁਲੀਗ ਦਾ ਬਰੱਦਰ ਲੱਗਾ। ਉਸ ਨੂੰ ਰਿਕੁਐਸਟ ਕਰ ਕੇ ਇਸ ਨੂੰ ਹਟਾਉਣੀ। ਤੁਸੀਂ ਅਰੋੜਾ ਸਾਹਿਬ ਕੋਲ ਜਾਉ ਜਾਂ ਉਨ੍ਹਾਂ ਨੂੰ ਇੱਥੇ ਸੱਦ ਲਉ।" ਮਿਸਿਜ਼ ਜੌੜਾ ਨੇ ਆਪਣੀ ਤਜਵੀਜ਼ ਰੱਖੀ।

ਸਾਰੇ ਅਰੋੜਾ ਸਾਹਿਬ ਵੱਲ ਤੁਰ ਪਏ।

"ਅਰੋੜਾ ਸਾਹਿਬ ਤਾਂ ਕਿਧਰੇ ਰੜਕਦੇ ਨ੍ਹੀਂ।" ਸ਼ਰਮੇ ਨੇ ਜਾ ਪੁੱਛਿਆ।



"ਟੂਰ 'ਤੇ ਗਏ ਹੋਣੇ। ਸ਼ਾਮ ਨੂੰ ਆ ਜਾਣਗੇ।"

"ਫੇਰ ਸ਼ਾਮ ਨੂੰ ਸਹੀਂ।"

"ਠੀਕ," ਕਹਿੰਦਿਆਂ ਸਾਰੇ ਆਪਣੇ-ਆਪਣੇ ਕੁਆਟਰਾਂ ਵੱਲ ਤੁਰ ਪਏ। ਸ਼ਰਮੇ ਨੇ ਆਪਣੇ ਗੇਟ ਕੋਲ ਪਹੁੰਚਦਿਆਂ ਫਿਰ ਤਾਕੀਦ ਕੀਤੀ, "ਲੱਧੜ ਸਾਹਿਬ, ਕਿਤੇ ਜਾਣਾ ਨ੍ਹੀਂ ਜੇ। ਆਪਾਂ ਅੱਜ ਇਹਦਾ ਕੱਟਾ ਕੱਟੀ ਕੱਢ ਦੇਣਾ।"

****

ਪੌੜੀਆਂ ਚੜ੍ਹਨ ਲੱਗਾ ਤਾਂ ਸੰਤੋਸ਼ ਨੇ ਪੁੱਛਿਆ, "ਕਰ ਆਏ ਫੈਸਲਾ?" ਮੇਰੇ ਜੁਆਬ ਦੇਣ ਤੋਂ ਪਹਿਲਾਂ ਹੀ ਉਹ ਫੇਰ ਬੋਲੀ, "ਕਲ੍ਹ ਬੰਤੀ ਆਈ ਸੀ।"

"ਅੱਛਾ," ਮੈਂ ਹੇਠਾਂ ਆ ਗਿਆ।

"ਕਹਿੰਦੀ ਸੀ, ਵੀਰ ਜੀ ਨੂੰ ਦੱਸਿਓ, ਇਹ ਸਾਰੀਆਂ ਬਾਬੂਆਣੀਆਂ ਮੇਰੇ ਮੁੰਡੇ ਨੂੰ ਦੇਖ ਨ੍ਹੀਂ ਸੁਖਾਉਂਦੀਆਂ। ਇਕ ਗੱਲ ਹੋਰ। ਇਸ ਵਾਰੀ ਵੀ ਦੇਸ ਰਾਜ ਆਪਣੀ ਕਲਾਸ ਵਿਚੋਂ ਫਸਟ ਆਇਆ।"

"ਵੈਰੀ ਗੁੱਡ।"

"ਕਲਪਦੀ ਸੀ ਕਿ ਇਹੋ ਗੱਲ ਇਨ੍ਹਾਂ ਨੂੰ ਰੜਕਦੀ ਆ।"

"ਤੇ ਚੋਰੀ?"

"ਮੈਨੂੰ ਆਪ ਮੁੰਡਾ ਚੋਰ ਲੱਗਦਾ।"

ਮੈਂ ਕੁਝ ਵੀ ਹੋਰ ਸੁਣਨ ਜਾਂ ਕਹਿਣ ਦੇ ਮੂਢ 'ਚ ਨਹੀਂ ਸੀ। ਮੈਨੂੰ ਉਸ ਦਾ ਵੀਰ ਜੀ ਕਹਿਣਾ ਸ਼ੰਕਿਤ ਕਰਨ ਲੱਗਾ। ਕਾਲੋਨੀ ਦੇ ਬਹੁਤੇ ਬੰਦਿਆਂ ਨੂੰ ਉਹ ਬਾਬੂ ਜੀ ਜਾਂ ਸਰਦਾਰ ਜੀ ਕਹਿ ਕੇ ਬੁਲਾਉਂਦੀ ਹੈ। ਪਰ ਮੈਨੂੰ ਵੀਰ ਜੀ ਕਿਉਂ? ਇਸ ਗੱਲ ਦੇ ਰਾਜ਼ ਦੀ ਅਜੇ ਤੱਕ ਮੈਨੂੰ ਸਮਝ ਨਹੀਂ ਲੱਗੀ ਸੀ। ਉਹ ਵੀ ਸਤਲੁਜ ਪਾਰ ਦੀ ਹੈ। ਕਿਤੇ ਉਸ ਨੂੰ ਮੇਰੀ ਬਰਾਦਰੀ ਦਾ ਤਾਂ ਪਤਾ ਨਹੀਂ ਲੱਗ ਗਿਆ? ਪਰ ਇਹ ਸੰਭਵ ਨਹੀਂ ਹੋ ਸਕਦਾ। ਮੈਂ ਤਾਂ ਆਪਣੀ ਸਬ ਕਾਸਟ ਦੀ ਥਾਂ 'ਤੇ ਪਿੰਡ ਦਾ ਨਾਂ ਲਾਇਆ। ਮੇਰੀ ਜਾਤ ਸਿਰਫ ਮੇਰੀ ਸਰਵਿਸ ਬੁੱਕ 'ਚ ਦਰਜ ਸੀ। ਜਸਵਿੰਦਰ ਦੀ ਕਾਸਟ ਵਾਲਾ ਖ਼ਾਨਾ ਵੀ ਉਸ ਦੀ ਮੰਮੀ ਨੇ ਭਰਿਆ ਸੀ-ਜਸਵਿੰਦਰ ਗਿੱਲ। ਮੈਂ ਇਸ ਦਾ ਵਿਰੋਧ ਨਹੀਂ ਕੀਤਾ ਸੀ। ਮੈਨੂੰ ਇਸ 'ਚੋਂ ਸੰਤੁਸ਼ਟੀ ਮਿਲੀ ਸੀ। ਸੰਤੋਸ਼ ਨੇ ਉਸ ਨੂੰ ਆਪਣੀ ਕਾਸਟ ਦਿੱਤੀ ਸੀ। ਉਹ ਪੁੱਤ ਤਾਂ ਆਖੀਰ ਮੇਰਾ ਹੈ। ਜੇ ਮੈਨੂੰ ਉਸ ਦਾ ਸਿਊਲਡ ਕਾਸਟ ਸਰਟੀਫੀਕੇਟ ਬਣਾਉਣਾ ਪਿਆ, ਮੈਂ ਝਟ ਬਣਾ ਲੈਣਾ।

ਹੁਣ ਇਨ੍ਹਾਂ ਲੋਕਾਂ ਵਿਚ ਵਿਚਰਦਿਆਂ ਮੈਂ ਆਪਣੇ ਆਪ ਨੂੰ ਅਪਰ-ਕਾਸਟ ਵਜੋਂ ਸਥਾਪਤ ਕਰ ਲਿਆ ਹੈ। ਇਸ ਕਾਲੋਨੀ ਵਿਚ ਪੰਜਾਹ ਕੁ ਕੁਆਟਰ ਹਨ। ਹਾਊਸਿੰਗ ਬੋਰਡ ਨੇ ਇਹ ਕਾਲੋਨੀ ਬਣਾਈ ਹੈ। ਬਹੁਤਿਆਂ ਨੇ ਇਹ ਕੁਆਟਰ ਕਿਸ਼ਤਾਂ 'ਤੇ ਲਏ ਹਨ। ਤਕਰੀਬਨ ਸਾਰੇ ਸਰਕਾਰੀ ਕਰਮਚਾਰੀ ਹਨ। ਬਹੁਤੇ ਮੀਆਂ-ਬੀਵੀ ਦੋਵੇਂ ਹੀ। ਦੁਪਹਿਰ



www.PunjabiLibrary.com

ਤੱਕ ਕਾਲੋਨੀ 'ਚ ਸੁੰਨ ਪੱਸਰੀ ਰਹਿੰਦੀ ਹੈ। ਬੱਚੇ ਸਕੂਲੋਂ ਆਉਂਦੇ ਹਨ। ਖਰੂਦ ਕਰਦੇ ਹਨ। ਛੇ ਵੱਜਦਿਆਂ ਤੀਕ ਜ਼ਿੰਦਗੀ ਆ ਮੁੜਦੀ ਜਾਂ ਛੁੱਟੀ ਵਾਲੇ ਦਿਨ ਪੂਰੀ ਚਹਿਲ ਪਹਿਲ ਰਹਿੰਦੀ ਹੈ। ਇਨ੍ਹਾਂ 'ਚ ਇਕ ਸਾਂਝ ਹੈ। ਹਮਦਰਦੀ ਹੈ। ਅਪਣੱਤ ਹੈ। ਕੋਈ ਆਪਸ 'ਚ ਲੜਦਾ ਖਹਿਬੜਦਾ ਨਹੀਂ। ਇਨ੍ਹਾਂ ਕੋਲ ਲੜਨ-ਝਗੜਨ ਦਾ ਸਮਾਂ ਹੀ ਨਹੀਂ ਹੁੰਦਾ। ਆਪਣੇ-ਆਪਣੇ ਦਾਇਰਿਆਂ 'ਚ ਕੈਦ ਹਨ। ਸਾਰੇ ਘਰਾਂ 'ਚ ਮੇਰਾ ਆਉਣ ਜਾਣ ਹੈ। ਦੁੱਖ-ਸੁੱਖ ਦੀ ਸਾਂਝ ਹੈ।

ਬੰਤੀ ?

ਬੰਤੀ ਦਾ ਮੀਆਂ ਕਿਸੇ ਸਰਕਾਰੀ ਦਫਤਰ 'ਚ ਪੀਅਨ ਲੱਗਾ ਹੈ। ਉਸ ਦੱਸਿਆ ਸੀ ਕਿ ਉਸ ਦੀ ਡਿਊਟੀ ਸਾਹਿਬ ਦੀ ਕੋਠੀ ਲੱਗੀ ਹੈ। ਇਸ ਲਈ ਉਸ ਦੇ ਜਾਣ-ਆਉਣ ਜਾਂ ਛੁੱਟੀ ਦਾ ਕੋਈ ਵੇਲਾ ਨਹੀਂ ਹੁੰਦਾ। ਉਸ ਨੂੰ ਘਰੋਂ ਨਿਕਲਦਿਆਂ-ਵੜਦਿਆਂ ਸਬੱਬੀ ਦੇਖਿਆ ਜਾਂਦਾ। ਉਸ ਨੂੰ ਆਉਣ-ਜਾਣ ਦੀ ਕਾਹਲ ਲੱਗੀ ਰਹਿੰਦੀ। ਉਸ ਦੀ ਨੀਵੀਂ ਪਾਈ ਹੁੰਦੀ। ਉਸ ਨੂੰ ਕਦੇ ਕਿਸੇ ਨਾਲ ਗੱਲੀਂ ਪਿਆ ਨਹੀਂ ਦੇਖਿਆ। ਦੇਸ ਰਾਜ ਨੂੰ ਬੰਤੀ ਆਪ ਨਾਲ ਲਿਆਈ ਸੀ। ਉਸ ਬਿਨਾਂ ਕਿਸੇ ਉਚੇਚ ਦੇ ਕਿਹਾ ਸੀ, "ਵੀਰ ਜੀ ਇਹਨੂੰ ਕਿਸੇ ਚੰਗੇ ਜਿਹੇ ਮਾਡਲ ਸਕੂਲ ਵਿਚ ਦਾਖ਼ਲ ਕਰਵਾ ਦਿਓ।"

"ਤੂੰ ਬੱਚੇ ਦਾ ਐਨਾ ਖਰਚ ਦੇ ਸਕੇਂਗੀ ?" ਹੈਰਾਨਗੀ ਨਾਲ ਮੈਂ ਉਸ ਨੂੰ ਉਲਟਾ ਸੁਆਲ ਕੀਤਾ ਸੀ।

"ਹਾਂ।"

"ਤੈਨੂੰ ਪਤਾ-ਉੱਥੇ ਮਹੀਨੇ ਦਾ ਕਿੰਨਾ ਖ਼ਰਚ ਆਉਂਦਾ ?"

"ਕਿਤੇ ਕਿੰਨਾ ਕੁ ਹੋਊ ? ਵੱਧ ਤੋਂ ਵੱਧ ਪੰਜ-ਸੱਤ ਸੌ ਹੋਊ। ਮੇਰੇ ਲਈ ਇਹ ਕੋਈ ਵੱਡਾ ਖਰਚਾ ਨ੍ਹੀਂ। ਸਾਡਾ ਇਕੋ ਇੱਕ ਜੁਆਕ ਐ। ਉਸ ਦੇ ਖਰਚੇ ਜੋਗੇ ਮੈਂ ਇਕੱਲੀ ਨੇ ਕਮਾ ਲੈਣੇ," ਉਸ ਮਾਣ ਜਿਹੇ ਨਾਲ ਕਿਹਾ।

"ਤੈਨੂੰ ਨਾਲ ਜਾਣਾ ਪੈਣਾ....।"

"ਲਉ, ਤੁਸੀਂ ਜੁ ਹੈਗੇ। ਫੇਰ ਮੈਨੂੰ ਜਾਣ ਦੀ ਕੀ ਲੋੜ ਆ।" ਉਹ ਅਥਾਹ ਵਿਸ਼ਵਾਸ ਨਾਲ ਬੋਲੀ ਸੀ। ਮੈਨੂੰ ਹਾਂ ਕਹਿਣੀ ਪਈ ਸੀ। ਜਸਵਿੰਦਰ ਨੇ ਵੀ ਉਸੇ ਸਕੂਲ 'ਚ ਅਡਮੀਸ਼ਨ ਲੈਣਾ ਸੀ। ਮੈਂ ਜਸਵਿੰਦਰ ਲਈ ਲਿਆਂਦਾ ਫਾਰਮ ਦੇਸ ਰਾਜ ਲਈ ਭਰਨ ਲੱਗਾ ਸੀ। ਵਿਚਕਾਰੋਂ ਪੁੱਛਿਆ ਸੀ, "ਤੁਹਾਡੀ ਜਾਤ ?"

"ਤੁਹਾਨੂੰ ਨ੍ਹੀਂ ਪਤਾ ? ਚਮਾਰ।" ਕਹਿੰਦਿਆਂ ਉਸ ਦੇ ਚਿਹਰੇ 'ਤੇ ਆਤਮ-ਸੰਤੁਸ਼ਟੀ ਦੇ ਭਾਵ ਉਭਰੇ ਸਨ।

ਬੰਤੀ ਕਿਸੇ ਛੁੱਟੀ ਵਾਲੇ ਦਿਨ ਆ ਜਾਂਦੀ। ਮੈਨੂੰ ਉਸ ਦਾ ਆਉਣਾ ਚੰਗਾ ਲੱਗਦਾ ਸੀ। ਉਸ ਦਾ ਆਉਣਾ ਕੀ, ਦੇਸ ਰਾਜ ਦਾ ਸਟੈਂਡਰਡ ਦੇ ਸਕੂਲ 'ਚ ਪੜ੍ਹਨਾ ਵੀ।



ਉਹ ਪੜ੍ਹਾਈ ਵਿਚ ਜਸਵਿੰਦਰ ਨਾਲੋਂ ਬਹੁਤ ਅੱਗੇ ਜਾ ਰਿਹਾ ਸੀ। ਜਿਹੜੀ ਗੱਲ ਜਸਵਿੰਦਰ ਨੂੰ ਵਾਰ-ਵਾਰ ਸਮਝਾਉਣ 'ਤੇ ਮਸਾਂ ਸਮਝ ਆਉਂਦੀ, ਦੇਸ ਰਾਜ ਪਹਿਲੀ ਵਾਰ ਨਹੀਂ ਤਾਂ ਦੂਜੀ ਵਾਰ ਸਮਝ ਲੈਂਦਾ ਸੀ। ਕਾਲੋਨੀ ਦੇ ਹੋਰ ਘਰਾਂ ਵਾਂਗ ਮੈਨੂੰ ਉਸਦੀ ਹੋਂਦ ਅੱਖਰਦੀ ਨਹੀਂ ਸੀ। ਮੈਂ ਉਸ ਦੀ ਤੇਜ਼ ਬੁੱਧੀ ਦੀ ਦਾਦ ਦਿੰਦਾ। ਸੰਤੋਸ਼ ਵੀ ਕਹਿੰਦੀ ਸੀ ਕਿ ਉਹ ਮੈਰਿਟ 'ਤੇ ਰਹੇਗਾ। ਮੈਂ ਉਸ ਦੀ ਗੱਲ 'ਤੇ ਗੌਰ ਕਰਦਾ। ਕਿਤੇ ਇਹ ਵਿਅੰਗ ਨਾਲ ਤਾਂ ਨਹੀਂ ਕਹਿ ਰਹੀ। ਕਿਤੇ ਇਸ ਨੂੰ ਵੀ ਉਸ ਪ੍ਰਤੀ ਸਾੜਾ ਤਾਂ ਨਹੀਂ ਹੋ ਰਿਹਾ। ਉਹ ਮੇਰੇ ਸਾਹਮਣੇ ਉਸ ਦੀ ਜਾਤ ਨੂੰ ਮੰਦਾ ਚੰਗਾ ਨਹੀਂ ਬੋਲ ਸਕਦੀ ਸੀ। ਚੁੱਪ ਰਹਿੰਦੀ ਸੀ। ਇਨ੍ਹਾਂ ਦਿਨਾਂ 'ਚ ਮੇਰੇ ਮਨ 'ਤੇ ਇਕ ਹੋਰ ਵਿਚਾਰ ਭਾਰੂ ਹੋਣ ਲੱਗਾ ਕਿ ਜਸਵਿੰਦਰ ਦੇ ਨਾਲ-ਨਾਲ ਦੇਸ ਰਾਜ ਦੀ ਵੀ ਟਿਊਸ਼ਨ ਰੱਖਵਾ ਦਵਾਂ। ਇਸ ਦਾ ਖਰਚਾ ਖ਼ੁਦ ਝੱਲਾਂ। ਪਰ ਸੰਤੋਸ਼ ਨੇ ਇਸ ਦੇ ਉਲਟ ਅਰਥ ਕੱਢ ਲੈਣੇ ਸਨ। ਮੈਂ ਕਿਸੇ ਸ਼ੱਕ 'ਚ ਉਲਝਣਾ ਨਹੀਂ ਚਾਹੁੰਦਾ ਸੀ।

****

ਹੁਣ ਫੇਰ ਮੈਂ ਛੱਤ ਉੱਤੇ ਟਹਿਲ ਰਿਹਾਂ। ਮੇਰਾ ਧਿਆਨ ਸਰ੍ਹੋਂ ਦੇ ਫੁੱਲਾਂ ਵੱਲ ਨਹੀਂ। ਮੈਂ ਸੋਚਣ ਦੀ ਮੁਦਰਾ 'ਚ ਹਾਂ। ਮੈਂ ਕਾਲੋਨੀ ਦੀ 'ਹਾਂ' 'ਚ 'ਹਾਂ' ਮਿਲਾਉਣੀ ਹੈ। ਉਨ੍ਹਾਂ ਦੇ ਹਿੱਤ ਵਿੱਚ ਬੋਲਣਾ ਹੈ। ਇਸ ਤੋਂ ਬਿਨਾਂ ਕੁਝ ਹੋਰ ਨਹੀਂ ਕਰ ਸਕਦਾ।

ਥਲਿਉਂ ਸੰਤੋਸ਼ ਦੀ ਆਵਾਜ਼ ਆਈ। ਮੈਂ ਬਨੇਰੇ ਉਪਰੋਂ ਦੀ ਹੇਠਾਂ ਵੱਲ ਦੇਖਿਆ। ਬੰਤੀ ਖੜੀ ਸੀ। ਹੁਣ ਇਹ ਕੀ ਕਰਨ ਆਈ ? ਇਹ ਨੂੰ ਐਸ ਵੇਲੇ ਸਾਡੇ ਘਰ ਨਹੀਂ ਆਉਣਾ ਚਾਹੀਦਾ ਸੀ। ਆਂਢੀ-ਗੁਆਂਢੀ ਕੀ ਕਹਿਣਗੇ। ਸੌ ਨਾਲ ਮੇਰਾ ਲਿਹਾਜ਼ ਹੈ। ਮੂੰਹ-ਮੁਲਾਹਜ਼ਾ ਹੈ। ਸੰਤੋਸ਼ ਦਾ ਮੂੰਹ ਬੰਤੀ ਵੱਲ ਸੀ। ਮੈਂ ਚਾਹੁੰਦਾ ਸੀ ਕਿ ਸੰਤੋਸ਼ ਮੇਰੇ ਵੱਲ ਦੇਖੇ ਤਾਂ ਮੈਂ ਇਸ਼ਾਰਾ ਕਰਾਂ ਕਿ ਇਸ ਨੂੰ ਜਲਦੀ-ਜਲਦੀ ਦਫਾ ਕਰ। ਇਹਨੂੰ ਕਹਿ ਦੇ-ਸਾਡੇ ਘਰ ਨਾ ਆਇਆ ਕਰ। ਉਦੋਂ ਆਵੇ ਜਦੋਂ ਅਸੀਂ ਇਸ ਨੂੰ ਬੁਲਾਈਏ।

"ਵੀਰ ਜੀ..... ।" ਬੰਤੀ ਨੇ ਉਤਾਂਹ ਮੇਰੇ ਵੱਲ ਦੇਖਦਿਆਂ ਕਿਹਾ।

ਮੈਂ ਖਿਝ ਕੇ ਉਸ ਵੱਲ ਦੇਖਿਆ। ਇਕ ਪਲ ਲਈ ਉਹ ਡਰ ਗਈ। ਉਸ ਨੇ ਮੇਰੀਆਂ ਨਜ਼ਰਾਂ ਦੀ ਇਬਾਰਤ ਪੜ੍ਹ ਲਈ ਸੀ।ਫ਼ੇਰ ਵੀ ਉਹਨੇ ਪੁੱਛ ਹੀ ਲਿਆ, "ਤੁਸੀਂ ਫ਼ੈਸਲਾ ਕਰੋ। ਕੀ ਮੇਰਾ ਦੇਸ ਰਾਜ ਚੋਰ ਲੱਗਦਾ ?"

"ਨ੍ਹੀਂ-ਇਹ ਕਦੇ ਚੋਰੀ ਨ੍ਹੀਂ ਕਰ ਸਕਦਾ। ਕਦੇ ਵੀ ਨ੍ਹੀਂ। ਇਹਦੇ ਤੇ ਬਹੁਤੀਆਂ ਬੰਦਿਸ਼ਾਂ ਨਾ ਲਾ। ਜੋ ਕਰਦਾ ਹੈ ਕਰਨ ਦੇ। ਇਹ ਵੱਡਾ ਆਦਮੀ ਬਣੇਗਾ। ਇਹ ਮੇਰਾ ਵਿਸ਼ਵਾਸ ਆ। ਇਹਨੂੰ ਆਪਣੇ ਕੋਲ ਹੀ ਰੱਖਿਆ ਕਰ। ਇਹਨੂੰ ਬਾਹਰ ਨਾ ਨਿਕਲਣ ਦਿਆ ਕਰ। ਮੈਂ ਤੈਨੂੰ ਫੇਰ ਕਹਿਣਾ-ਇਹ ਚੋਰ ਨ੍ਹੀਂ।"

"ਪਰ ਬੱਚੇ ?" ਸੰਤੋਸ਼ ਨੇ ਕਿਹਾ।

"ਮੇਰਾ ਬੱਚਾ ਅਜਿਹਾ ਨ੍ਹੀਂ।"



www.PunjabiLibrary.com

"ਇਹਦੀ ਸ਼ਾਹਦੀ ਮੈਂ ਵੀ ਭਰਦਾਂ।"

ਮੈਂ ਸੰਤੋਸ਼ ਨੂੰ ਕਿਹਾ, "ਤੁਸੀਂ ਇਹਨੂੰ ਚਾਹ ਪਿਲਾਉ। ਸਵੇਰ ਦੀ ਲੜਦੀ ਥੱਕ ਗਈ ਹੋਣੀ। ਮੈਂ ਵੀ ਚਾਹ ਲਵਾਂਗਾ।" ਹੌਲਾ ਫੁੱਲ ਹੋਇਆ ਮੈਂ ਫੇਰ ਛੱਤ 'ਤੇ ਟਹਿਲਣ ਲੱਗਾ। ਅਗਲੇ ਹੀ ਪਲ ਮੈਨੂੰ ਇਕ ਹੋਰ ਵਿਚਾਰ ਨੇ ਆ ਦਬੋਚਿਆ ਕਿ ਸੰਤੋਸ਼ ਨੇ ਅਜਿਹਾ ਜਾਣ-ਬੁੱਝ ਕੇ ਤਾਂ ਨਹੀਂ ਕਿਹਾ ਸੀ। ਮੈਂ ਉਲਝ ਚੱਲਿਆ ਸੀ। ਉਦੋਂ ਹੀ ਬੰਤੀ ਮੇਰੇ ਲਈ ਚਾਹ ਦਾ ਕੱਪ ਲੈ ਆਈ। ਮੈਂ ਉਹ ਨੂੰ ਸਮਝਾਇਆ, "ਇਨ੍ਹਾਂ ਬਾਬੂਆਣੀਆਂ ਤੋਂ ਨਾ ਡਰਿਆ ਕਰ। ਇਹ ਉਨ੍ਹਾਂ ਕੁੱਤਿਆਂ ਵਰਗੀਆਂ-ਜਿਹੜੇ ਸਿਰਫ ਭੌਂਕਦੇ ਹੁੰਦੇ। ਇਹ ਤੇਰਾ ਮੁਕਾਬਲਾ ਨ੍ਹੀਂ ਕਰ ਸਕਦੀਆਂ। ਤੂੰ ਦੇਸਰਾਜ ਦੀ ਟਿਊਸ਼ਨ ਰੱਖਾ ਦੇ। ਉਸੇ ਟੀਚਰ ਕੋਲ, ਜਿਸ ਕੋਲ ਜਸਵਿੰਦਰ ਪੜ੍ਹਨ ਜਾਂਦਾ। ਜੇ ਤੇਰੇ ਕੋਲ ਪੈਸਿਆਂ ਦੀ ਤੰਗੀ ਹੋਈ ਤਾਂ ਘਬਰਾਈਂ ਨਾ। ਉਸ ਦਾ ਖ਼ਰਚ ਮੈਂ ਦਊਂ। ਉਹਨੂੰ ਪੜ੍ਹਨੋਂ ਨਾ ਹਟਾਈਂ। ਦੇਖੀਂ ਇਕ ਦਿਨ ਇਹ ਗਜ਼ਟਿਡ ਅਫਸਰ ਬਣੂ। ਜਾ ਹੁਣ ਤੂੰ ਛੇਤੀ ਦੇਣੀ ਹੇਠਾਂ ਚਲੀ ਜਾ..... ।"

ਬੰਤੀ ਸੰਤੋਸ਼ ਨਾਲ ਗੱਲੀਂ ਪੈ ਗਈ। ਉਸ ਨਾਲ ਅੰਦਰ-ਬਾਹਰ ਦੀ ਸਫ਼ਾਈ ਕਰਵਾ ਗਈ।

****

ਤਿਵਾੜੀ ਦੇ ਘਰੋਂ ਤੀਜਾ ਸਨੇਹਾ ਆ ਗਿਆ ਸੀ। ਹਰੇਕ ਸੁਨੇਹੇ ਨਾਲ ਮੈਂ ਕਿਹਾ ਸੀ ਕਿ ਹੁਣੇ ਆਇਆ। ਤੀਜੀ ਵੇਰ ਉਸ ਦਾ ਮੁੰਡਾ ਹਰਖ 'ਚ ਬੋਲਿਆ, "ਅੰਕਲ ਜੀ, ਅਰੋੜਾ ਅੰਕਲ ਜੀ ਕਦੋਂ ਦੇ ਆ ਚੁੱਕੇ ਨੇ। ਹੁਣ ਸਿਰਫ ਤੁਹਾਡੀ ਉਡੀਕ ਹੋ ਰਹੀ ਏ।"

"ਚੱਲ ਮੈਂ ਆਇਆ?"

ਮੈਂ ਲੋਈ ਦੀ ਬੁੱਕਲ ਮਾਰੀ। ਸੰਤੋਸ਼ ਨੇ ਟੋਕਿਆ, "ਆਹ ਕੀ ਆਪਣਾ ਜਲੂਸ ਕੱਢਣ ਲੱਗੇ। ਕੋਈ ਚੰਗਾ ਲੱਗਦਾ?"

"ਮੈਂ ਕਿਹੜਾ ਕਿਤੇ ਦੂਰ ਜਾਣਾ।"

ਮੇਰੇ ਅੰਦਰ ਤੇਜ਼ ਕਾਂਬਾ ਉਠਿਆ। ਭਿਅੰਕਰ ਕਾਂਬਾ। ਇਹ ਮੇਰੇ ਕਾਬੂ 'ਚ ਨਹੀਂ ਆ ਰਿਹਾ। ਕੀ ਮੈਂ ਡਰ ਗਿਆਂ? ਦੂਜੇ ਪਲ ਮੇਰੇ ਮਨ ਨੇ ਕਿਹਾ ਕਿ ਇਸ 'ਚ ਡਰਨ ਵਾਲੀ ਕਿਹੜੀ ਬਲਾ ਆ ਵੜੀ?

"ਅਰੋੜਾ ਸਾਹਿਬ ਮੰਨ ਗਏ," ਮੇਰਾ ਇਕ ਪੈਰ ਅਜੇ ਤਿਵਾੜੀ ਦੇ ਡ੍ਰਾਇੰਗ ਰੂਮ ਦੇ ਅੰਦਰ ਸੀ ਤੇ ਇਕ ਬਾਹਰ, ਜਦੋਂ ਕਰਤਾਰ ਸਿੰਘ ਕਹਿ ਰਿਹਾ ਸੀ।

"ਕੀ ਬਈ?" ਜਾਣਦਿਆਂ ਹੋਇਆਂ ਵੀ ਮੈਂ ਪੁੱਛਿਆ।

"ਇਹੋ ਕਿ ਇਹ ਬੰਤੀ ਕੋਲੋਂ ਕਮਰਾ ਖਾਲੀ ਕਰਾ ਲੈਣਗੇ। ਅਸੀਂ ਇਨ੍ਹਾਂ ਨੂੰ ਹੋਰ ਕਿਰਾਏਦਾਰ ਲੱਭ ਕੇ ਦਵਾਂਗੇ ਜਿਹੜਾ ਸਾਰਾ ਦਿਨ ਘਰੇ ਰਹੇ। ਅਜਿਹਾ ਕਿਰਾਏਦਾਰ ਜਿਹੜਾ ਇਨ੍ਹਾਂ ਦੀ ਬੀਮਾਰ ਮਾਂ ਦੀ ਪਰੌਪਰ ਦੇਖ-ਭਾਲ ਕਰ ਸਕੇ।" ਤਿਵਾੜੀ ਉਤਸ਼ਾਹ ਨਾਲ



ਦੱਸਣ ਲੱਗਾ।

"ਵੈਰੀ ਗੁੱਡ-ਵੈਰੀ ਗੁੱਡ," ਕਹਿੰਦਿਆਂ ਮੈਂ ਤਾੜੀਆ ਮਾਰੀਆਂ। "ਤਿਵਾੜੀ ਸਾਹਿਬ, ਅੱਜ ਜਸ਼ਨ-ਵਸ਼ਨ ਹੋ ਜਾਏ।"

"ਲਉ, ਤੁਸੀਂ ਆਹ ਕੀ ਗੱਲ ਕੀਤੀ। ਮੈਂ ਕਦੋਂ ਦੌੜਿਆਂ।" ਤਿਵਾੜੀ ਕੁਰਸੀ ਤੋਂ ਉਠਿਆ। ਸਾਰਿਆਂ ਦੇ ਵਿਚਕਾਰ ਆ ਖੜਾ ਹੋਇਆ, "ਧੰਨ ਭਾਗ ਮੇਰੇ। ਮੇਰੀ ਸ਼ਾਮ ਰੰਗੀਨ ਹੋ ਗਈ। ਅੰਨਾ ਕੀ ਮੰਗੇ, ਦੋ ਅੱਖਾਂ....।"

ਤਿਵਾੜੀ ਰਸੋਈ 'ਚ ਗਿਆ। ਅੱਠ ਗਲਾਸੀਆਂ ਤੇ ਐਰਿਸਟੋਕਰੈਟ ਦੀ ਬੋਤਲ ਲੈ ਆਇਆ। ਅਰੋੜਾ ਸਾਹਿਬ ਨੇ ਆਪਣੇ ਵਾਲੀ ਗਲਾਸੀ ਮੇਜ਼ ਦੇ ਹੇਠਾਂ ਨੂੰ ਕਰ ਦਿੱਤੀ। ਬੋਲੇ, "ਮੈਂ ਤਾਂ ਕਦੇ ਲੀਤੀ ਨ੍ਹੀਂ ਜੀ।"

ਸੱਤਾਂ ਨੇ ਇੱਕ-ਇੱਕ ਪੈੱਗ ਲੈ ਲਿਆ।

ਦੂਜਾ ਪੈੱਗ ਚਾੜ੍ਹਦਿਆਂ ਹੀ ਸ਼ਰਮਾ ਬੋਲਿਆ, "ਇਹ ਚੂੜ-ਚੜ੍ਹਮਾਂ ਦੇ ਨਿਆਣੇ ਚੋਰੀ ਨ੍ਹੀਂ ਕਰਨਗੇ ਤਾਂ ਹੋਰ ਕੀ ਕਰਨਗੇ।"

"ਚੋਰੀ ਤਾਂ ਬਲੱਡ ਤੋਂ ਬਲੱਡ ਤੱਕ ਜਾਂਦੀ," ਤਿਵਾੜੀ ਨੇ ਕਿਹਾ।

"ਇਹਨਾਂ ਦੇ ਜੀਨਜ਼ ਚੋਰੀਆਂ ਨਾਲ ਭਰੇ ਹੋਏ।... ਤੁਸੀਂ ਭਾਵੇਂ ਕੰਪਿਊਟਰ 'ਚ ਪਾ ਕੇ ਦੇਖ ਲਉ। ...ਕੰਪਿਊਟਰ ਕਦੇ ਝੂਠ ਨ੍ਹੀਂ ਬੋਲ ਸਕਦਾ।... ਖਾਨਦਾਨ ਐਵੇਂ ਤਾਂ ਨ੍ਹੀਂ ਪਰਖੇ ਜਾਂਦੇ ਨੇ।" ਕਰਤਾਰ ਸਿੰਘ ਲੋਰ 'ਚ ਆਇਆ ਬੋਲਿਆ।

"ਐਦਾਂ ਦੇ ਦੋ ਚਾਰ ਹੋਰ ਕਿਰਾਏਦਾਰ ਕਾਲੋਨੀ ਵਿੱਚ ਆ ਵੜੇ ਤਾਂ ਸਮਝੋ ਅਸੀਂ ਸਾਰੇ ਗਏ।" ਜੌੜਾ ਬੋਲਿਆ।

"ਬੰਤੀ ਬੜੀ ਚਾਲੂ ਜ਼ਨਾਨੀ ਐ।"

"ਸਾਲੀ ਕੰਜਰੀ....।"

"ਹਰਾਮਜਾਦਾ ਦੇਸਾ।"

"ਐਦਾਂ ਦਿਆਂ ਦਾ ਕਿਹੜਾ ਕੋਈ ਅਸਲੀ ਪਿਉ ਹੁੰਦਾ।"

"ਨ੍ਹੀਂ...ਨ੍ਹੀਂ...ਨ੍ਹੀਂ...," ਮੇਰੇ ਮੂੰਹੋਂ ਚੀਕ ਨਿਕਲ ਗਈ। ਸਾਰੇ ਮੇਰੇ ਵੱਲ ਹੈਰਾਨੀ ਨਾਲ ਦੇਖਣ ਲੱਗੇ। ਤਿਵਾੜੀ ਨੇ ਮੇਰੇ ਚਿਹਰੇ ਨੂੰ ਤਾੜਦਿਆਂ ਕਿਹਾ, "ਲੱਧੜ ਸਾਹਿਬ, ਤੁਸੀਂ ਤਾਂ ਸਿਰਫ ਦੋ ਪੈੱਗਾਂ ਨਾਲ ਹਿੱਲ ਗਏ।"

ਅਗਾਂਹ ਮੇਰੇ ਕੋਲ ਬੋਲਿਆ ਨਾ ਗਿਆ। ਮੈਂ ਭਾਵੁਕ ਹੋ ਗਿਆ ਸੀ। ਅਜਿਹੇ ਵੇਲੇ ਭਾਵੁਕਤਾ ਖੁੰਢੇ ਟੋਕੇ ਜਿੰਨਾ ਅਸਰ ਕਰ ਸਕਦੀ ਸੀ। ਅਜਿਹੀ ਗਲਤੀ ਮੈਂ ਇਕ ਵਾਰ ਪਹਿਲਾਂ ਵੀ ਕਰ ਚੁੱਕਾਂ। ਮੈਂ ਸੰਭਲਿਆ। ਕਿਹਾ, "ਸੌਰੀ....ਸਰਦਾਰ ਕਰਤਾਰ ਸਿੰਘ ਜੀ.... ਮੈਂ ਤੁਹਾਡੀ ਅੰਡਰਸਟੈਂਡਿੰਗ ਦੀ ਦਾਦ ਦੇਣਾ।"

ਮੈਂ ਬੋਤਲ ਚੁੱਕੀ। ਪੌਣੀ ਗਿਲਾਸੀ ਭਰ ਲਈ। ਇੱਕੋ ਸਾਹੀ ਪੀ ਲਈ। ਰੁਮਾਲ ਨਾਲ ਬੁੱਲ੍ਹ ਪੂੰਝੇ। ਨੀਵੀਂ ਪਾਈ ਅੰਨ੍ਹੇਵਾਹ ਤਾੜੀਆਂ ਮਾਰਨ ਲੱਗਾ।



www.PunjabiLibrary.com

# ਆਤਮ-ਹੱਤਿਆ

ਪਾਣੀ ਲੈਣ ਲਈ ਸੁਰਜੀਤ ਨੇ ਟੂਟੀ ਖੋਲ੍ਹੀ ਤਾਂ ਅਚਨਚੇਤ ਉਸ ਨੂੰ ਖਿਆਲ ਆਇਆ ਕਿ ਐਸ ਵੇਲੇ ਤਾਂ ਰਮੇਸ਼ ਨੇ ਕਦੇ ਚਾਹ ਨਹੀਂ ਪੀਤੀ ਸੀ। ਜਿੱਥੋਂ ਹਨ੍ਹੇਰਾ ਹੋ ਜਾਂਦਾ ਸੀ, ਉਹ ਚਾਹ ਤਾਂ ਕੀ, ਕੋਈ ਵੀ ਐਦਾਂ ਦੀ ਚੀਜ਼ ਨਹੀਂ ਲੈਂਦਾ/ਖਾਂਦਾ ਸੀ। ਜੇ ਉਸਦੇ ਜਿਸਮ ਦਾ ਕੋਈ ਅੰਗ ਦਰਦ ਕਰਦਾ ਸੀ ਤਾਂ ਉਹ ਪੈਨਾਡੋਲ ਦੀ ਗੋਲੀ ਲੈਂਦਾ ਸੀ। ਕੋਈ ਹੋਰ ਦਵਾਈ ਉਸ ਨੂੰ ਸੂਟ ਨਹੀਂ ਕਰਦੀ ਸੀ। ਉਸ ਉਹਨੂੰ ਚਾਹ ਬਣਾਉਣ ਲਈ ਕਿਉਂ ਕਿਹਾ ? ਕੀ ਉਹ ਕੁਝ ਪਲਾਂ ਦੀ ਇਕੱਲਤਾ ਚਾਹੁੰਦਾ ਸੀ ? ਉਸ ਹੌਲੇ ਜਿਹੇ ਕਿਹਾ ਸੀ,"ਪਲੀਜ਼-ਜੀਤ ਚਾਹ ਬਣਾ ਕੇ ਲਿਆ ?" ਉਸ ਸਿੱਧਾ ਕਿਉਂ ਨਹੀਂ ਕਿਹਾ ਸੀ, "ਬੱਲੀਏ ਚਾਹ ਬਣਾ ਕੇ ਲਿਆ।" ਉਸ 'ਚ ਅਧੀਨਗੀ ਦੀ ਭਾਵਨਾ ਕਿਉਂ ਆ ਗਈ ਸੀ। ਉਸ ਨੂੰ ਇਹ ਵੀ ਲੱਗਾ ਸੀ ਕਿ ਚਾਹ ਦਾ ਕੱਪ ਕਹਿੰਦਿਆਂ ਹੋਇਆਂ ਰਮੇਸ਼ ਦੀ ਆਵਾਜ਼ ਕੰਬੀ ਸੀ। ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਕਿਉਂ ਨਹੀਂ ਤਿਆਰ ਕਰ ਸਕਿਆ ਸੀ ?

ਕੀ ਰਮੇਸ਼ ਆਪਣੀ ਮਨੋਸਥਿਤੀ ਦੇ ਨਾਲ-ਨਾਲ ਉਸ ਦੀ ਮਨੋਸਥਿਤੀ ਪ੍ਰਤੀ ਵੀ ਚੇਤੰਨ ਹੈ ? ਜ਼ਰੂਰ ਚੇਤੰਨ ਹੋਣਾ। ਉਹ ਆਪਣਾ ਮੂੰਹ ਨਹੀਂ ਖੋਲ੍ਹੇਗਾ। ਉਸ 'ਚ ਜਜ਼ਬ ਕਰਨ ਦੀ ਅਥਾਹ ਸ਼ਕਤੀ ਹੈ। ਪਰ ਸੁਰਜੀਤ ਕੋਲ ਨਹੀਂ। ਕਿਸੇ ਦੀ ਚਿਤਾਰੀ ਕੋਈ ਗੱਲ ਉਸ ਦੇ ਅੰਦਰ ਸੂਲ ਵਾਂਗ ਚੁਭ ਜਾਂਦੀ ਸੀ। ਉਸ ਸੂਲ ਦਾ ਕਸ਼ਟ ਉਸ ਦੀ ਨਾੜ-ਨਾੜ 'ਚ ਆਪਣਾ ਅਸਰ ਅਵੱਸ਼ ਦਿਖਾਉਂਦਾ ਸੀ। ਉਹ ਸੋਚਦੀ ਸੀ ਕਿ ਅਜਿਹਾ ਉਸ ਦੇ ਭਾਵੁਕ ਹੋਣ ਕਰਕੇ ਤਾਂ ਨਹੀਂ ਹੋ ਰਿਹਾ। ਇਹ ਵੀ ਹੋ ਸਕਦਾ ਸੀ। ਉਹ ਅੱਧਮੰਨੇ ਮਨ ਨਾਲ ਇਸ ਸੱਚ ਨੂੰ ਸਵੀਕਾਰਦੀ ਸੀ। ਮਨ ਮਗਰਲਾ ਅੱਧ ਮੰਨਣੋਂ ਇਨਕਾਰੀ ਕਰ ਜਾਂਦਾ ਸੀ। ਬਹੁਤ ਵਾਰ ਅਜਿਹਾ ਹੋਇਆ ਸੀ।

ਗੈਸ ਬਾਲ ਕੇ ਉਸ ਸਫਰੀ ਚੁੱਲ੍ਹੇ 'ਤੇ ਟਿਕਾਈ। ਉਸ ਲਈ ਖੜ੍ਹਨਾ ਅਸਹਿ ਹੋ ਗਿਆ। ਉਹ ਸਟੂਲ ਖਿੱਚ ਕੇ ਬੈਠ ਗਈ। ਸੱਜੀ ਛਾਤੀ ਉਪਰੋਂ ਦੀ ਧੌਣ ਵੱਲ ਨੂੰ ਜਾਂਦੀ ਨਾੜੀ ਜ਼ਿਆਦਾ ਹੀ ਟਸ-ਟਸ ਕਰਨ ਲੱਗੀ ਸੀ। ਤੇਜ਼ ਦਰਦ ਦੀ ਲਹਿਰ ਫਿਰ ਗਈ ਸੀ। ਅਸਮਾਨੀ ਬਿਜਲੀ ਵਾਂਗ। ਉਸ ਨੂੰ ਟੈਬਲਿਟ ਲੈ ਲੈਣੀ ਚਾਹੀਦੀ। ਇਸ ਤੋਂ ਬਿਨਾਂ ਉਸ ਨੂੰ ਨੀਂਦ ਨਹੀਂ ਆਉਣੀ। ਰਮੇਸ਼ ਨੇ ਵਾਰ-ਵਾਰ ਪੁੱਛਦੇ ਰਹਿਣਾ, "ਜੀਤ-ਨੀਂਦ ਨ੍ਹੀਂ ਆ ਰਹੀ



www.PunjabiLibrary.com

ਤਾਂ ਸਿਰ ਘੁੱਟ ਦਵਾਂ।" ਕੀ ਰਮੇਸ਼ ਵੀ ਰਸਮੀ ਹੁੰਦਾ ਜਾ ਰਿਹਾ ਹੈ? ਉਸ ਦੀ ਕਿਸੇ ਵੀ ਲੋੜ ਨੂੰ ਪੂਰਾ ਕਰਨਾ ਉਸ ਲਈ ਰਸ਼ਮ ਜ਼ਿਆਦਾ, ਆਪਣਾਪਨ ਘੱਟ ਹੁੰਦਾ ਜਾ ਰਿਹਾ ਹੈ। ਕੋਈ ਵਿਰੋਧ ਨਹੀਂ। ਕੋਈ ਰੋਕ-ਟੋਕ ਨਹੀਂ। ਕਿੰਨੇ ਵੀ ਪੈਸੇ ਖਰਚੇ ਜਾਣ, ਇਸ ਗੱਲ ਦੀ ਪ੍ਰਵਾਹ ਨਹੀਂ। ਸੁਰਜੀਤ ਨੂੰ ਯਾਦ ਆਇਆ-ਘਰ 'ਚ ਨਲਕਾ ਸੀ। ਉਸ ਨੂੰ ਰਸੋਈ ਤੋਂ ਨਲਕੇ ਤਕ ਕਈ ਗੇੜੇ ਮਾਰਨੇ ਪੈਂਦੇ ਸਨ। ਉਹ ਨਲਕਾ ਗੇੜਦੀ-ਗੇੜਦੀ ਹੰਭ ਜਾਂਦੀ ਸੀ। ਕਈ ਵਾਰ ਰਮੇਸ਼ ਉਸ ਦੀ ਸਹਾਇਤਾ ਕਰ ਦਿੰਦਾ ਸੀ। ਮਾਤਾ ਜੀ ਵੀ ਨਲਕਾ ਗੇੜ ਦਿੰਦੇ ਸਨ। ਇਸ ਨਾਲ ਉਸ ਨੂੰ ਔਖਿਆਈ ਹੁੰਦੀ ਸੀ। ਰਮੇਸ਼ ਨਾਲ ਉਸ ਇਸ ਬਾਰੇ ਗੱਲ ਕੀਤੀ ਤਾਂ ਉਹ ਇਕਦਮ ਤਿਆਰ ਹੋ ਗਿਆ ਸੀ-"ਹਾਂ, ਜ਼ਰੂਰ। ਮੇਰਾ ਇਸ ਪਾਸੇ ਪਹਿਲਾਂ ਖ਼ਿਆਲ ਕਿਉਂ ਨ੍ਹੀਂ ਗਿਆ?" ਘੰਟੇ ਕੁ ਬਾਅਦ ਉਹ ਸੈਨੇਟਰੀ ਵਾਲੇ ਨੂੰ ਸਕੂਟਰ ਦੇ ਪਿੱਛੇ ਬੈਠਾ ਲਿਆਇਆ ਸੀ। ਇਸਟੀਮੇਟ ਲਵਾਇਆ ਸੀ। ਅਗਲੇ ਸ਼ਨੀਵਾਰ ਪਲਾਸਟਕ ਦੀ ਟੈਂਕੀ, ਨਲਕੇ 'ਤੇ ਮੋਟਰ ਅਤੇ ਪਾਈਪ-ਸਿਸਟਮ ਚਾਲੂ ਕਰਵਾ ਕੇ ਉਸ ਸੁਰਜੀਤ ਵੱਲ ਦੇਖਿਆ ਸੀ। ਜਿਵੇਂ ਪੁੱਛ ਰਿਹਾ ਹੋਵੇ-'ਬੱਲੀਏ ਹੁਣ ਖ਼ੁਸ਼ ਹੈਂ।' ਉਹ ਕਹਿਣਾ ਚਾਹੁੰਦਾ ਸੀ ਕਿ ਇਸ 'ਚ ਉਸ ਦੇ ਖ਼ੁਸ਼ ਹੋਣ ਵਾਲੀ ਕਿਹੜੀ ਗੱਲ ਸੀ। ਇਹ ਇਸ ਘਰ ਦੀ ਲੋੜ ਸੀ। ਸਾਰਿਆਂ ਲਈ ਫਾਇਦੇਮੰਦ ਸੀ। ਮਾਤਾ ਜੀ ਨਲਕਾ ਗੇੜਦੇ-ਗੇੜਦੇ ਹੌਂਕਣ ਲੱਗ ਜਾਂਦੇ ਸਨ। ਰਮੇਸ਼ ਵੀ ਕਹਿ ਦਿੰਦਾ ਸੀ ਕਿ ਕੁਝ ਜ਼ਿਆਦਾ ਹੀ ਭਾਰਾ ਗਿੜਦਾ ਹੈ। ਮਾਤਾ ਜੀ ਨੂੰ ਉਹ ਰੋਟੀ ਫੜਾਉਣ ਗਈ ਤਾਂ ਅੱਗੋਂ ਉਨ੍ਹਾਂ ਕਿਹਾ ਸੀ,"ਸੁਰਜੀਤ, ਹੁਣ ਤੇਰਾ ਕੰਮ ਸੌਖਾ ਹੋ ਗਿਆ।" ਕੀ ਇਹ ਉਸ ਇਕੱਲੀ ਦੀ ਲੋੜ ਸੀ ?ਇਸ ਬਾਰੇ ਉਹ ਰਮੇਸ਼ ਕੋਲੋਂ ਪੁੱਛਣਾ ਚਾਹੁੰਦੀ ਹੋਈ ਵੀ ਪੁੱਛ ਨਹੀਂ ਸਕੀ ਸੀ। ਉਹ ਇੱਥੋਂ ਤੱਕ ਸੋਚ ਗਈ ਸੀ ਕਿ ਇਸ ਨਾਲ ਰਮੇਸ਼ ਨੂੰ ਠੇਸ ਪੁੱਜੇਗੀ। ਹੋ ਸਕਦਾ ਹੈ ਕਿ ਉਹ ਗੱਲ ਗੋਲ-ਮੋਲ ਕਰ ਜਾਵੇ। ਕਹਿ ਦੇਵੇ- "ਲੋੜ ਤਾਂ ਆਖਿਰ ਲੋੜ ਹੁੰਦੀ ਹੈ ਨਾ ਬੱਲੀਏ। ਉਸ ਦੀ ਪੂਰਤੀ ਛੇਤੀ ਹੋ ਜਾਵੇ ਤਾਂ ਚੰਗਾ ਹੁੰਦਾ। ਟਾਲਿਆਂ ਦੋਹਰਾ ਦਬਾਊ ਭਾਰੂ ਰਹਿੰਦਾ।" ਅਜਿਹੇ ਕਈ ਮੌਕੇ ਆਏ ਸਨ ਕਿ ਉਸ ਇਸ ਘਰ 'ਚ ਕਿਸੇ ਚੀਜ਼ ਦੀ ਘਾਟ ਮਹਿਸੂਸ ਕੀਤੀ ਸੀ ਪਰ ਜ਼ਾਹਿਰ ਨਹੀਂ ਕੀਤਾ ਸੀ। ਮਾਂ-ਪੁੱਤ ਨੂੰ ਪਤਾ ਲੱਗਾ ਸੀ। ਉਹਨਾਂ ਅੱਜ ਨਹੀਂ ਤਾਂ ਪਰਸੋਂ ਉਹ ਚੀਜ਼ ਖ਼ਰੀਦ ਕੇ ਉਸ ਦੇ ਹਵਾਲੇ ਕਰ ਦਿੱਤੀ ਸੀ। ਜਿਵੇਂ ਇਸ ਘਰ ਦੀ ਇਕੱਲੀ ਉਹ ਹੀ ਮਾਲਕਣ ਹੋਵੇ। ਜਿਵੇਂ ਮਾਤਾ ਜੀ ਘਰ ਦੀਆਂ ਜ਼ੁੰਮੇਵਾਰੀਆਂ ਤੋਂ ਖ਼ੁਦ ਨੂੰ ਫਾਰਿਗ ਸਮਝਣ ਲੱਗ ਪਏ ਹੋਣ। ਰਮੇਸ਼ ਮਾਤਾ ਜੀ ਕੋਲੋਂ ਕੋਈ ਚੀਜ਼ ਪੁੱਛਦਾ ਸੀ। ਉਨ੍ਹਾਂ ਦਾ ਸਿਧਾ ਜੁਆਬ ਹੁੰਦਾ ਸੀ-"ਪੁੱਤ, ਹੁਣ ਮੈਨੂੰ ਨ੍ਹੀਂ ਪਤਾ। ਸੁਰਜੀਤ ਨੂੰ ਪੁੱਛ ਕੇ ਦੇਖ ਲੈ...।"

ਉਬਲਦੇ ਪਾਣੀ ਨੇ ਉਬਾਲਾ ਮਾਰਿਆ। ਢੱਕਣ ਇਕ ਪਾਸੇ ਨੂੰ ਡਿੱਗ ਪਿਆ। ਉਸ ਦੀ ਬਿਰਤੀ ਟੁੱਟੀ। ਪਤਾ ਹੀ ਨਾ ਰਿਹਾ ਕਿ ਉਸ ਖੰਡ ਪਾ ਦਿੱਤੀ ਸੀ ਜਾਂ ਨਹੀਂ। ਉਸ ਚਮਚਾ ਚੁੱਕਿਆ। ਪਾਣੀ ਦਾ ਸੁਆਦ ਦੇਖਿਆ। ਮਿੱਠਾ ਸੀ। ਬਹੁਤ ਤੇਜ਼। ਉਸ ਕੋਲੋਂ ਮਿੱਠਾ ਹੀ ਜ਼ਿਆਦਾ ਪੈ ਗਿਆ? ਜਾਂ ਪਤਾ ਹੀ ਨਹੀਂ ਲੱਗਾ ਕਿ ਕਦੋਂ ਪਾਣੀ ਸੁੱਕ ਕੇ ਅੱਧਾ ਰਹਿ ਗਿਆ ਸੀ। ਉਸ ਪਾਣੀ ਦਾ ਇਕ ਹੋਰ ਕੱਪ ਸਫਰੀ 'ਚ ਉਲਦਿਆਂ ਥੋੜ੍ਹੀ ਕੁ ਹੋਰ ਚਾਹ-ਪੱਤੀ ਪਾ ਦਿੱਤੀ। ਉਹ ਉਡਦੀ ਭਾਫ ਨੂੰ ਦੇਖਣ ਲੱਗੀ। ਉਹ ਕੁਝ ਭਾਲਣ ਲੱਗੀ ਜੋ ਕਿਤੇ



ਗੁਆਚ ਗਿਆ ਸੀ। ਪਰ, ਗੁਆਚਿਆ ਤਾਂ ਕੁਝ ਨਹੀਂ ਸੀ। ਉਸ ਨੂੰ ਤਾਂ ਲੱਭਿਆ ਸੀ-ਰਮੇਸ਼। ਅਨਮੋਲ ਹੀਰਾ। ਐਮ.ਏ.ਫਿਲਾਸਫੀ। ਸੈਲਫ ਮੇਡ। ਸਾਊ। ਕਿਸੇ ਨੂੰ ਵੱਧ ਘੱਟ ਕਹਿਣ ਤੋਂ ਗੁਰੇਜ ਕਰਨ ਵਾਲਾ। ਮਾਤਾ ਜੀ ਅਨਪੜ੍ਹ ਪਰ ਦਾਨੀ-ਬਾਨੀ ਔਰਤ। ਦੋ ਵੇਲੇ ਰੱਬ ਦਾ ਨਾਂ ਲੈਣ ਵਾਲੀ। ਜਵਾਨੀ ਦੇ ਪਿਛਲੇ ਪਹਿਰ 'ਚ ਸਿਰ ਦਾ ਸਾਈਂ ਅੱਲਾ ਨੂੰ ਪਿਆਰਾ ਹੋ ਗਿਆ ਸੀ। ਦੋ ਨਨਾਣਾਂ ਸਨ। ਆਪਣੇ ਘਰੀਂ ਹੱਸਦੀਆਂ-ਵਸਦੀਆਂ ਸਨ। ਘਰ 'ਚ ਤਿੰਨ ਜੀਅ ਸਨ। ਨਾ ਕਿਸੇ ਦੀ ਹਿੜਕ। ਨਾ ਝਿੜਕ। ਦੋਵੇਂ ਮੀਆਂ ਬੀਵੀ। ਇਕੋ ਮਹਿਕਮੇ 'ਚ। ਦੋ ਅਲੱਗ-ਅਲੱਗ ਬ੍ਰਾਂਚਾਂ 'ਚ ਕੰਮ ਕਰਦੇ। ਜਾਣ ਲੱਗਿਆਂ ਰਮੇਸ਼ ਉਸ ਨੂੰ ਬੀ.ਐਮ.ਸੀ. ਚੌਕ ਉਤਾਰ ਜਾਂਦਾ ਸੀ। ਵਾਪਸੀ 'ਤੇ ਦਫ਼ਤਰ ਦੇ ਗੇਟ ਅਗਿਉਂ ਰਸੀਵ ਕਰ ਲੈਂਦਾ ਸੀ। ਮਾਤਾ ਜੀ ਉਨ੍ਹਾਂ ਦੇ ਆਉਣ ਦੇ ਸਮੇਂ ਬਾਰੇ ਹਮੇਸ਼ਾ ਚੇਤੰਨ ਰਹਿੰਦੇ ਸਨ। ਉਹ ਚਾਹ ਬਣਾ ਲਿਆਉਂਦੇ ਸਨ। ਉਹ ਤੇ ਰਮੇਸ਼ ਚਾਹ ਦੇ ਛੋਟੇ-ਛੋਟੇ ਘੁੱਟ ਭਰਦੇ ਸਨ। ਕੱਪ ਬਦਲਦੇ ਰਹਿੰਦੇ ਸਨ। ਹਾਸੇ 'ਚ ਇਕਸੁਰਤਾ ਹੁੰਦੀ ਸੀ। ਮਾਤਾ ਜੀ ਵਿਹੜੇ 'ਚ ਚਲੇ ਜਾਂਦੇ ਸਨ। ਰਮੇਸ਼ ਮੱਝ ਲਈ ਪੱਠੇ ਵੱਢਣ ਚਲਾ ਜਾਂਦਾ ਸੀ। ਉਹ ਕਪੜੇ ਬਦਲ ਕੇ ਰਸੋਈ 'ਚ ਜਾ ਵੜਦੀ ਸੀ। ਉਸ ਦੇ ਹੁੰਦਿਆਂ ਮਾਤਾ ਜੀ ਰਸੋਈ ਵੱਲ ਮੂੰਹ ਨਹੀਂ ਕਰਦੇ ਸਨ। ਉਸ ਦੇ ਕਈ ਵਾਰ ਕਹਿਣ ਤੇ ਜ਼ੋਰ ਪਾਉਣ ਉਪਰੰਤ ਉਨ੍ਹਾਂ ਨੇ ਹੱਸਦਿਆਂ ਹੋਇਆ ਕਿਹਾ ਸੀ,"ਲੈ ਧੀਏ, ਮੈਂ ਸਾਰਾ ਬਾਗ ਤੇਰੇ ਹਵਾਲੇ ਕਰਤਾ। ਮੈਨੂੰ ਕੁਸ਼ ਨ੍ਹੀਂ ਚਾਹੀਦਾ। ਸਿਰਫ ਦੋ ਰੋਟੀਆਂ ਖਾਣੀਆਂ। ਟੈਮ ਸਿਰ ਦੇ ਦਿਆਂ ਕਰੀਂ। ਤੂੰ ਰਮੇਸ਼ ਦਾ ਖ਼ਿਆਲ ਰੱਖਿਆ ਕਰ। ਉਹ ਤੈਨੂੰ ਕਦੇ ਸ਼ਿਕਾਇਤ ਦਾ ਮੌਕਾ ਨ੍ਹੀਂ ਦੇਵੇਗਾ। ਮੇਰਾ ਪੁੱਤ ਬਹੁਤ ਜ਼ਿਆਦਾ ਬੀਬਾ। ਉਸ ਕਦੇ ਕਿਸੇ ਨੂੰ ਚੰਗਾ ਮਾੜਾ ਨ੍ਹੀਂ ਬੋਲਿਆ। ਕਦੇ ਕਿਸੇ ਨੂੰ ਬਾਵਰ ਕੇ ਨ੍ਹੀਂ ਪਿਆ। ਪਿਉ ਸਿਰ 'ਤੇ ਨ੍ਹੀਂ ਸੀ।" ਉਹ ਵਿਹੜੇ ਦੀ ਉਸ ਨੁਕਰੇ ਜਾ ਬੈਠਦੇ ਜਿਥੇ ਨਿੰਮ ਹੇਠ ਉਨ੍ਹਾਂ ਦੀ ਹੁੱਕੀ ਪਈ ਹੁੰਦੀ ਸੀ। ਸੁਰਜੀਤ ਨੂੰ ਇਸ ਗੱਲ ਦਾ ਪਤਾ ਸੀ ਕਿ ਉਹ ਹੁੱਕੀ ਪੀਂਦੇ ਸਨ। ਉਹ ਇਸ ਬਿਨਾਂ ਨਹੀਂ ਰਹਿ ਸਕਦੇ ਸਨ। ਉਨ੍ਹਾਂ ਨੂੰ ਦੋ ਕੁ ਘੰਟਿਆਂ ਬਾਅਦ ਇਸ ਦੀ ਤਲਬ ਉਠਦੀ ਸੀ। ਥੋੜ੍ਹਾ-ਥੋੜ੍ਹਾ ਚਿਰ ਬਾਅਦ ਉਹ ਹੁੱਕੀ ਪੀਂਦੇ ਸਨ। ਉਹ ਇਸ ਬਿਨਾਂ ਰਹਿ ਨਹੀਂ ਸਕਦੇ। ਗੁੜ-ਗੁੜ ਦੀ ਆਵਾਜ਼ ਆਉਂਦੀ ਸੀ। ਫੇਰ ਉਹ ਹੁੱਕੀ ਨੂੰ ਲਕੋ ਕੇ ਰੱਖ ਦਿੰਦੇ ਸਨ। ਘਰ 'ਚ ਗੈਸ-ਚੁੱਲ੍ਹਾ ਸੀ। ਉਹ ਆਂਢ-ਗੁਆਂਢ 'ਚੋਂ ਅੱਗ ਮੰਗ ਲਿਆਉਂਦੇ ਸਨ। ਰਸੋਈ ਵੱਲ ਪਿੱਠ ਕਰਕੇ ਪੀਂਦੇ ਸਨ। ਮਾਤਾ ਜੀ ਘਰ 'ਚ ਅੱਗ ਕਿਉਂ ਨਹੀਂ ਬਾਲ ਲੈਂਦੇ? ਉਹ ਉਸ ਸਾਹਮਣੇ ਹੁੱਕੀ ਕਿਉਂ ਨਹੀਂ ਪੀਂਦੇ? ਰਾਤ ਨੂੰ ਜਦੋਂ ਉਹ ਖੰਘਦੇ ਤਾਂ ਉਹਨੂੰ ਪਤਾ ਲੱਗ ਜਾਂਦਾ ਕਿ ਹੁਣ ਉਹ ਗੁੜ-ਗੁੜ ਕਰ ਰਹੇ ਹੋਣਗੇ। ਉਹ ਦਾ ਮਨ ਕਰਦਾ ਸੀ ਕਿ ਉਹ ਆਪ ਉਨ੍ਹਾਂ ਨੂੰ ਆਪਣੇ ਹੱਥੀਂ ਚਿਲਮ ਭਰ ਕੇ ਦੇਵੇ ਪਰ ਅਜੇ ਤਾਈਂ ਇਹ ਸੰਭਵ ਨਹੀਂ ਹੋ ਸਕਿਆ ਸੀ। ਇਕ ਦਿਨ ਉਹ ਧਾਰ ਕੇ ਗਈ ਸੀ। ਉਨ੍ਹਾਂ ਉਸ ਦੀ ਪੈੜਚਲ ਪਛਾਣ ਲਈ ਸੀ। ਉਹ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਉਠ ਖੜੇ ਹੋਏ ਸਨ। ਰਾਤ ਨੂੰ ਉਸ ਰਮੇਸ਼ ਨੂੰ ਕਿਹਾ ਸੀ,"ਮਾਤਾ ਜੀ ਨੂੰ ਰਾਤ-ਬਰਾਤੇ ਹੁੱਕੀ ਪੀਣ ਦੀ ਤਲਬ ਲੱਗਦੀ ਆ। ਅੱਗ ਹੁੰਦੀ ਨ੍ਹੀਂ। ਤੁਸੀਂ ਉਨ੍ਹਾਂ ਨੂੰ ਸਿਗਰੇਟਾਂ ਦਾ ਡੱਬਾ ਤੇ ਲਾਈਟਰ ਲਿਆ ਕੇ ਦਿਓ।" ਰਮੇਸ਼ ਕਿੰਨਾ ਚਿਰ ਹੱਸਦਾ ਰਿਹਾ ਸੀ। ਰੁਕਿਆ ਸੀ। ਬੋਲਿਆ ਸੀ, "ਹੁੱਕੀ ਤੇ ਸਿਗਰੇਟ ਵਿੱਚ ਬਹੁਤ ਫਰਕ ਹੁੰਦਾ।" "ਕੀ?" "ਇਹੋ ਸੁਆਦ ਵਿੱਚ।



www.PunjabiLibrary.com

ਇਹ ਤਾਂ ਜਿਹੜਾ ਪੀਵੇ-ਉਹੀ ਜਾਣੇ।" "ਫੇਰ ਤੁਸੀਂ ਵੀ ਸੁਆਦ ਦੇਖਿਆ ਹੋਣਾ ?" "ਨ੍ਹੀਂ। ਮੈਂ ਭਾਪੇ ਨੂੰ ਚਿਲਮ ਧਰ ਕੇ ਦਿੰਦਾ ਸੀ। ਇਕ ਦਿਨ ਮੀਂਹ ਪੈਂਦਾ ਸੀ। ਮਾਮਾ ਆਇਆ ਹੋਇਆ ਸੀ। ਭਾਪੇ ਨੂੰ ਹੁੱਕੇ ਦੀ ਤਲਬ ਉਠੀ। ਉਨ੍ਹਾਂ ਮਾਮੇ ਕੋਲੋਂ ਸਿਗਰੇਟ ਮੰਗੀ। ਦੋ ਘੁੱਟ ਖਿਚ ਕੇ ਉਨ੍ਹਾਂ ਸਿਗਰੇਟ ਸੁੱਟ ਦਿੱਤੀ। ਕਿਹਾ-ਹਜਾਰਿਆ ਤੇਰੀ ਸਿਗਰੇਟ ਨੇ ਤਾਂ ਮੇਰੇ ਮੂੰਹ ਦਾ ਸੁਆਦ ਹੀ ਬਕਬਕਾ ਜਿਹਾ ਕਰਤਾ। ਹੁੱਕੇ ਦੇ ਕਿਆ ਕਹਿਣੇ।" ਰਮੇਸ਼ ਜਾਣਦਾ ਸੀ ਕਿ ਸੁਰਜੀਤ ਕੇ ਘਰੇ ਕੋਈ ਸਿਗਰੇਟ ਨੂੰ ਹੱਥ ਨਹੀਂ ਲਾਉਂਦਾ। ਇਸ ਨਾਲ ਉਨ੍ਹਾਂ ਨੂੰ ਆਖਰਾਂ ਦੀ ਨਫ਼ਰਤ ਸੀ। ਸੁਰਜੀਤ ਨੂੰ ਵੀ ਹੈ। ਪਰ ਉਹ ਕੱਟੜ ਨਹੀਂ। ਬੰਦਸ਼ਾਂ 'ਚ ਨਹੀਂ ਬੱਝਦੀ। ਉਹ ਨੇ ਦੱਸਿਆ ਸੀ, "ਭਾਪਾ ਜੀ ਜੰਗਲ ਪਾਣੀ ਗਿਆਂ ਵੱਡੇ ਪਿੱਪਲ ਹੇਠੋਂ ਸੱਕ ਚੁਗ ਲਿਆਉਂਦੇ ਸੀ।...ਮੂੰਹ-ਹੱਥ ਧੋਣ ਤੋਂ ਪਹਿਲਾਂ ਹੁੱਕੇ ਦਾ ਨੇਚਾ ਮਾਂਜਦੇ। ਪਾਣੀ ਬਦਲਦੇ। ਉਪਰ ਦੀ ਗਿੱਲੀ ਪੱਟੀ ਲਪੇਟਦੇ। ਆਪਣੀ ਹੱਥੀਂ ਅੱਗ ਬਾਲਦੇ। ਬੱਲੀਏ- ਤੂੰ ਸ਼ਹਿਰਨ ਕੀ ਜਾਣੇ-ਪਿੱਪਲ ਤੇ ਕਿੱਕਰ ਦੇ ਸੱਕਾਂ ਦਾ ਜਾਇਕਾ। ਤੂੰ ਆਪ ਕਿਸੇ ਦਿਨ ਸੱਕ ਚੁਗ ਕੇ ਚਿਲਮ ਧਰ ਕੇ ਦੇਵੀਂ। ਫੇਰ ਦੇਖੀਂ ਮਾਤਾ ਦਾ ਮੂਡ। ਉਨ੍ਹਾਂ ਦੀ ਦਿਆਲਤਾ। ਇਹ ਸਮਾਂ ਉਨ੍ਹਾਂ ਲਈ ਪਰਮ ਅਨੰਦ ਦਾ ਹੁੰਦਾ।" ਉਹ ਸਮਝ ਗਈ ਸੀ। ਇਥੇ ਆ ਕੇ ਉਸ ਬਹੁਤ ਕੁਝ ਹੋਰ ਸਮਝ ਲਿਆ ਸੀ। ਇਹ ਵੀ ਕਿ ਮਾਤਾ ਜੀ ਉਸ ਨੂੰ ਆਪਣੇ ਨਾਲੇ 'ਉੱਚਾ' ਸਮਝ ਬੈਠੇ ਸਨ। ਇਕ ਦਿਨ ਪਿੱਪਲ ਵਾਲਿਆਂ ਦੀ ਜਗੀਰੋ ਆਈ ਸੀ। ਸੁਰਜੀਤ ਕੱਪੜੇ ਪਰੈਸ ਕਰ ਰਹੀ ਸੀ। ਮਾਤਾ ਜੀ ਨੇ ਬੈਠਕ ਅੱਗੇ ਆਈ ਛਾਂ 'ਚ ਮੰਜੀ ਡਾਈ ਹੋਈ ਸੀ। ਦੋਵੇਂ ਹਮਉਮਰਾਂ ਦੀ ਗੱਲਬਾਤ ਕਦੇ ਉੱਚੇ ਹਾਸੇ 'ਚ ਬਦਲ ਜਾਂਦੀ ਸੀ। ਕਦੇ ਉਹ ਖੁਸਰਮੁਸਰ ਕਰਨ ਲੱਗ ਪੈਂਦੀਆਂ ਸਨ। ਫੇਰ ਉਹ ਪਾਸੇ ਵਿੱਚ ਹੋਈ ਨੌਂਹ ਸੱਸ ਦੀ ਲੜਾਈ ਬਾਰੇ ਚਰਚਾ ਕਰਨ ਲੱਗੀਆਂ ਸਨ। ਜਾਂਦੀ-ਜਾਂਦੀ ਜਗੀਰੋ ਨੇ ਪੁੱਛਿਆ ਸੀ, "ਸੰਤੀਏ ਤੇਰੀ ਨੌਂਹ ਠੀਕ ਠਾਕ ਰਹਿੰਦੀ ਆ ?" "ਭਲੀ ਚੰਗੀ ਆ।" ਮਾਤਾ ਜੀ ਹੁਬ ਕੇ ਬੋਲੇ ਸਨ। "ਅੱਛਾ।" ਜਗੀਰੋ ਨੇ ਸ਼ੰਕਾ ਭਰੀਆਂ ਨਜ਼ਰਾਂ ਨਾਲ ਉਨ੍ਹਾਂ ਵੱਲ ਦੇਖਿਆ ਸੀ। ਟਾਂਚ ਜਿਹੀ ਨਾਲ ਕਿਹਾ ਸੀ, "ਵੱਡੇ ਘਰੋਂ ਜਿਉਂ ਆਈ ਆ।" "ਹਾਂ ਕੁੜੇ-ਸਾਡੇ ਨਾਲੋਂ ਕਿਤੇ ਵੱਡੇ ਆ।" ਅਗਾਂਹ ਉਹ ਸੁਣਨਾ ਚਾਹੁੰਦੀ ਵੀ ਸੁਣ ਨਹੀਂ ਸਕੀ ਸੀ। 'ਵੱਡੇ ਘਰ' ਦੇ ਅਰਥਾਂ ਦਾ ਉਸ ਨੂੰ ਪਤਾ ਸੀ। ਕੀ ਉਹ ਅਜੇ ਤੱਕ ਇਸ ਵਿਚਾਰ ਤੋਂ ਮੁਕਤ ਨਹੀਂ ਹੋਏ ? ਸ਼ਾਇਦ ਹੋ ਹੀ ਨਹੀਂ ਸਕਦੇ। ਪਰ ਉਸ ਇਸ ਹੀਣਤਾ ਨੂੰ ਘੱਟ ਕਰਨ ਲਈ ਕੋਈ ਕਸਰ ਨਹੀਂ ਛੱਡੀ ਸੀ। ਛੁੱਟੀ ਵਾਲੇ ਦਿਨ ਉਹ ਉਨ੍ਹਾਂ ਨੂੰ ਆਪਣੇ ਕੋਲ ਬਿਠਾ ਲੈਂਦੀ ਜਾਂ ਆਪ ਰੋਟੀ ਵਾਲੀ ਥਾਲੀ ਚੁੱਕ ਕੇ ਉਨ੍ਹਾਂ ਕੋਲ ਆ ਬੈਠਦੀ ਸੀ। "ਆਉ ਆਪਾਂ ਮਾਵਾਂ-ਧੀਆਂ 'ਕੱਠੀਆਂ ਖਾਈਏ।" ਦੋਵੇਂ ਇਕੋ ਥਾਲੀ 'ਚ ਖਾਂਦੀਆਂ ਸਨ। ਇਧਰ ਉਧਰ ਦੀਆਂ ਗੱਲਾਂ ਕਰਦੀਆਂ ਸਨ। ਹੱਸਦੀਆਂ ਸਨ। ਪਰ ਮਾਤਾ ਜੀ ਨੇ ਕਦੇ ਵੀ ਅਜਿਹੀ ਪਹਿਲ ਨਹੀਂ ਕੀਤੀ ਸੀ। ਕਈ ਵਾਰ ਅਜਿਹਾ ਹੁੰਦਾ ਕਿ ਉਹ ਰਸੋਈ 'ਚੋਂ ਉਨ੍ਹਾਂ ਨੂੰ ਆਵਾਜ਼ ਮਾਰਦੀ ਸੀ। ਉਹ ਪਹਿਲਾਂ ਨਲਕੇ 'ਤੇ ਜਾਂਦੇ ਸਨ। ਹੱਥ ਧੋਂਦੇ ਸਨ। ਕੁਰਲੀ ਕਰਦੇ ਸਨ। ਜਦੋਂ ਪਾਸੇ 'ਚੋਂ ਕੋਈ ਔਰਤ ਕਿਸੇ ਦਿਨ-ਤਿਉਹਾਰ ਦੀ ਖ਼ੁਸ਼ੀ 'ਚ ਕੋਈ ਚੀਜ਼ ਵੰਡਣ ਆਉਂਦੀ ਤਾਂ ਉਹ ਆਪਣਾ ਹਿੱਸਾ ਝੱਟ ਖਾਣ ਦੀ ਕਰਦੇ ਸਨ। ਉਨ੍ਹਾਂ ਦੋਹਾਂ ਦਾ ਹਿੱਸਾ ਆਪਣੇ ਅੱਡ ਰੱਖ ਲੈਂਦੇ ਸਨ ਜਾਂ ਉਠ ਕੇ



ਫੜਾ ਆਉਂਦੇ ਸਨ। ਬਹੁਤ ਕੁਝ ਹੋਰ ਵੀ ਸੀ।

ਕਈ ਕੁਝ ਉਸਨੂੰ ਯਾਦ ਆਉਂਦਾ ਗਿਆ...ਵਿਹੜੇ 'ਚੋਂ ਕੋਈ ਔਰਤ ਉਸ ਨੂੰ ਮਿਲਦੀ ਤਾਂ ਉਹ ਨੂੰ ਲੱਗਦਾ ਕਿ ਉਸ ਦੀਆਂ ਨਜ਼ਰਾਂ 'ਚ ਕਈ ਸੁਆਲ ਫੈਲੇ ਹੁੰਦੇ ਸਨ। ਕੋਈ ਗੱਲ ਛਿੜਦੀ ਤਾਂ ਇਕ ਦੂਰੀ ਬਣੀ ਰਹਿੰਦੀ ਸੀ। ਘੁੱਟਣ ਹੁੰਦੀ ਸੀ। ਜਿਵੇਂ ਪੁੱਛਣ ਵਾਲਾ ਚੁੱਪ ਰਹਿਣਾ ਚਾਹੁੰਦਾ ਹੋਵੇ, ਦੱਸਣ ਵਾਲਾ ਬੋਲਦਾ ਹੀ ਜਾਵੇ। ਕਿੰਨੀ ਚੰਗੀ ਹੈ ਪਿਆਰੇ ਦੀ ਗੁੱਡੀ। ਲੰਘਦੀ ਵੜਦੀ ਬੁਲਾ ਜਾਂਦੀ..."ਆਂਟੀ ਜੀ ਝਾਤੀਆਂ-ਆਂਟੀ-ਜੀ-ਮੈਨੂੰ ਆਹ ਐਸਏ ਯਾਦ ਕਰਾ ਦਿਓ.... ਤੁਸੀਂ ਸਾਡੇ ਘਰ ਕਿਉਂ ਨ੍ਹੀਂ ਆਉਂਦੇ ?" ਉਹ ਕਿੰਨਾ ਕੁ ਯਾਦ ਰੱਖ ਸਕਦੀ ਸੀ ਸੁਰਜੀਤ। ਰੱਖਦੀ ਤਾਂ ਸ਼ਾਇਦ ਆਪਣੇ ਫੈਸਲੇ 'ਤੇ ਥਿੜਕ ਜਾਂਦੀ। ਨਹੀਂ। ਉਹ ਆਪਣੇ ਫੈਸਲੇ ਤੋਂ ਸੰਤੁਸ਼ਟ ਹੈ। ਗੱਲਾਂ ਹੁੰਦੀਆਂ ਹੀ ਰਹਿੰਦੀਆਂ ਹਨ। ਇਕ ਦਿਨ ਉਸ ਦੀ ਕੁਲੀਗ ਹਰਜੋਤ ਨੇ ਉਸ ਨੂੰ ਤਾੜਨਾ ਕੀਤੀ ਸੀ, "ਲੱਗਦਾ ਤੇਰਾ ਪਿਆਰ ਭਾਵੁਕ ਪੱਧਰ 'ਤੇ ਵਿਚਰ ਰਿਹਾ।" ਸੁਰਜੀਤ ਨੇ ਦ੍ਰਿੜਤਾ ਨਾਲ ਕਿਹਾ ਸੀ, "ਨ੍ਹੀਂ, ਤੇਰੀ ਇਹ ਗੱਲ ਠੀਕ ਨ੍ਹੀਂ। ਇਹ ਠੀਕ ਆ ਕਿ ਔਰਤਾਂ ਜ਼ਿਆਦਾ ਭਾਵੁਕ ਹੁੰਦੀਆਂ। ਪਰ ਮੈਂ ਵੈੱਲ ਐਜੂਕੇਟਡ ਹਾਂ। ਆਪਣੇ ਚੰਗੇ ਬੁਰੇ ਦਾ ਗਿਆਨ ਆ। ਮੈਂ ਘਰਦਿਆਂ ਦੇ ਵਿਰੋਧ ਦੀ ਪ੍ਰਵਾਹ ਨ੍ਹੀਂ ਕੀਤੀ...। ਉਹ ਆਪੇ ਸਿੱਧੇ ਰਾਹ ਆ ਗਏ। ਮੈਂ ਕੋਰਟ ਮੈਰਿਜ ਕੀਤੀ। ....ਚਲ ਛੱਡ ਕੋਈ ਹੋਰ ਟੌਪਿਕ ਛੇੜ...।"

ਚਾਹ ਉਬਾਲੇ ਖਾ ਰਹੀ ਸੀ। ਉਸ ਫਰਿੱਜ 'ਚੋਂ ਦੁੱਧ ਵਾਲਾ ਡੋਲੂ ਚੁੱਕਿਆ। ਡੋਲੂ ਨੱਕੋ ਨੀਕ ਭਰਿਆ ਪਿਆ ਸੀ। ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ। ਉਹ ਵਾਪਸ ਦੇਰ ਨਾਲ ਮੁੜੇ ਸਨ। ਹੋ ਸਕਦਾ ਹੈ ਕਿ ਮਾਤਾ ਜੀ ਨੇ ਚਾਹ ਨਾ ਬਣਾਈ ਹੋਵੇ ਜਾਂ ਉਨ੍ਹਾਂ ਦਾ ਇਕੱਲਿਆਂ ਚਾਹ ਪੀਣ ਨੂੰ ਚਿੱਤ ਰਾਜ਼ੀ ਨਾ ਹੋਇਆ ਹੋਵੇ। ਆਂਢ-ਗੁਆਂਢ 'ਚੋਂ ਕੋਈ ਚਾਹ ਦਾ ਗਿਲਾਸ ਦੇ ਗਿਆ ਹੋਵੇ। ਇਸ ਕਰਕੇ ਹੀ ਐਨਾ ਦੁੱਧ ਬਚਿਆ ਪਿਆ ਸੀ। ਉਨ੍ਹਾਂ ਤਾਂ ਉਬਾਲਾ ਦੇ ਕੇ ਜਿਉਂ ਦਾ ਤਿਉਂ ਰੱਖ ਛੱਡਿਆ ਸੀ। ਉਸ ਗਿਲਾਸ ਭਰ ਕੇ ਚਾਹ 'ਚ ਉਲਦ ਦਿੱਤਾ। ਹੁਣ ਇਸ ਨੂੰ ਤਿੰਨ ਜਣੇ ਪੀ ਸਕਦੇ ਸਨ। ਉਹ, ਰਮੇਸ਼ ਤੇ ਮਾਤਾ ਜੀ। ਉਸ ਨੂੰ ਇਸ ਗੱਲ ਦਾ ਪਤਾ ਸੀ ਕਿ ਮਾਤਾ ਜੀ ਵੀ ਰਾਤ ਨੂੰ ਚਾਹ ਨਹੀਂ ਪੀਂਦੇ ਹਨ। ਚਲੋ-ਅੱਜ ਪੀ ਲੈਣਗੇ। ਸੁਧਾ ਦੁੱਧ ਹੈ। ਸਿਆਲੂ ਦਿਨ ਹਨ। ਰਾਤਾਂ ਕਿਹੜੀਆਂ ਛੇਤੀਆਂ ਬੀਤਦੀਆਂ। ਦਿਨੇ ਕੋਈ ਨਾ ਕੋਈ ਆਇਆ ਗਿਆ ਰਹਿੰਦਾ ਸੀ। ਕਈ ਵਾਰੀ ਐਦਾਂ ਵੀ ਹੁੰਦਾ ਕਿ ਇਕ ਜਾਂਦੀ ਤਾਂ ਮਗਰੇ ਕੋਈ ਹੋਰ ਆ ਬੈਠਦੀ ਸੀ। ਉਹ ਕੀ-ਕੀ ਗੱਲਾਂ ਕਰਦੀਆਂ ਸਨ-ਇਸ ਦਾ ਉਸ ਨੂੰ ਥਹੁ ਪਤਾ ਨਹੀਂ ਲੱਗਦਾ ਸੀ। ਉਸ ਇਸ ਪਾਸੇ ਕਦੇ ਉਚੇਚਾ ਧਿਆਨ ਵੀ ਨਹੀਂ ਦਿੱਤਾ ਸੀ। ਹਮ-ਉਮਰ ਨਾਲ ਬੰਦਾ ਛੇਤੀ ਘੁਲ-ਮਿਲ ਜਾਂਦਾ ਹੈ। ਆਪਣਾ ਦੁੱਖ-ਸੁੱਖ ਸਾਂਝਾ ਕਰ ਲੈਂਦਾ ਹੈ। ਇਕ ਦਿਨ ਰਮੇਸ਼ ਆਪਣੇ ਮਾਮਿਆਂ ਦੇ ਗਿਆ ਸੀ। ਉਹ ਦਫ਼ਤਰੋਂ ਇਕੱਲੀ ਮੁੜੀ ਸੀ। ਦਰਵਾਜ਼ੇ ਕੋਲ ਆਉਂਦਿਆਂ ਹੀ ਉਸ ਨੂੰ ਮਾਤਾ ਜੀ ਦੀ ਆਵਾਜ਼ ਸੁਣੀ ਸੀ। ਉਹ ਖੜ੍ਹ ਗਈ ਸੀ। ਗੱਲਾਂ ਸੁਣਨ ਲੱਗੀ ਸੀ। ਬੇਰੀ ਵਾਲਿਆਂ ਦੀ ਸੀਬੋ, ਜਿਨ੍ਹਾਂ ਦੇ ਮਾਤਾ ਜੀ ਨੇ ਕਈ ਸਾਲ ਗੋਹਾ ਕੂੜਾ ਕੀਤਾ ਸੀ, ਉਨ੍ਹਾਂ ਨੂੰ ਕੋਈ ਜਗਬੀਤੀ ਸੁਣਾ ਰਹੀ ਸੀ-" ....ਮੈਂ ਜਲੰਧਰ ਹਸਪਤਾਲ ਆਪਣੇ ਭਾਣਜੇ ਤਾਰਾ ਸਿਹੁੰ ਦਾ ਪਤਾ ਲੈਣ



www.PunjabiLibrary.com

ਗਈ ਸੀ। ਉਥੇ ਇਕ ਮਰੀਜ਼ ਨਾਲ ਕੋਈ ਆਇਆ ਬੈਠਾ ਸੀ। ਦੇਖਣ-ਚਾਖਣ ਵਿਚ ਅਮਲੀ ਲੱਗਦਾ ਸੀ। ਉਸ ਦੇ ਮੂੰਹੋਂ ਗੱਲ ਬੜੀ ਫੱਬਦੀ ਸੀ। ਲੈ-ਉਸ ਇਕ ਗੱਲ ਸੁਣਾਈ। ਕਿਸੇ ਸ਼ਹਿਰ ..... ਪਤਾ ਨ੍ਹੀਂ ਚੰਡੀਗੜ੍ਹ ਦਾ ਨਾਂ ਲੈਂਦਾ ਸੀ-ਇਕ ਮੁੰਡਾ ਨੌਕਰੀ ਕਰਦਾ ਸੀ। ਕੁੜੀ ਪੜ੍ਹਦੀ ਸੀ। ਉਨ੍ਹਾਂ ਵਿਚ ਗਿਟ-ਮਿਟ ਹੋ ਗਈ। ਉਨ੍ਹਾਂ ਘਰੋਂ ਚੋਰੀਓਂ ਵਿਆਹ ਕਰਾ ਲਿਆ। ਅੱਜ ਹੋਰ ਤੇ ਕਲ੍ਹ ਹੋਰ। ਵੱਡਿਆਂ ਸ਼ਹਿਰਾਂ ਵਿੱਚ ਕੌਣ ਕੀ ਕਰਦਾ-ਇਹ ਦੀ ਕੌਣ ਪ੍ਰਵਾਹ ਕਰਦਾ। ਕਹਿੰਦੇ ਉਥੇ ਤਾਂ ਆਂਢ-ਗੁਆਂਢ ਨਾਲ ਵੀ ਕੋਈ ਲੈਣ-ਦੇਣ ਨ੍ਹੀਂ ਹੁੰਦਾ। ਕੁੜੀ ਦੀ ਪੜ੍ਹਾਈ ਖ਼ਤਮ ਹੁੰਦਿਆਂ ਸਾਰ ਮੁੰਡੇ ਨੇ ਅਫ਼ਸਰਾਂ ਦਾ ਮਿੰਨਤ ਤਰਲਾ ਕਰਕੇ ਜਲੰਧਰ ਦੀ ਬਦਲੀ ਕਰਵਾ ਲਈ..... ਲੈ..... ਪਿੰਡ ਦਾ ਨਾਂ ਮੈਨੂੰ ਫੇਰ ਭੁੱਲ ਗਿਆ। ਸੀ ਜੰਡਿਆਲੇ ਲਾਗੇ ਹੀ।.... ਪਹਿਲਾਂ ਮੇਰੀ ਗੱਲ ਸੁਣ ਲੈ..... ਮੁੰਡਾ ਕੁੜੀ ਨੂੰ ਪਿੰਡ ਲੈ ਆਇਆ। ਮੁੰਡਾ ਸੀ ਤੁਹਾਡੀ ਬਰਾਦਰੀ ਦਾ ਤੇ ਕੁੜੀ ਅਰੌੜਿਆਂ ਦੀ। ਸੱਸ ਘਾਹ ਦੀ ਪੰਡ ਚੁੱਕੀ ਆਈ। ਨਾ ਉਹਨੇ ਹੱਥ ਧੋਤੇ। ਨਾ ਮੂੰਹ-ਸਿਰ। ਮਿੱਟੀ ਨਾਲ ਮਿੱਟੀ ਹੋਈ ਨੇ ਨੌਂਹ ਰਾਣੀ ਨੂੰ ਜਾ ਜੱਫੀ ਪਾਈ। ਬੁੜ੍ਹੀ ਦੇ ਕਪੜਿਆਂ ਵਿੱਚੋਂ ਮਣ ਭਰ ਪੱਕੀ ਬਦਬੂ ਆਵੇ। ਕੁੜੀ ਲਈ ਸਾਹ ਲੈਣਾ ਔਖਾ ਹੋ ਗਿਆ। ਇਕ ਦਿਨ ਬੀਤਿਆ-ਦੂਜਾ ਦਿਨ ਲੰਘ ਗਿਆ। ਕਿੰਨੇ ਕੁ ਦਿਨ ਐਦਾਂ ਚਲਣਾ ਸੀ। ਕਦੇ ਚਿੰਤੋ ਆ ਗਈ। ਕਦੇ ਬਿਸ਼ਨੀ। ਸੱਸ ਹੁਕਮ ਸੁਣਾ ਦੇਵੇ-ਵਹੁਟੀਏ ਆਹ ਤੇਰੀ ਪਤੀਸ ਲੱਗਦੀ-ਇਹਦੇ ਪੈਰੀਂ ਹੱਥ ਲਾ। ਕਿਸੇ ਹੋਰ ਨੂੰ ਜੇਠਾਣੀ ਕਹਿ ਦਿੰਦੀ। ਉਸ ਨੂੰ ਮਿਲਣ ਲਈ ਇਸ਼ਾਰੇ ਕਰਦੀ। ਪਤਾ ਨ੍ਹੀਂ ਵਿਚਾਰੀ ਦੇ ਮਨ 'ਤੇ ਕੀ ਆਈ-ਪੰਜਵੇਂ ਦਿਨ ਉਹਨੇ ਬਿਜਲੀ ਦੀ ਨੰਗੀ ਤਾਰ ਨੂੰ ਹੱਥ ਪਾ ਲਿਆ।" ਸੁਣਦਿਆਂ ਮਾਤਾ ਜੀ ਦੇ ਚਿਹਰੇ 'ਤੇ ਪੀਲੀ ਜਿਹੀ ਤਾਰ ਆਰ-ਪਾਰ ਹੋ ਗਈ ਸੀ। ਫੇਰ ਉਨ੍ਹਾਂ ਖੁਦ 'ਤੇ ਕਾਬੂ ਰੱਖਦਿਆਂ ਕਿਹਾ ਸੀ, "ਚਲ ਕੁੱਤੀ ਨਾ ਹੋਵੇ ਤਾਂ। ਤੇਰੀ ਤਾਂ ਉਹ ਗੱਲ ਆ। ਇਕ ਗੱਪ ਮਾਰੇ। ਦੂਜਾ ਗੱਪ ਦੀ ਮਾਂ ਮਾਰੇ। ਤੂੰ ਸਿਆਣੀ-ਬਿਆਣੀ ਗੱਲ ਕਰਨ ਲੱਗੀ ਸੋਚ ਤਾਂ ਲਿਆ ਕਰ। ਕੰਨ ਖੋਲ੍ਹ ਕੇ ਸੁਣ ਲੈ ਤੇ ਹੋਰਾਂ ਨੂੰ ਵੀ ਜਾ ਕੇ ਦੱਸ ਦੇ-ਮੇਰੀ ਨੌਂਹ ਐਦਾਂ ਦੀ ਨ੍ਹੀਂ। ਛੇ ਮਹੀਨੇ ਵਸਦੀ-ਰਸਦੀ ਨੂੰ ਹੋ ਚੱਲੇ।" ਫੇਰ ਉਨ੍ਹਾਂ ਦੋਹਾਂ 'ਚੋਂ ਕੋਈ ਨਹੀਂ ਬੋਲੀ ਸੀ। ਜਾਂਦੀ-ਜਾਂਦੀ ਸੀਬੋ ਕਹਿ ਹੀ ਗਈ ਸੀ, "ਫੇਰ ਵੀ ਸਿਆਣਪ ਨਾਲ ਰਹੀਂ।" ਉਸ ਵਿਹੜੇ 'ਚ ਪੈਰ ਰੱਖਿਆ ਸੀ। ਮਾਤਾ ਜੀ ਛੋਹਲੇ ਪੈਰੀਂ ਉਸ ਵੱਲ ਆਏ ਸਨ। ਪੁੱਛਿਆ ਸੀ,"ਸੁਰਜੀਤ ਚਾਹ ਬਣਾਵਾਂ ?" ਸੁਰਜੀਤ ਨੇ ਕਿਹਾ ਸੀ, "ਨ੍ਹੀਂ-ਚਾਹ ਮੈਂ ਆਪ ਬਣਾਉਨੀ ਆਂ। ਉਨਾ ਚਿਰ ਤੁਸੀਂ ਆਹ ਨਮਕੀਨ ਖਾਉ। ਚਾਹ ਆਪਾਂ 'ਕੱਠੀਆਂ ਪੀਵਾਂਗੀਆਂ।" ਉਹ ਆਪਣੇ ਕਮਰੇ 'ਚ ਕਪੜੇ ਬਦਲਣ ਚਲੀ ਗਈ ਸੀ।

ਚਾਹ ਬਣ ਗਈ ਸੀ। ਪੱਤੀ ਜ਼ਿਆਦਾ ਪੈਣ ਕਰਕੇ ਇਸ ਦਾ ਰੰਗ ਕੁਝ ਜ਼ਿਆਦਾ ਹੀ ਲਾਖਾ ਹੋ ਗਿਆ ਸੀ। ਖਿਆਲਾਂ 'ਚ ਗੁਆਚੀ ਕੋਲੋਂ ਸ਼ਾਇਦ ਦੋ ਚਮਚੇ ਦੋ ਵਾਰੀ ਪੈ ਗਏ ਸਨ। ਚਾਹ ਦੇ ਰੰਗ ਨੇ ਇਕ ਵਾਰੀ ਫੇਰ ਉਸ ਦੇ ਮੋਢਿਆਂ ਪਿੱਛੇ ਖਿਚਾਅ ਲੈ ਆਂਦਾ। ਕਲ੍ਹ ਰਾਤ ਵਾਲੀ ਘਟਨਾ ਉਸ ਅੱਗੇ ਫਣ ਚੁੱਕਣ ਲੱਗੀ ਸੀ।...ਸਾਰਾ ਪਰਿਵਾਰ ਡਾਇਨਿੰਗ ਟੇਬਲ 'ਤੇ ਬੈਠਾ ਰੋਟੀ ਖਾ ਰਿਹਾ ਸੀ। ਉਹ ਰਮੇਸ਼ ਦੇ ਖੱਬੇ ਪਾਸੇ ਬੈਠੀ ਸੀ। ਰਮੇਸ਼ ਦੇ ਸੱਜੇ ਪਾਸੇ ਮੰਮੀ ਜੀ ਬੈਠੇ ਸਨ। ਉਨ੍ਹਾਂ ਦੇ ਨਾਲ ਵਿੰਦਰ। ਰੇਖਾ ਰੋਟੀ ਵਰਤਾ ਰਹੀ ਸੀ। ਅਚਾਨਕ



ਮੰਮੀ ਜੀ ਨੇ ਰਮੇਸ਼ ਦਾ ਹੱਥ ਫੜਿਆ ਸੀ। ਨਹੁੰ ਦੇਖਣ ਲੱਗੇ ਸਨ। ਬੋਲੇ ਸਨ, "ਤੇਰੇ ਨਹੁੰ ਬੜੇ ਸਾਫ ਨੇ।" ਰਮੇਸ਼ ਨੇ ਹੱਥ ਵਿਚਲੀ ਬੁਰਕੀ ਮੁੜ ਪਲੇਟ 'ਚ ਰੱਖ ਦਿੱਤੀ ਸੀ। ਉਹ ਵੀ ਆਪਣੇ ਨਹੁੰ ਦੇਖਣ ਲੱਗਾ ਸੀ। ਬੋਲਿਆ ਸੀ, "ਸਾਡੇ ਕੋਈ ਚਮੜੇ ਦਾ ਕੰਮ ਨ੍ਹੀਂ ਕਰਦਾ।" ਸੁਰਜੀਤ ਨੂੰ ਰਮੇਸ਼ ਦੇ ਵਤੀਰੇ 'ਤੇ ਹੈਰਾਨੀ ਹੋਈ ਸੀ। ਰਮੇਸ਼ ਨੇ ਮੁੜ ਬੁਰਕੀ ਚੁੱਕ ਲਈ ਸੀ। ਰੋਟੀ ਖਾਣ ਲੱਗਾ ਸੀ। ਇਸ ਦੌਰਾਨ ਕੋਈ ਨਹੀਂ ਬੋਲਿਆ ਸੀ। ਭਾਂਡੇ ਸਮੇਟ ਕੇ ਰੇਖਾ ਖੀਰ ਲੈ ਆਈ ਸੀ। ਵਿੰਦਰ ਨੇ ਚੁਟਕਲਿਆਂ ਦੀ ਪਟਾਰੀ ਖੋਲ੍ਹ ਦਿੱਤੀ ਸੀ। ਰੇਖਾ ਦੀ ਉਸ ਵਾਰੀ ਆਉਣ ਨਹੀਂ ਦਿੱਤੀ ਸੀ। ਮੰਮੀ ਜੀ ਹੱਸ-ਹੱਸ ਕੇ ਲੋਟ-ਪੋਟ ਹੁੰਦੇ ਗਏ ਸਨ। ਰੇਖਾ ਨੇ ਖਿਝ ਕੇ ਕਿਹਾ ਸੀ, "ਆਪਣੇ ਲਾਡਲੇ ਨੂੰ ਰੋਕੋ। ਤੁਸੀਂ ਇਹ ਨੂੰ ਬਹੁਤ ਸਿਰੇ ਚੜ੍ਹਾ ਰੱਖਿਆ।" ਵਿੰਦਰ ਨੇ ਉਸ ਦੇ ਮੂੰਹ 'ਤੇ ਹੱਥ ਰੱਖ ਦਿੱਤਾ ਸੀ। "ਚੁੱਪ-ਚੁੱਪ ਮੈਂ ਜੀਜਾ ਜੀ ਨੂੰ ਐਨਾ ਹਸਾਊਂ...ਐਨਾ ਹਸਾਊਂ..... ਦੱਸਾਂ..... ਚਲੋ ਛੱਡੋ..... ਵਨ ਟੂ ਥ੍ਰੀ..... ਲਉ ਇਕ ਸੀ ਬ੍ਰਾਹਮਣ ਮੇਰੇ ਵਰਗਾ। ਤੇ ਇੱਕ ਚੜ੍ਹਮ.....।" ਰਮੇਸ਼ ਹੱਥ 'ਤੇ ਹੱਥ ਮਾਰ ਕੇ ਹੱਸੀ ਗਿਆ ਸੀ। ਉਸ ਕਿਹਾ ਸੀ- 'ਬੱਲੇ ਬੱਲੇ ਤੂੰ ਤਾਂ ਛੁਪਿਆ ਰੁਸਤਮ ਨਿਕਲਿਆਂ।' ਅਚਾਨਕ ਗੰਭੀਰ ਹੋ ਗਿਆ ਸੀ। ਆਪਣੇ ਨਹੁੰਆਂ ਵੱਲ ਦੇਖਿਆ ਸੀ। ਕਿਹਾ ਸੀ, "ਲਉ ਮੈਂ ਭੁੱਲ ਗਿਆਂ। ਪਹਿਲਾਂ ਨਹੁੰਆਂ ਵਾਲੀ ਗੱਲ ਪੂਰੀ ਕਰ ਲਈਏ। ਮਗਰੋਂ ਰੇਖਾ ਦੇ ਚੁਟਕਲੇ ਸੁਣਾਂਗੇ। ਭਾਵੇਂ ਸਾਰੀ ਰਾਤ ਸੁਣਾਉਂਦੀ ਰਹੇ..... ਮੰਮੀ ਜੀ ਮੈਂ ਤੁਹਾਨੂੰ ਦੱਸਿਆ ਸੀ ਕਿ ਨਾ..... ਸਾਡੇ ਪਿੰਡ ਕੋਈ ਵੀ ਚਮੜੇ ਦਾ ਕੰਮ ਨ੍ਹੀਂ ਕਰਦਾ। ਮੈਂ ਇਕ ਵਾਰੀ ਆਪਣੀ ਭੂਆ ਜੀ ਦੇ ਗਿਆ ਸੀ। ਉਥੇ ਦੋ ਪਾਸੇ ਸਨ। ਇਕ ਪੁਰਾਣੀ ਆਬਾਦੀ। ਦੂਜੀ ਨਵੀਂ ਆਬਾਦੀ। ਜ਼ਿਮੀਂਦਾਰ ਉਸ ਨੂੰ ਨਵੀਂ ਚਮਾਲੜੀ ਕਹਿੰਦੇ। ਮੇਰੇ ਭੂਆ ਜੀ ਅਜੇ ਵੀ ਪੁਰਾਣੀ ਆਬਾਦੀ ਰਹਿੰਦੇ। ਉਨ੍ਹਾਂ ਦੇ ਸ਼ਰੀਕੇ ਦੇ ਕਈ ਘਰ ਨਵੀਂ ਆਬਾਦੀ ਜਾ ਵਸੇ। ਮੈਂ ਇਕ ਦਿਨ ਨਵੀਂ ਆਬਾਦੀ ਗਿਆ। ਕੁਨ੍ਹਾਂ ਕੋਲ ਜਾ ਖੜਿਆ। ਬਦਬੂ ਮੇਰੀਆਂ ਨਾਸਾਂ ਵਿਚ ਧੁਸ ਕੇ ਆ ਵੜੀ। ਮੈਂ ਤਾਂ ਇਸ ਬਾਰੇ ਕੁਝ ਜਾਣਨ ਦੇ ਲਹਿਜੇ ਵਿਚ ਗਿਆ ਸੀ। ਕੁਨ੍ਹਾਂ 'ਤੇ ਪੰਜ ਛੇ ਜਣੇ ਸਨ ਜਿਨ੍ਹਾਂ ਦੇ ਇਕੋ ਜਿਹੇ ਕਪੜੇ ਪਾਏ ਸਨ। ਉਨ੍ਹਾਂ ਦੇ ਹੱਥਾਂ ਤੇ ਪੈਰਾਂ ਦੇ ਨਹੁੰਆਂ ਦਾ ਰੰਗ ਲਾਖਾ ਹੋਇਆ ਸੀ। ਮੈਂ ਆਪਣੀ ਭੂਆ ਜੀ ਦੇ ਮੁੰਡੇ ਤੋਂ ਇਸ ਦਾ ਕਾਰਨ ਪੁੱਛਿਆ ਤਾਂ ਉਸ ਦੱਸਿਆ ਸੀ ਕਿ ਚਮੜਾ ਰੰਗਣ ਲੱਗਿਆਂ ਕਿੱਕਰ ਦੇ ਸੱਕ ਤੇ ਹੋਰ ਕੈਮੀਕਲਜ਼ ਦਾ ਰੰਗ ਨਹੁੰਆਂ 'ਤੇ ਚੜ੍ਹ ਜਾਂਦਾ। ਇਹ ਛੇਤੀ ਦੇਣੀ ਉਤਰਦਾ ਨ੍ਹੀਂ। ਜਦੋਂ ਕੋਈ ਕੰਮ ਛੱਡ ਜਾਂਦਾ ਤਾਂ ਰੰਗ ਮਿਟਾਉਣ ਲਈ ਤੇਜ਼ਾਬ ਲਾ ਕੇ ਖੁਰਚਣਾ ਪੈਂਦਾ...।" ਸੁਰਜੀਤ ਕੋਲੋਂ ਹੋਰ ਸੁਣਿਆ ਨਹੀਂ ਗਿਆ ਸੀ। ਉਸ ਨੂੰ ਪਤਾ ਸੀ ਕਿ ਮੰਮੀ ਜੀ ਨੇ ਰਮੇਸ਼ ਦੇ ਨਹੁੰਆਂ ਦੀ ਗੱਲ ਕਿਉਂ ਛੇੜੀ ਸੀ। ਮੰਮੀ ਜੀ ਦੇ ਵਿਰੁੱਧ ਕੋਈ ਵੀ ਕਿਉਂ ਨਹੀਂ ਬੋਲਿਆ ਸੀ ? ਉਨ੍ਹਾਂ ਨੂੰ ਕਿਸੇ ਨੇ ਰੋਕਿਆ ਕਿਉਂ ਨਹੀਂ ਸੀ ? ਟੋਕਿਆ ਕਿਉਂ ਨਹੀਂ ? ਰਮੇਸ਼ ਇਸ ਘਰ ਦਾ ਜੁਆਈ ਹੈ। ਉਸ ਦੀ ਚੰਗੇ ਢੰਗ ਨਾਲ ਇੱਜ਼ਤ ਹੋਣੀ ਚਾਹੀਦੀ ਹੈ। ਜੇ ਐਦਾਂ ਹੀ ਰਿਹਾ ਤਾਂ ਉਸ ਮੁੜ ਕੇ ਇਸ ਪਾਸੇ ਮੂੰਹ ਨਹੀਂ ਕਰਨਾ ਸੀ। ਚੌਥੇ ਦਿਨ ਟੈਲੀਫੋਨ ਕਰ ਦਿੰਦੇ ਸਨ ਕਿ ਆ ਕੇ ਮਿਲ ਜਾਉ। ਐਦਾਂ ਦੇ ਮਿਲਣ ਤੋਂ ਕੀ ਥੁੜਿਆ ਸੀ। ਘੁੰਨਾ ਜਿਹਾ ਬੈਠਾ ਵਿੰਦਰ ਅਤੇ ਤੇਜ਼ ਤਰਾਰ ਰੇਖਾ ਵੀ ਮਸ਼ਕਰੀਆਂ ਭਰੀਆਂ ਨਜ਼ਰਾਂ ਨਾਲ ਦੇਖਦੀ ਰਹੀ ਸੀ। ਉਂਝ ਇਹ ਕਿਹੜਾ ਪਹਿਲੀ ਵਾਰ



www.PunjabiLibrary.com

ਹੋਇਆ ਸੀ। ਜਿੰਨੀ ਵਾਰ ਉਹ ਇੱਕਠੇ ਆਏ, ਉਸ ਬਾਰੇ ਘੱਟ, ਰਮੇਸ਼ ਬਾਰੇ ਜ਼ਿਆਦਾ 'ਕਿੰਤੂ-ਪਰੰਤੂ' ਹੁੰਦਾ ਰਿਹਾ ਸੀ। ਜਦੋਂ ਰਮੇਸ਼ ਕਮਰੇ 'ਚ ਆਇਆ ਤਾਂ ਉਹ ਬੈੱਡ 'ਤੇ ਮੂਧੇ-ਮੂੰਹ ਪਈ ਸੀ। ਪੱਥਰ ਬਣੀ। ਰਮੇਸ਼ ਨੇ ਉਸ ਨੂੰ ਹਲੂਣਿਆ, ਕੁਤਕੁਤਾਰੀਆਂ ਕੱਢੀਆਂ, ਪੁੱਛਿਆ ਕਿ ਕੀ ਬੱਤੀ ਬੁਝਾ ਦੇਵੇ। ਉਸ ਅੱਖ ਦੇ ਇਸ਼ਾਰੇ ਨਾਲ ਹਾਂ ਕਰ ਦਿੱਤੀ ਸੀ। ਫੇਰ ਰਮੇਸ਼ ਨੇ ਚੁੱਪ ਧਾਰ ਲਈ ਸੀ ਜਿਵੇਂ ਉਹ ਕੁਝ ਵੀ ਨਾ ਕਹਿਣਾ ਚਾਹੁੰਦਾ ਹੋਵੇ, ਜਿਵੇਂ ਕੁਝ ਕਿਹਾ ਹੀ ਨਹੀਂ ਜਾ ਸਕਦਾ ਸੀ। ਉਸ ਕਿਹਾ ਸੀ,"ਆਪਾਂ ਸਵੇਰ ਨੂੰ ਪਹਿਲੀ ਬਸ 'ਚ ਚਲੇ ਜਾਣਾ। ਕਿਸੇ ਨੂੰ ਦੱਸਿਆਂ-ਪੁੱਛਿਆਂ-ਮਿਲਿਆਂ ਬਿਨਾਂ। ਜਿਹਨੂੰ ਲੋੜ ਹੋਊ-ਆਪੇ ਆ ਕੇ ਮਿਲ ਲਊ। ਠੀਕ ਹੈ ?" ਰਮੇਸ਼ ਨੇ ਉਸ ਨੂੰ ਆਪਣੇ ਵੱਲ ਖਿੱਚਦਿਆਂ ਹੋਇਆਂ ਕਿਹਾ ਸੀ, "ਬੱਲੀਏ-ਹੁਣ ਸੌਣ ਦਾ ਕੀ ਲਵੇਂਗੀ ?"

ਉਸ ਤਿੰਨ ਕੱਪਾਂ 'ਚ ਚਾਹ ਪਾਈ। ਪਹਿਲਾਂ ਮਾਤਾ ਦੇ ਕਮਰੇ 'ਚ ਗਈ। ਉਹ ਪਾਠ ਕਰ ਰਹੇ ਸਨ। ਉਸ ਕਿਹਾ, "ਮਾਤਾ ਜੀ ਚਾਹ ਲਉ।" ਉਨ੍ਹਾਂ ਉਸ ਕੋਲੋਂ ਕੱਪ ਫੜ ਲਿਆ। ਅਸੀਸ ਦਿੱਤੀ, "ਧੀਏ-ਸੁਖੀ ਰਹੁ। ਤੇਰੇ ਆਉਣ ਨਾਲ ਮੇਰੀ ਪਿਛਲੀ ਜੂਨ ਸੌਖਾਲੀ ਨਿਕਲ ਜਾਊ।" ਉਹ ਬੁੱਲ੍ਹਾਂ 'ਚ ਮੁਸਕਰਾਈ। ਜਿਵੇਂ ਕਹਿ ਗਈ ਹੋਵੇ ਕਿ ਉਹ ਉਨ੍ਹਾਂ ਨੂੰ ਕਦੇ ਸ਼ਿਕਾਇਤ ਦਾ ਮੌਕਾ ਨਹੀਂ ਦੇਵੇਗੀ। ਪਰ ਵਰਾਂਡੇ 'ਚ ਪੈਰ ਰੱਖਦਿਆਂ ਹੀ ਉਸ ਦੀਆਂ ਲੱਤਾਂ ਫੁਲਣ ਲੱਗੀਆਂ। ਜਦੋਂ ਦੇ ਉਹ ਚੰਡੀਗੜ੍ਹ ਤੋਂ ਮੁੜੇ ਸਨ, ਉਸ ਨੂੰ ਰਮੇਸ਼ ਸੁੰਨਵਟਾ ਬਣਿਆ ਲੱਗਿਆ ਸੀ। ਬਸ 'ਚ ਵੀ ਜਿੰਨੀ ਕੁ ਉਸ ਗੱਲ ਪੁੱਛੀ, ਉਸ ਅੱਗੇਉਂ ਉੱਨਾ ਕੁ ਹੀ ਜੁਆਬ ਦਿੱਤਾ ਸੀ। ਕੀ ਰਮੇਸ਼ ਨੇ ਮੰਮੀ ਜੀ ਦੀ ਗੱਲ ਦਾ ਬੁਰਾ ਮਨਾ ਲਿਆ ਸੀ ? ਉਸ ਉਨ੍ਹਾਂ ਨੂੰ ਅੱਖਾਂ ਕੱਢ ਕੇ ਕਿਉਂ ਨਹੀਂ ਦਿਖਾਈਆਂ ? ਉਸ ਉਨ੍ਹਾਂ ਕੋਲੋਂ ਕੀ ਲੈਣਾ ਸੀ ? ਜਦੋਂ ਉਸ ਦੁਬਾਰਾ ਨਾ ਜਾਣ ਦਾ ਫੈਸਲਾ ਕਰ ਲਿਆ-ਫੇਰ ਰਮੇਸ਼ ਨੂੰ ਏਨਾ ਫਿਕਰਮੰਦ ਹੋਣ ਦੀ ਕੀ ਲੋੜ ਸੀ ? ਉਹ ਤਾਂ ਰਮੇਸ਼ ਦਾ ਉਸ ਦਿਨ ਵਾਲਾ ਰੂਪ ਦੇਖਣਾ ਚਾਹੁੰਦੀ ਸੀ ਜਦੋਂ ਉਸ ਦੇ ਰੋਕਦਿਆਂ- ਰੋਕਦਿਆਂ ਵੀ ਉਹ ਗੁਆਂਢੀ ਜੋਗਿੰਦਰ ਪਾਲ ਨਾਲ ਹੱਥੋਂ ਪਾਈ ਹੋਣ ਨੂੰ ਫਿਰਦਾ ਸੀ। ਮਾਤਾ ਜੀ ਨੂੰ ਉਸ ਪਿੱਛੇ ਹਟ ਜਾਣ ਨੂੰ ਕਿਹਾ ਸੀ, "ਇਨ੍ਹਾਂ ਸਾਨੂੰ ਸਮਝਿਆ ਹੀ ਕੀ ਆ ? ਆਪਣਾ ਗੰਦ ਰੋੜ੍ਹ ਕੇ ਸਾਡੇ ਦਰਾਂ ਮੋਹਰੇ ਕਰ ਦਿੰਦੇ। ਬੰਦਾ ਕਿੰਨਾ ਕੁ ਚਿਰ ਬਰਦਾਸ਼ਤ ਕਰ ਸਕਦਾ ?" ਆਖਿਰ ਜੋਗਿੰਦਰ ਪਾਲ ਨੂੰ ਹੱਥ ਜੋੜਨੇ ਪਏ ਸਨ....ਪਰ ਕਲ੍ਹ ਰਮੇਸ਼ ਕਿਉਂ ਨਹੀਂ ਬੋਲਿਆ ਸੀ ? ਉਸ ਦੇ ਸਿਰ ਨੂੰ ਘੁੰਮੇਟਣੀ ਚੜ੍ਹੀ। ਉਸ ਨੂੰ ਲੱਗਿਆ ਕਿ ਉਹ ਹੁਣ ਵੀ ਡਿੱਗੀ ਕਿ ਹੁਣ ਵੀ ਡਿੱਗੀ। ਉਸ ਥਾਈਂ ਬੈਠਣ ਦੀ ਕੀਤੀ। ਟਸ-ਟਸ ਕਰਦੀਆਂ ਪੁੜਪੁੜੀਆਂ ਦੀਆਂ ਨਾੜਾਂ ਨੂੰ ਘੁੱਟਣ ਲੱਗੀ। ਮਿੰਟ ਕੁ ਮਗਰੋਂ ਉਸ ਨੂੰ ਹੋਸ਼ ਆਈ। ਉਸ ਕਮਰੇ ਵੱਲ ਦੇਖਿਆ। ਰਮੇਸ਼ ਟੇਬਲ ਲੈਂਪ ਜਗਾਈ ਕੁਝ ਲਿਖ ਰਿਹਾ ਸੀ। ਉਸ ਨੂੰ ਯਾਦ ਆਇਆ ਕਿ ਬਸ 'ਚ ਉਹ ਅਸ਼ਾਂਤ ਰਿਹਾ ਸੀ। ਉਹ-ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਹੋਰ ਸੁੱਖਾਂ-ਦੁੱਖਾਂ ਵਾਂਗ ਰਮੇਸ਼ ਨੂੰ ਇਨ੍ਹਾਂ ਪਲਾਂ 'ਚ ਵੀ ਉਸ ਨੂੰ ਆਪਣਾ ਹਿੱਸੇਦਾਰ ਬਣਾਉਣਾ ਚਾਹੀਦਾ ਸੀ। ਉਹ ਅਗਾਂਹ ਸੋਚਦੀ-ਇਸ ਤੋਂ ਪਹਿਲਾਂ ਹੀ ਰਮੇਸ਼ ਨੇ ਆਪਣੀ ਦਿਸ਼ਾ ਬਦਲ ਲਈ। ਉਸ ਚਾਹ ਵਾਲੀ ਟ੍ਰੇਅ ਚੁੱਕੀ। ਮੇਜ਼ 'ਤੇ ਲਿਆ ਰੱਖੀ। ਇਕ ਪਲ ਰਮੇਸ਼ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਦੇਖਿਆ। ਉਸ ਨੂੰ ਆਪਣੀਆਂ ਬਾਹਾਂ 'ਚ



ਘੁੱਟਦੀ ਹੋਈ ਬੋਲੀ, "ਪਲੀਜ਼ ਰਮੇਸ਼ ....।"ਦੇਰ ਤਕ ਉਹ ਰਮੇਸ਼ ਦੇ ਨਾਲ ਚੁੰਬੜੀ ਰਹੀ। ਉੱਨਾ ਚਿਰ ਜਿੰਨਾ ਚਿਰ ਉਸ ਦੇ ਮਨ 'ਚ ਉਠਿਆ ਗੁਭ-ਗੁਲਾਹਟ ਦਾ ਅਸਰ ਘੱਟ ਨਾ ਹੋਇਆ। ਰਮੇਸ਼ ਉਸ ਦੇ ਵਾਲਾਂ 'ਚ ਉਂਗਲਾਂ ਫੇਰਦਾ ਰਿਹਾ।

"ਬੱਲੀਏ- ਚਾਹ ਤਾਂ ਠੰਢੀ ਹੋ ਗਈ," ਸੁਰਜੀਤ ਨੂੰ ਆਪਣੇ ਆਪ 'ਚ ਵਿਚਰਦਿਆਂ ਦੇਖ ਰਮੇਸ਼ ਬੋਲਿਆ।

"ਲਿਆਉ ਮੈਂ ਹੋਰ ਬਣਾ ਲਿਆਉਣੀ ਆ।"ਸੁਰਜੀਤ ਕੱਪੜੇ ਠੀਕ ਕਰਦੀ ਹੋਈ ਉੱਠੀ। ਰਮੇਸ਼ ਨੇ ਉਸ ਦੇ ਹੱਥੋਂ ਚਾਹ ਵਾਲੀ ਟ੍ਰੇਅ ਫੜ ਲਈ ਤੇ ਕਿਹਾ, "ਲੈ ਹੁਣ ਤੂੰ ਮੇਰੇ ਵਾਲੀ ਥਾਂ ਬੈਠ। ਚਾਹ ਮੈਂ ਬਣਾ ਕੇ ਲਿਆਉਣਾ.....।"



www.PunjabiLibrary.com

## ਨਹੀਂ, ਮੈਂ ਨਹੀਂ

ਮੈਂ ਆਪਣੀ ਗਲਤੀ ਮੰਨਦਾ ਹਾਂ। ਇਸ ਗੱਲੋਂ ਵੀ ਬਿਲਕੁਲ ਇਨਕਾਰੀ ਨਹੀਂ ਹਾਂ ਕਿ ਇਸ 'ਚ ਮੇਰਾ ਆਪਣਾ ਕੋਈ ਦੋਸ਼ ਨਹੀਂ ਹੈ। ਪਰ ਸੱਚ ਜਾਣੇਉਂ ਮੈਂ ਉਸ ਦਾ 'ਕਤਲ' ਨਹੀਂ ਕੀਤਾ। ਤੁਹਾਨੂੰ ਵਿਕਾਸ ਮਿਲਿਆ ਹੋਣਾ। ਅਵੱਸ਼। ਉਸ ਨੂੰ ਇਹ ਸ਼ੱਕ ਪਿਆ ਹੈ। ਉਹ ਮੇਰੇ ਨਾਲ ਘੁੱਟਿਆ-ਵੱਟਿਆ ਰਹਿੰਦਾ ਹੈ। ਉਸ ਨੂੰ ਮੈਂ ਕਿਵੇਂ ਸਮਝਾਵਾਂ ਕਿ ਉਸ ਦੀ ਮੰਮੀ ਆਪਣੀ ਮੌਤ ਮਰੀ ਸੀ। ਕੁਦਰਤੀ ਮੌਤ। ਸਿਵਲ ਹਸਪਤਾਲ ਦੇ ਪ੍ਰਾਈਵੇਟ ਵਾਰਡ ਦੇ ਕਮਰਾ ਨੰਬਰ ਛੱਤੀ 'ਚ। ਮੇਰੇ ਕੋਲ ਉਸ ਦਾ ਡੈੱਥ ਸਰਟੀਫਿਕੇਟ ਹੈਗਾ! ਮੈਂ ਸੰਭਾਲ ਕੇ ਰੱਖਿਆ।...ਲਉ-ਇਹ ਤੁਸੀਂ ਕਿਵੇਂ ਕਹਿ ਦਿੱਤਾ? ਡਾਕਟਰ ਮੇਰਾ ਵਾਕਿਫ ਸੀ। ਵਾਕਿਫ ਭਾਵ ਮੇਰੇ ਇੱਕ ਪੁਰਾਣੇ ਵਿਦਿਆਰਥੀ ਦਾ ਡੈਡੀ। ਉਸ ਹੀ ਸਮਝਾਇਆ ਸੀ ਕਿ ਅੱਜ ਕਲ੍ਹ ਕਿਸੇ ਵੇਲੇ ਵੀ ਇਸ ਦੀ ਲੋੜ ਪੈ ਸਕਦੀ ਹੈ। ਉਹ ਇਹ ਸਰਟੀਫਿਕੇਟ ਬਣਵਾ ਕੇ ਮੈਨੂੰ ਆਪ ਘਰ ਦੇ ਗਿਆ ਸੀ। ਉਨ੍ਹੀਂ ਦਿਨੀਂ ਮੈਨੂੰ ਐਦਾਂ ਦੀਆਂ ਗੱਲਾਂ ਦੀ ਸੋਝੀ ਕਿਥੇ ਰਹਿ ਗਈ ਸੀ। ਮੇਰੇ ਲਈ ਤਾਂ ਮੇਰੀ ਦੁਨੀਆਂ ਹੀ ਉਜੜ ਗਈ ਸੀ। ਮੈਂ ਆਪਣੇ ਸਟੱਡੀ-ਰੂਮ 'ਚ ਜਾ ਬੈਠਦਾ। ਚੁੱਪਚਾਪ। ਕੋਈ ਹਿਲ-ਜੁਲ ਨਹੀਂ। ਕਿਸੇ ਕਿਤਾਬ ਨੂੰ ਚੁੱਕਣਾ ਤਾਂ ਕੀ ਦੇਖਣ ਨੂੰ ਮਨ ਰਾਜ਼ੀ ਨਾ ਹੁੰਦਾ। ਇਹ ਸਭ ਕੁਝ ਐਨੀ ਜਲਦੀ ਕਿਵੇਂ ਹੋ ਗਿਆ ਸੀ। ਮੈਥੋਂ ਇਹ ਦਾ ਕੋਈ ਲੜ ਸਿਰਾ ਨਾ ਫੜਿਆ ਜਾਂਦਾ। ਸੋਚਾਂ ਤੁਰਦੀਆਂ ਜਾਂਦੀਆਂ। ਬੇਲਗਾਮ। ਮੇਰੇ ਬੱਸੋਂ ਬਾਹਰ। ਆਪਣੇ ਸਾਥੀ ਦਾ ਮਰਨਾ ਕਿਸੇ ਲਈ ਵੀ ਅਸਹਿ ਹੋ ਸਕਦਾ ਹੈ। ਮੈਂ ਪੜ੍ਹਿਆ-ਲਿਖਿਆ-ਹਰ ਗੱਲ ਦਾ ਵਿਸ਼ਲੇਸ਼ਣ ਕਰਨ ਵਾਲਾ ਇਸ ਘਟਨਾ ਨੂੰ ਟਾਲ ਕਿਉਂ ਨਾ ਸਕਿਆ।

ਮੈਂ ਬਹੁਤ ਦਿਨਾਂ ਤੋਂ ਚਾਹੁੰਦਾ ਸੀ ਕਿ ਕੋਈ ਮੇਰੀ ਦਾਸਤਾਨ ਸੁਣਨ ਆਵੇ ਜਾਂ ਮੈਂ ਕਿਸੇ ਨੂੰ ਆਪਣਾ ਦੁੱਖ ਦੱਸਾਂ। ਮਨ 'ਤੇ ਬੋਝ ਦਾ ਭਾਰ ਵਧਦਾ ਹੀ ਜਾ ਰਿਹਾ ਸੀ। ਨਹੀਂ....ਨਹੀਂ.. ਇਸ ਨੂੰ ਤੁਸੀਂ ਪਛਤਾਵਾ ਨਹੀਂ ਕਹਿ ਸਕਦੇ। ਹੁਣ ਮੈਂ ਪਛਤਾਵੇ ਤੋਂ ਸ਼ੁਰੂ ਕਰਦਾ ਹਾਂ। ਮੈਨੂੰ ਕੋਈ ਪਛਤਾਵਾ ਨਹੀਂ ਸੀ। ਸ਼ਾਇਦ ਰਾਣੀ ਨੂੰ ਹੋਵੇ-ਮੈਨੂੰ ਕਦੇ ਕਦੇ ਅਜਿਹਾ ਲੱਗਦਾ ਸੀ। ਖਾਸ ਕਰਕੇ ਉਦੋਂ ਜਦੋਂ ਉਹ ਡਾਢੀ ਆਫਰੀ ਹੁੰਦੀ। ਅੱਗੋਂ ਮੈਂ ਸਮਾਂ ਲੰਘਾਉਣ ਦੀ ਕਰਦਾ। ਉਸ ਦਾ ਗੁੱਸਾ ਥੋੜ੍ਹ ਚਿਰਾ ਹੁੰਦਾ। ਬਿੰਦ-ਝਟ ਨੂੰ ਆਪੇ ਹੀ ਸ਼ਾਂਤ ਹੋ ਜਾਂਦੀ। ਪੁੱਛਦੀ "ਜਨਾਬ ਸਾਹਿਬ-ਚਾਹ ਲਿਆਵਾਂ ਜਾਂ ਕਿ ਕੌਫੀ ਚਲੇਗੀ?" ਮੈਂ ਉਸ ਵੱਲ



www.PunjabiLibrary.com

ਦੇਖ ਕੇ ਮੁਸਕਰਾ ਛੱਡਦਾ। .....ਨਹੀਂ-ਨਹੀਂ..... । ਮੈਂ ਕਦੇ ਇਸ ਨੂੰ ਆਪਣੀ ਜਿੱਤ ਨਹੀਂ ਸਮਝਿਆ। ਜਿੱਤ-ਹਾਰ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਪਹਿਲੇ ਦਿਨ ਤੋਂ ਹੀ ਨਹੀਂ।॥

ਉਹ ਵੱਡੇ ਘਰ ਦੀ ਧੀ ਸੀ। ਬਹੁਤ ਵੱਡੇ ਘਰ ਦੀ। ਆਪਣੇ ਨਾਲੋਂ ਕਾਫੀ ਉਪਰ ਮੰਨ ਸਕਦਾ ਹਾਂ। ਪਰ ਮੈਨੂੰ ਇਨ੍ਹਾਂ ਗੱਲਾਂ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਸੀ। ਨਾ ਹੀ ਮੈਂ ਕਦੇ ਅਜਿਹਾ ਸੋਚਿਆ ਸੀ। ਰਾਣੀ ਨੇ ਵੀ ਕਦੇ ਅਜਿਹਾ ਸੰਕੇਤ ਨਹੀਂ ਦਿੱਤਾ ਸੀ। ਸਾਡਾ ਵਿਆਹ ਇਕ ਅੰਡਰਸਟੈਂਡਿੰਗ ਸੀ। ਸਮਝ ਸੀ। ਕੋਈ ਝੱਟ ਦੇਣੀ ਲਿਆ ਫੈਸਲਾ ਨਹੀਂ ਸੀ। ਸਭ ਤੋਂ ਅਹਿਮ ਗੱਲ—ਮੈਨੂੰ ਉਸ ਦੀ ਸਾਦਗੀ ਪਸੰਦ ਸੀ।..... ਵਿਆਹ ਦਾ ਪ੍ਰਸਤਾਵ ਵੀ ਉਸੇ ਵੱਲੋਂ ਰੱਖਿਆ ਗਿਆ। ਮੈਥੋਂ ਨਾਂਹ ਨਾ ਹੋਈ। ਉਹ ਇਸ ਗੱਲੋਂ ਵੀ ਸੁਚੇਤ ਸੀ ਕਿ ਮੈਨੂੰ ਕਈ ਖਾਂਦੇ-ਪੀਂਦੇ ਖਾਨਦਾਨਾਂ ਤੋਂ ਰਿਸ਼ਤੇ ਆ ਰਹੇ ਸਨ। ਉਸ ਫਖਰ ਨਾਲ ਆਪਣੀ ਸਹੇਲੀ ਕਮਲੇਸ਼ ਨੂੰ ਕਿਹਾ ਸੀ, "ਮੈਨੂੰ ਪਤਾ ਸੀ ਇਹ ਕਿਸੇ ਹੋਰ ਨੂੰ ਪਸੰਦ ਨ੍ਹੀਂ ਕਰ ਸਕਦੇ।" ਮੈਂ ਜਾਣਦਾ ਸੀ ਕਿ ਉਹ ਕੀ ਚਾਹੁੰਦੀ ਹੈ। ਬੱਸ ਮੈਂ ਬਹੁਤਾ ਸੋਚਿਆ ਨਹੀਂ ਸੀ। ਉਂਝ ਵੀ ਐਦਾਂ ਦੇ ਸਮੇਂ ਕੋਈ ਬਹੁਤ ਸੋਚਣ ਦੀ ਲੋੜ ਨਹੀਂ ਹੁੰਦੀ। ਉਦੋਂ ਮੇਰੀ ਨਜ਼ਰ 'ਚ ਉਹ ਸਮਝਦਾਰ ਔਰਤ ਸੀ।

ਰਾਣੀ ਮੇਰਾ ਬਹੁਤ ਖਿਆਲ ਰੱਖਦੀ। ਮੇਰੇ ਕੋਲ ਉਸ ਦਾ ਖਿਆਲ ਰੱਖਣ ਦਾ ਸਮਾਂ ਬਹੁਤ ਘੱਟ ਹੁੰਦਾ। ਉਹ ਦਫ਼ਤਰ ਜਾਂਦੀ-ਆਉਂਦੀ ਥੱਕ ਜਾਂਦੀ। ਆਉਂਦੀ ਹੀ ਬੈੱਡ 'ਤੇ ਮੂਧੇ ਮੂੰਹ ਡਿੱਗ ਪੈਂਦੀ। ਉਸ ਸਮੇਂ ਅਕਸਰ ਮੈਂ ਘਰ ਹੀ ਹੁੰਦਾ। ਮੈਂ ਉਸਨੂੰ ਪਾਣੀ ਦਾ ਪੁੱਛਦਾ। ਚਾਹ ਦੇ ਦੋ ਕੱਪ ਬਣਾ ਕੇ ਉਸ ਕੋਲ ਆ ਬੈਠਦਾ। ਉਹ ਮੋਹ ਨਾਲ ਭਰ ਜਾਂਦੀ। ਉਸ ਦੀਆਂ ਅੱਖਾਂ 'ਚ ਤਰਸੇਵਾਂ ਹੁੰਦਾ। ਉਲਾਂਭੇ ਹੁੰਦੇ। ਚਾਹ ਦੇ ਕੱਪ ਖਾਲੀ ਹੁੰਦੇ ਤਾਂ ਮੈਂ ਉਠ ਖੜਦਾ। ਕੁਝ ਚਿਰ ਹੋਰ ਬੈਠਣ ਲਈ ਉਹ ਜ਼ੋਰ ਦਿੰਦੀ—ਫੇਰ ਮੂੰਹ ਵੱਟ ਲੈਂਦੀ। ਜਦੋਂ ਮੈਂ ਉੱਠਣ ਲੱਗਦਾ ਤਾਂ ਉਹ ਕਹਿੰਦੀ, "ਗੁਲਾਮ ਅਲੀ ਦੀ ਕੈਸਿਟ ਲਾ ਜਾਉ। ਕੋਈ ਵੀ—ਜਿਹੜੀ ਤੁਹਾਡੇ ਹੱਥ ਲਗਦੀ ਆ। ਮੈਨੂੰ ਥੋੜ੍ਹਾ ਸਕੂਨ ਚਾਹੀਦਾ।"

ਮੈਂ ਕਦੇ ਨਹੀਂ ਚਾਹਿਆ ਸੀ ਕਿ ਉਹ ਨੌਕਰੀ ਕਰੇ। ਇਹ ਉਸ ਦਾ ਆਪਣਾ ਫੈਸਲਾ ਸੀ। ਮੈਂ ਇਸ ਨੂੰ ਫੈਸਲਾ ਹੀ ਕਹਾਂਗਾ। ਅਸੀਂ ਸਾਲ ਕੁ ਪਿੰਡ ਰਹੇ। ਮੇਰਾ ਅੰਦਾਜ਼ਾ ਹੈ— ਸਾਲ ਤੋਂ ਵੀ ਘੱਟ ਹੋਣਾ। ਮੈਂ ਬਸ 'ਤੇ ਕਾਲਿਜ ਜਾਂਦਾ। ਸ਼ਾਮੀਂ ਮੁੜ ਆਉਂਦਾ। ਉਹ ਗੁਆਚੀ-ਗੁਆਚੀ ਰਹਿੰਦੀ। ਮੈਨੂੰ ਉਸ ਦੀਆਂ ਭਾਵਨਾਵਾਂ ਦਾ ਪਤਾ ਸੀ। ਮੈਨੂੰ ਇਹ ਵੀ ਪਤਾ ਸੀ ਕਿ ਉਹ ਬਹੁਤਾ ਚਿਰ ਪਿੰਡ 'ਚ ਨਹੀਂ ਰਹਿ ਸਕਦੀ। ਉਸ ਨੂੰ ਇੱਥੇ ਘੁਟਣ ਮਹਿਸੂਸ ਹੁੰਦੀ। ਮੈਂ ਆਪਣੇ ਮਾਤਾ-ਪਿਤਾ ਦੀ ਦੇਖਭਾਲ ਵੀ ਕਰਨੀ ਸੀ। ਮੇਰੇ ਬਿਨਾਂ ਇਹਨਾਂ ਦਾ ਹੋਰ ਕੌਣ ਸੀ। ਫੇਰ ਜੋ ਕੰਮ ਮੇਰੇ ਕੋਲੋਂ ਨਹੀਂ ਹੋਇਆ ਸੀ ਜਾਂ ਜਿਸ ਕੰਮ ਨੂੰ ਕਰਨੋਂ ਮੇਰਾ ਮਨ ਇਨਕਾਰ ਕਰ ਰਿਹਾ ਸੀ-ਉਹ ਪਿਤਾ ਜੀ ਨੇ ਕਰ ਦਿੱਤਾ। ਉਨ੍ਹਾਂ ਕਿਹਾ, "ਜਿਉਂਤੀ ਬੇਟੇ, ਮੈਂ ਤੁਹਾਡੇ ਲਈ ਛੋਟਾ ਜਿਹਾ ਫਲੈਟ ਦੇਖ ਆਇਆਂ। ਟੂ ਰੂਮ ਸੈੱਟ ਹੈਗਾ। ਠੀਕ ਰਹੇਗਾ। ਰਾਣੀ ਨੂੰ ਵੀ ਪਸੰਦ ਆਵੇਗਾ। ਤੂੰ ਕਲ੍ਹ ਨੂੰ ਪਿੰਡ ਨ੍ਹੀਂ ਆਉਣਾ। ਸਿੱਧਾ ਆਪਣੇ ਘਰ ਜਾਈਂ। ਸਾਮਾਨ ਲਈ ਮੈਂ ਜੋਗੇ ਨੂੰ ਕਹਿ ਆਇਆਂ-ਟਰਾਲੀ 'ਤੇ ਛੱਡ ਆਊਗਾ।" ਇਕ ਪਲ ਲਈ ਉਹ ਰੁਕੇ। ਫੇਰ ਬੋਲੇ, "ਸਾਡੀ ਚਿੰਤਾ ਕਰਨ ਦੀ ਬਹੁਤੀ ਲੋੜ

ਨ੍ਹੀਂ। ਇਥੇ ਅਜੇ ਭਾਈਚਾਰਾ ਹੈਗਾ। ਸਿੱਧੀ ਜਿਹੀ ਗੱਲ ਆ। ਤੁਹਾਡਾ ਜੀਅ ਕੀਤਾ ਤਾਂ ਤੁਸੀਂ ਆ ਜਾਇਆ ਕਰਿਉ। ਸਾਡਾ ਮਨ ਉਦਰੂ ਤਾਂ ਅਸੀਂ ਆ ਜਾਇਆ ਕਰਾਂਗੇ। ਤੀਹਾਂ-ਚਾਲੀਆਂ ਮੀਲਾਂ ਦੀ ਸਾਰੀ ਵਾਟ ਆ..... ਮੇਰੀ ਇਕ ਹੋਰ ਸਲਾਹ ਹੈਗੀ।"ਉਨ੍ਹਾਂ ਰਾਣੀ ਵੱਲ ਦੇਖਿਆ, "ਇਹਦੇ ਕੋਲੋਂ ਇਕੱਲਤਾ ਨ੍ਹੀਂ ਸਹਾਰੀ ਜਾਣੀ। ਇਸ ਨੂੰ ਨੌਕਰੀ ਦੀ ਲੋੜ ਪੈਣੀ। ਸ਼ਾਇਦ ਤੁਸੀਂ ਮੇਰੀ ਗੱਲ ਨੂੰ ਹੁਣ ਤਾਂ ਨਾ ਮੰਨੋ ਪਰ ਬਾਅਦ 'ਚ ਯਾਦ ਕਰੋਗੇ..... ਮੈਂ ਤਾਂ ਆਪਣਾ ਵਿਚਾਰ ਦਿੱਤਾ। ਬਾਕੀ ਨਫਾ-ਨੁਕਸਾਨ ਤੁਸੀਂ ਆਪ ਦੇਖਣਾ.....।" ਪਲ ਦੀ ਪਲ ਮੈਨੂੰ ਪਿਤਾ ਜੀ ਦੀ ਦੁਨਿਆਵੀ ਗੱਲ ਚੰਗੀ ਨਹੀਂ ਲੱਗੀ ਸੀ। ਖਿਝ ਵੀ ਆਈ ਸੀ ਕਿ ਉਹ ਹੁਣ ਤੋਂ ਹੀ ਨਫ਼ੇ-ਨੁਕਸਾਨ ਬਾਰੇ ਕਿਉਂ ਸੋਚਣ ਲੱਗੇ। ਕੀ ਉਹ ਰਾਣੀ ਨੂੰ ਆਪਣੇ ਤੋਂ ਉੱਚਾ ਸਮਝੀਂ ਬੈਠੇ ਸਨ? ਰਾਣੀ ਨੇ ਇਕ ਦਿਨ ਸਾਫ਼-ਸਾਫ਼ ਕਹਿ ਦਿੱਤਾ ਸੀ, "ਪਿਤਾ ਜੀ—ਮੈਂ ਤੁਹਾਡੀ ਨੌਂਹ ਨ੍ਹੀਂ—ਧੀ ਹਾਂ। ਮੈਂ ਐਦਾਂ ਕਹਿਣਾ ਤਾਂ ਨ੍ਹੀਂ ਚਾਹੁੰਦੀ ਸੀ। ਮੈਨੂੰ ਪਤਾ ਕਿ ਜਿਨ੍ਹਾਂ ਦੀ ਸਾਰੀ ਉਮਰ ਬੱਚਿਆਂ ਨੂੰ ਪੜ੍ਹਾਉਂਦਿਆਂ ਬੀਤ ਗਈ ਹੋਵੇ—ਉਨ੍ਹਾਂ ਨੂੰ ਕੌਣ ਸਮਝਾ ਸਕਦਾ। ਇਸ ਗੱਲ ਦਾ ਮੇਰੇ ਮਨ 'ਤੇ ਬੋਝ ਜਿਹਾ ਸੀ—ਮੈਂ ਕਹਿ ਦਿੱਤੀ।" "ਬੇਟੇ ਬੰਦਾ ਸਾਰੀ ਉਮਰ ਸਿੱਖਦਾ ਰਹਿੰਦਾ। ਹੋ ਸਕਦਾ—ਮੈਂ ਤੁਹਾਡੇ ਕੋਲੋਂ ਵੀ ਕੁਸ਼ ਸਿੱਖਾਂ।" ਕਹਿ ਉਹ ਚੁੱਪ ਕਰ ਗਏ ਸਨ। ਫੇਰ ਉਨ੍ਹਾਂ ਗੱਲ ਅਗਾਂਹ ਨਹੀਂ ਤੋਰੀ ਸੀ।

ਨਹੀਂ, ਐਦਾਂ ਨਹੀਂ ਹੋਇਆ ਸੀ। ਮੈਂ ਉਸ ਨੂੰ ਸਭ ਖੁੱਲ੍ਹਾਂ ਦੇ ਰੱਖੀਆਂ ਸਨ। ਦਰਅਸਲ ਮੈਂ ਇਨ੍ਹਾਂ ਬਾਰੇ ਕਦੇ ਗੰਭੀਰ ਨਹੀਂ ਹੋਇਆ ਸੀ। ਮੈਨੂੰ ਉਸ 'ਤੇ ਅਥਾਹ ਵਿਸ਼ਵਾਸ ਸੀ ਕਿ ਉਹ ਜੋ ਵੀ ਕਰੇਗੀ, ਘਰ ਦੇ ਹਿਤ ਲਈ ਕਰੇਗੀ। ਨੌਕਰੀ ਵੀ ਉਸ ਘਰ ਦੇ ਹਿਤ ਲਈ ਕੀਤੀ ਸੀ। ਨਿਯੁਕਤੀ-ਪੱਤਰ ਮੇਰੇ ਸਾਹਮਣੇ ਫੈਲਾ ਕੇ, ਉਸ ਮੇਰੇ ਵੱਲ ਸਿੱਧਿਆਂ ਹੀ ਦੇਖਿਆ ਸੀ। ਮੈਂ ਉਸ ਦਾ ਮੱਥਾ ਚੁੰਮ ਕੇ ਉਸਨੂੰ 'ਮੁਬਾਰਕ' ਕਿਹਾ ਸੀ। ਮੈਥੋਂ ਉਸ ਦੀ ਇਕੱਲਤਾ ਨਹੀਂ ਦੇਖੀ ਗਈ ਸੀ। ਅਜੇ ਤਾਈਂ ਮੇਰੇ ਦੋਸਤਾਂ ਦਾ ਕੋਈ ਬਹੁਤ ਵੱਡਾ ਘੇਰਾ ਨਹੀਂ ਬਣਿਆ ਸੀ। ਹਫ਼ਤੇ 'ਚ ਇਕ ਅੱਧ ਵਾਰ ਅਸੀਂ ਕਿਸੇ ਦੇ ਜਾ ਆਉਂਦੇ ਜਾਂ ਕੋਈ ਸਾਡੇ ਵੱਲ ਆ ਜਾਂਦਾ।

ਉਹ ਘਰ ਨਾਲ ਕੁਝ ਜ਼ਿਆਦਾ ਹੀ ਜੁੜ ਗਈ ਸੀ। ਉਸ ਦੀਆਂ ਖਰੀਦੀਆਂ ਚੀਜ਼ਾਂ ਦੀ ਨਾ ਤਾਂ ਮੈਂ ਵਿਰੋਧਤਾ ਕਰਦਾ। ਨਾ ਹੀ ਮੈਥੋਂ ਖ਼ੁਸ਼ੀ ਜ਼ਾਹਿਰ ਹੁੰਦੀ। ਮੇਰੇ ਕੋਲ ਐਨਾਂ ਸਮਾਂ ਹੀ ਨਹੀਂ ਹੁੰਦਾ ਸੀ ਕਿ ਮੈਂ ਇਸ ਵੱਲ ਉਚੇਚਾ ਧਿਆਨ ਦੇਵਾਂ। ਮੇਰੇ ਸਿਰ 'ਤੇ ਇਹ ਜਨੂੰਨ ਸਵਾਰ ਹੋਇਆ ਸੀ ਕਿ ਜਿੰਨੀ ਜਲਦੀ ਹੋ ਸਕੇ ਮੈਂ ਆਪਣਾ ਰੀਚਰਚ-ਵਰਕ ਪੂਰਾ ਕਰਨਾ। ਵਿਦਿਆਰਥੀਆਂ ਨੂੰ ਫਰੈੱਸ਼ ਨੋਟਸ ਡਿਕਟੇਟ ਕਰਾਉਣੇ ਹਨ। ਮੈਂ ਕਾਲਜੋਂ ਮੁੜਦਾ ਤੇ ਆਪਣੇ ਕਮਰੇ ਜੋਗਾ ਹੀ ਰਹਿ ਜਾਂਦਾ। ਕਿਤਾਬਾਂ ਦੇ ਪੰਨੇ ਪਲਟਦਿਆਂ ਤੇ ਨੋਟਸ ਲੈਂਦਿਆਂ ਸਮੇਂ ਦਾ ਪਤਾ ਨਾ ਲੱਗਦਾ। ਸਵੇਰ ਲਈ ਮੈਂ ਟਾਈਮਪੀਸ 'ਤੇ ਪੱਕਾ ਹੀ ਅਲਾਰਮ ਲੱਗਾ ਰੱਖਿਆ ਸੀ।

ਜਦੋਂ ਉਸ ਨੂੰ ਪਤਾ ਲੱਗਿਆ ਕਿ ਮੇਰੇ ਇਕ ਕੁਲੀਗ ਨੇ ਆਈ. ਏ.ਐਸ. ਦੀ ਪਰੀਖਿਆ ਪਾਸ ਕਰ ਲਈ ਹੈ ਤੇ ਇਕ ਹੋਰ ਜਰਮਨੀ ਦੀ ਕਿਸੇ ਯੂਨੀਵਰਸਿਟੀ 'ਚ ਵਿਜ਼ਟਿੰਗ ਪ੍ਰੋਫੈਸਰ ਵਜੋਂ ਜਾ ਰਿਹਾ ਹੈ, ਉਦਣ ਦੀ ਉਹ ਮੇਰੇ ਮਗਰ ਹੀ ਪੈ ਗਈ ਸੀ। ਖਿੱਝ ਨਾਲ ਨੱਕੋ



ਨੱਕ ਭਰੀ ਉਹ ਮੇਰੇ ਸਾਹਮਣੇ ਆ ਖੜ੍ਹਦੀ। ਉੱਚੀ-ਉੱਚੀ ਬੋਲਣ ਲੱਗ ਜਾਂਦੀ "ਮੇਰਾ ਜੀਅ ਕਰਦਾ ਕਿ ਤੁਹਾਡੀਆਂ ਕਿਤਾਬਾਂ ਨੂੰ ਅੱਗ ਲਾ ਦਵਾਂ। ਹੁਣ ਤੁਸੀਂ ਪੀ. ਐਚ. ਡੀ. ਕਰ ਲਈ ਚੰਗਾ ਹੋਇਆ। ਦੱਸੋ—ਮੈਨੂੰ ਖ਼ੁਸ਼ੀ ਹੋਈ ਸੀ ਕਿ ਨ੍ਹੀਂ? ਪਰ ਫਾਇਦਾ ਕੀ ਹੋਇਆ? ਤੁਹਾਡੇ ਪੇ ਸਕੇਲ 'ਚ ਕੋਈ ਬਹੁਤਾ ਫਰਕ ਨ੍ਹੀਂ ਪਿਆ। ਬਣ ਗਏ ਸਿਰਫ ਡਾ. ਜਿਉਤੀ ਕੁਮਾਰ। ਹੁਣ ਇਨ੍ਹਾਂ ਨਾਲ ਮੱਥਾ ਮਾਰਦਿਆਂ ਤੁਹਾਡਾ ਸਿਰ ਨ੍ਹੀਂ ਦੁਖਦਾ? ਤੁਸੀਂ ਉੱਨਾ ਕੁ ਪੜ੍ਹੋ ਜਿਸ ਨਾਲ ਬੱਚਿਆਂ ਨੂੰ ਸੈਟਿਸਫਾਈ ਕਰ ਸਕਦੇ ਹੋ। ਹੁਣ ਇਨ੍ਹਾਂ ਤੋਂ ਬਾਹਰ ਨਿਕਲੋ। ਕੁਸ਼ ਬਣ ਕੇ ਦਿਖਾਉ।" ਹੌਲੀ-ਹੌਲੀ ਉਹ ਸ਼ਾਂਤ ਹੋ ਜਾਂਦੀ। ਮੈਂ ਇਹ ਵੀ ਜਾਣਦਾ ਸੀ ਜਾਂ ਮੈਨੂੰ ਲੱਗਦਾ ਸੀ ਕਿ ਉਸ ਦੀ ਇਸ ਖਿਝ 'ਚ ਉਸ ਦੀ ਥਰਡ ਕਲਾਸ ਡਿਗਰੀ ਆ ਰਲਦੀ ਸੀ ਜਿਸ ਨੂੰ ਇੰਪਰੂਵ ਕਰਨ ਤੋਂ ਉਸ ਹਮੇਸ਼ਾ ਨਾਂਹ ਕੀਤੀ ਸੀ। ਘੰਟੇ ਕੁ ਬਾਅਦ ਉਹ ਕੁਰਸੀ ਖਿੱਚ ਕੇ ਮੇਰੇ ਸਾਹਮਣੇ ਆ ਬੈਠਦੀ। ਨਿਮਰਤਾ ਨਾਲ ਕਹਿੰਦੀ, "ਜਨਾਬ ਸੋਸਾਇਟੀ ਵਿੱਚ ਸਟੇਟਸ ਬਣਾਉ। ਕੁਸ਼ ਹੋਰ ਨ੍ਹੀਂ ਹੁੰਦਾ ਤਾਂ ਟਿਊਸ਼ਨ ਵਰਕ ਕਰੋ। ਲੋਕ ਇੱਕ ਸੀਜ਼ਨ 'ਚ ਹਜ਼ਾਰਾਂ ਕਮਾ ਲੈਂਦੇ ਆ। ਹੈਲਪ ਬੁਕਸ ਲਿਖੋ।" ਬੱਸ- ਇਥੇ ਮੈਂ ਟਪਲਾ ਖਾ ਗਿਆ। ਮੈਂ ਉਸ ਨੂੰ ਕਨਵਿੰਸ ਨਾ ਕਰਾ ਸਕਿਆ। ਪਤਾ ਨਹੀਂ ਕਿਉਂ ਮੇਰੀ ਇਹ ਧਾਰਨਾ ਜਾਂ ਵਿਸ਼ਵਾਸ ਬਣ ਗਿਆ ਸੀ ਕਿ ਮੈਂ ਇਕੋ ਵੇਲੇ ਕਈ ਵਿਦਿਆਰਥੀਆਂ ਨੂੰ ਪੜ੍ਹਾ ਸਕਦਾ ਹਾਂ-ਸਮਝਾ ਸਕਦਾ ਹਾਂ, ਪਰ ਰਾਣੀ ਨੂੰ ਨਹੀਂ। ਉਸ ਦੀ ਜ਼ਿੱਦ ਅੱਗੇ ਮੇਰੇ ਤਰਕਾਂ ਦਾ ਕੋਈ ਮੁੱਲ ਨਾ ਰਹਿੰਦਾ। ਇਕੋ ਹਥਿਆਰ ਬਚਦਾ ਸੀ। ਉਹ ਸੀ ਚੁੱਪ। ਉਸ ਕੋਲੋਂ ਮੇਰਾ ਚੁੱਪ ਰਹਿਣਾ ਜਰਿਆ ਨਾ ਜਾਂਦਾ। ਉਸ ਨੂੰ ਹੋਰ ਗੁੱਸਾ ਚੜ੍ਹਦਾ। ਉਹ ਬੈੱਡਰੂਮ ਵਿੱਚ ਜਾ ਕੇ ਸਟੀਰੀਉ ਫੁੱਲ ਸਪੀਡ 'ਤੇ ਛੱਡ ਦਿੰਦੀ। ਉਸ ਮੈਨੂੰ ਤੰਗ ਕਰਨਾ ਹੁੰਦਾ ਸੀ। ਸ਼ਾਇਦ ਅਜਿਹਾ ਕਰਨ ਨਾਲ ਉਹ ਅਨੰਦਿਤ ਹੁੰਦੀ ਹੋਵੇਗੀ। ਮੈਨੂੰ ਡਿਸਟਰਬੰਸ ਤਾਂ ਹੁੰਦੀ ਸੀ- ਫੇਰ ਮੈਂ ਇਸ ਦਾ ਆਦੀ ਹੋ ਗਿਆ ਸੀ। ਮੈਨੂੰ ਐਨਾ ਕੁ ਕਰਨਾ ਪੈਂਦਾ ਸੀ ਕਿ ਮੈਂ ਉਠ ਕੇ ਆਪਣਾ ਦਰਵਾਜ਼ਾ ਬੰਦ ਕਰ ਲਵਾਂ। ਸਵੇਰ ਹੁੰਦੀ ਤਾਂ ਲੱਗਦਾ ਜਿਵੇਂ ਰਾਤੀਂ ਕੁਝ ਹੋਇਆ ਹੀ ਨਾ ਹੋਵੇ। ਉਹ ਬੈੱਡ-ਟੀ ਦੇ ਜਾਂਦੀ। ਉਸ ਦੀ ਅੱਡੀ ਜ਼ਮੀਨ 'ਤੇ ਨਾ ਲੱਗਦੀ। ਨੱਠੀ-ਭੱਜੀ ਫਿਰਦੀ। ਮੈਂ ਉਹਨੂੰ ਕਈ ਵਾਰ ਕਿਹਾ ਸੀ ਕਿ ਕੋਈ ਪੱਕਾ ਨੌਕਰ ਰੱਖ ਲਈਏ। ਉਹ ਮੇਰੇ ਇਸ ਸੁਝਾਅ ਨਾਲ ਸਹਿਮਤ ਨਾ ਹੋਈ। ਜਿਵੇਂ ਇਸ ਦੀ ਕੋਈ ਖਾਸ ਲੋੜ ਨਾ ਹੋਵੇ। ਲਾਹ ਪਰਵਾਹੀ ਕਹਿ ਦਿੰਦੀ- "ਇਸ ਨਾਲ ਮੈਂ ਬਿਜ਼ੀ ਰਹਿੰਦੀ ਹਾਂ।" ਮੈਨੂੰ ਲੱਗਦਾ ਕਿ ਜਿਵੇਂ ਉਹ ਨਾ ਚਾਹੁੰਦਿਆਂ ਹੋਇਆਂ ਵੀ ਸਭ ਕੁਝ ਬਰਦਾਸ਼ਤ ਕਰਨ ਨੂੰ ਤਿਆਰ ਹੋਵੇ। ਇਹ ਸਭ ਕੁਝ ਮੈਨੂੰ ਦਿਖਾ-ਦਿਖਾ ਕੇ ਕਰਨਾ ਚਾਹੁੰਦੀ ਹੋਵੇ। ਮੈਥੋਂ ਇਹ ਨਾ ਦੇਖਿਆ ਗਿਆ। ਮੈਂ ਘਰ ਦੇ ਕੰਮਾਂ ਲਈ ਇਕ ਕੁੜੀ ਰੱਖ ਲਈਂ..... ਹਾਂ-ਹਾਂ। ਪਿਆਰ ਵਿੱਚ ਰਾਣੀ ਨੇ ਕੋਈ ਕਮੀ ਨਹੀਂ ਆਉਣ ਦਿੱਤੀ ਸੀ। ਨਹਾ ਕੇ ਬਾਥਰੂਮ 'ਚੋਂ ਨਿਕਲਦਾ ਤਾਂ ਅਗੋਂ ਆਪਣੀ ਪਸੰਦ ਦੇ ਕਪੜੇ ਰੱਖੇ ਮਿਲਦੇ। ਕਿਸੇ ਪਾਰਟੀ 'ਚ ਜਦੋਂ ਮੇਰਾ ਕੋਈ ਕੁਲੀਗ ਮੇਰੇ ਕਿਸੇ ਕੰਮ ਦੀ ਪ੍ਰਸ਼ੰਸਾ ਕਰਦਾ ਜਾਂ ਮੂਡ 'ਚ ਆਏ ਪ੍ਰਿੰਸੀਪਲ ਸੁਖਦੇਵ ਸ਼ਰਮਾ ਕਹਿ ਦਿੰਦੇ- "ਸਾਨੂੰ ਡਾ. ਜਿਉਤੀ ਕੁਮਾਰ ਵਰਗੇ ਅਧਿਆਪਕਾਂ ਦੀ ਲੋੜ ਹੈ," ਤਾਂ ਮੈਂ ਦੇਖਦਾ- ਰਾਣੀ ਦਾ ਮੂੰਹ ਮਾਣ ਜਿਹੇ 'ਚ ਲਾਲ ਹੋ ਜਾਂਦਾ। ਉਸ ਕੋਲੋਂ ਇਸ ਬਾਰੇ ਕੋਈ ਪੁੱਛਦਾ ਤਾਂ ਉਹ ਸਿਫਤਾਂ ਕਰਦੀ ਥੱਕਦੀ ਨਾ। ਮੈਨੂੰ



www.PunjabiLibrary.com

ਉਸ ਦਾ ਅਜਿਹਾ ਕਰਨਾ ਚੰਗਾ-ਚੰਗਾ ਲੱਗਦਾ। ਮੇਰੇ ਪਿਆਰ 'ਚ ਕਿਤੇ ਕੋਈ ਕਮੀ ਨਹੀਂ ਆਈ ਸੀ ਕਿਉਂ ਜੁ ਮੇਰੀ ਜ਼ਿੰਦਗੀ 'ਚ ਕਿਸੇ ਦੂਜੀ ਔਰਤ ਲਈ ਕੋਈ ਥਾਂ ਨਹੀਂ ਰਹੀ ਸੀ।

ਇਸ ਬਾਰੇ ਮੈਂ ਕੀ ਕਹਿ ਸਕਦਾ ਹਾਂ ਕਿ ਦੂਜੀਆਂ ਔਰਤਾਂ ਦੇ ਦਿਲਾਂ ਵਿੱਚ ਮੇਰੇ ਲਈ ਕਿੰਨੀ ਕੁ ਥਾਂ ਹੈ। ਮੇਰੀਆਂ ਕੁਲੀਗਜ਼ ਹਨ। ਵਿਦਿਆਰਥੀ ਹਨ। ਸੋਸਾਇਟੀ ਹੈ। ਮੇਰੇ ਲਈ ਉਹ ਮਹਿਜ਼ ਔਰਤਾਂ ਸਨ। ਮੇਰੀਆਂ ਕੁਲੀਗਜ਼ ਹਨ। ਵਿਦਿਆਰਥੀ ਹਨ। ਇਸ ਤੋਂ ਵੱਧ ਕੁਝ ਨਹੀਂ।

ਹਾਂ-ਹਾਂ-ਮੈਨੂੰ ਪਹਿਲੀ ਵਾਰ ਝਟਕਾ ਲੱਗਾ ਸੀ। ਜਦੋਂ ਮੈਂ ਇਸ ਬਾਰੇ ਸੋਚਿਆ ਤਾਂ ਮੈਨੂੰ ਰਾਣੀ ਦੀ ਕਮ-ਅਕਲੀ 'ਤੇ ਹਾਸਾ ਆਇਆ। ਉਸ ਇਹ ਸ਼ਬਦ ਮੈਨੂੰ ਹੀ ਦਿਖਾਉਣ ਲਈ ਲਿਖੇ ਸਨ। ਇਸੇ ਲਈ ਤਾਂ ਇਹ ਕਾਗਜ਼ ਬੈੱਡ ਦੀ ਢੋਅ 'ਤੇ ਕਿੰਨੇ ਦਿਨ ਪਿਆ ਰਿਹਾ ਸੀ। ਨਹੀਂ ਤਾਂ ਇਹ ਬੈੱਡ-ਸ਼ੀਟ ਹੇਠਾਂ ਹੁੰਦਾ ਜਾਂ ਪਰਸ ਜਾਂ ਅਲਮਾਰੀ 'ਚ। ਲਿਖਿਆ ਸੀ- ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਜਿਉਤੀ ਨਾਲ ਕਿਵੇਂ ਪੇਸ਼ ਆਵਾਂ। ਉਸ ਮੈਨੂੰ ਇਸ ਕਰਕੇ ਪਸੰਦ ਕੀਤਾ ਸੀ ਕਿ ਮੈਂ ਸੁੰਦਰ ਸੀ।.... ਮੇਰੇ ਵਿੱਚ ਕੋਈ ਘਾਟ ਸੀ। ਅਵੱਸ਼ ਮੇਰੇ ਵਿੱਚ ਕੋਈ ਘਾਟ ਹੋਵੇਗੀ। ਸ਼ਾਇਦ ਉਹ ਮੇਰੇ ਨਾਲ ਵਿਆਹ ਨਾ ਕਰਾਉਂਦਾ। ਕਾਲਜ ਦੀ ਕਿਸੇ ਖ਼ੂਬਸੂਰਤ ਮੈਡਮ ਨਾਲ ਕਾਜ ਰਚਾਉਂਦਾ। ਉਸ ਵਰਗੇ ਗੋਲਡ ਮੈਡਲਿਸਟ ਲਈ ਚੰਗੇ ਘਰਾਂ ਤੇ ਚੰਗੀਆਂ ਕੁੜੀਆਂ ਦਾ ਕਿਤੇ ਘਾਟਾ ਸੀ..... ਕਦੇ ਕਦੇ ਮੈਨੂੰ ਲੱਗਦਾ ਹੈ ਜਿਵੇਂ ਮੇਰੇ ਨਾਲ ਧੋਖਾ ਕੀਤਾ ਹੋਇਆ ਹੋਵੇ.....। ਹੋਰ ਵੀ ਕਈ ਗੱਲਾਂ ਲਿਖੀਆਂ ਸਨ। ਮੈਥੋਂ ਪੜ੍ਹਿਆ ਨਹੀਂ ਗਿਆ ਸੀ। ਮੈਂ ਸਿਰਫ ਹੇਠਾਂ ਇਕ ਸਤਰ ਲਿਖੀ ਸੀ- ਆਖਿਰੀ ਲਮਹੇ ਤਕ ਸਿਰਫ ਤੇਰਾ-ਜਿਉਤੀ।

ਉਸ ਦੇ ਸੁਭਾਅ ਵਿੱਚ ਅਜੀਬ ਜਿਹੀ ਤਬਦੀਲੀ ਆ ਰਹੀ ਸੀ। ਜੋ ਉਸ ਦੇ ਮਨ 'ਚ ਆਉਂਦਾ ਜਾਂ ਜੋ ਉਸ ਨੂੰ ਭਾਉਂਦਾ ਜਾਂ ਜੋ ਉਹ ਚਾਹੁੰਦੀ ਉਹ ਝਟਪਟ ਹੋਣਾ ਚਾਹੀਦਾ ਹੈ। ਇਸ ਸੰਬੰਧੀ ਉਹ ਕਿਸੇ ਕਿਸਮ ਦਾ ਕੋਈ ਵਿਰੋਧ ਨਹੀਂ ਸਹਿ ਸਕਦੀ ਸੀ। ਇਕ ਦਿਨ ਕਹਿਣ ਲੱਗੀ, "ਤੁਸੀਂ ਕਾਲਿਜ ਛੱਡ ਦਿਉ। ਆਪਣੀ ਕਾਰ ਕਢਵਾਉ। ਆਪਣਾ ਬਿਜ਼ਨੈੱਸ ਸ਼ੁਰੂ ਕਰੋ। ਦੇਖੋ-ਮਿਸਾਲ ਤੁਹਾਡੇ ਸਾਹਮਣੇ ਸਤੀਸ਼ ਦੀ ਹੈ। ਉਹ ਦਸ ਸਾਲ ਲੈਕਚਰਾਰ ਰਿਹਾ। ਕਿਰਾਏ ਦੇ ਮਕਾਨ 'ਚ ਧੱਕੇ ਖਾਧੇ। ਆਪਣਾ ਕੰਮ ਸ਼ੁਰੂ ਕੀਤਾ। ਦੋ ਸਾਲ ਔਖਾ ਰਿਹਾ। ਹੁਣ ਬਾਰੇ ਨਿਆਰੇ ਹੋ ਗਏ। ਲੱਖਾਂ 'ਚ ਖੇਡਦਾ। ਅਗਲੇ ਪੰਜ ਸਾਲਾਂ 'ਚ ਕਰੋੜਪਤੀ ਹੋਇਆ ਲਉ।..... ਲੋਨ ਮੈਂ ਲੈ ਦਵਾਂਗੀ। ਸਾਡੇ ਬੈਂਕ 'ਚ ਸਪੈਸ਼ਲ ਸਕੀਮਜ਼ ਆਈਆਂ। ਜੇ ਜਲਦੀ ਕੰਮ ਨਾ ਚੱਲਿਆ ਤਾਂ ਮੇਰੀ ਤਨਖਾਹ ਨਾਲ ਘਰ ਚੱਲੇਗਾ। ਜੇ ਚੱਲ ਪਿਆ ਤਾਂ ਮੈਂ ਤੁਹਾਡੇ ਨਾਲ ਸ਼ੇਅਰ ਕਰਾਂਗੀ।" ਉਹ ਨੂੰ ਟਾਲਦਿਆਂ ਮੈਂ ਕਿਹਾ, "ਨ੍ਹੀਂ, ਮੈਥੋਂ ਅਜਿਹਾ ਨ੍ਹੀਂ ਹੋ ਸਕਣਾ।" ਉਹ ਚੀਕ ਹੀ ਪਈ ਸੀ, "ਆਖਿਰ ਕਿਉਂ ? ਤੁਸੀਂ ਤਾਂ ਇਕ ਥਾਂ ਜੜ੍ਹ ਹੋ ਗਏ। ਪਾਣੀ ਵਗਦਾ ਚੰਗਾ ਹੁੰਦਾ। ਸਮਝੋ ਕਿ ਹੋਰ ਸਮਝਾਵਾਂ ?" "ਮੈਂ ਮਨੀ ਮਾਈਂਡਿਡ ਨ੍ਹੀਂ ਹੋ ਸਕਦਾ।" ਪਹਿਲਾਂ ਤੋਂ ਉਲਟ ਇਸ ਵਾਰ ਉਹ ਛੇਤੀ ਹੀ ਢਿੱਲੀ ਪੈ ਗਈ ਸੀ। "ਤੁਸੀਂ ਗੱਲ ਨੂੰ ਫੋਲੋ ਕਿਉਂ ਨ੍ਹੀਂ ਕਰਦੇ। ਲੋੜ ਮੈਨੂੰ ਇਕੱਲੀ ਨੂੰ ਨ੍ਹੀਂ ਹੈ। ਵਿਕਾਸ ਵੱਡਾ ਹੋ ਰਿਹਾ। ਉਹ ਦੀਆਂ ਲੋੜਾਂ ਵਧ ਰਹੀਆਂ। ਉਹ ਨੂੰ ਸੈੱਟ ਕਰਨਾ। ਪੜ੍ਹਣ 'ਚ ਉਹ ਦੀ ਕੋਈ ਰੁਚੀ ਨ੍ਹੀਂ।



ਚਲੋ ਲੰਮੇ ਝੰਜਟਾਂ ਨੂੰ ਛੱਡੋ। ਕੋਈ ਸਾਈਡ ਬਿਜ਼ਨੈੱਸ ਸ਼ੁਰੂ ਕਰੋ। ਇਸ ਨਾਲ ਤੁਹਾਡਾ ਲੋਕਾਂ ਨਾਲ ਸੰਪਰਕ ਵਧੇਗਾ। ਵਾਕਫੀਅਤ ਹੋਵੇਗੀ। ਉਹ ਤੁਹਾਡੀ ਲੋੜ ਮਹਿਸੂਸ ਕਰਨਗੇ। ਮੇਰੇ ਕਈ ਕੁਲੀਗਜ਼ ਪਰੌਪਰਟੀ ਡੀਲਿੰਗ ਦਾ ਕੰਮ ਕਰਦੇ ਆ। ਉਹਨਾਂ ਕੋਲੋਂ ਗਾਈਡੈਂਸ ਲੈ ਸਕਦੇ ਹੋ।" ਮੈਥੋਂ ਇਹ ਕੁੱਤਾ ਕੰਮ ਨਹੀਂ ਹੋਣਾ ਸੀ। ਅਧਿਆਪਕ ਹਾਂ। ਚੰਗੇ ਨੋਟਸ ਤਿਆਰ ਕਰ ਸਕਦਾਂ। ਆਪਣੇ ਸਬਜੈਕਟ ਦਾ ਜਿਵੇਂ ਦੂਜੇ ਕੁਲੀਗ ਕਹਿੰਦੇ ਹਨ-ਮਾਹਿਰ ਹਾਂ। ਉਨ੍ਹਾਂ ਦਿਨਾਂ 'ਚ ਮੇਰੇ ਲਈ ਮੇਰਾ ਪਰਿਵਾਰ ਤੇ ਗ੍ਰਹਿਸਥੀ ਗੌਣ ਹੋ ਗਏ ਸਨ। ਮੇਰੇ ਵਿਦਿਆਰਥੀ ਅਹਿਮ।

ਰਾਣੀ ਨੇ ਇਕ ਦੋ ਵਾਰ ਫੇਰ ਗੱਲੀ ਛੇੜੀ। ਮੇਰੇ ਕੋਲ ਸਮਾਂ ਨਹੀਂ ਸੀ। ਸਿਲੇਬਸ ਬਦਲ ਗਏ ਸਨ। ਮੈਨੂੰ ਬਹੁਤ ਹੀ ਜ਼ਿਆਦਾ ਮਿਹਨਤ ਕਰਨੀ ਪੈਂਦੀ ਸੀ। ਉਹ ਵੀ ਇਸ ਗੱਲ ਪ੍ਰਤੀ ਸੁਚੇਤ ਸੀ ਕਿ ਪੋਸਟ ਗਰੈਜੂਏਟ ਕਲਾਸਾਂ ਨੂੰ ਪੜ੍ਹਾਉਣਾ ਐਨਾ ਸੌਖਾ ਕੰਮ ਨਹੀਂ ਹੁੰਦਾ। ਫੇਰ ਮੈਂ ਉਸ ਦੀਆਂ ਖਾਹਿਸ਼ਾਂ ਅੱਗੇ ਝੁਕ ਗਿਆ। ਟਿਊਸ਼ਨ ਵਰਕ ਸ਼ੁਰੂ ਕਰ ਦਿੱਤਾ। ਵਿਦਿਆਰਥੀਆਂ ਦੀ ਕੋਈ ਘਾਟ ਨਾ ਰਹੀ। ਪਰ ਮੈਨੂੰ ਕਿਤੇ ਨਾ ਕਿਤੇ ਅਜਿਹਾ ਲੱਗਦਾ ਕਿ ਮੈਂ ਆਪਣੇ ਆਪ ਨਾਲ ਇਨਸਾਫ ਨਹੀਂ ਕਰ ਰਿਹਾ। ਆਪਣੇ ਵਿਦਿਆਰਥੀਆਂ ਨਾਲ ਇਨਸਾਫ ਨਹੀਂ ਕਰ ਰਿਹਾ। ਮੇਰੀ ਆਪਣੀ ਪਲੈਨਿਗ ਦਸਾਂ ਦੀ ਸੀ। ਹੋ ਗਏ ਸਨ ਪੰਜਾਹ। ਨਾਂਹ ਕਿਸ-ਕਿਸ ਨੂੰ ਕਰਦਾ। ਕਿਸ-ਕਿਸ ਨੂੰ ਸਮਝਾਉਂਦਾ ਬਈ ਮੈਂ ਵੇਲੇ ਸਿਰ ਬੁਰਸ਼ ਕਰਨਾ ਹੁੰਦਾ ਹੈ। ਆਪਣੀ ਬੀਵੀ ਕੋਲ ਬੈਠ ਕੇ ਬਰੇਕਫਾਸਟ ਕਰਨਾ ਹੁੰਦਾ ਹੈ। ਤਿਆਰੀ ਲਈ ਆਪਣੇ ਸਟੱਡੀ-ਰੂਮ 'ਚ ਵੀ ਬੈਠਣਾ ਹੁੰਦਾ। ਪੜ੍ਹਨ ਵਾਲਿਆਂ ਦੀ ਹੇੜ ਦੀ ਹੇੜ ਆ ਗਈ ਸੀ। ਕੋਈ ਸਿਫਾਰਸ਼ ਲੈ ਆਉਂਦਾ। ਕੋਈ ਹੋਰ ਕਿਸੇ ਕੋਲੋਂ ਟੈਲੀਫੋਨ ਕਰਾ ਦਿੰਦਾ। ਰਾਣੀ ਦੀਆਂ ਸਿਫਾਰਸ਼ਾਂ ਨੂੰ ਕਿਵੇਂ ਨਾ ਮੰਨਦਾ ? ਹੁਣ ਰਾਣੀ ਖ਼ੁਸ਼ ਸੀ। ਉਹ ਪਹਿਲਾਂ ਨਾਲੋਂ ਮੇਰਾ ਜ਼ਿਆਦਾ ਖਿਆਲ ਰੱਖਣ ਲੱਗੀ। ਮੈਨੂੰ ਸਿਰ ਖੁਰਕਣ ਦੀ ਵਿਹਲ ਨਾ ਮਿਲਦੀ। ਵਿਕਾਸ ਨੂੰ ਨਾਲ ਲੈ ਕੇ ਉਸ ਥਾਂ ਖਰੀਦ ਲਈ, ਨਕਸ਼ਾ ਪਾਸ ਕਰਵਾਇਆ ਤੇ ਕੋਠੀ ਦੀ ਉਸਾਰੀ ਵੀ ਸ਼ੁਰੂ ਕਰ ਦਿੱਤੀ ਸੀ। ਮੈਂ ਉਨ੍ਹਾਂ ਦੀ ਹਾਂ ਨੂੰ ਹੀ ਆਪਣੀ ਹਾਂ ਮੰਨ ਲਿਆ। ਮੈਂ ਤੁਹਾਨੂੰ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ ਮੈਥੋਂ ਵਿਰੋਧ ਨਹੀਂ ਹੁੰਦਾ। ਤੀਜੇ ਸੀਜ਼ਨ 'ਚ ਮੈਂ ਇਹ 'ਕੁੱਤਾ ਕੰਮ' ਬੰਦ ਕਰ ਦਿੱਤਾ ਤਾਂ ਰਾਣੀ ਨੇ ਮੈਨੂੰ 'ਪਾਗਲ' ਦਾ ਖਿਤਾਬ ਦਿੱਤਾ।

ਹੁਣ ਉਹ ਫੇਰ ਖਿਝਣ ਲੱਗੀ ਸੀ। ਮੈਂ ਕੀਟਸ 'ਤੇ ਕਿਤਾਬ ਲਿਖ ਰਿਹਾ ਸੀ। ਮੇਰੀ ਸਾਰੀ ਇਕਾਗਰਤਾ ਉਧਰ ਹੀ ਲੱਗੀ ਰਹਿੰਦੀ। ਮੇਰਾ ਪ੍ਰਕਾਸ਼ਕ ਇਸ ਨੂੰ ਇਸੇ ਅਕੈਡਮਿਕ ਸਾਲ ਵਿੱਚ ਛਾਪਣਾ ਚਾਹੁੰਦਾ ਸੀ। ਗੱਲਾਂ-ਗੱਲਾਂ 'ਚ ਇੱਕ ਦਿਨ ਰਾਣੀ ਨੇ ਪੁੱਛਿਆ, "ਕਿੰਨੇ ਹਜ਼ਾਰ ਦਾ ਪ੍ਰੋਜੈਕਟ ਹੈ ?" ਮੈਂ ਹੱਸਿਆ। ਕਿੰਨਾ ਚਿਰ ਹੱਸਦਾ ਰਿਹਾ। ਉਹ ਉਠ ਕੇ ਖੜ੍ਹ ਗਈ। ਬੋਲੀ, "ਇਸ 'ਚ ਹੱਸਣ ਵਾਲੀ ਕਿਹੜੀ ਗੱਲ ਆ ?" ਮੈਂ ਕਿਹਾ, "ਹੈ। ਇਸ ਕਿਤਾਬ ਦੀ ਰਾਇਲਟੀ ਮੇਰੇ ਹਿਸਾਬ ਨਾਲ ਪੰਦਰਾਂ ਕੁ ਹਜ਼ਾਰ ਬਣੂ ਪਰ ਵੈਲਯੂ-ਇਹ ਤਾਂ ਛਪਣ ਤੋਂ ਬਾਅਦ ਤੈਨੂੰ ਪਤਾ ਲੱਗੂ" "ਪਤਾ ਲੱਗੂ !" ਉਸ ਇਕ ਖਾਸ ਅੰਦਾਜ਼ 'ਚ ਕਿਹਾ। ਮੇਜ਼ 'ਤੇ ਹੱਥ ਮਾਰ ਕੇ ਚਲੀ ਗਈ।

ਨਹੀਂ....ਨਹੀਂ। ਮੈਨੂੰ ਤੁਹਾਡੀ ਗੱਲ ਜਚੀ ਨਹੀਂ। ਰਾਣੀ ਨੂੰ ਪੈਸਿਆਂ ਦੀ ਚਾਹਤ



www.PunjabiLibrary.com

ਸੀ। ਉਹ ਆਪਣੇ ਪੇਕਿਆਂ ਤੋਂ ਉਪਰ ਜਾਣਾ ਚਾਹੁੰਦੀ ਸੀ। ਮੈਂ ਇਹ ਉਦੋਂ ਵੀ ਮੰਨਦਾ ਸੀ। ਉਹ ਬਹੁਤ ਕੁਝ ਹੋਰ ਵੀ ਚਾਹੁੰਦੀ ਸੀ ਜੋ ਮੈਂ ਦੇ ਨਹੀਂ ਸਕਿਆ। ਹੁਣ ਉਹ ਰਸੋਈ 'ਚ ਹੁੰਦੀ ਤਾਂ ਪਟਾਕ-ਪਟਾਕ ਭਾਂਡੇ ਹੇਠਾਂ ਸੁੱਟਦੀ ਰਹਿੰਦੀ। ਬੈੱਡ ਰੂਮ 'ਚ ਹੁੰਦੀ ਤਾਂ ਸਟੀਰਿਉ ਦੀ ਆਵਾਜ਼ ਫੁਲ ਛੱਡ ਦਿੰਦੀ। ਜੇ ਉਸ ਨੂੰ ਮੇਰੇ ਬਿਨਾਂ ਨੀਂਦ ਨਾ ਆਉਂਦੀ ਤਾਂ ਤੇਜ਼-ਤੇਜ਼ ਤੁਰਦੀ-ਜਾਂ ਦੌੜਦੀ ਹੋਈ-ਮੇਰੇ ਕਮਰੇ ਅਗਿਉਂ ਲੰਘਦੀ। ਉਡੀਕ ਤੋਂ ਅੱਕ ਕੇ ਰੌਲਾ ਪਾਉਂਦੀ, "ਮੈਂ ਸੌਣ ਲੱਗੀ ਹਾਂ।" ਮੈਂ ਆਪਣਾ ਕੰਮ ਵਿਚਕਾਰ ਹੀ ਛੱਡ ਕੇ ਕਿਵੇਂ ਉਠਦਾ। ਉਹ ਮੇਰੇ ਬਿਨਾਂ ਸੌਂ ਨਹੀਂ ਸਕਦੀ। ਉਹ ਅਵੱਸ਼ ਮੇਰਾ ਇੰਤਜ਼ਾਰ ਕਰੇਗੀ। ਕੰਮ ਮੁਕਾ ਕੇ ਮੈਂ ਬੈੱਡ-ਰੂਮ ਵੱਲ ਜਾਂਦਾ। ਉਸ ਅੰਦਰੋਂ ਲਾਕ ਲਾਇਆ ਹੁੰਦਾ। ਬਿਜਲੀ ਬੰਦ ਹੁੰਦੀ। ਸਟੀਰਿਉ ਚਲਦਾ ਹੁੰਦਾ। ਮੈਂ ਜ਼ੋਰ-ਜ਼ੋਰ ਨਾਲ ਦਰਵਾਜ਼ਾ ਥਪਥਪਾਉਂਦਾ। ਉਹ ਹੁੰਗਾਰਾ ਨਾ ਭਰਦੀ। ਦਰਵਾਜ਼ਾ ਨਾ ਖੋਲ੍ਹਦੀ। ਮੇਰੇ ਚਿੱਤ 'ਚ ਆਉਂਦਾ ਕਿ ਮੈਂ ਸਾਰੇ ਜ਼ੋਰ ਨਾਲ ਦਰਵਾਜ਼ੇ ਨੂੰ ਧੱਕਾ ਮਾਰਾਂ ਤੇ ਸਣੇ ਕਬਜ਼ਿਆਂ ਪੁੱਟ ਸੁੱਟਾਂ ਪਰ ਹੁਣ ਮੇਰੇ 'ਚ ਐਨਾ ਜ਼ੋਰ ਨਹੀਂ ਰਿਹਾ ਸੀ।

ਕਈ ਵਾਰ ਐਦਾਂ ਹੋਇਆ ਤਾਂ ਮੈਂ ਨਵਾਂ ਬੈੱਡ ਖਰੀਦਿਆਂ ਤੇ ਆਪਣੇ ਸਟੱਡੀ ਰੂਮ 'ਚ ਲੈ ਆਂਦਾ। ਉਹ ਆਪਣੇ ਕਮਰੇ 'ਚ ਇੱਕਲੀ ਹੁੰਦੀ। ਵਿਕਾਸ ਉਪਰ ਸੌਂਦਾ। ਕੁਝ ਦਿਨਾਂ ਬਾਅਦ ਉਸ ਨੂੰ ਮੇਰੀ ਲੋੜ ਪੈਂਦੀ ਤਾਂ ਉਹ ਮੇਰੇ ਕੋਲ ਆ ਬੈਠਦੀ। ਖਰੂਦ ਕਰਦੀ। ਮਚਲਦੀ। ਉਸ ਦੀ ਇੱਛਾ ਪਹਿਲ 'ਤੇ ਹੁੰਦੀ। ਉਹ ਮੈਨੂੰ ਅਣਡਿਠਿਆ ਕਰਦੀ।

ਤਲਾਕ ? ? ?ਅਜਿਹਾ ਨਾ ਕਦੇ ਉਸ ਸੋਚਿਆ ਸੀ। ਨਾ ਹੀ ਮੈਂ। ਜੇ ਕੁਝ ਸੀ ਤਾਂ ਸ਼ਾਇਦ ਮਨਾਂ ਦੀ ਕਿਸੇ ਨੁਕਰ 'ਚ ਕੈਦ ਸੀ। ਸਮਾਜ ਲਈ ਸਾਡੀ ਜੋੜੀ ਆਦਰਸ਼ ਸੀ। ਮੈਨੂੰ ਉਸ ਪ੍ਰਤੀ ਕਈ ਸ਼ਿਕਾਇਤਾਂ ਸਨ। ਮੈਂ ਸਮਝੌਤਾਵਾਦੀ ਸੁਭਾਅ ਦਾ ਸੀ। ਸਮਝੌਤਾਵਾਦੀ-ਇਹ ਨਾਂ ਮੇਰੀ ਮਾਤਾ ਜੀ ਦਾ ਦਿੱਤਾ ਹੋਇਆ। ਉਹ ਕਹਿੰਦੇ ਹੁੰਦੇ ਸਨ, "ਜਿਊਤੀ ਨੂੰ ਜੋ ਦੇ ਦਿਉ-ਖਾ ਲੈਂਦਾ। ਕਪੜਾ ਜਿਹੋ ਜਿਹਾ ਮਿਲਿਆ-ਪਹਿਨ ਲਿਆ। ਕੋਈ ਸ਼ੌਂਕ ਨ੍ਹੀਂ। ਕਦੇ ਕੋਈ ਮੇਲਾ-ਮੂਲਾ ਦੇਖਣ ਨ੍ਹੀਂ ਗਿਆ। ਜਦੋਂ ਵਿਹਲਾ ਹੁੰਦਾ ਕੁਸ਼ ਨਾ ਕੁਸ਼ ਪੜ੍ਹਦਾ ਰਹਿੰਦਾ।" ਰਾਣੀ ਚਾਹੁੰਦੀ ਸੀ ਕਿ ਉਹ ਜਿੱਦਾਂ ਚਾਹੁੰਦੀ ਹੈ-ਮੈਂ ਉਸ ਤਰ੍ਹਾਂ ਦਾ ਖਾਵਾਂ। ਜੋ ਉਹ ਖਰੀਦ ਕੇ ਲਿਆਵੇ ਜਾਂ ਮੈਨੂੰ ਨਾਲ ਲੈ ਜਾ ਕੇ ਖਰੀਦੇ-ਉਹ ਪਹਿਨਾਂ। ਮੈਨੂੰ ਕਿਥੇ-ਕਿਥੇ ਜਾਣਾ ਚਾਹੀਦਾ ਹੈ-ਇਸ ਬਾਰੇ ਪਹਿਲਾਂ ਉਸ ਨੂੰ ਪੁੱਛਾਂ। ਕਿਨ੍ਹਾਂ ਲੋਕਾਂ ਨਾਲ ਆਪਣੇ ਸੰਪਰਕ ਰੱਖਾਂ ਜਾਂ ਬਣਾਵਾਂ ਇਹ ਵੀ ਉਸ ਤੋਂ ਪੁੱਛਾਂ ਜਾਂ ਉਹ ਮੈਨੂੰ ਗਾਇਡ ਕਰੇ। ਮੈਂ ਉਸੇ ਤਰ੍ਹਾਂ ਕਰਦਾ ਰਿਹਾ ਸੀ। ਮੈਨੂੰ ਉਸ ਦਾ ਇਹ ਰੂਪ ਚੰਗਾ ਨਾ ਲੱਗਦਾ। ਪਰ ਵਾਹ ਲੱਗਦੀ ਨੂੰ ਮੈਂ ਉਸਦਾ ਵਿਰੋਧ ਨਾ ਕਰਦਾ। ਉਹ ਸਭ ਕੁਝ ਮੇਰੇ ਅਤੇ ਵਿਕਾਸ ਦੇ ਭਲੇ ਲਈ ਕਰ ਰਹੀ ਸੀ। ਪਰ ਮੈਂ ਉਹ ਗੱਲ ਉਸ ਦੇ ਦਿਮਾਗ 'ਚੋਂ ਨਾ ਕੱਢ ਸਕਿਆ-ਉਹ ਹੀ ਜਿਹੜੀ ਉਸ ਕਾਗਜ਼ 'ਤੇ ਲਿਖ ਕੇ ਮੇਰੇ ਲਈ ਪੜ੍ਹਨ ਨੂੰ ਛੱਡੀ ਸੀ। ਉਹ ਗੱਲ ਉਸ ਅੰਦਰ ਨਾਸੂਰ ਬਣਦੀ ਗਈ। ਆਪਣੇ ਵੱਲੋਂ ਮੈਂ ਅਜਿਹਾ ਕੁਝ ਨਾ ਕੀਤਾ। ਸਮਝੌਤਾ ਕਰੀ ਗਿਆ। ਅਸੀਂ ਵੱਖ-ਵੱਖ ਸੌਂਦੇ। ਮੈਨੂੰ ਉਸ ਦੀ ਲੋੜ ਮਹਿਸੂਸ ਹੁੰਦੀ ਤਾਂ ਮੈਂ ਉਸ ਦੇ ਕਮਰੇ ਵੱਲ ਜਾਂਦਾ। ਉਸ ਨੂੰ ਮੇਰੇ ਆਉਣ ਦੀ ਭਿਣਕ ਲੱਗ ਜਾਂਦੀ। ਮੇਰੇ ਪਹੁੰਚਣ ਤੋਂ ਪਹਿਲਾਂ ਹੀ ਉਹ ਦਰਵਾਜ਼ਾ ਬੰਦ ਕਰ ਲੈਂਦੀ। ਮੈਨੂੰ ਉਸ ਦੇ ਇਸ ਵਤੀਰੇ 'ਤੇ ਗੁੱਸਾ ਆਉਂਦਾ। ਮੈਂ ਧਮਕੀਆਂ ਦਿੰਦਾ। ਉਸ 'ਤੇ



ਇਸ ਦਾ ਕੋਈ ਅਸਰ ਨਾ ਪੈਂਦਾ। ਉਸ ਨੂੰ ਮਹਿਜ਼ ਮੇਰੀ ਕਮਜ਼ੋਰੀ ਲੱਗਦੀ। ਉਸ ਮੇਰੀਆਂ ਕਮਜ਼ੋਰੀਆਂ ਦੀ ਲਿਸਟ ਹੀ ਬਣਾ ਰੱਖੀ ਸੀ। ਉਨ੍ਹਾਂ ਨੂੰ ਉਹ ਮੇਰੇ ਵਿਰੁੱਧ ਹਥਿਆਰ ਵਜੋਂ ਵਰਤਣ ਲੱਗੀ। ਮੈਨੂੰ ਕਦੇ ਉਹ ਪਾਗਲ ਕਹਿਣ ਲੱਗ ਜਾਂਦੀ। ਕਦੇ ਖੁਦਗਰਜ਼। ਉਸ ਦਾ ਸੁਭਾ ਚਿੜਚਿੜਾ ਹੋ ਗਿਆ। ਮੈਂ ਇਹ ਬਰਦਾਸ਼ਤ ਕਰਦਾ ਰਿਹਾ। ਮੈਨੂੰ ਉਸ 'ਤੇ ਬਹੁਤ ਹੀ ਘੱਟ ਖਿਝ ਆਉਂਦੀ। ਉਹ ਜੋ ਕੁਝ ਕਰ ਰਹੀ ਸੀ, ਉਸ ਬਾਰੇ ਮੈਂ ਇਹ ਸਮਝ ਲਿਆ ਸੀ ਕਿ ਉਸ ਅਜਿਹਾ ਕਰਨਾ ਹੀ ਹੈ। ਮੈਨੂੰ ਸਹਿਣਾ ਹੀ ਪੈਣਾ ਹੈ। ਫੇਰ ਜਦੋਂ ਉਹ ਮੈਨੂੰ ਨੀਮ-ਪਾਗਲ ਲੱਗੀ ਤਾਂ ਮੈਂ ਉਸ ਨੂੰ ਡਾ. ਦਵਿੰਦਰ ਕੋਲ ਲੈ ਗਿਆ। ਦਵਿੰਦਰ ਉਸ ਕੋਲੋਂ ਕਈ ਕੁਝ ਪੁੱਛਦਾ ਰਿਹਾ। ਉਹ ਨਾਰਮਲ ਤੌਰ 'ਤੇ ਜਵਾਬ ਦਿੰਦੀ ਗਈ। ਅਸੀਂ ਉਥੇ ਘੰਟਾ ਕੁ ਰਹੇ। ਰਾਣੀ ਬਾਥਰੂਮ ਗਈ ਤਾਂ ਦਵਿੰਦਰ ਨੇ ਕਿਹਾ, "ਪ੍ਰੋਫੈਸਰ ਸਾਹਿਬ-ਘਬਰਾਉਣ ਦੀ ਕੋਈ ਲੋੜ ਨ੍ਹੀਂ। ਕੁਸ਼ ਜ਼ਿਆਦਾ ਸੋਚਦੇ ਰਹਿਣ ਤੇ ਘੱਟ ਸੌਣ ਕਰਕੇ ਅਜਿਹਾ ਅਕਸਰ ਹੋ ਜਾਂਦਾ। ਉਪਰੋਂ ਮੀਨੋਪਾਜ ਦਾ ਪੀਰੀਅਡ ਚਲ ਰਿਹਾ। ਤੁਸੀਂ ਇਨ੍ਹਾਂ ਨੂੰ ਕਿਸੇ ਹਿੱਲ ਸਟੇਸ਼ਨ 'ਤੇ ਲੈ ਜਾਉ। ਇਹ ਬੜੀ ਜਲਦੀ ਨਾਰਮਲ ਹੋ ਜਾਣਗੇ। ਹੁਣ ਤੁਹਾਨੂੰ ਸਮਝਦਾਰੀ ਵਰਤਣੀ ਪੈਣੀ।"

ਰਾਣੀ ਮੇਰੇ ਨਾਲ ਜਾਣ ਨੂੰ ਨਾ ਮੰਨੀ। ਉਹ ਵਿਕਾਸ ਨੂੰ ਨਾਲ ਲੈ ਜਾਣਾ ਚਾਹੁੰਦੀ ਸੀ। ਇਨ੍ਹਾਂ ਦਿਨਾਂ 'ਚ ਮੈਂ ਆਪਣਾ ਸਟੱਡੀ ਰੂਮ ਲਾਕ ਕਰ ਦਿੱਤਾ ਸੀ। ਸਭ ਕੁਝ ਉਸੇ ਲਈ ਛੱਡ ਦਿੱਤਾ ਸੀ। ਮੈਨੂੰ ਵਿਸ਼ਵਾਸ ਸੀ ਕਿ ਉਹ ਜਲਦੀ ਹੀ ਪਹਿਲਾਂ ਵਾਲੀ ਸਥਿਤੀ 'ਚ ਆ ਜਾਵੇਗੀ। ਉਸ ਇਕ ਮਹੀਨੇ ਦੀ ਮੈਡੀਕਲ ਲੀਵ ਲਈ ਹੋਈ ਸੀ। ਇਨ੍ਹਾਂ ਪਲਾਂ 'ਚ ਮੈਂ ਉਸ ਦੇ ਅੱਗੇ-ਪਿਛੇ ਰਿਹਾ ਸੀ। ਉਹ ਜੋ ਕਹਿੰਦੀ-ਮੈਂ ਕਰਦਾ। ਜਿੱਥੇ ਕਿਤੇ ਜਾਣ ਨੂੰ ਇਸ਼ਾਰਾ ਮਾਤਰ ਕਰਦੀ-ਮੈਂ ਦੌੜਨ ਦੀ ਕਰਦਾ। ਪਰ ਜਿਉਂ ਹੀ ਦਸ ਵਜਦੇ-ਉਹ ਕਾਹਲੀ ਪੈ ਜਾਂਦੀ, "ਪਲੀਜ਼ ਆਪਣੇ ਕਮਰੇ 'ਚ ਚਲੇ ਜਾਉ....ਪਲੀਜ਼-ਮੈਂ ਵੀ ਸੌਣਾ।" ਮੈਨੂੰ ਲੱਗਦਾ-ਰਾਣੀ ਨਹੀਂ-ਇਹ ਤਾਂ ਕੋਈ ਹੋਰ ਬੋਲ ਰਿਹਾ ਹੈ। ਉਹ ਕਈ ਵਾਰ ਐਨੀ ਕਾਹਲੀ ਨਾਲ ਬੋਲਦੀ ਕਿ ਮੇਰੇ ਪੱਲੇ ਕੁਝ ਨਾ ਪੈਂਦਾ। ਮੈਂ ਦੋਬਾਰਾ ਪੁੱਛਦਾ ਤਾਂ ਉਹ ਖਿਝਦੀ। ਝਈਆਂ ਲੈ-ਲੈ ਕੇ ਪੈਂਦੀ। ਮੈਂ ਨਿਆਣੇ ਵਾਂਗ ਉਸ ਦੇ ਮੂੰਹ ਵੱਲ ਦੇਖਦਾ। ਉਹ ਚੀਕਦੀ-"ਆਈ ਸੇ। ਪਲੀਜ਼ ਲੀਵ ਮੀ ਆਲੋਨ।"

ਉਸ ਰਾਤ ਵਿਕਾਸ ਘਰ 'ਚ ਨਹੀਂ ਸੀ। ਕਾਲਿਜ-ਟੂਰ 'ਤੇ ਗਿਆ ਸੀ। ਅਸੀਂ ਡਰਾਇੰਗ ਰੂਮ 'ਚ ਬੈਠੇ ਟੀ.ਵੀ. 'ਤੇ ਨਾਟਕ ਦੇਖ ਰਹੇ ਸੀ। ਮੈਨੂੰ ਵਾਰ-ਵਾਰ ਲੱਗਦਾ ਕਿ ਰਾਣੀ ਨਾਟਕ ਨਹੀਂ ਦੇਖ ਰਹੀ ਸੀ। ਨਾ ਹੀ ਉਹ ਕਹਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ। ਮੈਂ ਕਈ ਦਫਾ ਉਸ ਦਾ ਧਿਆਨ ਟੀ.ਵੀ. ਦੀ ਸਕਰੀਨ ਪਾਸੇ ਕੀਤਾ। ਮੈਨੂੰ ਨਾਟਕ ਇਸ ਕਰਕੇ ਵੀ ਚੰਗਾ ਲੱਗ ਰਿਹਾ ਸੀ ਕਿਉਂਕਿ ਇਸ ਦੀ ਪੰਜਾਹ ਕੁ ਪਰਸੈਂਟ ਕਹਾਣੀ ਮੇਰੀ ਆਪਣੀ ਜ਼ਿੰਦਗੀ ਨਾਲ ਮੇਲ ਖਾਂਦੀ ਸੀ। ਇੱਕ ਵਾਰ ਫੇਰ ਮੈਂ ਕਿਹਾ ਤਾਂ ਉਹ ਉਠੀ ਤੇ ਆਪਣੇ ਬੈੱਡ ਰੂਮ 'ਚ ਚਲੀ ਗਈ। ਅਜੇ ਤਾਂ ਸਾਢੇ ਅੱਠ ਵਜੇ ਸਨ। ਐਨੀ ਜਲਦੀ ਉਹ ਸੌਂਦੀ ਨਹੀਂ ਹੁੰਦੀ। ਖ਼ਬਰਾਂ ਆਉਣ ਲੱਗੀਆਂ। ਮੇਰਾ ਮਨ ਕਾਹਲਾ ਪੈ ਗਿਆ। ਉਸ ਦੇ ਕਮਰੇ ਦਾ ਦਰਵਾਜ਼ਾ ਖੁੱਲ੍ਹਾ ਸੀ। ਮੈਂ ਪਿਛਲਖੁਰੀ ਮੁੜ ਪਿਆ। ਗੇਟ ਨੂੰ ਲਾਕ ਕੀਤਾ। ਵਰਾਂਡੇ ਦਾ ਦਰਵਾਜ਼ਾ ਲਾਇਆ। ਉਸ ਕੋਲ ਆ ਗਿਆ। ਉਹ ਬਿਲਕੁਲ ਸਿੱਧੀ ਪਈ ਸੀ।



www.PunjabiLibrary.com

ਬੈੱਡ ਦੇ ਢੋਅ ਨਾਲ ਸਿਰ ਟਿਕਾ ਕੇ। ਮੈਂ ਉਸ ਕੋਲੋਂ ਕੰਬਲ ਲੈ ਕੇ ਲੱਕ ਤਕ ਖਿਚ ਲਿਆ। ਉਸ ਔਖ ਜਿਹੀ ਮਹਿਸੂਸ ਕਰਦਿਆਂ ਮੇਰੇ ਵੱਲ ਦੇਖਿਆ ਤਾਂ ਮੈਂ ਡਰ ਗਿਆ। ਜੇ ਮੈਂ ਅਗਾਂਹ ਵਧਦਾ ਤਾਂ ਉਸ ਚੀਕ ਪੈਣਾ ਸੀ। ਸਿੱਧਾ ਹੀ ਕਹਿ ਦੇਣਾ ਸੀ-ਜਾਉ ਆਪਣੇ ਕਮਰੇ 'ਚ ਚਲੇ ਜਾਉ। ਉਹ ਮੂੰਹੋਂ ਕੁਝ ਨਾ ਬੋਲੀ। ਵੱਖੀ ਪਰਨੇ ਹੋ ਗਈ। ਮੈਨੂੰ ਲੱਗਾ ਕਿ ਉਸ ਦਾ ਚਿਤ ਟਿਕਾਣੇ 'ਚ ਨਹੀਂ। ਮੈਂ ਬਹੁਤ ਦਿਨਾਂ ਦਾ ਥੱਕਿਆ ਤੇ ਉਨੀਂਦਰਾ ਸੀ। ਮੇਰੀ ਭੁੱਖ ਭਿਆਨਕ ਰੂਪ ਧਰਣ ਕਰਨ ਲੱਗੀ। ਮੇਰੀ ਮਾਨਸਿਕ ਥਕਾਵਟ ਦੂਰ ਕਰਨ ਲਈ ਇਹ ਵੀ ਜ਼ਰੂਰੀ ਸੀ। ਉਦੋਂ ਮੈਨੂੰ ਅਜਿਹਾ ਹੀ ਲੱਗਿਆ ਸੀ। ਮੈਂ ਪਸ਼ੂ ਬਣ ਗਿਆ। ਉਹ ਵਿਰੋਧ ਕਰਦੀ ਰਹੀ। ਮੈਂ ਕੁਝ ਵੀ ਨਾ ਸੁਣਿਆ। ਮੈਂ ਆਪਣੀ ਧੁਨ 'ਚ ਸਵਾਰ ਰਿਹਾ। ਮੈਂ ਜਦੋਂ ਬਾਥਰੂਮ 'ਚੋਂ ਵਾਪਸ ਆਇਆ ਤਾਂ ਉਹ ਅਧਨੰਗੀ ਕਮਰੇ 'ਚ ਵਾਵਰੋਲੇ ਵਾਂਗ ਗੇੜੇ ਕੱਢ ਰਹੀ ਸੀ। ਉਸ ਦੇ ਮੂੰਹੋਂ ਝੱਗ ਜਾ ਰਹੀ ਸੀ। ਉਸ ਸਾਰਾ ਘਰ ਸਿਰ 'ਤੇ ਚੁੱਕ ਲਿਆ ਸੀ, "ਤੂੰ ਮੇਰੇ ਨਾਲ ਰੇਪ ਕੀਤਾ....ਤੂੰ ਮੇਰੇ ਨਾਲ ਰੇਪ ਕੀਤਾ?"

ਨਹੀਂ-ਮੈਨੂੰ ਨਹੀਂ ਪਤਾ। ਉਸ ਦੀਆਂ ਵਿਕਾਸ ਨਾਲ ਕੀ ਗੱਲਾਂ ਹੋਈਆਂ। ਵਿਕਾਸ ਉਸ ਦਾ ਕੁਝ ਖਾਸ ਹੀ ਖਿਆਲ ਰੱਖਣ ਲੱਗਾ। ਉਹ ਹਸਪਤਾਲ ਤਿੰਨ ਦਿਨ ਰਹੀ। ਮੈਂ ਜਾਂਦਾ। ਵਿਕਾਸ ਉਠ ਕੇ ਬਾਹਰ ਚਲਾ ਜਾਂਦਾ। ਰਾਣੀ ਅੱਖਾਂ ਨਾ ਖੋਲ੍ਹਦੀ। ਦੂਜੇ ਪਾਸੇ ਮੂੰਹ ਕਰ ਲੈਂਦੀ। ਮੈਂ ਆਪਣੇ ਵੱਲੋਂ ਸਪੱਸ਼ਟੀਕਰਣ ਦਿੰਦਾ। ਮਾਫੀ ਮੰਗਦਾ। ਉਸ ਦੇ ਪੈਰਾਂ 'ਤੇ ਸਿਰ ਰੱਖਦਾ। ਬੋਲੀ ਜਾਂਦਾ। ਅਗੋਂ ਉਹ ਹੁੰਗਾਰਾ ਨਾ ਭਰਦੀ। ਕੋਈ ਹਿਲਜੁਲ ਨਾ ਕਰਦੀ। ਮੈਂ ਡਾਕਟਰ ਵੱਲ ਦੌੜਦਾ। ਉਹ ਵਿਸ਼ਵਾਸ ਦਵਾਉਂਦਾ, "ਪ੍ਰੋਫੈਸਰ ਸਾਹਿਬ-ਇਸ 'ਚ ਪ੍ਰੇਸ਼ਾਨ ਹੋਣ ਵਾਲੀ ਕਿਹੜੀ ਗੱਲ ਹੈ? ਸਿਰਫ ਮਾਨਸਿਕ ਤਨਾਉ ਹੈ। ਤੁਸੀਂ ਫਿਕਰ ਨਾ ਕਰੋ। ਅਜੇ ਕੁਸ਼ ਦਿਨ ਹੋਰ ਲੱਗਣਗੇ।" ਮੈਂ ਫੇਰ ਕਮਰੇ 'ਚ ਆ ਜਾਂਦਾ। ਵਿਕਾਸ ਉਠ ਖੜਦਾ। ਜਾਂਦਾ ਹੋਇਆ ਦਰਵਾਜ਼ਾ ਖੋਲ੍ਹ ਦਿੰਦਾ। ਬਾਹਰ ਟਹਿਲਣ ਲੱਗ ਜਾਂਦਾ। ਮੈਨੂੰ ਲੱਗਦਾ ਜਿਵੇਂ ਉਸ ਦੀਆਂ ਨਜ਼ਰਾਂ ਮੇਰੀ ਜਾਸੂਸੀ ਕਰ ਰਹੀਆਂ ਹੋਣ। ਮੈਥੋਂ ਅਜਿਹੀ ਸਥਿਤੀ ਬਰਦਾਸ਼ਤ ਨਾ ਹੋਈ। ਮੈਂ ਵਿਕਾਸ ਨੂੰ ਬਾਹੋਂ ਫੜ ਕੇ ਆਪਣੇ ਕੋਲ ਬੈਠਾਇਆ। ਕਿਹਾ, "ਟਰਾਈ ਟੂ ਅੰਡਰਸਟੈਂਡ ਮੀ।" ਉਸ ਝਟਕੇ ਨਾਲ ਮੇਰੇ ਕੋਲੋਂ ਆਪਣੀ ਬਾਂਹ ਛੁਡਾ ਲਈ। ਬੋਲਿਆ, "ਤੁਸੀਂ ਮੰਮੀ ਨੂੰ ਮਾਰ ਦੇਣਾ ਚਾਹੁੰਦੇ ਹੋ।" ਮੈਨੂੰ ਕੰਬਣੀ ਛਿੜੀ। ਮੈਂ ਅਗਲੇ ਪਲ ਖੁਦ ਨੂੰ ਸੰਭਾਲ ਲਿਆ। ਜਵਾਨ ਬੇਟਾ ਹੈ। ਇਸ ਨੂੰ ਸਮਝਾਉਣਾ ਪੈਣਾ ਹੈ। ਇਸ ਸਮੇਂ ਮੈਂ ਕਿਸੇ ਤਕਰਾਰ 'ਚ ਨਹੀਂ ਪੈਣਾ ਚਾਹੁੰਦਾ ਸੀ। ਇਸ ਨਾਲ ਰਾਣੀ ਨੂੰ ਹੋਰ ਪਰੇਸ਼ਾਨੀ ਹੋ ਸਕਦੀ ਸੀ। ਚੁੱਪਚਾਪ ਮੈਂ ਉਸ ਦੇ ਮੂੰਹ ਵੱਲ ਦੇਖਿਆ। ਲਗਾਤਾਰ ਦੇਖੀ ਗਿਆ। ਹੈਰਾਨ ਹੋਇਆ। ਉਥੇ ਜਿੱਤ ਦੀ ਭਾਵਨਾ ਸੀ। ਅਜੀਬ ਜਿਹੀ ਖ਼ੁਸ਼ੀ ਨਾਲ ਉਸ ਦੇ ਚਿਹਰੇ 'ਤੇ ਘੜੀ ਦੀ ਘੜੀ ਖੇੜਾ ਆ ਗਿਆ ਸੀ। ਮੈਂ ਚਾਹੁੰਦਾ ਸੀ ਕਿ ਉਹ ਛੇਤੀ ਤੋਂ ਛੇਤੀ ਠੀਕ ਹੋ ਜਾਵੇ। ਮੈਂ ਬਹੁਤ ਹੀ ਜ਼ਿਆਦਾ ਬੌਖਲਾ ਗਿਆ। ਮੈਨੂੰ ਇੱਕ ਵਾਰ ਵੀ ਅਜਿਹਾ ਨਹੀਂ ਲੱਗਾ ਕਿ ਮੈਂ ਗਲਤ ਹਾਂ। ਮੈਂ ਕਿਸੇ ਵੀ ਕਦਮ 'ਤੇ ਕੋਈ ਗਲਤੀ ਨਹੀਂ ਕੀਤੀ। ਇਕ ਡਰ ਜ਼ਰੂਰ ਪੈਦਾ ਹੋਇਆ ਕਿ ਜੇ ਮੈਂ ਐਦਾਂ ਹੀ ਸੋਚਦਾ ਰਿਹਾ ਤਾਂ ਛੇਤੀ ਹੀ ਪਾਗਲ ਹੋ ਜਾਵਾਂਗਾ।

ਉਦੋਂ ਵਿਕਾਸ ਕਮਰੇ 'ਚ ਨਹੀਂ ਸੀ। ਉਸ ਰਾਤ ਨੂੰ ਰਾਣੀ ਨੇ ਲੰਮਾ ਸਾਹ ਲਿਆ।



ਉਸ ਦੇ ਪੈਰ ਠੰਢੇ ਪੈਂਦੇ ਗਏ। ਉਹ ਇੰਨੀ ਛੇਤੀ ਚਲ ਵਸੇਗੀ-ਮੈਨੂੰ ਇਸ ਦਾ ਉੱਕਾ ਹੀ ਕਿਆਸ ਨਹੀਂ ਸੀ। ਐਡਾ ਜ਼ਬਰਦਸਤ ਹਾਰਟ ਅਟੈਕ?

ਹੁਣ ਵਿਕਾਸ ਮੇਰੇ ਬੁਲਾਉਣ 'ਤੇ ਹੀ ਮੇਰੇ ਕੋਲ ਆਉਂਦਾ ਹੈ। ਨੀਵੀਂ ਪਾ ਕੇ ਬੈਠ ਜਾਂਦਾ ਹੈ। ਮੈਂ ਇਹ ਨਹੀਂ ਮੰਨਦਾ ਕਿ ਉਹ ਮੈਨੂੰ ਆਖਰਾਂ ਦੀ ਨਫ਼ਰਤ ਕਰਦਾ ਹੈ। ਉਹ ਮੈਨੂੰ ਬੈੱਡ-ਟੀ ਦੇ ਜਾਂਦਾ ਹੈ। ਉਹ ਨੂੰ ਖਾਣਾ ਆਪਣੇ ਹੱਥੀਂ ਬਣਾਉਣ ਦਾ ਸ਼ੌਕ ਹੈ। ਉਹਨੂੰ ਮੇਰੀ ਪਸੰਦ ਦਾ ਪਤਾ ਹੈ। ਮੇਰੇ ਲਈ ਠੀਕ ਖਾਣਾ ਅੱਠ ਵਜੇ ਪਹੁੰਚ ਜਾਂਦਾ ਹੈ। ਸਾਡੀ ਨੌਕਰਾਣੀ ਬਿਮਲਾ ਦੇ ਹੱਥੀਂ। ਉਸ ਹੀ ਮੈਨੂੰ ਦੁਬਾਰਾ ਤੋਂ ਕਾਲਜ ਭੇਜਿਆ ਸੀ। ਮੈਂ ਆਪਣੀ ਛੁੱਟੀ ਕੈਂਸਲ ਕਰਵਾ ਲਈ ਸੀ। ਪਰ ਮੈਥੋਂ ਉਸ ਦੀ ਉਦਾਸੀ ਦਾ ਸਾਹਮਣਾ ਨਹੀਂ ਹੁੰਦਾ। ਉਹ ਆਪਣੀ ਮੰਮੀ ਨੂੰ ਯਾਦ ਕਰਦਾ-ਕਰਦਾ ਭਾਵੁਕ ਹੋ ਜਾਂਦਾ ਹੈ। ਉਸ ਦੇ ਬੁੱਲ੍ਹਾਂ 'ਤੇ 'ਕਾਤਿਲ' ਸ਼ਬਦ ਆਉਂਦਾ-ਆਉਂਦਾ ਰਹਿ ਜਾਂਦਾ ਹੈ। ਮੈਂ ਉਸ ਨੂੰ ਕਨਵਿੰਸ ਕਰਾਉਣਾ ਚਾਹੁੰਦਾ ਹਾਂ। ਪਰ ਕਿਵੇਂ ਕਰਵਾਵਾਂ? ਮੈਂ ਵਿਦਿਆਰਥੀਆਂ ਨੂੰ ਪੜ੍ਹਾ ਸਕਦਾ ਹਾਂ। ਫਰੈੱਸ਼ ਨੋਟਸ ਤਿਆਰ ਕਰ ਸਕਦਾ ਹਾਂ। ਹੈਲਪ ਬੁੱਕਸ ਲਿਖ ਸਕਦਾ ਹਾਂ। ਰਾਸ਼ਟਰਪਤੀ ਕੋਲੋਂ ਬੈਸਟ ਟੀਚਰ ਦਾ ਖਿਤਾਬ ਲਿਆ ਹੋਇਆ ਹੈ। ਪਰ ਮੈਂ ਆਪਣੇ ਬੇਟੇ ਵਿਕਾਸ ਨੂੰ ਕਿਵੇਂ ਸਮਝਾਵਾਂ ਕਿ ਰਾਣੀ ਤਾਂ ਆਪਣੀ ਮੌਤ ਆਪ ਮਰੀ ਹੈ। ਨੈਚੁਰਲ ਡੈਥ-ਹਾਰਟ ਅਟੈਕ ਨਾਲ।....ਹਾਂ....ਹਾਂ ਮੈਨੂੰ ਪਤਾ ਹੈ ਕਿ ਤੁਸੀਂ ਮੇਰੀ ਮਦਦ ਅਵੱਸ਼ ਕਰੋਗੇ.... ਅਵੱਸ਼....।



www.PunjabiLibrary.com

## ਕੱਚੇ ਪੱਕੇ ਨਕਸ਼ੇ

ਹਾਂ, ਇਹ ਮੇਰਾ ਬੇਟਾ ਹੈ।

ਤੂੰ ਮੈਨੂੰ ਦੱਸਣ ਦਾ ਮੌਕਾ ਹੀ ਕਦੋਂ ਦਿੱਤਾ ਸੀ? ਤੂੰ ਤਾਂ ਘੋੜਸਵਾਰ ਹੋਈ ਆਉਂਦੀ ਰਹੀ। ਮੈਨੂੰ ਤਾਂ ਸਾਹ ਹੀ ਉਦੋਂ ਆਉਂਦਾ ਸੀ ਜਦੋਂ ਮੈਂ ਤੈਨੂੰ ਗੱਡੀ 'ਤੇ ਚੜ੍ਹਾ ਕੇ ਬੈੱਡ-ਰੂਮ 'ਚ ਆ ਕੇ ਡਿੱਗ ਪੈਂਦੀ। ਤੂੰ ਮੈਨੂੰ ਬਹੁਤ ਹੰਭਾ ਦਿੰਦੀ ਸੀ। ਮੈਨੂੰ ਲੱਗਦਾ ਜਿਵੇਂ ਤੂੰ ਮੈਨੂੰ ਘੱਟ-ਸਿਰਫ ਮੇਰੇ ਹੱਥ ਦੀ ਪੱਕੀ ਮੱਕੀ ਦੀ ਰੋਟੀ ਤੇ ਕੜ੍ਹੀ ਖਾਣ ਆਉਂਦੀ ਹੈਂ। ਜਾਂ ਫੇਰ ਆਪਣਾ ਗੁਭਗੁਭਾਹਟ ਕੱਢਣ। ਮੈਨੂੰ ਬੋਲਣ ਦਾ ਸਮਾਂ ਹੀ ਨਹੀਂ ਦਿੱਤਾ। ਜੇ ਮੈਂ ਤੈਨੂੰ ਘੂਰਿਆ ਵੀ ਤਾਂ ਤੂੰ ਅਗੋਂ ਬੱਚੇ ਵਾਂਗ ਜ਼ਿੱਦ ਕਰਨ ਲੱਗ ਪੈਂਦੀ ਸੀ-'ਨ੍ਹੀਂ-ਪਹਿਲਾਂ ਮੇਰੀ ਗੱਲ ਸੁਣ।' ਤੈਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਹੁੰਦਾ ਸੀ ਕਿ ਕਿਸੇ ਦੂਜੇ ਦੀ ਗੱਲ ਵਿਚਕਾਰੇ ਰਹਿ ਜਾਂਦੀ। ਪਿਛਲੀ ਵਾਰ ਆਈ ਸੀ ਤਾਂ ਗੇਟ ਮਗਰੋਂ ਖੋਲ੍ਹਿਆ, ਪਹਿਲਾਂ ਹੀ ਰੌਲਾ ਪਾਉਣ ਲੱਗ ਪਈ..."ਅਨੀਤਾ-ਉਏ ਅਨੀਤਾ....ਮੇਰੇ ਕੋਲ ਸਿਰਫ ਅੱਧਾ ਘੰਟਾ। ਤੈਨੂੰ ਪਤਾ-ਮੇਰੀ ਗੱਡੀ ਦਾ ਇਕ ਘੰਟਾ ਸਟੌਪਿਜ ਆ। ਮੈਂ ਤੈਨੂੰ ਟੈਲੀਫੋਨ ਕਰ ਕੇ ਸਟੇਸ਼ਨ 'ਤੇ ਵੀ ਸੱਦ ਸਕਦੀ ਸੀ। ਪਰ ਉਥੇ ਮਜ਼ਾ ਨ੍ਹੀਂ ਆਉਂਦਾ। ਘਰ ਘਰ ਹੀ ਹੁੰਦਾ ਆ ਨਾ? ਹੁਣ ਪੰਦਰਾਂ ਮਿੰਟ ਤੇਰੇ ਕੋਲ ਆਉਣ ਦੇ ਲੱਗ ਗਏ। ਪੰਦਰਾਂ ਮਿੰਟ ਜਾਣ ਦੇ ਲੱਗ ਜਾਣੇ।....ਚਲ-ਚਲ- ਪਹਿਲਾਂ ਕੌਫੀ ਚੱਲੂ। ਹਾਂ, ਤੈਨੂੰ ਛੱਡ ਕੇ ਵੀ ਆਉਣਾ ਪੈਣਾ। ਠੀਕ ਆ ਨਾ? ਗੱਡੀ ਘਰੇ ਆ?...ਠੀਕ...ਠੀਕ।"

ਇਹ ਦਾ ਨਾਂ ਪੰਕਜ ਹੈ। ਫਿਫਥ 'ਚ ਪੜ੍ਹਦਾ। ਕਲ੍ਹ ਹੀ ਆਇਆ। ਰਮੇਸ਼ ਇਹ ਨੂੰ ਹੋਸਟਲ 'ਚੋਂ ਜਾ ਕੇ ਲਿਆਇਆ। ਇਹ ਨੂੰ ਪੰਦਰਾਂ ਦਿਨਾਂ ਦੀਆਂ ਛੁੱਟੀਆਂ ਹੋਈਆਂ। ਮੈਂ ਆਪਣੇ ਬੇਟੇ ਨੂੰ ਇਥੇ ਹੀ ਪੜ੍ਹਾਉਣਾ ਚਾਹੁੰਦੀ ਸੀ। ਪਰ ਰਮੇਸ਼ ਨਹੀਂ ਮੰਨਿਆ। ਇਹ ਨੂੰ ਸ਼ਿਵਾਲਿਕ ਸਕੂਲ 'ਚ ਦਾਖਲ ਕਰਵਾ ਆਇਆ। ਇਹ ਮੇਰੀ ਇੱਛਾ ਨਹੀਂ ਸੀ-ਰਮੇਸ਼ ਦੀ ਸੀ। ਹੁਣ ਉਹ ਬਾਜ਼ਾਰ ਗਿਆ। ਪੰਕਜ ਨੂੰ ਕੁਝ ਚੀਜ਼ਾਂ ਚਾਹੀਦੀਆਂ ਸਨ-ਇਹ ਖਰੀਦਣ ਗਿਆ। ਸ਼ਾਇਦ ਤੇਰੇ ਬੈਠਿਆਂ-ਬੈਠਿਆਂ ਆ ਜਾਵੇ।

ਅੱਜ ਮੈਂ ਤੈਨੂੰ ਜਾਣ ਨਹੀਂ ਦੇਣਾ। ਚੁੱਪ ਕਰਕੇ ਬੈਠੀ ਰਹਿ। ਟਿਕਟ ਦਾ ਫਿਕਰ ਨਾ ਕਰ। ਮੈਂ ਨਵੀਂ ਖਰੀਦ ਦਵਾਂਗੀ।...ਹਾਂ-ਹਾਂ। ਕਲ੍ਹ ਸੀਟ ਮਿਲੂਗੀ ਏ.ਸੀ. 'ਚ। ਹੁਣ ਰਮੇਸ਼



ਦੀ ਬਹੁਤ ਚਲਦੀ ਹੈ। ਇਹ ਕੰਮ ਤਾਂ ਚੁਟਕੀ ਮਾਰਿਆਂ ਹੋ ਜਾਣਾ ਹੈ।

ਤੂੰ ਕਾਹਲੀ ਕਿਉਂ ਪੈ ਰਹੀ ਹੈਂ?

ਹਾਂ-ਇਹ ਮੇਰਾ ਬੇਟਾ ਹੈ। ਤੈਨੂੰ ਇਹ ਨੂੰ ਦੇਖ ਕੇ ਹੈਰਾਨੀ ਹੋਈ ਹੈ ਨਾ? ਕਦੇ-ਕਦਾਈਂ ਮੈਨੂੰ ਵੀ ਹੁੰਦੀ ਹੈ। ਤੌਖਲਾ ਹੁੰਦਾ ਹੈ। ਡਰ ਵੀ ਲੱਗਦਾ ਹੈ। ਮੈਂ ਅਰਧ-ਚੇਤਨਾ 'ਚ ਵਿਚਰਨ ਲੱਗਦੀ ਹਾਂ...ਰਮੇਸ਼ ਦੀ ਇਕ ਇੱਛਾ ਇਹ ਵੀ ਸੀ ਕਿ ਘਰ ਬਚਾਉਣ ਲਈ ਬੇਟਾ ਹੋਣਾ ਚਾਹੀਦਾ ਹੈ। ਮੈਂ ਉਹ ਦੀ ਇਹ ਇੱਛਾ ਵੀ ਪੂਰੀ ਕਰ ਦਿੱਤੀ।....ਮੇਰੀ ਇੱਛਾ ਬਾਰੇ ਪੁੱਛ ਰਹੀਂ ਹੈਂ? ਫੇਰ ਤਾਂ ਤੈਨੂੰ ਮੇਰੀ ਕਹਾਣੀ ਸੁਣਨੀ ਪੈਣੀ ਹੈ।...ਲੈ ਸੁਣ। ਪਰ ਪਹਿਲਾਂ ਇਕ ਗੱਲ ਨੋਟ ਕਰ ਲੈ-ਵਿਚਕਾਰੋਂ ਟੋਕਣਾ ਨਹੀਂ। ਠੀਕ ਆ ਨਾ?

ਉਸ ਦਿਨ ਸਾਢੇ ਕੁ ਸੱਤ ਵਜੇ ਹੋਣੇ ਆਂ ਜਦੋਂ ਮੈਂ ਰਸੋਈ ਦਾ ਕੰਮ ਨਬੇੜ ਲਿਆ ਸੀ। ਸਬਜ਼ੀਆਂ ਤਿਆਰ ਸਨ। ਰਾਇਤਾ ਫਰਿਜ਼ ਦੇ ਉਤਲੇ ਖਾਨੇ 'ਚ ਰੱਖ ਦਿੱਤਾ ਸੀ। ਰਮੇਸ਼ ਦੀ ਮਨਪਸੰਦ ਖੀਰ ਵੀ। ਜਦੋਂ ਰੋਟੀ ਖਾਣ ਬੈਠਣਾ ਸੀ ਉਦੋਂ ਚਾਰ ਫੁਲਕੇ ਲਾਹ ਲੈਣੇ ਸਨ। ਮੇਰੇ ਗੋਚਰਾ ਕੋਈ ਕੰਮ ਨਹੀਂ ਰਿਹਾ ਸੀ। ਰਾਤ ਦੀ ਸੈਰ ਮੈਂ ਕਈ ਮਹੀਨਿਆਂ ਤੋਂ ਬੰਦ ਕਰ ਰੱਖੀ। ਹਾਂ ! ਸਵੇਰੇ ਨੂੰ ਬਾਕਾਇਦਾ ਜਾਂਦੀ ਹਾਂ। ਰਮੇਸ਼ ਨਾਲ ਹੋਵੇ ਤਾਂ ਖੈਰ ਭਲੀ-ਨਹੀਂ ਤਾਂ ਗੁਆਂਢਣ ਸ਼ੀਲਾ ਰਿੰਗ ਕਰ ਦਿੰਦੀ। ਮੈਂ ਸਵਿਚ ਆਫ ਕੀਤਾ। ਡਰਾਇੰਗ ਰੂਮ 'ਚ ਆ ਕੇ ਟੈਲੀਵਿਜ਼ਨ 'ਤੇ ਚੱਲ ਰਿਹਾ ਸੀਰੀਅਲ ਦੇਖਣ ਲੱਗੀ। ਪਿਛਲੇ ਹਫਤੇ ਹੀ ਮਹੀਨੇ ਭਰ ਦੀ ਛੁੱਟੀ ਲੈ ਕੇ ਆਇਆ ਮੇਰਾ ਜੇਠ ਉਰਫ਼ ਜਗਦੀਸ਼ ਮੈਥੋਂ ਥੋੜ੍ਹਾ ਕੁ ਹਟਵਾਂ ਬੈਠਾ ਸੀ। ਉਸ ਛੁੱਟੀ ਤਾਂ ਪਿੰਡ ਦੀ ਹਵੇਲੀ ਦੇ ਝਗੜੇ ਕਰਕੇ ਲਈ ਸੀ ਪਰ ਬੀਬੀ ਦੇ ਹੁੰਦਿਆਂ ਹੋਇਆਂ ਵੀ ਉਹ ਇਕ ਰਾਤ ਪਿੰਡ ਨਹੀਂ ਰਿਹਾ ਸੀ। ਉਹ ਦਿਨੇ-ਦਿਨੇ ਗੱਡੀ 'ਤੇ ਗੇੜਾ ਮਾਰ ਆਉਂਦਾ। ਥੱਕਿਆ, ਅੱਕਿਆ ਕਲਪਣ ਲੱਗ ਪੈਂਦਾ, "ਮੇਰਾ ਨ੍ਹੀਂ ਉਥੇ ਜੀਅ ਲੱਗਦਾ। ਬੀਬੀ ਨੂੰ ਸਮਝਾ-ਸਮਝਾ ਕੇ ਥੱਕ ਗਿਆਂ। ਜੇ ਤੂੰ ਰਮੇਸ਼ ਕੋਲ ਨ੍ਹੀਂ ਰਹਿਣਾ ਤਾਂ ਮੇਰੇ ਨਾਲ ਚਲੀ ਚਲ। ਪਰ ਉਹ ਨੂੰ ਸਮਝਾਉਣਾ, ਮੰਨਾਉਣਾ ਬਹੁਤ ਔਖਾ-ਹਿਮਾਲਾ ਪਹਾੜ 'ਤੇ ਚੜ੍ਹਨਾ ਸੌਖਾ ਹੋਊ। ਪਤਾ ਨ੍ਹੀਂ ਪਿੰਡ ਵਿੱਚ ਉਹ ਦਾ ਕੀ ਰੱਖਿਆ?" ਮੈਂ ਹੂੰ-ਹਾਂ ਕਰ ਛੱਡਦੀ। ਨਾ ਤਾਂ ਮੈਨੂੰ ਪਿੰਡ ਦੇ ਥਾਂ ਨਾਲ ਕੋਈ ਲਗਾਉ ਸੀ। ਨਾ ਹੀ ਪਿੰਡ ਦੇ ਲੋਕਾਂ ਨਾਲ। ਮੈਂ ਕਿਹੜਾ ਉਥੇ ਵਿਆਹੀ ਗਈ। ਸਿਰਫ ਬੀਬੀ ਦੀ ਜ਼ਿੱਦ ਨੂੰ ਮੰਨਦਿਆਂ ਜਠੇਰਿਆਂ ਦੇ ਮੱਥਾ ਟੇਕਣ ਅਵੱਸ਼ ਗਏ ਸੀ। ਜੇ ਸੱਚ ਬੋਲਾਂ ਮੇਰੀ ਬੀਬੀ ਨਾਲ ਨਹੀਂ ਬਣਦੀ। ਨਹੀਂ, ਉਹ ਦੀ ਮੇਰੇ ਨਾਲ ਨਹੀਂ ਬਣਦੀ। ਫੇਰ ਉਹ ਆਪੇ ਹੀ ਦੱਸੀ ਜਾਂਦਾ, "ਮੈਂ ਬੀਬੀ ਨੂੰ ਕਿਹਾ ਸੀ ਕਿ ਆਹ ਫਿਰਨੀ ਵਾਲੀ ਥਾਂ ਕਿਸੇ ਨੂੰ ਨਾ ਦੇਈਂ। ਭਾਵੇਂ ਵਿਹਲੀ ਪਈ ਰਹਿਣ ਦੇ। ਉਹ ਨੇ ਮੇਰੀ ਗੱਲ ਨ੍ਹੀਂ ਸੁਣੀ। ਕਹਿੰਦੀ ਰਹੀ-ਹੋਊ ਪੁੱਤ-ਮਹਿੰਦਰ ਹੋਰੀਂ ਗਰੀਬ ਆ। ਜਗੀਰੋ ਮੇਰੀ ਧਰਮ ਦੀ ਭੈਣ ਬਣੀ ਆ। ਕਹਿੰਦੀ ਸੀ ਜਦੋਂ ਤੁਸੀਂ ਕਹੋਗੇ-ਅਸੀਂ ਥਾਂ ਛੱਡ ਦਵਾਂਗੇ। ਜੇ ਵੇਚਣੀ ਵੀ ਹੋਈ ਤਾਂ ਪਹਿਲ ਸਾਡੀ ਰੱਖ ਲਿਉ। ਹੁਣ ਉਹ ਪੱਤਰਾ ਨ੍ਹੀਂ ਵਾਚਦੇ। ਕਰ ਲਉ, ਜਿੰਨੀਆਂ ਮਰਜ਼ੀ ਪੰਚਾਇਤਾਂ। ਧਰਮ ਦੀ ਭੈਣ ਮੱਥੇ ਲੱਗਣੋਂ ਹਟ ਗਈ। ਸਾਡੇ ਬਾਬਾ ਜੀ ਕਹਿੰਦੇ ਹੁੰਦੇ ਸੀ-ਜੱਟ-ਜੱਟਾਂ ਦੇ, ਫੌਗੂ ਕਿਹਦਾ। ਮੈਥੋਂ ਰਮੇਸ਼ ਚੰਗਾ। ਉਹ ਨੇ ਐਨਾ ਕਹਿ ਕੇ ਸਾਰਤਾ-ਮੈਨੂੰ ਕੁਸ਼ ਨ੍ਹੀਂ ਪਤਾ-ਤੁਸੀਂ ਜਾਣੋ-ਤੁਹਾਡਾ ਕੰਮ ਜਾਣੇ। ਨਾ ਮੈਨੂੰ ਥਾਂ ਚਾਹੀਦੀ। ਨਾ ਪੈਸੇ....।"



www.PunjabiLibrary.com

ਉਹ ਗੱਲ ਨਾਲ ਗੱਲ ਜੋੜੀ ਜਾਂਦਾ ਮੈਨੂੰ ਅਕੇਵਾਂ ਹੋਣ ਲੱਗਦਾ। ਉਹ ਦੀ ਇਹ ਬੁੱਢਿਆਂ ਵਾਲੀ ਆਦਤ ਸੀ। ਜੇ ਨਹੀਂ ਬੋਲਣਾ ਤਾਂ ਬੋਲਣਾ ਹੀ ਨਹੀਂ। ਜੇ ਸ਼ੁਰੂ ਹੋ ਗਿਆ ਤਾਂ ਉਦੋਂ ਤਾਈਂ ਹਟਣਾ ਨਹੀਂ ਜਿੰਨਾ ਚਿਰ ਮੈਂ ਅੱਗੋਂ ਟੋਕਦੀ ਨਹੀਂ ਜਾਂ ਉਠ ਕੇ ਚਲੇ ਨਹੀਂ ਜਾਂਦੀ।

ਰਮੇਸ਼ ਨੇ ਦੇਰ ਲਾ ਦਿੱਤੀ। ਮੈਥੋਂ ਬੈਠਿਆ ਨਹੀਂ ਜਾ ਰਿਹਾ ਸੀ। ਵਾਰ-ਵਾਰ ਮੇਰੀਆਂ ਨਜ਼ਰਾਂ ਬਾਹਰਲੇ ਦਰਵਾਜ਼ੇ 'ਤੇ ਕੇਂਦਰਤ ਹੋ ਜਾਂਦੀਆਂ। ਆਹ ਵੀ ਕੀ ਗੱਲ ਹੋਈ। ਜੇ ਕਿਤੇ ਦੂਰ ਨੇੜੇ ਜਾਣਾ ਸੀ ਤਾਂ ਕਮ-ਸੇ-ਕਮ ਬੰਦਾ ਟੈਲੀਫੋਨ ਹੀ ਕਰ ਦੇਵੇ। ਫੇਰ ਮੈਨੂੰ ਭੁਲੇਖਾ ਜਿਹਾ ਪਿਆ ਸੀ ਜਿਵੇਂ ਕਿ ਉਹ ਜਾਣ-ਬੁੱਝ ਕੇ ਗਿਆ ਹੋਵੇ। ਅੱਜ ਜਗਦੀਸ਼ ਨੇ 'ਵਾਹ' ਤਾਂ ਕੀ ਕਹਿਣੀ ਸੀ, ਉੱਚਾ ਸਾਹ ਵੀ ਨਹੀਂ ਲਿਆ ਸੀ। ਸ਼ਾਇਦ ਅਜਿਹਾ ਸੀਰੀਅਲ ਦੀ ਗੰਭੀਰਤਾ ਕਰਕੇ ਸੀ। ਪਰ ਮੈਥੋਂ ਸੀਰੀਅਲ ਦੀ ਕਹਾਣੀ ਨਾਲ ਜੁੜਿਆ ਨਾ ਗਿਆ। ਮੈਂ ਇਕ ਦੋ ਵਾਰ ਜਗਦੀਸ਼ ਵੱਲ ਦੇਖਿਆ ਅਵੱਸ਼ ਸੀ। ਉਸ ਦੀਆਂ ਅੱਖਾਂ ਨਮੀ ਨਾਲ ਭਰੀਆਂ ਪਈਆਂ ਸਨ। ਲੱਗਦਾ ਸੀ ਕਿ ਉਹ ਹੁਣ ਵੀ ਰੋਇਆ ਕਿ ਹੁਣ ਵੀ ਰੋਇਆ। ਉਸ ਨੂੰ ਆਪਣੇ ਆਲੇ-ਦੁਆਲੇ ਦੀ ਕੋਈ ਖ਼ਬਰਸਾਰ ਨਹੀਂ ਸੀ। ਸ਼ਾਇਦ ਉਸ ਨੂੰ ਇਸ ਗੱਲ ਦਾ ਵੀ ਅਹਿਸਾਸ ਨਹੀਂ ਰਿਹਾ ਸੀ ਕਿ ਮੈਂ ਵੀ ਬੈਠੀ ਹੋਈ ਸੀ। ਕੋਈ ਹੋਰ ਸੀਰੀਅਲ ਆ ਰਿਹਾ ਹੁੰਦਾ ਤਾਂ ਉਹ ਕਿਸੇ ਵੀ ਅੱਕਾਊ ਸੀਨ ਬਾਰੇ ਆਪਣੇ ਕੁਮੈਂਟਸ ਅਵੱਸ਼ ਦਿੰਦਾ, "ਇਨ੍ਹਾਂ ਸੀਰੀਅਲ ਬਣਾਉਣ ਵਾਲਿਆਂ ਨੂੰ ਜ਼ਿੰਦਗੀ ਦੀ ਡੂੰਘੀ ਸਮਝ ਨ੍ਹੀਂ। ਇਹ ਤਾਂ ਦਿਨ-ਬ-ਦਿਨ ਕਮਰਸ਼ੀਅਲ ਹੁੰਦੇ ਜਾ ਰਹੇ।" ਇਕ ਦਿਨ ਪੁੱਛਣ ਲੱਗਾ, "ਅਨੀਤਾ ਕੋਈ ਅਜਿਹਾ ਰਿਸ਼ਤਾ ਵੀ ਹੈ ਜਿਸ ਵਿੱਚ ਸੁਆਰਥ ਨਾ ਹੋਵੇ ?" ਮੈਂ ਕਹਿ ਦਿੱਤਾ, "ਮਾਂ ਦਾ ਰਿਸ਼ਤਾ।" ਤਾਂ ਅੱਗੋਂ ਉਹ ਬੋਲਿਆ,"ਤੂੰ ਇਹ ਕਿਵੇਂ ਕਹਿ ਦਿੱਤਾ ?" ਮੈਂ ਆਪਣੀ ਗੱਲ 'ਤੇ ਅੜ ਗਈ, "ਤੁਸੀਂ ਕਿਸੇ ਦੀ ਕਹਾਣੀ ਸ਼ੁਰੂ ਕਰੋ-ਮੈਂ ਤਰਕ ਨਾਲ ਜੁਆਬ ਦੇਵਾਂਗੀ।" ਉਹ ਸਹਿਜ ਹੀ ਰਿਹਾ। ਬੋਲਿਆ, "ਤੂੰ ਇਮੋਸ਼ਨਲ ਹੋ ਗਈਂ। ਮਾਂ ਦੇ ਰਿਸ਼ਤੇ ਵਿਚ ਵੀ ਸੁਆਰਥ ਹੁੰਦਾ। ਤੂੰ ਇਹੋ ਪੁੱਛੇਂਗੀ ਕਿਵੇਂ ? ਮਾਂ ਦੇ ਬੱਚਾ ਪੈਦਾ ਕਰਨ ਵਿਚ ਵੀ ਸੁਆਰਥ ਹੁੰਦਾ। ਜਿਸ ਨੂੰ ਪੈਦਾ ਕਰਨ ਵਿੱਚ ਹੀ ਸੁਆਰਥ ਹੋਵੇ-ਉਹ ਭਾਵਨਾ ਤਮਾਮ ਉਮਰ ਮਰਦੀ ਨ੍ਹੀਂ। ਹੁਣ ਮਸਾਲ ਆਪਣੇ ਘਰ ਦੀ ਤੇਰੇ ਸਾਹਮਣੇ ਆ। ਦੇਖ ਬੀਬੀ ਦਾ ਜਿਹੋ ਜਿਹਾ ਵਤੀਰਾ ਮੇਰੇ ਨਾਲ ਆ, ਉਹੋ ਜਿਹਾ ਰਮੇਸ਼ ਨਾਲ ਕਿਉਂ ਨ੍ਹੀਂ ?" ਉਸ ਨੇ ਮੈਨੂੰ ਨਿਰਉਤਰ ਕਰ ਦਿੱਤਾ ਸੀ। ਅਜਿਹਾ ਕਈ ਵਾਰ ਹੋਇਆ। ਮੈਨੂੰ ਉਸ ਦੇ ਗਿਆਨ ਦੀ ਦਾਦ ਦੇਣੀ ਪਈ। ਮੈਨੂੰ ਇਹ ਅਹਿਸਾਸ ਹੋਣ ਲੱਗਾ ਸੀ ਕਿ ਉਹ ਉਮਰ 'ਚ ਹੀ ਰਮੇਸ਼ ਨਾਲੋਂ ਵੱਡਾ ਨਹੀਂ, ਸਿਆਣਪ 'ਚ ਵੀ ਵੱਡਾ ਸੀ। ਉਸ ਦਾ ਤੀਜਾ ਨੇਤਰ ਜਲਦੀ ਖੁੱਲ੍ਹ ਜਾਂਦਾ ਸੀ।

ਮੇਰੀ ਉਡੀਕ ਦਾ ਸਿਖਰ ਸੀ ਜਦੋਂ ਰਮੇਸ਼ ਆਇਆ। ਉਹ ਮਲਕ ਦੇਣੀ ਮੇਰੇ ਕੋਲ ਆ ਬੈਠਾ। ਟੈਲੀਵਿਜ਼ਨ ਦੇਖਣ ਲੱਗਾ। ਪੰਜ ਕੁ ਮਿੰਟ ਬਾਅਦ ਬੋਲਿਆ, "ਕਿੰਨਿਆਂ ਦਿਨਾਂ ਦੀ ਘੌਲ ਕਰੀ ਜਾਨਾਂ। ਕਿਉਂ ਨਾ ਲੱਗਦੇ ਹੱਥੀਂ ਜੋਗਿੰਦਰ ਪਾਲ ਵੱਲ ਵੀ ਗੇੜਾ ਮਾਰ ਹੀ ਆਵਾਂ। ਮੈਂ ਗਿਆ ਤੇ ਆਇਆ ਸਮਝ। ਜੇ ਮਾੜੀ ਮੋਟੀ ਦੇਰ ਲੱਗ ਗਈ ਤਾਂ..ਤਾਂ ਤੂੰ ਉਦੋਂ ਤਾਈਂ ਐਸ ਆਰਟੀਕਲ ਨੂੰ ਪੜ੍ਹਕੇ ਦੇਖ ਜ਼ਰਾ।" ਉਸ ਨੇ ਮੈਗਜ਼ੀਨ ਮੇਰੇ ਪੱਟ 'ਤੇ ਰੱਖ ਦਿੱਤਾ। ਮੈਂ ਉਸ ਨੂੰ ਕੁਝ ਹੋਰ ਪੁੱਛਦੀ, ਇਸ ਤੋਂ ਪਹਿਲਾਂ ਹੀ ਉਸ ਜਾਣ ਦੀ ਕੀਤੀ ਸੀ।



ਮੈਂ ਸੀਰੀਅਲ ਖਤਮ ਹੋਣ ਤਕ ਮੈਗਜ਼ੀਨ ਜਿਉਂ ਦਾ ਤਿਉਂ ਪਿਆ ਰਹਿਣ ਦਿੱਤਾ। ਅਨਾਊਂਸਰ ਦਾ ਚਿਹਰਾ ਸਕਰੀਨ 'ਤੇ ਫੈਲਿਆ ਤਾਂ ਮੈਂ ਜਗਦੀਸ਼ ਨੂੰ ਖਾਣੇ ਲਈ ਪੁੱਛਿਆ। ਉਸ ਨੇ ਕਿਹਾ ਕਿ ਉਸ ਨੂੰ ਅਜੇ ਭੁੱਖ ਨਹੀਂ। ਜਦੋਂ ਲੋੜ ਪਈ ਤਾਂ ਉਹ ਆਪੇ ਖਾ ਲਵੇਗਾ। ਮੈਂ ਫੇਰ ਜ਼ੋਰ ਪਾਇਆ। ਉਹ ਬੋਲਿਆ,"ਤੁਸੀਂ ਬੜੀ ਜਲਦੀ ਕਾਹਲੀ ਪੈ ਜਾਣੇ ਆਂ। ਰਮੇਸ਼ ਨੂੰ ਆ ਲੈਣ ਦਿਉ।" ਮੈਂ ਆਪਣੇ ਬੈੱਡ-ਰੂਮ 'ਚ ਆਉਣ ਦੀ ਕੀਤੀ।

ਜਿਉਂ-ਜਿਉਂ ਮੈਂ ਆਰਟੀਕਲ ਪੜ੍ਹਦੀ ਗਈ-ਤਿਉਂ-ਤਿਉਂ ਮੈਨੂੰ ਰਮੇਸ਼ ਦੀ ਕਮ ਅਕਲੀ 'ਤੇ ਹਾਸਾ ਆਉਂਦਾ ਗਿਆ। ਗੁੱਸਾ ਵੀ। ਮੈਂ ਕਿਹੜੀ ਕੋਈ ਦੁੱਧ ਚੁੰਘਦੀ ਬੱਚੀ ਸੀ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਸ ਸਭ ਕੁਝ ਬਾਰੇ ਮੈਨੂੰ ਪਹਿਲਾਂ ਹੀ ਜਾਣਕਾਰੀ ਸੀ। ਉਸ ਨੂੰ ਕੀ ਲੋੜ ਪੈ ਗਈ ਸੀ ਮੈਨੂੰ ਇਹ ਆਰਟੀਕਲ ਪੜ੍ਹਾਉਣ ਦੀ ? ਐਵੇਂ ਹੀ ਟਾਈਮ ਪਾਸ ਕਰਨ ਲਈ ਪੜ੍ਹਦੀ ਗਈ। ਰਹਿ-ਰਹਿ ਕੇ ਮੇਰੇ ਜ਼ਿਹਨ 'ਚ ਇਕ ਪ੍ਰਸ਼ਨ ਆਉਣ ਲੱਗਾ ਕਿ ਕੀ ਰਮੇਸ਼ ਨੇ ਇਸ ਦੇ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ ?'ਸੀਮੈਨ ਬੈਂਕ' ਬਾਰੇ ਮੈਂ ਬਹੁਤ ਕੁਝ ਜਾਣ ਚੁੱਕੀ ਸੀ। ਹੋਰ ਵੀ ਜਾਣਕਾਰੀ ਇਕੱਠੀ ਕਰਦੀ ਰਹੀ ਸੀ। ਸ਼ਾਇਦ ਰਮੇਸ਼ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਹੁਣ ਤਾਂ ਲੁਧਿਆਣਿਉਂ ਵੀ ਆਪਣੀ ਮਨ ਪਸੰਦ ਦਾ ਸੀਮੈਨ ਖਰੀਦਿਆ ਜਾ ਸਕਦਾ ਹੈ। ਪਰ ਮੇਰਾ ਮਨ ਇਸ ਸਭ ਕਾਸੇ ਤੋਂ ਇਨਕਾਰੀ ਹੁੰਦਾ ਰਿਹਾ ਸੀ। ਇਹ ਜਾਣਦਿਆਂ ਹੋਇਆਂ ਵੀ ਕਿ ਇਸ ਦਾ ਰਾਜ਼ ਸਿਰਫ ਸਾਡੇ ਤਿੰਨਾਂ ਤਕ ਸੀਮਤ ਰਹਿਣਾ ਹੈ। ਤਿੰਨਾਂ ਤਕ ਹੀ ਕਿਉਂ, ਦੋਹਾਂ ਤੀਕ ਹੀ। ਮੈਥੋਂ ਇਕ ਦਿਨ ਇਹ ਵੀ ਕਿਹਾ ਗਿਆ ਸੀ, "ਤਨ ਨਾਲੋਂ ਮਨ ਦੀ ਪਵਿੱਤਰਤਾ ਉਪਰ ਹੁੰਦੀ ਆ।" ਰਮੇਸ਼ ਨੇ ਕਿਹਾ ਸੀ, "ਫੇਰ-ਮੈਂ ਬ੍ਰਹਮਚਾਰੀ ਨਾ ਹੋ ਜਾਵਾਂ ?" ਮੈਂ ਜ਼ੋਰ-ਜ਼ੋਰ ਦੀ ਤਾੜੀਆਂ ਮਾਰੀਆਂ ਸਨ। ਰਮੇਸ਼ ਨੇ ਮੇਰੇ ਵੱਲ ਔਖਿਆਈ ਨਾਲ ਦੇਖਿਆ ਸੀ। ਸ਼ਾਇਦ ਉਸ ਨੂੰ ਮੈਂ ਝੱਲ-ਬਲੱਲੀ ਲੱਗੀ ਹੋਵਾਂ। ਉਸ ਕਿਹਾ ਸੀ, "ਤੂੰ ਜ਼ਿੰਦਗੀ ਵਿੱਚ ਕਦੇ ਸੀਰੀਅਸ ਨ੍ਹੀਂ ਹੋ ਸਕਦੀ।" ਮੈਂ ਕਹਿਣਾ ਤਾਂ ਇਹੋ ਚਾਹੁੰਦੀ ਸੀ ਕਿ ਪਹਿਲਾਂ ਆਪਣੀ ਪਹਿਲੀ ਗੱਲ ਦਾ ਨਬੇੜਾ ਕਰੋ ਪਰ ਮੈਂ ਜਾਣਦੀ ਸੀ ਕਿ ਜੇ ਮੈਂ ਜ਼ਿਆਦਾ ਗੰਭੀਰ ਹੋ ਗਈ ਤਾਂ ਗੱਲ ਹੋਰ ਦੀ ਹੋਰ ਪਾਸੇ ਚਲੇ ਜਾਣੀ ਸੀ। ਮੈਥੋਂ ਇਹ ਕਿਹਾ ਗਿਆ ਸੀ, "ਵਾਹ ਮੇਰੇ ਬ੍ਰਹਮਚਾਰੀ ਜੀ-ਨਮਸਕਾਰ ਹੋਵੇ ਦਾਸੀ ਦਾ।" ਮੇਰਾ ਹਾਸਾ ਰੋਕਿਆ ਵੀ ਨਹੀਂ ਰੁਕਿਆ ਸੀ। ਮੇਰਾ ਆਪਾ ਮੋਹ ਨਾਲ ਭਰ ਗਿਆ ਸੀ। ਮੈਂ ਰਮੇਸ਼ ਦਾ ਮੱਥਾ ਚੁੰਮਦਿਆਂ ਕਿਹਾ ਸੀ, "ਇਹ ਗੱਲ ਮੈਂ ਦਾਅਵੇ ਨਾਲ ਕਹਿ ਸਕਦੀ ਆਂ ਕਿ ਤੁਸੀਂ ਐਨੇ ਹੈਂਡਸਮ ਹੋ ਕਿ ਕਿਸੇ ਤੁਹਾਨੂੰ ਬ੍ਰਹਮਚਾਰੀ ਨ੍ਹੀਂ ਰਹਿਣ ਦੇਣਾ।"

ਮੈਂ ਇਸ ਗੱਲ 'ਤੇ ਜ਼ੋਰ ਦੇਣ ਲੱਗੀ ਕਿ ਉਹ ਆਪਣੇ ਟੈਸਟ ਦਿੱਲੀਉਂ ਜਾ ਕੇ ਕਰਵਾਏ। ਉਹ ਜੋ ਡਾ. ਜਸਬੀਰ ਖੁੱਲਰ ਨੇ ਕਿਹਾ ਸੀ, ਉਸੇ ਨੂੰ ਆਖਰੀ ਸੱਚ ਮੰਨੀ ਬੈਠਾ ਸੀ। ਉਹ ਮੋੜ ਘੋੜ ਕੇ ਇਸੇ ਗੱਲ 'ਤੇ ਜ਼ੋਰ ਦਿੰਦਾ, "ਯਾਰ-ਤੂੰ ਸਮਝਣ ਦੀ ਕੋਸ਼ਿਸ਼ ਕਿਉਂ ਨ੍ਹੀਂ ਕਰਦੀ। ਖੁੱਲਰ ਨਾਲੋਂ ਜ਼ਿਆਦਾ ਕਿਹੜਾ ਡਾਕਟਰ ਭਰੋਸੇਮੰਦ ਹੋ ਸਕਦਾ। ਉਹ ਮੇਰਾ ਕਲਾਸ ਫੈਲੋ ਰਿਹਾ। ਹੋਰ ਪੁੱਛਦੀ ਆਂ ਤਾਂ ਲੰਗੋਟੀਆ ਯਾਰ ਵੀ। ਅਸੀਂ ਅੱਧੀ ਛੁੱਟੀ ਵੇਲੇ ਇਕੱਠੇ ਰੋਟੀ ਖਾਂਦੇ। ਘਰਦਿਆਂ ਤੋਂ ਚੋਰੀ ਫ਼ਿਲਮਾਂ ਦੇਖਣ ਸਾਈਕਲ 'ਤੇ ਜਲੰਧਰ ਜਾਂਦੇ। ਸਾਡੇ ਸਾਂਝੇ



www.PunjabiLibrary.com

ਰਾਜ਼ ਸਨ। ਉਹ ਮੈਨੂੰ ਗ਼ਲਤ ਰਿਪੋਰਟ ਦੇ ਹੀ ਨ੍ਹੀਂ ਸਕਦਾ। ਝੂਠ ਬੋਲਣ ਦੀ ਉਹ ਨੂੰ ਕਿਹੜੀ ਲੋੜ ਪਈ। ਉਸ ਦੀ ਵਿਦਵਤਾ 'ਤੇ ਕਿੰਤੂ ਪਰੰਤੂ ਨ੍ਹੀਂ ਕੀਤਾ ਜਾ ਸਕਦਾ। ਉਹ ਅਮਰੀਕਾ ਤੋਂ ਇਸੇ ਦੀ ਡਿਗਰੀ ਲੈ ਕੇ ਆਇਆ। ਵਿਸ਼ਵਾਸ ਨਾਂ ਦੀ ਕੋਈ ਚੀਜ਼ ਹੁੰਦੀ ਆ ਨਾ ?" ਮੈਂ ਉਸ ਨਾਲ ਸਹਿਮਤ ਨਾ ਹੋਈ। ਉਸ ਨੂੰ ਮੈਡੀਕਲ ਕਾਲਜ ਲੈ ਗਈ। ਆਪਣੇ ਮਮੇਰੇ ਭਰਾ ਰਵੀ ਕੋਲ। ਰਮੇਸ਼ ਨੇ ਬਹੁਤ ਨਾਂਹ-ਨੁੱਕਰ ਕੀਤੀ। ਇਹ ਦਲੀਲ ਦਿੱਤੀ ਕਿ ਰਿਸ਼ਤੇਦਾਰਾਂ ਨੂੰ ਇਸ ਬਾਰੇ ਦੱਸਣ ਦੀ ਕੀ ਤੁਕ ਬਣਦੀ ਹੈ। ਟੈਸਟ ਕਿਤੋਂ ਬਾਹਰੋਂ ਵੀ ਕਰਵਾਏ ਜਾ ਸਕਦੇ ਹਨ। ਮੈਂ ਸਖਤ ਹੋ ਗਈ, "ਤੁਹਾਨੂੰ ਆਪਣੇ ਡਰ ਨੇ ਪ੍ਰੇਸ਼ਾਨ ਕੀਤਾ ਹੋਇਆ। ਸੱਤ ਸਾਲਾਂ ਦਾ ਸਮਾਂ ਥੋੜ੍ਹਾ ਨ੍ਹੀਂ ਹੁੰਦਾ। ਆਖਿਰ ਕਿੰਨਾ ਚਿਰ ਐਦਾਂ ਲੁਕਿਆ ਜਾ ਸਕਦਾ ?" ਅੱਗੋਂ ਉਹ ਮਿੰਨ੍ਹਾ-ਮਿੰਨ੍ਹਾ ਹੱਸਿਆ। ਫੇਰ ਇਕ ਦਮ ਗੰਭੀਰ ਹੋ ਗਿਆ, "ਅਨੀਤਾ-ਗੱਲ ਦੋਹਾਂ ਵਿਚ ਰਹੇ ਤਾਂ ਇਹ ਘਰ ਬਚਿਆ ਰਹਿ ਸਕਦਾ।" ਮੈਨੂੰ ਉਸ ਨਾਲ ਅੱਧ-ਪਚੱਧ ਸਹਿਮਤ ਹੋਣਾ ਪਿਆ। ਕਈ ਵਾਰ ਉਹ ਉਤੇਜਿਤ ਹੋਇਆ ਇਥੋਂ ਤਾਈਂ ਕਹਿ ਦਿੰਦਾ ਸੀ, "ਮੇਰੇ ਮਨ ਵਿੱਚ ਆਉਂਦਾ ਕਿਤੇ ਦੂਰ ਦੌੜ ਜਾਵਾਂ। ਜਾਂ ਆਪਣੀ ਬਦਲੀ ਹੀ ਕਰਾ ਲਵਾਂ।" ਅਜਿਹੇ ਵੇਲੇ ਮੈਂ ਉਸ ਨੂੰ ਸੰਭਾਲਦੀ। ਮੈਂ ਉਸ ਦੇ ਬਦਲਦੇ ਸੁਭਾਅ ਬਾਰੇ ਡਾਇਰੀ ਲਾ ਰੱਖੀ ਸੀ। ਪਿਛਲੇ ਸਾਲ ਤੋਂ ਉਹ ਬਹੁਤਾ ਟੂਰ 'ਤੇ ਰਹਿਣ ਲੱਗਾ ਸੀ। ਮੇਰੇ ਹਿਸਾਬ ਨਾਲ ਹੁਣ ਉਸ ਦੇ ਟੂਰ-ਪ੍ਰੋਗਰਾਮ ਪਹਿਲਾਂ ਨਾਲੋਂ ਤੀਣੇ-ਚੌਣੇ ਹੋ ਗਏ ਸਨ। ਮੈਨੂੰ ਲੱਗਦਾ ਜਿਵੇਂ ਉਹ ਜਾਣ-ਬੁੱਝ ਕੇ ਅਜਿਹਾ ਕਰ ਰਿਹਾ ਹੋਵੇ। ਮੈਨੂੰ ਔਖਿਆਈ ਇਸ ਗੱਲ ਦੀ ਵੀ ਹੁੰਦੀ ਸੀ ਕਿ ਰਮੇਸ਼ ਨੂੰ ਇਸ ਗੱਲ ਦਾ ਉਕਾ ਹੀ ਅਹਿਸਾਸ ਨਹੀਂ ਰਿਹਾ ਸੀ ਕਿ ਮੈਂ ਪਿੱਛੇ ਇੱਕਲੀ ਹੁੰਦੀ ਸੀ। ਇਕ ਦਿਨ ਮੇਰੇ ਸਬਰ ਦਾ ਬੰਨ੍ਹ ਟੁੱਟ ਗਿਆ ਸੀ। ਮੈਂ ਕਹਿ ਦਿੱਤਾ ਸੀ, "ਮੈਨੂੰ ਇਹ ਬੇਰੁਖੀ ਚੰਗੀ ਨ੍ਹੀਂ ਲੱਗਦੀ। ਨਾ ਹੀ ਇਕੱਲਿਆਂ ਰਹਿਣਾ-ਆਖਿਰ ਔਰਤ ਆਂ।" ਉਸ ਮੇਰੀਆਂ ਅੱਖਾਂ 'ਚ ਸਿੱਧਿਆਂ ਹੀ ਦੇਖਿਆ ਸੀ। ਇਕ ਟਕ ਦੇਖਦਾ ਰਿਹਾ। ਬਹੁਤ ਹੀ ਉੱਚੀ ਆਵਾਜ਼ 'ਚ ਬੋਲਿਆ,"ਮੇਰੀ ਸਰਕਾਰ ਮੈਂ ਤੇਰੀ ਵੀ ਨੌਕਰੀ ਕਰਦਾਂ। ਫਰਮ ਦੀ ਵੀ। ਤੈਨੂੰ ਪਤਾ ਫਰਮ ਆਪਣਾ ਖੇਤਰ ਐਕਸਪੈਂਡ ਕਰ ਰਹੀ। ਮੇਰਾ ਕੰਮ ਵਧਾ ਰਿਹਾ। ਜੇ ਮੈਂ ਨਾਂਹ ਕਰਾਂ ਤਾਂ ਰੀਜ਼ਨਲ ਮੈਨੇਜਰ ਦਾ ਕੀ ਬਣੇਗਾ ? ਉਹ ਨੂੰ ਮੇਰਾ 'ਤੇ ਅਥਾਹ ਵਿਸ਼ਵਾਸ ਆ। ਕੀ ਮੈਂ ਉਸ ਦੇ ਵਿਸ਼ਵਾਸ ਨੂੰ ਸੱਟ ਮਾਰਾਂ। ਨ੍ਹੀਂ, ਮੇਰੀ ਸਰਕਾਰ, ਨ੍ਹੀਂ। ਫਾਰਮ ਨੇ ਮੈਨੂੰ ਇੰਨੀਆਂ ਸਹੂਲਤਾਂ ਕਾਸ ਲਈ ਦਿੱਤੀਆਂ। ਦੂਜੀ ਗੱਲ ਮੈਨੂੰ ਤੇਰੇ 'ਤੇ ਇਤਬਾਰ ਆ। ਯਕੀਨ ਆ। ਆਖਿਰ ਤੂੰ ਮੇਰੀ ਧਰਮ-ਪਤਨੀ ਆਂ। ਮੈਥੋਂ ਬੇਯਕੀਨੀ ਵਿੱਚ ਜਿਊਆ ਨ੍ਹੀਂ ਜਾਣਾ....।"

ਰਵੀ ਦੀ ਰਿਪੋਰਟ 'ਚ ਵੀ ਉਹੋ ਕੁਝ ਆਇਆ ਸੀ ਜੋ ਡਾ. ਜਸਬੀਰ ਖੁੱਲਰ ਨੇ ਪੁਆਇੰਟ ਆਊਟ ਕੀਤਾ ਸੀ। ਮੈਨੂੰ ਲੱਗਾ ਸੀ ਜਿਵੇਂ ਇਸ ਦਾ ਰਮੇਸ਼ 'ਤੇ ਰਤੀ ਭਰ ਵੀ ਅਸਰ ਨਾ ਹੋਇਆ ਹੋਵੇ। ਜਿਵੇਂ ਇਸ ਸਭ ਕੁਝ ਲਈ ਉਸ ਆਪਣੇ ਆਪ ਨੂੰ ਪਹਿਲਾਂ ਹੀ ਤਿਆਰ ਕਰ ਰੱਖਿਆ ਸੀ ਜਾਂ ਉਸ ਨੂੰ ਆਪਣੀ ਹੋਣੀ ਦਾ ਪਤਾ ਸੀ। ਮੈਨੂੰ ਕਈ ਵਾਰ ਇਹ ਭੁਲੇਖਾ ਵੀ ਪੈਂਦਾ ਜਿਵੇਂ ਉਹ ਨਾਟਕ ਕਰ ਰਿਹਾ ਹੋਵੇ। ਹੋ ਸਕਦਾ ਹੈ ਕਿ ਉਸ ਮੈਥੋਂ ਚੋਰੀ ਵੀ ਟੈਸਟ ਕਰਵਾਏ ਹੋਣ ਜਾਂ ਕੋਈ ਟਰੀਟਮੈਂਟ ਲਈ ਹੋਵੇ। ਮੈਂ ਕਰ ਵੀ ਕੀ ਸਕਦੀ ਸੀ। ਮੈਂ ਆਪਣਾ ਫਰਜ਼ ਬਾਖੂਬੀ ਨਿਭਾ ਰਹੀ ਸੀ। ਪਰ ਬਹੁਤਾ ਚਿਰ ਨਹੀਂ। ਮੈਨੂੰ ਲੱਗਦਾ ਜਿਵੇਂ ਮੈਂ



ਆਪ ਨਾਟਕ ਕਰਨ ਲੱਗੀ ਹੋਵਾਂ। ਕਦੇ ਡੋਲਦੀ ਤਾਂ ਖੁਦ ਨੂੰ ਸੰਭਾਲਣਾ ਔਖਾ ਹੋ ਜਾਂਦਾ। ਉਸ ਦੀਆਂ ਅੱਖਾਂ 'ਚ ਦੇਖਦੀ। ਮੈਨੂੰ ਉਥੋਂ ਕੁਝ ਨਾ ਮਿਲਦਾ। ਮੈਂ ਖੁਦ ਨੂੰ ਧਰਵਾਸ ਦਿੰਦੀ-ਦਿੰਦੀ, ਰਮੇਸ਼ ਨੂੰ ਸਮਝਾਉਣ ਲੱਗ ਪੈਂਦੀ, "ਦੁਨੀਆਂ ਵਿੱਚ ਅਜਿਹੇ ਬਹੁਤ ਲੋਕ ਆ ਜਿਨ੍ਹਾਂ ਦੇ ਬੱਚੇ ਨ੍ਹੀਂ ਹੁੰਦੇ ਜਾਂ ਉਹ ਬੱਚੇ ਪੈਦਾ ਹੀ ਨ੍ਹੀਂ ਕਰਦੇ। ਯੂਰਪ ਤਾਂ ਅਜਿਹੇ ਲੋਕਾਂ ਨਾਲ ਭਰਿਆ ਪਿਆ। ਮੈਂ ਆਪ ਬਥੇਰੀ ਥਾਂ ਪੜ੍ਹਿਆ। ਇਕ ਦਿਨ ਪ੍ਰੇਮ ਲਤਾ ਦੱਸਦੀ ਸੀ ਕਿ ਫਰਾਂਸ ਦੀ ਸਰਕਾਰ ਨੂੰ ਫਿਕਰ ਪੈ ਗਿਆ ਕਿ ਜੇ ਉਥੋਂ ਦੇ ਮੂਲ ਵਸਨੀਕਾਂ ਨੇ ਬੱਚੇ ਪੈਦਾ ਨਾ ਕੀਤੇ ਤਾਂ ਉਹਨਾਂ ਦੀ ਆਪਣੀ ਆਬਾਦੀ ਖਤਮ ਹੋ ਸਕਦੀ ਆ...।" ਉਸ ਮੇਰੀ ਗੱਲ ਦਾ ਕੋਈ ਜੁਆਬ ਨਾ ਦਿੱਤਾ। ਨੀਵੀਂ ਪਾਈ ਰੱਖੀ। ਜਿਵੇਂ ਉਹ ਅੱਧੇ ਮਨ ਨਾਲ ਸਹਿਮਤ ਹੋਵੇ। ਮੈਂ ਆਪਣੀ ਗੱਲ ਜਾਰੀ ਰੱਖੀ, "ਜੇ ਬਹੁਤੀ ਗੱਲ ਆ ਤਾਂ ਕਿਸੇ ਦੇ ਬੱਚੇ ਨੂੰ ਅਡੌਪਟ ਵੀ ਤਾਂ ਕੀਤਾ ਜਾ ਸਕਦਾ ? ਅਸੀਂ ਉਹ ਨੂੰ ਪਾਲ ਸਕਦੇ। ਪੜ੍ਹਾ-ਲਿਖਾ ਕੇ ਸੈੱਟ ਕਰ ਸਕਦੇ। ਇਹ ਜ਼ਰੂਰੀ ਤਾਂ ਨ੍ਹੀਂ ਹੁੰਦਾ ਕਿ ਢਿੱਡੋਂ ਜੰਮੀ ਔਲਾਦ ਹੀ ਆਪਣੀ ਹੋਵੇਗੀ।" ਉਸ ਮੇਰੇ ਬੁੱਲ੍ਹਾਂ 'ਤੇ ਹੱਥ ਰੱਖ ਦਿੱਤਾ। ਜਿਵੇਂ ਉਹ ਕੁਝ ਹੋਰ ਸੁਣਨਾ ਨਾ ਚਾਹੁੰਦਾ ਹੋਵੇ ਜਾਂ ਉਸ 'ਚ ਅਜਿਹਾ ਸੁਣਨ ਦੀ ਸ਼ਕਤੀ ਹੀ ਨਾ ਰਹੀ ਹੋਵੇ। ਉਹ ਬੋਲਿਆ, "ਬੱਸ ਤੂੰ ਮੈਨੂੰ ਚਾਹੀਦੀ ਆਂ। ਬੱਸ ਤੂੰ ਹੀ।" ਅਗਲੇ ਸ਼ਬਦ 'ਮੈਨੂੰ ਤੇਰੇ ਢਿੱਡੋਂ ਜਾਇਆ ਹੀ ਚਾਹੀਦਾ ਹੈ' ਮੂੰਹੋਂ ਨਾ ਕੱਢੇ। ਮੈਨੂੰ ਲੱਗਿਆ ਕਿ ਜਿਵੇਂ ਉਸ ਦਾ ਅਣਕਿਹਾ ਵੀ ਮੈਨੂੰ ਸੁਣ ਪਿਆ ਹੋਵੇ।

ਆਰਟੀਕਲ ਪੜ੍ਹ ਕੇ ਮੈਨੂੰ ਲੱਗਾ ਕਿ ਇਸ 'ਚ ਕੁਝ ਵੀ ਗਲਤ ਨਹੀਂ। ਆਪਣੇ ਆਪ ਨੂੰ ਤਿਆਰ ਕਰਨ ਦਾ ਜ਼ੇਰਾ ਚਾਹੀਦਾ। ਪਰ ਮੇਰਾ ਮਨ ਇਨਕਾਰ ਹੀ ਕਰਦਾ ਰਿਹਾ। ਮੈਂ ਇਕਦਮ ਇਸ ਪਾਸਿਉਂ ਮੂੰਹ ਮੋੜਨ ਦੀ ਕੀਤੀ। ਜਾਣਦੀ ਸੀ ਕਿ ਜੇ ਐਦਾਂ ਹੀ ਸੋਚੀਂ ਪੈ ਗਈ ਤਾਂ ਸੌਣ ਲਈ ਨੀਂਦ ਵਾਲੇ ਕੈਪਸੂਲ ਲੈਣੇ ਪੈਣੇ। ਡਾਕਟਰ ਨੇ ਪਹਿਲਾਂ ਹੀ ਸਲਾਹ ਦਿੱਤੀ ਹੋਈ ਕਿ ਜਿੰਨਾ ਇਨ੍ਹਾਂ ਤੋਂ ਬਚਿਆ ਜਾ ਸਕਦਾ ਹੈ, ਬਚ ਕੇ ਰਹੋ।

ਘੜੀ ਵੱਲ ਦੇਖਿਆ। ਸਾਢੇ ਨੌਂ ਵੱਜ ਚੱਲੇ ਸਨ। ਰਮੇਸ਼ ਨੂੰ ਗਿਆਂ ਘੰਟਾ ਹੋ ਚੱਲਿਆ ਸੀ। ਐਨਾ ਚਿਰ ਤਾਂ ਉਹ ਜੋਗਿੰਦਰ ਪਾਲ ਕੋਲ ਬੈਠਾ ਨਹੀਂ ਰਹਿ ਸਕਦਾ। ਫੇਰ ਉਹ ਕਿੱਥੇ ਚਲਾ ਗਿਆ ? ਮੈਂ ਇਸ ਬਾਰੇ ਫਿਕਰਮੰਦ ਹੋਣ ਲੱਗੀ। ਕਾਰ ਵੀ ਗੈਰਿਜ 'ਚ ਖੜ੍ਹੀ ਸੀ। ਆਹ ਵੇਲਾ ਤਾਂ ਸਾਡੇ ਇਕੱਠੇ ਬੈਠ ਕੇ ਰੋਟੀ ਖਾਣ ਦਾ ਹੁੰਦਾ ਸੀ। ਉਸ ਨੂੰ ਇਸ ਗੱਲ ਦਾ ਵੀ ਪਤਾ ਸੀ ਕਿ ਜਦੋਂ ਵੀ ਉਹ ਸ਼ਹਿਰ 'ਚ ਹੋਵੇ, ਸ਼ਹਿਰ 'ਚ ਨਹੀਂ, ਘਰ 'ਚ, ਮੈਂ ਉਸ ਬਿਨਾਂ ਰੋਟੀ ਨਹੀਂ ਖਾਂਦੀ। ਅਸੀਂ ਇਸ ਦੇ ਲਈ ਇਕ ਸਮਾਂ ਨਿਸ਼ਚਿਤ ਕਰ ਰੱਖਿਆ ਸੀ। ਹੁਣ ਉਸ ਸਮੇਂ 'ਚ ਸਿਰਫ ਦਸ ਮਿੰਟ ਬਾਕੀ ਰਹਿੰਦੇ ਸਨ। ਉਸ ਨੂੰ ਆ ਜਾਣਾ ਚਾਹੀਦਾ ਸੀ। ਇਹ ਸੋਚਦਿਆਂ-ਸੋਚਦਿਆਂ ਮੈਂ ਮੈਗਜ਼ੀਨ ਫੇਰ ਚੁੱਕ ਲਿਆ। ਪਰ ਮੇਰਾ ਧਿਆਨ ਦਰਵਾਜ਼ੇ ਵੱਲ ਰਿਹਾ।

ਰਮੇਸ਼ ਗਿਆਰਾਂ ਕੁ ਵਜੇ ਆਇਆ। ਮੈਂ ਅੱਧਲੇਟੀ ਨੇ ਸਟੀਰਿਊ ਲਾ ਰੱਖਿਆ ਸੀ। ਉਸ ਉਪਰਿਆਂ ਵਾਂਗ ਮੇਰੇ ਵੱਲ ਦੇਖਿਆ। ਲਾਪ੍ਰਵਾਹੀ ਨਾਲ ਕੋਟ ਲਾਹ ਕੇ ਇਕ ਖੂੰਜੇ 'ਚ ਮਾਰਿਆ। ਅਲਮਾਰੀ 'ਚੋਂ ਕੈਂਚੀ ਤੇ ਟੇਪ ਕੱਢ ਲਿਆਇਆ। ਕੰਧ ਨਾਲ ਤਸਵੀਰ ਚਿਪਕਾਉਣ ਲੱਗਾ। ਉਸ ਦੇ ਹੱਥ ਬੁਰੀ ਤਰ੍ਹਾਂ ਕੰਬ ਰਹੇ ਸਨ। ਉਸ ਮੈਨੂੰ ਆਵਾਜ਼ ਨਾ



www.PunjabiLibrary.com

ਮਾਰੀ। ਟੇਪ ਵਾਰ-ਵਾਰ ਉਸ ਦੀਆਂ ਉਂਗਲਾਂ ਨਾਲ ਚੰਬੜ ਜਾਂਦੀ। ਉਹ ਦੰਦਾਂ ਨਾਲ ਲਾਹੁੰਦਾ। ਹੈ-ਬੂ ਕਰਕੇ ਹੇਠਾਂ ਸੁੱਟ ਦਿੰਦਾ। ਦਸ-ਪੰਦਰਾਂ ਮਿੰਟ ਇਹ ਖੇਡ ਚਲਦੀ ਰਹੀ। ਉਸ ਤਸਵੀਰ ਨੂੰ ਕੰਧ ਨਾਲ ਚਿਪਕਾ ਦਿੱਤਾ। ਥੋੜ੍ਹੀ ਜਿੰਨੀ ਵਿੱਥ 'ਤੇ ਖੜ੍ਹਾ ਹੋ ਕੇ ਕਹਿਣ ਲੱਗਾ, "ਆ ਹੋਈ ਨਾ ਕਹਾਣੀ।" ਮੈਂ ਜਾਣਦੀ ਸੀ ਕਿ ਜੇ ਮੈਂ ਉਠ ਕੇ ਉਸ ਦੇ ਕੋਲ ਨਾ ਗਈ ਤਾਂ ਉਸ ਦੇਰ ਤਕ ਬੁੜਬੜਾਉਂਦਿਆਂ ਰਹਿਣਾ ਸੀ। ਕੋਲ ਗਈ ਤਾਂ ਸ਼ਰਾਬ ਦੀ ਹਵਾੜ ਧੁਸ ਦੇ ਕੇ ਮੇਰੀਆਂ ਨਾਸਾਂ 'ਚ ਆ ਵੜੀ। ਉਹ ਮੇਰੇ ਨੇੜੇ ਨੂੰ ਹੋਇਆ। ਬੋਲਿਆ, "ਨੀਤ ਇਹ ਅਫਰੀਕੀ ਬੱਚੇ ਦੀ ਤਸਵੀਰ ਆ। ਮੈਨੂੰ ਚੰਗੀ ਲੱਗੀ-ਮੈਂ ਖਰੀਦ ਲਿਆਇਆਂ। ਇਹ ਕਿੰਨੇ ਦਿਨਾਂ ਦੀ ਨ੍ਹੀਂ, ਮਹੀਨਿਆਂ ਦੀ ਗੈਰਿਜ ਵਿੱਚ ਪਈ ਰਹੀ। ਇਹ ਮੇਰੀ ਪਸੰਦ ਆ। ਕੀ ਇਹ ਤੇਰੀ ਪਸੰਦ ਹੋ ਸਕਦੀ?" ਉਹ ਕੀ ਕਹਿਣਾ ਚਾਹੁੰਦਾ ਸੀ-ਉਸ ਪਲ 'ਚ ਤਾਂ ਮੈਨੂੰ ਪਤਾ ਹੀ ਨਾ ਲੱਗਾ। ਮੈਂ ਚੁੱਪ ਰਹੀ। ਉਸ ਨੂੰ ਮੇਰਾ ਐਦਾਂ ਖੜ੍ਹਨਾ ਅੱਖਰਿਆ ਸੀ। ਉਸ ਮੈਨੂੰ ਡੌਲਿਆਂ ਤੋਂ ਫੜ ਕੇ ਝੰਜੋੜਿਆ। ਮੈਂ ਚੁੱਪ ਰਹੀ। ਉਹ ਚੀਕ ਹੀ ਪਿਆ, "ਤੂੰ ਬੋਲਦੀ ਕਿਉਂ ਨ੍ਹੀਂ?" ਮੈਨੂੰ ਹੈਰਾਨੀ ਹੋਈ ਕਿ ਰਮੇਸ਼ ਨੂੰ ਕੀ ਹੋਈ ਜਾਂਦਾ। ਮੈਂ ਉਸ ਦਾ ਇਹ ਰੂਪ ਪਹਿਲੀ ਵਾਰ ਦੇਖ ਰਹੀ ਸੀ। ਉਸ ਅਗਾਂਹ ਹੋ ਕੇ ਮੈਨੂੰ ਜੱਫੀ 'ਚ ਲੈ ਲਿਆ। ਉਹ ਆਪਣੀ ਇਕੱਲਤਾ ਤੋਂ ਭੈਭੀਤ ਹੋ ਗਿਆ ਸੀ। ਅਗਲੇ ਪਲਾਂ 'ਚ ਉਸ ਦੀ ਆਵਾਜ਼ 'ਚ ਅਧੀਨਗੀ ਆ ਗਈ, "ਮੈਨੂੰ ਬੱਚੇ ਦੀ ਲੋੜ ਆ। ਤੈਨੂੰ ਵੀ ਇਸ ਦੀ ਲੋੜ ਆ ਹੈ ਕਿ ਨ੍ਹੀਂ?"

ਮੈਨੂੰ ਪਹਿਲੀ ਵਾਰ ਤੇਜ਼ੀ ਨਾਲ ਇਹ ਮਹਿਸੂਸ ਹੋਇਆ ਕਿ ਹੁਣ ਉਹ ਜਲਦੀ ਹੀ ਨੀਮ-ਪਾਗਲ ਹੋ ਜਾਵੇਗਾ। ਉਸ ਕੋਲੋਂ ਆਪਣਾ ਆਪ ਸੰਭਾਲਿਆ ਨਹੀਂ ਜਾ ਰਿਹਾ ਸੀ। ਕੀ ਉਸ ਨੂੰ ਦੌਰਾ ਪਿਆ ਸੀ? ਮੈਨੂੰ ਇਸ ਦਾ ਕੋਈ ਪਤਾ ਨਾ ਲੱਗਾ। ਮੈਂ ਬੇਜਾਨ ਹੋ ਗਈ ਸੀ। ਜਿਵੇਂ ਮੈਂ ਕੋਈ ਮਿੱਟੀ ਦੀ ਮੂਰਤ ਹੋਵਾਂ। ਉਹ ਜਲਦੀ ਹੀ ਹੰਭ ਗਿਆ। ਉਸ ਦੌੜਾਕ ਵਾਂਗੂ ਜੋ ਜ਼ਿੱਦ ਕੇ ਸੌ ਮੀਟਰ ਦੀ ਰੇਸ ਲਾ ਬੈਠਦਾ ਹੈ। ਠੰਢ ਸੀ। ਮੈਂ ਉਸ ਦੀਆਂ ਨੰਗੀਆਂ ਲੱਤਾਂ ਕੰਬਲ 'ਚ ਲਕੋ ਦਿੱਤੀਆਂ। ਉਸ ਅੱਖਾਂ ਬੰਦ ਕਰ ਰੱਖੀਆਂ ਸਨ। ਮੈਂ ਸੋਚਣ ਲੱਗੀ ਕਿ ਕੀ ਇਹੋ ਆਨੰਦ ਹੈ। ਧਰਮ ਆਨੰਦ ਹੈ। ਮੁਕਤੀ ਹੈ। ਮੈਥੋਂ ਇਸ ਦਾ ਕੋਈ ਲੜ ਸਿਰਾ ਨਾ ਫੜਿਆ ਗਿਆ। ਇਸ ਪਾਸਿਉਂ ਧਿਆਨ ਹਟਾ ਕੇ ਮੈਂ ਉਸ ਦੇ ਵਾਲਾਂ 'ਚ ਉਂਗਲਾਂ ਫੇਰਨ ਲੱਗੀ। ਉਹ ਛੇਤੀ ਹੀ ਸੌਂ ਗਿਆ। ਸ਼ਰਾਬ ਦੀ ਤੇਜ਼ ਬੋਅ ਨੇ ਮੈਨੂੰ ਔਖਾ ਕਰ ਦਿੱਤਾ। ਮੈਂ ਬੈੱਡ ਦੀ ਨੁਕਰ 'ਚ ਖਿਸਕ ਗਈ। ਮੇਰਾ ਚਿੱਤ ਕਰ ਰਿਹਾ ਸੀ ਕਿ ਮੈਂ ਬਾਥਰੂਮ 'ਚ ਜਾ ਕੇ ਠੰਢੇ ਪਾਣੀ ਦਾ ਟਬ ਭਰ ਲਵਾਂ ਤੇ ਵਿਚਕਾਰ ਬੈਠੀ ਰਹਾਂ।

ਰਮੇਸ਼ ਦੇ ਘੁਰਾੜੇ ਕਦੇ ਮੱਧਮ ਹੋ ਜਾਂਦੇ। ਕਦੇ ਤੇਜ਼। ਉਸ ਦਾ ਚਿਹਰਾ ਮਾਸੂਮ ਲੱਗਾ। ਜਿਵੇਂ ਕੋਈ ਬੱਚਾ ਸੌਂ ਰਿਹਾ ਹੋਵੇ। ਮੈਂ ਉਸ ਦੇ ਮੱਥੇ ਨੂੰ ਚੁੰਮਿਆ। ਉਹ ਜਿਉਂ ਦਾ ਤਿਉਂ ਪਿਆ ਰਿਹਾ। ਮੈਂ ਚਾਹੁੰਦੀ ਸੀ ਕਿ ਉਹ ਉੱਠੇ। ਮੇਰੇ ਨਾਲ ਗੱਲਾਂ ਕਰੇ। ਮੈਂ ਉਸ ਨੂੰ ਹਲੂਣਿਆ। ਪਰ ਨਸ਼ਾ ਉਸ 'ਤੇ ਭਾਰੂ ਰਿਹਾ। ਮੈਂ ਡਰ ਗਈ ਸੀ ਕਿ ਜੇ ਉਹ ਉਠ ਖੜ੍ਹਿਆ ਤਾਂ ਉਹ, ਜਿਵੇਂ ਉਹ ਵਰ੍ਹੇ ਛਿਮਾਹੀ ਸੁਪਨੇ 'ਚ ਵੀ ਬੁੜਬੜਾ ਪੈਂਦਾ ਸੀ, ਇਹੋ ਨਾ ਕਹਿਣ ਲੱਗ ਜਾਵੇ, 'ਆਈ ਵਾਂਟ ਏ ਚਾਇਲਡ'।

ਮੈਂ ਇਕ ਟੱਕ ਕੰਧ ਵੱਲ ਦੇਖਣ ਲੱਗੀ। ਸੀਮੈਨ ਬੈਂਕ ਦਾ ਖਿਆਲ ਮੇਰੇ 'ਤੇ ਭਾਰੂ



ਹੋਣ ਲੱਗਾ। ਮੈਨੂੰ ਲੱਗਣ ਲੱਗਿਆ ਕਿ ਜੇ ਮੈਂ ਰਮੇਸ਼ ਲਈ ਬੱਚਾ ਪੈਦਾ ਨਾ ਕੀਤਾ ਤਾਂ ਉਹ ਆਪਣਾ ਸੰਤੁਲਨ ਖੋਹ ਬੈਠੇਗਾ। ਮੈਨੂੰ ਦਿੱਸਿਆ-ਤਸਵੀਰ ਵਿਚਲਾ ਬੱਚਾ, ਜਿਸ ਦੀਆਂ ਲੱਤਾਂ, ਟਿਟਆਉਲੀ ਦੀਆਂ ਲੱਤਾਂ ਨਾਲੋਂ ਵੀ ਕਮਜ਼ੋਰ ਸਨ, ਮੇਰੇ ਵੱਲ ਦੇਖ ਕੇ ਹੱਸ ਪਿਆ ਸੀ। ਜਿਵੇਂ ਆਪਣੀ ਹੋਂਦ ਜਤਲਾ ਰਿਹਾ ਹੋਵੇ।

ਮੈਂ ਮਹਿਸੂਸ ਕੀਤਾ ਕਿ ਉਹ ਪਾਗਲ ਨਹੀਂ ਹੋਵੇਗਾ। ਉਸ ਤੋਂ ਪਹਿਲਾਂ ਮੈਂ ਪਾਗਲ ਹੋ ਜਾਵਾਂਗੀ। ਮੈਨੂੰ ਕਮਰੇ ਅੰਦਰਲੀ ਚੁੱਪ ਤੋਂ ਖੌਫ ਆਇਆ। ਚਿੱਤ 'ਚ ਆਇਆ ਕਿ ਸਟੀਰਿਓ ਫੁਲ ਸਪੀਡ 'ਤੇ ਛੱਡ ਦੇਵਾਂ ਤਾਂਕਿ ਰਮੇਸ਼ ਉਠ ਬੈਠੇ। ਜੇ ਉਹ ਉਠ ਬੈਠਾ ਤਾਂ ਮੇਰੇ ਲਈ ਉਹ ਨੂੰ ਸੰਭਾਲਣਾ ਔਖਾ ਹੋ ਜਾਣਾ। ਹੁਣ ਸੌਣ 'ਚ ਹੀ ਭਲਾ ਦਿੱਸਦਾ। ਮੈਂ ਕੈਪਸੂਲ ਲੈਣ ਉਠੀ ਤਾਂ ਮੈਨੂੰ ਭਜਾਕਾ ਜਿਹਾ ਪਿਆ ਜਿਵੇਂ ਅਲਮਾਰੀ ਵਾਲੇ ਪਾਸਿਓਂ ਕੋਈ ਧੜ ਉਭਰ ਰਿਹਾ ਸੀ। ਫੇਰ ਧੜ ਸੰਪੂਰਨ ਬੰਦੇ 'ਚ ਤਬਦੀਲ ਹੋ ਗਿਆ। ਉਹ ਦੀਆਂ ਵੱਡੀਆਂ-ਵੱਡੀਆਂ ਜਟਾਂ ਸਨ, ਜਿਵੇਂ ਉਹ ਭਗਤੀ ਕਰਦਾ-ਕਰਦਾ ਉਠ ਕੇ ਆਇਆ ਹੋਵੇ..... । ਉਸ ਦੇ ਸਾਹਮਣੇ ਇਕ ਅਲਫ ਨੰਗੀ ਔਰਤ ਆ ਖੜ੍ਹੋਈ।..... ਉਸ ਇਕ ਤੋਂ ਬਾਅਦ ਇਕ ਤਿੰਨ ਬੱਚਿਆਂ ਨੂੰ ਜਨਮ ਦਿੱਤਾ।...... ਧੜ ਦਾ ਰੂਪ ਬਦਲ ਗਿਆ। .....ਦੋ ਜੌੜੇ ਬੱਚੇ ਪੈਦਾ ਹੋਏ..... ਉਹ ਔਰਤ ਮੇਰੇ ਵੱਲ ਦੇਖ ਕੇ ਹੱਸੀ। ਇਸ ਅਦਾ ਨਾਲ ਜਿਵੇਂ ਕਹਿ ਰਹੀ ਹੋਵੇ-ਮੈਂ ਕੁਝ ਵੀ ਗਲਤ ਨਹੀਂ ਕੀਤਾ। ਮੈਂ ਤਾਂ ਆਪਣੇ ਸਾਈਂ ਦੇ ਪਿਤਰਾਂ ਦਾ ਕਰਜ਼ ਚੁਕਾਇਆ..... ।

ਹੁਣ ਇਨ੍ਹਾਂ ਕੈਪਸੂਲਾਂ ਨੇ ਵੀ ਕੋਈ ਅਸਰ ਨਹੀਂ ਕਰਨਾ। ਮੇਰੀਆਂ ਪੁੜਪੁੜੀਆਂ ਟਸ-ਟਸ ਕਰਨ ਲੱਗੀਆਂ। ਮੈਨੂੰ ਅਜੀਬ ਤਰ੍ਹਾਂ ਦੀ ਕੰਬਣੀ ਛਿੜ ਪਈ। ਐਸ ਵੇਲੇ ਡਾਕਟਰ ਖੁਰਮਾ ਦੀ ਸਲਾਹ ਲੈਣੀ ਜ਼ਰੂਰੀ ਸੀ। ਅੱਜ ਦੀ ਰਾਤ ਜਾਗਦਿਆਂ ਪਾਸੇ ਮਾਰਦਿਆਂ ਲੰਘਾਉਣੀ ਪਊ।

ਮੈਂ ਸ਼ਾਲ ਦੀ ਬੁੱਕਲ ਮਾਰੀ। ਡਾਕਟਰ ਨੂੰ ਟੈਲੀਫੋਨ ਕਰਨ ਲਈ ਡਰਾਇੰਗ-ਰੂਮ ਵੱਲ ਨੂੰ ਤੁਰ ਪਈ। ਮੈਨੂੰ ਉਹੀ ਔਰਤ ਫੇਰ ਦਿੱਸੀ। ਮੈਨੂੰ ਪਤਾ ਨਹੀਂ ਲੱਗਾ ਕਿ ਕਿਵੇਂ ਟੈਲੀਫੋਨ ਕਰਨ ਦੀ ਬਜਾਏ ਮੈਥੋਂ ਜਗਦੀਸ਼ ਦੇ ਕਮਰੇ ਦੇ ਦਰਵਾਜ਼ੇ 'ਤੇ ਦਸਤਕ ਦੇ ਹੋ ਗਈ।

ਸਮੇਂ ਬਾਰੇ ਮੈਨੂੰ ਕੋਈ ਖਿਆਲ ਹੀ ਨਹੀਂ ਰਿਹਾ ਸੀ। ਜਦੋਂ ਮੈਂ ਦਰਵਾਜ਼ੇ ਦਾ ਹੈਂਡਲ ਘੁਮਾਇਆ ਤਾਂ ਰਮੇਸ਼ ਬੈੱਡ ਨਾਲ ਢੋ ਲਾਈ ਸੱਜੀ ਅੱਖ ਅੱਗੇ ਲੈਨਜ਼ ਕਰੀ ਅਫਰੀਕੀ ਬੱਚੇ ਵੱਲ ਦੇਖ ਰਿਹਾ ਸੀ। ਕਦੇ ਉਹ ਲੈਨਜ਼ ਬਿੱਲਕੁਲ ਅੱਖਾਂ ਨਾਲ ਲਾ ਲੈਂਦਾ। ਕਦੇ ਡੇਢ ਦੋ ਫੁੱਟ ਦੀ ਦੂਰੀ ਤੋਂ ਦੇਖਣ ਲੱਗ ਜਾਂਦਾ। ਉਸ ਨੇ ਮੇਰੇ ਵੱਲ ਦੇਖਿਆ। ਮੁਸਕਰਾ ਪਿਆ। ਮੈਂ ਉਸ ਦੇ ਹੱਥੋਂ ਲੈਨਜ਼ ਫੜ ਲਿਆ। ਬੈੱਡ 'ਤੇ ਪੈਣ ਦੀ ਕੀਤੀ। ਮੈਂ ਬੁਰੀ ਤਰ੍ਹਾਂ ਥੱਕ ਗਈ ਸੀ। ਉਸ ਨੇ ਹੱਥ ਅਗਾਂਹ ਨੂੰ ਕਰਕੇ ਬੱਤੀ ਬੁਝਾ ਦਿੱਤੀ। ਮੈਨੂੰ ਆਪਣੀਆਂ ਬਾਹਾਂ 'ਚ ਘੁੱਟਦਾ ਹੋਇਆ ਬੋਲਿਆ, "ਤੂੰ ਚੰਗੀ ਤਰ੍ਹਾਂ ਦੇਖਿਆ ਨ੍ਹੀਂ-ਕਾਲੇ ਰੰਗ 'ਚ ਵੀ ਬੱਚਾ ਕਿਹਾ ਸੋਹਣਾ ਲੱਗ ਰਿਹਾ।" ਮੈਂ ਉਸ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ। ਉਹ ਦੇ ਵਾਲਾਂ 'ਚ ਉਂਗਲਾਂ ਫੇਰੀਆਂ ਤੇ ਉਹ ਨੂੰ ਬੇਇੰਤਹਾ ਚੁੰਮਣ ਲੱਗੀ।



www.PunjabiLibrary.com

# ਮਾਤ੍ਰੇਸ੍ਰੀ

ਮਾਂ ਨੂੰ ਪਿੰਡੋਂ ਆਇਆਂ ਇਕ ਸਾਲ ਤੇ ਸੱਤ ਮਹੀਨੇ ਹੋਏ ਸਨ ਜਦੋਂ ਮੈਨੂੰ 'ਆਹ ਕੁਝ' ਸੁਣਨਾ ਪਿਆ।

ਉਸ ਦੇ ਦੱਸਣ ਮੁਤਾਬਿਕ ਹੁਣ ਉਹ ਨੂੰ ਪੰਜਾਹ ਉਪਰ ਤਿੰਨਵਾਂ ਵਰ੍ਹਾ ਲੱਗਾ ਸੀ।

ਕੁਝ ਦਿਨ ਪਹਿਲਾਂ ਹੀ ਇਸ ਕੋਠੀ ਵਿਚ ਭਾਪਾ ਜੀ ਦੀ ਬਰਸੀ ਮਨਾਈ ਸੀ। ਪਹਿਲੀ ਵਾਰ। ਗੱਜ-ਵੱਜ ਕੇ। ਚੰਨੀ ਨੇ ਕੋਈ ਕਸਰ ਨਹੀਂ ਛੱਡੀ ਸੀ। ਐਨੀ ਖਲਕਤ ਆਊਗੀ-ਮੈਨੂੰ ਇਹ ਦਾ ਕਿਆਸ ਨਹੀਂ ਸੀ। ਉਹ ਦਾ ਸਾਰਾ ਸਟਾਫ। ਮੇਰੇ ਗਿਣਵੇਂ-ਚੁਣਵੇਂ ਕੁਲੀਗ। ਮੁਹੱਲੇਦਾਰ। ਦੋਵੇਂ ਮਾਮੇ। ਚਾਰੇ ਮਾਸੀਆਂ। ਇੰਗੜੀ ਦੀ ਪਤਿੰਗੜੀ। ਜਗਦੀਸ਼ ਦੇ ਟੀਚਰ। ਇਸ ਤੋਂ ਪਹਿਲਾਂ ਮਾਂ ਦੀ ਮਰਜ਼ੀ ਅਨੁਸਾਰ ਪਿੰਡ ਹੀ ਸਾਧਾਰਨ ਪਾਠ ਰਖਵਾ ਦਿੰਦੇ ਸੀ। ਉਨ੍ਹਾਂ ਦੇ ਮੌਤ ਤੋਂ ਬਾਅਦ ਮਾਂ ਦੋ ਸਾਲ ਇਕੱਲੀ ਰਹੀ। ਦਿਨੇ ਇਕੱਲੀ ਹੁੰਦੀ। ਰਾਤ ਨੂੰ ਝਿਊਰਾਂ ਦੀ ਕਿੰਦਰੋ ਉਹ ਦੇ ਕੋਲ ਸੌਣ ਆ ਜਾਂਦੀ। ਮੈਂ ਛੁੱਟੀ ਵਾਲੇ ਦਿਨ ਪਿੰਡ ਜਾਂਦਾ। ਸ਼ਾਮ ਨੂੰ ਮੁੜ ਆਉਂਦਾ। ਮਾਂ ਨੇ ਕਦੇ ਵੀ ਰਹਿਣ ਲਈ ਮਜ਼ਬੂਰ ਨਹੀਂ ਕੀਤਾ ਸੀ। ਮੈਂ ਪੁੱਛਦਾ ਤਾਂ ਉਹ ਇੰਨਾ ਕੁ ਕਹਿ ਦਿੰਦੀ, "ਤੂੰ ਆਪ ਦੇਖ ਲੈ।" ਮੈਂ ਕੀ ਦੇਖਣਾ ਸੀ। ਮੈਨੂੰ ਆਪਣੇ ਪਿੰਡ ਦਾ ਕਦੇ ਮੋਹ ਨਹੀਂ ਆਇਆ। ਉਥੇ ਅਜਿਹਾ ਕੁਝ ਵੀ ਖਾਸ ਨਹੀਂ ਸੀ ਜਿਸ ਨਾਲ ਮੈਂ ਜੁੜ ਜਾਂਦਾ। ਸਭ ਤੋਂ ਵੱਧ ਮੈਥੋਂ ਉਹਦੀ ਇਕੱਲਤਾ ਦਾ ਸਾਹਮਣਾ ਨਾ ਹੁੰਦਾ। ਇਹ ਕਿਹੜੀ ਇਕ ਦੋ ਦਿਨਾਂ ਦੀ ਗੱਲ ਸੀ। ਮਾਂ ਲਈ ਇਕੱਲਿਆਂ ਰਹਿਣਾ ਕੋਈ ਅਨੋਖੀ ਗੱਲ ਨਹੀਂ ਸੀ। ਭਾਪਾ ਜੀ ਬਹੁਤਾ ਸਮਾਂ ਘਰੋਂ ਬਾਹਰ ਰਹੇ ਸਨ। ਪਹਿਲਾਂ ਚੰਡੀਗੜ੍ਹ। ਫੇਰ ਫਿਰੋਜ਼ਪੁਰ। ਆਖਿਰੀ ਪੰਜ ਸਾਲ ਬਟਾਲੇ ਰਹੇ। ਉਹ ਸ਼ਨੀਵਾਰ ਦੁਪਹਿਰ ਨੂੰ ਆਉਂਦੇ। ਦੂਜੇ ਦਿਨ ਦੀ ਤਿਆਰੀ ਵਿਚ ਲੱਗਿਆਂ ਮਾਂ ਦੀ ਭੂਤਣੀ ਹੀ ਭੁੱਲੀ ਰਹਿੰਦੀ। ਉਹ ਜਸਪਾਲੋ ਜਿਸ ਨੂੰ ਮੈਂ ਮਾਸੀ ਕਹਿੰਦਾ ਸੀ, ਕੋਲ ਬੈਠੀ ਗਿਲਾ ਤਾਂ ਨਾ ਕਰਦੀ ਪਰ ਉਸ ਦਾ ਲਹਿਜ਼ਾ ਸ਼ਿਕਾਇਤ ਵਰਗਾ ਜ਼ਰੂਰ ਹੁੰਦਾ,"ਕਰੀਏ ਵੀ ਤਾਂ ਕੀ ਕਰੀਏ ? ਸ਼ਹਿਰ ਰਹਿਣਾ ਕਿਹੜਾ ਸੁਖਾਲਾ ਹੁੰਦਾ ? ਇਹ ਤਾਂ ਮੈਨੂੰ ਪਤਾ ਆ ਕਿ ਮੈਂ ਕਿਵੇਂ ਚੰਡੀਗੜ੍ਹ ਦੋ ਮਹੀਨੇ ਔਖੇ-ਸੌਖੇ ਕੱਟੇ ਸੀ। 'ਕੱਲੇ ਬੰਦੇ ਦੀ ਕਮਾਈ ਨਾਲ ਕੀ ਬਣਦਾ। ਮਗਰ ਬੁੜੇ-ਬੁੜੀ ਦੀ ਅੱਡ ਫਿਕਰ। ਲੈ ਚਿੱਠੀ ਤੇ



ਚਿੱਠੀ। ਸਾਡਾ ਜੀਅ ਨਹੀਂ ਲੱਗਦਾ। ਸਾਨੂੰ ਵੀ ਆਪਣੇ ਕੋਲ ਲੈ ਜਾਉ। ਇਨ੍ਹਾਂ ਘੇਸਲ ਵਟ ਲਈ। ਮੈਥੋਂ ਦੇਖਿਆ ਨਾ ਗਿਆ। ਮੇਰੇ ਇਥੇ ਆਉਣ ਨਾਲ ਧੇਲੇ ਦੀ ਬਚਤ ਨਾ ਹੋਈ। ਬੱਚੇ ਛੋਟੇ ਸੀ। ਜੇ ਚਾਰ ਪੈਸੇ ਨਾ ਬਚੇ-ਫੇਰ ਕਿਹਦੇ ਅਗੇ ਹੱਥ ਅਡਾਂਗੇ। ਮੈਂ ਇਨ੍ਹਾਂ ਦੀ ਇਕ ਨਾ ਮੰਨੀ। ਸੁਣੀ। ਕਪੜੇ ਟਰੰਕੀ 'ਚ ਪਾਏ। ਛੋਟੇ ਮੁੰਡੇ ਨੂੰ ਮੋਢੇ ਲਾਇਆ। ਪਿੰਡ ਆ ਵੜੀ। ਬੁੜੀ ਨੇ ਦੋ ਮੱਝਾਂ ਅਧਿਆਰੇ ਲੈ ਦਿੱਤੀਆਂ ਜਿਹਨਾਂ ਦਾ ਇਹ ਸਾਰਾ ਪ੍ਰਤਾਪ ਆ।" ਕਈ ਵਾਰ ਉਹ ਉਸ ਨਾਲ ਘੁਸਰ-ਮੁਸਰ ਵੀ ਕਰਦੀ ਜਿਸ ਦੀ ਕੁਝ-ਕੁਝ ਮੈਨੂੰ ਸਮਝ ਲੱਗ ਹੀ ਜਾਂਦੀ ਸੀ। ਫੇਰ ਕਿੰਨੀਆਂ ਰਾਤਾਂ ਮੈਨੂੰ ਨੀਂਦ ਨਹੀਂ ਆਉਂਦੀ ਸੀ।

ਐਤਕੀ ਮਾਂ ਨੇ ਕੋਈ ਬਹੁਤੀ ਦਿਲਚਸਪੀ ਨਹੀਂ ਲਈ ਸੀ। ਜਿਵੇਂ ਇਸ ਨਾਲ ਉਸ ਦਾ ਕੋਈ ਬਹੁਤਾ ਵਾਸਤਾ ਨਾ ਰਿਹਾ ਹੋਵੇ। ਚੰਨੀ ਨੇ ਵੀ ਉਹਦੀ ਇਕ ਨਹੀਂ ਮੰਨੀ ਸੀ। ਸ਼ਾਇਦ ਚੰਨੀ ਕੋਈ ਫ਼ੈਸਲਾ ਕਰੀ ਬੈਠੀ ਸੀ, ਜਿਸ ਬਾਰੇ ਉਸ ਮੈਥੋਂ ਸਿਰਫ ਇਕ ਵਾਰ ਸਲਾਹ ਲਈ ਸੀ। ਫੈਸਲਾ ਜੋ ਉਸ ਦਾ ਆਪਣਾ ਸੀ। ਉਸ ਵਿਚ ਉਹ ਕਿਸੇ ਵੀ ਦੂਜੇ ਨੂੰ ਸ਼ਾਮਿਲ ਨਹੀਂ ਕਰਨਾ ਚਾਹੁੰਦੀ ਸੀ। ਮੈਥੋਂ ਗੁੱਸੇ 'ਚ ਪਤਾ ਨਹੀਂ ਕੀ ਦਾ ਕੀ ਬੋਲਿਆ ਗਿਆ, "ਮੈਂ ਇਸ ਘਰ ਦਾ ਮਾਲਕ ਹਾਂ। ਕੋਈ ਕੁੱਤਾ ਬਿੱਲਾ ਨ੍ਹੀਂ। ਆਖ਼ਿਰ ਕੁਸ਼ ਤਾਂ ਮੈਨੂੰ ਪਤਾ ਹੋਣਾ ਚਾਹੀਦਾ।" ਚੰਨੀ ਅੱਗੋਂ ਮੁਸਕ੍ਰਾ ਪਈ ਸੀ। ਉਸ ਮੇਰਾ ਮੱਥਾ ਚੁੰਮਦਿਆਂ ਕਿਹਾ ਸੀ, "ਮੇਰੇ ਸਨਮ ਆਪਣੇ 'ਚ ਕੋਈ ਫਰਕ ਆ...?" ਉਸ ਦੇ ਇਸ ਅਗਨ-ਬਾਣ ਦਾ ਜਿਵੇਂ ਕਿ ਪਹਿਲਾਂ ਵੀ ਅਜਿਹਾ ਹੁੰਦਾ ਸੀ-ਹੁਣ ਵੀ ਮੇਰੇ ਕੋਲ ਕੋਈ ਜੁਆਬ ਨਹੀਂ ਸੀ। ਉਸ ਗੱਲਾਂ-ਗੱਲਾਂ 'ਚ ਆਪਣੀ ਗੱਲ ਕਹਿ ਦਿੱਤੀ ਸੀ, "ਦੇਖੋ ਮਾਤਾ ਜੀ ਪਹਿਲਾਂ ਜਿੱਦਾਂ ਤੁਸੀਂ ਕਹਿੰਦੇ ਰਹੇ ਅਸੀਂ ਉਸ ਨੂੰ ਸਿਰ ਮੱਥੇ ਮੰਨਿਆ। ਇਕ ਵਾਰ ਵੀ ਕੋਈ ਅਜਿਹਾ ਮੌਕਾ ਆਇਆ-ਜਦੋਂ ਮੈਂ ਜਾਂ ਇਨ੍ਹਾਂ ਨੇ ਕੋਈ ਵਿਰੋਧ ਕੀਤਾ ਹੋਵੇ ?" ਮਾਂ ਚੁੱਪ। ਮੈਨੂੰ ਲੱਗਾ ਚੰਨੀ ਜਾਣ ਬੁੱਝ ਕੇ ਮਾਂ ਦੀ ਹੇਠੀ ਕਰ ਰਹੀ ਸੀ। ਮਾਂ ਕੋਲ ਜਰਨ ਦੇ ਸਿਵਾਏ ਕੋਈ ਦੂਜਾ ਰਸਤਾ ਰਿਹਾ ਹੀ ਨਹੀਂ ਸੀ। ਐਨਾ ਕੁਝ ਹੋਣ ਦੇ ਬਾਵਜੂਦ ਚੰਨੀ ਖ਼ੁਸ਼ ਕਿਉਂ ਨਹੀਂ ਸੀ ? ਕੀ ਉਹ ਨਾਟਕ ਕਰ ਰਹੀ ਸੀ ? ਜਾਂ ਉਹ ਕਿਸੇ ਮਜ਼ਬੂਰੀ-ਵਸ ਅਜਿਹਾ ਵਰਤਾਉ ਕਰ ਰਹੀ ਸੀ ? ਮਾਂ ਇਹ ਸਭ ਕੁਝ ਦੇਖ ਰਹੀ ਸੀ। ਮੂਕ ਦਰਸ਼ਕ ਬਣੀ। ਉਸ ਆਪਣੀ ਨਰਾਜ਼ਗੀ ਜ਼ਾਹਿਰ ਨਾ ਹੋਣ ਦਿੱਤੀ।

ਭਾਪਾ ਜੀ ਦੀ ਬਰਸੀ ਤੋਂ ਮਹੀਨਾ ਕੁ ਪਹਿਲਾਂ ਮਾਂ ਪਿੰਡ ਚਲੇ ਜਾਂਦੀ। ਉਸ ਕੀ ਸੋਚਿਆ ਹੁੰਦਾ ਸੀ-ਇਸ ਦੀ ਉਹ ਕਿਸੇ ਨੂੰ ਭਿਣਕ ਨਾ ਲੱਗਣ ਦਿੰਦੀ। ਉਹ ਆਪਣੇ ਕਮਰੇ ਵਿਚ ਬੈਠੀ ਤਿਆਰੀ ਕਰੀ ਜਾਂਦੀ। ਰਾਤ ਨੂੰ, ਜਦੋਂ ਮੈਂ ਉਹ ਦੇ ਕੋਲ ਦੋ ਘੜੀਆਂ ਚੌਂਕੀ ਭਰਨ ਜਾਂਦਾ, ਉਹ ਦੋ ਇਧਰਲੀਆਂ ਮਾਰ, ਦੋ ਉਧਰਲੀਆਂ ਮਾਰ ਕੇ ਆਪਣੇ ਆਪ ਨਾਲ ਸਲਾਹੀਂ ਪੈ ਜਾਂਦੀ, "ਮੈਂ ਸੋਚਦੀ ਆਂ ਕਲ੍ਹ ਨੂੰ ਪਿੰਡ ਹੀ ਚਲੇ ਜਾਵਾਂ। ਪਾਠ ਰਖਾਉਣਾ। ਕੀ ਪਤਾ ਭਾਈ ਜੀ ਮਿਲਣ ਕਿ ਨਾ ਮਿਲਣ ? ਹੁਣ ਮਕਾਨ ਨੂੰ ਵੀ ਕਲੀ ਕਰਾ ਹੀ ਲਵਾਂ। ਮੁੰਡਾ ਤਾਂ ਪਿੰਡ ਵੱਲ ਨੂੰ ਮੂੰਹ ਹੀ ਨ੍ਹੀਂ ਕਰਦਾ। ਬੰਦਾ ਕਦੇ ਕਦਾਈਂ ਗੇੜਾ ਮਾਰ ਈ ਆਇਆ ਕਰੇ।....ਮੈਨੂੰ ਉਹਦੀ ਕਾਰ ਲਈ ਦਾ ਕੀ ਸੁੱਖ ਹੋਇਆ ? ਵਹੁਟੀ ਮੁੰਡੇ ਦਾ ਵੀ ਸਿਰਾ ਨਿਕਲੀ। ਜਦੋਂ ਬੋਲੂ-ਇਹੋ ਕਹੂ-ਪਿੰਡ ਵਾਲਾ ਮਕਾਨ ਵੇਚ ਦਿਉ...।" ਮੈਂ ਹੁੰਗਾਰਾ ਨਾ



www.PunjabiLibrary.com

ਭਰਦਾ। ਕੁਝ ਨਾ ਕਹਿੰਦਾ। ਉਸ ਆਪਣੀ ਭੜਾਸ ਸਿਰਫ਼ ਮੇਰੇ ਕੋਲ ਕੱਢਣੀ ਸੀ। ਚੰਨੀ ਨਾਲ ਉਹ ਬਿਨਾਂ ਮਤਲਬ ਦੇ ਕੋਈ ਗੱਲ ਨਾ ਕਰਦੀ। ਬੱਚਿਆਂ ਲਈ ਉਹ ਨਾ ਹੋਇਆਂ ਦੇ ਬਰਾਬਰ ਸੀ। ਮੈਂ ਕਹਿਣਾ ਵੀ ਕੀ ਹੁੰਦਾ ਸੀ। ਉਸ ਕਰਨੀ ਆਪਣੀ ਹੀ ਮਰਜ਼ੀ ਸੀ। ਉਹ ਮੂਡ 'ਚ ਆਈ ਇਹ ਕਹਿ ਵੀ ਦਿੰਦੀ ਸੀ, "ਮੈਂ ਉਹੀ ਕਰੂੰ ਜੋ ਮੇਰੇ ਮਨ ਨੂੰ ਚੰਗਾ ਲੱਗੂ।" ਕਿੰਨੇ ਸੌ ਵਾਰ ਮੈਂ ਇਹ ਵਾਕ ਸੁਣਿਆ ਸੀ। ਭਾਪਾ ਜੀ ਨੇ ਵੀ ਸੁਣਿਆ ਹੋਣਾ। ਮੈਂ ਕਦੇ ਉਨ੍ਹਾਂ ਨੂੰ ਲੜਦਿਆਂ ਨਹੀਂ ਦੇਖਿਆ। ਝਗੜਦਿਆਂ ਨਹੀਂ ਦੇਖਿਆ। ਆਪਸ 'ਚ ਰੁੱਸਿਆਂ ਨਹੀਂ ਦੇਖਿਆ। ਸ਼ਾਇਦ ਉਨ੍ਹਾਂ ਵਿਚਕਾਰ ਕੋਈ ਗੁਪਤ ਸਮਝੌਤਾ ਹੋਇਆ ਹੋਵੇ। ਹੁੰਦਾ ਉਹੋ ਹੀ ਸੀ ਜੋ ਉਹ ਚਾਹੁੰਦੀ ਸੀ। ਕਿਸੇ ਨੂੰ ਸਲਾਹ ਦੇਣ ਦੀ ਲੋੜ ਹੀ ਨਹੀਂ ਪੈਂਦੀ ਸੀ। ਕੁਝ ਵੀ ਨਾ ਕਹਿਣ 'ਚ ਹੀ ਭਲਾ ਲੱਗਦਾ ਸੀ। ਆਪਣਾ ਫਰਜ਼ ਸਮਝਦਾ ਹੋਇਆ ਮੈਂ ਪੁੱਛ ਲੈਂਦਾ, "ਮਾਂ-ਕਿੰਨੇ ਕੁ ਪੈਸਿਆਂ ਨਾਲ ਸਰ ਜਾਊ?" ਉਹ ਉਂਗਲਾਂ 'ਤੇ ਹਿਸਾਬ ਕਰਦੀ-ਕਰਦੀ, ਜਿਵੇਂ ਗੁਆਚ ਜਿਹੀ ਜਾਂਦੀ। ਸੋਚਾਂ ਵਿਚਾਰਾਂ 'ਚ ਉਲਝੀ ਹੋਈ ਕਹਿੰਦੀ, "ਮੈਂ ਤੇਰੀ ਕਮਾਈ 'ਚੋਂ ਇਕ ਪੈਸਾ ਨ੍ਹੀਂ ਖਰਚਾਉਣਾ। ਮੇਰੇ ਕੋਲ ਵਥੇਰੇ ਪੈਸੇ ਆ। ਤੂੰ ਐਦਾਂ ਕਰੀਂ-ਸ਼ਨੀਵਾਰ 'ਕੱਲਾ ਹੀ ਪਿੰਡ ਜਾ ਆਈਂ। ਤੇਰੇ ਤਾਏ ਨੂੰ ਬੁਲਾਲਾਂਗੇ। ਦੇਖਾਂਗੇ-ਕਿਹਨੂੰ ਕਿਹਨੂੰ ਸੱਦਣਾ। ਕਿਹਨੂੰ-ਕਿਹਨੂੰ ਚੁਲ੍ਹੇ ਨੇਂਦ ਦੇਣੀ।" ਮਾਂ ਨੂੰ ਭਾਪਾ ਜੀ ਦੀ ਬਰਸੀ ਮਨਾਉਣ ਦੀ ਇੰਨੀ ਚਿੰਤਾ ਨਹੀਂ ਹੁੰਦੀ ਸੀ ਜਿੰਨੀ ਇਸ ਗੱਲ ਦੀ ਕਿ ਉਹ ਨੇ ਕਿਹਦੇ-ਕਿਹਦੇ ਘਰੋਂ ਖਾਧਾ ਸੀ ਜਾਂ ਕਿਸ-ਕਿਸ ਘਰ ਨੇ ਉਹ ਨੂੰ ਇਥੇ ਬੈਠੀ ਨੂੰ ਵੀ ਆਪਣੇ ਦਿਨ-ਸੁਧ 'ਤੇ ਉਚੇਚਾ ਬੁਲਾਇਆ ਸੀ। ਚੰਨੀ ਨੂੰ ਇਹ ਫ਼ਜ਼ੂਲ-ਫ਼ਜ਼ੂਲ ਲੱਗਦਾ। ਮਾਂ ਚਿੰਤੁਤ ਹੋਈ ਕਹਿੰਦੀ-"ਤੁਹਾਨੂੰ ਸ਼ਹਿਰ 'ਚ ਜੰਮੀਆਂ ਨੂੰ ਪਿੰਡਾਂ ਦੀ ਵਰਤੋਂ ਦਾ ਖੇਹ ਤੇ ਸੁਆਹ ਦਾ ਪਤਾ।"

ਇਸ ਵਾਰੀ ਅਖੰਡ ਪਾਠ ਇਥੇ ਹੀ ਰਖਵਾਇਆ ਸੀ। ਵਾਗਡੋਰ ਚੰਨੀ ਦੇ ਹੱਥਾਂ 'ਚ ਰਹੀ। ਉਸ ਮਾਂ ਦੀ ਨਾਂ-ਮਾਤਰ ਸਲਾਹ ਪੁੱਛੀ। ਉਸ ਪਿੰਡ ਵਿਚ ਕਿਸੇ ਨੂੰ ਵੀ ਕਾਰਡ ਨਾ ਭੇਜਿਆ। ਮੈਨੂੰ ਹੈਰਾਨੀ ਹੋਈ ਕਿ ਜਿਹੜੀ ਮਾਂ ਵਾਰ-ਵਾਰ ਰੁੱਸਦੀ, ਰੋਂਦੀ, ਝੋਲਾ ਚੁੱਕ ਕੇ ਪਿੰਡ ਨੂੰ ਦੌੜਦੀ ਹੁੰਦੀ ਸੀ ਉਹ ਮਾਂ ਤਾਂ ਹੁਣ ਰਹੀ ਹੀ ਨਹੀਂ ਸੀ। ਉਹ ਮੋੜ-ਘੋੜ ਕੇ ਇਹੀ ਕਹਿ ਦਿੰਦੀ,"ਧੀਏ-ਇਹ ਤੂੰ ਹੀ ਦੇਖ ਲੈ।" ਉਹ ਆਪਣੇ ਕਮਰੇ 'ਚ ਚਲੇ ਜਾਂਦੀ। ਫੇਰ ਉਹ ਦੇ ਕਮਰੇ 'ਚੋਂ ਟੀ.ਵੀ. ਦੀ ਆਵਾਜ਼ ਆਉਂਦੀ ਜਾਂ ਉਹ ਦੀ ਹੁੱਕੀ ਦੀ ਗੁੜ-ਗੁੜ ਸੁਣਦੀ।॥

ਮੈਂ ਉਹਦੇ ਲਈ ਨਵਾਂ ਸੂਟ ਲਿਆਂਦਾ ਸੀ। ਉਸ ਕਿਹਾ ਸੀ ਕਿ ਜੇ ਚੰਨੀ ਦਾ ਕੋਈ ਪੁਰਾਣਾ ਸੂਟ ਪਿਆ ਹੈ ਤਾਂ ਦੇ ਦਿਓ। ਇਹ ਰੰਗ ਉਹ ਨੂੰ ਪਸੰਦ ਨਹੀਂ ਆਇਆ ਸੀ। ਮੈਨੂੰ ਭਾਪਾ ਜੀ ਯਾਦ ਆਏ ਸਨ। ਇਕ ਵਾਰੀ ਚੰਨੀ ਮੇਰੇ ਲਈ ਕਮੀਜ਼ ਖਰੀਦ ਕੇ ਲਿਆਈ ਸੀ ਜਿਹੜੀ ਕਿ ਧੋਣ ਤੋਂ ਬਾਅਦ ਸੁੰਗੜ ਗਈ ਸੀ ਤੇ ਮੇਰੇ ਲਈ ਠੀਕ ਨਹੀਂ ਰਹੀ ਸੀ। ਉਸ ਕਿਹਾ ਸੀ-"ਇਹ ਭਾਪਾ ਜੀ ਨੂੰ ਦੇ ਦਿਓ। ਉਨ੍ਹਾਂ ਦੇ ਆ ਜਾਵੇਗੀ। ਉਹ ਘਰੇ ਪਾ ਲਿਆ ਕਰਨਗੇ।" ਮੈਂ ਜੱਕੋ ਤੱਕੀ 'ਚ ਪਿਆਂ ਉਨ੍ਹਾਂ ਨੂੰ ਦੇ ਦਿੱਤੀ। ਉਨ੍ਹਾਂ ਫੜ ਕੇ ਰੱਖ ਲਈ ਸੀ। ਮੈਨੂੰ ਕਿੰਨਾ ਚਿਰ ਉਨ੍ਹਾਂ ਦੀ ਬੁੜ ਬੁੜ ਸੁਣਨੀ ਪਈ ਸੀ-"ਵੱਡੇ ਘਰ ਦੀ ਧੀ ਨੂੰ ਬਾਹੋਂ ਫੜ



ਕੇ ਆਪਣੇ ਕੋਲ ਬੈਠਾ ਲਈਂ। ਪੁੱਛੀਂ ਕਿ ਕੀ ਹੁਣ ਮੈਂ ਉਨ੍ਹਾਂ ਦੇ ਉਤਾਰ ਪਾਉਣ ਜੋਗਾ ਹੀ ਰਹਿ ਗਿਆਂ। ਅਜੇ ਮੈਨੂੰ ਪੈਨਸ਼ਨ ਮਿਲਦੀ ਆਂ। ਨ੍ਹੀਂ ਤਾਂ ਇਹ ਮੈਨੂੰ ਛਿੱਤਰਾਂ ਵਿੱਚ ਪਾਣੀ ਪਿਲਾਉਂਦੀ।" ਮੇਰੇ ਮਨ 'ਚ ਆਇਆ ਸੀ ਕਿ ਇਹ ਕਹਿ ਦਵਾਂ ਕਿ ਬਾਬਾ ਜੀ ਨੇ ਤਾਂ ਉਨ੍ਹਾਂ ਦੇ ਉਤਾਰ ਪਾਉਣ ਤੋਂ ਕਦੇ ਗੁਰੇਜ਼ ਨਹੀਂ ਕੀਤਾ ਸੀ। ਸਗੋਂ ਹੱਸਦੇ-ਹੱਸਦੇ ਕਹਿੰਦੇ ਹੁੰਦੇ ਸੀ, "ਧੰਨ ਭਾਗ ਮੇਰੇ, ਪੁੱਤਰ ਦੇ ਉਤਾਰ ਪਾਉਣ ਜੋਗਾ ਹੋਇਆਂ।" ਮੈਂ ਆਪਣਾ ਉਤਾਰ ਨਹੀਂ ਦਿੱਤਾ ਸੀ। ਕੀ ਇਕ ਵਾਰ ਕਮੀਜ਼ ਪਾਉਣ ਨਾਲ ਉਤਾਰ ਹੋ ਜਾਂਦੀ ਹੈ? ਪਰ ਭਾਪਾ ਜੀ ਨੂੰ ਕੌਣ ਸਮਝਾਵੇ? ਕਿਵੇਂ ਸਮਝਾਵੇ? ਮੈਂ ਉਨ੍ਹਾਂ ਤੋਂ ਚੋਰੀ ਕਮੀਜ਼ ਚੁੱਕ ਲਈ ਸੀ। ਅਗਲੇ ਦਿਨ ਇਕ ਮੰਗਤੇ ਨੂੰ ਫੜਾ ਦਿੱਤੀ ਸੀ।

ਟੈਲੀਵਿਜ਼ਨ ਲੱਗਾ ਹੁੰਦਾ ਤਾਂ ਮਾਂ ਆ ਬੈਠਦੀ। ਸਾਡੇ ਵੱਲ ਪਛਾੜੀ ਕਰੀ। ਕੁਝ ਚਿਰ ਦੇਖਦੀ ਰਹਿੰਦੀ। ਯਾਦ ਆਉਣ 'ਤੇ ਕਹਿੰਦੀ, "ਵੇ ਜਗਦੀਸ਼ਿਆ-ਤੁਸੀਂ ਆਹ ਕੀ ਲਾ ਰੱਖਿਆ। ਉਹ ਟੇਸ਼ਨ ਲਾ ਤਾਂ ਜਿਥੋਂ ਕੁਸ਼ਤੀਆਂ ਆਉਂਦੀਆਂ ਹੁੰਦੀਆਂ। ਦੇਖਿਆ ਕਰ-ਕਿੱਦਾਂ ਭਲਵਾਨਾਂ ਆਪਣੇ ਸਰੀਰ ਕਮਾਏ ਹੋਏ ਆ। ਤੈਥੋਂ ਤਾਂ ਇਕ ਕੱਪੀ ਦੁੱਧ ਦੀ ਨ੍ਹੀਂ ਪੀਤੀ ਜਾਂਦੀ। ਤੂੰ ਜੁਆਨ ਕਿਵੇਂ ਹੋਊਂਗਾ? ਤੂੰ ਤਾਂ ਆਹ ਬਸਤਾ ਚੁੱਕਦਾ ਹਫ ਜਾਨਾ। ਨਿਆਣਾ ਟੈਮ ਸਿਰ ਉਠੇ। ਟੈਮ ਸਿਰ ਸੌਵੇਂ। ਕੋਈ ਘਰ ਦਾ ਕੰਮ ਕਰੇ।॥ ਤੈਨੂੰ ਜਾਗ ਹੀ ਉਦੋਂ ਆਉਂਦੀ ਜਦੋਂ ਸਕੂਲ ਜਾਣ 'ਚ ਦਸ ਮਿੰਟ ਰਹਿ ਜਾਣ।" ਕਿਸੇ ਹੋਰ ਵੇਲੇ ਕਹਿੰਦੀ, "ਵੇ ਜਗਦੀਸ਼ਿਆ-ਖੇਡਾਂ ਵਾਲਾ ਪ੍ਰੋਗਰਾਮ ਲਾਈ ਤਾਂ..... ।" ਜਗਦੀਸ਼ ਅੱਗੋਂ ਔਖਾ ਹੋ ਜਾਂਦਾ, "ਮਾਤਾ ਜੀ-ਹਮਰਾ ਨਾਮ ਜਗਦੀਸ਼ ਹੈ। ਯੇਹ ਜਗਦੀਸ਼ਿਆ ਕਿਆ ਹੂਆ?" ਉਹ ਕਹਿੰਦੀ, "ਤੇਰੀ ਮੰਮੀ ਦਾ ਸਿਰ।" ਜਗਦੀਸ਼ ਗੁੱਸੇ ਨਾਲ ਭਰਿਆ ਆਪਣੀ ਮੰਮੀ ਕੋਲ ਚਲਿਆ ਜਾਂਦਾ। ਧੀਮੀ ਆਵਾਜ਼ 'ਚ ਪੁੱਛਦਾ, "ਮਾਤਾ ਜੀ ਨੂੰ ਬੋਲਣਾ ਕਿਉਂ ਨ੍ਹੀਂ ਆਉਂਦਾ?" ਚੰਨੀ ਉਹ ਨੂੰ ਚੁੱਪ ਰਹਿਣ ਲਈ ਉਹ ਦੇ ਬੁੱਲ੍ਹਾਂ ਅੱਗੇ ਹੱਥ ਰੱਖ ਦਿੰਦੀ। ਕੁਝ ਚਿਰ ਮਗਰੋਂ ਜਗਦੀਸ਼ ਜਾਣ-ਬੁੱਝ ਕੇ ਰੌਲੀ ਪਾਉਣ ਲੱਗ ਪੈਂਦਾ, "ਮਾਤਾ ਜੀ ਮਾਤਾ ਜੀ..... ਔਹ ਬੋਫੋਲੋ ਦੇਖ..... ਉਸ ਕੀ ਬਾਡੀ ਦੇਖੋ।" ਮਾਂ ਇਨ੍ਹਾਂ ਨੂੰ ਦੇਖਦੀ-ਦੇਖਦੀ ਖ਼ੁਸ਼ ਹੋ ਜਾਂਦੀ। ਉਸ ਦੀ ਖ਼ੁਸ਼ੀ ਉਦੋਂ ਦੇਖਣ ਵਾਲੀ ਹੁੰਦੀ ਸੀ ਜਦੋਂ ਕੋਈ ਨੌਜੁਆਨ ਸਕਰੀਨ 'ਤੇ ਦਿੱਸਦਾ, "ਉਪਰ ਵਾਲੇ ਨੇ ਕਿਆ ਸੁਹਣਾ ਰੂਪ ਦਿੱਤਾ !" ਜਗਦੀਸ਼ ਤੇ ਪ੍ਰੀਤੀ ਡਾਹਢੇ ਔਖੇ ਹੋ ਜਾਂਦੇ। ਉਨ੍ਹਾਂ ਦੀ ਇਹੋ ਕੋਸ਼ਿਸ਼ ਹੁੰਦੀ ਕਿ ਮਾਂ ਇਥੇ ਆਕੇ ਬੈਠੇ ਨਾ। ਇਸੇ ਲਈ ਉਹ ਆਵਾਜ਼ ਬਹੁਤ ਹੀ ਘੱਟ ਰੱਖਦੇ। ਪਰ ਮਾਂ ਦੀ ਦਿਲਚਸਪੀ 'ਚ ਦਿਨ-ਬ-ਦਿਨ ਵਾਧਾ ਹੀ ਹੁੰਦਾ ਗਿਆ ਸੀ। ਉਹ ਬੈਠਦੀ-ਦੇਖਦੀ-ਬੋਲਦੀ ਜ਼ਰਾ ਵੀ ਨਾ ਥੱਕਦੀ। ਉਸ ਦੇ ਆਲੇ-ਦੁਆਲੇ ਕੌਣ ਬੈਠਾ ਹੈ, ਇਸ ਨਾਲ ਉਸ ਨੂੰ ਕੋਈ ਫਰਕ ਨਾ ਪੈਂਦਾ। ਚੰਨੀ ਅੱਖ ਬਚਾ ਕੇ ਨਿੰਮ੍ਹਾ-ਨਿੰਮ੍ਹਾ ਹੱਸਦੀ। ਮੈਂ ਉਹ ਦਾ ਸਾਥ ਨਾ ਦਿੰਦਾ। ਉਹ ਕਈ ਤਰ੍ਹਾਂ ਦੇ ਇਸ਼ਾਰਿਆਂ ਨਾਲ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ।

ਮਾਂ ਸਾਰਾ ਦਿਨ ਘਰੇ ਇਕੱਲੀ ਰਹਿੰਦੀ ਸੀ। ਮੈਂ ਤੇ ਚੰਨੀ ਇਕੋ ਵੇਲੇ ਚਲੇ ਜਾਂਦੇ। ਬੱਚੇ ਸਾਡੇ ਤੋਂ ਵੀ ਪਹਿਲਾਂ। ਚੰਨੀ ਉਹ ਦਾ ਖਾਣ-ਪੀਣ ਵਾਲਾ ਸਾਮਾਨ ਫਰਿਜ 'ਚ ਰੱਖ ਜਾਂਦੀ। ਅਕਸਰ ਤਾਗੀਦ ਕਰਦੀ, "ਜੋ ਤੁਹਾਡਾ ਚਿੱਤ ਕਰੇ, ਆਪੇ ਬਣਾ ਲਿਆ ਕਰੋ।"



www.PunjabiLibrary.com

ਉਹ ਉਹੀ ਕੁਝ ਖਾਂਦੀ ਜਿਹੜਾ ਕੁਝ ਚੰਨੀ ਨੇ ਬਣਾ ਕੇ ਰੱਖਿਆ ਹੁੰਦਾ। ਉਹ ਦੋ ਵਾਰੀ ਚਾਹ ਪੀਂਦੀ ਹੁੰਦੀ ਸੀ। ਦਸ ਤੇ ਬਾਰਾਂ ਵਜੇ ਦੇ ਐੜ-ਗੇੜ 'ਚ। ਉਹ ਬਰਾਂਡੇ 'ਚ ਬੈਠੀ ਬਾਹਰ ਵੱਲ ਨੂੰ ਦੇਖਦੀ ਰਹਿੰਦੀ।

ਮੈਥੋਂ ਮਾਂ ਦੀ ਇਕੱਲਤਾ ਨਾ ਝੱਲੀ ਗਈ। ਮੈਂ ਉਸ ਦੇ ਕਮਰੇ 'ਚ ਟੈਲੀਵਿਜ਼ਨ ਲਿਆ ਰੱਖਿਆ। ਕੇਬਲ ਵੀ ਲਾ ਦਿੱਤੀ। ਉਹ ਨੂੰ ਰੀਮੋਟ ਕੰਟ੍ਰੋਲ ਚਲਾਉਣਾ ਸਿਖਾ ਦਿੱਤਾ। ਪਹਿਲਾਂ ਉਹ ਡਾਢੀ ਔਖੀ ਹੋਈ। ਉਹ ਕਹਿਣਾ ਤਾਂ ਇਹੋ ਚਾਹੁੰਦੀ ਸੀ ਕਿ ਜੇ ਉਹ ਪਰਿਵਾਰ 'ਚ ਬੈਠ ਕੇ ਦੋ ਘੜੀਆਂ ਹੱਸ ਲੈਂਦੀ ਤਾਂ ਇਸ ਨਾਲ ਉਹ ਕਿਸੇ ਦਾ ਕੀ ਲੈ ਲੈਂਦੀ ਸੀ। ਕੀ ਘਰ ਦਾ ਮਤਲਬ ਸਿਰਫ਼ ਆਪਣਾ ਕਮਰਾ ਹੁੰਦਾ? ਮੈਨੂੰ ਉਸ ਦੀ ਬੁੜ-ਬੁੜ ਸੁਣਨੀ ਪੈਣੀ ਸੀ। ਮੈਂ ਕੰਨਾਂ ਵਿਚ ਉਂਗਲਾਂ ਲੈ ਲਈਆਂ। ਚੰਨੀ ਨੂੰ ਵੀ ਸਮਝਾਇਆ ਕਿ ਉਹ ਵਾਹ ਲੱਗਦੀ ਨੂੰ ਕੁਝ ਦਿਨ ਉਹ ਦੇ ਮੱਥੇ ਹੀ ਨਾ ਲੱਗੇ। ਰੋਟੀ ਮੈਂ ਫੜ੍ਹਾ ਆਇਆ ਕਰਾਂਗਾ। ਜੇ ਉਹ ਕੋਈ ਮੰਦਾ ਚੰਗਾ ਬੋਲੇ ਤਾਂ ਚੁੱਪ ਰਹੇ। ਜਦੋਂ ਸ਼ਾਂਤ ਹੋ ਗਈ ਤਾਂ ਸਮਝਾ ਦੇਵਾਂਗੇ, "ਜਲਦੀ ਹੀ ਬੱਚਿਆਂ ਲਈ ਵੀ ਅੱਡ ਟੀ.ਵੀ.ਲਿਆ ਰਹੇ ਆਂ।"

ਹੁਣ ਉਹ ਖ਼ੁਸ਼-ਖ਼ੁਸ਼ ਰਹਿਣ ਲੱਗੀ। ਉਹ ਤੜਕੇ ਹੀ ਟੈਲੀਵਿਜ਼ਨ ਲਾ ਲੈਂਦੀ। ਸੰਤ ਜੀ ਦੇ ਪ੍ਰਵਚਨ ਸੁਣਦੀ। ਸ਼ਰਧਾ ਨਾਲ ਉਹ ਦੀਆਂ ਅੱਖਾਂ ਮੁੰਦੀਆਂ ਜਾਂਦੀਆਂ। ਦੋ-ਤਿੰਨ ਵਾਰ ਮੈਂ ਉਹ ਨੂੰ ਐਦਾਂ ਹੀ ਦੇਖਿਆ। ਮੈਨੂੰ ਰਾਹਤ ਮਹਿਸੂਸ ਹੋਈ ਸੀ ਕਿ ਹੁਣ ਉਸ ਦੀ ਆਪਣੇ ਇਸ਼ਟ ਨਾਲ ਲਿਵ ਲੱਗ ਗਈ ਸੀ। ਉਹ ਸਿੱਧੇ ਰਸਤੇ 'ਤੇ ਆ ਜਾਵੇਗੀ। ਮੈਂ ਕਈ ਇਕ ਧਾਰਮਕ ਕਲੰਡਰਾਂ ਨਾਲ ਉਸ ਦਾ ਕਮਰਾ ਸਜਾ ਦਿੱਤਾ। ਉਹ ਮੈਨੂੰ ਰੋਕਦੀ, ਸਮਝਾਉਂਦੀ ਰਹੀ, "ਨ੍ਹੀਂ-ਆਹ ਏਥੇ ਠੀਕ ਨ੍ਹੀਂ ਲੱਗਣਾ। ਵੱਡਾ ਵਾਲਾ ਐਸ ਪਾਸੇ ਲਾ। ਨ੍ਹੀਂ-ਨ੍ਹੀਂ, ਤੂੰ ਛੱਡ ਦੇ। ਮੈਂ ਆਪੇ ਲਾ ਦਊਂ...ਨ੍ਹੀਂ ਆਹ...ਆਹ ਕਿਹੜੀ ਜਨਾਨੀ ਜੰਗਲ ਨੂੰ ਜਾ ਰਹੀ? ਤੂੰ ਇਹ ਕਿਥੋਂ ਚੁੱਕ ਲਿਆਇਆਂ? ਮੈਂ ਨ੍ਹੀਂ ਆਪਣੇ ਕਮਰੇ 'ਚ ਲਾਉਣਾ। ਜੇ ਲਾਇਆ ਤਾਂ ਪਾੜ ਸੁੱਟਣਾ। ਮੈਂ ਅੱਜੇ ਬੁਢੀ ਨ੍ਹੀਂ ਹੋਈ। ਬਿਲਕੁਲ ਨ੍ਹੀਂ। ਨ੍ਹੀਂ ਨ੍ਹੀਂ...ਬਾਬੇ ਨਾਨਕ ਵਾਲਾ ਫੋਟੂ ਸਾਹਮਣੇ ਲਾ। ਹੁਣ ਠੀਕ ਆ। ਸੁੱਤਿਆਂ ਉਠਦਿਆਂ ਮੇਰੇ ਮੱਥੇ ਲੱਗਣਗੇ। ਤੇਰੇ ਭਾਪਾ ਜੀ ਵੀ ਇਨ੍ਹਾਂ ਨੂੰ ਧਿਆਉਂਦੇ ਹੁੰਦੇ ਸੀ।" ਜਦੋਂ ਮਾਂ ਨਵੀਂ-ਨਵੀਂ ਸ਼ਹਿਰ ਵਿਚ ਆਈ ਸੀ ਤਾਂ ਉਦੋਂ ਮੈਂ ਚੰਨੀ ਨੂੰ ਜ਼ੋਰ ਦੇ ਕੇ ਕਿਹਾ ਸੀ ਕਿ ਉਹ ਦੋਵੇਂ ਸ਼ਾਮ ਨੂੰ ਗੁਰੂ ਘਰ ਜਾ ਆਇਆ ਕਰਨ। ਚੰਨੀ ਅੜ ਗਈ ਸੀ। ਉਹ ਆਪਣੀ ਜਗਾ ਸੱਚੀ ਸੀ ਕਿ ਮਾਂ ਪਹਿਲਾਂ ਹੁੱਕੀ ਛੱਡੇ। ਫੇਰ ਹੀ ਉਹ ਉਹਦੇ ਨਾਲ ਜਾ ਸਕਦੀ ਹੈ। ਮੈਂ ਇਹ ਦਾ ਬਦਲ ਲੱਭ ਲਿਆ ਸੀ। ਸਮਝਾਇਆ ਸੀ ਕਿ ਮੰਦਰ ਹੀ ਜਾ ਆਇਆ ਕਰੋ। ਚਾਰ-ਪੰਜ ਦਿਨ ਮਾਂ ਗਈ ਸੀ। ਫੇਰ ਉਸ ਜਾਣ ਤੋਂ ਨਾਂਹ ਕਰ ਦਿੱਤੀ ਸੀ, "ਮੇਰਾ ਚਿੱਤ ਤਾਂ ਪਹਿਲਾਂ ਹੀ ਨ੍ਹੀਂ ਰਾਜ਼ੀ ਰਹਿੰਦਾ।" ਮੈਨੂੰ ਮਾਂ 'ਤੇ ਖਿੱਝ ਆਈ ਸੀ। ਮੈਂ ਆਪ ਉਸ ਦੇ ਨਾਲ ਜਾਣ ਲੱਗਾ ਸੀ। ਉਹ ਮੇਰੇ ਨਾਲ ਬੱਧੀ-ਰੁੱਧੀ ਹੀ ਜਾਂਦੀ ਸੀ। ਆਖਿਰ ਮੈਨੂੰ ਹੀ ਹਥਿਆਰ ਸੁੱਟਣੇ ਪਏ ਸਨ।

ਹੁਣ ਉਹ ਪਹਿਲਾਂ ਵਾਂਗ ਖਿਝੀ-ਖਿਝੀ ਨਾ ਰਹਿੰਦੀ। ਉਹ ਡਰਾਇੰਗ-ਰੂਮ ਵੱਲ ਮੂੰਹ ਨਾ ਕਰਦੀ। ਨਾ ਹੀ ਮੈਨੂੰ ਆਵਾਜ਼ ਮਾਰਦੀ। ਮੈਂ ਆਪ ਹੀ ਉਸ ਕੋਲ ਜਾ ਬੈਠਦਾ। ਉਹ ਬਹੁਤਾ ਸਮਾਂ ਆਪਣੇ ਕਮਰੇ 'ਚ ਬੈਠੀ ਰਹਿੰਦੀ ਜਾਂ ਗਾਰਡਨ ਦੀ ਸਾਂਭ-ਸੰਭਾਲ ਕਰਦੇ



ਮਾਲੀ ਕੋਲ ਜਾ ਖੜਦੀ। ਮਾਲੀ ਉਹ ਦੇ ਲਈ ਕਦੇ ਪਿਪਲ ਤੇ ਕਦੇ ਕਿੱਕਰ ਦੀਆਂ ਘੀਂਗਰਾਂ ਚੁਗ ਕੇ ਲਿਆਉਂਦਾ। ਇਕ ਨੁੱਕਰ 'ਚ ਅੱਗ ਬਾਲਦਾ। ਉਹ ਨੂੰ ਚਿਲਮ ਧਰ ਕੇ ਦਿੰਦਾ। ਕੁਝ ਸੂਟੇ ਖਿੱਚਣ ਤੋਂ ਬਾਅਦ, ਮਾਂ ਹੁੱਕੀ ਉਹ ਦੇ ਵੱਲ ਕਰ ਦਿੰਦੀ। ਉਹ ਨੜੀ ਨੂੰ ਮੂੰਹ ਨਾ ਲਾਉਂਦਾ। ਚਿਲਮ ਖੱਬੇ 'ਚ ਫੜ ਕੇ ਹੇਠਲੇ ਪਾਸੇ ਦਾ ਲੜ ਰੱਖਦਾ ਤੇ ਮੂੰਹ ਉਤਾਂਹ ਨੂੰ ਕਰਕੇ ਲੰਬੇ-ਲੰਬੇ ਕਸ਼ ਖਿਚਦਾ। ਉਸ ਨਾਲ ਸਲਾਹੀਂ ਪਈ ਤੇ ਉਸ ਕੋਲੋਂ ਹੁੱਕੀ ਫੜ ਕੇ ਸੂਟੇ ਖਿੱਚਦੀ ਮਾਂ-ਨੌ-ਬਰ-ਨੌਂ ਹੋ ਜਾਂਦੀ। ਉਹ ਰੰਬੀ ਫੜ ਕੇ ਆਪ ਗੁੱਡਣ ਲੱਗ ਜਾਂਦੀ। ਮਾਲੀ ਘੜੀ-ਮੁੜੀ ਉਹ ਨੂੰ ਰੋਕਦਾ, "ਨ੍ਹੀਂ ਜੀ-ਆਪ ਐਸਾ ਨਹੀਂ ਕਰਤੇ। ਮੈਂ ਕਿਸ ਲੀਏ ਹੂੰ।" ਮਾਂ ਉਹ ਦੀ ਇਕ ਨਾ ਸੁਣਦੀ। ਉਹ ਨੂੰ ਆਪਣੇ ਹੱਥੀਂ ਕੰਮ ਕਰਨਾ ਚੰਗਾ ਲੱਗਦਾ। ਇਕ ਦਿਨ ਚੰਨੀ ਨੇ ਮੈਥੋਂ ਇਹ ਵੀ ਪੁੱਛਿਆ ਸੀ, "ਕੀ ਮਾਂ ਨੇ ਘਾਹ ਖੋਤਣ ਦਾ ਡਿਪਲੋਮਾ ਕੀਤਾ ਹੋਇਆ?" "ਹਾਂ, ਬਹੁਤ ਸਾਲ ਇਸ ਘਾਹ ਖੋਤਿਆ। ਦੋ ਮੱਝਾਂ ਰੱਖੀਆਂ ਸੀ। ਅਸੀਂ ਪੱਠੇ ਕਦੇ ਮੁੱਲ ਨ੍ਹੀਂ ਸਨ ਲਏ। ਭਾਪਾ ਜੀ ਦੀ ਇਕੱਲੀ ਤਨਖਾਹ ਨਾਲ ਸਰਦਾ ਨ੍ਹੀਂ ਸੀ। ਮੈਂ ਆਪ ਸਕੂਲੋਂ ਆ ਕੇ ਘਾਹ ਖੋਤਦਾ ਸੀ। ਮਾਂ ਵੀ ਜਾਂਦੀ ਸੀ। ਉਹ ਮੈਥੋਂ ਵੱਡੀ ਪੰਡ ਚੁੱਕਦੀ। ਦੋ-ਦੋ ਭਰੀਆਂ ਟਾਂਡਿਆਂ ਦੀਆਂ ਇਕੋ ਸਾਹੇ ਕੁਤਰ ਦਿੰਦੀ। ਇਹ ਨੇ ਸਾਰੀ ਉਮਰ ਪਸ਼ੂ ਸੰਭਾਲੇ। ਇਹ ਨੂੰ ਮੱਝਾਂ ਨਾਲ ਬਹੁਤ ਮੋਹ ਆ।" ਮਾਂ ਰਸੋਈ 'ਚ ਜਾ ਕੇ ਚਾਹ ਬਣਾਉਂਦੀ। ਦੋਵੇਂ ਕੱਪ ਫੜੀ ਮਾਲੀ ਕੋਲ ਆ ਬੈਠਦੀ। ਉਸ ਨੂੰ ਸਮਝਾਉਂਦੀ, " ਤੁਮ ਕੋ ਕੰਮ ਕਰਨਾ ਆਤਾ....ਪਹਿਲਾਂ ਇਕ ਛੋਕਰਾ ਆਤਾ ਸੀ.....ਉਸ ਕੋ ਕੀ ਪਤਾ ਬੇਲ ਬੂਟੇ ਕਯਾ ਹੋਤਾ...ਤੁਮ ਠੀਕ ਆਦਮੀ ਆ...ਤੁਮ ਅਬ ਐਸਾ ਕਰਨਾ..... ਦੀਵਾਰ ਕੇ ਨਾਲ ਰਾਮਤੋਰੀ ਕੀ ਵੇਲ ਬੀਜਣਾ..... ਅਬ ਇਸ ਕਾ ਮੌਸਮ ਆ ਗਯਾ...।" ਇਕ ਦਿਨ ਉਹ ਕਹਿਣ ਲੱਗੀ, "ਤੁਮ ਐਸਾ ਕਰ, ਇਧਰ ਗੰਨਾ ਬੀਜ..... ਬੀਚ ਮੇਂ ਆੜ ਬਣਾ..... ਜੇਕਰ ਕੋਈ ਇਸ ਆੜ ਮੇਂ ਖੜ੍ਹਾ ਹੋਵੇ ਤਾਂ ਦਿਸੇ ਨਾਹੀਂ..... । ਨਹੀਂ ਨਹੀਂ..... ਮੈਂ ਐਸਾ ਨਹੀਂ ਬੋਲਾ..... ਦੇਖ ਮੇਰੇ ਵੱਲ ਦੇਖ...ਮੈਂ ਜਹਾਂ ਖੜ੍ਹੀ ਹਾਂ..... ਮੇਰੇ ਇਸ ਪਾਸੇ ਭੀ ਗੰਨਾ ਹੈ ਉਸ ਪਾਸੇ ਭੀ..... ਦੇਖੋ ਅਬ ਮੈਂ ਦਿਖਾਈ ਨਹੀਂ ਦੇਤੀ....ਹੈ ਨਾ....ਅਬ ਤੁਮਕੋ ਸਮਝ ਆਈ..... ਮੁਝੇ ਗੰਨਾ ਬੀਜਣਾ ਆਤਾ ਹੈ..... ਊਚਾ ਊਚਾ ਗੰਨਾ..... ।"

ਇਕ ਦਿਨ ਹੋਰ।

"ਤੁਝੇ ਪਤਾ-ਰੈਸਨ ਕਯਾ ਹੋਤਾ ਹੈ?"

"ਕਯਾ? ਰੈਸਨ-ਮੈਂਨੇ ਕਭੀ ਨਹੀਂ ਸੁਨਾ।"

"ਤੁਝੇ ਕੈਸੇ ਸਮਝਾਊਂ। ਯਹ ਬੜਾ ਸਾ-ਮੱਕੀ ਦੇ ਟਾਂਡੇ ਸੇ ਦੋ ਹਾਥ ਬੜਾ।"

"ਨਹੀਂ।"

"ਉਸਕੇ ਪੱਤੇ ਸ਼ਰੀਂਹ ਕੇ ਪੱਤੇ ਜਹੇ ਹੋਤਾ...ਪਰ ਉਸ ਸੇ ਛੋਟਾ।"

"ਮੁਝੇ ਆਪ ਕੀ ਬਾਤੇਂ ਸਮਝ ਨਹੀਂ ਲਗਤੀ।"

"ਮੈਂ ਤੈਨੂੰ ਕਿਦਾਂ ਸਮਝਾਵਾਂ? ਯਹ ਆਠ-ਸਾਤ ਫੁਟ ਹੋਤਾ। ਜਬ ਜੇ ਪੱਕ ਜਾਤਾ ਹੈ ਤੋਂ ਯੇਹ ਬਾਲਣੇ ਕੇ ਕੰਮ ਆਤਾ।...ਜੇ ਇਸ ਕੇ ਖੇਤ ਮੇਂ ਕੋਈ ਧੂਸ ਦੇ ਕਰ ਜਾ ਵੜੇ ਔਰ ਉਪਰ ਗਿਰ ਪੜੇ-ਤੋ-ਯੇਹ ਕੜਕ ਕਰਕੇ ਟੁੱਟਦਾ ਹੈ-ਮੈਨੂੰ ਯੇਹ ਆਵਾਜ਼ ਬਹੁਤ ਅੱਛੀ



www.PunjabiLibrary.com

ਲੱਗਤੀ ਹੈ...।"

****

ਇਨ੍ਹਾਂ ਦਿਨਾਂ 'ਚ ਹੀ ਭੁਪਿੰਦਰ ਦੀ ਇੰਗਲੈਂਡ ਤੋਂ ਚਿੱਠੀ ਆਈ ਸੀ। ਮੇਰੇ ਦਫ਼ਤਰ ਦੇ ਐਡਰੈੱਸ 'ਤੇ। ਬੜੀ ਹੀ ਮਜ਼ੇਦਾਰ। ਮੈਂ ਇਹ ਕਈ ਵਾਰ ਪੜ੍ਹੀ। ਇਸ ਬਾਰੇ ਚੰਨੀ ਨੂੰ ਦੱਸਿਆ, "ਤੈਨੂੰ ਪਤਾ ਭੁਪਿੰਦਰ ਬੇਕਰੀ ਦੀ ਫੈਕਟਰੀ 'ਚ ਲੱਗਾ। ਉਹ ਦੇ ਨਾਲ ਵੀਹ ਔਰਤਾਂ ਕੰਮ ਕਰਦੀਆਂ। ਲੰਚ ਵੇਲੇ ਉਹ ਆਪਣੀਆਂ ਜਬਲੀਆਂ ਮਾਰਨ ਲੱਗ ਜਾਂਦੀਆਂ। ਇਨ੍ਹਾਂ 'ਚੋਂ ਕਈ ਰਾਜ਼ ਦੀਆਂ ਗੱਲਾਂ ਨਿਕਲ ਆਉਂਦੀਆਂ। ਇਕ ਦਿਨ ਕੀ ਹੋਇਆ ਉਹ ਜਿਥੇ ਬੈਠਾ ਸੀ-ਉਹ ਦੀ ਪਿਛਾੜੀ ਕਾਂਤੋ ਤੇ ਕਸ਼ਮੀਰੋ ਆ ਬੈਠੀਆਂ। ਕਾਂਤੋ ਦੀ ਉਮਰ ਪੰਜਾਹ ਕੁ ਸਾਲਾਂ ਦੀ ਹੋਣੀ ਤੇ ਕਸ਼ਮੀਰੋ ਦੀ ਸੱਠਾਂ ਦੇ ਐੜ-ਗੇੜ 'ਚ। ਕਸ਼ਮੀਰੋ ਦੱਸਣ ਲੱਗੀ ਕਿ ਉਹ ਦੇ ਮੁੰਡੇ ਪੰਮੇ ਦੀ ਡਿਊਟੀ ਰਾਤ ਦੀ ਹੁੰਦੀ ਆ। ਇਕ ਦਿਨ ਉਹ ਉਸ ਦੇ ਕਮਰੇ ਦੀ ਸਫ਼ਾਈ ਕਰ ਰਹੀ ਸੀ ਕਿ ਬੈੱਡ ਦੇ ਗੱਦੇ ਹੇਠੋਂ ਉਸ ਨੂੰ ਦੋ ਸੀਡੀਆਂ ਮਿਲੀਆਂ। ਉਸ ਸੀਡੀਆਂ ਚੁੱਕ ਲਈਆਂ। ਫਰੰਟ ਰੂਮ 'ਚ ਆ ਕੇ ਉਨ੍ਹਾਂ 'ਚੋਂ ਇਕ ਵੀ.ਸੀ.ਪੀ. 'ਤੇ ਲਾ ਲਈ। ਇਹ ਤਾਂ ਹੋਰ ਤਰ੍ਹਾਂ ਦੀ ਫ਼ਿਲਮ ਨਿਕਲੀ ਸੀ। ਉਹਨੂੰ ਪਹਿਲਾਂ ਕਚਿਆਣ ਆਈ। ਐਨਾਂ ਗੰਦ। ਉਹਨੇ ਤੌਬਾ ਕੀਤੀ। ਰੀਮੋਟ ਕੰਟ੍ਰੋਲ ਨਾਲ ਬੰਦ ਕਰ ਦਿੱਤੀ। ਉਠਣ ਲੱਗੀ ਨੇ ਫਿਰ ਲਾਈ। ਮਨਾ ਦੇਖਣ ਦਾ ਕੀ ਹਰਜ਼ ਹੁੰਦਾ। ਗਿਆਨ 'ਚ ਵਾਧਾ ਹੋਊ। ਇਕ ਖਤਮ ਹੋਈ। ਉਸ ਦੂਜੀ ਵੀ ਦੇਖੀ। ਫੇਰ ਤਾਂ ਉਹਨੂੰ ਇਹਦਾ ਭੁੱਸ ਹੀ ਪੈ ਗਿਆ। ਮੁੰਡਾ ਵੀਕ ਇੰਡ 'ਤੇ ਹੋਰ ਸੀਡੀਆਂ ਲਿਆ ਰੱਖਦਾ। ਉਹ ਰਾਤ ਨੂੰ ਦੇਖ ਲੈਂਦੀ। ਜੇ ਕਦੇ ਉਹਨੂੰ ਕੋਈ ਨਵੀਂ ਸੀਡੀ ਨਾ ਮਿਲਦੀ ਤਾਂ ਉਹਨੂੰ ਅਚੋਤਾਈ ਲੱਗਦੀ। ਇਕ ਦਿਨ ਫ਼ਿਲਮ ਦੇਖਦਿਆਂ-ਦੇਖਦਿਆਂ ਉਸ ਕੋਲੋਂ ਆਪਣਾ ਆਪ ਨਾ ਸੰਭਾਲਿਆ ਗਿਆ। ਉਹੀ ਆਦਮੀ ਜਿਸ ਨੂੰ ਬੁਲਾਇਆਂ ਉਹਨੂੰ ਕਈ ਸਾਲ ਹੋ ਗਏ ਸੀ-ਉਹ ਨੂੰ ਜਾ ਉਠਾਲਿਆ..... ।"

ਚੰਨੀ ਨੂੰ ਅਜੀਬ ਜਿਹੀ ਕੰਬਣੀ ਛਿੜੀ। ਉਸ ਮੇਰੇ ਬੁੱਲ੍ਹਾਂ 'ਤੇ ਆਪਣਾ ਹੱਥ ਫੈਲਾ ਦਿੱਤਾ। ਉਹ ਕੁਝ ਕਹਿਣਾ ਚਾਹੁੰਦੀ ਸੀ ਪਰ ਸ਼ਬਦ ਸਨ ਕਿ ਉਹ ਦੇ ਕਾਬੂ 'ਚ ਨਹੀਂ ਆ ਰਹੇ ਸਨ। ਉਸ ਡੌਰ-ਭੌਰ ਹੋਇਆਂ ਦਰਵਾਜ਼ੇ ਵੱਲ ਦੇਖਿਆ। ਹੌਲੀ ਜਿਹੇ ਕਿਹਾ, "ਪਲੀਜ਼ ਛੇਤੀ-ਛੇਤੀ ਪਾਣੀ ਦਾ ਗਲਾਸ ਲਿਆ ਦਿਓ..... ਮੇਰਾ ਗਲਾ ਸੁੱਕਦਾ ਜਾਂਦਾ।"

ਰਸੋਈ ਵੱਲ ਜਾਂਦਿਆਂ-ਹੋਇਆਂ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਅਜਿਹੀ ਘਟਨਾ ਬਾਰੇ ਇਹ ਨੂੰ ਦੱਸਣ ਦੀ ਕੀ ਲੋੜ ਸੀ। ਹੁਣ ਇਹ ਨੇ ਸਾਰੀ ਰਾਤ ਇਸ ਬਾਰੇ ਹੀ ਸੋਚੀ ਜਾਣਾ। ਦੂਜੇ ਪਲ ਮੈਨੂੰ ਲੱਗਾ ਕਿ ਇਸ 'ਚ ਬੁਰਾ ਵੀ ਕੀ ਸੀ ? ਘਟਨਾ ਤਾਂ ਆਖ਼ਰ ਘਟਨਾ ਹੁੰਦੀ ਹੈ। ਫੇਰ ਉਹ ਕਿਹੜੀ ਬਾਲੜੀ ਸੀ। ਕਾਲਜ 'ਚ ਲੈਕਚਰਾਰ ਲੱਗੀ। ਪ੍ਰਾਚੀਨ ਇਤਿਹਾਸ 'ਤੇ ਉਸ ਪੀ.ਐਚ.ਡੀ.ਕੀਤੀ ਸੀ।

ਇਕੋ ਸਾਹੇ ਪਾਣੀ ਦਾ ਗਲਾਸ ਪੀ ਕੇ ਉਸ ਮੇਰੇ ਵੱਲ ਦੇਖਿਆ। ਬਿਨਾਂ ਪਲਕਾਂ ਝਪਕਿਆਂ ਕਿੰਨਾ ਚਿਰ ਸਿੱਧਾ ਹੀ ਦੇਖਦੀ ਰਹੀ। ਮੈਂ ਬੁਰੀ ਤਰ੍ਹਾਂ ਨਾਲ ਡਰ ਗਿਆ ਕਿ ਉਹ ਨੂੰ ਕੀ ਹੋਈ ਜਾਂਦਾ। ਕਿਤੇ ਉਹ ਇਹ ਤਾਂ ਨਹੀਂ ਸਮਝ ਬੈਠੀ ਕਿ ਮੈਂ ਇਹ ਉਹ ਨੂੰ ਜਾਣ-ਬੁੱਝ ਕੇ ਦੱਸਿਆ ਸੀ। ਜਾਂ ਮੈਂ ਇਹ ਕਹਾਣੀ ਆਪ ਘੜੀ ਸੀ। ਅਜਿਹਾ ਲੱਗਦਾ ਤਾਂ ਨਹੀਂ ਸੀ।



ਉਹ ਕਿੰਨੇ ਦਿਨਾਂ ਦੀ ਉੱਖੜੀ-ਉੱਖੜੀ ਤੁਰ-ਫਿਰ ਰਹੀ ਸੀ। ਭਾਪਾ ਜੀ ਦੀ ਬਰਸੀ ਤੋਂ ਮਹੀਨਾ ਕੁ ਪਹਿਲਾਂ ਉਸ ਕਿਹਾ ਸੀ, "ਤੁਸੀਂ ਪੰਦਰਾਂ ਕੁ ਦਿਨਾਂ ਦੀ ਛੁੱਟੀ ਲੈ ਲਓ। ਗੱਡੀ ਕੱਢੋ। ਬੀਕਾਨੇਰ ਵੱਲ ਚੱਲੀਏ। ਮੈਂ ਉਹ ਬੈਰਾਨ ਟਿੱਬੇ ਦੇਖਣਾ ਚਾਹੁੰਦੀ ਆਂ ਜਿਥੇ ਹਵਾ ਲਹਿਰਾਂ ਦੇ ਨਿਸ਼ਾਨ ਬਣਾਉਂਦੀ ਆ। ਮਿਟਾਉਂਦੀ ਆ।" ਮੈਂ ਉਸ ਨੂੰ ਕਿਹਾ ਸੀ ਕਿ ਅਗਲੇ ਮਹੀਨੇ ਚੱਲਾਂਗੇ। ਉਸ ਇਕ ਦੋ ਵਾਰ ਫੇਰ ਯਾਦ ਕਰਾਇਆ ਸੀ। ਮੈਂ ਉਸ ਨੂੰ ਕਿਹਾ ਸੀ ਕਿ ਕਾਹਲੀ 'ਚ ਜਾਣ ਦਾ ਕੋਈ ਮਜ਼ਾ ਨਹੀਂ ਆਉਣਾ। ਕਲ੍ਹ ਉਸ ਫੇਰ ਕਿਹਾ, "ਮੈਂ ਪਰਸੋਂ ਤੋਂ ਛੁੱਟੀ ਲੈ ਲਈ। ਤਿਆਰੀ ਸ਼ੁਰੂ ਕਰ ਦਿੱਤੀ ਆ। ਹੁਣ ਮੈਂ ਤੁਹਾਡੇ ਵੱਲੋਂ ਕੋਈ ਨਾ ਨ੍ਹੀਂ ਸੁਣਨੀ। ਟੈਰੀਬਲੀ ਆਈ ਵਾਂਟ ਸਮ ਚੇਂਜ।"

"ਤੂੰ ਕੁਸ਼ ਦੱਸਣ ਲੱਗੀ ਸੀ...," ਮੈਥੋਂ ਉਸ ਦੀ ਇਸ ਮਾਰੂ ਚੁੱਪ ਦਾ ਸਾਹਮਣਾ ਨਾ ਹੋਇਆ। ਮੈਂ ਜਾਣਦਾ ਸੀ ਕਿ ਜੇ ਅਗਲੇ ਪਲਾਂ 'ਚ ਉਹ ਕੁਝ ਨਾ ਬੋਲੀ ਤਾਂ ਉਸ ਦੀਆਂ ਅੱਖਾਂ ਵਿਚ ਫੈਲੀ ਚਿੱਟੀਆਈ ਹੋਰ ਸੰਘਣੀ ਹੋ ਜਾਣੀ ਹੈ।

ਉਸ ਦਰਵਾਜ਼ਾ ਬੰਦ ਕੀਤਾ। ਦੱਸਣ ਲੱਗੀ, "ਪਿਛਲੇ ਮਹੀਨੇ ਦੀ ਗੱਲ ਆ। ਤੁਸੀਂ ਤਾਂ ਫ਼ਿਲਮ ਦੇਖਦੇ ਦੇਖਦੇ ਸੌਂ ਗਏ ਸੀ। ਮੈਂ ਪੂਰੀ ਦੇਖੀ ਸੀ। ਬਾਰਾਂ ਕੁ ਵਜੇ ਗਾਰਡਨ ਵਾਲੇ ਪਾਸਿਉਂ ਖੜਾਕਾ ਹੋਇਆ। ਐਦਾਂ ਲੱਗਿਆ ਸੀ ਜਿਵੇਂ ਪਿਛਲੀ ਚਾਰਦੀਵਾਰੀ ਉਪਰੋਂ ਦੀ ਕਿਸੇ ਨੇ ਛਾਲ ਮਾਰੀ ਹੋਵੇ। ਮੈਂ ਤੁਹਾਨੂੰ ਉਠਾਇਆ ਨਾ। ਆਪ ਹੀ ਦੇਖਣ ਚਲੇ ਗਈ। ਮੈਨੂੰ ਕੋਈ ਨਾ ਦਿੱਸਿਆ। ਮੈਂ ਉਪਰਲਾ ਬਲਬ ਜਗਾ ਦਿੱਤਾ। ਫੇਰ ਬੁਝਾ ਦਿੱਤਾ। ਸ਼ਾਇਦ ਕੋਈ ਕੁੱਤਾ/ਬਿੱਲਾ ਹੋਵੇ-ਇਹ ਹੀ ਸੋਚ ਕੇ ਮੁੜ ਪਈ। ਮੁੜਦਿਆਂ ਹੋਇਆਂ ਮੇਰੀ ਨਜ਼ਰ ਮਾਤਾ ਜੀ ਦੇ ਕਮਰੇ ਵੱਲ ਚਲੇ ਗਈ। ਟਿਊਬ ਜਗ ਰਹੀ ਸੀ। ਪਤਾ ਨ੍ਹੀਂ ਲੱਗਾ ਕਿ ਮੇਰੀ ਮੱਤ ਨੂੰ ਕੀ ਹੋ ਗਿਆ-ਮੈਂ ਖੁੱਲ੍ਹੀ ਤਾਕੀ ਕੋਲ ਜਾ ਖੜੋਈ। ਅੰਦਰ ਦੇਖਿਆ। ਸਿਟੀ ਕੇਬਲ 'ਤੇ ਫ਼ਿਲਮ ਚੱਲ ਰਹੀ ਸੀ। ਮਾਤਾ ਅੱਧ ਨੰਗੀ ਬੈਠੀ ਸੀ। ਸ਼ਾਇਦ ਕੋਈ ਹੋਰ...... ਅੱਗੋਂ ਮੈਨੂੰ ਕੁਸ਼ ਨ੍ਹੀਂ ਦਿੱਸਿਆ...।"

"ਬੱਸ- ਐਨੀ ਕੁ ਗੱਲ ਸੀ। ਪੁੱਟਿਆ ਪਹਾੜ ਤੇ ਵਿਚੋਂ ਨਿਕਲਿਆ ਚੂਹਾ," ਮੈਂ ਲਾਪ੍ਰਵਾਹੀ ਨਾਲ ਕਿਹਾ। ਮੇਰੇ ਐਨਾ ਕਹਿਣ ਨਾਲ ਹੀ ਉਹ ਸਹਿਜ ਹੋਣ ਲੱਗੀ ਸੀ। ਦਸਾਂ ਕੁ ਮਿੰਟਾਂ ਬਾਅਦ ਮੈਂ ਉਹਨੂੰ ਕਿਹਾ, "ਤੂੰ ਕਹਿੰਦੀ ਸੀ-ਬੀਕਾਨੇਰ ਵੱਲ ਚੱਲੀਏ...। ਇਸ ਵਾਰ ਬੀਕਾਨੇਰ ਨ੍ਹੀਂ ਜੈਪੁਰ ਵੱਲ ਚਲਦੇ ਆਂ। ਤੂੰ ਐਦਾਂ ਕਰ, ਪਹਿਲਾਂ ਕੌਫੀ ਬਣਾ ਕੇ ਲਿਆ। ਫੇਰ ਇਹਦੇ ਬਾਰੇ ਡਿਟੇਲ 'ਚ ਪ੍ਰੋਗਰਾਮ ਬਣਾਉਣੇ ਆਂ। ਪਰੌਪਰ ਪੈਲਨਿੰਗ ਨਾਲ ਚਲਦੇ। ਆਈ ਆਲਸੋ ਵਾਂਟ ਸਮ ਚੇਂਜ...।"

"ਕੌਫੀ ਦੀ ਮੈਨੂੰ ਵੀ ਲੋੜ ਆ। ਤੁਹਾਡਾ ਬਲੱਡ ਪ੍ਰੈਸ਼ਰ ਠੀਕ ਚਲ ਰਿਹਾ ?"

"ਇਸ ਬਾਰੇ ਅਜੇ ਕੁਸ਼ ਨ੍ਹੀਂ ਕਹਿ ਸਕਦਾ।"

ਉਹ ਨੇ ਘੜੀ ਦੇਖੀ। ਗਿਆਰਾਂ ਵੱਜ ਚਲੇ ਸਨ। ਉਹ ਨੇ ਸ਼ਾਲ ਦੀ ਬੁਕਲ ਮਾਰੀ। ਬੋਲੀ, 'ਮੈਂ ਕਿੰਨਿਆਂ ਦਿਨਾਂ ਦੀ ਉਨੀਂਦਰੀ ਆਂ...।"

ਮੈਂ ਮੁਸਕਰਾ ਪਿਆ। ਇਹ ਦੀ ਉਹ ਨੂੰ ਲੋੜ ਸੀ। ਉਹ ਦੇ ਰਸੋਈ ਵੱਲ ਜਾਂਦਿਆਂ ਹੀ ਮੈਂ ਸੇਡੇਟਿਵ ਦੀਆਂ ਇਕ ਦੀ ਥਾਂ ਦੋ ਗੋਲੀਆਂ ਬਿਨਾਂ ਪਾਣੀਉਂ ਹੀ ਨਿਗਲ ਗਿਆ।



www.PunjabiLibrary.com

ਚੰਨੀ ਨੇ ਸਰਵਿਸ ਵਿੰਡੋ ਥਾਣੀਂ ਮੈਨੂੰ ਦੇਖ ਲਿਆ ਸੀ।

ਉਸ ਬੈੱਡ ਦੇ ਢੋਅ 'ਤੇ ਕੱਪ ਲਿਆ ਰੱਖੇ।

ਉਸ ਓਪਰਿਆਂ ਵਾਂਗ ਮੇਰੇ ਵੱਲ ਦੇਖਿਆ। ਸ਼ੱਕ ਨਾਲ ਭਰੀਆਂ ਨਜ਼ਰਾਂ। ਉਹ ਬੈਂਡ 'ਤੇ ਡਿੱਗ ਹੀ ਪਈ। ਮੈਂ ਉਹ ਨੂੰ ਸੰਭਾਲਿਆ। ਪਾਣੀ ਦਾ ਗਿਲਾਸ ਪਿਲਾਇਆ। ਕੌਫੀ ਦਾ ਕੱਪ ਦਿੱਤਾ। ਉਹਨੂੰ ਕੰਬਣੀ ਛਿੜ ਪਈ ਸੀ। ਮੈਂ ਪੱਤੇ 'ਚੋਂ ਇਕ ਗੋਲੀ ਕੱਢ ਉਹ ਦੇ ਮੂੰਹ 'ਚ ਪਾਈ। ਪਤਾ ਨਹੀਂ ਕਿਵੇਂ ਮੇਰੇ ਮੂੰਹੋਂ ਨਿਕਲ ਗਿਆ ਸੀ, "ਲੈ ਹੁਣ ਤੂੰ ਵੀ ਇਕ ਖਾ ਲੈ। ਮੈਨੂੰ ਖਾਂਦਿਆਂ ਪਤਾ ਨ੍ਹੀਂ...।"



## ਸ਼ੀਤ ਯੁੱਧ

ਹਾਂ। ਮੈਂ ਵਿਆਹ ਤੋਂ ਪਹਿਲਾਂ ਕੁਆਰੀ ਨਹੀਂ ਰਹੀ ਸੀ???.....

ਹੈਂ? ਇਹ ਕੀ? ਮੈਂ ਕਿਹੜੀ ਫਾਇਲ ਲੱਭਣ ਬੈਠੀ ਸੀ? ਮੋਨਿਟਰ 'ਤੇ ਆਹ ਕੀ ਫੈਲ ਗਿਆ? ਇਕੋ ਝਟਕੇ ਨਾਲ ਅੰਗੂਠੇ ਨਾਲ ਦੀ ਉਂਗਲੀ ਮਾਊਸ 'ਤੇ ਗਈ। ਮੈਂ ਅੱਖਾਂ ਬੰਦ ਕਰ ਲਈਆਂ। ਇਸ ਤੋਂ ਮਸਾਂ ਹੀ ਛੁਟਕਾਰਾ ਪਾਇਆ ਸੀ। ਜਦੋਂ ਕਦੇ ਵੀ ਕੰਪਿਊਟਰ ਅੱਗੇ ਬੈਠੀ-ਇਨ੍ਹਾਂ ਫਾਈਲਾਂ ਨੂੰ ਨਹੀਂ ਖੋਲ੍ਹਿਆ। ਪਿਛਲੇ ਮਹੀਨੇ ਵੀ ਇਹੋ ਕੁਝ ਹੋਇਆ ਸੀ। ਉਦੋਂ ਸੁਨੀਤਾ ਕਚਹਿਰੀ ਗਈ ਸੀ। ਮੈਂ ਉਸ ਦੀ ਉਹ ਫਾਈਲ ਜਿਸ ਨੂੰ ਮੈਂ ਐਸ. ਕਾਲਜ ਦਾ ਨਾਂ ਦਿੱਤਾ ਸੀ-ਖੋਲ੍ਹਣ ਲਈ ਬੈਠੀ ਸੀ। ਪਰ ਆਰ. ਕਾਲਜ ਫਾਈਲ ਖੁੱਲ੍ਹ ਗਈ ਸੀ। ਸ਼ਾਇਦ ਅਜਿਹਾ ਦੋਵੇਂ ਅੱਖਰ ਕੋਲ-ਕੋਲ ਹੋਣ ਕਰਕੇ ਹੋਇਆ ਸੀ। ਮੈਨੂੰ ਦੋਹਾਂ ਦਾ ਭੁਲੇਖਾ ਪੈ ਜਾਂਦਾ। ਮੈਂ ਤਾਂ ਐਸ. ਕਾਲਜ ਇਸ ਕਰਕੇ ਖੋਲ੍ਹਣੀ ਸੀ ਤਾਂ ਕਿ ਮੈਂ ਉਸ ਦੇ ਕਾਲਜ ਦੇ ਦਿਨਾਂ ਦੀਆਂ ਦਿਲਚਸਪੀਆਂ ਨੂੰ ਦੇਖ ਸਕਾਂ। ਹੁੰਦਾ ਉਲਟ ਹੀ ਰਿਹਾ ਹੈ। ਜਿਸ ਮੈਂ ਭੁੱਲਾਉਣਾ ਚਾਹੁੰਦੀ ਹਾਂ-ਉਹ ਯਾਦ ਆ ਜਾਂਦਾ ਹੈ। ਜਿਸ ਨੂੰ ਮੈਂ ਯਾਦ ਰੱਖਣਾ ਹੁੰਦਾ ਹੈ-ਉਹ ਭੁੱਲ ਜਾਂਦਾ ਹੈ। ਪਿਛਲੇ ਸਾਲ ਤੋਂ ਇਹ ਆਪਸ 'ਚ ਗੁਥਮ-ਗੁੱਥਾ ਹੋ ਰਿਹਾ ਹੈ। ਮੇਰਾ ਮਨ ਵੀ ਉਲਝਦਾ ਜਾਂਦਾ ਹੈ। ਫੈਸਲਾ ਕਰਕੇ ਉਠਦੀ ਹਾਂ ਕਿ ਹੁਣ ਕੁਝ ਵੀ ਹੋ ਜਾਵੇ, ਮੈਂ ਮੁੜ ਕੇ ਇਥੇ ਨਹੀਂ ਬੈਠਣਾ। ਪਰ ਇਹ ਦੇ ਤੋਂ ਬਿਨਾਂ ਮੇਰਾ ਸਰਦਾ ਵੀ ਨਹੀਂ। ਅਸਲੀ ਦਿਮਾਗ ਖਤਮ ਹੋ ਰਿਹਾ ਹੈ। ਕੰਪਿਊਟਰ ਵਿਚਲਾ ਦਿਮਾਗ ਚੱਲ ਰਿਹਾ ਹੈ।

ਮਨ 'ਚ ਆਇਆ ਕਿ ਚਾਹ ਦਾ ਕੱਪ ਪੀਤਾ ਜਾਵੇ। ਹੁਣ ਮੈਥੋਂ ਇਥੇ ਬੈਠਿਆ ਨਹੀਂ ਜਾਣਾ। ਜਦੋਂ ਮੇਰਾ ਮਨ ਉਚਾਟ ਹੋ ਜਾਵੇ ਤਾਂ ਮੈਨੂੰ ਕੁਝ ਵੀ ਚੰਗਾ ਨਹੀਂ ਲੱਗਦਾ। ਫੇਰ ਮੈਂ ਇਸ ਕਮਰੇ 'ਚ ਵੜਨੋਂ ਗੁਰੇਜ਼ ਕਰਦੀ ਹਾਂ।..... ਮਸਾਂ ਮਸਾਂ ਆਪਣੇ ਆਪ ਨੂੰ ਉਠਾਲਿਆ। ਜਿਸਮ ਭਾਰਾ ਭਾਰਾ ਲੱਗਾ। ਐਦਾਂ ਦੇ ਵੇਲੇ ਮੈਨੂੰ ਚਾਹ ਸਕੂਨ ਦਿੰਦੀ ਹੈ। ਮਿੱਠਾ ਘੱਟ, ਦੁੱਧ ਘੱਟ ਤੇ ਪੱਤੀ ਤੇਜ਼। ਇਥੇ ਹੈ ਵੀ ਕੌਣ ਮੇਰਾ ਸਾਥ ਦੇਣਾ ਵਾਲਾ। ਸੁਨੀਤਾ ਨੇ ਸਿਰਫ਼ ਇਕ ਕੱਪ ਸਵੇਰ ਨੂੰ ਲੈਣਾ ਹੁੰਦਾ। ਮਿੱਠਾ ਤੇਜ਼, ਦੁੱਧ ਘੱਟ, ਪੱਤੀ ਘੱਟ। ਉਹ ਤਾਂ ਮੇਰੇ ਨਾਲ ਸੁਲਾਹ ਵੀ ਨਹੀਂ ਮਾਰਦੀ। ਸਾਡੀ ਚਾਹ ਦੀ ਸਾਂਝ ਕਈ ਸਾਲ ਪਹਿਲਾਂ ਖਤਮ ਹੋ ਗਈ ਸੀ। ਹੁਣ ਉਹ ਹੀ ਖਾਣਾ ਬਣਾਉਂਦੀ ਹੈ। ਮੈਥੋਂ ਮੇਰੀ ਪਸੰਦ ਜ਼ਰੂਰ ਪੁੱਛ ਲੈਂਦੀ ਹੈ। ਇਹ ਜਾਣਦਿਆਂ ਹੋਇਆਂ ਵੀ ਕਿ ਮੈਨੂੰ ਜੋ ਮਿਲ ਗਿਆ-ਮੈਂ ਖਾ ਲੈਂਦੀ ਹਾਂ। ਮੈਂ ਤਾਂ ਇਹ ਹੀ ਚਾਹੁੰਦੀ ਹਾਂ ਕਿ ਉਹ ਖ਼ੁਸ਼ ਰਹੇ। ਇਸੇ ਲਈ ਮੈਂ ਉਹਦੀ ਹਰੇਕ ਗੱਲ ਮੰਨ ਲੈਂਦੀ ਹਾਂ।



www.PunjabiLibrary.com

ਅਜਿਹਾ ਇਸ ਕਰਕੇ ਵੀ ਹੈ ਕਿ ਮੈਂ ਉਹ ਨੂੰ ਆਪਣੇ ਨਾਲੋਂ ਸਿਆਣੀ ਮੰਨ ਲਿਆ ਹੈ। ਮੈਨੂੰ ਆਪਣੀ ਧੀ 'ਤੇ ਅਥਾਹ ਵਿਸ਼ਵਾਸ ਹੈ। ਰਾਤ ਨੂੰ ਅਸੀਂ ਦੋ ਘੰਟੇ ਡਿਸਕਵਰੀ ਚੈਨਲ ਦੇਖਦੀਆਂ ਹਾਂ। ਇਨ੍ਹਾਂ ਬਾਰੇ ਵਿਚਾਰ-ਵਟਾਂਦਰਾ ਕਰਦੀਆਂ ਡਾਇਨਿੰਗ ਟੇਬਲ 'ਤੇ ਆ ਬੈਠਦੀਆਂ ਹਾਂ। ਉਹ ਬੋਲਣੋਂ ਨਾ ਹੱਟੇ ਤਾਂ ਵਾਰ -ਵਾਰ ਟੋਕਣਾ ਪੈਂਦਾ ਹੈ, "ਬੇਟੇ ਪਹਿਲਾਂ ਖਾਣਾ। ਸਾਰੀ ਰਾਤ ਆਪਣੀ। ਭਾਵੇਂ ਅੱਧੀ ਰਾਤ ਤਕ ਬੈਠੀ ਰਹੀਂ।" ਅਗੋਂ ਉਹ ਬਹੁਤ ਹੀ ਜ਼ਿਆਦਾ ਰੁੱਖੀ ਹੋ ਜਾਂਦੀ, "ਨ੍ਹੀਂ ਮੱਮ-ਤੁਹਾਡੀ ਰਾਤ ਤੁਹਾਡੇ ਕਮਰੇ ਲਈ। ਮੇਰੀ ਰਾਤ ਮੇਰੇ ਕਮਰੇ ਲਈ। ਮੈਨੂੰ ਕਿਸੇ ਦੂਜੇ ਦੀ ਦਖ਼ਲ-ਅੰਦਾਜ਼ੀ ਕਰਨੀ ਚੰਗੀ ਨ੍ਹੀਂ ਲੱਗਦੀ। ਮੈਂ ਤਾਂ ਤੁਹਾਨੂੰ ਕਿਹਾ ਸੀ ਕਿ ਮੈਨੂੰ ਅੱਡ ਹੀ ਰਹਿਣ ਦਿਓ। ਹੁਣ ਵੀ ਜੇ ਮੰਨੋ ਤਾਂ ਮੈਨੂੰ.....।" ਇਕ ਪਲ ਲਈ ਰੁਕਦੀ। ਆਪਣੀ ਕੁਰਸੀ ਮੇਰੇ ਕੋਲ ਖਿੱਚ ਲਿਆਉਂਦੀ। ਕਹਿੰਦੀ,"ਹੁਣ ਤੁਹਾਨੂੰ ਉਦੋਂ ਹੀ ਪਤਾ ਲੱਗਣਾ-ਜਦੋਂ ਮੈਂ ਆਪਣਾ ਵੱਖਰਾ ਕਮਰਾ ਲੈ ਲੈਣਾ ਤੇ ਤੁਹਾਡੇ ਕੋਲੋਂ ਚਰਨ ਪੁਆਉਣੇ। ਥੋੜ੍ਹਾ ਚਿਰ ਇੰਤਜ਼ਾਰ ਕਰੋ।" ਮੈਂ ਕੋਈ ਹੁੰਗਾਰਾ ਨਹੀਂ ਭਰਦਾ। ਇਸ ਕਰਕੇ ਕਿ ਕਿਤੇ ਇਹ ਵੀ ਮੈਨੂੰ ਡਰਾਵਾ ਤਾਂ ਨਹੀਂ ਦੇ ਰਹੀ। ਮੈਂ ਸੋਚਣ ਲੱਗ ਜਾਂਦੀ। ਇਸ ਦੇ ਬੁਲ੍ਹਾਂ 'ਚੋਂ ਇਹ ਸ਼ਬਦ ਨਿਕਲਦੇ-ਸਾਡੀ ਲੰਬੀ ਉਡਾਰੀ ਵੇ-ਅਸਾਂ ਹੁਣ ਉੱਡ ਜਾਣਾ। ਮੈਂ ਮਮਤਾ ਨਾਲ ਭਰ ਜਾਂਦੀ। ਉਸ ਦਾ ਮੱਥਾ ਚੁੰਮਦੀ। ਕਹਿੰਦੀ "ਜੋ ਤੈਨੂੰ ਚੰਗਾ ਲੱਗਦਾ ਕਰ ਲੈ।" ਉਹ ਮੈਨੂੰ ਘੁੱਟ ਕੇ ਜੱਫੀ ਪਾ ਲੈਂਦੀ ਹੈ। ਉਸ ਦੀਆਂ ਅੱਖਾਂ 'ਚ ਨਮੀ ਉਭਰਣ ਲੱਗਦੀ, "ਮੱਮ ਤੁਹਾਨੂੰ ਇੱਕਲਿਆਂ ਛੱਡਣਾ ਵੀ ਮੇਰੇ ਲਈ ਐਨਾ ਸੁਖਾਲਾ ਨ੍ਹੀਂ...।"

ਗੋਡਿਆਂ ਵਿਚ ਮੱਠਾ-ਮੱਠਾ ਦਰਦ ਉਠਿਆ ਸੀ। ਹੁਣ ਮੈਂ ਇਸ ਵੱਲ ਬਹੁਤਾ ਧਿਆਨ ਨਹੀਂ ਦਿੰਦੀ। ਪਹਿਲਾਂ ਡਰ ਗਈ ਸੀ ਕਿ ਕਿਤੇ ਗਠੀਆ ਹੀ ਨਾ ਹੋ ਜਾਵੇ। ਹਕੀਮ ਜੀ ਨੇ ਸਮਝਿਆ ਸੀ ਕਿ ਐਸੀ ਵੈਸੀ ਕੋਈ ਗੱਲ ਨਹੀਂ। ਆਪਣੀ ਡਾਈਟ ਵੱਲ ਧਿਆਨ ਦਿਓ। ਬਹੁਤਾ ਸੋਚਿਆ ਨਾ ਕਰੋ। ਸਵੇਰ ਸ਼ਾਮ ਨੂੰ ਲੰਬੀ ਸੈਰ ਕਰਿਆ ਕਰੋ। ਮੈਂ ਨਹੀਂ-ਸੁਨੀਤਾ ਨੇ ਮੇਰੀ ਡਾਈਟ ਵੱਲ ਉਚੇਚਾ ਧਿਆਨ ਦੇਣਾ ਸ਼ੁਰੂ ਕੀਤਾ ਸੀ। ਪਰ ਉਹ ਮੇਰਾ ਸੋਚਣਾ ਤਾਂ ਬੰਦ ਨਹੀਂ ਕਰਾ ਸਕਦੀ ਸੀ। ਮੈਥੋਂ ਇਕੱਲਿਆਂ ਜਾਇਆ ਨਹੀਂ ਜਾਂਦਾ। ਕੋਠੀ ਵਿਚਲੇ ਲਾਨ 'ਚ ਪੰਦਰਾਂ-ਵੀਹ ਗੇੜੇ ਕੱਢ ਲੈਂਦੀ। ਤਰੇਲਿਆ ਹੋਇਆ ਘਾਹ ਦੋ ਘੜੀਆਂ ਲਈ ਠੰਢਕ ਪਹੁੰਚਾਉਂਦਾ। ਹੰਭ ਜਾਂਦੀ ਤਾਂ ਬੈਂਚ 'ਤੇ ਡਿੱਗ ਹੀ ਪੈਂਦੀ।

ਚਾਹ ਦਾ ਕੱਪ ਮੁਕਾ ਕੇ ਗੇਟ ਤਕ ਆ ਗਈ। ਦੂਰ ਤਕ ਦੇਖਿਆ। ਫਜ਼ੂਲ ਜਿਹਾ ਲੱਗਾ। ਲੰਮੇ-ਲੰਮੇ ਸਾਹ ਲਏ। ਆਪਣਾ ਆਪਾ ਕੁਝ ਕੁ ਰੁਖ ਸਿਰ ਲੱਗਾ। ਖਿਆਲ ਫੇਰ ਸੁਨੀਤਾ ਵੱਲ ਚਲਾ ਗਿਆ। ਇਸ ਕਮਰੇ ਵੱਲ ਮੁੜ ਆਈ। ਪਹਿਲਾਂ ਇਹ ਚੰਦਰ ਮੋਹਨ ਦਾ ਕਮਰਾ ਸੀ। ਪੜ੍ਹਦਿਆਂ-ਲਿਖਦਿਆਂ ਉਹ ਨੂੰ ਇਕੱਲਤਾ ਪਸੰਦ ਸੀ। ਉਹ ਨੂੰ ਤਾਂ ਮੇਰਾ ਬੇਵਜ੍ਹਾ, ਆਉਣਾ ਵੀ ਚੰਗਾ ਨਹੀਂ ਲੱਗਦਾ ਸੀ। ਕਿੰਨਾ ਕੁਝ ਸੋਚ ਕੇ ਉਸ ਇਸ ਕੋਠੀ ਦੇ ਕੋਨੇ ਵਿਚ ਇਹ ਕਮਰਾ ਬਣਾਇਆ ਸੀ। ਜਿਵੇਂ ਕਿਸੇ ਲਾਇਬਰੇਰੀ ਦੇ ਬਾਹਰ ਨੇਮ ਪਲੇਟ ਜਾਂ ਕੋਈ ਬੋਰਡ ਲੱਗਾ ਹੁੰਦਾ ਹੈ-ਠੀਕ ਉਵੇਂ ਹੀ ਉਹ ਨੇ ਵੀ ਲਿਖਵਾ ਰੱਖਿਆ ਸੀ। ਮਾਈ ਸਟੱਡੀ-ਡੌਂਟ ਡਿਸਟਰਬ ਮੀ-ਚੰਦਰ ਮੋਹਨ। ਇਥੇ ਬੈਠੇ ਨੂੰ ਉਹਨੂੰ ਦਿੱਸ ਪੈਂਦਾ ਸੀ ਕਿ ਬਾਹਰੋਂ ਕੌਣ ਆ ਰਿਹਾ ਹੈ। ਉਹ ਨੇ ਇਥੇ ਅਜਿਹੀ ਘੰਟੀ ਲਗਵਾ ਰੱਖੀ ਸੀ ਜਿਹੜੀ



ਡਰਾਇੰਗ-ਰੂਮ ਨਾਲ ਅਟੈਚਡ ਸੀ। ਉਹਨੂੰ ਚਾਹ ਜਾਂ ਕੌਫੀ ਦੀ ਲੋੜ ਪੈਂਦੀ ਤਾਂ ਉਹ ਤਿੰਨ ਚਾਰ ਵਾਰ ਘੰਟੀ ਵਜਾਉਂਦਾ। ਜੇ ਕਿਸੇ ਹੋਰ ਚੀਜ਼ ਦੀ ਲੋੜ ਹੁੰਦੀ ਜਾਂ ਮੈਨੂੰ ਆਪਣੇ ਕੋਲ ਸੱਦਣਾ ਹੁੰਦਾ ਤਾਂ ਉਹ ਰੁੱਕ-ਰੁੱਕ ਕੇ ਸੱਤ ਵਾਰ ਘੰਟੀ ਵਜਾਉਂਦਾ। ਕੰਪਿਊਟਰ ਆ ਗਿਆ ਤਾਂ ਮੈਂ ਵੀ ਇਥੇ ਆ ਕੇ ਬੈਠਣ ਲੱਗੀ। ਪਹਿਲਾਂ ਪਹਿਲ ਗੇਮਾਂ ਨਾਲ ਖੇਡਦੀ ਸੀ-ਫੇਰ ਤਾਸ਼ ਦੇ ਪੱਤੇ ਮੇਲਨ ਲੱਗੀ। ਆਪਾ ਕੰਪੋਜ਼ ਕਰਨ ਲੱਗੀ। ਮੈਂ ਆਪਣੀਆਂ ਫਾਇਲਾਂ ਦਾ ਨਾਂ ਰਾਣੀ, ਰੀਨਾ, ਰੀਨ, ਰਨ, ਰਨਰ ਰੱਖਿਆ ਸੀ। ਚੰਦਰ ਮੋਹਨ ਨੇ ਮੈਨੂੰ ਹਦਾਇਤ ਕੀਤੀ ਸੀ ਕਿ ਮੈਂ ਉਹ ਦੀਆਂ ਫਾਇਲਾਂ ਨਾਲ ਛੇੜਛਾੜ ਨਾ ਕਰਾਂ। ਪਰ ਮੈਂ ਆਪਣਾ ਵਚਨ ਪੁਗਾ ਨਹੀਂ ਸਕੀ ਸੀ। ਇਹ ਮੈਥੋਂ ਅਚੇਤ ਹੀ ਹੋ ਜਾਂਦਾ ਸੀ। ਮੈਨੂੰ ਤਾਂ ਪਤਾ ਹੀ ਉਦੋਂ ਲੱਗਦਾ ਸੀ ਕਿ ਜਦੋਂ ਮੈਂ ਫਾਇਲ ਕੋਈ ਹੋਰ ਖੋਲ੍ਹਣੀ ਹੁੰਦੀ ਸੀ ਤੇ ਖੁੱਲ੍ਹ ਕੋਈ ਹੋਰ ਹੀ ਜਾਂਦੀ ਸੀ। ਮੈਂ ਪੜ੍ਹਨ ਲੱਗਦੀ। ਉਸ ਦੇ ਬਹੁਤੇ ਸਟੱਡੀ ਸੰਬੰਧੀ ਨੋਟਸ ਹੁੰਦੇ। ਫੇਰ ਫਾਈਲਾਂ ਐਨੀਆਂ ਹੋ ਗਈਆਂ ਸਨ ਕਿ ਮੈਂ ਆਪ ਇਨ੍ਹਾਂ 'ਚ ਉਲਝ ਗਈ । ਦੋ ਤਿੰਨ ਵਾਰ ਹੀ ਉਹ ਦੀ ਜ਼ਿੰਦਗੀ ਨਾਲ ਸੰਬੰਧਤ ਵੇਰਵੇ ਮਿਲੇ ਸਨ। ਕਾਲਜ 'ਚ ਦਾਖਲਾ ਲੈਂਦਿਆਂ ਸਾਰ ਹੀ ਸਨੀਤਾ ਵੀ ਕੰਪਿਊਟਰ ਅੱਗੇ ਬੈਠਣ ਲੱਗ ਪਈ ਸੀ।

ਹੈਂ ! ਹੁਣ ਇਹ ਫਾਇਲ ਖੁੱਲ੍ਹ ਗਈ।

......ਪੰਝੀ ਵਰ੍ਹੇ ਕੋਈ ਥੋੜ੍ਹਾ ਸਮਾਂ ਨਹੀਂ ਹੁੰਦਾ। ਇਨ੍ਹਾਂ ਵਰ੍ਹਿਆਂ ਵਿਚ ਮੈਂ ਟੁੱਟੀ, ਥਿੜ੍ਹਕੀ ਤੇ ਘੱਟੋ ਘੱਟ ਦਸ ਬਾਰਾਂ ਵਾਰ ਮੇਰੇ ਮਨ 'ਚ ਇਹ ਖਿਆਲ ਆਇਆ ਕਿ ਮੈਨੂੰ ਤਲਾਕ ਲੈ ਲੈਣਾ ਚਾਹੀਦਾ । ਇਸ ਤੋਂ ਬਿਨਾਂ ਕੋਈ ਦੂਜਾ ਚਾਰਾ ਨਹੀਂ। ਜ਼ਿੰਦਗੀ ਮੁੜ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਨਹੀਂ ਤਾਂ ਰੋਗ ਵਧਦੇ ਹੀ ਜਾਣੇ ਹਨ। ਚੰਦਰ ਮੋਹਨ ਨੇ ਕਿਹਾ ਸੀ ਕਿ ਮੈਨੂੰ ਸਾਈਕੋਲੋਜਿਸਟ ਕੋਲ ਜਾਣਾ ਚਾਹੀਦਾ। ਬਹੁਤੀਆਂ ਸੋਚਾਂ ਮਨ 'ਚ ਗੰਢਾਂ ਪੈਦਾ ਕਰਦੀਆਂ। ਮੈਂ ਉਹ ਨੂੰ ਇਹ ਕਹਿਣਾ ਚਾਹੁੰਦੀ ਸੀ ਕਿ ਨਹੀਂ-ਮੈਨੂੰ ਇਸ ਸਭ ਦੀ ਲੋੜ ਨਹੀਂ-ਉਹ ਆਪਣੇ ਲਈ ਜਾਵੇ। ਨਹੀਂ-ਮੈਂ ਉਹ ਨੂੰ ਲੈ ਕੇ ਜਾਵਾਂ। ਨਹੀਂ-ਇਹ ਵੀ ਨਹੀਂ-ਮੈਂ ਪਹਿਲਾਂ ਜਾ ਕੇ ਸਾਈਕੋਲੋਜਿਸਟ ਨੂੰ ਮਿਲਾਂ। ਉਹ ਨੂੰ ਕਹਾਂ ਕਿ ਮੇਰੇ ਬੈਠਿਆਂ-ਬੈਠਿਆਂ ਇਹ ਨੂੰ ਆਹ-ਆਹ ਸਵਾਲ ਅਵੱਸ਼ ਪੁੱਛਿਓ-ਤਲਾਕ ਵਾਲਾ ਵੀ। ਕਿ ਕੀ ਉਹ ਵੀ ਤਲਾਕ ਚਾਹੁੰਦਾ ਹੈ ? ਪਰ ਮੈਨੂੰ ਲੱਗਦਾ ਨਹੀਂ, ਉਹ ਅਜਿਹਾ ਕਦੇ ਨਹੀਂ ਸੋਚ ਸਕਦਾ। ਉਸ ਕਦੇ ਕੋਈ ਅਜਿਹਾ ਇਸ਼ਾਰਾ ਨਹੀਂ ਦਿੱਤਾ। ਉਸ ਤਾਂ ਪਹਿਲੇ ਇਸ਼ੂ ਵੇਲੇ ਮੈਨੂੰ ਅਬੌਰਸ਼ਨ ਨਹੀਂ ਕਰਾਉਣ ਦਿੱਤਾ ਸੀ। ਇਹ ਜਾਣਦਿਆਂ ਹੋਇਆਂ ਵੀ ਕਿ ਮੇਰੇ ਕੈਰੀਅਰ ਲਈ ਇਹ ਨੌਕਰੀ ਅਹਿਮ ਸੀ, "ਪਲੀਜ਼-ਮੈਨੂੰ ਰਿਜ਼ਲਟ ਦਾ ਇੰਤਜ਼ਾਰ ਤਾਂ ਕਰਨ ਦਿਓ। ਇਸ ਵਾਰੀ ਮੇਰੇ ਪੇਪਰ ਚੰਗੇ ਹੋਏ ਆ। ਮੈਂ ਅਵੱਸ਼ ਮੈਰਟ ਵਿਚ ਆਵਾਂਗੀ। ਮੈਨੂੰ ਇੰਨੀ ਜਲਦੀ ਬੱਚਾ ਨ੍ਹੀਂ ਚਾਹੀਦਾ। " ਉਸ ਦਾ ਕਹਿਣਾ ਸੀ, "ਪੇਪਰ ਦੋਬਾਰਾ ਵੀ ਦਿੱਤੇ ਜਾ ਸਕਦੇ ਆ। ਮੈਂ ਆਪਣਾ ਪਹਿਲਾ ਇਸ਼ੂ ਡਿਸਟਰਾਏ ਨ੍ਹੀਂ ਕਰਨਾ।" ਕੀ ਉਹ ਕੋਈ ਜਾਲ ਤਾਂ ਨਹੀਂ ਫੈਲਾ ਰਿਹਾ ਸੀ ? ਸ਼ੁਰੂ ਸ਼ੁਰੂ ਵਿਚ ਮੈਨੂੰ ਉਹ ਭੋਲਾ ਭਾਲਾ ਲੱਗਾ ਸੀ। ਹੁਣ ਨਹੀਂ।.....ਉਹ ਨੂੰ ਘਰ ਨਾਲ ਅੰਤਾਂ ਦਾ ਮੋਹ ਸੀ। ਉਹ ਦੀ ਇਹੋ ਇੱਛਾ ਹੁੰਦੀ ਸੀ ਕਿ ਉਹ ਹਰੇਕ ਮਹੀਨੇ ਦੀ ਟਿਊਸ਼ਨ ਵਰਕ ਤੋਂ ਹੋਈ ਕਮਾਈ ਨਾਲ ਕੋਈ ਨਾ ਕੋਈ ਚੀਜ਼ ਖਰੀਦ ਕੇ ਲਿਆਵੇ। ਮੈਂ



www.PunjabiLibrary.com

ਰੋਕਦੀ–ਟੋਕਦੀ। ਉਹ ਮੇਰੇ ਸਾਹਮਣੇ ਚੁੱਪ ਕਰ ਜਾਂਦਾ। ਪਰ ਉਸ ਤੋਂ ਰਿਹਾ ਨਾ ਜਾਂਦਾ। ਟੈਲੀਵਿਜ਼ਨ ਦਾ ਸ਼ੋਅਕੇਸ ਕਿਆ ਵਧੀਆ ਸੀ। ਅਜੇ ਛੇ ਕੁ ਮਹੀਨੇ ਪਹਿਲਾਂ ਤਾਂ ਬਦਲਿਆ ਸੀ। ਪਤਾ ਨਹੀਂ ਇਹ ਐਦਾਂ ਦਾ ਕਿੱਥੋਂ ਦੇਖ ਆਇਆ– ਇਹ ਨੇ ਆਹ ਵੇਚ ਦਿੱਤਾ ਸੀ। ਨਵਾਂ ਖਰੀਦ ਲਿਆਇਆ ਸੀ। ਮੈਂ ਉਹ ਨੂੰ ਕੀ ਕਹਿਣਾ ਸੀ। ਮੈਨੂੰ ਤਾਂ ਆਪ ਉਹ ਦੀ ਚੋਣ ਦੀ ਦਾਦ ਦੇਣੀ ਪੈਂਦੀ ਸੀ। ਉਹ ਕਿਸੇ ਨਾ ਕਿਸੇ ਕੰਮ ’ਚ ਆਪਣੇ ਆਪ ਨੂੰ ਉਲਝਾਈ ਰੱਖਦਾ। ਪੜ੍ਹਦਾ ਜਾਂ ਨੋਟਸ ਤਿਆਰ ਕਰਦਾ ਥੱਕ ਜਾਂਦਾ ਤਾਂ ਫੁੱਲਾਂ ਦੀਆਂ ਕਿਆਰੀਆਂ ਨੂੰ ਪਾਣੀ ਦੇਣ ਲੱਗ ਜਾਂਦਾ। ਫੇਰ ਮੈਂ ਆਪ ਘਰ ਬੰਨ੍ਹਣ ਲੱਗ ਪਈ ਸੀ ਕਿਉਂਜੁ ਕਈ ਸਾਲ ਮੈਨੂੰ ਇਹ ਖਦਸ਼ਾ ਰਿਹਾ ਸੀ ਕਿ ਕਿਤੇ ਸਾਡੇ ਸੰਬੰਧ ਖਤਮ ਹੋਣ ਵਾਲੀ ਸੀਮਾ ਨਾ ਪਾਰ ਕਰ ਜਾਣ। ਦਰਅਸਲ ਮੈਂ ਅੰਦਰ ਖਾਤੇ ਬਹੁਤ ਡਰ ਗਈ ਸੀ।

ਰੀਨ .ਪੀਐਮਪੰਜ।

.....‘ਸਮਾਜ ਇਕ ਸੰਸਥਾ’ ’ਤੇ ਮੇਰੇ ਨਾਲ ਬਹਿਸ ਕਰਦਿਆਂ ਚੰਦਰ ਮੋਹਨ ਨੇ ਕਿਹਾ,“ਵਿਆਹ ਵੀ ਇਕ ਤਰ੍ਹਾਂ ਨਾਲ ਸਮਝੌਤਾ ਹੁੰਦਾ। ਤੂੰ ਸੋਸ਼ਲ ਕੰਟ੍ਰੈਕਟ ਥਿਉਰੀ..... ?”

ਮੈਂ ਉਹ ਨੂੰ ਵਿਚਕਾਰੋਂ ਟੋਕਿਆ ਕਿਹਾ, “ਸਮਝੌਤਾ ਨ੍ਹੀਂ ਇਹ ਸਾਂਝ ਹੁੰਦੀ ਆ।”

“ਨ੍ਹੀਂ–ਮੇਰੀ ਸਰਕਾਰ ਪਹਿਲਾਂ ਸਮਝੌਤਾ ਹੁੰਦਾ। ਬਾਕੀ ਸਭ ਕੁਸ਼ ਛੱਡ ਦੇ। ਆਪਣੀ ਹੀ ਗੱਲ ਲੈ ਲੈ। ਇਹ ਆਪਣੀ ਸ਼ੁਰੂਆਤ ਆ। ਸ਼ਾਇਦ ਤੈਨੂੰ ਇਸ ਗੱਲ ਦਾ ਅਹਿਸਾਸ ਬਹੁਤ ਚਿਰ ਬਾਅਦ ਹੋਊ। ਪਹਿਲਾਂ ਸਮਝੌਤਾ ਹੁੰਦਾ। ਫੇਰ ਇਹ ਸਾਂਝ ਦਾ ਰੂਪ ਧਾਰ ਸਕਦਾ। ਇਹਦੇ ਬਾਰੇ ਹੁਣ ਤੋਂ ਕੁਸ਼ ਨ੍ਹੀਂ ਕਿਹਾ ਜਾ ਸਕਦਾ।”

ਮੈਂ ਆਪਣਾ ਫੈਸਲਾ ਸੁਣਾ ਦਿੱਤਾ, “ਮੈਂ ਤਾਂ ਇਹਨੂੰ ਸਾਂਝ ਹੀ ਮੰਨੀ ਬੈਠੀ ਆਂ।”

ਮੈਨੂੰ ਉਹਦੀਆਂ ਬਹੁਤੀਆਂ ਗੱਲਾਂ ਬੇਮੌਕਾ ਲੱਗਦੀਆਂ। ਕੋਈ ਹੋਰ ਸਮਾਂ ਹੁੰਦਾ ਤਾਂ ਮੈਂ ਉਸ ਨਾਲ ਸਿੰਙ ਫਸਾ ਲੈਣੇ ਸੀ। ਅਸੀਂ ਲਾਅਨ ’ਚ ਬੈਠੇ ਸੀ। ਸੂਰਜ ਦਾ ਗੋਲਾ ਕੁਝ ਜ਼ਿਆਦਾ ਹੀ ਲਾਲ ਹੁੰਦਾ ਜਾ ਰਿਹਾ ਸੀ। ਮੈਂ ਰਾਤ ਦਾ ਮਜ਼ਾ ਕਿਰਕਿਰਾ ਨਹੀਂ ਕਰਨਾ ਚਾਹੁੰਦੀ ਸੀ। ਏਸੇ ਕਰਕੇ ਮੈਂ ਇਸ ਵੇਲੇ ਉਹ ਦੀਆਂ ਕਈ ਗੱਲਾਂ ਨੂੰ ਅਣਸੁਣਿਆ ਕਰ ਦਿੱਤਾ ਸੀ। ਉਸ ਇਥੋਂ ਤਕ ਕਹਿ ਦਿੱਤਾ ਸੀ, “ਮੈਂ ਤੈਨੂੰ ਸੈਟਿਸਫਾਈ ਨ੍ਹੀਂ ਕਰਾ ਸਕਦਾ। ਤੂੰ ਪਿੱਛੇਂ ਕਿਉਂ ? ਤੂੰ ਚੰਗੀਆਂ ਭਲੀਆਂ ਗੱਲਾਂ ਕਰਦੀ ਕਰਦੀ ਵਿਚੇ ਆਪਣੀ ਇਗੋ ਵਾੜ ਦਿੰਨੀ ਆਂ। ਈਮੋਸ਼ਨਲ ਹੋ ਜਾਣੀ। ਮੈਂ ਮੰਨਦਾਂ, ਤੂੰ ਮੇਰੇ ਨਾਲੋਂ ਸਿਆਣੀ ਆਂ।” ਇਹ ਵੀ ਉਸ ਕੋਲ ਇਕ ਹਥਿਆਰ ਹੁੰਦਾ ਸੀ। ਇਹ ਨੂੰ ਕੀ ਕਹਾਂ ? ਈਗੋ ਮੇਰੀ ਹੈ ਜਾਂ ਉਹ ਦੀ ? ਕੀ ਕੋਈ ਬੰਦਾ ਈਗੋ ਤੋਂ ਬਿਨਾਂ ਵੀ ਰਹਿ ਸਕਦਾ ? ਮੁੱਢ ’ਚ ਜਿਹੜੀ ਸਾਂਝ ਸੀ, ਉਹ ਸਮਝੌਤਾ ਕਿਵੇਂ ਹੋ ਗਿਆ ?

ਰਾਣੀ ਏਐਮਦਸ।

ਆਦਿ ਪਰਵ ਵਿਚ ਸੂਰਜ ਕਹਿੰਦਾ ਹੈ, “ਹੇ ਕੁੰਤੀ ! ਕੰਨਿਆ ਸ਼ਬਦ ਦੀ ਉਤਪਤੀ ਕਰਮ ਧਾਤੂ ਤੋਂ ਹੋਈ ਜਿਸ ਦਾ ਅਰਥ ਹੈ–ਉਹ ਚਾਹੇ ਜਿਸ ਪੁਰਖ ਦੀ ਇੱਛਾ ਕਰ ਸਕਦੀ ਹੈ। ਕੰਨਿਆ ਸੁਤੰਤਰ ਹੈ। ਵਿਆਹ ਆਦਿ ਸੰਸਕਾਰ ਸਭ ਛੋਟੇ ਹਨ। ਮੇਰੇ ਨਾਲ ਸਮਾਗਮ ਕਰਨ ਤੋਂ ਬਾਅਦ ਵੀ ਤੂੰ ਕੰਨਿਆ ਹੀ ਰਹੇਂਗੀ।”........।



......ਲਾਵਾਂ ਹੋ ਰਹੀਆਂ ਸਨ। ਚੰਦਰ ਮੋਹਨ ਚੋਰ ਅੱਖ ਨਾਲ ਮੇਰੇ ਵੱਲ ਦੇਖ ਰਿਹਾ ਸੀ। ਮੈਂ ਵੀ ਉਹਦੇ ਨਾਲ ਨਜ਼ਰਾਂ ਮਿਲਾਈਆਂ ਸਨ। ਉਹ ਨੂੰ ਬੰਨ੍ਹੀ ਪਗੜੀ ਬਹੁਤ ਜੱਚ ਰਹੀ ਸੀ। ਗੋਰਾ ਨਿਸ਼ੋਹ ਰੰਗ। ਰਸਮਾਂ ਹੁੰਦੀਆਂ ਗਈਆਂ। ਮੈਂ ਬਿਲਕੁਲ ਘਬਰਾਈ ਨਾ। ਮੈਂ ਖੁਦ ਨੂੰ ਇਸ ਕਾਸੇ ਲਈ ਪਹਿਲਾਂ ਹੀ ਤਿਆਰ ਕਰ ਰੱਖਿਆ ਸੀ। ਇਕ ਦਿਨ ਸੁਨੀਲ ਨੇ ਕਿਹਾ ਸੀ, “ਰਾਣੀ–ਜਦੋਂ ਤੇਰੀ ਡੋਲੀ ਉਠੇਗੀ–ਤੂੰ ਚੀਕਾਂ ਮਾਰ ਕੇ ਰੋਏਂਗੀ। ਮੈਂ ਗੀਤ ਗਾਵਾਂਗਾ–‘ਬਾਬੁਲ ਮੋਰਾ ਘਰ ਛੂਟਾ ਜਾਏ ਰੇ।” “ਨ੍ਹੀਂ, ਮੈਂ ਨ੍ਹੀਂ ਰੋਵਾਂਗੀ ? ਮੈਂ ਜਾਣਦੀ ਆਂ ਕਿ ਇਕ ਦਿਨ ਮੈਂ ਇਹ ਘਰ ਛੱਡਣਾ ਹੀ ਆ। ਫੇਰ ਮੂਰਖਾਂ ਵਾਂਗ ਕਿਉਂ ਰੋਣਾ। ਮੇਰੇ ਨਾਲ ਵਿੱਟ ਲਾ ਲੈ। ਤੂੰ ਰੋਏਂਗਾ ਨਾ ਕਿ ਮੈਂ।” “ਮੈਂ...।” “ਹਾਂ ਤੂੰ...ਮੈਂ ਤਾਂ ਡੋਲੀ ਵਿਚ ਬੈਠਕੇ ਆਪਣੇ ਘਰੇ ਤੁਰ ਜਾਣਾ।” ਅਸੀਂ ਸ਼ਰਤ ਲਾ ਲਈ ਸੀ ਕਿ ਦੇਖੋ ਕੌਣ ਰੋਂਦਾ ਹੈ। ਮੈਂ ਕਈ ਵਿਆਹ ਅਟੈਂਡ ਕੀਤੇ ਸਨ। ਫੇਰ ਤਾਂ ਜਿਵੇਂ ਕਿਸੇ ਫ਼ਿਲਮ ਦਾ ਸੀਨ ਚਲਦਾ ਹੁੰਦਾ ਹੈ–ਇਹ ਸਭ ਕੁਝ ਵੀ ਉਸੇ ਤਰ੍ਹਾਂ ਦਾ ਹੁੰਦਾ ਲੱਗਾ ਸੀ। ਫਰਕ ਸੀ ਤਾਂ ਪੰਡਤ ਦੀ ਦਿੱਤੀ ਸਿੱਖਿਆ ਦਾ। ਮੈਂ ਇਕਾਗਰ ਚਿਤ ਹੋ ਕੇ ਸੁਣਨ ਲੱਗੀ ਸੀ “ਦੇਖ ਬਿਟਿਆ–ਪਤੀ ਕਾ ਘਰ ਹੀ ਤੇਰੀ ਅੰਤਮ ਮੰਜ਼ਲ ਹੈ। ਤੁਮਨੇ ਉਸ ਕੋ ਆਪਣਾ ਪ੍ਰਮਾਤਮਾ ਸਮਝਣਾ ਹੈ। ਉਸ ਕੀ ਰਜ਼ਾ ਮੇਂ ਰਾਜ਼ੀ ਰਹਿਣਾ ਹੈ। ਉਨਕੇ ਕਹੇ ਹੂਏ ਕੋ ਹੁਕਮ ਮਾਨਣਾ ਹੈ...।” ਉਨ੍ਹਾਂ ਕਈ ਕੁਝ ਹੋਰ ਵੀ ਦੱਸਿਆ ਸੀ। ਮੇਰੇ ਮਨ ’ਚ ਆਇਆ ਸੀ ਕਿ ਕੰਨਾਂ ’ਚ ਉਂਗਲਾਂ ਲੈ ਲਵਾਂ....ਉਸ ਰਾਤ ਚੰਦਰ ਮੋਹਨ ਦੀ ਘਬਰਾਹਟ, ਬੇਚੈਨੀ ਤੇ ਇਕਦਮ ਟਿਊਬ ਨੂੰ ਆਫ ਕਰਨਾ ਉਸ ਦੇ ਅਸੰਤੁਲਿਤ ਮਨ ਪ੍ਰਤੀ ਸ਼ੰਕਾ ਪੈਦਾ ਕਰਨ ਲੱਗੇ ਸਨ।

ਇਹ ਕੁਝ ਤਾਂ ਮੈਂ ਪਹਿਲੀ ਵਾਰ ਪੜ੍ਹ ਰਹੀ ਸੀ।

.... ਪਿਛਲੇ ਹਫਤੇ ਅਭਿਮਨੂੰ ਬਾਰੇ ਪੜ੍ਹ ਰਿਹਾ ਸੀ। ਕਈ ਅਜੀਬ ਗੱਲਾਂ ਦਾ ਪਤਾ ਲੱਗਾ। ਮੈਂ ਇਨ੍ਹਾਂ ਦਾ ਵਿਸ਼ਲੇਸ਼ਣ ਕਰਨ ਲੱਗਾ। ਫੇਰ ਇਹ ਨੂੰ ਛੱਡ ਆਪਣੇ ਵੱਲ ਤੁਰ ਪਿਆ। ਇਨ੍ਹਾਂ ਦਿਨ੍ਹਾਂ ਵਿਚ ਮੈਂ ਕੁਝ ਜ਼ਿਆਦਾ ਹੀ ਸੋਚਣ ਲੱਗਾ ਸੀ। ਜੜ੍ਹਾਂ ਫਰੋਲਣ ਤੱਕ ਜਾਣ ਲੱਗਾ ਸੀ। ਆ ਗਿਆ ਸੀ ਆਪਣੇ ’ਤੇ। ਡੈਡੀ ਨੇ ਦੂਜਾ ਵਿਆਹ ਕਰਵਾਇਆ ਸੀ। ਉਦੋਂ ਉਨ੍ਹਾਂ ਦੀ ਉਮਰ ਪੰਤਾਲੀ ਸਾਲਾਂ ਦੀ ਸੀ। ਮੰਮੀ ਦੀ ਸਿਰਫ ਵੀਹਾਂ ਸਾਲਾਂ ਦੀ। ਪਹਿਲਾਂ ਵੀ ਦੋ ਬੱਚੇ ਸਨ। ਵੱਡੀ ਭੈਣ ਜੀ ਦੀ ਉਮਰ ਤਾਂ ਮੰਮੀ ਜਿੰਨੀ ਹੋਣੀ। ਘਰ ਵਿਚ ਵਿਰੋਧ ਉਠਿਆ ਸੀ। ਬਗਾਵਤ ਹੋਈ ਸੀ। ਮੰਮੀ ਤੇ ਭੈਣ ਜੀ ਦੀ ਤਾਂ ਪਹਿਲੇ ਦਿਨ ਤੋਂ ਹੀ ਨਹੀਂ ਬਣੀ ਸੀ। ਮੰਮੀ ਟੈਨਸ਼ਨ ਵਿਚ ਰਹਿੰਦੇ ਸਨ। ਇਕ ਘਰ ਨੂੰ ਸੰਭਾਲਣਾ ਤੇ ਦੂਜਾ ਲੋਕਾਂ ਦੀਆਂ ਨਜ਼ਰਾਂ ਵਿਚ ਉੱਕਰੀ ਇਬਾਰਤ ਨੂੰ ਪੜ੍ਹਣਾ। ਉਹਨਾਂ ਲਈ ਇਹ ਦਿਨ ਬਹੁਤ ਯਾਚਨਾ ਭਰਪੂਰ ਸਨ। ਉਨ੍ਹਾਂ ਵਿਚ ਸਹਿਣ ਕਰਨ ਦੀ ਅਥਾਹ ਸ਼ਕਤੀ ਸੀ। ਉਹ ਡੈਡੀ ਜੀ ਨੂੰ ਕੀ–ਕੀ ਦੱਸਦੇ। ਡੈਡੀ ਜੀ ਵੀ ਦੋਹਰੀ ਮਾਰ ਝੱਲ ਰਹੇ ਸਨ। ਦਫ਼ਤਰ ਵਿਚ ਉਹਨਾਂ ਦੇ ਬੌਸ ਨੇ ਉਨ੍ਹਾਂ ਦੀ ਏ. ਸੀ. ਆਰ. ਮਾੜੀ ਲਿਖ ਦਿੱਤੀ ਸੀ ਕਿਉਂਜ ਉਨ੍ਹਾਂ ਨੇ ਬੌਸ ਦੇ ਦੋਸਤ ਦੇ ਟੈਂਡਰਾਂ ’ਤੇ ਅਬਜ਼ੈਕਸ਼ਨ ਲਾ ਦਿੱਤਾ ਸੀ। ਘਰੇ ਆਉਂਦੇ ਤਾਂ ਦਾਦੀ ਜੀ ਨੇ ਸ਼ਿਕਾਇਤਾਂ ਦਾ ਚਿੱਠਾ ਬਣਾ ਕੇ ਰੱਖਿਆ ਹੁੰਦਾ, ਜਿਸ ਵਿਚ ਮੁੱਖ ਗੱਲ ਇਹ ਹੁੰਦੀ ਕਿ ਰਾਣੀ ਬੱਚਿਆਂ ਨਾਲ ਫਰਕ ਕਰਦੀ। ਇਹ ਬੱਚਿਆਂ ਨਾਲ ਪਿਆਰ ਨਾਲ ਨਹੀਂ ਬੋਲਦੀ। ਆਪਦੇ ਕਮਰੇ ’ਚ



www.PunjabiLibrary.com

ਵੜੀ ਰਹਿੰਦੀ। ਘਰ ਦੇ ਕੰਮਾਂ ਵੱਲ ਧਿਆਨ ਨਹੀਂ ਦਿੰਦੀ। ਮੰਮੀ ਨੇ ਇਹ ਵੀ ਚਾਹਿਆ ਸੀ ਕਿ ਉਹ ਆਪਣਾ ਰੀਜ਼ਾਈਨ ਵਾਪਸ ਲੈ ਲਵੇ। ਸਮਾਂ ਪਿਆ ਸੀ। ਉਹ ਨੇ ਅਜੇ ਐਫੀਡੈਵਿਟ ਨਹੀਂ ਦਿੱਤਾ ਸੀ। ਕੋਈ ਹੋਰ ਵੀ ਬਹਾਨਾ ਬਣਾਇਆ ਜਾ ਸਕਦਾ ਸੀ। ਦਫ਼ਤਰ ਵਿਚ ਸੱਤ-ਅੱਠ ਘੰਟੇ ਚੰਗੇ ਬੀਤ ਜਾਣਗੇ। ਡੈਡੀ ਜੀ ਨਹੀਂ ਮੰਨੇ ਸਨ। ਉਹ ਆਪਣੇ ਥਾਂ ਸੱਚੇ ਸਨ ਕਿ ਘਰ ਨੂੰ ਕੌਣ ਸੰਭਾਲੇਗਾ। ਉਹ ਇਹ ਵੀ ਕਹਿ ਦਿੰਦੇ, "ਜਦੋਂ ਮੈਂ ਬੈਠਾਂ-ਫੇਰ ਤੂੰ ਕਿਉਂ ਘਬਰਾਉਂਦੀ ਆਂ। ਮੈਂ ਵਿਆਹ ਤੇਰੀ ਰਜ਼ਾਮੰਦੀ ਨਾਲ ਕਰਵਾਇਆ। ਤੈਨੂੰ ਸਾਰੀ ਸਿਚੂਏਸ਼ਨ ਦਾ ਪਤਾ। ਬੋਲਡ ਹੋ। ਮਾਤਾ ਜੀ ਪੁਰਾਣੇ ਖਿਆਲਾਂ ਦੇ ਆ। ਮੈਂ ਤੇ ਤੂੰ ਉਨ੍ਹਾਂ ਨੂੰ ਨ੍ਹੀਂ ਬਦਲ ਸਕਦੇ। ਕਾਂਤੋ ਨਾਲ ਤੂੰ ਮਾਂ ਵਾਲਾ ਨ੍ਹੀਂ ਸਹੇਲੀਆਂ ਵਾਲਾ ਵਰਤਾਉ ਕਰਿਆ ਕਰ....।" ਇਸ ਸਮੇਂ ਵਿਚ ਹੀ ਮੇਰਾ ਜਨਮ ਹੋਇਆ ਸੀ। ਮੇਰੀ ਆਮਦ ਨੂੰ ਚੰਗਾ ਨਹੀਂ ਸਮਝਿਆ ਗਿਆ। ਕੋਈ ਖ਼ੁਸ਼ੀ ਨਾ ਮਨਾਈ ਗਈ। ਦਾਦੀ ਜੀ ਨੇ ਲਡੂ ਵੀ ਨਹੀਂ ਵੰਡਣ ਦਿੱਤੇ ਸਨ। ਇਸ ਸਭ ਕਾਸੇ ਤੋਂ ਮੰਮੀ ਦੁਖੀ ਰਹਿੰਦੇ ਸਨ। ਉਨ੍ਹਾਂ ਦੇ ਵੱਸ ਵਿਚ ਕੁਝ ਨਹੀਂ ਸੀ। ਜੇ ਕੁਝ ਸੀ ਤਾਂ ਉਹ ਸੀ ਡੈਡੀ ਦਾ ਪਿਆਰ ਦੇ ਸਾਥ। ਡੈਡੀ ਨੇ ਉਨ੍ਹਾਂ ਨੂੰ ਕਦੇ ਡੋਲਣ ਨਾ ਦਿੱਤਾ। ਪਰ ਉਨ੍ਹਾਂ ਕਿਹੜਾ ਸਾਰਾ ਦਿਨ ਘਰੇ ਰਹਿਣਾ ਹੁੰਦਾ ਸੀ। ਫੇਰ ਗੱਲ ਇਥੋਂ ਤੱਕ ਵੀ ਆ ਪਹੁੰਚੀ ਸੀ ਕਿ ਦਾਦੀ ਜੀ ਤੇ ਭੈਣ ਜੀ ਨੇ ਮੰਮੀ ਨੂੰ ਬੁਲਾਉਣਾ ਛੱਡ ਦਿੱਤਾ ਸੀ।

..........................।

ਮੇਰੇ ਕੁਲੀਗ ਕਹਿੰਦੇ ਹਨ ਕਿ ਮੈਂ ਜਲਦੀ ਕਿਤੇ ਕੋਈ ਫੈਸਲਾ ਨਹੀਂ ਲੈ ਸਕਦਾ। ਮੈਂ ਤਾਂ ਦੂਜੇ ਦਾ ਇੰਤਜ਼ਾਰ ਕਰਦਾ ਕਿ ਅਗਲਾ ਇਸ ਬਾਰੇ ਆਪਣੀ ਕੀ ਪ੍ਰਤੀਕ੍ਰਿਆ ਦਿੰਦਾ। ਮੈਨੂੰ ਕਾਹਲੀ ਨਹੀਂ ਹੁੰਦੀ। ਕਾਹਲ 'ਚ ਲਏ ਫੈਸਲਿਆਂ ਨਾਲ ਨੁਕਸਾਨ ਹੀ ਹੁੰਦਾ ਹੈ। ਸ਼ਾਇਦ ਉਹ ਮੇਰੇ ਬਾਰੇ ਠੀਕ ਹੀ ਸੋਚਦੇ ਹੋਣ। ਪਰ ਮੈਂ ਕਦੇ ਗ਼ਲਤ ਕਦਮ ਨਹੀਂ ਚੁੱਕਿਆ।......ਮੈਂ ਰਾਣੀ ਨੂੰ ਇਹੋ ਕੁਝ ਸਮਝਿਆ ਸੀ।.....ਹੁਣ ਮੇਰੀ ਇਕੋ ਹੀ ਖਾਹਿਸ਼ ਹੈ ਕਿ ਸੁਨੀਤਾ ਐਮ. ਬੀ. ਏ. ਕਰ ਜਾਵੇ। ਉਹ ਆਪਣਾ ਸਾਥੀ ਆਪ ਚੁਣ ਲਵੇ। ਉਹ ਦੇ ਜ਼ਿੱਦੀ ਸੁਭਾਅ ਬਾਰੇ ਸੋਚਦਿਆਂ ਮੈਂ ਡਰ ਜਾਂਦਾ ਹਾਂ। ਇਹ ਬਿਗਾਨੇ ਘਰ ਜਾ ਕੇ ਆਪਣੇ ਨੂੰ ਕਿਵੇਂ ਅਡਜਸਟ ਕਰੇਗੀ। ਰਾਣੀ ਨੇ ਇਹ ਨੂੰ ਕੁਝ ਜ਼ਿਆਦਾ ਹੀ ਖੁੱਲ੍ਹਾਂ ਦੇ ਰੱਖੀਆਂ। ਮਾਂ-ਧੀ ਫੈਸਲਾ ਕਰ ਲੈਂਦੀਆਂ। ਮੈਨੂੰ ਬਾਅਦ ਵਿਚ ਸੂਚਿਤ ਕਰਦੀਆਂ।

ਨਿਰਾ ਝੂਠ। ਐਵੇਂ ਬਕਵਾਸ ਕਰਦਾ। ਮੈਂ ਕਿੰਨਾ ਕੁ ਚਿਰ ਬਰਦਾਸ਼ਤ ਕਰ ਸਕਦੀ ਸੀ। ਕਿਸੇ ਗੱਲ ਦੀ ਕੋਈ ਹੱਦ ਹੁੰਦੀ ਹੈ। ਮੈਥੋਂ ਅਗਾਂਹ ਪੜ੍ਹਿਆ ਨਾ ਗਿਆ। ਉਬਾਸੀਆਂ ਆਉਣ ਲੱਗੀਆਂ। ਮਾਊਸ 'ਤੇ ਉਂਗਲ ਦਾ ਦਬਾਉ ਘੱਟ ਗਿਆ। ਈ-ਮੇਲ ਹੀ ਖੋਲ੍ਹ ਕੇ ਨਾ ਦੇਖ ਲਵਾਂ। ਕੀ ਪਤਾ ਵਿਜੇ ਨੇ ਕੋਈ ਮੈਸੇਜ ਛੱਡਿਆ ਹੋਵੇ।.....ਇਥੇ ਤਾਂ ਡੀਅਰ ਮੱਮ ਹੀ ਆਇਆ। ਹੋ ਸਕਦਾ ਕਿ ਐਲਿਜਾ ਕੰਮ ਤੋਂ ਆ ਗਈ ਹੋਵੇ ਜਾਂ ਕੋਈ ਦੋਸਤ-ਮਿੱਤਰ ਮਿਲਣ ਆ ਗਿਆ ਹੋਵੇ। ਵਿਜੇ ਮੈਸੇਜ ਛੱਡਦਾ-ਛੱਡਦਾ ਉੱਠ ਖੜ੍ਹਿਆ ਹੋਵੇ। ਕੁਝ ਦਿਨ ਪਹਿਲਾਂ ਉਹ 'ਟਾਈਟੈਨਿਕ' ਬਾਰੇ ਗੱਲਾਂ ਕਰ ਰਿਹਾ ਸੀ। ਉਹ ਨੇ ਮੈਨੂੰ ਬਹੁਤ ਹੀ ਭੋਲੀ ਸਮਝ ਰੱਖਿਆ। ਉਹ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਇਧਰ ਕੇਬਲ 'ਤੇ ਕੀ-ਕੀ ਨਹੀਂ ਦਿਖਾਉਂਦੇ। ਇਧਰਲੀਆਂ ਅਖ਼ਬਾਰਾਂ ਕੀ-ਕੀ ਨਹੀਂ ਛਾਪਦੀਆਂ। ਇਧਰਲੇ ਲੋਕ ਹੁਣ ਇੰਨੇ



ਭੋਲੇ ਨਹੀਂ ਰਹੇ ਜਿੰਨਾ ਉਸ ਸਮਝ ਰੱਖਿਆ ਸੀ। ਚੰਗੇ ਭਲੇ 'ਟਾਈਟੈਨਿਕ' ਬਾਰੇ ਵੇਰਵੇ ਦਿੰਦਾ-ਦਿੰਦਾ ਕਹਿਣ ਲੱਗਾ-ਮੱਮ, ਉਹ ਮੰਦਰ ਹੈ ਨਾ। ਦੁਸਹਿਰਾ ਗਰਾਊਂਡ ਦੇ ਸਾਹਮਣੇ ਵਾਲਾ। ਉਹ ਦਾ ਕੀ ਨਾਂ ਹੈ ? ਮੈਨੂੰ ਚੇਤੇ ਨਹੀਂ ਆ ਰਿਹਾ। ਉਹ ਹੀ ਜਿਥੇ ਡੈਡੀ ਜੀ ਸਵੇਰ ਸ਼ਾਮ ਨੂੰ ਜਾਂਦੇ ਹੁੰਦੇ ਸੀ। ਤੁਸੀਂ ਵੀ ਜਾਂਦੇ ਹੁੰਦੇ ਸੀ। ਹੁਣ ਵੀ ਜਾਂਦੇ ਹੋਵੋਗੇ। ਕਲ੍ਹ ਮੇਰੇ ਮਨ 'ਚ ਖਿਆਲ ਆਇਆ ਕਿ ਇਹ ਦੇ ਵਿਹੜੇ 'ਚ ਚਿੱਟਾ ਸੰਗਮਰਮਰ ਲਾਇਆ ਜਾਵੇ। ਇਕ ਪਾਸੇ ਨੂੰ ਵੱਡਾ ਹਾਲ ਕਮਰਾ ਪਾਇਆ ਜਾਵੇ। ਤੁਸੀਂ ਕਿਸੇ ਆਰਕੀਟੈਕਟਰ ਕੋਲੋਂ ਇਹ ਦਾ ਅੰਦਾਜ਼ਾ ਲਗਵਾਓ ਕਿ ਕਿੰਨਾ ਕੁ ਖਰਚਾ ਆਵੇਗਾ । ਤੁਸੀਂ ਛੱਡੋ-ਤੁਹਾਡੇ ਕੋਲੋਂ ਇਹ ਨਹੀਂ ਹੋਣਾ। ਤੁਸੀਂ ਐਨਾ ਕੁ ਤਾਂ ਕਰ ਸਕਦੇ ਹੋ-ਟੈਲੀਫੋਨ ਕਰਕੇ ਜੀਜਾ ਸ਼੍ਰੀ ਨੂੰ ਬੁਲਾ ਲਓ। ਉਹ ਇਹ ਸਭ ਕੁਝ ਕਰ ਸਕਦੇ। ਉਨ੍ਹਾਂ ਨੂੰ ਕਹਿਣਾ ਕਿ ਪੈਸਿਆਂ ਦੀ ਬਚਤ ਕਰਨ ਬਾਰੇ ਨਾ ਸੋਚਣ। ਕੰਮ ਵਧੀਆ ਹੋਣਾ ਚਾਹੀਦਾ। ਮੈਂ ਤੁਹਾਨੂੰ ਪੈਸੇ ਭੇਜ ਦੇਵਾਂਗਾ। ਉਥੇ ਚਿੱਟੇ ਪੱਥਰ 'ਤੇ ਲਿਖਾ ਦੇਣਾ-ਵੱਲੋਂ ਚੰਦਰ ਮੋਹਨ ਸਪੁੱਤਰ ਬਲਦੇਵ ਰਾਜ ਸਪੁੱਤਰ ਸੁਖ ਚੰਦ ਜਰਗਰ।

ਮੈਂ ਇਹ ਦਾ ਕੋਈ ਜੁਆਬ ਨਾ ਦਿੱਤਾ। ਆਪ ਜਦੋਂ ਆਵੇਗਾ-ਜੋ ਮਰਜ਼ੀ ਕਰਾ ਲਵੇ। ਕਈ ਵਾਰ ਉਹਦੀਆਂ ਸਕੀਮਾਂ ਕੜ੍ਹੀ ਦੇ ਉਬਾਲ ਜਿਹੀਆਂ ਹੁੰਦੀਆਂ। ਛੇਤੀ ਭੁੱਲ ਜਾਂਦਾ। ਮੈਂ ਉਸ ਦੇ ਨਾਂ 'ਤੇ ਮੈਸੇਜ ਛੱਡਿਆ-ਤੇਰੇ ਡੈਡੀ ਦੀ ਬਰਸੀ ਵਿਚ ਦੋ ਮਹੀਨੇ ਰਹਿ ਗਏ। ਤੂੰ ਆ ਜਾਵੇਂ ਤਾਂ ਮੈਨੂੰ ਸੌਖ ਰਹੇਗੀ। ਮੈਂ ਤਾਂ ਕਿਸੇ ਠੇਕੇਦਾਰ ਨੂੰ ਸਾਰਾ ਕੰਮ ਸੰਭਾਲ ਦੇਣਾ। ਹੁਣ ਮੈਥੋਂ ਇਹ ਖਲਜਗਣ ਨਹੀਂ ਕੀਤਾ ਜਾਂਦਾ। ਅਗਾਂਹ ਕੀ ਲਿਖਾਂ ? ਇਹ ਦੇ ਬਾਰੇ ਮੈਨੂੰ ਕੁਝ ਨਹੀਂ ਸੁਝਿਆ। ....ਮੈਂ ਇਹ ਸਭ ਡਿਲੀਟ ਕਰ ਦਿੱਤਾ। ਨਵੇਂ ਸਿਰਿਉਂ ਕੀ-ਬੋਰਡ 'ਤੇ ਉਂਗਲਾਂ ਚਲਾਉਣ ਲੱਗੀ। ਸੁਨੀਤਾ ਦੇ ਮੁਕਦਮੇ ਦਾ ਫੈਸਲਾ ਜਲਦੀ ਹੋ ਜਾਣਾ । ਇਹ ਗੱਲ ਪੱਕੀ ਹੈ ਕਿ ਉਹ ਨੂੰ ਤਲਾਕ ਮਿਲ ਜਾਣਾ। ਉਸ ਆਪਣਾ ਮਨ ਬਣਾ ਰੱਖਿਆ ਕਿ ਉਹ ਰੀ-ਮੈਰਿਜ ਨਹੀਂ ਕਰੇਗੀ। ਸ਼ਾਇਦ ਇੱਕਲੀ ਹੀ ਰਹੇ। ਉਹ ਨੂੰ ਮੈਂ ਕਿਵੇਂ ਸਮਝਾਵਾਂ ਕਿ ਔਰਤ ਨੂੰ ਮਰਦ ਦੇ ਸਾਥ ਦੀ ਅਹਿਮ ਲੋੜ ਹੁੰਦੀ ਹੈ। ਤੂੰ ਹੀ ਉਹ ਨੂੰ ਸਮਝਾ ਜਾਂ ਕਿਸੇ ਤਰ੍ਹਾਂ ਆਪਣੇ ਕੋਲ ਬੁਲਾ ਲੈ। ਮੇਰਾ ਬਹੁਤਾ ਫਿਕਰ ਕਰਨ ਦੀ ਲੋੜ ਨਹੀਂ। ਮੈਨੂੰ ਇਕੱਲਿਆਂ ਜਿਊਣਾ ਆਉਂਦਾ ਹੈ। ਮੈਥੋਂ ਇਹ ਵੀ ਡਿਲੀਟ ਹੋ ਗਿਆ। ਮੈਂ ਤਾਂ ਉਹ ਨੂੰ ਇਕ ਵਾਰ ਵੀ ਨਹੀਂ ਦੱਸਿਆ ਸੀ ਕਿ ਸੁਨੀਤਾ ਨੇ ਤਲਾਕ ਦਾ ਕੇਸ ਕੀਤਾ ਹੋਇਆ। ਸੁਨੀਤਾ ਦਾ ਮੈਨੂੰ ਪਤਾ ਨਹੀਂ। ਮੈਨੂੰ ਕਿਹੜਾ ਉਹ ਸਭ ਕੁਝ ਦੱਸਦੀ।

ਐਸ ਵੇਲੇ ਕਿਹਦਾ ਫੋਨ ਹੋ ਸਕਦਾ ? ਉਠਦਿਆਂ ਮੈਂ ਕਿਆਸ ਲਾਉਣ ਲੱਗੀ। ਸੁਨੀਤਾ ਦਾ ਤਾਂ ਹੋ ਹੀ ਨਹੀਂ ਸਕਦਾ। ਉਹ ਦੇ ਫੋਨ ਬਾਅਦ ਦੁਪਹਿਰ ਨੂੰ ਹੀ ਆਉਂਦੇ ਸਨ। ਮੈਂ ਉਹ ਨੂੰ ਕਿਹਾ ਸੀ ਕਿ ਹਰ ਕਮਰੇ 'ਚ ਰੀਸੀਵਰ ਰੱਖਵਾ ਦੇਵੇ। ਮੈਥੋਂ ਵਾਰ-ਵਾਰ ਉਠਿਆ ਨਹੀਂ ਜਾਂਦਾ। ਉਹ ਦਾ ਜੁਆਬ ਸੀ, "ਮੱਮ ਟੈਲੀਫੋਨ ਡਰਾਇੰਗ ਰੂਮ ਵਿਚ ਹੀ ਪਿਆ ਰਹੇਗਾ। ਤੁਸੀਂ ਪੁੱਛੋ ਕਿਉਂ ? ਘੰਟੀ ਵੱਜੇਗੀ। ਤੁਸੀਂ ਉਠੋਗੇ। ਤੁਹਾਡੀ ਸੁਸਤੀ ਘਟੇਗੀ। ਕੁਸ਼ ਕਦਮ ਚੱਲੋਗੇ। ਵਾਪਸ ਆਉਗੇ। ਸਾਨੂੰ ਆਪਣੇ ਆਪਣੇ ਕਮਰੇ ਵਿਚ ਰੀਸੀਵਰ ਰੱਖਣ ਦੀ ਲੋੜ ਨ੍ਹੀਂ। ਵੂਈ ਆਰ ਈਕੁਅਲ।" ਕੀ ਪਤਾ ਸੁਨੀਲ ਦਾ ਹੀ ਹੋਵੇ ? ਇਹ ਮੌਕਾ



www.PunjabiLibrary.com

ਮੇਲ ਹੁੰਦਾ ਕਿ ਜਦੋਂ ਵੀ ਮੈਂ ਸੋਚਾਂ ਦੀਆਂ ਘੁੰਮਣਘੇਰੀਆਂ ਵਿਚ ਗੋਤੇ ਖਾਣ ਲੱਗਦੀ ਸੀ ਤਾਂ ਮੈਂ ਉਹ ਨੂੰ ਫੋਨ ਕਰਨ ਬਾਰੇ ਸੋਚਦੀ-ਅਗੋਂ ਉਹ ਦਾ ਫੋਨ ਆ ਜਾਂਦਾ। ਉਹ ਮੈਨੂੰ ਸਮਝੌਤੀਆਂ ਦਿੰਦਾ। ਉਮਰ 'ਚ ਮੈਥੋਂ ਛੋਟਾ ਸੀ ਪਰ ਬਜ਼ੁਰਗਾਂ ਵਾਂਗ ਕਹਿੰਦਾ, "ਤੁਸੀਂ ਆਪਣੀ ਜ਼ਿੰਦਗੀ ਦੀ ਇਕ ਰੁਟੀਨ ਬਣਾ ਲਉ। ਤੜਕੇ ਉਠਿਆ ਕਰੋ। ਲੰਬੀ ਸੈਰ ਨੂੰ ਨਿਕਲ ਜਾਇਆ ਕਰੋ। ਵਾਪਸੀ 'ਤੇ ਆ ਕੇ ਚਾਹ ਦਾ ਕੱਪ ਪੀਤਾ। ਅਖ਼ਬਾਰ ਪੜ੍ਹੀ। ਇਸ਼ਨਾਨ ਕੀਤਾ। ਮੰਦਰ ਗਏ। ਘੰਟਾ ਕੁ ਟੀ. ਵੀ. ਦੇਖਿਆ। ਸੌਂ ਲਿਆ ਜਾਂ ਸੁਸਤਾ ਲਿਆ। ਲੰਚ ਆਪ ਤਿਆਰ ਕੀਤਾ। ਦੇਖਿਉ-ਦਿਨ ਦਾ ਤੁਹਾਨੂੰ ਪਤਾ ਹੀ ਨ੍ਹੀਂ ਲੱਗਿਆ ਕਰਨਾ। ਤੁਸੀਂ ਆਪਣੀ ਪੜ੍ਹਨ ਦੀ ਰੁਚੀ ਵਧਾ ਲਉ। ਮੈਂ ਜਲਦੀ ਹੀ ਤੁਹਾਨੂੰ ਵਿਵੇਕਾਨੰਦ ਦਾ ਪੂਰਾ ਸੈਟ ਭੇਜ ਰਿਹਾਂ।"

ਇਹ ਤਾਂ ਸੁਨੀਤਾ ਬੋਲ ਰਹੀ ਸੀ, "ਮੱਮ-ਅੱਜ ਕਈ ਕੁਸ਼ ਹੋ ਗਿਆ। ਮੇਰੇ ਵਕੀਲ ਨੇ ਰਮੇਸ਼ ਨੂੰ ਵਗਲ ਲਿਆ। ਉਹਨੂੰ ਅਗੋਂ ਕੋਈ ਜੁਆਬ ਨਾ ਅਹੁੜਿਆ। ਜੱਜ ਨੇ ਵੀ ਉਹਦੀ ਲਾਹ-ਪਾਹ ਕਰਤੀ। ਮੈਨੂੰ ਜੱਜ 'ਤੇ ਗੁੱਸਾ ਆਇਆ। ਜਦੋਂ ਵਕੀਲ ਬਹਿਸ ਕਰ ਰਹੇ ਹੋਣ ਤਾਂ ਜੱਜ ਨੇ ਸਿਰਫ ਸੁਣਨਾ ਹੁੰਦਾ ਹੈ। ਕਮਰੇ ਵਿਚੋਂ ਬਾਹਰ ਨਿਕਲਦਿਆਂ ਹੀ ਮੈਂ ਰਮੇਸ਼ ਨੂੰ ਪੁੱਛਿਆ-ਕਿਉਂ ਨਾ ਚਾਹ ਦਾ ਕੱਪ ਪੀਤਾ ਜਾਵੇ? ਅਗੋਂ ਉਹਨੇ ਹਾਂ ਵਿਚ ਸਿਰ ਹਿਲਾ ਦਿੱਤਾ। ਮੈਂ ਉਹਦੀ ਕਾਰ ਵਿਚ ਬੈਠ ਕੇ ਸਕਾਈਲਾਰਕ ਵਿਚ ਆ ਗਈ। ਇਹ ਉਹ ਹੋਟਲ ਆ ਜਿਸ ਵਿਚ ਅਸੀਂ ਵਿਆਹ ਤੋਂ ਪਹਿਲਾਂ ਵੀ ਜਾਂਦੇ ਹੁੰਦੇ ਸੀ। ਬਾਅਦ ਵਿਚ ਹਰੇਕ ਸੈਚਰਡੇਅ ਨੇਮਬੱਧ ਜਾਂਦੇ ਰਹੇ। ਉਹੀ ਮੇਜ਼ ਸੀ। ਆਹਮਣੇ ਸਾਹਮਣੇ ਬੈਠੇ। ਗੱਲਾਂ ਕੀਤੀਆਂ। ਅਜੋਕੇ ਪਾਲਿਟਿਕਸ ਬਾਰੇ। ਨਾ ਤਾਂ ਉਸ ਮੈਥੋਂ ਮੇਰੇ ਬਾਰੇ ਪੁੱਛਿਆ। ਨਾ ਹੀ ਮੈਂ ਪੁੱਛਿਆ। ਉਠਣ ਲੱਗਿਆਂ ਉਸ ਬੜੀ ਹੀ ਨਿਮਰਤਾ ਨਾਲ ਕਿਹਾ, "ਪਲੀਜ਼-ਤੂੰ ਆਪ ਨਾ ਆਇਆ ਕਰ। ਤੇਰਾ ਵਕੀਲ ਕਾਸ ਲਈ ਆ। ਤੈਨੂੰ ਆਉਣ ਦੀ ਕੋਈ ਲੋੜ ਨ੍ਹੀਂ। ਮੈਨੂੰ ਇਹ ਚੰਗਾ ਨ੍ਹੀਂ ਲੱਗਦਾ। ਮੈਂ ਤਾਂ ਸਿਰਫ਼ ਇਸੇ ਕਰਕੇ ਹੀ ਆਉਣਾ ਕਿ ਚਲੋ ਕੁਸ਼ ਸਮਾਂ ਬਿਜ਼ੀ ਰਹਾਂਗਾ।" ਮੈਂ ਇਕ ਪਲ ਲਈ ਡੋਲ ਗਈ। ਅਗਲੇ ਪਲਾਂ 'ਚ ਮੈਂ ਖੁਦ ਨੂੰ ਸੰਭਾਲ ਲਿਆ। ਮੈਂ ਉਹ ਨੂੰ ਕਹਿ ਦਿੱਤਾ, "ਮੈਂ ਤਾਂ ਆਇਆ ਕਰੂੰਗੀ। ਮੈਨੂੰ ਆਉਣਾ ਚੰਗਾ ਲੱਗਦਾ। ਮੈਨੂੰ ਕਾਲਜੋਂ ਛੁੱਟੀ ਲੈ ਕੇ ਆਉਣਾ ਪੈਂਦਾ।" ਉਹ ਨੇ ਮੈਨੂੰ ਬਸ ਸਟੈਂਡ 'ਤੇ ਉਤਾਰ ਦਿੱਤਾ। ਮੈਂ ਪੰਜਾਹ ਕੁ ਫੁੱਟ ਦੂਰ ਜਾ ਕੇ ਦੇਖਿਆ ਤਾਂ ਉਹ ਕਾਰ ਕੋਲ ਖੜ੍ਹਾ ਮੇਰੇ ਵੱਲ ਦੇਖ ਰਿਹਾ ਸੀ।

ਤਾਰੀਕ ਵਾਲੇ ਦਿਨ ਸੁਨੀਤਾ ਨੂੰ ਚਾਅ ਚੜ੍ਹ ਜਾਂਦਾ ਸੀ। ਉਹ ਮੈਨੂੰ ਵਾਰ-ਵਾਰ ਪੁੱਛਦੀ ਕਿ ਉਹ ਕਲ੍ਹ ਨੂੰ ਕਿਹੜੀ ਸਾੜ੍ਹੀ ਪਹਿਣੇ। ਉਹ ਜਾਣ-ਬੁਝ ਕੇ ਪੁੱਛਦੀ ਸੀ। ਮੈਂ ਉਹ ਨੂੰ ਆਪਣੀ ਪਸੰਦ ਦੱਸਦੀ, "ਤੈਨੂੰ ਕਲ੍ਹ ਨੂੰ ਆਹ ਵਾਲੀ ਜਚੂ।" ਉਹ ਕਹਿੰਦੀ, "ਨ੍ਹੀਂ-ਇਹ ਰਮੇਸ਼ ਨੂੰ ਪਸੰਦ ਆ। ਮੈਂ ਇਹ ਨ੍ਹੀਂ ਪਾਉਣੀ।" "ਫੇਰ ਇਨ੍ਹਾਂ ਨੂੰ ਬਾਹਰ ਸੁੱਟ ਆ।" "ਪਰੌਂਪਰ ਸਮਾਂ ਆਉਣ 'ਤੇ ਇਹ ਵੀ ਹੋ ਜਾਊ।" ਉਹ ਨੇ ਰਮੇਸ਼ ਨੂੰ ਤੰਗ ਕਰਨਾ ਹੁੰਦਾ ਸੀ।

ਮੈਂ ਇਕ ਹੋਰ ਫਾਇਲ ਖੋਲ੍ਹ ਲਈ।

.....ਉਹ ਬੜਾ ਮਕਾਰ ਕਿਸਮ ਦਾ ਬੰਦਾ ਸੀ। ਮੇਰੇ ਕੋਲ ਹੁੰਦਿਆਂ ਹੋਇਆਂ ਵੀ ਗੈਰ-ਹਾਜ਼ਿਰ ਰਹਿੰਦਾ। ਪਰ ਉਹ ਇਸ ਗੱਲ ਦਾ ਆਭਾਸ ਲਾ ਹੋਣ ਦਿੰਦਾ। ਉਹ ਦੇਰ ਰਾਤ



ਤੱਕ ਟੀ. ਵੀ. ਦੇਖਦਾ ਜਾਂ ਬਦਲ-ਬਦਲ ਕੇ ਕੈਸਿਟਾਂ ਸੁਣਦਾ। ਉਸ ਦਾ ਮੂੰਹ ਮੇਰੇ ਵੱਲ ਹੁੰਦਾ। ਮੈਨੂੰ ਲੱਗਦਾ-ਉਹ ਸਾਰੇ ਦਾ ਸਾਰਾ ਮੇਰਾ ਹੈ। ਮੈਂ ਕਿਸੇ ਅਜਿਹੇ ਬੰਦੇ ਬਾਰੇ ਸੁਣਿਆ ਸੀ ਜੋ ਇਕੋ ਵੇਲੇ ਟੀ. ਵੀ. ਦੇਖ ਸਕਦਾ ਸੀ-ਤਾਸ਼ ਖੇਡ ਸਕਦਾ ਸੀ-ਸਿਗਰੇਟ ਪੀ ਸਕਦਾ ਸੀ-ਅਖ਼ਬਾਰ ਪੜ੍ਹ ਸਕਦਾ ਸੀ-ਗੱਲਾਂ ਦਾ ਹੁੰਗਾਰਾ ਭਰ ਸਕਦਾ ਸੀ - ਉਹ ਲਿਖ ਵੀ ਸਕਦਾ ਸੀ। ਕੀ ਚੰਦਰ ਮੋਹਨ ਉਸੇ ਦੀ ਕਾਰਬਨ ਕਾਪੀ ਤਾਂ ਨਹੀਂ ?

ਉਹ ਮੈਨੂੰ ਪਹਾੜਾਂ 'ਤੇ ਘੁੰਮਾਉਣ ਲੈ ਜਾਂਦਾ, ਪਾਰਟੀਆਂ 'ਤੇ ਨਾਲ ਲੈ ਜਾਂਦਾ। ਨਿੱਕੀ-ਨਿੱਕੀ ਗੱਲ ਲਈ ਵੀ ਮੇਰੀ ਸਲਾਹ ਪੁੱਛਦਾ। ਮੈਨੂੰ ਬਰੋਬਰ ਮਹਿਸੂਸ ਹੁੰਦਾ ਰਹਿੰਦਾ-ਉਹ ਤਾਂ ਕਿਸੇ ਬਹਰੂਪੀਏ ਦਾ ਵੱਡਾ ਭਾਈ ਸੀ। ਮੇਰਾ ਸ਼ੱਕ ਇਸ ਗੱਲੋਂ ਵੀ ਸੱਚ 'ਚ ਬਦਲਦਾ ਗਿਆ ਸੀ ਕਿ ਉਹ ਦੀ ਹਮੇਸ਼ਾ ਇਹੋ ਕੋਸ਼ਿਸ਼ ਰਹਿੰਦੀ ਸੀ ਕਿ ਮੈਨੂੰ ਕਿਸੇ ਵੀ ਰਿਸ਼ਤੇਦਾਰ ਦੇ ਨਾਲ ਨਾ ਲੈ ਜਾਇਆ ਜਾਵੇ। ਆਖ਼ਿਰ ਕਿਉਂ?........ਮੈਂ ਇਥੋਂ ਤੱਕ ਸੋਚ ਬੈਠੀ ਸੀ ਕਿ ਉਹ ਕਿਹੜੀ ਚੀਜ਼ ਸੀ ਜੋ ਸਾਨੂੰ ਆਪਸ ਵਿਚ ਜੋੜੀ ਬੈਠੀ ਸੀ? ਪਤੀ-ਪਤਨੀ ਦਾ ਰਿਸ਼ਤਾ ਸੀ? ਜਾਂ ਕਿ ਰਿਸ਼ਤੇਦਾਰਾਂ ਦਾ ਭੈਅ? ਹੋ ਸਕਦਾ ਸੀ ਕਿ ਇਸ 'ਚ ਰਿਸ਼ਤੇਦਾਰਾਂ ਦਾ ਭੈਅ ਹੋਵੇ। ਸਾਡੀ ਸਹਿਮਤੀ ਤੋਂ ਪਿੱਛੋਂ ਹੀ ਮੇਰੀ ਮਾਮੀ ਵਿਚੋਲਣ ਬਣੀ ਸੀ। ਚੰਦਰ ਮੋਹਨ ਨੂੰ ਬੱਚਿਆਂ ਨਾਲ ਅਥਾਹ ਪਿਆਰ ਸੀ। ਦੋ ਬੱਚੇ। ਉਨ੍ਹਾਂ ਦੇ ਨਾਂ ਵੀ ਉਹ ਨੇ ਰੱਖੇ ਸਨ। ਉਸ ਮੈਥੋਂ ਇਹ ਅਧਿਕਾਰ ਵੀ ਖੋਹ ਲਿਆ ਸੀ। ਉਹ ਦੱਸਦਾ, "ਮੈਂ ਤਾਂ ਕਾਲਜ ਵਿਚ ਪੜ੍ਹਦਿਆਂ ਆਪਣੇ ਬੇਟੇ ਦਾ ਨਾਂ ਵਿਜੇ ਤੇ ਬੇਟੀ ਦਾ ਨਾਂ ਸੁਨੀਤਾ ਰੱਖ ਲਿਆ ਸੀ। ਪਲੀਜ਼ ਇਹਨੂੰ ਬਦਲੀ ਨਾ। ਇਹਨੂੰ ਮੇਰੀ ਮਜਬੂਰੀ ਹੀ ਸਮਝ ਲੈ।" ਮੈਨੂੰ ਲੱਗਾ ਸੀ ਕਿ ਮੇਰੇ ਨਾਲੋਂ ਪਹਿਲਾਂ ਬੱਚਿਆਂ ਦਾ ਅਧਿਕਾਰ ਉਸੇ ਨੂੰ ਹੈ।

ਕਦੀ-ਕਦੀ ਮੈਨੂੰ ਲੱਗਦਾ ਕਿ ਚੰਦਰ ਮੋਹਨ ਨੇ ਮੈਨੂੰ ਅਪਣਾ ਲਿਆ ਸੀ।

ਬੈਠਿਆਂ-ਬੈਠਿਆਂ ਮੇਰੇ ਗੋਡੇ ਆਕੜਨ ਲੱਗੇ। ਮਨ ਕਾਹਲਾ ਪੈਣ ਲੱਗਾ। ਹੁਣ ਲੰਬੀਆਂ ਤਾਣ ਕੇ ਸੌਂ ਜਾਵਾਂ। ਫੇਰ ਮੰਦਿਰ ਜਾਣ ਦਾ ਸਮਾਂ ਹੋ ਜਾਣਾ। ਮੈਂ ਕਾਹਲੀ-ਕਾਹਲੀ ਫਾਇਲਾਂ ਫਰੋਲਣ ਲੱਗੀ। ਸਿਰਫ਼ ਪਹਿਲੀਆਂ ਸੱਤਰਾਂ ਪੜ੍ਹ ਕੇ ਅਗਲੀ ਫਾਈਲ ਖੋਲ੍ਹ ਲੈਂਦੀ।

....ਮੈਂ ਜਲਦੀ ਮਰਨਾ ਚਾਹੁੰਦਾ ਹਾਂ। ਇਸ ਦੁਨੀਆਂ ਤੋਂ ਉਪਰਾਮ ਹੋ ਗਿਆ ਹਾਂ। ਕਿਉਂ ਨਾ ਖੁਦਕੁਸ਼ੀ ਹੀ ਕਰ ਲਵਾਂ। ਪਰ ਮੈਥੋਂ ਆਹ ਨਹੀਂ ਹੋਣਾ। ਮੈਂ ਕੁਦਰਤੀ ਮੌਤ ਮਰਾਂਗਾ। ਜਲਦੀ। .......ਮੈਨੂੰ ਸੁਤ-ਉਨੀਂਦਰੇ 'ਚ ਅਜਿਹਾ ਭੁਲੇਖਾ ਪੈਂਦਾ ਰਹਿੰਦਾ ਕਿ ਮੈਂ ਕਿਸੇ ਦੁਰਘਟਨਾ ਦਾ ਸ਼ਿਕਾਰ ਹੋ ਗਿਆ ਹਾਂ।.....

ਉਹ ਦੁਰਘਟਨਾ ਦਾ ਹੀ ਸ਼ਿਕਾਰ ਹੋਇਆ ਸੀ। ਇਹ ਦੁਰਘਟਨਾ ਵੀ ਉਸ ਆਪ ਸਹੇੜੀ ਸੀ।

ਮੇਰਾ ਸਿਰ ਭਾਰਾ-ਭਾਰਾ ਹੋਣ ਲੱਗਾ। ਮੈਥੋਂ ਕੰਪਿਊਟਰ ਦੇ ਸਾਹਮਣਿਉਂ ਉਠਿਆ ਵੀ ਨਹੀਂ ਗਿਆ। ਸਭ ਕੁਝ ਦੁਬਾਰਾ ਤੋਂ ਪੜ੍ਹਨ ਦੀ ਲਾਲਸਾ ਵਧਦੀ ਹੀ ਜਾ ਰਹੀ ਸੀ। ਸਭ ਕੁਝ ਅੱਜ ਹੀ ਦੇਖ ਲਾਂ। ਸਭ ਕੁਝ ਅੱਜ ਹੀ ਜਾਣ ਲਵਾਂ।

ਇਨ੍ਹਾਂ ਸ਼ਬਦਾਂ 'ਤੇ ਆ ਕੇ ਮੇਰੀਆਂ ਨਜ਼ਰਾਂ ਗੱਡੀਆਂ ਹੀ ਗਈਆਂ। ਮੈਂ ਅਠਾਰਾਂ



www.PunjabiLibrary.com

ਪਵਾਇੰਟ ਕਰ ਦਿੱਤਾ।

ਮੋਨੀਟਰ 'ਤੇ ਅੱਖਰ ਚਮਕਣ ਲੱਗੇ : ਮੈਂ ਵਿਆਹ ਤੋਂ ਪਹਿਲਾਂ ਕੁਆਰੀ ਨਹੀਂ ਰਹੀ ਸੀ। ਤੁਸੀਂ ਵੀ ਆਪਣੀ ਫਾਇਲ 'ਚ ਇਹ ਸਤਰਾਂ ਸਟੋਰ ਕੀਤੀਆਂ ਹੋਈਆਂ। ਮੈਂ ਵੀ ਕਰ ਰੱਖੀਆਂ। ਪਤਾ ਨਹੀਂ ਤੁਹਾਨੂੰ ਇਸ ਗੱਲ ਦਾ ਪਤਾ ਹੈ ਕਿ ਨਹੀਂ। ਸ਼ਾਇਦ ਇਸੇ ਕਰਕੇ ਡੈਡੀ ਨੇ ਤਮਾਮ ਉਮਰ ਤੁਹਾਨੂੰ ਅਪਣਾਇਆ ਨਹੀਂ। ਮੈਂ ਤੁਹਾਨੂੰ ਕਹਿੰਦੀ ਹੁੰਦੀ ਸਾਂ-ਵੂ ਆਰ ਈਕੁਅਲ। ਹੈ ਨਾ....???



# ਜ਼ਹਿਰ

ਮੈਂ ਤਾਂ ਮਜਬੂਰੀਵਸ ਹੀ ਉਸ ਨੂੰ ਮਿਲਣ ਗਿਆ ਸੀ।

ਮੈਂ ਉਹ ਦੀ ਕੋਈ ਬਹੁਤੀ ਇੱਜ਼ਤ ਨਹੀਂ ਕਰਦਾਂ। ਜੇ ਸੱਚ ਬੋਲਾਂ ਤਾਂ ਹੁਣ ਤਕ ਮੈਂ ਉਹ ਨੂੰ ਨਫ਼ਰਤ ਹੀ ਕਰਦਾ ਆਇਆਂ। ਇਸ ਨਫ਼ਰਤ ਨੇ ਭੂਆ ਈਸ਼ਰੀ ਦੇ ਵਿਆਹ ਤੋਂ ਬਾਅਦ ਆਪਣੀ ਚਰਮ ਸੀਮਾ ਨੂੰ ਛੂਹ ਲਿਆ ਸੀ। ਉਹ ਦੀ ਸ਼ਕਲ-ਸੂਰਤ, ਪਹਿਰਾਵਾ ਦੇਖ ਕੇ ਮੈਨੂੰ ਖਿਝ ਚੜ੍ਹਦੀ । ਜੇ ਕੋਈ ਨੁਕਤਾ ਨਗਾਹ ਸੀ ਜਾਂ ਹੈ ਤਾਂ ਉਹ ਇਹ ਹੈ ਕਿ ਉਹ ਮੇਰੇ ਭਾਪਾ ਜੀ ਦਾ ਹਮਉਮਰ ਹੈ। ਹਮਉਮਰ ਜਮ੍ਹਾਂ ਹਮਰਾਜ਼। ਕਈ ਨਵੀਆਂ ਗੱਲਾਂ, ਜਿਨ੍ਹਾਂ ਦਾ ਮੈਨੂੰ ਕਦੇ ਚਿਤ-ਚੇਤਾ ਵੀ ਨਹੀਂ ਰਿਹਾ ਜਾਂ ਕਿਸੇ ਸਮੇਂ ਮੇਰੇ ਲਈ ਅਹਿਮ ਨਹੀਂ ਰਹੀਆਂ-ਦਾ ਵੀ ਉਸ ਤੋਂ ਪਤਾ ਲੱਗਾ ਹੈ।

ਬੀਬੀ ਜੀ ਨੇ ਚਾਹ ਦੇ ਕੱਪ ਨੂੰ ਖਾਲੀ ਹੁੰਦਿਆਂ ਤੀਕ ਮੇਰਾ ਇੰਤਜ਼ਾਰ ਕੀਤਾ। ਉਨ੍ਹਾਂ ਆਪਣਾ ਹੁਕਮ ਸੁਣਾ ਦਿੱਤਾ, "ਐਤਕਾਂ ਮੈਂ ਤੇਰਾ ਕੋਈ ਬਹਾਨਾ ਨ੍ਹੀਂ ਸੁਣਨਾ। ਤੂੰ ਵੱਡਾ ਆਫੀਸਰ ਹੈਂ ਤਾਂ ਆਪਣੇ ਸ਼ਹਿਰ ਲਈ ਹੋਵੇਂਗਾ। ਜਿੰਨੀ ਮੈਂ ਤੈਨੂੰ ਢਿੱਲ ਦਿੱਤੀ ਉੱਨਾ ਹੀ ਤੂੰ ਮੋਹ-ਖੋਰਾ ਹੁੰਦਾ ਜਾਨਾਂ। ਤੂੰ ਪਹਿਲਾਂ ਕੰਮ ਇਹ ਕਰ-ਆਪਣੇ ਤਾਏ ਦਾ ਪਤਾ ਲੈ ਕੇ ਆ। ਜਿੰਨੀ ਵਾਰੀ ਵੀ ਜੋਗਿੰਦਰ ਜਾਂ ਸਤਿਆ ਮਿਲਦੀ ਆ-ਤੇਰਾ ਜ਼ਰੂਰ ਪੁੱਛਦੇ ਹੁੰਦੇ। ਹੁਣ ਤੇਰੇ ਤਾਏ ਦਾ ਦਿਮਾਗ ਠੀਕ ਨ੍ਹੀਂ ਰਹਿੰਦਾ। ਚੰਗੀਆਂ ਭਾਲੀਆਂ ਗੱਲਾਂ ਕਰਦਾ ਕਰਦਾ ਪਤਾ ਨ੍ਹੀਂ ਲੱਗਦਾ ਹੋਰ ਹੀ ਤਰ੍ਹਾਂ ਦਾ-ਕੀ ਦਾ ਕੀ ਬੋਲਣ ਲੱਗ ਜਾਂਦਾ।"

ਉਹ ਦੇ ਖੂਹ 'ਤੇ ਜਾਣਾ ਕਿਹੜਾ ਸੌਖਾਲਾ ਸੀ। ਮਾਰੂਤੀ ਫਕੀਰ ਕਿਆਂ ਦੀ ਮੋਟਰ ਤਕ ਜਾ ਸਕਦੀ। ਅਗੋਂ ਰੇਤਲਾ ਰਾਹ ਸ਼ੁਰੂ ਹੋ ਜਾਂਦਾ। ਬੰਦਾ ਤੁਰ ਕੇ ਜਾਵੇ ਜਾਂ ਕਿਸੇ ਆਂਢੀ-ਗੁਆਂਢੀ ਦਾ ਸਕੂਟਰ ਮੰਗੇ।.........???........। ਮੈਨੂੰ ਸਕੂਟਰ ਮੰਗਣ ਦੀ ਲੋੜ ਹੀ ਨਾ ਪਈ। ਉਦੋਂ ਹੀ ਕਾਕਾ ਮਿਲਣ ਆਇਆ। ਮੇਰੇ ਉਹ ਲਈ ਆਪਣਾ ਸਕੂਟਰ ਛੱਡ ਗਿਆ।

ਮੈਂ ਜਾਣ ਦੀ ਕੀਤੀ ਸੀ। ਨਾ ਜਾਂਦਾ ਤਾਂ ਬੀਬੀ ਜੀ ਦਾ ਲੈਕਚਰ ਸਿਖਿਆਦਾਇਕ ਹੁੰਦਾ ਜਾਣਾ ਸੀ। ਮੈਨੂੰ ਕੋਈ ਜ਼ਿਆਦਾ ਬੋਲਦਾ ਚੰਗਾ ਨਹੀਂ ਲੱਗਦਾ। ਇਸ ਮਾਮਲੇ 'ਚ ਬੀਬੀ ਜੀ ਵੀ ਚੰਗੇ ਨਹੀਂ ਲੱਗਦੇ। ਕਈ ਵਾਰ ਐਦਾਂ ਹੁੰਦਾ ਰਿਹਾ ਕਿ ਉਹ ਆਪਣੀ ਗੱਲ ਕਰਦੇ ਜਾਂਦੇ। ਮੈਂ ਗੱਲ 'ਚੋਂ ਗੈਰ-ਹਾਜ਼ਿਰ ਹੋਣ ਲਈ ਕੁਝ ਹੋਰ ਹੀ ਸੋਚਣ ਲੱਗ ਪੈਂਦਾ। ਉਹ ਖਿਝ ਕੇ ਬੋਲਦੇ, "ਮੇਰੀ ਗੱਲ ਸੁਣਦਾ ਵੀ ਆਂ-ਮੈਂ ਕੁੱਤਿਆਂ ਵਾਂਗੂੰ ਕੀ ਭੌਂਕੀ ਜਾਣੀ



www.PunjabiLibrary.com

ਆਂ....।"

ਪਹਿਲਾਂ ਮੈਂ ਕਾਲਜ 'ਚ ਛੁੱਟੀਆਂ ਦੌਰਾਨ ਪਿੰਡ ਆਉਂਦਾ ਸੀ। ਉਸ ਤੋਂ ਮਗਰੋਂ ਪੀ. ਸੀ. ਐਸ. ਦੇ ਪੇਪਰ ਦੇ ਕੇ ਆਇਆ ਸੀ। ਉਨ੍ਹੀਂ ਦਿਨੀਂ ਉਹ ਮੇਰੇ ਕੋਲੋਂ ਮੈਗਜੀਨ ਤੇ ਅਖ਼ਬਾਰਾਂ ਲੈਣ ਆਉਂਦਾ ਹੁੰਦਾ ਸੀ। ਆਉਂਦਾ ਤਾਂ ਉਹ ਭਾਪਾ ਜੀ ਨੂੰ ਮਿਲਣ ਸੀ। ਵਾਪਸੀ 'ਤੇ ਮੇਰੀ ਬੈਠਕ 'ਚ ਆ ਜਾਂਦਾ ਸੀ। ਕਦੇ-ਕਦੇ ਮੈਂ ਇਹ ਮਹਿਸੂਸ ਕਰਦਾ ਕਿ ਜਿਵੇਂ ਉਹ ਕਈ ਵਿਸ਼ਿਆਂ 'ਤੇ ਮੇਰੀ ਰਾਇ ਜਾਣਨਾ ਚਾਹੁੰਦਾ ਹੋਵੇ ਜਾਂ ਕਿਸੇ ਵਿਸ਼ੇ 'ਤੇ ਮੇਰੇ ਨਾਲ ਬਹਿਸ ਕਰਨਾ ਚਾਹੁੰਦਾ ਹੋਵੇ। ਪਰ ਮੈਂ ਤਾਂ ਉਹ ਦੇ ਬਾਰੇ ਇਹ ਧਾਰਣਾ ਬਣਾ ਲਈ ਸੀ ਕਿ ਇਸ ਨਾਲ ਬਹਿਸ ਕਰਨੀ ਭੈਂਸ ਅੱਗੇ ਬੀਨ ਵਜਾਉਣ ਦੇ ਬਰਾਬਰ ਹੈ। ਇਹ ਨੂੰ ਕੀ ਪਤਾ ਬਿਲ ਕਲਿੰਟਨ ਅੱਜ ਕਲ੍ਹ ਦੱਖਣੀ ਏਸ਼ੀਆ ਵਿਚ ਕਿਹੜੀ ਪਾਲਿਸੀ ਖੇਡ ਰਿਹਾ । ਇਹ ਨੇ ਤਾਂ ਗੁਰਬਾਚੋਵ ਦਾ ਨਾਂ ਵੀ ਨਹੀਂ ਸੁਣਿਆ ਹੋਣਾ। ਇਹ ਨੂੰ ਇਹ ਨਹੀਂ ਪਤਾ ਹੋਣਾ ਕਿ ਡਾਰਵਿਨ ਦੀ ਇਵੇਲੂਏਸ਼ਨ ਥਿਊਰੀ ਨੇ ਦੁਨੀਆ ਨੂੰ ਕਿੰਨਾ ਕੁ ਹਲੂਣਾ ਦਿੱਤਾ ਸੀ। ਇੰਟਰਨੈਟ । ਗਲੋਬਾਲਾਈਜ਼ੇਸ਼ਨ।। ਭੇਡ ਦਾ ਕਲੋਨ। ਥੋੜ੍ਹੇ ਸਾਲਾਂ 'ਚ ਕਿੰਨਾ ਕੁਝ ਬਦਲ ਗਿਆ ਸੀ। ਮੈਂ ਇਹ ਦੇ ਨਾਲ -ਨਾਲ ਤੁਰ ਰਿਹਾ ਸੀ। ਇਸੇ ਲਈ ਮੈਂ ਉਹ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਆਪਣੇ ਅੰਦਾਜ਼ੇ ਮੁਤਾਬਕ ਉਹ ਨੂੰ ਜੋ-ਜੋ ਚਾਹੀਦਾ ਹੁੰਦਾ, ਫੜਾਉਣ ਦੀ ਕਰਦਾ ਤਾਂ ਕਿ ਉਹ ਚਲਿਆ ਜਾਵੇ। ਉਹ ਮੈਗਜ਼ੀਨ ਤੇ ਪੁਰਾਣੀਆਂ ਅਖ਼ਬਾਰਾਂ ਲੈ ਜਾਂਦਾ। ਦੋ ਚਹੁੰ ਦਿਨਾਂ ਬਾਅਦ ਜੋਗਿੰਦਰ ਦੇ ਹੱਥੀਂ ਵਾਪਸ ਭੇਜ ਦਿੰਦਾ। ਮੈਨੂੰ ਸਿਰਫ਼ ਉਹ ਦੀ ਇਹੋ ਆਦਤ ਪਸੰਦ ਸੀ। ਐਦਾਂ ਹੀ ਉਹ ਇਕ ਦਿਨ ਮੇਰੇ ਕੋਲ ਆਇਆ ਬੈਠਾ ਸੀ ਤਾਂ ਮੈਂ ਉਹ ਨੂੰ ਇਹ ਪੁੱਛਿਆ, "ਤਾਇਆ ਜੀ-ਇਕ ਗੱਲ ਦੱਸੋ-ਮੇਰੇ ਭਾਪਾ ਜੀ ਏਨੇ ਡਰਪੋਕ ਕਿਉਂ ਆ ?" ਅਚੰਭੇ ਨਾਲ ਉਸ ਮੇਰੇ ਵੱਲ ਦੇਖਿਆ। ਫੇਰ ਇਹ ਦੇ 'ਚ ਸ਼ੱਕ ਵੀ ਆ ਰਲਿਆ। ਸ਼ਾਇਦ ਮੇਰੇ ਕੋਲੋਂ ਉਸ ਅਜਿਹੀ ਆਸ ਨਾ ਰੱਖੀ ਹੋਵੇ ਕਿਉਂ ਜੁ ਮੈਂ ਭਾਪਾ ਜੀ ਦੀਆਂ ਬਹੁਤੀਆਂ ਗੱਲਾਂ ਦਾ ਜੁਆਬ ਹਾਂ ਜੀ, ਅੱਛਾ ਜੀ, ਹੋ ਜਾਊਗਾ-ਸਮਝ ਲਉ ਹੋ ਗਿਆ 'ਚ ਦਿੰਦਾ ਸੀ। ਜੇ ਕੋਈ ਮੇਰੇ ਕੋਲੋਂ ਪੁੱਛ ਲੈਂਦਾ ਕਿ ਮੈਂ ਸਭ ਤੋਂ ਜ਼ਿਆਦਾ ਪਿਆਰ ਕਿਸ ਨੂੰ ਕਰਦਾ ਹਾਂ ਤਾਂ ਮੈਂ ਭਾਵੁਕ ਹੋਇਆ ਦੱਸਦਾ, "ਭਾਪਾ ਜੀ ਨੂੰ।" ਮੈਂ ਉਹਨਾਂ ਦੇ ਵਿਰੁੱਧ ਕੋਈ ਵੀ ਗੱਲ ਸੁਣਨਾ ਨਹੀਂ ਚਾਹੁੰਦਾ ਸੀ। ਬੀਬੀ ਜੀ ਉਹਨਾਂ ਵਿਰੁੱਧ ਕੋਈ ਨਾ ਕੋਈ ਸ਼ਕਾਇਤ ਕਰਦੇ ਰਹਿੰਦੇ। ਮੈਨੂੰ ਇਹ ਚੰਗਾ ਨਾ ਲੱਗਦਾ। ਮੈਂ ਉਹਨਾਂ ਨੂੰ ਟੋਕਦਾ, "ਨ੍ਹੀਂ-ਮੇਰੇ ਭਾਪਾ ਜੀ ਐਦਾਂ ਦੇ ਨ੍ਹੀਂ ਹੋ ਸਕਦੇ। ਕਦੇ ਵੀ ਨ੍ਹੀਂ।" ਉਹ ਆਪਣੀ ਗੱਲ 'ਤੇ ਅੜੇ ਰਹਿੰਦੇ, "ਤੈਨੂੰ ਕੀ ਪਤਾ ?" ਮੈਂ ਕਹਿੰਦਾ, "ਤੁਸੀਂ ਕੋਈ ਹੋਰ ਗੱਲ ਕਰੋ।" ਜੇ ਉਹ ਫੇਰ ਵੀ ਨਾ ਹਟਦੇ ਤਾਂ ਮੈਂ ਉਠ ਕੇ ਬਾਹਰ ਚਲੇ ਜਾਂਦਾ। ਭਾਪਾ ਜੀ ਨੇ ਮੈਨੂੰ ਕਦੇ ਝਿੜਕਿਆ ਨਹੀਂ ਸੀ। ਕਦੇ ਘੂਰਿਆ ਨਹੀਂ ਸੀ। ਕਿਸੇ ਕੰਮ ਤੋਂ ਰੋਕਿਆ ਨਹੀਂ ਸੀ। ਸ਼ਾਇਦ ਉਨ੍ਹਾਂ ਨੂੰ ਇਹ ਵਿਸ਼ਵਾਸ ਹੋ ਗਿਆ ਸੀ ਕਿ ਮੈਂ ਛੇਤੀ ਕਿਤੇ ਕੋਈ ਗ਼ਲਤੀ ਨਹੀਂ ਕਰ ਸਕਦਾ। ਕਦੇ ਕਦਾਈਂ ਮੈਂ ਇਥੋਂ ਤਕ ਸੋਚ ਜਾਂਦਾ ਕਿ ਉਹ ਹੀਣਭਾਵਨਾ 'ਚ ਤਾਂ ਅਜਿਹਾ ਨਹੀਂ ਕਰ ਰਹੇ ? ਫੇਰ ਮੈਂ ਆਪਣੇ ਆਪ ਨੂੰ ਲਾਹਣਤਾਂ ਵੀ ਪਾਉਂਦਾ। ਮੈਨੂੰ ਆਪਣਾ ਆਪ ਛੋਟਾ ਲੱਗਦਾ। ਭਾਪਾ ਜੀ ਮਹਾਨ ਲੱਗਦੇ। ਮੈਂ ਆਪਣੇ ਕਮਰੇ 'ਚ ਸਿਰਫ਼ ਉਹਨਾਂ ਦੀ ਹੀ ਫੋਟੋ ਰੱਖੀ ਸੀ। ਮੇਰੇ ਲਈ ਉਹ ਮੇਰੇ



ਆਦਰਸ਼ ਸਨ। ਜੇ ਉਹਨਾਂ ਨੂੰ ਮਿਲਿਆਂ ਮਹੀਨਾ ਕੁ ਬੀਤ ਜਾਂਦਾ ਤਾਂ ਮੈਂ ਉਹਨਾਂ ਨੂੰ ਚਿੱਠੀ ਲਿਖਦਾ । ਜਲਦੀ ਆਉਣ ਲਈ ਜ਼ੋਰ ਦਿੰਦਾ। ਜਦੋਂ ਵੀ ਆਉਂਦਾ-ਪਹਿਲਾਂ ਉਹਨਾਂ ਦੇ ਪੈਰੀਂ ਹੱਥ ਲਾਉਂਦਾ। ਫੇਰ ਜਫ਼ੀ ਪਾਉਂਦਾ। ਹਰੇਕ ਵਾਰ ਕੋਈ ਨਾ ਕੋਈ ਗਿਫਟ ਲਿਆਉਂਦਾ। ਉਹਨਾਂ ਦਾ ਹਾਲ ਚਾਲ ਪੁਛੱਦਾ। ਉਹ ਅਕਸਰ ਇਹ ਕਹਿੰਦੇ,"ਮੇਰੀ ਇਹੀ ਇੱਛਾ ਆ ਕਿ ਤੂੰ ਵੱਡਾ ਅਫਸਰ ਬਣੇ। ਪਿੰਡ ਵਿਚ ਆਪਣੀ ਕਿਲ੍ਹੇ ਜਿੱਡੀ ਕੋਠੀ ਪਾਵੇ। ਸਾਡੀ ਦਸਾਂ ਪਿੰਡਾਂ ਵਿਚ ਬੱਲੇ ਬੱਲੇ ਹੋਵੇ। ਕੋਈ ਪੁੱਛੇ— ਇਹ ਕੋਠੀ ਕਿਹਦੀ ਆ ? ਅਗੋਂ ਉਹਨੂੰ ਜਵਾਬ ਮਿਲੇ—ਗੰਗਾ ਰਾਮ ਦੇ ਪੋਤੇ ਦੀ।" ਮੈਂ ਗਰੈਜੂਏਸ਼ਨ ਪਹਿਲੇ ਦਰਜੇ 'ਚ ਪਾਸ ਕਰਦਿਆਂ ਹੀ ਇਹ ਫੈਸਲਾ ਕਰ ਲਿਆ ਸੀ ਕਿ ਉਹਨਾਂ ਦੀ ਇਹ ਇੱਛਾ ਪੂਰੀ ਕਰਾਂਗਾ। ਜੁਆਬ ਦੇਣ ਤੋਂ ਪਹਿਲਾਂ ਤਾਏ ਨੇ ਕਿਹਾ, "ਪਾੜ੍ਹਿਆ—ਜਾ ਪਹਿਲਾਂ ਤੀਲਾਂ ਦੀ ਡੱਬੀ ਲਿਆ। ਜ਼ਰਾ ਸੂਟਾ ਖਿੱਚ ਲਵਾਂ.........।" ਉਸ ਸਿਗਰੇਟ ਦੇ ਲੰਬੇ-ਲੰਬੇ ਕੱਸ਼ ਖਿਚੇ। ਪਹਿਲੀ ਖ਼ਤਮ ਹੋਈ ਤਾਂ ਉਸ ਦੂਜੀ ਲਾ ਲਈ। ਦੱਸਣ ਲੱਗਾ, "ਨ੍ਹੀਂ, ਪਾੜ੍ਹਿਆ ਨ੍ਹੀਂ। ਤੂੰ ਬਹੁਤ ਪੜ੍ਹਿਆ-ਲਿਖਿਆ। ਪਰ ਤੇਰੀ ਇਹ ਜੱਜਮੈਂਟ ਗਲਤ ਆ। ਪਹਿਲਾਂ ਮੈਂ ਵੀ ਤੇਰੇ ਵਾਂਗ ਸੋਚਿਆ ਸੀ। ਪਰ ਹੁਣ ਨ੍ਹੀਂ...ਨ੍ਹੀਂ...ਨ੍ਹੀਂ!!! ਤਰਸੇਮ ਲਾਲ ਡਰਪੋਕ ਨ੍ਹੀਂ। ਹਾਂ—ਇਕ ਗੱਲ ਜ਼ਰੂਰ ਆ ਕਿ ਚਾਚਾ ਛੋਟੀ ਉਮਰ ਵਿਚ ਤੁਰ ਗਿਆ ਸੀ....। ਫੇਰ ਉਹਦੇ ਸਿਰ 'ਤੇ ਕਿਸੇ ਸਿਆਣੇ ਦਾ ਹੱਥ ਨਾ ਰਿਹਾ। ਏਸੇ ਕਰਕੇ ਉਹ ਆਪਣੀ ਜ਼ਿੰਦਗੀ ਦੇ ਫੈਸਲੇ ਝਟਪਟ ਨ੍ਹੀਂ ਕਰਦਾ ਸੀ। ਮੈਂ ਉਹਨੂੰ ਘੂਰਦਾ ਕਿ ਬਹੁਤਾ ਸੋਚਿਆ ਨਾ ਕਰ। ਮੇਰੇ ਸਮਝਾਏ ਦਾ ਉਹਦੇ 'ਤੇ ਘੜੀ ਪਲ ਲਈ ਅਸਰ ਹੁੰਦਾ।.... ਇਕ ਗੱਲ ਹੋਰ ਸੁਣ—ਸ਼ਾਇਦ ਤੈਨੂੰ ਪਤਾ ਨ੍ਹੀਂ ਕਿ ਉਹ ਛੇਤੀ ਕਿਤੇ ਆਪਣੇ ਮਨ ਦੀ ਘੁੰਡੀ ਕਿਸੇ ਹੋਰ ਨਾਲ ਨ੍ਹੀਂ ਖੋਲ੍ਹਦਾ। ਸਹਿਜੇ ਕਿਤੇ ਮੇਰੇ ਕੋਲ ਵੀ ਨ੍ਹੀਂ। ਵਰ੍ਹੇ-ਛਿਮਾਹੀ ਜਦੋਂ ਉਹ ਘੁੱਟ ਕੁ ਲਾਉਂਦਾ ਤਾਂ ਮੈਂ ਸੋਚਦਾ ਕਿ ਹੁਣ ਇਹਤੋਂ ਕੋਈ ਨਾ ਕੋਈ ਗੁੱਝਾ ਰਾਜ਼ ਉਗਲਾਇਆ ਜਾ ਸਕਦਾ। ਪਰ ਉਹ ਤਾਂ ਅੱਗੋਂ ਹੋਰ ਦੀਆਂ ਹੋਰ ਸੁਣਾ ਦਿੰਦਾ। ਆਪਣੇ ਪਾਸੇ ਵਾਲੇ ਇਹਨੂੰ ਮਿੰਨਾ-ਮੀਸਣਾ ਕਹਿੰਦੇ ਸਨ। ਪਰ ਉਸ ਸ਼ਖ਼ਸ ਦੀ ਪਿੱਠ ਸੁਣਦੀ ਆ—ਇਹਨੇ ਸਾਰੀ ਉਮਰ ਸੁਨਿਆਰਪੁਣਾ ਕੀਤਾ, ਸ਼ਾਹੂਕਾਰੀ ਕੀਤੀ ਪਰ ਕਿਸੇ ਨਾਲ ਬਹੁਤੀ ਮਾੜੀ ਨ੍ਹੀਂ ਕੀਤੀ। ਜੇ ਕੋਈ ਉੱਚਾ ਬੋਲ ਵੀ ਗਿਆ, ਤਾਂ ਇਹਨੇ ਹਊ-ਪਰਿਆ ਕਰ ਛੱਡੀ।"

ਉਹ ਅਕਸਰ ਭਾਪਾ ਜੀ ਕੋਲ ਦੁਕਾਨੇ ਆ ਬੈਠਦਾ। ਗਰਮੀਆਂ ਨੂੰ ਸਿਖਰ ਦੁਪਹਿਰੇ। ਸਿਆਲਾਂ ਨੂੰ ਦੇਰ ਰਾਤ ਗਈ ਤੀਕ। ਜਾਂ ਜਦੋਂ ਭਾਪਾ ਜੀ ਸ਼ਹਿਰ ਨੂੰ ਮਾਲ-ਮੱਤਾ ਵੇਚਣ/ਖਰੀਦਣ ਜਾਂਦੇ ਤਾਂ ਉਹਨੂੰ ਜ਼ਰੂਰ ਨਾਲ ਲੈ ਜਾਂਦੇ। ਜੇ ਉਹ ਦੋ ਚਾਰ ਦਿਨ ਨਾ ਆਉਂਦਾ ਤਾਂ ਭਾਪਾ ਜੀ ਕਿਸੇ ਦੇ ਹੱਥ ਸੁਨੇਹਾ ਭੇਜ ਕੇ ਉਹ ਨੂੰ ਸੱਦ ਲੈਂਦੇ, "ਲੈ ਵੱਡੇ ਭਾਈ, ਤੂੰ ਕਮਾਲ ਕਰਤੀ। ਕਿਥੇ ਛੁਪਣ ਹੋ ਗਿਆ ਸੀ ?" ਭਾਪਾ ਜੀ ਉਹਦੇ ਨਾਲ ਬਾਇੱਜ਼ਤ ਗੱਲ ਕਰਦੇ। ਜੋ ਆਪ ਖਾਂਦੇ-ਉਸ ਦਾ ਅੱਧ ਪਹਿਲਾਂ ਉਹਨੂੰ ਦਿੰਦੇ। ਕਹਿੰਦੇ, "ਤੂੰ ਨ੍ਹੀਂ ਮਿਲਦਾ ਤਾਂ ਮੈਨੂੰ ਅਚੋਤਾਈ ਲੱਗ ਜਾਂਦੀ।" ਉਨ੍ਹਾਂ ਦੇ ਹੁੱਕੇ ਦੀ ਗੁੜ-ਗੁੜ ਬਰੋਬਰ ਸੁਣਾਈ ਦਿੰਦੀ। ਉਨ੍ਹਾਂ 'ਚੋਂ ਕੋਈ ਜਣਾ ਹੱਥ 'ਤੇ ਹੱਥ ਮਾਰ ਕੇ ਹੱਸਦਾ ਤਾਂ ਨਾਲ ਦੇ ਕਮਰੇ 'ਚ ਪੜ੍ਹਦਿਆਂ ਮੇਰੀ ਇਕਾਗਰਤਾ ਭੰਗ ਹੋ ਜਾਂਦੀ। ਮੈਨੂੰ ਗੁੱਸਾ ਆਉਂਦਾ। ਮਨ 'ਤੇ ਇਹ



www.PunjabiLibrary.com

ਵਿਚਾਰ ਵੀ ਭਾਰੂ ਹੋਣ ਲੱਗਦਾ ਕਿ ਮੈਂ ਉਨ੍ਹਾਂ ਕੋਲ ਜਾਵਾਂ। ਕਹਿ ਦੇਵਾਂ, "ਤਾਇਆ ਜੀ—ਕੋਈ ਕੰਮ ਵੀ ਕਰ ਲਿਆ ਕਰੋ।" ਪਰ ਮੈਂ ਉਸ ਨਾਲ ਅਜਿਹਾ ਕੋਈ ਸਲੂਕ ਨਹੀਂ ਕਰਨਾ ਚਾਹੁੰਦਾ ਸੀ ਜਿਸ ਨਾਲ ਭਾਪਾ ਜੀ ਦੇ ਮਨ ਨੂੰ ਕੋਈ ਠੇਸ ਪਹੁੰਚੇ। ਮੈਂ ਥੋੜ੍ਹੀ ਕੁ ਤਾਕੀ ਖੋਲ੍ਹ ਲੈਂਦਾ। ਉਨ੍ਹਾਂ ਦੀਆਂ ਗੱਲਾਂ ਸੁਣਨ ਦੀ ਕੋਸ਼ਿਸ਼ ਕਰਦਾ। ਮੇਰੇ ਪਿੜ ਪਲੇ ਕੁਝ ਨਾ ਪੈਂਦਾ। ਜਦੋਂ ਕੋਈ ਰਾਜ਼ ਦੀ ਗੱਲ ਹੁੰਦੀ ਤਾਂ ਉਹ ਭਾਪਾ ਜੀ ਵੱਲ ਨੂੰ ਨੇੜੇ ਜਿਹੇ ਹੋ ਜਾਂਦਾ ਜਾਂ ਭਾਪਾ ਜੀ ਉਸ ਵੱਲ ਨੂੰ ਸਰਕ ਜਾਂਦੇ। ਮੈਂ ਉਨ੍ਹਾਂ ਨੂੰ ਇਕ ਦੂਜੇ ਦੇ ਕੰਨ 'ਚ ਗੱਲ ਕਹਿੰਦਿਆਂ ਬਹੁਤ ਵਾਰ ਦੇਖਿਆ ਸੀ। ਜਦੋਂ ਇਹ ਸਭ ਕੁਝ ਮੇਰੇ ਲਈ ਅਸਹਿ ਹੋ ਜਾਂਦਾ ਜਾਂ ਮੇਰਾ ਗੁੱਸਾ ਮੇਰੇ ਕੰਟਰੋਲ ਤੋਂ ਬਾਹਰ ਚਲਿਆ ਜਾਂਦਾ ਤਾਂ ਮੈਂ ਬਹੀ ਪਈਂ ਚਾਹ ਤੱਤੀ ਕਰਦਾ ਜਾਂ ਕਾੜ੍ਹਾ ਜਿਹਾ ਬਣਾਉਂਦਾ ਤੇ ਗਿਲਾਸ ਭਰ ਕੇ ਉਹ ਦੇ ਅੱਗੇ ਲਿਆ ਰੱਖਦਾ, "ਲਉ-ਤਾਇਆ ਜੀ-ਪਹਿਲਾਂ ਚਾਹ ਪੀਉ। ਗਰਮਾ ਗਰਮ। ਫੇਰ ਆਪਾਂ ਤੁਹਾਡੇ ਕੋਲੋਂ ਟਾਂਡਿਆਂ ਦੀਆਂ ਤਿੰਨ ਭਰੀਆਂ ਕੁਤਰਾਉਣੀਆਂ।" ਉਹ ਅੱਗੋਂ ਨਾਂਹ ਨਾ ਕਰਦਾ। ਮੈਂ ਵੱਡੇ-ਵੱਡੇ ਰੁੱਗ ਲਾਉਂਦਾ। ਉਹ ਹਫ ਜਾਂਦਾ। ਲੱਗਦਾ ਕਿ ਹੁਣ ਉਹ ਡਿਗ ਹੀ ਪਵੇਗਾ। ਮੈਂ ਉਹ ਦੀ ਮਦਦ ਲਈ ਅਗਾਂਹ ਨਾ ਹੁੰਦਾ। ਨਾ ਹੀ ਇਹ ਕਹਿੰਦਾ ਕਿ ਦੋ ਮਿੰਟ ਦਮ ਮਾਰ ਲਵੋ। ਉਹ ਮਸ਼ੀਨ ਦਾ ਗੇੜਾ ਖੜਣ ਨਾ ਦਿੰਦਾ। ਮੇਰੇ ਵੱਲ ਦੇਖ ਜ਼ਰੂਰ ਲੈਂਦਾ। ਮੈਨੂੰ ਲੱਗਦਾ ਜਿਵੇਂ ਉਹ ਕਹਿ ਰਿਹਾ ਹੋਵੇ-"ਕੋਈ ਕਸਰ ਰਹਿੰਦੀ ਹੈ ਤਾਂ ਉਹ ਵੀ ਪੂਰੀ ਕਰ ਲੈ। ਮੈਨੂੰ ਇਸ ਨਾਲ ਕੋਈ ਫ਼ਰਕ ਨ੍ਹੀਂ ਪੈਂਦਾ।" ਮੈਨੂੰ ਖ਼ੁਸ਼ੀ ਹੁੰਦੀ। ਇਸ ਗੱਲ ਨਾਲ ਕਿ ਇਹ ਸਾਡੀਆਂ ਮੱਝਾਂ ਲਈ ਪੱਠੇ ਕੁਤਰ ਰਿਹਾ। ਮੇਰੇ ਵੱਸ 'ਚ ਹੁੰਦਾ ਤਾਂ ਮੈਂ ਉਹ ਦੇ ਤੋਂ ਪਸ਼ੂਆਂ ਦਾ ਗੋਹਾ ਵੀ ਸੁਟਵਾਉਂਦਾ।

ਗੱਲ ਉਹੋ ਹੋਈ ਜਿਸ ਦਾ ਕਿਆਸ ਮੈਂ ਪਹਿਲਾਂ ਲਾਇਆ ਸੀ। ਫਕੀਰ ਕਿਆਂ ਦੀ ਮੋਟਰ ਤੋਂ ਅਗੇ ਮੈਨੂੰ ਦੋ ਫਰਲਾਂਗਾਂ ਦੇ ਰਾਹ 'ਤੇ ਸਕੂਟਰ ਖਿਚ-ਧੂਹ ਕੇ ਤੇ ਵਿਚਕਾਰ ਪਹਿਲੇ ਗੇਅਰ 'ਚ ਪਾ ਕੇ ਲੈ ਜਾਣਾ ਪਿਆ। ਮੈਂ ਖਿਝ ਨਾਲ ਭਰ ਗਿਆ। ਬੀਬੀ ਜੀ ਨੇ ਮੈਨੂੰ ਕਿਹੜੇ ਧਰਮ ਸੰਕਟ ਵਿੱਚ ਪਾ ਦਿੱਤਾ ਸੀ। ਲੋਕ ਮੈਨੂੰ ਮਿਲਣ ਆਉਂਦੇ— ਮੈਂ ਉਹ ਨੂੰ ਮਿਲਣ ਜਾ ਰਿਹਾਂ। ਬੀਬੀ ਜੀ ਉਹਨਾਂ ਦੀ ਏਨੀ ਇੱਜ਼ਤ ਕਿਉਂ ਕਰ ਰਹੇ ਸਨ? ਮੈਨੂੰ ਤਾਂ ਇਹ ਦੀ ਕੋਈ ਸਮਝ ਨਹੀਂ ਲੱਗਦੀ। ਸਾਨੂੰ ਤਾਂ ਤਾਏ ਦੀ ਕਦੇ ਲੋੜ ਹੀ ਨਹੀਂ ਪਈ ਸੀ। ਹੁਣ ਫ਼ਰਕ ਸਿਰਫ ਐਨਾ ਕੁ ਪਿਆ ਸੀ ਕਿ ਪਹਿਲਾਂ ਤਾਇਆ ਆਉਂਦਾ ਹੁੰਦਾ ਸੀ, ਹੁਣ ਬੀਬੀ ਜੀ ਕੋਲ ਤਾਈ ਆ ਬੈਠਦੀ। ਬੀਬੀ ਜੀ ਉਹ ਨੂੰ ਭੈਣ ਜੀ ਤੋਂ ਬਿਨਾਂ ਨਾ ਬੁਲਾਉਂਦੇ। ਇਕ ਦਿਨ ਬੀਬੀ ਜੀ ਨੇ ਕਿਹਾ ਸੀ ਕਿ ਉਹਨਾਂ ਦਾ ਮਨ ਕਰਦਾ ਕਿ ਮੱਝ ਰੱਖੀ ਜਾਵੇ। ਘਰੇ ਪਸ਼ੂ ਹੋਵੇ ਤਾਂ ਬੰਦਾ ਰੁਝਿਆ ਰਹਿੰਦਾ। ਤਾਈ ਨੇ ਕਿਹਾ ਸੀ, "ਔਹ ਜਿਹੜੀਆਂ ਖੂਹ 'ਤੇ ਪੰਜ ਬੱਝੀਆਂ—ਉਹ ਕਿਹਦੀਆਂ? ਦੁੱਧ ਜੋਗਿੰਦਰ ਦੇ ਜਾਂਦਾ। ਘਿਉ ਮੈਂ ਮੁਕਣ ਨ੍ਹੀਂ ਦਿੰਦੀ।"

ਭਾਪਾ ਜੀ ਦੀ ਮੌਤ ਤੋਂ ਬਾਅਦ ਉਹ ਘਰ ਬਹੁਤ ਘੱਟ ਆਇਆ। ਮੈਨੂੰ ਯਾਦ ਹੈ ਕਿ ਉਨ੍ਹਾਂ ਦੀ ਮੌਤ 'ਤੇ ਉਹ ਸੱਚੇ ਮਨੋਂ ਰੋਇਆ ਸੀ। ਮੈਨੂੰ ਆਪਣੀ ਕੋਈ ਸੁੱਧ ਬੁੱਧ ਨਹੀਂ ਰਹੀ ਸੀ। ਸਾਰਾ ਪ੍ਰਬੰਧ ਉਸ ਨੇ ਕੀਤਾ ਸੀ। ਬੰਦਿਆਂ 'ਚ ਉਹ ਬੈਠਾ ਸੀ। ਔਰਤਾਂ 'ਚ ਤਾਈ। ਅਸਤ ਚੁਗਣ ਵਾਲੇ ਦਿਨ ਉਹ ਕਿੰਨਾ ਚਿਰ ਮੇਰੇ ਗਲ ਨਾਲ ਲਗ ਬੱਚੇ ਵਾਂਗ ਰੋਂਦਾ ਰਿਹਾ। ਮੋੜ-ਘੋੜ ਕੇ ਇਹੋ ਕਹਿੰਦਾ ਰਿਹਾ, "ਮੈਂ ਹੁਣ ਇਕੱਲਾ ਰਹਿ ਗਿਆਂ। ਮੇਰਾ



ਛੋਟਾ ਭਾਈ ਮੇਰੇ ਨਾਲ ਧੋਖਾ ਕਰ ਗਿਆ। ਜਾਣਾ ਤਾਂ ਪਹਿਲਾਂ ਮੈਨੂੰ ਚਾਹੀਦਾ ਸੀ।" ਮੈਂ ਕਿਹਾ, "ਤਾਇਆ ਜੀ—ਮੈਂ ਜਿਉਂ ਬੈਠਾਂ।" ਫੇਰ ਮੈਂ ਇਕ ਮੀਟਿੰਗ ਦੀ ਪ੍ਰਧਾਨਗੀ ਕਰਨ ਜਲੰਧਰ ਆਇਆ ਤਾਂ ਐਸ. ਡੀ. ਐਮ. ਦੇ ਹੱਥੀਂ ਨਕੋਦਰ ਦੇ ਡੀ. ਐਸ. ਪੀ. ਨੂੰ ਸੁਨੇਹਾ ਭੇਜਿਆ ਸੀ ਕਿ ਉਹ ਆਪ ਜਾ ਕੇ ਮੇਰੇ ਪਿੰਡ ਦੇ ਜਸਵੰਤ ਸਿੰਘ ਦਾ ਹਾਲ ਪੁੱਛ ਕੇ ਆਵੇ। ਉਹਨੇ ਮੇਰੇ ਸੁਨੇਹੇ ਦੀ ਤਾਮੀਲ ਕੀਤੀ। ਤਾਇਆ ਅਗਲੇ ਹਫਤੇ ਮੇਰੇ ਦਫਤਰ ਆ ਵਿਰਾਜਿਆ। ਮੈਨੂੰ ਇਸ ਵਾਰੀ ਵੀ ਉਹ ਦੀ ਇਹ ਆਮਦ ਅੱਖਰੀ। ਮੈਂ ਚਪੜਾਸੀ ਨੂੰ ਕਿਹਾ ਕਿ ਉਹ ਨੂੰ ਠੰਢਾ ਪਾਣੀ ਪਿਲਾ ਕੇ ਬੈਠਾ ਰਹਿਣ ਦੇਵੇ। ਘੰਟੇ ਕੁ ਬਾਅਦ ਮੈਂ ਉਠ ਕੇ ਗਰਿਲ ਕੋਲ ਆ ਖੜ੍ਹਿਆ। ਉਹ ਬੇਸਬਰੀ ਨਾਲ ਦਰਵਾਜ਼ੇ ਵੱਲ ਦੇਖ ਰਿਹਾ ਸੀ। ਮੋੜ-ਘੋੜ ਕੇ ਉਹ ਦੀਆਂ ਨਜ਼ਰਾਂ ਮੇਰੀ ਨੇਮ-ਪਲੇਟ 'ਤੇ ਕੇਂਦਰਤ ਹੋ ਜਾਂਦੀਆਂ। ਆਖਿਰ ਉਹ ਨੂੰ ਕਿੰਨਾ ਕੁ ਚਿਰ ਬੈਠਾਇਆ ਜਾ ਸਕਦਾ ਸੀ। ਮੈਨੂੰ ਇਹ ਵੀ ਪਤਾ ਸੀ ਕਿ ਜੇ ਉਹ ਪਿੰਡੋਂ ਮਿਲਣ ਆਇਆ ਸੀ ਤਾਂ ਹੁਣ ਮਿਲ ਕੇ ਹੀ ਜਾਵੇਗਾ। ਇਹ ਸੋਚਦਿਆਂ ਸਾਰ ਮੈਂ ਉਹ ਨੂੰ ਸੱਦਣ ਦੀ ਕੀਤੀ। ਮੈਂ ਇਹ ਵੀ ਚਾਹੁੰਦਾ ਸੀ ਕਿ ਉਹ ਅੰਦਰ ਆਵੇ ਤੇ ਜਾਣ ਦੀ ਕਰੇ। ਮੇਰੇ ਵੱਲ ਆਉਂਦਿਆਂ ਉਹ ਦਾ ਚਿਹਰਾ ਖਿੜ ਪਿਆ। ਉਹ ਮੈਨੂੰ ਜਫੀ ਪਾ ਕੇ ਮਿਲਿਆ। ਮੈਥੋਂ ਨਾ ਤਾਂ ਉਸ ਦੇ ਪੈਰੀਂ-ਹੱਥ ਲਾਇਆ ਗਿਆ। ਨਾ ਹੀ ਸਵਾਰ ਕੇ ਉਸ ਦੀ ਸਤ ਸ੍ਰੀ ਅਕਾਲ ਦਾ ਜੁਆਬ ਦੇ ਹੋਇਆ। ਮੈਂ ਉਹ ਨੂੰ ਨੁਕਰ 'ਚ ਪਏ ਸੋਫੇ ਵੱਲ ਲੈ ਗਿਆ। ਉਹ ਆਮ ਨਾਲੋਂ ਉੱਚੀ ਆਵਾਜ਼ 'ਚ ਬੋਲਿਆ, "ਪੁੱਤ ਹੋਣ ਤਾਂ ਤੇਰੇ ਵਰਗੇ। ਮੱਲਾ-ਨ੍ਹੀਂ ਰੀਸਾਂ ਤੇਰੀਆਂ। ਤੂੰ ਮੈਨੂੰ ਤਰਸੇਮ ਲਾਲ ਦੀ ਮੌਤ ਭੁੱਲਾ ਦਿੱਤੀ। ਮੈਨੂੰ ਲੋਕਾਂ ਕੋਲੋਂ ਇਹੋ ਪਤਾ ਲੱਗਾ ਸੀ ਕਿ ਸੁੱਚਾ ਸਿਹੁੰ ਡੀ. ਐਸ. ਪੀ. ਤਾਂ ਨੱਕ 'ਤੇ ਮੱਖੀ ਨ੍ਹੀਂ ਬੈਠਣ ਦਿੰਦਾ। ਉਹ ਜਿਪਸੀ ਵਿਚ ਆਇਆ। ਆਪ ਮੰਗ ਕੇ ਚਾਹ ਪੀਤੀ। ਬੋਲਿਆ, ਬਜ਼ੁਰਗੋ ਮੇਰੇ ਹੁੰਦਿਆਂ ਤੁਹਾਨੂੰ ਕਿਸੇ ਤੋਂ ਡਰਣ ਦੀ ਲੋੜ ਨ੍ਹੀਂ।" ਮੈਥੋਂ ਆਪਣੀ ਬਹੁਤੀ ਸਿਫਤ ਸੁਣੀ ਨਹੀਂ ਜਾਂਦੀ। ਮੈਂ ਉਹ ਨੂੰ ਵਿਚਕਾਰੋਂ ਹੀ ਰੋਕ ਕੇ ਪੁੱਛਿਆ, "ਠੰਢਾ ਪੀਉਂਗੇ ਜਾਂ ਚਾਹ?" "ਠੰਢਾ ਹੀ ਮੰਗਾਂ ਲਓ।" ਮੈਂ ਘੰਟੀ 'ਤੇ ਉਂਗਲ ਰੱਖੀ। ਉਹ ਆਪਣੇ ਬਾਰੇ, ਪਿੰਡ ਬਾਰੇ ਨਿੱਕੀਆਂ-ਨਿੱਕੀਆਂ ਗੱਲਾਂ ਦੱਸਦਾ ਰਿਹਾ। ਮੈਂ ਕੋਈ ਹੁੰਗਾਰਾ ਨਾ ਭਰਿਆ। ਮੈਂ ਉਠ ਕੇ 'ਰਵੋਲਵਿੰਗ ਚੇਅਰ' 'ਤੇ ਆ ਬੈਠਿਆ। ਕਿਸੇ ਫਾਈਲ 'ਚ ਗੁਆਚਣ ਦੀ ਐਕਟਿੰਗ ਕਰਨ ਲੱਗਾ। ਇਸੇ ਦੌਰਾਨ ਮੈਨੂੰ ਕਈ ਮਿਲਣ ਵਾਲੇ ਆਏ। ਉਹ ਨੇ ਮੇਰੇ ਰੁਝੇਵਿਆਂ ਨੂੰ ਤਾੜ ਲਿਆ। ਮੇਰੇ ਕੋਲ ਆ ਕੇ ਬੋਲਿਆ, "ਚੰਗਾ-ਫੇਰ ਮੈਂ ਚਲਦਾਂ।" ਮੈਂ ਉਹ ਨੂੰ ਰੁੱਕਣ ਲਈ ਨਾ ਕਿਹਾ। ਪਿਛਲੀ ਜੇਬ 'ਚੋਂ ਕੜਕਦੇ ਦੱਸ ਨੋਟ ਕੱਢੇ। ਉਹਦੇ ਨਾਂਹ-ਨਾਂਹ ਕਹਿੰਦਿਆਂ ਵੀ ਉਹ ਦੀ ਜੇਬ 'ਚ ਪਾ ਦਿੱਤੇ। ਮੈਂ ਆਪਣੇ ਡਰਾਈਵਰ ਨੂੰ ਸਮਝਾਇਆ ਕਿ ਇਹ ਨੂੰ ਆਪ ਬਸ ਦੀ ਟਿਕਟ ਲੈ ਕੇ ਚੜ੍ਹਾ ਆਈਂ।.........???......। ਉਹ ਅਜੇ ਕਮਰੇ 'ਚੋਂ ਬਾਹਰ ਹੀ ਗਿਆ ਸੀ ਕਿ ਮੈਂ ਫੇਰ ਡਰਾਈਵਰ ਨੂੰ ਆਵਾਜ਼ ਮਾਰ ਲਈ। ਕਿਹਾ ਕਿ ਉਹ ਨੂੰ ਕੋਠੀ ਛੱਡ ਆ। ਮੁੜਣ ਤੋਂ ਪਹਿਲਾਂ ਤਿੱਤਰਾਂ ਦਾ ਪ੍ਰਬੰਧ ਕਰ ਆਵੀਂ। ਤਾਇਆ ਤਿੱਤਰਾਂ ਦਾ ਮੀਟ ਖਾਣ ਦਾ ਬਹੁਤ ਸ਼ੌਕੀਨ ਸੀ। ਮੈਂ ਕਈ ਇਕ ਕੰਮ ਜਲਦੀ-ਜਲਦੀ ਨਬੇੜ ਕੇ ਕੋਠੀ ਮੁੜਣ ਦੀ ਕੀਤੀ। ਤਾਇਆ ਸੋਫੇ 'ਤੇ ਬੈਠਾ ਸੀ। ਖੜ੍ਹਾ ਹੋ ਕੇ ਬੋਲਿਆ, "ਜਗਦੀਸ਼



www.PunjabiLibrary.com

ਪੁੱਤ-ਮੈਂ ਤਾਂ ਪਿਛੇ ਵੀ ਮੁੜਣਾ ਸੀ। ਪਰ ਤੂੰ ਘਚਾਣੀ ਦੇ ਕੇ ਰੱਖ ਲਿਆ। ਤੇਰੀਆਂ ਬਹੁਤੀਆਂ ਆਦਤਾਂ ਤਰਸੇਮ ਲਾਲ ਨਾਲ ਮਿਲਦੀਆਂ। ਹੁਣ ਲੋਕ ਫਰਕ ਕਰਨ ਲੱਗ ਪਏ। ਸਾਡੇ ਘਰਾਂ ਵਿਚ ਕਦੇ ਫਰਕ ਨ੍ਹੀਂ ਸਮਝਿਆ ਜਾਂਦਾ ਸੀ।" ਮੈਂ ਉਸ ਵੱਲ ਦੇਖ ਕੇ ਮੁਸਕ੍ਰਾਇਆ। ਕਪੜੇ ਬਦਲ ਕੇ ਉਹ ਦੇ ਕੋਲ ਆ ਖੜਿਆ। ਉਹ ਨੂੰ ਬਾਹੋਂ ਫੜ ਕੇ ਅਲਮਾਰੀ ਅੱਗੇ ਲਿਆ ਖੜਾਇਆ। ਕਿਹਾ ਕਿ ਉਹ ਨੂੰ ਜਿਹੜੀ ਚੰਗੀ ਲੱਗਦੀ ਹੈ ਉਹ ਚੁੱਕ ਲਵੇ। ਉਹ ਨੇ ਕਈ ਇਕ ਬੋਤਲਾਂ ਚੁੱਕ ਕੇ ਦੇਖੀਆਂ। ਜਲਦੀ ਆਪਣੇ ਹਥਿਆਰ ਸੁੱਟ ਦਿੱਤੇ, "ਮੈਨੂੰ ਤਾਂ ਸਾਰੀਆਂ ਇਕੋ ਜਿਹੀਆਂ ਲੱਗਦੀਆਂ।" "ਦੇਖ ਲਉ।" "ਚਲ ਐਦਾਂ ਕਰ", ਉਹ ਨੇ ਕਾਹਲੀ-ਕਾਹਲੀ ਬੋਤਲਾਂ ਦੇ ਲੈਵਲਾਂ 'ਤੇ ਨਜ਼ਰ ਘੁੰਮਾ ਕੇ ਕਿਹਾ, "ਰੂਸ ਵਾਲੀ ਵੋਦਕਾ ਖੋਲ੍ਹ ਲੈ।" ਮੈਂ ਬੋਤਲ ਚੁੱਕ ਕੇ ਟੇਬਲ 'ਤੇ ਲਿਆ ਰੱਖੀ। ਗਿਲਾਸੀਆਂ 'ਚ ਪੈੱਗ ਬਣਾਉਣੇ ਸ਼ੁਰੂ ਕੀਤੇ। ਨੌਕਰ ਮੀਟ ਵਾਲਾ ਡੋਂਗਾ ਰੱਖਣ ਆਇਆ। ਮੈਂ ਉਹ ਨੂੰ ਕਹਿ ਦਿੱਤਾ ਕਿ ਜਿੰਨਾ ਚਿਰ ਮੈਂ ਉਹ ਨੂੰ ਆਵਾਜ਼ ਨਹੀਂ ਮਾਰਦਾ, ਉਹ ਨੇ ਸਾਡੇ ਕੋਲ ਨਹੀਂ ਆਉਣਾ। ਜੇ ਕੋਈ ਲੋਕਲ ਟੈਲੀਫੋਨ ਆਵੇ ਤਾਂ ਕਹਿ ਦਈਂ—ਸਾਹਿਬ ਇਥੇ ਕਿੱਤੇ ਗਏ ਹੋਏ ਆ।

ਅਫ਼ਸਰਾਂ ਜਿਹੇ ਦੋ ਕੁ ਪੈੱਗਾਂ ਨਾਲ ਤਾਏ ਦਾ ਕੁਝ ਨਾ ਬਣਿਆ। ਮੈਂ ਬੋਤਲ ਉਹ ਦੇ ਵੱਲ ਨੂੰ ਸਰਕਾ ਕੇ ਕਿਹਾ ਕਿ ਹੁਣ ਉਹ ਪੈੱਗ ਆਪਣੀ ਮਰਜ਼ੀ ਦੇ ਹੀ ਪਾਵੇ। ਜਲਦੀ ਹੀ ਉਹ ਸੁਰ ਜਿਹੀ 'ਚ ਹੋ ਗਿਆ। ਮੈਂ ਉਹ ਨੂੰ ਪੁੱਛਿਆ, "ਤਾਇਆ ਜੀ—ਤੁਸੀਂ ਦੱਸਦੇ ਹੁੰਦੇ ਸੀ ਕਿ ਭਾਪਾ ਜੀ ਦੀ ਲਤ ਖਰਾਬ ਹੋਣ ਤੋਂ ਪਹਿਲਾਂ ਉਹ ਨਿਰੇ ਅੰਗਰੇਜ਼ਾਂ ਵਰਗੇ ਲੱਗਦੇ ਸਨ। ਕੋਈ.......?"

"ਪੁੱਤ-ਚੜ੍ਹਦੀ ਉਮਰ ਵਿੱਚ ਕਹਿੰਦੇ ਕਹਾਉਂਦਿਆਂ ਕੋਲੋਂ ਗਲਤੀਆਂ ਹੋ ਜਾਂਦੀਆਂ........। ਉਦੋਂ ਤਰਸੇਮ ਲਾਲ ਦਾ ਰੰਗ ਰੂਪ ਤਾਂ ਅੰਗਰੇਜ਼ਾਂ ਨੂੰ ਮਾਤ ਪਾਉਂਦਾ ਸੀ।"

"ਫੇਰ.....?"

"ਉਹਨੇ ਵੀ ਕਈ ਪੁੱਠੇ ਸਿੱਧੇ ਪੰਗੇ ਲਏ। ਅੱਜ ਤੈਨੂੰ ਪਹਿਲੀ ਵਾਰ ਸੱਚ ਦੱਸਦਾਂ-ਉਹ ਲੰਬੜਾਂ ਦੀ ਕਸ਼ਮੀਰੋ ਨੂੰ ਬਹੁਤ ਚਾਹੁੰਦਾ ਸੀ। ਪਰ ਉਹਦੇ ਕੋਲੋਂ ਟੀਸੀ ਦਾ ਬੇਰ ਤੋੜਿਆ ਨਾ ਗਿਆ। ਉਹਦੇ ਵਿਚ ਮਰਦਾਂ ਵਾਲੀ ਦਲੇਰੀ ਨ੍ਹੀਂ ਸੀ ਤੇ ਲਤ ਵੀ.....।"

ਇਸੇ ਦੌਰਾਨ ਦਿੱਲੀਉਂ ਟੈਲੀਫੋਨ ਆਇਆ ਸੀ। ਮੈਨੂੰ ਖੜ੍ਹੇ ਪੈਰੀਂ ਦਿੱਲੀ ਜਾਣਾ ਪੈ ਗਿਆ। ਮੈਂ ਉਹ ਦੀਆਂ ਗੱਲਾਂ ਵਿਚਕਾਰੇ ਛੱਡ ਕੇ ਕਿਹਾ, "ਤਾਇਆ ਜੀ—ਮੇਰਾ ਮਨ ਤਾਂ ਕਰਦਾ ਕਿ ਤੁਹਾਨੂੰ ਵੀ ਨਾਲ ਲੈ ਜਾਵਾਂ। ਆਪਾਂ ਕਾਰ ਵਿਚ ਗੱਲਾਂ ਕਰਦੇ ਜਾਈਏ ਪਰ ਜੇ ਮੈਨੂੰ ਜ਼ਿਆਦਾ ਚਿਰ ਲੱਗ ਗਿਆ ਤਾਂ ਤੁਸੀਂ ਬਿਨਾਂ ਵਜ੍ਹਾ ਬੋਰ ਹੋਵੋਗੇ। ਅਗਲੇ ਹਫਤੇ ਮੈਂ ਆਪਣੀ ਮਾਰੂਤੀ ਭੇਜਾਂਗਾ। ਓ. ਕੇ. ਬਾਈ-ਬਾਈ।"...... ???.......ਲਾਲ ਬੱਤੀ ਵਾਲੀ ਗੱਡੀ ਦੇ ਜੀ. ਟੀ. ਰੋਡ 'ਤੇ ਚੜ੍ਹਦਿਆਂ ਹੀ ਡਰਾਈਵਰ ਨੇ ਸਟੀਰੀਉ ਲਾ ਦਿੱਤਾ। ਉਹ ਨੂੰ ਮੇਰੀਆਂ ਬਹੁਤੀਆਂ ਆਦਤਾਂ ਦਾ ਪਤਾ ਹੁੰਦਾ। ਮੈਥੋਂ ਉਸ ਦਿਨ ਗ਼ਜ਼ਲਾਂ ਸੁਣੀਆਂ ਨਾ ਗਈਆਂ। ਮੈਂ ਉਹ ਨੂੰ ਰੋਕਿਆ, "ਅੰਬਾਲਾ ਟਪ ਕੇ ਦੋਬਾਰਾ ਕੈਸਿਟ ਲਾਈਂ। ਅਜੇ ਮੈਂ ਇਸ



ਕੇਸ ਦੀ ਸੱਟਡੀ ਕਰਨੀ।" ਮੈਂ ਫਾਈਲ ਖੋਲ੍ਹ ਲਈ। ਫਾਈਲ ਦੇ ਨਾਲ-ਨਾਲ ਹੀ ਭੂਆ ਈਸ਼ਰੀ ਦੇ ਵਿਆਹ ਦਾ ਸੀਨ ਉਭਰਨਾ ਸ਼ੁਰੂ ਹੋ ਗਿਆ। ਮੈਨੂੰ ਭਾਪਾ ਜੀ ਨੇ ਉਚੇਰਾ ਸੁਨੇਹਾ ਭੇਜ ਕੇ ਬੁਲਾਇਆ ਸੀ। ਪਹਿਲਾਂ ਮੈਂ ਸਿਰਫ ਛੁੱਟੀਆਂ 'ਚ ਪਿੰਡ ਆਉਂਦਾ ਸੀ ਜਾਂ ਕਿਸੇ ਖਾਸੋ-ਖਾਸ ਵਿਆਹ-ਖੁਸ਼ੀ ਦੇ ਮੌਕੇ 'ਤੇ। ਛੁੱਟੀਆਂ 'ਚ ਵੀ ਮੇਰੀ ਇਹੋ ਕੋਸ਼ਿਸ਼ ਹੁੰਦੀ ਕਿ ਬੱਸ ਸ਼ਹਿਰ ਨੂੰ ਦੌੜ ਜਾਵਾਂ। ਤਾਏ ਨੇ ਮੈਨੂੰ ਜਫੀ 'ਚ ਲੈਂਦਿਆਂ ਕਿਹਾ ਸੀ, "ਲੈ ਬਈ ਪਾੜ੍ਹਿਆ—ਤੈਨੂੰ ਇਥੇ ਬਹੁਤੇ ਜਾਣਦੇ ਨ੍ਹੀਂ। ਤੂੰ ਹਲਵਾਈ ਕੋਲ ਬੈਠ ਜਾ। ਜਿਹੜੀ-ਜਿਹੜੀ ਚੀਜ਼ ਉਹਨੂੰ ਚਾਹੀਦੀ ਹੋਈ-ਲਿਆ ਕੇ ਦਈ ਜਾਈਂ।" ਮੈਂ ਆਪਣੀ ਡਿਊਟੀ ਸੰਭਾਲ ਲਈ। ਘੰਟੇ ਕੁ ਬਾਅਦ ਦਲਾਨ 'ਚ ਪਏ ਸਾਮਾਨ 'ਚੋਂ ਜਲੇਬੀਆਂ ਵਾਲਾ ਰੰਗ ਲੱਭਦਿਆਂ-ਲੱਭਦਿਆਂ ਮੇਰੀ ਨਜ਼ਰ ਚੁੱਲੇ ਕੋਲ ਬੈਠੇ ਭਾਪਾ ਜੀ ਵੱਲ ਚਲੇ ਗਈ। ਉਨ੍ਹਾਂ ਕੋਲ ਉਨ੍ਹਾਂ ਦੀ ਹੀ ਉਮਰ ਦੀ ਕੋਈ ਔਰਤ ਆ ਖੜੀ ਹੋਈ। ਉਸ ਪੁੱਛਿਆ, "ਲਾਲਾ-ਕੀ ਹਾਲ ਚਾਲ ਆ?" ਭਾਪਾ ਜੀ ਨੇ ਨੀਵੀਂ ਪਾਈ ਆਪਣੀ ਵੱਢੀ ਹੋਈ ਲੱਤ 'ਤੇ ਹੱਥ ਫੇਰਦਿਆਂ ਕਿਹਾ ਸੀ, "ਤੇਰੇ ਸਾਹਮਣੇ ਹੀ ਆਂ।" ਉਦੋਂ ਹੀ ਕੋਈ ਹੋਰ ਜਣਾ ਆ ਗਿਆ। ਭਾਪਾ ਜੀ ਉਸ ਨਾਲ ਗੱਲੀਂ ਪੈ ਗਏ।...........???.........। ਉਥੇ ਤਾਂ ਇਕ ਹੋਰ ਹੀ ਸੀਨ ਉਭਰਣ ਲੱਗਾ। ਕੱਚੇ ਦਲਾਨ 'ਚ ਤਾਇਆ, ਤਾਈ, ਭਾਪਾ, ਬੀਬੀ, ਜੋਗਿੰਦਰ ਤੇ ਮੈਂ ਬੈਠੇ ਸੀ। ਬੀਬੀ ਲਾਗੀਆਂ ਲਈ ਭਾਜੀ ਤੋਲ-ਤੋਲ ਕੇ ਥਾਲਾਂ 'ਚ ਅੱਡ-ਅੱਡ ਪਾਉਣ ਲੱਗੀ। ਇਕ ਲਈ ਭਾਜੀ ਤੁਲ ਜਾਂਦੀ ਤਾਂ ਬੀਬੀ ਤਾਈ ਵੱਲ ਨੂੰ ਦੇਖਣ ਲੱਗ ਜਾਂਦੀ—ਹੁਣ ਕਿਸ ਦੀ ਵਾਰੀ ਹੈ? ਆਖਿਰ 'ਚ ਤਾਈ ਨੇ ਕਿਹਾ, "ਲਉ ਜੀ—ਤੁਹਾਡੇ ਭਰਾ ਦੀ ਵਾਰੀ ਆ ਗਈ। ਹੁਣ ਤੁਸੀਂ ਜਾਣੋ ਤੇ ਤੁਹਾਡਾ ਕੰਮ ਜਾਣੇ।" ਤਾਏ ਨੇ ਤਾਈ ਕੋਲੋਂ ਸੰਦੂਕ 'ਚੋਂ ਖੇਸ ਕੱਢਵਾਇਆ। ਉਪਰ ਪੰਜਾਹਾਂ ਦਾ ਨੋਟ ਰੱਖ ਕੇ ਭਾਪਾ ਜੀ ਦੇ ਅੱਗੇ ਰੱਖ ਦਿੱਤਾ। ਪੁੱਛਿਆ, "ਠੀਕ ਆ ਨਾ ਛੋਟੇ ਭਾਈ?" ਭਾਪਾ ਜੀ ਨੇ ਕੁਝ ਨਾ ਕਿਹਾ। ਉਹਨਾਂ ਖੇਸ ਚੁੱਕ ਕੇ ਪੱਟਾਂ 'ਤੇ ਰੱਖ ਲਿਆ। ਨੋਟ ਜੇਬ 'ਚ ਪਾ ਲਿਆ। ਫੇਰ ਉਹਨਾਂ ਨੀਵੀਂ ਪਾ ਲਈ ਸੀ। ਤਾਇਆ ਬੋਲਿਆ, "ਮੈਂ ਆਪਣਾ ਕੰਮ ਕਰ ਦਿੱਤਾ—ਹੁਣ ਭਾਜੀ ਵਾਲਾ ਤੁਸੀਂ ਭੈਣਾਂ ਜਾਣੋ।" ਉਸ ਦਿਨ ਤੋਂ ਬਾਅਦ ਮੈਂ ਬਹੁਤ ਹੀ ਘਟ ਤਾਏ ਦੇ ਘਰ ਗਿਆਂ।

ਕਿੰਨਾ ਚਿਰ ਮੈਂ ਉਹ ਨੂੰ ਮਿਲ ਨਾ ਸਕਿਆ। ਉਂਝ ਵੀ ਮੈਂ ਉਹ ਨੂੰ ਮਿਲਣੋਂ ਗੁਰੇਜ ਕਰਦਾਂ। ਮੈਂ ਦੂਰੀ ਬਣਾਈ ਰੱਖਣਾ ਚਾਹੁੰਦਾਂ। ਮੈਨੂੰ ਉਹ ਦਾ ਮਿਲਣਾ ਕੋਈ ਬਹੁਤ ਚੰਗਾ ਨਹੀਂ ਲੱਗਦਾ। ਮੈਂ ਉਹ ਦੇ ਬਾਰੇ ਇਹ ਰਾਇ ਵੀ ਬਣਾ ਰੱਖੀ ਕਿ ਉਸ ਕਿਸੇ ਨਾ ਕਿਸੇ ਗਰਜ ਲਈ ਹੀ ਆਉਣਾ ਹੁੰਦਾ। ਉਹ ਪਿਛਲੀ ਵਾਰ ਜੋਗਿੰਦਰ ਦੇ ਵਿਆਹ ਦਾ ਕਾਰਡ ਲੈ ਕੇ ਆਇਆ ਸੀ। ਮੈਂ ਕਾਰਡ ਦੇਖਿਆ ਤਕ ਨਹੀਂ ਸੀ। ਪੁੱਛਿਆ ਸੀ ਕਿ ਮੇਰੇ ਗੋਚਰਾ ਕੋਈ ਕੰਮ ਹੈ ਤਾਂ ਦੱਸੋ। ਉਸ ਕਿਹਾ ਸੀ, "ਤੁਸੀਂ ਦਰਸ਼ਨ ਦਿਉ। ਤੁਹਾਡੀ ਹਾਜਰੀ ਸਾਡੇ ਲਈ ਅਹਿਮ ਆ।" ਉਨ੍ਹਾਂ ਨੇ ਕੀ-ਕੀ ਕਰਨਾ ਹੈ— ਇਸ ਦੇ ਬਾਰੇ ਮੇਰੇ ਹੁੰਗਾਰਾ ਦਿੱਤੇ ਬਿਨਾਂ ਹੀ ਦੱਸਿਆ, "ਮੈਂ ਤੇ ਤੇਰੀ ਤਾਈ ਘਰੇ ਗਏ ਸੀ। ਮੈਂ ਤਾਂ ਕਹਿਤਾ ਸੀ—ਕਮਲੇਸ਼ ਅਸੀਂ ਵਿਆਹ ਤੇਰੀ ਸਲਾਹ ਨਾਲ ਪੱਕਾ ਕੀਤਾ। ਹੁਣ ਤੂੰ ਜਾਣ ਤੇ ਤੇਰਾ ਕੰਮ ਜਾਣੇ। ਪੁੱਤ-ਅਸੀਂ ਤਾਂ ਤੇਰੀ ਬੀਬੀ ਦੀ ਸਲਾਹ ਤੋਂ ਬਿਨਾਂ ਇਕ ਪੈਰ ਵੀ ਨ੍ਹੀਂ ਪੁੱਟਣਾ।" ਉਹ ਨੇ ਇਕ ਵਾਰੀ ਵੀ



www.PunjabiLibrary.com

ਇਹ ਇਸ਼ਾਰਾ ਨਹੀਂ ਦਿੱਤਾ ਸੀ ਕਿ ਉਹ ਨੂੰ ਕਿਸੇ ਚੀਜ਼ ਦੀ ਲੋੜ ਹੈ ਜਾਂ ਪੈਸਿਆਂ ਦੀ ਥੁੜ ਆ ਸਕਦੀ ਹੈ। ਮੈਂ ਤਾਂ ਮੁੱਢੋਂ ਹੀ ਇਹ ਸੋਚ ਰੱਖਿਆ ਕਿ ਇਹ ਨੂੰ ਆਪਣੇ ਨਾਲੋਂ ਉਤਾਂਹ ਨਹੀਂ ਉਠਣ ਦੇਣਾ। ਮੈਂ ਉਸ 'ਤੇ ਇੰਨੇ ਅਹਿਸਾਨ ਕੀਤੇ ਸਨ ਕਿ ਉਹ ਛੇਤੀ ਕਿਤੇ ਮੇਰੇ ਸਾਹਮਣੇ ਧੌਣ ਉੱਚੀ ਚੁੱਕ ਹੀ ਨਹੀਂ ਸਕਦਾ। ਮੈਂ ਉਹ ਦੇ ਕੰਮ ਤਾਂ ਕਰਵਾਉਣੇ ਹੀ ਹੁੰਦੇ— ਪਤਾ ਨਹੀਂ ਉਹ ਦੀ ਇੰਗੜੀ ਦੀ ਪਤਿਗੜੀ ਦੇ ਕਿੰਨੇ ਕੁ ਰੰਡੀ ਰੋਣੇ ਸੁਣੇ ਹਨ— ਸਿਰੇ ਚੜਾਏ ਹਨ। ਇਸ ਵਾਰੀ ਵੀ ਮੈਂ ਆਪਣਾ ਵਾਰ ਚਲਾ ਹੀ ਦਿੱਤਾ। ਮੈਂ ਆਪਣੇ ਪੀ. ਏ. ਹਰਦੀਪ ਨੂੰ ਸੱਦਿਆ। ਉਹ ਨੂੰ ਕਿਹਾ ਕਿ ਉਹ ਤਾਏ ਨੂੰ ਠੇਕੇਦਾਰ ਕੋਲ ਲੈ ਜਾਵੇ। ਇਹ ਜਿਹੜੀ ਵੀ ਸ਼ਰਾਬ ਪਸੰਦ ਕਰਦਾ ਉਹ ਦੀਆਂ ਪੰਜ-ਸਤ ਪੇਟੀਆਂ ਆਪ ਨਾਲ ਜਾ ਕੇ ਪਿੰਡ ਛੱਡ ਆਵੇ। ਤਾਇਆ ਹੱਥ ਜੋੜ ਕੇ ਬੋਲਿਆ, "ਪੁੱਤ-ਜਿੰਨਾ ਤੂੰ ਮੇਰੇ ਲਈ ਕਰਦਾਂ-ਐਨਾ ਕੋਈ ਢਿੱਡੋਂ ਜੰਮਿਆਂ ਵੀ ਨ੍ਹੀਂ ਕਰ ਸਕਦਾ।" ਮੈਂ ਉਹ ਦੀ ਗੱਲ ਅਣਸੁਣੀ ਕਰ ਦਿੱਤੀ। ਹਰਦੀਪ ਨੂੰ ਕਿਹਾ, "ਤੂੰ ਸ਼ਾਮ ਨੂੰ ਰਾਮ ਸਿੰਘ ਮਿਊਜਕ ਪਾਰਟੀ ਵੱਲ ਜਾਈਂ। ਉਹਨੂੰ ਮੇਰੇ ਵੱਲੋਂ ਕਹੀਂ ਕਿ ਸਾਹਿਬ ਦੇ ਪਿੰਡ ਵਿਆਹ 'ਤੇ ਚਲਣਾ। ਇੰਨੀਆਂ ਸੁਹਣੀਆਂ ਕੁੜੀਆਂ ਲੈ ਕੇ ਜਾਣੀਆਂ ਕਿ ਇਕ ਵਾਰ ਲੋਕ ਮੂੰਹ ਵਿਚ ਉਂਗਲਾਂ ਲੈ ਕੇ ਸੋਚੀਂ ਪੈ ਜਾਣ ਕਿ ਇਹ ਕਿਹੜੇ ਜਹਾਨੋ ਆਈਆਂ। ਠੀਕ ਆਂ। ਮੈਨੂੰ ਇਹਦੇ ਬਾਰੇ ਰਿਪੋਰਟ ਕਰੀਂ...।"

ਮੈਂ ਸਕੂਟਰ ਧਰੇਕਾਂ ਹੇਠ ਖੜਾ ਕੀਤਾ। ਮੈਨੂੰ ਡਾਹਢੀ ਔਖਿਆਈ ਹੋਈ। ਮੈਂ ਸਰਕਾਰੀ ਗੱਡੀ ਨਾ ਲਿਆ ਕੇ ਗਲਤੀ ਕੀਤੀ ਸੀ। ਜਿੰਨਾ ਚਿਰ ਭਾਪਾ ਜੀ ਜਿਊਂਦੇ ਰਹੇ ਉੱਨਾ ਚਿਰ ਉਨ੍ਹਾਂ ਦੀ ਇੱਛਾ ਮੁਤਾਬਕ ਮੈਂ ਆਪਣੀ ਪੂਰੀ ਲਸ਼ਕਰ ਨਾਲ ਆਉਂਦਾ ਰਿਹਾ ਸੀ।

ਮੈਂ ਖੁੱਲ੍ਹੇ ਵਿਹੜੇ 'ਚ ਭਰਵੀਂ ਨਜ਼ਰ ਮਾਰੀ। ਮੈਨੂੰ ਉਥੇ ਕੋਈ ਨਜ਼ਰ ਨਾ ਆਇਆ। ਸਿਰਫ ਤਾਇਆ ਜਾਮੁਨ ਹੇਠ ਮੰਜੀ 'ਤੇ ਲਤਾਂ ਲਮਕਾਈ ਬੈਠਾ ਸੀ।

ਮੈਂ ਉਹ ਦੇ ਨੇੜੇ ਨੂੰ ਹੁੰਦਿਆਂ ਪੁੱਛਿਆ, "ਤਾਇਆ ਜੀ-ਹੁਣ ਕਿਵੇਂ ਆ ਤੁਹਾਡੀ ਸਿਹਤ?"

"ਬੱਲੇ-ਬੱਲੇ ਮੇਰਾ ਆਫੀਸਰ ਪੁੱਤ ਆਇਆ। ਆ ਜਾ-ਆ ਜਾ.......ਮੈਨੂੰ ਜਫੀ ਪਾ ਕੇ ਮਿਲ। ਮੈਂ ਤੈਨੂੰ ਕਿੰਨੇ ਦਿਨਾਂ ਦਾ ਯਾਦ ਕਰਦਾਂ," ਕਹਿੰਦਿਆਂ ਉਹ ਦੌਣ ਵੱਲ ਨੂੰ ਖਿਸਕ ਗਿਆ।

ਮੈਂ ਬੈਠਕ ਵਾਲੇ ਪਾਸਿਉਂ ਜੋਗਿੰਦਰ ਦੀ ਵਹੁਟੀ ਨੂੰ ਕੁਰਸੀ ਲਈ ਆਉਂਦੀ ਨੂੰ ਦੇਖ ਲਿਆ ਸੀ। ਮੈਂ ਖੜਾ ਰਿਹਾ। ਫੇਰ ਕੁਰਸੀ ਖਿਸਕਾ ਕੇ ਉਹ ਦੇ ਤੋਂ ਦੂਰੀ ਬਣਾ ਕੇ ਬੈਠ ਗਿਆ।

"ਪੁੱਤ-ਜ਼ਰਾ ਕੁ ਨੇੜੇ ਨੂੰ ਆ ਜਾ। ਗੱਲ ਸੰਵਾਰ ਕੇ ਹੋ ਜਾਊ।"

"ਇਧਰ ਧੁੱਪ ਆ ਰਹੀ।"

ਉਹ ਕਾਹਲੀ-ਕਾਹਲੀ ਬੋਲਿਆ, "ਛਿੰਦੋ ਧੀਏ-ਆਪਣੇ ਘਰੇ ਕਿਹੜੇ ਠੰਢੇ ਹੋਣੇ ਆ। ਤੂੰ ਦੁੱਧ ਲਿਆ। ਮਲਾਈ ਪਾ ਲਿਆਈਂ। ਮੇਰੀ ਗੱਲ ਸੁਣ—ਮਿੱਠਾ ਬਿਲਕੁਲ ਘੱਟ ਪਾਉਣਾ। ਜਗਦੀਸ਼ ਨੂੰ ਜ਼ਿਆਦਾ ਮਿੱਠਾ ਚੰਗਾ ਨ੍ਹੀਂ ਲੱਗਦਾ।" ਉਹ ਮੇਰੇ ਵੱਲ ਨੂੰ



ਘੁੰਮਿਆ। ਮੇਰੇ ਵੱਲ ਸਿੱਧਾ ਹੀ ਦੇਖਣ ਲੱਗਾ। ਉਸ ਅੱਖਾਂ ਉਪਰ ਦੀ ਹੱਥ ਦਾ ਉਹਟਾ ਜਿਹਾ ਕਰਕੇ ਕਿਹਾ, "ਲੈ—ਜੋਗਿੰਦਰ ਹੋਰਾਂ ਨੇ ਮੈਨੂੰ ਮੰਜੇ ਨਾਲ ਨੂੜ ਕੇ ਰੱਖਤਾ। ਕਿਤੇ ਜਾਣ ਵੀ ਨ੍ਹੀਂ ਦਿੰਦੇ। ਔਹ ਦੇਖ ਜਵਾਲੇ ਕੀ ਮੋਟਰ ਸਾਹਮਣੇ ਪੈਂਦੀ ਆ। ਇਕ ਤਾਂ ਮਸਾਂ ਤਿੰਨ ਖੱਤਿਆਂ ਦੀ ਵਾਟ ਆ। ਮੇਰਾ ਵੱਡਾ ਭਾਈ ਜੁਆਲਾ ਸਿਹੁੰ ਪਰਸੋਂ ਮਿਲਿਆ ਸੀ। ਕਹਿੰਦਾ ਸੀ ਕਿ ਮੁੰਡੇ ਨ੍ਹੀਂ ਬੋਲਦੇ ਤਾਂ ਨਾ ਬੋਲਣ। ਆਪਾਂ ਭਰਾਵਾਂ ਨੂੰ ਤਾਂ ਮਿਲਣਾ ਚਾਹੀਦਾ। ਕਿੰਨਾ ਜ਼ੋਰ ਲਾਉਂਦਾ ਸੀ ਕਿ ਆ ਜਾਇਆ ਕਰ-ਆਪਾਂ ਹੁੱਕਾਂ ਪੀ ਛੱਡਿਆ ਕਰਾਂਗੇ। ਮੈਂ ਤੈਨੂੰ ਮੋਢਿਆਂ 'ਤੇ ਚੁੱਕ ਕੇ ਮਾਲੜੀ ਦਾ ਮੇਲਾ ਦਿਖਾਲ ਕੇ ਲਿਆਊਂ..........।" ਫੇਰ ਉਹ ਐਦਾਂ ਬੋਲਦਾ ਗਿਆ ਜਿਵੇਂ ਕਿਸੇ ਸਟੀਰਿਉ 'ਤੇ ਕੋਈ ਕੈਸਿਟ ਲਾਈ ਹੁੰਦੀ ਹੈ। ਮੈਨੂੰ ਇਥੇ ਆਉਣਾ ਤੇ ਹੁਣ ਇਥੇ ਬੈਠਣਾ ਫਜ਼ੂਲ ਲੱਗਾ। ਅਜੇ ਹੁਣੇ ਤਾਂ ਤਾਇਆ ਚੰਗੀਆਂ ਭਲੀਆਂ ਗੱਲਾਂ ਕਰ ਰਿਹਾ ਸੀ। ਕੀ ਹੁਣ ਉਹ ਨੂੰ ਦੌਰਾ ਪੈ ਗਿਆ ਸੀ?

ਮੈਂ ਉਠਣ ਹੀ ਲੱਗਾ ਸੀ ਕਿ ਉਦੋਂ ਹੀ ਜੋਗਿੰਦਰ ਆ ਗਿਆ। ਮੈਂ ਕੁਝ ਰਾਹਤ ਮਹਿਸੂਸ ਕੀਤੀ। ਮੇਰੀ ਕਿਸੇ ਨੇ ਸੁਣ ਲਈ। ਮੈਂ ਉਹ ਦੇ ਨਾਲ ਦੋ-ਚਾਰ ਗੱਲਾਂ ਕਰਾਂਗਾ ਤੇ ਚਲੇ ਜਾਵਾਂਗਾ। ਉਸ ਮੇਰੇ ਨਾਲ ਹੱਥ ਮਿਲਾਇਆ। ਕਿਹਾ, "ਭਾਜੀ ਤੁਸੀਂ ਆਉਣ ਦੀ ਤਕਲੀਫ ਕਿਉਂ ਕੀਤੀ? ਕਿਸੇ ਹੱਥ ਸੁਨੇਹਾ ਭੇਜ ਦਿੰਦੇ। ਅਸੀਂ ਆਪੇ ਆ ਜਾਣਾ ਸੀ।"

ਮੈਂ ਪੰਜ-ਸਤ ਗੱਲਾਂ ਤਾਏ ਦੀ ਸਿਹਤ ਬਾਰੇ ਪੁੱਛੀਆਂ। ਜਾਣ ਲਈ ਉਠਦਿਆਂ ਹੋਇਆ ਕਿਹਾ, "ਤੁਸੀਂ ਇਨ੍ਹਾਂ ਨੂੰ ਚੰਡੀਗੜ੍ਹ ਲੈ ਆਉ। ਮੈਂ ਕਿਸੇ ਰੀਪਿਊਟਡ ਡਾਕਟਰ ਨੂੰ ਆਪਣੀ ਚਿਟ ਦੇ ਦੇਵਾਂਗਾ।"

"ਬਹਿ ਜਾ-ਬਹਿ ਜਾ। ਅਫਸਰਾ ਤੂੰ ਕਿਉਂ ਕਾਹਲਾ ਪੈਣਾ। ਅਜੇ ਦਿਨ ਬਹੁਤ ਪਿਆ। ਬਹਿ ਜਾ-ਬਹਿ ਜਾ। ਤੂੰ ਮੈਨੂੰ ਆਪਣੇ ਘਰੋਂ ਵੋਦਕਾ ਪਿਆਈ ਸੀ। ਅੱਜ ਮੈਂ ਤੈਨੂੰ ਘਰ ਦੀ ਕੱਢੀ ਪਿਆਊਂ। ਤਰਸੇਮ ਲਾਲ ਨੇ ਟੀਸੀ ਦਾ ਬੇਰ ਤੋੜਦਿਆਂ ਕਿਵੇਂ ਚੱਪਣੀ ਤੁੜਾਈ ਸੀ-ਉਹ ਘਟਨਾ ਵੀ ਦਸੂੰ।" ਉਹ ਨੇ ਕਿਹਾ ਤਾਂ ਮੈਨੂੰ ਕੱਚੀ ਤ੍ਰੇਲੀ ਆ ਗਈ।

ਮੈਂ ਜੇਬ 'ਚੋਂ ਪੰਜ ਸੌ ਦਾ ਨੋਟ ਕੱਢਿਆ। ਉਸ ਦੀ ਜੇਬ 'ਚ ਪਾਉਣ ਦੀ ਕੀਤੀ, "ਤਾਇਆ ਜੀ, ਇਹਦੀਆਂ ਸਿਗਰੇਟਾਂ ਪੀ ਲਿਉ।"

ਉਹ ਨੇ ਇਕ ਵਾਰ ਵੀ ਨੋਟ ਵਾਪਸ ਲੈਣ ਲਈ ਨਾ ਕਿਹਾ। ਕੱਢ ਕੇ ਜ਼ਰੂਰ ਦੇਖਿਆ। ਆਪਣੀ ਜੇਬ ਨੂੰ ਘੁਟਦਿਆਂ ਬੋਲਿਆ, "ਤੇਰਾ ਦਿੱਤਾ ਮੈਂ ਕਿਥੋਂ ਭਰੂੰਗਾ? ਤੈਨੂੰ ਦੇਖ ਕੇ ਮੇਰਾ ਲਹੂ ਦੂਣਾ ਹੋ ਜਾਂਦਾ। ਮੈਂ ਤਾਂ ਕਿੰਨੇ ਦਿਨਾਂ ਦਾ ਜੋਗਿੰਦਰ ਨੂੰ ਕਹਿ ਰਿਹਾ ਸੀ ਕਿ ਮੈਨੂੰ ਆਪਣੇ ਆਫੀਸਰ ਪੁੱਤ ਕੋਲ ਲੈ ਚਲ। ਦੇਖੀਂ-ਈਸ਼ਰੀ ਦੇ ਮੁੰਡੇ ਨੂੰ ਨੌਕਰੀ ਕਿਦਾਂ ਨ੍ਹੀਂ ਮਿਲਦੀ। ਤੈਨੂੰ ਯਾਦ ਹੁਣਾ—ਤੂੰ ਈਸ਼ਰੀ ਦੇ ਵਿਆਹ 'ਤੇ ਆਇਆ ਸੀ। ਤੂੰ ਖੜਾ ਕਿਉਂ? ਬਹਿਜਾ-ਬਹਿਜਾ। ਕਿਤੇ ਤੇਰੇ ਆਹ ਕੁਰਸੀ ਤਾਂ ਨ੍ਹੀਂ ਚੁਭਦੀ। ਬਹਿਜਾ ਬਹਿਜਾ। ਤੂੰ ਕਿਹੜਾ ਰੋਜ਼ ਰੋਜ਼ ਆਉਣਾ। ਤੂੰ ਦੁੱਧ ਦਾ ਇੱਕ ਘੁੱਟ ਭਰ ਕੇ ਗਿਲਾਸ ਹੇਠਾ ਰੱਖ ਦਿੱਤਾ। ਇਹਦੇ ਵਿੱਚ ਕਿਹੜੀ ਜ਼ਹਿਰ ਪਾਈ ਹੋਈ ਆ। ਇਹ ਵੀ ਤੇਰਾ ਆਪਣਾ ਘਰ ਹੀ ਆ। ਮੈਂ ਕਿਹੜਾ ਕੋਈ ਕੰਮੀ ਕਮੀਨ ਆਂ। ਪੰਜ ਕਿਲ੍ਹਿਆਂ ਦਾ ਮਾਲਕ ਆਂ। ਦੋ ਗਭਰੂ ਪੁੱਤ ਆ। ਮੈਂ ਤੈਨੂੰ ਅੱਜ ਆਪਣੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਜ਼ਫ਼ਰਨਾਮੇ ਵਿਚੋਂ ਦੋ-ਚਾਰ ਗੱਲਾਂ



www.PunjabiLibrary.com

ਸੁਣਾਉਣੀਆਂ। ਤੂੰ ਤਾਂ ਮੈਨੂੰ ਜਟ-ਬੂਟ ਹੀ ਸਮਝਦਾ ਹੁਣਾਂ। ਤੇਰਾ ਬਾਬਾ ਮੇਰੇ ਬਾਪੂ ਨੂੰ ਆਪਣੇ ਹੁੱਕੇ ਦੀ ਨੜੀ ਨੂੰ ਹੱਥ ਵੀ ਨ੍ਹੀਂ ਲਾਉਣ ਦਿੰਦਾ ਸੀ। ਲੈ-ਫੇਰ ਸੁਣ:

ਨ ਸਾਜ਼ੋ, ਨ ਬਾਜ਼ੋ, ਨ ਫ਼ੌਜੇ, ਨ ਫਰਸ਼
ਖ਼ੁਦਾਵੰਦ ਬਖ਼ਸ਼ਿੰਦਹਏ ਐਸੋ ਅਰਸ਼।

ਤੂੰ ਆਪਣੇ ਆਪ ਨੂੰ ਬਹੁਤਾ ਪੜ੍ਹਿਆ ਲਿਖਿਆ ਸਮਝਦਾਂ। ਕਾਹਦਾ ਪੜ੍ਹਿਆ ਲਿਖਿਆ-ਟਟੂ ਦਾ। ਤੈਨੂੰ ਕਿਹੜੀ ਫ਼ਾਰਸੀ ਆਉਂਦੀ ਜੋ ਤੂੰ ਇਸ ਸ਼ਿਅਰ ਨੂੰ ਸਮਝ ਜਾਵੇਂਗਾ। ਲੈ ਫੇਰ ਧਿਆਨ ਨਾਲ ਸੁਣ-ਇਹ ਦਾ ਮਤਲਬ ਹੁੰਦਾ—ਇਸ ਬੰਦੇ ਕੋਲ ਕੋਈ ਜਾਇਦਾਦ, ਫ਼ੌਜ, ਬਾਜ਼ ਆਦਿ ਨਾ ਹੋਵੇ, ਪਰਮਾਤਮਾ ਉਹ ਨੂੰ ਵੀ ਅਰਾਮ ਤੇ ਤਰਕੀ ਬਖ਼ਸ਼ਣ ਵਾਲਾ ਹੈ। ਠੀਕ ਆ ਨਾ ? ਹੁਣ ਦੱਸ-ਜ਼ਫ਼ਰਨਾਮੇ ਵਿਚੋਂ ਕਿਹੜਾ ਸ਼ਿਅਰ ਬੋਲਾਂ। ਬੋਲ ਜਲਦੀ ਬੋਲ। ਪੰਜਾਹਵਾਂ, ਅੱਸੀਵਾਂ ਜਾਂ ਆਖਿਰੀ ਇਕ ਸੌ ਗਿਆਰਵਾਂ। ਸਕੂਲੇ ਪੜ੍ਹਿਆ ਤਾਂ ਮੈਂ ਪੰਜਵੀਂ ਤਕ ਆਂ ਪਰ ਜਦੋਂ ਵਿਹਲ ਮਿਲੀ ਵਿਹਲਾ ਨ੍ਹੀਂ ਬੈਠਾ। ਆਲਸੀਆਂ ਵਾਂਗ ਸੁੱਤਾ ਨ੍ਹੀਂ। ਪੜ੍ਹਦਾ ਰਿਹਾਂ। ਬੋਲ—ਮਹਾਭਾਰਤ, ਰਮਾਇਣ ਵਿਚੋਂ ਪੁੱਛ.....। ਹੁਣ ਪੁੱਛ ਵੀ ਲੈ। ਲੈ ਤੂੰ ਕੀ ਪੁੱਛਣਾ-ਲੈ ਸੁਣ। ਰਿਗ ਬਾਣੀ ਕੀ ਕਹਿੰਦੀ ਆ:

ਇਕਸਮ ਹੋ ਕੇ ਵੀ, ਇਕ ਜੇਹਾ ਕੰਮ ਨਾ ਦੋ ਹੱਥ ਕਰਦੇ
ਦੋ ਗਊਆਂ, ਇਕ ਮਾਂ ਜਣੀਆਂ, ਇਕ ਸਮ ਦੁੱਧ ਨਾ ਦੇਵਣ
ਜੌੜੇ ਭਾਈਆਂ ਦਾ ਵੀ ਵੀਰਜ, ਇਕ ਸਮਾਨ ਨਾ ਹੋਵੇ
ਅੰਗ ਸਾਕ ਦੋ ਬੰਦੇ ਹੁੰਦੇ ਇਕੋ ਜਿਹੇ ਨਾ ਦਾਨੀ।

ਮੈਨੂੰ ਉਹ ਦੇ ਗਿਆਨ ਦੀ ਦਾਦ ਦੇਣੀ ਪਈ ਸੀ ਭਾਵੇਂ ਕਿ ਕੋਲ ਬੈਠਾ ਜੋਗਿੰਦਰ ਨੈਰੀਆਂ ਤਾਣੀ ਉਹ ਨੂੰ ਘੂਰ ਰਿਹਾ ਸੀ। ਮੈਂ ਮਨ ਹੀ ਮਨ ਫੈਸਲਾ ਕਰ ਲਿਆ ਕਿ ਮੈਂ ਚੰਡੀਗੜ੍ਹ ਜਾ ਕੇ ਇਹ ਦੇ ਲਈ ਟੈਕਸੀ ਭੇਜਾਂਗਾ। ਤਾਇਆ ਕਮਲਾ ਨਹੀਂ। ਉਹ ਕਮਲਾ ਹੋਣ ਦਾ ਸੁਆਂਗ ਰਚ ਰਿਹਾ। ਜੋਗਿੰਦਰ ਉਹਨੂੰ ਅਮਲ ਪਾਣੀ ਪੂਰਾ ਨਹੀਂ ਦੇ ਰਿਹਾ। ਤਾਇਆ ਜਾਣ-ਬੁਝ ਕੇ ਕਮਲਾ ਬਣਿਆ ਹੋਇਆ। ਇਹਨੂੰ ਮੈਂ ਦੋ ਹਫਤੇ ਆਪਣੇ ਕੋਲ ਰੱਖਾਂਗਾ। ਇਹਦੇ ਕੋਲੋਂ ਆਪਣੇ ਭਾਪਾ ਜੀ ਦੀ ਜਵਾਨੀ ਬਾਰੇ ਪੁੱਛਾਂਗਾ। ਇਹ ਦੇ ਕੋਲੋਂ ਮੈਂ ਆਪਣੇ ਭਾਪਾ ਜੀ ਬਾਰੇ ਕਿਤਾਬ ਲਿਖਵਾਵਾਂਗਾ। ਅਜਿਹੀ ਕਿਤਾਬ ਜਿਸ ਦਾ ਪਹਿਲਾ ਤੇ ਆਖਿਰੀ ਪਾਠਕ ਮੈਂ ਹੀ ਹੋਵਾਂਗਾ। ਇਹਦੀ ਪਾਂਡੂਲਿਪੀ ਮੇਰੇ ਲਾਕਰ 'ਚ ਪਈ ਰਹੇਗੀ। ਮੈਂ ਅਜੇ ਸੋਚ ਹੀ ਰਿਹਾ ਸੀ, ਉਹ ਕਹਿਣ ਲੱਗਾ, "ਚੰਗਾ ਪੁੱਤ-ਤੂੰ ਐਦਾਂ ਹੀ ਗੇੜਾ ਮਾਰ ਜਾਇਆ ਕਰ। ਮੈਨੂੰ ਪਤਾ ਤੇਰੇ ਕੋਲ ਸਮਾਂ ਥੋੜ੍ਹਾ ਹੁੰਦਾ। ਤਾਈਂ ਮੈਂ ਤੈਨੂੰ ਰੁਕਣ ਲਈ ਨ੍ਹੀਂ ਕਹਿੰਦਾ। ਤੂੰ ਮਿਲਣ ਗਿਆ ਤਾਂ ਮੈਨੂੰ ਮੇਰਾ ਛੋਟਾ ਭਾਈ ਤਰਸੇਮ ਲਾਲ ਯਾਦ ਆ ਗਿਆ.......।"

ਮੈਨੂੰ ਉਹ ਦੀਆਂ ਇਨ੍ਹਾਂ ਗੱਲਾਂ ਨਾਲ ਕੋਈ ਸਰੋਕਾਰ ਨਹੀਂ ਸੀ। ਉਸ ਦੀ ਲੰਬੀ ਹੁੰਦੀ ਜਾਂਦੀ ਗੱਲ ਤੋਂ ਮੈਨੂੰ ਅਕੇਵਾਂ ਹੋਇਆ। ਮੈਂ ਤੇਜ਼ੀ ਨਾਲ ਘੜੀ ਦੀਆਂ ਸੂਈਆਂ 'ਤੇ ਨਜ਼ਰਾਂ ਦੌੜਾਈਆਂ।

ਜੋਗਿੰਦਰ ਬੋਲਿਆ, "ਚਲੋ ਭਾਜੀ—ਮੈਂ ਸਕੂਟਰ ਰੇੜ ਕੇ ਤੁਹਾਨੂੰ ਪ੍ਰੀਤਮ ਸਿਹੁੰ



ਕੀ ਮੋਟਰ ਪਾਰ ਕਰਾ ਆਵਾਂ। ਸਮਝ ਲਉ-ਤੁਹਾਨੂੰ ਇਸ ਵਾਰੀ ਔਖਾ ਹੋਣਾ ਪਿਆ। ਮੈਂ ਅਗਾਂਹ ਵਾਲਿਆਂ ਨਾਲ ਸਲਾਹ ਕੀਤੀ—ਅਸੀਂ ਕੁਰਾਹ ਕੇ ਰਾਹ ਪੱਕਾ ਕਰ ਦੇਣਾ। ਫੇਰ ਤੁਹਾਡੀ ਗੱਡੀ ਸਿੱਧੀ ਇਧਰ ਆਊ........।"

"ਚੰਗਾ ਤਾਇਆ ਜੀ—ਫੇਰ ਸਹੀਂ ਕਦੇ।"

ਅਗੋਂ ਉਹ ਨੇ ਸ਼ਰਧਾ ਨਾਲ ਹੱਥ ਜੋੜ ਦਿੱਤੇ। ਮੈਂ ਸਾਫ ਦੇਖਿਆ ਕਿ ਉਹ ਦੀਆਂ ਅੱਖਾਂ 'ਚ ਨਮੀ ਆਉਣੀ ਸ਼ੁਰੂ ਹੋ ਗਈ ਸੀ।

ਜੋਗਿੰਦਰ ਅਜੇ ਸਕੂਟਰ ਸਟਾਰਟ ਹੀ ਕਰਨ ਲੱਗਾ ਸੀ ਕਿ ਤਾਇਆ ਉੱਚੀ ਆਵਾਜ਼ 'ਚ ਬੋਲਿਆ, "ਉਏ ਬੇਵਕੂਫਾ - ਮੇਰੀ ਗੱਲ ਸੁਣ। ਇਹ ਆਪਣੇ ਘਰੋਂ ਖਾਲੀ ਜਾਊ। ਇਹਨੇ ਤਾਂ ਮੈਨੂੰ ਆਪਣੀ ਕੋਠੀਉਂ ਕਦੇ ਖਾਲੀ ਨ੍ਹੀਂ ਆਉਣ ਦਿੱਤਾ। ਆਹ ਦੇਖ-ਆਹ ਜਿਹੜੀ ਕਮੀਜ਼ ਮੈਂ ਪਾਈ ਹੋਈ ਆ—ਇਹ ਵੀ ਇਹਦੀ ਦਿੱਤੀ ਹੋਈ ਆ," ਉਹ ਲੜਖੜਾਉਂਦਾ ਉਠਿਆ। ਡਿਗਦਾ-ਡਿਗਦਾ ਮਸਾਂ ਬਚਿਆ। ਜੋਗਿੰਦਰ ਅਗਾਂਹ ਨੂੰ ਹੋਇਆ ਤਾਂ ਉਹ ਮੰਜੇ 'ਤੇ ਡਿਗ ਹੀ ਪਿਆ। ਅਗਲੇ ਪਲਾਂ 'ਚ ਭਾਵੇਂ ਉਹਨੇ ਜਿੱਦਾਂ-ਕਿੱਦਾਂ ਆਪਣੇ ਆਪ ਨੂੰ ਸੰਭਾਲ ਲਿਆ ਪਰ ਉਹਦਾ ਸਾਹ ਅਜੇ ਵੀ ਉਖੜਿਆ ਹੋਇਆ ਸੀ। ਜੋਗਿੰਦਰ ਨੇ ਉਹਨੂੰ ਪਾਣੀ ਦਾ ਗਿਲਾਸ ਪਿਲਾਇਆ ਤੇ ਲੰਮਾਂ ਪਾ ਦਿੱਤਾ। ਉਸ ਘਗੂੰਰਾ ਮਾਰ ਕੇ ਗਲਾ ਸਾਫ ਕੀਤਾ। ਕਿਹਾ, "ਤੂੰ ਐਦਾਂ ਕਰ-ਇਹਦੇ ਸਕੂਟਰ ਪਿਛੇ ਆਲੂਆਂ ਦੀ ਬੋਰੀ ਰੱਖ ਦੇ। ਮੇਰੇ ਬਾਬੇ ਨੇ ਮੈਨੂੰ ਇਹ ਸਿਖ ਮਤ ਦਿੱਤੀ ਸੀ। ਘਰ ਆਏ ਨੂੰ ਖਾਲੀ ਹੱਥ ਨ੍ਹੀਂ ਜਾਣ ਦਈਦਾ ਹੁੰਦਾ।.........ਆਪਾਂ ਇਹਨੂੰ ਦੇਣ ਜੋਗੇ ਵੀ ਕੀ ਆਂ। ਜਾਹ-ਜਾਹ ਤੂੰ ਇਹਨੂੰ ਆਪ ਛੱਡ ਕੇ ਆ। ਇਹ ਤੇਰਾ ਵੱਡਾ ਭਾਈ ਆ—ਇਹਦੇ ਪੈਰੀਂ ਹੱਥ ਲਾਇਆ ਕਰ।" ....??? ....। ਮੈਂ ਉਹ ਦੀਆਂ ਅੱਖਾਂ 'ਚ ਦੇਖਿਆ। ਉਥੇ ਭਾਪਾ ਜੀ ਦਾ ਚਿਹਰਾ ਉਭਰਣ ਲੱਗਾ।........................??? ........................।

ਸ਼ਾਇਦ ਉਹਨਾਂ ਦੀ ਮੌਤ ਤੋਂ ਬਾਅਦ ਅਜਿਹਾ ਪਹਿਲੀ ਵਾਰ ਹੋਇਆ ਸੀ।

।........................???........................।

ਮੈਂ ਨੀਵੀਂ ਪਾਈ ਸਕੂਟਰ ਵੱਲ ਕਾਹਲੀ-ਕਾਹਲੀ ਦੌੜ ਹੀ ਪਿਆ।



www.PunjabiLibrary.com

## ਪਿਉ-ਸਿਧਾਰਥ-ਪੁੱਤਰ

ਮਾਂ ਖੰਘੀ ਸੀ।

ਪੰਮੀ ਨੂੰ ਸਾਹਮਣੇਲੀ ਕੰਧ 'ਤੇ ਦੌੜੀ ਜਾਂਦੀ ਕਿਰਲੀ ਦਿੱਸੀ।

ਉਸ ਚਾਹ ਵਾਲਾ ਕੱਪ ਹੇਠਾਂ ਰੱਖਿਆ। ਤੇਜ਼ੀ ਨਾਲ ਕੰਧ ਵੱਲ ਗਈ। ਆਪਣੀ ਚਪਲ ਛੱਡ ਕੇ ਮਾਰੀ। ਕਿਰਲੀ ਪੱਖੇ ਦੇ ਮਘੋਰੇ ਵੱਲ ਨੂੰ ਦੌੜ ਗਈ। ਉਹ ਮੇਰੇ ਸਾਹਮਣੇ ਵਾਪਸ ਆ ਬੈਠੀ। ਮੁਸਕ੍ਰਾਉਂਦੀ ਹੋਈ। ਪਰ ਅੰਦਰੋਂ ਡਰੀ ਹੋਈ। ਸਹਿਮੀ ਹੋਈ। ਉਸ ਪਿਛਾਂਹ ਨੂੰ ਧੌਣ ਕਰਕੇ ਉਸ ਥਾਂ ਵੱਲ ਦੇਖਿਆ ਜਿਥੇ ਹੁਣੇ-ਹੁਣੇ ਕਿਰਲੀ ਦੀਆਂ ਭਿਆਨਕ ਅੱਖਾਂ ਤੋਂ ਉਹਨੂੰ ਡਰ ਲੱਗਾ ਸੀ। ਬੁੜਬੜਾਈ। ਮਨ ਹੀ ਮਨ ਪੰਜ ਸੱਤ ਗਾਲ੍ਹਾਂ ਕੱਢੀਆਂ। ਥੋੜ੍ਹਾ ਕੁ ਫਿਕਰਮੰਦ ਹੋਈ। ਉਸ ਚਾਹ ਦਾ ਛੋਟਾ ਜਿਹਾ ਘੁੱਟ ਭਰਿਆ। ਕੱਪ ਹੇਠਾਂ ਰੱਖ ਦਿੱਤਾ। ਸੱਜੇ ਪਾਸੇ ਵਾਲੀ ਪੁੜਪੜੀ 'ਤੇ ਖਾਜ ਕੀਤੀ। ਤੀਜੇ ਨੇਤਰ ਨੇ ਸੰਕੇਤ ਦਿੱਤਾ ਕਿ ਹੁਣ ਕੋਈ ਖਤਰਾ ਨਹੀਂ ਰਿਹਾ। ਉਥੇ ਕੋਈ ਕਿਰਲੀ ਨਹੀਂ। ਕੋਈ ਆਵਾਜ਼ ਨਹੀਂ। ਉਸ ਦੇ ਸਾਹਮਣੇ ਤਾਂ ਉਸ ਦਾ ਆਪਣਾ ਪ੍ਰੀਤ ਬੈਠਾ ਹੈ ਜਿਸ ਦੀ ਉਡੀਕ ਉਹ ਨੂੰ ਪੰਜ ਵਜੇ ਹੀ ਸ਼ੁਰੂ ਹੋ ਜਾਂਦੀ ਹੈ। ਉਹ ਚਾਰ ਪੰਤਾਲੀ 'ਤੇ ਸੱਜ ਸੰਵਰ ਕੇ ਬੈਠ ਜਾਂਦੀ ਹੈ। ਉਦੋਂ ਉਸ ਲਈ ਕਿਸੇ ਵੀ ਅਤੀ ਜ਼ਰੂਰੀ ਕੰਮ ਦੀ ਅਹਿਮੀਅਤ ਜ਼ੀਰੋ ਹੋ ਜਾਂਦੀ ਹੈ। ਉਸ ਨੂੰ ਸਿਰਫ ਤੇ ਸਿਰਫ ਪ੍ਰੀਤ ਦਿੱਸਦਾ ਹੈ। ਉਸ ਦਾ ਸਾਰੇ ਦਾ ਸਾਰਾ ਪ੍ਰੀਤ।

ਮੈਥੋਂ ਚਾਹ ਦਾ ਇਕ ਵੀ ਘੁੱਟ ਭਰਿਆ ਨਾ ਗਿਆ। ਉਂਗਲਾਂ 'ਚ ਫੜਿਆ ਕੱਪ ਬੁਰੀ ਤਰ੍ਹਾਂ ਕੰਬਿਆ। ਜਿਵੇਂ ਕੱਪ ਦੀ ਡੰਡੀ 'ਚੋਂ ਕੋਈ ਚੁੱਭਵੀਂ ਚੀਜ਼ ਨਿਕਲ ਆਈ ਹੋਵੇ। ਮੈਂ ਝੱਟ ਕੱਪ ਮੇਜ਼ 'ਤੇ ਰੱਖ ਦਿੱਤਾ। ਪੰਮੀ ਨੇ ਹੈਰਾਨਗੀ ਜ਼ਾਹਿਰ ਕਰਦਿਆਂ ਪੁੱਛਿਆ, "ਕਿਤੇ ਮਿੱਠਾ ਜ਼ਿਆਦਾ ਤਾਂ ਨ੍ਹੀਂ ਪੈ ਗਿਆ?"

"ਨ੍ਹੀਂ," ਮੈਂ ਉਸ ਵੱਲ ਓਪਰਿਆਂ ਵਾਂਗ ਦੇਖਿਆ। ਮੇਰੇ ਮਨ 'ਚ ਆਇਆ ਕਿ ਦੌੜ ਜਾਵਾਂ। ਪੰਮੀ ਕੋਲੋਂ। ਮਾਂ ਕੋਲੋਂ। ਕੋਹਾਂ ਮੀਲਾਂ ਦੂਰ। ਸੱਤ ਸਮੁੰਦਰ ਪਾਰ। ਉਥੇ ਸਿਰਫ ਮੈਂ ਹੋਵਾਂ। ਮੈਨੂੰ ਕੋਈ ਜਾਣਦਾ ਨਾ ਹੋਵੇ। ਮੈਂ ਕਿਸੇ ਨੂੰ ਜਾਣਦਾ ਨਾ ਹੋਵਾਂ। ਮੇਰੀ ਆਪਣੀ ਦੁਨੀਆ ਹੋਵੇ। ਮੈਂ ਨਵੇਂ ਸਿਰਿਉਂ ਆਪਣਾ ਆਪ ਉਸਾਰਾਂ। ਕੋਈ ਬੰਦਿਸ਼ ਨਾ ਹੋਵੇ। ਕੋਈ ਜੁੰਮੇਵਾਰੀ ਨਾ ਹੋਵੇ। ਕੋਈ ਰਿਸ਼ਤੇਦਾਰੀ ਨਾ ਹੋਵੇ। ਕੋਈ ਦੋਸਤ ਨਾ ਹੋਵੇ। ਮੇਰੀ ਕੋਈ ਪਤਨੀ ਨਾ ਹੋਵੇ। ਮੈਂ ਕਿਸੇ ਦਾ ਪੁੱਤ ਨਾ ਹੋਵਾਂ। ਨਾ ਹੀ ਮੈਨੂੰ ਕੋਈ ਡੈਡੀ ਕਹਿਣ ਵਾਲਾ ਹੋਵੇ। ਬਹੁਤ ਦਿਨਾਂ ਬਾਅਦ ਅੱਜ, ਤੇ ਉਹ ਵੀ ਹੁਣੇ-ਹੁਣੇ ਇਹ ਵਿਚਾਰ ਮੇਰੇ 'ਤੇ ਭਾਰੂ



www.PunjabiLibrary.com

ਹੋਣ ਲੱਗਾ। ਭਾਰੂ ਹੀ ਕਿਉਂ, ਰੁੱਕ-ਰੁੱਕ ਕੇ ਹੁੰਝਾਂ ਮਾਰਣ ਲੱਗਾ। ਮੈਨੂੰ ਘਬਰਾਹਟ ਹੋਈ। ਮੈਂ ਚਾਹਿਆ ਕਿ ਪੰਮੀ ਆਪਣੇ ਆਪ ਹੀ ਉੱਠ ਕੇ ਚਲੇ ਜਾਵੇ ਜਾਂ ਮੈਨੂੰ ਹੀ ਕਹਿਣਾ ਪਵੇਗਾ।

"ਚਾਹ.....ਹੈਂ," ਪੰਮੀ ਮੈਨੂੰ ਕਰੀਬ-ਕਰੀਬ ਹਲੂਣਦੀ ਹੋਈ ਕਹਿਣ ਲੱਗੀ। ਮੇਰੇ ਵੱਲੋਂ ਚੁੱਪ ਵਟੀ ਦੇਖ ਕੇ, ਉਸ ਪੱਖੇ ਦੀ ਸਪੀਡ ਇਕ ਪੁਆਇੰਟ ਹੋਰ ਵਧਾ ਦਿੱਤੀ ਸੀ। ਮੇਰੇ ਬਿਲਕੁੱਲ ਨਾਲ ਲੱਗ ਕੇ ਬੈਠ ਗਈ। ਪੁੱਛਿਆ, "ਪਸੰਦ ਨ੍ਹੀਂ ਆਈ ਤਾਂ ਹੋਰ ਬਣਾ ਲਿਆਵਾਂ?" ਉਹ ਦੀ ਆਵਾਜ਼ 'ਚ ਔਰਤਾਂ ਵਾਲਾ ਕੋਈ ਚਲਿਤਰ ਨਹੀਂ ਸੀ। ਅਧੀਨਗੀ ਸੀ। ਨਿਮਰਤਾ ਸੀ। ਪ੍ਰਸ਼ਨਾਂ ਨਾਲ ਭਰੀਆਂ ਨਜ਼ਰਾਂ ਸਨ।

"ਹੂੰ," ਮੈਂ ਕਿਹਾ। ਮੈਥੋਂ ਉਸਦਾ ਸਾਹਮਣੇ ਬੈਠਣਾ ਜਰਿਆ ਨਹੀਂ ਜਾ ਰਿਹਾ ਸੀ। ਔਖਾ-ਔਖਾ ਲੱਗਾ ਸੀ। ਜੇ ਉਹ ਮੇਰੇ ਸਾਹਮਣੇ ਬੈਠੀ ਰਹਿੰਦੀ ਤਾਂ ਮੇਰੇ ਤਨਾਉ 'ਚ ਵਾਧਾ ਹੋਈ ਜਾਣਾ ਸੀ। ਮੈਂ ਫਰਸ਼ 'ਤੇ ਪਈਆਂ ਤ੍ਰੇੜਾਂ ਦੀ ਗਿਣਤੀ 'ਚ ਉਲਝਣ ਲੱਗਾ।

ਪੰਮੀ ਨੇ ਇਕ ਵਾਰ ਮੇਰੇ ਵੱਲ ਦੇਖਿਆ। ਟਿਕਟਿਕੀ ਲਾ ਲਈ। ਉਸ ਦੀ ਹੈਰਾਨਗੀ ਵਿਚ ਯਕਦਮ ਵਾਧਾ ਹੋ ਗਿਆ। ਕਲ੍ਹ ਵਾਲੀ? ਜਾਂ ਪਰਸੋਂ ਵਾਲੀ ਘਟਨਾ ਦਾ ਅਜੇ ਵੀ ਮੇਰੇ 'ਤੇ ਐਨਾ ਅਸਰ ਹੋਵੇਗਾ, ਉਸ ਨੂੰ ਇਸ ਗੱਲ ਦਾ ਖਿਆਲ ਆਇਆ। ਪਰ ਅੱਜ ਵਾਲੀ ਸਵੇਰ ਤਾਂ ਬਿਲਕੁਲ ਨਾਰਮਲ ਸੀ। ਉਹ ਮੈਨੂੰ ਦਰਵਾਜ਼ੇ ਤਕ ਛੱਡਣ ਆਈ ਸੀ। ਫਲਾਈ ਕਿੱਸ ਕੀਤੀ ਸੀ। ਯਾਦ ਕਰਾਉਂਦਿਆਂ ਕਿਹਾ ਸੀ, "ਤੁਸੀਂ ਆਪਣੇ ਦੋਸਤ ਡਾ. ਦੁਸਾਂਝ ਕੋਲ ਜ਼ਰੂਰ ਜਾਏਉ। ਮਾਤਾ ਜੀ ਦੀ ਖੰਘ ਵਧਦੀ ਜਾਂਦੀ। ਉਹ ਰਾਤ ਨੂੰ ਠੀਕ ਤਰ੍ਹਾਂ ਸੌਂਦੇ ਵੀ ਨ੍ਹੀਂ। ਤੁਹਾਡੀ ਆਪਣੀ ਨੀਂਦ ਖਰਾਬ ਹੋ ਜਾਂਦੀ। ਠੀਕ ਹੈ ਨਾ?" ਮੈਂ ਸਕੂਟਰ ਦੀ ਕਿੱਕ ਮਾਰੀ ਸੀ। ਉਸ ਦਰਵਾਜ਼ਾ ਬੰਦ ਕਰ ਲਿਆ ਸੀ। ਸ਼ਾਮੀਂ ਜਦ ਉਸ ਨੇ ਦਰਵਾਜ਼ਾ ਖੋਲ੍ਹਿਆ ਤਾਂ ਮੇਰੇ ਬੁੱਲ੍ਹਾਂ 'ਤੇ ਮੁਸਕਾਨ ਸੀ। ਇਸ ਦਾ ਜੁਆਬ ਉਸ ਅੰਦਾਜ਼ ਨਾਲ ਹੀ ਦਿੱਤਾ ਸੀ। ਆਮ ਦਿਨਾਂ ਵਾਂਗ। ਮੇਰੀ ਹਮੇਸ਼ਾ ਇਹੀ ਇੱਛਾ ਰਹੀ ਹੈ ਕਿ ਜਦੋਂ ਮੈਂ ਦਫ਼ਤਰੋਂ ਆਵਾਂ ਤਾਂ ਅਗੋਂ ਉਹ ਨਾ ਤਾਂ ਕਿਸੇ ਕੰਮ 'ਚ ਰੁਝੀ ਹੋਵੇ। ਨਾ ਹੀ ਬੈੱਡ 'ਤੇ ਪਈ ਹੋਵੇ। ਨਾ ਕਿਤੇ ਆਂਢ-ਗੁਆਂਢ 'ਚ ਗਈ ਹੋਵੇ। ਉਹ ਆਪ ਦਰਵਾਜ਼ਾ ਖੋਲ੍ਹੇ। ਮੇਰੀ ਮੁਸਕਾਣ ਦਾ ਜੁਆਬ ਦੇਵੇ। ਚਾਹ ਬਣਾ ਕੇ ਲਿਆਵੇ। ਕੁਝ ਪਲ ਸਾਂਝੇ ਹੋਣ। ਮੈਂ ਉਹ ਨੂੰ ਕੁਝ ਪੁੱਛਾਂ। ਉਹ ਮੈਨੂੰ ਕੁਝ ਪੁੱਛੇ। ਦੱਸੇ। ਉਸ ਇਹ ਰੁਟੀਨ ਬਣਾ ਲਈ ਸੀ। ਪਿਛਲੇ ਮਹੀਨੇ ਤੋਂ, ਜਦੋਂ ਦੀ ਮਾਂ ਵੱਡੇ ਕੋਲੋਂ ਆਈ ਸੀ, ਥੋੜ੍ਹਾ ਕੁ ਵਿਘਨ ਪਿਆ ਸੀ। ਪਰ ਉਸ ਇਹ ਰੁਟੀਨ ਟੁੱਟਣ ਨਹੀਂ ਦਿੱਤੀ ਸੀ। ਮੇਰੇ ਵੱਲੋਂ ਇੰਨਾ ਕੁ ਫਰਕ ਪਿਆ ਸੀ ਕਿ ਹੁਣ ਮੈਂ ਆਉਂਦਿਆਂ ਸਾਰ ਪਹਿਲਾਂ ਮਾਂ ਦੇ ਕਮਰੇ 'ਚ ਜਾਂਦਾ। ਉਹ ਦੇ ਕੋਲ ਬੈਠਦਾ। ਜੇ ਉਹ ਬੈਠੀ ਹੁੰਦੀ ਤਾਂ ਉਹ ਦੀ ਗੋਦ 'ਚ ਆਪਣਾ ਸਿਰ ਰੱਖ ਦਿੰਦਾ। ਜੇ ਉਹ ਪਾਠ ਕਰਦੀ ਹੁੰਦੀ ਤਾਂ ਉਨ੍ਹੀਂ ਪੈਰੀਂ ਆਪਣੇ ਬੈੱਡ-ਰੂਮ-ਕਮ ਡਰਾਇੰਗ ਰੂਮ 'ਚ ਆ ਕੇ ਸੁਸਤਾਉਣ ਲੱਗ ਜਾਂਦਾ। ਉਸ ਨੂੰ ਵੀ ਮੇਰਾ ਇੰਤਜਾਰ ਹੁੰਦਾ ਸੀ—ਇਸੇ ਲਈ ਅਕਸਰ ਉਹ ਦਰਵਾਜ਼ਾ ਖੁੱਲ੍ਹਾ ਰੱਖਦੀ। ਮੇਰੇ ਵੱਲ ਦੇਖਦਿਆਂ ਕਹਿੰਦੀ, "ਆ ਗਿਆ ਮੇਰਾ ਲਾਲ।" ਉਹ ਮੇਰਾ ਸਿਰ ਪਲੋਸਦੀ। ਮੈਂ ਮਾਂ ਵੱਲ ਜਾਂਦਾ-ਜਾਂਦਾ ਪੰਮੀ ਨੂੰ ਆਵਾਜ਼ ਦਿੰਦਾ, "ਚਾਹ ਉਥੇ ਹੀ ਲੈ ਆਈਂ।" ਇੱਕ ਦਿਨ ਉਸ ਖਿੱਝ ਕੇ ਕਿਹਾ, "ਮੈਨੂੰ ਪਤਾ—ਤੁਸੀਂ ਮਾਤਾ ਜੀ ਕੋਲ ਬੈਠ ਕੇ ਚਾਹ ਪੀਣੀ ਹੁੰਦੀ। ਫੇਰ ਫਾਰਮੈਲਟੀ ਸੇਕ ਆਵਾਜ਼ ਮਾਰਨ

ਦੀ ਕੀ ਲੋੜ ਆਂ ?" ਮੈਂ ਸਿੱਧਾ ਹੀ ਉਸ ਦੇ ਚਿਹਰੇ ਵੱਲ ਦੇਖਿਆ ਸੀ—ਇਸ ਆਸ਼ਾ ਨਾਲ ਕਿ ਕਿਤੇ ਕੁਝ ਗ਼ਲਤ ਤਾਂ ਨਹੀਂ ਹੋ ਰਿਹਾ। ਕੁਝ ਸੀ। ਕਦੇ ਫੈਲ ਜਾਂਦਾ। ਕਦੇ ਸੁੰਗੜ ਜਾਂਦਾ। ਜੁਆਬ 'ਚ ਮੈਂ ਸਿਰ 'ਹਾਂ' ਦੀ ਅਦਾ 'ਚ ਹਿਲਾਇਆ ਸੀ। ਗੱਲ ਵਧਾਉਣ ਦੀ ਥਾਂ 'ਤੇ ਸਮੇਟਣ ਦੀ ਕੀਤੀ ਸੀ, "ਇਕੱਠੇ ਬੈਠ ਕੇ ਚਾਹ ਪੀਏ ਤਾਂ ਇਹ ਘਰ ਘਰ ਲੱਗਦਾ।" ਉਸ ਨੂੰ ਲੱਗਾ ਸੀ ਕਿ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲਦੀ ਜਾ ਰਹੀ ਹੈ। 'ਘਰ ' ਸ਼ਬਦ ਨੇ ਉਸ ਨੂੰ ਘੁਮੇਟਣੀ ਲਿਆ ਦਿੱਤੀ ਸੀ। ਉਸ ਨੂੰ ਚੀਜ਼ਾਂ ਘੁੰਮਦੀਆਂ ਲੱਗੀਆਂ ਸਨ। ਜਦੋਂ ਮੈਂ ਕਿਹਾ, "ਘਰ, ਘਰ ਹੀ ਹੁੰਦਾ," ਤਾਂ ਵੀ ਉਹ ਇਸ ਦੇ ਅਰਥ ਨਹੀਂ ਸਮਝ ਸਕੀ ਸੀ। ਉਹ ਕੁਝ ਹੋਰ ਹੀ ਤਰ੍ਹਾਂ ਦਾ ਸੋਚਣ ਲੱਗੀ ਸੀ। ਐਵੇਂ ਊਲ-ਜਲੂਲ। ਫਜ਼ੂਲ। ਸ਼ਾਇਦ ਉਹ ਸ਼ੱਕੀ ਹੋਣ ਲੱਗੀ ਸੀ। ਜਦੋਂ ਮੈਂ ਉਸ ਨਾਲ ਹੱਸ-ਹੱਸ ਕੇ ਗੱਲਾਂ ਕਰਦਾ ਜਾਂ ਖਰੀਦਦਾਰੀ ਕਰਨ ਲਈ ਉਹ ਨੂੰ ਨਾਲ ਲੈ ਜਾਂਦਾ। ਜਾਂ ਉਸ ਨੂੰ ਫ਼ਿਲਮ ਦਿਖਾਉਣ ਲੈ ਜਾਂਦਾ, ਤਾਂ ਉਸ ਨੂੰ ਲੱਗਦਾ, ਕੁਝ ਵੀ ਨਹੀਂ ਹੋਇਆ। ਹੁਣ ਵੀ ਇਸੇ ਉਦੇੜਬੁਣ 'ਚ ਫਸੀ ਉਹ ਰਸੋਈ ਵੱਲ ਜਾ ਰਹੀ ਸੀ। ਉਸ ਮੇਰਾ ਤੇ ਆਪਣਾ ਕੱਪ ਜਿਉਂ ਦਾ ਤਿਉਂ ਹੀ ਪਿਆ ਰਹਿਣ ਦਿੱਤਾ ਸੀ।

ਕੱਪ 'ਚੋਂ ਮੱਠੀ-ਮੱਠੀ ਭਾਫ਼ ਉੱਡ ਰਹੀ ਸੀ।.......ਮੇਰੇ ਸਾਹਮਣੇ ਲਾਲ ਕਿਲ੍ਹੇ ਵਾਲੀ ਬੁੱਢੀ ਆ ਬੈਠੀ। ਇਹ ਮੇਰਾ ਪਿੱਛਾ ਨਹੀਂ ਛੱਡਦੀ। ਐਤਕੀਂ ਤਾਂ ਹਫ਼ਤਾ ਵੀ ਨਹੀਂ ਟੱਪਿਆ ਹੋਣਾ। ਰਾਤੀਂ ਮੈਨੂੰ ਸੁਪਨੇ 'ਚ ਦਿੱਸੀ। ਮੇਰਾ ਚਿੱਤ ਕੀਤਾ ਕਿ ਉਹ ਕੁਝ ਨਾ ਕੁਝ ਅਵੱਸ਼ ਬੋਲੇ। ਪਰ ਇਹ ਵੀ ਬੜੀ ਜਿੱਦਣ। ਨਾ ਇਹ ਬੋਲੀ। ਨਾ ਇਹ ਹੱਸੀ। ਨਾ ਇਹ ਰੋਈ। ਸੁੰਨਵੱਟਾ ਬਣੀ ਬੈਠੀ ਰਹੀ। ਹੁਣ ਵੀ....ਤੇ....ਤੇ ਉਸ ਦਿਨ ਮੈਂ ਤੇ ਪ੍ਰੇਮ ਪ੍ਰਕਾਸ਼ ਜਾਮਾ ਮਸਜਿਦ ਮਾਰਕੀਟ 'ਚੋਂ 'ਕੁਰਾਨ ਮਜੀਦ' ਤੇ ਉਰਦੂ-ਹਿੰਦੀ ਡਿਕਸ਼ਨਰੀ ਖ਼ਰੀਦ ਕੇ ਮੇਨ ਰੋਡ 'ਤੇ ਆਏ ਤਾਂ ਮੇਰਾ ਮਨ ਚਾਹ ਪੀਣ ਨੂੰ ਕੀਤਾ। ਭੁੱਖ ਨਾਂ-ਮਾਤਰ ਸੀ। ਸਿਰ ਕੁਝ ਜ਼ਿਆਦਾ ਹੀ ਭਾਰੀ ਹੁੰਦਾ ਗਿਆ ਸੀ। ਮੈਨੂੰ ਇਸ ਪਾਸੇ ਦੀ ਕੋਈ ਜਾਣਕਾਰੀ ਨਹੀਂ ਸੀ। ਪ੍ਰੇਮ ਪ੍ਰਕਾਸ਼ ਨੂੰ ਸੀ। ਉਸ ਕਿਹਾ, "ਚਲ ਸਿੱਧੇ ਚਲਦੇ ਆਂ। ਉਧਰੋਂ ਚਾਹ ਮਿਲੂ। ਜਾਇਕੇਦਾਰ ਚਾਹ....।" ਅਸੀਂ ਚਾਂਦਨੀ ਚੌਕ ਵਾਲਾ ਚੌਰਸਤਾ ਟੱਪ ਕੇ ਇਕ ਰੇਹੜੀ ਕੋਲ ਆ ਖੜ੍ਹੇ ਹੋਏ। ਦੁਕਾਨਦਾਰ ਨੂੰ ਪਤੀਲੀ ਦੁਬਾਰਾ ਧੋ ਕੇ ਦੁੱਧ ਵਿਚ ਪੱਤੀ ਪਾਉਣ ਲਈ ਕਿਹਾ। ਉਹ ਸਾਡੇ ਵੱਲ ਹੋਰੂ-ਹੋਰੂ ਝਾਕਿਆ। ਪ੍ਰੇਮ ਪ੍ਰਕਾਸ਼ ਲਾਲ ਕਿਲ੍ਹੇ ਦੇ ਫਿੱਕੇ ਪਏ ਰੰਗਾਂ ਨੂੰ ਗਹੁ ਨਾਲ ਦੇਖਣ ਲੱਗਾ। ਮੈਂ ਟ੍ਰੈਫਿਕ ਦੇ ਫੈਲਾਏ ਧੂੰਏਂ ਦੇ ਗੁਬਾਰ 'ਚ ਵਾਰ-ਵਾਰ ਆਪਣੀਆਂ ਅੱਖਾਂ ਮਲ ਰਿਹਾ ਸੀ। ਗੰਦਾਂ ਦੀ ਕੁੜੱਤਣ ਵਰਗਾ ਕੁਝ-ਕੁਝ ਮੇਰੀਆਂ ਅੱਖਾਂ ਵਿਚ ਜਲਨ ਪੈਦਾ ਕਰ ਰਿਹਾ ਸੀ।

"ਬਾਬੂ ਜੀ, ਚਾਹ ਲੀਜੀਏ....," ਦੁਕਾਨਦਾਰ ਨੇ ਰੇਹੜੀ ਦੇ ਫੱਟੇ 'ਤੇ ਚਾਹ ਦੇ ਕੱਪ ਰੱਖਦਿਆਂ ਕਿਹਾ।

ਮੈਂ ਅਜੇ ਦੋ ਕੁ ਘੁਟ ਭਰੇ ਸਨ ਕਿ ਸਾਹਮਣੇ ਉੱਚੀ ਜਗ੍ਹਾ 'ਤੇ ਪੈਂਦੇ ਢਾਬੇ 'ਤੇ ਤੂੰ-ਤੂੰ, ਮੈਂ-ਮੈਂ ਦੀ ਆਵਾਜ਼ ਨੇ ਮੇਰਾ ਮੂੰਹ ਉਸ ਪਾਸੇ ਘੁੰਮਾ ਦਿੱਤਾ। ਉਸੇ ਵੇਲੇ ਰੇਹੜੀ ਤੋਂ ਤਿੰਨ ਕੁ ਫੁਟ ਦੂਰ, ਪਰਲੇ ਪਾਸੇ ਬੈਠੀ ਉਹ ਬੁੱਢੀ ਮੈਨੂੰ ਦਿੱਸੀ। ਮੈਂ ਉਸ ਵੱਲ ਵਾਰ-ਵਾਰ ਦੇਖਣ ਲੱਗਾ। ਮੈਂ ਚਾਹ ਦਾ ਗਲਾਸ ਰੇਹੜੀ ਦੀ ਫੱਟੀ 'ਤੇ ਰੱਖ ਦਿੱਤਾ। ਜਿੱਥੇ ਉਹ ਬੈਠੀ ਸੀ,



ਉਹ ਥਾਂ ਗਿੱਲੀ ਸੀ। ਮੱਖੀਆਂ ਬੁੱਢੀ ਦੇ ਨੱਕ, ਅੱਖਾਂ, ਹੱਥਾਂ ਤੇ ਪੈਰਾਂ 'ਤੇ ਭੀਂਅ-ਭੀਂਅ ਕਰਦੀਆਂ ਬੈਠ/ਉੱਡ ਰਹੀਆਂ ਸਨ। ਉਸ ਨੇ ਮੈਲੇ ਕੁਚੈਲੇ ਕੱਪੜੇ ਪਾਏ ਸਨ। ਮੂੰਹ 'ਤੇ ਕਾਲੋਂ ਜਿਹੀ ਦੇ ਧੱਬੇ ਸਨ। ਉਹ ਅੱਧੀ ਕੁ ਅਗਾਂਹ ਨੂੰ ਝੁਕੀ ਹੋਈ ਸੀ। ਉਸ ਦੀ ਅੱਖ ਲੱਗ ਗਈ ਹੋਣੀ। ਮੈਂ ਕਿਆਸ ਲਗਾਉਣ ਲੱਗਾ ਕਿ ਉਹ ਇਸ ਦੁਕਾਨਦਾਰ ਦੀ ਮਾਂ ਹੋਵੇਗੀ। ਪਿੰਡੋਂ ਆਈ ਹੋਵੇਗੀ। ਜਾਂ ਕੋਈ ਹੋਰ..... ? ਉਦੋਂ ਹੀ ਮੈਨੂੰ ਹਰਿਦੁਆਰ ਵਾਲਾ ਬੁੱਢਾ ਯਾਦ ਆਇਆ ਸੀ। ਬਹੁਤ ਚਿਰ ਬਾਅਦ। ਵਿਆਹ ਤੋਂ ਬਾਅਦ ਪਹਿਲੀ ਵਾਰ। ਮੈਂ ਤੇ ਭਗਵੰਤ ਘੁੰਮਦੇ ਹੋਏ ਮੇਨ ਰੋਡ ਦੇ ਚੜ੍ਹਦੇ ਪਾਸੇ ਜਾ ਰਹੇ ਸੀ। ਪੁੱਲ ਲੰਘ ਕੇ ਦਸ ਕੁ ਫੁਟ ਅੱਗੇ ਹੇਠਾਂ ਨੂੰ ਕਰੀਬ-ਕਰੀਬ ਧੱਸੇ ਸਲ੍ਹਾਬੇ ਕਮਰੇ 'ਚ ਮੈਂ ਨਜ਼ਰ ਮਾਰੀ ਤਾਂ ਮੈਨੂੰ ਕਚਿਆਣ ਆਈ ਸੀ। ਇਸੇ ਕਚਿਆਣ 'ਚ ਉਹ ਬੁੱਢਾ ਦਿੱਸਿਆ ਸੀ। ਹੇਠਾਂ ਕੰਧ ਨਾਲ ਢੋਅ ਲਾਈ। ਜੇ ਮੇਰੇ ਕੋਲ ਕੈਮਰਾ ਹੁੰਦਾ ਤਾਂ ਮੈਂ ਉਸ ਦੀ ਫੋਟੋ ਖਿੱਚ ਲੈਣੀ ਸੀ। ਭਗਵੰਤ ਨੂੰ ਇਸ ਸਭ ਕਾਸੇ ਨਾਲ ਚਿੜ ਸੀ। ਉਹ ਮੇਰਾ ਹੱਥ ਫੜ ਕੇ ਖਿੱਚਦਾ ਹੋਇਆ ਦਰਿਆ ਵੱਲ ਲੈ ਗਿਆ, "ਜਿਹੜੇ ਲਾਹੌਰ ਫੁਦੂ ਉਹ ਪਸ਼ੌਰ ਵੀ ਫੁਦੂ। ਤੂੰ ਇਥੇ ਕੀ ਕਰਨ ਆਇਆਂ ? ਪਹਿਲਾਂ ਮੈਨੂੰ ਇਹ ਦੱਸ-ਤੂੰ ਦੱਸਣਾ-ਟਟੂ। ਤੇਰੀਆਂ ਆਦਤਾਂ ਬੁੜ੍ਹਿਆਂ ਵਾਲੀਆਂ। ਬਹੁਤ ਚਿਰ ਪਿਆ—ਐਂਦਾ ਉਂਦਾ ਦਾ ਦੇਖਣ ਦਾ। ਆਪਾਂ ਇਥੇ ਇਨਜੋਆਏ ਕਰਨ ਆਏ ਆਂ। ਸਮਝਿਆ ?...ਚਲ ਤੈਨੂੰ ਕੁਦਰਤ ਦੇ ਨਜ਼ਾਰੇ ਦਿਖਾਵਾਂ।" ਉਸ ਮੈਨੂੰ ਆਪਣੇ ਅੱਗੇ-ਅੱਗੇ ਤੋਰ ਲਿਆ ਸੀ...ਹੁਣ ਪ੍ਰੇਮ ਪ੍ਰਕਾਸ਼ ਨੇ ਕਿਹਾ ਸੀ, "ਚੱਲੀਏ ? ਆਪਾਂ ਪ੍ਰੀਤਮ ਨੂੰ ਅੱਠ ਵਜੇ ਦਾ ਟਾਈਮ ਦਿੱਤਾ। ਸਾਢੇ ਛੇ ਇਥੇ ਹੀ ਵਜ ਚਲੇ। ਦਿੱਲੀ ਵਾਲੇ ਸਮੇਂ ਦੀ ਬਹੁਤ ਕਦਰ ਕਰਦੇ। ਜੇ ਆਪਾਂ ਘੰਟਾ ਲੇਟ ਹੋ ਗਏ ਤਾਂ ਉਹ ਨੇ ਸਮਝ ਲੈਣਾ ਕਿ ਹੁਣ ਨਹੀਂ ਆਉਂਦੇ...ਸਮਝਿਆ ?"

ਪਰਲੇ ਕਮਰੇ 'ਚੋਂ ਮਾਂ ਫੇਰ ਖੰਘੀ ਸੀ। ਜ਼ੋਰ ਲਾ ਕੇ। ਮੈਨੂੰ ਉਸ ਦੀ ਇਹ ਆਦਤ ਚੰਗੀ ਲੱਗਦੀ ਹੈ। ਜਦੋਂ ਉਸ ਮੇਰੀ ਗੈਰ-ਮੌਜੂਦਗੀ 'ਚ ਆਪਣੀ ਹੋਂਦ ਜਤਾਉਣੀ ਹੋਵੇ, ਉਹ ਐਦਾਂ ਹੀ ਕਰਦੀ ਹੈ।

ਅੱਜ ਮੈਂ ਦਫ਼ਤਰੋਂ ਆ ਕੇ ਸਿੱਧਾ ਹੀ ਆਪਣੇ ਕਮਰੇ 'ਚ ਚਲਾ ਗਿਆ ਸੀ। ਮੈਂ ਇਹ ਜਾਣ-ਬੁੱਝ ਕੇ ਨਹੀਂ ਕੀਤਾ ਸੀ। ਬਾਥਰੂਮ ਵਾਲੇ ਪਾਸੇ ਸਕੂਟਰ ਖੜ੍ਹਾ ਕੀਤਾ ਤਾਂ ਨਿੱਕਾ ਦਰਵਾਜ਼ੇ ਉੱਪਰ ਚੜ੍ਹਿਆ ਹੋਇਆ ਸੀ। ਮੈਂ ਇਕਦਮ ਡਰ ਗਿਆ ਸੀ ਕਿ ਕਿਤੇ ਉਹ ਡਿੱਗ ਹੀ ਨਾ ਪਵੇ। ਮੈਂ ਉਸ ਵੱਲ ਦੌੜ ਹੀ ਪਿਆ ਸੀ।

ਹੁਣ ਪੰਮੀ ਕੱਪਾਂ 'ਚ ਨਹੀਂ, ਗਲਾਸਾਂ 'ਚ ਚਾਹ ਪਾ ਕੇ ਲਿਆਈ। ਉਸ ਪਹਿਲਾਂ ਦੇ ਭਰੇ ਹੋਏ ਕੱਪ ਇਕ ਪਾਸੇ ਨੂੰ ਸਰਕਾ ਦਿੱਤੇ। ਮੇਰੇ ਵੱਲ ਦੇਖ ਕੇ ਮੁਸਕਰਾਈ। ਬੋਲੀ, "ਲਉ, ਹੁਣ ਪੀ ਕੇ ਦੇਖੋ।"

ਮੈਂ ਇਕ ਗਲਾਸ ਆਪਣੇ ਵੱਲ ਖਿੱਚ ਲਿਆ। ਪੰਮੀ ਨੇ ਆਪਣਾ ਗਲਾਸ ਚੁੱਕ ਲਿਆ। ਛੋਟਾ ਜਿਹਾ ਘੁੱਟ ਭਰਿਆ। ਮੇਰੇ ਵੱਲ ਚੋਰ ਅੱਖ ਨਾਲ ਦੇਖਿਆ।

ਉਹ ਕੁਝ ਪੁੱਛਣਾ ਚਾਹੁੰਦੀ ਸੀ। ਪਰ ਉਸ ਮੇਰੇ ਉਖੜੇ ਹੋਏ ਚਿਹਰੇ ਦੀ ਇਬਾਰਤ ਪੜ੍ਹ ਲਈ ਸੀ। ਇਸੇ ਕਰਕੇ ਚੁੱਪ ਸੀ।

"ਮਾਂ ਨੂੰ ਚਾਹ ਦੇ ਆਂਦੀ ?" ਮੈਂ ਆਮ ਨਾਲੋਂ ਉੱਚੀ ਆਵਾਜ਼ 'ਚ ਪੁੱਛਿਆ।



www.PunjabiLibrary.com

"ਅਜੇ ਨ੍ਹੀਂ।"

"ਕਿਉਂ ?"

"ਕਿਉਂ ਤੋਂ ਕੀ ਮਤਲਬ ?"

ਉਹ ਸਭ ਕੁਝ ਸਮਝਦੀ ਸੀ। ਜਾਣਦੀ ਸੀ। ਪਰ ਚਾਹੁੰਦੀ ਇਹੀ ਸੀ ਜੇ ਪ੍ਰਸ਼ਨ ਕਰਤਾ ਮੈਂ ਆਪ ਹਾਂ ਤਾਂ ਜੁਆਬ ਵੀ ਮੇਰੇ ਮੂੰਹੋਂ ਹੀ ਨਿਕਲੇ।

"ਮੈਂ ਚਾਹ ਆਪ ਬਣਾ ਕੇ ਦੇ ਆਵਾਂ ?" ਮੈਂ ਭਰਿਆ ਹੋਇਆ ਗਲਾਸ ਰੱਖ ਦਿੱਤਾ ਤੇ ਉੱਠ ਖੜਿਆ।

"ਤੁਸੀਂ ਉਨ੍ਹਾਂ ਕੋਲ ਜਾਉ। ਮੈਂ ਕੌੜੀ ਬਣਾ ਕੇ ਲਿਆਉਣੀ। ਬਲੱਡ ਪ੍ਰੈਸਰ ਦੇ ਮਰੀਜ਼ਾਂ ਲਈ ਚੰਗੀ ਹੁੰਦੀ," ਉਸ ਵਿਅੰਗ ਨਾਲ ਕਿਹਾ।

ਮੇਰੇ ਕੋਲੋਂ ਉਸ ਦੇ ਵਿਅੰਗ ਦੀ ਮਾਰ ਨਾ ਝੱਲੀ ਗਈ। ਸਿਧਾਰਥ ਤੋਂ ਬੁੱਧ ਹੋ ਜਾਣ ਦਾ ਵਿਚਾਰ ਮੇਰੇ 'ਤੇ ਭਾਰੂ ਹੋਣ ਲੱਗਾ।....ਚਾਹ ਦੀ ਰੇਹੜੀ ਦੇ ਪਰਲੇ ਪਾਸੇ ਬੈਠੀ ਬੁੱਢੀ ਫੇਰ ਮੇਰੀਆਂ ਨਜ਼ਰਾਂ ਸਾਹਮਣੇ ਆ ਖੜੋਈ। ਮੈਨੂੰ ਲੱਗਾ ਜਿਵੇਂ ਉਹ ਮੇਰੀ ਆਪਣੀ ਮਾਂ ਹੈ। ਮੇਰੇ ਸਿਰ ਨੂੰ ਗੁਬਾਰ ਜਿਹਾ ਚੜ੍ਹਿਆ। ਮੈਂ ਉੱਚੀ ਦੇਣੀ ਨਿੱਕੇ ਨੂੰ ਆਵਾਜ਼ ਮਾਰੀ। ਜਦੋਂ ਨਿੱਕਾ ਮੇਰੇ ਕੋਲ ਹੋਵੇ ਤਾਂ ਮੈਨੂੰ ਕੁਝ ਨਹੀਂ ਹੁੰਦਾ। ਮੈਂ ਉਸ ਦੇ ਨਿੱਕੇ-ਨਿੱਕੇ ਹੱਥਾਂ ਨਾਲ ਖੇਡਣ ਲੱਗ ਜਾਨਾਂ। ਉਸ ਦੀਆਂ ਬਿੱਲੀਆਂ ਅੱਖਾਂ ਮੈਨੂੰ ਮੋਹ ਲੈਂਦੀਆਂ। ਪੰਮੀ ਵਰਗੇ ਉਸ ਦੇ ਨੱਕ ਨੂੰ ਮੈਂ ਘੁੱਟਣ ਲੱਗ ਜਾਨਾਂ। ਨਿੱਕੇ ਨੇ ਮੇਰੀ ਆਵਾਜ਼ ਅਣਸੁਣੀ ਕਰ ਦਿੱਤੀ। ਮੈਨੂੰ ਖਿੱਝ ਚੜ੍ਹੀ। ਮੈਂ ਉੱਚੀ ਆਵਾਜ਼ 'ਚ ਚੀਕ ਹੀ ਪਿਆ ਤਾਂ ਪੰਮੀ ਰਸੋਈ 'ਚੋਂ ਦੌੜੀ ਆਈ। ਬੋਲੀ, "ਬੱਚਾ ਹੈ। ਪਿਆਰ ਭਾਲਦਾ।"

ਮੈਨੂੰ ਉਸ ਦਾ ਕਿਹਾ ਠੀਕ ਲੱਗਾ। ਮੈਂ ਕੋਈ ਜੁਆਬ ਨਾ ਦਿੱਤਾ।

ਨਿੱਕੇ ਨੂੰ ਚੁੱਕ ਕੇ ਮੈਂ ਮਾਂ ਦੇ ਕਮਰੇ 'ਚ ਆ ਗਿਆ। ਕਮਰਾ ਨਹੀਂ। ਇਹ ਸਟੋਰ ਸੀ।ਮੈਂ ਕਿਰਾਏ ਦੇ ਮਕਾਨ 'ਚ ਰਹਿਨਾਂ।ਮਾਂ ਜਦੋਂ ਵੀ ਵੱਡੇ ਕੋਲੋਂ ਆਉਂਦੀ, ਇਸੇ ਸਟੋਰ-ਨੁਮਾ ਕਮਰੇ 'ਚ ਰਹਿੰਦੀ ਹੈ। ਇਹ ਚੋਣ ਵੀ ਉਸੇ ਦੀ ਹੈ। ਵਾਧੂ-ਘਾਟੂ ਸਾਮਾਨ ਉਸ ਆਪ ਚੁੱਕ ਕੇ ਕੋਠੇ ਦੀ ਛੱਤ 'ਤੇ ਟਿਕਾ ਦਿੱਤਾ ਸੀ। ਉਪਰੋਂ ਬੋਰੀਆਂ ਨਾਲ ਢੱਕ ਦਿੱਤਾ ਸੀ। ਅੰਦਰ ਮੰਜੀ ਡੱਠ ਗਈ ਸੀ। ਇਕ ਪਾਸੇ ਉਸ ਆਪਣੀ ਟਰੰਕੀ ਟਿਕਾ ਲਈ ਸੀ। ਸਾਹਮਣੇਲੀ ਕੰਧ 'ਤੇ ਸੰਤਾਂ ਦੀ ਫੋਟੋ ਲਾ ਲਈ ਸੀ। ਉਹ ਇਸੇ ਕਮਰੇ 'ਚ ਬੈਠੀ/ਪਈ ਰਹਿੰਦੀ। ਪਾਠ ਕਰਦੀ। ਮਨ ਕੀਤਾ ਤਾਂ ਗੁਰਦੁਆਰੇ ਜਾ ਆਉਂਦੀ। ਬਾਹਰ ਫੱਟਾ ਰੱਖ ਕੇ ਬੈਠ ਜਾਂਦੀ। ਹੱਥ ਵਾਲੇ ਪੱਖੇ ਨਾਲ ਝੱਲ ਮਾਰਦੀ। ਪਿੱਠ 'ਤੇ ਖਾਜ ਕਰਦੀ ਰਹਿੰਦੀ। ਚਿੱਤ ਕਰਦਾ ਤਾਂ ਰਸੋਈ 'ਚ ਆ ਜਾਂਦੀ। ਅੱਗੋਂ-ਪਿੱਛੋਂ ਨਿੱਕੇ ਹੱਥ ਖਾਣ-ਪੀਣ ਲਈ ਮੰਗਾ ਲੈਂਦੀ।

ਮੇਰੇ ਆਉਣ ਦਾ ਉਸ ਨੂੰ ਪਤਾ ਨਹੀਂ ਲੱਗਾ ਸੀ। ਉਸ ਦੀਆਂ ਅੱਖਾਂ ਬੰਦ ਸਨ। ਸਮਾਧੀ ਲਾਉਣ ਵਾਲੇ ਰੂਪ 'ਚ ਉਸ ਚੌਕੜੀ ਮਾਰੀ ਹੋਈ ਸੀ।

ਮੰਜੇ 'ਤੇ ਬੈਠਦਿਆਂ ਹੀ ਉਹ ਮੇਰੇ ਵੱਲ ਘੁੰਮੀ। ਪੁੱਛਿਆ, "ਆ ਗਿਆਂ ਪ੍ਰੀਤ ਪੁੱਤਰਾ ?"

ਮੈਂ ਉਸ ਦੀ ਗੋਦੀ 'ਚ ਅੱਧ ਲੇਟਿਆ ਪੈ ਗਿਆ। ਉਸ ਮੇਰੇ ਮੂੰਹ 'ਤੇ ਹੱਥ



ਫੇਰਿਆ। ਕਿਹਾ, "ਉੱਠ, ਹੁਣ ਮੇਰੇ ਕੋਲੋਂ ਤੇਰਾ ਭਾਰ ਨ੍ਹੀਂ ਸਿਆ ਜਾਂਦਾ ?"

"ਮਾਂ, ਮਾਂ ਤੈਨੂੰ ਮਹਾਤਮਾ ਬੁੱਧ ਦੇ ਘਰ ਛੱਡਣ ਦੀ ਕਹਾਣੀ ਦਾ ਪਤਾ ?"

"ਸਾਰੀ ਨ੍ਹੀਂ। ਥੋੜ੍ਹੀ ਕੁ ਚੇਤੇ ਆ। ਤੇਰਾ ਭਾਪਾ ਵੀ ਪੰਜਾਂ-ਸੱਤਾਂ ਸਾਲਾਂ ਬਾਅਦ ਸੁਣਾਉਂਦਾ ਹੁੰਦਾ ਸੀ। ਮੈਂ ਭੁੱਲ ਜਾਂਦੀ ਸੀ।" ਮਾਂ ਨੇ ਮੇਰੀ ਇਹ ਗੱਲ ਵੀ ਉਦਾਂ ਹੀ ਸੁਣੀ, ਜਿਵੇਂ ਦੂਜੀਆਂ ਗੱਲਾਂ ਸੁਣਦੀ ਸੀ। ਇਸ ਦਾ ਜੁਆਬ ਵੀ ਉਦਾਂ ਦੀ ਹੀ ਦਿੱਤਾ ਜਿਵੇਂ ਹਮੇਸ਼ਾ ਦਿੰਦੀ ਸੀ।

"ਅੱਛਾ !"

"ਜੇ ਤੇਰਾ ਵੀ ਜੀਅ ਕਰਦਾ ਤਾਂ ਤੂੰ ਵੀ ਮੈਨੂੰ ਸੁਣਾ ਕੇ ਦਿਲ ਰਾਜ਼ੀ ਕਰ ਲੈ। ਪੰਮੀ ਨੂੰ ਨਾ ਕਦੇ ਸੁਣਾਈਂ," ਮਾਂ ਨੇ ਸਹਿਜਤਾ ਨਾਲ ਕਿਹਾ।

ਮੈਥੋਂ ਮਹਾਤਮਾ ਬੁੱਧ ਦੀ ਕਥਾ ਸੁਣਾ ਨਾ ਹੋਈ। ਪੰਮੀ ਕੌੜੀ ਦੇ ਦੋ ਕੱਪ ਬਣਾ ਲਿਆਈ। ਮੈਂ ਉਸ ਦੀਆਂ ਅੱਖਾਂ 'ਚ ਦੇਖਿਆ। ਉਥੇ ਬਹੁਤ ਕੁਝ ਸੀ।

"ਇਕ ਕੱਪ ਖਾਲੀ ਲਿਆ। ਆਪਾਂ ਤਿੰਨੇ ਪੀਵਾਂਗੇ," ਮਾਂ ਨੇ ਕਾਹਲੀ-ਕਾਹਲੀ ਕਿਹਾ।

ਮੈਂ ਉਸ ਕੋਲੋਂ ਟ੍ਰੇਅ ਫੜ ਕੇ ਮਾਂ ਦੀ ਟਰੰਕੀ 'ਤੇ ਰੱਖ ਦਿੱਤੀ।



www.PunjabiLibrary.com

# ਜਵਾਲਾਮੁਖੀ

ਪਤਾ ਨਹੀਂ ਕਿਹੜੇ ਵੇਲੇ ਮੇਰੀ ਅੱਖ ਲੱਗ ਗਈ। ਨਾਮੁਰਾਦ ਬੁਖਾਰ ਹੀ ਅਜਿਹਾ ਚੜ੍ਹਿਆ ਕਿ ਇੱਕ ਵਾਰ ਤਾਂ ਇਸ ਮੈਨੂੰ ਕਾਈਂ ਬਾਈਂ ਭੁੱਲਾ ਦਿੱਤੀ। ਦੇਰ ਰਾਤ ਤਕ ਸ਼ੈਲੀ ਨੇ ਠੰਢੇ ਪਾਣੀ 'ਚ ਭਿਉਂ-ਭਿਉਂ ਕੇ ਪੱਟੀਆਂ ਰੱਖੀਆਂ। ਮੈਂ ਕਈ ਵਾਰ ਉਹ ਨੂੰ ਰੋਕਿਆ, "ਬੇਟੇ ਤੂੰ ਸੌਂ ਜਾ। ਮੈਨੂੰ ਆਪੇ ਨੀਂਦ ਆ ਜਾਊਗੀ।" ਸ਼ੈਲੀ 'ਤੇ ਇਸ ਦਾ ਰੱਤੀ ਭਰ ਵੀ ਅਸਰ ਨਾ ਹੋਇਆ। ਮੇਰੀ ਵੱਜਦੀ ਹੂੰਘਰ ਤੋਂ ਘਬਰਾ ਕੇ ਉਸ ਮੈਨੂੰ ਦਵਾਈ ਦੀ ਇਕ ਹੋਰ ਖੁਰਾਕ ਮੱਲੋਜੋਰੀ ਦੇ ਦਿੱਤੀ।

ਪਿਛਲੇ ਹਫਤੇ ਤੋਂ ਚੜ੍ਹੇ ਬੁਖਾਰ ਨੇ ਮੈਨੂੰ ਬਹੁਤ ਹੀ ਕਮਜ਼ੋਰ ਕਰਕੇ ਰੱਖ ਦਿੱਤਾ। ਮੇਰਾ ਅੰਗ-ਅੰਗ ਦੁੱਖ ਰਿਹਾ। ਚਾਰ ਕਦਮ ਤੁਰ ਲਵਾਂ ਤਾਂ ਸਾਹ ਚੜ੍ਹਨ ਲੱਗ ਜਾਂਦਾ ਹੈ। ਡਾਕਟਰ ਇਹ ਨੂੰ ਬਾਇਰਲ ਕਹਿੰਦਾ। ਮੈਨੂੰ ਕੁਝ ਹੋਰ ਹੀ ਮਹਿਸੂਸ ਹੁੰਦਾ ਹੈ। ਡਾਕਟਰ ਨੇ ਕਿਹਾ ਸੀ ਕਿ ਮੈਂ ਉਹ ਦੇ ਹਸਪਤਾਲ 'ਚ ਦਾਖਲ ਹੋ ਜਾਵਾਂ। ਮੈਥੋਂ ਨਾਂਹ ਹੋ ਗਈ ਸੀ। ਮੈਂ ਇਹੀ ਕਿਹਾ ਸੀ ਕਿ ਦੋ ਕੁ ਦਿਨ ਹੋਰ ਦੇਖ ਲਵਾਂ। ਮੈਨੂੰ ਗੁਲੂਕੋਜ਼ ਦੀਆਂ ਦੋ ਬੋਤਲਾਂ ਲੱਗੀਆਂ ਸਨ। ਸ਼ੈਲੀ ਨੇ ਮੈਨੂੰ ਇਕੱਲਿਆਂ ਨਹੀਂ ਛੱਡਿਆ ਸੀ। ਮੈਂ ਜ਼ੋਰ ਦੇ ਕੇ ਕਿਹਾ ਸੀ, "ਬੇਟੇ-ਤੇਰੀ ਪੜ੍ਹਾਈ ਦਾ ਨੁਕਸਾਨ ਹੋਊ। ਤੂੰ ਸਕੂਲੇ ਜਾ। ਮੈਂ ਇੰਨੀ ਤਾਂ ਨ੍ਹੀਂ ਰਹਿ ਗਈ ਕਿ ਉਠ ਕੇ ਦਵਾਈ ਵੀ ਨਾ ਚੁੱਕ ਸਕਾਂ।" ਉਸ ਨੇ ਮੇਰੀ ਇਕ ਨਾ ਮੰਨੀ। ਮੇਰੇ ਵੱਲ ਦੇਖ ਕੇ ਮੁਸਕ੍ਰਾ ਛੱਡਦੀ। ਇਸੇ ਮੁਸਕ੍ਰਾਣ ਦਾ ਤਾਂ ਮੈਨੂੰ ਆਸਰਾ ਹੈ।

ਵਾਲ-ਕਲਾਕ ਵੱਲ ਦੇਖ ਕੇ ਉਹ ਪੁੱਛਦੀ, "ਮੱਮਾ-ਤੁਸੀਂ ਹੁਣ ਕੀ ਲੈਣਾ ਪਸੰਦ ਕਰੋਗੇ ? ਮੇਰੇ ਖ਼ਿਆਲ ਵਿੱਚ ਤੁਹਾਨੂੰ ਮਿਕਸਡ ਜੂਸ ਪੀਣਾ ਚਾਹੀਦਾ। ਫਰਿਜ 'ਚ ਤਾਂ ਸਿਰਫ ਮੌਸਮੀਆਂ ਪਈਆਂ। ਮੈਂ ਚੌਕ 'ਚੋਂ ਜੂਸ ਲੈ ਕੇ ਆਈ....।"

ਮੇਰੀ ਨਾਂਹ ਦਾ ਉਸ 'ਤੇ ਕੋਈ ਅਸਰ ਹੀ ਨਾ ਹੁੰਦਾ। ਮੈਥੋਂ ਕੁਝ ਖਾਧਾ ਨਹੀਂ ਜਾਂਦਾ। ਅੰਦਰ ਕੁਝ ਨਾ ਝੱਲਦਾ। ਜਲਣ ਜਿਹੀ ਲੱਗੀ ਰਹਿੰਦੀ। ਚਿਤ ਕਰਦਾ ਕੋਈ ਠੰਢੀ ਚੀਜ਼ ਲਈ ਜਾਵੇ। ਇਕ ਘੁੱਟ ਭਰ ਕੇ ਲੱਗਦਾ ਕਿ ਜੇ ਅਗਲਾ ਘੁੱਟ ਭਰ ਲਿਆ ਤਾਂ ਪਹਿਲਾ ਪੀਤਾ ਹੋਇਆ ਵੀ ਬਾਹਰ ਨਿਕਲ ਜਾਣਾਂ। ਸ਼ੈਲੀ ਨੂੰ ਕੌਣ ਸਮਝਾਵੇ! ਉਹ ਤਾਂ ਆਪਣੀ ਜ਼ਿੱਦ 'ਤੇ ਅੜ ਹੀ ਜਾਂਦੀ, "ਬੱਸ- ਮੇਰੇ ਲਈ, ਚਲੋ ਐਦਾਂ ਕਰਦੇ ਆਂ- ਪਹਿਲਾਂ ਘੁੱਟ ਮੈਂ ਭਰਦੀ ਆਂ-ਬਲੇ ਬਲੇ- ਇਹ ਤਾਂ ਬੜਾ ਜ਼ਾਇਕੇਦਾਰ ਹੈਗਾ- ਬੜਾ ਹੀ ਸੁਆਦ-ਮਜ਼ਾ ਲਾ ਗਿਆ- ਹੁਣ ਤੁਸੀਂ ਲੈ ਕੇ ਦੇਖੋ-ਉਠ ਕੇ ਬੈਠ ਜਾਉਗੇ- ਦੇਖਿਉ- ਕਿਤੇ



ਦੌੜਣ ਹੀ ਨਾ ਲੱਗ ਪੈਉ।" ਮੈਥੋਂ ਦੋ ਘੁੱਟ ਮਸਾਂ ਭਰੇ ਜਾਂਦੇ। ਮੈਂ ਗਿਲਾਸ ਰੱਖ ਦਿੰਦੀ। ਉਹ ਫੇਰ ਘੁੱਟ ਭਰਨ ਲੱਗ ਜਾਂਦੀ, "ਲਉ ਤਾਂ-ਮੇਰਾ ਜੀ ਕਰਦਾ-ਇਕੋ ਸਾਹੇ ਸਾਰਾ ਗਿਲਾਸ ਖਾਲੀ ਕਰ ਦੇਵਾਂ ਪਰ ਤੁਹਾਡਾ ਖਿਆਲ ਆ ਜਾਂਦਾ-ਹੁਣ ਤੁਹਾਡੀ ਵਾਰੀ ਆ।" "ਨ੍ਹੀਂ-ਸ਼ੈਲੀ ਬੇਟੇ-ਤੂੰ ਮੇਰੀ ਜੂਠ ਨ੍ਹੀਂ ਲੈਣੀ। ਜੇ ਤੂੰ ਵੀ ਬੀਮਾਰ ਪੈ ਗਈ ਫੇਰ ਆਪਾਂ ਨੂੰ ਸੰਭਾਲਣ ਵਾਲਾ ਕੋਈ ਨ੍ਹੀਂ ਹੋਣਾ।" ਇਕ ਪਲ ਲਈ ਉਹ ਸੋਚੀਂ ਪੈ ਜਾਂਦੀ। ਦੂਜੇ ਪਲ ਹੀ ਉਹ ਮੇਰੇ ਹੱਥੋਂ ਗਿਲਾਸ ਫੜ ਕੇ ਵੱਡਾ ਸਾਰਾ ਘੁੱਟ ਭਰ ਲੈਂਦੀ। "ਬੱਸ-ਮੈਂ ਕੁਸ਼ ਨ੍ਹੀਂ ਸੁਣਨਾ-ਰੁਕਣਾ ਨ੍ਹੀਂ-ਸੋਚਣਾ ਨ੍ਹੀਂ-ਮੇਰੇ ਬਹੁਤ ਪਿਆਰੇ ਮੱਮਾ ਜੀ-ਚੱਕ ਜਾਉ ਦੋਸਤ ਬਣ ਕੇ-ਮੇਰੇ ਬਹੁਤ ਪਿਆਰੇ ਦੋਸਤ.....।"

'ਦੋਸਤ' ਸ਼ਬਦ ਮੇਰੇ ਚਿਹਰੇ 'ਤੇ ਖੇੜਾ ਲੈ ਆਉਂਦਾ। ਉਹ ਨੂੰ ਇਸ ਸ਼ਬਦ ਨਾਲ ਮੋਹ ਹੋ ਗਿਆ ਸੀ। ਹਫਤੇ 'ਚ ਇਕ ਦੋ ਵਾਰੀ ਅਸੀਂ ਇਕ ਦੂਜੇ ਨੂੰ ਇਸੇ ਤਰ੍ਹਾਂ ਸੰਬੋਧਿਤ ਕਰਦੀਆਂ। ਹੱਸ-ਹੱਸ ਕੇ ਦੂਹਰੀਆਂ ਤਿਹਰੀਆਂ ਹੋ ਜਾਂਦੀਆਂ। ਆਪਣੀ ਉਮਰ ਭੁੱਲ ਜਾਂਦੀਆਂ। ਉਦੋਂ ਸ਼ੈਲੀ ਮਿਡਲ 'ਚ ਪੜ੍ਹਦੀ ਸੀ ਜਦੋਂ ਮੈਂ ਉਸ ਨੂੰ ਆਪਣੇ ਕੁਲੀਗ ਕੁਲਦੀਪ ਸਿੰਘ ਦੇ ਬੇਟੇ ਦੇ ਜਨਮ-ਦਿਨ 'ਤੇ ਨਾਲ ਲੈ ਗਈ ਸੀ। ਕਿਸੇ ਚੀਜ਼ ਦੀ ਲੋੜ ਪੈਂਦੀ ਜਾਂ ਕੋਈ ਗੱਲ ਪੁੱਛਣੀ ਹੁੰਦੀ ਤਾਂ ਕੁਲਦੀਪ ਆਪਣੀ ਮਿਸਿਜ਼ ਨੂੰ ਆਵਾਜ਼ ਮਾਰਦਾ, "ਯਾਰ-ਇਕ ਮਿੰਟ ਲਈ ਉਰਾਂ ਆਈਂ ਤਾਂ।" ਸ਼ੈਲੀ ਨੂੰ ਇਹ ਸ਼ਬਦ ਬੜਾ ਅਜੀਬ ਲੱਗਾ ਸੀ। ਮੁੜਦੀ ਹੋਈ ਨੇ ਮੈਥੋਂ ਉਸ ਇਸ ਬਾਰੇ ਪੁੱਛਿਆ ਸੀ। ਮੈਂ ਉਸ ਨੂੰ ਸਮਝਾਇਆ, "ਬੇਟੇ-ਕਈ ਰਿਸ਼ਤਿਆਂ 'ਚ ਬਹੁਤ ਮੋਹ ਹੁੰਦਾ। ਉਥੇ ਕਿਸੇ ਤਰ੍ਹਾਂ ਦਾ ਕੋਈ ਭੇਦ-ਭਿੰਨ੍ਹ ਨ੍ਹੀਂ ਹੁੰਦਾ। ਇਕਸਾਰਤਾ ਹੁੰਦੀ। ਇੱਕ ਦੂਜੇ ਨੂੰ ਸੰਬੋਧਿਤ ਕਰਨ ਲਈ ਕੋਈ ਸ਼ਬਦ ਅਚਨਚੇਤ ਬੁੱਲਾਂ 'ਤੇ ਆ ਜਾਂਦਾ ਜਿਹੜਾ ਬਾਅਦ 'ਚ ਬਹੁਤ ਚੰਗਾ ਲੱਗਦਾ। ਇਸ ਸ਼ਬਦ ਨਾਲ ਸਾਨੂੰ ਮੋਹ ਹੋ ਜਾਂਦਾ। ਜਨੂੰਨ ਦੀ ਹੱਦ ਤਕ। ਕਈ ਵਾਰ ਇਸ ਵਿਚ ਨਵਾਂਪਨ ਵੀ ਹੁੰਦਾ। ਅੰਡਰਸਟੈਂਡਿੰਗ ਹੁੰਦੀ।" ਫੇਰ ਰਾਤ ਨੂੰ ਰੋਟੀ ਖਾਂਦਿਆਂ ਮੈਂ ਵਿਚੋਂ ਹੀ ਹਟ ਚਲੀ ਤਾਂ ਉਸ ਨੇ ਕਿਹਾ ਸੀ "ਦੋਸਤ-ਖਾ ਜਾਉ- ਤੁਹਾਡਾ ਹਿੱਸਾ ਮੈਂ ਨ੍ਹੀਂ ਖਾ ਸਕਦੀ-ਪਲੀਜ਼....ਜੂਠ ਛੱਡਣੀ ਆਪਣੀ ਡਿਕਸ਼ਨਰੀ ਵਿੱਚ ਨ੍ਹੀਂ ਲਿਖੀ।" ਉਦੋਂ ਮੈਂ ਮੋਹ ਨਾਲ ਨਕੋ-ਨੀਕ ਭਰ ਗਈ। ਕਿੰਨਾ ਚਿਰ ਉਸ ਦਾ ਮੱਥਾ ਚੁੰਮਦੀ ਰਹੀ।

ਮੇਰੇ ਮੂੰਹ ਦਾ ਸੁਆਦ ਬਕਬਰਾ ਹੋਇਆ। ਮੈਂ ਅਗਾਂਹ ਨੂੰ ਹੋ ਕੇ ਤਾਕੀ 'ਚ ਪਈ ਪਾਣੀ ਵਾਲੀ ਬੋਤਲ ਚੁੱਕੀ। ਅੱਧਾ ਗਿਲਾਸ ਭਰ ਲਿਆ। ਪਾਣੀ ਦੇ ਬਹੁਤ ਹੀ ਛੋਟੇ-ਛੋਟੇ ਘੁੱਟ ਭਰੇ। ਠੰਢਕ ਨੇ ਮੈਨੂੰ ਕੰਬਣੀ ਛੇੜ ਦਿੱਤੀ। ਮੈਂ ਪੈਰਾਂ ਵੱਲ ਪਿਆ ਕੰਬਲ ਖਿਚ ਲਿਆ। ਧੁੱਪ ਵੱਲ ਨੂੰ ਸਰਕ ਕੇ ਵਿਹੜੇ ਵੱਲ ਦੇਖਣ ਲੱਗੀ।

ਰਸੋਈ ਵਾਲੇ ਪਾਸੇ ਬੈਠੀ ਸ਼ੈਲੀ ਮੰਦਿਰ ਬਣਾਉਣ 'ਚ ਰੁਝੀ ਹੋਈ ਸੀ। ਉਸ ਦੀ ਪਿੱਠ ਮੇਰੇ ਵੱਲ ਨੂੰ ਸੀ। ਉਸ ਨੂੰ ਤਾਂ ਇਹ ਵੀ ਯਾਦ ਨਹੀਂ ਰਿਹਾ ਕਿ ਉਸ ਦੀ ਮੱਮਾ ਨੂੰ ਇਸ ਵੇਲੇ ਚਾਹ ਦੀ ਲੋੜ ਹੁੰਦੀ ਹੈ।

ਮੇਰਾ ਮਨ ਕਾਹਲਾ ਪੈਣ ਲੱਗਾ ਕਿ ਉਹ ਨੂੰ ਚਾਹ ਲਈ ਆਵਾਜ਼ ਮਾਰਾਂ। ਆਪਣੇ ਕੋਲ ਬਿਠਾਵਾਂ। ਢੇਰ ਸਾਰੀਆਂ ਗੱਲਾਂ ਕਰਾਂ। ਇਸ ਮੰਦਿਰ 'ਚ ਕਿਵੇਂ ਨਵੀਨਤਾ ਆ ਸਕਦੀ



www.PunjabiLibrary.com

ਹੈ ? ਇਸ ਬਾਰੇ ਆਪਣਾ ਸੁਝਾਉ ਦੱਸਾਂ। ਉਹ ਤਾਂ ਸਭ ਕੁਝ ਭੁੱਲੀ ਬੈਠੀ ਸੀ। ਜਿਵੇਂ ਮੰਦਿਰ ਹੀ ਉਸ ਲਈ ਸਭ ਕੁੱਝ ਹੋ ਗਿਆ ਹੋਵੇ। ਜਲਦੀ ਹੀ ਮੈਂ ਆਪਣਾ ਮਨ ਬਦਲ ਲਿਆ। ਸੋਚਿਆ ਕਿੱਤੇ ਆਵਾਜ਼ ਮਾਰਨ ਨਾਲ ਉਸ ਦੀ ਇਕਾਗਰਤਾ ਭੰਗ ਨਾ ਹੋ ਜਾਵੇ।

ਸ਼ੈਲੀ ਦੇ ਹੱਥਾਂ 'ਚ ਸੁੱਚਮ ਹੈ। ਉਹ ਕੋਈ ਚੀਜ਼ ਦੇਖ ਲਵੇ-ਝਟ ਉਸੇ ਤਰ੍ਹਾਂ ਦੀ ਬਣਾਉਣ ਨੂੰ ਤਿਆਰ ਹੋ ਜਾਂਦੀ। ਜਦੋਂ ਉਹ ਸੈਵਨਥ 'ਚੋਂ ਟੌਪਰ ਆਈ ਸੀ ਤਾਂ ਮੈਂ ਗਿਫਟ ਵਜੋਂ ਬੁਰਸ਼ਾਂ ਤੇ ਰੰਗਾਂ ਦਾ ਡੱਬਾ ਦਿੱਤਾ ਸੀ। ਉਹ ਇਸ ਨੂੰ ਦੇਖ ਕੇ ਖ਼ੁਸ਼ ਹੋ ਗਈ ਸੀ। ਬੋਲੀ ਸੀ, "ਮੇਰੇ ਮੱਮਾ-ਅੰਤਰਜਾਮੀ ਨੇ। ਮੈਂ ਆਪ ਤੁਹਾਨੂੰ ਕਹਿਣ ਨੂੰ ਫਿਰਦੀ ਸੀ। ਹੁਣ- ਮੈਂ ਸਕੈਚ ਬਣਾਵਾਂਗੀ- ਆਪਣੇ ਮੱਮਾ ਦਾ। ਨਾਨੀ ਜੀ ਦਾ।" ਉਹ ਨੇ ਇੱਕ ਤੋਂ ਬਾਅਦ ਇਕ ਸਕੈਚ ਬਣਾਏ ਸਨ ਜਿਨ੍ਹਾਂ 'ਚ ਸਿਰਫ ਮੈਂ ਹਾਜ਼ਿਰ ਸੀ। ਉਹ ਦੀ ਕਲਪਣਾ ਦਾ ਘੇਰਾ ਆਪਣੀ ਮੱਮਾ ਤਕ ਸੀਮਤ ਰਹਿ ਗਿਆ ਸੀ। ਮੈਂ ਉਹ ਨੂੰ ਸਮਝਾਇਆ ਸੀ, "ਦੇਖ ਮੇਰੇ ਕੋਲ ਕਿੰਨੇ ਮੈਗਜ਼ੀਨ ਆਉਂਦੇ। ਇਨ੍ਹਾਂ ਦੇ ਟਾਈਟਲ ਦੇਖਿਆ ਕਰ। ਪੇਂਟਿੰਗ ਦੇਖਿਆ ਕਰ। ਫੇਰ ਆਪਣੀ ਕਲਪਣਾ ਨੂੰ ਘੋੜੇ ਵਾਂਗ ਦੌੜਾ। ਮੈਂ ਅਗਲੇ ਸਾਲ ਤੈਨੂੰ ਇਖਤਿਆਰ ਕੋਲ ਭੇਜਾਂਗੀ। ਮੇਰੀ ਇੱਛਾ ਕਿ ਤੂੰ ਵਧੀਆ ਚਿਤਰਕਾਰ ਬਣੇ ?" ਅਗਲੇ ਹਫਤੇ ਉਸ ਮੇਰਾ ਇਕ ਹੋਰ ਚਿੱਤਰ ਬਣਾ ਕੇ ਬੈੱਡ ਦੇ ਸਾਹਮਣੇ ਪੇਸਟ ਕਰ ਦਿੱਤਾ ਸੀ। ਕਲ੍ਹ ਮੇਰੇ ਲਈ ਕੈਪਸੂਲ ਲੈਣ ਗਈ- ਵਾਪਸੀ ਤੇ ਥਰਮਾਕੋਲ ਦੀ ਸੀਟ, ਪੇਪਰ, ਪਿੰਨਾਂ ਵਾਲੀ ਡੱਬੀ,ਗੂੰਦ ਦੀ ਸ਼ੀਸ਼ੀ ਤੇ ਸਿਤਾਰੇ ਖਰੀਦ ਲਿਆਈ।

ਉਸ ਸਿਰਫ਼ ਇਕ ਵਾਰ ਮੇਰੇ ਵੱਲ ਦੇਖਿਆ ਸੀ। ਦੱਸਣ ਦੀ ਮੁਦਰਾ 'ਚ—ਦੋਸਤ ਮੈਂ ਆਪਣਾ ਕੰਮ ਸ਼ੁਰੂ ਕਰਨ ਲੱਗੀ ਹਾਂ। ......ਉਸ ਚਾਰਦੀਵਾਰੀ ਉਸਾਰੀ। ਸਮਾਨ ਦੂਰੀ 'ਤੇ ਚਾਰ ਕੌਲੇ ਖੜ੍ਹੇ ਕੀਤੇ। ਉਪਰ ਦੀ ਗੋਲਾਈ ਬਣਾਈ। ਵਿਚਕਾਰ ਇਕ ਹਾਲ ਕਮਰਾ। ਠੀਕ ਗੱਭੇ ਮੰਦਰ ਬਣਾਇਆ। ਫੇਰ ਉਸ 'ਚ ਸਿਰ ਝੁਕਾਈ ਇਕ ਔਰਤ ਰੁਖ ਸਿਰ ਖੜ੍ਹੀ ਕੀਤੀ।

ਮੈਨੂੰ ਯਾਦ ਆਇਆ- ਅਸੀਂ ਮਨੀਕਰਣ ਗਈਆਂ ਸੀ। ਸ਼ਾਮ ਨੂੰ ਆਰਤੀ ਦੇਖਣ ਲੱਗੀਆਂ। ਕਈ ਵਾਰ ਐਦਾਂ ਦੇ ਵੇਲੇ ਮੈਨੂੰ ਪਲ ਦੀ ਪਲ ਸ਼ਾਂਤੀ ਮਿਲਦੀ। ਮੈਂ ਕਿਸੇ ਨੂੰ ਯਾਦ ਨਹੀਂ ਕਰਦੀ। ਮੈਨੂੰ ਕੋਈ ਯਾਦ ਨਹੀਂ ਆਉਂਦਾ। ਪਤਾ ਨਹੀਂ ਲੱਗਦਾ ਕੰਨਾਂ ਵਾਲੇ ਪਾਸਿਓਂ ਕਿਹੜੀਆਂ-ਕਿਹੜੀਆਂ ਆਵਾਜ਼ਾਂ ਸੁਣਦੀਆਂ। ਮੇਰੇ ਹੱਥ ਆਪਣੇ ਆਪ ਜੁੜ ਜਾਂਦੇ। ਸਿਰ ਨਿਵਾ ਹੋ ਜਾਂਦਾ। ਬਾਅਦ 'ਚ ਮੈਨੂੰ ਹੈਰਾਨੀ ਹੁੰਦੀ। ਉਦਣ ਵੀ ਹੋਈ ਸੀ। ਦੇਖਿਆ ਤਾਂ ਮੇਰੇ ਬਰਾਬਰ ਸ਼ੈਲੀ ਖੜ੍ਹੀ ਸੀ। ਮੇਰੇ ਵਾਂਗ ਹੱਥ ਜੋੜ੍ਹੀ। ਅੱਖਾਂ ਬੰਦ ਕਰੀ। ਅਚਨਚੇਤ ਮੇਰੇ ਜ਼ਿਹਨ 'ਚ ਕਈ ਇਕ ਪ੍ਰਸ਼ਨ ਘੁੰਮੇ ਸਨ ਕਿ ਇਹ ਬਾਲੜੀ ਇਸ ਦਰਬਾਰ 'ਚੋਂ ਕੀ ਮੰਗ ਰਹੀ ਹੋਵੇਗੀ ਜਾਂ ਉਂਝ ਹੀ ਮੇਰੀ ਨਕਲ ਕਰ ਰਹੀ ਸੀ....ਨਹੀਂ, ਇਹ ਨਕਲ ਨਹੀਂ ਕਰ ਸਕਦੀ। ਇਹ, ਉਹੋ ਕੁਝ ਹੀ ਕਰਦੀ ਹੈ ਜੋ ਇਸ ਦੇ ਮਨ ਨੂੰ ਭਾਉਂਦਾ ਹੈ। ਮੇਰੇ ਕੁਲੀਗ ਕਹਿ ਦਿੰਦੇ, "ਸੁਰਜੀਤ, ਸ਼ੈਲੀ ਤਾਂ ਬਿਲਕੁਲ ਤੇਰੀ ਕਾਰਬਨ ਕਾਪੀ। ਬਹੁਤ ਘੱਟ ਬੋਲਦੀ। ਜਿੰਨਾ ਪੁੱਛ ਲਓ, ਓਨਾ ਹੀ ਜ਼ੁਆਬ ਦਿੰਦੀ। ਤੂੰ ਇਹ ਨੂੰ ਕੀ ਸਿਖਾਉਂਦੀ ਰਹਿਣੀ ?" ਮੈਂ ਉਹ ਨੂੰ ਕੀ ਸਿਖਾਉਣਾ ਸੀ ? ਉਸ 'ਚ ਤਾਂ ਆਪ ਬਹੁਤ ਕੁਝ ਨਵਾਂ ਜਾਨਣ ਦੀ ਲਾਲਸਾ ਹੈ। ਆਪਣਾ



ਹੋਮ ਵਰਕ ਕਰਕੇ ਉਹ ਮੈਗਜ਼ੀਨ ਪੜ੍ਹਨ ਲੱਗ ਜਾਂਦੀ ਜਾਂ ਸਕੈਚ ਪੈੱਨ ਲੈ ਕੇ ਬੈਠ ਜਾਂਦੀ। ਮੈਂ ਟੀ. ਵੀ. ਔਨ ਕਰਦੀ, ਉਹ ਉਠਕੇ ਬਾਹਰ ਚਲੀ ਜਾਂਦੀ। ਉਸ ਦੇ ਹੱਥ ਵਿਚਲਾ ਕੰਮ ਪੂਰਾ ਹੋ ਜਾਂਦਾ ਤਾਂ ਉਹ ਫੇਰ ਮੇਰੇ ਪੱਟਾਂ 'ਤੇ ਸਿਰ ਰੱਖ ਕੇ ਲੇਟ ਜਾਂਦੀ। ਬਿਨਾਂ ਇਕ ਸ਼ਬਦ ਵੀ ਬੋਲਿਆਂ ਪ੍ਰੋਗਰਾਮ ਦੇਖਣ ਲੱਗ ਜਾਂਦੀ।

....ਉਸ ਦਿਨ ਉਹ ਆਪਣੀ ਜ਼ਿੱਦ 'ਤੇ ਅੜ ਗਈ ਸੀ, "ਪਲੀਜ਼ ਮੱਮਾ, ਮੈਨੂੰ ਦਰਿਆ ਦੇ ਕੰਢੇ 'ਤੇ ਲੈ ਜਾਓ। ਮੈਂ ਵਗਦੇ ਪਾਣੀ ਨੂੰ ਛੂਹ ਕੇ ਦੇਖਣਾ।" ਮੈਂ ਉਸ ਨੂੰ ਸਮਝਾਇਆ ਸੀ, "ਪਾਣੀ ਬਹੁਤ ਤੇਜ਼ ਵਗਦਾ। ਤੂੰ ਰੁੜ੍ਹਣਾ।" ਉਹ ਮੈਨੂੰ ਮੱਲੋਜ਼ੋਰੀ ਖਿਚ ਕੇ ਪੁਲ਼ 'ਤੇ ਆ ਖੜੋਈ ਸੀ। ਜਦੋਂ ਪਾਣੀ ਕਿਸੇ ਵੱਡੇ ਪੱਥਰ ਨਾਲ ਟਕਰਾਉਂਦਾ ਤਾਂ ਅਦਿਖ ਸੰਗੀਤ ਸੁਣਦਾ। ਉਹ ਨੇ ਕਿਹਾ ਸੀ, "ਦੇਖੋ-ਉਥੇ ਕਿੰਨਾ ਸੋਹਣਾ ਦ੍ਰਿਸ਼ ਬਨ ਰਿਹਾ। ਪਾਣੀ ਉਸ ਪੱਥਰ ਨਾਲ ਟਕਰਾਉਂਦਾ ਪਰ ਉਸ ਦੀ ਟੀਸੀ ਬਿਲਕੁਲ ਨ੍ਹੀਂ ਭਿੱਜਦੀ। ਮੈਨੂੰ ਉਥੇ ਬੈਠਾ ਦਿਉ ਨਾ।" ਮੈਂ ਉਸ ਵੱਲ ਦੇਖ ਕੇ ਜ਼ੋਰ ਦੀ ਹੱਸੀ। ਫੇਰ ਕਿਹਾ ਸੀ, "ਮਰ ਜਾਣੀਏ-ਥੋੜ੍ਹੀ ਵੱਡੀ ਹੋ ਲੈ। ਫੇਰ ਜਿਦਾਂ ਤੇਰੀ ਮਰਜ਼ੀ ਹੋਊ ਉਦਾਂ ਕਰ ਲਈਂ।" ਉਹ ਨੀਵੀਂ ਪਾਈ ਮੇਰਾ ਹੱਥ ਫੜੀ ਚੌਬਾਰੇ ਦੀਆਂ ਪੌੜੀਆਂ ਚੜ੍ਹ ਆਈ ਸੀ। ਗੁੰਮ-ਸੁੰਮ ਹੋਈ। ਮੈਂ ਉਹ ਦੀ ਇਹ ਮੰਗ ਪੂਰੀ ਨਹੀਂ ਕੀਤੀ ਸੀ। ਅੱਧੇ ਕੁ ਘੰਟੇ ਬਾਅਦ ਉਹ ਇਕੱਲੀ ਹੀ ਹੇਠਾਂ ਆ ਗਈ ਸੀ। ਸ਼ਬਦ-ਬਾਣੀ ਸੁਣਨ। ਹੁਣ ਸ਼ਾਇਦ ਇਹ ਉਹੋ ਹੀ ਦ੍ਰਿਸ਼ ਪੈਦਾ ਕਰਨ ਦੀ ਕੋਸ਼ਿਸ਼ 'ਚ ਸੀ। ਮੇਰੇ ਲਈ ਵੱਡੀ ਹੈਰਾਨੀ ਵਾਲੀ ਗੱਲ ਇਹ ਸੀ ਕਿ ਉਸ ਮੰਦਿਰ ਹੀ ਕਿਉਂ ਬਣਾਇਆ ? ਮੇਰਾ ਕਿਸੇ ਇਕ ਧਰਮ 'ਚ ਵਿਸ਼ਵਾਸ ਨਹੀਂ। ਘਰ 'ਚ ਕਿਸੇ ਵੀ ਮਹਾਂਪੁਰਖ ਦੀ ਕੋਈ ਤਸਵੀਰ ਨਹੀਂ ਰੱਖੀ। ਧਾਰਮਿਕ ਪੁਸਤਕਾਂ ਕਈ ਸਨ। ਉਹ ਵੀ ਆਮ ਪੁਸਤਕਾਂ 'ਚ ਪਈਆਂ ਸਨ। ਮੈਂ ਕੁਲ੍ਹ-ਮਨਾਲੀ ਵੱਲ ਨਿਕਲੀ ਸੀ। ਭੂੰਤਰ ਆ ਕੇ ਮਨ 'ਚ ਆਇਆ ਕਿ ਕਿਉਂ ਨਾ ਮਨੀਕਰਣ ਵੱਲ ਵੀ ਜਾ ਹੀ ਆਵਾਂ। ਸ਼ੈਲੀ ਨੂੰ ਸ਼ੂਕਦੇ ਦਰਿਆ ਚੰਗੇ ਲੱਗਦੇ। ਮੈਂ ਮਨੀਕਰਣ ਪਹਿਲਾਂ ਵੀ ਦੇਖਿਆ ਸੀ। ਆਪਣੀ ਇਕ ਕੁਲੀਗ ਨਾਲ ਆਈ ਸੀ। ਦੋਬਾਰਾ ਦੇਖਣ ਦੀ ਚਾਹਣਾ ਪੈਦਾ ਹੋਈ। ਦਰਿਆ ਦੇ ਨਾਲ-ਨਾਲ ਜਾਂਦਾ ਰਸਤਾ। ਸੜਕ। ਖਤਰਾ ਹੀ ਖਤਰਾ। ਲੱਗਦਾ-ਬਸ-ਹੁਣ ਵੀ ਡਿਗੀ ਕਿ ਹੁਣ ਵੀ ਡਿਗੀ। ਮੈਨੂੰ ਕੁਦਰਤ ਦੇ ਅੰਗ-ਸੰਗ ਵਿਚਰਦਿਆਂ ਸਮੇਂ ਦਾ ਪਤਾ ਨਾ ਲੱਗਦਾ।

ਯਾਦ ਆਇਆ। ਸ਼ੈਲੀ ਨੇ ਕੋਈ ਗੁਟਕਾ ਖਰੀਦਿਆ ਸੀ। ਪਰ ਵਾਪਸ ਆ ਕੇ ਉਸ ਇਸ ਨੂੰ ਖੋਲ੍ਹ ਕੇ ਨਹੀਂ ਦੇਖਿਆ। ਇਹ ਜਿਥੇ ਰੱਖ ਦਿੱਤਾ- ਉਥੇ ਪਿਆ ਰਿਹਾ। ਜਿਵੇਂ ਉਸ ਨੂੰ ਇਸ ਦੀ ਲੋੜ ਹੀ ਨਾ ਹੋਵੇ। ਮਨ 'ਚ ਆਇਆ ਤੇ ਖਰੀਦ ਲਿਆ। ਪੇਪਰਾਂ ਦੇ ਦਿਨਾਂ 'ਚ ਜਿਥੇ ਬੱਚੇ ਚੰਗੇ ਨੰਬਰਾਂ ਲਈ ਸੁਖਣਾ ਸੁਖਦੇ- ਉਥੇ ਸ਼ੈਲੀ ਮੇਰਾ ਆਸ਼ੀਰਵਾਦ ਲੈਂਦੀ। ਕਹਿੰਦੀ- "ਦੇਖੋ ਮਿਹਨਤ ਕਿਆ ਰੰਗ ਲਾਤੀ ਹੈ।"

ਮੈਂ ਉਠ ਕੇ ਉਸ ਦੀ ਪਿਛਾੜੀ ਆ ਖੜੋਈ।

"ਵਾਹ-ਬਈ-ਵਾਹ-ਕਮਾਲ ਦੀ ਹੈ ਤੇਰੀ ਕਲਪਣਾ।"

ਆਪਣੇ ਕੰਮ 'ਚ ਹੀ ਰੁਝਿਆਂ ਸ਼ੈਲੀ ਨੇ ਦੱਸਿਆ, "ਮੱਮਾ-ਇਹ ਅਜੇ ਅਧੂਰੀ ਆ। ਮੈਂ ਕਲ੍ਹ ਤਾਈਂ ਇਹ ਨੂੰ ਪੂਰਾ ਕਰ ਲੈਣਾ। ਪਲੀਜ਼ ਇਕ ਰੁਕਇਸਟ ਆ। ਤੁਸੀਂ



www.PunjabiLibrary.com

ਵਿਚਕਾਰੋਂ ਰੋਕਣਾ ਨ੍ਹੀਂ। ਟੋਕਣਾ ਨ੍ਹੀਂ।"

ਮੈਂ ਕਿੰਨਾ ਚਿਰ ਇਸ ਨੂੰ ਇਕ ਟਕ ਦੇਖਦੀ ਰਹੀ। ਮੈਨੂੰ ਇਸ 'ਚ ਕੁਝ ਵੀ ਅਧੂਰਾ ਨਾ ਲੱਭਿਆ। ਮੰਦਰ ਸੀ। ਉਹ ਦੋਵੇਂ ਜਾਣੀਆਂ। ਮਾਂ-ਧੀ। ਇਹੋ ਮੇਰਾ ਸੰਸਾਰ ਸੀ। ਇਹ ਸ਼ੈਲੀ ਦਾ ਸੰਸਾਰ ਸੀ। ਬਾਹਰ ਲੱਗੀ ਨੇਮ-ਪਲੇਟ 'ਤੇ ਮੈਂ ਲਿਖਵਾਇਆ ਹੋਇਆ ਹੈ -ਸੁਰਜੀਤ+ਸ਼ੈਲੀ।

ਮੈਂ ਸ਼ੈਲੀ ਨੂੰ ਹਰ ਤਰ੍ਹਾਂ ਦੀ ਖੁੱਲ੍ਹ ਦੇ ਰੱਖੀ। ਮੈਂ ਤਾਂ ਇਹ ਵੀ ਚਾਹੁੰਦੀ ਕਿ ਹੁਣ ਉਹ ਵੱਖਰੀ ਸੌਂਵੇਂ। ਉਸ ਨੇ ਇਸ ਦਾ ਵਿਰੋਧ ਕੀਤਾ ਸੀ, "ਮੈਨੂੰ ਪਤਾ-ਤੁਹਾਨੂੰ ਛੇਤੀ ਨੀਂਦ ਨ੍ਹੀਂ ਆਉਂਦੀ। ਤੁਸੀਂ ਪੜ੍ਹਨਾ ਹੁੰਦਾ। ਲਿਖਣਾ ਹੁੰਦਾ। ਮੈਨੂੰ ਇਕ ਗੱਲ ਦਾ ਜੁਆਬ ਦਿਉ-ਮੈਂ ਕਦੇ ਤੁਹਾਨੂੰ ਡਿਸਟਰਬ ਕੀਤਾ। ਜਦੋਂ ਤੁਹਾਡਾ ਮਨ ਕਰਦਾ, ਉਦੋਂ ਹੀ ਤੁਸੀਂ ਸੌਂਦੇ ਹੋ। ਮੈਂ ਕੀ ਕਰਾਂ-ਮੇਰੀ ਨੀਂਦ ਤੁਹਾਡੇ ਨਾਲ ਜੁੜੀ ਹੋਈ। ਸਿਰਫ ਇਕ ਸਾਲ ਹੋਰ। ਮੈਥੋਂ ਅਜੇ ਆਪਣੇ ਢਿੱਡ 'ਤੇ ਹੱਥ ਰੱਖਣ ਦਾ ਅਧਿਕਾਰ ਨਾ ਖੋਵੋ।" ਸ਼ੈਲੀ ਹੁਣ ਅਧਿਕਾਰਾਂ ਦੀ ਗੱਲ ਵੀ ਕਰਨ ਲੱਗੀ ਸੀ। ਉਸ 'ਚ ਸਰੀਰਕ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਇਸ ਪ੍ਰਤੀ ਮੈਂ ਸੁਚੇਤ ਸੀ। ਅੰਦਰਲੇ ਕਪੜਿਆਂ ਦੀ ਲੋੜ ਪਈ ਤਾਂ ਮੈਂ ਕਹਿ ਦਿੱਤਾ ਸੀ- "ਬੇਟੇ-ਇਹ ਤੇਰਾ ਕੰਮ ਹੈਗਾ। ਤੂੰ ਮੇਰੀ ਧੀ ਆਂ। ਕਿਸੇ ਐਰੇ-ਗੈਰੇ ਨਥੂ ਖੈਰੇ ਦੀ ਨ੍ਹੀਂ। ਜਿਹੜੀ ਚੀਜ਼ ਤੈਨੂੰ ਚਾਹੀਦੀ ਆ-ਖੁਦ ਖਰੀਦ ਲਿਆਇਆ ਕਰ। ਇਸ ਨਾਲ ਤੇਰਾ ਸ੍ਵੈ-ਵਿਸ਼ਵਾਸ ਵਧੇਗਾ। ਇਹ ਚੰਡੀਗੜ੍ਹ ਆ-ਕੋਈ ਪਿੰਡ ਜਾਂ ਕਸਬਾ ਨ੍ਹੀਂ....ਤੇਰੀ....।" ਅਗਲੇ ਸ਼ਬਦ ਮੈਂ ਜ਼ੋਰ ਨਾਲ ਅੰਦਰ ਹੀ ਅੰਦਰ ਜਜ਼ਬ ਕਰ ਲਏ ਸਨ। ਇਨ੍ਹਾਂ ਖੁੱਲ੍ਹਾਂ 'ਚ ਹੀ ਉਹ ਵਧੇਰੇ ਵਿਕਾਸ ਕਰ ਸਕਦੀ ਹੈ। ਫੇਰ ਮੇਰੀ ਆਪਣੀ ਜ਼ਿੰਦਗੀ ਹੈ ਜਿਸ 'ਚ ਕਿਸੇ ਦੂਜੇ ਜਾਂ ਤੀਜੇ ਦੀ ਕੋਈ ਦਖਲ-ਅੰਦਾਜ਼ੀ ਨਹੀਂ। ਨਾ ਹੀ ਮੈਂ ਚਾਹੁੰਦੀ ਹਾਂ ਕਿ ਕੋਈ ਐਵੇਂ ਹੀ ਆਪਣੀਆਂ ਸਲਾਹਾਂ ਦਿੰਦਾ ਫਿਰੇ। ਮੈਨੂੰ 'ਨਿਰਮੋਹੀ' ਦਾ ਖਿਤਾਬ ਬਹੁਤ ਸਾਲ ਪਹਿਲਾਂ ਹੀ ਮਿਲ ਗਿਆ ਸੀ। ਹੁਣ ਦੋ-ਚਹੁੰ ਮਹੀਨਿਆਂ ਬਾਅਦ ਮੰਮੀ ਜੀ ਆਉਂਦੇ। ਉਹ ਆਉਂਦੇ-ਇਕ ਰਾਤ ਲਈ ਰੁਕਦੇ ਤੇ ਜਾਣ ਦੀ ਕਰਦੇ। ਪਹਿਲਾਂ-ਪਹਿਲ ਉਹ ਸੰਸਕਾਰਾਂ ਦੀਆਂ ਗੱਲਾਂ ਕਰਦੇ ਥੱਕਦੇ ਨਹੀਂ ਸੀ। ਇਕ ਦਿਨ ਮੈਂ ਉਨ੍ਹਾਂ ਨੂੰ ਬਗਲ ਲਿਆ, "ਤੁਸੀਂ ਇੰਟਰਕਾਸਟ ਮੈਰਿਜ ਕਰਵਾਈ ਹੈ ਨਾ?" ਮੰਮੀ ਨੇ ਹਾਂ 'ਚ ਸਿਰ ਹਿਲਾਇਆ। "ਉਦੋਂ ਤੁਹਾਡੇ ਸੰਸਕਾਰ ਕਿਥੇ ਚਲੇ ਗਏ ਸਨ?" ਉਨ੍ਹਾਂ ਨੂੰ ਅਗੋਂ ਕੋਈ ਜੁਆਬ ਨਹੀਂ ਔੜਿਆ ਸੀ। ਪਰ ਮੈਨੂੰ ਲੱਗਾ ਸੀ ਕਿ ਮੈਂ ਲੋੜ ਨਾਲੋਂ ਜ਼ਿਆਦਾ ਬੋਲ ਗਈ ਹਾਂ। ਮੈਂ ਮੰਮੀ ਨੂੰ ਪਿਛੋਂ ਦੀ ਜੱਫੀ ਪਾ ਲਈ। ਫੇਰ ਅਗਾਂਹ ਨੂੰ ਹੋ ਕੇ ਉਨ੍ਹਾਂ ਦੀ ਝੋਲੀ 'ਚ ਸਿਰ ਰੱਖ ਕੇ ਕਿਹਾ, "ਮੈਂ ਤੁਹਾਡੇ ਕੋਲੋਂ ਕੁਸ਼ ਨ੍ਹੀਂ ਲੁਕਾਇਆ। ਕੁਲਬੀਰ ਨਾਲ ਸੰਬੰਧਾਂ ਬਾਰੇ ਤੁਹਾਨੂੰ ਏ ਤੋਂ ਜ਼ੈਡ ਤਕ ਦੱਸ ਦਿੱਤਾ....ਜਗਦੇਵ ਬਾਰੇ ਵੀ ਤੁਹਾਨੂੰ ਪਤਾ...ਤੁਸੀਂ ਮੈਨੂੰ ਬੋਲਡ ਬਣਾਇਆ....ਹੁਣ ਤੁਸੀਂ ਹੀ ਮੈਨੂੰ ਕਮਜ਼ੋਰ ਕਰਨ ਲੱਗੇ....।" ਮੰਮੀ ਨੇ ਮੈਨੂੰ ਆਪਣੇ ਨਾਲ ਘੁੱਟ ਲਿਆ। ਕਿੰਨਾ ਚਿਰ ਮੇਰੀਆਂ ਅੱਖਾਂ 'ਚ ਦੇਖਦੇ ਰਹੇ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਰਿਹਾ ਕਿ ਉਨ੍ਹਾਂ ਦੀ ਧੀ ਇਕੱਲੀ ਰਹਿੰਦੀ ਹੈ। ਉਸ ਦਾ ਭਵਿੱਖ ਕੀ ਹੋਵੇਗਾ? ਜੇ ਕਦੇ ਕਿਸੇ ਨੇ ਇਸ ਬਾਰੇ ਪੁੱਛਿਆ ਵੀ ਹੋਵੇਗਾ ਤਾਂ ਉਨ੍ਹਾਂ ਦਾ ਜੁਆਬ ਇਹੋ ਰਿਹਾ ਹੋਵੇਗਾ,



"ਬੱਚੇ ਆਪਣੇ ਪ੍ਰਤੀ ਆਪ ਹੀ ਬਹੁਤ ਜਾਗਰੂਕ ਆ। ਉਹ ਕਿਹੜੀ ਨਿਆਣੀ। ਆਪਣਾ ਬੁਰਾ ਭਲਾ ਆਪੇ ਸੋਚੂ। ਉਹਨੂੰ ਫਰੀ ਰਹਿਣ ਦਿਉ.....।"

ਸ਼ੈਲੀ ਦੀ ਮੰਮੀ ਨਾਲ ਕਾਫੀ ਬਣਦੀ ਸੀ। ਉਹ ਦੇਰ ਤੱਕ ਸੁਆਲ-ਜੁਆਬ ਕਰਦੀਆਂ ਰਹਿੰਦੀਆਂ। ਨਾਨੀ-ਦੋਹਤੀ ਗੂੜ-ਗਿਆਨ ਦੀਆਂ ਗੱਲਾਂ ਕਰਦੀਆਂ। ਬਹਿਸਦੀਆਂ। ਸ਼ੈਲੀ ਨੂੰ ਸਾਹਸੀ ਕਥਾਵਾਂ ਨਾਲ ਬਹੁਤ ਪਿਆਰ ਹੈ। ਪਿਛਲੇ ਮਹੀਨੇ ਸ਼ਿਮਲੇ ਜਾਂਦਿਆਂ ਉਹ ਇਕ ਰਾਤ ਮੇਰੇ ਕੋਲ ਰੁੱਕੇ ਸਨ। ਸ਼ੈਲੀ ਨੇ ਉਨ੍ਹਾਂ ਨੂੰ ਯਾਦ ਕਰਾਇਆ ਸੀ, "ਤੁਸੀਂ ਫੇਰ ਭੁੱਲ ਗਏ ਨਾ। ਕੀ ਮੰਨ ਕੇ ਗਏ ਸੀ? ਇਹੋ ਕਿ ਜਾਂਦਿਆਂ ਹੀ ਗਰੇਟ ਡਰਾਏਗਨ ਆਫ਼ ਥੇਲੀਆ ਭੇਜੋਗੇ....।" ਮੰਮੀ ਨੇ ਆਪਣੀ ਗਲਤੀ ਮੰਨੀ। ਅਗਲੀ ਵਾਰ ਕਿਤਾਬ ਲਿਆਉਣ ਦਾ ਵਾਇਦਾ ਕੀਤਾ। ਮੈਂ ਸੁੱਤ ਉਨੀਂਦਰੀ ਬੋਲ ਪਈ, "ਸ਼ੈਲੀ ਬੇਟੇ-ਤੂੰ ਇੰਡੀਆ ਟੂਡੇ ਪੜ੍ਹਿਆ ਕਰ। ਟੀ. ਐਸ. ਈਲੀਅਟ ਆਪਣੀ ਇਕ ਕਵਿਤਾ ਵਿੱਚ ਕਹਿੰਦਾ ਹੈ: ਭਵਿੱਖ ਅਤੇ ਭੂਤ 'ਤੇ ਇਕੋ ਜਿਹਾ ਧਿਆਨ ਦਿਉ।" ਮੰਮੀ ਨੇ ਮੈਨੂੰ ਵਿਚਕਾਰੋਂ ਟੋਕਿਆ, "ਉਹ ਇਹ ਵੀ ਕਹਿੰਦਾ, ਅਗੇ ਵਧੋ ਯਾਤ੍ਰੀਉ, ਭੂਤ ਕਾਲ ਤੋਂ ਭੱਜ ਕੇ ਤੁਸੀਂ ਵੰਨ ਸੁਵੰਨੀਆਂ ਜ਼ਿੰਦਗੀਆਂ, ਜਾਂ ਕਿਸੇ ਕਿਸਮ ਦੇ ਭਵਿੱਖ ਵੱਲ ਤੁਰ ਨਹੀਂ ਰਹੇ ਹੋ....।" ਮੈਂ ਉਠ ਕੇ ਬੈਠ ਗਈ। ਕਿਹਾ, "ਜੇ ਮੈਂ ਨ੍ਹੀਂ ਭੁੱਲਦੀ ਤਾਂ ਉਸ ਕਵਿਤਾ ਦੀਆਂ ਅੰਤਮ ਸਤਰਾਂ ਇਹ ਸਨ- ਕ੍ਰਿਸ਼ਨ ਨੇ, ਅਰਜੁਨ ਨੂੰ ਰਣਭੂਮੀ ਵਿੱਚ ਕਿਹਾ, ਵਿਦਾ ਨਹੀਂ, ਸਗੋਂ ਅਗੇ ਵਧੋ ਯਾਤ੍ਰੀਉ!" ਮੰਮੀ ਲੰਬੀ ਬਹਿਸ ਤੋਂ ਹਮੇਸ਼ਾ ਹੀ ਗੁਰੇਜ ਕਰਦੇ ਸਨ। ਉਨ੍ਹਾਂ ਨੇ ਮੇਰੀ ਗੱਲ ਨੂੰ ਇਕ ਪਾਸੇ ਛੱਡ ਕੇ ਸ਼ੈਲੀ ਨੂੰ ਕਿਹਾ, "...ਮੈਂ ਤੈਨੂੰ ਪਾਸਟ ਦੱਸਾਂਗੀ। ਤੇਰੀ ਮੱਮਾ ਪਰੈਜ਼ੰਟ। ਮੇਰੀ ਸ਼ੈਲੀ ਆਪਣੀ ਮੱਮਾ ਤੋਂ ਅਗਾਂਹ ਦਾ ਸਫ਼ਰ ਤੈਅ ਕਰੇਗੀ। ਠੀਕ ਹੈ ਨਾ ਸ਼ੈਲੀ?" ਸ਼ੈਲੀ ਦਾ ਇਕ ਹੱਥ ਮੰਮੀ ਦੇ ਹੱਥਾਂ 'ਚ ਸੀ। ਦੂਜਾ ਉਸ ਮੇਰੇ ਢਿੱਡ 'ਤੇ ਰੱਖਿਆ ਸੀ। ਉਸ ਰਾਤ ਮੈਨੂੰ ਨੀਂਦ ਨਹੀਂ ਆਈ ਸੀ।

ਮੁੜ ਬੈੱਡ 'ਤੇ ਬੈਠਦਿਆਂ ਮੈਂ ਵਾਲ ਕਲਾਕ ਵੱਲ ਦੇਖਿਆ। ਅਜੇ ਤਾਂ ਸਿਰਫ ਨੌਂ ਹੀ ਵਜੇ ਸਨ। ਹੁਣ ਮੈਂ ਨੌਂ-ਬਰ-ਨੌਂ ਹਾਂ। ਆਸਾਨੀ ਨਾਲ ਤੁਰ ਫਿਰ ਸਕਦੀ ਹਾਂ। ਕਿਉਂ ਨਾ ਦਫਤਰ ਹੀ ਜਾ ਆਵਾਂ। ਇਨ੍ਹਾਂ ਦਿਨਾਂ 'ਚ ਆਖ਼ਿਰਾਂ ਦਾ ਕੰਮ ਹੁੰਦਾ ਹੈ। ਸਾਲ ਭਰ ਲਈ ਖਰੀਦ ਹੁਕਮ ਜਾਰੀ ਕਰਨੇ ਹੁੰਦੇ ਹਨ। ਕੰਪੈਰਾਟੇਟਿਵ ਸਟੇਟਮੈਂਟਾਂ ਬਣਾਉਣੀਆਂ ਹੁੰਦੀਆਂ ਹਨ। ਸਿਰਫ ਇਕ ਮਹੀਨਾ ਹੀ। ਬਾਕੀ ਗਿਆਰਾਂ ਮਹੀਨੇ ਨਾਂ- ਮਾਤਰ ਹੀ ਕੰਮ ਹੁੰਦਾ ਹੈ। ਮੌਜਾਂ ਹੀ ਮੌਜਾਂ। ਇਸ ਕਰਕੇ ਮੈਂ ਇੰਨਾ ਘੁੰਮ ਫਿਰ ਸਕੀ ਹਾਂ। ਪੜ੍ਹਿਆ-ਲਿਖਿਆ ਹੈ। ਮੈਂ ਜਦੋਂ ਵੀ ਆਪਣੀ ਛੁੱਟੀ ਦੀ ਅਰਜ਼ੀ ਲੈ ਕੇ ਸੈਕਸ਼ਨ ਅਫਸਰ ਕੋਲ ਗਈ ਤਾਂ ਉਸ ਐਨਾ ਅਵੱਸ਼ ਕਿਹਾ, "ਸੁਰਜੀਤ ਛੁੱਟੀ ਲੈਣ ਦੀ ਕੀ ਲੋੜ ਪੈ ਗਈ? ਮੇਰੇ ਵੱਲੋਂ ਭਾਵੇਂ ਫਰਲੋ ਤੇ ਚਲੇ ਜਾਉ। ਅਕਤੂਬਰ-ਨਵੰਬਰ ਵਿੱਚ ਤੁਸੀਂ ਮੇਰਾ ਖਿਆਲ ਰੱਖਣਾ। ਠੀਕ ਐ ਨਾ ਭਾਈ...?" ਇਨ੍ਹਾਂ ਦਿਨਾਂ 'ਚ ਮੈਂ ਕੀ, ਸਾਰਾ ਸਟਾਫ ਆਪਣੇ ਆਪ ਨੂੰ ਭੁੱਲ ਜਾਂਦਾ। ਕੰਮ ਤੇ ਸਿਰਫ ਕੰਮ ਦਿੱਸਦਾ।

ਮੈਨੂੰ ਤਿਆਰ ਹੁੰਦੀ ਨੂੰ ਦੇਖ ਕੇ ਸ਼ੈਲੀ ਕਾਹਲੀ-ਕਾਹਲੀ ਉਠੀ। ਦੂਰੋਂ ਹੀ ਉੱਚੀ-ਉੱਚੀ ਬੋਲੀ, "ਮੈਂ ਚਾਹ ਬਣਾ ਕੇ ਲਿਆਈ- ਸੌਰੀ ਮੱਮਾ-ਤੁਸੀਂ ਅਰਾਮ ਕਰੋ-



www.PunjabiLibrary.com

ਕਿਤੇ ਨ੍ਹੀਂ ਜਾਣਾ- ਬਹੁਤੀ ਗੱਲ ਹੈ ਤਾਂ ਮੈਂ ਸਕੂਲ ਨ੍ਹੀਂ ਜਾਂਦੀ।"

"ਮੈਂ ਗਈ ਤੇ ਆਈ ਸਮਝ। ਦਫਤਰ ਗੇੜਾ ਮਾਰਨ ਜਾਣਾ। ਆਉਣ ਲੱਗੀ ਡਾਕਟਰ ਨੂੰ ਮਿਲ ਆਵਾਂਗੀ। ਪਰਸੋਂ ਨੂੰ ਦੀਵਾਲੀ ਆ। ਅਗੇ ਸ਼ਨੀ-ਐਤ ਆ ਜਾਣਾ-ਸ਼ਾਮ ਨੂੰ ਖਰੀਦੋ-ਫਰੋਖ਼ਤ ਕਰਨੀ।"

ਉਹ ਕੁਝ ਨਾ ਬੋਲੀ।

ਮੇਰੀ ਸਿਹਤ ਨਾਰਮਲ ਰਹੀ। ਮੈਂ ਆਪਣੀ ਸੀਟ ਦਾ ਕੰਮ ਕੀਤਾ। ਦੁਪਹਿਰ ਤੋਂ ਬਾਅਦ ਮੇਰਾ ਸਿਰ ਫੇਰ ਤੋਂ ਭਾਰਾ-ਭਾਰਾ ਹੋਣ ਲੱਗਾ। ਮੈਂ ਸੈਕਸ਼ਨ ਅਫਸਰ ਨੂੰ ਦੱਸ ਕੇ ਘਰੋਂ ਮੁੜਨ ਦੀ ਕੀਤੀ।

ਮੰਦਿਰ ਨੂੰ ਆਖਿਰੀ ਛੋਹਾਂ ਦਿੰਦੀ ਸ਼ੈਲੀ ਉੱਠੀ। ਦੋ ਕੱਪ ਚਾਹ ਦੇ ਲਿਆ ਕੇ ਮੇਰੇ ਸਾਹਮਣੇ ਆ ਬੈਠੀ। ਦੂਜੇ ਪਲ ਉਸ ਨੂੰ ਕੁਝ ਯਾਦ ਆਇਆ। ਉਸ ਮੈਨੂੰ ਟੈਬਲਿਟ ਤੇ ਪਾਣੀ ਦਾ ਗਿਲਾਸ ਲਿਆ ਫੜਾਇਆ।

ਉਹ ਘੁੱਟੀ ਵੱਟੀ ਜਿਹੀ ਰਹੀ। ਮੈਨੂੰ ਲੱਗਿਆ ਕਿ ਸ਼ਾਇਦ ਇਕੱਲੀ ਬੈਠੀ ਬੋਰ ਹੋ ਗਈ ਹੋਵੇਗੀ। ਇਹੋ ਉਸ ਦੀ ਖਿਝ ਦਾ ਕਾਰਨ ਹੋ ਸਕਦਾ ਹੈ।

ਮੈਂ ਨੀਵੀਂ ਪਾਈ ਚਾਹ ਦੇ ਘੁੱਟ ਭਰਣ ਲੱਗੀ।

ਸ਼ੈਲੀ ਕੱਪ ਚੁੱਕ ਕੇ ਚੱਲੀ ਤਾਂ ਮੈਂ ਕਿਹਾ, "ਬੇਟੇ ਬਾਜ਼ਾਰ ਵੀ ਜਾਣਾ। ਕਲ੍ਹ ਨੂੰ ਬਹੁਤ ਰਸ਼ ਹੋ ਜਾਣਾਂ।"

"ਠੀਕ....," ਸ਼ੈਲੀ ਨੇ ਰਸੋਈ ਵੱਲ ਜਾਂਦਿਆਂ ਕਿਹਾ। ਮੁੜਦੀ ਹੋਈ 'ਅਕਸ' ਮੈਗਜ਼ੀਨ ਲਿਆ ਕੇ ਮੇਰੇ ਅਗੇ ਰੱਖ ਦਿੱਤਾ। ਕਿਹਾ, " ਅੱਜ ਦੀ ਡਾਕ ਵਿਚ ਆਇਆ। ਤੁਹਾਡਾ ਸ੍ਵੈ-ਕਥਨ ਛਪਿਆ। ਤੁਸੀਂ ਇਹਨੂੰ ਪੜ੍ਹੋ। ਅਗਲੇ ਪੰਦਰਾਂ ਮਿੰਟਾਂ ਵਿੱਚ ਮੇਰਾ ਮੰਦਿਰ ਤਿਆਰ ਹੋ ਜਾਣਾ....।"

ਮੈਂ ਬੈੱਡ 'ਤੇ ਟੇਡੀ ਪੈ ਗਈ। ਲੇਖ ਪੜ੍ਹਦਿਆਂ-ਪੜ੍ਹਦਿਆਂ ਮੇਰੇ ਅਗੇ ਸਾਰੀਆਂ ਘਟਨਾਵਾਂ ਫੇਰ ਤੋਂ ਸਾਕਾਰ ਹੋਣ ਲੱਗੀਆਂ। ਛੋਟੀ ਉਮਰੇ ਮੈਂ ਕਿੰਨਾ ਕੁਝ ਹੰਢਾਇਆ ਸੀ। ਇਸ ਦਾ ਲੇਖਾ-ਜੋਖਾ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਲੋਕ ਝੂਠ ਨੂੰ ਸੱਚ ਦਾ ਜਾਮਾ ਪਹਿਨਾ ਦਿੰਦੇ। ਅਸਲੀ ਸੱਚ ਨੂੰ ਅੰਦਰੇ-ਅੰਦਰ ਜਜ਼ਬ ਕਰ ਜਾਂਦੇ। ਪਰ ਮੈਂ ਤਾਂ ਆਪਣੇ ਸੱਚ ਨੂੰ ਲੋਕਾਂ ਦੇ ਸਾਹਮਣੇ ਰੱਖਿਆ। ਦੱਸਿਆ ਕਿ ਐਦਾਂ ਵੀ ਕੋਈ ਜੀਅ ਸਕਦਾ ਹੈ।

ਮੈਨੂੰ ਆਪਣਾ ਆਪ ਹਲਕਾ-ਹਲਕਾ ਲੱਗਿਆ। ਹੁਣੇ-ਹੁਣੇ ਮੈਂ ਆਪਣੇ ਆਪ ਨੂੰ ਕਮਜ਼ੋਰ ਮਹਿਸੂਸ ਕਰ ਰਹੀ ਸੀ। ਅਚਾਨਕ ਮੈਂ ਤੇਜ਼ੀ ਨਾਲ ਸੋਚਿਆ ਕਿ ਜੇ ਸ਼ੈਲੀ ਨੂੰ 'ਉਸ' ਦਾ ਪਤਾ ਲੱਗ ਗਿਆ ??? ਇਕ ਪਲ ਲਈ ਮੈਂ ਡਰ ਗਈ। ਦੂਜੇ ਪਲ ਮੈਨੂੰ ਵਿਸ਼ਵਾਸ ਹੋ ਗਿਆ ਕਿ ਉਹ ਸਾਧਾਰਣ ਬੱਚੀ ਨਹੀਂ ਹੈ। ਉਹ ਗੱਲ ਦੇ ਹਰੇਕ ਪਹਿਲੂ ਬਾਰੇ ਗੰਭੀਰਤਾ ਨਾਲ ਸੋਚਦੀ ਹੈ। ਉਸ ਨੂੰ ਆਪਣੀ ਮੱਮੀ ਦੇ ਜਿਊਣ-ਢੰਗ ਦਾ ਪਤਾ ਹੈ। ਉਹ ਕਿਸੇ ਵੀ ਗੱਲ ਦੀ ਤਹਿ 'ਚ ਗਿਆਂ ਬਿਨਾਂ ਮਾਈਂਡ ਨਹੀਂ ਕਰਦੀ। ਜੇ ਉਹ ਕਿਸੇ ਵੇਲੇ ਡੋਲੀ ਵੀ ਤਾਂ ਮੈਂ ਉਸ ਨੂੰ ਸਮਝਾਵਾਂਗੀ। ਕੁਲਵੰਤ ਵਾਲੀ ਘਟਨਾ....???

"ਸ਼ੈਲੀ-ਚਲੀਏ....," ਆਪਣੇ ਆਪ ਨੂੰ ਭੂਤ 'ਚੋਂ ਇਕੋ ਹੀ ਝਟਕੇ ਨਾਲ ਬਾਹਰ



ਕੱਢਿਆ।

"ਜਿਵ੍ਹਾਂ ਤੁਹਾਡੀ ਮਰਜ਼ੀ-ਇੱਕ ਮਿੰਟ-ਮੇਰਾ ਮੰਦਿਰ ਤਾਂ ਦੇਖ ਲਉ"।

ਸ਼ੈਲੀ ਦੀ ਆਵਾਜ਼ 'ਚ ਮੈਨੂੰ ਪਹਿਲੀ ਵਾਰ ਓਪਰਾਪਨ ਲੱਗਿਆ।

"ਮੇਰਾ ਬੇਟਾ ਬਹੁਤ ਸਿਆਣਾ ਹੋ ਗਿਆ," ਮੈਂ ਦੂਰੋਂ ਹੀ ਕਹਿ ਦਿੱਤਾ।

"ਨ੍ਹੀਂ ਦੋਸਤ....", ਅਗੇ ਉਹ ਦੋਸਤ ਕਹਿੰਦਿਆਂ ਖੁੱਲ੍ਹ ਕੇ ਹੱਸਦੀ ਸੀ। ਅੱਜ ਉਹ ਗੰਭੀਰ ਹੋ ਗਈ।

"ਪਰਦਾ ਮੈਂ ਖਿਚਾਂ ਕਿ ਤੂੰ...?" ਮੈਂ ਉਸ ਕੋਲੋਂ ਪੁੱਛਿਆ। ਮੈਨੂੰ ਅਜੀਬ ਜਿਹੀ ਘਬਰਾਹਟ ਹੋਣ ਲੱਗੀ ਸੀ।

"ਇਹ ਤੁਹਾਡਾ ਫ਼ੰਕਸ਼ਨ ਹੈਗਾ।" ਸ਼ੈਲੀ ਮੰਦਿਰ 'ਤੇ ਝੁਕੀ ਖੜੀ ਰਹੀ।

ਮੈਂ ਕੰਬਦੇ ਹੱਥਾਂ ਨਾਲ ਧਾਗੇ ਦੀ ਡੋਰ ਖਿੱਚੀ। ਸ਼ੈਲੀ ਨੇ ਬਟਨ ਵੱਲ ਇਸ਼ਾਰਾ ਕੀਤਾ। ਬਟਨ ਦਬਦਿਆਂ ਹੀ ਮੰਦਿਰ ਜਗਮਗ-ਜਗਮਗ ਕਰ ਉਠਿਆ। ਮੈਂ ਪੈਰਾਂ ਭਾਰ ਬੈਠੀ ਨੇ ਅਗਾਂਹ ਨੂੰ ਹੋ ਕੇ ਦੇਖਿਆ। ਅੱਜ ਮੰਦਿਰ 'ਚ ਤਿੰਨ ਸ਼ਕਲਾਂ ਹਨ। ਹੇਠਾਂ ਉਨ੍ਹਾਂ ਦੇ ਨਾਂ ਲਿਖੇ ਹਨ। ਕੁਲਵੰਤ- ਸੁਰਜੀਤ-ਸ਼ੈਲੀ।

ਅੰਦਰ ਉਠੀ ਕੰਬਣੀ ਨੂੰ ਮੈਂ ਕਿਸੇ ਨਾ ਕਿਸੇ ਤਰ੍ਹਾਂ ਦਬਾ ਲਿਆ। ਇਕ ਵਾਰ ਤਾਂ ਨਜ਼ਰਾਂ ਅੱਗੇ ਹਨ੍ਹੇਰਾ ਆ ਗਿਆ। ਮੈਨੂੰ ਲੱਗਿਆ ਕਿ ਜਿਵੇਂ ਧਰਤੀ ਦੀ ਘੁੰਮਣ ਦੀ ਗਤੀ ਇਕ ਦਮ ਵਧ ਗਈ ਹੋਵੇ। ਮੈਂ ਤੇਜ਼ੀ ਨਾਲ ਸ਼ੈਲੀ ਵੱਲ ਦੇਖਿਆ। ਉਹ ਖ਼ਾਮੋਸ਼ ਖੜੀ ਸੀ। ਜਿਵੇਂ ਕੁਝ ਵੀ ਨਵਾਂ ਨਾ ਹੋਇਆ ਹੋਵੇ। ਮੈਂ ਫੇਰ ਨਜ਼ਰਾਂ ਮੰਦਿਰ 'ਤੇ ਕੇਂਦਰਿਤ ਕਰਨ ਦੀ ਕੋਸ਼ਿਸ਼ ਕੀਤੀ। ਇਕ ਡਰ ਨੇ ਵੀ ਆ ਘੇਰਿਆ ਕਿ ਕਿਤੇ ਸ਼ੈਲੀ ਨੇ ਮੇਰੀਆਂ ਨਜ਼ਰਾਂ ਦੀ ਇਬਾਰਤ ਨਾ ਪੜ੍ਹ ਲਈ ਹੋਵੇ। ਮੈਂ ਆਪਣੇ ਆਪ ਨੂੰ ਸੰਭਾਲਣ ਦੀ ਕੀਤੀ। ਜ਼ੋਰ-ਜ਼ੋਰ ਦੀ ਤਾੜੀਆਂ ਮਾਰੀਆਂ। ਫੇਰ ਗੰਭੀਰ ਹੋ ਗਈ। ਮੈਂ ਉਹ ਨੂੰ ਸਮਝਾਉਣ ਦੇ ਮੂਡ 'ਚ ਕਿਹਾ, "ਬੇਟੇ- ਇਸ ਵਿੱਚ ਇਕ ਬਹੁਤ ਵੱਡੀ ਗਲਤੀ ਰਹਿ ਗਈ...।"

"ਕਿਹੜੀ?" ਸ਼ੈਲੀ ਨੇ ਉਤਾਵਲੇਪਨ ਨਾਲ ਪੁੱਛਿਆ। ਉਸ ਦੀਆਂ ਨਜ਼ਰਾਂ 'ਚ ਕਈ ਪ੍ਰਸ਼ਨ ਆ ਸਮੋਏ।

"ਮੇਰੀ ਫਰੈਂਡ ਕੁਲਵੰਤ ਦਾ ਕੱਦ ਮੇਰੇ ਨਾਲੋਂ ਤਿੰਨ ਇੰਚ ਵੱਡਾ ਸੀ...।"

ਸ਼ੈਲੀ ਨੇ ਲੰਬਾ ਸਾਹ ਲਿਆ। ਜਿਵੇਂ ਉਹ ਤਨਾਉ-ਮੁਕਤ ਹੋ ਗਈ ਹੋਵੇ। ਉਸ ਨੇ ਮੰਦਰ ਸਾਹਮਣੇ ਮੱਥਾ ਟੇਕਿਆ। ਅੱਖਾਂ ਬੰਦ ਕਰੀ। ਮਿੰਟ ਕੁ ਝੁਕੀ ਰਹੀ। ਫੇਰ ਉਹ ਉਠੀ। ਮੰਦਰ ਦੀ ਪਰਕਰਮਾ ਕੀਤੀ। ਚੁੱਕ ਕੇ ਅੰਦਰ ਰੱਖ ਆਈ। ਪੂਰੀ ਸ਼ਰਧਾ ਨਾਲ। ਵਾਪਸ ਆ ਕੇ ਮੈਨੂੰ ਪਿੱਛੋਂ ਦੀ ਜਫੀ ਪਾਉਂਦਿਆਂ ਹੋਇਆਂ ਕਿਹਾ, " ਮੱਮਾ- ਮੈਂ ਉਨ੍ਹਾਂ ਨੂੰ ਦੇਖਿਆ ਤਾਂ ਨ੍ਹੀਂ-ਬੱਸ ਤੁਹਾਡੇ ਵਿਚੋਂ ਉਨ੍ਹਾਂ ਦੇ ਨੈਣ-ਨਕਸ਼ ਉਘਾੜੇ ਆ..।"



www.PunjabiLibrary.com

## ਪਤੰਦਰ

ਸਾਲ-ਛਿਮਾਹੀ ਮੈਨੂੰ ਇਹ ਘਰ ਜ਼ਹਿਰ ਦਿਖਾਈ ਦੇਣ ਲੱਗਦਾ ਹੈ।

ਕਿਹੜਾ ਘਰ ? ਕਿਹਦਾ ਘਰ ? ਇਹ ਮੇਰੇ ਲਈ ਕਿੰਨਾ ਕੁ ਚਿਰ ਰਿਹਾ ਸੀ ? ਮੈਂ ਜਮ੍ਹਾਂ ਮੇਰੀ ਬੀਵੀ ਲਈ। ਕੁਝ ਕੁ ਸਾਲਾਂ ਲਈ। ਸ਼ਾਇਦ ਇਹ ਵੀ ਨਹੀਂ। ਹੁਣ ਇਹ ਗੁਰਬਖ਼ਸ਼ ਦੀ ਕੋਠੀ ਹੈ। ਗੁਰਬਖ਼ਸ਼ ਤੇ ਉਹ ਦੀ ਮਿਸਿਜ਼ ਦੀ ਪਸੰਦ ਦੀ। ਮੈਂ ਐਨਾ ਕੁ ਕੀਤਾ ਸੀ ਕਿ ਜਿੰਨੇ ਪੈਸਿਆਂ ਦੀ ਉਹ ਨੂੰ ਲੋੜ ਪਈ ਸੀ, ਆਪਣੇ ਅਕਾਉਂਟ ਵਿਚੋਂ ਕੱਢਵਾ ਕੇ ਦਿੱਤੇ ਸਨ। ਭਾਪਾ ਜੀ, ਜਦੋਂ ਉਨ੍ਹਾਂ ਘੁਟ ਕੇ ਲਾਈ ਹੁੰਦੀ ਤੇ ਮੈਥੋਂ ਉਨ੍ਹਾਂ ਦੀ ਕਿਸੇ ਗੱਲ ਦਾ ਵਿਰੋਧ ਹੋ ਜਾਂਦਾ ਤਾਂ ਉਹ ਕਪੜਿਆਂ ਤੋਂ ਬਾਹਰ ਹੋ ਜਾਂਦੇ ਸਨ, "ਭੈਣ ਚੋ... ਨਿਕਲ ਜਾ ਬਾਹਰ।"ਮੈਂ ਨੰਗੇ ਪੈਰੀਂ ਟਿਬਿਆਂ ਵੱਲ ਨੂੰ ਨਿਕਲ ਜਾਂਦਾ ਸੀ। ਜਾਂ ਪਿਆਰੇ ਕੋਲ ਚਲੇ ਜਾਂਦਾ ਸੀ ਜਿਹੜਾ ਮੈਨੂੰ ਨਵੇਂ-ਨਵੇਂ ਸਬਜ਼-ਬਾਗ਼ ਦਿਖਾਉਂਦਾ। ਇਸ ਕੁੱਤੇ ਖਾਣੀ ਨੂੰ ਭੁੱਲਾ ਦਿੰਦਾ। ਬਾਅਦ 'ਚ ਬੀਬੀ ਦੀ ਬਾਰੀ ਆ ਗਈ ਸੀ, "ਲਉ ਤੁਹਾਨੂੰ ਤਾਂ ਸਭ ਕੁਸ਼ ਬਣਿਆ ਬਣਾਇਆ ਮਿਲ ਗਿਆ। ਆਪ ਬਣਾਉਣਾ ਪੈਂਦਾ ਤਾਂ ਪਤਾ ਲੱਗਦਾ। ਕੰਨ ਖੋਲ੍ਹ ਕੇ ਸੁਣ ਲੈ-ਮੈਂ ਤੇ ਤੇਰੇ ਭਾਪੇ ਨੇ ਸਿਰ 'ਤੇ ਇੱਟਾਂ ਢੋਹੀਆਂ... ਹੁਣ ਦੀਆਂ ਆਈਆਂ ਤਾਂ ਰਾਜ ਕਰਦੀਆਂ।" ਸੋਚ-ਸੋਚ ਕੇ ਮੇਰਾ ਮਨ ਕਾਹਲਾ ਪੈਣਾ ਸ਼ੁਰੂ ਹੋ ਜਾਂਦਾ। ਮੇਰੀਆਂ ਪੁੜਪੁੜੀਆਂ ਦੀਆਂ ਨਾੜਾਂ ਬੇਇੰਤਹਾ ਫੁਲਣ ਲੱਗਦੀਆਂ। ਮੈਨੂੰ ਪ੍ਰਕਾਸ਼ੋ ਨੂੰ ਆਵਾਜ਼ ਮਾਰਣ ਤੋਂ ਸਿਵਾਇ ਕੋਈ ਦੂਜਾ ਚਾਰਾ ਨਾ ਦਿੱਸਦਾ-"ਬੇਗਮ ਸਾਹਿਬਾ-ਜ਼ਰਾ ਆਈਂ ਤਾਂ।"ਉਹ ਜਿਵੇਂ ਗੂੰਗੇ ਦੀ ਮਾਂ ਗੂੰਗੇ ਦੀ ਰਮਝ ਸਮਝ ਜਾਂਦੀ ਹੈ, ਠੀਕ ਉਵੇਂ ਹੀ ਤੇਲ ਵਾਲੀ ਸ਼ੀਸ਼ੀ ਲੈ ਕੇ ਅੰਗੂਠੇ ਨਾਲ ਦੀਆਂ ਦੋ ਉਂਗਲਾਂ ਨਾਲ ਮਾਲਿਸ਼ ਕਰਦੀ। ਮੈਂ ਵਾਰ-ਵਾਰ ਉਸ ਨੂੰ ਟੋਕਦਾ, ਰੋਕਦਾ, ਸਮਝਾਉਂਦਾ ਕਿ ਜ਼ਰਾ ਜ਼ਿਆਦਾ ਦਬਾਓ ਨਾਲ ਮਾਲਿਸ਼ ਕਰ। ਪਰ ਉਸ ਦੀਆਂ ਉਂਗਲਾਂ ਦਾ ਦਬਾਅ ਵਧਦਾ ਨਹੀਂ। ਨਾ ਹੀ ਤੇਜ਼ੀ ਆਉਂਦੀ। ਉਹ ਤਾਂ ਬੱਧੀ-ਰੁੱਧੀ ਬੈਠੀ ਰਹਿੰਦੀ। ਉਸ ਦਾ ਹੱਥ ਕੰਬਦਾ। ਮੈਂ ਅੱਖਾਂ ਘੁੰਮਾ ਕੇ ਉਸ ਵੱਲ ਦੇਖਦਾ। ਉਹ ਬਿਟਰ-ਬਿਟਰ ਰਸੋਈ ਵੱਲ ਦੇਖਦੀ ਰਹਿੰਦੀ ਜਿਥੇ ਬਹੂ ਕਿਸੇ ਕੰਮ 'ਚ ਮਸਤ ਪਰ ਕੁਝ ਨਾ ਕੁਝ ਗੁਨਗੁਨਾਉਂਦੀ ਹੋਈ ਦਿੱਸਦੀ। ਮੇਰੇ ਮਨ 'ਚ ਆਉਂਦਾ ਕਿ ਚੀਕ ਕੇ ਕਹਾਂ-"ਜਾ ਬਾਬਾ ਮੈਨੂੰ ਮਾਫ ਕਰ।" ਪਰ ਮੈਂ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਆਪ ਨੂੰ ਸੰਭਾਲੀ ਰੱਖਦਾ। ਆਪਣੇ ਗੁੱਸੇ ਦੀ ਘੰਡੀ ਨਪਦਾ। ਇਹ ਸੋਚਦਿਆਂ ਕਿ ਐਦੂੰ ਵੀ ਜਾਊਂਗਾ। ਇਸ ਨੀਵੀਂ ਪਾ ਕੇ ਆਪਣੇ ਮੰਜੇ 'ਤੇ ਜਾ ਬਹਿਣਾ। ਜਾਂ ਬਹੁਤੀ ਗੱਲ ਵਧੀ ਤਾਂ ਕਹਿ ਦਊ- "ਜਾਓ ਆਪਣੇ ਉਸੇ ਨਾਈ ਕੋਲ। ਪੰਜਾ



ਦਾ ਨੋਟ ਦਿਉ। ਸਿਰ ਝਸਾ ਆਉ।" ਕੀ ਉਹ ਜਾਣ-ਬੁਝ ਕੇ ਮੈਨੂੰ ਖਿਝਾਉਂਦੀ ਸੀ ? ਜਾਂ ਮੈਨੂੰ ਖਿਝਾਉਣ ਲਈ ਉਸ ਕੋਲ ਇਹੋ ਹੀ ਆਖਰੀ ਹਥਿਆਰ ਹੁੰਦਾ ਸੀ ? ਮੈਂ ਚੁੱਪ ਰਹਿੰਦਾ। ਉਸ ਦੇ ਚਿਹਰੇ ਵੱਲ ਦੇਖ ਕੇ ਹਾਸਾ ਆਉਂਦਾ। ਹੈਰਾਨੀ ਵੀ ਹੁੰਦੀ। ਕਿਤੇ ਮੈਥੋਂ ਡਰਦੀ ਤਾਂ ਨਹੀਂ ? ਕਮਾਲ ਦੀ ਜਨਾਨੀ ਹੈ ਇਹ ਵੀ ! ਮੁਕਲਾਵੇ ਦੇ ਦਿਨਾਂ 'ਚ ਤਾਂ ਮੈਥੋਂ ਡਰਦੀ ਹੁੰਦੀ ਸੀ। ਹੁਣ ਵੀ ਕੋਲ ਬੈਠਣ ਲੱਗਿਆਂ ਦੂਰੀ ਬਣਾ ਕੇ ਰੱਖਦੀ ਹੈ। ਅੱਜ ਕਲ੍ਹ ਇਹ ਦੇ ਗੋਡਿਆਂ 'ਚ ਦਰਦ ਰਹਿੰਦਾ ਹੈ। ਇਹ ਪਾਸੇ ਮਾਰਦੀ ਰਹਿੰਦੀ ਹੈ। ....ਜਨਾਨੀ ਉਠੇ.... ਤੁਰੇ... ਫਿਰੇ...ਕਪੜੇ ਬਦਲ..... ਲਿਪਸਟਿਕ ਲਾਵੇ..... ਪਰ ਕਾਹਨੂੰ ਉਹ ਦੇ ਲਈ ਤਾਂ ਇਹ ਗੱਲਾਂ ਵਿਸਰ ਚੁੱਕੀਆਂ ਹਨ। ਜਦੋਂ ਦੇਖ ਲਉ ਭਜਨ ਬੰਦਗੀ ਦੀਆਂ ਕੈਸਿਟਾਂ ਬਦਲ-ਬਦਲ ਕੇ ਲਾਉਂਦੀ ਰਹਿੰਦੀ ਹੈ।

ਹੁਣ ਘਰ 'ਚ ਮੇਰੇ ਗੋਚਰਾ ਕੋਈ ਖਾਸ ਕੰਮ ਨਹੀਂ ਰਿਹਾ। ਬਾਹਰਲੇ ਕੰਮਾਂ ਦੀ ਜ਼ੁੰਮੇਵਾਰੀ ਗੁਰਬਖ਼ਸ਼ ਨੇ ਸੰਭਾਲ ਰੱਖੀ ਹੈ। ਘਰ ਦਾ ਲੈਣ-ਦੇਣ ਬਹੂ ਨੇ ਆਪਣੇ ਹੱਥਾਂ 'ਚ ਰੱਖਿਆ ਹੈ। ਮੈਂ ਪਾਣੀ ਵਾਲੀ ਚਲਦੀ ਟੂਟੀ ਬੰਦ ਕਰਨ ਜੋਗਾ ਰਹਿ ਗਿਆਂ। ਜਾਂ ਬਿਨਾਂ ਕਿਸੇ ਮਤਲਬ ਦੇ ਜਗਦੀ ਟਿਊਬ ਬੁਝਾਉ ਦੇਣਾ। ਜਾਂ ਬਹੁਤਾ ਹੋਇਆ ਤਾਂ ਰਸੋਈ 'ਚ ਜਾ ਕੇ ਆਪਣੇ ਟੇਸਟ ਦੀ ਚਾਹ ਦਾ ਕੱਪ ਬਣਾ ਕੇ ਡਰਾਇੰਗ-ਰੂਮ 'ਚ ਆ ਬੈਠਦਾਂ। ਅਖ਼ਬਾਰ ਪੜ੍ਹ ਛੱਡੀ। ਟੈਂਡਰ ਨੋਟਿਸਾਂ ਤੱਕ। ਬੈਠਾ-ਬੈਠਾ ਥੱਕ ਗਿਆ। ਚੌਂਕ ਵੱਲ ਨੂੰ ਤੁਰ ਪਿਆ। ਗਰਾਊਂਡ 'ਚ ਤਾਸ਼ ਖੇਡਦੀ ਢਾਣੀ ਕੋਲ ਆ ਖੜ੍ਹਿਆ। ਐਵੇਂ ਹੀ। ਫਾਲਤੂ ਜਿਹਾ। ਮੇਰੇ ਵੱਲ ਕੋਈ ਨਾ ਦੇਖਦਾ। ਨਾ ਹੀ ਕੋਈ ਬੈਠਣ ਨੂੰ ਕਹਿੰਦਾ। ਨਾ ਹੀ ਉਨ੍ਹਾਂ ਨੂੰ ਮੇਰੇ 'ਤੇ ਇਹੋ ਜਿਹਾ ਕੋਈ ਸ਼ੱਕ ਹੁੰਦਾ ਕਿ ਮੈਂ ਵਿਰੋਧੀ ਧਿਰ ਨੂੰ ਪੱਤਿਆਂ ਬਾਰੇ ਇਸ਼ਾਰਾ ਕਰਾਂਗਾ। ਉਨ੍ਹਾਂ ਦੀ ਚਾਲ ਮੇਰੇ ਪੱਲੇ ਨਾ ਪੈਂਦੀ। ਭਾਵੇਂ ਉਥੇ ਜਾਂਦਿਆਂ ਮੈਨੂੰ ਕਈ ਮਹੀਨੇ ਹੋ ਗਏ ਸਨ। ਦਸਵੀਂ 'ਚ ਪੜ੍ਹਦਿਆਂ ਮੈਂ ਸੀਪ ਅਵੱਸ਼ ਖੇਡੀ ਸੀ। ਇਕ ਦਿਨ ਭਾਪਾ ਜੀ ਨੂੰ ਇਹ ਦੀ ਭਿਣਕ ਲੱਗ ਪਈ। ਉਨ੍ਹਾਂ ਚੁੱਪ-ਚਾਪ ਮੈਨੂੰ ਬਾਹੋਂ ਫੜਿਆ। ਹਲੂਣਦਿਆਂ ਕਿਹਾ ਸੀ, "ਮੈਂ ਤੈਨੂੰ ਘੰਟੇ ਦਾ ਭਾਲਦਾ ਫਿਰਦਾਂ। ਤੂੰ ਇਧਰ ਆਉਣਾ ਸੀ ਤਾਂ ਆਪਣੀ ਬੀਬੀ ਨੂੰ ਹੀ ਦੱਸ ਆਉਂਦਾ। ਘਰੇ ਤੇਰੇ ਹਿਸਾਬ ਦੇ ਮਾਸਟਰ ਆਏ ਬੈਠੇ। ਉਹ ਕੀ ਕਹਿਣਗੇ ?" ਮੈਂ ਨੀਵੀਂ ਪਾਈ ਉਨ੍ਹਾਂ ਦੇ ਬਰੋਬਰ ਤੁਰਦਾ ਗਿਆ ਸੀ। ਉਨ੍ਹਾਂ ਵਿਹੜੇ 'ਚ ਜਾਂਦਿਆਂ ਸਾਰ ਹੀ ਕਿਹਾ ਸੀ, "ਪਤੰਦਰਾ ਸਾਡੇ ਖਾਨਦਾਨ ਵਿਚੋਂ ਕਦੇ ਕਿਸੇ ਨੇ ਤਾਸ਼ ਨ੍ਹੀਂ ਖੇਡੀ। ਤੂੰ ਨਵੇਂ ਸ਼ੌਂਕ ਪਾਲ ਰਿਹਾਂ। ਅੱਜ ਤਾਂ ਮੈਨੂੰ ਛੱਡਤਾ। ਸਮਝ ਲਾ ਆਖਰੀ ਵਾਰ ਛੱਡਤਾ। ਜੇ ਮੈਂ ਫੇਰ ਦੇਖ ਲਿਆ ਤਾਂ ਆਪਣਾ ਪੜ੍ਹਿਆ ਵਿਚਾਰ ਲਈਂ। ਸਮਝਿਆ... ਨ੍ਹੀਂ ਤਾਂ ਆਹ ਦੇਖ ਲੈ ਤੂਤ ਦੀ ਛਿੱਟੀ ਪਈ-ਮੈਨੂੰ ਰਾਹ ਦਿਖਾਉਣਾ ਵੀ ਆਉਂਦਾ।" ਮੈਨੂੰ ਭਾਪਾ ਜੀ ਦੀ ਆਦਤ ਦਾ ਪਤਾ ਸੀ ਕਿ ਉਹ ਆਖਰਾਂ ਦੇ ਨਰਮ ਸਨ। ਪਰ ਜਦੋਂ ਉਨ੍ਹਾਂ ਨੂੰ ਗੁੱਸਾ ਆਉਂਦਾ ਤਾਂ ਬੀਬੀ ਵੀ ਡਰਦੀ ਮਾਰੀ ਕੱਚੇ ਦਾਲਾਨ ਦੇ ਅੰਦਰੋਂ ਦਰਵਾਜ਼ਿਆਂ ਦੀਆਂ ਝੀਤਾਂ ਥਾਣੀਂ ਹੀ ਦੇਖਦੀ ਸੀ। ਉਸ ਦਾ ਕਦੇ ਹਿਆਂ ਨਹੀਂ ਪਿਆ ਸੀ ਕਿ ਅਗਾਂਹ ਹੋ ਕੇ ਉਨ੍ਹਾਂ ਨੂੰ ਰੋਕ ਦੇਵੇ....।

ਮੈਂ ਗਰਾਊਂਡ ਦੀ ਕਿਸੇ ਨੁੱਕਰ 'ਚ ਜਾ ਕੇ ਬੈਠਣ ਦੀ ਸੋਚਦਾ। ਪਰ ਬਹੁਤ ਘੱਟ ਬੈਠਿਆ। ਜੰਗਲੇ ਨਾਲ ਢੋਅ ਲਾ ਕੇ ਖੜ ਜਾਂਦਾ। ਮੈਨੂੰ ਸਾਹਮਣੇ ਮੰਦਰ ਦਿੱਸਦਾ। ਮੈਂ ਨੀਝ



www.PunjabiLibrary.com

ਲਾ ਕੇ ਦੇਖਦਾ। ਭੀੜ ਮੰਦਰ ਵੱਲ ਨੂੰ ਜਾ ਰਹੀ ਹੁੰਦੀ ਜਿਨ੍ਹਾਂ 'ਚੋਂ ਬਹੁਤੀਆਂ ਔਰਤਾਂ ਹੁੰਦੀਆਂ। ਜਿਹੜੀਆਂ ਦੋ-ਦੋ ਚਾਰ-ਚਾਰ ਦੀਆਂ ਟੋਲੀਆਂ 'ਚ ਗੱਲਾਂ ਕਰਦੀਆਂ ਜਾਂਦੀਆਂ। ਗੱਲਾਂ ਕਰਦੀਆਂ ਵਾਪਸ ਆਉਂਦੀਆਂ। ਮੈਂ ਇਹ ਕਿਆਸ ਲਾਉਂਦਾ ਕਿ ਇਨ੍ਹਾਂ ਸਾਰਿਆਂ 'ਚੋਂ ਨਵਾਂ ਆਦਮੀ ਕਿਹੜਾ ਹੈ। ਇਹ ਨਵਾਂ ਆਦਮੀ ਹਫਤੇ 'ਚ ਇਕ-ਅੱਧ ਹੀ ਦਿੱਸਦਾ। ਉਹੀ ਔਰਤਾਂ ਜਮ੍ਹਾਂ ਉਹੀ ਟਾਵੇਂ-ਟਾਵੇਂ ਆਦਮੀ। ਮੰਦਰ ਦਾ ਟਲ ਵਾਰ-ਵਾਰ ਖੜਕਦਾ। ਕੀ ਪਤਾ ਉਹ ਆਪਣੇ ਸੁੱਤੇ ਪਏ ਈਸ਼ਟ ਨੂੰ ਜਗਾ ਰਹੇ ਹੋਣ ? ਮੇਰਾ ਮਨ ਕਾਹਲਾ ਪੈਂਦਾ। ਚਿਤ ਅਗਾਂਹ ਜਾਣ ਨੂੰ ਰਾਜ਼ੀ ਨਾ ਹੁੰਦਾ। ਮੈਨੂੰ ਇਹ ਖੇਡ ਵੀ ਫਜ਼ੂਲ ਜਿਹੀ ਲੱਗਦੀ। ਮੈਂ ਘਰ ਵੱਲ ਨੂੰ ਤੁਰ ਪੈਂਦਾ। ਲੋਕ ਮੇਰੇ ਵੱਲ ਓਪਰਿਆਂ ਵਾਂਗ ਦੇਖਦੇ ਤੇ ਆਪਣੇ ਕੰਮ 'ਚ ਮਗਨ ਹੋ ਜਾਂਦੇ। ਜਿਵੇਂ ਉਨ੍ਹਾਂ ਕੋਲ ਦੀ ਕੋਈ ਕੁੱਤਾ ਬਿੱਲਾ ਲੰਘ ਗਿਆ ਹੋਵੇ। ਮੇਰੀ, ਜਦੋਂ ਤੋਂ ਗੁਰਬਖ਼ਸ਼ ਨੇ ਇਥੇ ਕੋਠੀ ਬਣਾਈ ਸੀ- ਇਨ੍ਹਾਂ ਨਾਲ ਸਾਂਝ ਨਹੀਂ ਪਈ। ਬਹੁਤੇ ਸਰਜੀਕਲ ਇੰਸਟਰੂਮੈਂਟ ਬਣਾਉਂਦੇ ਹਨ। ਕੋਈ ਵਿਰਲਾ ਵਾਂਝਾ ਮੈਟ੍ਰਿਕ ਕਰ ਗਿਆ ਹੋਊ। ਕੋਈ ਗੱਲ ਛੇੜ ਲਓ- ਇਹ ਬਿਟਰ-ਬਿਟਰ ਮੂੰਹ ਵੱਲ ਦੇਖਣ ਲੱਗ ਜਾਂਦੇ ਹਨ।

ਕਮਰੇ 'ਚ ਮੇਰਾ ਦਮ ਘੁੱਟ ਹੋਣ ਲੱਗਾ। ਮੈਂ ਛੱਤ 'ਤੇ ਆਉਣ ਦੀ ਕੀਤੀ। ਮੇਰੇ ਮਨ 'ਚ ਆਇਆ ਕਿ ਅੱਜ ਫੇਰ ਕਿਸੇ ਪਾਸੇ ਜਾਇਆ ਜਾਵੇ। ਕਿੱਥੇ ? ਮੇਰੇ ਕੋਲ ਇਸ ਦਾ ਬੜਾ ਸੌਖਾ ਹੱਲ ਹੈ। ਮੈਂ ਕਿਹੜਾ ਕਿਸੇ ਧੀ- ਪੁੱਤ ਦੇ ਜਾਣਾ ਹੈ। ਕਿਸੇ ਸਟੇਸ਼ਨ 'ਤੇ ਪੁਰਾਣੀ ਲੋਈ ਦੀ ਬੁੱਕਲ ਮਾਰ ਕੇ ਬੈਠ ਜਾਊਂਗਾ। ਮੈਨੂੰ ਉਥੇ ਬੈਠਣਾ ਹਮੇਸ਼ਾ ਹੀ ਚੰਗਾ ਲੱਗਿਆ ਹੈ। ਘਰ ਵਾਲੇ ਮੇਰੇ ਮਗਰ ਨਹੀਂ ਆਉਂਦੇ। ਮੈਂ ਆਉਣ ਲੱਗਾ ਉਨ੍ਹਾਂ ਨੂੰ ਦੱਸਦਾ ਨਹੀਂ। ਉਨ੍ਹਾਂ ਦੇ ਭਾਣੇ ਜਾਂ ਤਾਂ ਮੈਂ ਪਿੰਡ ਸੰਤਾਂ ਦੇ ਦਰਸ਼ਨ ਕਰਨ ਗਿਆ ਹੋਇਆ ਹਾਂ ਜਾਂ ਆਪਣੇ ਦੋਸਤ ਸੰਦੀਪ ਕੋਲ ਫਗਵਾੜੇ।

ਕੋਟ ਦੀ ਅੰਦਰਲੀ ਜੇਬ 'ਚ ਬੈਂਕ ਦੀ ਪਾਸ ਬੁੱਕ ਪਾ ਪੁਰਾਣੇ ਹੈਂਡ ਬੈਗ 'ਚ ਦੋ ਚਾਰ ਦਿਨਾਂ ਲਈ ਕੱਪੜੇ ਪਾਉਣ ਦੀ ਕਰਦਾਂ। ਜਿਧਰ ਦੀ ਗੱਡੀ ਮਿਲੀ, ਬੈਠ ਗਿਆ। ਜਿਥੇ ਮਨ ਮੰਨਿਆ-ਉਥੇ ਉਤਰ ਗਿਆ। ਇਕ ਥਾਂ 'ਤੇ ਮੈਂ ਚਾਰ-ਪੰਜ ਦਿਨ ਆਰਾਮ ਨਾਲ ਗੁਜ਼ਾਰ ਸਕਦਾਂ। ਜਿਵੇਂ ਪਿਛਲੀ ਵਾਰ ਪਠਾਨਕੋਟ ਰਿਹਾ ਸੀ। ਉਦੋਂ ਅਨੋਖੀ ਗੱਲ ਇਹ ਹੋਈ ਸੀ ਕਿ ਕਾਲਾ ਬਕਰਾ ਦਾ ਸਟੇਸ਼ਨ ਲੰਘਦਿਆਂ ਹੀ ਮੈਨੂੰ ਫ਼ਿਲਮ 'ਦੇਵਦਾਸ' ਦਾ ਉਹ ਸੀਨ ਦਿੱਸਣ ਲੱਗਾ ਸੀ ਜਦੋਂ ਦੇਵਦਾਸ ਸ਼ਰਾਬੀ ਤੇ ਗਮਗੀਨ ਹੋਇਆ ਪਾਰੋ ਦੇ ਪਿੰਡ ਜਾਣ ਲਈ ਗੱਡੀ ਫੜਦਾ ਹੈ..... ਗੱਡੀ ਦੌੜੀ ਜਾ ਰਹੀ ਹੈ। ਹਿਚਕੋਲੇ ਖਾਂਦੀ। ਉਹ ਨੂੰ ਆਪਣੀ ਕੋਈ ਬਹੁਤੀ ਸੁੱਧ-ਬੁੱਧ ਨਹੀਂ ਸੀ।.... ਉਸ ਨੂੰ ਆਪਣੀ ਆਖਰੀ ਮੰਜ਼ਲ ਪਾਰੋ ਦਾ ਪਿੰਡ ਦਿੱਸ ਰਿਹਾ ਸੀ.... ਦੇਵਦਾਸ... ਪਾਰੋ ਤੇ ਦੂਹੋ- ਦੂਹ ਭੱਜੀ ਜਾਂਦਾ ਟਾਂਗਾ। ਫੇਰ ਐਦਾਂ ਹੋਇਆ ਸੀ ਜਿਵੇਂ ਕਿਸੇ ਨੇ ਮੇਰੀਆਂ ਅੱਖਾਂ ਅਗੇ ਆਪਣੇ ਮਹਿੰਦੀ ਵਾਲੇ ਹੱਥ ਫੈਲਾ ਦਿੱਤੇ ਸਨ। ਮੈਨੂੰ ਹੱਥਾਂ ਦੀਆਂ ਲਕੀਰਾਂ ਤੋਂ ਬਿਨਾਂ ਉੱਥੇ ਹੋਰ ਕੁਝ ਵੀ ਨਹੀਂ ਦਿੱਸਿਆ ਸੀ। ਮੈਂ ਦੋ ਤਿੰਨ ਵਾਰ ਸਿਰ ਨੂੰ ਝਟਕੇ ਦਿੱਤੇ ਸਨ। ਆਪਣੇ ਆਪ ਨੂੰ ਕਿਹਾ ਸੀ, "ਮੈਂ ਦੇਵਦਾਸ... ਦੇਵਦਾਸ ਮੈਂ...।" ਮੈਂ ਬਾਹਰ ਫੈਲੀ ਹਰਿਆਲੀ ਨੂੰ ਦੇਖਣ ਲੱਗਾ ਸੀ।

ਸਮਾਂ ਚੰਗਾ ਬੀਤਿਆ ਸੀ। ਜੋ ਜੀਅ ਕੀਤਾ ਖਾਧਾ-ਪੀਤਾ। ਜਿਥੇ ਜੀਅ



ਕੀਤਾ-ਲੱਤਾਂ ਪਸਾਰ ਕੇ ਬੈਠ ਗਿਆ। ਲੰਮੀਆਂ ਤਾਣ ਕੇ ਸੁੱਤਾ। ਦੋ ਕੁਲੀਆਂ ਨਾਲ ਸਾਂਝ ਪਾ ਲਈ। ਉਹ ਵਿਹਲੇ ਹੁੰਦੇ ਤਾਂ ਉਨ੍ਹਾਂ 'ਚੋਂ ਕੋਈ ਨਾ ਕੋਈ ਜਣਾ ਮੇਰੇ ਕੋਲ ਆ ਬੈਠਦਾ। ਸਿਗਰੇਟ ਮੰਗ ਕੇ ਕੰਨਾਂ ਕੋਲ ਖਾਝ ਕਰਨ ਲੱਗ ਜਾਂਦਾ। ਮੈਂ ਉਨ੍ਹਾਂ 'ਚੋਂ ਇਕ ਜਣੇ ਨੂੰ ਕਿਹਾ ਕਿ ਕੋਈ ਗੱਲ ਸੁਣਾ ਤਾਂ ਉਹ ਆਪਣੇ ਘਰ ਦਾ ਰੰਡੀ ਰੋਣਾ ਲੈ ਬੈਠਿਆ। ਮੇਰੇ ਮਨ 'ਚ ਆਇਆ ਕਿ ਇਹ ਨੂੰ ਕਹਾਂ,"ਆਹ ਫੜ ਸਿਗਰੇਟਾਂ ਦੀ ਡੱਬੀ ਤੇ ਇਥੋਂ ਦਫ਼ਾ ਹੋ ਜਾ।" ਉਹ ਆਪਣੀ ਕਥਾ ਸੁਣਾਉਣੋ ਨਾ ਹਟਿਆ ਤਾਂ ਮੈਂ ਉਹ ਨੂੰ ਪੰਜਾਂ ਦਾ ਨੋਟ ਦਿੱਤਾ। ਦੋ ਕੱਪ ਚਾਹ ਦੇ ਲਿਆਉਣ ਲਈ ਕਿਹਾ। ਉਹ ਚਲੇ ਗਿਆ। ਮੈਨੂੰ ਰਾਹਤ ਮਹਿਸੂਸ ਹੋਈ। ਮੈਂ ਆਪਣੀ ਥਾਂ ਬਦਲ ਲਈ। ਐਦਾਂ ਹੀ ਦੂਰੋਂ ਦੇਖ ਕੇ ਦੂਜਾ ਜਣਾ ਆ ਗਿਆ। ਕੀ ਉਹ ਦਾ ਨਾਂ ਸੀ ? ਕਰਮੂ... ਹਾਂ... ਕਰਮੂ ਹੀ ਸੀ। ਮੈਂ ਉਹ ਨੂੰ ਸਿਗਰੇਟ ਦਿੱਤੀ। ਆਪ ਵੀ ਲਾ ਲਈ। ਕਿਹਾ, "ਆਪਾਂ ਔਹ ਪਰ੍ਹੇ ਨੁਕਰ ਵਿਚ ਜਾ ਕੇ ਬੈਠੀਏ ?" ਉਹ ਉਠ ਖੜਿਆ। ਮੈਂ ਉਹ ਨੂੰ ਪੁਛਿਆ,"ਸੱਚੋ ਸੱਚੀ ਦੱਸ- ਤੇਰਾ ਮਨ ਕਿਹੜੀ ਚੀਜ਼ ਖਾਣ ਨੂੰ ਕਰਦਾ ?"

ਇਕ ਵਾਰ ਤਾਂ ਉਸ ਗੰਭੀਰ ਮੁਦਰਾ ਧਾਰ ਲਈ। ਫੇਰ ਦੱਸਿਆ, "ਜਦੋਂ ਮੈਂ ਘਰ ਨੂੰ ਜਾਣਾ ਹੁਣਾ-ਰਾਸਤੇ ਵਿਚ ਇੱਕ ਰੇੜੀ 'ਤੇ ਮਸਾਲੇ ਲਾ ਕੇ ਕੁਕੜ ਲਟਕਾਏ ਹੁੰਦੇ। ਮੇਰਾ ਬੜਾ ਹੀ ਮਨ ਕਰਦਾ ਰਹਿੰਦਾ ਕਿ ਇਕ ਵਾਰ ਪੂਰਾ ਹੀ ਖਾ ਕੇ ਦੇਖਿਆ ਜਾਵੇ। ਪਰ ਜੇਬ 'ਚ ਕਦੇ ਐਨੇ ਪੈਸੇ ਨ੍ਹੀਂ ਹੋਏ ਕਿ ਭਾਅ ਹੀ ਪੁੱਛ ਲਵਾਂ।"

"ਸਮਝ ਲੈ ਤੇਰੀ ਇਹ ਇੱਛਾ ਤਾਂ ਅੱਜ ਪੂਰੀ ਹੋ ਗਈ। ਕੋਈ ਹੋਰ ਵੀ ਹੈ ਤਾਂ ਉਹ ਵੀ ਦੱਸ ਦੇ ?"

"ਨ੍ਹੀਂ, ਹੋਰ ਕੋਈ ਖਾਸ ਨ੍ਹੀਂ।"

"ਜੇ ਮੈਂ ਸ਼ੀਸ਼ੀ ਵੀ ਲੈ ਦਿਆਂ ?"

"ਫੇਰ ਤਾਂ ਕੇਰਾਂ ਸੋਨੇ 'ਤੇ ਸੁਹਾਗਾ ਹੋ ਗਿਆ।"

"ਖਾ-ਪੀ ਕੇ ਤੈਨੂੰ ਕੀ ਯਾਦ ਆਊਗਾ ?"

"ਐਕਸੀਡੈਂਟ ਵਿਚ ਮਰਿਆ.... ਪੰਜਾਂ ਸਾਲਾਂ ਦਾ ਮੇਰਾ ਪੱਪੂ।"

"ਤੂੰ ਮਲਵਈ ਆ ?"

"ਹਾਂ ਜੀ।"

"ਕਿਹੜਾ ਪਿੰਡ ਆ ?"

"ਛੋਟੀ ਪੰਜ ਗਰਾਈਂ।"

"ਇਹ ਕਿੱਥੇ ਕੁ ਪੈਂਦਾ ?"

"ਇੱਥੋਂ ਮੋਗੇ ਜਾਣਾ ਪੈਂਦਾ-ਫੇਰ ਬਾਜਾਖਾਨਾ ਆਉਂਦਾ-ਫੇਰ ਸਮਾਲਸਰ। ਇਸ ਮਗਰੋਂ ਮੇਰਾ ਪਿੰਡ ਆਉਂਦਾ।"

"ਰੋਡੇ ਲਾਗੇ।"

"ਜੀ -ਜੀ .......... ਤੁਸੀਂ ਕਦੇ ਗਏ ਹੋ ?"

"ਇਕ ਵਾਰ ਗਿਆ ਸੀ। ਸਮਝ ਲੈ ਆਖਿਰੀ ਵਾਰ। ਸੁਣਿਆ ਮਾਲਵੇ ਦੀਆਂ ਬੋਲੀਆਂ ਬੜੀਆਂ ਮਸ਼ਹੂਰ ਨੇ........ ਚਲ ਨਮੂਨਾ ਹੀ ਦਿਖਾ.... ਫੇਰ ਤੇਰੇ ਖਾਣ -ਪੀਣ



www.PunjabiLibrary.com

ਦਾ ਪ੍ਰਬੰਧ ਕਰਦਾਂ।"

ਉਸ ਮੇਰੇ ਵੱਲ ਨੂੰ ਓਪਰਿਆ ਵਾਂਗ ਦੇਖਿਆ। ਬੋਲਿਆ, "ਕਾਹਨੂੰ ਜੀ, ਹੁਣ ਮੇਰੀ ਉਮਰ ਬੋਲੀਆਂ ਪਾਉਣ ਵਾਲੀ ਕਿਥੋਂ ਰਹਿ ਗਈ। ਹੋਰ ਈ ਫ਼ਿਕਰ ਨ੍ਹੀਂ ਸਾਹ ਲੈਣ ਦਿੰਦੇ।"

"ਉਮਰ ਨੂੰ ਕੀ ਆ। ਤੇਰੀ ਉਮਰ ਤਾਂ ਮਸਾਂ ਚਾਲੀਆਂ ਦੇ ਐੜ ਗੇੜ ਵਿਚ ਹੋਣੀ।"

ਉਸ ਮੇਰੇ ਕੋਲੋਂ ਹੋਰ ਸਿਗਰੇਟ ਮੰਗ ਲਈ ਸੀ। ਆਪਣੇ ਘਰ ਦੀ ਕਥਾ ਸ਼ੁਰੂ ਕੀਤੀ ਸੀ।

ਮੈਂ ਕਿਹੜੇ ਉਹ ਦੇ ਫ਼ਿਕਰ ਸੁਣਨ ਆਇਆ ਸੀ। ਮੈਂ ਕਰਮੂ ਨੂੰ ਕਿਹਾ ਕਿ ਮੈਂ ਘੰਟੇ ਕੁ ਤਾਈਂ ਆਇਆ ਲੈ। ਮੈਂ ਪਲੇਟਫਾਰਮ ਤੋਂ ਹਟਵੀਆਂ ਬਣੀਆਂ ਝੁਗੀਆਂ ਕੋਲ ਚਲੇ ਗਿਆ। ਇਕ ਗਭਰੂ ਨੂੰ ਸੌ ਦਾ ਨੋਟ ਦੇ ਕੇ ਬੋਤਲ ਮੰਗਵਾਈ। ਆਪ ਵੀ ਪੀਂਦਾ ਰਿਹਾ। ਜਿਹੜਾ ਆਇਆ ਆਪੇ ਹੀ ਪੈੱਗ ਲਾਈ ਗਿਆ। ਮੈਂ ਇਕ ਤੋਂ ਬਾਅਦ ਪੰਜ ਬੋਤਲਾਂ ਮੰਗਵਾਈਆਂ। ਮੈਂ ਉਨ੍ਹਾਂ ਨੂੰ ਨੱਚਣ ਲਈ ਕਿਹਾ ਤਾਂ ਉਹ ਨੱਚਣ ਲੱਗ ਪਏ। ਸਮੇਤ ਔਰਤਾਂ ਦੇ। ਉਹ ਕੁਝ ਗੁਣਗੁਣਾਉਂਦੇ ਜਿਸ ਦੀ ਮੈਨੂੰ ਕੋਈ ਸਮਝ ਨਾ ਲੱਗਦੀ। ਮੈਂ ਉਨ੍ਹਾਂ ਦੇ ਨਾਲ ਪੁੱਠੇ ਸਿੱਧੇ ਹੱਥ ਪੈਰ ਮਾਰਣ ਲੱਗ ਪਿਆ। ਉਹ ਚੀਕਾਂ ਮਾਰਦੇ। ਬਕਰੇ ਬੁਲਾਉਂਦੇ। ਮੈਂ ਪੰਜਾਂ-ਪੰਜਾਂ ਦਸਾਂ-ਦਸਾਂ ਦੇ ਨੋਟ ਉਨ੍ਹਾਂ ਉਪਰ ਦੀ ਸੁੱਟੇ। ਮੈਨੂੰ ਮਜ਼ਾ ਆ ਗਿਆ। ਹਨੇਰਾ ਸੰਘਣਾ ਹੋਣ ਲੱਗਾ। ਮੈਂ ਝਾੜੀਆਂ ਦੇ ਉਹਲੇ ਆ ਬੈਠਿਆ। ਸਿੱਧਾ ਹੀ ਉਨ੍ਹਾਂ ਦੀਆਂ ਝੁੱਗੀਆਂ ਵੱਲ ਦੇਖਣ ਲੱਗਾ। ਮੈਨੂੰ ਜੁੱਲੀਆਂ ਦੀ ਘਟਦੀ ਦੂਰੀ ਦਿੱਸੀ। ਮੈਂ ਕਾਹਲੀ-ਕਾਹਲੀ ਪਲੇਟਫਾਰਮ 'ਤੇ ਆਉਣ ਦੀ ਕੀਤੀ। ਅਗੋਂ ਇਕ ਨਵ-ਵਿਆਹਿਆ ਜੋੜਾ ਦਿੱਸ ਪਿਆ। ਮੈਂ ਉਸ ਨੂੰ ਉੱਨਾ ਚਿਰ ਦੇਖਦਾ ਰਿਹਾ ਸੀ ਜਿੰਨਾ ਚਿਰ ਉਹ ਮੇਰੀਆਂ ਨਜ਼ਰਾਂ ਤੋਂ ਓਹਲੇ ਨਾ ਹੋ ਗਿਆ। ਮੇਰੇ ਮਨ 'ਚ ਵਾਰ-ਵਾਰ ਆਇਆ ਕਿ ਮੈਂ ਉਨ੍ਹਾਂ ਦੇ ਮਗਰ-ਮਗਰ ਜਾਵਾਂ-ਉਨ੍ਹਾਂ ਦੀਆਂ ਗੱਲਾਂ ਸੁਣਾਂ। ਸੁਣਾਂ ਨਹੀਂ—ਸਿਰਫ ਦੇਖਾਂ। ਮੇਰੀ ਅੰਦਰਲੀ ਜੇਬ 'ਚ ਜਿੰਨੇ ਪੈਸੇ ਹੈਗੇ-ਸਾਰੇ ਉਨ੍ਹਾਂ ਨੂੰ ਦੇ ਦੇਵਾਂ। ਹੌਲੀ ਦੇਣੀ ਸਮਝਾਵਾਂ-"ਬੱਚਿਉ ਦੁਨੀਆਂ ਨੂੰ ਭੁੱਲ ਜਾਓ। ਇੰਜੁਆਇ ਕਰੋ।"

ਬਾਹਰਲਾ ਗੇਟ ਖੜਕਿਆ। ਮੈਂ ਖੁੱਲ੍ਹੀਆਂ ਜਾਲੀਆਂ ਉਪਰ ਦੀ ਦੇਖਿਆ। ਸੁਰਿੰਦਰ ਹੈ। ਮੈਂ ਹੇਠਾਂ ਆ ਗਿਆ।

"ਕਿਵੇਂ ਆ ਮੇਰੇ ਆਕਾ ?" ਸੁਰਿੰਦਰ ਨੇ ਦੂਰੋਂ ਹੀ ਪੁੱਛਿਆ।

"ਠੀਕ ਆਂ।"

ਉਹ ਨੂੰ ਮਿਲ ਕੇ ਮੈਨੂੰ ਖ਼ੁਸ਼ੀ ਹੋਈ। ਦੋ ਘੜੀਆਂ ਚੰਗੀਆਂ ਲੰਘ ਜਾਣਗੀਆਂ। ਮੇਰੀ ਇੱਛਾ ਸੀ ਕਿ ਉਹ ਜਲਦੀ-ਜਲਦੀ ਕੁਝ ਬੋਲੇ। ਵਲੈਤ ਦੀਆਂ ਨਵੀਆਂ-ਤਾਜ਼ੀਆਂ ਗੱਲਾਂ ਸੁਣਾਵੇ। ਪਰ ਉਹ ਤਾਂ ਸਾਹਮਣੇਲੀ ਕੰਧ 'ਤੇ ਪੇਸਟ ਕੀਤੀ ਪੇਂਟਿੰਗ ਨੂੰ ਦੇਖ ਰਿਹਾ ਸੀ। ਮੈਨੂੰ ਖਿਝ ਆਈ। ਮੈਂ ਆਪਣੇ ਆਪ ਨੂੰ ਵਸ ਤੋਂ ਬਾਹਰ ਨਾ ਜਾਣ ਦਿੱਤਾ। ਕਿਹਾ-"ਜ਼ਿਆਦਾ ਪਸੰਦ ਆਈ ਤਾਂ ਜਾਣ ਲੱਗਿਆ ਨਾਲ ਲੈ ਜਾਈਂ। ਗੁਰਬਖ਼ਸ਼ ਹੋਰ ਲੈ



ਆਊ।"ਉਸ ਇਕ ਵਾਰ ਮੇਰੇ ਵੱਲ ਦੇਖਿਆ। ਚੁੱਪ ਵਟ ਲਈ। ਜਿਵੇਂ ਉਹ ਚਾਹੁੰਦਾ ਹੋਵੇ ਕਿ ਮੈਂ ਹੀ ਉਸ ਨੂੰ ਪਿੰਡ ਦੀ ਕੋਈ ਨਵੀਂ ਤਾਜ਼ੀ ਗੱਲ ਦੱਸਾਂ। ਉਹ ਪੰਦਰਾਂ ਸਾਲਾਂ ਬਾਅਦ ਵਲੈਤੋਂ ਮੁੜਿਆ ਸੀ। ਪਰ ਉਹ ਬਦਲਿਆ ਨਹੀਂ।

"ਪਿਆਰੇ ਦਾ ਕੀ ਹਾਲ ਚਾਲ ਆ ?" ਮੈਂ ਉਸਨੂੰ ਛੱਡ ਕੇ ਪਿਆਰੇ ਬਾਰੇ ਪੁੱਛਿਆ। ਮੈਨੂੰ ਰਾਤ ਤੋਂ ਹੀ ਪਿਆਰਾ ਬਹੁਤ ਯਾਦ ਆ ਰਿਹਾ ਸੀ। ਉਹ ਕਮਾਲ ਦਾ ਬੰਦਾ ਹੈ। ਮੈਥੋਂ ਵਾਰ- ਵਾਰ ਇਹ ਕਿਹਾ ਜਾਂਦਾ। ਮੈਂ ਉਸ ਦੀ ਪਿਛਲੀ ਚਿੱਠੀ ਪੜ੍ਹਨ ਬੈਠ ਜਾਂਦਾ ਜਿਸ ਵਿਚ ਉਸ ਆਖਰ 'ਤੇ ਪੁਛਿਆ ਸੀ, "ਵਾਹ ਉਏ ਸਿਧਾਂਤਵਾਦੀਆ-ਤੂੰ ਅਜੇ ਤੱਕ ਜਿਉਂਦਾ ?"

ਮੈਂ ਉਸ ਨੂੰ ਲਕਛਮੀ ਨਰਾਇਣ ਮੰਦਰ ਵਾਲੀ ਘਟਨਾ ਬਾਰੇ ਲਿਖਿਆ ਸੀ.... ਪ੍ਰਕਾਸ਼ੋ ਕਈ ਦਿਨਾਂ ਦੀ ਢਿੱਲੀ-ਮੱਠੀ ਚੱਲ ਰਹੀ ਸੀ। ਇਕ ਦਿਨ ਪੁੱਛਣ ਲੱਗੀ-"ਮੇਰੇ ਨਾਲ ਮੰਦਰ ਚਲੋਗੇ ?" ਮੈਂ ਕਿਹਾ-"ਚੱਲ !" ਮੈਨੂੰ ਪਤਾ ਨਹੀਂ ਕੀ ਝਲ ਉਠਿਆ ਸੀ ਕਿ ਇਨ੍ਹੀਂ ਦਿਨੀ ਮੈਂ ਭਗਵੇ ਕੱਪੜੇ ਪਾਉਣ ਲੱਗ ਪਿਆ ਸੀ। ਮੈਂ ਮੋਟਰ ਸਾਈਕਲ ਦੀ ਕਿੱਕ ਮਾਰੀ। ਪ੍ਰਕਾਸ਼ੋ ਨੂੰ ਲਿਆ ਲਕਛਮੀ ਨਰਾਇਣ ਮੰਦਰ ਉਤਾਰਿਆ। ਮੈਂ ਮੋਟਰ ਸਾਈਕਲ ਇਕ ਪਾਸੇ ਖੜ੍ਹਾ ਕਰ ਦਿੱਤਾ। ਪ੍ਰਕਾਸ਼ੋ ਨੂੰ ਕਿਹਾ ਕਿ ਮੈਂ ਇਥੇ ਹੀ ਖੜਾ ਹਾਂ। ਜਦੋਂ ਤੇਰੀ ਪੂਜਾ ਖਤਮ ਹੋ ਗਈ-ਮੁੜ ਆਈਂ। ਉਸ ਮੇਰੇ ਵੱਲ ਹੋਰੂੰ-ਹੋਰੂੰ ਦੇਖਿਆ। ਉਹ ਕਹਿ ਰਹੀ ਸੀ ਕਿ ਆਪਣੇ ਸੰਤਾਂ ਦੇ ਜਾਣ ਲੱਗਾ ਪਾਂਧਾ ਨਹੀਂ ਪੁੱਛਦਾ- ਮੰਦਰ ਜਾਂਦਿਆਂ ਤੇਰੇ ਕੀ ਗੋਲੀ ਵਜ ਚਲੀ। ਮੈਂ ਬਾਹਰ ਬਣੇ ਥੜ੍ਹੇ 'ਤੇ ਚੌਂਕੜੀ ਮਾਰ ਕੇ ਬੈਠ ਗਿਆ। ਦੋ ਕੁ ਮਿੰਟਾਂ ਬਾਅਦ ਇਕ ਔਰਤ ਨੇ ਮੇਰੇ ਪੈਰੀਂ ਹੱਥ ਆਣ ਲਾਇਆ। ਅਗੋਂ ਮੈਂ ਮੁਸਕਰਾ ਪਿਆ। ਉਸ ਦੀ ਪਿੱਠ 'ਤੇ ਥਾਪੜੀ ਦਿੱਤੀ। ਉਹ ਖ਼ੁਸ਼ ਹੋ ਗਈ। ਉਹ ਕੁਝ ਪੁੱਛਣਾ ਚਾਹੁੰਦੀ ਸੀ। ਪਰ ਭੀੜ ਤੋਂ ਸ਼ਰਮਾਂ ਕੇ ਜਲਦੀ-ਜਲਦੀ ਅਗਾਂਹ ਚਲੇ ਗਈ। ਫੇਰ ਤਾਂ ਜਿਹੜਾ ਵੀ ਆਇਆ-ਮੇਰੇ ਪੈਰੀਂ ਹੱਥ ਲਾਇਆਂ ਬਿਨਾਂ ਅਗਾਂਹ ਗਿਆ ਹੀ ਨਹੀਂ। ਮੈਂ ਮਨ ਨੂੰ ਕਿਹਾ- ਇਹ ਆਪਣਾ ਰਾਂਝਾ ਰਾਜ਼ੀ ਕਰੀ ਜਾਣ। ਮੇਰਾ ਕੀ ਜਾਂਦਾ। ਪ੍ਰਕਾਸ਼ੋ ਨੇ ਘੰਟਾ ਲਾ ਦਿੱਤਾ। ਮੈਨੂੰ ਘਬਰਾਹਟ ਹੋਣ ਲੱਗੀ। ਉਹ ਅੰਦਰ ਜਾ ਕੇ ਕਿਹੜੀਆਂ ਗਿਣਤੀਆਂ-ਮਿਣਤੀਆਂ 'ਚ ਪੈ ਗਈ ਸੀ। ਘਰ ਤਾਂ ਇਸ ਕੋਲੋਂ ਅੱਧਾ ਘੰਟਾ ਵੀ ਬੈਠਿਆ ਨਹੀਂ ਜਾਂਦਾ। ਝਟ ਬੈੱਡ 'ਤੇ ਡਿਗਣ ਦੀ ਕਰਦੀ ਸੀ। ਜਿਵੇਂ ਜਾਨ ਹੀ ਨਾ ਰਹੀ ਹੋਵੇ। ਹੁਣ ਬਾਹਰ ਆਉਣ ਦਾ ਇਹ ਨੂੰ ਕੋਈ ਫ਼ਿਕਰ ਨਹੀਂ। ਕੀ ਪਤਾ ਕਿਸੇ ਨਾਲ ਗੱਲੀਂ ਪੈ ਗਈ ਹੋਵੇ। ਮੇਰੇ ਖਿਝ ਦਾ ਪਾਰਾ ਫੈਲਣ ਹੀ ਲੱਗਾ ਸੀ ਕਿ ਉਦੋਂ ਹੀ ਉਹ ਪ੍ਰਸ਼ਾਦ ਲਈ ਆਉਂਦੀ ਦਿੱਸੀ। ਮੈਂ ਅਗੇ-ਅਗੇ ਤੁਰਦਾ ਹੋਇਆ ਮੋਟਰ ਸਾਈਕਲ ਕੋਲ ਆ ਗਿਆ। ਉਹ ਮੈਨੂੰ ਪਹਿਲਾਂ ਨਾਲੋਂ ਕਾਇਮ ਦਿੱਸੀ। ਮੈਨੂੰ ਪ੍ਰਸ਼ਾਦ ਦੇਣ ਲੱਗੀ ਤਾਂ ਮੈਂ ਕਿਹਾ ਕਿ ਮੇਰੇ ਮੂੰਹ 'ਚ ਹੀ ਪਾ ਦੇ। ਉਸ ਦਾ ਚਿਹਰਾ ਇਕਦਮ ਲਾਲ ਹੋ ਗਿਆ। ਉਸ ਪ੍ਰਸ਼ਾਦ ਵਾਲੇ ਹੱਥ ਨੂੰ ਘੁਟ ਲਿਆ। ਘਰ ਆਏ ਤਾਂ ਬਹੂ ਕਿਤੇ ਜਾਣ ਲਈ ਤਿਆਰ ਖੜੀ ਸੀ।

ਮੈਂ ਪ੍ਰਕਾਸ਼ੋ ਨੂੰ ਚਾਹ ਬਣਾਉਣ ਲਈ ਕਿਹਾ। ਉਹ ਰਸੋਈ 'ਚ ਚਲੇ ਗਈ। ਮੈਂ ਆਪਣੇ ਬੈੱਡ ਰੂਮ 'ਚ ਆ ਗਿਆ। ਉਹ ਸਿਰਫ਼ ਇਕ ਹੀ ਚਾਹ ਦਾ ਕੱਪ ਬਣਾ ਕੇ ਲਿਆਈ।



www.PunjabiLibrary.com

ਮੇਰਾ ਗੁੱਸਾ ਸੱਤ ਆਸਮਾਨੀਂ ਜਾ ਪੁੱਜਿਆ, "ਤੇਰੇ ਇਕ ਕੱਪ ਚਾਹ ਨਾ ਪੀਣ ਨਾਲ ਇਹ ਘਰ ਗਰੀਬ ਤਾਂ ਨ੍ਹੀਂ ਹੋ ਚਲਿਆ ?" ਉਸ ਕੋਈ ਜੁਆਬ ਨਾ ਦਿੱਤਾ। ਜਿਵੇਂ ਉਸ ਨੂੰ ਕੁਝ ਸੁਣਿਆ ਹੀ ਨਾ ਹੋਵੇ। ਉਹ ਜਾਣ ਲੱਗੀ ਤਾਂ ਮੈਂ ਕਿਹਾ, "ਬੈਠ ਜਾ। ਮੈਂ ਤੇਰੇ ਨਾਲ ਗੱਲਾਂ ਕਰਨੀਆਂ।" ਉਹ ਬੈੱਡ ਦੀ ਨੁੱਕਰ 'ਚ ਬੈਠ ਗਈ। ਮੈਂ ਉਸ ਨੂੰ ਆਪਣੇ ਵੱਲ ਨੂੰ ਖਿਚ ਲਿਆ। ਉਹ ਦੇ ਕੰਨ 'ਚ ਕਿਹਾ, "ਮੇਰਾ ਮਨ ਕਰਦਾ ਆ ਕਿ ਤੇਰੇ ਨਾਲ ਲੁੱਚੀਆਂ ਗੱਲਾਂ ਕਰਾਂ।"

ਉਹ ਉਠ ਕੇ ਖੜ ਗਈ। ਮੇਰੇ ਵੱਲ ਘੂਰ ਕੇ ਦੇਖਿਆ। ਜਿਵੇਂ ਮੈਂ ਕੋਈ ਜਗੋਂ ਤੇਹਰਵੀਂ ਗੱਲ ਕੀਤੀ ਹੋਵੇ। ਬੋਲੀ, "ਤੁਹਾਨੂੰ ਇਹ ਪੁੱਠੀਆਂ ਪੱਟੀਆਂ ਕੌਣ ਪੜ੍ਹਾਉਂਦਾ ?"

"ਪਹਿਲਾਂ ਤੂੰ ਮੈਨੂੰ ਇਹ ਦੱਸ–ਤੈਨੂੰ ਮੈਥੋਂ ਡਰ ਕਿਉਂ ਲੱਗਦਾ ?"

ਪਤਾ ਨਹੀਂ ਉਸ ਨੂੰ ਮੇਰੀ ਗੱਲ ਦੀ ਸਮਝ ਲੱਗੀ ਜਾਂ ਨਹੀਂ। ਮੇਰੇ ਰੋਕਦਿਆਂ–ਰੋਕਦਿਆਂ ਵੀ ਉਸ ਜਾਣ ਦੀ ਕੀਤੀ। ਸੰਘ ਪਾੜਵੀਂ ਆਵਾਜ਼ 'ਚ ਬੋਲੀ, "ਇਹ ਉਦੋਂ ਆਪਣੀ ਬੁੱਢੜੀ ਤੋਂ ਪੁੱਛਦਾ।"

"ਉਹ ਤਾਂ ਮੌਜੀ ਬੰਦਾ," ਸੁਰਿੰਦਰ ਨੇ ਮੇਰੇ ਵੱਲ ਦੇਖਿਆ। ਸਰੀਰ ਨੂੰ ਢਿੱਲਾ ਛੱਡ ਕੇ ਕੁਰਸੀ ਨਾਲ ਪਿੱਠ ਟਿਕਾ ਲਈ। ਦੱਸਣ ਲੱਗਾ, "ਉਹਨੇ ਤੀਜੀ ਪਤਨੀ ਤੋਂ ਵੀ ਤਲਾਕ ਲੈ ਲਿਆ।"

"ਹੈਂ– ਮੈਨੂੰ ਤਾਂ ਉਸ ਇਸ ਬਾਰੇ ਲਿਖਿਆ ਹੀ ਨ੍ਹੀਂ। ਕਿ... ਵੇਂ... ?" ਸੁਣਦਿਆਂ ਮੈਂ ਹੱਕਾ–ਬੱਕਾ ਰਹਿ ਗਿਆ।

"ਕਿਵੇਂ ਕੁਵੇਂ ਦਾ ਮੈਨੂੰ ਨ੍ਹੀਂ ਪਤਾ। ਮੈਨੂੰ ਆਪ ਕਿਸੇ ਨੇ ਦੱਸਿਆ ਸੀ। ਤੈਨੂੰ ਪਤਾ ਕਿ ਮੇਰੀ ਕਦੇ ਉਸ ਨਾਲ ਬਣੀ ਨ੍ਹੀਂ। ਇਕ ਵੀਕ ਐਂਡ ਤੇ ਮੈਂ ਉਸ ਨੂੰ ਕੋਈ ਸੁਨੇਹਾ ਦੇਣ ਗਿਆ ਸੀ। ਅੱਗੇ ਦੋ ਜਣੀਆਂ ਫਰੰਟ–ਰੂਮ ਵਿਚ ਟੈਨ–ਸ਼ਨ ਹੋਈਆਂ ਬੈਠੀਆਂ ਸਨ। ਇਕ ਆਪਣੀ ਸੀ ਤੇ ਦੂਜੀ ਗੋਰੀ। ਦੋ–ਦੋ ਬੀਅਰ ਦੇ ਕੈਨ ਖਾਲੀ ਕਰ ਚੁੱਕੀਆਂ ਸਨ। ਮੈਂ ਵਿਚਲੀ ਰਾਮ ਕਹਾਣੀ ਸਮਝ ਗਿਆ। ਮੈਂ ਖੜ੍ਹਾ–ਖੜ੍ਹਾ ਹੀ ਵਾਪਸ ਮੁੜਨ ਲੱਗਾ। ਮੈਨੂੰ ਲੱਗਿਆ ਕਿ ਮੈਂ ਗਲਤ ਸਮੇਂ ਆ ਗਿਆਂ। ਉਸ ਮੈਨੂੰ ਬਾਹੋਂ ਫੜ ਕੇ ਬੈਠਾ ਲਿਆ। ਬੋਲਿਆ– 'ਜੇ ਬੈਠਣਾ ਨ੍ਹੀਂ ਤਾਂ ਫੇਰ ਆਇਆ ਹੀ ਕੀ ਕਰਨ ਸੀ–ਬੈਠ–ਬੈਠ–ਪੈੱਗ ਲਾਉਣੇ ਆਂ–ਗੱਲਾਂ ਕਰਦੇ ਆਂ–ਇਨ੍ਹਾਂ ਨੂੰ ਮੈਂ ਜਲਦੀ ਫਾਰਿਗ ਕਰ ਦੇਣਾ....।' ਮੈਂ ਦੇਖਿਆ ਉਹ ਅੱਧੀ ਬੋਤਲ ਖਾਲੀ ਕਰ ਚੁੱਕਿਆ ਸੀ। . . .ਮੇਰੇ ਬੈਠਿਆਂ–ਬੈਠਿਆਂ ਹੀ ਇਕ ਹੋਰ ਅਜੀਬ ਗੱਲ ਹੋਈ।"

"ਅਜੀਬ ਗੱਲ ?"ਮੇਰੀ ਉਤਸੁਕਤਾ ਬਹੁਤ ਹੀ ਵਧ ਗਈ ਸੀ– ਇਸੇ ਲਈ ਮੈਂ ਉਹ ਨੂੰ ਵਿਚੋਂ ਹੀ ਟੋਕ ਕੇ ਪੁੱਛਿਆ।

"ਹਾਂ... ਮੇਰੇ ਲਈ ਇਹ ਅਜੀਬ ਗੱਲ ਸੀ। ਦੋਵੇਂ ਇੰਗਲਿਸ਼ ਬੋਲਦੀਆਂ ਸੀ। ਪਿਆਰਾ ਉਨ੍ਹਾਂ ਨੂੰ ਇਕ ਡਾਇਲਾਗ ਸਿਖਾ ਰਿਹਾ ਸੀ– ਉਈ ਮਾਂ– ਮੈਂ ਮਰ ਗਈ। ਗੋਰੀ ਨੂੰ ਤਾਂ ਉਸ ਦੀ ਪੰਜਾਬੀ ਕਿਥੋਂ ਸਮਝ ਆਉਣੀ ਸੀ..... ਆਪਣੀ ਵੀ, ਜਿਵੇਂ ਫ਼ਿਲਮਾਂ ਵਿਚ ਅੰਗਰੇਜ਼ ਹਿੰਦੀ ਨਹੀਂ ਬੋਲਦੇ ਹੁੰਦੇ– ਤੁਮ ਹਮਾਰੇ ਲੋਗ ਹੋਟਾ ਹੈ– ਉਵੇਂ ਬੋਲ ਰਹੀ ਸੀ– ਉਹਨੂੰ ਉਈ ਨ੍ਹੀਂ ਕਹਿਣਾ ਆ ਰਿਹਾ ਸੀ–ਫੇਰ ਪਿਆਰੇ ਨੇ ਕਿਹਾ– ਜੇ ਤੁਹਾਡੇ 'ਚੋਂ ਕੋਈ



ਵੀ ਇਹ ਡਾਇਲਾਗ ਠੀਕ ਬੋਲ ਦੇਵੇ ਤਾਂ ਉਹ ਸੌ ਪੌਂਡ ਐਕਸਟਰਾ ਦੇਵੇਗਾ।"

"ਦੂਜੇ ਦਿਨ ਭਾਵੇਂ ਮਰੂੰ–ਮਰੂੰ ਕਰਦਾ ਫਿਰੇ।"

"ਹੈ ਨਾ ਅਜੀਬ ਗੱਲ ?"ਸੁਰਿੰਦਰ ਨੇ ਆਪਣੀ ਗੱਲ ਨੂੰ ਦੁਹਰਾਇਆ।

ਸੁਰਿੰਦਰ ਚਾਹ ਦਾ ਕੱਪ ਪੀ ਕੇ ਚਲੇ ਗਿਆ। ਮੈਂ ਫੇਰ ਨਿਕੰਮਿਆਂ ਵਾਂਗ ਬੈਠ ਗਿਆ। ਮੇਰਾ ਮਨ ਕੀਤਾ ਕਿ ਜਾਂ ਤਾਂ ਪ੍ਰਕਾਸ਼ੋ ਨੂੰ ਆਪਣੇ ਕੋਲ ਸੱਦ ਲਵਾਂ ਜਾਂ ਓਸ ਕੋਲ ਜਾ ਬੈਠਾਂ। ਮੈਨੂੰ ਦਸ ਸਾਲ ਪੁਰਾਣੀ ਗੱਲ ਯਾਦ ਆਈ।... ਉਸ ਦਿਨ ਮੇਰਾ ਪ੍ਰਕਾਸ਼ੋ ਨਾਲ ਝਗੜਾ ਹੋਇਆ ਸੀ। ਮੈਂ ਉਸ ਨੂੰ ਆਪਣਾ ਫੈਸਲਾ ਸੁਣਾ ਦਿੱਤਾ...."ਮੈਂ ਹੁਣ ਬ੍ਰਹਮਚਾਰੀ ਹੋ ਜਾਣਾ।" ਉਸ ਮੇਰੀ ਗੱਲ ਦਾ ਬੁਰਾ ਨਾ ਮਨਾਇਆ। ਜਿਵੇਂ ਕੋਈ ਆਪਣੇ ਤੋਂ ਛੋਟੇ ਨੂੰ ਸਮਝਾਉਂਦਾ ਹੈ, ਉਸੇ ਰੌਂਅ 'ਚ ਬੋਲੀ, "ਇਹ ਤਾਂ ਤੁਹਾਨੂੰ ਪਿਛਲੇ ਸਿਆਲ 'ਚ ਹੀ ਕਰਨਾ ਚਾਹੀਦਾ ਸੀ।" ਮੈਂ ਖਿਝ ਉਠਿਆ। ਆਪਣਾ ਬਿਸਤਰਾ ਮੋਹਰਲੀ ਬੈਠਕ 'ਚ ਲਿਆ ਵਿਛਾਇਆ। ਉਸ ਨੇ ਇਸ ਨੂੰ ਬੜੀ ਹੀ ਸਹਿਜਤਾ ਨਾਲ ਲਿਆ। ਸਵੇਰੇ ਜਦੋਂ ਮੈਂ ਸੈਰ ਕਰਕੇ ਵਾਪਸ ਆਇਆ ਤਾਂ ਉਹ ਚਾਹ ਦਾ ਕੱਪ ਫੜਾਉਂਦੀ ਹੋਈ ਬੋਲੀ, "ਆਹ ਕੀਤੀ ਨਾ ਸਿਆਣਿਆਂ ਬਿਆਣਿਆਂ ਵਾਲੀ ਗੱਲ...।"

ਮੈਂ ਫਿਰ ਅਖ਼ਬਾਰ ਚੁੱਕ ਲਈ। ਐਵੇਂ ਹੀ ਸੁਰਖੀਆਂ ਦੇਖਣ ਲੱਗਾ। ਇਨ੍ਹਾਂ ਸੁਰਖੀਆਂ 'ਤੇ ਪਿਆਰੇ ਦਾ ਚਿਹਰਾ ਫੈਲਣ ਲੱਗਾ। ਇਹ ਕਹਿੰਦਾ ਹੋਇਆ– "ਜਾ ਸਾਲਾ ਨਾਮਰਦ ਨਾ ਹੋਵੇ ਤਾਂ।" ਜਦੋਂ ਮੈਂ ਉਸ ਦੀ ਕਿਸੇ ਕਸਵਟੀ 'ਤੇ ਪੂਰਾ ਨਾ ਉਤਰਦਾ ਜਾਂ ਉਸ ਦਾ ਕਿਸੇ ਗੱਲ 'ਤੇ ਸਾਥ ਨਾ ਦਿੰਦਾ ਤਾਂ ਉਹ ਇਹੋ ਕਹਿੰਦਾ ਸੀ। ਫੇਰ ਪੰਜਾਂ–ਸੱਤਾਂ ਮਿੰਟਾਂ ਬਾਅਦ ਸਮਝੌਤੀਆਂ ਦਿੰਦਾ, "ਦਲੇਰ ਬਣਿਆ ਕਰ। ਆਖਰ ਬੰਦਾ।" ਮੈਨੂੰ ਉਸ ਦੀਆਂ ਇਹ ਗੱਲਾਂ ਫਜ਼ੂਲ ਜਿਹੀਆਂ ਲੱਗਦੀਆਂ ਪਰ ਨਾਲ ਦੀ ਨਾਲ ਸੁਆਦ ਵੀ ਆਉਂਦਾ। ਮੈਂ ਉਸ ਦਾ ਵਿਰੋਧ ਨਾ ਕਰਦਾ।

ਇਕ ਦਿਨ ਮੈਂ ਉਸ ਨੂੰ ਕਿਹਾ, "ਮੇਰਾ ਚਿਤ ਕਰਦਾ, ਮੈਂ ਟੈਰੀਕੋਟ ਦਾ ਕੁੜਤਾ ਸਵਾਵਾਂ। ਮੋਢਿਆਂ ਤੇ ਵੇਲਾਂ ਪਵਾਵਾਂ। ਮੇਰਾ ਚਾਦਰਾ ਧਰਤੀ ਸੰਵਰਦਾ ਜਾਵੇ। ਪੈਰੀਂ ਨੋਕਦਾਰ ਖੁੱਸੇ ਹੋਣ। ਸੱਜੇ ਹੱਥ 'ਚ ਸਿਗਰਟ ਫੜੀ ਹੋਵੇ। ਜਲੰਧਰ ਦੀ ਪਾਸ਼ ਕਾਲੋਨੀ 'ਚ ਨੀਵੀਂ ਪਾਈ ਤੁਰਿਆ ਜਾਵਾਂ। ਮੇਰਾ ਚਿਤ ਕਰੇ ਤਾਂ ਮੈਂ ਸਿਗਰਟ ਦਾ ਕਸ਼ ਖਿਚ ਲਵਾਂ। ਚਿਤ ਕਰੇ ਤਾਂ ਚੀਕ ਮਾਰਾਂ।"

"ਸਾਲਾ ਚੀਕ ਮਾਰਨ ਦਾ। ਪਾਸ਼ ਕਾਲੋਨੀ 'ਚ ਨੀਵੀਂ ਪਾਈ ਤੁਰਿਆ ਜਾਵੇਂ ਤਾਂ ਅਗੇ ਮੰਦਰ ਆ ਜਾਵੇ। ਤੂੰ ਅੱਖਾਂ ਬੰਦ ਕਰਕੇ ਘੰਟਾ ਭਰ ਖੜ੍ਹਾ ਰਹੇਂ। ਫੇਰ ਮੰਦਰ ਦੀਆਂ ਪੌੜੀਆਂ 'ਤੇ ਨੱਕ ਰਗੜੇਂ। ਉੱਨਾ ਚਿਰ ਜਿੰਨਾ ਚਿਰ ਨੱਕ ਦੀ ਕੁੰਬਲ ਟਮਾਟਰ ਵਾਂਗ ਲਾਲ ਨਾ ਹੋ ਜਾਵੇ। ਫੇਰ ਅੰਦਰ ਜਾ ਕੇ ਟਲ ਨੂੰ ਜ਼ੋਰ ਦੇਣੀ ਖੜਕਾਵੇਂ। ਬੋਲੇਂ–ਬੋਲ ਪਵਨ–ਪੁੱਤਰ ਹਨੂੰਮਾਨ ਕੀ ਜੈ... ਸਾਲਾ ਮਹਾਤਮਾ ਨਾ ਹੋਵੇ ਤਾਂ ਪਿਛਲੇ ਜਨਮ ਦਾ।"

ਪ੍ਰਕਾਸ਼ੋ ਨੇ ਪੌੜੀਆਂ ਦੇ ਅੱਧ ਵਿਚਕਾਰ ਆ ਕੇ ਪੁੱਛਿਆ,"ਰੋਟੀ ਇਥੇ ਹੀ ਖਾਣੀ ਆਂ ਜਾਂ ਹੇਠਾਂ ਆਉਗੇ ?"

"ਜਦੋਂ ਮੈਨੂੰ ਭੁੱਖ ਲੱਗੀ– ਆਪੇ ਢਿੱਡ ਭਰ ਲਊਂ," ਮੈਂ ਉਸ ਵੱਲ ਪਿਛਾੜੀ



www.PunjabiLibrary.com

ਕਰੀ ਕਿਹਾ। ਘੜੀ ਦੀਆਂ ਸੂਈਆਂ 'ਤੇ ਨਜ਼ਰ ਟਿਕਾਈਆਂ। ਅਜੇ ਤਾਂ ਸਾਢੇ ਬਾਰਾਂ ਹੀ ਵਜੇ ਸਨ। ਹੁਣ.... ਮੈਂ ਦੋ ਘੜੀਆਂ ਸੌਂ ਨਾ ਲਵਾਂ- ਮੈਂ ਆਪਣੇ ਆਪ ਨੂੰ ਪੁੱਛਿਆ। ਪਰ ਅਗਲੇ ਪਲ ਇਹ ਫੈਸਲਾ ਟਾਲ ਲਿਆ- ਮਨਾ-ਜੇ ਹੁਣੇ ਸੌਂ ਗਿਆ ਤਾਂ ਰਾਤ ਨੂੰ ਦੇਰ ਤੱਕ ਨੀਂਦ ਨਹੀਂ ਆਉਣੀ। ਪ੍ਰਕਾਸ਼ੋ ਨੇ ਮੂੰਹ ਪਾੜ ਕੇ ਕਹਿ ਦੇਣਾ, "ਮੈਂ ਕਿੰਨੀ ਵਾਰ ਕਹਿ ਚੁੱਕੀ-ਜੇ ਅੱਧੀ ਰਾਤ ਤੱਕ ਟੀ. ਵੀ. ਹੀ ਦੇਖਣਾ ਹੁੰਦਾਂ ਤਾਂ ਆਪਣਾ ਮੰਜਾ ਦੂਜੇ ਕਮਰੇ 'ਚ ਲੈ ਜਾਓ। ਕਾਹਨੂੰ ਤੁਸੀਂ ਵੀ ਸਾਰੀ ਉਮਰ ਮੇਰੇ ਲੇਖੇ ਲੈਣੇ ਆਂ....।"

ਮੇਰੇ 'ਤੇ ਅਕੇਵਾਂ ਭਾਰੂ ਹੋਣ ਲੱਗਾ। ਮੈਂ ਛੱਤ 'ਤੇ ਟਹਿਲਣ ਲੱਗਾ। ਸਿਰ 'ਚ ਮੱਠੀ-ਮੱਠੀ ਉਠੀ ਪੀੜ ਤੇਜ਼ ਹੋਣ ਲੱਗੀ। ਚੀਕ ਮਾਰ ਕੇ ਪ੍ਰਕਾਸ਼ੋ ਨੂੰ ਸੱਦਾਂ। ਆਪਣੀਆਂ ਪੁੜਪੁੜੀਆਂ ਝੱਸਾਵਾਂ। ਪੰਜ ਵਜਣ 'ਚ ਸਾਢੇ ਚਾਰ ਘੰਟੇ ਪਏ ਹਨ। ਹੁਣ ਮੈਂ ਕਿਥੇ ਜਾਵਾਂ ? ਕੀ ਕਰਾਂ ? ਮੈਂ ਕਲ੍ਹ ਕੀ-ਕੀ ਕੀਤਾ ਸੀ-ਉਹ ਦੇ ਵੇਰਵੇ ਦੁਹਰਾਉਣ ਲੱਗਾ। ਮੈਨੂੰ ਆਹ ਗੱਲ ਯਾਦ ਆ ਗਈ.... ਕੁਲਵੰਤ ਦੱਸ ਰਿਹਾ ਸੀ ਕਿ ਪਰਸੋਂ ਮਲਕੀਤ ਉਹ ਦੇ ਘਰ ਆਇਆ ਸੀ। ਕਹਿਣ ਲੱਗਾ, "ਸਾਡੇ ਕਰਤਾਰਪੁਰ ਤਾਂ ਕੋਈ ਇੱਕ ਵੀ ਅਜਿਹਾ ਬੁੜਾ ਹੈ ਨ੍ਹੀਂ ਜੋ ਲੁਚੀਆਂ ਗੱਲਾਂ ਕਰਦਾ ਹੋਵੇ। ਮੈਂ ਤਾਂ ਗੱਲਾਂ ਕਰਨ ਨੂੰ ਤਰਸ ਗਿਆਂ।" ਮੈਂ ਉਹ ਨੂੰ ਦੱਸਿਆ ਕਿ ਸਾਡੀ ਕਾਲੋਨੀ 'ਚ ਵੀਹ ਬੁੜਿਆਂ ਦੀ ਢਾਣੀ ਹੈ। ਸਵੇਰ ਹੋਵੇ ਜਾਂ ਸ਼ਾਮ-ਕੋਈ ਰੱਬ ਦੀ ਗੱਲ੍ਹ ਨ੍ਹੀਂ ਕਰਦਾ। ਜੁਆਨੀ ਵੇਲੇ ਦੀਆਂ ਰਾਮ ਕਹਾਣੀਆਂ ਹੀ ਇਕ ਦੂਜੇ ਕੋਲੋਂ ਸੁਣੀਦੀਆਂ। ਮਲਕੀਤ ਨੇ ਕਾਹਲੇ ਪੈਂਦਿਆਂ ਪੁੱਛਿਆ, "ਤੁਸੀਂ ਘਰੋਂ ਕਿੰਨੇ ਵਜੇ ਨਿਕਲਦੇ ਹੁਣੇ ?""ਦੋਵੇਂ ਵੇਲੇ ਪੰਜ ਤੋਂ ਨੌਂ ਵਜੇ ਤੱਕ। ਅੱਗੇ ਆਦਰਸ਼ ਨਗਰ ਦੇ ਪਾਰਕ ਵੱਲ ਨਿਕਲ ਜਾਈਦਾ। ਪਤਾ ਨ੍ਹੀਂ ਲੱਗਦਾ ਕਿਹੜੇ ਵੇਲੇ ਸਮਾਂ ਬੀਤ ਜਾਂਦਾ। ਹੁਣ ਤਾਂ ਭੁੱਖ ਵੀ ਜ਼ਿਆਦਾ ਲੱਗਦੀ-ਤਬੀਅਤ ਵੀ ਠੀਕ-ਮਿਜਾਜ ਵੀ ਠੀਕ।" ਉਹ ਝਟ ਬੋਲਿਆ, "ਹੁਣ ਮੈਂ ਵੀ ਆਇਆ ਕਰੂੰ....... ਕਾਰ ਤੇ ਅੱਧਾ ਘੰਟਾ ਲੱਗਣਾ......।"

ਮੈਨੂੰ ਹਾਸਾ ਆ ਗਿਆ। ਮੈਂ ਜਲਦੀ-ਜਲਦੀ ਹੇਠਾਂ ਉਤਰ ਗਿਆ। ਕਪੜੇ ਬਦਲਦੇ ਨੂੰ ਦੇਖ ਕੇ ਪ੍ਰਕਾਸ਼ੋ ਨੇ ਪੁੱਛਿਆ,"ਅੱਜ ਕਿਤੇ ਸੰਤਾਂ ਦੇ ਤਾਂ ਨ੍ਹੀਂ ਚੱਲੇ ?"

"ਜੀਨਸ ਦੀ ਪੈਂਟ ਖਰੀਦਣ ਚਲਿਆਂ। ਤੈਨੂੰ ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸ ?"

ਉਹ ਮੇਰੇ ਵੱਲ ਨੂੰ ਘੁੰਮੀ। ਬੁੱਲਾਂ 'ਚ ਮੁਸਕਰਾਈ। ਫੇਰ ਲਾਪ੍ਰਵਾਹੀ ਨਾਲ ਕਿਹਾ, "ਮੈਨੂੰ ਕੁਸ਼ ਨ੍ਹੀਂ ਚਾਹੀਦਾ।"



## ਕੂੜਾ

ਹੈਂ....ਐਨਾ ਖੂਨ....ਆਹ ਪੈਰ ਤਾਂ ਊਠ ਦਾ ਲੱਗਦਾ....ਘੋੜਿਆਂ ਦੀਆਂ ਲੱਤਾਂ.... ਆਹ ਹਾਥੀ ਦੇ ਕੰਨ.... ਇਹ ਕਿਹੜੀ ਪਸਤੋਂ ਬੋਲਦੇ.... ਕੁੱਤੇ ਦੀ ਪੂਛ ਕਿੰਨੀ ਤੇਜ਼ ਹਿਲਦੀ ਆ.... ਮੇਰੇ ਤਾਂ ਕੁਸ਼ ਪਲੇ ਨ੍ਹੀਂ ਪੈ ਰਿਹਾ.... ਕੋਈ ਸਮਝ ਨ੍ਹੀਂ ਲੱਗਦੀ.... ਐਨੀਆਂ ਆਵਾਜ਼ਾਂ ਦਾ ਸ਼ੋਰ....ਐਨੀ ਖਲਕਤ ਕਿੱਥੋਂ ਆ ਗਈ.... ਤਕਲੇ.... ਨਹੁੰ .... ਦੰਦ....ਆਹ ਹਿਰਨੀਆਂ ਦੇ ਝੁੰਡ ਮਗਰ ਕਿਹੜਾ ਜਾਨਵਰ ਦੌੜ ਰਿਹਾ.... ਸ਼ਿਕਾਰੀ ਕੁੱਤੇ.... ਬਘਿਆੜ.... ਖੂਨ ਪਾਣੀ ਦੇ ਖਾਲ ਵਾਂਗ ਵਗ ਰਿਹਾ.... ਆਹ ਜਾਨਵਰ.... ਬਘਿਆੜ.... ਹਿਰਣੀਆਂ ਦੇ ਝੁੰਡ 'ਤੇ ਆ ਚੜਿਆ.... ਹੁਣ ਨ੍ਹੀਂ ਦਿੱਸਦੀ ਇਨ੍ਹਾਂ ਦੀ ਖੈਰ..... ਇਹ ਵੀ ਪਿਛੇ ਮੁੜ ਕੇ ਨ੍ਹੀਂ ਦੇਖ ਰਹੀਆਂ..... ਕਿੰਨੀ ਜਾਨ ਹੈ ਇਨ੍ਹਾਂ 'ਚ..... ਬਚ ਗਈ..... ਨ੍ਹੀਂ..... ਨ੍ਹੀਂ..... ਬਘਿਆੜ ਨੇ ਉਨ੍ਹਾਂ ਦੀ ਪਿੱਠ 'ਤੇ ਆ ਪੰਜਾ ਮਾਰਿਆ..... ਹੈਂ..... ਕੋਈ..... ਇਨ੍ਹਾਂ ਨੂੰ ਬਚਾਓ..... ਬਚਾਉ..... ਬਚਾਓ..... ਆਹ ਕਿਹੜਾ ਮਹਾਂ ਪੁਰਖ ਆ..... ਮੈਂ ਇਹਨੂੰ ਕਿੱਥੇ ਦੇਖਿਆ ?..... ਇਹ ਮੇਰੀ ਪਛਾਣ 'ਚ ਨ੍ਹੀਂ ਆ ਰਿਹਾ..ਲਓ ਇਹ ਤਾਂ ਮੁਹਮੰਦ ਗੌਰੀ ਸਾਹਿਬ ਆ..... ਯਾ ਅਲੀ ਦੀਆਂ ਆਵਾਜ਼ਾਂ ਆਉਣ ਲੱਗੀਆਂ..... ਕੁੱਲਿਆਂ ਵਾਲੇ ਸਿਪਾਹੀ..... ਸਿਰ ਬੰਦਿਆਂ ਵਰਗੇ..... ਧੜ ਜਾਨਵਰਾਂ ਵਾਂਗ..... ਸੱਤ-ਸੱਤ ਫੁੱਟੇ ਜੁਆਨ..... ।

ਵਜ਼ੀਰ-ਸਰਦਾਰ..... ਨੀਵੀਂ ਪਾਈ ਆ ਰਹੀਆਂ ਤੀਵੀਆਂ ਦੀ ਹੇੜ..... ਸੌਗਾਤਾਂ ਦੀਆਂ ਭਰੀਆਂ ਥਾਲੀਆਂ..... ਪਹਿਰੇਦਾਰ..... ਸੋਹਣੀਆਂ ਤੀਵੀਆਂ..... ਬਕਰੀ ਵਾਂਗੂ ਡਰੀਆਂ ਹੋਈਆਂ..... ਜਿਵੇਂ ਕਿਸੇ ਕਸਾਈ ਅੱਗੇ ਪੇਸ਼ ਹੋਣ ਜਾ ਰਹੀਆਂ ਹੋਣ..... ਨ੍ਹੀਂ..... ਨ੍ਹੀਂ..... ਇਕ..... ਦੋ ਡਰੀਆਂ ਲੱਗਦੀਆਂ..... ਬਾਕੀ ਨ੍ਹੀਂ..... ਕਿਵੇਂ ਹਿੜ-ਹਿੜ ਕਰਦੀਆਂ ਆ ਰਹੀਆਂ..... ਮੇਲਾ ਦੇਖਣ ਜਾ ਰਹੀਆਂ..... ਸੋਲ੍ਹਾਂ ਹਾਰ-ਸ਼ਿੰਗਾਰ ਕਰੀ..... ਹੈਂ..... ਇਨ੍ਹਾਂ ਦੇ ਲਾਲ ਚੂੜੇ..... ਇਹ ਵਿਆਹ ਕਰਾਉਣ ਚੱਲੀਆਂ..... ਸ਼ਹਿਜਾਦੀਆਂ।

ਸਰਦਾਰ ਗੌਰੀ ਦੇ ਅਗੇ ਵਿਛੀ ਜਾ ਰਹੇ ਹਨ..... ਕਈਆਂ ਦੇ ਨੱਕਾਂ 'ਤੇ ਮਿੱਟੀ ਦੀ ਤਹਿ ਜੰਮ ਗਈ..... ਪੱਗ ਡਿਗਦੀ-ਡਿਗਦੀ ਬਚੀ..... ਤਰਲੇ ਭਰੀਆਂ ਆਵਾਜ਼ਾਂ .....ਮੇਰੇ ਪਰਵਰਦਿਗਾਰ—ਸਾਡੇ ਗੁਨਾਹਾਂ ਨੂੰ ਬਖ਼ਸ਼ ਦਿਉ..... ਸਹਿਨਸ਼ਾਹੇ ਆਲਾ- ਤੁਸੀਂ ਹੀ ਬਖ਼ਸ਼ਣਹਾਰ ਹੋ..... ਆਪਣੀ ਰਹਿਮਤ ਬਖ਼ਸ਼ੋ..... ਅਸੀਂ ਤਾਂ ਤੁਹਾਡੇ ਗੁਲਾਮ ਹਾਂ..... ਤਮਾਮ ਉਮਰ ਦੀ ਗੁਲਾਮੀ ਸਾਡੀ ਤਕਦੀਰ ਦਾ ਹਿੱਸਾ ਬਣੀ ਹੈ..... ਸਾਡਾ ਧੰਨਭਾਗ



www.PunjabiLibrary.com

ਹੈ..... ਅਸੀਂ ਤੁਹਾਡੀ ਰਹਿਨੁਮਾਈ 'ਚ ਆਪਣਾ ਨ੍ਹੀਂ..... ਨ੍ਹੀਂ..... ਤੁਹਾਡਾ ਰਾਜ ਚਲਾਵਾਂਗੇ.... ਸਾਡੇ ਲਈ ਕੀ ਹੁਕਮ ਹੈ.....। ਗੌਰੀ ਹੱਸਿਆ..... ਜੇਤੂ ਹਾਸਾ.... ਹੋਰ ਉੱਚਾ..ਉੱਚਾ.... ਮਗਰੇ ਹੀ ਸਾਰੇ ਸਿਪਾਹੀ ਸਾਥ ਦੇ ਰਹੇ..... ਉਹ ਆਪਣੀ ਤਲਵਾਰ ਹਵਾ 'ਚ ਲਹਿਰਾਉਂਦਾ ਹੈ ਤੇ ਆਕਾਸ਼ ਵੱਲ ਮੂੰਹ ਕਰਕੇ ਯਾ ਅਲੀ..... ਯਾ ਅਲੀ..... ਅਲਾਪਦਾ ਹੈ..... ਆਪਣਾ ਸ਼ਾਹੀ ਹੁਕਮ ਸੁਣਾਉਂਦਾ ਹੈ..... ਮੈਂ ਤੁਰਕ ਹਾਂ..... ਹੁਣ ਸਾਡਾ ਖ਼ੂਨ ਤੁਹਾਡੀਆਂ ਰੱਗਾਂ 'ਚ ਦੌੜੇਗਾ..... ਅਸੀਂ ਨਸਲ ਬਦਲ ਦਿਆਂਗੇ।

..... ਨ੍ਹੀਂ..... ਨ੍ਹੀਂ ਪਰਵਰਦਿਗਾਰ..... ਇਹ ਸਿਤਮ ਨਾ ਕਰੋ..... ਸਾਡਾ ਖ਼ੂਨ ਤਾਂ ਪਹਿਲਾਂ ਹੀ ਹਮਲਾਵਰਾਂ ਨੇ ਸ਼ੁੱਧ ਨ੍ਹੀਂ ਰਹਿਣ ਦਿੱਤਾ..... ।

..... ਨ੍ਹੀਂ..... ਇਹ ਹੁਕਮ ਮੇਰਾ ਨ੍ਹੀਂ। ਸਾਡੇ ਰਹਿਨੁਮਾ ਖਲੀਫਾ ਜੀ ਦਾ ਹੁਕਮ ਹੈ..... ਅਸੀਂ ਉਨ੍ਹਾਂ ਦੇ ਹੁਕਮ ਦੀ ਤਾਮੀਲ ਚਾਹੁੰਦੇ ਹਾਂ..... ।

ਤੁਰਕਾਂ ਦਾ ਵੀਰਜ ਅੰਨ੍ਹੇਵਾਹ ਵੰਡਿਆ ਜਾਣ ਲੱਗਾ। ਕਿਸੇ ਦੀ ਚੀਕ ਪੁਕਾਰ ਵੱਲ ਕੋਈ ਧਿਆਨ ਨ੍ਹੀਂ ਦਿੱਤਾ ਜਾ ਰਿਹਾ..... ਬੱਸ ਮਰਦਾਊ ਆਵਾਜ਼ਾਂ ਨੇ..... ਅਸੀਂ ਆਪਣਾ ਵੀਰਜ ਦਾਨ ਕਰਦੇ ਹਾਂ..... ਮੇਰੇ ਬਹਾਦਰ ਸਿਪਾਹਿਉ-ਤੁਸੀਂ ਆਪਣਾ ਵੀਰਜ ਦਾਨ ਕਰਦੇ ਜਾਉ..... ਯਾ ਅਲੀ..... ਯਾ ਅਲੀ..... ਸਾਡੀ ਕੌਮ ਨੂੰ ਸਲਾਮਤੀ ਬਖ਼ਸ਼..... ਸਾਨੂੰ ਅਗੇ ਵਧਣ ਦੀ ਸ਼ਕਤੀ ਦੇ..... ।

ਇਹ ਔਰਤ ਕੌਣ ਹੈ ? ਇਹ ਕਿਥੋਂ ਆਈ ਹੈ ? ਇਹਨੂੰ ਐਨਾ ਸਾਹ ਕਿਉਂ ਚੜ੍ਹਿਆ ਹੋਇਆ ? ਇਹ ਸਾਡੇ ਖਾਨਦਾਨ 'ਚੋਂ ਤਾਂ ਨ੍ਹੀਂ ? ਮੈਨੂੰ ਇਸ ਦੀ ਪਛਾਣ ਕਿਉਂ ਨ੍ਹੀਂ ਹੋ ਰਹੀ ? ਇਹ ਮੇਰੇ ਵੱਲ ਨੂੰ ਮੂੰਹ ਕਿਉਂ ਨ੍ਹੀਂ ਕਰ ਰਹੀਂ ? ਬੜੀ ਸ਼ੈਤਾਨ ਹੈ..... ਇਹ ਸਰਦਾਰ ਦੇ ਅਗੇ ਹਿੜ-ਹਿੜ ਕਰ ਰਹੀ ਹੈ..... ਇਹ ਦੇ ਸੱਜੇ ਮੋਢੇ ਦੇ ਪਿਛਲੇ ਪਾਸੇ ਜੁਆਨੀ ਵੇਲੇ ਦਾ ਤਿਲ ਦਾ ਨਿਸ਼ਾਨ ? ਮੈਂ ਇਸ ਨੂੰ ਕਿਥੇ ਦੇਖਿਆ ? ਮੈਂ ਇਸ ਨੂੰ ਜ਼ਰੂਰ ਦੇਖਿਆ ਹੈ..... ਫੇਰ ਇਹ ਮੇਰੀ ਪਛਾਣ 'ਚ ਕਿਉਂ ਨ੍ਹੀਂ ਆ ਰਹੀ ? ਹੈ ਕੋਈ ਇਸ ਨੂੰ ਸ਼ਰਮ ਹਿਆ..... ਇਹ ਆਪਣੇ ਹੇਠਲੇ ਕਪੜੇ ਵੀ ਲਾਹੁਣ ਲੱਗੀ..... ਬੇਹਿਆ..... ਬੇਲੱਜ..... ਸਾਰੀਆਂ ਔਰਤਾਂ ਨੰਗੀਆਂ..... ਇਨ੍ਹਾਂ ਨੂੰ ਕੀ ਹੋਈ ਜਾਂਦਾ..... ਐਨੀਆਂ ਸਾਰੀਆਂ ਨੰਗੀਆਂ ਪਿੱਠਾਂ..... ਗੌਰੀ ਦੀ ਆਵਾਜ਼..... ਇਨ੍ਹਾਂ ਦੀਆਂ ਰੰਗਾਂ 'ਚ ਸਾਡਾ ਖ਼ੂਨ ਸ਼ਾਮਿਲ ਕਰ ਦਿਉ..... ਕਰੀ ਜਾਉ..... ਇਹ ਇਸੇ ਲਾਇਕ ਹਨ... ਯਾ ਅਲੀ..... ਯਾ ਅਲੀ..... ਸਾਡੀ ਕੌਮ 'ਚ ਵਾਧਾ ਹੋਣ ਜਾ ਰਿਹਾ ਹੈ..... ।

ਹੈਂ..... ਚਾਰ ਚੁਫੇਰੇ ਅੱਗ ਦੀਆਂ ਲਪਟਾਂ..... ਜੰਗਲ ਦੀ ਅੱਗ..... ਹਿਰਨੀ ਛਾਲ ਮਾਰ ਕੇ ਅਗਾਂਹ ਲੰਘ ਗਈ..... ਇਹ ਭਸਮ ਕਿਉਂ ਨ੍ਹੀਂ ਹੋਈ..... ਹੁਣ ਇਹ ਮੇਰੇ ਵੱਲ ਆ ਰਹੀ। ..... ਮੈਨੂੰ ਡਰ ਲੱਗਦਾ..... ਮੈਨੂੰ ਦਿੱਸਣੋਂ ਘੱਟ ਰਿਹਾ..... ਆਹ ਬੱਦਲਾਂ ਦਾ ਝੁਰਮਟ ਕਿਥੋਂ ਆ ਗਿਆ..... ਕਾਲੋਂ ਦੀ ਸੰਘਣੀ ਹੁੰਦੀ ਜਾ ਰਹੀ ਪਰਤ..... ਹਿਰਨੀ ਦੀਆਂ ਬੇਬੱਸੀ ਭਰੀਆਂ ਨਜ਼ਰਾਂ..... ਆਹ ਫਨੀਅਰ ਸੱਪ..... ਉਹਨੂੰ ਅਗਾਂਹ ਨ੍ਹੀਂ ਜਾਣ ਦੇ ਰਿਹਾ... ਕਿਦ੍ਹਾਂ ਇਸ ਆਪਣਾ ਫਨ ਚੁੱਕਿਆ ਹੋਇਆ..... ਇਸ ਉਸ ਦੀਆਂ ਪਿਛਲੀਆਂ ਲੱਤਾਂ ਨੂੰ ਵਲ ਪਾ ਲਿਆ..... ਬਚਾਓ..... ਬਚਾਓ..... ਇਹ ਤਾਂ ਉਤਾਂਹ ਹੀ ਉਤਾਂਹ ਨੂੰ



ਸਰਕ ਰਿਹਾਂ..... ਨ੍ਹੀਂ..... ਨ੍ਹੀਂ..... ।

"ਨ੍ਹੀਂ..... ਨ੍ਹੀਂ..... ਉਹ ਦੀ ਚੀਕ ਨਿਕਲ ਗਈ।

ਹੈਂ..... ਇਹ ਉਹ ਕੀ ਦੇਖ ਰਿਹਾ ਸੀ। ਇਹ ਅਸਲੀਅਤ ਸੀ ਜਾਂ ਸੁਪਨਾ ? ਕੁਝ ਪਤਾ ਨਹੀਂ ਲੱਗ ਰਿਹਾ ? ਉਹ ਜਾਗਦਾ..... ਨ੍ਹੀਂ..... ਨ੍ਹੀਂ..... ਉਹ ਨ੍ਹੀਂ ਜਾਗਦਾ..... ਉਹ ਤਾਂ ਸੁੱਤਾ ਪਿਆ ਸੀ..... ਹਾਂ..... ਹਾਂ..... ਇਹ ਸੁਪਨਾ ਹੀ ਸੀ..... ।

ਕਮਰੇ 'ਚ ਟਿਊਬ ਜਗ ਰਹੀ ਸੀ। ਉਸ ਪਸੀਨੋ-ਪਸੀਨੀ ਹੋਏ ਨੇ ਰਜਾਈ ਚੁੱਕ ਕੇ ਪਰੇ ਮਾਰੀ। ਸਾਹਮਣੇਲੀ ਕੰਧ 'ਤੇ ਟੇਪ ਲਾ ਕੇ ਚਿਪਕਾਇਆ ਕਲੰਡਰ ਦੇਖਿਆ। ਉਥੇ ਤਾਂ ਸੰਨ ੧੧੯੫ ਛਪਿਆ..... ੧੧੯੫ ਕਿ ੧੯੯੫..... ੯੯੫..... ਮਹੀਨਾ ਦਿਨ..... ਇਹ ਰਲਗਡ ਹੋ ਰਹੇ ਹਨ। ਉਹ ਨੂੰ ਝੌਲਾ-ਝੌਲਾ ਦਿੱਸ ਰਿਹਾ ਸੀ।

ਸਾਹਮਣੇ ਇਕ ਪਰਛਾਵਾਂ ਉਭਰਿਆ। ਕੀ ਇਹ ਗ਼ਜਨਵੀ ਹੋਇਆ ? ਉਹ ਇਤਿਹਾਸ ਦੀ ਕਿਤਾਬ 'ਚ ਦੇਖੀ ਫੋਟੋ ਨਾਲ ਇਸ ਦੇ ਨੈਣ-ਨਕਸ਼ ਮਿਲਾਉਣ ਲੱਗਾ-ਨ੍ਹੀਂ.....ਇਹ ਤਾਂ ਕੋਈ ਸੁਲਤਾਨ ਲੱਗਦਾ..... ਤੁਰਕੀਂ..... ਮੰਗੋਲ..... ਲੱਗਦਾ ਕਿ ਧੜ ਤਾਂ ਇਕੋ ਸੀ..... ਸਿਰ ਹੀ ਬਦਲ ਰਹੇ ਸਨ।

ਉਹ ਦਾ ਗਲਾ ਸੁੱਕਣ ਲੱਗਾ। ਜ਼ਬਾਨ ਤਾਲੂ ਨਾਲ ਐਦਾਂ ਜਾ ਲੱਗੀ ਜਿਵੇਂ ਕਿਸੇ ਕਾਗ਼ਜ਼ ਨਾਲ ਲਸੂੜੀ ਚੁੰਬੜੀ ਹੁੰਦੀ ਹੈ।

ਉਨ੍ਹਾਂ 'ਚੋਂ ਇਕ ਸਿਰ ਨੇ ਉਹ ਨੂੰ ਪੁੱਛਿਆ,"ਉਏ ਕਮਬਖਤ-ਤੂੰ ਤੁਰਕ ਦੀ ਔਲਾਦ-ਕਿਹਦੇ ਤੋਂ ਡਰ ਰਿਹਾ ?"

"ਤੁਹਾਡੀ ਸ਼ਕਲ ਤੋਂ।"

"ਮੇਰੀ ਜਾਂ ਕਿ ਆਪਣੀ ?"

"ਤੁਹਾਡੀ, ਸਿਰਫ ਤੁਹਾਡੀ..... ।"

"ਤੂੰ ਆਪਣੀ ਕਹੁ।" ਇੱਕ ਤਲਵਾਰ ਹਵਾ 'ਚ ਲਹਿਰਾਈ।

ਉਹ ਖਾਮੋਸ਼ ਹੋ ਗਿਆ।

"ਕੀ ਤੁਹਾਨੂੰ ਹੁਣ ਇਹ ਵੀ ਦੱਸਣਾ ਪਊਗਾ ਕਿ ਤੂੰ ਤਾਂ ਸਾਡਾ ਆਪਣਾ ਖ਼ੂਨ ਹੈ ਸਾਡੇ ਅੰਸ਼ 'ਚੋਂ ਹੈ।"

"ਨ੍ਹੀਂ-ਇਹ ਨ੍ਹੀਂ ਹੋ ਸਕਦਾ।"

"ਤੂੰ ਸਾਡਾ ਖ਼ੂਨ ਹੈ..... ਦੇਖ ਤਵਾਰੀਖ ਦੇ ਅਣਫੋਲੇ ਵਰਕ..... ਜ਼ਰਾ ਗੌਰ ਨਾਲ ਅਣਲਿਖੇ ਅੱਖਰ ਪੜ੍ਹ।" ਸਿਰ ਹੱਸਿਆ ਸੀ। ਇਕ ਡਰਾਉਣਾ ਹਾਸਾ। ਉਹ ਦੇ ਮਨ 'ਚ ਆਇਆ ਕਿ ਸਿਰਹਾਣੇ ਪਈ ਇਤਿਹਾਸ ਦੀ ਕਿਤਾਬ ਚੁੱਕ ਕੇ ਉਸ ਦੇ ਸਿਰ 'ਚ ਮਾਰੇ।

ਉਦੋਂ ਹੀ ਨਾਲ ਦੇ ਕਮਰੇ 'ਚੋਂ ਮੰਮੀ ਦੌੜੇ- ਦੌੜੇ ਆਏ। ਉਨ੍ਹਾਂ ਦੇ ਪਹਿਨਿਆ ਹੋਇਆ ਗਾਊਨ, ਨੰਗੇ ਪੈਰਾਂ 'ਚ ਦੋ ਤਿੰਨ ਵਾਰ ਅੜਿਆ। ਉਹ ਦਰਵਾਜ਼ੇ ਦਾ ਆਸਰਾ ਲੈ ਕੇ ਖੜ੍ਹੇ ਹੋਏ। ਮਹਿੰਦਰ ਦਾ ਮੂੰਹ ਦਰਵਾਜ਼ੇ ਵੱਲ ਸੀ। ਉਨ੍ਹਾਂ ਮਹਿੰਦਰ ਦੀਆਂ ਅੱਖਾਂ 'ਚ ਦੇਖਿਆ। ਆਪਣੀ ਛਾਤੀ ਨਾਲ ਘੁੱਟ ਲਿਆ।

"ਤੇਰੀਆਂ ਅੱਖਾਂ ਐਨੀਆਂ ਕਿਉਂ ਲਾਲ ਨੇ ?" ਉਹ ਕਿੰਨਾ ਚਿਰ ਉਸਦੇ ਚਿਹਰੇ



www.PunjabiLibrary.com

ਨੂੰ ਦੇਖਦੇ ਰਹੇ। ਛਾਤੀ ਨਾਲ ਘੁੱਟੀ ਰੱਖਿਆ। ਮਹਿੰਦਰ ਕੋਲੋਂ ਕੋਈ ਜੁਆਬ ਨਾ ਦਿੱਤਾ ਗਿਆ। ਉਹ ਆਪਣੀ ਮੰਮੀ ਤੋਂ ਹਟ ਕੇ ਬੈੱਡ ਦੀ ਨੁੱਕਰ 'ਚ ਜਾ ਬੈਠਿਆ। ਉਨ੍ਹਾਂ ਨੂੰ ਇਹ ਦੂਰੀ ਅੱਖਰੀ ਸੀ। ਉਨ੍ਹਾਂ ਉਸ ਤੋਂ ਫੇਰ ਪੁੱਛਿਆ। ਪਹਿਲਾਂ ਪਿਆਰ ਨਾਲ। ਫੇਰ ਕੁਰਖਤ ਆਵਾਜ਼ 'ਚ, "ਆਖਿਰ ਤੈਨੂੰ ਕੀ ਹੋਇਆ ?ਮੈਨੂੰ ਦੱਸ ਤਾਂ ਸਹੀਂ।" ਮਹਿੰਦਰ ਟਾਲਮਟੋਲ ਕਰ ਗਿਆ। ਉਹ ਨੂੰ ਉਨ੍ਹਾਂ ਕੋਲੋਂ ਸੈਂਟ ਦੀ ਤੇਜ਼ ਖ਼ੁਸ਼ਬੂ ਆਈ ਸੀ। ਉਹ ਚਾਹੁੰਦਾ ਸੀ ਕਿ ਜਿੰਨੀ ਜਲਦੀ ਹੋ ਸਕਦਾ- ਉਹ ਆਪਣੇ ਕਮਰੇ 'ਚ ਚਲੇ ਜਾਣ। ਉਸ ਕੋਲੋਂ ਐਸਾ ਤੈਸਾ ਪੁੱਛਿਆ ਜਾਣਾ...।

ਉਹ ਦੋ ਕੁ ਮਿੰਟ ਚੁੱਪ ਚਾਪ ਬੈਠੇ ਰਹੇ। ਸੋਚਾਂ 'ਚ ਗੁਆਚੇ ਹੋਏ। ਉਨ੍ਹਾਂ ਕਮਰੇ ਦਾ ਮੁਆਇਨਾ ਕੀਤਾ। ਔਖਾ ਜਿਹਾ ਸਾਹ ਲਿਆ। ਸ਼ਾਇਦ ਹੌਕਾ ਵੀ ਨਾਲ ਹੀ ਆ ਰਲਿਆ ਸੀ। ਉਠਣ ਲੱਗਿਆਂ ਨੇ ਮੂਧੀ ਪਈ ਇਤਿਹਾਸ ਦੀ ਕਿਤਾਬ ਬੰਦ ਕਰ ਦਿੱਤੀ। ਪੁੱਛਿਆ, "ਬੱਤੀ ਬੁਝਾ ਦੇਵਾਂ..... ?"

"ਨ੍ਹੀਂ..... ,"ਉਸ ਸਾਹਮਣੇਲੀ ਕੰਧ ਵੱਲ ਦੇਖਦਿਆਂ, ਜਿਥੇ ਕੁੱਝ ਚਿਰ ਪਹਿਲਾਂ ਸਿਰ ਉਭਰਿਆ ਸੀ, ਕਿਹਾ।

ਉਨ੍ਹਾਂ ਦੇ ਕਮਰੇ ਦਾ ਦਰਵਾਜ਼ਾ ਬੰਦ ਹੋਣ ਦੀ ਆਵਾਜ਼ ਉਸ ਦੇ ਕੰਨਾਂ 'ਚ ਸਿੱਕਾ ਘੋਲਣ ਲੱਗੀ ਸੀ। ਉਸ ਨੂੰ ਲੱਗਾ ਕਿ ਉਨ੍ਹਾਂ ਦੇ ਕਮਰੇ 'ਚ ਕੋਈ ਉਪਰਾ ਮਰਦ ਹੈ। ਉਸ ਦਾ ਸ਼ੱਕ ਯਕੀਨ 'ਚ ਬਦਲਦਾ ਜਾ ਰਿਹਾ ਸੀ। ਉਹ ਦੇ ਡੈਡੀ ਤਾਂ ਪਿਛਲੇ ਪੰਦਰਾਂ ਸਾਲਾਂ ਤੋਂ ਸਾਊਦੀ ਅਰਬ 'ਚ ਕਿਸੇ ਸ਼ੇਖ ਦੀ ਫਰਮ 'ਚ ਡਰਾਈਵਰ ਲੱਗੇ ਸਨ..... ਇਹ ਅਵੱਸ਼ ਡੈਡੀ ਨੂੰ ਮਿਲ ਕੇ ਆਇਆ ਅਮਰੀਕ ਹੋਵੇਗਾ..... ਉਹ ਕਾਲਜੋਂ ਵਾਪਸ ਆਇਆ ਤਾਂ ਉਹ ਬੈਠਕ 'ਚ ਬੈਠਾ ਚਾਹ ਪੀ ਰਿਹਾ ਸੀ..... ਹੱਥ 'ਤੇ ਹੱਥ ਮਾਰ ਕੇ ਕਮਲਿਆਂ ਵਾਂਗੂ ਦੰਦ ਕੱਢ ਰਿਹਾ ਸੀ। ਮੰਮੀ ਵੀ। ਉਹ ਨੂੰ ਦੇਖਦਿਆਂ ਹੀ ਉਹ ਗੰਭੀਰ ਹੋ ਗਏ ਸਨ। ਉਨ੍ਹਾਂ ਕਿਹਾ ਸੀ, "ਆਹ ਚੀਜ਼ਾਂ ਤੇਰੇ ਡੈਡੀ ਨੇ ਤੇਰੇ ਲਈ ਭੇਜੀਆਂ।" ਉਹ ਆਪਣੇ ਕਮਰੇ 'ਚ ਆ ਗਿਆ ਸੀ। ਨੈਸ਼ਨਲ ਪੈਨਾਸੌਨਿਕ ਦਾ ਨਵੇਂ ਮਾਡਲ ਦਾ ਡਬਲ ਡੈਕ ਸਟੀਰਿਉ-ਕਮੀਜ਼ਾਂ ਤੇ ਜੀਨਸ ਦੀਆਂ ਪੈਂਟਾਂ। ਉਹ ਸਾਮਾਨ ਬੈੱਡ 'ਤੇ ਖਿਲਾਰ ਕੇ ਦੇਖਣ ਲੱਗਾ ਸੀ। ਉਹ ਨੂੰ ਆਪਣੇ ਡੈਡੀ ਦੀ ਚੋਣ 'ਤੇ ਫ਼ਖ਼ਰ ਹੋਇਆ ਸੀ। ਜਿੰਨੀ ਵਾਰੀ ਵੀ ਉਨ੍ਹਾਂ ਕੋਲੋਂ ਕੋਈ ਜਣਾ ਆਇਆ ਸੀ, ਉਨ੍ਹਾਂ ਨੇ ਕੁਝ ਨਾ ਕੁਝ ਅਵੱਸ਼ ਭੇਜਿਆ ਸੀ..... ਉਹ ਨੂੰ ਅਮਰੀਕ ਅੰਕਲ ਦਾ ਥੈਂਕਸ ਕਰਨਾ ਚਾਹੀਦਾ ਸੀ। ਐਨੇ ਤਾਂ ਮੈਨਰਜ਼ ਹੋਣੇ ਚਾਹੀਦੇ..... ਉਹ ਤਾਂ ਐਵੇਂ ਭਰਿਆ ਪੀਤਾ ਆਪਣੇ ਕਮਰੇ 'ਚ ਆ ਗਿਆ ਸੀ। ਉਹ ਨੂੰ ਉਨ੍ਹਾਂ ਕੋਲ ਬੈਠਣਾ ਚਾਹੀਦਾ ਸੀ-ਉਹ ਇਸ ਪਰਿਵਾਰ ਦਾ ਇਕੱਲਾ ਮੇਲ-ਮੈਂਬਰ ਹੈ। ਉਹ ਨੂੰ ਪੁੱਛਣਾ ਚਾਹੀਦਾ ਸੀ ਕਿ ਡੈਡੀ ਕਦੋਂ ਆ ਰਹੇ ਹਨ। ਉਹ ਨੂੰ ਇਸ ਗੱਲ ਦਾ ਪਤਾ ਹੈ ਕਿ ਡੈਡੀ ਕਦੇ ਵੀ ਦੱਸ ਕੇ ਨਹੀਂ ਆਉਂਦੇ। ਪਤਾ ਉਦੋਂ ਲੱਗਦਾ ਜਦੋਂ ਅੱਧੀ ਰਾਤ ਨੂੰ ਗੇਟ ਆ ਖੜਕਾਉਂਦੇ। ਉਹ ਅੱਧੀ ਰਾਤ ਨੂੰ ਕਿਉਂ ਆਉਂਦੇ ? ਇਸ ਵਾਰੀ ਆਏ ਤਾਂ ਉਹ ਜ਼ਰੂਰ ਪੁੱਛੇਗਾ। ਹੁਣ ਅੰਕਲ ਕੋਲੋਂ ਪੁੱਛਿਆ ਜਾ ਸਕਦਾ- ਉਨ੍ਹਾਂ ਦੀ ਫਲਾਈਟ ਦਿਨ ਨੂੰ ਕਿਉਂ ਨਹੀਂ ਆਉਂਦੀ..... ??? ਉਹ ਤੇਜ਼ੀ ਨਾਲ ਗਿਆ ਤਾਂ ਉਹ ਨੂੰ ਉਨ੍ਹਾਂ ਦੀ ਪਿੱਠ ਹੀ ਦਿੱਸੀ। ਲੱਗਾ ਸੀ ਜਿਵੇਂ ਮੰਮੀ ਦੀਆਂ ਨਜ਼ਰਾਂ ਇਸ ਪਿੱਠ ਦਾ ਪਿਛਾ ਕਰ ਰਹੀਆਂ ਹੋਣ..... ਉਹਦੇ ਮੱਥੇ 'ਚ ਉਸ ਦਿਨ ਵਾਲੀ ਘਟਨਾ ਇੰਚੀ ਕੁ ਹੋਰ ਖੁਭ ਗਈ ਸੀ..... ਉਨ੍ਹਾਂ ਦੀ ਟੀਮ ਨੇ ਖ਼ਾਲਸਾ ਕਾਲਜ ਦੀ ਟੀਮ ਨੂੰ ਤਿੰਨ- ਸਿਫਰ ਨਾਲ ਹਰਾਇਆ ਸੀ। ਕੋਚ ਦਵਿੰਦਰ ਸਿੰਘ ਨੇ ਉਹ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਸੀ, "...ਰ ਆਈ ਐਮ ਪਰਾਊਡ ਆਫ ਯੂ।"

www.PunjabiLibrary.com

## ਕਤਲ

ਉਸ ਰਾਤ ਮੈਂ ਕਮਰੇ ’ਚ ਇਕੱਲਾ ਸੀ। ਬਾਪੂ ਦੀ ਹੋਂਦ ਮੇਰੇ ਲਈ ਨਾ ਹੋਇਆਂ ਦੇ ਬਰਾਬਰ ਸੀ। ਉਂਝ ਵੀ ਬਾਪੂ ਨੂੰ ਆਪਣੀ ਕੋਈ ਹੋਸ਼ ਨਹੀਂ ਸੀ। ਬਾਂਹ ਜਾਂ ਲੱਤ ਜਿਸ ਪਾਸੇ ਵੀ ਚੁੱਕ ਕੇ ਰੱਖ ਦਿੱਤੀ, ਉਥੇ ਹੀ ਟਿਕੀ ਰਹੀ ਸੀ। ਨਿਰਜਿੰਦ। ਦੁਪਹਿਰੇ ਤਾਂ ਵਾਰ-ਵਾਰ ਇਉਂ ਲਗਦਾ ਰਿਹਾ ਸੀ ਕਿ ਉਹ ਅੱਜ ਸ਼ਾਮ ਔਖੀ ਕੱਢੇਗਾ। ਉਹ ਔਖੇ ਔਖੇ ਲੰਬੇ ਸਾਹ ਲੈਂਦਾ । ਉਸ ਦਾ ਢਿੱਡ ਵਿਤੋਂ ਵੱਧ ਫੁਲਦਾ। ਗਲੇ ਵਿਚੋਂ ਘਰੜ-ਘਰੜ ਦੀ ਆਵਾਜ਼ ਆਉਂਦੀ ਤੇ ਬੀਬੀ ਸਿਰਹਾਣੇ ਵੱਲ ਪਏ ਮੇਜ਼ ’ਤੇ ਰੱਖੀ ਗੜਵੀ ’ਚੋਂ ਚਮਚੇ ਭਰ-ਭਰ ਉਸ ਦੇ ਮੂੰਹ ’ਚ ਪਾਉਣ ਲਗਦੀ। ਕਿੰਨਾ ਚਿਰ ਪਾਣੀ ਮੂੰਹ ਵਿਚ ਰਹਿੰਦਾ। ਫਿਰ ਜਦੋਂ ਉਹ ਹਉਕਾ ਲੈਣ ਵਰਗਾ ਸਾਹ ਲੈਂਦਾ ਤਾਂ ਪਾਣੀ ਗਲੇ ਹੇਠਾਂ ਨੂੰ ਉਤਰ ਜਾਂਦਾ। ਬੀਬੀ ਕੋਲੋਂ ਬਹੁਤਾ ਚਿਰ ਬੈਠਿਆ ਨਹੀਂ ਸੀ ਜਾਂਦਾ। ਉਹ ਗੇੜੇ ਜਿਹੇ ਨਾਲ ਆਉਂਦੀ, ਉਸ ਦੇ ਚਿਹਰੇ ਨੂੰ ਨਿਹਾਰਦੀ, ਪਜਾਮਾ ਦੇਖਦੀ ਤੇ ਸੋਚਾਂ ’ਚ ਗੁਆਚੀ ਵ੍ਹਾਗੁਰੂ-ਵ੍ਹਾਗੁਰੂ ਕਹਿੰਦੀ ਕਮਰੇ ’ਚੋਂ ਬਾਹਰ ਹੋ ਜਾਂਦੀ। ਜਲਦੀ ਹੀ ਉਸ ਨੂੰ ਅਚੋਤਾਈ ਲੱਗ ਜਾਂਦੀ। ਸ਼ਾਇਦ ਇਸ ਕਰਕੇ ਵੀ ਕਿ ਬਾਪੂ ਦਾ ਅੰਤ ਨੇੜੇ ਸੀ। ਹੁਣ ਮੋੜ ਪੈਣ ਦੀ ਆਸ ਧੁੰਦ ’ਚ ਗੁਆਚੀ ਚੀਜ਼ ਵਾਂਗ ਸੀ ਤੇ ਡਾਕਟਰ ਜਗਦੀਸ਼ ਨੇ ਜਵਾਬ ਦੇਣ ਦੀ ਮੁਦਰਾ ’ਚ ਕਿਹਾ ਸੀ ਕਿ ਬਜ਼ੁਰਗ ਦੀ ਸੇਵਾ ਕਰਨ ’ਚ ਹੀ ਤੁਹਾਡਾ ਸਾਰਿਆਂ ਦਾ ਭਲਾ ਹੈ। ਫਿਰ ਬੀਬੀ ਨੇ ਬਾਪੂ ਵਾਲੇ ਕਮਰੇ ਵਿਚ ਅਗਰਬੱਤੀ ਬੁਝਣ ਨਹੀਂ ਦਿੱਤੀ ਸੀ। ਸਟੀਰੀਉ ’ਤੇ ਵੱਡੇ ਤੜਕੇ ਤੋਂ ਦਸ ਵਜਦਿਆਂ ਤਾਈਂ ਵਾਰ ਵਾਰ ਜਪੁਜੀ ਸਾਹਿਬ ਦੀ ਕੈਸਿਟ ਤੇ ਸ਼ਾਮ ਨੂੰ ਹਨੇਰੇ ਦੇ ਅੰਦਰ-ਬਾਹਰ ਹੋਣ ਤੋਂ ਗੂੜ੍ਹੀ ਰਾਤ ਤਕ ਰਹਿਰਾਸ ਦਾ ਪਾਠ ਚਲਦਾ ਰਹਿੰਦਾ। ਇਸ ਸਮੇਂ ਦੌਰਾਨ ਬੀਬੀ ਦੀਆਂ ਅੱਖਾਂ ਬੰਦ ਹੁੰਦੀਆਂ, ਚੁੱਪ-ਚਾਪ ਤੁਰਦੀ ਫਿਰਦੀ ਰਹਿੰਦੀ ਤੇ ਬਾਪੂ ਨੂੰ ਮੋਢਿਉਂ ਫੜ ਕੇ ਹਲੂਣਦੀ ਹੋਈ ਕਹਿੰਦੀ, “ਤੂੰ ਆਵਾਜ਼ ਦੇ ਮਗਰ ਮਗਰ ਪਾਠ ਕਰੀ ਜਾ। ਸ਼ਾਇਦ ਅਗਲੇ ਜਨਮ ਵਿਚ ਤੇਰਾ ਭਲਾ ਹੋ ਜਾਵੇ।”

ਬੀਬੀ ਦਾ ਵਾਰ-ਵਾਰ ਇਉਂ ਕਹਿਣਾ ਮੈਨੂੰ ਬਹੁਤੀ ਵਾਰ ਹਾਸਾ ਲਿਆ ਦਿੰਦਾ। ਇਨ੍ਹਾਂ ਪਲਾਂ ’ਚ ਮੈਨੂੰ ਆਪਣੇ ਆਪ ’ਤੇ ਕੰਟ੍ਰੋਲ ਕਰਨਾ ਬੜਾ ਔਖਾ ਲਗਦਾ। ਮੈਂ ਆਪਣਾ ਸਿਰ ਗੋਡਿਆਂ ਦੀਆਂ ਚਪਣੀਆਂ ਤਕ ਝੁਕਾ ਲੈਂਦਾ, ਮਤੇ ਬੀਬੀ ਦੇਖ ਕੇ ਕਹਿ ਨਾ ਦੇਵੇ–ਤੇਰਾ



www.PunjabiLibrary.com

ਬਾਪੂ ਮਰਨ ਕੰਢੇ ਪਿਆ। ਤੈਨੂੰ ਹਾਸਾ ਸੁਝਦਾ। ਵੈਸੇ ਬੀਬੀ ਦਾ ਐਦਾਂ ਕਰਨਾ ਮੈਨੂੰ ਬੜਾ ਅਜੀਬ ਲਗਦਾ। ਅਚੰਭੇ ਭਰਿਆ।

ਹੁਣ ਵੀ ਅਜੀਬ ਲੱਗ ਰਿਹਾ ਸੀ।

ਹੁਣ ਹੀ ਕਿਉਂ ਜਦੋਂ ਦੀ ਮੈਂ ਸੁਰਤ ਸੰਭਾਲੀ ਹੈ ਉਦੋਂ ਤੋਂ ਹੀ ਅਜੀਬ ਲਗਦਾ ਆ ਰਿਹਾ ਹੈ। ਫਿਰ ਕਾਲਿਜ 'ਚ ਜਾਂਦਿਆਂ ਇਸ ਸਭ ਕਾਸੇ ਦੇ ਹੋਰ ਹੀ ਅਰਥ ਸਮਝ ਆਏ ਸਨ।

ਬਾਪੂ ਮਨਮਤਾ ਸੀ। ਜੋ ਉਸ ਦੇ ਚਿੱਤ 'ਚ ਆਉਂਦਾ, ਉਹੀ ਕਰਦਾ। ਫੇਰ ਭਾਵੇਂ ਨਫ਼ਾ ਹੋਵੇ ਜਾਂ ਨੁਕਸਾਨ। ਭਾਵੇਂ ਘਰ ਤਬਾਹ ਹੋ ਜਾਵੇ ਜਾਂ ਵਿਕ ਜਾਵੇ, ਇਸ ਨਾਲ ਉਸ ਨੂੰ ਕੋਈ ਸਰੋਕਾਰ ਨਾ ਰਹਿੰਦਾ। ਕਈ ਵਾਰ ਤਾਂ ਉਸ ਆਪਣੀ ਹਿੰਡ ਪੁਗਾਉਣੀ ਹੁੰਦੀ ਸੀ। ਉਸ ਆਪਣੀ ਹਿੰਡ ਉਦੋਂ ਤਾਈਂ ਪੁਗਾਈ ਜਦੋਂ ਤੀਕ ਉਸ ਦੀ ਚਲਦੀ ਰਹੀ। ਚਲਦੀ ਹੀ ਕਿਉਂ ਉਦੋਂ ਤਾਈਂ ਜਦੋਂ ਤਾਈਂ ਉਸਨੂੰ ਆਪਣੀ ਸੁਧ ਬੁਧ ਰਹੀ ਸੀ। ਆਖਿਰੀ ਸਮੇਂ ਤੋਂ ਤਿੰਨ ਦਿਨ ਪਹਿਲਾਂ ਤਕ।

ਪੇਸ਼ਾਬ ਕਰਨ ਲਈ ਮੈਂ ਉਠਿਆ ਤਾਂ ਬਾਪੂ ਦੀ ਸੱਜੀ ਬਾਂਹ ਮੰਜੇ ਤੋਂ ਹੇਠਾਂ ਲਮਕ ਰਹੀ ਸੀ। ਮੈਂ ਬਾਂਹ ਮੰਜੇ ਦੀ ਬਾਹੀ ਨਾਲ ਲੰਮੀ ਪਾ ਦਿੱਤੀ। ਮੇਰਾ ਧਿਆਨ ਬਾਪੂ ਦੇ ਚਿਹਰੇ ਵੱਲ ਸੱਜੇ ਖੱਬੇ ਚਲਿਆ ਗਿਆ। ਉਸ ਦੀਆਂ ਅੱਖਾਂ ਬੰਦ ਸਨ। ਕੋਰਾਂ 'ਚੋਂ ਪਾਣੀ ਸਿਮਿਆ ਹੋਇਆ ਸੀ। ਨੱਕ ਦੇ ਸੱਜੇ ਪਾਸੇ ਮੈਲ ਦੀ ਪੇਪੜੀ ਜੰਮੀ ਹੋਈ ਸੀ। ਦਾੜ੍ਹੀ ਦੇ ਵਾਲ ਖਿਲਰੇ ਹੋਏ ਸਨ। ਮੈਂ ਯਕਦਮ ਉਸ ਦੇ ਝੁਰੜੀਆਂ ਭਰੇ ਚਿਹਰੇ ਵੱਲੋਂ ਆਪਣਾ ਧਿਆਨ ਮੋੜ ਲਿਆ। ਦਰਅਸਲ ਮੇਰੇ ਕੋਲੋਂ ਉਸ ਵੱਲ ਦੇਖਿਆ ਹੀ ਨਹੀਂ ਗਿਆ। ਇਸ ਕਰਕੇ ਨਹੀਂ ਕਿ ਉਸ ਦਾ ਅੰਤ ਨੇੜੇ ਆ ਗਿਆ ਸੀ ਤੇ ਉਸ ਦੀਆਂ ਗਲ੍ਹਾਂ ਹੇਠਲੀਆਂ ਹੱਡੀਆਂ ਬਾਹਰ ਨੂੰ ਝਾਕਣ ਲੱਗੀਆਂ ਸਨ ਜਾਂ ਮੈਨੂੰ ਉਸ ਦੇ ਚਿਹਰੇ ਤੋਂ ਭੈਅ ਆਇਆ ਸੀ ਜਾਂ ਉਸ ਦੇ ਕੋਲੋਂ ਬਦਬੂ ਆ ਰਹੀ ਸੀ। ਬਦਬੂ ਵਰਗੀ ਕੋਈ ਚੀਜ਼ ਨਹੀਂ ਸੀ। ਬੀਬੀ ਤਾਂ ਦੋ ਵੇਲੇ ਗਰਮ ਪਾਣੀ ਨਾਲ ਉਸ ਦਾ ਮੂੰਹ ਪੂੰਝਦੀ ਰਹੀ ਸੀ ਤੇ ਦੂਜੇ ਦਿਨ ਕੱਪੜੇ ਵੀ ਬਦਲਦੀ ਰਹੀ ਸੀ। ਸਮੇਤ ਦਰੀ ਤੇ ਚਾਦਰ ਦੇ। ਆਪ ਬਾਹਰਲੀ ਤਾਕੀ ਖੋਲ੍ਹਦੀ ਤੇ ਸ਼ਾਮੀਂ ਬੰਦ ਕਰਦੀ। ਕਾਂਤਾ ਜਾਂ ਮੇਰੇ ਗੋਚਰੇ ਉਸ ਕੋਈ ਕੰਮ ਨਹੀਂ ਛੱਡਿਆ ਸੀ।

ਪਤਾ ਨਹੀਂ ਕਿੰਨੇ ਸਾਲ ਹੋ ਗਏ। ਸ਼ਾਇਦ ਮੇਰੀ ਨੌਂਕਰੀ ਲੱਗਣ ਤੋਂ ਪਹਿਲਾਂ। ਹੋ ਸਕਦਾ ਹੈ ਉਦੋਂ ਤੋਂ ਹੀ ਜਦੋਂ ਮੇਰਾ ਕਾਲਿਜ 'ਚ ਪਹਿਲਾ ਸਾਲ ਸੀ। ਯਾਦ ਆਇਆ ਕਾਲਿਜ 'ਚ ਪਹਿਲਾ ਸਾਲ ਹੀ ਸੀ। ਐਡਮੀਸ਼ਨ ਫੀਸ ਤੇ ਹੋਰ ਖਰਚੇ ਸਰਵਨ ਭਾਜੀ ਨੇ ਦਿੱਤੇ ਸਨ। ਅਗਲੇ ਸੈਸ਼ਨ ਦੀ ਫੀਸ ਜਮਾਂ ਕਰਾਉਣੀ ਸੀ। ਬਾਪੂ ਆਪਣੀ ਬੈਠਕ 'ਚ ਬੈਠਾ ਗੀਤ ਸੁਣ ਰਿਹਾ ਸੀ। ਆਪਣੇ ਮੂਡ 'ਚ। ਐਸ ਵੇਲੇ ਉਹ ਘਰ ਦੇ ਹਰੇਕ ਮੈਂਬਰ ਦੀ ਖਾਹਿਸ਼ ਸਿਰੇ ਚੜ੍ਹਾ ਦਿੰਦਾ ਸੀ। ਛੁੱਟ ਬੀਬੀ ਤੋਂ। ਬੀਬੀ ਤਾਂ ਉਸਦੇ ਕਮਰੇ 'ਚ ਜਾਣ ਦਾ ਹੀਆਂ ਹੀ ਨਹੀਂ ਕਰਦੀ ਸੀ। ਰੋਟੀ ਦੇਣੀ ਹੁੰਦੀ ਤਾਂ ਕਾਂਤਾ ਜਾਂਦੀ। ਚਾਹ ਪੁੱਛਣੀ ਹੁੰਦੀ ਤਾਂ ਮੈਂ ਪੁੱਛਦਾ। ਪਤਾ ਨਹੀਂ ਬਾਪੂ ਨੂੰ ਬੀਬੀ ਨਾਲ ਐਨੀ ਨਫ਼ਰਤ ਕਿਉਂ ਸੀ। ਕਈ ਵਾਰ ਚਿੱਤ ਕਰਦਾ ਕਿ ਉਹਨੂੰ ਪੁੱਛਾਂ ਪਰ ਬਾਪ ਤੇ ਬੇਟੇ ਵਿਚਲੀ ਉਸਰੀ ਕੰਧ ਉਪਰ ਦੀ ਮੇਰੇ ਕੋਲੋਂ ਜਾਇਆ ਨਹੀਂ ਗਿਆ ਸੀ। ਭੂਆ ਦੇ ਜਾਣਾ ਹੁੰਦਾ ਜਾਂ ਕਿਸੇ ਅਫਸੋਸ 'ਤੇ ਬਾਪੂ ਕਾਂਤਾ ਹੱਥ ਸੁਨੇਹਾ ਭੇਜ



ਦਿੰਦਾ, "ਆਪਣੀ ਬੀਬੀ ਨੂੰ ਦੱਸ ਦੇ-ਸਾਝਰੇ ਚੱਲਣਾ। ਐਵੇਂ ਸੰਗਣ ਮੰਗਣ ਨਾ ਕਰਦੀ ਰਹੇ। ਵੇਲੇ ਸਿਰ ਮੁੜਨਾ।" ਤੁਰਨ ਲੱਗਾ ਹੁਕਮ ਕਰ ਦਿੰਦਾ, "ਮੈਂ ਚੱਲਿਆਂ।" ਬਾਪੂ ਅੱਡੇ ਤੇ ਪੁੱਜਾ ਹੁੰਦਾ ਤੇ ਬੀਬੀ ਘਰੋਂ ਨਿਕਲਦੀ। ਮੁੜਦੇ ਹੋਏ ਵੀ ਅੱਗੜ-ਪਿੱਛੜ ਆਉਂਦੇ। ਅਸੀਂ ਚਾਰੇ ਭੈਣ ਭਰਾ ਉਹਲੇ ਉਹਲੇ ਹੱਸਦੇ।

ਗੀਤ ਖ਼ਤਮ ਹੋਣ ਤਕ ਮੈਨੂੰ ਚੁੱਪ ਰਹਿਣਾ ਪਿਆ ਸੀ। ਬਾਪੂ ਨੇ ਅੱਖਾਂ ਬੰਦ ਕਰ ਰੱਖੀਆਂ ਸਨ। ਇਉਂ ਜਿਵੇਂ ਕੋਈ ਸਾਧ ਭਗਤੀ 'ਚ ਲੀਨ ਹੁੰਦਾ। ਕੰਧ ਨਾਲ ਟਿਕਾਏ ਸਿਰਹਾਣੇ ਨਾਲ ਉਸ ਢੋਅ ਲਾ ਰੱਖੀ ਸੀ। ਸਿਰ 'ਤੇ ਸਾਫ਼ਾ ਲਪੇਟਿਆ ਸੀ। ਗੋਡਿਆਂ ਉਪਰ ਦੀ ਹੱਥ ਦੀ ਕੜਿੰਗੀ ਪਾਈ ਸੀ। ਉਪਰ ਦੀ ਲੋਈ ਦੀ ਬੁੱਕਲ ਮਾਰੀ ਹੋਈ ਸੀ।

"ਬਾਪੂ ਜੀ....ਮੈਂ ਇਕ ਸੌ ਵੀਹ ਫੀਸ ਦੇ ਦੇਣੇ।"

ਉਸ ਅੱਖਾਂ ਖੋਲ੍ਹੀਆਂ। ਦਗਦੀਆਂ ਹੋਈਆਂ। ਅੱਜ ਉਸ ਦੀਆਂ ਅੱਖਾਂ ਬਿਨ ਪੀਤਿਆਂ ਹੀ ਲਾਲ ਸਨ। ਸ਼ਾਇਦ ਅੱਗੇ ਵੀ ਲਾਲ ਹੁੰਦੀਆਂ ਹੋਣਗੀਆਂ, ਇਸ ਬਾਰੇ ਮੈਨੂੰ ਬਹੁਤਾ ਗਿਆਨ ਨਹੀਂ ਸੀ ਕਿਉਂ ਜੁ ਮੇਰੇ ਕੋਲੋਂ ਕਦੇ ਉਸ ਵੱਲ ਸਿੱਧਿਆਂ ਦੇਖਿਆ ਹੀ ਨਹੀਂ ਗਿਆ ਸੀ।

"ਆਪਣੀ ਬੀਬੀ ਕੋਲੋਂ ਲੈ ਲਈਂ", ਉਸ ਮੁੜ ਅੱਖਾਂ ਮੀਚ ਲਈਆਂ ਤੇ ਅਗਲੇ ਗੀਤ ਦੇ ਨਾਲ ਨਾਲ ਉਹੋ ਸ਼ਬਦ ਗੁਣਗੁਣਾਉਣ ਲੱਗਾ।

ਮੇਰੇ ਕੋਲ ਕਮਰੇ 'ਚੋਂ ਬਾਹਰ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਿਹਾ ਸੀ। ਮੁਕੇਸ਼ ਦੇ ਗੀਤਾਂ ਦੌਰਾਨ ਉਹ ਕਿਸੇ ਕਿਸਮ ਦੀ ਦਖਲ-ਅੰਦਾਜ਼ੀ ਪਸੰਦ ਨਹੀਂ ਸੀ ਕਰਦਾ ਹੁੰਦਾ। ਜੇ ਮੈਂ ਅੱਗੋਂ ਕੁਝ ਹੋਰ ਬੋਲਦਾ ਤਾਂ ਉਸ ਸਿੱਧਾ ਹੀ ਮੈਨੂੰ 'ਕਮਰੇ 'ਚੋਂ ਦਫਾ ਹੋ ਜਾ' ਕਹਿ ਦੇਣਾ ਸੀ।

ਦਰਵਾਜ਼ੇ ਕੋਲ ਆ ਕੇ ਮੈਂ ਉਸ ਵੱਲ ਦੇਖਿਆ ਸੀ। ਉਸ ਦਾ ਚਿਹਰਾ ਮੈਨੂੰ ਕਿਸੇ ਫਕੀਰ ਵਾਂਗ ਲੱਗਾ ਸੀ। ਪਹੁੰਚੇ ਹੋਏ ਫਕੀਰ ਵਾਂਗ। ਸ਼ਾਂਤ, ਗੰਭੀਰ।

ਬੀਬੀ ਨੇ ਵੀ ਉਸ ਦੀ ਗੱਲ ਸੁਣ ਲਈ ਸੀ। ਮੈਨੂੰ ਇਸ਼ਾਰੇ ਨਾਲ ਆਪਣੇ ਕੋਲ ਸੱਦ ਕੇ ਕਿਹਾ ਸੀ, "ਖਬਰਦਾਰ ਜੇ ਅਗਾਂਹ ਤੋਂ ਇਸ ਕੋਲੋਂ ਧੇਲਾ ਵੀ ਮੰਗਿਆ....ਜਿੰਨਾ ਚਿਰ ਤੂੰ ਪੜ੍ਹਦਾਂ ਤੇਰਾ ਖਰਚ ਮੈਂ ਦਊਂ....ਸਮਝਿਆ, ਬਾਕੀ ਜਿਉਂਦਾ ਰਹੇ ਸਰਵਨ। ਹੁਣ ਤਾਂ ਸੁਖ ਨਾਲ ਪ੍ਰੋਫੈਸਰ ਲੱਗ ਗਿਆ....ਇਹ ਕਮਾਈ ਉਹਦੇ....।" ਉਸ ਫੇਰ ਚਰਖੇ ਦੀ ਹਥੜੀ ਨੂੰ ਜ਼ੋਰ ਨਾਲ ਘੁੰਮਾ ਦਿੱਤਾ ਸੀ। ਉਸ ਦਾ ਚਿਹਰਾ ਹਰਖ ਨਾਲ ਲਾਲ ਹੋ ਗਿਆ ਸੀ। ਮੈਨੂੰ ਪਤਾ ਸੀ ਕਿ ਉਹ ਕਿਸ ਦੀ ਗੱਲ ਕਰਨ ਜਾ ਰਹੀ ਸੀ। ਮੈਂ ਪੰਜ ਕੁ ਮਿੰਟ ਉਥੇ ਖੜ੍ਹਾ ਰਿਹਾ ਸੀ ਕਿ ਉਹ ਅਗਾਂਹ ਕੁਝ ਬੋਲੇਗੀ। 'ਉਹ ਦਾ' ਜਿਸ ਨੂੰ ਉਹ ਬੰਤੀ ਝਿਊਰੀ ਕੋਲ ਆਪਣੀ ਸੌਂਕਣ ਕਹਿੰਦੀ ਹੁੰਦੀ ਹੈ....ਅੱਗਾ-ਪਿੱਛਾ ਫੋਲਣ ਲੱਗ ਜਾਵੇਗੀ। ਪਰ ਉਸ ਨਾ ਤਾਂ ਆਪਣਾ ਸਿਰ ਉਤਾਂਹ ਚੁੱਕਿਆ ਸੀ, ਨਾ ਬੁਲ੍ਹਾਂ 'ਚ ਬੁੜਬੁੜ ਕੀਤੀ ਸੀ। ਇਉਂ ਜਿਵੇਂ ਉਸਨੇ ਇਸ ਨੂੰ ਆਪਣੀ ਹੋਣੀ ਮੰਨ ਲਿਆ ਹੋਵੇ।

****

ਸਕੂਲ ਨੂੰ ਜਾਂਦਿਆਂ ਬਾਪੂ ਦਾ ਕਰਖਾਨਾ ਰਾਹ 'ਚ ਆਉਂਦਾ ਸੀ। ਉਨ੍ਹੀਂ



www.PunjabiLibrary.com

ਦਿਨੀਂ ਉਹ ਸੇਪੀ ਦਾ ਕੰਮ ਕਰਦਾ ਸੀ। ਇਕ ਦਿਨ ਸਾਰੀ ਛੁੱਟੀ ਵੇਲੇ ਮੈਂ 'ਮੇਰੇ ਪਿਤਾ ਜੀ' ਲੇਖ ਯਾਦ ਕਰਦਾ ਘਰ ਨੂੰ ਆ ਰਿਹਾ ਸੀ। ਕਈ ਵਾਕ ਯਾਦ ਆ ਜਾਂਦੇ। ਕਈ ਭੁੱਲ ਜਾਂਦੇ। ਐਦਾਂ ਹੀ ਭੁੱਲਦਿਆਂ ਯਾਦ ਕਰਦਿਆਂ ਬਾਪੂ ਦਾ ਕਰਖਾਨਾ ਆ ਗਿਆ ਸੀ। ਉਸ ਦਾ ਆਰਨ ਤਪਾਇਆ ਹੋਇਆ ਸੀ। ਕਰਮ ਸਿੰਘ ਪੱਖਾ ਗੇੜ ਰਿਹਾ ਸੀ। ਪਰ ਮੈਂ ਉਥੇ ਬਹੁਤਾ ਚਿਰ ਖੜ੍ਹਿਆ ਨਹੀਂ ਸੀ ਕਿਉਂ ਜੁ ਬਾਪੂ ਨੇ ਮੈਨੂੰ ਪੱਖਾ ਗੇੜਨ ਲਾ ਲੈਣਾ ਸੀ। ਫੇਰ ਘਰ ਤਾਈਂ ਮੇਰੇ ਲੇਖ 'ਚ ਕਈ ਕੁਝ ਜੁੜਦਾ ਚਲਾ ਗਿਆ ਸੀ। ...ਮੇਰੇ ਬਾਪੂ ਜੀ ਬਹੁਤ ਮਿਹਨਤ ਕਰਦੇ ਹਨ। ਉਹ ਸਾਝਰੇ ਆਰਨ ਤਪਾ ਲੈਂਦੇ ਹਨ। ਘਰ ਤਾਂ ਹਨੇਰੇ ਹੋਏ ਹੀ ਆਉਂਦੇ ਹਨ। ਰੋਟੀ ਘਰੋਂ ਜਾਂਦੀ ਹੈ। ਚਾਹ ਪਾਣੀ ਉਥੇ ਹੀ ਚਲਦਾ ਰਹਿੰਦਾ ਹੈ....ਕਈ ਸਤਰਾਂ ਹੋਰ ਜੁੜ ਗਈਆਂ ਸਨ। ਮੇਰਾ ਲੇਖ ਨਵਾਂ ਸੀ। ਬਾਕੀ ਮੁੰਡਿਆਂ ਨਾਲੋਂ ਵੱਖਰਾ ਸੀ। ਮੈਨੂੰ ਖੁਸ਼ੀ ਹੋਈ ਸੀ। ਮੈਨੂੰ ਬਾਪੂ 'ਤੇ ਮਾਣ ਸੀ। ਉਸ ਦੇ ਕਾਮਾ ਹੋਣ ਦਾ।

ਬਾਹਰਲੇ ਦਰਵਾਜ਼ੇ ਕੋਲ ਆਇਆ ਤਾਂ ਬੀਬੀ ਬੁਸ- ਬੁਸ ਕਰਦੀ ਸੁਣੀ ਸੀ।

ਮਾਸੀ ਕਰਤਾਰੋ ਉਸ ਨੂੰ ਸਮਝਾ ਰਹੀ ਸੀ, "ਲੈ ਕੁੜੇ, ਤੈਨੂੰ ਕਾਅਦਾ ਫ਼ਿਕਰ। ਇਕੋ ਇਕ ਕੁੜੀ ਕਾਂਤਾ। ਉਹ ਤਾਂ ਚੌਲਾਂ ਵਿਚ ਵਿਆਹੀ ਜਾਣੀ। ਜਿਉਂਦੇ ਰਹਿਣ ਉਸ ਦੇ ਮਾਮੇ। ਤੂੰ ਬਹੁਤਾ ਫ਼ਿਕਰ ਨਾ ਕਰਿਆ ਕਰ। ਆਦਮੀ ਜਾਤ ਐਦਾਂ ਦੀ ਹੁੰਦੀ....ਜਿੰਨੀ ਕਿਸੇ ਦੀ ਢਕੀ ਰਹਿ ਜਾਏ ਉਹ ਹੀ ਵਾਅਵਾ ਸਮਝ...।"

ਰਾਤੀਂ ਵੀ ਬੀਬੀ ਤੇ ਬਾਪੂ ਖਹਿਬੜਦੇ ਰਹੇ ਸਨ। ਅੱਧੀ ਰਾਤ ਤਾਈਂ। ਇਕ ਬੋਲਦਾ ਤਾਂ ਦੂਜਾ ਚੁੱਪ ਹੋ ਜਾਂਦਾ। ਮੋੜ-ਘੋੜ ਕੇ ਗੱਲ ਉਥੇ ਹੀ ਆ ਜਾਂਦੀ ਜਿੱਥੋਂ ਸ਼ੁਰੂ ਹੋਈ ਸੀ। ਅਸੀਂ ਚਾਰੇ ਭੈਣ ਭਰਾ ਦਲਾਨ 'ਚ ਬੈਠੇ ਸੁਣਦੇ ਰਹੇ ਸੀ।

"ਦੱਸ ਤੈਨੂੰ ਕਿਹੜੀ ਚੀਜ਼ ਨ੍ਹੀਂ ਮਿਲਦੀ?" ਬਾਪੂ ਚੀਕ ਪਿਆ ਸੀ।

"ਤੇਰੀਆਂ ਚੀਜ਼ਾਂ ਨੂੰ ਮੈਂ ਚੱਟਣਾ।"

"ਮੇਰੇ ਕੋਲੋਂ ਆਹ ਨ੍ਹੀਂ ਹੋਣਾ।"

"ਫੇਰ ਸੌਂ ਵੀ ਉਥੇ ਹੀ ਜਾਇਆ ਕਰ", ਕਲਪਦੀ ਹੋਈ ਬੀਬੀ ਦਲਾਨ 'ਚ ਆ ਗਈ ਸੀ।

ਫੇਰ ਬੀਬੀ ਬਾਪੂ ਦੀ ਬੈਠਕ 'ਚ ਕਦੇ ਨਹੀਂ ਵੜੀ।

ਫੇਰ ਬਾਪੂ ਲਈ ਘਰ ਦਾ ਅਰਥ ਸਿਰਫ਼ ਉਹਦੀ ਬੈਠਕ ਰਹਿ ਗਿਆ ਸੀ। ਮੇਰੇ ਲੇਖ ਦੇ ਅਰਥ ਵੀ ਬਦਲਦੇ ਗਏ ਸਨ।

****

ਘੜੀ 'ਤੇ ਗਿਆਰਾਂ ਵੱਜ ਗਏ ਸਨ।

ਮੇਰੀਆਂ ਨਜ਼ਰਾਂ ਕਮਰੇ 'ਚ ਪਈਆਂ ਚੀਜ਼ਾਂ ਦਾ ਮੁਆਇਨਾ ਕਰ ਰਹੀਆਂ ਸਨ। ਜਿੰਨੀ ਇਸ ਕਮਰੇ 'ਚ ਸਫਾਈ ਸੀ ਸ਼ਾਇਦ ਬਾਕੀ ਘਰ 'ਚ ਨਾ ਹੋਵੇ। ਹਰ ਚੀਜ਼ ਸਲੀਕੇ ਨਾਲ ਟਿਕਾਈ। ਸੰਵਾਰੀ। ਬਾਪੂ ਨੂੰ ਸਫਾਈ ਪਸੰਦ ਸੀ ਤੇ ਇਹ ਬੈਠਕ ਉਸ ਆਪਣੇ ਲਈ ਬਣਾਈ ਸੀ ਜਿਸ 'ਚ ਦੀਵਾਨ ਪਿਆ ਸੀ। ਸੋਫਾ ਨੁਮਾ ਪੰਜ ਕੁਰਸੀਆਂ ਸਨ। ਇਕ ਨੁੱਕਰ 'ਚ ਲੱਕੜ ਦੀ ਛੋਟੀ ਜਿਹੀ ਬਣਾਈ ਅੰਗੀਠੀ 'ਤੇ ਸਟੀਰੀਉ ਪਿਆ ਸੀ ਤੇ ਹੇਠਾਂ ਕੈਸਿਟਾਂ।



ਕਮਰੇ ਦੇ ਬਾਹਰ ਮੈਟ ਸੀ ਤੇ ਕਿਸੇ ਲਈ ਵੀ ਜੁੱਤੀ ਲੈ ਕੇ ਅੰਦਰ ਆਉਣਾ ਸਖ਼ਤ ਮਨ੍ਹਾ ਸੀ। ਇਕ ਵਾਰ ਉਸ ਦਾ ਲੰਗੋਟੀਆ ਯਾਰ ਮੋਹਣਾ ਆਪਣੇ ਨਵੇਂ ਖੁੱਸਿਆਂ ਸਣੇ ਅੰਦਰ ਆ ਵੜਿਆ। ਪਤਾ ਨਹੀਂ ਉਹ ਆਪਣੇ ਖੁੱਸੇ ਹੀ ਬਾਪੂ ਨੂੰ ਦਿਖਾਉਣਾ ਚਾਹੁੰਦਾ ਹੋਵੇਗਾ। ਪਰ ਬਾਪੂ ਬੋਲਿਆ ਕੁਝ ਨਾ, ਖੂੰਡੀ ਚੁੱਕੀ ਤੇ ਇਕ ਇਕ ਕਰਕੇ ਖੁੱਸੇ ਦਰਵਾਜ਼ੇ ਤੋਂ ਬਾਹਰ ਸੁੱਟ ਆਇਆ ਤੇ ਬੋਲਿਆ, "ਲੈ ਬਈ ਮੋਹਣ ਸਿਹਾਂ, ਜੇ ਬਚ ਗਏ ਤਾਂ ਤੇਰੇ। ਜੇ ਕੋਈ ਲੈ ਗਿਆ ਤਾਂ ਸਮਝ ਲਈਂ ਅਗਲੇ ਦੀ ਲੈਟਰੀ ਨਿਕਲ ਆਈ।" ਇਹ ਗੱਲ ਸਾਰੇ ਪਿੰਡ 'ਚ ਫੈਲ ਗਈ ਸੀ। ਬਾਪੂ ਦੇ ਇਕ ਹੋਰ ਅਸੂਲ ਨਾਲ ਜੁੜ ਗਈ ਸੀ।

ਡੂਢੀ ਬੁੱਕਲ ਮਾਰੀ ਬੀਬੀ ਆਈ ਤੇ ਬੁਝੀ ਅਗਰਬੱਤੀ ਨੂੰ ਦੇਖ ਕੇ ਉਸ ਮੇਰੇ ਵੱਲ ਦੇਖਿਆ। ਇਉਂ ਜਿਉਂ ਕਹਿ ਰਹੀ ਹੋਵੇ, 'ਪੁੱਤ ਹੋਰ ਲਾਉਣ 'ਚ ਕਿਹੜਾ ਭਾਰ ਲਗਦਾ।' ਫਿਰ ਉਸ ਇਕ ਹੋਰ ਅਗਰਬੱਤੀ ਲਾ ਦਿੱਤੀ ਤੇ ਅੱਧੀ ਰਜਾਈ ਆਪਣੇ ਵੱਲ ਨੂੰ ਖਿੱਚ ਕੇ ਗੋਡਿਆਂ ਤੀਕ ਲੈ ਲਈ।

ਮੈਂ ਬੀਬੀ ਵੱਲ ਦੇਖਿਆ। ਉਦੋਂ ਜਦੋਂ ਉਹ ਸਿੱਧੀ ਹੀ ਬਾਪੂ ਵੱਲ ਦੇਖ ਰਹੀ ਸੀ।

ਉਸ ਦੀਆਂ ਅੱਖਾਂ 'ਚ ਨਮੀ ਸੀ। ਉਹ ਰੋਣਾ ਚਾਹੁੰਦੀ ਸੀ ਪਰ ਮੇਰੇ ਸਾਹਮਣੇ ਰੋ ਨਹੀਂ ਸੀ ਸਕਦੀ। ਇਸ ਕਰਕੇ ਕਿ ਜੇ ਉਹ ਰੋ ਪਈ ਤਾਂ ਮੈਂ ਝੱਟ ਕਹਿ ਦੇਣਾ— "ਬੀਬੀ ਤੂੰ ਕਿਸ ਲਈ ਰੋਂਦੀ ਆਂ? ਉਸ ਲਈ ਜਿਸ ਨੇ ਤੈਨੂੰ ਕਦੇ ਪੈਰ ਦੀ ਜੁੱਤੀ ਵੀ ਨ੍ਹੀਂ ਸੀ ਸਮਝਿਆ।"

ਕਾਂਤਾ ਵੀ ਚਾਹੁੰਦੀ ਸੀ ਕਿ ਉਹ ਰੋਵੇ। ਭੁੱਬਾਂ ਮਾਰ ਮਾਰ ਕੇ। ਇਸ ਨਾਲ ਉਸ ਅੰਦਰ ਬੱਝੀ ਗੰਢ ਦੀਆਂ ਤਹਿਆਂ ਖੁੱਲ੍ਹਣੀਆਂ ਸ਼ੁਰੂ ਹੋ ਜਾਣਗੀਆਂ ਜਾਂ ਉਹ ਉੱਚੀ-ਉੱਚੀ ਹੱਸੇ। ਐਨਾ ਉੱਚੀ ਕਿ ਸਾਰਾ ਪਿੰਡ ਹੀ ਦੇਖੇ। ਇਸ ਨਾਲ ਵੀ ਉਸ ਦਾ ਬੋਝ ਹਲਕਾ ਹੋ ਸਕਦਾ ਸੀ।

ਪਰ ਉਹ ਕੁਝ ਨਹੀਂ ਕਰ ਸਕਦੀ ਸੀ। ਵਾਰ ਵਾਰ ਮੈਨੂੰ ਇਹ ਗੱਲ ਹੁੱਝਾਂ ਮਾਰ ਰਹੀ ਸੀ।

"ਵਿਜੈ....ਨੀਂਦ ਤਾਂ ਨ੍ਹੀਂ ਆਉਂਦੀ?" ਬੀਬੀ ਨੇ ਮੈਨੂੰ ਚੁੱਪ ਬੈਠਿਆਂ ਦੇਖ ਕੇ ਪੁੱਛਿਆ।

"ਊਂ....ਹੂੰ....।"

"ਫੇਰ ਚਾਹ ਬਣਾ ਲਿਆਵਾਂ।"

"ਤੁਹਾਡਾ ਪੀਣ ਨੂੰ ਚਿੱਤ ਕਰਦਾ?"

"ਮੇਰਾ ਚਿੱਤ ਤੇਰੇ ਨਾਲੋਂ ਕਿਤੇ ਵੱਖਰਾ ਥੋੜ੍ਹਾ।"

"ਜੇ ਮੈਂ ਬਣਾ ਲਿਆਵਾਂ।"

"ਤੂੰ ਕਿੱਥੇ ਟੱਕਰਾਂ ਮਾਰਦਾ ਫਿਰੇਂਗਾ। ਕਾਂਤਾ ਵੀ ਸੌਂ ਗਈ ਲਗਦੀ। ਕਲ੍ਹ ਦੀ ਉਨੀਂਦਰੀ ਸੀ। ਉਹਦਾ ਮੁੰਡਾ ਵੀ ਅੱਥਰਾ।"

ਉਹ ਖੜ੍ਹੀ ਹੋ ਗਈ। ਜਾਂਦੀ ਜਾਂਦੀ ਦਰਵਾਜ਼ੇ ਕੋਲੋਂ ਮੁੜ ਆਈ। ਬਾਪੂ ਦੀ ਰਜਾਈ ਠੀਕ ਕੀਤੀ ਤਾਂ ਉਸ ਨੂੰ ਨੱਕ ਕੋਲ ਜੰਮੀ ਮੈਲ ਦੀ ਪੇਪੜੀ ਦਿੱਸ ਪਈ। ਕੋਲ ਪਏ ਸਾਫੇ ਨਾਲ ਉਸ ਹੌਲੀ ਹੌਲੀ ਪੇਪੜੀ ਸਾਫ਼ ਕੀਤੀ ਤੇ ਦਾੜ੍ਹੀ ਦੇ ਖਿਲਰੇ ਵਾਲਾਂ ਨੂੰ ਰੁੱਖ ਸਿਰ



www.PunjabiLibrary.com

ਕਰਨ ਲੱਗੀ।

"ਬੀਬੀ ਮੈਂ ਚਾਹ ਬਣਾ ਕੇ ਲਿਆਉਣਾ," ਮੈਂ ਉਸ ਨੂੰ ਆਪਣੇ ਉਠਣ ਦਾ ਪਤਾ ਨਹੀਂ ਲੱਗਣ ਦਿੱਤਾ ਸੀ।

****

ਚਾਹ ਦੇ ਉਬਾਲੇ ਤਾਈਂ ਪਤਾ ਨਹੀਂ ਮੈਂ ਕੀ ਦਾ ਕੀ ਊਲ-ਜਲੂਲ ਸੋਚਦਾ ਰਿਹਾ ਸੀ। ਇਸੇ ਦੌਰਾਨ ਮੈਨੂੰ ਇਕ ਗੱਲ ਰੜਕਦੀ ਰਹੀ ਸੀ ਕਿ ਹੁਣ ਜਦੋਂ ਬਾਪੂ ਦੀ ਜ਼ਿੰਦਗੀ ਦਾ ਕੋਈ ਵਸਾਹ ਨਹੀਂ ਰਿਹਾ, ਫੇਰ ਬੀਬੀ ਨੇ ਸਰਵਨ ਭਾਜੀ ਨੂੰ ਚਿੱਠੀ ਕਿਉਂ ਨਹੀਂ ਪਾਈ, ਨਾ ਹੀ ਕਿਸੇ ਹੱਥ ਸੁਨੇਹਾ ਭੇਜਿਆ ਸੀ। ਮੈਂ ਉਸ ਕੋਲੋਂ ਪੁੱਛਦਾ-ਪੁੱਛਦਾ ਰਹਿ ਗਿਆ ਸੀ ਕਿਉਂ ਜੁ ਏਸ ਸਮੇਂ ਉਨ੍ਹਾਂ ਦੋਹਾਂ ਨੂੰ ਇਥੇ ਹੋਣਾ ਚਾਹੀਦਾ ਸੀ। ਸਰਵਨ ਭਾਜੀ ਗੌਰਮਿੰਟ ਕਾਲਿਜ 'ਚ ਲੈਕਚਰਾਰ ਸਨ ਤੇ ਕੁਲਦੀਪ ਭਾਜੀ ਪੰਜਾਬ ਰੋਡਵੇਜ਼ 'ਚ ਆਡੀਟਰ। ਦੋਵੇਂ ਅਪਰੋਚ ਵਾਲੇ ਸਨ। ਸਰਵਨ ਭਾਜੀ ਕੋਲ ਤਾਂ ਆਪਣੀ ਗੱਡੀ ਵੀ ਸੀ ਤੇ ਬਾਪੂ ਨੂੰ ਉਹ ਸ਼ਹਿਰ ਦੇ ਕਿਸੇ ਵੀ ਚੰਗੇ ਹਸਪਤਾਲ 'ਚ ਲਿਜਾ ਕੇ ਦਿਖਾ ਸਕਦੇ ਸਨ। ਫੇਰ ਕੋਈ ਸਲਾਹ ਕਰਨੀ ਹੁੰਦੀ ਹੈ। ਤਿੰਨੇ ਇਕੱਠੇ ਹੁੰਦੇ ਤਾਂ ਕਿਸੇ ਇਕ 'ਤੇ ਬੋਝ ਨਾ ਪੈਂਦਾ ਤੇ ਪਿੱਠ ਪਿੱਛੇ ਕੋਈ ਕਿਸੇ ਨੂੰ ਕੁਝ ਕਹਿਣ ਜੋਗਾ ਨਾ ਰਹਿੰਦਾ। ਹਰੇਕ ਆਪਣੇ ਫਰਜ਼ਾਂ ਨੂੰ ਨਿਭਾਉਂਦਾ। ਪਿੰਡ ਵਾਲੇ ਮਾਣ ਕਰਦੇ। ਬੀਬੀ ਨੂੰ ਚਿੰਤਾ ਨਾ ਹੁੰਦੀ। ਕਾਂਤਾ ਵੇਲੇ ਸਿਰ ਆਪਣੇ ਘਰ ਜਾਣ ਵਾਲੀ ਬਣਦੀ। ਜਿਦਣ ਦਾ ਬਾਪੂ ਮੰਜੇ 'ਤੇ ਪਿਆ, ਕਾਂਤਾ ਹੀ ਉਸ ਕੋਲ ਸੀ। ਇਸ ਕਰਕੇ ਵੀ ਕਿ ਉਹ ਸਾਡੇ ਸਾਰਿਆਂ ਨਾਲੋਂ ਨੇੜੇ ਰਹਿੰਦੀ ਸੀ। ਬੀਬੀ ਨੇ ਆਂਢ ਗੁਆਂਢ ਦੇ ਕਿਸੇ ਮੁੰਡੇ ਹੱਥ ਸੁਨੇਹਾ ਭੇਜ ਕੇ ਉਸ ਨੂੰ ਮੰਗਵਾ ਲਿਆ ਹੋਵੇਗਾ। ਮੇਰਾ ਆਉਣਾ ਤਾਂ ਸਬੱਬ ਨਾਲ ਹੋਇਆ ਸੀ। ਮੇਰੀ ਬੱਚੀ ਨੂੰ ਮੱਕੀ ਦੀ ਰੋਟੀ ਬੜੀ ਪਸੰਦ ਸੀ। ਮੱਕੀ ਦੀ ਮੇਥੀ ਵਾਲੀ ਰੋਟੀ। ਚੰਗੀ ਮੱਕੀ ਜੱਸੇ ਕਿਆਂ ਦਿਉਂ ਹੀ ਮਿਲ ਸਕਦੀ ਸੀ। ਫੇਰ ਜੱਸਾ ਜਦੋਂ ਵੀ ਮਿਲਦਾ, ਪਿੰਡ ਆਉਣ ਦੀ ਤਾਕੀਦ ਕਰਦਾ ਰਹਿੰਦਾ। ਸ਼ਨੀਵਾਰ ਤੇ ਐਤਵਾਰ ਦੀ ਛੁੱਟੀ ਸੀ ਤੇ ਐਤਵਾਰ ਸ਼ਾਮ ਨੂੰ ਮੈਂ ਬੋਰਾ ਲੈ ਕੇ ਆ ਜਾਣਾ ਸੀ। ਜੇ ਮੈਂ ਨਾ ਆਉਂਦਾ ਤਾਂ ਮੈਨੂੰ ਬਾਪੂ ਦੀ ਬਿਮਾਰੀ ਦਾ ਕੀ ਪਤਾ ਲੱਗਣਾ ਸੀ।

...ਕਲ੍ਹ ਸ਼ਾਮੀਂ ਹੀ ਬੀਬੀ ਨੂੰ ਦਿੱਸਣ ਲੱਗ ਗਿਆ ਸੀ ਕਿ ਬਾਪੂ ਦਾ ਅੰਤ ਸਿਰ 'ਤੇ ਖੜ੍ਹਾ ਹੈ। ਉਸ ਮੈਨੂੰ ਸਮਝਾਉਣ ਦੇ ਲਹਿਜ਼ੇ 'ਚ ਕਿਹਾ ਸੀ, "ਕਿਸੇ ਨੂੰ ਸੱਦਣ ਦੀ ਲੋੜ ਨ੍ਹੀਂ। ਇਹ ਜਿੰਦਾਂ ਦਾ ਮਰਜ਼ੀ ਸੀ ਪਰ ਕਿਸੇ ਦੀ ਮਰਗ 'ਤੇ ਪਿੱਛੇ ਨ੍ਹੀਂ ਹੋਇਆ। ਜੇ ਕੋਈ ਮਰੇ ਨੂੰ ਨਹਾਉਣ ਦਾ ਹਿਆਂ ਨਾ ਕਰਦਾ ਤਾਂ ਇਹ ਮੋਹਰੇ ਹੋ ਜਾਂਦਾ। ਤੈਨੂੰ ਪਤਾ ਆਪਣੇ ਪਿੰਡ ਵਾਲੇ ਦੁਨੀਏ ਬ੍ਰਾਹਮਣ ਦਾ, ਉਹ ਹੀ ਜਿਹੜਾ ਸੇਪੀ ਕਰਦਾ ਸੀ ਨਾ। ਲੰਙਾ ਦੁਨੀਆ। ਉਹ ਆਪਣੀ ਕੋਠੜੀ ਵਿਚ ਹੀ ਮਰ ਗਿਆ। ਦੋ ਦਿਨਾਂ ਬਾਅਦ ਪਤਾ ਲੱਗਾ। ਡਰਦਾ ਮਾਰਾ ਕੋਈ ਲਾਗੇ ਨਾ ਜਾਵੇ। ਇਸ ਪਿਉ ਦੇ ਪੁੱਤ ਨੇ ਜ਼ੋਰ ਨਾਲ ਧੱਕਾ ਮਾਰ ਕੇ ਦਰਵਾਜ਼ੇ ਨੂੰ ਕਬਜ਼ਿਆਂ ਸਣੇ ਪੁੱਟ ਸੁੱਟਿਆ। ਅੰਦਰੋਂ ਬੋ ਆਈ। ਬਾਹਰ ਤਾਂ ਹਮਾ ਤਮਾ ਦੀ ਭੀੜ ਲੱਗੀ ਸੀ ਪਰ ਕੋਈ ਭੜੂਆ ਲਾਗੇ ਨਾ ਜਾਵੇ। ਇਹ ਬਾਹਰ ਆ ਗਿਆ ਤੇ ਪਾਸੇ ਵਾਲਿਆਂ ਨੂੰ ਕਿਹਾ— "ਤੁਸੀਂ ਬਾਲਣ ਸੁਟਵਾਉ। ਬਾਕੀ ਮੈਂ ਜਾਣਾ ਮੇਰਾ ਕੰਮ ਜਾਣੇ। ਜੇ ਕੋਈ ਸੀੜ੍ਹੀ ਨੂੰ



ਹੱਥ ਪਾਉਣੋਂ ਡਰਦਾ ਤਾਂ ਮੈਂ 'ਕੱਲਾ ਚੁੱਕ ਲੈ ਜਾਊਂ....।"

ਪਰ ਮੇਰੇ ਕੋਲੋਂ ਬਾਪੂ ਦੀ ਪ੍ਰਸੰਸਾ ਸੁਣੀ ਨਾ ਗਈ। ਮੈਂ ਤਾਂ ਹਮੇਸ਼ਾ ਹੀ ਇਹ ਚਾਹਿਆ ਕਿ ਮੇਰੇ ਸਾਹਮਣੇ ਬਾਪੂ ਦੀ ਕੋਈ ਨਿੰਦਿਆ ਕਰੇ। ਉਸ ਦੀਆਂ ਕਮਜ਼ੋਰੀਆਂ ਦੀਆਂ ਕਹਾਣੀਆਂ ਸੁਣਾਵੇ। ਉਹ ਵੀ ਵਧਾ ਚੜ੍ਹਾ ਕੇ। ਪਰਸੋਂ ਜਦੋਂ ਮੈਂ ਅੱਡੇ 'ਤੇ ਉਤਰਿਆ ਤਾਂ ਲੰਬੜਾਂ ਦਾ ਪਿਆਰਾ ਮਿਲਿਆ ਸੀ। ਉਸ ਪੁੱਛਿਆ ਸੀ, "ਤਾਏ ਦਾ ਕੀ ਹਾਲ ਚਾਲ ਆ?"

"ਮੈਂ ਅੱਠਾਂ ਮਹੀਨਿਆਂ ਬਾਅਦ ਪਿੰਡ ਆਇਆਂ। ਇਹ ਪਿੰਡ ਵਾਲਿਆਂ ਨੂੰ ਪਤਾ ਹੋਊ।" ਮੈਨੂੰ ਖਿਝ ਆ ਗਈ ਸੀ।

"ਲੈ ਪਿਉ ਤੇਰਾ, ਕਹਿੰਦਾ ਪਤਾ ਪਿੰਡ ਵਾਲਿਆਂ ਨੂੰ ਹੋਊ।" ਉਸ ਵਿਅੰਗ ਨਾਲ ਕਿਹਾ ਤਾਂ ਅੱਗੋਂ ਮੈਂ ਆਪਣੀ ਤੁਰਨ ਦੀ ਰਫ਼ਤਾਰ ਵਧਾ ਦਿੱਤੀ ਸੀ। ਮੈਨੂੰ ਪਤਾ ਸੀ ਕਿ ਪਿਆਰੇ ਦੇ ਪਿਉ ਮੋਹਣੇ ਨਾਲ ਬਾਪੂ ਦਾ ਖਾਣ-ਪੀਣ ਇਕ ਰਿਹਾ। ਇਨ੍ਹਾਂ ਕੋਲੋਂ ਬਾਪੂ ਦੀ ਉਸਤਤ ਤੋਂ ਬਿਨਾਂ ਹੋਰ ਕੁਝ ਨਹੀਂ ਕਿਹਾ ਜਾਣਾ। ਉਦਾਂ ਵੀ ਇਹ ਬਾਪੂ ਦਾ ਅਹਿਸਾਨ ਮੰਨਦੇ ਹਨ। ਇਕ ਮੈਂ ਸੀ ਜੋ ਕਦੇ ਬਾਪੂ ਨੂੰ ਟਿੱਚ ਨਹੀਂ ਸਮਝਦਾ। ਬਾਪੂ ਮੈਨੂੰ ਟਿੱਚ ਨਹੀਂ ਸਮਝਦਾ ਰਿਹਾ ਸੀ। ਦਸ ਸਾਲ ਪਿੰਡ ਛੱਡਿਆਂ ਨੂੰ ਹੋਣ ਲੱਗੇ ਸਨ। ਬਾਪੂ ਇਕ ਵਾਰ ਵੀ ਮੇਰੇ ਘਰ ਨਹੀਂ ਸੀ ਆਇਆ। ਮੇਰੇ ਇਕੋ ਇਕ ਮੁੰਡੇ ਮਨਦੀਪ ਦੀ ਛਟੀ 'ਤੇ ਵੀ ਨਹੀਂ। ਉਦੋਂ ਸਿਰਫ਼ ਬੀਬੀ ਆਈ ਸੀ। ਮੈਂ ਡੱਬਾ ਲੈ ਕੇ ਆਇਆ ਸੀ ਤੇ ਨਾਲ ਹੀ ਅਖੰਡ ਪਾਠ ਦਾ ਕਾਰਡ। ਬਾਪੂ ਬੈਠਕ 'ਚ ਬੈਠਾ ਸੀ। ਮੈਂ ਬੀਬੀ ਨੂੰ ਕਾਰਡ 'ਤੇ ਛਪੇ ਅੱਖਰਾਂ ਨੂੰ ਉੱਚੀ ਉੱਚੀ ਪੜ੍ਹ ਕੇ ਸੁਣਾ ਰਿਹਾ ਸੀ ਤਾਂ ਕਿ ਬਾਪੂ ਨੂੰ ਵੀ ਸੁਣ ਪਵੇ....ਸਰਦਾਰ ਮਲਕੀਤ ਸਿੰਘ ਵੱਲੋਂ ਆਪਣੇ ਪੋਤਰੇ ਦੀ....ਅਗਲੇ ਅੱਖਰ ਸੁਣਨ ਤੋਂ ਪਹਿਲਾਂ ਹੀ ਉਸ ਸਟੀਰੀਉ ਦੀ ਆਵਾਜ਼ ਉੱਚੀ ਕਰ ਦਿੱਤੀ ਸੀ। ਮੈਂ ਸਭ ਕੁਝ ਸਮਝ ਗਿਆ ਸੀ। ਮੈਂ ਕਾਰਡ 'ਤੇ ਬਾਪੂ ਦਾ ਨਾਂ ਛਪਵਾਉਣਾ ਨਹੀਂ ਚਾਹੁੰਦਾ ਸੀ ਪਰ ਨੀਲਮ ਨੇ ਮੇਰੀ ਇਕ ਨਹੀਂ ਮੰਨੀ ਸੀ। ਕਹਿੰਦੀ ਰਹੀ- ਕਾਰਡ ਵੱਡਿਆਂ ਵੱਲੋਂ ਜਾਣਾ ਚਾਹੀਦਾ ਹੈ। ਸ਼ਾਇਦ ਇਸ ਨਾਲ ਬਾਪੂ ਜੀ ਮੰਨ ਜਾਣ। ਪਰ ਬਾਪੂ ਵੀ ਆਪਣੇ ਅਸੂਲਾਂ ਦਾ ਪੱਕਾ ਸੀ। ਬੀਬੀ ਚਾਹ ਬਣਾ ਕੇ ਲਿਆਈ ਸੀ ਤੇ ਮੈਂ ਆਪਣਾ ਮਨ ਬਾਪੂ ਕੋਲ ਜਾਣ ਲਈ ਕਰੜਾ ਕਰ ਲਿਆ ਸੀ ਪਰ ਪਿਛਲ ਖੁਰੀ ਆਉਂਦੇ ਬਾਪੂ ਨੇ ਕੜਾਕ ਦੇਣੀ ਦਰਵਾਜ਼ਾ ਲਾਇਆ ਤੇ ਬਾਹਰਲੇ ਦਰਵਾਜ਼ਿਆਂ ਤੋਂ ਬਾਹਰ। ਮੈਨੂੰ ਪਤਾ ਸੀ ਕਿ ਹੁਣ ਉਹ ਆਪਣੇ ਕਰਖਾਨੇ ਹੀ ਜਾਵੇਗਾ। ਐਦਾਂ ਦੇ ਵੇਲੇ ਉਸ ਦੀ ਆਖਿਰੀ ਮੰਜ਼ਲ ਉਸ ਦਾ ਹਵੇਲੀ 'ਚ ਬਣਾਇਆ ਕਰਖਾਨਾ ਹੀ ਹੁੰਦਾ ਸੀ ਜਿੱਥੇ ਕੰਮ ਤੋਂ ਉਸ ਨੂੰ ਕਦੇ ਵਿਹਲ ਨਹੀਂ ਸੀ ਮਿਲੀ। ਬੀਬੀ ਕੋਲ ਚੁੱਪ ਰਹਿਣ ਤੋਂ ਬਿਨਾਂ ਕੋਈ ਦੂਜਾ ਚਾਰਾ ਨਹੀਂ ਸੀ ਤੇ ਮੈਨੂੰ ਇਸ ਗੱਲ ਦਾ ਵੀ ਆਭਾਸ ਸੀ ਕਿ ਜੇ ਮੈਂ ਬਾਪੂ ਨੂੰ ਕਰਖਾਨੇ ਜਾ ਕੇ ਕਹਿਣ ਨਾ ਗਿਆ ਤਾਂ ਬੀਬੀ ਦੀ ਚੁੱਪ ਲੰਮੀ ਹੋ ਜਾਣੀ ਸੀ। ਇਸ ਸਮੇਂ ਮੈਨੂੰ ਬਾਪੂ ਨਾਲੋਂ ਨੀਲਮ 'ਤੇ ਜ਼ਿਆਦਾ ਗੁੱਸਾ ਆਇਆ ਸੀ। ਖਾਹ-ਮਖਾਹ ਮੈਨੂੰ ਭੇਜ ਦਿੱਤਾ ਸੀ। ਨਾਲ ਚੱਲਣ ਲਈ ਕਿਹਾ ਤਾਂ ਉਹ ਬੋਲੀ ਸੀ, "ਤੁਹਾਨੂੰ ਮੇਰੀ ਸਥਿਤੀ ਦਾ ਤਾਂ ਪਤਾ। ਮੈਂ ਸਫਰ ਕਿਵੇਂ ਕਰ ਸਕਦੀ ਆਂ।" ਆਉਣਾ ਮੇਰੀ ਮਜ਼ਬੂਰੀ ਬਣ ਗਈ ਸੀ। ਹੁਣ ਇਹੋ ਮਜ਼ਬੂਰੀ ਮੈਨੂੰ ਕਾਰਖਾਨੇ



www.PunjabiLibrary.com

ਲੈ ਗਈ ਸੀ। ਬਾਪੂ ਬੈਡ ਦੇ ਢੋਅ ’ਤੇ ਲਾਉਣ ਲਈ ਪਲਾਈ ਮਿਣ ਰਿਹਾ ਸੀ ਮੇਰੇ ਕੋਲ ਜਾਣ ’ਤੇ ਬੋਲਿਆ ਸੀ, “ਤੂੰ ਕਾਰਡ ਅੰਗੀਠੀ ਤੇ ਰੱਖਦੇ ਤੇ ਆਪਣੀ ਰੰਨ ਕੋਲ ਚਲਿਆ ਜਾ।” ਬਾਪੂ ਦੇ ਐਦਾਂ ਰੁੱਖਾ ਬੋਲਣ ਨੇ ਮੈਨੂੰ ਝੁਣਝੁਣੀ ਲਿਆ ਦਿੱਤੀ ਸੀ। ਬਾਪੂ ਦੇ ਗੁੱਸੇ ’ਚ ਕੋਈ ਫ਼ਰਕ ਨਹੀਂ ਸੀ ਆਇਆ। ਕਰਖਾਨਿਉਂ ਘਰ ਤਕ ਦਾ ਸਫ਼ਰ ਮੈਨੂੰ ਕੋਹਾਂ ਮੀਲ ਦੂਰ ਲੱਗਾ ਸੀ। ਪਤਾ ਨਹੀਂ ਕਿਉਂ ਜਦੋਂ ਕਦੇ ਬਾਪੂ ਗੁੱਸੇ ਨਾਲ ਬੋਲਦਾ ਸੀ, ਉਦੋਂ ਮੈਨੂੰ ਬੈਠਕ ’ਚ ਬੈਠੇ ਮੋਹਣੇ ਨੂੰ ਬਾਪੂ ਦੇ ਕਹੇ ਸ਼ਬਦ ਵਾਰ ਵਾਰ ਯਾਦ ਆ ਜਾਂਦੇ ਸਨ, “ਜਨਾਨੀਆਂ ਸਮਝਦੀਆਂ ਬਈ ਜਦੋਂ ਪੁੱਤ ਬਰੋਬਰ ਦੇ ਹੋ ਜਾਣ ਤਾਂ ਉਨ੍ਹਾਂ ਦੀ ਸਰਦਾਰੀ ਹੋਣੀ ਚਾਹੀਦੀ ਆ, ਕਿਉਂਜੁ ਉਹ ਇਹ ਸਮਝਦੀਆਂ ਬਈ ਪੁੱਤ ਜਦੋਂ ਬੋਲੂਗਾ, ਆਪਣੀ ਮਾਂ ਦੇ ਪੱਖ ਵਿਚ ਬੋਲੂਗਾ। ਫੇਰ ਤਾਂ ਪੁੱਤ ਸ਼ਰੀਕ ਹੋ ਗਏ। ਮੈਂ ਅਜਿਹੇ ਸ਼ਰੀਕਾਂ ਨੂੰ....’ਤੇ ਵੀ ਨ੍ਹੀਂ ਮਾਰਦਾ।”

****

ਦੋਹਾਂ ਹੱਥਾਂ ’ਚ ਚਾਹ ਦੇ ਗਿਲਾਸ ਫੜੀ ਮੈਂ ਵਰਾਂਡੇ ’ਚ ਆਇਆ ਤਾਂ ਬੀਬੀ ਬਾਪੂ ’ਤੇ ਝੁਕੀ ਖੜ੍ਹੀ ਸੀ। ਉਸ ਦੇ ਹੱਥ ਬਾਪੂ ਦੀ ਧੌਣ ਕੋਲ ਸਨ। ਮੈਂ ਆਹਿਸਤੇ-ਆਹਿਸਤੇ ਤਾਕੀ ਕੋਲ ਆ ਖੜ੍ਹਿਆ। ਮੈਨੂੰ ਬੀਬੀ ਘਬਰਾਈ ਹੋਈ ਲੱਗੀ। ਉਹ ਵਾਰ ਵਾਰ ਆਪਣੀ ਬੁੱਕਲ ਠੀਕ ਕਰ ਰਹੀ ਸੀ ਤੇ ਨਾਲ ਹੀ ਫੈਲਾ ਰਹੀ ਸੀ। ਜਿਵੇਂ ਉਹ ਜੋ ਕੁਝ ਵੀ ਕਰ ਰਹੀ ਸੀ, ਉਹ ਕਿਸੇ ਦੂਜੇ ਨੂੰ ਨਾ ਦਿੱਸੇ। ਪਰ ਉਸ ਇਕ ਵਾਰ ਵੀ ਦਰਵਾਜ਼ੇ ਵੱਲ ਨਹੀਂ ਦੇਖਿਆ ਸੀ।

ਬੀਬੀ ਦੀਆਂ ਉਂਗਲਾਂ ਅਜੇ ਵੀ ਬਾਪੂ ਦੀ ਧੌਣ ਕੋਲ ਹੀ ਸਨ। ਮੇਰੇ ਮਨ ’ਚ ਵਿਚਾਰ ਉਭਰਿਆ ਕਿ ਉਹ ਹੁਣ ਬਾਪੂ ਦਾ ਗਲਾ ਘੁੱਟ ਦੇਵੇਗੀ। ਸਾਰੀ ਉਮਰ ਬਾਪੂ ਨੇ ਉਸ ਦੀ ਇਕ ਨਹੀਂ ਸੁਣੀ। ਬੱਸ ਆਪਣੀ ਚਲਾਈ। ਸ਼ਾਇਦ ਬੀਬੀ ਦਾ ਗੁੱਸਾ ਬਾਹਰ ਨਿਕਲਣਾ ਸ਼ੁਰੂ ਹੋ ਗਿਆ ਹੋਵੇ ਜਾਂ ਉਹ ਵੀ ਆਪਣਾ ਬਦਲਾ ਲੈਣਾ ਚਾਹੁੰਦੀ ਹੋਵੇ। ਫੇਰ ਇਸ ਤੋਂ ਚੰਗਾ ਮੌਕਾ ਹੋਰ ਕਿਹੜਾ ਹੋ ਸਕਦਾ ਹੈ। ਮੈਨੂੰ ਇਹ ਅਹਿਸਾਸ ਹੁੰਦਾ ਰਿਹਾ ਸੀ ਕਿ ਬੀਬੀ ਸਿਰਫ਼ ਜਿਉਂ ਰਹੀ ਸੀ। ਬੱਸ ਜਿਊਣ ਲਈ। ਇਸ ਤੋਂ ਵੱਧ ਕੁਝ ਵੀ ਨਹੀਂ। ਜਦੋਂ ਬੀਬੀ ਦੀਆਂ ਉਂਗਲਾਂ ਦੀਆਂ ਗੱਠਾਂ ਦਿੱਸੀਆਂ ਤਾਂ ਮੈਨੂੰ ਖੁਸ਼ੀ ਹੋਈ ਸੀ। ਅਥਾਹ ਖੁਸ਼ੀ। ਮੈਂ ਆਪ ਚਾਹੁੰਦਾ ਸੀ ਕਿ ਬਾਪੂ ਮਰ ਜਾਵੇ। ਇਸ ਨੂੰ ਤਾਂ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਮਰ ਜਾਣਾ ਚਾਹੀਦਾ ਸੀ। ਫੇਰ ਇਹ ਜਿਊਂਦਾ ਕਿਉਂ ਰਿਹਾ ਸੀ।

ਹੁਣ ਬੀਬੀ ਦਾ ਹੱਥ ਬਾਪੂ ਦੇ ਨੱਕ ਕੋਲ ਸੀ। ਸ਼ਾਇਦ ਉਸ ਕੋਲੋਂ ਬਾਪੂ ਦੀ ਘੰਡੀ ਨਾ ਘੁੱਟ ਹੋਈ ਹੋਵੇ। ਉਹ ਉਸ ਦਾ ਸਾਹ ਬੰਦ ਕਰਕੇ ਮਾਰ ਦੇਣਾ ਚਾਹੁੰਦੀ ਹੋਵੇ। ਮਾਰਨ ਦਾ ਇਹ ਤਰੀਕਾ ਵੀ ਵਧੀਆ ਹੋ ਸਕਦਾ। ਇਕ ਹੱਥ ਮੂੰਹ ’ਤੇ ਰੱਖ ਦਿਉ ਤੇ ਇਕ ਨਾਲ ਨਾਸਾਂ ਬੰਦ ਕਰ ਦਿਉ। ਪੰਜ ਮਿੰਟਾਂ ’ਚ ਘੋਗਾ ਚਿੱਤ ਹੋ ਜਾਂਦਾ।

ਹੱਥਾਂ ’ਚ ਫੜੇ ਗਿਲਾਸ ਮੈਂ ਬੰਨੀ ’ਤੇ ਰੱਖ ਦਿੱਤੇ। ਮੇਰੇ ਮਨ ’ਚ ਆਇਆ ਕਿ ਇਸ ਕੰਮ ’ਚ ਬੀਬੀ ਦੀ ਸਹਾਇਤਾ ਕੀਤੀ ਜਾਣੀ ਚਾਹੀਦੀ ਸੀ। ਉਸ ਦੀਆਂ ਕਮਜ਼ੋਰ ਉਂਗਲਾਂ ’ਚ ਹੁਣ ਪਹਿਲਾਂ ਜਿੰਨੀ ਤਾਕਤ ਨਹੀਂ ਰਹੀ ਸੀ। ਕਾਂਤਾ ਦਲਾਨ ’ਚ ਘੂਕ ਸੁੱਤੀ ਪਈ ਸੀ। ਮੇਰੇ ਸਿਵਾਏ ਉਸ ਦੀ ਸਹਾਇਤਾ ਕੌਣ ਕਰ ਸਕਦਾ ? ਪਰ ਦੂਜੇ ਪਲ ਇਕ ਹੋਰ



ਵਿਚਾਰ ਆਇਆ ਕਿ ਮੇਰੇ ਜਾਣ ਨਾਲ ਕਿਤੇ ਉਹ ਆਪਣੀ ਸਕੀਮ ਹੀ ਬਦਲ ਨਾ ਲਵੇ। ਉਸੇ ਪਲ ਬੀਬੀ ਦੀ ਦੇਹ ਬੁਰੀ ਤਰ੍ਹਾਂ ਕੰਬੀ। ਜਿਵੇਂ ਕਿਸੇ ਨੂੰ ਠੰਢੇ ਪਾਣੀ ਦੇ ਟੱਬ ’ਚੋਂ ਗੋਤਾ ਦੇ ਕੇ ਬਾਹਰ ਖੜ੍ਹਾਇਆ ਹੋਵੇ। ਮੈਨੂੰ ਲੱਗਾ ਕਿ ਬਾਪੂ ਪੂਰਾ ਹੋ ਗਿਆ ਸੀ ਤੇ...ਅਗਾਂਹ ਦੀ ਮੈਨੂੰ ਕੋਈ ਸੋਝੀ ਨਾ ਆਈ ਕਿਉਂਜੁ ਬੀਬੀ ਦੀ ਮਾਰੀ ਲੇਰ, “ਵੇ ਲੋਕੋ... ਮੈਂ ਪੱਟੀ ਗਈ...ਵੇ ਮੈਂ ਲੁੱਟੀ ਗਈ....” ਨੇ ਮੇਰਾ ਧਿਆਨ ਆਪਣੇ ਵੱਲ ਖਿੱਚ ਲਿਆ ਸੀ।

ਬਾਪੂ ਦੀ ਦੇਹ ਨੂੰ ਭੁੰਜੇ ਲਾਹ ਕੇ ਰੱਖਦਿਆਂ ਮੇਰੀਆਂ ਅੱਖਾਂ ਉਸ ਦੀ ਧੌਣ ’ਤੇ ਕੇਂਦਰਤ ਹੋ ਗਈਆਂ ਸਨ। ਪਰ ਮੈਨੂੰ ਉਥੇ ਅਜਿਹਾ ਕੁਝ ਵੀ ਨਹੀਂ ਦਿੱਸਿਆ ਸੀ ਜਿਸ ਨਾਲ ਮੈਂ ਇਹ ਫੈਸਲਾ ਕਰ ਸਕਦਾ ਕਿ ਬਾਪੂ ਆਪਣੀ ਮੌਤੇ ਮਰਿਆ ਸੀ ਜਾਂ ਕਿ ਬੀਬੀ ਨੇ....।



www.PunjabiLibrary.com

## ਬਲਾਤਕਾਰ

ਅਗਲੇ ਪਾਸੇ ਬਸ ਦੇ ਪਹੀਆਂ ਦੀ ਉਡਾਈ ਹੋਈ ਧੂੜ ਦਾ ਸੰਘਣਾ ਗੁਬਾਰ ਫੈਲ ਗਿਆ ਸੀ।

ਚੁੱਪ ਸੀ।

ਅੱਡਾ ਸੁੰਨਾ-ਸੁੰਨਾ ਸੀ ਤੇ ਉਤਰਨ ਵਾਲਾ ਮੈਂ ਇਕੱਲਾ।

ਸੜਕ ਤੋਂ ਤਿਲਕਦੀ ਹੋਈ ਮੇਰੀ ਨਜ਼ਰ ਪਿੰਡ ਵੱਲ ਚਲੇ ਗਈ ਸੀ। ਦੂਰ ਤੀਕ ਪਿੰਡ ਦਾ ਤਾਂ ਕੋਈ ਨਾਮੋ-ਨਿਸ਼ਾਨ ਨਹੀਂ ਸੀ ਦਿੱਸ ਰਿਹਾ। ਮੰਡ ਦਾ ਏਰੀਆ ਸੀ ਤੇ ਬਰਸਾਤੀ ਡੱਡੂਆਂ ਦੇ ਭਾਅ ਮਾਰਦੇ ਰੁੱਖਾਂ ਦੇ ਝੁੰਡ ਸਨ। ਮੈਂ ਇਕ ਪਾਸੇ ਹੋ ਕੇ ਖੜ੍ਹਾ ਸੀ, ਇਸ ਆਸ ਨਾਲ ਕਿ ਹੁਣੇ-ਹੁਣੇ ਸੰਤੋਖ ਸਿੰਘ ਟਰੈਕਟਰ ਲਈ ਆਵੇਗਾ, ਆਪਣੀ ਆਦਤ ਮੁਤਾਬਕ ਕਹੇਗਾ, "ਤੂੰ ਆ ਗਿਆਂ। ਮੈਨੂੰ ਪਤਾ ਸੀ ਕਿ ਤੂੰ ਅਵੱਸ਼ ਆਵੇਂਗਾ। ਤੂੰ ਤਾਂ ਰਤੀ ਭਰ ਵੀ ਨ੍ਹੀਂ ਬਦਲਿਆ.. ਉਂਝ ਦਾ ਉਂਝ ਹੀ ਹੈਂ। ਲੋਕੀਂ ਤਾਂ ਬਾਹਰ ਜਾ ਕੇ ਵਿੰਗ ਧੜਿੰਗੇ ਹੋ ਜਾਂਦੇ..।"

ਧੂੜ ਦਾ ਗੁਬਾਰ ਸ਼ਾਂਤ ਹੋ ਗਿਆ ਸੀ। ਦੋ ਚਿੱਤੀ 'ਚੋਂ ਬਾਹਰ ਨਿਕਲਦਿਆਂ ਹੀ ਮੈਂ ਬੈਗ ਦੀ ਮੁੱਠ ਫੜੀ ਕੱਚੇ ਰਾਹ ਪੈਣ ਦੀ ਕੀਤੀ ਸੀ।

ਬਹੁਤ ਚਿਰ ਹੋ ਗਿਆ ਮੈਂ ਪਹਿਲਾਂ ਵੀ ਇਥੇ ਆਇਆ ਸੀ। ਆਜ਼ਾਦੀ ਮਿਲਣ ਦੇ ਲਾਗੇ-ਛਾਗੇ ਦੀ ਗੱਲ ਸੀ। ਉਦੋਂ ਕਾਲਿਜ ਵਿਚ ਮੇਰਾ ਪਹਿਲਾ ਜਾਂ ਦੂਜਾ ਸਾਲ ਸੀ। ਪੱਕਾ ਤਾਂ ਯਾਦ ਨਹੀਂ, ਪਰ ਗੱਲ ਉਦੋਂ ਦੀ ਹੀ ਲੱਗਦੀ ਹੈ। ਰਾਹ ਉਦੋਂ ਵੀ ਐਦਾਂ ਦਾ ਸੀ ਤੇ ਹੁਣ ਵੀ ਹੈ। ਫਰਕ ਸਿਰਫ ਐਨਾ ਹੀ ਆਇਆ ਸੀ ਕਿ ਬੋਹੜ ਦੀਆਂ ਜਟਾਂ ਵਰਗੀਆਂ ਲਮਕਦੀਆਂ ਜੜ੍ਹਾਂ ਦਾ ਰੰਗ ਕਾਲਾ ਸ਼ਾਹ ਹੋ ਗਿਆ ਸੀ ਤੇ ਪੱਕੇ ਥੜ੍ਹੇ ਦੀ ਥਾਂ ਮਿੱਟੀ ਦੇ ਡਲਿਆਂ ਨੇ ਮੱਲ ਲਈ ਸੀ।

****

"ਭਾਜੀ! ਕਾਮਰੇਡ ਸੰਤੋਖ ਸਿੰਘ ਦਾ ਘਰ ਇਹੋ..?" ਅੰਦਾਜ਼ਨ ਹੀ ਅੱਗੇ-ਅੱਗੇ ਸਾਈਕਲ ਦਾ ਹੈਂਡਲ ਫੜੀ ਜਾਂਦੇ ਆਦਮੀ ਤੋਂ ਮੈਂ ਪੁੱਛਿਆ ਸੀ। ਲੱਗਦਾ ਤਾਂ ਇਹੋ ਘਰ ਸੀ। ਮੈਂ ਸ਼ੱਕ ਦੂਰ ਕਰਨ ਲਈ ਪੁੱਛਿਆ ਸੀ। ਪਹਿਲੀ ਨਜ਼ਰੇ ਦਿੱਸਦਾ ਅਲਫ਼ ਕੱਚਾ



ਘਰ.. ਘੁੱਗੀਆਂ ਤੇ ਚਿੜੀਆਂ ਵਾਲਾ ਘਰ। ਡਿੱਗੂੰ-ਡਿੱਗੂੰ ਕਰਦਾ ਬਾਹਰਲਾ ਦਰਵਾਜ਼ਾ। ਕੰਧ ਤੋਂ ਰਤਾ ਕੁ ਹਟਵੀਂ ਮੁੰਨੀਆਂ ਗੱਡ ਕੇ ਬਣਾਈ ਖੁਰਲੀ। ਸਭ ਕੁਝ ਤਾਂ ਇੰਨ-ਬਿੰਨ ਉਵੇਂ ਹੀ ਸੀ।

"ਨ੍ਹੀਂ ਜੀ! ਕਦੀ ਇਹ ਉਨ੍ਹਾਂ ਦਾ ਘਰ ਹੁੰਦਾ ਸੀ। ਫੇਰ ਇਹ ਉਹਦੇ ਚਾਚੇ ਪ੍ਰੀਤਮ ਦੇ ਹਿੱਸੇ ਆ ਗਿਆ।" ਗਹੁ ਨਾਲ ਮੇਰੇ ਵੱਲ ਦੇਖ ਕੇ ਉਸ ਦੱਸਿਆ ਸੀ। ਹੋ ਸਕਦਾ ਸੀ ਕਿ ਮੇਰੀ ਚਿੱਟੀ ਚਮੜੀ ਤੋਂ ਉਸ ਨੂੰ ਮੇਰਾ 'ਬਾਹਰਲਾ ਆਦਮੀ' ਹੋਣ ਦਾ ਅਹਿਸਾਸ ਹੋ ਗਿਆ ਹੋਵੇ।

"ਹੁਣ ਉਸ ਦਾ ਘਰ ਕਿਹੜਾ ਆ?"

"ਤੁਸੀਂ ਸਰਦਾਰ ਸੰਤੋਖ ਸਿੰਘ ਨੂੰ ਮਿਲਣਾ ਹੈ ਨਾ?"

"ਨ੍ਹੀਂ, ਕਾਮਰੇਡ ਸੰਤੋਖ ਸਿੰਘ ਨੂੰ।"

"ਇਕੋ ਗੱਲ ਆ।"

ਉਸ ਪਿੱਛੇ ਮੁੜ ਕੇ ਮੇਰੇ ਵੱਲ ਦੇਖਿਆ ਸੀ। ਕਿਹਾ ਸੀ, "ਜੀ, ਘਰ ਨ੍ਹੀਂ, ਕੋਠੀ ਕਹੋ। ਸਾਡੇ ਪਿੰਡ ਵਿਚ ਇਕੋ ਇਕ ਤਾਂ ਕੋਠੀ ਹੈਗੀ।"

"ਕੋਠੀ..?" ਲੱਗਾ ਸੀ ਜਿਵੇਂ ਉਹ ਇਕ ਤੋਂ ਬਾਅਦ ਇਕ ਬੁਝਾਰਤ ਪਾ ਰਿਹਾ ਹੋਵੇ। ਮੇਰਾ ਕਈ ਸਾਲ ਉਸ ਨਾਲ ਸੰਬੰਧ ਟੁੱਟਾ ਰਿਹਾ ਸੀ। ਕੰਮਾਂ 'ਚ ਖੁਬਿਆਂ ਨਾ ਤਾਂ ਮੈਥੋਂ ਉਸ ਨੂੰ ਚਿੱਠੀ ਲਿਖੀ ਗਈ ਸੀ ਤੇ ਨਾ ਹੀ ਕਦੇ ਫੋਨ ਕਰ ਹੋਇਆ ਸੀ।

"ਚਲੋ, ਮੇਰੇ ਨਾਲ ਪਿੰਡ ਦੇ ਦੂਜੇ ਪਾਸੇ।" ਕਹਿ ਉਹ ਮੇਰੇ ਅੱਗੇ-ਅੱਗੇ ਤੁਰ ਪਿਆ ਸੀ।

ਗਲੀ ਬਹੁਤੀ ਤੰਗ ਨਹੀਂ ਸੀ। ਥਾਂ-ਥਾਂ ਖਰੂਬਲੀਆਂ 'ਚ ਖੜ੍ਹਾ ਪਾਣੀ ਸੜ੍ਹਾਂਦ ਮਾਰਦਾ ਸੀ।

"ਆਹ ਘਰ ਤਾਂ ਸੰਤੋਖ ਸਿੰਘ ਦੇ ਤਾਏ ਦਾ ਲੱਗਦਾ?" ਕੰਧ ਉਪਰ ਦੀ ਫੈਲੇ ਪਿੱਪਲ ਦੇ ਟਾਹਣਿਆਂ ਨੂੰ ਪਹਿਚਾਣਦਿਆਂ ਮੈਂ ਪੁੱਛ ਹੀ ਲਿਆ ਸੀ।

"ਹਾਂ, ਉਸੇ ਦਾ ਹੀ ਆ। ਤੁਸੀਂ ਕਿਵੇਂ ਪਛਾਣ ਲਿਆ?"

"ਜਦੋਂ ਮੈਂ ਪਹਿਲਾਂ ਆਇਆ ਸੀ ਤਾਂ ਸੰਤੋਖ ਸਿੰਘ ਦੇ ਤਾਏ ਨੇ ਇਸ ਪਿੱਪਲ ਹੇਠ ਬੈਠਿਆਂ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਸੁਣਾਇਆ ਸੀ।"

"ਅੱਛਾ.. ਅੱਛਾ.. ਔਹ ਸਾਹਮਣੇ ਪੈਂਦੀ ਆ ਸਰਦਾਰ ਸੰਤੋਖ ਸਿੰਘ ਦੀ ਕੋਠੀ।" ਮੋੜ ਤੋਂ ਸਮਝਾ ਕੇ ਉਹ ਪਿੱਛੇ ਨੂੰ ਮੁੜ ਗਿਆ ਸੀ।

ਬੈਗ ਦੂਜੇ ਹੱਥ 'ਚ ਬਦਲ ਕੇ ਮੈਂ ਥਾਂਈਂ ਹੀ ਖੜ੍ਹ ਗਿਆ ਸੀ। ਐਨੀ ਸ਼ਾਨੋ-ਸ਼ੌਕਤ ਦੀ ਤਾਂ ਮੈਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ। ਦੋ ਖੱਤਿਆਂ 'ਚ ਫੈਲੀ ਹਵੇਲੀਨੁਮਾ ਕੋਠੀ। ਵੱਡਾ ਸਾਰਾ ਲੋਹੇ ਦਾ ਗੇਟ। ਮੋਟੇ ਸੁਨਹਿਰੀ ਅੱਖਰਾਂ 'ਚ ਲਿਖਿਆ ਸੀ—ਸਰਦਾਰ ਸੰਤੋਖ ਸਿੰਘ ਸਿੱਧੂ।

"ਸਰਦਾਰ ਜੀ ਅੰਦਰੇ ਆ?" ਗੇਟੋਂ ਨਿਕਲਦੇ ਭੱਈਏ ਨੂੰ ਮੈਂ ਪੁੱਛਿਆ ਸੀ।

'ਸਰਦਾਰ ਜੀ' ਅਚਨਚੇਤ ਹੀ ਮੂੰਹੋਂ ਨਿਕਲ ਗਿਆ ਸੀ।



www.PunjabiLibrary.com

"ਹਾਂ ਜੀ।" ਭੱਈਆ ਥੋੜ੍ਹੀ ਜਿਹੀ ਲਾਪਰਵਾਹੀ ਨਾਲ ਬੋਲਿਆ ਸੀ।

"ਅੰਦਰ ਜਾ ਕਰ ਬੋਲੋ-ਅਨਿਲ ਜੈਰਥ ਆਇਆ ਹੈ.. ਹੁਸ਼ਿਆਰਪੁਰ ਸੇ..।"

****

"ਸੌਰੀ! ਆਈ ਐਮ ਫੀਲਿੰਗ ਰੀਅਲੀ ਸੌਰੀ! ਪਲੀਜ਼ ਡੌਂਟ ਮਾਈਂਡ.. ਪਲੀਜ਼।" ਗੇਟ ਤੋਂ ਹੀ ਸੰਤੋਖ ਸਿੰਘ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ।

ਮੇਰੇ ਸਾਹਮਣੇ ਇਕ ਭਰਵੇਂ ਸਰੀਰ ਵਾਲਾ ਸ਼ਖ਼ਸ ਖੜਾ ਸੀ। ਦੁੱਧ ਚਿੱਟੇ ਕੁੜਤੇ ਪਜਾਮੇ ਵਿਚ। ਦਗ-ਦਗ ਕਰਦਾ ਚਿਹਰਾ। ਕੁੰਡੀਆਂ ਮੁੱਛਾਂ। ਬੁੱਲ੍ਹਾਂ 'ਤੇ ਤੈਰਦਾ ਹਾਸਾ।

"ਯਾਰ! ਬਿਟਰ-ਬਿਟਰ ਕੀ ਦੇਖਦਾਂ.. ਪਹਿਚਾਣਿਆਂ ਨ੍ਹੀਂ.. ਮੈਂ ਸੁੱਖਾ..।"

ਅਗਲੇ ਪਲ ਉਸ ਮੈਨੂੰ ਕਲਾਵੇ ਵਿਚ ਲੈ ਲਿਆ ਸੀ। ਐਦਾਂ ਜਿਵੇਂ ਫ਼ਿਲਮਾਂ ਵਿਚ ਦਾਰਾ ਸਿੰਘ ਮੁਕਰੀ ਨੂੰ ਲੈ ਲੈਂਦਾ ਹੈ। ਉਸ ਕਹਿਣਾ ਸ਼ੁਰੂ ਕੀਤਾ ਸੀ, "ਯਾਰ ਮੈਂ ਤੈਨੂੰ ਆਪ ਲੈਣ ਆਉਣਾ ਸੀ। ਪਰ ਮੈਂ ਵੀ ਕੀ ਕਰਦਾ। ਛੋਟੀ ਕੁੜੀ ਛਾਰੋ ਦਾ ਜੇਠ ਆ ਗਿਆ। ਅਜਿਹਾ ਚੱਕਰਾਂ ਵਿਚ ਉਲਝਿਆ ਕਿ ਪੁੱਛ ਕੁਸ਼ ਨਾ। ਪਸੂੜੀ ਐਦਾਂ ਦੀ ਸੀ ਕਿ ਮੈਨੂੰ ਕੁਸ਼ ਹੋਰ ਯਾਦ ਹੀ ਨ੍ਹੀਂ ਰਿਹਾ। ਕਹਿੰਦਾ—ਹੁਣੇ ਮੇਰੇ ਨਾਲ ਥਾਣੇ ਚੱਲ। ਨਾ ਮੈਂ ਨਾਂਹ ਕਰਨ ਜੋਗਾ। ਨਾ ਹਾਂ ਕਰਨ ਜੋਗਾ। ਜਾਣਾ ਹੀ ਪਿਆ। ਫੇਰ ਡੀ.ਐਸ.ਪੀ. ਮੀਟਿੰਗ ਅਟੈਂਡ ਕਰਨ ਚਲੇ ਗਿਆ। ਦੁਪਹਿਰ ਤੋਂ ਪਹਿਲਾਂ ਉਹ ਆਇਆ ਨ੍ਹੀਂ। ਮੇਰਾ ਖਿਆਲ ਸੀ ਕਿ ਤੂੰ ਸ਼ਾਮ ਨੂੰ ਆਵੇਂਗਾ–ਨ੍ਹੀਂ ਤਾਂ ਮੈਂ ਕਿਸੇ ਨੌਕਰ ਨੂੰ ਟਰੈਕਟਰ ਜਾਂ ਸਕੂਟਰ ਦੇ ਕੇ ਭੇਜ ਦਿੰਦਾ। ਖ਼ੈਰ, ਮੈਂ ਜਾਣਦਾਂ ਤੇਰੀ ਆਦਤ ਨੂੰ। ਤੂੰ ਮਾਈਂਡ ਨ੍ਹੀਂ ਕਰੇਂਗਾ।" ਉਹ ਆਮ ਨਾਲੋਂ ਉੱਚੀ ਆਵਾਜ਼ 'ਚ ਬੋਲਿਆ ਸੀ, "ਉਏ ਹੁਣੇ ਟਰੈਕਟਰ ਲੈ ਕੇ ਅੱਡੇ 'ਤੇ ਵਗ ਜਾ। ਅੱਜ ਕਈ ਭਾਊਆਂ ਨੇ ਆਉਣਾ। ਤੇਰਾ ਕੰਮ ਉਨ੍ਹਾਂ ਨੂੰ ਲਿਆਉਣਾ। ਹੁਣੇ ਨਿਕਲ ਜਾ।"

ਲੱਗਾ ਸੀ ਜਿਵੇਂ ਸਰਦਾਰ ਸੰਤੋਖ ਸਿੰਘ ਤੇ ਸੁੱਖੇ ਵਿਚਕਾਰ ਇਕ ਯੁੱਗ ਬੀਤ ਗਿਆ ਸੀ। ਕਿਥੇ ਸੁੱਖਾ। ਇਕਹਿਰੇ ਜਿਸਮ ਵਾਲਾ। ਪਾਟੀਆਂ ਬਿਆਈਆਂ ਵਾਲਾ। ਰੱਟਣ ਪਏ ਹੱਥਾਂ ਵਾਲਾ। ਅਕਸਰ ਉਸ ਦੇ ਫਾਂਟਾਂ ਵਾਲਾ ਪਜਾਮਾ, ਢਿੱਲੀ ਜਿਹੀ ਨਸਵਾਰੀ ਪੱਗ ਤੇ ਪੈਰਾਂ 'ਚ ਧੌੜੀ ਦੀ ਜੁੱਤੀ ਹੁੰਦੀ ਸੀ ਤੇ ਕਿਥੇ ਆਹ ਸਰਦਾਰ ਸੰਤੋਖ ਸਿੰਘ ਸਿੱਧੂ। ਚਾਰ ਸੁੱਖੇ ਜੋੜ ਕੇ ਇਕ ਬਣਿਆ ਸਰਦਾਰ ਸੰਤੋਖ ਸਿੰਘ ਸਿੱਧੂ।

ਮੈਨੂੰ ਯਾਦ ਆਇਆ ਉਦੋਂ ਸੁੱਖਾ ਨਵਾਂ-ਨਵਾਂ ਪਾਰਟੀ ਵਰਕਰ ਬਣਿਆ ਸੀ। ਇਕ ਵਾਰੀ ਬਿਲਗੇ ਪਾਰਟੀ ਦਾ ਵੱਡਾ ਜਲਸਾ ਸੀ। ਪਹਿਲਾਂ ਜਾ ਕੇ ਬੰਦੋਬਸਤ ਕਰਨ ਦੀ ਮੇਰੀ ਤੇ ਉਸ ਦੀ ਡਿਊਟੀ ਲੱਗੀ ਸੀ। ਸਟੇਸ਼ਨ ਤੋਂ ਪਿੰਡ ਵੱਲ ਜਾਂਦਿਆਂ ਉਹ ਗੱਲਾਂ ਕਰਦਾ-ਕਰਦਾ ਬਹੁਤ ਗੰਭੀਰ ਅਤੇ ਭਾਵੁਕ ਹੋ ਗਿਆ ਸੀ, "ਯਾਰ ਅਸੀਂ ਕਦੋਂ ਆਜ਼ਾਦ ਹੋਏ.....ਗੋਰੇ ਅੰਗਰੇਜ਼ ਚਲੇ ਗਏ.. ਕਾਲੇ ਪਿੱਛੇ ਰਾਜ ਕਰਨ ਨੂੰ ਛੱਡ ਗਏ..।"

"ਅਸੀਂ ਜਿੱਤੇ ਹੋਏ ਵੀ ਹਾਰ ਗਏ..।"

"ਨਹਿਰੂ ਤੇ ਪਟੇਲ ਦੀ.....।"

ਸਾਡੀ ਗੱਲ ਵਿਚੇ ਹੀ ਰਹਿ ਗਈ ਸੀ। ਅੱਗੋਂ ਪਾਰਟੀ ਵਰਕਰ ਮਿਲ ਗਏ ਸਨ।



ਉਸ ਮੇਰੀਆਂ ਅੱਖਾਂ 'ਚ ਫੈਲਦੀ ਜਾ ਰਹੀ ਪ੍ਰਸ਼ਨਾਂ ਦੀ ਅਟੁੱਟ ਲੜੀ ਦੀ ਕੋਈ ਇਕ ਨੁੱਕਰ ਫੜ ਲਈ ਸੀ। ਉਸ ਖੁਦ ਦੱਸਣਾ ਸ਼ੁਰੂ ਕਰ ਦਿੱਤਾ ਸੀ,"ਤੂੰ ਮੇਰੀ ਕੋਠੀ ਤੇ ਸਾਜ਼ੋ ਸਾਮਾਨ ਨੂੰ ਦੇਖ ਕੇ ਹੈਰਾਨ ਹੁੰਨਾਂ। ਤੇਰੇ ਵਾਂਗੂੰ ਕਈ ਹੋਰ ਵੀ ਹੁੰਦੇ। ਕਦੀ-ਕਦੀ ਮੈਂ ਆਪ ਵੀ ਹੈਰਾਨ ਹੋ ਜਾਣਾ। ਇਹ ਸਭ ਕੁਸ਼ ਹੋਇਆ ਤਾਂ ਹੋਇਆ ਕਿਵੇਂ?.. ਦਰਅਸਲ ਪਾਰਟੀ ਵਿਚ ਪਈ ਭਾਰੀ ਫੁੱਟ ਨੇ ਮੈਨੂੰ ਬਹੁਤੀ ਵਾਰ ਨਿਰਾਸ਼ ਕੀਤਾ ਸੀ। ਕਦੀ ਕਦੀ ਮੈਨੂੰ ਲੱਗਦਾ ਜਿਵੇਂ ਅਸੀਂ ਅਸਲ ਰਸਤੇ ਤੋਂ ਭਟਕ ਗਏ ਹੋਈਏ.. ਸਾਡਾ ਰਾਹ ਬਦਲ ਗਿਆ ਹੋਵੇ....ਪਰ ਤੇਰੇ ਵਲੈਤ ਜਾਣ ਤੋਂ ਬਾਅਦ ਵੀ ਮੈਂ ਪਾਰਟੀ ਨ੍ਹੀਂ ਛੱਡੀ। ਅਜੇ ਵੀ ਪਾਰਟੀ ਮੈਂਬਰ ਆਂ..।" ਇਕ ਪਲ ਉਹ ਰੁਕਿਆ ਤੇ ਫੇਰ ਕਹਿਣ ਲੱਗਾ ਸੀ, "ਗੱਲ ਸੱਤਰ ਦੇ ਏੜ ਗੇੜ ਦੀ ਹੋਣੀ। ਪਾਰਟੀ ਦੀ ਮੀਟਿੰਗ ਅਟੈਂਡ ਕਰਕੇ ਘਰ ਆਇਆ ਸੀ। ਹਫਤੇ ਕੁ ਬਾਅਦ। ਅੱਗੋਂ ਮਿਸਿਜ਼ ਟੁੱਟ ਕੇ ਪੈ ਗਏ। ਕਹਿਣ ਲੱਗੇ..'ਘਰ ਦਾ ਕੀ ਬਣੂੰ?' ਮੈਂ ਪਹਿਲਾਂ ਵਾਂਗ ਹੀ ਚੁੱਪ ਰਿਹਾ। ਇਹ ਕਿਹੜੀ ਮੇਰੇ ਲਈ ਕੋਈ ਨਵੀਂ ਗੱਲ ਸੀ। ਜਦੋਂ ਵੀ ਆਉਂਦਾ ਤਾਂ ਗੱਲਾਂ ਸੁਣਨੀਆਂ ਹੀ ਪੈਂਦੀਆਂ ਸਨ। ਫੇਰ ਉਹ ਨਰਮ ਪੈ ਗਏ। ਮੇਰੀ ਪੁਆਂਦੀ ਬੈਠ ਗਏ। ਕਹਿਣ ਲੱਗੇ—'ਮੈਨੂੰ ਪਤਾ—ਤੁਸੀਂ ਪਾਰਟੀ ਨਾਲੋਂ ਟੁੱਟ ਨ੍ਹੀਂ ਸਕਦੇ। ਐਨਾ ਚਿਰ ਕਹਿੰਦੀ ਰਹੀ-ਤੁਸੀਂ ਨ੍ਹੀਂ ਟੁੱਟੇ। ਅੱਜ ਕਹਿਣ ਨਾਲ ਕਿਹੜਾ ਟੁੱਟ ਜਾਣਾ ਪਰ ਤੁਹਾਡੇ ਘਰ ਪ੍ਰਤੀ ਵੀ ਕੁਸ਼ ਫਰਜ਼ ਬਣਦੇ ਆ। ਪੰਜ ਖੇਤ ਘਰ ਦੇ ਆ। ਪਿਛੋਂ ਉਹ ਵੀ ਉੱਜੜ ਜਾਂਦੇ। ਸਾਂਭਣ ਵਾਲਾ ਕੋਈ ਨ੍ਹੀਂ?" ਉਨ੍ਹਾਂ ਦੀ ਗੱਲ ਠੀਕ ਸੀ। ਫੇਰ ਮੈਂ ਪਾਰਟੀ ਦੇ ਨਾਲ- ਨਾਲ ਖੇਤੀ ਵੱਲ ਪੂਰਾ ਧਿਆਨ ਦੇਣ ਲੱਗਾ। ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦਾ ਰਹਿੰਦਾ, ਪਰ ਛੋਟੀ ਖੇਤੀ ਨਾਲ ਕੀ ਬਣਦਾ? ਜੇ ਕੁਸ਼ ਬਣਦਾ-ਜੁੜਦਾ ਤਾਂ ਕਰਜ਼ਿਆਂ ਦੇ ਖਾਤੇ ਵਿਚ ਚਲਿਆ ਜਾਂਦਾ। ਪਰੇਸ਼ਾਨੀਆਂ ਵਧਦੀਆਂ ਗਈਆਂ.....ਇਕ ਦਿਨ ਮੈਂ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਜੀਵਨੀ ਤਾਂ ਪਹਿਲਾਂ ਵੀ ਕਈ ਵਾਰ ਪੜ੍ਹੀ ਸੀ ਪਰ ਪਤਾ ਨ੍ਹੀਂ ਉਸ ਦਿਨ ਚਿੱਤ ਵਿਚ ਕੀ ਆਇਆ ਕਿ ਫੇਰ ਦੋਬਾਰਾ ਪੜ੍ਹਨ ਬੈਠ ਗਿਆ। ਪੜ੍ਹਦਿਆਂ-ਪੜ੍ਹਦਿਆਂ ਇਕ ਵਿਚਾਰ ਘੜੀ-ਮੁੜੀ ਮੇਰੇ ਅੰਦਰ ਘਰ ਕਰਦਾ ਗਿਆ ਕਿ ਪੈਸਿਆਂ ਬਿਨਾਂ ਤਾਂ ਕੋਈ ਵੀ ਸੰਘਰਸ਼ ਨ੍ਹੀਂ ਲੜਿਆ ਜਾ ਸਕਦਾ। ਮੁਹਾਜ਼ ਭਾਵੇਂ ਕੋਈ ਵੀ ਕਿਉਂ ਨਾ ਹੋਵੇ। ਉਨ੍ਹੀਂ ਦਿਨੀਂ ਛਾਰੋ ਦੇ ਰਿਸ਼ਤੇ ਦੀ ਗੱਲ ਚਲ ਰਹੀ ਸੀ। ਦੂਜੇ ਦਿਨ ਮੇਰੇ ਦੋਵੇਂ ਸਾਲੇ ਆ ਗਏ। ਉਹ ਸਰਹੱਦ ਪਾਰ ਆਉਣ-ਜਾਣ ਦਾ ਕੰਮ ਕਰਦੇ ਸਨ। ਵਿਆਹ ਜੋਗੇ ਮੇਰੇ ਕੋਲ ਪੈਸੇ ਨ੍ਹੀਂ ਸਨ। ਮੈਂ ਆਪਣੀ ਮਜਬੂਰੀ ਦੱਸੀ ਤਾਂ ਉਹ ਝੱਟ ਬੋਲੇ, 'ਪੈਸਿਆਂ ਦਾ ਤਾਂ ਢੇਰ ਲਾ ਦਈਏ ਭਾਈਆ। ਅਸੀਂ ਪਹਿਲਾਂ ਵੀ ਜ਼ੋਰ ਲਾਇਆ ਸੀ ਕਿ ਸਾਡੇ ਨਾਲ ਰਲ ਮਿਲ ਕੇ ਕੰਮ ਕਰ। ਪਰ ਤੂੰ ਤਾਂ ਕਾਮਰੇਡੀ ਵਿਚ ਖੁਭਿਆ ਰਿਹਾ। ਅਜੇ ਵੀ ਮੰਨ ਜਾ। ਪੈਸਿਆਂ ਦੀ ਕੋਈ ਤੋੜ ਨ੍ਹੀਂ ਰਹੇਗੀ। ਠੀਕ ਆ ਨਾ ਫੇਰ?" ਮੇਰੇ ਮੂੰਹੋਂ 'ਠੀਕ ਆ' ਨਿਕਲ ਗਿਆ ਸੀ। ਕੁਝ ਚਿਰ ਬਾਅਦ ਇਹ 'ਠੀਕ' ਮੇਰੇ ਲਈ ਗਲਤ ਹੁੰਦਾ ਗਿਆ। ਗਲਤ ਦੇ ਚੱਕਰ ਵਿਚ ਧਸਿਆ ਮੈਂ ਇਥੇ ਆ ਪੁੱਜਿਆ। ਦੋਵੇਂ ਮੁੰਡੇ ਪੰਜ-ਪੰਜ ਲੱਖ ਖਰਚ ਕੇ ਅਮਰੀਕਾ ਭਿਜਵਾ ਦਿੱਤੇ। ਛੇਤੀ ਹੀ ਉਨ੍ਹਾਂ ਆਪਣੀ ਮਾਂ ਨੂੰ ਸੱਦ ਲਿਆ। ਮੈਂ ਵੀ ਦੋ ਵਾਰ ਗਿਆ ਸੀ। ਪਰ ਮਹੀਨੇ ਕੁ ਬਾਅਦ ਵਾਪਸ ਮੁੜ



www.PunjabiLibrary.com

ਆਇਆ। ਮੇਰਾ ਤਾਂ ਜੀਅ ਨ੍ਹੀਂ ਲੱਗਾ ਉਥੇ। ਮੁੰਡੇ ਦਿਨ ਚੜ੍ਹਨ ਤੋਂ ਪਹਿਲਾਂ ਕੰਮਾਂ ਤੇ ਚਲੇ ਜਾਂਦੇ ਤੇ ਪਿਛੇ ਅਸੀਂ ਮੀਆਂ-ਬੀਵੀ ਇੱਕਲੇ ਰਹਿ ਜਾਂਦੇ। ਨਾ ਕੋਈ ਕੰਮ। ਨਾ ਕੋਈ ਕਾਰ। ਕਿਸੇ ਨਾਲ ਬੋਲਣ ਨੂੰ ਵੀ ਤਰਸ ਜਾਂਦੇ। ਬਾਕੀ ਤੂੰ ਆਪ ਯੂਰਪ ਦੀ ਆਈਸੋਲੇਸ਼ਨ ਭੋਗ ਆਇਆਂ। ਹੁਣ ਵੀ ਉਨ੍ਹਾਂ ਦੀਆਂ ਚਿੱਠੀਆਂ ਆਉਂਦੀਆਂ ਰਹਿੰਦੀਆਂ—ਭਾਪਾ ਜੀ ਏਧਰ ਆ ਜਾਉ। ਅੱਗੋਂ ਮੈਂ ਕਹਿ ਦੇਨਾਂ—ਮੇਰੇ ਕੋਲ ਛਾਰੋ ਜੂ ਆ। ਮੈਨੂੰ ਛਾਰੋ ਦਾ ਪੁੱਤ ਜਿੰਨਾ ਆਸਰਾ।...... ਹੁਣ ਘਰ ਵਿਚ ਕਿਸੇ ਚੀਜ਼ ਦਾ ਘਾਟਾ ਨ੍ਹੀਂ। ਇਕ ਗੱਲ ਦੱਸਾਂ—ਉਹ ਇਹ ਕਿ ਮੇਰੇ ਆਪਣੇ ਸਿਧਾਂਤ ਆ। ਆਪਣੇ ਅਸੂਲ ਆ। ਤੇਰੇ ਵਾਂਗੂ ਮੈਂ ਵੀ ਪਾਰਟੀ ਤੋਂ ਨ੍ਹੀਂ ਟੁੱਟਿਆ.. ਇਕ ਗੱਲ ਤੂੰ ਸੱਚ ਜਾਣੀਂ। ਮੈਂ ਆਪਣੀ ਕਮਾਈ ਵਿਚੋਂ ਪਾਰਟੀ ਲਈ ਬਰੋਬਰ ਦਸਵੰਧ ਕੱਢਦਾਂ। ਉਦੋਂ ਦੇ ਨੇਮ ਅਨੁਸਾਰ ਜਦੋਂ ਮੈਂ ਹਲ ਦੀ ਮੁੰਨੀ ਫੜ ਕੇ ਦਿਨ ਚੜ੍ਹਦੇ ਤਾਈਂ ਖੇਤ ਵਾਹ ਆਉਂਦਾ ਸੀ। ਹੁਣ ਉਦੋਂ ਵਰਗੀ ਆਤਮ-ਸੰਤੁਸ਼ਟੀ ਨ੍ਹੀਂ ਹੁੰਦੀ। ਕਦੇ-ਕਦੇ ਲੱਗਦਾ ਜਿਵੇਂ ਪਾਰਟੀ ਮਰ ਰਹੀ ਹੋਵੇ। ਪਾਰਟੀ ਨਾਲ ਅਸੀਂ ਸਾਰੇ ਮਰ ਰਹੇ ਹੋਈਏ। ਇਕ ਗੱਲ ਹੋਰ ਵੀ ਆ-ਸ਼ਾਇਦ ਤੂੰ ਵੀ ਮਹਿਸੂਸ ਕਰੇਂ। ਇਹ ਯੁੱਗ ਭੌਤਿਕਵਾਦ ਦਾ ਆ। ਕਿਸੇ ਵੀ ਪਰਿਵਰਤਨ ਲਈ ਜਨ-ਸ਼ਕਤੀ ਦੇ ਨਾਲ -ਨਾਲ ਪੈਸਾ ਵੀ ਚਾਹੀਦਾ। ਪਤਾ ਨ੍ਹੀਂ ਇਸ ਗੱਲ ਦੀ ਸੋਝੀ ਅਜੇ ਤਾਈਂ ਪਾਰਟੀ ਨੂੰ ਕਿਉਂ ਨ੍ਹੀਂ ਆਈ।"

ਲੱਗਿਆ ਸੀ ਮੈਨੂੰ ਜਿਵੇਂ ਸਰਦਾਰ ਸੰਤੋਖ ਸਿੰਘ ਨਹੀਂ ਮਹਿਜ ਸੁੱਖਾ ਬੋਲ ਰਿਹਾ ਸੀ।

****

ਬਲਬੀਰ ਦੇ ਆਉਂਦੀਆਂ ਤੀਕ ਗੱਲ ਗੰਭੀਰਤਾ ਫੜਦੀ ਗਈ ਸੀ।

ਮੁੰਡੂ ਜੋ ਸ਼ਕਲ ਸੂਰਤ ਤੋਂ ਨੇਪਾਲੀ ਲੱਗਦਾ ਸੀ, ਨੇ ਬੈਗਪਾਈਪਰ ਦੀ ਬੋਤਲ ਦਾ ਢੱਕਣ ਖੋਲ੍ਹ ਕੇ ਸਾਰਿਆਂ ਲਈ ਪੈੱਗ ਪਾਉਣੇ ਸ਼ੁਰੂ ਕਰ ਦਿੱਤੇ ਸਨ।

"ਇਹ ਕੀ ਗੱਲ ਹੋਈ ਯਾਰ ! ਐਨੇ ਸਾਲ ਜਰਮਨ ਰਹਿ ਕੇ ਆਇਆਂ, ਫੇਰ ਇਹ ਕਿਵੇਂ ? ਸੁਣਿਆ ਕਿ ਉਥੇ ਤਾਂ ਕੋਈ ਆਦਮੀ ਸ਼ਰਾਬ ਬਿਨਾਂ ਨ੍ਹੀਂ ਰਹਿ ਸਕਦਾ। ਪਾਣੀ ਦੀ ਥਾਂ ਲੋਕ ਬੀਅਰ ਪੀਂਦੇ ਆ," ਪਿਆਰੇ ਲਾਲ ਬੋਲਿਆ ਸੀ।

"ਤੁਹਾਨੂੰ ਮੇਰੀ ਆਦਤ ਦਾ ਪਤਾ।"

"ਅਜੇ ਆਦਤਾਂ ਬਦਲੀਆਂ ਨ੍ਹੀਂ।"

"ਐਦਾਂ ਹੀ ਸਮਝ ਲਓ।"

"ਫੇਰ ਕੀ ਲਵੇਂਗਾ। ਯਾਰ ਅਸੀਂ ਸਾਰੇ ਪੀਏ ਤੇ ਤੂੰ ਸਾਡੇ ਮੂੰਹ ਵੱਲ ਦੇਖੇਂ। ਇਹ ਸਾਲੀ ਕੋਈ ਗੱਲ ਤਾਂ ਨਾ ਹੋਈ।"

"ਤੁਹਾਡਾ ਦਰਸ਼ਕ ਬਣਾਂਗਾ।"

"ਜਾ ਉਏ, ਸਾਬ੍ਹ ਲਈ ਕੌਫੀ ਬਣਾ ਕੇ ਲਿਆ। ਠਹਿਰ ਉਏ, ਨਾਲ ਖਾਣ ਨੂੰ ਵੀ ਕੁਸ਼ ਲੈ ਆਈਂ। ਨਿਰੋਲ ਵੈਸ਼ਨੋ।"

ਜਿਉਂ-ਜਿਉਂ ਘੜੀ ਦੀਆਂ ਸੂਈਆਂ ਦੌੜੀਆਂ ਜਾ ਰਹੀਆਂ ਸਨ, ਤਿਉਂ-ਤਿਉਂ ਖਾਲੀ ਬੋਤਲਾਂ ਦੀ ਗਿਣਤੀ ਵਧਦੀ ਗਈ ਸੀ। ਭੁੰਨੇ ਹੋਏ ਤਿੱਤਰਾਂ ਤੇ ਤੰਦੂਰੀ ਮੁਰਗਿਆਂ



ਦੀਆਂ ਹੱਡੀਆਂ ਦੀ ਢੇਰੀ ਬਣ ਗਈ ਸੀ। ਮੁੰਡੂ ਤਾਂ ਭੰਬੀਰੀ ਵਾਂਗ ਉਨ੍ਹਾਂ ਵਿਚਕਾਰ ਵਿਚਰ ਰਿਹਾ ਸੀ।

"ਉਏ ਮੱਛੀ ਤਲ ਕੇ ਲਿਆ," ਸਰਦਾਰ ਸੰਤੋਖ ਸਿੰਘ ਨੇ ਲੋਰ 'ਚ ਆਇਆਂ ਉੱਚੀ ਦੇਣੀ ਕਿਹਾ ਸੀ।

ਮੁੰਡੂ ਜਾਣ ਲੱਗਾ ਤਾਂ ਉਹ ਫੇਰ ਬੋਲਿਆ ਸੀ, "ਚੇਤਾ ਆਇਆ-ਮੱਛੀ ਤਾਂ ਹੈ ਨ੍ਹੀਂ। ਚਲ ਦੇਸੀ ਮੁਰਗਿਆਂ ਨਾਲ ਚੱਲੂ।"

ਸਾਰਿਆਂ ਨੇ ਮੁੰਡੂ ਦੀ ਅੱਡੀ ਥੱਲੇ ਨਹੀਂ ਲੱਗਣ ਦਿੱਤੀ ਸੀ।

ਗੱਲ ਤਾਂ ਬੜੇ ਜ਼ੋਰ-ਸ਼ੋਰ ਨਾਲ ਸ਼ੁਰੂ ਹੋਈ ਸੀ। ਮੈਂ ਹਰੇਕ ਦਾ ਸੁਝਾਅ ਨਾਲੋਂ-ਨਾਲ ਨੋਟ ਕੀਤਾ ਸੀ। ਅਖ਼ੀਰ ਵਿਚ ਕਿਸੇ ਨਾ ਕਿਸੇ ਸਿੱਟੇ 'ਤੇ ਵੀ ਪਹੁੰਚਣਾ ਸੀ। ਸੰਤੋਖ ਸਿੰਘ ਦੀ ਹਰ ਗੱਲ ਵਿਚ ਵਜ਼ਨ ਸੀ। ਤਰਕ ਸਨ। ਉਹ ਮੈਨੂੰ ਪਹਿਲਾਂ ਨਾਲੋਂ ਕੁਝ ਜ਼ਿਆਦਾ ਹੀ ਸਿਆਣਾ ਲੱਗਾ ਸੀ ।

ਪਰ ਘੰਟੇ ਕੁ ਬਾਅਦ ਹੀ "ਐਦਾਂ ਨ੍ਹੀਂ..ਐਦਾਂ ਨ੍ਹੀਂ..ਮੈਂ ਜਿਉਂ ਕਹਿਨਾ-ਏਹ ਗੱਲ ਠੀਕ ਨ੍ਹੀਂ..ਨ੍ਹੀਂ ਯਾਰ! ਮੇਰੀ ਗੱਲ ਤੂੰ ਕਿਉਂ ਨ੍ਹੀਂ ਮੰਨਦਾ।" ਹੋਣ ਲੱਗੀ ਸੀ। ਮੈਨੂੰ ਇਥੇ ਆਉਣਾ ਆਪਣੀ ਗਲਤੀ ਲੱਗੀ ਸੀ। ਹੁਣ ਕੀਤਾ ਵੀ ਕੀ ਜਾ ਸਕਦਾ ਸੀ! ਨੋਟ-ਬੁੱਕ ਬੰਦ ਕਰ ਕੇ ਮੈਂ ਪੱਟ ਦੇ ਥੱਲੇ ਦੇ ਲਈ ਸੀ। ਵਾਰੀ-ਵਾਰੀ ਅੱਠਾਂ ਦੇ ਚਿਹਰਿਆਂ ਵੱਲ ਦੇਖਣ ਲੱਗਾ ਸੀ।

"ਸਾਡੇ ਇਲਾਕੇ ਵਿਚ ਤਾਂ ਬਹੁਤ ਚਿਰ ਪਹਿਲਾਂ ਪ੍ਰਚਾਰ ਕੇਂਦਰ ਬਣਨਾ ਚਾਹੀਦਾ ਸੀ..... ਚਲੋ ਹੁਣ ਬਣ ਜਾਊ," ਸੰਤੋਖ ਸਿੰਘ ਨੇ ਕਿਹਾ ਸੀ।

"ਕਿਉਂ ਨ੍ਹੀਂ।" ਜਗੀਰ ਦਾਸ ਬੋਲਿਆ ਸੀ।

"ਕੀ ਇਸ ਦਾ ਸੈਂਟਰ ਇਹ ਪਿੰਡ ਹੋਊਗਾ ? " ਹਰਸ਼ ਨੇ ਸੰਤੋਖ ਸਿੰਘ ਦੇ ਪੱਟ 'ਤੇ ਹੱਥ ਮਾਰ ਕੇ ਪੁੱਛਿਆ ਸੀ।

"ਐਵੇਂ ਵਾਹਲੀਆਂ ਗੱਲਾਂ ਕਰਨ ਦਾ ਕੀ ਫ਼ਾਇਦਾ! ਮੁੱਕਦੀ ਗੱਲ ਕੇਂਦਰ ਇਸ ਪਿੰਡ ਵਿਚ ਹੋਵੇਗਾ ਤੇ ਚੇਅਰਮੈਨ ਸਾਡਾ ਸਰਦਾਰ ਸੰਤੋਖ ਸਿੰਘ।" ਨਸ਼ੇ 'ਚ ਝੂਮਦਿਆਂ ਗੁਲਜ਼ਾਰ ਸਿੰਘ ਵਿਰਕ ਬੋਲਿਆ ਸੀ।

"ਸਰਦਾਰ ਸੰਤੋਖ ਸਿੰਘ ਨ੍ਹੀਂ। ਕਾਮਰੇਡ ਸੰਤੋਖ ਸਿੰਘ।"

"ਆਲ ਰਾਈਟ।" ਤਰਸੇਮ ਨੇ ਵੀ ਹਾਂ ਵਿਚ ਹਾਂ ਮਿਲਾਉਣ ਦੀ ਕੀਤੀ ਸੀ।

"ਇਹ ਹੋਈ ਨਾ ਗੱਲ ਯਾਰਾਂ ਵਾਲੀ।" ਪ੍ਰਕਾਸ਼ ਨੇ ਉਠ ਕੇ ਸੰਤੋਖ ਸਿੰਘ ਦੀ ਝੋਲੀ 'ਚ ਆਪਣਾ ਸਿਰ ਰੱਖ ਦਿੱਤਾ ਸੀ।

"ਸਾਨੂੰ ਮਨਜ਼ੂਰ ਆ।" ਪ੍ਰੇਮ, ਜੋ ਕੁਝ ਚਿਰ ਪਹਿਲਾਂ ਅੜ ਗਿਆ ਸੀ, ਹੁਣ ਉਹ ਵੀ ਰਾਜ਼ੀ ਹੋ ਗਿਆ ਸੀ।

"ਆਲ ਰਾਈਟ..ਆਲ ਰਾਈਟ..ਆਲ ਰਾਈਟ..।"

"ਦੁਨੀਆ ਭਰ ਦੇ ਮਿਹਨਤਕਸ਼ੋ, ਇਕ ਹੋ ਜਾਓ।" ਪੈੱਗ ਦੇ ਨਾਲ ਹੀ ਸਾਥੀਆਂ ਨੇ ਜੈਕਾਰਾ ਛੱਡਿਆ ਸੀ।



www.PunjabiLibrary.com

ਕਿੰਨਾ ਚਿਰ ਕਮਰੇ 'ਚ ਨਾਅਰੇ ਗੂੰਜਦੇ ਰਹੇ.. ਦੁਨੀਆ ਭਰ ਦੇ ਮਿਹਨਤਕਸ਼ੋ.. ਇਕ ਹੋ ਜਾਓ..।

****

ਕਮਰੇ 'ਚ ਦਸ ਆਦਮੀ ਸਨ। ਮੈਂ, ਮੰਡੂ। ਤੇ ਇਹ ਅੱਠ ਜਣੇ।

ਅੱਠੇ ਬੇਸੁੱਧ ਪਏ ਸਨ।

ਮੁੰਡੂ ਦੇ ਹੱਥਾਂ 'ਚ ਕਮਾਲ ਦੀ ਤੇਜ਼ੀ ਸੀ। ਕਦੇ ਉਹ ਫ਼ਰਸ਼ 'ਤੇ ਖਿੱਲਰੀਆਂ ਹੱਡੀਆਂ ਚੁੱਕ ਕੇ ਟਰੇਅ ਵਿਚ ਰੱਖਦਾ ਤੇ ਕਦੀ ਪੋਚਾ ਮਾਰਦਾ। ਚਿਪਸ 'ਤੇ ਪੋਚਾ ਮਾਰਦਿਆਂ ਉਸ ਦੇ ਪੋਟੇ ਕਈ ਵਾਰ ਟੁੱਟੀ ਹੋਈ ਬੋਤਲ ਦੇ ਕੱਚ ਨਾਲ ਜ਼ਖ਼ਮੀ ਹੋ ਗਏ ਸਨ। ਉਹ ਉਂਗਲਾਂ ਮੂੰਹ ਵਿਚ ਪਾ ਲੈਂਦਾ ਸੀ।

"ਬਾਬਾ ਜੀ ! ਆਪ ਕਾ ਬਿਸਤਰ ਸਾਥ ਵਾਲੇ ਕਮਰੇ ਮੇਂ ਹੈ। ਸੋ ਜਾਈਏ। ਬਤਾਓ ਆਪ ਕੋ ਕੁਸ਼ ਔਰ ਤੋ ਨਹੀਂ ਚਾਹੀਏ," ਮੇਰੇ ਵੱਲ ਦੇਖਦਿਆਂ ਉਸ ਪੁੱਛਿਆ ਸੀ।

"ਨਹੀਂ, ਪੇਟ ਤੋ ਕੁਛ ਜ਼ਿਆਦਾ ਭਰ ਗਿਆ। ਤੁਮ ਭੀ ਅਬ ਜਾ ਕਰ ਸੋ ਜਾਓ," ਉਠਦਿਆਂ ਹੋਇਆਂ ਮੈਂ ਕਿਹਾ ਸੀ।

"ਅਭੀ ਕਹਾਂ ਸੋਣਾ ਜੀ.... ਦੇਖੋ ਕਿਤਨਾ ਕੁਛ ਬਿਖਰਾ ਪੜਾ ਹੈ।"

"ਯੇਹ ਸਭ ਸੁਬ੍ਹਾ ਕਰ ਲੇਣਾ।"

"ਨਹੀਂ ਬਾਬਾ ਜੀ! ਸਰਦਾਰ ਜੀ ਬੋਲਤੇ ਹੈਂ ਕਿ ਹਮੇਂ ਗੰਦਗੀ ਸੇ ਸਖ਼ਤ ਨਫ਼ਰਤ ਹੈ," ਕਹਿੰਦਿਆਂ ਉਸ ਸੰਤੋਖ ਸਿੰਘ ਵੱਲ ਦੇਖਿਆ ਸੀ, ਜਿਸ ਦਾ ਅੱਧਾ ਧੜ ਸੋਫੇ 'ਤੇ ਸੀ ਤੇ ਅੱਧਾ ਥੱਲੇ ਲਮਕ ਰਿਹਾ ਸੀ। ਉਸ ਸੰਤੋਖ ਸਿੰਘ ਦੀਆਂ ਚੱਪਲਾਂ ਲਾਹੀਆਂ, ਪੱਗ ਚੁੱਕ ਕੇ ਅੰਗੀਠੀ 'ਤੇ ਰੱਖੀ, ਸਾਰਾ ਜ਼ੋਰ ਲਾ ਕੇ ਲੱਤਾਂ ਸੋਫੇ 'ਤੇ ਕੀਤੀਆਂ ਤੇ ਸਿਰ ਹੇਠਾਂ ਸਿਰਹਾਣਾ ਦੇ ਦਿੱਤਾ ਸੀ।

"ਬਾਬਾ ਜੀ ! ਏਕ ਬਾਤ ਬਤਾਊਂ। ਕਿਸੀ ਸੇ ਬੋਲਣਾ ਨਹੀਂ," ਮੁੰਡੂ ਨੇ ਚੁਫੇਰੇ ਨਜ਼ਰ ਦੌੜਾ ਕੇ ਕਿਹਾ ਸੀ।

"ਕਯਾ ?"

"ਵੋਹ ਸਾਹਮਨੇ ਬੜੀ ਸੀ ਤਸਵੀਰ ਹੈ ਨਾ। ਵੋਹ ਸ਼ੋਅ ਕੇਸ ਕੇ ਊਪਰ ਵਾਲੀ। ਹਾਂ ਵਹੀ। ਕਭੀ ਕਭੀ ਸਰਦਾਰ ਜੀ ਸੁਬ੍ਹਾ-ਸੁਬ੍ਹਾ ਹਾਥ ਜੋੜ ਕਰ ਉਸ ਕੇ ਸਾਹਮਨੇ ਖੜੇ ਹੋ ਜਾਤੇ ਹੈਂ। ਕਿਤਨਾ-ਕਿਤਨਾ ਸਮਯ ਬੋਲਤੇ ਰਹਿਤੇ ਹੈਂ। ਬੀਚ-ਬੀਚ ਮੇਂ ਰੋਨੇ ਭੀ ਲਗ ਪੜਤੇ ਹੈਂ। ਮੁਝੇ ਪੰਜਾਬੀ ਅੱਛੀ ਤਰਹ ਸੇ ਸਮਝ ਨਹੀਂ ਆਤੀ। ਕੁਛ-ਕੁਛ ਸਮਝ ਲੇਤਾ ਹੂੰ। ਏਕ ਦਿਨ ਕਹ ਰਹੇ ਥੇ.. ਮੈਂ ਭਟਕ ਗਯਾ ਹੂੰ।..! ਆਗੇ ਭੀ ਕੁਛ ਕਹਿਤੇ ਥੇ ਪਰ ਮੁਝੇ ਸਮਝ ਨਹੀਂ ਆਯਾ। ਪਾਂਚ-ਛੇ ਦਿਨ ਬਾਅਦ ਐਸੇ ਹੀ ਕਹਿਤੇ ਮੈਨੇ ਫਿਰ ਸੁਣਾ ਥਾ।"

"ਅੱਛਾ ਜਾਓ, ਅਬ ਤੁਮ ਸੋ ਜਾਓ।"

"ਨਹੀਂ ਜੀ, ਬੀਬੀ ਜੀ ਆਜ ਕਹੀਂ ਗਏ ਹੈਂ। ਸਾਥ ਮੇਂ ਸਰਦਾਰ ਜੀ ਭੀ। ਅਭੀ ਤੋ ਮੁਝੇ ਰਸੋਈ ਕਾ ਕਾਮ ਨਿਪਟਾਨਾ ਹੈ।"



"ਕਯਾ ਕਾਮ ਅਭੀ ਖ਼ਤਮ ਨਹੀਂ ਹੁਆ ?"

"ਨਹੀਂ ਜੀ, ਅਭੀ ਤੋ ਰਸੋਈ ਮੇਂ ਜਾ ਕਰ ਬਰਤਨ ਸਾਫ ਕਰਨੇ ਹੈ।"

"ਫਿਰ ?"

"ਖਾਨਾ ਖਾਊਂਗਾ।"

"ਕਿਤਨੇ ਪੈਸੇ ਮਿਲਤੇ ਹੈਂ ?"

"ਦੋ ਸੌ ਬੀਸ।"

"ਸਿਰਫ ਦੋ ਸੌ ਬੀਸ," ਮੈਂ ਮੂੰਹ 'ਚ ਬੁੜਬੁੜਾਇਆ ਸੀ। ਪੁੱਛਿਆ ਸੀ, "ਘਰ ਮੇਂ ਔਰ ਕਿਤਨੇ ਨੌਕਰ ਹੈਂ ?"

"ਪਾਂਚ ਹੈ ਜੀ ? ਪ੍ਰੰਤੂ ਰਸੋਈ ਔਰ ਆਏ-ਗਏ ਕੀ ਦੇਖਬਾਲ ਕਰਨੇ ਵਾਲਾ ਮੈਂ ਅਕੇਲਾ ਹੂੰ। ਯੇਹ ਏਕ ਦਿਨ ਕੀ ਬਾਤ ਤੋ ਨਹੀਂ ਹੈ ਜੀ। ਐਸਾ ਤੋ ਰੋਜ਼ ਹੀ ਚਲਤਾ ਰਹਤਾ ਹੈ। ਕਭੀ ਕੋਈ ਅਫਸਰ ਆ ਗਯਾ। ਕਭੀ ਕੋਈ ਦੋਸਤ।" ਕਹਿੰਦਿਆਂ ਮੁੰਡੂ ਦਾ ਗੱਚ ਭਰ ਆਇਆ ਸੀ। ਪਤਾ ਨਹੀਂ ਕਿਵੇਂ ਉਹ ਆਪਣੇ ਹੰਝੂਆਂ 'ਤੇ ਕਾਬੂ ਕਰਕੇ ਰਸੋਈ ਵੱਲ ਨੂੰ ਤੁਰ ਪਿਆ ਸੀ।

****

ਘੜੀ ਦੀ ਸੂਈ ਬਾਰ੍ਹਾਂ ਦਾ ਹਿੰਦਸਾ ਟੱਪ ਗਈ ਸੀ।

ਡਰਾਇੰਗ ਰੂਮ 'ਚ ਘੁਰਾੜਿਆਂ ਨੇ ਖੌਰੂ ਪਾਇਆ ਹੋਇਆ ਸੀ।

ਬੈੱਡਰੂਮ 'ਚ ਆ ਕੇ ਮੈਂ ਗੋਡਿਆਂ ਤੀਕ ਰਜਾਈ ਖਿੱਚ ਲਈ ਸੀ। ਡਾਇਰੀ ਖੋਲ੍ਹ ਕੇ ਨੋਟ ਕੀਤੇ ਪੁਆਇੰਟਾਂ ਤੇ ਸੁਝਾਵਾਂ ਦੀ ਰੀਪੋਰਟਿੰਗ ਤਿਆਰ ਕਰਨ ਲੱਗਾ ਸੀ। ਪਰ ਆਹ ਕੀ ? ਹਰ ਸੁਝਾਅ 'ਤੇ ਮੁੰਡੂ ਦੀ ਤਸਵੀਰ ਮੰਡਰਾ ਰਹੀ ਸੀ। ਮੈਨੂੰ ਲੱਗਾ ਸੀ ਜਿਵੇਂ ਉਹ ਚੀਕ-ਚੀਕ ਕੇ ਕਹਿ ਰਿਹਾ ਹੋਵੇ, "ਮੁਝੇ ਸਰਦਾਰ ਜੀ ਸੇ ਬਚਾਓ।" ਫੇਰ ਸੁੱਖੇ ਨੇ ਮੁੰਡੂ ਨੂੰ ਪਰ੍ਹੇ ਧੱਕਾ ਦੇ ਦਿੱਤਾ ਤੇ ਬੋਲਿਆ ਸੀ, "ਮੈਨੂੰ ਕਾਮਰੇਡ ਸੰਤੋਖ ਸਿੰਘ ਤੋਂ ਬਚਾਓ।" ਮਗਰ ਹੀ ਕਾਮਰੇਡ ਸੰਤੋਖ ਸਿੰਘ ਵੀ ਚੀਕ ਉਠਿਆ ਸੀ, "ਨ੍ਹੀਂ-ਨ੍ਹੀਂ.. ਮੈਨੂੰ ਸਰਦਾਰ ਸੰਤੋਖ ਸਿੰਘ ਸਿੱਧੂ ਤੋਂ ਬਚਾਓ।"

ਮੇਰੇ ਸਾਹਮਣੇ ਅਜੀਬ ਦੁਵਿਧਾ ਆ ਖੜੋਈ ਸੀ। ਕਦੇ ਮੇਰੇ 'ਤੇ ਮੁੰਡੂ ਭਾਰੂ ਹੋ ਜਾਂਦਾ ਸੀ। ਕਦੇ ਸੁੱਖਾਂ ਤੇ ਕਦੇ ਕਾਮਰੇਡ ਸੰਤੋਖ ਸਿੰਘ।

ਸੌਣ ਤੋਂ ਪਹਿਲਾਂ ਮੈਂ ਡਾਇਰੀ 'ਤੇ ਆਪਣੇ ਕੁਮੈਂਟਸ ਲਿਖੇ ਸਨ,"ਸਰਦਾਰ ਸੰਤੋਖ ਸਿੰਘ ਮੁੰਡੂ ਨਾਲ ਤਾਂ ਕੀ, ਖੁਦ ਸੁੱਖੇ ਤੇ ਕਾਮਰੇਡ ਸੰਤੋਖ ਸਿੰਘ ਦੋਹਾਂ ਨਾਲ ਬਲਾਤਕਾਰ ਕਰ ਰਿਹਾ ਹੈ।"



www.PunjabiLibrary.com

## ਮਾਂ ਨੇ ਨਹੀਂ ਰੋਕਿਆ

ਅੜੀਏ, ਤੂੰ ਮੈਨੂੰ ਛੇੜ ਹੀ ਲਿਆ ਹੈ ਨਾ। ਮੈਂ ਚੁੱਪ ਰਹਿਣਾ ਚਾਹੁੰਦੀ ਸੀ। ਕਈ ਕੁਝ ਭੁੱਲਣਾ ਚਾਹੁੰਦੀ ਸੀ। ਰਿਲੈਕਸ ਹੋਣਾ ਚਾਹੁੰਦੀ ਸੀ। ਪਰ ਤੇਰੀ ਵੀ ਬੜੀ ਭੈੜੀ ਆਦਤ ਹੈ ਆਰਾਂ ਲਾਉਣ ਦੀ। ਕਿਸੇ ਦਾ ਮੂੰਹ ਖੁੱਲ੍ਹਵਾਉਣ ਦੀ। ਮੈਨੂੰ ਕਈ ਵਾਰ ਐਦਾਂ ਲੱਗਣ ਲੱਗਦਾ ਹੈ ਜਿਵੇਂ ਤੂੰ ਤੀਹਾਂ ਦੀ ਨਹੀਂ, ਸੱਠਾਂ ਦੀ ਹੋ ਗਈ ਹੋਵੇਂ। ਔਰਤਾਂ ਦੋ ਤਿੰਨ ਨਿਆਣੇ ਜੰਮਣ ਪਿਛੋਂ ਐਦਾਂ ਦੀਆਂ ਕਿਉਂ ਹੋ ਜਾਂਦੀਆਂ ਹਨ ?

ਜਿਨ੍ਹਾਂ ਪਲਾਂ ਨੂੰ ਮੈਂ ਭੁੱਲਣਾ ਚਾਹੁੰਦੀ ਸੀ, ਉਹ ਹੀ ਪਲ ਤੂੰ ਮੈਨੂੰ ਮੁੜ ਯਾਦ ਕਰਾ ਦਿੱਤੇ ਹਨ। ਮੈਂ ਬਿਲਕੁਲ ਭੁੱਲਣਾ ਚਾਹੁੰਦੀ ਹਾਂ। ਜਾਣਦੀ ਹਾਂ ਕਿ ਜੇਕਰ ਇਹਨਾਂ ਹੋਈਆਂ-ਬੀਤੀਆਂ ਦੀ ਮੈਂ ਆਪਣੇ ਅਚੇਤ ਮਨ ’ਤੇ ਤਹਿ ਬੈਠਾਉਂਦੀ ਗਈ ਤਾਂ ਜੇ ਹੋਰ ਕੁਝ ਨਹੀਂ ਤਾਂ ਬਲੱਡ ਪਰੈਸ਼ਰ ਅਵੱਸ਼ ਵੱਧ ਜਾਊਗਾ। ਜਾਂ ਮੈਨੂੰ ਪਹਿਲਾਂ ਵਾਂਗ ਦੌਰੇ ਪੈਣ ਲੱਗ ਜਾਣਗੇ। ਮੈਂ ਕਿਤੇ ਪੜ੍ਹਿਆ ਸੀ ਕਿ ਕਿਸੇ ਨੂੰ ਦੱਸਣ ਨਾਲੋਂ ਆਪਣੇ ਮਨ ’ਤੇ ਹੀ ਕਿਸੇ ਵੀ ਗੱਲ ਦਾ ਅਸਰ ਨਾ ਹੋਣ ਦਿੱਤਾ ਜਾਵੇ ਤਾਂ ਲੱਖ ਦਰਜੇ ਵਧੀਆ ਹੁੰਦਾ ਹੈ। ਪਰ ਹੋਈਆਂ-ਬੀਤੀਆਂ ਨੂੰ ਭੁੱਲਣਾ ਇੰਨਾ ਸੌਖਾ ਨਹੀਂ ਹੁੰਦਾ।

ਮੇਰੇ ’ਤੇ ਅਸਰ ਤਾਂ ਹੋਣਾ ਹੀ ਸੀ। ਮੈਂ ਕੋਈ ਗੱਲ ਮਨ ’ਤੇ ਨਹੀਂ ਲਾਉਂਦੀ ਹੁੰਦੀ ਪਰ ਇਸ ਵਾਰੀ ਪਤਾ ਨਹੀਂ ਕਿਉਂ ਇਹ ਪਲ ਮੇਰੇ ਜ਼ਿਹਨ ’ਚੋਂ ਮਨਫੀ ਨਹੀਂ ਹੋ ਰਹੇ ਸਨ। ਬਹੁਤ ਕੁਝ ਭੁਲਾਉਣ ਲਈ ਮੈਂ ਤੇਰੇ ਕੋਲ ਆਈ ਸੀ। ਤੈਨੂੰ ਪਤਾ ਹੋਣਾ ਕਿ ਮੇਰਾ ਰੂਟ ਇਸ ਤੋਂ ਉਲਟ ਪੈਂਦਾ ਹੈ। ਚਿੱਤ ਨੇ ਜ਼ੋਰ ਪਾਇਆ ਸੀ ਤੇਰੇ ਕੋਲ ਬਠਿੰਡੇ ਜਾਣ ਜੋਗਾ ਟਾਈਮ ਹੈਗਾ। ਉਥੋਂ ਦੂਜੇ-ਤੀਜੇ ਦਿਨ ਮਾਨਸਾ। ਘੁੰਮਦੀ ਘੁੰਮਾਉਂਦੀ ਆਪਣੇ ਸ਼ਹਿਰ ਜਲੰਧਰ।

ਮਾਂ ਤਾਂ ਹੁਣ ਠੀਕ ਲੱਗੀ ਸੀ। ਪਰ ਉਹ ਅੱਗੇ ਨਾਲੋਂ ਕਮਜ਼ੋਰ ਹੋ ਗਈ ਸੀ। ਲੰਬੀ ਬੀਮਾਰੀ ਕਰਕੇ ਉਸ ਦਾ ਰੰਗ ਕੁਝ ਕਾਲੋ ਦੀ ਭਾ ਮਾਰਨ ਲੱਗਾ ਸੀ। ਝੁਰੜੀਆਂ ਸੰਘਣੀਆਂ ਹੋ ਗਈਆਂ ਸਨ। ਉਹੀ ਲੀੜਿਆਂ ਦਾ ਰੰਗ-ਢੰਗ ਸੀ। ਸੱਚ ਜਾਣੀ ਦੁਨੀਆ ਬਦਲ ਗਈ। ਹਵੇਲੀ ਕੋਠੀ ਬਣ ਗਈ ਪਰ ਮਾਂ ਅਜੇ ਤਾਈਂ ਨਹੀਂ ਬਦਲੀ। ਮਾਵਾਂ ਦੀ ਫਿਤਰਤ ਅਜਿਹੀ ਕਿਉਂ ਹੁੰਦੀ ਹੈ ?

ਮਾਂ ਦਾ ਚਾਅ ਤਾਂ ਉਸ ਕੋਲੋਂ ਸੰਭਾਲਿਆ ਹੀ ਨਹੀਂ ਗਿਆ ਸੀ। ਉਸ ਨੂੰ ਪਤਾ



www.PunjabiLibrary.com

ਨਹੀਂ ਲੱਗ ਰਿਹਾ ਸੀ ਕਿ ਕੀ ਪੁੱਛਿਆ ਜਾਵੇ। ਕੀ ਦੱਸਿਆ ਜਾਵੇ। ਇੰਨੇ ਮਹੀਨਿਆਂ ਦੀ ਦੂਰੀ ਨੇ ਉਸ ਨੂੰ ਬੌਖਲਾਅ ਦਿੱਤਾ ਸੀ। ਉਸ ਨੂੰ ਮੇਰੇ ਆਉਣ ਦੀ ਇਕ ਸੌ ਇਕ ਪਰਸੈਂਟ ਉਮੀਦ ਨਹੀਂ ਸੀ। ਜਿਵੇਂ ਮੇਰਾ ਆਉਣਾ ਉਸ ਲਈ ਇਕ ਸੁਪਨੇ ਵਾਂਗ ਸੀ। ਕਦੇ ਚਾਹ ਪੁੱਛਣ ਲੱਗ ਜਾਂਦੀ ਸੀ। ਕਦੀ ਕਹਿੰਦੀ ਸੀ ਕਿ ਠੰਢਾ ਪੀਏਂਗੀ। ਦਸੰਬਰ ਦਾ ਮਹੀਨਾ ਤੇ ਠੰਢਾ ? ਫੇਰ ਉਹ ਟੂਟੀ ’ਚੋਂ ਪਾਣੀ ਦਾ ਗਿਲਾਸ ਭਰ ਲਿਆਈ ਤੇ ਪੁੱਛਿਆ ਸੀ, “ਕੱਲੀ ਆਈ ਐਂ ?” “ਹੂੰ।” ਮੈਨੂੰ ਭਾਪਾ ਜੀ ਦਿੱਸੇ ਸਨ। ਉਨ੍ਹਾਂ ਦਾ ਇਕ ਪਾਸਾ ਰਜਾਈ ’ਚ ਸੀ ਤੇ ਦੂਜਾ ਮੰਜੇ ਤੇ ਰਜਾਈ ’ਚੋਂ ਬਾਹਰ। ਸ਼ਰਾਬ ਦੀ ਬੋ। ਭੀਂਅ-ਭੀਂਅ ਕਰਦੀਆਂ ਬੈਠਦੀਆਂ ਉਡਦੀਆਂ ਮੱਖੀਆਂ। ਮੇਰੇ ਦਿਮਾਗ਼ ਨੂੰ ਕੁਝ ਚੜ੍ਹਨ ਲੱਗਾ ਸੀ। ਮੇਰੇ ਤੇ ਭਾਪਾ ਜੀ ਵਿਚਕਾਰ ਖਿਚੀ ਹੋਈ ਲਛਮਣ ਰੇਖਾ ਸਿਰਫ ਰੇਖਾ ਨਹੀਂ-ਹੁਣ ਇਕ ਪਾੜ ਦਾ ਰੂਪ ਧਾਰਨ ਕਰਨ ਲੱਗੀ ਸੀ। ਜਿਵੇਂ ਬਹੁਤ ਤੇਜ਼ੀ ਨਾਲ ਜ਼ਮੀਨ ’ਚ ਪਾੜ ਪੈ ਰਿਹਾ ਹੋਵੇ। ਇਕ ਪਾਸੇ ਮੈਂ ਖੜ੍ਹੀ ਹੋਵਾਂ ਤੇ ਦੂਜੇ ਪਾਸੇ ਭਾਪਾ ਜੀ। ਭਾਪਾ ਜੀ ਪ੍ਰਤੀ ਮੇਰੀ ਕਠੋਰਤਾ ’ਚ ਕਦੀ ਕਮੀ ਨਹੀਂ ਆਈ। ਕਈ ਵਾਰ ਮੈਂ ਸੋਚਿਆ ਹੈ ਕਿ ਮੈਂ ਇੰਨੀ ਕਠੋਰ ਕਿਉ ਹਾਂ। ਮੈਨੂੰ ਐਦਾਂ ਦਾ ਵਰਤਾਉ ਨਹੀਂ ਕਰਨਾ ਚਾਹੀਦਾ। ਮੈਂ ਲੋੜ ਨਾਲੋਂ ਜ਼ਿਆਦਾ ਕਠੋਰ ਹੋ ਗਈ ਹਾਂ। ਮੈਨੂੰ ਇਸ ਤਰ੍ਹਾਂ ਪੇਸ਼ ਨਹੀਂ ਆਉਣਾ ਚਾਹੀਦਾ। ਸਤੀਸ਼ ਵੀ ਕਹਿੰਦਾ ਹੁੰਦਾ ਹੈ, “ਸੁਨੀਤਾ ਗੰਢ ਭਾਵੇਂ ਰਿਸ਼ਤਿਆਂ ਦੀ ਹੋਵੇ ਜਾਂ ਰੱਸੀ ਦੀ-ਖੁੱਲ੍ਹਣ ਨੂੰ ਸਮਾਂ ਲੱਗਦਾ ਹੈ। ਭੁੱਲਾਂਗੇ ਤਾਂ ਸਮਝੌਤਾ ਹੋ ਸਕਦਾ ਹੈ।” ਪਰ ਭਾਪਾ ਜੀ ਦਾ ਵਤੀਰਾ ਸਮਝੌਤੇ ਵਾਲਾ ਕਦੇ ਰਿਹਾ ਹੀ ਨਹੀਂ। ਜਦੋਂ ਮੈਂ ਬਹੁਤ ਹੀ ਡੂੰਘਾਈ ਨਾਲ ਸੋਚਦੀ ਹਾਂ ਤਾਂ ਮੈਨੂੰ ਐਦਾਂ ਲੱਗਦਾ ਹੈ ਕਿ ਵਿਆਹ ਤੋਂ ਬਾਅਦ ਉਹ ਮੇਰਾ ਚਿਹਰਾ ਵੀ ਨਹੀਂ ਦੇਖਣਾ ਚਾਹੁੰਦੇ। ਜੇ ਕੋਈ ਉਨ੍ਹਾਂ ਕੋਲੋਂ ਪੁੱਛ ਲਵੇ ਕਿ ਤੁਸੀਂ ਐਨੀ ਸ਼ਰਾਬ ਕਿਉਂ ਪੀਂਦੇ ਹੋ ਤਾਂ ਉਨ੍ਹਾਂ ਦਾ ਜਵਾਬ ਹੋਊਗਾ-‘ਸ਼ੀਰੋ ਕਰ ਕੇ।’ ਕਿਸੇ ਹੋਰ ਵੇਲੇ ਉਹ ਕਹਿਣਗੇ-‘ਸ਼ਰਾਬ ਤੇ ਸ਼ਾਇਰੀ-ਦੋਹਾਂ ਦਾ ਸੁਮੇਲ ਐ।’ ਕੋਈ ਰਿਸ਼ਤੇਦਾਰ ਪੁੱਛੇ ਤਾਂ ਉਹ ਮਾਣ ਨਾਲ ਕਹਿਣਗੇ-‘ਇਹਦੇ ਬਿਨਾਂ ਸਰਦਾ ਨਹੀਂ। ਜਿਥੇ ਜਾਉ ਅਗਲਾ ਬੋਤਲ ਲਿਆ ਰੱਖਦਾ ਤੇ ਆਏ ਗਏ ਦੀ ਆਪ ਵੀ ਸੇਵਾ ਕਰਨੀ ਬਣਦੀ ਆ ਨਾ ਸਰਦਾਰ ਜੀ।’ ਭਾਪਾ ਜੀ ਤੇ ਮੈਂ। ਭਾਪਾ ਜੀ ਦਾ ਨਾਂ। ਸਰਦਾਰੀ। ਸ਼ਹਿਰ ’ਚ ਇੱਜ਼ਤ ਮਾਣ। ਐਡੀ ਵੱਡੀ ਹਵੇਲੀ। ਮੈਂ ਸਹੇਲੀਆਂ ਦੇ ਝੁੰਡ ’ਚ ਖੜ੍ਹੀ ਹੁੱਬ ਕੇ ਕਹਿੰਦੀ ਹੁੰਦੀ ਸੀ, ‘ਮੈਂ ਸਰਦਾਰ ਜਾਗੀਰ ਸਿਹੁੰ ਦੀ ਧੀ ਹਾਂ।’ ਅਗਾਂਹ ਕਿਸੇ ਨੂੰ ਕੁਝ ਹੋਰ ਪੁੱਛਣ ਦੱਸਣ ਦੀ ਲੋੜ ਨਹੀਂ ਪੈਂਦੀ ਸੀ। ਹਵੇਲੀ ਦੀਆਂ ਕੰਧਾਂ ’ਤੇ ਫੈਲਿਆ ਹੋਇਆ ਇਤਿਹਾਸ। ਮੈਂ ਭਾਪਾ ਜੀ ਦੀ ਲਾਡਲੀ ਧੀ। ਇਸ ਪਰਿਵਾਰ ਦੀ ਇਕਲੌਤੀ ਕੁੜੀ। ਭਾਪਾ ਜੀ ਦੀ ਨਾ ਕੋਈ ਭੂਆ ਸੀ ਤੇ ਨਾ ਭੈਣ। ਮੈਂ ਤਾਂ ਮੁੰਡਿਆਂ ਵਰਗੀ ਧੀ ਸੀ। ਹੋਰ ਸੁਣ-ਮੇਰੇ ਤਿੰਨਾਂ ਚਾਚਿਆਂ ਦੇ ਵੀ ਕੋਈ ਕੁੜੀ ਨਹੀਂ ਹੈ। ਕਿੰਨਾ ਜ਼ੋਰ ਦੇ ਕੇ ਭਾਪਾ ਜੀ ਨੇ ਮੈਨੂੰ ਮੇਰੀ ਬੇਬੇ (ਦਾਦੀ) ਦੇ ਵਿਰੋਧ ਦੇ ਬਾਵਜੂਦ ਕਾਲਜ ਭੇਜਿਆ ਸੀ, “ਬੇਬੇ ਹੁਣ ਤੇਰੇ ਵਾਲੇ ਸਮੇਂ ਨ੍ਹੀਂ ਰਹੇ। ਤੂੰ ਚੁੱਪ ਹੀ ਰਿਹਾ ਕਰ। ਦੇਖੀਂ-ਇਹ ਕੁੜੀ ਨੌਕਰੀ ਵੀ ਕਰੂ। ਏ ਕਲਾਸ ਅਫਸਰ ਬਣੂ।” ਪਰ ਬਾਅਦ ’ਚ ਭਾਪਾ ਜੀ ਨੇ ਆਪਣੇ ਆਪ ਨੂੰ ਸਮੇਂ ਨਾਲ ਕਿਉਂ ਨਹੀਂ ਬਦਲਿਆ ?

ਪਰਤ ਦਰ ਪਰਤ ਬਾਅਦ ਦੀਆਂ ਘਟਨਾਵਾਂ ਦੀ ਲੜੀ....ਅਗਾਂਹ ਦੀਆਂ ਯਾਦਾਂ

'ਚ ਮੈਂ ਉਲਝਦੀ, ਇਸ ਤੋਂ ਪਹਿਲਾਂ ਹੀ ਜਗਦੀਸ਼ ਨੇ ਮੈਨੂੰ ਆ ਪੁੱਛਿਆ ਸੀ—"ਭੂਆ ਜੀ, ਤੁਸੀਂ ਕਦੋਂ ਆਏ ?" ਮੇਰਾ ਗਲਾ ਖੁਸ਼ਕ ਹੋਇਆ ਪਿਆ ਸੀ। ਮੇਰੇ ਕੋਲੋਂ ਬੋਲਿਆ ਹੀ ਨਹੀਂ ਗਿਆ ਸੀ। ਮਾਂ ਨੇ ਮੇਰੇ ਆਉਣ ਬਾਰੇ ਉਸ ਨੂੰ ਦੱਸਿਆ ਸੀ। ਉਦੋਂ ਹੀ ਦੋਹਾਂ ਹੱਥਾਂ 'ਚ ਦੁੱਧ ਦੀਆਂ ਬਾਲਟੀਆਂ ਸੰਭਾਲੀ ਭਰਜਾਈ ਖੇਤੋਂ ਆ ਗਈ ਸੀ। ਮੁਸਕ੍ਰਾਉਂਦਾ ਚਿਹਰਾ। ਮੈਨੂੰ ਬੜਾ ਪਿਆਰਾ ਲੱਗਾ ਸੀ। ਘਰ 'ਚ ਸਥਿਤੀ ਜਿੱਦਾਂ-ਕਿੱਦਾਂ ਦੀ ਮਰਜੀ ਹੋਵੇ, ਮੈਂ ਹਮੇਸ਼ਾਂ ਉਸ ਦੇ ਬੁੱਲ੍ਹਾਂ 'ਤੇ ਮਿੱਠਾ-ਮਿੱਠਾ ਹਾਸਾ ਦੇਖਿਆ ਹੈ। ਹਰ ਪਲ ਨੂੰ ਮਾਨਣ ਵਾਲੀ ਔਰਤ। ਐਦਾਂ ਦੀਆਂ ਔਰਤਾਂ ਦੀਵਾ ਲੈ ਕੇ ਲੱਭਣ ਨਿਕਲ ਜਾਓ ਤਾਂ ਵੀ ਛੇਤੀ ਕਿਤੇ ਨਹੀਂ ਥਿਆਉਂਦੀਆਂ। ਉਹ ਉਲਾਂਭਾ ਦੇਣ ਵਾਂਗੂ ਬੋਲੀ ਸੀ, "ਸੁਖ ਨਾਲ ਤੇਰਾ ਇਕੋ ਜੁਆਕ। ਲੈ ਚੰਦਰੀਏ, ਤੂੰ ਉਹਨੂੰ ਨਾਲ ਲੈ ਕੇ ਨ੍ਹੀਂ ਆਈ।" ਉਸ ਨੂੰ ਕੀ ਜੁਆਬ ਦਿੰਦੀ ? ਉਹ ਖ਼ੁਦ ਹੀ ਬਹੁਤ ਸਮਝਦਾਰ ਹੈ। ਭਰਜਾਈ ਚਾਹ ਧਰਨ ਚਲੇ ਗਈ ਸੀ। ਮਾਂ ਚੁੱਪ ਚਾਪ ਮੇਰੇ ਕੋਲ ਬੈਠੀ ਰਹੀ ਸੀ।

ਬਾਥਰੂਮ 'ਚੋਂ ਬਾਹਰ ਆਈ ਤਾਂ ਮੈਨੂੰ ਤੌਲੀਆ ਕਿਸੇ ਪਾਸੇ ਨਾ ਦਿੱਸਿਆ ਸੀ। ਵਿਆਹ ਤੋਂ ਪਹਿਲਾਂ ਦੀ ਗੱਲ ਹੋਰ ਹੁੰਦੀ ਸੀ। ਉਦੋਂ ਚੌਂਕੇ ਵਿਚਲੀ ਕੰਧ 'ਚ ਗੱਡੇ ਕਿੱਲ ਉਪਰ ਹੀ ਟੰਗਿਆ ਹੁੰਦਾ ਸੀ। ਹੁਣ ਨਾ ਉਥੇ ਕਿੱਲ ਸੀ, ਨਾ ਬਾਥਰੂਮ ਸੀ। ਮਾਂ ਵੱਲ ਆਉਂਦਿਆਂ-ਆਉਂਦਿਆਂ ਮੈਂ ਡਰਾਇੰਗ ਰੂਮ 'ਚ ਨਜ਼ਰ ਮਾਰੀ ਤਾਂ ਪਿਆਰਾ ਸੋਫੇ 'ਤੇ ਮੂਧੇ ਮੂੰਹ ਪਿਆ ਸੀ। ਕੋਲ ਹੀ ਗੰਦ ਮੰਦ ਖਿਲਰਿਆ ਪਿਆ ਸੀ। ਉਸ ਉਲਟੀ ਕੀਤੀ ਸੀ ਜਾਂ ਖਾਣ ਲੱਗਿਆਂ ਕੋਈ ਚੀਜ਼ ਡਿੱਗ ਪਈ ਸੀ ਪਰ ਸ਼ਰਾਬ! ਤੌਬਾ ਅੜੀਏ, ਮੈਂ ਤੌਲੀਆ ਲੱਭਣਾ ਭੁੱਲ ਗਈ ਸੀ। ਕੋਠੀ ਦੀ ਇਕ ਨੁਕਰੇ ਧੁੱਪ 'ਚ ਬੈਠੀ ਮਾਂ ਕੋਲ ਕਾਹਲੀ ਕਾਹਲੀ ਆ ਗਈ ਸੀ। ਮਾਂ ਅੱਖਾਂ 'ਤੇ ਹੱਥ ਦਾ ਉਹਟਾ ਕਰੀ ਕੁਝ ਦੇਖ ਰਹੀ ਸੀ। ਖੌਰੇ ਉਸ ਦੀ ਨਜ਼ਰ ਹੀ ਘੱਟ ਗਈ ਸੀ। ਅੱਵਸ਼ ਨਜ਼ਰ ਘੱਟ ਗਈ ਹੋਣੀ ਹੈ ਕਿਉਂ ਜੁ ਉਹ ਅਜੇ ਵੀ ਇਸ ਪਾਸੇ ਵੱਲ ਦੇਖ ਰਹੀ ਸੀ। ਉਸ ਦੇ ਭਾਣੇ ਮੈਂ ਅਜੇ ਬਾਥਰੂਮ 'ਚ ਹੀ ਸੀ। ਕੋਲ ਆਈ ਤਾਂ ਉਸ ਆਪਣਾ ਮੂੰਹ ਮੇਰੇ ਵੱਲ ਭੂੰਆਂ ਲਿਆ ਸੀ। ਮੇਰੇ ਬੈਠਣ ਲਈ ਪਰ੍ਹਾਂ ਨੂੰ ਖਿਸਕ ਗਈ ਸੀ। ਮੈਂ ਮਾਂ ਕੋਲੋਂ ਬਹੁਤ ਕੁਝ ਪੁੱਛਣਾ ਚਾਹੁੰਦੀ ਸੀ। ਢੇਰ ਸਾਰੀਆਂ ਗੱਲਾਂ ਕਰਨ ਵਾਲੀਆਂ ਸਨ। ਮੈਂ ਕਾਹਲ ਨਹੀਂ ਕਰਨਾ ਚਾਹੁੰਦੀ ਸੀ। ਚਾਰ ਦਿਨ ਇਥੇ ਰਹਿਣਾ ਸੀ। ਰਾਤ ਨੂੰ ਮਾਵਾਂ ਧੀਆਂ ਇਕੱਠੀਆਂ ਬੈਠਾਂਗੀਆਂ। ਸੁੱਖ-ਦੁੱਖ ਦੀਆਂ ਗੱਲਾਂ ਕਰਾਂਗੀਆਂ।

ਅੜੀਏ, ਮਾਂ ਤਾਂ ਆਖ਼ਰ ਮਾਂ ਹੁੰਦੀ ਹੈ ਨਾ। ਮੋਹ ਦੀਆਂ ਤੰਦਾਂ ਕਦੇ ਨਹੀਂ ਟੁੱਟਦੀਆਂ। ਇਹੋ ਮੋਹ ਤਾਂ ਖਿਚ ਲਿਆਇਆ ਸੀ। ਨਹੀਂ ਤਾਂ, ਸੱਚ ਜਾਣੀਂ ਜਿੰਨੀ ਵਾਰੀ ਵੀ ਇਧਰ ਆਉਣ ਲਈ ਸੋਚਿਆ ਸੀ, ਮਨ ਨੇ ਇਨਕਾਰੀ ਕੀਤੀ ਸੀ। ਕਈ ਵਾਰੀ ਐਦਾਂ ਵੀ ਹੋ ਜਾਂਦਾ ਹੈ ਕਿ ਹਰ ਗੱਲ ਸੋਚ ਸਮਝ ਕੇ ਨਹੀਂ ਹੁੰਦੀ। ਐਦਾਂ ਹੀ ਮੇਰੇ ਕੋਲੋਂ ਹੋ ਗਿਆ ਸੀ। ਸਤੀਸ਼ ਨੇ ਕਿਉਂ ਰੋਕਣਾ ਸੀ। ਉਸ ਮੈਨੂੰ ਕਦੇ ਨਹੀਂ ਰੋਕਿਆ। ਮੈਂ ਘੌਲ ਕਰ ਜਾਂਦੀ ਸੀ ਉਹ ਜ਼ੋਰ ਪਾਉਂਦਾ ਸੀ—"ਕਿਸੇ ਹੋਰ ਲਈ ਤਾਂ ਨਾ ਸਈਂ ਪਰ ਤੈਨੂੰ ਮਾਂ ਲਈ ਜਾਣਾ ਚਾਹੀਦਾ।" ਛੁੱਟੀ ਦੁਆਉਣ ਦੀ ਜ਼ੁੰਮੇਵਾਰੀ ਉਸ ਆਪਣੇ ਸਿਰ ਲਈ ਸੀ। ਸਾਡਾ ਅਕਾਊਂਟ ਅਫਸਰ ਉਸ ਦਾ ਕੁਲੀਗ ਰਹਿ ਚੁੱਕਿਆ ਸੀ। ਫਿਰ ਮੈਂ ਕਦੇ ਛੁੱਟੀ ਲਈ ਬਹੁਤ ਜ਼ੋਰ ਨਹੀਂ ਪਾਇਆ।



ਇਨ੍ਹਾਂ ਦਿਨਾਂ 'ਚ ਆਖ਼ਰਾਂ ਦਾ ਕੰਮ ਹੁੰਦਾ ਹੈ। ਐਨੁਅਲ ਡੈਟੇ ਕੰਪਾਇਲ ਕਰਨੇ ਹੁੰਦੇ ਹਨ। ਮੈਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਮਿਲਦੀ। ਛੁੱਟੀ ਲੈਣਾ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ। ਖੈਰ, ਸਤੀਸ਼ ਦਾ ਕਿਹਾ ਅਕਾਊਂਟ ਅਫਸਰ ਨੇ ਸਿਰ ਮੱਥੇ ਮੰਨਿਆ ਸੀ।

ਮੈਨੂੰ ਜਸਵਿੰਦਰ ਕੋਲੋਂ ਪਤਾ ਲੱਗਾ ਸੀ ਕਿ ਮਾਂ ਦੀ ਸਿਹਤ ਠੀਕ ਨਹੀਂ ਰਹਿੰਦੀ। ਪੀਲੀਆ ਹੋ ਗਿਆ ਸੀ। ਦੋ ਛੁੱਟੀਆਂ ਮਿਲੀਆਂ ਸਨ। ਅੱਗੇ ਸ਼ਨੀ-ਐਤਵਾਰ ਆ ਜਾਣੇ ਸਨ। ਚਾਰ ਦਿਨ ਮਾਂ ਕੋਲ ਰਿਹਾ ਜਾ ਸਕਦਾ ਸੀ। ਉਸ ਦਾ ਸਹਾਰਾ ਬਣਿਆ ਜਾ ਸਕਦਾ ਸੀ। ਮਾਂ ਵੀ ਕਹਿੰਦੀ ਹੁੰਦੀ ਹੈ ਕਿ ਮੈਂ ਤਾਂ ਉਸ ਦੀ ਧੀ ਨਹੀਂ, ਪੁੱਤ ਹਾਂ। ਸੁਪਰ ਪੁੱਤ।

ਚਾਹ ਪੀਂਦਿਆਂ-ਪੀਂਦਿਆਂ ਭਰਜਾਈ ਨੇ ਸੁਲਾਹ ਮਾਰਨ ਵਾਂਗ ਕਿਹਾ ਸੀ, "ਮੈਂ ਜਾਣਾ। ਕਲ੍ਹ ਵੱਡੇ ਭਰਾ ਦੀ ਕੋਠੀ ਦਾ ਮਹੂਰਤ ਆ ਤੇ ਨਾਲ ਹੀ ਆਖੰਡਪਾਠ ਦਾ ਭੋਗ। ਮੈਥੋਂ ਮੱਝਾਂ ਦੀਆਂ ਧਾਰਾਂ ਕਰਕੇ ਘਰੋਂ ਨ੍ਹੀਂ ਨਿਕਲ ਹੋਇਆ। ਅੱਜ ਚੋਅ ਚਲੀਂ ਆਂ। ਕਲ੍ਹ ਦੀ ਜ਼ੁੰਮੇਵਾਰੀ ਗਿਆਨੋ ਨੇ ਸੰਭਾਲੀ ਆ। ਹੁਣ ਤੂੰ ਆਪ ਦੇਖ ਲੈ। ਵੱਡਾ ਭਤੀਜਾ ਨਵੀਂ ਮਾਰੂਤੀ ਵਿਚ ਲੈਣ ਆਇਆ। ਖੇਤ ਕੰਨੀਂ ਗਿਆ। ਪਸ਼ੂ ਵੀ ਬੰਦੇ ਨੂੰ ਆਪਣੇ ਨਾਲ ਬੰਨ੍ਹ ਲੈਂਦੇ। ਤੇਰਾ ਵੀਰ ਤੇ ਸੁੱਖਾ ਕਲ੍ਹ ਦੇ ਗਏ। ਫੇਰ ਤੂੰ ਹੀ ਦੱਸ ਜਾਣਾ ਬਣਦਾ ਆ ਨਾ ?" ਮੇਰੇ ਕੋਲ ਹਾਂ ਕਹਿਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਚਾਹ ਮੁਕਦਿਆਂ ਤੀਕ ਭਰਜਾਈ ਦੀ ਰਾਮ ਕਥਾ ਖਤਮ ਹੋ ਗਈ ਸੀ। ਉਹ ਤਿਆਰ ਹੋਣ ਚਲੇ ਗਈ ਸੀ। ਹੁਣ ਮਾਂ ਬੋਲੇਗੀ, ਇਸ ਦਾ ਮੈਨੂੰ ਪਤਾ ਸੀ। ਗੱਲ ਵੀ ਉਹੋ ਕਰੇਗੀ ਜਿਸ ਨੂੰ ਮੈਂ ਸੁਣਨਾ ਕਦੇ ਪਸੰਦ ਨਹੀਂ ਕੀਤਾ।

ਲੈ-ਫੇਰ ਸੁਣ ਮਾਂ ਦੀ ਕਥਾ।

"ਲੈ ਨੀ ਸ਼ੀਰੋ-ਇਸ ਸਾਲ ਤੇਰੇ ਭਾਪੇ ਨੂੰ ਵੱਡਾ ਇਨਾਮ ਮਿਲਿਆ। ਪੂਰੇ ਇਕਵੰਜਾ ਹਜ਼ਾਰ। ਮੈਨੂੰ ਵੀ ਨਾਲ ਲੈ ਕੇ ਗਿਆ। ਕਹਿੰਦਾ-'ਦੇਖ ਸਰਦਾਰਨੀ ਮੇਰੀ ਬਾਹਰ ਕਿੰਨੀ ਬੁਕਤ ਹੈਗੀ।' ਐਨਾ ਮੁਲਕ ਸੀ ਉਥੇ—ਜਿੰਨਾ ਝੂਠਾ ਬੋਲਾਂ—ਉੱਨਾ ਹੀ ਸੱਚ ਜਾਣੀਂ। ਮੈਨੂੰ ਤਾਂ ਸਿਰ ਹੀ ਸਿਰ ਦਿੱਸੀ ਗਏ। ਮੇਰਾ ਸਿਰ ਘੁੰਮਣ ਲੱਗਾ। ਇਕ ਮੰਤਰੀ ਨੇ ਤੇਰੇ ਭਾਪੇ ਨੂੰ ਆਹ ਕੀ ਕਹਿੰਦੇ ਹੁੰਦੇ ਜਿਹਤੇ ਕੁਸ਼ ਲਿਖਿਆ ਹੁੰਦਾ..ਤਖਤੀ ਵਰਗਾ ਸੂਲਡ। ਮੈਨੂੰ ਜੈ ਖਾਣੀ ਨੂੰ ਕੀ ਪਤਾ, ਦਿੱਤੀ ਤੇ ਨਾਲ ਹੀ ਚੈੱਕ। ਫੇਰ ਮੰਤਰੀ ਨੇ ਤੇਰੇ ਭਾਪੇ ਨੂੰ ਜੱਫੀ ਪਾ ਲਈ ਤੇ ਕਿਹਾ-'ਸਰਦਾਰ ਜੀ ਮੈਨੂੰ ਜਾਣਦੇ ਹੋ—ਮੈਂ ਵੀ ਤੁਹਾਡੇ ਇਲਾਕੇ ਦਾ ਆਂ।' ਕਿੰਨਾ ਕੁ ਮੈਂ ਸੁਣ ਸਕਦੀ ਸੀ। ਅੱਕ ਕੇ ਮਾਂ ਦੇ ਬੁੱਲ੍ਹਾਂ ਦੇ ਹੱਥ ਰੱਖ ਦਿੱਤਾ ਸੀ। ਉੱਚੀ ਦੇਣੀ ਕਿਹਾ, ਮਾਂ ਹੁਣ ਬੱਸ ਵੀ ਕਰ। ਮੈਂ ਅਖ਼ਬਾਰ ਵਿਚ ਰਿਪੋਰਟ ਪੜ੍ਹ ਲਈ ਸੀ। ਪੜ੍ਹ ਕੇ ਕੂੜੇਦਾਨ 'ਚ ਸੁੱਟ ਦਿੱਤੀ ਸੀ। ਮੇਰੀ ਕੁਲੀਗ ਕਿਰਨ ਸ਼ਰਮਾ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ ਸੀ। ਜਿਵੇਂ ਪੁੱਛ ਰਹੀ ਹੋਵੇ—ਅੱਜ ਦੀ ਅਖ਼ਬਾਰ ਪਾੜਨ ਦੀ ਕੀ ਤੁਕ ਹੋਈ ? ਉਸ ਨੂੰ ਮੈਂ ਕੀ ਦੱਸਦੀ ? ਮੈਨੂੰ ਉਸਦਾ ਮੇਰੇ ਵੱਲ ਸਿੱਧਾ ਦੇਖਣਾ ਅਖਰਿਆ ਸੀ। ਉਸ ਨੇ ਮੇਰੀ ਘਬਰਾਹਟ ਦੀ ਕੋਈ ਕੰਨੀ ਫੜ੍ਹ ਲਈ ਸੀ। ਮੇਰੇ ਵੱਲ ਕੁਰਸੀ ਖਿਸਕਾ ਕੇ ਓਸ ਪੁੱਛਿਆ ਸੀ, 'ਕੀ ਗੱਲ ਸਿਹਤ ਠੀਕ ਆ ?' ਮੈਂ ਅੱਗੋਂ ਬੋਲੀ ਸੀ—'ਕੋਈ ਖਾਸ ਨ੍ਹੀਂ।' ਗੱਲ ਨੂੰ ਹੋਰ ਪਾਸੇ ਤੋਰਨ ਲਈ ਮੈਂ ਕਿਹਾ ਸੀ—'ਅੱਜ ਤੂੰ ਚਾਹ ਪਿਲਾਉਣੀ ਭੁੱਲ ਗਈਂ ?' ਮੈਂ ਆਪਣੀ ਘਬਰਾਹਟ ਲੁਕਾਉਣ ਵਿਚ ਸਫਲ ਰਹੀ ਸੀ।



www.PunjabiLibrary.com

ਮੈਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਸੀ। ਪਿਛਲੇ ਕਈ ਸਾਲਾਂ ਦੀਆਂ ਝਲਕੀਆਂ ਸਾਕਾਰ ਹੋਣ ਲੱਗੀਆਂ ਸਨ। ਆਖਰੀ ਝਾਕੀ ਅੱਖਾਂ ਸਾਹਮਣੇ ਆਉਣ ਤੋਂ ਪਹਿਲਾਂ ਹੀ ਮੈਂ ਮੂੰਹ ਦੂਜੇ ਪਾਸੇ ਘੁੰਮਾ ਲਿਆ ਸੀ। ਘੁੱਟ ਕੇ ਅੱਖਾਂ ਬੰਦ ਕੀਤੀਆਂ ਸਨ। ਕਿਤੇ ਭਾਪਾ ਜੀ ਪ੍ਰਤੀ ਮੇਰਾ ਦੱਬਿਆ ਹੋਇਆ ਗੁੱਸਾ ਜ਼ਹਿਰ ਨਾ ਬਣਨ ਲੱਗ ਜਾਵੇ।

ਛੱਡ ਪਰ੍ਹਾਂ—ਇਹ ਗਾਥਾ ਬਹੁਤ ਲੰਬੀ ਹੈ।

ਭਰਜਾਈ ਨੇ ਤਾਂ ਜਾਣਾ ਹੀ ਸੀ। ਜਾਂਦੀ-ਜਾਂਦੀ ਤਾਗੀਦ ਕਰ ਗਈ ਸੀ, "ਕੁੜੇ ਜਾਈਂ ਨਾ। ਕਲ੍ਹ ਆਥਣੇ ਅਸੀਂ ਮੁੜ ਆਉਣਾ। ਚਲ ਸਾਡੇ ਨਾਲ ਵਗ ਚਲ। ਸਵੇਰ ਨੂੰ ਪੱਪੇ ਨਾਲ ਆ ਜਾਈਂ।" ਮੈਂ ਨਾਂਹ ਕਰ ਦਿੱਤੀ ਸੀ।

ਮੈਂ ਸੀ। ਮਾਂ ਸੀ। ਦੋਵੇਂ ਪਿਉ-ਪੁੱਤ ਸਨ। ਗੁਟ ਹੋਏ।

ਫੇਰ ਮਾਂ ਨੇ ਦੱਸਣਾ ਸ਼ੁਰੂ ਕੀਤਾ ਸੀ, "ਉਹ ਆ ਨਾ ਮਹਿੰਦਰੀ। ਉਹ ਹੀ ਜਿਹਦੇ ਪੇਕੇ ਪੰਜ ਗਰਾਈਂ ਨੇ। ਉਹਦੇ ਮੁੰਡੇ ਨੂੰ ਸ਼ਗਨ ਦੇ ਕੇ ਗਏ। ਤੇਰੇ ਆਉਣ ਤੋਂ ਪਹਿਲਾਂ ਮੈਂ ਵੀ ਉਧਰੋਂ ਮੁੜੀ ਆਈ ਆਂ। ਅਖੰਡ ਪਾਠ ਰਖਾਇਆ ਸੀ। ਕੁੜੀ ਵਾਲੇ ਬਹੁਤ ਕੁਸ਼ ਦੇ ਕੇ ਗਏ। ਸਕੂਟਰ, ਕੜਾ। ਇਨ੍ਹਾਂ ਵੀ ਸੇਵਾ ਕਰਨ ਦੀ ਕੋਈ ਕਸਰ ਨ੍ਹੀਂ ਰਹਿਣ ਦਿੱਤੀ। ਜਾਂਦਿਆਂ ਨੂੰ ਚਾਹ ਨਾਲ ਮਠਿਆਈ। ਪਾਠ ਦੇ ਭੋਗ ਤੋਂ ਬਾਅਦ ਰੋਟੀ। ਵਿਆਹ ਵਾਂਗ ਮੇਜ਼ ਕੁਰਸੀਆਂ ਲੱਗੀਆਂ ਸਨ। ਬਾਹੋਂ ਫੜ ਫੜ ਕੇ ਜ਼ੋਰ ਲਾਉਣ—'ਨ੍ਹੀਂ ਵੀਰ ਜੀ। ਬੇਬੇ ਜੀ..ਭੈਣ ਜੀ..ਨਿੱਕੀਏ..ਰੋਟੀ ਖਾਧੇ ਬਿਨਾਂ ਕਿਸੇ ਨ੍ਹੀਂ ਜਾਣਾ।' ਤੇਰਾ ਭਾਪਾ ਤੇ ਪਿਆਰਾ ਵੀ ਉਥੋਂ ਟੁਲ ਹੋ ਕੇ ਆਏ। ਦਿਨ ਸੁਧ ਵੇਲੇ ਵੱਧ ਘੱਟ ਖਾਧੀ ਪੀਤੀ ਜਾਂਦੀ ਆ। ਬੰਦਾ ਬਚ ਕੇ ਨ੍ਹੀਂ ਆ ਸਕਦਾ। ਉਦਾਂ ਇਹ ਹੁਣ ਪਹਿਲਾਂ ਵਾਂਗ ਨ੍ਹੀਂ ਪੀਂਦਾ। ਪਿਆਰਾ ਵੀ ਨ੍ਹੀਂ। ਹੋਇਆ ਤਾਂ ਕਿਸੇ ਦਿਨ ਦਿਹਾੜੇ ਖਾ ਪੀ ਲਈ...।" ਮੈਂ ਹੁੰਗਾਰਾ ਦੇਣਾ ਵੀ ਬੰਦ ਕਰ ਦਿੱਤਾ ਸੀ। ਉਹ ਫੇਰ ਬੋਲੀ ਸੀ, "ਵੱਡੜਾ ਮਰ ਜਾਣਾ ਜੁਦਾ ਹੋ ਗਿਆ। ਉਸ ਆਪਣਾ ਨਵਾਂ ਟਰੈਕਟਰ ਲੈ ਆਂਦਾ। ਦੱਸ-ਘਰ ਵਿਚ ਦੋ ਥੋੜ੍ਹੇ ਸੀ। ਮੈਂ ਤੈਨੂੰ ਚਿੱਠੀ ਤਾਂ ਲਿਖਾਉਣੀ ਸੀ—ਸੋਚਿਆ..ਤੂੰ ਆਵੇਂਗੀ ?" ਆਪਣੇ ਆਪ ਨਾਲ ਗੱਲਾਂ ਕਰਦੀ ਨੇ ਕਿਹਾ ਸੀ, "ਚੰਗਾ ਹੋਇਆ। ਆਪਣੀ ਜ਼ੁੰਮੇਵਾਰੀ ਸੰਭਾਲੂ।"

ਮਾਂ ਦਾ ਮਨ ਗੱਲਾਂ ਨਾਲ ਤੁਨਿਆ ਪਿਆ ਸੀ—ਇਸ ਗੱਲ ਦਾ ਮੈਨੂੰ ਅਹਿਸਾਸ ਸੀ। ਦੱਸਦੀ-ਦੱਸਦੀ ਨੂੰ ਹੋਰ ਗੱਲ ਯਾਦ ਆ ਜਾਂਦੀ ਸੀ। ਫੇਰ ਉਹ ਪਿਛਲੀ ਗੱਲ ਭੁੱਲ ਅਗਲੀ ਸ਼ੁਰੂ ਕਰ ਦਿੰਦੀ ਸੀ। ਇਹ ਉਮਰ ਹੀ ਅਜਿਹੀ ਹੁੰਦੀ ਹੈ। ਪਰ ਮਾਂ ਤਾਂ ਉਮਰੋਂ ਪਹਿਲਾਂ ਹੀ ਬੁੱਢੀ ਹੋ ਗਈ ਸੀ।

ਭਾਪਾ ਜੀ ਨੇ 'ਸਰਦਾਰਨੀ'—'ਸਰਦਾਰਨੀ' ਕਿਹਾ ਸੀ। ਮਾਂ ਕਾਹਲੀ-ਕਾਹਲੀ ਉਸ ਵੱਲ ਗਈ ਸੀ। ਜਾਂਦੀ ਨੂੰ ਫੇਰ ਉਹ ਚੁੱਪ ਕਰ ਗਏ ਸਨ। ਮਿੰਟ ਕੁ ਉਨ੍ਹਾਂ ਦੇ ਕੋਲ ਖੜ੍ਹੀ ਰਹੀ ਸੀ। ਉਨ੍ਹਾਂ ਮਾਂ ਨੂੰ ਦੁਬਾਰਾ ਆਵਾਜ਼ ਨਹੀਂ ਮਾਰੀ ਸੀ। ਮਾਂ ਨੇ ਸੁੱਖ ਦਾ ਸਾਹ ਲਿਆ ਸੀ। ਉਸ ਦੇ ਚਿਹਰੇ 'ਤੇ ਫੈਲੀ ਘਬਰਾਹਟ ਘੱਟੀ ਸੀ। ਪੈਰਾਂ ਵੱਲ ਖਿਸਕੀ ਰਜਾਈ ਖਿਚ ਕੇ ਉਸ ਮੂੰਹ ਤੱਕ ਫੈਲਾ ਦਿੱਤੀ ਸੀ। ਇਕ ਪਲ ਨੀਝ ਨਾਲ ਉਨ੍ਹਾਂ ਵੱਲ ਦੇਖਿਆ ਸੀ। ਫੇਰ ਕੰਧ ਵੱਲ ਦੇਖਿਆ ਸੀ। ਹੁਣ ਜਿਧਰ ਭਾਪਾ ਦਾ ਮੰਜਾ ਪਿਆ ਸੀ, ਉਧਰ ਛਾਂ ਆ ਗਈ ਸੀ। ਮਾਂ



ਨੇ ਆਪਣੇ ਆਲੇ ਦੁਆਲੇ ਘੁੰਮ ਕੇ ਐਦਾਂ ਦੇਖਿਆ ਸੀ ਜਿਵੇਂ ਕਿਸੇ ਦੀ ਭਾਲ ਕਰ ਰਹੀ ਹੋਵੇ ਤਾਂ ਜੋ ਉਹ ਉਨ੍ਹਾਂ ਨੂੰ ਚੁੱਕ ਕੇ ਅੰਦਰ ਪਾ ਆਵੇ। ਉਥੇ ਤਾਂ ਕੋਈ ਵੀ ਨਹੀਂ ਸੀ। ਮਾਂ ਨੇ ਮੈਨੂੰ ਆਵਾਜ਼ ਨਹੀਂ ਮਾਰੀ ਸੀ। ਬਾਹਰ ਗਲੀ ਵੱਲ ਨੂੰ ਤੁਰ ਗਈ ਸੀ।

ਤੈਨੂੰ ਪਤਾ ਕਿ ਮੇਰੇ ਕੋਲੋਂ ਵਿਹਲਿਆਂ ਨਹੀਂ ਬੈਠਿਆ ਜਾਂਦਾ। ਮਾਂ ਦੇ ਰੋਕਦਿਆਂ-ਰੋਕਦਿਆਂ ਵੀ ਮੈਂ ਅੰਦਰ ਜਾ ਕੇ ਰਸੋਈ 'ਚ ਭਾਂਡੇ ਧੋਣੇ ਸ਼ੁਰੂ ਕੀਤੇ ਸਨ। ਮਾਂ ਨੂੰ ਸੁਚਮ ਪਸੰਦ ਹੈ। ਉਸ ਹਰੇਕ ਚੀਜ਼ ਨੂੰ ਸਲੀਕੇ ਨਾਲ ਰੱਖਿਆ ਹੋਇਆ ਸੀ। ਚਾਹ ਪੀਣ ਨੂੰ ਫੇਰ ਮੇਰਾ ਚਿੱਤ ਕਰ ਆਇਆ ਸੀ। ਮੈਂ ਗੈਸ ਬਾਲ ਲਿਆ ਸੀ। ਸਟੂਲ ਖਿਚ ਕੇ ਬੈਠ ਗਈ ਸੀ। ਆਪਣੇ ਲਈ ਚਾਹ ਦਾ ਕੱਪ ਰੱਖਿਆ ਸੀ। ਮਾਂ ਨੂੰ ਸ਼ੂਗਰ ਹੈ। ਮੈਨੂੰ ਤੇਜ਼ ਮਿੱਠੇ ਵਾਲੀ ਚਾਹ ਚੰਗੀ ਲੱਗਦੀ ਹੈ। ਉਹ ਘੱਟ ਵੱਧ ਹੀ ਚਾਹ ਪੀਂਦੀ ਹੈ। ਚਾਹ ਪੀਂਦਿਆਂ-ਪੀਂਦਿਆਂ ਮੈਨੂੰ ਆਪਣੇ ਆਪ 'ਤੇ ਖਿਝ ਆਈ ਸੀ ਕਿ ਮੈਂ ਭਾਪਾ ਜੀ ਵੱਲ ਦੇਖ ਕੇ ਬੁੱਲ੍ਹ ਕਿਉਂ ਅਟੇਰਦੀ ਹਾਂ। ਮੇਰੇ ਵਿਰੁੱਧ ਹੋਣ ਕਰਕੇ ਜਾਂ ਸ਼ਰਾਬ ਕਰਕੇ। ਨਹੀਂ, ਸ਼ਰਾਬ ਕਰ ਕੇ ਨਹੀਂ। ਪੀਣਾ ਉਨ੍ਹਾਂ ਦੀ ਆਦਤ ਬਣ ਚੁੱਕੀ ਹੈ। ਘਰ 'ਚ ਕਿਸ ਚੀਜ਼ ਦਾ ਘਾਟਾ ਹੈ। ਪੰਜਾਹ-ਸੱਠ ਖੇਤ ਕਿਤੇ ਥੋੜ੍ਹੇ ਹੁੰਦੇ ਹਨ। ਵਸਦਿਆਂ ਰਸਦਿਆਂ ਦਾ ਘਰ ਹੈ। ਮੈਂ ਸ਼ਰਾਬ ਨੂੰ ਇਸ ਕਰ ਕੇ ਕੁਝ ਜ਼ਿਆਦਾ ਹੀ ਨਫਰਤ ਕਰਨ ਲੱਗ ਪਈ ਹਾਂ ਕਿ ਸਤੀਸ਼ ਆਪ ਨਹੀਂ ਸੀ ਪੀਂਦਾ। ਨਾ ਹੀ ਕਿਸੇ ਨੂੰ ਪਿਲਾਉਂਦਾ ਸੀ। ਮੈਨੂੰ ਕੀ ਇਹ ਪੀਈ ਜਾਣ। ਮੇਰੇ ਖਿਝਿਆਂ ਕਿਹੜਾ ਇਨ੍ਹਾਂ ਹਟ ਜਾਣਾ। ਫੇਰ ਮੈਂ ਕਿਉਂ ਕਲਪਾਂ ? ਸ਼ਰਾਬ ਪ੍ਰਤੀ ਮੇਰੀ ਨਫਰਤ ਚਾਹ ਦਾ ਕੱਪ ਮੁਕਦਿਆਂ ਹੀ ਖਤਮ ਹੋ ਗਈ ਸੀ। ਹੁਣ ਮੈਂ ਤਰੋਤਾਜ਼ਾ ਸੀ। ਮੈਂ ਸਫਰੀ ਤੇ ਕੱਪ ਧੋਤੇ ਤੇ ਡਰਾਇੰਗ ਰੂਮ 'ਚ ਆ ਗਈ ਸੀ। ਮੂਧੇ ਪਏ ਪਿਆਰੇ ਵੱਲ ਦੇਖਦਿਆਂ ਹੀ ਮੈਂ ਮੋਹ ਨਾਲ ਭਰ ਗਈ ਸੀ। ਆਖਰ ਉਹ ਮੇਰਾ ਛੋਟਾ ਵੀਰ ਹੈ। ਉਹ ਸਤੀਸ਼ ਤੋਂ ਸਿਵਾਏ ਮੇਰੇ ਨਾਲ ਕਦੇ ਮੰਦਾ ਚੰਗਾ ਨਹੀਂ ਬੋਲਿਆ। ਉਹ ਵੀ ਗੁੱਸੇ ਨਾਲ। ਉਸ ਨੂੰ ਭਾਪਾ ਜੀ ਵਾਂਗ ਸਤੀਸ਼ ਦੀ ਹੋਂਦ ਅੱਖਰਦੀ ਹੈ। ਉਨ੍ਹਾਂ ਇਕੱਲਿਆਂ ਨੂੰ ਨਹੀਂ, ਅੱਧੇ ਸ਼ਹਿਰ ਨੂੰ ਅੱਖਰਦੀ ਹੈ। ਪਰ ਸ਼ਹਿਰ ਦੀ ਐਸੀ ਦੀ ਤੈਸੀ—ਗੱਲ ਤਾਂ ਇਨ੍ਹਾਂ ਦੋਹਾਂ ਦੀ ਹੈ। ਸਮੇਂ ਨਾਲ ਇਹ ਸਤੀਸ਼ ਨੂੰ ਕਬੂਲ ਲਵੇਗਾ ਤੇ ਹੋ ਸਕਦਾ ਹੈ ਕਿ ਇਸ ਕਬੂਲ ਹੀ ਲਿਆ ਹੋਵੇ। ਇਸ ਗੱਲ ਦਾ ਅਜੇ ਮੈਨੂੰ ਪਤਾ ਨਹੀਂ ਲੱਗਾ ਸੀ। ਇੰਨਾ ਕੁ ਪਤਾ ਸੀ ਕਿ ਹੁਣ ਇਹ ਸਤੀਸ਼ ਦੇ ਵਿਰੁੱਧ ਕੁਝ ਨਹੀਂ ਬੋਲਦਾ, ਭਾਵੇਂ ਇਸ ਉਸ ਨੂੰ ਕਤਲ ਕਰਵਾਉਣ ਦੀ ਧਮਕੀ ਵੀ ਦਿੱਤੀ ਸੀ। ਗੁੱਸੇ ਵਿਚ ਬੰਦਾ ਬਹੁਤ ਕੁਝ ਬੋਲ ਜਾਂਦਾ ਹੈ। ਉਸ ਨੂੰ ਆਪਣੇ ਆਪ ਦੀ ਹੋਸ਼ ਨਹੀਂ ਰਹਿੰਦੀ। ਇਸ 'ਪ੍ਰੇਮ ਵਿਆਹ' ਲਈ ਕਈ ਧਮਕੀਆਂ ਦਾ ਸਾਹਮਣਾ ਕਰਨਾ ਹੀ ਪੈਣਾ ਹੈ।

ਇੱਕ ਵਾਰ ਤਾਂ ਮੈਂ ਸੱਭ ਕੁਝ ਭੁੱਲ ਗਈ ਸੀ। ਸੋਫੇ 'ਤੇ ਪਿਆ ਪਿਆਰਾ ਮੈਨੂੰ ਚੰਗਾ-ਚੰਗਾ ਲੱਗਾ ਸੀ। ਪੁਰਾਣਾ ਕੱਪੜਾ ਲੱਭ ਕੇ ਮੈਂ ਉਸ ਦੀਆਂ ਉਲਟੀਆਂ ਸਾਫ ਕਰ ਦਿੱਤੀਆਂ ਸਨ। ਉਸ ਦੀ ਹੇਠਾਂ ਨੂੰ ਲਮਕਦੀ ਲੱਤ ਕੁਰਸੀ ਖਿਚ ਕੇ ਉਪਰ ਟਿਕਾ ਦਿੱਤੀ ਸੀ। ਡਰਾਇੰਗ ਰੂਮ ਪੇਂਟਿੰਗਜ਼ ਨਾਲ ਸਜਿਆ ਪਿਆ ਸੀ। ਉਨ੍ਹਾਂ ਨੂੰ ਦੇਖਦਿਆਂ ਸਕੂਨ ਮਿਲਿਆ ਸੀ। ਪਿਆਰੇ ਦੀ ਚੋਣ ਦੀ ਦਾਦ ਦੇਣੀ ਬਣਦੀ ਸੀ। ਫੇਰ ਮੈਂ ਭਾਪਾ ਜੀ ਦੇ ਕਮਰੇ 'ਚ ਆ ਗਈ ਸੀ। ਕਿਤਾਬਾਂ ਦੇ ਰੈਕ ਦੀ ਧੂੜ ਝਾੜਨ ਲੱਗੀ ਸੀ। ਭਾਪਾ ਜੀ ਦੇ ਘੁਰਾੜੇ ਕਦੇ ਉੱਚੀ



www.PunjabiLibrary.com

ਸੁਰ 'ਚ ਹੋ ਜਾਂਦੇ ਸਨ ਤੇ ਕਦੇ ਮਧਮ ਸੁਰ 'ਚ। ਮੇਰੇ ਮਨ 'ਚ ਇੱਕ ਤੀਬਰ ਇੱਛਾ ਜਾਗੀ ਸੀ ਕਿ ਹੁਣ ਭਾਪਾ ਜੀ ਉਠਣ ਤੇ ਮੇਰੇ ਸਿਰ 'ਤੇ ਹੱਥ ਰੱਖ ਕੇ ਕਹਿਣ—'ਬੱਲੇ ਬੱਲੇ। ਆ ਗਈ ਮੇਰੀ ਧੀ-ਸ਼ੀਰੋ..।' ਇਕ ਤੋਂ ਬਾਅਦ ਇਕ ਚੀਜ਼ਾਂ ਮੈਂ ਸਾਫ ਕੀਤੀਆਂ ਹਨ। ਫੇਰ ਖੁੱਲ੍ਹੀ ਅਲਮਾਰੀ ਦੇ ਹੇਠਲੇ ਖਾਨੇ 'ਚ ਉਗੜ-ਦੁਗੜ ਪਈਆਂ ਚਾਦਰਾਂ ਨੂੰ ਠੀਕ ਸਿਰ ਕਰਨ ਲੱਗੀ ਤਾਂ ਅਚਾਨਕ ਇਕ ਚਾਦਰ ਦੀ ਤਹਿ 'ਚੋਂ ਟੁੱਟੇ ਹੋਏ ਸ਼ੀਸ਼ੇ ਵਾਲੀ ਸਤੀਸ਼ ਦੀ ਫੋਟੋ ਨਿਕਲੀ ਸੀ। ਮੇਰੇ ਸਿਰ ਨੂੰ ਘੁੰਮੇਟਣੀ ਜਿਹੀ ਚੜ੍ਹੀ ਸੀ। ਇਹ ਫੋਟੋ ਤਾਂ ਮਾਂ ਆਪ ਸ਼ੀਸ਼ੇ 'ਚ ਜੜਵਾ ਕੇ ਲਿਆਈ ਹੋਣੀ ਜਿਹੜੀ ਕਿ ਮੈਂ ਮਹੀਨਾ ਕੁ ਪਹਿਲਾਂ ਜਸਵਿੰਦਰ ਦੇ ਹੱਥੀਂ ਘੱਲੀ ਸੀ। ਫੇਰ ਇਹ ਫੋਟੋ ਭਾਪਾ ਜੀ ਨੇ ਚੁੱਕ ਕੇ ਕੰਧ 'ਚ ਮਾਰੀ ਹੋਵੇਗੀ ਜਾਂ ਪਿਆਰੇ ਨੇ। ਕੀ ਪਤਾ ਲੱਗਦਾ ਇਨ੍ਹਾਂ ਦੋਹਾਂ 'ਚੋਂ ਕਿਸ ਦੇ ਮਨ 'ਤੇ 'ਮੈਂ' ਆਈ ਹੋਵੇਗੀ। ਇਹ ਤਾਂ ਉਸ ਦੇ ਮੱਥੇ ਲੱਗਣ ਨੂੰ ਤਿਆਰ ਨਹੀਂ। ਫੇਰ ਉਹਦੀ ਫੋਟੋ ਨੂੰ ਆਪਣੇ ਘਰ ਕਿਵੇਂ ਝਲ ਸਕਦੇ ਹਨ। ਕਿਸੇ ਨੂੰ ਮਨੋਂ ਕਬੂਲਣ ਲਈ ਜਿਗਰਾ ਚਾਹੀਦਾ ਹੈ। ਪਹਾੜਾ ਜਿਡਾ ਜਿਗਰਾ। ਨਾਲ ਹੀ ਤਰਕ। ਪਰ ਨਾ ਭਾਪਾ ਜੀ ਕੋਲ ਤਰਕ ਹੈ ਤੇ ਨਾ ਹੀ ਪਿਆਰੇ ਕੋਲ। ਉਨ੍ਹਾਂ ਕੋਲ ਤਾਂ ਆਪਣੀ ਜਿੱਦ ਹੈ। ਘੋੜਾ ਅੜੀ ਹੈ। ਜੋ ਉਨ੍ਹਾਂ ਕਿਹਾ ਉਹ ਸੱਚ ਹੈ ਤੇ ਜੋ ਅਸੀਂ ਕਿਹਾ-ਝੂਠ। ਮੇਰੇ ਅੱਗੇ ਤਾਂ ਮੇਰਾ ਸੱਚ ਸੀ। ਆਪਣੀ ਗੱਲ 'ਤੇ ਅੜਨ ਲਈ ਤਰਕ ਦੀ ਆਖਰੀ ਡੋਰ ਸੀ— ਸਤੀਸ਼ ਐਮ.ਏ. ਪਾਸ ਹੈ। ਫਸਟ ਕਲਾਸ ਅਫਸਰ ਹੈ। ਮੇਰੀ ਆਪਣੀ ਪੋਸਟਿੰਗ ਹੋ ਚੁੱਕੀ ਹੈ। ਦੋਵੇਂ ਵੈਲ ਸੈਟੇਲਡ ਹਾਂ। ਅਸੀਂ ਇਨ੍ਹਾਂ ਦੀ ਕੋਠੀ, ਖੇਤਾਂ ਤੋਂ ਕੀ ਲੈਣਾ ਹੈ। ਭਾਪਾ ਜੀ ਨੇ ਚੀਕ ਕੇ ਕਿਹਾ ਸੀ—'ਸਾਡੀ ਕੋਠੀ ਦੀ ਹੈਸੀਅਤ ਜਾਣਦੀ ਆਂ ?' ਮਾਂ ਚੁੱਪ ਰਹੀ ਸੀ। ਨਾ ਉਸ ਮੇਰੇ ਵੱਲ ਦੀ ਗੱਲ ਕੀਤੀ ਸੀ ਤੇ ਨਾ ਹੀ ਉਨ੍ਹਾਂ ਵੱਲ ਦੀ। ਜਿਵੇਂ ਇਨ੍ਹਾਂ ਪਲਾਂ 'ਚ ਉਹ ਨਿਰਪੱਖ ਰਹਿਣਾ ਚਾਹੁੰਦੀ ਹੋਵੇ ਪਰ ਵਿਚ-ਵਿਚ ਮੈਨੂੰ ਐਦਾਂ ਲੱਗਦਾ ਹੁੰਦਾ ਸੀ ਕਿ ਮੈਨੂੰ ਮਾਂ ਦੀ ਹਮਾਇਤ ਹਾਸਿਲ ਹੈ। ਉਹ ਮੇਰੇ ਨਾਲ ਹੈ। ਇਸੇ ਕਰਕੇ ਤਾਂ ਉਸ ਮੇਰਾ ਖੁੱਲ੍ਹ ਕੇ ਵਿਰੋਧ ਨਹੀਂ ਸੀ ਕੀਤਾ। ਸਾਲ ਕੁ ਬਾਅਦ, ਸਰਕਾਰੀ ਜੀਪ 'ਚ ਮੈਂ ਤੇ ਸਤੀਸ਼ ਮਿਲਣ ਆਏ ਤਾਂ ਉਸ ਦੋਹਾਂ ਨੂੰ ਅਸ਼ੀਰਵਾਦ ਦਿੱਤਾ ਸੀ-'ਜੁਗ-ਜੁਗ ਜੀਉ'। ਭਾਪਾ ਜੀ ਹਵੇਲੀਉਂ ਨਹੀਂ ਮੁੜੇ ਸਨ। ਪਤਾ ਨਹੀਂ ਮਾਂ ਨੇ ਉਨ੍ਹਾਂ ਨੂੰ ਦੱਸਿਆ ਵੀ ਸੀ ਕਿ ਨਹੀਂ। ਮੈਨੂੰ ਲੱਗਾ ਸੀ ਕਿ ਘਰ 'ਚ ਡੂੰਘੀ ਚੁੱਪ ਸੀ। ਤਨਾਉ ਸੀ। ਜਿਵੇਂ ਸਾਰੇ ਇਕ ਦੂਜੇ ਕੋਲੋਂ ਬਚ ਕੇ ਨਿਕਲ ਜਾਣਾ ਚਾਹੁੰਦੇ ਹੋਣ। ਫੇਰ ਮਾਂ ਨੇ ਸਤੀਸ਼ ਨੂੰ ਕੋਠੀ 'ਚ ਲੱਗੇ ਸੰਗਮਰਮਰ-ਪੱਥਰ ਦਿਖਾਏ ਸੀ। ਮੈਂ ਨਾਲ ਨਹੀਂ ਤੁਰੀ ਸੀ। ਮੇਰੇ ਕੋਲੋਂ ਕੁਝ ਨਾ ਕੁਝ ਕਿਹਾ ਜਾਣਾ ਸੀ। ਐਨੇ ਚਿਰ ਬਾਅਦ ਮਾਂ ਨੂੰ ਮਿਲੀ ਸੀ, ਕਿਸੇ ਤਕਰਾਰ 'ਚ ਪੈਣਾ ਨਹੀਂ ਚਾਹੁੰਦੀ ਸੀ। ਠੰਢਾ ਪੀਂਦਿਆਂ ਹੋਇਆਂ ਭਰਜਾਈ ਘੁੰਮ ਘੁੰਮਾ ਕੇ ਸਤੀਸ਼ ਦੇ ਡਿਪਾਰਟਮੈਂਟ ਬਾਰੇ ਪੁੱਛਦੀ ਰਹੀ ਸੀ। ਮਾਂ ਦੇ ਚਿਹਰੇ 'ਤੇ ਫੈਲੀ ਘਬਰਾਹਟ ਦੇਖ ਸਤੀਸ਼ ਨੇ ਕਿਹਾ ਸੀ—'ਹੁਣ ਚਲਣਾ ਚਾਹੀਦਾ।' ਮਾਂ ਬੋਲੀ ਸੀ, "ਨ੍ਹੀਂ-ਪੁੱਤ ਅੱਜ ਤੁਸੀਂ ਰਹੋ। ਤੇਰੇ ਭਾਪੇ ਦਾ ਗੁੱਸਾ ਕੜ੍ਹੀ ਦੇ ਉਬਾਲ ਜਿਹਾ ਹੁੰਦਾ।" ਮੈਨੂੰ ਇਸ ਉਬਾਲ ਦਾ ਏ ਤੋਂ ਜੈਡ ਤੱਕ ਦਾ ਪਤਾ ਸੀ। ਜਾਣ 'ਚ ਖੈਰੀਅਤ ਸੀ। ਸਤੀਸ਼ ਨੇ ਆਪਣੇ ਡਰਾਈਵਰ ਤੇ ਦੋਵੇਂ ਬਾਡੀ ਗਾਰਡਾਂ ਨੂੰ ਚਲਣ ਦਾ ਇਸ਼ਾਰਾ ਕੀਤਾ ਸੀ.... ਆਹ ਸਾਹਮਣੇ ਟੁੱਟੀ ਪਈ ਫੋਟੋ। ਮੇਰੀਆਂ ਅੱਖਾਂ ਅੱਗੇ ਧੁੰਦ ਪਸਰਨ ਲੱਗੀ ਸੀ। ਭਾਪਾ ਜੀ ਨੇ



ਗੁੱਸੇ 'ਚ ਆ ਕੇ ਤੋੜੀ ਹੋਵੇਗੀ। ਮਾਂ ਨੇ ਇਹ ਟੁੱਟੀ ਹੋਈ ਫੋਟੋ (ਸਮੇਤ ਫਰੇਮ) ਉਨ੍ਹਾਂ ਤੋਂ ਚੋਰੀ ਸਾਂਭ ਲਈ ਹੋਣੀ ਹੈ। ਫੇਰ ਹੋ ਸਕਦਾ—ਭਾਪਾ ਜੀ ਦੀ ਨਜ਼ਰ ਇਸ ਪਾਸੇ ਨਾ ਗਈ ਹੋਵੇ। ਨਹੀਂ ਤਾਂ ਉਨ੍ਹਾਂ ਚੁੱਕ ਕੇ ਕੂੜੇ ਵਾਲੇ ਡਰੰਮ 'ਚ ਜਾ ਸੁੱਟਣੀ ਸੀ ਜਾਂ ਪਿਆਰਾ ਹੀ ਇਸ ਨੂੰ ਵਗਾਹ ਕੇ ਗਲੀ 'ਚ ਸੁੱਟ ਦਿੰਦਾ ਤੇ ਚੀਕ ਮਾਰ ਕੇ ਕਹਿੰਦਾ-'ਸਾਲਾ ਚੜ੍ਹਮ-ਐਸ. ਡੀ. ਐਮ. ਕੀ ਲੱਗ ਗਿਆ ਆਪਣੇ ਆਪ ਨੂੰ ਖੁਦਾ ਸਮਝਣ ਲੱਗ ਪਿਆ।' ਪਤਾ ਨਹੀਂ ਕੀ ਦਾ ਕੀ ਮੇਰੇ ਦਿਮਾਗ 'ਚ ਆਉਂਦਾ ਗਿਆ ਸੀ....ਮੈਨੂੰ ਕੰਬਣੀ ਛਿੜੀ ਸੀ। ਬਾਹਾਂ ਦੇ ਜੋੜਾਂ ਤੇ ਧੌਣ ਕੋਲ ਕਸਾ ਵਧਿਆ ਸੀ। ਹੁਣ ਮੇਰੇ ਕੋਲੋਂ ਇਥੇ ਰਾਤ ਕੱਟੀ ਨਹੀਂ ਜਾਣੀ ਸੀ। ਇਹ ਸੋਚ ਮੈਂ ਆਪਣਾ ਬੈਗ ਚੁੱਕ ਲਿਆ ਸੀ। ਇਹ ਵੀ ਜਾਣਦੀ ਸੀ ਕਿ ਮਾਂ ਨੇ ਮੈਨੂੰ ਜਾਣ ਨਹੀਂ ਦੇਣਾ ਸੀ। ਸਿਆਲੂ ਦਿਨ। ਤੇ ਚਾਰ ਵਜੇ ! ਮੈਂ ਕਿਥੇ ਜਾਵਾਂਗੀ ? ਜਲੰਧਰ ਨਹੀਂ—ਜਲੰਧਰ ਤਾਂ ਕੀ ਮੋਗੇ ਪਹੁੰਚਣਾ ਔਖਾ ਲੱਗਦਾ ਸੀ। ਫੇਰ ਇਥੇ ਕਿਸੇ ਦੇ ਘਰ ਰਿਹਾ ਜਾ ਸਕਦਾ ਸੀ। ਪਰ ਇਸ ਘਰ 'ਚ ਨਹੀਂ। ਮਨ 'ਚ ਇਕ ਗੱਲ ਇਹ ਵੀ ਆ ਰਹੀ ਸੀ ਕਿ ਇਹ ਤਾਂ ਮੇਰਾ ਭ੍ਰਮ ਸੀ। ਮਾਂ ਨੇ ਬਿਲਕੁਲ ਨਹੀਂ ਮੰਨਣਾ ਸੀ। ਮਾਂ ਕੋਲ ਆ ਕੇ ਮੇਰੇ ਪੈਰ ਜਾਮ ਹੋ ਗਏ ਸਨ। ਪੁੱਛਾਂ ਤਾਂ ਕਿਵੇਂ ਪੁੱਛਾਂ। ਸ਼ਾਇਦ ਉਹ ਢੱਲੇ ਪਰਛਾਵਿਆਂ ਤੋਂ ਸਮੇਂ ਦਾ ਅੰਦਾਜ਼ਾ ਲਾ ਰਹੀ ਸੀ ਜਾਂ ਫੇਰ ਮੇਰੇ ਲਈ ਰਾਤ ਨੂੰ ਕਿਹੜੀ ਸਬਜ਼ੀ ਬਣਾਈ ਜਾਵੇ, ਇਸ ਬਾਰੇ ਵਿਚਾਰ ਕਰ ਰਹੀ ਸੀ।

"ਮਾਂ ਨੀ..," ਮੈਂ ਉਸ ਅੱਗੇ ਆਪਣਾ ਸਿਰ ਕਰਦਿਆਂ ਕਿਹਾ ਸੀ। ਉਸ ਦੀ ਛਾਤੀ ਤੱਕ ਝੁਕ ਗਈ ਸੀ। ਮੈਨੂੰ ਪਤਾ ਸੀ ਕਿ ਉਹ ਪਹਿਲਾਂ ਮੇਰਾ ਸਿਰ ਪਲੋਸੇਗੀ, ਫੇਰ ਮੱਥਾ ਚੁੰਮੇਗੀ ਤੇ ਫੇਰ ਅਸੀਸਾਂ ਦੀ ਝੜੀ ਲਾ ਦੇਵੇਗੀ।

ਉਸ ਮੇਰੇ ਵੱਲ ਦੇਖਿਆ ਸੀ। ਫੇਰ ਦੇਖਿਆ ਸੀ। ਸਿਰ ਤੋਂ ਪੈਰਾਂ ਤੀਕ। ਹੱਥ 'ਚ ਫੜੇ ਬੈਗ ਨੂੰ ਵੀ। ਉਹ ਮੂੰਹੋਂ ਕੁਝ ਨਹੀਂ ਫੁਟੀ ਸੀ। ਸੁੰਨਵਟਾ ਬਣੀ ਰਹੀ ਸੀ।

"ਮਾਂ..ਮਾਂ ਨੀ..ਮੈਂ ਤਾਂ ਚੱਲੀ।" ਮੇਰੇ ਕੋਲੋਂ ਇੰਨਾ ਹੀ ਕਿਹਾ ਗਿਆ ਸੀ।

"ਠਹਿਰ ਧੀਏ," ਗੋਡਿਆਂ 'ਤੇ ਹੱਥ ਰੱਖ ਕੇ ਉਹ ਉਠ ਬੋਲੀ ਸੀ, "ਬਿੰਦ ਕੁ ਰੁਕੀ ਜ਼ਰਾ।"

ਉਹ ਫੁਰਤੀ ਨਾਲ ਅੰਦਰ ਗਈ ਸੀ। ਮੁੜਦੇ ਪੈਰੀਂ ਵਾਪਸ ਆ ਕੇ ਮੈਨੂੰ ਸੌ ਦਾ ਨੋਟ ਮੱਲੋ ਜ਼ੋਰੀ ਫੜਾਉਂਦਿਆਂ ਕਿਹਾ ਸੀ, "ਲੈ—ਮੇਰੇ ਵੱਲੋਂ ਆਪਣੇ ਜੁਆਕ ਨੂੰ ਦੇ ਦੇਈਂ।"

ਮੈਂ ਆਪਣਾ ਸਿਰ ਉਸ ਦੀ ਛਾਤੀ ਤਕ ਨੀਵਾਂ ਕੀਤਾ ਸੀ। ਉਸ ਪਿਆਰ ਦਿੱਤਾ ਸੀ। ਮੱਥਾ ਚੁੰਮਿਆ ਸੀ। ਅਸੀਸਾਂ ਦੀ ਝੜੀ ਲਾ ਦਿੱਤੀ ਸੀ। ਮੰਜੇ 'ਤੇ ਬੈਠ ਗਈ ਸੀ।

ਗੇਟ ਕੋਲ ਆ ਕੇ ਮੈਂ ਪਿਛਾਂਹ ਮੁੜ ਕੇ ਦੇਖਿਆ ਸੀ। 'ਸਰਦਾਰਨੀ ਸਰਦਾਰਨੀ' ਦੀ ਹਾਕ ਸੁਣਦਿਆਂ ਹੀ ਮਾਂ ਛੋਹਲੇ ਪੈਰੀਂ ਅੰਦਰ ਵੱਲ ਦੌੜ ਹੀ ਪਈ ਸੀ।



www.PunjabiLibrary.com

## ਤੁਸੀਂ ਨਹੀਂ ਸਮਝ ਸਕਦੇ

"ਤੌਬਾ ! ਐਨੀ ਗਰਮੀ ?" ਬਸ ਤੋਂ ਉਤਰਦਿਆਂ ਹੀ ਨਾਲ ਦੀ ਸਵਾਰੀ ਨੇ ਕਿਹਾ ਹੈ। ਮੈਂ ਚੁਫੇਰੇ ਨਜ਼ਰ ਮਾਰਦਾ ਹਾਂ। ਸੜਕ ਸੁੰਨੀ-ਸੁੰਨੀ ਲੱਗਦੀ ਹੈ। ਮੈਂ ਸ਼ੈਡ ਹੇਠ ਆ ਖੜਦਾ ਹਾਂ। ਕੁਝ ਜਣੇ ਅਗਲੀ ਬਸ ਦਾ ਇੰਤਜ਼ਾਰ ਕਰ ਰਹੇ ਹਨ। ਇੱਕ ਪਾਸੇ ਪੈਰਾਂ ਭਾਰ ਬੈਠਾ ਬਜ਼ੁਰਗ, ਆਪਣੇ ਸਾਥੀ ਨੂੰ ਕਹਿ ਰਿਹਾ ਹੈ, "ਐਤਕੀਂ ਤਾਂ ਮੀਂਹ ਬਹੁਤ ਲੇਟ ਹੋ ਗਿਆ। ਸਾਰਾ ਸੌਣ ਲੰਘ ਚੱਲਿਆ। ਮੀਂਹ ਦੀ ਇੱਕ ਛਿੱਟ ਨ੍ਹੀਂ ਪਈ। ਪਹਿਲਾਂ ਕਦੇ ਐਦਾਂ ਨ੍ਹੀਂ ਹੋਇਆ। ਜੇ ਹੋਰ ਦੋ ਹਫ਼ਤਿਆਂ ਵਿੱਚ ਮੀਂਹ ਨਾ ਪਿਆ ਤਾਂ ਬੋਰਾਂ ਵਿਚੋਂ ਰਹਿੰਦਾ ਖੂੰਦਾ ਪਾਣੀ ਵੀ ਮੁੱਕ ਜਾਣਾ। ਉਪਰੋਂ ਬਿਜਲੀ ਦੀ ਕੱਟ ਚੱਲਦੀ। ਤੇਲ ਦੀਆਂ ਦੋ ਕੇਨੀਆਂ ਲਈ ਅੱਧਾ ਅੱਧਾ ਦਿਨ ਪੈਟਰੋਲ ਪੰਪ ਤੇ ਖੜਣਾ ਪੈਂਦਾ। ਰੱਬ ਵੀ ਸਾਡਾ ਓੜਕ ਦੇਖਦਾ। ਬੁੜੀਆਂ-ਕੁੜੀਆਂ ਸੌ ਔੜ-ਪੌੜ ਕੀਤੇ ਪਰ ਅਸਮਾਨ ਵਿੱਚ ਰੱਤੀ ਭਰ ਵੀ ਕਾਲੋਂ ਨ੍ਹੀਂ ਉਭਰੀ..।"

ਨਲਕੇ ਤੋਂ ਪਾਣੀ ਪੀਂਦਿਆਂ ਇੱਕ ਵਿਚਾਰ ਮਨ 'ਚ ਆਉਂਦਾ ਹੈ ਕਿ ਰਿਕਸ਼ਾ ਕਰ ਲਵਾਂ। ਇਕ ਹੱਥ ਵਿੱਚ ਰੋਟੀ ਵਾਲਾ ਡੱਬਾ ਹੈ। ਦੂਜੇ ਹੱਥ ਵਿੱਚ ਸਾਮਾਨ ਨਾਲ ਨੱਕੋ-ਨੱਕ ਭਰਿਆ ਹੋਇਆ ਥੈਲਾ। ਭਾਰ ਜ਼ਿਆਦਾ ਹੈ। ਡੇਰਾ ਕਾਫੀ ਦੂਰ ਪੈਂਦਾ ਹੈ। ਅੱਡੇਉਂ ਦੋ ਕੁ ਮੀਲ ਤਾਂ ਸਹਿਜੇ ਹੋਣਾ। ਵਾਪਸੀ 'ਤੇ ਤਾਂ ਸਰ ਜਾਂਦਾ ਹੈ। ਕਦੇ ਜੋਗਿੰਦਰ ਟਰੈਕਟਰ 'ਤੇ ਛੱਡ ਜਾਂਦਾ ਹੈ। ਕਦੇ ਗੋਰਖਾ ਸਾਈਕਲ 'ਤੇ। ਮੋੜ ਮੁੜਨ ਲੱਗਾ, ਮੈਂ ਫੇਰ ਰੁਕ ਜਾਂਦਾ ਹਾਂ। ਅਗਾਂਹ ਨਿਵਾਣ ਸ਼ੁਰੂ ਹੋ ਕੇ ਧੂੜ ਭਰਿਆ ਕੱਚਾ ਰਾਹ ਹੈ। ਦੁਚਿਤੀ 'ਚ ਫਸ ਜਾਂਦਾ ਹਾਂ ਕਿ ਰਿਕਸ਼ਾ ਲਵਾਂ ਜਾਂ ਕਿ ਨਾ। ਰਿਕਸ਼ੇ ਵਾਲੇ ਨੇ ਪੰਜਾਂ-ਸੱਤਾਂ ਤੋਂ ਘੱਟ 'ਚ ਨਹੀਂ ਮੰਨਣਾ। ਪਹਿਲਾਂ ਵੀ ਤਾਂ ਮੈਂ ਤੁਰ ਕੇ ਜਾਂਦਾ ਹਾਂ। ਅੱਜ ਗਰਮੀ ਕੁਝ ਜ਼ਿਆਦਾ ਹੀ ਲੱਗ ਰਹੀ ਹੈ। ਚਿੱਤ ਘਬਰਾ ਰਿਹਾ ਹੈ। ਫੇਰ ਮਨ ਬਦਲ ਜਾਂਦਾ ਹੈ, ਇਹ ਸੋਚ ਕੇ ਕਿ ਬਾਬੂ ਕਹਿਣਗੇ, "ਤੈਨੂੰ ਅਸੀਂ ਪੁੱਤਾਂ ਵਾਂਗ ਸਮਝਦੇ ਆਂ। ਤੂੰ ਵੀ ਪੁੱਤਾਂ ਵਾਂਗ ਰਿਹਾ ਕਰ। ਦੱਸ-ਕਦੇ ਤੇਰੇ ਨਾਲ ਫਰਕ ਕੀਤਾ।" ਮੈਨੂੰ ਬਾਬੂਆਂ ਦਾ ਕਿਹਾ ਹਮੇਸ਼ਾਂ ਹੀ ਸੱਚਾ ਲੱਗਾ ਹੈ। ਉਹ ਮੇਰੀ ਲਿਖੀ ਡੇ-ਬੁੱਕ ਚੈਕ ਨਹੀਂ ਕਰਦੇ। ਨਾ ਹੀ ਕਿਸੇ ਕਿਸਮ ਦੀ ਕੋਈ ਨਿਸ਼ਾਨੀ ਲਾਉਂਦੇ ਹਨ। ਮੈਂ ਜਿੰਨਾ ਮਰਜੀ ਖਰਚਾ ਪਾ ਦੇਵਾਂ, ਉਨ੍ਹਾਂ ਕਦੇ ਚੂੰਅ ਨਹੀਂ ਕੀਤੀ। ਮੈਂ ਦੋ ਤਿੰਨ ਵਾਰ ਕਿਹਾ



ਸੀ ਤਾਂ ਵੱਡੇ ਬਾਬੂ ਜੀ ਦਾ ਜੁਆਬ ਸੀ, "ਦੱਸ-ਤੂੰ ਕੋਈ ਓਪਰਾ ਬੰਦਾ। ਮੈਨੂੰ ਤੇਰੇ ਤੇ ਇਤਬਾਰ ਆ। ਮੈਨੂੰ ਪਤਾ-ਤੂੰ ਜਗੀਰ ਰਾਮ ਦਾ ਮੁੰਡਾ ਆ। ਮੈਂ ਕਦੇ ਆਪਣੇ ਨੌਕਰ ਨੂੰ ਨੌਕਰ ਨ੍ਹੀਂ ਸਮਝਦਾ। ਨਾ ਹੀ ਚਾਹੁੰਦਾ ਆਂ ਕਿ ਉਹ ਵੀ ਆਪਣੇ ਆਪ ਨੂੰ ਨੌਕਰ ਸਮਝੇ। ਫੇਰ ਤੂੰ ਤਾਂ ਮੇਰੇ ਮੁੰਡਿਆਂ ਵਰਗਾ ਆ।"

ਸੜਕ ਪਾਰ ਕਰਨ ਲੱਗਿਆਂ ਯਾਦ ਆਉਂਦਾ ਹੈ। ਕਲ੍ਹ ਸ਼ਾਮੀਂ ਵਾਪਸੀ 'ਤੇ ਜੋਗਿੰਦਰ ਨੇ ਕਿਹਾ ਸੀ, "ਗੋਰਖੇ ਨੂੰ ਦੁੱਧ ਤੇ ਬੀੜੀਆਂ ਦੇ ਦੋ ਬੰਡਲ ਲੈ ਕੇ ਦੇ ਦਿਉ।"

ਮੈਂ ਉਸ ਦੀ ਗੱਲ ਅਣਸੁਣੀ ਕਰ ਦਿੱਤੀ ਸੀ। ਅੱਗੇਉਂ ਕੋਈ ਹੁੰਗਾਰਾ ਨਹੀਂ ਭਰਿਆ ਸੀ। ਆਮ ਨਾਲੋਂ ਉੱਚੀ ਆਵਾਜ਼ 'ਚ ਉਸ ਫੇਰ ਕਿਹਾ ਸੀ, "ਯਾਦ ਹੈ ਨਾ ? ਭੁੱਲ ਨਾ ਜਾਇਓ। ਕਲ੍ਹ ਵਾਲੀ ਗੱਲ ਨਾ ਹੋਵੇ। ਉਜਾੜ ਵਿੱਚ ਬੀੜੀਆਂ ਨਾਲ ਝੱਟ ਚੰਗਾ ਲੰਘ ਜਾਂਦਾ। ਤੁਸੀਂ ਵੀ ਇੱਕ ਰਾਤ ਇੱਥੇ ਕੱਟ ਕੇ ਦੇਖੋ। ਪਤਾ ਲੱਗੂ ਕੀ ਭਾਅ ਵਿਕਦੀ ਆ। ਆਹ ਬਈਂ ਵਾਲੇ ਪਾਸਿਓਂ ਅਜੀਬ ਅਜੀਬ ਅਜਿਹੀਆਂ ਆਵਾਜ਼ਾਂ ਆਉਂਦੀਆਂ।" ਦੁੱਧ ਦੇ ਦੋ ਪੈਕਟ ਮੈਂ ਲੈ ਦਿੱਤੇ ਸੀ ਪਰ ਬੀੜੀਆਂ ਨਹੀਂ ਘੱਲੀਆਂ ਸਨ। ਇਹ ਜਾਣਦਿਆਂ ਹੋਇਆਂ ਵੀ ਕਿ ਉਹ ਸਾਰੀ ਰਾਤ ਮੈਨੂੰ ਗਾਲਾਂ ਕੱਢੇਗਾ। ਮਾਲਕਾਂ ਦੀ ਧੀ-ਭੈਣ ਇੱਕ ਕਰੇਗਾ। ਅਕਸਰ ਉਹ ਕੁਝ ਨਾ ਕੁੱਝ ਮੰਗਦਾ ਹੀ ਰਹਿੰਦਾ ਹੈ। ਉਸ ਦੀ ਕਿਹੜੀ-ਕਿਹੜੀ ਲੋੜ ਪੂਰੀ ਕਰਾਂ। ਇੱਕ ਪੂਰੀ ਹੁੰਦੀ ਹੈ ਤਾਂ ਝੱਟ ਦੂਜੀ ਦੀ ਫਰਮਾਇਸ਼ ਕਰ ਦਿੰਦਾ ਹੈ। ਹੁਣ ਇਹ ਉਸ ਦੀ ਆਦਤ ਬਣ ਗਈ ਹੈ। ਥੁੜਾਂ ਮਨ 'ਚ ਕਾਹਲਾਪਨ ਹੀ ਪੈਦਾ ਕਰਦੀਆਂ ਹਨ।

ਵਾਪਸ ਮੁੜ ਕੇ ਮੈਂ ਬੀੜੀਆਂ ਦੇ ਦੋ ਬੰਡਲ ਲੈਂਦਾ ਹਾਂ। ਟਾਹਲੀ ਦੀ ਛਾਂ ਥੱਲੇ ਖੜ ਕੇ ਡੇਰੇ ਵੱਲ ਜਾਂਦੇ ਰਾਹ ਵੱਲ ਦੇਖਦਾ ਹਾਂ। ਦੇਖਦਾ ਨਹੀਂ, ਘੂਰਦਾ ਹਾਂ। ਸ਼ਾਇਦ ਕੋਈ ਟਰੈਕਟਰ ਹੀ ਮਿਲ ਜਾਵੇ ਜਾਂ ਸਾਈਕਲ, ਗੱਡਾ ਜਾਂ ਕੁਝ ਹੋਰ ਹੀ ਜਾਣ ਵਾਲਾ ਸਾਧਨ ਮਿਲ ਜਾਵੇ। ਕਦੇ-ਕਦੇ ਬੱਚਿਆਂ ਦੀ ਟੋਲੀ ਮਿਲ ਪੈਂਦੀ ਹੈ। ਇਨ੍ਹਾਂ 'ਚੋਂ ਕੁਝ ਹੇਠਾਂ ਪੈਂਦੀ ਕਲੋਨੀ 'ਚੋਂ ਹੁੰਦੇ ਹਨ। ਕੁਝ ਕੁ ਅਗਾਂਹ ਪੈਂਦੇ ਡੇਰਿਆਂ 'ਚੋਂ। ਕੱਚਾ ਰਾਹ ਅਗਾਂਹ ਪੈਂਦੇ ਡੇਰਿਆਂ ਤਾਈਂ ਜਾਂਦਾ ਹੈ। ਕਲੋਨੀ ਕੋਲੋਂ ਹੁੰਦਾ ਹੋਇਆ ਇਹ ਰਾਹ ਆਬੇ ਦੀ ਚੜ੍ਹਾਈ ਚੜ੍ਹ ਕੇ ਤਿੰਨ ਪਾਸਿਆਂ ਨੂੰ ਪਾਟ ਜਾਂਦਾ ਹੈ। ਅਗਾਂਹ ਟਿੱਬੇ ਸ਼ੁਰੂ ਹੋ ਜਾਂਦੇ ਹਨ।

ਪੁਰੇ ਦੀ ਤੇਜ਼ ਵਗਦੀ ਹਵਾ ਨੇ ਸਰੀਰ ਨੂੰ ਪੱਸ਼ ਕੇ ਰੱਖ ਦਿੱਤਾ ਹੈ। ਬੰਦਾ ਤਾਂ ਕੀ ਕੋਈ ਪਰਿੰਦਾ ਵੀ ਨਹੀਂ ਦਿੱਸਦਾ ਹੈ। ਮੇਰੇ ਸਾਹਮਣੇ ਵਾਵਰੋਲਿਆਂ 'ਚ ਰੇਤਾ ਉਡ ਰਹੀ ਹੈ। ਛੋਟੇ ਬਾਬੂ ਅਕਾਸ਼ਦੀਪ ਦੀਆਂ ਨਸੀਹਤਾਂ ਅਤੇ ਹਦਾਇਤਾਂ ਯਾਦ ਆਉਂਦੀਆਂ ਹਨ-"ਭਾਜੀ ਧਿਆਨ ਨਾਲ ਦੇਖੇਓ ਕਿੰਨਾ ਕੁ ਥਾਂ ਪੱਧਰਾ ਹੋਇਆ।.. ਪਰਲੇ ਪਾਸੇ ਟਿੱਬੇ ਨੂੰ ਅਜੇ ਹੱਥ ਲਾਇਆ ਕਿ ਨ੍ਹੀਂ।.. ਗੋਰਖੇ ਨੂੰ ਸਮਝਾਏਓ ਕਿ ਵੱਟਾਂ ਪੱਕੀ ਮਿੱਟੀ ਦੀਆਂ ਬਣਾਵੇ।.. ਇੱਕ ਦਿਨ ਟਰਾਲੀ 'ਤੇ ਪੱਕੀ ਮਿੱਟੀ ਢੋਅ ਲੈਣ।.. ਜੋਗਿੰਦਰ ਨੂੰ ਕਹੇਓ..ਜਲਦੀ-ਜਲਦੀ ਕੰਮ ਨਬੇੜੇ।.. ਮੋਟਰਾਂ ਤਾਂ ਲੱਗ ਗਈਆਂ ਪਰ ਖੂਹੀਆਂ ਅਜੇ ਤੀਕ ਟੀਪ ਨ੍ਹੀਂ ਹੋਈਆਂ..ਆਉਣ ਲੱਗੇ ਸਾਰੇ ਸਾਮਾਨ 'ਤੇ ਨਜ਼ਰ ਜ਼ਰੂਰ ਮਾਰ ਆਇਆ ਕਰੋ।.. ਸਮਝ ਲਏਓ-ਅਸੀਂ ਨ੍ਹੀਂ ਗਏ-ਬੱਸ ਸਾਡੇ ਪਰਿਵਾਰ ਦਾ ਕੋਈ ਜੀ ਗਿਆ। ਵੱਡੇ ਬਾਬੂ ਜੀ ਤਾਂ ਤਾਹਨੂੰ ਆਪਣਾ ਚੌਥਾ



www.PunjabiLibrary.com

ਪੁੱਤ ਮੰਨਦੇ ਆ..।"

****

"ਬਾਬੂ ਜੀ, ਠੰਢਾ ਪਾਣੀ ਪਿਲਾਊਂ?" ਗੋਰਖਾ ਪੁੱਛਦਾ ਹੈ। ਮੈਂ ਆੜੂਆਂ ਥੱਲੇ ਡਿੱਠੇ ਮੰਜੇ 'ਤੇ ਸਿਰਹਾਣੇ ਵਾਲੇ ਪਾਸੇ ਬੈਠ ਜਾਂਦਾ ਹਾਂ। ਧੁਆਂਧੀ ਵੱਲ ਜੋਗਿੰਦਰ ਮੂੰਹ ਫੈਲਾਈ ਪਿਆ ਹੈ। ਉਹ ਡਾਹਢੇ ਗੁੱਸੇ 'ਚ ਲੱਗਦਾ ਹੈ। ਮੈਂ ਡਰ ਜਾਂਦਾ ਹਾਂ ਕਿ ਪਤਾ ਨਹੀਂ ਉਸ ਕੀ ਕਹਿ ਦੇਣਾ ਹੈ। ਬਹੁਤਾ ਚਿਰ ਉਹ ਕਿਸੇ ਗੱਲ ਨੂੰ ਹਜ਼ਮ ਨਹੀਂ ਕਰ ਸਕਦਾ। ਉਹ ਮੇਰੇ ਵੱਲ ਦੇਖਦਾ ਹੈ। ਉਠ ਕੇ ਬੈਠ ਜਾਂਦਾ ਹੈ। ਨੀਵੀਂ ਪਾਈ ਪੁੱਛਦਾ ਹੈ, "ਬਾਬੂ ਜੀ ਕਿੰਨੇ ਵੱਜ ਗਏ?"

"ਢਾਈ ਵੱਜ ਚੱਲੇ।" ਘੜੀ ਦੇਖ ਦੱਸਦਾ ਹਾਂ। ਪਾਣੀ ਪੀਣ ਨਾਲ ਕੁਝ ਰਾਹਤ ਮਿਲੀ ਹੈ। ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰਦਿਆਂ ਹੀ ਅੱਖਾਂ 'ਚ ਉਭਰੀ ਚਿਪਚਪਾਹਟ ਕੁਝ ਕੁ ਘਟੀ ਹੈ।

ਦਾੜ੍ਹੀ 'ਚ ਉਂਗਲਾਂ ਨਾਲ ਖਾਜ ਕਰਦਾ ਹੋਇਆ ਉਹ ਸ਼ੁਰੂ ਹੋ ਜਾਂਦਾ ਹੈ, "ਮੈਨੂੰ ਦੱਸੋ, ਆਹ ਵੇਲਾ ਰੋਟੀ ਦਾ ਹੁੰਦਾ? ਚਾਹ ਨਾਲ ਕਿਤੇ ਢਿੱਡ ਭਰਦਾ? ਸੁੱਕੀ ਚਾਹ। ਨਾ ਇੱਥੇ ਕੁਝ ਖਾਣ ਨੂੰ ਮਿਲਦਾ। ਨਾ ਪੀਣ ਨੂੰ। ਰੇਤਾ ਦੇ ਫੱਕੇ ਮਾਰਨੋ ਤਾਂ ਰਹੇ। ਭੁੱਖੇ ਢਿੱਡ ਕੰਮ ਹੁੰਦਾ?" ਫੇਰ ਢਿੱਡ ਤੋਂ ਕਮੀਜ਼ ਚੁੱਕਦਾ ਹੈ, "ਦੇਖੋ ਢਿੱਡ ਤਾਂ ਸੁੰਗੜ ਗਿਆ ਇਨ੍ਹਾਂ ਦਾ ਕੰਮ ਸੰਵਾਰਦਿਆਂ-ਸੰਵਾਰਦਿਆਂ। ਨਾ ਕੋਈ ਕੰਮ ਦਾ ਵੇਲਾ। ਨਾ ਖਾਣ ਦਾ। ਨਾ ਪੀਣ ਦਾ। ਨਾ..ਦਾ। ਐਸ ਵੇਲੇ ਰੋਟੀ ਖਾ ਕੇ ਬੰਦਾ ਬੀਮਾਰ ਨਾ ਹੋਊ ਤਾਂ ਹੋਰ ਕੀ ਹੋਊ..।"

ਚੁੱਪ ਰਹਿੰਦਾ ਹਾਂ। ਜਾਣਦਾ ਹਾਂ। ਹੁਣ ਉਹ ਸ਼ੁਰੂ ਹੋ ਗਿਆ ਹੈ ਤਾਂ ਬੋਲੀ ਹੀ ਜਾਵੇਗਾ-ਲਾਲੇ, ਬੰਦੇ ਨੂੰ ਬੰਦਾ ਸਮਝਦੇ ਹੀ ਨਹੀਂ। ਅਸੀਂ ਤਾਂ ਮਸ਼ੀਨ ਨਾਲੋਂ ਵੀ ਗਏ ਗੁਜ਼ਰੇ ਹਾਂ। ਇਨ੍ਹਾਂ ਨੂੰ ਤਾਂ ਕੰਮ ਪਿਆਰਾ। ਸਿਰਫ ਕੰਮ। ਬੰਦਾ ਭਾਵੇਂ ਮਰ ਜਾਵੇ, ਇਨ੍ਹਾਂ ਦਾ ਕੰਮ ਹੋਣਾ ਚਾਹੀਦਾ ਹੈ। ਉਹ ਵੀ ਵੇਲੇ ਸਿਰ। ਸਕੀਮਾਂ ਤਾਂ ਇਹ ਅਮਰੀਕਾ ਵਾਂਗੂੰ ਬਣਾਈ ਜਾਣਗੇ ਪਰ ਤਨਖ਼ਾਹ ਦੇਣ ਲੱਗੇ ਮਰਾਸੀਆਂ ਵਾਂਗ ਗੁੱਥਲੀ ਹੋਰ ਘੁੱਟ ਲੈਂਦੇ ਹਨ। ਪਿਛਲੀ ਵਾਰ ਜਦੋਂ ਦਿੱਲੀ ਗਿਆ ਸੀ ਤਾਂ ਆਪ ਕੋਠੀ 'ਚ ਇਕ ਵਾਰ ਜਿਉਂ ਵੜੇ, ਮੁੜ ਸਵੇਰ ਨੂੰ ਮੱਥੇ ਲੱਗੇ। ਮੈਨੂੰ ਵਾੜ ਦਿੱਤਾ ਢਾਰੇ ਜਿਹੇ 'ਚ। ਨਾ ਮੰਜਾ। ਨਾ ਬਿਸਤਰਾ। ਐਸੀ ਠੰਢ ਲੱਗੀ ਕਿ ਸਰੀਰ ਮੁੜ ਕੇ ਸੂਤ ਨਹੀਂ ਆਇਆ। ਜਦੋਂ ਟਾਈਮ ਸਿਰ ਦੁਆਈ ਨਹੀਂ ਮਿਲਣੀ, ਸਰੀਰ ਵੀ ਕੀ ਕਰੂ। ਆਪ ਨੂੰ ਤਾਂ ਜ਼ੁਕਾਮ ਵੀ ਹੋਣ ਵਾਲਾ ਹੋਵੇ ਤਾਂ ਝੱਟ ਡਾਕਟਰ ਨੂੰ ਫੋਨ 'ਤੇ ਫੋਨ ਕਰਦੇ ਸਨ। ਪਿੱਛੇ ਜਿਹੇ ਅਕਾਸ਼ਦੀਪ ਦੀ ਕੁੜੀ ਦੇ ਕੀੜੀ ਲੜ ਗਈ ਸੀ। ਇੱਕ ਨਿੱਕਾ ਜਿਹਾ ਧੱਫੜ ਪੈ ਗਿਆ ਸੀ। ਸਾਰੇ ਟੱਬਰ ਦੀ ਭਾਅ ਦੀ ਬਣ ਗਈ ਸੀ। ਟਾਇਰ ਬਦਲਦਿਆਂ ਮੇਰੇ ਹੱਥ 'ਤੇ ਕਿੱਡਾ ਵੱਡਾ ਚੀਰ ਆ ਗਿਆ ਸੀ। ਵੱਡੇ ਬਾਬੂ ਜੀ ਨੇ ਐਨਾ ਕਹਿ ਕੇ ਸਾਰ ਦਿੱਤਾ ਸੀ, "ਲੈ ਇਹ ਵੀ ਕੋਈ ਗੱਲ ਆ। ਡਰੈਵਰਾਂ ਨੂੰ ਕੋਈ ਫਰਕ ਨ੍ਹੀਂ ਪੈਂਦਾ ਹੁੰਦਾ। ਲੀਰ ਨਾਲ ਘੁੱਟ ਕੇ ਬੰਨ੍ਹ ਲੈ। ਉਪਰ ਬਰੇਕ ਆਇਲ ਦੀਆਂ ਦੋ ਬੂੰਦਾਂ ਪਾ ਲੈ...।"

ਥੈਲੇ 'ਚੋਂ ਬੀੜੀਆਂ ਦੇ ਬੰਡਲ ਕੱਢ ਕੇ ਮੈਂ ਉਸ ਅੱਗੇ ਰੱਖ ਦਿੰਦਾ ਹਾਂ।



ਉਹ ਬੰਡਲਾਂ ਨੂੰ ਝਪਟਾ ਮਾਰ ਕੇ ਚੁੱਕਦਾ ਹੈ। ਇੱਕ ਬੰਡਲ ਜੇਬ 'ਚ ਪਾਉਣ ਦੀ ਕਰਦਾ ਹੈ। ਦੂਜਾ ਖੋਲ੍ਹ ਕੇ ਸਾਫੇ ਦੇ ਲੜ 'ਚੋਂ ਤੀਲਾਂ ਦੀ ਡੱਬੀ ਕੱਢਦਾ ਹੈ। ਛੇਤੀ-ਛੇਤੀ ਕਸ਼ ਖਿੱਚਦਾ ਹੈ। ਜਿਵੇਂ ਉਸ ਅੰਦਰ ਕੋਈ ਅੱਗ ਸੁਲਗ ਰਹੀ ਹੋਵੇ ਤੇ ਬੀੜੀ ਦੇ ਧੂੰਏਂ ਨਾਲ ਇਸ ਅੱਗ ਨੂੰ ਭਾਂਬੜ ਦਾ ਰੂਪ ਦੇਣਾ ਚਾਹੁੰਦਾ ਹੋਵੇ।

ਮੈਂ ਪੁੱਛਦਾ ਹਾਂ, "ਰਾਤੀਂ ਵੇਲਾਂ ਨੂੰ ਪਾਣੀ ਲੱਗ ਗਿਆ ਸੀ ਕਿ ਨ੍ਹੀਂ?"

ਅਗਾਂਹ ਜਾ ਕੇ ਦੇਖਣ ਦਾ ਹਿਆਂ ਨਹੀਂ ਪੈ ਰਿਹਾ ਹੈ। ਮੋਟਰ ਤੋਂ ਚਾਰ ਕੁ ਖੇਤ ਹਟ ਕੇ ਨੀਵੇਂ ਕੁਰਾਹੇ ਹੋਏ ਖੇਤ 'ਚ ਹਲਵਿਆਂ ਦੀਆਂ ਵੇਲਾਂ ਬੀਜੀਆਂ ਹੋਈਆਂ ਹਨ। ਮੈਂ ਕੱਪੜੇ ਲਾਹ ਕੇ ਮੰਜੇ ਦੇ ਸਿਰਾਹਣੇ ਵੱਲ ਟੰਗ ਦਿੰਦਾ ਹਾਂ। ਮੁੜਕੇ ਨਾਲ ਭਿੱਜੀ ਹੋਈ ਬੁਨੈਣ ਪਾਣੀ ਵਿਚੋਂ ਕੱਢਦਾ ਹਾਂ। ਉਫ ਗਰਮੀ! ਲੱਗਦਾ ਸੀ, ਜਿਵੇਂ ਸਰੀਰ 'ਚ ਬਚੇ ਹੋਏ ਪਾਣੀ ਨੂੰ ਜਲਦੀ ਚੂਸ ਲਵੇਗੀ।

ਮੱਥੇ 'ਤੇ ਤਿਊੜੀਆਂ ਦਾ ਜਾਲਾ-ਸੰਘਣਾ ਕਰੀ ਉਹ ਦੱਸਦਾ ਹੈ, "ਜੇ ਉਨ੍ਹਾਂ ਨੂੰ ਇਤਬਾਰ ਨ੍ਹੀਂ ਆਉਂਦਾ ਤਾਂ ਆਪ ਆ ਕੇ ਦੇਖ ਲਿਆ ਕਰਨ। ਗੱਲਾਂ ਕਰਨੀਆਂ ਸੌਖੀਆਂ ਹੁੰਦੀਆਂ। ਕੰਮ ਕਰਨਾ ਔਖਾ। ਉਨ੍ਹਾਂ ਨੂੰ ਕੋਈ ਪੁੱਛਣ ਵਾਲਾ ਹੋਵੇ-ਬਈ ਰੇਤਲੀ ਜ਼ਮੀਨ ਨੂੰ ਪਾਣੀ ਲਾਉਣਾ ਕਿਤੇ ਸੌਖਾਲਾ ਹੁੰਦਾ? ਉਹ ਵੀ ਪਹਿਲੀ ਵਾਰ। ਪਾਣੀ ਲਾਈਦਾ ਤਾਂ ਕਿਤੋਂ ਆੜ ਟੁੱਟ ਜਾਂਦੀ ਆ। ਕਿਤੋਂ ਬੰਨ੍ਹ। ਇੱਕ ਵਾਰ ਟੁੱਟ ਜਾਵੇ ਤਾਂ ਦੌੜ ਕੇ ਮੋਟਰ ਬੰਦ ਕਰੋ। ਉਦੋਂ ਤਾਈਂ ਪਾਣੀ ਦੂਰ ਤਾਈਂ ਫੈਲਿਆ ਹੁੰਦਾ? ਨਿਕਾਲ ਮਰ ਜਾਂਦਾ। ਫੇਰ ਚਲਾਈ। ਬਾਹਲਾ ਰੰਡੀ ਰੋਣਾ ਤਾਂ ਇਹੀ ਰਹਿੰਦਾ। ਉਨ੍ਹਾਂ ਨੂੰ ਦੱਸਣਾ-ਅਜੇ ਪਹਿਲਾ ਸਾਲ ਆ। ਜ਼ਮੀਨ ਵੀ ਪੱਧਰੀ ਹੁੰਦੀ-ਹੁੰਦੀ ਪੱਧਰੀ ਹੋਊ ਤੇ ਪਾਣੀ ਵੀ ਲੱਗਦਾ-ਲੱਗਦਾ ਲੱਗੂ। ਉਪਰੋਂ ਹਨ੍ਹੇਰੀਆਂ ਰਾਤਾਂ। ਕਿੰਨੀ ਵਾਰੀ ਦੁਹਾਈ ਪਾ ਚੁੱਕਾਂ ਬਈ ਬੈਟਰੀ ਵਿਚ ਸੈਲ ਹੀ ਪਵਾ ਦਿਓ। ਮਾੜਾ ਜਿਹਾ ਆਸਰਾ ਹੋ ਜਾਊ। ਪਰ ਉਨ੍ਹਾਂ ਨੂੰ ਕੀ? ਇਹ ਤਾਂ ਮੈਂ ਜਾਣਦਾਂ ਜਾਂ ਗੋਰਖਾ। ਦੋ ਵਾਰੀ ਸੱਪ ਲੜਨੋ ਕੁਦਰਤੀ ਬਚਿਆਂ। ਫਨੀਅਰ ਸੱਪ। ਕਿਸਮਤ ਚੰਗੀ ਸੀ ਮੇਰੀ ਤੇ ਮੇਰੇ ਬੱਚਿਆਂ ਦੀ। ਸ਼ਾਇਦ ਪਿਛਲੇ ਕਰਮਾਂ ਦਾ ਕੋਈ ਲੈਣ-ਦੇਣ ਕੰਮ ਆਇਆ ਸੀ। ਨ੍ਹੀਂ ਤਾਂ ਹੁਣ ਤਾਈਂ ਆਪਣੇ ਵਾਲਾ ਘੋਗਾ ਚਿੱਤ ਹੋ ਜਾਣਾ ਸੀ। ਇੱਕ ਤਾਂ ਅੱਜ ਮਾਰਿਆ। ਵੱਡੀ ਡਾਂਗ ਜਿੱਡਾ। ਸੌਹਰੀ ਦਾ ਟਰੈਕਟਰ ਦੇ ਟਾਇਰਾਂ 'ਤੇ ਚੜ੍ਹਨ ਨੂੰ ਫਿਰੇ। ਦੱਸ ਮਿੰਟ ਮੋਹਰਲੇ ਟਾਇਰ ਥੱਲੇ ਦਈਂ ਰੱਖਿਆ। ਮਸਾਂ ਮਾਰਿਆ। ਕਹੋ ਤਾਂ ਦਿਖਾਵਾਂ। ਅਜੇ ਵੀ ਮਲ੍ਹੇ ਲਾਗੇ ਪਿਆ ਹੋਣਾ..।"

"ਨ੍ਹੀਂ।"

"ਆਪਣੇ ਬਾਬੂਆਂ ਲਈ ਲੈ ਜਾਓ। ਉਨ੍ਹਾਂ ਨੂੰ ਪਤਾ ਲਗੂ ਕਿ ਇੱਥੇ ਕੀ ਭਾਅ ਵਿਕਦੀ ਆ।"

"ਛੱਡ ਇਨ੍ਹਾਂ ਗੱਲਾਂ ਨੂੰ। ਤੂੰ ਇਹ ਦੱਸ ਬਈ ਕਿੰਨੇ ਕਿਆਰੇ ਭਰੇ। ਮੋਟਰ..?"

"ਕੌਣ ਕੰਜਰ ਕਹਿੰਦਾ ਮੋਟਰ ਨ੍ਹੀਂ ਚਲਾਈ। ਦੱਸ ਵਜੇ ਜਾ ਕੇ ਬਿਜਲੀ ਆਈ। ਵਿਚੋਂ ਦੋ ਵਾਰੀ ਚਲੇ ਗਈ। ਗੋਰਖਾ ਤਾਂ ਢੇਰੀ ਢਾਅ ਬੈਠਾ ਸੀ। ਝੂਠ ਤਾਂ ਪੁੱਛ ਲਉ ਸਾਹਮਣੇ ਬੈਠਾ। ਕਹਿੰਦਾ-ਹਮ ਤੋ ਦਿਨ ਮੇਂ ਕਾਮ ਕਰ ਸਕਤਾ ਹੈ। ਮੈਂ ਹੀ ਰਹਿ ਗਿਆ



www.PunjabiLibrary.com

ਇਨ੍ਹਾਂ ਦੀਆਂ ਬੁਤੀਆਂ ਕਰਨ ਨੂੰ। ਅਸੀਂ ਬੈਠੇ ਤਾਂ ਨ੍ਹੀਂ ਰਹਿੰਦੇ। ਤੁਸੀਂ ਵੀ ਮੇਰੇ 'ਤੇ ਸ਼ੱਕ ਕਰਦੇ ਰਹਿੰਦੇ ਹੋ। ਕਰੀ ਜਾਓ। ਆਪਣੇ ਘਰ ਬੈਠਾ ਹਰ ਕੋਈ ਸ਼ੇਰ ਹੁੰਦਾ ਆ। ਮੈਂ ਪਰਾਏ ਇਲਾਕੇ ਵਿੱਚ ਆਇਆਂ। ਨਾ ਕੋਈ ਜਾਣਦਾ। ਨਾ ਪਹਿਚਾਣਦਾ। ਨਾ ਕੋਈ ਨੇੜੇ-ਤੇੜੇ ਰਿਸ਼ਤੇਦਾਰ। ਮੇਰੀ ਕੌਣ ਸੁਣਨ ਵਾਲਾ ?" ਅਕਸਰ ਉਸ ਕੋਲ ਅਖ਼ੀਰਲਾ ਹਥਿਆਰ ਇਹ ਹੀ ਹੁੰਦਾ ਹੈ।

"ਭਾਊ ਇਹ ਗੱਲ ਤਾਂ ਨ੍ਹੀਂ।"

ਮੈਂ ਉਸ ਦਾ ਨਾਂ ਨਹੀਂ ਲੈਂਦਾ। ਉਹ ਮੇਰੇ ਨਾਲੋਂ ਉਮਰ 'ਚ ਕਾਫੀ ਵੱਡਾ ਹੈ।

"ਹੋਰ ਕੀ ਗੱਲ ?"

"ਦੱਸ ਮੈਂ ਕਦੇ ਤੇਰੇ ਨਾਲ ਫ਼ਰਕ ਕੀਤਾ ?"

ਐਨੀ ਕੁ ਗੱਲ ਨਾਲ ਉਹ ਕੁਝ ਕੁ ਠੰਢਾ ਪੈ ਜਾਂਦਾ ਹੈ। ਉਸ ਦਾ ਪਾਰਾ ਠੀਕ ਜਗ੍ਹਾ 'ਤੇ ਆ ਟਿਕਦਾ ਹੈ। ਉਹ ਕਹਿੰਦਾ ਹੈ, "ਮੈਂ ਵੀ ਤੁਹਾਨੂੰ ਕਦੇ ਬਾਬੂ ਜੀ ਤੋਂ ਬਿਨਾਂ ਨ੍ਹੀਂ ਬੁਲਾਇਆ।"

ਮੈਂ ਜਾਣਦਾ ਹਾਂ ਕਿ ਉਹ ਮਜ਼ਬੂਰ ਹੈ। ਜਦ ਬੋਲਦਾ ਹੈ ਤਾਂ ਆਪੇ ਤੋਂ ਬਾਹਰ ਹੋ ਜਾਂਦਾ ਹੈ। ਮੇਰੇ ਅੱਗੇ ਵੀ। ਬਾਬੂਆਂ ਅੱਗੇ ਵੀ। ਗੋਰਖੇ ਨਾਲ ਤਾਂ ਬਿਨਾਂ ਗਾਲ੍ਹ ਤੋਂ ਗੱਲ ਨਹੀਂ ਕਰਦਾ ਹੈ। ਜਿਵੇਂ ਸਾਰਾ ਨਜ਼ਲਾ ਗੋਰਖੇ 'ਤੇ ਝਾੜਨਾ ਹੋਵੇ। ਬਾਕੀਆਂ ਅੱਗੇ ਤਾਂ ਉਸ ਨੂੰ ਝੁਕਣਾ ਪੈਂਦਾ ਹੈ। ਗੋਰਖੇ ਨੂੰ ਹਾਕ ਮਾਰਦਾ ਹੈ,"ਮਾਂ ਆਪਣੀ ਦਿਆ ਖਸਮਾਂ-ਕਿੱਥੇ ਮਰ ਗਿਆਂ। ਤੈਨੂੰ ਕਦੇ ਅਕਲ ਨ੍ਹੀਂ ਆਉਣੀ। ਸਾਲੇ ਮੇਰੇ ਦੇ ਨਿਆਣਾ ਜਮਾਉਣ ਦੀ ਕਰਦੇ ਆ-ਫੇਰ ਚਲ ਮੇਰੇ ਭਾਈ ਪੰਜਾਬ ਨੂੰ। ਇਨ੍ਹਾਂ ਦੇ ਭਾਅ ਦੀ ਇਹੋ ਭੁਬੈਈ, ਵਲੈਤ..।"

"ਬਾਬੂ ਜੀ-ਮੇਰੀ ਦੁਆਈ।" ਉਸ ਨੂੰ ਇਕਦਮ ਯਾਦ ਆਇਆ ਹੈ। ਖੰਘਦਿਆਂ-ਖੰਘਦਿਆਂ ਉਸਦਾ ਸਿਰ ਗੋਡਿਆਂ ਤੱਕ ਝੁੱਕ ਜਾਂਦਾ ਹੈ। ਉਸ ਦਾ ਉਤਲਾ ਸਾਹ ਉਤੇ ਤੇ ਹੇਠਲਾ ਸਾਹ ਹੇਠਾਂ ਰਹਿ ਜਾਂਦਾ ਹੈ। ਮੈਂ ਗੋਰਖੇ ਨੂੰ ਪਾਣੀ ਦਾ ਗਿਲਾਸ ਲਿਆਉਣ ਲਈ ਇਸ਼ਾਰਾ ਕਰਦਾ ਹਾਂ। ਉਸ ਨੂੰ ਲੰਮਾ ਪਾ ਦਿੰਦਾ ਹਾਂ। ਲੱਗਦਾ ਹੈ ਕਿ ਉਸ ਦੇ ਚਿੱਟੇ-ਚਿੱਟੇ ਡੇਲ੍ਹੇ ਹੁਣੇ ਫੁੜਕੇ ਬਾਹਰ ਜਾ ਪੈਣਗੇ। ਉਸ ਦੇ ਦੋਵੇਂ ਹੱਥ ਉਂਝ ਦੇ ਉਂਝ ਬੇਜ਼ਾਨ ਹੋਏ ਪਏ ਹਨ। ਮੈਂ ਆਵਾਜ਼ ਦਿੰਦਾ ਹਾਂ, "ਭਾਊ..ਭਾਊ..।" ਖੰਘ ਦੇ ਨਾਲ ਹੀ ਉਸ ਦਾ ਸਾਹ ਮੁੜਦਾ ਹੈ। ਪਾਣੀ ਪੀ ਕੇ ਉਹ ਪਹਿਲਾਂ ਵਾਲੀ ਸਥਿਤੀ 'ਚ ਆ ਜਾਂਦਾ ਹੈ। ਮੰਜੇ ਤੋਂ ਹੇਠਾਂ ਉਤਰ ਕੇ ਪਾਵੇ ਨਾਲ ਢੋਅ ਲਾ ਕੇ ਬੈਠ ਜਾਂਦਾ ਹੈ।

ਜਦ ਉਹ ਇੱਥੇ ਆਇਆ ਸੀ ਤਾਂ ਉਸ ਦੀ ਸਿਹਤ ਚੰਗੀ ਭਲੀ ਸੀ। ਬਸ ਦਿਨਾਂ 'ਚ ਉਸ ਦੀ ਦਾੜ੍ਹੀ ਅੱਧੇਉਂ ਵੱਧ ਚਿੱਟੀ ਹੋ ਗਈ ਸੀ। ਮੂੰਹ 'ਤੇ ਕਾਲੋਂ ਉਭਰ ਆਈ ਸੀ। ਅੱਖਾਂ ਅੰਦਰ ਨੂੰ ਧੱਸਣੀਆਂ ਸ਼ੁਰੂ ਹੋ ਗਈਆਂ ਸਨ।

"ਬਾਬੂ ਜੀ-ਇਨ ਕੀ ਦਵਾਈ ਨਹੀਂ ਲਾਏ ?" ਹੁਣ ਗੋਰਖਾ ਪੁੱਛਦਾ ਹੈ।

ਇੱਕ ਵਾਰ ਫੇਰ ਫੱਸ ਜਾਂਦਾ ਹਾਂ। ਦੱਸਾਂ ਕਿ ਨਾ ਦੱਸਾਂ 'ਚ।

"ਯਾਦ ਹੀ ਨ੍ਹੀਂ ਰਿਹਾ।" ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆਂ ਝੂਠ ਹੀ ਬੋਲਦਾ ਹਾਂ।



"ਸੱਚੀਂ," ਉਹ ਅਚੰਭੇ ਨਾਲ ਪੁੱਛਦਾ ਹੈ। ਜਿਵੇਂ ਉਸ ਨੂੰ ਮੇਰੀ ਗੱਲ 'ਤੇ ਇਤਬਾਰ ਨਾ ਆਇਆ ਹੋਵੇ।

"ਅੱਜ ਗੱਲ ਕਰੂੰਗਾ ਬਾਬੂ ਅਕਾਸ਼ਦੀਪ ਹੋਰਾਂ ਨਾਲ।" ਹਾਲ ਦੀ ਘੜੀ ਮੈਂ ਟਾਲ ਜਾਂਦਾ ਹਾਂ।

"ਤੁਸੀਂ ਪੈਸੇ ਦੇ ਦਿਓ-ਆਪੇ ਲੈ ਆਵਾਂਗਾ।"

ਉਸ ਦੇ ਕਹੇ ਦਾ ਜੁਆਬ ਮੇਰੇ ਕੋਲ ਨਹੀਂ ਹੈ। ਦੁਆਈ ਲੈ ਦਵਾਂ ਤਾਂ ਅਕਾਸ਼ਦੀਪ ਨੇ ਕਹਿਣਾ ਹੈ-ਐਦਾਂ ਉਹ ਭੂਏ ਚੜ੍ਹ ਜਾਊਗਾ। ਇਹ ਨੂੰ ਪਹਿਲਾਂ ਹੀ ਕਿੰਨੀਆਂ ਸਹੂਲਤਾਂ ਦਿੱਤੀਆਂ ਹੋਈਆਂ ਆ। ਦੋ ਵੇਲੇ ਰੋਟੀ। ਚਾਹ ਪਾਣੀ ਦਾ ਖ਼ਰਚਾ। ਹੁਣ ਦੁਆਈ ਵੀ ਅਸੀਂ ਲੈ ਕੇ ਦਈਏ। ਕਲ੍ਹ ਨੂੰ ਕੁਸ਼ ਹੋਰ ਮੰਗ ਲਵੇਗਾ। ਤੁਸੀਂ ਚੁੱਪ ਰਿਹਾ ਕਰੋ। ਆਪੇ ਇੱਕ ਦੋ ਵਾਰੀ ਮੰਗ ਕੇ ਹਟ ਜਾਊਗਾ। ਬਹੁਤ ਹੀ ਖਹਿੜੇ ਪੈ ਗਿਆ ਤਾਂ ਕਹਿ ਦੇਈਓ ਮੇਰੇ ਨਾਲ ਗੱਲ ਕਰੇ..।

****

"ਬਾਬੂ ਜੀ-ਰਾਤ ਫਿਰ ਜੋਗਿੰਦਰ.,..," ਜੋਗਿੰਦਰ ਟਰੈਕਟਰ 'ਤੇ ਬੈਠ ਕੇ ਨੀਵੇਂ ਖੇਤ ਵੱਲ ਚਲਾ ਗਿਆ ਹੈ। ਗੋਰਖਾ ਆਲਾ-ਦੁਆਲਾ ਦੇਖਦਿਆਂ ਹੋਇਆਂ ਆਪਣੀ ਗੁਪਤ ਰਿਪੋਰਟ ਦਿੰਦਾ ਹੈ।

"ਕਯਾ ?"

"ਉਸ ਨੇ ਬੋਲਾ ਥਾ।"

"ਕਯਾ ਬੋਲਾ ਥਾ ? ਰਾਤ ਕੋ।"

"ਰਾਤ ਕੋ ਜੋਗਿੰਦਰ ਨੇ ਸਾਥ ਵਾਲੇ ਸਰਦਾਰ ਕੇ ਖੇਤੋਂ ਮੇਂ ਤੀਨ-ਚਾਰ ਘੰਟੇ ਟਰੈਕਟਰ ਚਲਾਯਾ ਥਾ।"

"ਅੱਛਾ-ਔਰ ?"

"ਮੁਝੇ ਬੋਲਾ ਥਾ ਕਿਸੀ ਕੋ ਮਤ ਬਤਾਨਾ। ਨਹੀਂ ਤੋਂ ਮਾਰ ਕਰ ਜ਼ਮੀਨ ਮੇਂ ਗਾੜ ਦੂੰਗਾ।"

"ਔਰ ਉਸ ਨੇ ਕਯਾ ਕੀਆ ?"

"ਰਾਤ ਕੋ ਦੇਰ ਤੱਕ ਟਰੈਕਟਰ ਚਲਾਤਾ ਰਹਾ। ਮੇਰੇ ਸਾਥ ਪਾਨੀ ਭੀ ਦੇਖਤਾ ਰਹਾ। ਸੁਬ੍ਹਾ ਕੂਏਂ ਮੇਂ ਭੀ ਕਾਮ ਕੀਯਾ। ਬਾਬੂ ਜੀ, ਵੈਸੇ ਵਹ ਬਹੁਤ ਕਾਮ ਕਰਤਾ ਹੈ। ਔਰ ਵਹ ਭੀ ਮਨ ਲਗਾ ਕਰ..।"

****

ਜੋਗਿੰਦਰ ਤੋਂ ਪਹਿਲਾਂ ਮੈਂ ਇਸ ਫਰਮ 'ਚ ਆਇਆ ਸੀ। ਬਾਬੂਆਂ ਨੇ ਉਹਨੂੰ ਕਾਰ ਡਰਾਇਵਰ ਰੱਖਿਆ ਸੀ। ਇਸ ਤੋਂ ਪਹਿਲਾਂ ਉਹ ਜਲੰਧਰ ਇੱਕ ਦਵਾਈਆਂ ਬਣਾਉਣ ਵਾਲੀ ਫੈਕਟਰੀ 'ਚ ਲੱਗਾ ਹੋਇਆ ਸੀ। ਉਸ ਆਪ ਹੀ ਦੱਸਿਆ ਸੀ, "ਬੰਬਈ ਬਾਂਦਰੇ ਫੈਕਟਰੀ ਵਿੱਚ ਕੰਪਨੀ ਡਰਾਈਵਰ ਸੀ। ਲਿਮਟਿਡ ਫਰਮ। ਟਾਈਮ ਸਿਰ ਸਾਹਬ ਨੂੰ ਲੈ ਜਾਣਾ। ਟਾਈਮ ਸਿਰ ਲੈ ਆਉਣਾ। ਉਥੇ ਬੜੀਆਂ ਮੌਜਾਂ ਸੀ। ਫਰਮ ਦਾ ਕੁਆਟਰ ਸੀ।



www.PunjabiLibrary.com

ਫਰਮ ਦੀ ਕਨਟੀਨ। ਉਨ੍ਹੀਂ ਦਿਨੀਂ ਬਾਪੂ ਸਵਰਗਵਾਸ ਹੋ ਗਿਆ ਤਾਂ ਮੈਨੂੰ ਪਿੰਡ ਆਉਣਾ ਪਿਆ। ਬਾਕੀ ਸਾਰੇ ਭਰਾ ਘਰੋਂ ਬਾਹਰ ਹੀ ਨੌਕਰੀਆਂ 'ਤੇ ਲੱਗੇ ਸੀ। ਮੈਨੂੰ ਕਹਿਣ ਲੱਗੇ, ਬੜੇ ਭਾਈ ਤੂੰ ਇੱਥੇ ਹੀ ਡਰੈਵਰੀ ਕਰ ਲੈ। ਪਿੱਛੇ ਕਿਸੇ ਨਾ ਕਿਸੇ ਨੂੰ ਰਹਿਣਾ ਪੈਣਾ। ਫੇਰ ਕੀ ਸੀ-ਇੱਕ ਵਾਰ ਜਿਉਂ ਪੈਰ ਉਖੜੇ ਮੁੜ ਬੰਦਾ ਕਿਤੇ ਤਾਅਬੇ ਆਉਂਦਾ।"

ਉਸ ਦੇ ਕੰਮ ਤੋਂ ਮਾਲਕ ਖ਼ੁਸ਼ ਸਨ। ਉਹ ਸਾਜਰੇ ਹੀ ਉਠਦਾ ਸੀ। ਮਾਰੂਤੀ ਕਾਰ ਨੂੰ ਧੋਂਦਾ ਸੀ। ਐਮਬੈਸਡਰ 'ਤੇ ਲੀਰ ਮਾਰਦਾ ਸੀ। ਰਾਜਦੂਤ ਮੋਟਰ ਸਾਈਕਲ, ਬਜਾਜ ਸਕੂਟਰਾਂ ਨੂੰ ਚਮਕਾ ਕੇ ਰੱਖਦਾ ਸੀ।

ਕੋਈ ਟੋਕਦਾ ਤਾਂ ਉਸ ਦਾ ਜੁਆਬ ਹੁੰਦਾ ਸੀ, "ਮੈਥੋਂ ਨ੍ਹੀਂ ਵਿਹਲੇ ਰਿਹਾ ਜਾਂਦਾ। ਗੱਡੀਆਂ 'ਤੇ ਧੂੜ ਜੰਮੀ ਹੋਵੇ-ਫੇਰ ਕਿਤੇ ਚੰਗੀਆਂ ਲੱਗਦੀਆਂ। ਕਿਸੇ ਹੋਰ ਨੂੰ ਤਾਂ ਨਾ ਸਈਂ ਮੈਥੋਂ ਨ੍ਹੀਂ ਦੇਖਿਆ ਜਾਂਦਾ। ਦੇਖੋ ਸਾਫ਼ ਸੁਥਰੀਆਂ ਕਿੱਦਾਂ ਕਿੰਨੀਆਂ ਚੰਗੀਆਂ ਲੱਗਦੀਆਂ। ਪਹਿਲਾਂ ਤਾਂ ਕਬੂਤਰਾਂ ਦੀਆਂ ਬਿੱਠਾਂ ਨਾਲ ਭਰੀਆਂ ਹੁੰਦੀਆਂ ਸਨ।"

ਵਿਹਲਿਆਂ ਤਾਂ ਉਸ ਕੋਲੋਂ ਬੈਠਿਆ ਹੀ ਨਹੀਂ ਜਾਂਦਾ ਸੀ। ਜਿਸ ਦਿਨ ਕੋਈ ਕਾਰ ਕਿਸੇ ਪਾਸੇ ਨਾ ਜਾਂਦੀ ਤਾਂ ਉਹ ਕੋਠੀ ਨਾਲ ਲੱਗਦੀ ਹਵੇਲੀ 'ਚ ਹੀ ਵੜਿਆ ਰਹਿੰਦਾ ਸੀ। ਮੱਝਾਂ ਨੂੰ ਨਹਾਉਂਦਾ ਸੀ। ਪੱਠੇ ਪਾਉਂਦਾ ਸੀ। ਮਸ਼ੀਨ ਕੋਲ ਸਫਾਈ ਕਰਦਾ ਸੀ। ਬਾਬਾ ਜੀ ਕੋਲ ਆ ਬੈਠਦਾ ਸੀ। ਉਨ੍ਹਾਂ ਦੀਆਂ ਲੱਤਾਂ ਦੀ ਮਾਲਸ਼ ਕਰਦਾ ਸੀ। ਮਾਤਾ ਜੀ ਕਿਸੇ ਕੰਮ ਲਈ ਹਾਕ ਮਾਰਦੇ ਤਾਂ ਉਹ ਝੱਟ ਹਾਜ਼ਰ ਹੋ ਜਾਂਦਾ ਸੀ। ਫੇਰ ਭਾਵੇਂ ਮੰਦਰ ਜਾਣਾ ਹੁੰਦਾ ਜਾਂ ਰੋਟਰੀ ਕਲੱਬ ਦੀ ਮੀਟਿੰਗ ਦੇ ਕਾਰਡ ਵੰਡਣੇ ਹੁੰਦੇ ਜਾਂ ਕਿਸੇ ਅਫਸਰ ਦੇ ਘਰ ਮਿਠਾਈ ਦਾ ਡੱਬਾ ਪਹੁੰਚਾਉਣਾ ਹੁੰਦਾ ਜਾਂ ਕੋਈ ਸੁਨੇਹਾ, ਅੱਗੋਂ ਉਹ ਨਾਂਹ ਨਹੀਂ ਕਰਦਾ ਸੀ। ਨਾਂਹ ਸ਼ਬਦ ਉਸ ਦੇ ਮੂੰਹੋਂ ਕਦੇ ਨਿਕਲਿਆ ਨਹੀਂ ਸੀ।

ਸ਼ਾਮ ਨੂੰ ਉਹ ਮੇਰੇ ਕੋਲ ਆ ਬੈਠਦਾ ਸੀ। ਚਾਹ ਪੀਣ ਨੂੰ ਉਸਦਾ ਮਨ ਕਰਦਾ ਤਾਂ ਝਿਜਕਦਾ-ਝਿਜਕਦਾ ਪੁੱਛਦਾ ਸੀ, "ਬਾਬੂ ਜੀ-ਚਾਹ ਲਈ ਕਹਿ ਆਵਾਂ?"

"ਮੈਨੂੰ ਕਿਉਂ ਪੁੱਛਦਾਂ?"

"ਤੁਸੀਂ ਮਾਲਕ ਹੋ।"

"ਮਾਲਕ ਤਾਂ ਅੰਦਰ ਬੈਠੇ।"

"ਪਰ ਸਾਡੇ ਮਾਲਕ ਤਾਂ ਤੁਸੀਂ ਹੋ। ਸਾਡੇ ਭਾ ਦੇ ਤੁਸੀਂ ਵੱਡੇ ਹੋ।"

"ਮੈਂ ਕਿਵੇਂ ਵੱਡਾ ਹੋਇਆ? ਉਮਰ ਵੀ ਤੇਰੇ ਨਾਲੋਂ ਘੱਟ। ਤਨਖ਼ਾਹ ਵੀ ਘੱਟ।"

"ਪਰ ਰੁਤਬਾ ਵੱਡਾ।"

****

ਘੜੀ ਵੱਲ ਦੇਖਦਾ ਹਾਂ। ਛੇ ਵੱਜਣ ਵਾਲੇ ਹਨ। ਉਫ਼! ਐਨੀ ਗਰਮੀ! ਗਰਮੀ ਤਾਂ ਘੱਟਣ ਦਾ ਨਾਂ ਹੀ ਨਹੀਂ ਲੈਂਦੀ ਲੱਗਦੀ। ਗੋਰਖੇ ਨੂੰ ਜੋਗਿੰਦਰ ਨੂੰ ਸੱਦਣ ਲਈ ਕਹਿੰਦਾ ਹਾਂ।

ਜੋਗਿੰਦਰ ਨੀਵੇਂ ਖੇਤ ਨੂੰ ਕੁਰਾਹ ਰਿਹਾ ਹੈ। ਸਿਰ 'ਤੇ ਲਪੇਟੇ ਸਾਫੇ ਦਾ ਇੱਕ ਲੜ ਉਸ ਨੱਕ ਉਪਰ ਦੀ ਉੜੰਗਿਆ ਹੈ। ਉਹ ਲਿਫਟ ਹੇਠਾਂ ਸੁੱਟਦਾ ਹੈ। ਰੇਤ ਦਾ ਇੱਕ ਗੁਬਾਰ



ਉਠਦਾ ਹੈ। ਪੁਰੇ ਦੀ ਹਵਾ ਸੰਗ ਚੁਫੇਰੇ ਖਿਲਰ ਜਾਂਦਾ ਹੈ। ਉਹ ਬਾਂਹ ਨਾਲ ਮੱਥੇ 'ਤੇ ਆਇਆ ਪਸੀਨਾ ਪੂੰਝਦਾ ਹੈ। ਕਿਸੇ ਫਿਲਮ ਦਾ ਘਟੀਆ ਜਿਹਾ ਗੀਤ ਗਾ ਰਿਹਾ ਹੈ। ਆਪਣੀ ਜ਼ਿੰਦਗੀ ਨਾਲ ਮੇਲ ਖਾਂਦਾ ਹੋਇਆ। ਕਾਰ ਡਰਾਈਵਰ ਸੀ। ਹੁਣ ਉਸ ਦੇ ਹੱਥ ਟਰੈਕਟਰ ਦੀ ਲਿਫਟ ਆ ਗਈ ਹੈ। ਕਦੇ ਲਿਫਟ ਥੱਲੇ ਸੁਟ ਦਿੱਤੀ ਤੇ ਕਦੇ ਉਤਾਂਹ ਚੁੱਕ ਲਈ। ਸੱਤ ਸੌ ਰੁਪਈਆ ਮਹੀਨੇ ਦੀ ਤਨਖ਼ਾਹ ਮਿਲਦੀ ਹੈ। ਸੱਤ ਸੌ ਉਹ ਘਰ ਦੇ ਆਉਂਦਾ ਹੈ। ਮਹੀਨੇ ਬਾਅਦ ਘਰ ਜਾਂਦਾ ਹੈ। ਵਧਦੀਆਂ ਜਾ ਰਹੀਆਂ ਲੋੜਾਂ ਦੀ ਪੰਡ ਸਿਰ 'ਤੇ ਚੁੱਕ ਕੇ ਇਧਰ ਨੂੰ ਤੁਰ ਪੈਂਦਾ ਹੈ। ਇੱਕ ਲੋੜ ਪੂਰੀ ਹੁੰਦੀ ਹੈ ਤਾਂ ਦੂਜੀ ਸਿਰ ਚੁੱਕ ਲੈਂਦੀ ਹੈ। ਇਹ ਸਿਲਸਿਲਾ ਮੁੱਕਣ 'ਚ ਨਹੀਂ ਆ ਰਿਹਾ ਹੈ। ਕਈ ਵਾਰ ਇੱਥੋਂ ਹੱਟਣ ਦੀਆਂ ਸਕੀਮਾਂ ਬਣਾਉਂਦਾ ਹੈ ਪਰ ਅਜੇ ਤਾਈਂ ਉਹ ਫੈਸਲਾ ਟਾਲਦਾ ਆ ਰਿਹਾ ਹੈ।

ਪਿਛਲੇ ਹਫਤੇ ਦੋ ਦਿਨਾਂ ਦਾ ਕਹਿ ਕੇ ਗਿਆ, ਉਹ ਪੰਜਾਂ ਦਿਨਾਂ ਬਾਅਦ ਆਇਆ ਸੀ। ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਅਧਰੰਗ ਹੋਏ ਕੁੱਤੇ ਵਾਂਗੂੰ ਆਪਣਾ ਆਪ ਘੜੀਸਦਾ, ਉਹ ਬੈਂਚ 'ਤੇ ਡਿੱਗ ਹੀ ਪਿਆ ਸੀ। ਇਸ ਵਾਰੀ ਉਸ ਦੇ ਕੱਪੜੇ ਪਹਿਲਾਂ ਵਾਲੇ ਹੀ ਪਾਏ ਹੋਏ ਸਨ। ਇੱਥੋਂ ਨਾਲੋਂ ਵੀ ਮੈਲੇ। ਪਹਿਲਾਂ ਜਦੋਂ ਉਹ ਘਰ ਜਾਂਦਾ ਸੀ ਤਾਂ ਉਹ ਦਾੜ੍ਹੀ ਰੰਗਦਾ ਸੀ। ਫਿਰਸੋ ਲਾਉਂਦਾ ਸੀ।

ਟੈਂਕੀ 'ਚੋਂ ਪਾਣੀ ਦਾ ਗਲਾਸ ਪੀ ਕੇ ਉਸ ਆਪਣਾ ਆਪ ਢਿੱਲਾ ਛੱਡ ਦਿੱਤਾ ਸੀ। ਅੱਖਾਂ ਬੰਦ ਕਰ ਕੇ ਕੰਧ ਨਾਲ ਢੋਅ ਲਾ ਲਈ ਸੀ।

"ਭਾਊ ਕੀ ਗੱਲ ਹੋ ਗਈ?" ਮੈਂ ਪੁੱਛਿਆ ਸੀ। ਖੋਖੇ ਵਾਲੇ ਨੂੰ ਦੋ ਉਂਗਲਾਂ ਖੜੀਆਂ ਕਰ ਕੇ ਚਾਹ ਲਈ ਇਸ਼ਾਰਾ ਕੀਤਾ ਸੀ।

"ਕੁਸ਼ ਨ੍ਹੀਂ ਜੀ।"

"ਕੁਸ਼ ਤਾਂ ਆ।"

"ਚਿੱਤ ਨ੍ਹੀਂ ਠੀਕ।"

"ਘਰੇ ਸੁੱਖ ਸੀ?"

"ਛੋਟਾ ਠੀਕ ਨ੍ਹੀਂ।"

"ਕੀ ਹੋ ਗਿਆ?"

"ਪੀਲੀਆ।" ਮਰੀ ਜਿਹੀ ਆਵਾਜ਼ 'ਚ ਉਸ ਦੱਸਿਆ ਸੀ।

"ਇਹ ਤਾਂ ਖ਼ਤਰਨਾਕ ਬਿਮਾਰੀ..।"

"ਡਾਕਟਰ ਵੀ..।"

ਗੇਟ ਵੱਲੋਂ ਅਕਾਸ਼ਦੀਪ ਨੂੰ ਆਉਂਦਿਆਂ ਦੇਖ ਉਸ ਗੱਲ ਵਿੱਚੇ ਹੀ ਛੱਡ ਦਿੱਤੀ ਸੀ। ਉਠ ਕੇ ਉਸ ਨੂੰ ਨਮਸਤੇ ਕੀਤੀ ਸੀ। ਨਮਸਤੇ ਨੂੰ ਵਿਚੋਂ ਹੀ ਕੱਟ ਅਕਾਸ਼ਦੀਪ ਗੁੱਸੇ ਨਾਲ ਬੋਲਿਆ ਸੀ, "ਜੋਗਿੰਦਰ, ਤੇਰੀ ਆਹ ਆਦਤ ਸਾਨੂੰ ਪਸੰਦ ਨ੍ਹੀਂ।"

"ਮੈਨੂੰ ਪਤਾ।"

"ਕੁਸ਼ ਸਾਡਾ ਵੀ ਸੋਚ ਲਿਆ ਕਰ।"

"ਮੇਰਾ ਮੁੰਡਾ ਠੀਕ ਨ੍ਹੀਂ ਸੀ ਜੀ।"



www.PunjabiLibrary.com

"ਅੱਛਾ-ਅੱਛਾ। ਚੱਲ ਫੇਰ ਮਲਸੀਆਂ ਨੂੰ ਜਾ। ਬਹੁਤ ਕੰਮ ਕਰਨ ਵਾਲੇ ਪਏ। ਬੱਸ..ਹੁਣੇ ਚਲੇ ਜਾ। ਤੈਨੂੰ ਸ਼ਾਹਕੋਟ ਵਾਲੀ ਬਸ ਮਿਲ ਜਾਣੀ। ਮੈਂ ਵੀ ਆਊਂਗਾ ਮਲਸੀਆਂ ਵਾਲੇ ਭੱਠਿਆਂ ਵੱਲ ਗੇੜਾ ਮਾਰ ਕੇ..।"

ਜੋਗਿੰਦਰ ਪੈਰਾਂ 'ਚ ਕੈਂਚੀ ਦੀਆਂ ਚੱਪਲਾਂ ਉੜੰਗਣ ਲੱਗਾ ਸੀ।

****

ਨਵੇਂ ਟਰੈਕਟਰ ਦਾ ਉਦਘਾਟਨ ਉਸ ਹੀ ਕੀਤਾ ਸੀ। ਕਾਰਾਂ ਕਿੰਨੇ ਦਿਨ ਕਿਸੇ ਪਾਸੇ ਗਈਆਂ ਨਹੀਂ ਸਨ। ਵੱਡੇ ਬਾਊ ਜੀ ਬਿਮਾਰ ਹੋ ਗਏ ਸੀ।

ਅਕਾਸ਼ਦੀਪ ਨੇ ਚਾਬੀ ਉਸ ਵੱਲ ਉਛਾਲ ਕੇ ਕਿਹਾ ਸੀ,"ਚੱਲ ਬਈ ਜੋਗਿੰਦਰਾ ਹੁਣ ਤੋਂ ਜ਼ਮੀਨ ਕੁਰਾਹ।" ਅੱਗੋਂ ਉਸ ਕੀ ਜੁਆਬ ਦੇਣਾ ਸੀ। ਟਰੈਕਟਰ ਸਟਾਰਟ ਕੀਤਾ ਸੀ। ਮਾਲਕਾਂ ਦੀ ਨਵੀਂ ਖਰੀਦੀ ਜ਼ਮੀਨ ਵੱਲ ਚਲਾ ਗਿਆ ਸੀ।

ਕਾਰ ਡਰਾਈਵਰ ਤੋਂ ਉਹ ਟਰੈਕਟਰ ਡਰਾਈਵਰ ਬਣ ਗਿਆ ਸੀ। ਜਦ ਮਾਲਕਾਂ ਨੂੰ ਲੋੜ ਪੈਂਦੀ ਸੀ ਤਾਂ ਉਹ ਉਸ ਨੂੰ ਕਾਰ 'ਤੇ ਲੈ ਜਾਂਦੇ ਸਨ। ਨਹੀਂ ਤਾਂ ਟਰੈਕਟਰ ਹੁੰਦਾ।

ਹੁਣ ਤਾਂ ਉਹ ਡੇਰੇ 'ਤੇ ਹੀ ਰਹਿਣ ਲੱਗ ਪਿਆ ਸੀ।

ਪਤਾ ਨਹੀਂ ਇੱਕ ਦਿਨ ਉਸ ਕਿੱਥੋਂ ਸ਼ਰਾਬ ਪੀ ਲਈ ਸੀ। ਪੈਸੇ ਉਸ ਕੋਲ ਨਹੀਂ ਸਨ। ਬੀੜੀਆਂ ਮੈਂ ਲੈ ਕੇ ਦਿੱਤੀਆਂ ਸਨ। ਅਕਾਸ਼ਦੀਪ ਨੇ ਦੱਸਿਆ ਸੀ, "ਜੋਗਿੰਦਰ ਨੇ ਅੱਜ ਤੇਲ ਕੱਢ ਕੇ ਵੇਚਿਆ ਹੋਣਾ। ਸ਼ਰਾਬ ਪੀਤੀ ਸੀ। ਟਰੈਕਟਰ ਕਿਤੇ ਮਾਰ ਕੇ ਮੋਹਰਲੀ ਲਾਈਟ ਭੰਨ ਦਿੱਤੀ। ਪਤਾ ਅੱਗੋਂ ਕੀ ਕਹਿੰਦਾ-ਇਹ ਤਾਂ ਲਾਈਟ ਟੁੱਟੀ। ਬੰਦਾ ਮਰ ਸਕਦਾ।"

ਸਾਰੇ ਪਰਿਵਾਰ ਨੇ ਉਸ ਨੂੰ ਇੱਲਾਂ ਵਾਂਗੂੰ ਘੇਰਿਆ ਹੋਇਆ ਸੀ।

ਵੱਡੇ ਬਾਊ ਜੀ ਕਹਿ ਰਹੇ ਸਨ, "ਇਸ ਜਾਣ ਬੁੱਝ ਕੇ ਤੋੜੀ ਆ।"

ਅਕਾਸ਼ਦੀਪ ਕਹਿ ਰਿਹਾ ਸੀ, "ਉਦਾਂ ਕਿਵੇਂ ਟੁੱਟ ਸਕਦੀ ਆ?"

"ਇਹ ਤਾਂ ਧੁੱਪ ਨਾਲ ਤਿੜਕ ਕੇ ਟੁੱਟੀ।" ਜੋਗਿੰਦਰ ਵਾਰ-ਵਾਰ ਇਹੋ ਸਫਾਈ ਦਈ ਗਿਆ ਸੀ।

ਮੇਰੇ ਸਮਝਾਉਣ 'ਤੇ ਜੋਗਿੰਦਰ ਨੇ ਮਾਫ਼ੀ ਮੰਗ ਲਈ ਸੀ।

ਰਾਤ ਨੂੰ ਜਦੋਂ ਮੈਂ ਆਪਣੇ ਘਰ ਜਾ ਰਿਹਾ ਸੀ ਤਾਂ ਉਸ ਮੈਨੂੰ ਰੋਕ ਕੇ ਪੁੱਛਿਆ ਸੀ, "ਇਕ ਗੱਲ ਦੱਸੇਓ, ਕੀ ਸੱਚ ਬੋਲਣਾ ਪਾਪ ਹੁੰਦਾ?"

"ਨ੍ਹੀਂ।"

"ਫੇਰ ਜਦੋਂ ਮੈਂ ਸੱਚੀ ਗੱਲ ਦੱਸ ਦਿੱਤੀ ਸੀ ਕਿ ਸ਼ੀਸ਼ਾ ਗਰਮ ਹੋ ਕੇ ਤਿੜਕ ਗਿਆ ਪਰ ਇਨ੍ਹਾਂ ਇਤਬਾਰ ਨ੍ਹੀਂ ਕੀਤਾ। ਇੱਕ ਦਿਨ ਮੇਰੇ ਨਾਲ ਟਰੈਕਟਰ 'ਤੇ ਬੈਠ ਕੇ ਦੇਖਣ ਬਈ ਜ਼ਮੀਨ ਕਿਵੇਂ ਭੜਾਸ ਛੱਡਦੀ ਆ।"

"ਪਰ ਸ਼ਰਾਬ..।"

"ਮਹਿਤਪੁਰੀਆਂ ਨੇ ਨਵਾਂ ਬੋਰ ਚੁੱਕਿਆ-ਉਨ੍ਹਾਂ ਨੇ ਪਿਲਾਤੀ।"

****

ਹੁਣ ਜਾਣ ਤੋਂ ਪਹਿਲਾਂ ਅਕਾਸ਼ਦੀਪ ਮੈਨੂੰ ਤਾਕੀਦ ਕਰਦਾ ਸੀ, "ਦੇਖੇਓ ਜੋਗਿੰਦਰ



ਕਿਤੇ ਹੇਰਾ ਫੇਰੀ ਨਾ ਕਰੀ ਜਾਵੇ।"

ਮੈਥੋਂ ਕਹਿ ਹੋ ਜਾਂਦਾ ਸੀ, "ਜੇ ਉਸ 'ਤੇ ਇਤਬਾਰ ਨ੍ਹੀਂ ਰਿਹਾ ਤਾਂ ਹਟਾ ਕਿਉਂ ਨ੍ਹੀਂ ਦਿੰਦੇ?"

"ਹਟਾਉਣਾ ਨ੍ਹੀਂ ਇਹਨੂੰ। ਬਹੁਤ ਕਾਰੀਗਰ ਬੰਦਾ। ਜਿਸ ਮਰਜੀ ਕੰਮ 'ਤੇ ਲਾ ਦਿਓ। ਮਿਸਤਰੀ ਆ। ਰਾਜ ਮਿਸਤਰੀ ਅੱਜ-ਕਲ੍ਹ ਸੌ ਤੋਂ ਘੱਟ ਦਿਹਾੜੀ ਨ੍ਹੀਂ ਲੈਂਦੇ ਤੇ ਕੰਮ ਵੀ ਆਪਣੀ ਮਰਜ਼ੀ ਨਾਲ ਕਰਦੇ। ਇਸ ਦੇ ਰੋਜ਼ ਦੇ ਪੰਜੀ ਤੀਹ ਬਣਦੇ। ਪੰਜਾਂ ਦਸਾਂ ਦੀ ਰੋਟੀ ਖਾ ਜਾਂਦਾ ਹੋਊ। ਦੋ ਚਾਰ ਹੋਰ ਉਪਰਲੇ ਖਰਚੇ ਦੇ ਲਾ ਲਉ। ਕੋਈ ਮਾੜਾ ਨ੍ਹੀਂ। ਇਸ ਕਮਰਿਆਂ ਵਿੱਚ ਟੀਪ ਕੀਤੀ। ਹੁਣ ਖੂਹੀਆਂ ਦੀ ਕਰੂ। ਟਰੈਕਟਰ ਚਲਾਊ। ਪਾਣੀ ਲਾਊ। ਐਨੇ ਪੈਸਿਆਂ 'ਚ ਮਾੜਾ ਸੌਦਾ ਨ੍ਹੀਂ..।"

****

ਕੱਪੜੇ ਪਾ ਕੇ ਮੈਂ ਘੜੇ 'ਚੋਂ ਪਾਣੀ ਦਾ ਗਿਲਾਸ ਪੀਂਦਾ ਹਾਂ। ਗੋਰਖਾ ਆੜ ਦੇ ਦੋਵੀਂ ਪਾਸੀਂ ਮਿੱਟੀ ਲਾ ਰਿਹਾ ਹੈ। ਥੈਲੇ 'ਚ ਖਾਲੀ ਭਾਂਡੇ ਪਾ ਕੇ ਮੈਂ ਜੋਗਿੰਦਰ ਵੱਲ ਦੇਖਦਾ ਹਾਂ। ਉਸ ਪਹਿਲਾਂ ਹੀ ਮੇਰੇ ਵੱਲ ਦੇਖ ਲਿਆ ਹੈ। ਕੁਰਾਹ ਖਾਲੀ ਕਰਕੇ ਉਹ ਟਰੈਕਟਰ ਇਧਰ ਨੂੰ ਮੋੜ ਲੈਂਦਾ ਹੈ। ਕੋਲ ਆ ਕੇ ਪੁੱਛਦਾ ਹੈ, "ਫੇਰ ਤਿਆਰੀਆਂ ਜੀ?"

"ਹਾਂ-ਹੁਣ ਚੱਲੀਏ।"

"ਚੱਲੋ-ਮੈਂ ਛੱਡ ਆਉਣਾ। ਕਿੱਥੇ ਧੁੱਪ ਵਿੱਚ ਜਾਓਗੇ।" ਸਿਰ ਤੋਂ ਸਾਫਾ ਲਾਹ ਕੇ ਉਹ ਪੈਰਾਂ 'ਤੇ ਪਈ ਰੇਤਾ ਨੂੰ ਝਾੜਦਾ ਹੈ। ਮੇਰੇ ਹੱਥੋਂ ਥੈਲਾ ਫੜ ਕੇ ਪੈਰਾਂ ਕੋਲ ਰੱਖਦਾ ਹੋਇਆ ਪੁੱਛਦਾ ਹੈ, "ਦੇਖ ਲਓ-ਕੋਈ ਚੀਜ਼ ਤਾਂ ਨ੍ਹੀਂ ਰਹਿ ਗਈ?"

ਉਸ ਵੱਲ ਦੇਖ ਕੇ ਮੈਂ ਹੱਸ ਪੈਂਦਾ ਹਾਂ।

ਉਹ ਪੁੱਛਦਾ ਹੈ, "ਚੱਲੀਏ ਫੇਰ ਜੀ..।"

ਮੈਨੂੰ ਕੁਝ ਯਾਦ ਆਇਆ ਹੈ। ਟਰੈਕਟਰ ਤੋਂ ਥੱਲੇ ਉਤਰ ਕੇ ਮੈਂ ਤੇਲ ਵਾਲਾ ਡਰੰਮ ਦੇਖਦਾ ਹਾਂ।

ਰਸਤੇ 'ਚ ਉਹ ਮੇਰੇ ਨਾਲ ਕੋਈ ਗੱਲ ਨਹੀਂ ਕਰਦਾ। ਉਸ ਅੰਦਰ ਕੁਝ ਸੁਲਗ ਰਿਹਾ ਹੈ। ਜਿਵੇਂ ਉਹ ਕੁਝ ਕਹਿਣਾ ਚਾਹੁੰਦਾ ਹੈ। ਪਰ ਮੈਨੂੰ ਮਾਲਕਾਂ ਦਾ ਖ਼ਾਸ ਬੰਦਾ ਸਮਝ ਕੇ ਦੱਸ ਨਹੀਂ ਰਿਹਾ। ਵਿੱਚ-ਵਿੱਚ ਉਹ ਮੇਰੇ ਵੱਲ ਰਹੱਸਪੂਰਣ ਮੁਸਕਰਾਹਟ ਸੁੱਟਦਾ ਹੈ। ਮੇਰੇ ਅੰਦਰ ਤਲਖ਼ੀ ਜਿਹੀ ਪੈਦਾ ਕਰਦਾ ਹੈ। ਮੈਥੋਂ ਉਸ ਦੀ ਚੁੱਪ ਨਹੀਂ ਸਹਿ ਹੋ ਰਹੀ। ਮੈਂ ਜਾਣਦਾ ਹਾਂ ਕਿ ਉਹ ਕੁਝ ਨਾ ਕੁਝ ਜ਼ਰੂਰ ਬੋਲੇਗਾ। ਉਹ ਕਲੋਨੀਆਂ ਦੇ ਮੋੜ ਤੱਕ ਉਂਝ ਹੀ ਗੁੰਮ-ਸੁੰਮ ਰਹਿੰਦਾ ਹੈ।

"ਕੀ ਗੱਲ ਹੋ ਗਈ, ਭਾਊ, ਬੜਾ ਚੁੱਪ ਆਂ?" ਬਸ ਸਟੈਂਡ 'ਤੇ ਆ ਕੇ ਮੈਂ ਪੁੱਛਦਾ ਹਾਂ।

"ਕੁਸ਼ ਨ੍ਹੀਂ।"

"ਮੇਰੇ ਨਾਲ ਨਿਰਾਜ਼ ਆਂ?"

"ਨ੍ਹੀਂ ਬਾਬੂ ਜੀ, ਇੱਕ ਗੱਲ ਦੱਸੋ-ਤੁਹਾਨੂੰ ਵੀ ਮੇਰੇ ਕੰਮ 'ਤੇ ਸ਼ੱਕ ਹੁੰਦੀ?"



www.PunjabiLibrary.com

"ਬਿਲਕੁੱਲ ਨ੍ਹੀਂ।"

"ਫੇਰ ਤੁਸੀਂ ਬਾਬੂਆਂ ਵਾਂਗੂੰ ਗੋਰਖੇ ਤੋਂ ਕਿਉਂ ਪੁੱਛਦੇ ਰਹਿਣੇ ਹੋ ? ਮੈਂ ਕਿਸੇ ਨਾਲੋਂ ਘੱਟ ਕੰਮ ਨ੍ਹੀਂ ਕਰਦਾ। ਕੰਮ ਵਿੱਚ ਉੱਨੀ-ਇੱਕੀ ਹੋ ਜਾਂਦੀ ਆ। ਆਪਣੇ ਬਾਬੂ ਤਾਂ ਅੰਗਰੇਜ਼ ਆ। ਕਾਲੇ ਅੰਗਰੇਜ਼। ਮੇਰੇ ਕੋਲੋਂ ਤੁਹਾਡੇ ਬਾਰੇ ਪੁੱਛਦੇ ਰਹਿੰਦੇ ਆ। ਦੱਸਾਂ..ਚੱਲੋ ਛੱਡੋ। ਉਨ੍ਹਾਂ ਨੂੰ ਤੁਸੀਂ ਨ੍ਹੀਂ ਸਮਝ ਸਕਦੇ।"

ਪਲ ਦੀ ਪਲ ਮੈਨੂੰ ਘੁੰਮੇਟਣੀ ਆ ਜਾਂਦੀ ਹੈ। ਇਸ ਗੱਲ ਬਾਰੇ ਤਾਂ ਮੈਂ ਕਦੀ ਸੋਚਿਆ ਵੀ ਨਹੀਂ ਸੀ। ਕਹਿਣਾ ਤਾਂ ਮੈਂ ਇਹੋ ਚਾਹੁੰਦਾ ਸੀ ਕਿ ਮੈਂ ਤਾਂ ਆਪਣਾ ਫ਼ਰਜ਼ ਪੂਰਾ ਕਰ ਰਿਹਾ ਹਾਂ। ਪਰ ਮੈਥੋਂ ਕੁਝ ਵੀ ਨਹੀਂ ਕਿਹਾ ਜਾਂਦਾ। ਉਸ ਨਾਲ ਐਨੀ ਕੁ ਸਲਾਹ ਮਾਰਦਾ ਹਾਂ, "ਚਾਹ ਪਿਲਾਵਾਂ ?"

"ਬੱਸ ਜੀ—ਅੱਗੇ ਵੀ ਤੁਹਾਡੀ ਪੀਈ ਦੀ ਆ," ਕਹਿੰਦਿਆਂ ਉਸ ਫੁਰਤੀ ਨਾਲ ਟਰੈਕਟਰ ਪਿੱਛੇ ਨੂੰ ਮੋੜ ਲਿਆ ਸੀ।



## ਦੋ ਮਿੰਟ ਹੋਰ ਰੁਕ ਜਾ

ਘੜੀ ਦੇਖ ਕੇ ਮਿਸਤਰੀ ਨੇ ਬਾਂਸ ਨੂੰ ਫੜ ਕੇ ਪੈੜ ਤੋਂ ਛਾਲ ਮਾਰੀ। ਹੇਠਾਂ ਆ ਕੇ ਉਤਾਂਹ ਨੁੱਕਰ 'ਚ ਕੀਤੇ ਪਲਸਤਰ ਦਾ ਮੁਆਇਨਾ ਕੀਤਾ। ਖੁੱਡੇ ਬੰਦ ਕੀਤੇ। ਆਪਣੇ ਕੰਮ ਤੋਂ ਸੰਤੁਸ਼ਟ ਹੋ ਕੇ ਸਿੱਧਾ ਨਲਕੇ ਕੋਲ ਜਾ ਕੇ ਹੱਥ-ਮੂੰਹ ਧੋਣ ਲੱਗ ਪਿਆ। ਅੱਜ ਕੰਮ ਨਿਬੇੜਨਾ ਸੀ। ਇਸੇ ਲਈ ਮਿਸਤਰੀ ਨੇ ਆਮ ਦਿਨਾਂ ਨਾਲੋਂ ਘੰਟਾ ਕੁ ਜ਼ਿਆਦਾ ਲਾ ਦਿੱਤਾ ਸੀ। ਲਗਾਤਾਰ ਮੀਂਹ ਪੈਣ ਕਰਕੇ ਕਮਰੇ ਦਾ ਇਕ ਖੂੰਜਾ ਬੈਠ ਗਿਆ ਸੀ। ਬਾਕੀ ਦੀਆਂ ਕੰਧਾਂ ਵਿਚ ਵੱਡੀਆਂ-ਵੱਡੀਆਂ ਤ੍ਰੇੜਾਂ ਪੈ ਗਈਆਂ ਸਨ। ਮਾਲਕਣ ਨੇ ਕਮਰਾ ਵਿਚੋਂ ਵਿਚੋਂ ਤਿਆਰ ਕਰਵਾਇਆ ਸੀ। ਅੰਦਰੋਂ ਪਲਸਤਰ। ਪਿਛਲੇ ਪਾਸੇ ਮਲਵੀਂ ਟੀਪ ਕਰਵਾਈ ਸੀ।

ਦਸਾਂ ਕੁ ਦਿਨਾਂ ਦਾ ਕੰਮ ਸੀ, ਸੋ ਖ਼ਤਮ ਹੋ ਗਿਆ। ਸੇਮੇ ਨੂੰ ਪਤਾ ਹੀ ਨਹੀਂ ਲੱਗਾ ਕਿ ਇਹ ਦਸ ਦਿਨ ਕਿਵੇਂ ਬੀਤ ਗਏ। ਮਿਸਤਰੀ ਨਾਲ ਉਸ ਦੀ ਰਾਸ ਰਲ ਗਈ ਸੀ। ਮਿਸਤਰੀ ਚਾਹ ਪਿਲਾ ਦਿੰਦਾ ਸੀ। ਬਾਜ਼ਾਰੋਂ ਉਸੇ ਕੋਲੋਂ ਮੰਗਵਾ ਕੇ। ਇੱਕ ਵਾਰੀ ਉਸ ਚਾਹ ਦੇ ਪੈਸੇ ਦੇਣੇ ਚਾਹੇ ਸਨ ਪਰ ਮਿਸਤਰੀ ਨੇ ਵੱਡੇ ਹੋਣ ਕਰਕੇ ਰੋਕ ਦਿੱਤਾ ਸੀ। ਕਿਹਾ ਸੀ, "ਤੂੰ ਤਾਂ ਸਾਡਾ ਜੁਆਈ ਭਾਈ ਲੱਗਦਾਂ। ਮੇਰੇ ਲਾਇਕ ਕੋਈ ਹੋਰ ਸੇਵਾ ਆ ਤਾਂ ਦੱਸ। ਪੀਣੀ ਪੂਣੀ ਹੁੰਦੀ ਤਾਂ ਦੱਸ ਦਿਆ ਕਰ। ਤੇਰੇ ਅਧੀਏ ਪਊਏ ਨਾਲ ਮੈਨੂੰ ਕੋਈ ਫਰਕ ਨ੍ਹੀਂ ਪੈਣਾ..।"

ਪੈੜ ਖੋਲ੍ਹ ਕੇ ਉਹ ਫੱਟੇ ਹੇਠਾਂ ਰੱਖਣ ਲੱਗਾ। ਰੱਸੀਆਂ ਇੱਕਠੀਆਂ ਕਰ ਕੇ ਅੰਗੀਠੀ 'ਤੇ ਰੱਖ ਦਿੱਤੀਆਂ। ਇੱਟਾਂ ਦੀਆਂ ਨਿੱਕੀਆਂ-ਨਿੱਕੀਆਂ ਕੈਂਕਰਾਂ ਖਿਲਰੀਆਂ ਪਈਆਂ ਸਨ।

"ਸੇਮਿਆਂ—ਮੈਂ ਜਾਣਾ। ਪਹਿਲਾਂ ਮੇਰੇ ਹਥਿਆਰ ਸਾਫ਼ ਕਰ ਕੇ ਝੋਲੇ ਵਿਚ ਪਾਉਣ ਦੀ ਕਰ," ਉਸ ਨੂੰ ਦੂਜੇ ਕੰਮੀਂ ਲੱਗਿਆਂ ਦੇਖ ਕੇ ਮਿਸਤਰੀ ਨੇ ਕਾਹਲੀ-ਕਾਹਲੀ ਕਿਹਾ।

"ਚੰਗਾ ਜੀ," ਬਾਂਸ ਇਕ ਪਾਸੇ ਟਿਕਾ ਕੇ ਉਹ ਸੰਦ ਸਾਫ ਕਰਨ ਲੱਗਾ।

"ਸੇਮਿਆਂ ਛੇਤੀ ਛੇਤੀ ਹੱਥ ਮਾਰੀ ਚੱਲ..," ਮਿਸਤਰੀ ਨੇ ਸ਼ੀਸ਼ੇ ਦੇ ਸਾਹਮਣੇ ਪੱਗ ਸੂਤ ਬੂਤ ਕਰਦਿਆਂ ਹੋਇਆਂ ਫੇਰ ਆਵਾਜ਼ ਦਿੱਤੀ।

"ਚੰਗਾ ਜੀ।" ਉਹ ਤੇਜ਼ੀ ਨਾਲ ਸੰਦਾਂ ਉਪਰ ਜੰਮਿਆ ਸੀਮੈਂਟ ਖੁਰਚਣ ਲੱਗਾ।



www.PunjabiLibrary.com

ਜ਼ੋਰ-ਜ਼ੋਰ ਨਾਲ ਚੱਪਟੀ 'ਤੇ ਕਪੜਾ ਮਾਰਨ ਲੱਗਾ।

"ਲਿਆ ਬਈ..ਬਾਕੀ ਮੈਂ ਆਪੇ ਸਾਫ਼ ਕਰ ਲਊਂ," ਮਿਸਤਰੀ ਨੇ ਕਿਹਾ। ਮਿਸਤਰੀ ਨੂੰ ਸੰਦਾਂ ਵਾਲਾ ਬੋਰਾ ਫੜਾਉਂਦਿਆਂ ਉਸ ਸ਼ਰਾਰਤ ਨਾਲ ਪੁੱਛਿਆ, "ਭਾਜੀ, ਐਨੀ ਕਾਹਲੀ ਕਾਹਦੀ ਆ ?"

"ਤੂੰ ਕੀ ਵਿਚੋਂ ਲੈਣਾ....," ਕਹਿ ਕੇ ਮਿਸਤਰੀ ਮਿੰਨਾ ਹੱਸਿਆ।

ਕਾਹਲੀ ਤਾਂ ਉਸ ਨੂੰ ਵੀ ਸੀ। ਰੋਜ਼ ਹਨੇਰਾ ਹੋ ਜਾਂਦਾ ਸੀ। ਪਿੰਡ ਪਹੁੰਚਦਿਆਂ ਤਾਈਂ ਹੱਥ ਨੂੰ ਹੱਥ ਨਹੀਂ ਦਿੱਸਦਾ ਹੁੰਦਾ ਸੀ। ਪਤਾ ਉਦੋਂ ਲੱਗਦਾ ਜਦੋਂ ਘੜਪ ਦੇਣੀ ਸਾਈਕਲ ਦਾ ਅਗਲਾ ਪਹੀਆ ਕਿਸੇ ਖੁਬਲੀ 'ਚ ਜਾ ਪੈਂਦਾ। ਟੋਕਰੀ 'ਚ ਰੱਖਿਆ ਡੱਬਾ ਉਛੱਲ ਕੇ ਕਿਤੇ ਜਾ ਡਿੱਗਦਾ। ਉਹ ਹਨੇਰੇ 'ਚ ਇੱਧਰ ਉੱਧਰ ਹੱਥ ਮਾਰਦਾ, ਅੱਖਾਂ ਬੰਦ ਕਰਦਾ, ਖੋਲ੍ਹਦਾ ਤੇ ਡੱਬਾ ਉਦੋਂ ਮਿਲਦਾ ਜਦੋਂ ਕਿਸੇ ਟਰੱਕ ਜਾਂ ਟਰੈਕਟਰ ਦੀ ਤੇਜ਼ ਰੌਸ਼ਨੀ ਪੈਂਦੀ। ਦੁਕਾਨਾਂ ਖੁੱਲ੍ਹਣ ਤੋਂ ਪਹਿਲਾਂ ਹੀ ਉਹ ਕੰਮ 'ਤੇ ਆ ਜਾਂਦਾ। ਉਸ ਦਾ ਕੰਮ ਹੁੰਦਾ ਸੀ—ਮਿਸਤਰੀ ਦੇ ਆਉਣ ਤੋਂ ਪਹਿਲਾਂ ਕੰਧ ਤੋਂ ਕਾਂਡੀ ਨਾਲ ਖ਼ੁਰਚ-ਖ਼ੁਰਚ ਕੇ ਮਿੱਟੀ ਲਾਹੁਣੀ। ਇੱਟਾਂ ਭੇਣੀਆਂ। ਰੇਤਾ ਛਾਨਣੀ। ਮਿਣ ਕੇ ਢੇਰੀ ਲਾਉਣੀ। ਮਿਕਸਚਰ ਤਿਆਰ ਕਰਨਾ। ਮਿਸਤਰੀ ਦੇ ਆਉਣ ਤੀਕ ਸਭ ਕੁਝ ਤਿਆਰ ਰੱਖਣਾ ਪੈਂਦਾ ਸੀ। ਮਿਸਤਰੀ ਆਵੇ ਤੇ ਆਉਂਦੇ ਸਾਰ ਕੰਮ ਸ਼ੁਰੂ ਕਰ ਦੇਵੇ। ਇਸ ਵੇਲੇ ਇਕ ਮਿੰਟ ਲਈ ਵੀ ਉਸ ਨੂੰ ਵਿਹਲ ਨਹੀਂ ਮਿਲਦੀ ਸੀ। ਮਾਲਕਣ ਉਸ ਦੇ ਕੋਲ ਆ ਖੜ੍ਹਦੀ। ਦੋ ਮਜ਼ਦੂਰ ਜਿੰਨਾ ਕੰਮ ਉਹ ਇੱਕਲਾ ਹੀ ਨਬੇੜਾ। ਸ਼ਾਮ ਤਾਈਂ ਬੁਰੀ ਤਰ੍ਹਾਂ ਥੱਕ ਜਾਂਦਾ।

ਅੱਜ ਉਸ ਨੂੰ ਬਾਕੀ ਦਿਨਾਂ ਦੀ ਮਜ਼ਦੂਰੀ ਮਿਲਣੀ ਸੀ। ਮਾਲਕਣ ਨੇ ਪੰਜਾਹ ਪੰਜਾਹ ਕਰਕੇ ਦੋ ਵਾਰ ਪੈਸੇ ਦਿੱਤੇ ਸੀ। ਬਾਕੀ ਪੈਸੇ ਹੇਠਾਂ ਰੱਖ ਲਏ ਸਨ। ਕਿਹਾ ਸੀ, "ਇਕੋ ਵਾਰ ਲੈ ਲਈਂ। ਇਕੱਠਿਆਂ ਪੈਸਿਆਂ ਦੀ ਬਰਕਤ ਹੁੰਦੀ ਆ। ਵੱਡੀ ਰਕਮ ਵੱਡੀ ਹੁੰਦੀ ਆ।" ਉਹ ਕਹਿਣਾ ਤਾਂ ਇਹ ਚਾਹੁੰਦਾ ਸੀ ਕਿ ਦਸਾਂ ਦਿਨਾਂ 'ਚ ਉਸ ਕੋਲ ਕਿਤੇ ਕਿੰਨੀ ਕੁ ਰੋਕੜ ਹੋ ਜਾਣੀ ਸੀ। ਪਰ ਅੱਧੇ ਮਨ ਨਾਲ ਉਸ ਮਾਲਕਣ ਦਾ ਕਿਹਾ ਮਨ ਲਿਆ ਸੀ। ਅੱਜ ਉਸ ਨੂੰ ਪੰਜ ਸੌ ਰੁਪਇਆ ਮਿਲਣਾ ਸੀ। ਉਸ ਨੇ ਗੁੜ ਖਰੀਦਣਾ ਸੀ। ਚਾਹ ਪੱਤੀ ਲੈਣੀ ਸੀ। ਇਸ ਸਭ ਕਾਸੇ ਤੋਂ ਵੀ ਜ਼ਰੂਰੀ ਨਿੱਕੇ ਲਈ ਬੂਟ ਖਰੀਦਣੇ ਸਨ। ਨਿੱਕੇ ਨਾਲ ਰਾਤੀਂ ਉਸ ਵਾਇਦਾ ਕੀਤਾ ਸੀ ਉਹ ਕਲ੍ਹ ਉਸ ਨੂੰ ਕੱਪੜੇ ਵਾਲੇ ਬੂਟ ਲਿਆ ਕੇ ਦੇਵੇਗਾ। ਨਿੱਕਾ ਚਪਲਾਂ ਪਾ ਕੇ ਸਕੂਲ ਜਾਂਦਾ ਸੀ। ਠੰਢ ਲੱਗਣ ਨਾਲ ਦੋ ਵਾਰ ਬੀਮਾਰ ਹੋ ਗਿਆ ਸੀ।

"ਭਾਪਾ ਜੇ ਨਾ ਲਿਆਇਆ ਤਾਂ ?" ਤੁਰਨ ਤੋਂ ਪਹਿਲਾਂ ਨਿੱਕੇ ਨੇ ਕਿਹਾ ਸੀ। ਨਿੱਕੇ ਅੰਦਰਲਾ ਡਰ ਬੋਲਿਆ ਸੀ।

"ਜ਼ਰੂਰ ਲਿਆਊਂਗਾ," ਸਾਈਕਲ ਖੜ੍ਹਾ ਕਰ ਕੇ ਉਸ ਨੇ ਨਿੱਕੇ ਨੂੰ ਚੁੰਮਿਆ ਸੀ।

"ਸੱਚੀਂ ਲਿਆਈਂ। ਨ੍ਹੀਂ ਤਾਂ ਮੈਂ ਰਾਤ ਨੂੰ ਤੇਰੇ ਨਾਲ ਸੌਣਾ ਨ੍ਹੀਂ..।"

"ਚੰਗਾ। ਜੇ ਲੈ ਆਇਆ ਤਾਂ..?"

"ਫੇਰ ਮੈਂ ਤੇਰੇ ਨਾਲ ਰੋਜ਼ ਹੀ ਸੌਇਆਂ ਕਰੂੰ।"



ਮੀਤੋ ਨੇ ਕਿਹਾ ਸੀ, "ਤੂੰ ਰੋਜ਼ ਸ਼ਹਿਰ ਜਾਣਾ। ਆਉਂਦਿਆਂ ਹੋਇਆਂ ਘਰ ਦਾ ਨਿੱਕ-ਸੁੱਕ ਹੀ ਲੈ ਆਇਆ ਕਰ। ਇਥੇ ਤਾਂ ਗੁੜ ਦੱਸ ਰੁਪਏ ਤੋਂ ਘੱਟ ਨ੍ਹੀਂ ਦਿੰਦੇ। ਉਹ ਵੀ ਕਾਲਾ। ਜਿੰਨਾ ਮਰਜ਼ੀ ਦੁੱਧ ਪਾਈ ਜਾਓ, ਰੰਗ ਬਦਲਦਾ ਨ੍ਹੀਂ। ਚਾਹ ਪੀਣ ਨੂੰ ਜੀਅ ਨ੍ਹੀਂ ਕਰਦਾ।"

ਕੰਮ ਤੋਂ ਤਾਂ ਉਸਨੂੰ ਦੋ ਘੜੀਆਂ ਦੀ ਫੁਰਸਤ ਨਹੀਂ ਮਿਲਦੀ ਸੀ। ਰੋਟੀ ਖਾਣ ਵੇਲੇ ਵੀ ਵਾਹ ਲੱਗਦਿਆਂ ਮਾਲਕਣ ਉਸ ਨੂੰ ਦੋ ਪਲ ਬੈਠਣ ਨਾ ਦਿੰਦੀ। ਰੋਟੀ ਖਾ ਕੇ ਉਹ ਡੱਬਾ ਬਾਅਦ ਵਿਚ ਸਾਈਕਲ ਦੀ ਟੋਕਰੀ 'ਚ ਰੱਖਦਾ, ਉਹ ਪਹਿਲਾਂ ਹੀ ਕਿਸੇ ਨਾ ਕਿਸੇ ਕੰਮ ਲਈ ਆਵਾਜ਼ ਮਾਰ ਲੈਂਦੀ। ਅੱਗੋਂ ਉਸ ਤੋਂ ਜਵਾਬ ਦਿੱਤਾ ਨਾ ਜਾਂਦਾ। ਜੁਆਬ ਉਹ ਦਿੰਦਾ ਵੀ ਕਿਵੇਂ ? ਬੜੀ ਮੁਸ਼ਕਲ ਨਾਲ ਸਿਆਲਾਂ 'ਚ ਕੰਮ ਮਿਲਿਆ ਸੀ। ਪਿੰਡ 'ਚ ਤਾਂ ਕੋਈ ਕੰਮ ਰਿਹਾ ਨਹੀਂ ਸੀ। ਕਣਕ ਦੀ ਗੁਡਾਈ ਹੋ ਚੁੱਕੀ ਸੀ। ਕਮਾਦ ਅਜੇ ਪੀੜਨਾ ਸ਼ੁਰੂ ਨਹੀਂ ਹੋਇਆ ਸੀ। ਇਸ ਵਾਰੀ ਉਸ ਨੂੰ ਪੰਜ ਦਿਨਾਂ ਮਗਰੋਂ ਕੰਮ ਮਿਲਿਆ ਸੀ। ਉਹ ਵੀ ਮਿਸਤਰੀ ਦੀ ਵਜ੍ਹਾ ਨਾਲ। ਮਿਸਤਰੀ ਉਸ ਦੇ ਸਹੁਰਿਆਂ ਵੱਲ ਦਾ ਨਿਕਲਿਆ ਸੀ। ਇਸੇ ਲਈ ਮਿਸਤਰੀ ਨੇ ਪੰਜਾਹ ਮਜ਼ਦੂਰਾਂ 'ਚੋਂ ਉਸ ਨੂੰ ਬੁਲਾ ਲਿਆ ਸੀ। ਉਹ ਚੌਂਕ 'ਚ ਮਜ਼ਦੂਰਾਂ ਦੀ ਕਤਾਰ ਤੋਂ ਹੱਟ ਕੇ ਬੈਠ ਜਾਂਦਾ। ਦੇਖਦਾ ਰਹਿੰਦਾ ਕੋਈ ਮਾਲਕ ਉਸ ਨੂੰ ਵੀ ਆਵਾਜ਼ ਦਿੰਦਾ ਹੈ ਜਾਂ ਨਹੀਂ। ਮਜ਼ਦੂਰ ਮਾਲਕਾਂ ਵੱਲ ਦੌੜਦੇ। ਉਹ ਨਵਾਂ-ਨਵਾਂ ਸ਼ਹਿਰ ਆਉਣ ਲੱਗਾ ਸੀ। ਇਹ ਨਹੀਂ ਜਾਣਦਾ ਸੀ ਕਿ ਮਿਸਤਰੀਆਂ ਨੂੰ ਕਿਵੇਂ ਸੈੱਟ ਕੀਤਾ ਜਾਂਦਾ ਹੈ। ਦਸ ਵਜੇ ਤੀਕ ਉਹ ਮੂੰਹ ਚੁੱਕੀ ਦੇਖਦਾ ਰਹਿੰਦਾ। ਫੇਰ ਪਿੰਡ ਵੱਲ ਨੂੰ ਤੁਰ ਪੈਂਦਾ। ਜਿੱਥੋਂ ਤੱਕ ਹੋ ਸਕਦਾ ਉਹ ਪਿੰਡ ਵੱਲ ਪੈਦਲ ਹੀ ਜਾਂਦਾ। ਸਾਈਕਲ 'ਤੇ ਚੜ੍ਹਨ ਨੂੰ ਮਨ ਨਾ ਕਰਦਾ। ਉਹ ਸੋਚਦਾ ਹੁਣੇ ਪਿੰਡ ਜਾ ਕੇ ਵੀ ਕੀ ਕਰੂੰ। ਐਵੇਂ ਹੀ ਕੋਈ ਜ਼ਿਮੀਦਾਰ ਆਵਾਜ਼ ਮਾਰ ਲਊਗਾ—'ਅੱਜ ਥੋੜ੍ਹੀ ਜਿਹੀ ਝੁਟੀ ਮੇਰੇ ਨਾਲ ਹੀ ਲਵਾ ਦੇ ਤਾਂ।' ਥੋੜ੍ਹੀ ਜਿਹੀ ਝੁਟੀ ਅੱਧੀ ਦਿਹਾੜੀ ਜਿੰਨੀ ਹੁੰਦੀ। ਜੇ ਕਿਤੇ ਜ਼ਿਆਦਾ ਦਿਨਾਂ ਦਾ ਕੰਮ ਹੋਵੇ ਤਾਂ ਭਈਆਂ ਨੂੰ ਲਾ ਲੈਂਦੇ। ਜਿਸ ਮਰਜ਼ੀ ਮੋਟਰ 'ਤੇ ਦੇਖੋ ਭਈਆਂ ਦੀ ਹੇੜ੍ਹ ਦੀ ਹੇੜ੍ਹ ਤੁਰੀ ਫਿਰਦੀ ਮਿਲ ਜਾਊ।

ਮਿਸਤਰੀ ਨੂੰ ਪੈਸੇ ਗਿਣਦਿਆਂ ਦੇਖ ਕੇ ਉਹ ਵੀ ਮਾਲਕਣ ਵੱਲ ਤੁਰ ਪਿਆ।

"ਮੇਰਾ ਵੀ ਹਿਸਾਬ ਕਰ ਦਿਓ," ਉਸ ਨੇ ਪੀਲ-ਪਾਵੇ ਨਾਲ ਢੋਅ ਲਾ ਕੇ ਅਹਿਸਤੇ ਜਿਹੇ ਕਿਹਾ।

"ਠਹਿਰ ਜਾ ਪੁੱਤ। ਪੈਸੇ ਤਾਂ ਤੂੰ ਲੈਣੇ ਹੀ ਆ। ਪੈਸੇ ਪੂਰੇ ਮਿਲਣਗੇ। ਤੂੰ ਚਿੰਤਾ ਕਾਹਦੀ ਕਰਦਾਂ। ਪਹਿਲਾਂ ਐਦਾਂ ਕਰ ਔਹ ਫੱਟੇ ਚੁੱਕ ਕੇ ਛੱਤ 'ਤੇ ਰੱਖ ਆ। ਇਹ ਆਪਣੇ ਘਰ ਦੇ ਆ।" ਮਾਲਕਣ ਨੇ ਪਰਸ ਦੀ ਜ਼ਿੱਪ ਮੁੜ ਲਾ ਲਈ।

"ਚੰਗਾ ਜੀ," ਕਹਿ ਕੇ ਉਹ ਕਮਰੇ ਵੱਲ ਤੁਰ ਪਿਆ। ਫੱਟੇ ਚੁੱਕ ਕੇ ਛੱਤ 'ਤੇ ਰੱਖਣ ਲੱਗਾ। ਉਸ ਨੇ ਆਲੇ-ਦੁਆਲੇ ਦੇਖਿਆ। ਘਰਾਂ 'ਚ ਬਤੀਆਂ ਜਗ ਪਈਆਂ ਸਨ। ਅਕਾਸ਼ 'ਚ ਪਸਰੀ ਕਾਲੋਂ ਹੋਰ ਸੰਘਣੀ ਹੁੰਦੀ ਜਾ ਰਹੀ ਸੀ। ਉਸ ਦਿਆਂ ਹੱਥਾਂ 'ਚ ਫੁਰਤੀ ਆ ਗਈ। ਉਸ ਨੂੰ ਆਪਣੀ ਕਾਹਲ ਵੀ ਸੀ। ਨਿੱਕੇ ਲਈ ਬੂਟ ਖਰੀਦਣੇ ਸਨ।

"ਜੁਆਨਾ ਕੀ ਟੈਮ ਹੋਇਆ ?" ਵਿਹੜੇ 'ਚ ਖੇਡ ਰਹੇ ਮਾਲਕਣ ਦੇ ਮੁੰਡੇ ਤੋਂ



www.PunjabiLibrary.com

ਉਸ ਪੁੱਛਿਆ।

"ਅੰਕਲ ਜੀ, ਸਾਢੇ ਛੇ ਵੱਜਣ ਵਾਲੇ," ਮੁੰਡੇ ਨੇ ਰੁਖਾ ਜਿਹਾ ਜੁਆਬ ਦਿੱਤਾ।

ਉਸਨੇ ਫੇਰ ਆਕਾਸ਼ ਵੱਲ ਦੇਖਿਆ।ਅੰਦਾਜ਼ਾ ਲਾਉਣ ਲੱਗਾ—"ਟੈਮ ਜ਼ਿਆਦਾ ਲੱਗਦਾ—ਪਹਿਲਾਂ ਤਾਂ ਸਾਢੇ ਛੇ ਵਜੇ ਐਨਾ ਹਨ੍ਹੇਰਾ ਨ੍ਹੀਂ ਹੁੰਦਾ ਸੀ। ਫੇਰ ਅੱਜ ਕਿਉਂ ?" ਸ਼ੱਕ ਦੂਰ ਕਰਨ ਲਈ ਉਸ ਨੇ ਮੁੰਡੇ ਤੋਂ ਫੇਰ ਪੁੱਛਿਆ, "ਜੁਆਨਾ ਚੰਗੀ ਤਰ੍ਹਾਂ ਦੇਖ ਕੇ ਦੱਸ..।"

ਮੁੰਡੇ ਨੇ ਆਫਰੇ ਹੋਏ ਬੋਕ ਵਾਂਗ ਉਸ ਵੱਲ ਦੇਖਿਆ। ਬੋਲਿਆ, "ਜੇ ਯਕੀਨ ਨ੍ਹੀਂ ਆਉਂਦਾ ਤਾਂ ਆਪ ਘੜੀ ਦੇਖ ਲਉ।"

ਉਹ ਝੂਠਾ ਜਿਹਾ ਪੈ ਗਿਆ ਸੀ।

ਫੱਟੇ ਤੇ ਰਸੀਆਂ ਸੰਭਾਲਣ ਤੋਂ ਪਿੱਛੋਂ ਉਹ ਨਲਕੇ ਵੱਲ ਗਿਆ ਹੀ ਸੀ ਕਿ ਮਾਲਕਣ ਬੋਲੀ, "ਪੁੱਤ ਆਹ ਇੱਟਾਂ ਰੋੜ੍ਹੇ ਵੀ ਉੱਥੇ ਚੁੱਕ ਕੇ ਸੁੱਟ ਦੇ। ਇਹ ਕੰਮ ਤੈਨੂੰ ਹੀ ਕਰਨਾ ਪੈਣਾ। ਤੇਰੇ ਬਾਅਦ ਇਹਨੂੰ ਕੌਣ ਕਰੂਗਾ। ਘਰ ਦਾ ਕੋਈ ਜੀਅ ਕੰਮ ਕਰ ਕੇ ਰਾਜ਼ੀ ਹੀ ਨ੍ਹੀਂ। ਤੂੰ ਆਹ ਇੱਟਾਂ ਚੁੱਕ, ਮੈਂ ਚਾਹ ਬਣਾਉਣੀ ਆਂ," ਕੁਰਸੀ ਤੋਂ ਉਠਦਿਆਂ ਹੀ ਸ਼ਾਲ ਦੀ ਬੁੱਕਲ ਠੀਕ ਕਰਦਿਆਂ ਹੋਇਆਂ ਉਸ ਨੇ ਕਿਹਾ।

ਉਸ ਨੇ ਅੱਗੋਂ ਕੋਈ ਜੁਆਬ ਨਾ ਦਿੱਤਾ। ਇਕ ਤੋਂ ਬਾਅਦ ਇੱਕ ਇੱਟ ਜ਼ੋਰ ਨਾਲ ਸੁੱਟਣ ਲੱਗਾ। ਮਨ ਹੀ ਮਨ ਸੋਚਣ ਲੱਗਾ ਕਿ ਮਾਲਕਣ ਅੱਜ ਬੜੀ ਮਹਿਰਬਾਨ ਹੋਈ ਸੀ। ਚਾਹ ਬਣਾਉਣ ਲਈ ਰਸੋਈ 'ਚ ਗਈ ਸੀ। ਉਹ ਤਾਂ ਸਿਰਫ਼ ਇਕ ਵਾਰ ਚਾਹ ਪਲਾਉਂਦੀ ਸੀ। ਇੱਕ ਦਿਨ ਮਿਸਤਰੀ ਦਾ ਸਿਰ ਦਰਦ ਕਰਦਾ ਸੀ। ਉਸ ਸੇਮੇ ਨੂੰ ਕਿਹਾ ਸੀ ਕਿ ਉਹ ਮਾਲਕਣ ਨੂੰ ਕਹੇ ਕਿ ਦੋ ਕੱਪ ਚਾਹ ਦੇ ਬਣਾ ਦੇਵੇ। ਸੇਮੇ ਨੂੰ ਮਾਲਕਣ ਦੀ ਆਦਤ ਦਾ ਪਤਾ ਸੀ। ਉਸ ਨੇ ਚਾਹ ਲਈ ਮਾਲਕਣ ਨੂੰ ਨਹੀਂ ਕਿਹਾ ਸੀ। ਬਾਜ਼ਾਰੋਂ ਚਾਹ ਬਣਾ ਲਿਆਇਆ ਸੀ।

ਉਸ ਨੂੰ ਮਾਲਕਣ 'ਤੇ ਗੁੱਸਾ ਆ ਰਿਹਾ ਸੀ। ਦਸ ਦਿਨਾਂ 'ਚ ਜਿੰਨੀ ਦੇਰ ਉਹ ਇੱਥੇ ਰਿਹਾ, ਇਸ ਪਿਉ ਦੀ ਧੀ ਨੇ ਉਸ ਨੂੰ ਟਿਕ ਕੇ ਬੈਠਣ ਨਹੀਂ ਦਿੱਤਾ। ਇਹ ਵੀ ਕਰ ਲੈ। ਆਹ ਵੀ ਕਰਦੇ। ਕੋਈ ਕੰਮ ਪਿਛੇ ਰਹਿ ਨਾ ਜਾਵੇ। ਉਹ ਮਿਸਤਰੀ ਤੋਂ ਪਹਿਲਾਂ ਆਉਂਦਾ ਸੀ। ਬਾਅਦ ਵਿਚ ਜਾਂਦਾ ਸੀ।

ਮਿਸਤਰੀ ਜਾਂਦਿਆਂ ਹੋਇਆਂ ਸਮਝਾਉਂਦਾ ਸੀ, "ਲੈ ਬਈ ਸੇਮਿਆਂ ਜਾਣ ਲੱਗਾ ਮੇਰੇ ਹਥਿਆਰ ਅੰਦਰ ਰੱਖ ਦਈਂ। ਮੇਰੇ ਵੱਲੋਂ ਛੁੱਟੀ ਸਮਝ ਲੈ। ਸਾਰੇ ਮਾਲਕ ਇੱਕੋ ਜਿਹੇ ਹੁੰਦੇ ਆ। ਇਹ ਲੇਬਰ ਨੂੰ ਬੈਠਣ ਨ੍ਹੀਂ ਦਿੰਦੇ। ਘੇਸਲ ਵੱਟ ਕੇ ਨਿਕਲ ਜਾਇਆ ਕਰ।"

ਜਦੋਂ ਉਹ ਸਾਈਕਲ ਨੂੰ ਹੱਥ ਪਾਉਂਦਾ ਤਾਂ ਉਹ ਮਗਰੋਂ ਆਵਾਜ਼ ਅੱਵਸ਼ ਮਾਰਦੀ ਸੀ। ਉਸ ਦੀ ਆਵਾਜ਼ ਵਿਚ ਅਥਾਹ ਮਿਠਾਸ ਹੁੰਦੀ ਸੀ। "ਸਾਰੀਆਂ ਔਰਤਾਂ ਐਦਾਂ ਦੀਆਂ ਹੁੰਦੀਆਂ।" ਪਰ ਸ਼ਹਿਰ ਵਰਗੀਆਂ ਮੋਮੋਠੱਗਣੀਆਂ ਨਹੀਂ। ਦੂਜੇ ਪਲ ਸੋਚਦਾ—ਪਿੰਡ 'ਚ ਤਾਂ ਏਦਾਂ ਨਹੀਂ ਹੁੰਦਾ। ਅਗਲੇ ਦੋ ਵੇਲੇ ਰੋਟੀ ਖੁਆਉਂਦੇ। ਨਾਲ ਲੱਸੀ, ਚਾਹ ਤੇ ਕਈ ਚੰਗੇ ਬੰਦੇ ਤਾਂ ਦੁੱਧ ਜਾਂ ਸ਼ਰਾਬ ਵੀ ਪਿਲਾ ਦਿੰਦੇ। ਉਹ ਵੀ ਜ਼ਬਰਦਸਤੀ। ਉਪਰੋਂ ਗੰਨੇ ਚੂਪਣ



ਲਈ ਮਿਲ ਜਾਂਦੇ। ਛੋਲੀਆ ਜਿੰਨਾ ਮਰਜ਼ੀ ਭੁੰਨ ਲਓ। ਸ਼ਾਮ ਨੂੰ ਸਬਜੀ ਵਗੈਰਾ ਅੱਡ। ਕੀ ਮਜ਼ਾਲ ਕੋਈ ਅੱਗੋਂ ਕੁਝ ਵੀ ਕਹੇ। ਚਲੋ ਜੇ ਕਦੇ ਕੁਝ ਕਹਿ ਵੀ ਦਿੱਤਾ ਤਾਂ ਕੀ ਹੋ ਗਿਆ। ਪੰਜੇ ਉਂਗਲੀਆਂ ਇਕੋ ਜਿਹੀਆਂ ਤਾਂ ਨਹੀਂ ਹੁੰਦੀਆਂ। ਪਰ ਸ਼ਹਿਰ ! ਸ਼ਹਿਰ 'ਚ ਤਾਂ ਇਕ ਪਿਆਲੀ ਚਾਹ ਦੀ ਫੜਾ ਕੇ ਸਾਰ ਦਿੰਦੇ। ਜਦੋਂ ਸੁਆਦ ਆਉਣ ਲੱਗਦਾ ਤਾਂ ਪਿਆਲੀ ਖ਼ਤਮ ਵੀ ਹੋ ਜਾਂਦੀ । ਨਾ ਆਦਮੀ ਹੋਰ ਮੰਗ ਸਕਦਾ। ਨਾ ਛੱਡ ਸਕਦਾ। ਸਾਰਾ ਸੁਆਦ ਮਾਰਿਆ ਜਾਂਦਾ।

ਇਕ ਵਾਰੀ ਫੇਰ ਉਸ ਨੂੰ ਭਈਆਂ 'ਤੇ ਗੁੱਸਾ ਆਉਣ ਲੱਗਾ ਪਰ ਅਗਲੇ ਪਲ ਮਾਲਕਣ ਚਾਹ ਦੀ ਪਿਆਲੀ ਲੈ ਕੇ ਉਸ ਦੇ ਕੋਲ ਖੜ੍ਹੀ ਹੋ ਗਈ, "ਪੁੱਤ ਤੇਰਾ ਪਿੰਡ ਕਿਹੜਾ ?"

"ਲੱਧੜਾਂ।"

"ਸੁੱਖ ਨਾਲ ਬਾਪ ਦੀ ਕੀ ਨਾਂ ? ਚਾਹ ਵੀ ਪੀਂਦਾ ਜਾਹ। ਨਾਲ ਦੀ ਨਾਲ ਇਕ ਹੱਥ ਨਾਲ ਟੋਟੇ ਵੀ ਪਿਛਾਂਹ ਸੁੱਟੀ ਜਾ।"

"ਚਾਨਣ ਰਾਮ।"

"ਕਿਥੇ ਵਿਆਹਿਆਂ ? ਆਹ ਲੱਕੜੀ ਚੁੱਕ ਕੇ ਛੱਤ 'ਤੇ ਰੱਖ ਆ ਪਹਿਲਾਂ। ਨ੍ਹੀਂ ਤਾਂ ਫੇਰ ਤੂੰ ਭੁੱਲ ਜਾਏਂਗਾ।"

"ਜੈਤੋਂ ਮੰਡੀ।"

"ਬੜੀ ਦੂਰ ਵਿਆਹ ਕਰਾਇਆ ?"

"ਸੰਯੋਗ ਲੈ ਗਏ।"

"ਮਾਲਵੇ ਦੀਆਂ ਔਰਤਾਂ ਬੜੀਆਂ ਚੰਗੀਆਂ ਹੁੰਦੀਆਂ। ਤੇਰੀ ਘਰਵਾਲੀ ਕਿੱਦਾਂ ਦੀ ਆ ?"

"ਚੰਗੀ ਔਰਤ ਆ।"

"ਤੇਰੇ ਨਾਲ ਲੜਦੀ ਤਾਂ ਨ੍ਹੀਂ ਹੁੰਦੀ ?"

"ਬਿਲਕੁਲ ਨ੍ਹੀਂ।"

"ਮੈਂ ਦੇਖਿਆ ਮਾਲਵੇ ਦੀਆਂ ਔਰਤਾਂ ਗੱਲਾਂ ਬੜੀਆਂ ਕਰਦੀਆਂ ?"

"ਹਾਂ ਜੀ-ਤੁਹਾਡੀ ਗੱਲ ਠੀਕ ਆ।"

"ਖਾਂਦੀਆਂ ਵੀ ਜ਼ਿਆਦਾ ?"

"ਮੈਂ ਕਦੇ ਇਸ ਗੱਲ ਵੱਲ ਧਿਆਨ ਹੀ ਨ੍ਹੀਂ ਦਿੱਤਾ।"

"ਬੱਚੇ ਕਿੰਨੇ ? ਜਾਣ ਤੋਂ ਪਹਿਲਾਂ ਕਹੀ ਨਾਲ ਨੀਂਹ ਦੇ ਨਾਲ-ਨਾਲ ਰੇਤਾ ਜ਼ਰੂਰ ਲਾ ਦਈਂ। ਫਰਸ਼ ਤਾਂ ਅਜੇ ਠਹਿਰ ਕੇ ਲਾਵਾਵਾਂਗੇ। ਜਦੋਂ ਲਵਾਈ ਤੈਨੂੰ ਜ਼ਰੂਰ ਬੁਲਾਊਂਗੀ।"

"ਦੋ।"

"ਫੇਰ ਤਾਂ ਤੂੰ ਬੜਾ ਸਮਝਦਾਰ ਨਿਕਲਿਆ। ਮਹੀਨੇ ਦਾ ਦੋ ਹਜ਼ਾਰ ਤਾਂ ਕਮਾ ਹੀ ਲੈਂਦਾ ਹੋਣਾ। ਦੇਖ ਇਸ ਪਾਸੇ ਰੇਤਾ ਕਿਦ੍ਹਾਂ ਖਿਲਰੀ ਪਈ।"



www.PunjabiLibrary.com

"ਨ੍ਹੀਂ..ਜੀ..ਕੰਮ ਲਗਾਤਾਰ ਮਿਲਦਾ ਨ੍ਹੀਂ।"

"ਚੱਲ ਦੂਜਿਆਂ ਨਾਲੋਂ ਤਾਂ ਚੰਗਾ।"

ਉਸ ਮਾਲਕਣ ਵੱਲ ਦੇਖਿਆ। ਉਹ ਹੱਸ ਰਹੀ ਸੀ।

"ਕੋਈ ਖ਼ਰਚਾ ਨ੍ਹੀਂ। ਜਿਨ੍ਹਾਂ ਦੇ ਕੰਮ ਕੀਤਾ, ਚਾਹ ਪਾਣੀ ਉਹ ਪਿਲਾ ਦਿੰਦੇ।"

"ਹੂੰ," ਢਿੱਲਾ ਜਿਹਾ ਉਸ ਜੁਆਬ ਦਿੱਤਾ। ਮਨ ਹੀ ਮਨ 'ਚ ਕਿਹਾ ਜਿਵੇਂ ਤੁਸੀਂ।

"ਤੇਰੀ ਘਰਵਾਲੀ ਵੀ ਕਿਸੇ ਦੇ ਕੰਮ ਕਰਨ ਜਾਂਦੀ ਆ?"

"ਹਾਂ ਜੀ-ਲੰਬੜਾਂ ਦਾ ਗੋਹਾ ਕੂੜਾ ਚੁੱਕਣ ਜਾਂਦੀ ਆ।"

"ਦੋ ਵੇਲੇ ਜਾਂ ਇੱਕ ਵੇਲੇ? ਆਹ ਦੇਖ ਤੇਰੇ ਪੈਰ ਕੋਲ ਸਬੂਤੀ ਇੱਟ ਪਈ ਆ।"

"ਸਵੇਰ ਨੂੰ ਹੀ।"

"ਕਿੰਨੇ ਕੁ ਪੈਸੇ ਮਿਲ ਜਾਂਦੇ?"

"ਤਿੰਨ ਸੌ ਰੁਪਈਆ ਮਹੀਨੇ ਦਾ।"

"ਚਲੋ-ਵਿਹਲਿਆਂ ਨਾਲੋਂ ਸੌ ਗੁਣਾ ਚੰਗਾ। ਆਹ ਸਰੀਆ ਬਚ ਗਿਆ ਸੀ?"

"ਹਾਂ ਜੀ।"

ਮਾਲਕਣ ਨੇ ਸਰੀਆ ਚੁੱਕ ਕੇ ਅੰਗੀਠੇ 'ਤੇ ਰੱਖਣ ਦਾ ਇਸ਼ਾਰਾ ਕੀਤਾ।

"ਪੁੱਤ, ਬੱਚੇ ਸਕੂਲ ਜਾਂਦੇ ਆ?"

"ਹਾਂ ਜੀ, ਵੱਡਾ ਪੰਜਵੀਂ ਵਿੱਚ ਪੜ੍ਹਦਾ-ਛੋਟਾ ਦੂਜੀ ਵਿੱਚ।"

"ਵੱਡੇ ਦਾ ਕੀ ਨਾਂ ਆ?"

"ਸ਼ਿਵ।"

"ਤੇ ਛੋਟੇ ਦਾ?"

"ਸੈਫ਼ੀ।"

"ਫੇਰ ਤਾਂ ਤੇਰੀ ਘਰਵਾਲੀ ਬੜੀ ਸਮਝਦਾਰ ਹੋਈ। ਇਹ ਵੱਡੀ ਇੱਟ ਚੁੱਕ ਕੇ ਉਥੇ ਰੱਖ ਆ।"

"ਉਪਰ ਵਾਲੇ ਦੀ ਮੇਹਰ ਆ। ਉਹ ਮੈਥੋਂ ਸਿਆਣੀ ਆ।"

"ਜਿਸ ਦੀ ਕਿਸਮਤ ਸਿੱਧੀ ਹੋਵੇ ਉਸ ਦਾ ਸਭ ਕੁਸ਼ ਸਿੱਧਾ ਹੁੰਦਾ। ਔਰਤ ਸਿਆਣੀ ਹੋਵੇ ਤਾਂ ਘਰ ਸਵਰਗ ਬਣ ਜਾਂਦਾ।....ਇਹ ਥੰਮ ਚੁੱਕ ਕੇ ਉਥੇ ਰੱਖ ਦੇ।"

ਉਸ ਨੇ ਦਸਾਂ ਪੰਦਰਾਂ ਇੱਟਾਂ ਦੇ ਥੰਮ ਨੂੰ ਹੇਠਲੇ ਪਾਸਿਉਂ ਥੋੜ੍ਹਾ ਜਿਹਾ ਹਿਲਾਇਆ। ਪਰ ਥੰਮ ਬਹੁਤ ਭਾਰਾ ਸੀ।

"ਤੂੰ ਐਦਾਂ ਕਰ। ਇਸ ਨੂੰ ਖਿੱਚ ਕੇ ਕੰਧ ਨਾ ਲਾ ਦੇ।"

"ਮੈਥੋਂ ਤਾਂ ਇਹ ਹਿੱਲਦਾ ਨ੍ਹੀਂ।"

"ਨਾ ਮੇਰਾ ਪੁੱਤ-ਜੇ ਤੈਥੋਂ ਨ੍ਹੀਂ ਹਿਲਦਾ-ਤਾਂ ਦੱਸ ਹੋਰ ਕਿਸ ਕੋਲੋਂ ਹਿੱਲੇਗਾ?"

ਖਿੱਚ-ਧੂਹ ਕੇ ਉਸ ਥੰਮ ਕੰਧ ਨਾਲ ਟਿਕਾ ਦਿੱਤਾ। ਸਾਈਕਲ ਵੱਲ ਗਿਆ। ਇਹ ਦੇਖਣ ਲਈ ਕਿ ਟਿਊਬ 'ਚ ਹਵਾ ਠੀਕ ਹੈ। ਹੱਥ-ਮੂੰਹ ਧੋਣ ਦਾ ਸਮਾਂ ਹੀ ਨਹੀਂ



ਬਚਿਆ ਸੀ। ਹਨ੍ਹੇਰਾ ਹੋਰ ਸੰਘਣਾ ਹੋ ਗਿਆ ਸੀ। ਮੱਠੀ-ਮੱਠੀ ਹਵਾ ਵੀ ਚੱਲਣ ਲੱਗੀ ਸੀ। ਇੱਕ ਵਾਰ ਤਾਂ ਉਸ ਦੇ ਮਨ ਵਿਚ ਆਇਆ ਕਿ ਛੇਤੀ ਦੇਣੀ ਸਾਈਕਲ ਚੁੱਕ ਕੇ ਦੌੜ ਜਾਵੇ। ਪਰ ਉਸ ਤਾਂ ਪੈਸੇ ਵੀ ਜ਼ਰੂਰ ਲੈਣੇ ਸਨ।

"ਪੁੱਤ ਆਹ ਹੁਣ ਕੌਣ ਰਖੂਗਾ?"

"ਕੀ?"

"ਇਹ ਕਹੀ ਤੇ ਕੜਾਹੀਏ।"

"ਮੈਂ ਆਪਣੇ ਘਰ ਵੀ ਜਾਣਾ। ਬਹੁਤ ਜ਼ਿਆਦਾ ਟੈਮ ਹੋ ਗਿਆ। ਹੁਣ ਤੁਸੀਂ ਆਪੇ ਹੀ ਦੇ ਆਈਓ।"

"ਨਾ ਮੇਰਾ ਪੁੱਤ-ਪੰਜ ਮਿੰਟ ਵਿਚ ਤੂੰ ਕਿਹੜਾ ਲੇਟ ਹੋ ਚਲਿਆਂ। ਸੌਣਾ ਹੀ ਆ ਘਰੇ ਜਾ ਕੇ। ਇਹ ਕਿਰਾਏ 'ਤੇ ਲਿਆਂਦੇ। ਜੇ ਅੱਜ ਨਾ ਦਿੱਤੇ ਤਾਂ ਇੱਕ ਦਿਨ ਦਾ ਹੋਰ ਕਿਰਾਇਆ ਪੈ ਜਾਣਾ। ਉਨ੍ਹਾਂ ਤਾਂ ਪਹਿਲਾਂ ਹੀ ਤਾਗੀਦ ਕੀਤੀ ਸੀ—ਜਿੱਦਾਂ ਦੇ ਸਾਫ-ਸੁਥਰੇ ਲੈ ਕੇ ਚਲੇਂ, ਉਦਾਂ ਦੇ ਵਾਪਸ ਲੈਣੇ। ਆਹ ਨਾਲ ਹੀ ਘਰ 'ਚ ਦੁਕਾਨ ਆ।"

"ਮਾਤਾ ਜੀ ਬਾਹਰ ਹਨ੍ਹੇਰਾ..," ਸ਼ਬਦ ਗਲ 'ਚ ਹੀ ਕਿਤੇ ਅਟਕ ਗਏ ਸਨ।

ਪੰਜ ਗੇੜਿਆਂ 'ਚ ਉਸ ਸਾਰਾ ਸਾਮਾਨ ਦੇ ਆਂਦਾ।

"ਹੁਣ ਮੈਂ ਜਾਵਾਂ....?" ਆਪਣੇ ਗੁੱਸੇ 'ਤੇ ਕਾਬੂ ਰੱਖਦਿਆਂ ਹੋਇਆਂ ਉਸ ਪੁੱਛਿਆ।

ਮਾਲਕਣ ਨੇ ਚਮੜੇ ਦਾ ਪਰਸ ਖੋਲ੍ਹਿਆ ਤੇ ਦਸਾਂ-ਦਸਾਂ ਦੇ ਪੰਜਾਹ ਨੋਟ ਉਸ ਵੱਲ ਵਧਾ ਦਿੱਤੇ। ਉਸ ਨੋਟ ਗਿਣੇ। ਪਤੂਹੀ ਦੀ ਅੰਦਰਲੀ ਜੇਬ 'ਚ ਪਾ ਲਏ। ਸਾਰੀ ਥਕਾਵਟ ਇੱਕ ਪੱਲ 'ਚ ਭੁੱਲ ਗਿਆ।

"ਪੁੱਤ ਬੱਸ ਇਕ ਕੰਮ ਤਾਂ ਰਹਿ ਹੀ ਚਲਿਆ ਸੀ। ਜਾਂਦਿਆਂ-ਜਾਂਦਿਆਂ ਕਮਰੇ ਦੀਆਂ ਖਿੜਕੀਆਂ ਵੀ ਬੰਦ ਕਰ ਦੇ।"

ਖਿੜਕੀਆਂ ਬੰਦ ਕਰ ਕੇ ਜਦੋਂ ਉਹ ਸਾਈਕਲ 'ਤੇ ਚੜ੍ਹਿਆ ਤਾਂ ਅੱਗੋਂ ਬਾਜ਼ਾਰ ਬੰਦ ਸੀ। ਸ਼ਹਿਰੋਂ ਬਾਹਰ ਹਨ੍ਹੇਰਾ ਹੀ ਹਨ੍ਹੇਰਾ ਸੀ। ਸਿਰਫ ਉਸ ਦੇ ਸਾਈਕਲ ਦੀ ਸੁੱਕੀ ਚੈਨ ਚੀਂਅ-ਚੀਂਅ ਕਰ ਰਹੀ ਸੀ।



www.PunjabiLibrary.com

# ਬਹੁਤ ਨੇੜੇ ਬਹੁਤ ਦੂਰ

ਜਿੱਥੇ ਬਿੱਲੀ ਹੁਣੇ-ਹੁਣੇ ਕੜਾਹੀ ਵੱਲੋਂ ਮੂੰਹ ਫੇਰ ਕੇ ਚਲੀ ਗਈ ਸੀ ਉਥੇ ਸ਼ਾਰਕ ਆ ਬੈਠੀ ਸੀ। ਕੜਾਹੀ ਦੇ ਨਾਲ ਲੱਗਾ ਸਾਗ ਬਿੱਲੀ ਦੇ ਨੱਕ ਹੇਠ ਨਹੀਂ ਆਇਆ ਸੀ। ਪਹਿਲਾਂ ਉਸ ਇਕ ਵਾਰ ਸੁੰਘਿਆ ਸੀ ਤਾਂ ਨਾਸਾਂ ਨੂੰ ਫੈਲਾਉਂਦਿਆਂ ਉਸ ਦੀ ਬੂਥੀ ਅਗਲੇ ਪੋਲ੍ਹੀ ਦੇ ਕੰਡਿਆਂ ਵਰਗੇ ਵਾਲ ਕੰਬੇ ਸਨ। ਫੇਰ ਮਨ ਬਣਾ ਕੇ ਉਸ ਜੀਭ ਨਾਲ ਚੱਟ ਕੇ ਦੇਖਿਆ ਸੀ ਪਰ ਜਿਨ੍ਹੀਂ ਪੈਰੀਂ ਉਹ ਆਈ ਸੀ, ਉਨ੍ਹੀਂ ਪੈਰੀਂ ਦੂਜੇ ਪਾਸੇ ਕਾਹਲੀ ਮੁੜ ਗਈ ਸੀ।

ਸਾਗ ਦੀ ਸੁੱਕ ਕੇ ਪਤਲੀ ਜਿਹੀ ਪਰਤ ਕੜਾਹੀ ਨਾਲ ਜੰਮ ਗਈ ਸੀ। ਕੁਸ਼ ਸਾਗ ਖਾਣ ਲੱਗਿਆਂ ਨਾਲ ਲੱਗਾ ਰਹਿ ਗਿਆ ਸੀ ਤੇ ਕੁਸ਼ ਸੇਕ ਨਾਲ। ਬੀਬੀ ਨੇ ਪਾਣੀ ਨਾਲ ਭਰ ਕੇ ਕੜਾਹੀ ਇਕ ਪਾਸੇ ਨੂੰ ਰੱਖ ਦਿੱਤੀ ਸੀ ਤਾਂ ਜੋ ਇਹ ਉੱਗਲ ਜਾਵੇਗੀ ਤੇ ਕੜਾਹੀ ਮਾਂਜਣੀ ਸੌਖੀ ਹੋ ਜਾਵੇਗੀ।

ਬਿੱਲੀ ਅੰਦਰ ਚਲੀ ਗਈ ਸੀ। ਉਹ ਕਾਫੀ ਭੁੱਖੀ ਸੀ। ਉਸ ਦੀਆਂ ਕੁੱਖਾਂ ਅੰਦਰ ਨੂੰ ਧਸੀਆਂ ਸਨ। ਉਹ ਵਾਰ-ਵਾਰ ਮਿਆਊਂ-ਮਿਆਊਂ ਕਰ ਰਹੀ ਸੀ। ਪਹਿਲਾਂ ਉਸ ਜੂਠੇ ਪਏ ਭਾਂਡਿਆਂ ਨੂੰ ਸੁੰਘਿਆ ਸੀ। ਪੌਂਚੇ ਮਾਰ-ਮਾਰ ਕੇ ਭਾਂਡੇ ਹੇਠਾਂ ਉਪਰ ਕਰਦੀ ਰਹੀ ਸੀ। ਪਰ ਉਸ ਨੂੰ ਉਥੋਂ ਅਜਿਹਾ ਕੁਸ਼ ਵੀ ਨਹੀਂ ਮਿਲਿਆ ਸੀ ਜਿਸ ਨਾਲ ਉਸ ਦਾ ਢਿੱਡ ਨਾ ਭਰਦਾ ਤਾਂ ਘੱਟੋ-ਘੱਟ ਗੁਜ਼ਾਰਾ ਹੋ ਜਾਂਦਾ। ਬੁੱਤਾ ਸਰ ਜਾਂਦਾ। ਦਲਾਨ ਵਿਚ ਵੀ ਉਹ ਛੜੱਪੇ ਤੇ ਛੜੱਪੇ ਮਾਰੀ ਜਾ ਰਹੀ ਸੀ। ਉਸ ਨੂੰ ਆਪਣੇ ਆਪ 'ਤੇ ਖਿੱਝ ਆ ਰਹੀ ਸੀ ਜਾਂ ਘਰ ਵਿੱਚੋਂ ਕੁਸ਼ ਵੀ ਨਾ ਮਿਲਣ ਕਰਕੇ।

ਜਦੋਂ ਸ਼ਾਰਕ ਕੜਾਹੀ ਵਿਚ ਠੂੰਗੇ ਮਾਰਨ ਲੱਗੀ ਸੀ, ਉਦੋਂ ਬਿੱਲੀ ਅੰਦਰੋਂ ਕੁਸ਼ ਭਾਲ ਰਹੀ ਸੀ। ਉਸ ਦੀ ਆਵਾਜ਼ ਇਕਦਮ ਬੰਦ ਹੋ ਗਈ ਸੀ। ਜਿਵੇਂ ਉਸ ਨੂੰ ਕੁਸ਼ ਦਿੱਸ ਪਿਆ ਹੋਵੇ। ਉਸ ਬੱਚੇ ਵਾਂਗੂੰ ਜਿਸ ਨੂੰ ਰੋਂਦਿਆਂ-ਰੋਂਦਿਆਂ ਕੋਈ ਖਾਣ ਵਾਲੀ ਮਿੱਠੀ ਚੀਜ਼ ਮਿਲ ਗਈ ਹੋਵੇ।

ਹੁਣ ਮੇਰਾ ਧਿਆਨ ਬਿੱਲੀ ਵੱਲੋਂ ਹੱਟ ਕੇ ਸ਼ਾਰਕ ਵੱਲ ਹੋ ਗਿਆ ਸੀ। ਅੱਜ ਸਵੇਰ ਦੀ ਪੱਛੋਂ ਵਗ ਰਹੀ ਸੀ। ਆਖਿਰਾਂ ਦੀ ਠੰਢ ਵੱਧ ਗਈ ਸੀ। ਮੈਂ ਨਹਾ ਕੇ ਦਰਵਾਜ਼ੇ



www.PunjabiLibrary.com

ਕੋਲ ਮੰਜਾ ਡਾਹੀ ਧੁੱਪ ਸੇਕਦਾ ਅਖ਼ਬਾਰ ਪੜ੍ਹ ਰਿਹਾ ਸੀ। ਘਰ ਵਿਚ ਇਕੱਲਾ ਸੀ। ਬੀਬੀ ਜੀ ਕਿਸੇ ਦੇ ਘਰੇ ਚਲੇ ਗਏ ਸਨ।

ਅਖ਼ਬਾਰ ਵੱਲੋਂ ਧਿਆਨ ਹਟਾ ਕੇ ਮੈਂ ਸ਼ਾਰਕ ਵੱਲ ਦੇਖਿਆ। ਦਰਅਸਲ ਅਖ਼ਬਾਰ ਵਿਚ ਛਪੀਆਂ ਖ਼ਬਰਾਂ ਨੇ ਮੇਰੇ ਅੰਦਰ ਕੰਬਣੀ ਛੇੜ ਦਿੱਤੀ ਸੀ। ਮੇਰੇ ਕੋਲੋਂ ਅਗਾਂਹ ਦੇ ਵੇਰਵੇ ਪੜ੍ਹੇ ਨਹੀਂ ਗਏ ਸਨ ਪਰ ਅਚੇਤ 'ਚ ਤੀਹ ਮਰੇ..ਬੈਂਕ ਲੁੱਟ ਲਿਆ..ਅੰਤਵਾਦੀਆਂ ਨੇ ਪੰਜ ਹਿੰਦੂ ਬਸ 'ਚੋਂ ਕਢ ਕੇ ਮਾਰ ਦਿੱਤੇ..ਗੁਰਦਾਸਪੁਰ ਦੇ ਪਿੰਡਾਂ 'ਚੋਂ ਹਿੰਦੂ ਸ਼ਹਿਰਾਂ ਵੱਲ ਦੌੜੇ ..ਮੇਰੇ ਧੁਰ ਅੰਦਰ ਨਾਸੂਰ ਵਾਂਗ ਭਰਦੇ ਗਏ ਸਨ। ਇਸੇ ਲਈ ਮੈਂ ਉਸ ਪਾਸਿਉਂ ਧਿਆਨ ਹਟਾ ਕੇ ਸ਼ਾਰਕ ਨੂੰ ਦੇਖਣ ਲੱਗਾ ਸੀ। ਉਸ ਦੀ ਇਕ ਲੱਤ ਹੈ ਨਹੀਂ ਸੀ। ਕੜਾਹੀ ਦੇ ਇਕ ਪਾਸਿਉਂ ਉਹ ਚੁੰਝ ਨਾਲ ਸਾਗ ਖੁਰਚਦੀ ਸੀ ਤੇ ਛੜੱਪਾ ਮਾਰ ਕੇ ਅਗਾਂਹ ਨੂੰ ਹੋ ਜਾਂਦੀ। ਅਜਿਹਾ ਕਰਦਿਆਂ ਉਸ ਦਾ ਸਾਰਾ ਸੰਤੁਲਨ ਵਿਗੜ ਜਾਂਦਾ। ਉਸ ਦੀ ਇੱਕੋ ਲੱਤ ਸਪਰਿੰਗ ਵਾਂਗੂੰ ਲਿਫ ਜਾਂਦੀ। ਪਲ ਭਰ ਮਗਰੋਂ ਉਹ ਭਾਰ ਝੱਲਣ ਜੋਗੀ ਹੋ ਜਾਂਦੀ।

ਕਿੰਨਾ ਪਿਆਰਾ ਸੀ ਉਸ ਦਾ ਰੰਗ। ਇਕ ਪਾਸਾ ਭੂਸਲਾ। ਕਾਲਾ ਸ਼ਾਹ। ਖੰਭਾਂ ਦੇ ਉਪਰ ਦੀ। ਗੂੜੇ ਪੀਲੇ ਰੰਗ ਦੀ ਚੁੰਝ। ਨਿੱਕੀਆਂ-ਨਿੱਕੀਆਂ ਅੱਖਾਂ। ਅੱਖਾਂ ਦੇ ਹੇਠਲੇ ਪਾਸੇ ਤੇ ਸਿਰ ਦੇ ਉਪਰਲੇ ਖੰਭ ਕਾਲੇ ਸਨ।

ਪਲ-ਪਲ ਮੇਰੀ ਹਮਦਰਦੀ ਉਸ ਨਾਲ ਹੁੰਦੀ ਗਈ ਸੀ। ਇਕ ਵਾਰ ਚਿੱਤ ਵਿਚ ਆਇਆ ਕਿ ਰਸੋਈ ਵਿੱਚੋਂ ਇਕ ਰੋਟੀ ਕੱਢ ਲਿਆਵਾਂ ਤੇ ਨਿੱਕੀਆਂ-ਨਿੱਕੀਆਂ ਬੁਰਕੀਆਂ ਕਰਕੇ ਉਸ ਅੱਗੇ ਸੁੱਟ ਦੇਵਾਂ ਪਰ ਦੂਜੇ ਪਲ ਇਹ ਵਿਚਾਰ ਬਦਲ ਦਿੱਤਾ ਕਿ ਮੇਰੇ ਉਠਣ ਨਾਲ ਮਤੇ ਉਹ ਡਰ ਕੇ ਉਡ ਹੀ ਨਾ ਜਾਵੇ। ਉਸ ਦੇ ਰੱਜ ਜੋਗਾ ਸਾਗ ਅਜੇ ਵੀ ਕੜਾਹੀ ਨਾਲ ਲੱਗਾ ਸੀ। ਉਸ ਨੂੰ ਹੋਰ ਕਿਸੇ ਪਾਸੇ ਜਾਣ ਦੀ ਲੋੜ ਨਹੀਂ ਸੀ।

ਹੁਣ ਉਹ ਬਿਲਕੁਲ ਮੇਰੇ ਵਾਲੇ ਪਾਸੇ ਆ ਗਈ ਸੀ। ਟੱਪ ਕੇ ਜਦੋਂ ਉਹ ਅਗਾਂਹ ਨੂੰ ਹੋਈ ਤਾਂ ਮੈਂ ਦੇਖਿਆ ਕਿ ਉਸ ਦੀ ਦੂਜੀ ਲੱਤ ਤਾਂ ਸੀ ਪਰ ਨਾ ਹੋਇਆਂ ਵਰਗੀ। ਹੇਠਲਾ ਪਾਸਾ ਹੈ ਨਹੀਂ ਸੀ। ਉਪਰਲਾ ਟੁੰਡ ਜਿਹਾ ਸੀ। ਮਿਟੀ ਰੰਗਾ ਹੋਇਆ। ਜਦੋਂ ਉਹ ਟੱਪ ਕੇ ਅਗਾਂਹ ਨੂੰ ਹੁੰਦੀ ਤਾਂ ਉਸ ਦਾ ਇਹ ਟੁੰਡ ਖੰਭਾਂ ਵਿਚੋਂ ਬਾਹਰ ਨਿਕਲਦਾ ਤੇ ਅਗਲੇ ਪਲ ਉਹ ਫੇਰ ਟੁੰਡ ਨੂੰ ਖੰਭਾਂ ਵਿਚ ਲੁਕੋ ਲੈਂਦੀ। ਜਿਵੇਂ ਇਹ ਸੱਭ ਕੁਸ਼ ਇਕ ਰੁਟੀਨ ਵਿਚ ਹੋ ਰਿਹਾ ਹੋਵੇ।

ਉਹ ਟੱਪ ਕੇ ਮਾੜਾ ਕੁ ਅਗਾਂਹ ਨੂੰ ਹੋਈ ਤਾਂ ਮੈਂ ਗੌਰ ਨਾਲ ਦੇਖਿਆ। ਉਸ ਦੇ ਗਿੱਟੇ ਕੋਲ ਪੈਰ ਨਹੀਂ ਸੀ। ਮੋਟੀ ਸਾਰੀ ਗੱਠ ਬੱਝੀ ਸੀ। ਪਰ ਕਿਵੇਂ ? ਕਿਉਂ ? ਅਜਿਹਾ ਕਿਸ ਕੀਤਾ ਹੋਵੇਗਾ ? ਕਈ ਪ੍ਰਸ਼ਨਾਂ ਨੇ ਮੈਨੂੰ ਆ ਘੇਰਿਆ ਸੀ। ਹੋ ਸਕਦਾ ਹੈ ਕਿ ਕਿਸੇ ਨੇ ਸ਼ਰਾਰਤ ਨਾਲ ਠੀਮ ਮਾਰੀ ਹੋਵੇ। ਜਮਾਂਦਰੂ ਤਾਂ ਇਹ ਲੱਗਦਾ ਨਹੀਂ। ਇਹ ਵੀ ਹੋ ਸਕਦਾ ਕਿ ਕਿਤੇ ਖਾਣ ਨੂੰ ਬੈਠੀ ਹੋਵੇ..ਤੇ ਸ਼ਿਕਾਰੀ..ਪਤਾ ਨਹੀਂ ਕਿੰਨੇ ਵਿਚਾਰਾਂ ਵਿਚ ਮੈਂ ਉਲਝਦਾ ਗਿਆ ਸੀ।

ਨਿਡਰ ਹੋ ਕੇ ਉਹ ਪੇਟ ਭਰ ਰਹੀ ਸੀ। ਉਸ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਮੇਰੇ ਵੱਲੋਂ ਉਸ ਨੂੰ ਕੋਈ ਖ਼ਤਰਾ ਨਹੀਂ। ਦੂਰ ਤੱਕ ਵਿਹੜਾ ਵੀ ਸੁੰਨਾ ਪਿਆ

ਸੀ।

ਉਹ ਕਾਫ਼ੀ ਭੁੱਖੀ ਲੱਗਦੀ ਸੀ। ਉਸ ਇਕ ਵਾਰ ਵੀ ਆਪਣਾ ਮੂੰਹ ਉਤਾਂਹ ਚੁੱਕ ਕੇ ਨਹੀਂ ਦੇਖਿਆ ਸੀ। ਦਰਅਸਲ ਇਨ੍ਹਾਂ ਦਿਨਾਂ ਵਿਚ ਬਾਹਰ ਢਿੱਡ ਭਰਨ ਜੋਗਾ ਕੁਝ ਵੀ ਨਹੀਂ ਰਹਿੰਦਾ। ਹੋ ਸਕਦਾ ਕਿ ਉਹ ਸਵੇਰ ਦੀ ਭੁੱਖੀ ਹੋਵੇ ਤੇ ਸ਼ਾਮ ਤੱਕ ਉਸ ਨੂੰ ਕੁਸ਼ ਵੀ ਹੋਰ ਮਿਲਣ ਦੀ ਆਸ ਨਾ ਹੋਵੇ।

ਇੱਕ ਵਾਰ ਉਸ ਆਪਣੇ ਖਭ ਛੰਡੇ, ਪਾਣੀ ਦੀ ਚੁੰਝ ਭਰੀ ਤੇ ਟੱਪ ਕੇ ਨਲਕੇ ਦੇ ਨਾਲ ਜਾ ਲੱਗੀ। ਮੇਰੇ ਵਾਂਗੂੰ ਉਹ ਵੀ ਠੰਢ ਮਹਿਸੂਸ ਕਰ ਰਹੀ ਸੀ। ਕੜਾਹੀ ਵੀ ਛਾਵੇਂ ਪਈ ਸੀ। ਉਹ ਨਿਸ਼ਚਿੰਤ ਹੋ ਗਈ ਲੱਗਦੀ ਸੀ। ਉਸ ਵੱਲੋਂ ਅੱਖ ਬਚਾ ਕੇ ਮੈਂ ਪੈਰਾਂ ਵਾਲੇ ਪਾਸੇ ਲਈ ਲੋਈ ਮੂੰਹ ਤਕ ਖਿੱਚ ਲਈ ਤਾਂ ਕਿ ਉਹ ਮੇਰੀ ਹੋਂਦ ਨੂੰ ਨਾਂ ਦੇ ਬਰੋਬਰ ਮੰਨ ਲਵੇ।

ਪਰ ਮੈਂ ਉਸ ਦੀ ਹੋਂਦ ਨੂੰ ਮਹਿਸੂਸ ਕਰਦਾ ਰਿਹਾ ਸੀ। ਮੇਰੀਆਂ ਨਜ਼ਰਾਂ ਉਸ ਦੀ ਇੱਕ ਲੱਤ 'ਤੇ ਆ ਟਿਕਦੀਆਂ ਪਰ ਉਸ ਤਾਂ ਇਹ ਗੱਲ ਜ਼ਾਹਿਰ ਨਹੀਂ ਹੋਣ ਦਿੱਤੀ ਸੀ ਕਿ ਉਸ ਦੀ ਇੱਕ ਲੱਤ ਹੈ ਹੀ ਨਹੀਂ। ਨਾ ਹੀ ਉਸ ਦੇ ਚਿਹਰੇ 'ਤੇ ਅਜਿਹੇ ਭਾਵਹੀਨਤਾ ਦੇ ਭਾਵ ਸਨ।

ਇੱਕ ਪਾਸੇ ਨੂੰ ਪਈ ਨੇ ਅੱਖਾਂ ਮੁੰਧ ਲਈਆਂ ਸਨ ਪਰ ਅੰਦਰੋਂ ਮਾੜੇ ਜਿਹੇ ਹੋਏ ਖੜਕੇ ਨੇ ਮੈਨੂੰ ਬੁਰੀ ਤਰ੍ਹਾਂ ਕੰਬਾ ਦਿੱਤਾ ਸੀ। ਮੈਨੂੰ ਬਿੱਲੀ ਵੱਲੋਂ ਖਤਰਾ ਭਾਸਿਆ ਸੀ। ਫੇਰ ਬਿੱਲੀ ਦਾ ਕੀ ਵਸਾਹ! ਉਸ ਦੇ ਤਾਂ ਨੱਕ ਹੇਠ ਮਾੜੀ ਮੋਟੀ ਚੀਜ਼ ਨਹੀਂ ਆ ਰਹੀ ਸੀ। ਉਹ ਹਰਲ-ਹਰਲ ਕਰਦੀ ਫਿਰਦੀ ਸੀ। ਹੋ ਸਕਦਾ ਕਿ ਉਸ ਨੂੰ ਦਲਾਨ ਵਿੱਚੋਂ ਵੀ ਖਾਣ ਨੂੰ ਕੁਸ਼ ਨਾ ਮਿਲਿਆ ਹੋਵੇ।

ਹੁਣ ਮੈਨੂੰ ਕੀ ਕਰਨਾ ਚਾਹੀਦਾ ਹੈ ? ਮੇਰੇ ਜਿਹਨ 'ਚ ਪ੍ਰਸ਼ਨ ਕਰੌਂਧਿਆ। ਮਨ ਵਿੱਚ ਆਇਆ ਕਿ ਸੀਤ-ਸੀਤ ਕਰਕੇ ਸ਼ਾਰਕ ਨੂੰ ਉਡਾ ਦੇਵਾਂ। ਉਸ ਦਾ ਢਿੱਡ ਭਰ ਗਿਆ ਸੀ। ਕਿਸੇ ਹੋਰ ਥਾਂ 'ਤੇ ਅਰਾਮ ਕਰ ਲਵੇਗੀ। ਕਿਸੇ ਰੁਖ 'ਤੇ ਜਾ ਬੈਠੇਗੀ ਜਾਂ ਚੁਬਾਰੇ 'ਤੇ ਧੁੱਪ ਸੇਕ ਲਵੇਗੀ ਜਾਂ ਬਿੱਲੀ ਨੂੰ ਝਿੜਕ ਦੇਵਾਂ। ਆਪੇ ਡਰ ਕੇ ਦੌੜ ਜਾਵੇਗੀ ਜਾਂ ਅੰਦਰੋਂ ਹੀ ਬਾਹਰ ਨਹੀਂ ਨਿਕਲੇਗੀ। ਮੈਂ ਤਾਂ ਸੋਚਦਾ ਹੀ ਰਹਿ ਗਿਆ ਸੀ।

ਬੱਸ ਪਤਾ ਉਦੋਂ ਹੀ ਲੱਗਾ ਸੀ ਜਦੋਂ ਬਿੱਲੀ ਨੇ ਸ਼ਾਰਕ ਨੂੰ ਪਿੱਛਲੇ ਪਾਸਿਓਂ ਆ ਦਬੋਚਿਆ ਸੀ। ਸ਼ਾਰਕ ਨੇ ਉਡਾਰੀ ਮਾਰਨ ਦੀ ਕੋਸ਼ਿਸ਼ ਕੀਤੀ ਸੀ ਪਰ ਬਿੱਲੀ ਨੇ ਤਾਂ ਅੱਖ ਦੇ ਫੇਰ ਨਾਲ ਉਸ ਨੂੰ ਦੰਦਾਂ 'ਚ ਘੁੱਟ ਲਿਆ ਸੀ। ਸਿਰ ਵਾਲੇ ਪਾਸਿਉਂ ਉਸ ਦਾ ਅੱਧਾ ਧੜ ਲਮਕ ਰਿਹਾ ਸੀ ਤੇ ਅੱਧਾ ਉਸ ਦੇ ਜਬਾੜੇ 'ਚ ਕੱਸਿਆ ਹੋਇਆ ਸੀ। ਛੁੱਟਣ ਲਈ ਉਹ ਫੜਫੜਾਈ ਸੀ। ਬੁਰੀ ਤਰ੍ਹਾਂ ਚੀਕੀ ਸੀ। ਜਿਵੇਂ ਮੈਨੂੰ ਸੁਣਾ ਰਹੀ ਹੋਵੇ ਕਿ ਤੁਸੀਂ ਐਸ ਵੇਲੇ ਮੈਨੂੰ ਛੁਡਾ ਸਕਦੇ ਹੋ। ਹੋਰ ਉਸ ਦੀ ਮਦਦ ਕੌਣ ਕਰ ਸਕਦਾ ਹੈ।

ਸ਼ਾਰਕ ਫੜਦਿਆਂ ਹੀ ਬਿੱਲੀ ਦੇ ਸਵੈ-ਮਾਨ 'ਚ ਵਾਧਾ ਹੋ ਗਿਆ ਸੀ। ਦੰਦਾਂ ਦੀ ਪਕੜ ਉਸ ਹੋਰ ਘੁੱਟ ਲਈ ਸੀ ਤੇ ਮੜਕ-ਮੜਕ ਪੈਰ ਪੁੱਟਦੀ ਪੌੜੀਆਂ ਵੱਲ ਤੁਰ ਪਈ ਸੀ। ਹੁਣ ਉਸ ਨੂੰ ਕਿਸੇ ਕਿਸਮ ਦੀ ਕਾਹਲ ਵੀ ਨਹੀਂ ਰਹੀ ਸੀ। ਅੱਜ ਜੋਗੀ ਖੁਰਾਕ ਉਸ ਨੂੰ



ਮਿਲ ਗਈ ਸੀ। ਉਸ ਮੈਨੂੰ ਨਾ ਹੋਇਆਂ ਦੇ ਬਰੋਬਰ ਸਮਝ ਲਿਆ ਸੀ।

ਸ਼ਾਰਕ ਉਵੇਂ ਫੜਫੜਾਉਂਦੀ ਮੈਨੂੰ ਸੁਣ ਰਹੀ ਸੀ। ਬਿੱਲੀ ਨੇ ਤਾਂ ਮੇਰਾ ਪਹਿਲਾਂ ਵੀ ਡਰ ਨਹੀਂ ਮੰਨਿਆ ਸੀ। ਹੁਣ ਵੀ ਨਹੀਂ। ਉਹ ਪੌੜੀਆਂ ਕੋਲ ਜਾ ਕੇ ਇਕ ਵਾਰ ਰੁਕੀ ਸੀ। ਉਸ ਦੀਆਂ ਬੰਟਿਆਂ ਵਰਗੀਆਂ ਅੱਖਾਂ 'ਚ ਚਮਕ ਆ ਗਈ ਸੀ।

ਮੈਂ ਧੁਰ ਤੱਕ ਕੰਬ ਗਿਆ ਸੀ। ਪਰ ਨਾ ਤਾਂ ਮੇਰੇ ਕੋਲੋਂ ਉਪਰ ਲਈ ਲੋਈ ਹੀ ਲਾਹ ਹੋਈ ਸੀ ਤੇ ਨਾ ਹੀ ਮੂੰਹੋਂ ਕੋਈ ਬੋਲ ਨਿਕਲਿਆ ਸੀ। ਲੱਗਿਆ ਸੀ ਜਿਵੇਂ ਮੇਰੇ ਵਿਚ ਜਾਨ ਨਾਂ ਦੀ ਕੋਈ ਚੀਜ਼ ਹੀ ਨਾ ਰਹੀ ਹੋਵੇ। ਅੱਧਾ ਕੁ ਘੰਟਾ ਪਹਿਲਾਂ ਵੀ ਅਖ਼ਬਾਰ ਵਿਚ ਮ੍ਰਿਤਕਾਂ ਦੀ ਗਿਣਤੀ ਤੇ ਵੇਰਵੇ ਨੂੰ ਪੜ੍ਹ ਕੇ ਮੈਂ ਸਤਿਆਹੀਣ ਹੋ ਗਿਆ ਸੀ।

ਅੱਖਾਂ ਝਮਕਾ ਕੇ ਮੈਂ ਉਸ ਜਗ੍ਹਾ ਵੱਲ ਫੇਰ ਦੇਖਿਆ ਜਿੱਥੇ ਹੁਣੇ-ਹੁਣੇ ਸ਼ਾਰਕ ਬੈਠੀ ਸੀ। ਉਥੇ ਤਾਂ ਕੁਝ ਖੰਭ ਖਿੱਲਰੇ ਪਏ ਸਨ ਜੋ ਉਸ ਦੇ ਫੜ-ਫੜਾਉਂਦਿਆਂ ਖਿੱਲਰ ਗਏ ਸਨ।

ਪਰ ਮੈਂ ਸ਼ਾਰਕ ਨੂੰ ਕਿਉਂ ਨਹੀਂ ਬਚਾਇਆ ?

ਆਖਿਰ ਕਿਉਂ ਨਹੀਂ ?

ਕਿੰਨੇ ਹੀ ਹੋਰ ਪ੍ਰਸ਼ਨ ਇਨ੍ਹਾਂ ਪ੍ਰਸ਼ਨਾਂ ਨਾਲ ਆ ਰਲੇ ਸਨ।

ਸਰਹਾਣੇ ਵਾਲੇ ਪਾਸੇ ਪਈ ਅਖ਼ਬਾਰ ਨੂੰ ਚੁੱਕ ਕੇ ਮੈਂ ਘਟਨਾਵਾਂ ਨੂੰ ਫੇਰ ਨਵੇਂ ਸਿਰਿਉਂ ਪੜ੍ਹਨ ਲੱਗਾ। ਹੁਣ ਇਹ ਘਟਨਾ ਵੀ ਕਲ੍ਹ ਦੀਆਂ ਵਾਪਰੀਆਂ ਘਟਨਾਵਾਂ ਵਿਚ ਸ਼ਾਮਲ ਹੋ ਗਈ ਸੀ।



www.PunjabiLibrary.com

# ਬੱਸ, ਹੁਣ ਤੂੰ ਸੌਂ ਜਾਈਂ

ਨੀਲਮਾ, ਕਿਥੋਂ ਸ਼ੁਰੂ ਕਰਾਂ? ਮੰਮੀ ਤੋਂ, ਜਿਨ੍ਹਾਂ ਨੂੰ ਲੋਕ ਭੁਲੇਖੇ 'ਚ ਮੇਰੀ ਵੱਡੀ ਭੈਣ ਸਮਝ ਬੈਠਦੇ ਹਨ। ਅਸੀਂ ਇਕੱਠੀਆਂ ਤੁਰੀਆਂ ਜਾਂਦੀਆਂ ਹੋਈਏ ਤਾਂ ਲੋਕ ਕਿਆਫੇ ਲਾਉਣ ਲੱਗ ਜਾਂਦੇ ਹਨ ਕਿ ਬੁਝੋ ਤਾਂ ਇਨ੍ਹਾਂ 'ਚੋਂ ਮਾਂ ਕੌਣ ਹੈ ਤੇ ਧੀ ਕੌਣ। ਮੰਮੀ ਬਾਰੇ ਸੋਚਦਿਆਂ ਮੇਰੀ ਰੂਹ ਕੰਬ ਜਾਂਦੀ ਹੈ। ਇਸ ਘਰ ਜਾਂ ਆਪਣੇ ਬਾਰੇ ਲਿਖਾਂ। ਇਸ ਘਰ ਵੱਲ ਦੇਖਦਿਆਂ ਹੋਇਆਂ ਮੇਰੀਆਂ ਨਜ਼ਰਾਂ ਸਾਹਮਣੇ ਧੁੰਦ ਫੈਲਣ ਲੱਗ ਜਾਂਦੀ ਹੈ। ਕਾਹਦਾ ਹੈ ਇਹ ਘਰ? ਬਿਨਾਂ ਕਿਸੇ ਮਰਦ ਤੋਂ ਘਰ। ਆਪਣੇ ਬਾਰੇ??? ਆਪਣੇ ਬਾਰੇ ਕੀ ਕਹਿ ਸਕਦੀ ਹਾਂ। ਅਕਸਰ ਐਦਾਂ ਹੁੰਦਾ ਹੈ ਕਿ ਅਸੀਂ ਆਪਣੇ ਬਾਰੇ ਘੱਟ ਤੇ ਦੂਜਿਆਂ ਬਾਰੇ ਜ਼ਿਆਦਾ ਚੇਤੰਨ ਹੁੰਦੇ ਹਾਂ। ਆਪਣੇ ਅੰਦਰ ਝਾਤੀ ਮਾਰਨ/ਦੇਖਣ ਦਾ ਸਾਡੇ ਕੋਲ ਸਮਾਂ ਨਹੀਂ ਹੁੰਦਾ। ਜਾਂ ਅਸੀਂ ਇਸ ਬਾਰੇ ਕਦੇ ਗੰਭੀਰ ਨਹੀਂ ਹੁੰਦੇ। ਜੇ ਕਦੇ ਹੋਈਏ ਤਾਂ ਕਈ ਤਰ੍ਹਾਂ ਦੇ ਡਰ ਪੈਦਾ ਹੋਣ ਦਾ ਖਦਸਾ ਹੁੰਦਾ ਹੈ ਨਾ।

ਮੈਂ ਕਿਵੇਂ ਫਿਲਾਸਫਰਾਂ ਵਾਂਗ ਗੱਲਾਂ ਕਰਨ ਲੱਗ ਪਈ ਹਾਂ। ਮੇਰਾ ਆਪਣਾ ਆਪ ਮੇਰੇ ਵਸ 'ਚ ਨਹੀਂ ਆ ਰਿਹਾ। ਨਾਰਮਲ ਹੋਣ ਦੀ ਕੋਸ਼ਿਸ਼ 'ਚ ਹਾਂ। ਪਰ ਹੋ ਨਹੀਂ ਰਹੀ। ਸਿਰ ਨੂੰ ਘੁੰਮੇਰਨੀ ਜਿਹੀ ਚੜ੍ਹੀ ਹੋਈ ਹੈ। ਸਰੀਰ ਭਾਰਾ-ਭਾਰਾ ਲੱਗਦਾ ਹੈ। ਅੱਖਾਂ 'ਚੋਂ ਮੱਠਾ-ਮੱਠਾ ਸੇਕ ਨਿਕਲਦਾ ਹੈ।

ਬਰਾਂਡੇ 'ਚ ਮੰਜੇ 'ਤੇ ਬੈਠੀ ਹਾਂ। ਕੋਲ ਪਈ ਮੀਨੂੰ ਦੋਹਾਂ ਹੱਥਾਂ 'ਚ ਬੋਤਲ ਫੜਕੇ ਦੁੱਧ ਪੀ ਰਹੀ ਹੈ। ਹੁਜਕੇ ਮਾਰ-ਮਾਰ ਕੇ। ਇਹ ਇਕੱਲੀ ਦੁੱਧ ਨਹੀਂ ਪੀ ਸਕਦੀ। ਕੋਲ ਬੈਠਣਾ ਪੈਂਦਾ ਹੈ। ਨਹੀਂ ਤਾਂ ਜਾਂ ਤਾਂ ਇਹ ਬੋਤਲ ਥੱਲੇ ਸੁੱਟ ਦੇਵੇਗੀ ਜਾਂ ਆਪ ਹੇਠਾਂ ਡਿੱਗ ਕੇ ਕੋਈ ਨਾ ਕੋਈ ਰਗੜ ਲੁਆ ਬੈਠੇਗੀ। ਜਿੰਨਾ ਚਿਰ ਇਸ ਨੂੰ ਮੈਂ ਆਪਣਾ ਦੁੱਧ ਨਾ ਦਵਾਂ-ਇਹਨੂੰ ਰੱਜ ਨਹੀਂ ਆਉਂਦਾ ਹੈ। ਇਹ ਸੌਂਦੀ ਨਹੀਂ ਹੈ। ਅੜੀ ਕਰਦੀ ਰਹਿੰਦੀ ਹੈ।

ਹਵੇਲੀ 'ਚੋਂ ਅਜੇ ਵੀ ਗਾਂ ਦੇ ਖੁਰਾਂ ਦੀ ਆਵਾਜ਼ ਆ ਰਹੀ ਹੈ। ਛੋਟੂ ਦਰਵਾਜ਼ੇ ਕੋਲ ਆ ਕੇ ਵਿਹੜੇ ਵੱਲ ਨਜ਼ਰ ਮਾਰਦਾ ਹੈ ਤੇ ਫੇਰ ਮੁੜ ਜਾਂਦਾ ਹੈ। ਅਗਾਂਹ ਆਉਣ ਦਾ ਉਸ 'ਚ ਹਿਆਂ ਨਹੀਂ ਹੈ। ਗਾਂ ਦੇ ਲੇਵੇ 'ਚ ਵੀ ਭਾਰ ਪੈ ਰਿਹਾ ਹੈ। ਨੌਂ ਵਜਣ ਵਾਲੇ ਹਨ। ਅਜੇ ਤਾਈਂ ਮੰਮੀ ਨਹੀਂ ਉਠੇ। ਫੇਰ ਧਾਰ ਕੌਣ ਚੋਅ ਸਕਦਾ ਹੈ। ਇਹ ਗਾਂ ਵੀ ਬੜੀ ਕੌੜ ਹੈ। ਜੇ ਮੈਂ ਬਾਲਟੀ ਚੁੱਕ ਕੇ ਚਲੇ ਵੀ ਜਾਂਦੀ ਤਾਂ ਉਸ ਚਾਰੇ ਖੁਰ ਚੁੱਕ ਕੇ ਪੈਣਾ ਸੀ। ਉਸ ਦਾ ਫੁੰਕਾਰਾ ਮੇਰੇ ਕੋਲੋਂ ਤਾਂ ਸਹਿਆ ਨਹੀਂ ਜਾਂਦਾ। ਉਪਰੋਂ ਅਜਿਹੀ ਹਾਲਤ 'ਚ ਦੁੱਧ ਚੋਣਾ ਕਿਤੇ ਜ਼ਰੂਰੀ ਹੁੰਦਾ। ਘਰ 'ਚ ਮੈਂ ਹਾਂ। ਡੌਰ-ਭੌਰ ਦੇਖਦੀ। ਮੰਮੀ ਹਨ। ਅਜੇ ਤਾਈਂ ਘੂਕ ਸੁੱਤੇ ਪਏ ਹਨ। ਕਿਸੇ ਵੀ ਚਿੰਤਾ ਤੋਂ ਮੁਕਤ। ਲੱਗਦਾ ਹੈ ਜਿਵੇਂ ਉਨ੍ਹਾਂ ਨੂੰ ਬਹੁਤ ਦਿਨਾਂ ਬਾਅਦ ਨਾਰਮਲ ਨੀਂਦ ਆਈ ਹੋਵੇ। ਉਹ ਰੱਜਵੀ ਨੀਂਦ ਦਾ ਲੁਤਫ ਲੈ ਰਹੇ ਹੋਣ। ਮੈਨੂੰ ਘੜੀ ਪਲ ਲਈ ਵੀ ਨੀਂਦ ਨਹੀਂ ਆਈ ਸੀ। ਸਰੀਰ ਨੂੰ ਅੱਚੋਤਾਈ ਜਿਹੀ ਲੱਗੀ ਰਹੀ ਸੀ। ਮੈਂ ਆਪਣੇ ਘਰੇ ਦੌੜ ਜਾਣਾ ਚਾਹੁੰਦੀ ਸੀ। ਪਰ ਮੇਰੇ ਕੋਲੋਂ ਜਾਇਆ ਨਹੀਂ ਗਿਆ ਸੀ। ਮੇਰਾ ਆਪਾ ਮੇਰੇ ਵਸ 'ਚ ਹੁੰਦਾ ਤਾਂ ਜਾਂਦੀ।

ਮੈਂ ਮੰਮੀ ਦੇ ਕਮਰੇ ਕੋਲ ਜਾਂਦੀ ਹਾਂ। ਮੁੜ ਆਉਂਦੀ ਹਾਂ। ਨਾ ਅਗਾਂਹ ਜਾਣ ਨੂੰ ਮਨ ਰਾਜ਼ੀ ਹੁੰਦਾ ਹੈ। ਨਾ ਹੀ ਦੇਖਣ ਦੀ ਤਾਕਤ ਬਚੀ ਹੈ। ਆਵਾਜ਼ ਸੰਘ 'ਚੋਂ ਨਿਕਲਦੀ ਨਹੀਂ ਹੈ। ਮੈਂ ਕਮਲਿਆਂ ਵਾਂਗ ਫੇਰ ਪਹਿਲਾਂ ਵਾਲੀ ਥਾਂ ਆ ਬੈਠਦੀ ਹਾਂ। ਦੋ ਵਾਰ ਚਾਹ ਪੀ ਚੁੱਕੀ ਹਾਂ। ਜਾਣਦੀ ਹਾਂ ਕਿ ਮੰਮੀ ਨੂੰ ਸਵੇਰੇ-ਸਵੇਰੇ ਚਾਹ ਦੀ ਤਲਬ ਹੁੰਦੀ ਹੈ। ਮੈਂ ਸੁੱਤੀ ਪਈ ਹੁੰਦੀ ਸੀ ਤਾਂ ਉਹ ਮੈਨੂੰ ਉਠਾਲਣ ਆ ਜਾਂਦੇ ਸਨ-'ਉਠ ਕੁੜੇ-ਚਾਹ ਪੀ ਲੈ'। ਮੈਂ ਬਾਹਰ ਦੇਖਦੀ ਤਾਂ ਹਨੇਰਾ ਹੁੰਦਾ ਸੀ। ਮੈਨੂੰ ਲੱਗਦਾ ਸੀ ਜਿਵੇਂ ਮੰਮੀ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ ਸੀ ਜਾਂ ਜਦੋਂ ਉਨ੍ਹਾਂ ਦੀ ਇਕ ਵਾਰ ਨੀਂਦ ਉਚਾਟ ਹੋ ਜਾਵੇ-ਮੁੜ ਨੀਂਦ ਨਹੀਂ ਆਉਂਦੀ। ਸ਼ਾਇਦ ਹੁਣ ਵੀ ਉਹ ਜਾਗਦੇ ਹੋਣ ਤੇ ਉਨ੍ਹਾਂ 'ਚ ਉਠਣ ਦੀ ਹਿੰਮਤ ਨਾ ਰਹੀ ਹੋਵੇ। ਮੈਨੂੰ ਕਈ ਵਾਰ ਲੱਗਾ ਸੀ ਜਿਵੇਂ ਉਹ ਬੈੱਡ 'ਤੇ ਪਏ ਪਾਸੇ ਪਰਤ ਰਹੇ ਹਨ। ਸ਼ਾਇਦ ਉਹ ਮੇਰੇ ਜਾਣ ਦੀ ਉਡੀਕ ਕਰ ਰਹੇ ਹੋਣ ਕਿਉਂ ਜੁ ਉਹ ਮੇਰੇ ਮੱਥੇ ਨਹੀਂ ਲੱਗ ਸਕਦੇ। ਪਰ ਇਹ ਮੇਰਾ ਭ੍ਰਮ ਹੋ ਸਕਦਾ ਸੀ। ਉਨ੍ਹਾਂ ਨੂੰ ਇਸ ਗੱਲ ਦਾ ਕੀ ਇਲਮ ਸੀ ਕਿ ਮੈਂ ਅੱਧੀ ਰਾਤੀਂ ਉਨ੍ਹਾਂ ਦੇ ਕਮਰੇ ਅੰਦਰ ਝਾਤੀ ਮਾਰੀ ਸੀ। ਦਰਅਸਲ ਜਿਸ ਕਮਰੇ 'ਚ ਮੈਂ ਪਈ ਸੀ—ਉਸ ਦੇ ਨਾਲ ਵਾਲਾ ਕਮਰਾ ਮੰਮੀ ਨੇ ਸਟੋਰ ਬਣਾ ਰੱਖਿਆ ਸੀ। ਉਸ ਤੋਂ ਅਗਲਾ ਕਮਰਾ ਉਨ੍ਹਾਂ ਦਾ ਹੈ। ਨਾਲ ਹੀ ਹਵੇਲੀ ਵਾਲੀ ਕੰਧ ਪੈਂਦੀ ਹੈ। ਉਹ ਮੇਰੇ ਕੋਲ ਨਹੀਂ ਸੌਂਦੇ। ਦੇਰ ਰਾਤ ਤੱਕ ਮੇਰੀ ਰਜਾਈ 'ਚ ਬੈਠੇ ਗੱਲਾਂ ਕਰ ਸਕਦੇ ਹਨ। ਪਰ ਸੌਣਾ ਉਨ੍ਹਾਂ ਆਪਣੇ ਹੀ ਕਮਰੇ 'ਚ ਹੁੰਦਾ ਹੈ। ਇਹ ਮੈਂ ਆਪਣੀ ਸੁਰਤ ਸੰਭਾਲਣ ਤੋਂ ਹੀ ਦੇਖ ਰਹੀ ਹਾਂ। ਉਨ੍ਹਾਂ ਨੂੰ ਨੀਂਦ ਨਾ ਆਵੇ ਤਾਂ ਪੜ੍ਹਣ ਬੈਠ ਜਾਂਦੇ ਹਨ। ਜੇ ਮੈਂ ਜ਼ੋਰ ਦੇ ਕੇ ਕਿਹਾ ਵੀ ਹੋਵੇਗਾ, "ਮੰਮੀ, ਅੱਜ ਤੁਸੀਂ ਮੇਰੇ ਕੋਲ ਪਵੋ," ਤਾਂ ਉਨ੍ਹਾਂ ਸਮਝਾਉਣ ਦੇ ਲਹਿਜੇ 'ਚ ਕਿਹਾ ਹੋਵੇਗਾ, "ਜੱਸ ਬੇਟੀ-ਮੈਨੂੰ ਓਪਰੇ ਕਮਰੇ ਵਿਚ ਨੀਂਦ ਨ੍ਹੀਂ ਆਉਂਦੀ। ਮੈਂ ਤੇਰੀ ਨੀਂਦ ਖਰਾਬ ਨ੍ਹੀਂ ਕਰਨੀ ਚਾਹੁੰਦੀ। ਜਿੰਨਾ ਚਿਰ ਤੈਨੂੰ ਮੇਰੀ ਲੋੜ ਸੀ—ਮੈਂ ਤੇਰੇ ਕੋਲ ਸੁੱਤੀ-ਹੁਣ ਸਮਝਿਆ ਕਰ..।"

ਹੁਣ ਛੋਟੂ ਥੋੜ੍ਹਾ ਹਿਆਂ ਕਰਦਾ ਹੈ। ਉਹ ਵਰਾਂਡੇ 'ਚ ਆ ਗਿਆ ਹੈ। ਮੇਰੇ ਵੱਲ ਦੇਖਦਾ ਹੈ। ਜਿਵੇਂ ਕਹਿ ਰਿਹਾ ਹੋਵੇ ਕਿ ਜੇ ਗਾਂ ਨੇ ਕੀਲਾ ਪੁੱਟਾ ਲਿਆ ਤਾਂ ਫੇਰ ਉਹ ਉਸ ਤੋਂ ਸੰਭਾਲੀ ਨਹੀਂ ਜਾਣੀ। ਗੇੜੇ ਕੱਢਦੀ ਗਾਂ ਉਸ ਕੋਲੋਂ ਵੀ ਦੇਖੀ ਨਹੀਂ ਜਾਂਦੀ। ਗਾਂ ਕੁਦਰਤ ਦੀ ਰੁਟੀਨ 'ਚ ਕੋਈ ਵਿਘਨ ਨਹੀਂ ਸਹਿ ਸਕਦੀ। ਮੈਂ ਚਾਹੁੰਦੀ ਹਾਂ ਕਿ ਛੋਟੂ ਨੂੰ ਕਹਾਂ ਕਿ ਉਹ ਗਾਂ ਨੂੰ ਖੁੱਲ੍ਹੀ ਛੱਡ ਦੇਵੇ। ਇਹ ਕਿਤੇ ਨਹੀਂ ਚੱਲੀ। ਆਪੇ ਠੰਢੀ ਹੋ ਕੇ ਆ



www.PunjabiLibrary.com

ਜਾਵੇਗੀ। ਜੇ ਨਾ ਵੀ ਆਈ ਤਾਂ ਕੋਈ ਫਰਕ ਨਹੀਂ ਪੈਣ ਲੱਗਾ। ਇਕ ਗਈ ਤਾਂ ਕਲ੍ਹ ਨੂੰ ਹੋਰ ਖੁਰਲੀ 'ਤੇ ਖੜੀ ਹੋਵੇਗੀ। ਜਿਸ ਮਾਂ ਦੇ ਤਿੰਨ ਪੁੱਤ ਕੁਵੈਤ, ਜਰਮਨੀ ਤੇ ਸਪੇਨ ਗਏ ਹੋਣ ਤੇ ਜਿਸ ਦੇ ਖਾਵੰਦ ਨੇ ਪੰਝੀ ਵਰ੍ਹੇ ਸਾਊਦੀ ਅਰਬ 'ਚ ਇਕੋ ਕੰਪਨੀ 'ਚ ਫੋਰਮੈਨੀ ਕੀਤੀ ਹੋਵੇ—ਉਸ ਲਈ ਇਕ ਗਾਂ ਦੀ ਕੀ ਅਹਿਮੀਅਤ ਹੋ ਸਕਦੀ ਹੈ। ਉਂਝ ਵੀ ਮੰਮੀ ਬੜੇ ਬੇ-ਪ੍ਰਵਾਹ ਹਨ। ਉਨ੍ਹਾਂ ਖਾਣ-ਪੀਣ ਤੇ ਖਰਚਣ 'ਚ ਕਦੇ ਕੰਜੂਸੀ ਨਹੀਂ ਕੀਤੀ। ਨਾ ਹੀ ਕਦੇ ਉਨ੍ਹਾਂ ਸਾਨੂੰ ਕੰਜੂਸੀ ਕਰਨ ਦਿੱਤੀ ਹੈ। ਚੰਗੇ ਸਕੂਲ/ਕਾਲਜ 'ਚ ਪੜ੍ਹਾਇਆ। ਚੰਗੇ ਘਰ 'ਚ ਵਿਆਹਿਆ। ਹਰ ਗੱਲ 'ਚ ਸਾਡੀ ਸਲਾਹ ਲਈ। ਮੇਰੇ ਵਿਆਹ ਵੇਲੇ ਮੇਰੇ ਸਹੁਰੇ ਕਹਿਣ ਲੱਗੇ ਕਿ ਉਨ੍ਹਾਂ ਮੈਨੂੰ ਨਾਲ ਲਿਜਾ ਕੇ ਵਰੀ ਦੇ ਕੱਪੜੇ ਖਰੀਦਣੇ ਤਾਂ ਮੰਮੀ ਨੇ, ਡੈਡੀ ਦੇ ਵਿਰੋਧ ਦੇ ਬਾਵਜੂਦ, ਮੈਨੂੰ ਜਾਣ ਦਿੱਤਾ ਸੀ ਇਹ ਕਹਿੰਦਿਆਂ, "ਤੁਸੀਂ ਕਿਉਂ ਵਿਚ ਲੱਤ ਫਸਾਉਂਦੇ ਹੋ। ਜੋ ਉਨ੍ਹਾਂ ਦੇ ਮਨ ਵਿਚ ਆਉਂਦਾ ਕਰਨ ਦਿਉ। ਆਖਿਰ ਜੱਸ ਨੇ ਜਾਣਾ ਤਾਂ ਉਸੇ ਘਰੇ ਆ ਨਾ। ਐਵੇਂ ਕਿਉਂ ਬੰਦਸ਼ਾਂ ਲਾਉਣੀਆਂ।" ਘਰ 'ਚ ਤੂਫਾਨ ਉਠਿਆ ਸੀ। ਪਿੰਡ 'ਚ ਚਰਚਾ ਹੋਈ ਸੀ। ਕੁਰ-ਕੁਰ ਹੋਈ ਸੀ ਪਰ ਮੰਮੀ ਨੇ ਸਾਰਿਆਂ ਨੂੰ ਇਹੋ ਕਹਿ ਕੇ ਚੁੱਪ ਕਰਾ ਦਿੱਤਾ ਸੀ, "ਮੇਰੇ ਜਾਣਦੀ ਆ ਜੁੱਤੀ। ਮੈਂ ਕਿਉਂ ਲੋਕਾਂ ਤੋਂ ਡਰਾਂ। ਮੇਰੇ ਬੱਚੇ ਕਿਉਂ ਲੋਕਾਂ ਦੀ ਪ੍ਰਵਾਹ ਕਰਨ। ਮੈਂ ਉਹੀ ਕਰਾਂਗੀ ਤੇ ਮੇਰੇ ਬੱਚੇ ਵੀ ਉਹੀ ਕਰਨਗੇ ਜੋ ਉਨ੍ਹਾਂ ਦਾ ਮਨ ਚਾਹੁੰਦਾ ਆ.....।"

ਇਸ ਘਰ ਨੂੰ ਬੰਨਣ 'ਚ ਉਨ੍ਹਾਂ ਦੀ ਅਹਿਮ ਭੂਮਿਕਾ ਹੈ। ਮੰਮੀ ਨੇ ਇੱਕ ਵਾਰ ਦੱਸਿਆ ਸੀ, "ਜਦੋਂ ਤੁਹਾਡੇ ਡੈਡੀ ਪਹਿਲੀ ਵਾਰ ਸਾਊਦੀ ਅਰਬ ਗਏ ਤਾਂ ਦੋ ਹਫ਼ਤਿਆਂ ਬਾਅਦ ਹੀ ਮੁੜ ਆਏ ਸੀ। ਮੈਂ ਸਮਝਾ ਕੇ, ਲੜ ਝਗੜਕੇ ਦੂਜੀ ਵਾਰ ਉਨ੍ਹਾਂ ਨੂੰ ਭੇਜਿਆ ਸੀ। ਕਹਿੰਦੇ ਸੀ-ਪਿੱਛੋਂ ਘਰ ਦਾ ਕੀ ਹੋਵੇਗਾ? ਮੈਂ ਕਿਹਾ ਸੀ-ਘਰ ਕਿਤੇ ਨ੍ਹੀਂ ਦੌੜ ਚੱਲਿਆ। ਮੈਂ ਕਿਤੇ ਨ੍ਹੀਂ ਦੌੜ ਚੱਲੀ। ਤੁਸੀਂ ਜਾਉ। ਪੈਸੇ ਕਮਾਉ। ਘਰ ਚਲਾਉਣ ਲਈ ਪੈਸੇ ਚਾਹੀਦੇ ਆ। ਕਮਲਿਆ ਬੰਦਿਆ.....।"

ਮੈਂ ਤਾਂ ਮੰਮੀ ਬਾਰੇ ਗੱਲ ਕਰਨੀ ਹੈ। ਘਰ ਬਾਰੇ ਨਹੀਂ। ਪਰ ਘਰ ਤੇ ਮੈਂ ਵਿਚਕਾਰ ਆ ਜਾਂਦੇ ਹਾਂ। ਕਿਤੇ ਅਜਿਹਾ ਤਾਂ ਨਹੀਂ ਹੋ ਰਿਹਾ ਕਿ ਮੈਂ ਮੰਮੀ ਨੂੰ ਛੱਡ ਕੇ ਘਰ ਅਤੇ ਆਪਣੇ 'ਤੇ ਕੇਂਦਰਿਤ ਹੁੰਦੀ ਜਾ ਰਹੀ ਹਾਂ। ਉਨ੍ਹਾਂ ਵੱਲ ਜਾਣ-ਬੁਝ ਕੇ ਅੱਖਾਂ ਬੰਦ ਕਰ ਰਹੀ ਹਾਂ। ਮੈਂ ਜਿੰਨਾ ਉਨ੍ਹਾਂ ਬਾਰੇ ਭੁੱਲਣਾ ਚਾਹੁੰਦੀ ਹਾਂ—ਮਨੋ ਵਿਸਾਰਨਾ ਚਾਹੁੰਦੀ ਹਾਂ—ਉਨ੍ਹਾਂ ਦੀ ਪਕੜ ਉੱਨੀ ਹੀ ਮੇਰੇ 'ਤੇ ਮਜਬੂਤ ਹੁੰਦੀ ਜਾ ਰਹੀ ਹੈ।

ਮੈਨੂੰ ਵਿਚਲੀ ਗੱਲ ਵੱਲ ਆਉਣਾ ਚਾਹੀਦਾ ਹੈ। ਪਰ ਕੋਲ ਖੜੇ ਛੋਟੂ ਨੂੰ ਵੀ ਅੱਖੋਂ ਉਹਲੇ ਨਹੀਂ ਕਰ ਸਕਦੀ। ਪੁੱਛਦੀ ਹਾਂ, "ਚਾਹ ਪੀਣੀ ਆ?"

"ਜੀ-ਬੀਬੀ ਜੀ।"

"ਗੈੱਸ ਬਾਲਣਾ ਆਉਂਦਾ?" ਇਸ ਗੱਲ ਨੂੰ ਭੁੱਲ ਗਈ ਹਾਂ ਕਿ ਜਦੋਂ ਮੈਂ ਆਈ ਸੀ ਤਾਂ ਉਹੀ ਚਾਹ ਬਣਾ ਕੇ ਲਿਆਇਆ ਸੀ।

"ਜੀ।"

"ਜਾ ਫੇਰ ਵੀਰੇ-ਸਫਰੀਏ 'ਚ ਚਾਹ ਪਈ ਆ। ਗਰਮ ਕਰ ਲਿਆ। ਗਰਮ ਕਰਨ



ਨੂੰ ਛੱਡ। ਹੋਰ ਬਣਾ। ਮੈਂ ਵੀ ਅੱਧਾ ਕੁ ਕੱਪ ਲਊਂਗੀ।"

ਮੇਰਾ ਮਨ ਕਰਦਾ ਹੈ ਕਿ ਛੋਟੂ ਨੂੰ ਕੋਲ ਬੈਠਾ ਲਵਾਂ ਤੇ ਘਰ ਬਾਰੇ ਪੁੱਛਾਂ। ਉਸ ਤੋਂ ਬਿਨਾਂ ਇਸ ਘਰ ਬਾਰੇ ਹੋਰ ਕੌਣ ਦੱਸ ਸਕਦਾ ਹੈ। ਇਸ ਘਰ ਦੀਆਂ ਚਾਰੇ ਕੰਧਾਂ ਐਨੀਆਂ ਉਚੀਆਂ ਹਨ ਕਿ ਬਾਹਰੋਂ ਕੁਝ ਵੀ ਅੰਦਰਲਾ ਨਹੀਂ ਦਿਸ ਸਕਦਾ। ਇਹ ਡੈਡੀ ਨੇ ਆਪ ਬਣਾਈਆਂ ਸਨ। ਮੈਂ ਰਾਤ ਦੀ ਸੁੰਨਵਟਾ ਬਣੀ ਬੈਠੀ ਸੀ। ਘਰ 'ਚ ਕਿਸ ਨਾਲ ਗੱਲਾਂ ਕਰਦੀ? ਮੀਨੂੰ ਜਿਸ ਪਾਸੇ ਵੱਲ ਪਈ ਸੀ, ਉਸ ਮੁੜ ਕੇ ਪਾਸਾ ਨਹੀਂ ਲਿਆ ਸੀ। ਮੈਨੂੰ ਇਕੱਲਤਾ ਖਾਣ ਨੂੰ ਆਉਂਦੀ ਸੀ। ਮੈਂ ਤਾਂ ਪਤਾ ਨਹੀਂ ਕੀ ਦਾ ਕੀ ਬੋਲੀ ਗਈ ਸੀ। ਮੀਨੂੰ ਦੇ ਡੈਡੀ ਨੂੰ ਅਵਾ ਤਵਾ ਬੋਲੀ ਸੀ-'ਆਪ ਤਾਂ ਬਾਹਰ ਜਾ ਬੈਠਾਂ—ਮੇਰੀ ਜਾਨ ਨੂੰ ਸਿਆਪਾ ਪਾ ਗਿਆਂ। ਹੁਣ ਆਪ ਆ ਕੇ ਸੰਭਾਲ ਆਪਣੀ ਕੁਝ ਲੱਗਦੀ ਨੂੰ। ਪਰ ਤੈਨੂੰ ਕੀ। ਤੈਨੂੰ ਕਿਸੇ ਦੀ ਕੀ ਸਾਰ ਹੈ।' ਗੁਬ ਗਲਾਹਟ ਜਿਹਾ ਉਠਦਾ ਸੀ। ਆਪੇ ਸ਼ਾਂਤ ਹੋ ਜਾਂਦਾ ਸੀ। ਥੋੜ੍ਹੇ ਚਿਰ ਲਈ। ਫੇਰ ਮੇਰੇ ਕੋਲੋਂ ਸੌਂਇਆ ਨਹੀਂ ਗਿਆ ਸੀ। ਟੈਲੀਵੀਜਨ ਤੋਂ ਅੱਕ ਗਈ ਸੀ। ਸਟੀਰੀਉ 'ਤੇ ਵਾਰ ਵਾਰ ਕੈਸਿਟਾਂ ਬਦਲੀਆਂ ਸਨ। ਮੈਂ ਮੰਮੀ ਨੂੰ ਵੀ ਗਾਲ੍ਹਾਂ ਕੱਢੀਆਂ ਸਨ, "ਇਹ ਮੇਰੀ ਮਾਂ ਨੇ ਮੈਥੋਂ ਕਿਹੜੇ ਜਨਮਾਂ ਦਾ ਬਦਲਾ ਲਿਆ। ਉਹਨੂੰ ਇਸ ਗੱਲ ਦਾ ਖਿਆਲ ਕਿਉਂ ਨ੍ਹੀਂ ਆਇਆ ਕਿ ਉਹਦੀ ਮੁਟਿਆਰ ਧੀ ਆਪਣੇ ਆਦਮੀ ਬਿਨਾਂ ਕਿਵੇਂ ਰਹਿ ਸਕਦੀ ਆ। ਕੀ ਉਨ੍ਹਾਂ ਲਈ ਸਭ ਕੁਸ਼ ਪੈਸਾ ਹੀ ਹੋ ਗਿਆ? ਕੀ ਉਹ ਵੀ ਮੈਨੂੰ ਆਪਣੀ ਜਿਹੀ ਸਥਿਤੀ 'ਚ ਵਿਚਰਦਿਆਂ ਹੋਇਆਂ ਦੇਖਣਾ ਚਾਹੁੰਦੇ ਆ। ਉਨ੍ਹਾਂ ਨੇ ਮੇਰਾ ਐਡੀ ਦੂਰ ਵਿਆਹ ਕਿਉਂ ਕੀਤਾ?" ਫੇਰ ਮੇਰੇ ਅੱਗੇ ਸਵਾਲ ਹੀ ਸਵਾਲ ਸਨ। ਜਵਾਬ ਦੇਣ ਵਾਲਾ ਕੋਈ ਨਹੀਂ ਸੀ। ਮੇਰਾ ਉਖੜਿਆ ਹੋਇਆ ਮਨ ਮੇਰੇ ਕਾਬੂ 'ਚ ਨਹੀਂ ਰਿਹਾ ਸੀ।

ਲੈ-ਹੁਣ ਫੇਰ ਮਨ ਉਖੜਨਾ ਸ਼ੁਰੂ ਹੋ ਗਿਆ ਹੈ। ਗਾਂ ਦਾ ਅੜੰਭਣਾ ਮੇਰੀ ਇਕਾਗਰਤਾ ਨੂੰ ਭੰਗ ਕਰੀ ਜਾ ਰਿਹਾ ਹੈ। ਛੋਟੂ ਚਾਹ ਦਾ ਕੱਪ ਰੱਖ ਕੇ ਮੀਨੂੰ ਨੂੰ ਬੁਲਾਉਂਦਾ ਹੈ। ਉਸ ਨੂੰ ਚੁੱਕ ਕੇ ਦੌਣ ਵਾਲੇ ਪਾਸੇ ਬੈਠ ਜਾਂਦਾ ਹੈ। ਮੈਂ ਉਸ ਦੇ ਚਾਹ ਦੇ ਕੱਪ ਦੇ ਖਾਲੀ ਹੋਣ ਦਾ ਇੰਤਜਾਰ ਕਰਦੀ ਹਾਂ। ਮੈਥੋਂ ਉਸ ਦਾ ਕੋਲ ਬੈਠਣਾ ਜਰਿਆ ਨਹੀਂ ਜਾਂਦਾ। ਕਹਿ ਹੋ ਜਾਂਦਾ ਹੈ, "ਭਈਆ ਪੱਠੇ ਲੈ ਆਉਂਦਾ।"

"ਅੱਛਾ ਜੀ," ਕਹਿ ਉਹ ਮੇਰੇ ਵੱਲ ਹੈਰਾਨੀ ਨਾਲ ਦੇਖਦਾ ਹੈ। ਇਸ ਘਰ 'ਚ ਉਸਨੂੰ ਛੋਟੂ ਕਹਿ ਕੇ ਬੁਲਾਇਆ ਜਾਂਦਾ ਹੈ। ਭਈਆ ਸੁਣਦਿਆਂ ਉਸ ਨੂੰ ਔਖ ਜਿਹੀ ਮਹਿਸੂਸ ਹੁੰਦੀ ਹੈ। ਉਹ ਕਹਿੰਦਾ ਹੈ, "ਤੁਮ ਸ਼ਹਰ ਕਯਾ ਚਲੇ ਗਏ—ਯੇਹ ਭੀ ਭੂਲ ਗਏ ਕਿ ਚੌਂਟਾਲਾ ਸ਼ਾਮ ਕੋ ਲਾਤਾ ਹੂੰ।" ਉਹ ਕਿੰਨਾ ਚਿਰ ਹੱਸਦਾ ਰਿਹਾ ਤੇ ਰੀਂਅ-ਰੀਂਅ ਕਰਦੀ ਮੀਨੂੰ ਨੂੰ ਚੁੱਕ ਕੇ ਹਵੇਲੀ ਵੱਲ ਤੁਰ ਪਿਆ।

ਹੁਣ ਮੈਂ ਇਕੱਲੀ ਹਾਂ। ਕੋਈ ਵਿਘਨ ਨਹੀਂ ਪੈਂਦਾ ਲੱਗਦਾ। ਛੋਟੂ ਛੇਤੀ ਨਹੀਂ ਮੁੜਦਾ। ਮੈਨੂੰ ਉਸ ਦੀ ਇਸ ਆਦਤ ਦਾ ਪਤਾ ਹੈ।

ਕਲ੍ਹ ਸ਼ਾਮ। ਸ਼ਾਮ ਨਹੀਂ—ਸਮਝ ਲੈ—ਸ਼ਾਮ ਤਾਂ ਖ਼ਤਮ ਹੋ ਚੁੱਕੀ ਸੀ। ਸ਼ਾਮੀਂ ਤਾਂ ਮੰਮੀ ਮਲਸੀਆਂ ਚਲੇ ਗਏ ਸਨ। ਮਾਸੀ ਹੋਰਾਂ ਵੱਲ। ਅਗਲੇ ਮਹੀਨੇ ਜਸਵੰਤ ਨੇ ਕੁਵੈਤ ਤੋਂ ਆ ਜਾਣਾ ਸੀ। ਮਾਸੀ ਨੇ ਮੰਮੀ ਨੂੰ ਜਸਵੰਤ ਦੇ ਵਿਆਹ ਬਾਰੇ ਗੱਲ ਕਰਨ ਲਈ ਸੱਦਿਆ



www.PunjabiLibrary.com

ਸੀ। ਮੈਂ ਵੀ ਇਸ ਕਰਕੇ ਆਈ ਸੀ। ਵਿਚਕਾਰ ਦਿਨ ਵੀ ਥੋੜ੍ਹੇ ਰਹਿੰਦੇ ਸਨ। ਜਸਵੰਤ ਦੀ ਛੁੱਟੀ ਸਿਰਫ ਦੋ ਮਹੀਨਿਆਂ ਦੀ ਸੀ। ਮੰਮੀ ਚਾਹੁੰਦੇ ਸਨ ਕਿ ਆਉਂਦਿਆਂ ਸਾਰ ਪਹਿਲੇ ਹਫਤੇ ਹੀ ਉਸ ਦਾ ਵਿਆਹ ਹੋ ਜਾਵੇ।

ਮੰਮੀ ਨੇ ਜਾਣ ਲੱਗਿਆਂ ਮੈਨੂੰ ਸਮਝਾਇਆ ਸੀ ਕਿ ਜੇ ਬਾਹਰੋਂ ਕੋਈ ਘੰਟੀ ਵਜਾਏ ਤਾਂ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਉਸ ਬਾਰੇ ਪੁੱਛ ਲਈਂ। ਸਮੇਂ ਚੰਗੇ ਨਹੀਂ ਚਲ ਰਹੇ। ਕੋਈ ਜੈਅ-ਜਾਂਦੀ ਹੋ ਜਾਵੇ-ਫੇਰ ਕੌਣ ਪੁੱਛਦਾ। ਮੈਨੂੰ ਲੱਗਾ ਸੀ ਜਿਵੇਂ ਐਨਾ ਕੁ ਕਹਿਣ ਲੱਗਿਆਂ—ਉਨ੍ਹਾਂ ਦੀ ਜਬਾਨ ਕੰਬੀ ਸੀ।

ਖੈਰ, ਉਹ ਚਲੇ ਗਏ ਸਨ।

ਮੈਂ ਟੈਲੀਵੀਜਨ ਦੇਖ ਰਹੀ ਸੀ। ਐਡਾ ਵੱਡਾ ਘਰ-ਖਾਣ ਨੂੰ ਆ ਰਿਹਾ ਸੀ। ਛੋਟੂ ਨੂੰ ਮੈਂ ਹਵੇਲੀਉਂ ਸੌਣ ਤੋਂ ਰੋਕ ਦਿੱਤਾ ਸੀ। ਉਸ ਦਾ ਮੰਜਾ ਵਰਾਂਡੇ 'ਚ ਡਾਹ ਦਿੱਤਾ ਸੀ।

ਫਿਲਮ ਚਲ ਰਹੀ ਸੀ। ਮੈਨੂੰ ਟਰੈਜਿਕ ਕਿਸਮ ਦੀਆਂ ਫਿਲਮਾਂ ਚੰਗੀਆਂ ਲੱਗਦੀਆਂ ਹਨ। ਤੈਨੂੰ ਮੇਰੀ ਇਸ ਕਮਜ਼ੋਰੀ ਦਾ ਕਾਲਜ ਵੇਲੇ ਦਾ ਪਤਾ ਹੈ ਨਾ!

ਘੰਟੀ ਵੱਜੀ ਸੀ। ਛੋਟੂ ਦੌੜਿਆ ਗਿਆ ਸੀ। ਮੁੜਦੀ ਪੈਰੀਂ ਆ ਗਿਆ ਸੀ। ਉਸ ਦੇ ਨਾਲ ਮੱਖਣ ਮਾਨ ਸੀ। ਮੈਂ ਉਸ ਨੂੰ ਬਹੁਤਾ ਤਾਂ ਨਹੀਂ ਜਾਣਦੀ ਸੀ। ਬੱਸ ਮੈਨੂੰ ਇੰਨਾ ਕੁ ਪਤਾ ਸੀ ਕਿ ਉਸ ਕਾਕੂ ਵਲੈਤੀਏ ਦੀ ਜ਼ਮੀਨ ਸੰਭਾਲੀ ਹੋਈ ਹੈ। ਹੁਣ ਕਈ ਟੁੱਟੇ-ਬੁੜੇ ਘਰ ਵੀ ਉਸ ਨੂੰ ਆਪਣੀ ਜ਼ਮੀਨ ਮੱਲੋਜ਼ੋਰੀ ਸੰਭਾਲ ਰਹੇ ਹਨ। ਮੈਂ ਕਈ ਵਾਰ ਉਸ ਦੀ ਚਿੱਟੀ ਮਾਰੂਤੀ ਕਾਰ ਖੂਹੀ ਵੱਲ ਨੂੰ ਧੂੜ ਉਡਾਈ ਜਾਂਦੀ ਦੇਖੀ ਸੀ।

ਉਹ ਬਿਨਾਂ ਕਿਸੇ ਝਿਝਕ ਦੇ ਮੰਮੀ ਦੇ ਕਮਰੇ ਵੱਲ ਗਿਆ ਸੀ। ਲਾਇਟ ਬੰਦ ਹੋਈ ਦੇਖ ਉਸ ਛੋਟੂ ਨੂੰ ਹਾਕ ਮਾਰੀ ਸੀ। ਪੁੱਛਿਆ ਸੀ— "ਘਰ ਵਾਲੇ ਨ੍ਹੀਂ ਦਿੱਸਦੇ ?"

"ਵੋਹ ਤੋ ਕਹੀਂ ਗਏ ਹੈਂ।"

"ਕਿਥੇ ?"

"ਮਾਲੂਮ ਨਹੀਂ ਜੀ।"

"ਅੰਦਰ ਕੌਣ ਬੈਠਾ ?"

"ਬੀਬੀ ਜੀ ਆਏ ਹੂਏ ਹੈਂ।"

"ਕੌਣ ਬੀਬੀ ?"

"ਲਉ—ਆਪ ਉਨਹੇਂ ਨਹੀਂ ਜਾਣਤੇ। ਜਸਵਿੰਦਰ ਬੀਬੀ ਜੀ—ਮੰਮੀ ਕੀ ਲਾਡਲੀ ਬੀਟੀਆ।"

"ਅੱਛਾ-ਅੱਛਾ।"

ਮੱਖਣ ਮਾਨ ਅੰਦਰ ਲੰਘ ਆਇਆ ਸੀ। ਸਤ ਸ੍ਰੀ ਅਕਾਲ ਬੁਲਾਈ ਸੀ। ਸੋਫੇ 'ਤੇ ਬੈਠ ਗਿਆ ਸੀ। ਇਕਦਮ ਉਹ ਫਿਲਮ ਦੇਖਣ 'ਚ ਮਸਤ ਹੋ ਗਿਆ ਸੀ। ਵਿਚ-ਵਿਚ ਉਸ ਵਾਰ-ਵਾਰ ਉਂਗਲਾਂ ਦੇ ਪਟਾਕੇ ਵਜਾਏ ਸਨ ਜਿਵੇਂ ਉਸ ਨੂੰ ਕੋਈ ਅਚੋਤਾਈ ਲੱਗੀ ਹੋਵੇ। ਜਿਵੇਂ ਉਹ ਕਿਸੇ ਦੀ ਉਡੀਕ ਕਰ ਰਿਹਾ ਹੋਵੇ। ਛੋਟੂ ਨੇ ਚਾਹ ਦਾ ਪੁੱਛਿਆ ਸੀ। ਉਹ ਬੁੱਲ੍ਹਾਂ 'ਚ ਹੱਸਿਆ ਸੀ। ਛੋਟੂ ਉਸ ਦੀ ਮੂਕ ਬਾਣੀ ਸਮਝ ਗਿਆ ਸੀ। ਮੈਨੂੰ ਖਿਝ ਚੜ੍ਹੀ ਸੀ।



ਮੈਨੂੰ ਉਸ 'ਤੇ ਗੁੱਸਾ ਆਇਆ ਸੀ ਕਿ ਆਹ ਕੀ ਗੱਲ ਹੋਈ। ਜੇ ਤੁਸੀਂ ਕਿਸੇ ਕੰਮ ਆਏ ਹੋ ਤਾਂ ਦੱਸੋ ਤੇ ਆਪਣੇ ਰਾਹ ਪਵੋ। ਪਰ ਉਹ ਤਾਂ ਢੀਠ ਬਣ ਕੇ ਬੈਠਾ ਸੀ। ਜਿਵੇਂ ਉਹ ਇਥੇ ਰਾਤ ਕੱਟਣ ਆਇਆ ਹੋਵੇ। ਮੇਰਾ ਧਿਆਨ ਸਕਰੀਨ 'ਤੇ ਘੱਟ ਤੇ ਉਸ ਵੱਲ ਜ਼ਿਆਦਾ ਸੀ।

ਐਡਵਰਟਾਈਜ਼ਮੈਂਟਾਂ ਸ਼ੁਰੂ ਹੋ ਗਈਆਂ ਤਾਂ ਉਸ ਜੁੱਤੀ ਪਾਉਣ ਦੀ ਕੀਤੀ ਸੀ। ਮੈਂ ਪਹਿਲੀ ਵਾਰ ਉਸ ਵੱਲ ਗਹੁ ਨਾਲ ਦੇਖਿਆ ਸੀ। ਉਸ ਦੀ ਉਮਰ ਮੀਨੂੰ ਦੇ ਡੈਡੀ ਜਿੰਨੀ ਲੱਗਦੀ ਸੀ।

"ਆਰਟ ਮੂਵੀ ਦੇਖਣ ਦਾ ਆਪਣਾ ਮਜ਼ਾ ਹੁੰਦਾ। ਇਹ ਮੇਰੀ ਮਨਪਸੰਦੀਦਾ ਫਿਲਮ ਆ। ਮੈਂ ਇਹਨੂੰ ਦੇਖਦਿਆਂ ਹੋਇਆਂ ਸਭ ਕੁਸ਼ ਭੁੱਲ ਜਾਂਦਾ ਹਾਂ," ਉਸ ਮੇਰੇ ਵੱਲ ਨੂੰ ਸਿੱਧਿਆਂ ਹੀ ਦੇਖਦਿਆਂ ਹੋਇਆਂ ਕਿਹਾ ਸੀ। ਮੇਰੇ ਜੁਆਬ ਦੇਣ ਤੋਂ ਪਹਿਲਾਂ ਹੀ ਬੋਲਿਆ ਸੀ, "ਮੈਂ ਆਮ ਮੁੰਡਿਆਂ ਵਾਂਗ ਬਹੁਤ ਸਾਲ ਡੀਸ਼ੂੰ-ਡੀਸ਼ੂੰ ਕਰਦੀਆਂ ਫਿਲਮਾਂ ਦੇਖਦਾ ਰਿਹਾਂ। ਮੇਰਾ ਐਮ.ਏ. ਵਿਚ ਪਹਿਲਾ ਸਾਲ ਸੀ। ਮੇਰਾ ਇਕ ਕਲਾਸਫੈਲੋ ਸੀ—ਅਮਰਜੀਤ ਪਾਲ। ਅੱਜ ਕਲ੍ਹ ਉਹ ਪੀ.ਸੀ.ਐਸ. ਆਫੀਸਰ ਲੱਗਾ—ਉਹਨੇ ਮੈਨੂੰ ਦਲੀਪ ਕੁਮਾਰ ਦੀ ਫਿਲਮ 'ਦੇਵਦਾਸ' ਦਿਖਾਈ—ਫੇਰ 'ਯਹੂਦੀ'। ਉਹ ਦਿਨ ਗਿਆ ਸੋ ਗਿਆ—ਮੈਂ ਮੁੜ ਕੇ ਕੋਈ ਮਾੜੀ ਫਿਲਮ ਨ੍ਹੀਂ ਦੇਖੀ। ਮੈਥੋਂ ਦੇਖੀ ਹੀ ਨ੍ਹੀਂ ਜਾਂਦੀ। ਦੇਖੋ—ਇਸ ਫਿਲਮ ਵਿਚ ਨਸੀਰੂਦੀਨ ਦਾ ਰੋਲ। ਲੱਗਦਾ ਹੀ ਨ੍ਹੀਂ—ਇਹ ਮਹਿਜ ਇਮੈਜਨਰੀ ਕਹਾਣੀ ਆ। ਸਗੋਂ ਲੱਗਦਾ ਆ ਕਿ ਜਿਵੇਂ ਅਸੀਂ ਜ਼ਿੰਦਗੀ ਦੇ ਕਈ ਪਹਿਲੂ ਦੇਖ ਰਹੇ ਹਾਂ। ਹੈ ਕਿ ਨ੍ਹੀਂ..।"

"ਮੈਨੂੰ ਵੀ ਆਰਟ ਫਿਲਮਾਂ ਚੰਗੀਆਂ ਲੱਗਦੀਆਂ।"

"ਦਰਅਸਲ ਗੱਲ ਸਾਰੀ ਆਪਣੇ-ਆਪਣੇ ਟੇਸਟ ਦੀ ਹੁੰਦੀ ਆ। ਜਿਦਾਂ ਦਾ ਬਣਾ ਲਓ-ਬਣ ਜਾਂਦਾ।"

ਅਗੋਂ ਮੈਂ ਬੁੱਲ੍ਹਾਂ 'ਚ ਮੁਸਕ੍ਰਾਉਂਦੀ ਰਹੀ ਸੀ। ਗੱਲਾਂ ਕਰਦਾ-ਕਰਦਾ ਉਹ ਅੰਤਾਂ ਦਾ ਗੰਭੀਰ ਹੋ ਗਿਆ ਸੀ। ਅਸੀਂ ਘੰਟਾ ਭਰ ਕਈ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਸੀ। ਫੇਰ ਉਸ ਘੜੀ 'ਤੇ ਟਾਈਮ ਦੇਖ ਕੇ ਕਿਹਾ ਸੀ, "ਉਫ਼, ਨੌਂ ਵੱਜ ਗਏ। ਐਨਾ ਟਾਈਮ ਹੋ ਗਿਆ। ਕੋਈ ਜ਼ਿਆਦਾ ਟਾਈਮ ਨ੍ਹੀਂ ਹੋਇਆ।" ਉਸ ਦੀ ਜ਼ੁਬਾਨ ਥਥਲਾ ਗਈ ਸੀ। ਮੈਨੂੰ ਉਸ ਦੀ ਗੱਲ ਦੀ ਸਮਝ ਨਹੀਂ ਲੱਗੀ ਸੀ।

ਜਾਣ ਲੱਗਿਆਂ ਉਸ ਮੀਨੂੰ ਨੂੰ ਮਲੋਜੋਰੀ ਸੌ ਦਾ ਨੋਟ ਫੜਾਉਂਦਿਆਂ ਕਿਹਾ ਸੀ, "ਲੈ ਗੁਡੀਆ ਰਾਣੀ—ਤੇਰੇ ਨਾਨੀ ਜੀ ਨ੍ਹੀਂ ਕਿਤੇ ਰੜਕਦੇ।"

"ਉਹ ਮਲਸੀਆਂ ਗਏ।"

"ਕਦੋਂ ?"

"ਅੱਜ ਸ਼ਾਮੀਂ।"

"ਛੋਟੀ ਭੈਣ ਜੀ ਹੋਰਾਂ ਵੱਲ ?"

"ਹਾਂ- ਮਾਸੀ ਜੀ ਵੱਲ।"

"ਓਕੇ-ਗੁੱਡ ਨਾਈਟ.....," ਉਹ ਹੱਥ ਹਿਲਾਉਂਦਾ ਚਲੇ ਗਿਆ ਸੀ। ਮੇਰੀਆਂ



www.PunjabiLibrary.com

ਨਜ਼ਰਾਂ ਉਸ ਦੀ ਪਿੱਠ ਪਿੱਛੇ-ਪਿੱਛੇ ਗਈਆਂ ਸਨ। ਮੈਂ ਤਾਂ ਚਾਹਿਆ ਸੀ ਕਿ ਉਹ ਇਥੇ ਹੀ ਬੈਠਾ ਰਹਿੰਦਾ ਤੇ ਗੱਲਾਂ ਕਰੀ ਜਾਂਦਾ। ਮੈਨੂੰ ਉਸ ਦਾ ਸਾਥ ਪਿਆਰਾ ਲੱਗਾ ਸੀ। ਉਹ ਠਹਿਰਦਾ ਕਿਵੇਂ ? ਮੈਂ ਤਾਂ ਇਕ ਵਾਰ ਵੀ ਉਸ ਨੂੰ ਰੁਕਣ ਲਈ ਨਹੀਂ ਕਿਹਾ ਸੀ। ਇਥੋਂ ਤੱਕ ਕਿ ਉਸ ਨੂੰ ਚਾਹ ਦਾ ਵੀ ਨਹੀਂ ਪੁੱਛਿਆ ਸੀ।

ਉਹ ਚਲੇ ਗਿਆ ਸੀ। ਮੈਂ ਬੇਚੈਨ ਹੋ ਗਈ ਸੀ। ਉਦੋਂ ਹੀ ਗਾਂ ਅੜੰਭੀ ਸੀ। ਜਿਵੇਂ ਕੋਈ ਸ਼ਰਾਬੀ ਚੀਕ ਮਾਰਦਾ ਹੈ, ਉਸੇ ਤਰ੍ਹਾਂ ਉਸ ਦੀ ਤਿੱਖੀ ਆਵਾਜ਼ ਸੀ। ਮੈਨੂੰ ਐਦਾਂ ਲੱਗਾ ਸੀ ਜਿਵੇਂ ਉਹ ਪਿਛਲੇ ਖੁਰਾਂ ਨਾਲ ਧਰਤੀ ਪੁੱਟ ਰਹੀ ਹੋਵੇ। ਜਿਵੇਂ ਸੀਮਤ ਦਾਇਰੇ 'ਚ ਛੜੱਪੇ ਮਾਰ ਰਹੀ ਹੋਵੇ। ਮੈਥੋਂ ਕਹਿ ਹੋ ਗਿਆ ਸੀ—'ਮਰ ਜਾਣੀਏਂ—ਸਵੇਰ ਤੱਕ ਇੰਤਜ਼ਾਰ ਕਰ ਲੈ। ਐਸ ਵੇਲੇ ਤੈਨੂੰ ਕੋਈ ਕਿਥੇ ਲੈ ਜਾਵੇ।' ਮੇਰੇ ਲਈ ਰਾਤ ਹੋਰ ਲੰਬੀ ਹੁੰਦੀ ਗਈ ਸੀ। ਮੀਨੂੰ ਘੂਕ ਸੁੱਤੀ ਪਈ ਸੀ। ਮੈਂ ਤਾਂ ਉਸ ਜਗ੍ਹਾ ਵੱਲ ਇਕ ਟੱਕ ਦੇਖ ਰਹੀ ਸੀ, ਜਿਥੇ ਮੱਖਣ ਮਾਨ ਬੈਠਾ ਸੀ। ਇਕ ਪਲ ਮੈਨੂੰ ਆਪਣੇ ਆਪ 'ਤੇ ਕੋਫਤ ਵੀ ਆਈ ਸੀ ਕਿ ਮੈਂ ਉਸ ਦੇ ਬਾਰੇ ਕਿਉਂ ਸੋਚ ਰਹੀ ਹਾਂ। ਮੈਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਪਰ ਦੂਜੇ ਪਲ ਉਸ ਦਾ ਗੰਭੀਰ ਚਿਹਰਾ ਮੇਰੇ ਹੋਰ ਨੇੜੇ ਹੋਣ ਲੱਗਾ ਸੀ। ਇਹ ਚਿਹਰਾ ਜਦੋਂ ਬਿਲਕੁਲ ਮੇਰੇ ਨੇੜੇ ਆਉਣ ਲੱਗਦਾ ਤਾਂ ਮੈਨੂੰ ਔਖਿਆਈ ਹੋਣ ਲੱਗ ਜਾਂਦੀ ਸੀ। ਮੈਨੂੰ ਕੁਝ ਹੋਰ ਹੀ ਦਿੱਸਣ ਲੱਗ ਜਾਂਦਾ ਸੀ। ਦਿੱਸਣ ਲੱਗਦਾ ਨਹੀਂ—ਮੈਂ ਜਾਣ ਬੁਝ ਕੇ ਦੇਖਣ ਲੱਗ ਜਾਂਦੀ ਸੀ। ਮੈਂ ਉਸ ਵੱਲੋਂ ਆਪਣਾ ਧਿਆਨ ਹਟਾਉਣ ਲਈ ਹੋਈਆਂ ਬੀਤੀਆਂ ਗੱਲਾਂ ਯਾਦ ਕਰਨ ਲੱਗੀ ਸੀ..... ਉਹ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਸ਼ਹਿਰ ਜਾਣ ਲਈ ਕੋਈ ਅੱਡੇ 'ਤੇ ਖੜ੍ਹਾ ਉਸ ਦੀ ਮਾਰੂਤੀ ਕਾਰ ਨੂੰ ਹੱਥ ਦੇਵੇ ਤਾਂ ਉਹ ਦੂਜੇ ਪਾਸੇ ਨੂੰ ਦੇਖਦਾ ਲੰਘ ਜਾਂਦਾ। ਆਪਣੇ ਨੌਕਰਾਂ ਦੀ ਲਾਹ-ਪਾਹ ਕਰਦਾ-ਉਹ ਛਿੱਤਰ ਮਾਰਨ ਦੀ ਢਿੱਲ ਨਹੀਂ ਕਰਦਾ। ਕਿਸੇ ਨੂੰ ਆਪਣੇ ਬਰਾਬਰ ਨਹੀਂ ਸਮਝਦਾ। ......ਮੇਰਾ ਮਨ ਇਸ ਗੱਲ ਦੀ ਸ਼ਾਹਦੀ ਭਰਦਾ ਸੀ ਕਿ ਅਜਿਹਾ ਗੰਭੀਰ ਕਿਸਮ ਦਾ ਬੰਦਾ ਇਹੋ ਜਿਹਾ ਨਹੀਂ ਹੋ ਸਕਦਾ। ਮੈਂ ਵੀ ਤਾਂ ਪਹਿਲਾਂ ਉਸ ਨੂੰ ਭੈੜਾ ਹੀ ਸਮਝਿਆ ਸੀ ਪਰ ਬਾਅਦ 'ਚ ? ਉਹ ਤਾਂ ਕਿਤੇ ਵੀ ਅਸਭਿਅ ਨਹੀਂ ਹੋਇਆ ਸੀ। ਜੇ ਉਹ ਹੋ ਜਾਂਦਾ ਤਾਂ ਸ਼ਾਇਦ ਮੈਥੋਂ ਨਾਂਹ ਨਾ ਕਰ ਹੁੰਦੀ। ਗਾਂ ਅੜੰਭਦੀ ਤਾਂ ਮੇਰਾ ਆਪਣਾ ਆਪ ਵੱਸ 'ਚੋਂ ਬਾਹਰ ਹੋਣ ਲੱਗਦਾ ਸੀ। ਮੈਨੂੰ ਉਸ ਦੀ ਲੋੜ ਸੀ। ਬੱਸ ਉਸ ਦੀ ਲੋੜ। ਉਸ ਵਰਗੇ ਕਿਸੇ ਵੀ ਮਰਦ ਦੀ ਲੋੜ।..... ਕਮਰੇ 'ਚ ਟਿਊਬ ਜਗ ਰਹੀ ਸੀ। ਮੈਂ ਕੰਧ ਨਾਲ ਢੋਅ ਲਾਈ ਬੈਠੀ ਸੀ। ਫੇਰ ਮੈਂ ਮੀਨੂੰ ਦੇ ਡੈਡੀ ਨੂੰ ਗਾਲਾਂ ਹੀ ਕੱਢਣ ਲੱਗ ਪਈ ਸੀ। ਪਤਾ ਨਹੀਂ ਕਿੰਨਾ ਕੁ ਗੰਦ ਬੋਲ ਗਈ ਸੀ। ਨਾ ਮੈਨੂੰ ਕੋਈ ਸੁਨਣ ਵਾਲਾ ਸੀ। ਨਾ ਹੀ ਟੋਕਣ ਵਾਲਾ। ਮੀਨੂੰ ਦਾ ਡੈਡੀ ਦੋ ਸਾਲਾਂ ਬਾਅਦ ਆਉਂਦਾ ਸੀ। ਅਟੈਚੀ ਕੱਪੜਿਆਂ ਦਾ ਭਰ ਲਿਆਉਂਦਾ ਸੀ। ਕਈ ਨਵੀਆਂ ਆਈਟਮਾਂ ਹੁੰਦੀਆਂ ਸਨ। ਉਹ ਜੋ ਅਜੇ ਤੱਕ ਘਰੇ ਨਹੀਂ ਸਨ। ਪੁੱਛਦਾ ਸੀ-'ਕੋਈ ਚੀਜ਼ ਰਹਿ ਗਈ ਹੈ ਤਾਂ ਦੱਸ। ਕਿਸੇ ਦੇ ਹੱਥ ਭੇਜ ਦਵਾਂਗਾ।' ਮੈਂ ਦੱਸਣ ਵਾਲੀ ਚੀਜ਼ ਦੱਸਾਂ ? ਮਿਤਰਾ ਤੂੰ ਤਾਂ ਜਹਾਜ਼ 'ਚ ਚੜ੍ਹ ਕੇ ਤੁਰ ਜਾਣਾ ਤੇ ਮੈਂ ਤੇਰੀਆਂ ਚੀਜ਼ਾਂ.... ?

...ਹੁਣ ਮੈਨੂੰ ਉਸ ਦੀਆਂ ਭੇਜੀਆਂ ਚੀਜ਼ਾਂ ਨਾਲ ਨਫ਼ਰਤ ਹੁੰਦੀ ਜਾ ਰਹੀ ਹੈ।



ਕਈ ਵਾਰ ਮਨ 'ਚ ਆਉਂਦਾ ਹੈ ਕਿ ਘਰ ਨੂੰ ਅੱਗ ਲਾ ਦਵਾਂ ਤੇ ਉਸ ਨੂੰ ਕਹਾਂ—'ਇਸ ਸੁਆਹ ਦੀਆਂ ਢੇਰੀਆਂ ਬਣਾ ਬਣਾ ਰੱਖ ਲੈ। ਇੱਕ ਵੱਖਰੀ ਤੇ ਵੱਡੀ ਪੁੜੀ ਬਣਾ ਲੈ। ਉਪਰ ਲਿਖ ਦੇਵੀਂ-ਮੇਰੀ ਘਰਵਾਲੀ, ਜੋ ਕਦੇ ਹੱਡਮਾਸ ਦੀ ਹੁੰਦੀ ਸੀ....।' ਪਰ ਮੇਰੇ ਕੋਲੋਂ ਅਜਿਹਾ ਇਕ ਵਾਰ ਵੀ ਕਿਹਾ ਨਹੀਂ ਗਿਆ ਸੀ। ਕਹਿ ਹੀ ਨਹੀਂ ਹੋਇਆ ਸੀ। ਜਦੋਂ ਉਹ ਕੋਲ ਹੁੰਦਾ ਹੈ ਤਾਂ ਉਸ ਦੀਆਂ ਲਿਆਂਦੀਆਂ/ਭੇਜੀਆਂ ਚੀਜ਼ਾਂ ਦੇਖ-ਦੇਖ ਮੇਰਾ ਮਨ ਨਹੀਂ ਭਰਦਾ। ਜਦੋਂ ਚਲਿਆ ਜਾਂਦਾ ਹੈ ਤਾਂ ਇਹ ਸਭ ਕੁਝ ਮੈਨੂੰ ਉਪਰਾ ਉਪਰਾ ਲੱਗਣ ਲੱਗ ਪੈਂਦਾ ਹੈ। ਕਾਹਦੀ ਹੈ ਇਹ ਜ਼ਿੰਦਗੀ।....ਪਤਾ ਨਹੀਂ ਕੀ ਦਾ ਕੀ ਮੇਰੀਆਂ ਨਜ਼ਰਾਂ ਸਾਹਮਣੇ ਫੈਲਦਾ ਗਿਆ ਸੀ। ਮੇਰਾ ਸਿਰ ਭਾਰੀ ਹੋ ਗਿਆ ਸੀ। ਚਾਹ ਦੀ ਤਲਬ ਹੋਈ ਸੀ ਪਰ ਉਠੇ ਕੌਣ। ਪਹਿਲਾਂ ਜਦੋਂ ਕਦੇ ਮੇਰੀ ਅਜਿਹੀ ਹਾਲਤ ਹੁੰਦੀ ਸੀ ਤਾਂ ਮੈਂ ਪਾਠ ਕਰਨ ਬੈਠ ਜਾਂਦੀ ਸੀ ਪਰ ਰਾਤੀਂ ਮੈਂ ਕਈ ਵਾਰ ਪਾਠ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਸਭ ਵਿਅਰਥ ਰਿਹਾ ਸੀ। ਫੇਰ ਮੈਨੂੰ ਖਿਆਲ ਆਇਆ ਕਿ ਜਿੰਨਾ ਚਿਰ ਟਿਊਬ ਜਗਦੀ ਰਹਿਣੀ ਹੈ—ਓਨਾ ਚਿਰ ਮੈਂ ਸੌਂ ਨਹੀਂ ਸਕਦੀ। ਪਰ ਮੈਨੂੰ ਹਨੇਰੇ ਤੋਂ ਡਰ ਲੱਗਦਾ ਸੀ। ਮੈਂ ਅਰਧ ਬੇਹੋਸ਼ ਜਿਹੀ ਹੋ ਗਈ ਸੀ। ਫੇਰ ਮੇਰੇ ਪੇਟ 'ਚ ਤੇਜ਼ ਦਰਦ ਉਠਿਆ ਸੀ। ਮੇਰਾ ਲੈਟਰੀਨ ਜਾਣਾ ਅਤੀ ਜ਼ਰੂਰੀ ਸੀ। ਉਦੋਂ ਹੀ ਮੀਨੂੰ ਜਾਗੀ ਸੀ। ਬੈਠ ਗਈ ਸੀ। ਉਸ ਨੂੰ ਪੇਸ਼ਾਬ ਕਰਾਉਣਾ ਜ਼ਰੂਰੀ ਸੀ। ਮੀਨੂੰ ਦੇ ਉਠਣ ਨਾਲ ਮੇਰਾ ਚਿਤ ਜ਼ਰਾ ਕੁ ਰੁਖ ਸਿਰ ਹੋ ਗਿਆ ਸੀ। ਮੈਨੂੰ ਲੱਗਾ ਸੀ ਜਿਵੇਂ ਇਕ ਤੂਫਾਨ ਆਇਆ ਸੀ। ਮੈਂ ਸਾਬਤ ਸਬੂਤੀ ਬਚ ਗਈ ਸੀ। ਮੈਂ ਓਵੇਂ ਹੀ ਗੁਣਗੁਣਾਉਣ ਲੱਗੀ ਸੀ ਜਿਵੇਂ ਮੀਨੂੰ ਦਾ ਡੈਡੀ ਮੈਨੂੰ ਆਪਣੇ ਨਾਲ ਘੁੱਟਦਿਆਂ ਹੋਇਆਂ ਗੁਣਗੁਣਾਉਂਦਾ ਸੀ-'ਇਹ ਜਿਸਮ ਮੇਰੀ ਅਮਾਨਤ ਹੈ-ਸਿਰਫ਼ ਤੇ ਸਿਰਫ਼ ਮੇਰੀ ਅਮਾਨਤ ਹੈ। ਹੈ ਨਾ।' ਅਜੇ ਤੱਕ ਮੇਰੇ ਲਈ ਇਹ ਅੰਤਮ ਸੱਚ ਹੈ।

ਮੀਨੂੰ ਨੂੰ ਮੋਢੇ ਲਾ ਕੇ ਮੈਂ ਬਾਥਰੂਮ ਵੱਲ ਗਈ ਤਾਂ ਮੰਮੀ ਦੇ ਕਮਰੇ ਦੀ ਲਾਈਟ ਜਗ ਰਹੀ ਸੀ। ਦਰਵਾਜ਼ਾ ਖੁੱਲ੍ਹਾ ਸੀ। ਐਸ ਵੇਲੇ ਅੰਦਰ ਕੌਣ ਹੋਵੇਗਾ ? ਮੈਂ ਇਕ ਦਮ ਡਰ ਗਈ ਸੀ। ਪਿਛਲੇ ਦਿਨੀਂ ਇਧਰ ਚੋਰੀਆਂ ਵੀ ਬਹੁਤ ਹੋਈਆਂ ਸਨ। ਕਿਤੇ ਹੋਵੇ ਨਾ ਤਾਂ ?

ਮੈਨੂੰ ਬੈੱਡ ਦੇ ਹਿਲਣ ਵਰਗੀ ਆਵਾਜ਼ ਸੁਣੀ ਸੀ। ਮੇਰੀ ਨਜ਼ਰ ਛੋਟੂ ਦੇ ਮੰਜੇ ਵੱਲ ਚਲੇ ਗਈ ਸੀ। ਉਥੇ ਨਾ ਛੋਟੂ ਸੀ ਤੇ ਨਾ ਹੀ ਉਸ ਦਾ ਮੰਜਾ। ਭਿੱਜੀ ਬੱਕਰੀ ਵਾਂਗ ਮੇਰੀਆਂ ਲੱਤਾਂ ਕੰਬੀਆਂ ਸਨ। ਮੋਢੇ ਲੱਗੀ ਮੀਨੂੰ ਵਾਰ-ਵਾਰ ਹਿਝੋਕੇ ਮਾਰ ਰਹੀ ਸੀ। ਮਿੰਟ ਦੋ ਮਿੰਟ ਹੋਰ ਖੜੀ ਰਹਿੰਦੀ ਤਾਂ ਉਸ ਮੇਰੇ ਕੱਪੜੇ ਖਰਾਬ ਕਰ ਦੇਣੇ ਸਨ।

ਮੈਂ ਨੀਵੀਂ ਪਾਈ ਵਿਹੜੇ ਦੀ ਨੁਕਰ 'ਚ ਬਣੇ ਬਾਥਰੂਮ 'ਚ ਜਾ ਵੜੀ ਸੀ। ਮੇਰੇ ਕੋਲੋਂ ਬਲਬ ਵੀ ਨਹੀਂ ਜਗਾਇਆ ਗਿਆ ਸੀ। ਮੀਨੂੰ ਨੂੰ ਸੰਭਾਲੀ ਮੈਂ ਮੁੜੀ ਤਾਂ ਲੱਗਾ ਸੀ ਜਿਵੇਂ ਅੰਦਰ ਦੇ ਪਰਛਾਵਿਆਂ ਦਾ ਅਕਾਰ ਕਦੇ ਇਕ ਹੋ ਰਿਹਾ ਸੀ ਤੇ ਕਦੇ ਦੋ ਥਾਈਂ। ਇਕ ਔਰਤ ਦਾ ਤੇ ਦੂਜਾ ਮਰਦ ਦਾ।

ਸਾਡੇ ਘਰ 'ਚ ਇਹ ਕੌਣ ਹੋ ਸਕਦਾ ਹੈ। ਚੋਰ ਵਾਲਾ ਡਰ ਮਨੋ ਵਿਸਰ ਗਿਆ ਸੀ। ਇਕ ਹੋਰ ਡਰ ਪੈਦਾ ਹੋ ਗਿਆ ਸੀ।

ਮੀਨੂੰ ਨੂੰ ਰਜਾਈ 'ਚ ਲਿਟਾ ਕੇ ਮੈਂ ਥਾਪੜਨਾ ਸ਼ੁਰੂ ਕਰ ਦਿੱਤਾ। ਪਰ ਮੇਰੇ ਕੰਨ



www.PunjabiLibrary.com

ਉਸ ਪਾਸੇ ਹੀ ਲੱਗੇ ਰਹੇ ਸਨ।

ਦਸੰਬਰ ਮਹੀਨੇ ਦੀ ਠੰਢ ਤੇ ਮੈਂ ਪਸੀਨੇ ਨਾਲ ਭਿੱਜੀ-ਨੰਗੇ ਪੈਰੀਂ ਹੌਲੀ-ਹੌਲੀ ਕਦਮ ਪੁੱਟਦੀ, ਕਿਤੇ ਕਦਮ ਪੈੜਲ ਨਾ ਬਣ ਜਾਣ-ਕੰਧ ਦੇ ਬਿਲਕੁਲ ਨਾਲ ਦੀ ਗਈ ਸੀ। ਮੰਮੀ ਦੇ ਕਮਰੇ ਦੀ ਤਾਕੀ ਕਾਲੇ ਸ਼ੀਸ਼ੀਆਂ ਵਾਲੀ ਹੈ। ਮੈਂ ਦੋਵੇਂ ਹੱਥ ਸ਼ੀਸ਼ਿਆਂ 'ਤੇ ਟਿਕਾ ਕੇ ਅੰਦਰ ਦੇਖਿਆ ਸੀ। ਮੇਰੀ ਰੂਹ ਕੰਬ ਗਈ ਸੀ। ਦੋ ਪਿੱਠਾਂ—ਦੋ ਪਰਛਾਵੇਂ। ਮੇਰੀਆਂ ਅੱਖਾਂ ਅੱਗੇ ਹਨ੍ਹੇਰਾ ਆ ਗਿਆ ਸੀ। ਹੁਣ ਮੇਰੀ ਹਾਲਤ ਅਜਿਹੀ ਸੀ ਕਿ ਨਾ ਤਾਂ ਮੈਂ ਖੜੀ ਰਹਿ ਸਕਦੀ ਸੀ। ਨਾ ਮੈਥੋਂ ਬੈਠਿਆ ਜਾਣਾ ਸੀ। ਮੈਨੂੰ ਮੇਰਾ ਕਮਰਾ ਕਈ ਮੀਲਾਂ ਦੂਰ ਲੱਗਾ ਸੀ। ਡਰਦੀ ਵੀ ਸੀ ਕਿ ਜੇ ਇਨ੍ਹਾਂ ਦੋਹਾਂ 'ਚੋਂ ਕੋਈ ਬਾਹਰ ਨਿਕਲ ਆਇਆ ਤਾਂ ਉਹ ਦੇਖ ਕੇ ਕੀ ਕਹਿਣਗੇ।

ਮੈਨੂੰ ਨਹੀਂ ਪਤਾ ਰਿਹਾ ਸੀ ਕਿ ਮੈਂ ਕੰਧ ਨਾਲ ਢੋਅ ਲਾਈ ਉਥੇ ਕਿੰਨਾ ਚਿਰ ਖੜੀ ਰਹੀ ਸੀ। ਆਪਣੇ ਆਪ ਦੀ ਹੋਸ਼ ਆਈ ਤਾਂ ਮੈਂ ਡਿਗਦੀ ਢਹਿੰਦੀ ਆਪਣੇ ਮੰਜੇ 'ਤੇ ਆ ਕੇ ਮੂਧੇ ਮੂੰਹ ਪੈ ਗਈ ਸੀ।

ਫਿਰ ਮੈਂ ਉਠੀ ਸੀ। ਬੱਤੀ ਬੁਝਾ ਦਿੱਤੀ ਸੀ। ਮੈਂ ਪਾਠ ਕਰਨ ਲੱਗੀ ਸੀ। ਉਖੜਦੀ ਰਹੀ ਸੀ। ਅੜੰਭਦੀ ਗਾਂ ਦਾ ਮੇਰੇ 'ਤੇ ਕੋਈ ਅਸਰ ਨਹੀਂ ਹੋਇਆ ਸੀ। ਗੁਆਚੀ....ਗੁਆਚੀ ਦੀ ਪਤਾ ਨਹੀਂ ਕਦੋਂ ਮੇਰੀ ਅੱਖ ਲੱਗ ਗਈ ਸੀ।

ਛੋਟੂ ਨੇ ਰੀਂਅ ਰੀਂਅ ਕਰਦੀ ਹੋਈ ਮੀਨੂੰ ਨੂੰ ਮੋਢਿਆਂ 'ਤੇ ਚੁੱਕਿਆ ਹੋਇਆ ਹੈ। ਉਸ ਕੋਲੋਂ ਮੀਨੂੰ ਅਤੇ ਅੰੜਭਦੀ ਗਾਂ ਨਹੀਂ ਦੇਖੀ ਜਾਂਦੀ। ਉਹ ਵਿਹੜੇ ਵੱਲ ਨਜ਼ਰ ਮਾਰਦਾ ਹੈ। ਮੀਨੂੰ ਨੂੰ ਹੈਂਅ-ਹੈਂਅ ਕਰ ਰਿਹਾ ਹੈ। ਉੱਚੀ ਉੱਚੀ।

ਮੈਂ ਚੁੱਪਚਾਪ ਦੇਖ ਰਹੀ ਹਾਂ।

ਹੁਣ ਗਾਂ ਪਹਿਲਾਂ ਨਾਲੋਂ ਹੋਰ ਉੱਚੀ ਆਵਾਜ਼ 'ਚ ਅੜੰਭੀ ਹੈ। ਜਿਵੇਂ ਕੋਈ ਅਸਮਾਨ ਨੂੰ ਸਿਰ 'ਤੇ ਚੁੱਕਣ ਨੂੰ ਫਿਰਦਾ ਹੋਵੇ।

ਮੀਨੂੰ ਉਵੇਂ ਹੀ ਰੀਂਅ ਰੀਂਅ ਕਰ ਰਹੀ ਹੈ। ਉਹ ਛੋਟੂ ਦੇ ਹੱਥਾਂ 'ਚੋਂ ਨਿਕਲ-ਨਿਕਲ ਕੇ ਜਾ ਰਹੀ ਹੈ। ਮੈਨੂੰ ਇਸ ਗੱਲ ਦਾ ਪਤਾ ਹੈ ਕਿ ਜਿੰਨਾ ਚਿਰ ਮੈਂ ਉਸ ਨੂੰ ਆਪਣਾ ਦੁੱਧ ਨਾ ਦਿੱਤਾ—ਉਸ ਰੀਂਅ—ਰੀਂਅ ਕਰੀ ਜਾਣਾ ਹੈ। ਮੈਨੂੰ ਉਸ 'ਤੇ ਗੁੱਸਾ ਆ ਰਿਹਾ ਹੈ। ਮੈਨੂੰ ਉਸ ਦੇ ਡੈਡੀ 'ਤੇ ਗੁੱਸਾ ਆ ਰਿਹਾ ਹੈ।

ਮੰਮੀ ਬਾਹਰ ਆਏ ਹਨ। ਸ਼ਾਂਤ। ਮੇਰੇ ਵੱਲ ਦੇਖਦੇ ਹਨ। ਉਹ ਛੋਟੂ ਕੋਲੋਂ ਮੀਨੂੰ ਨੂੰ ਫੜਦੇ ਹਨ। ਬਰਾਉਣ ਲੱਗੇ ਹਨ। ਪਰ ਮੀਨੂੰ ਦੀ ਜਿੱਦ-ਉਨ੍ਹਾਂ ਦੀ ਪੇਸ਼ ਨਹੀਂ ਜਾਣ ਦੇ ਰਹੀ। ਦੋ ਕੁ ਮਿੰਟ ਇਹ ਖੇਡ ਜਿਹੀ ਚਲਦੀ ਰਹਿੰਦੀ ਹੈ। ਨਾਨੀ-ਦੋਹਤੀ ਦੀ ਖੇਡ। ਮੈਂ ਚੋਰ ਅੱਖ ਨਾਲ ਦੇਖ ਰਹੀ ਹਾਂ। ਉਨ੍ਹਾਂ ਦੇ ਲਾਡ ਦਾ ਮੇਰੇ 'ਤੇ ਕੋਈ ਅਸਰ ਨਹੀਂ ਹੁੰਦਾ।

ਮੰਮੀ ਮੀਨੂੰ ਨੂੰ ਮੇਰੀ ਝੋਲੀ 'ਚ ਪਾਉਂਦੇ ਕਹਿੰਦੇ ਹਨ, "ਤੂੰ ਕਿਉਂ ਮੂੰਹ ਸੁਜਾਈ ਬੈਠੀ ਆਂ ? ਲੈ ਫੜ-ਇਹਨੂੰ ਆਪਣਾ ਦੁੱਧ ਦੇ।" ਇਕ ਪਲ ਮੇਰੀਆਂ ਅੱਖਾਂ 'ਚ ਦੇਖਦੇ ਹਨ। ਅਗਲੇ ਪਲ ਕਹਿੰਦੇ ਹਨ, "ਕੁੜੇ ਜੱਸ-ਤੇਰੀਆਂ ਅੱਖਾਂ-ਮੇਰੇ ਕੋਲੋਂ ਦੇਖਿਆ ਨ੍ਹੀਂ ਜਾਂਦਾ..ਅੱਛਾ-ਅੱਛਾ—ਮੈਂ ਤੈਨੂੰ ਗੋਲੀ ਦਿਣੀ ਆਂ। ਮੇਰੇ ਬੈੱਡ ਥਲੇ ਸ਼ੀਸ਼ੀ ਪਈ ਹੈਗੀ। ਤੇਰੇ ਲਈ ਇਕ ਹੀ ਬਹੁਤ ਆ..ਤੈਨੂੰ ਨੀਂਦ ਦੀ ਲੋੜ ਆ..ਬੱਸ..ਬੱਸ ਤੂੰ ਹੁਣ ਸੌਂ ਜਾਈਂ..।"

ਮੰਮੀ ਛੋਹਲੇ ਪੈਰੀਂ ਆਪਣੇ ਕਮਰੇ ਵੱਲ ਜਾਂਦੇ ਹੋਏ ਛੋਟੂ ਨੂੰ ਕਹਿੰਦੇ ਹਨ,"ਉਏ [illegible] ਦੀ ਉਲਾਦ....ਜਾਹ ਦੌੜ ਕੇ ਭਜਨੇ ਨੂੰ ਸੱਦ ਕੇ ਲਿਆ। ਤੈਥੋਂ ਇਕੱਲੇ ਕੋਲੋਂ ਗਾਂ [illegible]ਹੀਂ ਹਟਣੀ....।"



www.PunjabiLibrary.com

# ਕੋਈ ਮਾੜੀ ਤਾਂ ਨਹੀਂ ਕੀਤੀ

ਸਿਰਫ ਅੱਜ ਦੀ ਹੀ ਗੱਲ ਸੁਣਾਉਣਾ।

ਦਫ਼ਤਰ ਦੇ ਮੇਨ ਗੇਟ ਤੋਂ ਕੁਝ ਕੁ ਉਰਾਂ ਹੀ ਉਹ ਮਿਲ ਗਿਆ ਸੀ। ਪੈਂਟ ਦੀ ਜੇਬ 'ਚੋਂ ਨਾਜ਼ੁਕ ਜਿਹਾ ਸੱਜਾ ਹੱਥ ਰਤਾ ਕੁ ਅਗਾਂਹ ਕਰਦਿਆਂ ਉਸ ਕਿਹਾ ਸੀ, "ਮਿਲਾ ਲਉ ਮਿੱਤਰੋ ਹੱਥ ਫੇਰ। ਹੋਰ ਕਿਵੇਂ ਹਾਲ-ਚਾਲ ਨੇ ?" ਇਹ ਉਸ ਦੀ ਆਦਤ ਦਾ ਇਕ ਹਿੱਸਾ। ਹੱਥ ਅਗਾਂਹ ਕਰਦਾ। ਵਿਚਕਾਰ ਵਿੱਥ ਬਣਾਈ ਰੱਖਦਾ। ਮਾੜਾ ਜਿਹਾ ਸਪਰਸ਼ ਹੁੰਦਿਆਂ ਹੀ ਪਿਛਾਂਹ ਨੂੰ ਖਿੱਚਣ ਦੀ ਕਰਦਾ। ਅੰਗੂਠੇ ਨਾਲ ਦੀਆਂ ਦੋ ਉਂਗਲਾਂ ਨਾਲ ਹੱਥ ਮਿਲਾਉਂਦਾ। ਚਿਹਰੇ 'ਤੇ ਮੁਸਕਰਾਹਟ ਦੇ ਐਨੇ ਭਾਵ ਇੱਕਠੇ ਕਰ ਲੈਂਦਾ ਕਿ ਦੇਖਣ ਵਾਲੇ ਨੂੰ ਲੱਗਦਾ ਜਿਵੇਂ ਉਹ ਤਨੋਂ-ਮਨੋਂ ਅਗਲੇ ਦਾ ਹੋ ਕੇ ਰਹਿ ਗਿਆ। ਜ਼ਰੂਰ ਉਸ ਦਾ ਸੁਭਾਅ ਸਾਧਾਂ-ਸੰਤਾਂ ਵਾਲਾ ਹੋਵੇਗਾ।

"ਫੁੱਲਾਂ ਤੇ ਕਾਟੋ ਖੇਡਦੀ," ਸੁਭਾਵਕ ਹੀ ਮੈਂ ਕਹਿ ਦਿੱਤਾ ਸੀ। ਜਦ ਵੀ ਉਹ ਮਿਲਦਾ, ਮੇਰੇ ਕੋਲੋ ਇਹੋ ਕਿਹਾ ਜਾਂਦਾ ਹੈ। ਇਹ ਜਾਣਦਿਆਂ ਕਿ ਕਦੇ-ਕਦਾਈਂ ਉਹ ਗੱਲਾਂ 'ਚ ਖੁੱਭਿਆ ਮੇਰੇ ਅੱਗੇ ਆਪਣੇ ਮਨ ਦੀ ਘੁੰਡੀ ਦੀ ਕੋਈ ਇਕ ਨੁੱਕਰ ਖੋਲ੍ਹ ਦਿੰਦਾ ਤੇ ਲੱਗਦੇ ਹੱਥੀਂ ਸਾਵਧਾਨ ਵੀ ਕਰ ਦਿੰਦਾ, "ਦੇਖੀ ਕਿਤੇ ਉਹ ਮੁੰਡਿਆਂ-ਖੁੰਡਿਆਂ ਵਾਲੀ ਗੱਲ ਨਾ ਕਰੀਂ। ਮੈਂ ਤਾਂ ਤੈਨੂੰ ਆਪਣਾ ਬੰਦਾ ਸਮਝਦਾਂ..ਖਾਸੋ-ਖਾਸ..।" ਮੇਰੇ ਵੱਲ ਸਿੱਧਾ ਦੇਖਦਿਆਂ ਉਹ ਗੱਲ ਅਗਾਂਹ ਤੋਰਦਾ, "ਤੈਨੂੰ ਇਸ ਗੱਲ ਦਾ ਪਤਾ-ਦਫਤਰ ਵਿਚ ਸਾਰਿਆਂ ਨਾਲ ਤਾਂ ਰਾਜ਼ ਦੀ ਗੱਲ ਨ੍ਹੀਂ ਕੀਤੀ ਜਾ ਸਕਦੀ। ਮੰਨਿਆ ਆਪਣੀ ਉਮਰ ਵਿਚ ਬਹੁਤ ਫਰਕ। ਪਰ ਮੈਂ ਤਾਂ ਤੇਰੇ ਡੈਡੀ ਕਰਕੇ ਤੇਰਾ ਜ਼ਿਆਦਾ ਮੋਹ ਕਰਦਾਂ।"

"ਖੇਡਦੀ ਨ੍ਹੀਂ, ਦੇਖੀਂ ਖੇਡੂਗੀ," ਗੱਲ ਉਸ ਪਹਿਲਾਂ ਵਾਂਗ ਬੁਝਾਰਤ 'ਚ ਕੀਤੀ ਸੀ। ਉਹ ਸਿੱਧੀ ਗੱਲ ਘੱਟ-ਵੱਧ ਹੀ ਕਰਦਾ ਸੀ। ਉਹ ਹਰ ਗੱਲ ਹੇਰ-ਫੇਰ ਨਾਲ ਕਰਦਾ ਸੀ ਜਾਂ ਕੋਈ ਨਾ ਕੋਈ ਕਹਾਵਤ ਪਾਉਂਦਾ ਰਹਿੰਦਾ ਜਾਂ ਉਹ ਅੱਧੀ ਗੱਲ ਕਹਿ ਕੇ ਚੁੱਪ ਕਰ ਜਾਂਦਾ। ਜਿਵੇਂ ਅਗਲਾ ਅਗਾਂਹ ਬਾਰੇ ਆਪੇ ਹੀ ਕਿਆਸ ਲਾਵੇ। ਐਦਾਂ ਕਰਨ 'ਚ ਉਹ ਅਨੰਦਿਤ ਹੁੰਦਾ ਸੀ। ਫੇਰ ਹੱਥ 'ਤੇ ਹੱਥ ਮਾਰ ਕੇ ਕਹਿੰਦਾ ਸੀ, "ਮੰਨਦਾਂ ਸਾਨੂੰ ਵੀ ?"

"ਕਿਵੇਂ ?"



"ਰੁਕ ਜਾ ਪਹਿਲਾਂ ਚਾਹ ਦਾ ਪਿਆਲਾ ਪੀਏ। ਫੇਰ ਤੈਨੂੰ ਦੱਸਦਾਂ ਵਿਚਲੀ ਕ੍ਹਾਣੀ," ਘੜੀ ਵੱਲ ਦੇਖ ਉਹ ਬੋਲਿਆ। ਪੌੜੀਆਂ ਚੜਦੇ ਜਾਂਦੇ ਦਲਜੀਤ ਨੂੰ ਹਾਕ ਮਾਰ ਕੇ ਕਹਿਣ ਲੱਗਾ, "ਬੱਲਿਆ, ਜੇ ਤੂੰ ਤਕਲੀਫ਼ ਨਾ ਮੰਨੇ ਤਾਂ ਸਾਡੇ ਵਾਲੇ ਖਾਨੇ ਵਿਚ 'ਹ' ਲਾ ਦੇਈਂ। ਦੇਖੀਂ ਕਿਤੇ ਭੁੱਲ ਨਾ ਜਾਈਂ। ਉਹੋ ਗੱਲ ਨਾ ਕਰੀਂ। ਸੁਪਰਡੈਂਟ ਸਾਨੂੰ ਫਾਲਨ ਕਰ ਲਏ। ਅਸੀਂ ਹੁਣੇ ਆਏ ਸਮਝ ਲੈ। ਜੇ ਕਿਸੇ ਅਫਸਰ ਨੇ ਪੁੱਛਿਆ ਤਾਂ ਕਹਿ ਦਈਂ-ਗੈਸਟ ਆਏ। ਵੈਸੇ ਤੂੰ ਹੈ ਬੜਾ ਬੀਬਾ ਮੁੰਡਾ..।"

ਅੱਧੀਆਂ ਬਾਹਾਂ ਦੀ ਬੋਸਕੀ ਦੀ ਕਮੀਜ਼ ਤੇ ਭੂਸਲੇ ਰੰਗੀ ਪੈਂਟ ਵਿਚ ਉਹ ਜ਼ਿਆਦਾ ਹੀ ਸਮਾਰਟ ਲੱਗ ਰਿਹਾ ਸੀ। ਉਹ ਜੁੱਤੀ ਦੀ ਲਿਸ਼ਕ ਹਮੇਸ਼ਾ ਬਰਕਰਾਰ ਰੱਖਦਾ। ਬਿਨ ਨਾਗਾ ਪਾਇਆਂ ਅੱਡੇ ਦੀ ਕੰਧ ਕੋਲ ਬੈਠੇ ਸ਼ੰਕਰ ਕੋਲੋਂ ਜੁੱਤੀ ਪਾਲਸ਼ ਕਰਾਉਂਦਾ। ਆਖਰ ਐੱਮ.ਏ.ਐਲ.ਐਲ.ਬੀ. ਜਿਉਂ ਹੋਇਆ। ਪਰ ਹੈ ਅਸਿਸਟੈਂਟ ਹੀ। ਭਰਤੀ ਹੈਲਪਰ ਹੋਇਆ ਸੀ। ਰਮੇਸ਼ ਵਰਗਾ ਚੰਗਾ ਕੁਲੀਗ ਮਿਲਿਆ ਤਾਂ ਉਸ ਨੂੰ ਪੜ੍ਹਨ ਦਾ ਸ਼ੌਕ ਪੈ ਗਿਆ। ਲਗਨ ਸੀ। ਬੀ.ਏ. ਕੀਤੀ। ਮਗਰੋਂ ਐੱਮ.ਏ. ਕਰ ਲਈ। ਹੈਲਪਰ ਤੋਂ ਕਲਰਕ ਬਣ ਗਿਆ। ਪੱਤਰ-ਵਿਹਾਰ ਨਾਲ ਐਲ.ਐਲ.ਬੀ. ਕਰਕੇ ਡਿਗਰੀ ਅਲਮਾਰੀ 'ਚ ਪਈਆਂ ਡਿਗਰੀਆਂ ਵਾਲੀ ਫਾਈਲ 'ਚ ਲਿਆ ਰੱਖੀ। ਪੰਦਰਾਂ ਸਾਲਾਂ ਬਾਅਦ ਜਾ ਕੇ ਕਿਤੇ ਪ੍ਰਮੋਸ਼ਨ ਹੋਈ ਤਾਂ ਅਸਿਸਟੈਂਟ ਦੀ ਸੀਟ ਦੇ ਆਰਡਰ ਹੋ ਗਏ। ਉਸ ਨੂੰ ਇਸ ਗੱਲ ਦਾ ਦੁੱਖ ਰਹਿੰਦਾ ਸੀ ਕਿ ਉਸ ਨੂੰ 'ਲੀਗਲ ਅਫਸਰ' ਕਿਉਂ ਨਹੀਂ ਲਾਇਆ ਗਿਆ। ਸੱਕਤਰ ਕੋਲ ਅਪਲਾਈ ਕੀਤਾ। ਡਾਇਰੈਕਟਰ ਕੋਲ ਫਰਿਆਦ ਕੀਤੀ ਕਿ ਉਸ ਦੇ ਵਿਚ ਕੀ ਘਾਟ ਹੈ। ਪਰ ਕੇਸ ਫਾਈਲਾਂ 'ਚ ਦੱਬ ਕੇ ਰਹਿ ਗਿਆ ਸੀ।

"ਕੁਸ਼ ਪਤਾ ਲੱਗਾ," ਰੁਮਾਲ ਨਾਲ ਕੁਰਸੀ ਸਾਫ਼ ਕਰਦਿਆਂ ਉਸ ਆਪਣਾ ਆਲਾ-ਦੁਆਲਾ ਦੇਖਿਆ-ਕੋਈ ਵੀ ਦਫਤਰੀ ਬਾਬੂ ਲਾਗੇ-ਛਾਗੇ ਨਹੀਂ-ਦੇਖ-ਫੇਰ ਧੀਮੀ ਆਵਾਜ਼ 'ਚ ਪੁੱਛਿਆ।

"ਕੀ ?"

"ਕਹਿੰਦੇ ਸੁਰਿੰਦਰਪਾਲ ਦੀ ਸੀਟ ਬਦਲ ਗਈ।"

"ਬਦਲ ਗਈ ਜਾਂ ਕਿ ਬਦਲਾਈ ਗਈ ?"

"ਇਕੋ ਹੀ ਗੱਲ ਸਮਝ ਲੈ।"

"ਨ੍ਹੀਂ ਇਕੋ ਗੱਲ ਕਿਵੇਂ ਹੋਈ ?" ਮੈਂ ਆਪਣੀ ਗੱਲ 'ਤੇ ਅੜ ਗਿਆ ਸੀ।

"ਲੈ-ਤੂੰ ਤਾਂ ਆਪਣੀਆਂ ਹੀ ਜੱਬਲੀਆਂ ਮਾਰਨ ਲੱਗ ਪਿਆਂ। ਮੇਰੇ ਦੋਸਤ-ਤੈਨੂੰ ਮੈਂ ਕਿੰਨੀ ਵਾਰੀ ਸਮਝਾਇਆ ਕਿ ਜਦੋਂ ਕੋਈ ਸਿਆਣਾ ਬੋਲ ਰਿਹਾ ਹੋਵੇ ਤਾਂ ਵਿਚਕਾਰੋਂ ਟੋਕੀ ਦਾ ਨ੍ਹੀਂ ਹੁੰਦਾ। ਸਿਆਣੇ ਬਣੀਂਦਾ। ਚੰਗਾ ਫੇਰ-ਸਮਝਿਆ। ਅਜੇ ਤੇਰੀ ਨਵੀਂ-ਨਵੀਂ ਨੌਕਰੀ। ਮੇਰੀਆਂ ਗੱਲਾਂ ਦਾ ਬਾਅਦ ਵਿਚ ਪਤਾ ਲੱਗੂ। ਦੇਖੀਂ ਤਾਂ ਫੇਰ ਮੇਰੇ ਘਰੇ ਮੇਰੀ ਸਲਾਹ ਲੈਣ ਆਇਆ ਕਰੇਂਗਾ। ਸਰਦਾਰ ਸਾਹਿਬ-ਹੁਣ ਕੀ ਕੀਤਾ ਜਾਵੇ ? ਫੇਰ ਮੈਂ ਤੈਨੂੰ ਪੁਛੂੰ।"

"ਚਲ ਛੱਡ। ਅਗਾਂਹ ਕੀ ਹੋਇਆ ? ਤੈਨੂੰ ਤਾਂ ਸਾਰੇ ਦਫਤਰ ਦੀ ਸੂਹ ਰਹਿੰਦੀ।"



www.PunjabiLibrary.com

"ਤੂੰ ਨ੍ਹੀਂ ਟਲਦਾ। ਰਹਿੰਦੀ ਨ੍ਹੀਂ-ਰੱਖੀਦੀ ਆ।" ਕਹਿੰਦਿਆਂ ਉਹ ਕੁਝ ਜ਼ਿਆਦਾ ਹੀ ਅੱਖਾਂ ਦਿਖਾਉਣ ਲੱਗਾ ਸੀ।

"ਤੇਰਾ ਬਾਬੂ।"

"ਤੂੰ ਅਜੇ ਨਿਆਣਾ। ਗੱਲ ਐਦਾਂ ਹੁੰਦੀ।..ਆਪਣੇ ਕੋਲ ਟਾਈਮ ਥੋੜ੍ਹਾ। ਤੈਨੂੰ ਸ਼ੌਰਟ ਫਾਰਮ ਵਿਚ ਸਮਝਾਉਣਾ। ਆਪਾਂ ਕਿਸੇ ਸ਼੍ਰੇਣੀ ਨੂੰ ਏ ਬੀ ਸੀ ਵਿਚ ਵੰਡ ਲੈਂਦੇ। ਗੱਲ 'ਏ' ਤੋਂ ਸ਼ੁਰੂ ਹੁੰਦੀ ਆ ਤੇ 'ਏ' ਨਾਲ ਹੀ ਖਤਮ ਹੋ ਜਾਂਦੀ ਆ। 'ਬੀ' ਦੀ ਗੱਲ 'ਏ' ਤਕ ਜਾਂਦੀ ਆ, ਪਰ 'ਸੀ' ਨੂੰ ਇਸ ਬਾਰੇ ਕੁਸ਼ ਪਤਾ ਨ੍ਹੀਂ ਹੁੰਦਾ। ਰਹੀ ਗੱਲ 'ਸੀ' ਦੀ। 'ਸੀ' ਦੀ ਗੱਲ 'ਬੀ' ਨੂੰ ਵੀ ਪਤਾ ਹੁੰਦੀ ਆ ਤੇ 'ਏ' ਨੂੰ ਵੀ। ਬਾਕੀ ਤਾਂ ਬੁੰਗੇ ਵਿਚੋਂ ਕਿਆਫੇ ਲੱਗਦੇ..।" ਸਮਝਾਉਂਦਿਆਂ ਉਹ ਉਠ ਖੜਿਆ ਸੀ।

****

ਹੁਣ ਉਹ ਜੋਆਇੰਟ ਕੰਟਰੋਲਰ ਭੁਪਿੰਦਰ ਰਾਏ ਕੋਲ ਆ ਬੈਠਾ ਸੀ। ਇਹ ਉਸ ਦਾ ਨਿੱਤ ਨਾ ਨੇਮ ਬਣ ਚੁੱਕਾ ਸੀ ਕਿ ਪਹਿਲਾਂ ਆਉਂਦਿਆਂ ਹੀ ਇਨ੍ਹਾਂ ਕੋਲ ਆਉਣਾ। ਗੋਡੀ ਹੱਥ ਲਾਉਣਾ (ਭਾਵੇਂ ਉਮਰ 'ਚ ਉਹ ਉਨ੍ਹਾਂ ਨਾਲੋਂ ਛੋਟਾ ਸੀ) ਆਸ਼ੀਰਵਾਦ ਵਰਗੇ ਸ਼ਬਦਾਂ ਨੂੰ ਵਿਚਕਾਰੋਂ ਦਬੋਚਣਾ ਤੇ ਏਧਰ-ਉਧਰ ਦੀਆਂ ਗੱਲਾਂ ਕਰਨੀਆਂ। ਫੇਰ ਅੱਧਾ ਘੰਟਾ ਤਾਂ ਕਿਤੇ ਗਿਆ ਨਹੀਂ ਸੀ।

ਰਾਏ ਸਾਹਿਬ ਦੀ ਉਂਗਲ ਘੰਟੀ 'ਤੇ ਟਿਕੀ ਹੋਈ ਸੀ।

ਲਗਾਤਾਰ ਘੰਟੀ ਵੱਜੀ ਜਾ ਰਹੀ ਸੀ, ਪਰ ਕੋਈ ਵੀ ਸੇਵਾਦਾਰ ਅਜੇ ਹਾਜ਼ਰ ਨਹੀਂ ਹੋਇਆ ਸੀ। ਉਹ ਵਾਰ-ਵਾਰ ਪੁੱਛ ਰਿਹਾ ਸੀ, "ਸਰ, ਕੀ ਕੰਮ ਆ? ਮੈਨੂੰ ਦੱਸੋ-ਮੈਂ ਕਿਸ ਕੰਮ ਲਈ ਹਾਂ।"

"ਵਕੀਲ ਸਾਹਿਬ, ਇਹ ਕੰਮ ਤੁਹਾਡੇ ਕਰਨ ਵਾਲਾ ਨ੍ਹੀਂ।"

"ਤੁਹਾਡੇ ਕਰਨ ਵਾਲਾ ਨ੍ਹੀਂ," ਸੁਣਦਿਆਂ ਹੀ ਉਸ ਦੇ ਸਰੀਰ ਨੇ ਝੁਣਝੁਣੀ ਲਈ। ਇਹ ਕੀ ਗੱਲ ਹੋਈ? ਅਜਿਹਾ ਕਿਹੜਾ ਕੰਮ ਆ ਗਿਆ ਜੋ ਉਸ ਦੇ ਕਰਨ ਵਾਲਾ ਨਹੀਂ। ਜਿਹੜਾ ਕੰਮ ਕੋਈ ਹੋਰ ਨਹੀਂ ਕਰ-ਕਰਾ ਸਕਦਾ—ਉਹ ਵਕੀਲ ਸਾਹਿਬ ਕਰਾ ਸਕਦਾ ਸੀ। ਕੰਮ ਨੂੰ ਹੱਥ ਪਾਉਣ ਲੱਗਿਆਂ ਉਹ ਝਿਜਕਦਾ ਬਿਲਕੁਲ ਹੀ ਨਹੀਂ ਸੀ। ਕੋਈ ਸੇਵਾਦਾਰ ਨਾ ਹੁੰਦਾ ਤਾਂ ਉਹ ਤਲੀ ਨੂੰ ਟਰੇ ਬਣਾ ਪਾਣੀ ਦਾ ਗਲਾਸ ਆਪ ਕੂਲਰ ਤੋਂ ਭਰ ਲਿਆਉਂਦਾ। ਕੋਈ ਅਫਸਰ ਕੰਮ ਨੂੰ ਕਹਿ ਦੇਵੇ ਤਾਂ ਉਹ 'ਲਉ-ਬੱਸ ਐਨੀ ਕੁ ਗੱਲ ਆ ਵਿਚੋਂ। ਕੰਮ ਹੋ ਗਿਆ ਸਮਝੋ।' ਜਾਂ 'ਹੁਣੇ ਹੀ ਕੀਤਾ ਲਉ ਮੇਰੀ ਸਰਕਾਰ।' ਜਾਂ 'ਮੇਰੇ ਹੁੰਦਿਆਂ ਤੁਹਾਨੂੰ ਕਾਹਦੀ ਚਿੰਤਾ', ਝਟ-ਪਟ ਕਹਿੰਦਾ। 'ਨਾਂਹ' ਸ਼ਬਦ ਕਦੇ ਉਸ ਦੇ ਬੁੱਲ੍ਹਾਂ ਲਾਗੇ ਨਹੀਂ ਢੁੱਕਿਆ ਸੀ। ਉਸ ਨੂੰ ਤਾਂ ਕੁਝ ਕੁ ਘੰਟਿਆਂ ਦੀ ਮੋਹਲਤ ਚਾਹੀਦੀ ਸੀ। ਇਕ ਵਾਰੀ ਇਕ ਫਾਰਮ ਦੀ ਲੋੜ ਪੈ ਗਈ ਸੀ। ਵੱਡੇ ਸਾਹਿਬ ਨੇ ਬੁਲਾ ਕੇ ਹੁਕਮ ਸੁਣਾਇਆ, 'ਲੈ ਬਈ..ਬਲਬੀਰ ਸਿੰਹਾਂ-ਤੂੰ ਹੁਣੇ ਦਿੱਲੀ ਦੀ ਬਸ ਫੜ ਤੇ ਕਲ੍ਹ ਦੁਪਹਿਰ ਤਕ ਹਰ ਹਾਲੇ ਮੁੜ ਆਈਂ। ਨ੍ਹੀਂ ਤਾਂ ਤੈਨੂੰ ਟੰਗ ਕੇ ਰੱਖ ਦਊਂ।" 'ਠੀਕ' ਕਹਿ ਕੇ ਉਹ ਡਿਊਟੀ ਸਲਿੱਪ ਕਟਾ ਕੇ ਦਫਤਰੋਂ ਘਰ ਆ ਗਿਆ ਸੀ। ਜਾਣਾ ਉਹ ਚਾਹੁੰਦਾ ਨਹੀਂ ਸੀ। ਕਿਸੇ ਫਰਮ ਵਾਲੇ



ਦਿਉਂ ਦਿੱਲੀ ਟੈਲੀਫੋਨ ਜਾ ਘੁੰਮਾਇਆ। ਦੂਜੇ ਦਿਨ ਉਹ ਦੁਪਹਿਰ ਤਕ ਬੜੇ ਆਰਾਮ ਨਾਲ ਘਰ ਬੈਠਾ ਹੀ ਮੈਗਜ਼ੀਨ ਪੜ੍ਹਦਾ ਰਿਹਾ। ਚਾਰ ਵਜੇ ਫਾਰਮ ਸਾਹਿਬ ਦੇ ਮੇਜ਼ 'ਤੇ ਲਿਆ ਰੱਖਿਆ ਸੀ। ਸਾਰੇ ਹੈਰਾਨ ਰਹਿ ਗਏ ਸਨ। ਉਹ ਬੁੱਲ੍ਹਾਂ 'ਚ ਮੁਸਕਰਾ ਰਿਹਾ ਸੀ। ਉਸ ਨੇ ਕਪਿਲ ਦੇਵ ਨੂੰ ਦੱਸਿਆ ਸੀ-'ਆਖਰ ਐੱਮ.ਏ.ਐਲ.ਐਲ.ਬੀ. ਕੀਤੀ। ਗਧੇ ਤਾਂ ਨਹੀਂ ਚਾਰੇ। ਆਪਣਾ ਦਿਮਾਗ ਰੱਖੀਦਾ।' ਉਦੋਂ ਤੋਂ ਸਾਰਾ ਸਟਾਫ ਉਸ ਨੂੰ 'ਵਕੀਲ ਸਾਹਿਬ' ਕਹਿਣ ਲੱਗ ਪਿਆ ਸੀ।

ਰਾਏ ਸਾਹਿਬ ਤਾਂ ਕਦੇ ਇੰਝ ਪੇਸ਼ ਨਹੀਂ ਆਉਂਦੇ। ਉਹ ਵੀ ਸਵੇਰੇ-ਸਵੇਰੇ। ਖਿੜੇ ਮੱਥੇ ਰਹਿਣ ਵਾਲੇ ਦੇ ਮੱਥੇ 'ਤੇ ਐਨੀਆਂ ਤਿਊੜੀਆਂ ਕਿਉਂ? ਕੀ ਗੱਲ ਹੋ ਗਈ? ਕਿਤੇ ਕਲ੍ਹ ਵਾਲੀ ਗੱਲ ਕਰਕੇ ਦਾਲ ਵਿਚ ਕੁਝ ਕਾਲਾ ਤਾਂ ਨਹੀਂ? ਇਹ ਸੋਚ ਉਭਰਦਿਆਂ ਹੀ ਉਸ ਸੇਵਾਦਾਰ ਨੂੰ ਅੰਦਰ ਆਉਂਦਿਆਂ ਹੀ ਕਿਹਾ, "ਸ਼ੌਦਾਈ ਬੰਦਿਆ—ਤੈਨੂੰ ਕਿੰਨੀ ਵਾਰੀ ਸਮਝਾਇਆ। ਬਈ ਤੇਰੀ ਪਹਿਲੀ ਡਿਊਟੀ ਆ—ਹਾਏ ਸਾਹਿਬ ਨੂੰ ਅਟੈਂਡ ਕਰਨਾ। ਤੁਹਾਨੂੰ ਸਾਰਿਆਂ ਨੂੰ ਕੀ ਮਾਰ ਵਗ ਗਈ? ਐਵੇਂ ਕੰਨਲ ਘੇਸੀ ਮਾਰ ਜਾਣੇ।" ਇਸ ਤੋਂ ਪਹਿਲਾਂ ਕਿ ਸੇਵਾਦਾਰ ਆਪਣੀ ਸਫ਼ਾਈ 'ਚ ਕੁਝ ਬੋਲਦਾ ਜਾਂ ਰਾਏ ਸਾਹਿਬ ਆਪਣਾ ਗੁੱਸਾ ਉਗਲਦੇ, ਉਹ ਪਹਿਲਾਂ ਨਾਲੋਂ ਨਰਮੀ ਦਿਖਾਉਂਦਿਆਂ ਬੋਲਿਆ, "ਕੋਈ ਨਾ ਆਪਣੇ ਰਾਏ ਸਾਹਿਬ ਬਹੁਤ ਚੰਗੇ ਆਫੀਸਰ ਨੇ। ਹੋਰ ਕੋਈ ਹੁੰਦਾ ਤਾਂ..। ਹੁਣ ਅਗਾਂਹ ਨਾ ਗ਼ਲਤੀ ਕਰੀਂ। ਸੁਣਨੀ ਤਾਂ ਤੁਹਾਨੂੰ ਵੀ ਸਾਰਿਆਂ ਦੀ ਪੈਂਦੀ, ਪਰ ਟਾਈਮ-ਕੁਟਾਈਮ ਤਾਂ ਦੇਖ ਲਈਦਾ ਹੁੰਦਾ।" ਹੁਣ ਤਕ ਰਾਏ ਸਾਹਿਬ ਦਾ ਕੱਸਿਆ ਹੋਇਆ ਚਿਹਰਾ ਕੁਝ ਕੁ ਢਿੱਲਾ ਪੈ ਚੁੱਕਿਆ ਸੀ। ਉਹ ਫੇਰ ਕਹਿਣ ਲੱਗਾ, "ਆ ਲੈ ਫੜ ਪੰਜਾਂ ਦਾ ਨੋਟ। ਦੋ ਕੱਪ ਚਾਹ ਦੇ ਲਿਆ। ਗਿਆਨੀ ਕੋਲ ਨਾ ਜਾਈਂ। ਆਪਣੇ ਰਾਏ ਸਾਹਿਬ ਉਸ ਦੀ ਦੁਕਾਨ ਦੀ ਚਾਹ ਨ੍ਹੀਂ ਪੀਂਦੇ ਹੁੰਦੇ। ਸਫ਼ਾਈ ਜੁ ਨ੍ਹੀਂ ਰੱਖਦਾ। ਜਸਵੰਤ ਸਿੰਘ ਕੋਲ ਜਾਈਂ ਤੇ ਅਲੈਚੀ ਜ਼ਰੂਰ ਪਵਾਈ। ਆਉਣ-ਜਾਣ ਕਰੀਂ। ਮੈਂ ਕਈ ਕੇਸ ਅੱਜ ਹੀ ਨਿਪਟਾਉਣੇ।" ਸੇਵਾਦਾਰ ਅਜੇ ਦਰਵਾਜ਼ੇ 'ਚ ਹੀ ਮਸਾਂ ਗਿਆ ਸੀ, ਉਸ ਪਿੱਛੋਂ ਹਾਕ ਮਾਰ ਕੇ ਕਿਹਾ, "ਮੈਨੂੰ ਤਾਂ ਚੇਤਾ ਹੀ ਭੁੱਲ ਚਲਿਆ ਸੀ। ਮਿੱਠਾ ਘੱਟ ਪਵਾਈਂ। ਮੇਰਾ ਨਾਂ ਲਈਂ-ਫੇਰ ਜਸਵੰਤ ਸਿੰਘ ਆਪੇ ਸਮਝ ਜਾਊਗਾ..।" ਉਹ ਹੋਰ ਅਗਾਂਹ ਨੂੰ ਖਿਸਕ ਗਿਆ। "ਛੱਡੋ ਵੀ ਫਾਈਲਾਂ ਨੂੰ। ਸਾਰਾ ਦਿਨ ਕੰਮ ਹੀ ਕਰਨਾ। ਤੁਸੀਂ ਤਾਂ ਆਉਂਦੇ ਹੀ ਫਾਈਲਾਂ ਨੂੰ ਚੁੰਬੜ ਗਏ। ਅੱਜ ਦੀ ਨਿਊਜ਼ ਸੁਣੀ ਸੇਵੇਰੇ ਟੀ.ਵੀ. ਤੋਂ।"

"ਸਾਡੇ ਵਾਲੀ ਲਾਈਨ ਵਿਚ ਰਾਤ ਦੀ ਹੀ ਬਿਜਲੀ ਹੈ ਨ੍ਹੀਂ। ਗੈਸਟ ਆਏ ਸੀ। ਕਾਹਲੀ-ਕਾਹਲੀ ਵਿਚ ਅਖ਼ਬਾਰ ਵੀ ਨ੍ਹੀਂ ਦੇਖ ਹੋਈ। ਕਿਤੇ ਗੋਲੀ ਚੱਲ ਗਈ? ਕਿੰਨੇ ਮਰ ਗਏ?" ਰਾਏ ਸਾਹਿਬ ਨੇ ਇਕਦਮ ਐਨਕਾਂ ਲਾਹੀਆਂ ਤੇ ਮੇਜ਼ 'ਤੇ ਰੱਖ ਦਿੱਤੀਆਂ। ਅਜਿਹੇ ਵੇਲੇ ਉਨ੍ਹਾਂ ਦੇ ਚਿਹਰੇ 'ਤੇ ਅਜੀਬ ਜਿਹੀ ਪੀਲੇਪਨ ਦੀ ਤਾਰ ਫਿਰ ਜਾਂਦੀ ਹੈ ਜਿਸ 'ਚ ਡਰ ਨਾਲੋਂ ਚਿੰਤਾ ਦੀ ਮਾਤਰਾ ਵਧੇਰੇ ਹੁੰਦੀ ਹੈ। ਆਵਾਜ਼ 'ਚ ਵੀ ਘਬਰਾਹਟ ਤੇ ਕਾਹਲਪਨ ਆ ਜਾਂਦਾ ਹੈ। ਪਿਛਲੇ ਦਿਨਾਂ ਤੋਂ ਅੱਤਵਾਦ ਦੀਆਂ ਘਟਨਾਵਾਂ ਕਰਕੇ ਉਹ ਕੁਝ ਜ਼ਿਆਦਾ ਹੀ ਚਿੰਤੁਤ ਰਹਿੰਦੇ ਸਨ।



www.PunjabiLibrary.com

"ਇਹ ਕਿਹੜੀ ਕੋਈ ਨਵੀ ਗੱਲ ਰਹਿ ਗਈ। ਗੋਲੀਆਂ ਤਾਂ ਰੋਜ਼ ਚਲਦੀਆਂ ਰਹਿੰਦੀਆਂ। ਨਿਊਜ਼ ਇਹ ਸੀ ਕਿ ਜਨਤਾ ਪਾਰਟੀ ਦੇ ਮੈਂਬਰਾਂ ਨੇ ਲੋਕ ਸਭਾ ਦੀ ਮੈਂਬਰੀ ਤੋਂ ਸਮੂਹਿਕ ਰੂਪ ਵਿਚ ਅਸਤੀਫ਼ੇ ਦੇ ਦਿੱਤੇ।"

"ਕਿੰਨਿਆਂ ਨੇ ?"

"ਸਾਰਿਆਂ ਨੇ।"

"ਇਹ ਤਾਂ ਇਲੈਕਸ਼ਨ ਸਟੰਟ ਹੋਇਆ ਨਾ। ਹੋਰ ਕੁਝ ਨ੍ਹੀਂ ਲੱਗਦਾ," ਉਨ੍ਹਾਂ ਦਾ ਕਾਂਗਰਸੀ ਮਨ ਬੋਲਿਆ।

"ਗੱਲ ਤਾਂ ਤੁਹਾਡੀ ਸੋਲ੍ਹਾਂ ਆਨੇ ਸੱਚੀ। ਵਾਕਿਆ ਹੀ ਤੁਹਾਡੀ ਸੋਚਣ ਸ਼ਕਤੀ ਬਹੁਤ ਤੇਜ਼ ਆ। ਮੇਨ ਪਵਾਇੰਟ ਨੂੰ ਇਕਦਮ ਕੈਚ ਕਰ ਲੈਂਣੇ। ਮੇਰਾ ਤਾਂ ਜੀਅ ਕਰਦਾ ਕਿ ਤੁਹਾਨੂੰ ਆਪਣਾ ਗੁਰੂ ਧਾਰ ਲਵਾਂ," ਇਕ ਵਾਰ ਫੇਰ ਗੋਡਿਆਂ ਨੂੰ ਹੱਥ ਲਾਉਂਦਾ ਉਹ ਬੋਲਿਆ।

"ਛੱਡੋ ਜੀ, ਆਹ ਗੱਲਾਂ।"

"ਨ੍ਹੀਂ ਜੀ-ਤੁਸੀਂ ਤਾਂ ਸਭ ਕੁਸ਼ ਹੋ। ਸਾਡੇ ਮਾਈ-ਬਾਪ। ਸਾਰਾ ਦਫਤਰ ਤੁਹਾਡੀ ਈਮਾਨਦਾਰੀ 'ਤੇ ਚਲਦਾ। ਵੱਡੇ ਸਾਹਿਬ ਤਾਂ ਆਏ ਜਾਂ ਨਾ ਆਏ ਇਕ ਬਰੋਬਰ ਸਮਝੋ। ਦੇਖਿਆ ਜਾਵੇ ਉਨ੍ਹਾਂ ਦੇ ਆਉਣ ਦਾ ਕਿਹੜਾ ਟਾਈਮ ਹੁੰਦਾ। ਸਾਡੇ ਜਾਣ ਦਾ ਸਮਾਂ ਹੁੰਦਾ ਤੇ ਉਨ੍ਹਾਂ ਦੇ ਆਉਣ ਦਾ। ਉਹ ਤੁਹਾਡਾ ਕਿਹਾ ਟਾਲਦੇ ਨ੍ਹੀਂ।" ਕਹਿੰਦਿਆਂ ਉਸ ਇਕ ਭਰਵੀਂ ਨਜ਼ਰ ਨਾਲ ਰਾਏ ਸਾਹਿਬ ਵੱਲ ਦੇਖਿਆ। ਉਸ ਨੂੰ ਲੱਗਾ ਕਿ ਉਨ੍ਹਾਂ ਦਾ ਦਿਲ ਪਸੀਜ ਗਿਆ ਹੈ। ਅਜਿਹੇ ਮੌਕੇ ਨੂੰ ਉਹ ਕਦੇ ਵੀ ਹੱਥੋਂ ਨਹੀਂ ਜਾਣ ਦਿੰਦਾ ਸੀ। ਪੋਲਾ ਜਿਹਾ ਮੂੰਹ ਬਣਾਉਂਦਿਆਂ ਉਸ ਪੁੱਛਿਆ, "ਸੁਰਿੰਦਰਪਾਲ ਦੀ ਸੀਟ ਬਦਲਤੀ। ਉਹ ਤਾਂ ਬਹੁਤ ਹੀ ਬੀਬਾ ਮੁੰਡਾ। ਨਾ ਕਿਸੇ ਨੂੰ ਵੱਧ-ਘੱਟ ਕਹਿਣੀ ਤੇ ਨਾ ਹੀ ਕਿਸੇ ਦੀ ਗੱਲ ਵਿਚ ਆਉਣਾ। ਆਪਣੇ ਕੰਮ ਨਾਲ ਮਤਲਬ ਰੱਖਣਾ। ਜਿੰਨੀ ਗੱਲ ਪੁੱਛੋ, ਉੱਨਾ ਹੀ ਜੁਆਬ ਦਿੰਦਾ। ਕਿਸੇ ਕੰਮ ਲਈ ਜਾਓ ਤਾਂ ਅੱਗੋਂ ਆਪਣੀ ਕੁਰਸੀ ਛੱਡ ਕੇ ਖੜਾ ਹੋ ਜਾਂਦਾ। ਬੜਾ ਨੇਕ ਮੁੰਡਾ। ਜਿਸ ਸੀਟ 'ਤੇ ਤੁਸੀਂ ਲਗਾਇਆ, ਉਸ ਕੋਈ ਉਲਾਂਭਾ ਨ੍ਹੀਂ ਲਿਆ। ਸਾਰੇ ਕਹਿੰਦੇ ਸਨ—ਰਾਏ ਸਾਹਿਬ ਨੇ ਚੋਣ ਵਧੀਆ ਕੀਤੀ।"

"ਮੁੰਡਾ ਤਾਂ ਸ਼ੁੱਧ ਏ—ਟਿਕਣ ਨ੍ਹੀਂ ਦਿੰਦੇ..।"

"ਫੇਰ ਆਹ ਕਿਵੇਂ ਹੋਇਆ ?"

"ਮੈਨੂੰ ਤਾਂ ਆਪ ਇਸ ਗੱਲ ਦਾ ਕੋਈ ਪਤਾ ਨ੍ਹੀਂ ਲੱਗਾ। ਆਉਂਦਿਆਂ ਹੀ ਆਰਡਰਾਂ ਦੀ ਕਾਪੀ ਮੇਰੇ ਸ਼ੀਸ਼ੇ ਥੱਲੇ ਪਈ ਸੀ। ਸਭ ਕੁਸ਼ ਮੇਰੇ ਜਾਣ ਤੋਂ ਬਾਅਦ ਹੋਇਆ। ਮੈਥੋਂ ਪੁੱਛਿਆ ਵੀ ਨ੍ਹੀਂ ਪਿਆ। ਸਟੈਨੋ ਨੂੰ ਅੰਦਰ ਬੁਲਾਇਆ ਤੇ ਚਲ ਮੇਰੇ ਭਾਈ ਆਰਡਰ ਟਾਈਪ ਹੋ ਗਏ। ਬਾਕੀ ਤੇਰੇ ਬਾਬੂ ਨੂੰ ਪਤਾ ਹੋਣਾ।"

"ਮੇਰੇ ਬਾਬੂ ਨੂੰ..ਮੈਨੂੰ ਤਾਂ ਇਸ ਗੱਲ ਦੀ ਕੋਈ ਸਮਝ ਨ੍ਹੀਂ ਲੱਗੀ।"

"ਇਸ ਗੱਲ ਦਾ ਤਾਂ ਤੈਨੂੰ ਪਤਾ ਕਿ ਅੱਜ ਕਲ੍ਹ ਤੇਰੇ ਬਾਬੂ ਦੀ ਅੰਦਰ ਪੂਰੀ ਚੱਲਦੀ। ਪ੍ਰਚੇਜ਼ ਦਾ ਸਾਰਾ ਕੰਮ ਜਿਉਂ ਉਸ ਕੋਲ ਹੋਇਆ। ਪਰਸੈਂਟੇਜ਼ ਚਲਦੀ। ਬਾਕੀ ਤੂੰ



ਆਪ ਸਿਆਣਾ।"

"ਗੱਲ ਤਾਂ ਤੁਹਾਡੀ ਬਿਲਕੁਲ ਠੀਕ ਆ। ਵਾਕਿਆ ਹੀ ਰਾਏ ਸਾਹਿਬ ਜੋ ਤੁਸੀਂ ਅੰਦਰੋਂ ਹੋ, ਉਹੀ ਬਾਹਰੋਂ। ਤੁਹਾਡੇ ਵਰਗੇ ਸਾਹਿਬ ਲੋਕ ਘੱਟ ਮਿਲਦੇ। ਨਾ ਕਿਸੇ ਦੀ ਨਿੰਦਿਆ, ਨਾ ਕਿਸੇ ਦੀ ਚੁਗਲੀ, ਬੱਸ ਆਪਣੇ ਕੰਮ ਨਾਲ ਮਤਲਬ ਰੱਖਣਾ।"

"ਵਕੀਲ ਸਾਹਿਬ ਆਪਾਂ ਤਾਂ ਵਕਤ ਨੂੰ ਧੱਕਾ ਦਈਦਾ।"

"ਇਹ ਗੱਲ ਨ੍ਹੀਂ ਜੀ। ਸਾਰਾ ਦਫਤਰ ਤੁਹਾਡੀ ਹਾਂ ਨੂੰ ਆਪਣੀ ਹਾਂ ਮੰਨਦਾ। ਮੇਰੇ ਲਈ ਤਾਂ ਤੁਸੀਂ ਪਹਿਲਾਂ ਹੋ। ਬਾਬੂ ਤਾਂ ਬਾਅਦ ਵਿਚ ਆਉਂਦਾ। ਤੁਹਾਡੇ ਵਰਗੇ ਸਾਹਿਬ ਕਿਤੇ ਮਿਲਦੇ ਆ ਅੱਜ ਕਲ੍ਹ। ਪੂਰੇ ਨੌਂ ਵਜੇ ਕੁਰਸੀ 'ਤੇ ਆ ਬੈਠਣਾ ਤੇ ਉਠਣਾ ਵੀ ਪੰਜ ਤੋਂ ਪਹਿਲਾਂ ਨ੍ਹੀਂ। ਸਾਡਾ ਬਾਬੂ ਤਾਂ ਗਿਆਰਾਂ ਵਜੇ ਤੋਂ ਪਹਿਲਾਂ ਕਦੇ ਵੀ ਨ੍ਹੀਂ ਆਇਆ। ਇਕ ਘੰਟਾ ਬੈਠਿਆ। ਸਿਗਰੇਟਾਂ ਫੂਕੀਆਂ ਤੇ ਚਲ ਮੇਰੇ ਭਾਈ..।"

ਅੱਗੋਂ ਵੱਡੇ ਸਾਹਿਬ ਦਾ ਸੁਨੇਹਾ ਆ ਗਿਆ ਸੀ ਤੇ ਰਾਏ ਸਾਹਿਬ ਪੈਂਡ ਤੇ ਪੈਨ ਲੈ ਕੇ ਉਨ੍ਹਾਂ ਦੇ ਕਮਰੇ ਵਿਚ ਚਲੇ ਗਏ।

•

ਉਸ ਦਾ ਬਾਬੂ ਅਜੇ ਆਇਆ ਨਹੀਂ ਸੀ।

ਉਸ ਆਪਣਾ ਅਸੂਲ ਬਣਾ ਰੱਖਿਆ ਸੀ। ਨੋ ਬਾਬੂ ਨੋ ਵਰਕ।

ਬਾਬੂ ਆਉਂਦਾ ਤਾਂ ਉਸ ਦੇ ਪੈੱਨ ਦਾ ਢੱਕਣ ਖੁੱਲ੍ਹਦਾ। ਉਹ ਕੋਹਲੂ ਜੁੜੇ ਬਲਦ ਵਾਂਗੂ ਫਾਈਲਾਂ 'ਚ ਗੁਆਚ ਜਾਂਦਾ। ਵਾਰ-ਵਾਰ ਰਿਕਾਰਡ ਕੀਪਰ ਨੂੰ ਆਵਾਜ਼ ਮਾਰਦਾ। ਝਟਪਟ ਫਾਈਲਾਂ ਲਿਆਉਣ ਲਈ ਹੁਕਮ ਦਿੰਦਾ। ਦੋ ਮਿੰਟ ਲੱਗੇ ਨਹੀਂ ਕਿ ਉਹ ਉਠ ਕੇ ਆਪ ਜਾਂਦਾ। ਝਿੜਕਦਿਆਂ ਕਹਿੰਦਾ, "ਲੈ-ਅਜੇ ਤਾਈਂ ਤੈਨੂੰ ਫਾਈਲਾਂ ਨੂੰ ਤਰਤੀਬ ਦੇਣੀ ਵੀ ਨ੍ਹੀਂ ਆਈ। ਕਾਕਾ ਕੰਮ ਕਰਨ ਦੇ ਵੀ ਆਪਣੇ ਤੌਰ-ਤਰੀਕੇ ਹੁੰਦੇ। ਬਾਬੂ ਨੂੰ ਜਾ ਲੈਣ ਦੇ। ਫੇਰ ਆਪਣੇ ਕੋਲ ਬਥੇਰਾ ਟਾਈਮ ਹੋਊ। ਮੈਂ ਤੈਨੂੰ ਸਾਰੇ ਟਰਿੱਕ ਸਮਝਾਊਂਗਾ। ਮੇਰੇ ਕਹੇ ਦਾ ਐਵੇਂ ਗੁੱਸਾ ਨਾ ਕਰ ਬੈਠੀਂ। ਮੇਰੇ ਮਨ ਵਿਚ ਕੁਸ਼ ਨ੍ਹੀਂ। ਇਕ ਵਾਰ ਜਿਸ ਮੇਰੇ ਨਾਲ ਕੰਮ ਕੀਤਾ, ਦੂਜੀ ਸੀਟ 'ਤੇ ਜਾ ਕੇ ਉਹ ਟਿਕ ਨ੍ਹੀਂ ਸਕਿਆ। ਟਿਕੂ ਵੀ ਕਿਵੇਂ। ਪੂਰੀ ਐਸ਼ ਕਰਾਈਦੀ। ਬਾਕੀ ਆਪਣਾ ਬਾਬੂ ਤਾਂ ਹੋਇਆ ਉਡਣਾ ਸੱਪ। ਇਸੇ ਤੋਂ ਬਚਣ ਦੀ ਲੋੜ ਆ। ਜੇ ਆਪਾਂ ਇਕੱਠੇ ਤਾਂ ਉਹ ਆਪਣਾ ਕੁਸ਼ ਨ੍ਹੀਂ ਵਿਗਾੜ ਸਕਦਾ। ਇਹ ਤੇਰਾ ਮੇਰਾ ਧਰਮ ਰਿਹਾ। ਆਪਣੀ ਕਿਸੇ ਵੀ ਗੱਲ ਦਾ ਉਸ ਨੂੰ ਪਤਾ ਨਾ ਲੱਗੇ। ਆਪਾਂ ਭਾਵੇਂ ਆਪਸ ਵਿਚ ਜੁੱਤੀ-ਪਤਾਣ ਕਿਉਂ ਨਾ ਹੋਈਏ। ਆਖਰ ਕੁਲੀਗ ਆਂ। ਇਕ-ਦੂਜੇ ਦੇ ਦੁੱਖ-ਸੁੱਖ ਵਿਚ ਕੰਮ ਆ ਸਕਦੇ। ਤੂੰ ਗੱਲ ਨੂੰ ਚੰਗੀ ਤਰ੍ਹਾਂ ਸਮਝਿਆ ਕਰ। ਮੇਰੀ ਤਾਂ ਸਾਰੀ ਜ਼ਿੰਦਗੀ ਬੀਤ ਗਈ। ਸਰਵਿਸ ਥੋੜ੍ਹੀ ਰਹਿ ਗਈ। ਤੇਰੀ ਤਾਂ ਅਜੇ ਸ਼ੁਰੂਆਤ। ਕੋਈ ਗੱਲ ਨ੍ਹੀਂ। ਮੈਂ ਜਿਉਂ ਬੈਠਾ, ਮੈਂ ਤੈਨੂੰ ਸਾਰੇ ਗੁਰ ਸਿਖਾਊਂਗਾ। ਸਾਰੀ ਉਮਰ ਮੈਨੂੰ ਯਾਦ ਰੱਖੇਗਾ।..ਠੀਕ..।" ਉਹ ਗੱਲਾਂ ਕਰਦਾ—ਕਰਦਾ ਹੀ ਫਾਈਲ ਹੱਥ 'ਚ ਫੜੀ ਆਪਣੀ ਸੀਟ 'ਤੇ ਆ ਜਾਂਦਾ।

ਕੰਮ ਕਰਨ ਨੂੰ ਤਾਂ ਉਸ ਦਾ ਮਨ ਰਾਜ਼ੀ ਨਹੀਂ ਹੋ ਰਿਹਾ ਸੀ। ਉਸ ਰਿਕਾਰਡ ਕੀਪਰ ਨੂੰ ਫਾਈਲਾਂ ਰੱਖਣ ਦਾ ਇਸ਼ਾਰਾ ਕੀਤਾ ਤੇ ਉਸ ਦੇ ਕੋਲ ਆਉਂਦਿਆਂ ਹੀ ਕਹਿਣ



www.PunjabiLibrary.com

ਲੱਗਾ, "ਕਾਕਾ ਜੀ! ਤੁਹਾਨੂੰ ਕਿੰਨੀ ਵਾਰ ਸਮਝਾਇਆ ਬਈ ਮੇਰੇ ਟੇਬਲ 'ਤੇ ਚਾਰ-ਪੰਜ ਫਾਈਲਾਂ ਰਹਿਣ ਦਿਆ ਕਰ। ਇਕ ਵਿਚੋਂ ਖੋਲ੍ਹ ਕੇ ਰੱਖਤੀ। ਜੇ ਕੋਈ ਉਪਰੋਂ ਆ ਜਾਵੇ ਤਾਂ ਪਤਾ ਲੱਗ ਜਾਂਦਾ ਕਿ ਅਗਲਾ ਕੰਮ ਕਰਦਾ। ਬੱਲਿਆ ਨੌਕਰੀ ਕਰਨ ਦੇ ਵੀ ਕੁਸ਼ ਆਪਣੇ ਨੁਕਤੇ ਹੁੰਦੇ। ਸਰਕਾਰੀ ਕੰਮ ਵੀ ਕਦੇ ਮੁੱਕਿਆ? ਕਰੀ ਜਾਓ ਤਾਂ ਵਧੀ ਜਾਊਗਾ। ਆਪਾਂ ਤਾਂ ਬੱਸ ਡਾਇਰੈਕਟਰ ਦੀ ਡਾਕ ਡੀਲ ਕਰਨੀ। ਬਾਕੀ ਦਿਆਂ ਦੀ ਐਸੀ ਦੀ ਤੈਸੀ..।"

ਅਜੇ ਉਸ ਫਲੈਪਰ ਖੋਲ੍ਹਿਆ ਹੀ ਸੀ ਕਿ ਬਾਥਰੂਮ ਵੱਲ ਸੁਰਿੰਦਰਪਾਲ ਨੂੰ ਜਾਂਦਿਆਂ ਦੇਖ ਕੇ ਆਵਾਜ਼ ਦਿੱਤੀ, "ਮੇਰੀ ਸਰਕਾਰ, ਸਾਡੇ ਨਾਲ ਕੋਈ ਨਾਰਾਜ਼ਗੀ। ਐਦਾਂ ਅੱਖ ਬਚਾ ਕੇ ਲੰਘੀ ਜਾ ਰਹੇ ਹੋ। ਗੱਲ ਤਾਂ ਸੁਣੋ। ਐਦਾਂ ਤਾਂ ਨ੍ਹੀਂ ਸਰਨਾ। ਹੱਥ ਮਿਲਾਉਣੋ ਵੀ ਗਏ ਗੁਜ਼ਰੇ। ਆਖਰ ਕੁਲੀਗ ਆਂ। ਕੋਈ ਐਰਾ-ਗੈਰਾ ਨੱਥੂ ਖੈਰਾ ਤਾਂ ਨ੍ਹੀਂ।"

"ਪਲੀਜ਼ ਇਕ ਮਿੰਟ ਆਇਆ," ਸੁਰਿੰਦਰਪਾਲ ਨੇ ਬਿਨਾਂ ਰੁਕਿਆਂ ਹੀ ਕਿਹਾ।

•

ਸੁਰਿੰਦਰਪਾਲ ਦੇ ਮੁੜ ਕੇ ਆਉਂਦਿਆਂ ਹੀ ਉਸ ਰਿਕਾਰਡ ਕੀਪਰ ਨੂੰ ਸੇਵਾਦਾਰ ਨੂੰ ਬੁਲਾਉਣ ਲਈ ਕਿਹਾ। ਅਜੇ ਉਹ ਜਾ ਹੀ ਰਿਹਾ ਸੀ ਕਿ ਪਿੱਛੋਂ ਫੇਰ ਆਵਾਜ਼ ਮਾਰ ਲਈ," ਲੈ ਪੈਸੇ ਫੜ, ਅਸੀਂ ਪਿਛਲੇ ਕਮਰੇ ਵਿਚ ਬੈਠੇ ਆਂ। ਆਪਣਾ ਕੱਪ ਇਥੇ ਰੱਖ ਲਈਂ ਤੇ ਸਾਡੇ ਉਥੇ ਪਹੁੰਚਾ ਦਈਂ। ਜੇ ਕੋਈ ਪੁੱਛੇ ਤਾਂ ਕਹਿ ਦਈਂ—ਕੋਈ ਕੇਸ ਡੀਲ ਕਰਦੇਂ। ਬਾਕੀ ਤੂੰ ਆਪ ਬਹੁਤ ਸਿਆਣਾ..।"

ਪਿਛਲੇ ਕਮਰੇ ਵਿਚ ਜਾਂਦਿਆਂ ਹੀ ਉਸ ਪੱਖਾ ਫੁੱਲ ਸਪੀਡ 'ਤੇ ਕਰ ਦਿੱਤਾ। ਕੁਰਸੀ ਖਿੱਚ ਕੇ ਹੈਰਾਨੀ ਪ੍ਰਗਟ ਕਰਦਿਆਂ ਪੁੱਛਿਆ, "ਯਾਰ, ਆਹ ਸਭ ਕੁਸ਼ ਕਿਵੇਂ ਹੋ ਗਿਆ?"

"ਤੁਹਾਨੂੰ ਪਤਾ ਹੀ ਆ।"

"ਮੈਨੂੰ ਪਤਾ ਆਪਣੀ ਮਾਂ ਸਿਰ। ਜੇ ਪਤਾ ਹੁੰਦਾ ਤਾਂ ਤੇਰੇ ਕੋਲੋਂ ਪੁੱਛਣ ਦੀ ਕੀ ਲੋੜ ਸੀ।"

"ਮੈਨੂੰ ਤਾਂ ਇਹ ਆਸ ਨ੍ਹੀਂ ਸੀ।"

"ਆਸ ਤਾਂ ਮੈਨੂੰ ਵੀ ਨ੍ਹੀਂ ਸੀ। ਸੁਣਿਆ ਤਾਂ ਇਤਬਾਰ ਨ੍ਹੀਂ ਆਇਆ। ਮੈਨੂੰ ਬਜਾਜ ਕੋਲੋਂ ਪਤਾ ਲੱਗਾ। ਮੈਂ ਕਿਹਾ ਇਹ ਤਾਂ ਹੋ ਹੀ ਨ੍ਹੀਂ ਸਕਦਾ। ਰਾਏ ਸਾਹਿਬ ਦੇ ਆਪਣੇ ਖ਼ਾਸ ਬੰਦੇ ਦੀ ਸੀਟ ਕਿਵੇਂ ਬਦਲ ਸਕਦੀ। ਉਸ ਮੈਨੂੰ ਆਰਡਰ ਪੜ੍ਹਾਤੇ।"

"ਮੈਨੂੰ ਤਾਂ ਇਹੋ ਪਤਾ ਲੱਗਾ ਸੀ ਕਿ ਸਾਰੀ ਚਾਲ ਤੁਹਾਡੀ ਬ੍ਰਾਂਚ ਦੀ ਸੀ।"

"ਬ੍ਰਾਂਚ ਦੀ ਨਾ ਕਹਿ। ਐਨਾ ਜ਼ੁਲਮ ਨਾ ਕਰ ਛੋਟੇ ਭਾਈ। ਬਾਬੂ ਦੀ ਕਹਿ ਤਾਂ ਮੈਂ ਮੰਨ ਸਕਦਾਂ। ਉਹ ਆਪਣੀ ਭੈਣ ਦਾ ਖਸਮ। ਕਿਸੇ ਦਾ ਮਿੱਤ ਨ੍ਹੀਂ। ਸਾਰੇ ਦਫ਼ਤਰ ਵਿਚ ਕੋਈ ਉਸ ਨੂੰ ਪਸੰਦ ਨ੍ਹੀਂ ਕਰਦਾ? ਸਾਲਾ ਕਾਲਾ ਅੰਗਰੇਜ਼। ਮੂੰਹ ਦਾ ਮਿੱਠਾ, ਅੰਦਰੋਂ ਸੱਪ ਨਾਲੋਂ ਵੀ ਜ਼ਹਿਰੀ। ਮੇਰੀ ਤਾਂ ਆਤਮਾ ਰੋਂਦੀ ਏ ਇਸ ਸੀਟ 'ਤੇ। ਪਰ ਕੀਤਾ ਵੀ ਕੀ ਜਾ ਸਕਦਾ? ਨੌਕਰੀ ਦਾ ਮਾਮਲਾ। ਕਰਨੀ ਹੀ ਪੈਣੀ। ਨਿਆਣੇ ਜੋ ਪਾਲਣੇ ਹੋਏ। ਕਈ ਵਾਰ ਮਨ ਵਿਚ ਆਉਂਦਾ। ਕਿਤੇ ਬਦਲੀ ਕਰਵਾ ਲਈਏ। ਫੇਰ ਸੋਚੀਦਾ। ਦੜ ਵੱਟ ਜ਼ਮਾਨਾ ਕੱਟ



ਬੀਬੀ-ਘਰ ਬੈਠੇ ਆ। ਝੁੰਗੇ ਵਿਚੋਂ ਦੋ ਸਾਲ ਵੀ ਨ੍ਹੀਂ ਰਹੇ। ਕਿਤੇ ਦੂਰ ਜਾ ਸੁੱਟ ਦਿੱਤਾ ਤਾਂ ਬਸਾਂ ਦਾ ਕਿਰਾਇਆ ਨ੍ਹੀਂ ਮਾਨ। ਨਾਲ ਹੀ ਸੌ ਕਜੀਏ ਵੱਖ। ਸੋ ਜੋ ਉਹ ਕਹਿੰਦਾ, ਮੈਨੂੰ ਕਰਨਾ ਪੈਂਦਾ। ਸੁਣਨਾ ਪੈਂਦਾ।

"ਪਰ..।"

"ਦੇਖ ਆਪਾਂ ਤਾਂ ਸਾਰੇ ਕਲਰਕ ਹੋਏ। ਜੇ ਮੈਂ ਅਸਿਸਟੈਂਟ ਵੀ ਆਂ ਤਾਂ ਵੀ ਆਪਣੇ ਆਪ ਨੂੰ ਕਲਰਕ ਸਮਝਦਾ।"

"ਗੱਲ ਤਾਂ ਤੁਹਾਡੀ ਮੰਨਣ ਵਿਚ ਆਉਂਦੀ..।"

"ਕੋਈ ਗੱਲ ਨ੍ਹੀਂ। ਤੂੰ ਮਨ ਨੂੰ ਨਾ ਲਾਈਂ। ਤੈਨੂੰ ਨਵੀਂ ਸੀਟ ਮਿਲੀ। ਕੁਸ਼ ਦਿਨ ਔਖ ਹੋਊਗੀ-ਫੇਰ ਆਪੇ ਗੱਡੀ ਚੱਲ ਪੈਣੀ। ਫੇਰ ਵੀ ਜੇ ਕੋਈ ਔਖ ਆਈ ਤਾਂ ਮੈਨੂੰ ਦੱਸ ਦੇਈਂ। ਮੈਂ ਵੀ ਦੋ ਸਾਲ ਇਸ ਸੀਟ 'ਤੇ ਕੰਮ ਕੀਤਾ..।"

•

ਬਾਬੂ ਦੇ ਕਮਰੇ 'ਚ ਆਉਂਦਿਆਂ ਹੀ ਉਸ ਸੇਵਾਦਾਰ ਦੇ ਹੱਥੋਂ ਪਾਣੀ ਦਾ ਗਲਾਸ ਲੈ ਕੇ ਅਗਾਂਹ ਕਰਦਿਆਂ ਕਿਹਾ, "ਲਉ ਜੀ, ਤੁਸੀਂ ਕਮਰੇ ਵਿਚ ਨਾ ਹੋਵੇ ਤਾਂ ਮੇਰਾ ਦਿਲ ਹੀ ਨ੍ਹੀਂ ਲੱਗਦਾ। ਹੁਣ ਤੁਸੀਂ ਆ ਗਏ-ਮਾਨੋ ਕਮਰੇ ਵਿਚ ਬਹਾਰ ਆ ਗਈ। ਹੁਣ ਤਾਂ ਟਾਈਮ ਚੁਟਕੀ ਨਾਲ ਲੰਘ ਜਾਊ।"

"ਆਹ ਹੀ ਅੱਜ ਦੀ ਡਾਕ। ਕੋਈ ਜ਼ਰੂਰੀ ਕੇਸ ਤਾਂ ਨ੍ਹੀਂ ਪਿਆ ਕੱਢਣ ਵਾਲਾ।"

"ਇਥੇ ਤਾਂ ਸਾਰੇ ਕੇਸਾਂ ਨੂੰ ਅੱਗ ਲੱਗੀ ਰਹਿੰਦੀ। ਇਕ ਨੂੰ ਡੀਲ ਕਰੋ-ਪੰਜ ਹੋਰ ਆ ਖੜਦੇ। ਦੱਸੋ-ਨਾਸ਼ਤਾ ਕਰਨਾ ਕਿ ਨ੍ਹੀਂ? ਘਰੋਂ ਤਾਂ ਛੇ ਵਜੇ ਦੇ ਤੁਰੇ ਹੋਣੇ। ਉਦਾਂ ਮੈਂ ਘਰੋਂ ਚਾਰ ਪਰੌਂਠੇ ਲਿਆਇਆਂ-ਮੂਲੀਆਂ ਵਾਲੇ। ਬੋਲੋ ਕੀ ਹੁਕਮ ਆ ਫੇਰ?"

"ਅੱਛਾ..ਮੂਲੀਆਂ ਵਾਲੇ ਪਰੌਂਠੇ। ਫੇਰ ਤਾਂ ਚਾਹ ਅਵੱਸ਼। ਪੈਸੇ..।"

"ਅੱਗੇ ਵੀ ਤੁਹਾਡੇ ਹੀ ਪੈਸੇ ਖਰਚਾਈਦੇ।"

ਜਦੋਂ ਪਿੱਛੇ ਇਕ ਬੁਰਕੀ ਰਹਿ ਗਈ ਤਾਂ ਉਸ ਗੱਲ ਛੇੜੀ, "ਕੱਢ ਦਿੱਤਾ ਨਾ ਕੰਢਾ ਫੇਰ ਦੋਹਾਂ ਦਾ।"

ਅੱਗੋਂ ਉਸ ਦਾ ਬਾਬੂ ਹੱਸ ਪਿਆ।

"ਸੁਰਿੰਦਰਪਾਲ ਤਾਂ ਉਡਣਾ ਸੱਪ ਨਿਕਲਿਆ। ਸੌਰਿਆ 'ਰਾਮ ਨਾਲ ਖਾਈ ਜਾ। ਅੱਗੋਂ ਅੱਖਾਂ ਦਿਖਾਉਣ ਲੱਗਾ। ਰਾਏ ਸਾਹਿਬ ਕਰ ਕੇ। ਪਰ ਸਾਡੇ ਬਾਬੂ ਨਾਲ ਮੱਥਾ ਲਾ ਕੇ ਕਿੱਥੇ ਜਾਣਾ ਸੀ। ਦੋਵੇਂ ਪੂੰਝ ਕੇ ਰੱਖਤੇ ਨਾ।"

ਦੋਵੇਂ ਖੀਂਅ-ਖੀਂਅ ਕਰ ਕੇ ਹੱਸਦੇ ਰਹੇ।

"ਉਸ ਦੀ ਸੀਟ 'ਤੇ ਕਿਹਨੂੰ ਲਾ ਰਹੇ ਹੋ?"

"ਵਕੀਲ ਸਾਹਿਬ, ਤੁਸੀਂ ਦੱਸੋ।"

"ਐਦਾਂ ਕਰੋ, ਅਸ਼ੋਕ ਦੀ ਪ੍ਰੋਪੋਜ਼ਲ ਬਣਾਓ।"

"ਮੈਂ ਵੀ ਬਸ ਵਿਚ ਬੈਠਾ ਇਹੋ ਸੋਚਦਾ ਆ ਰਿਹਾ ਸੀ।"

ਹੁਣ ਉਹ ਆਪਣੀ ਸੀਟ 'ਤੇ ਆ ਬੈਠਿਆ ਸੀ ਤੇ ਕੋਈ ਕੇਸ ਪੜ੍ਹ ਰਿਹਾ ਸੀ।



www.PunjabiLibrary.com

ਕਾਹਲੀ-ਕਾਹਲੀ ਲਿਖ ਰਿਹਾ ਸੀ। ਆਪਣੇ ਬਾਬੂ ਦੇ ਬੈਠਿਆਂ ਸਾਰੀ ਡਾਕ ਮੁਕਾ ਦੇਣੀ ਚਾਹੁੰਦਾ ਸੀ। ਅਜਿਹੇ ਵੇਲੇ ਉਹ ਵਾਰ-ਵਾਰ ਪੈੱਨ ਖੋਲ੍ਹਦਾ, ਬੰਦ ਕਰਦਾ, ਪਿਛਲੀ ਨੋਕ ਨਾਲ ਠਕ-ਠਕ ਦੀ ਆਵਾਜ਼ ਪੈਦਾ ਕਰਦਾ ਤੇ ਬਰੋਬਰ ਬੁੜਬੁੜਾਉਂਦਾ ਰਹਿੰਦਾ। ਉਹ ਇਸ ਜਿੱਤ ਨਾਲ ਅਨੰਦਿਤ ਹੋਇਆ ਪਿਆ ਸੀ। ਉਸ ਦੇ ਰਾਹ ਦਾ ਕੰਡਾ ਜਿਉਂ ਇਕ ਖੂੰਜੇ ਜਾ ਲੱਗਾ ਸੀ। ਉਪਰੋਂ ਕੋਈ ਬੋਲਣ ਜੋਗਾ ਰਿਹਾ ਨਹੀਂ ਸੀ। ਵਿਚ-ਵਿਚ ਉਹ ਆਪਣੇ ਬਾਬੂ ਵੱਲ ਵੀ ਸਰਸਰੀ ਜਿਹੀ ਨਜ਼ਰ ਮਾਰ ਲੈਂਦਾ। ਬਾਬੂ ਨੇ ਸਿਗਰੇਟ ਲਾਈ ਹੋਈ ਸੀ। ਐਨਕ ਲਾਹ ਕੇ ਸ਼ੀਸ਼ੇ ਉਪਰ ਰੱਖੀ ਹੋਈ ਸੀ।

"ਸਾਲਾ ਸੱਪ..," ਅਚੇਤ 'ਚ ਹੀ ਉਸ ਦੇ ਮੂੰਹੋਂ ਨਿਕਲਿਆ।

"ਕਿੱਥੇ ਹੈ ਸੱਪ ?" ਬਾਬੂ ਨੇ ਤ੍ਰਭਕ ਕੇ ਪੁੱਛਿਆ।

ਉਹ ਉਸੇ ਰੌਅ 'ਚ ਬੋਲੀ ਗਿਆ, "ਐਵੇਂ ਲੋਕੀ ਬਕਵਾਸ ਕਰਦੇ ਰਹਿੰਦੇ। ਆਹ ਦੇਖੋ ਤਾਂ ਆਪਣਾ ਭੇਜਿਆ ਹੋਇਆ ਜੁਆਬ। ਟੂ ਦੀ ਪੁਆਇੰਟ। ਇਕ ਵਾਰ ਤਾਂ ਤਸੱਲੀ ਕਰਾਤੀ। ਅਸੀਂ ਕਿਸੇ ਨਾਲ ਕਦੇ ਕੋਈ ਮਾੜੀ ਤਾਂ ਨ੍ਹੀਂ ਕੀਤੀ..।"

ਅਗਾਂਹ ਉਹ ਆਈ ਹੋਈ ਚਿੱਠੀ ਦਾ ਹਵਾਲਾ ਸੁਣਾਉਣ ਲੱਗਾ।

"ਅੱਛਾ..ਅੱਛਾ..,"ਬਾਬੂ ਨੇ ਰਾਹਤ ਮਹਿਸੂਸ ਕਰਦਿਆਂ ਉਸ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਹੁੰਗਾਰਾ ਭਰਿਆ।



# ਕਾਲੀ ਧੁੱਪ

ਰੇਤਾ ਹੀ ਰੇਤਾ। ਕਿਤੇ-ਕਿਤੇ ਸੋਨੇ ਵਾਂਗ ਚਮਕਦੀ। ਕਿਤੇ-ਕਿਤੇ ਪਾਣੀ ਵਾਂਗ ਵਗਦੀ। ਕਿਤੇ-ਕਿਤੇ ਹਿਮਾਲਿਆ ਬਣਦੀ। ਕਿਤੇ-ਕਿਤੇ ਤਰਾਈ।

ਚੁੱਪ। ਕ੍ਰੋਪੀ ਚੁੱਪ। ਮੌਤ ਨਾਲੋਂ ਵੀ ਉਦਾਸ ਚੁੱਪ।

ਧੁੱਪ ਹੀ ਧੁੱਪ। ਅੱਗ ਵਰਸਾਉਂਦੀ ਧੁੱਪ।

ਨਾ ਕੋਈ ਸ਼ਹਿਰ। ਨਾ ਕੋਈ ਕਸਬਾ। ਨਾ ਕੋਈ ਬਸਤੀ। ਨਾ ਕੋਈ ਪਿੰਡ। ਨਾ ਕੋਈ ਫਿਰਨੀ। ਨਾ ਕੋਈ ਰਾਹ। ਨਾ ਕੋਈ ਪੈਹਾ।

ਉਜਾੜ ਹੀ ਉਜਾੜ। ਨਾ ਕੋਈ ਮੋਟਰ ਪੰਪ। ਨਾ ਕੋਈ ਇੰਜਣ। ਨਾ ਕੋਈ ਖੂਹ ਖਾਈ। ਨਾ ਹੀ ਹਰਾ। ਨਾ ਹੀ ਸੁੱਕਾ। ਨਾ ਕੋਈ ਟੋਬਾ-ਛੋਬਾ। ਨਾ ਕੋਈ ਰੁੱਖ। ਨਾ ਕੋਈ ਝਾੜੀ। ਨਾ ਕੋਈ ਬੂਟਾ। ਨਾ ਕੋਈ ਘਾਹ ਫੂਸ।

ਸਿਰ ਦੇ ਚੀਰ ਗੱਬ੍ਹੇ ਆਇਆ ਸੂਰਜ। ਤੱਤੀ ਵਗਦੀ ਲੋਅ। ਕਦੀ ਵਾਵਰੋਲਾ ਬਣਦੀ। ਕਦੀ ਹਨ੍ਹੇਰੀ ਬਣਦੀ। ਕਦੀ ਜ਼ਮੀਨ ਬਣਦੀ। ਕਦੀ ਅਸਮਾਨ ਬਣਦੀ।

ਤੀਹ ਆਦਮੀ। ਜਮ੍ਹਾਂ ਇੱਕ ਦਲਾਲ।

ਤੀਹਾਂ 'ਚੋਂ ਇੱਕ ਸੀ ਜੱਗੀ। ਉਮਰ ਇਹੋ ਹੀ ਕੋਈ ਚਾਲੀਆਂ-ਪੰਤਲੀਆਂ ਦੇ ਏੜ-ਗੇੜ 'ਚ।

ਅਪਟੂਡੇਟ ਟੈਰੀਕਾਟ ਦੀ ਵਰਦੀ। ਫ਼ੌਜੀ ਵਾਂਗ ਕੱਸ ਕੇ ਬੰਨ੍ਹੀਂ ਦਾਹੜੀ। ਕਾਲੇ ਰੰਗ ਦੀ ਫਿਫਟੀ। ਹਲਕੇ ਗੁਲਾਬੀ ਰੰਗ ਦੀ ਪੱਗ। ਮਾੜਕੂ ਜਿਹਾ ਜਿਸਮ। ਹੱਥ ਦੀ ਪਕੜ 'ਚ ਮਰ ਕੇ ਆਉਣ ਜੋਗੇ ਡੌਲੇ। ਪਰ ਸਨ ਫੌਲਾਦ ਹੀ। ਹੱਥਾਂ 'ਚ ਰਟਣ ਪਏ ਸਨ। ਡੌਲਿਆਂ 'ਚ ਭਰਵੀਆਂ ਗੁੱਲੀਆਂ ਪੈਂਦੀਆਂ ਸਨ।

ਮੁੜਕੋ ਮੁੜਕੀ ਹੋਇਆ ਤੇ ਭੇਡਾਂ ਦੇ ਪੇਸ਼ਾਬ ਨਾਲ ਉਪਰੋਂ-ਹੇਠੋਂ ਭਿੱਜਿਆ, ਲਿਬੜਿਆ ਉਹ ਟਰੱਕ 'ਚੋਂ ਛਾਲ ਮਾਰ ਕੇ ਉਤਰਿਆ। ਹਾਲਤ ਉਸ ਦੀ ਜੇਠ ਹਾੜ੍ਹ ਦੀ ਰੁੱਤੇ ਕੋਠੀ ਦੀ ਸਜ਼ਾ ਭੁਗਤ ਰਹੇ ਕੈਦੀ ਵਰਗੀ ਸੀ। ਪੈਂਟ ਦਾ ਰੰਗ ਫਿੱਕੇ ਹਰੇ ਤੋਂ ਭਿੱਜੀ ਹੋਈ ਤੂੜੀ ਵਰਗਾ ਹੋ ਗਿਆ ਸੀ।

ਹਵਾ ਦੇ ਬੁੱਲ੍ਹੇ ਨੇ ਸਾਹ ਜ਼ਰਾ ਸੌਖਾ ਕੀਤਾ ਸੀ। ਟਰੱਕ ਦੀ ਉਪਰਲੀ ਛੱਤ 'ਚ



www.PunjabiLibrary.com

ਭੇਡਾਂ ਸਨ ਤੇ ਹੇਠਾਂ ਉਹ। ਤਰਿਪ-ਤਰਿਪ ਭੇਡਾਂ ਦਾ ਪੇਸ਼ਾਬ ਚੋਂਦਾ ਰਿਹਾ ਸੀ। ਉਪਰੋਂ ਫ਼ੌਜੀ ਕਪਤਾਨ ਵਾਂਗ ਤੁਰਨ ਤੋਂ ਪਹਿਲਾਂ ਦਿੱਤੀ ਦਲਾਲ ਦੀ ਕਰੜੀ ਚਿਤਾਵਨੀ, "ਬੋਲਣਾ ਕਿਸੇ ਨਾ। ਐਵੇਂ ਸ਼ੱਕ ਪੈ ਜਾਊ। ਆਪਾਂ ਤਾਂ ਇਧਰੋਂ ਚੋਰੀ ਚੋਰੀ ਨਿਕਲ ਜਾਣਾ। ਤੁਹਾਨੂੰ ਗੱਲ ਕਰਨ ਦੀ ਲੋੜ ਨ੍ਹੀਂ। ਫੇਰ ਵੀ ਜੇ ਰਿਹਾ ਨਾ ਗਿਆ ਤਾਂ ਬੱਸ ਕੰਨ ਕੋਲ ਮੂੰਹ ਲੈਜਾਉ। ਕਹਿੰਦੇ ਨੇ ਕਿ ਪੰਜਾਬੀ ਦੀ ਜ਼ੁਬਾਨ ਨ੍ਹੀਂ ਰਹਿੰਦੀ ਤੇ ਮਦਰਾਸੀ ਦੀ..ਨ੍ਹੀਂ ਤੇ ਫੇਰ ਨਾ ਕਹਿਣਾ ਬਣੀ-ਬਣਾਈ ਖੂਹ ਵਿਚ ਪੈ ਗਈ। ਨੌਂ ਕੁ ਘੰਟਿਆਂ ਦਾ ਵਿੱਚੋਂ ਸਫਰ ਆ ਸਾਰਾ..ਕੀ ਪਤਾ ਲੱਗਦਾ।" ਨੇ ਉਨ੍ਹਾਂ ਦੀ ਜ਼ੁਬਾਨ ਨੂੰ ਸਵਾ ਮਣ ਦਾ ਜ਼ਿੰਦਰਾ ਲੱਗਾ ਦਿੱਤਾ ਸੀ।

ਜੱਗੇ ਨੇ ਆਪਣੇ ਆਲੇ-ਦੁਆਲੇ ਦੇਖਿਆ। ਚਾਰੇ ਪਾਸੇ ਕੱਕਾਪਣ ਪਸਰਿਆ ਹੋਇਆ ਸੀ। ਸੜਕ ਤੋਂ ਕਾਫ਼ੀ ਹੱਟ ਕੇ ਕੱਚੇ ਰਾਹ 'ਤੇ ਟਰੱਕ ਆ ਖਲੋਇਆ ਸੀ। ਉਸ ਗੁੱਟ 'ਤੇ ਬੰਨ੍ਹੀਂ ਘੜੀ ਦੇਖੀ। ਗਿਆਰਾਂ ਵੱਜਣ ਵਾਲੇ ਸਨ। ਉਹ ਏਅਰਪੋਰਟ ਤੋਂ ਰਾਤੀਂ ਬਾਰਾਂ ਕੁ ਵਜੇ ਤੁਰੇ ਸਨ। ਰਾਹ ਵਿੱਚ ਹਨ੍ਹੇਰਾ ਹੀ ਹਨ੍ਹੇਰਾ ਸੀ ਜਾਂ ਟਰੱਕ ਦੇ ਚੱਲਣ ਦੀ ਆਵਾਜ਼। ਟਰੱਕ ਦੀ ਬਾਡੀ ਉਪਰੋਂ ਕਾਲੀ ਤਰਪੈਲ ਨਾਲ ਢੱਕੀ ਸੀ ਤੇ ਸਾਹ ਆਉਣ ਜੋਗੀ ਕਿਤੋਂ-ਕਿਤੋਂ ਫੱਟੀਆਂ ਦੀਆਂ ਵਿਰਲਾਂ ਥਾਣੀਂ ਹਵਾ ਆਉਂਦੀ ਰਹੀ ਸੀ।

ਜਗਤੇ ਨੇ ਸ਼ਹਿਰੋਂ ਨਿਕਲਦਿਆਂ ਹੀ ਕਿਹਾ ਸੀ।"ਮੈਨੂੰ ਤਾਂ ਪੇਸ਼ਾਬ ਆਉਂਦਾ।"

"ਫੇਰ ਕੀ ਦੇਖਦਾਂ, ਪੈਂਟ ਵਿਚ ਕਰਲਾ।" ਉਸ ਨੇ ਧੌਣ ਅਗਾਂਹ ਕਰਕੇ ਉਸ ਦੇ ਕੰਨ ਵਿੱਚ ਕਿਹਾ ਸੀ।

"ਕੀ ਉਏ..?"

"ਹੋਰ ਇੱਥੇ ਦਿੱਲੀ ਵਰਗੀ ਟਾਲਿਟ ਭਾਲਦਾਂ।"

"ਸੱਚੀਂ ਯਾਰ ਨਿਕਲ ਚੱਲਿਆ।"

"ਮੈਂ ਤੈਨੂੰ ਸੱਚੀਂ ਹੀ ਤਾਂ ਕਹਿਣਾ।"

"ਤਿਆਹ ਵੀ ਬਹੁਤ ਲੱਗੀ।"

"ਉਸ ਦਾ ਤਾਂ ਇਲਾਜ ਕੋਈ ਨ੍ਹੀਂ।"

"ਧਰਮ ਨਾਲ ਮੇਰਾ ਤਾਂ ਮੂੰਹ ਸੁਕਦਾ ਜਾਂਦਾ।"

"ਪਾਣੀ ਪੀਣ ਨੂੰ ਤਾਂ ਮੇਰਾ ਚਿੱਤ ਵੀ ਕਾਹਲਾ ਪਿਆ ਪਰ ਹੁਣ ਕੀਤਾ ਵੀ ਕੀ ਜਾ ਸਕਦਾ।"

"ਮੈਂ ਤਾਂ ਮਰ ਜਾਊਂਗਾ।"

"ਕੁਸ਼ ਚਿਰ ਸਬਰ ਕਰ। ਫੇਰ ਥੱਲੇ ਉਤਰ ਕੇ ਦੇਖਾਂਗੇ।"

"ਪੰਜ ਘੰਟੇ ਤਾਂ ਹੋ ਚਲੇ।"

"ਬਾਕੀ ਵੀ ਆਪਣੇ ਨਾਲ ਦੇ ਆ।"

"ਕਿਸੇ ਦਾ ਤਾਂ ਮੈਨੂੰ ਪਤਾ ਨ੍ਹੀਂ ਪਰ ਮੈਂ ਤਾਂ ਨ੍ਹੀਂ ਬਚਦਾ ਲੱਗਦਾ।" ਜਗਤੇ ਨੇ ਰੁਆਂਸੀ ਆਵਾਜ਼ ਵਿੱਚ ਕਿਹਾ ਸੀ।

ਜੱਗੀ ਚੁੱਪ ਰਿਹਾ ਸੀ।

ਸਾਰੇ ਚੁੱਪ ਸਨ।



ਅਸਮਾਨ ਸਾਫ ਸੀ। ਬਿਲਕੁਲ ਹੀ ਚਿੱਟਾ। ਅੱਕ ਦਿਆਂ ਫੰਬਿਆਂ ਵਰਗਾ। ਕਪਾਹ ਦੀਆਂ ਫੁੱਟੀਆਂ ਵਰਗਾ।

ਪੱਗ ਲਾਹ ਕੇ ਉਸ ਬੈਗ ਉਪਰ ਰੱਖ ਦਿੱਤੀ। ਕੇਸ ਖੋਲ੍ਹੇ। ਵਾਲਾਂ ਵਿਚ ਉਂਗਲਾਂ ਫੇਰੀਆਂ। ਸਿਰ ਨੂੰ ਝਟਕਾ ਦੇ ਕੇ ਵਾਲ ਐਦਾਂ ਖਿਲਾਰੇ ਕਿ ਇਕ ਵਾਰ ਹਵਾ ਉਨ੍ਹਾਂ ਦੇ ਆਰ ਪਾਰ ਜਾ ਸਕੇ। ਕਮੀਜ਼ ਲਾਹ ਕੇ ਨਚੋੜੀ। ਲੱਗਦਾ ਸੀ ਜਿਵੇਂ ਉਹ ਹੁਣੇ-ਹੁਣੇ ਆਪਣੇ ਪਿੰਡ ਦੇ ਕੁੰਨਾਂ ਵਾਲੇ ਛੱਪੜ ਵਿਚੋਂ ਚੁੱਭੀ ਮਾਰ ਕੇ ਨਿਕਲਿਆ ਹੋਵੇ। ਉਸ ਬਨੈਣ ਵੀ ਲਾਹ ਦਿੱਤੀ। ਤੇੜ ਕੱਛਾ ਹੀ ਰਹਿਣ ਦਿੱਤਾ।

ਇੱਕ ਦੂਜੇ ਵੱਲ ਦੇਖ ਕੇ ਉਹ ਮਿੰਨਾ-ਮਿੰਨਾ ਹੱਸੇ। ਜਿਵੇਂ ਕਹਿ ਰਹੇ ਸਨ ਕਿ ਫਲਾਣਾ ਕੀ ਬਣਿਆਂ? ਫਲਾਣਾ ਕਹਿ ਰਿਹਾ ਹੋਵੇ ਦੇਖ ਉਹ ਕੀ ਬਣਿਆਂ?

"ਜਗਤਾ ਨ੍ਹੀਂ ਦੀਹਦਾ?" ਪ੍ਰੀਤੂ ਨੇ ਕਿਹਾ। ਉਸ ਆਲੇ ਦੁਆਲੇ ਦੇਖਿਆ ਪਰ ਉਸ ਨੂੰ ਜਗਤਾ ਕਿਤੇ ਵੀ ਨਜ਼ਰ ਨਾ ਆਇਆ।

ਟਰੱਕ 'ਚ ਤਾਂ ਜਗਤਾ ਪ੍ਰੀਤੂ ਦੇ ਨਾਲ ਜੁੜ ਕੇ ਬੈਠਾ ਸੀ। ਇੱਕ ਰਹੱਸਮਈ ਧੁੰਦ ਨੇ ਇੱਕਲੇ-ਇੱਕਲੇ ਚਿਹਰੇ ਨੂੰ ਆਪਣੀ ਬੁੱਕਲ ਵਿਚ ਲਕੋਈ ਰੱਖਿਆ ਸੀ। ਹਰ ਪਲ, ਹਰ ਘੜੀ ਇਕ ਭੈਅ ਟਰੱਕ ਦੇ ਅੰਦਰ ਸ਼ੋਰ ਪਾਉਂਦਾ ਰਿਹਾ ਸੀ।

"ਉਏ ! ਟਰੱਕ ਵਿਚ ਦੇਖੋ ਤਾਂ ਕਿਤੇ..," ਉਸ ਪ੍ਰੀਤੂ ਨੂੰ ਕਿਹਾ।

ਪ੍ਰੀਤੂ ਨੇ ਟਰੱਕ ਵਿੱਚ ਚੜ੍ਹ ਕੇ ਦੇਖਿਆ। ਜਗਤਾ ਮੂਧੇ ਮੂੰਹ ਪਿਆ ਸੀ। ਉਸ ਜਗਤੇ ਨੂੰ ਹਿਲਾਇਆ ਤੇ ਬਾਹੋਂ ਫੜ ਕੇ ਹਲੂਣਿਆ ਪਰ ਉਸ ਦੀ ਧੌਣ ਦੂਜੇ ਪਾਸੇ ਲਟਕ ਗਈ।

"ਜਗਤਿਆ..ਉਏ ਜਗਤਿਆ ਹੋਸ਼ ਕਰ," ਲੱਕ ਕੋਲੋਂ ਉਸ ਕਲਾਵਾ ਭਰਿਆ।

"ਜੱਗੀ ਆਈ ਤਾਂ ਓਏ। ਮਾਮਲਾ ਗੜਬੜ ਲੱਗਦਾ," ਪ੍ਰੀਤੂ ਨੇ ਡਾਲੇ ਕੋਲ ਆ ਕੇ ਕਿਹਾ।

"ਕੀ ਉਏ?" ਉਹ ਇਕੋ ਝਟਕੇ ਨਾਲ ਡਾਲਾ ਫੜ ਕੇ ਚੜ੍ਹ ਗਿਆ। ਜਗਤਾ ਇਕ ਪਾਸੇ ਨੂੰ ਗੁਛੂ-ਮੁਛੂ ਹੋਇਆ ਪਿਆ ਸੀ।

"ਜਗਤਿਆ ਉਠ ਤੇ ਹੋਸ਼ ਕਰ," ਉਸ ਕੋਲ ਬੈਠ ਕੇ ਕਿਹਾ। ਹੁੰਗਾਰਾ ਨਾ ਮਿਲਣ 'ਤੇ ਉਸ ਸਰੀਰ ਨੂੰ ਦੇਖਿਆ। ਮਾੜਾ-ਮਾੜਾ ਗਰਮ ਸੀ। ਉਸ ਦਿਲ 'ਤੇ ਹੱਥ ਰੱਖਿਆ ਤਾਂ ਉਸ ਦਾ ਹੱਥ ਕੰਬਣ ਲੱਗਾ। ਸ਼ੱਕ ਦੂਰ ਕਰਨ ਲਈ ਉਸ ਅੱਖਾਂ ਪੁੱਟ ਕੇ ਦੇਖੀਆਂ ਤਾਂ ਡੇਲੇ ਪੁੱਠੇ ਹੋਏ ਸਨ।

"ਇਹ ਤਾਂ ਪੂਰਾ ਹੋ ਗਿਆ ਲੱਗਦਾ। ਤੂੰ ਦੇਖ ਤਾਂ ਜ਼ਰਾ। ਮੈਨੂੰ ਕੁਸ਼ ਪਤਾ ਨ੍ਹੀਂ ਲੱਗਦਾ," ਉਹਨੇ ਪ੍ਰੀਤੂ ਨੂੰ ਕਿਹਾ।

ਦੇਖਦਿਆਂ ਹੀ ਪ੍ਰੀਤੂ ਵੀ ਬੋਲਿਆ, "ਹੂੰ।"

"ਉਏ ਆਹ ਤਾਂ ਕਹਿਰ ਹੋ ਗਿਆ।"

ਚਾਰੇ ਪਾਸੇ ਮਾਤਮੀ ਚੁੱਪ ਪਸਰ ਗਈ ਸੀ। ਉਸ ਜਗਤੇ ਨੂੰ ਚੁੱਕਿਆ ਤੇ ਥੱਲੇ ਲਿਆ ਰੱਖਿਆ।



www.PunjabiLibrary.com

"ਕੀ ਬਣਿਆ ਵਿਚਾਰੇ ਜਗਤੇ ਦਾ?" ਜਿਉਂ-ਜਿਉਂ ਉਹ ਜਗਤੇ ਦੀ ਲਾਸ਼ ਵੱਲ ਦੇਖਣ ਲੱਗਾ ਤਿਉਂ-ਤਿਉਂ ਉਸ ਦੀ ਸਾਰੀ ਦੇਹ ਰੁਮਕ-ਰੁਮਕ ਵਗਦੀ ਹਵਾ 'ਚ ਟਾਹਲੀ ਦਿਆਂ ਮੋਟੇ ਟਾਹਣਿਆਂ ਵਾਂਗ ਹਿੱਲਣ ਲੱਗੀ ਤੇ ਲੂਈਂ-ਕੁੱਤਿਆਂ ਤੋਂ ਡਰ ਕੇ ਝੋਨੇ ਦੇ ਬੰਨੇ 'ਤੇ ਮੋਹਰਲੀਆਂ ਲੱਤਾਂ ਚੁੱਕ ਕੇ ਖੜ੍ਹੇ ਨਿਉਲੇ ਦਿਆਂ ਕੰਨਾਂ ਵਾਂਗ ਖੜ੍ਹੀ ਹੋ ਗਈ ਸੀ।

ਉਹ ਬਿਟਰ-ਬਿਟਰ ਇੱਕ ਦੂਜੇ ਵੱਲ ਦੇਖ ਰਹੇ ਸਨ।

"ਬਹੁਤ ਮਾੜਾ ਹੋਇਆ..ਆਪਾਂ ਤਾਂ ਕਦੇ ਸੋਚਿਆ ਵੀ ਨ੍ਹੀਂ ਸੀ ਕਿ ਆਹ ਵੀ ਹੋ ਸਕਦਾ। ਸਿਆਣੇ ਠੀਕ ਕਹਿੰਦੇ। ਬੰਦੇ ਦਾ ਕੀ? ਸਾਹ ਆਇਆ ਤਾਂ ਨੌਂ ਪੁਰ ਨੌਂ, ਨ੍ਹੀਂ ਤਾਂ ਮਿੱਟੀ ਦੀ ਢੇਰੀ। ਉਸ ਢਾਹਡੇ ਦੇ ਅੱਗੇ ਕਿਸੇ ਦਾ ਜ਼ੋਰ ਨ੍ਹੀਂ ਚੱਲਦਾ। ਇੱਕ ਮਿੰਟ ਦਾ ਹੇਰ-ਫੇਰ ਨ੍ਹੀਂ ਹੁੰਦਾ। ਕਿੰਨੀਆਂ ਸਕੀਮਾਂ ਬਣਾ ਕੇ ਘਰੋਂ ਤੁਰੇ ਸੀ। ਆਹ ਕਰਾਂਗੇ, ਔਹ ਕਰਾਂਗੇ ਪਰ ਹੋਇਆ ਉਹੀ ਜੋ ਨੀਲੀ ਛੱਤਰੀ ਵਾਲੇ ਨੂੰ ਮਨਜ਼ੂਰ ਸੀ। ਵਿਚਾਰਾ ਸਫਰ ਵੀ ਪੂਰਾ ਨ੍ਹੀਂ ਕਰ ਸਕਿਆ। ਬੰਦਾ ਤਾਂ ਬੰਦੇ ਦਾ ਦਾਰੂ ਹੁੰਦਾ ਆ ਨਾ। ਮੈਂ ਇਰਾਨ ਜਾਂਦਾ ਹੀ ਇਹ ਦਿਆਂ ਘਰਦਿਆਂ ਨੂੰ ਪੰਦਰਾਂ ਹਜ਼ਾਰ ਦਾ ਡਰਾਫਟ ਭੇਜੂੰ," ਕਹਿ ਦਲਾਲ ਨੇ ਇੱਕ ਨਜ਼ਰ ਸਾਰਿਆਂ ਵੱਲ ਮਾਰ ਕੇ ਸਥਿਤੀ ਦਾ ਜਾਇਜ਼ਾ ਲਿਆ ਤਾਂ ਕਿ ਉਹ ਜਗਤੇ ਦੀ ਮੌਤ ਲਈ ਉਸ ਨੂੰ ਕਸੂਰਵਾਰ ਨਾ ਠਹਿਰਾਉਣ। ਉਹ ਸਫਲ ਰਿਹਾ ਸੀ ਸਟੇਜੀ ਐਕਟਰ ਵਾਂਗ। ਉਸ ਪੁੱਛਿਆ, "ਹੁਣ ਇਸ ਦਾ ਕੀ ਕਰੀਏ?"

ਕਿਸੇ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। ਜੇ ਸੀ ਤਾਂ ਪਥਰਾਈਆਂ ਅੱਖਾਂ। ਧੜਕੂ-ਧੜਕੂ ਕਰਦਾ ਦਿਲ। ਮਾਤਮੀ ਚੁੱਪ। ਦੂਰ ਤੱਕ ਫੈਲੀ ਖਾਮੋਸ਼ੀ। ਉਹ ਇੱਕ-ਦੂਜੇ ਵੱਲ ਦੇਖਣ ਜੋਗੇ ਵੀ ਨਹੀਂ ਰਹੇ ਸਨ। ਅੱਖਾਂ ਤਾਂ ਮੀਲ ਪੱਥਰ ਵਾਂਗੂੰ ਥਾਈਂ ਗੱਡੀਆਂ ਗਈਆਂ ਸਨ। ਨਿਰਜਿੰਦ ਹੋਈਆਂ। ਜੱਗੀ ਨੇ ਦੂਰ ਤੱਕ ਨਜ਼ਰ ਦੌੜਾਈ। ਰੇਤਾ ਹੀ ਰੇਤਾ ਸੀ। ਚੁੱਪ ਹੀ ਚੁੱਪ ਸੀ। ਉਸ ਭਰੀਆਂ ਅੱਖਾਂ ਨਾਲ ਬੈਗ ਖੋਲ੍ਹਿਆ। ਨਵੀਂ ਪੱਗ ਕੱਢ ਕੇ ਵਾਹਿਗੁਰੂ-ਵਾਹਿਗੁਰੂ ਕਹਿੰਦਿਆਂ ਲਾਸ਼ ਉਪਰ ਦੇ ਦਿੱਤੀ। ਫੇਰ ਉਹ ਲਾਸ਼ ਕੋਲੋਂ ਹੱਥਾਂ ਨਾਲ ਤਪਦੀ ਰੇਤਾ ਹਟਾਉਣ ਲੱਗਾ। ਬਿਨਾਂ ਕਿਸੇ ਵੱਲ ਦੇਖਿਆਂ। ਬਿਨਾਂ ਕਿਸੇ ਤੋਂ ਕੁਝ ਵੀ ਪੁੱਛਿਆਂ।

"ਇਹ ਤੂੰ ਕੀ ਕਰਦਾਂ?" ਕਿਸੇ ਉਸ ਨੂੰ ਟੋਕਿਆ ਸੀ।

"ਕੁਸ਼ ਤਾਂ ਸੋਚੋ।"

"ਐਨਾ ਜ਼ੁਲਮ।"

"ਜੇ ਮਰ ਹੀ ਗਿਆ ਤਾਂ..।"

"ਆਪਣਾ ਹੀ ਸਾਥੀ ਸੀ।"

"ਬੜਾ ਸੰਤ ਸੁਭਾਅ ਸੀ ਉਸ ਦਾ।"

"ਮੈਂ ਤਾਂ ਕਦੇ ਘੱਟ ਵੱਧ ਬੋਲਦਾ ਸੁਣਿਆ ਹੀ ਨ੍ਹੀਂ। ਜੇ ਕੋਈ ਵੱਧ ਘੱਟ ਵੀ ਬੋਲ ਜਾਂਦਾ ਤਾਂ ਅੱਗੋਂ ਕੁਝ ਨਾ ਕਹਿੰਦਾ। ਹੱਸ ਹੀ ਪੈਂਦਾ।"

"ਐਦਾਂ ਦੇ ਬੰਦੇ ਨਾਲ ਐਨੀ ਬੇਇਨਸਾਫੀ।"



"ਬਹੁਤ ਮਾੜੀ ਗੱਲ।"

"ਇਸ ਤੋਂ ਮਾੜੀ ਗੱਲ ਕਿਹੜੀ ਹੋ ਸਕਦੀ?"

"ਬੰਦਾ ਹੈ ਤਾਂ ਧਰਮ ਹੈ।"

"ਮਰ ਕੇ ਵੀ ਬੰਦੇ ਨੂੰ ਧਰਮ ਨ੍ਹੀਂ ਹਾਰਨਾ ਚਾਹੀਦਾ। ਗੁਰਾਂ ਤਾਂ ਸਾਨੂੰ ਇਹ ਹੀ ਸਿਖਾਇਆ।"

"ਜੱਗੀ, ਤੂੰ ਆਹ ਕੀ ਅਨਰਥ ਕਰਨ ਲੱਗਾਂ?"

"ਹੋਰ ਹੋ ਵੀ ਕੀ ਸਕਦਾ?" ਉਸ ਸਿੱਧ-ਪੱਧਰਾ ਜਵਾਬ ਦਿੱਤਾ ਤੇ ਪਹਿਲਾਂ ਨਾਲੋਂ ਹੋਰ ਤੇਜ਼ੀ ਨਾਲ ਉਂਗਲਾਂ ਮਾਰਨ ਲੱਗਾ।

"ਇਹ ਤਾਂ ਹਿੰਦੂ ਆ..।" ਕੋਈ ਹੋਰ ਬੋਲਿਆ ਸੀ।

"ਅਸੀਂ ਕਿਹੜੇ ਮੁਸਲਮਾਨ ਆਂ ਜੋ ਇਹਨੂੰ ਦਫ਼ਨਾ ਦਈਏ। ਮੈਨੂੰ ਇਹ ਗੱਲ ਠੀਕ ਨ੍ਹੀਂ ਲੱਗਦੀ।"

"ਦੇਖੋ ਬਈ ਮਰਨ ਵਾਲਾ ਤਾਂ ਮਰ ਗਿਆ। ਸਾਡੇ ਹੀ ਵੱਲ ਦਾ ਸੀ। ਮੇਰੇ ਤੇ ਪ੍ਰੀਤੂ ਨਾਲੋਂ ਤਾਂ ਹੋਰ ਕੋਈ ਉਸ ਦੇ ਜ਼ਿਆਦਾ ਨੇੜੇ ਨ੍ਹੀਂ ਹੋ ਸਕਦਾ। ਹੁਣ ਉਹ ਲਾਸ਼ ਆ। ਰਹੀ ਗੱਲ ਅੰਤਮ ਸੰਸਕਾਰ ਦੀ। ਕਿੱਥੋਂ ਬਾਲਣ ਮਿਲੇਗਾ। ਦੱਸੋ ਹੈ ਕੋਈ ਚੀਜ਼ ਲਾਗੇ? ਬੱਸ ਮਿੱਟੀ ਹੀ ਮਿੱਟੀ ਆ। ਆਖਿਰ ਆਦਮੀ ਨੇ ਵੀ ਮਿੱਟੀ ਹੋਣਾ। ਕਹਿੰਦੇ ਮਿੱਟੀ ਦਾ ਕੋਈ ਧਰਮ ਨ੍ਹੀਂ ਹੁੰਦਾ। ਇਹ ਤਾਂ ਸਾਰਿਆਂ ਲਈ ਸਾਂਝੀ ਹੁੰਦੀ। ਹੁਣ ਆਪਾਂ ਉਸ ਨੂੰ ਐਦਾਂ ਨ੍ਹੀਂ ਛੱਡ ਸਕਦੇ। ਅਜੇ ਤਾਂ ਦਸ ਅਸਮਾਨ ਵਿੱਚ ਕੋਈ ਇੱਲ-ਉੱਲ ਨ੍ਹੀਂ ਦਿੱਸਦੀ ਪਰ ਸਿਆਣੇ ਕਹਿੰਦੇ ਹੁੰਦੇ ਆ ਇਹ ਤਾਂ ਦਸ ਕੋਹਾਂ ਤੋਂ ਮਰੇ ਨੂੰ ਦੇਖ ਲੈਂਦੀਆਂ। ਆਪਾਂ ਸਾਰੇ ਹਿੰਦੂ ਆਂ ਜਾਂ ਸਿੱਖ ਪਰ ਆਪਣੇ ਵਿਚ ਕੀ ਫਰਕ ਆ। ਕਿਸੇ ਦੇ ਨਾਮ ਪਿੱਛੇ ਰਾਮ-ਲਾਲ-ਕੁਮਾਰ ਤੇ ਕਿਸੇ ਦੇ ਸਿੰਘ ਲੱਗਾ। ਇਹ ਤਾਂ ਪਾਰਟੀਆਂ ਫਰਕ ਪਾਉਂਦਿਆਂ..।"

ਦੇਖੋ ਦੇਖੀ, ਉਸ ਦੇ ਨਾਲ ਸਾਰੇ ਟੋਆ ਪੁੱਟਣ ਲੱਗ ਪਏ ਸਨ।

ਜਸਬੀਰ ਨੇ ਗੁਰਬਾਣੀ ਦੇ 'ਸ਼ਬਦ' ਉਚਾਰੇ।

ਜਗਤਾ ਰੇਤਾ ਬਣ ਗਿਆ ਸੀ।

ਸਾਰੇ ਚੁੱਪ ਸਨ। ਆਪੋ ਆਪਣੇ ਖਿਆਲਾਂ 'ਚ ਗੁਆਚੇ।

ਉਦਾਸ-ਉਦਾਸ ਮਣਾਂ ਮੂੰਹੀਂ ਭਾਰੇ ਪੈਰ ਚੁੱਕਦਾ ਜੱਗੀ ਵੀ ਸਾਰਿਆਂ ਦੇ ਨਾਲ-ਲਾਲ ਤੁਰ ਪਿਆ ਸੀ।

ਉਸ ਨੂੰ ਲੱਗ ਰਿਹਾ ਸੀ ਜਿਵੇਂ ਜਗਤਾ ਵੀ ਉਨ੍ਹਾਂ ਦੇ ਨਾਲ-ਨਾਲ ਆ ਰਿਹਾ ਹੋਵੇ। ਉਸ ਇੱਕ-ਦੋ ਵਾਰ ਪਿੱਛੇ ਮੁੜ ਕੇ ਦੇਖਿਆ ਸੀ। ਪਿੱਛੇ ਤਾਂ ਰੇਤਾ ਦੇ ਉੱਚੇ ਨੀਵੇਂ ਟਿੱਬੇ ਸਨ। ਜਗਤਾ ਤਾਂ ਉਹ ਬਹੁਤ ਪਿੱਛੇ ਛੱਡ ਆਇਆ ਸੀ। ਬਹੁਤ ਦੂਰ। ਪਰਾਈ ਧਰਤੀ ਤੇ ਪਰਾਏ ਦੇਸ਼ 'ਚ।

ਤਿਆਹ ਨਾਲ ਉਸ ਦਾ ਸੰਘ ਸੁੱਕਣ ਲੱਗਾ ਸੀ।

"ਯਾਰ ਮੈਂ ਤਾਂ ਪਾਣੀ ਖੁਣੋਂ..," ਪ੍ਰੀਤੂ ਨੂੰ ਉਸ ਦੱਸਿਆ।

ਪ੍ਰੀਤੂ ਨੇ ਦੂਰ ਤੱਕ ਦੇਖਿਆ। ਦੂਰ ਰੇਤਾ ਪਾਣੀ ਵਾਂਗ ਚਮਕਦੀ ਪਰ ਨੇੜੇ ਜਾਣ



www.PunjabiLibrary.com

'ਤੇ ਰੇਤ ਨਿਕਲਦੀ।

"ਸਹੁੰ ਗਊ ਦੀ, ਮੈਂ ਤਾਂ..," ਉਸ ਫੇਰ ਤਰਲਾ ਕੱਢਿਆ ਸੀ।

"ਚੁੱਪ ਕਰ ਜਾ ਉਏ। ਆਹ ਵੀ ਤੇਰੇ ਨਾਲ ਹੀ ਤੁਰੇ ਜਾਂਦੇ ਆ। ਤੂੰ ਬੰਦੇ ਦਾ ਪੁੱਤ ਬਣ ਕੇ ਤੁਰਿਆ ਚੱਲ। ਰੌਲਾ ਪਾਉਣ ਦਾ ਕੋਈ ਫਾਇਦਾ," ਪ੍ਰੀਤੂ ਨੇ ਉਸ ਨੂੰ ਬਾਹੋਂ ਫੜ ਕੇ ਆਪਣੇ ਅੱਗੇ ਲਾ ਲਿਆ।

ਇੱਕ ਟਿੱਬੇ ਤੋਂ ਕਿਸੇ ਚੀਜ਼ ਨਾਲ ਠੋਕਰ ਖਾ ਕੇ ਉਹ ਡਿਗ ਪਿਆ ਤੇ ਰਿੜ੍ਹਦਾ ਹੇਠਾਂ ਆ ਗਿਆ ਸੀ। ਬੁਰਾ ਹਾਲ ਤੇ ਬਾਂਕੇ ਦਿਹਾੜੇ।

"ਹਾਏ ਮਾਂ, ਮੈਂ ਮਰ ਗਿਆ।" ਉਸ ਦੀ ਚੀਕ ਨਿਕਲ ਗਈ ਸੀ। ਉਸ ਨੂੰ ਲੱਗਾ ਸੀ ਜਿਵੇਂ ਉਸ ਦਿਆਂ ਗਿੱਟਿਆਂ ਉਪਰੋਂ ਲੱਤਾਂ ਫਿਸ ਰਹੀਆਂ ਹੋਣ।

ਸਾੜ ਜਿਹਾ ਪਿਆ ਤੇ ਸਾਰੇ ਸਰੀਰ ਨੂੰ ਸੁੰਨ ਕਰ ਕੇ ਰੱਖ ਦਿੱਤਾ। ਪ੍ਰੀਤੂ ਨੇ ਦੌੜ ਕੇ ਉਸ ਨੂੰ ਉਠਾਇਆ।

"ਮੈਂ ਤਾਂ ਮਰ ਚਲਿਆਂ।" ਉਹ ਰੋਣ ਹਾਕਾ ਹੋ ਗਿਆ ਸੀ।

"ਹੌਸਲਾ ਰੱਖੀਦਾ।"

"ਸਰੀਰ ਮਚਦਾ।"

"ਐਨੀ ਵਾਟ ਤਾਂ ਆਪਾਂ ਪਿੰਡਾਂ ਵਿੱਚ ਐਵੇਂ ਹੀ ਤੁਰ ਲਈਦੀ ਸੀ।"

"ਐਨੀ ਵਾਟ ਤਾਂ ਤੂੰ ਪਿੰਡ ਵਿੱਚ ਤੁਰ ਲੈਂਦਾ ਸੀ। ਮੇਰਾ ਖਿਆਲ ਆ ਇਸ ਤੋਂ ਵੀ ਜ਼ਿਆਦਾ। ਪਿੰਡੋਂ ਚੱਲ ਕੇ ਕਿੱਥੇ ਨਹਿਰ ਪਾਰ ਜਾਂਦਾ ਸੀ। ਵਾਢੀਆਂ ਦੇ ਦਿਨਾਂ ਵਿੱਚ ਦਾਤੀਆਂ ਦੇ ਦੰਦੇ ਕੱਢਣ। ਧੁੱਪ ਉਦੋਂ ਵੀ ਐਦਾਂ ਹੀ ਹੁੰਦੀ ਸੀ। ਕਈ ਵਾਰ ਇੰਦੂ ਵੀ ਜ਼ਿਆਦਾ। ਉਦੋਂ ਤਾਂ ਬੜੀ ਫੁਰਤੀ ਦਿਖਾਉਂਦਾ ਸੀ। ਹੁਣ ਤੇਰੇ ਕੀ ਸੱਪ ਲੜ ਗਿਆ ? ਕਿਉਂ ਤਰਖਾਣਾਂ ਦਾ ਪੁੱਤ ਹੋ ਕੇ ਮਰੂੰ ਮਰੂੰ ਕਰਦਾ। ਸਾਡਾ ਤਾਂ ਸਰੀਰ ਕਮਾ-ਕਮਾ ਕੇ ਇਸਪਾਤੀ ਲੋਹੇ ਵਰਗਾ ਹੋ ਜਾਂਦਾ," ਪ੍ਰੀਤੂ ਨੇ ਹੱਲਾਸ਼ੇਰੀ ਦਿੰਦਿਆਂ ਕਿਹਾ।

"ਵਾਗਰੂ-ਵਾਗਰੂ ਕਰ।"

"ਰਾਮ ਨਾਮ ਬੋਲ।"

ਬਾਕੀ ਵੀ ਹੌਸਲਾ ਦੇਣ ਲੱਗੇ ਸਨ।

"ਲੈ ਦੋ ਘੁੱਟ ਪਾਣੀ ਦੇ ਭਰ ਲੈ। ਸਿਰਫ ਦੋ ਘੁੱਟ ਹੀ ਭਰੀ। ਆਪਣੇ ਕੋਲ ਇਹੋ ਹੀ ਪਾਣੀ। ਵੇਲੇ-ਕੁਵੇਲੇ ਕੰਮ ਆਊਗਾ। ਥੋੜ੍ਹਾ ਚਿਰ ਹੌਂਸਲਾ ਰੱਖੋ। ਤਹਿਰਾਨ ਪਹੁੰਚਣ ਦੀ ਦੇਰ ਆ। ਫੇਰ ਤਾਂ ਇੱਕ ਵਾਰ ਕੋਕੇ ਕੋਲੇ ਨਾਲ ਰਜਾ ਦਊ।" ਦਲਾਲ ਨੇ ਥਰਮਸ ਬੋਤਲ ਦੇ ਢੱਕਣ 'ਚ ਅੱਧਾ ਕੁ ਕੱਪ ਪਾਣੀ ਦਾ ਦਿੰਦਿਆਂ ਸਮਝਾਉਣ ਵਾਂਗ ਕਿਹਾ।

ਪਾਣੀ ਪੀਂਦਿਆਂ ਸਾਰ ਹੀ ਉਸ ਦੇ ਗਲ 'ਚ ਠੰਢ ਦੀ ਲਹਿਰ ਫੈਲ ਗਈ ਸੀ।

ਪ੍ਰੀਤੂ ਨੇ ਸਮਝਾਇਆ, "ਸਿਆਣੇ ਕਹਿੰਦੇ ਹੁੰਦੇ ਆ ਨਾ ਮਿਹਨਤ ਨੂੰ ਫਲ ਲੱਗਦਾ। ਹੌਂਸਲਾ ਰੱਖੀਦਾ ਹੁੰਦਾ। ਜਿਹਨੇ ਇੱਥੇ ਲਿਆਂਦਾ ਉਹ ਅਗਾਂਹ ਵੀ ਪਹੁੰਚਾਊ। ਵਾਗਰੂ-ਵਾਗਰੂ ਕਹੀ ਜਾ। ਸ਼ੇਰ ਬਣ ਜਾ।" ਉਸ ਦੇ ਮੂੰਹ ਤੋਂ ਰੇਤਾ ਝਾੜੀ, ਪੱਗ ਚੁੱਕ ਕੇ ਸਿਰ 'ਤੇ ਟਿਕਾਈ ਤੇ ਕੱਪੜੇ ਝਾੜਨ ਲੱਗਾ ਸੀ। ਉਸ ਦੇ ਬੂਟ ਲਾਹੇ। ਜੁਰਾਬਾਂ ਤਾਂ ਰੇਤਾ ਤੇ



ਮੁੜ੍ਹਕੇ ਨਾਲ ਗੜੁੱਚ ਹੋ ਗਈਆਂ ਸਨ।

ਉਹ ਉਠਿਆ ਤੇ ਧੌਣ ਕੋਲੋਂ ਰੇਤਾ ਪੂੰਝਦਾ-ਝਾੜਦਾ ਸਾਥੀਆਂ ਦੇ ਮਗਰ-ਮਗਰ ਤੁਰਨ ਲੱਗਾ। ਗਿੱਟਿਆਂ ਨੇੜਿਓਂ ਦੋ ਤਿੰਨ ਛਾਲੇ ਉਭਰ ਆਏ ਸਨ। ਲੱਤਾਂ 'ਚ ਖੱਲੀਆਂ ਪੈ ਗਈਆਂ ਸਨ। ਕੱਛਾਂ ਤੇ ਸੌੜਾਂ 'ਚ ਲਾਗ ਪੱਕ ਗਈ ਸੀ।

ਪਿੱਛੇ-ਪਿੱਛੇ ਪੈਰਾਂ ਦੇ ਨਿਸ਼ਾਨ ਬਣਦੇ ਜਾਂਦੇ ਸਨ। ਬੂਟਾਂ ਦੇ, ਗੁਰਗਾਬੀਆਂ ਦੇ, ਖੁੱਸਿਆਂ ਦੇ। ਫੇਰ ਹਵਾ ਦਾ ਤੇਜ਼ ਬੁੱਲ੍ਹਾ ਆਉਂਦਾ ਤਾਂ ਲੱਗਦਾ ਜਿਵੇਂ ਇੱਥੋਂ ਕੋਈ ਲੰਘਿਆ ਹੀ ਨਾ ਹੋਵੇ।

ਹੁਣ ਪਹਿਲਾਂ ਵਰਗੀ ਰੇਤਾ ਘੱਟ ਸੀ। ਕਿਤੇ-ਕਿਤੇ ਪੱਥਰ ਆਏ ਸਨ। ਕੰਡੇਧਾਰ ਝਾੜੀਆਂ ਦਿੱਸਣ ਲੱਗੀਆਂ ਸਨ। ਪੀਲੇ ਪੱਤਿਆਂ ਵਾਲੀਆਂ ਮੱਚ ਮਰੀਆਂ ਝਾੜੀਆਂ। ਕਾਨਿਆਂ ਦਿਆਂ ਕਸੀਰਾਂ ਵਰਗੀਆਂ ਝਾੜੀਆਂ। ਉਸ ਬਾਂਹ ਨਾਲ ਮੱਥੇ ਤੋਂ ਪਸੀਨਾ ਪੂੰਝਿਆ ਤੇ ਰੁਮਾਲ ਨਾਲ ਕੱਛਾਂ ਦੇ ਦੁਆਲਿਉਂ ਪਾਣੀ ਸਾਫ ਕੀਤਾ। ਤਰਿਪ-ਤਰਿਪ ਤਾਂ ਪਾਣੀ ਚੋਅ ਰਿਹਾ ਸੀ।

****

ਐਵੇਂ ਹੀ ਫਸ ਗਏ- ਅਜਿਹੇ ਵਿਚਾਰ ਜੱਗੀ 'ਤੇ ਭਾਰੂ ਹੋਣ ਲੱਗੇ।

ਕੰਮ ਦਾ ਘਾਟਾ ਤਾਂ ਉਸ ਨੂੰ ਪਿੰਡ ਵਿੱਚ ਵੀ ਨਹੀਂ ਸੀ। ਬੁੱਤਾ-ਸਾਰ ਸੇਪੀ ਦਾ ਕੰਮ ਤੁਰਿਆ ਜਾਂਦਾ ਸੀ। ਉਪਰੋਂ ਉਹ ਕਿਸੇ ਦਾ ਮਾੜਾ ਮੋਟਾ ਕੰਮ ਕਰ ਕੇ ਉਤਲਾ ਖਰਚ ਚਲਾ ਲੈਂਦਾ ਸੀ। ਮਹੀਨੇ 'ਚ ਦੋ-ਤਿੰਨ ਖੁਰਲੀਆਂ ਬਣਾ ਲਈਆਂ। ਮੰਜੇ, ਪੀੜ੍ਹੀਆਂ,ਮਧਾਣੀਆਂ ਤੇ ਹੋਰ ਉਲੜ-ਪੁੱਲੜ ਦਾ ਢੇਰ ਲੱਗਾ ਰਹਿੰਦਾ ਸੀ। ਕਿਸੇ ਦੇ ਬਾਲੇ ਰੰਦਣੇ ਹੁੰਦੇ ਤਾਂ ਉਸ ਨੂੰ ਪਹਿਲਾਂ ਹੀ ਸੁਨੇਹਾ ਮਿਲ ਜਾਂਦਾ। ਨਾਂਹ ਉਹ ਕਿਸੇ ਨੂੰ ਨਹੀਂ ਕਰਦਾ ਸੀ।

ਪੰਜ ਕੁ ਸਾਲਾਂ ਦਾ ਹੋਇਆ ਤਾਂ ਆਪਣੇ ਭਾਪੇ ਨਾਲ ਆਰਨ 'ਤੇ ਬੈਠ ਗਿਆ ਸੀ। ਪੱਖੇ ਦਾ ਹੈਂਡਲ ਫੜੀ। ਖੇਡਣ ਲਈ ਕਦੇ ਸਮਾਂ ਹੀ ਨਹੀਂ ਮਿਲਿਆ ਸੀ। ਧਿਆਨ ਕਿਸੇ ਹੋਰ ਪਾਸੇ ਜਾਂਦਾ ਤਾਂ ਭਾਪਾ ਕਹਿ ਦਿੰਦਾ, "ਪੁੱਤ ਜ਼ਰਾ ਜ਼ੋਰ ਲਾ ਲੈ। ਕਿਉਂ ਰੱਸੀ ਨੂੰ ਵਾਗੀ-ਵਾਗੀ ਲਾਹੀ ਜਾਣਾ। ਉਪਰ ਮਾੜਾ-ਮਾੜਾ ਪਾਣੀ ਪਾ ਲਿਆ ਕਰ। ਫੇਰ ਨ੍ਹੀਂ ਲਹਿੰਦੀ ਹੁੰਦੀ। ਕੱਸ ਪੈ ਜਾਂਦਾ ਹੈ ਨਾ।" ਅੱਗੋਂ ਉਹ ਹੋਰ ਜ਼ੋਰ ਨਾਲ ਪੱਖਾ ਗੇੜਨ ਲੱਗ ਜਾਂਦਾ। ਭਾਪਾ ਰੋਟੀ ਖਾਣ ਲੱਗਦਾ ਜਾਂ ਚਾਹ ਪੀਂਦਾ ਤਾਂ ਉਸ ਨੂੰ ਹਥੌੜਾ ਫੜਾ ਦਿੰਦਾ। ਇਹ ਕਹਿੰਦਿਆਂ, "ਲੈ ਆਹ ਫਾਲ ਚੰਡੀਂ। ਪਹਿਲਾਂ ਮੋਹਰਲਾ ਪਾਸਾ ਚੰਡੀਂ। ਜ਼ਿਆਦਾ ਪਤਲਾ ਨਾ ਹੋ ਜਾਵੇ।" ਹਥੌੜਾ ਫੜ ਉਹ ਫਾਲ ਚੰਡ ਦਿੰਦਾ। ਫੇਰ ਤਾਂ ਉਸ ਦੇ ਇੱਕ ਹੱਥ ਵਿੱਚ ਹਥੌੜਾ ਰਿਹਾ ਸੀ ਤੇ ਦੂਜੇ ਹੱਥ ਵਿੱਚ ਸੰਨ੍ਹੀਂ। ਤੇਸਾ ਇੱਕ ਹੱਥ ਤੇ ਆਰੀ ਦੂਜੇ ਹੱਥ 'ਚ ਰਹੀ ਸੀ। ਸਕੂਲੋਂ ਤਾਂ ਉਹ ਪੰਜਵੀਂ 'ਚੋਂ ਹੀ ਹੱਟ ਗਿਆ ਸੀ। ਪੜ੍ਹਨ ਲਈ ਅਗਲੇ ਪਿੰਡ ਜਾਣਾ ਪੈਣਾ ਸੀ। ਭਾਪੇ ਨੇ ਕਿਹਾ ਸੀ ਕਿ ਪੜ੍ਹ ਕੇ ਕੀ ਲੈਣਾ। ਕੰਮ ਤਾਂ ਇਹੀ ਕਰਨਾ ਪੈਣਾ। ਉਸ ਦਾ ਹੱਥ ਹੌਲਾ ਹੋਵੇਗਾ। ਮਾਂ ਤਾਂ ਉਸ ਨੂੰ ਅਗਾਂਹ ਪੜ੍ਹਾਉਣਾ ਚਾਹੁੰਦੀ ਸੀ। ਪਰ ਭਾਪੇ ਦੇ ਕੱਬੇ ਸੁਭਾਅ ਅੱਗੇ ਉਸ ਦੀ ਇੱਕ ਨਹੀਂ ਚੱਲੀ ਸੀ। ਪੜ੍ਹਨੋਂ ਤਾਂ ਉਹ ਜ਼ਰੂਰ ਹੱਟ ਗਿਆ ਸੀ



www.PunjabiLibrary.com

ਪਰ ਉਸ ਦੀ ਲਗਨ ਘਟੀ ਨਹੀਂ ਸੀ। ਜਦ ਕਦੇ ਸਮਾਂ ਮਿਲਦਾ ਉਹ ਰਾਤ ਨੂੰ ਬੱਚਿਆਂ ਨਾਲ ਪੜ੍ਹਾਈ ਦੀਆਂ ਗੱਲਾਂ ਕਰਦਾ। ਉਨ੍ਹਾਂ ਨੂੰ ਕਈ ਕੁਝ ਸਮਝਾਉਂਦਾ ਨਾਲ ਹੀ ਆਪ ਵੀ ਪੜ੍ਹੀ ਜਾਂਦਾ। ਫੇਰ ਤਾਂ ਇਹ ਉਹਦੀ ਆਦਤ ਹੀ ਬਣ ਗਈ ਸੀ। ਜਿਵੇਂ-ਜਿਵੇਂ ਵੀਣਾ ਕਲਾਸਾਂ ਪਾਸ ਕਰਦੀ ਸੀ ਤਿਉਂ-ਤਿਉਂ ਉਸ ਦੇ ਵੀ ਗਿਆਨ ਵਿੱਚ ਵਾਧਾ ਹੁੰਦਾ ਗਿਆ ਸੀ। ਉਹ ਦਸ ਪਾਸ ਜਿੰਨੀ ਅੰਗਰੇਜ਼ੀ ਪੜ੍ਹ ਲੈਂਦਾ ਸੀ। ਜਦ ਕਦੀ ਸਾਈਨ ਕਰਨੇ ਹੁੰਦੇ ਤਾਂ ਅੰਗਰੇਜ਼ੀ ਵਿੱਚ ਹੀ ਕਰਦਾ।

"ਜੱਗੀ ਭਾਜੀ ਆ 'ਗਰੇਜ਼ੀ ਕਿੱਥੋਂ ਸਿੱਖ ਲਈ ?" ਪਾਸਪੋਰਟ ਦੀ ਰਜਿਸਟਰੀ ਦੇਣ ਆਏ ਡਾਕੀਏ ਨੇ ਪੁੱਛਿਆ ਤਾਂ ਉਸ ਨੇ ਦੱਸਿਆ ਸੀ, "ਹਰ ਕੰਮ ਦੇਖ ਦੂਖ ਕੇ ਕਰ ਲਈਦਾ। ਆਪਾਂ ਵੇਲੇ ਕੁਵੇਲੇ ਕਿਤਾਬ ਦੇਖ ਲਈਦੀ ਆ ਨਿਆਣਿਆਂ ਦੀ। ਹੈ ਨਾ ਇੱਲ ਦੇ ਆਂਡੇ ਵਾਂਗ ਅੱਖਰ। ਆਖਿਰ ਪੁੱਤ ਤਾਂ ਤਖਾਣ ਦਾ।" ਉਸ ਫਖਰ ਮਹਿਸੂਸ ਕੀਤਾ ਸੀ।

ਗੱਲ ਤਾਂ ਸਾਰੀ ਪਾਸਪੋਰਟ ਆਉਣ ਦੀ ਸੀ। ਲੋਕਾਂ ਦੇ ਪਾਸਪੋਰਟ ਤਾਂ ਤਿੰਨ-ਚਾਰ ਮਹੀਨਿਆਂ 'ਚ ਆ ਜਾਂਦੇ ਸਨ ਪਰ ਉਹ ਤਾਂ ਗੇੜੇ 'ਤੇ ਗੇੜਾ ਮਾਰੀ ਗਿਆ ਸੀ ਕਰਤਾਰ ਚੰਦ ਵੱਲ। ਜਦੋਂ ਵੀ ਜਾਂਦਾ ਉਸ ਦੀਆਂ ਉਂਗਲਾਂ ਟਾਈਪ ਮਸ਼ੀਨ 'ਤੇ ਚੱਲਦੀਆਂ ਰਹਿੰਦੀਆਂ। ਗੱਲ ਵੀ ਕਰੀ ਜਾਂਦਾ, "ਬੱਸ ਤੂੰ ਪਿੰਡ ਪਹੁੰਚ ਦੇ ਦੇਖ। ਰਜਿਸਟਰੀ ਆਈ ਹੋਣੀ।" ਘੰਟਾ ਕੁ ਬੈਠ ਕੇ ਉਹ ਪਿੰਡ ਆ ਜਾਂਦਾ। ਵਿਹੜੇ ਵੜਦਾ ਹੀ ਪੁੱਛਦਾ, "ਮੈਂ ਕਿਆ ਕੋਈ ਚਿੱਠੀ ਪੱਤਰ ਆਇਆ ?"

"ਨ੍ਹੀਂ।" ਹੁਣ ਤੱਕ ਤਾਂ ਇਹੀ ਜਵਾਬ ਮਿਲਦਾ ਰਿਹਾ ਸੀ।

"ਅੱਛਾ," ਕਹਿ ਉਹ ਆਪਣੇ ਕਾਰਖਾਨੇ ਚਲਾ ਜਾਂਦਾ। ਉਥੇ ਢੇਰ ਸਾਰੇ ਕੰਮ ਇਕੱਠੇ ਹੋਏ ਹੁੰਦੇ। ਕਿਹਨੂੰ ਪਹਿਲਾਂ ਕਰਾਂ ਸੋਚਦਾ। ਫੇਰ ਤਰਤੀਬਵਾਰ ਕੰਮ ਕਰਨ ਲੱਗ ਜਾਂਦਾ। ਧਿਆਨ ਪਾਸਪੋਰਟ ਵੱਲ ਲੱਗਾ ਰਹਿੰਦਾ।

ਉਡੀਕ ਦੀਆਂ ਘੜੀਆਂ ਲੰਬੀਆਂ ਹੀ ਹੁੰਦੀਆਂ ਗਈਆਂ ਸਨ। ਨਾਲ ਦਿਆਂ ਦੇ ਪਾਸਪੋਰਟ ਤਾਂ ਕਦੋਂ ਦੇ ਆ ਗਏ ਸਨ। ਕਈ ਤਾਂ ਬਾਹਰ ਚਲੇ ਵੀ ਗਏ ਸਨ। ਇੱਕ-ਦੋ ਥਾਂ ਉਸ ਗੱਲ ਚਲਾਈ ਸੀ ਰਿਸ਼ਤੇਦਾਰਾਂ ਨੂੰ ਵਿੱਚ ਪਾ ਕੇ ਪਰ ਅੱਗੋਂ ਜਵਾਬ ਮਿਲਦਾ-'ਪਾਸਪੋਰਟ ਲਿਆ। ਅਗਲੇ ਹਫਤੇ ਭੇਜ ਦੇਣੇ।'

ਦਫਤਰ ਗੇੜਾ ਮਾਰਨ ਦੀ ਵਿਉਂਤ ਬਣਾ ਉਹ ਪੁੱਛਦਾ ਪੁਛਾਉਂਦਾ ਪਾਸਪੋਰਟ ਦਫਤਰ ਚਲਾ ਗਿਆ ਸੀ। ਅੱਡੇ ਦੇ ਨਾਲ ਸੀ ਪਾਸਪੋਰਟ ਦਫਤਰ। ਅਜੇ ਉਹ ਸੜਕ ਤੋਂ ਪੁੱਛ ਹੀ ਰਿਹਾ ਸੀ ਕਿ ਦਫਤਰ ਕਿੱਥੇ ਹੈ ਤਾਂ ਇੱਕ ਆਦਮੀ ਨੇ ਉਸ ਨੂੰ ਹਾਕ ਮਾਰ ਲਈ, "ਆਓ ਸਰਦਾਰ ਜੀ। ਆਓ ਵੀ ਨਾ। ਦੱਸੋ ਕੀ ਕੰਮ ਆ ?"

"ਪਾਸਪੋਰਟ ਦਫਤਰ ਜਾਣਾ।"

"ਪਾਸਪੋਰਟ ਦਫਤਰ ਤਾਂ ਸਾਹਮਣੇ ਪਰ ਵਿੱਚੋਂ ਕੰਮ ਤਾਂ ਦੱਸੋ ?"

"ਕਿਹੜਾ ਕੰਮ। ਪਾਸਪੋਰਟ ਰਿਨੀਉ ਕਰਵਾਉਣਾ ਜਾਂ.. ?"

"ਮੇਰਾ ਪਾਸਪੋਰਟ ਅਜੇ ਤੱਕ ਨ੍ਹੀਂ ਆਇਆ। ਪਤਾ ਨ੍ਹੀਂ ਏਨਾ ਚਿਰ ਕਿਉਂ ਲੱਗ ਗਿਆ ?"



ਆਲੇ-ਦੁਆਲੇ ਉਸ ਵਰਗੇ ਹੀ ਹੋਰ ਬੈਠੇ ਸਨ। ਮੇਜ਼ਾਂ 'ਤੇ ਟਾਈਪ ਮਸ਼ੀਨਾਂ ਟਿਕਾਈ। ਕੁਰਸੀ, ਛੋਟੇ ਤੰਬੂ। ਇੱਕ ਦੂਜੇ ਨਾਲ ਰਲਦੇ-ਮਿਲਦੇ। ਇੱਕੋ ਹੀ ਸ਼ਕਲਾਂ ਵਾਲੇ। ਜਿਵੇਂ ਇਹ ਵੀ ਇੱਕ ਮੰਡੀ ਹੋਵੇ।

"ਕਦੋਂ ਬਣਨਾ ਦਿੱਤਾ ਸੀ ?"

"ਮੇਰੇ ਖਿਆਲ ਨਾਲ ਤਾਂ ਸਾਲ ਤੋਂ ਉਪਰ ਹੋ ਚੱਲਿਆ।" ਉਂਗਲਾਂ ਦੇ ਪੋਟਿਆਂ 'ਤੇ ਹਿਸਾਬ ਲਾ ਕੇ ਉਸ ਦੱਸਿਆ ਸੀ।

"ਹੁਣ ਤਕ ਤਾਂ ਆਉਣਾ ਚਾਹੀਦਾ ਸੀ। ਖੈਰ ਕੋਈ ਗੱਲ ਨ੍ਹੀਂ।"

"ਮੈਨੂੰ ਪਾਸਪੋਰਟ ਜਲਦੀ ਚਾਹੀਦਾ ਸੀ।"

"ਦੋ ਹਫਤਿਆਂ ਵਿੱਚ ਆਇਆ ਲਓ।"

"ਦੋ ਹਫਤਿਆਂ ਵਿੱਚ ?"

"ਦੋ ਹਫਤਿਆਂ ਵਿੱਚ ਚਾਰ ਸੌ ਰੁਪਇਆ ਲੱਗੇਗਾ। ਇੱਥੇ ਹਰ ਚੀਜ਼ ਦੇ ਭਾਅ ਨੇ। ਮਹੀਨੇ ਦਾ ਵੱਖਰਾ, ਹਫਤੇ ਦਾ ਵੱਖਰਾ ਤੇ ਦਿਨ ਦਾ ਵੱਖਰਾ।"

"ਇਹ ਤਾਂ ਜ਼ਿਆਦੇ। ਡੇਢ ਸੌ ਤਾਂ ਬਣਾਉਣ ਆਲੇ ਨੇ ਲਿਆ ਸੀ ਕਾਗਜ਼ਾਂ ਸਮੇਤ।"

"ਕੰਮ ਵੀ ਦੋ ਹਫਤਿਆਂ ਵਿਚ ਹੋ ਜਾਣਾ। ਆਪ ਜਾ ਕੇ ਦੇਖ ਲਓ। ਕਿਸੇ ਨੇ ਲੜ ਸਿਰਾ ਨ੍ਹੀਂ ਫੜਾਉਣਾ। ਕੋਈ ਤੁਹਾਡੇ ਨਾਲ ਸਿੱਧੀ ਗੱਲ ਵੀ ਨ੍ਹੀਂ ਕਰੇਗਾ। ਇਹ ਤਾਂ ਅਸੀਂ ਹਾਂ ਜੋ ਪੈਸੇ ਲੈ ਦੇ ਕੇ ਕੰਮ ਕਰਵਾ ਦਿੰਦੇ।"

"ਸੌ ਨਾਲ ਨ੍ਹੀਂ ਸਰਦਾ।"

"ਦੋ ਸੌ ਤਾਂ ਡੀਲਿੰਗ ਕਲਰਕ ਨੇ ਲੈ ਲੈਣੇ। ਫੇਰ ਸਾਡਾ ਵੀ ਕੁਝ ਸੋਚੋ।" ਉਸ ਸੌ-ਸੌ ਦੇ ਚਾਰ ਨੋਟ ਦਿੱਤੇ। ਆਪਦਾ ਨਾਮ ਪਤਾ ਲਿਖਾਇਆ। ਇਸੇ ਦੌਰਾਨ ਚਾਹ ਆ ਗਈ ਸੀ। ਪੰਦਰਾਂ ਦਿਨਾਂ ਬਾਅਦ ਪਾਸਪੋਰਟ ਉਸ ਦੇ ਹੱਥਾਂ ਵਿੱਚ ਸੀ। ਉਸ ਨੂੰ ਲੱਗਾ ਸੀ ਬਈ ਪਹੁੰਚੇ ਕਿ ਪਹੁੰਚੇ।

****

"ਓਧਰ ਤਾਂ ਪੈਸਾ ਹੀ ਪੈਸਾ ਆ।" ਜਦ ਕੋਈ ਬਾਹਰੋਂ ਆਇਆ ਰਿਸ਼ਤੇਦਾਰ ਦੱਸਦਾ ਤਾਂ ਉਸ ਨੂੰ ਇਧਰ ਦਾ ਸਭ ਕੁਝ ਫਿੱਕਾ-ਫਿੱਕਾ ਲੱਗਣ ਲੱਗ ਜਾਂਦਾ। ਆਪਣੀ ਮਿਹਨਤ ਫਜ਼ੂਲ ਜਾਂਦੀ ਦਿੱਸਦੀ। ਫਜ਼ੂਲ ਬੀਤਦੀ ਜਾਂਦੀ ਜ਼ਿੰਦਗੀ ਦਾ ਉਹਨੂੰ ਕੋਈ ਪਤਾ ਹੀ ਨਹੀਂ ਲੱਗ ਰਿਹਾ ਸੀ। ਉਦੋਂ ਪਤਾ ਲੱਗਦਾ ਜਦ ਰਾਤ ਹੋ ਜਾਂਦੀ ਜਾਂ ਦਿਨ ਦਾ ਉਦੋਂ ਪਤਾ ਲੱਗਦਾ ਜਦੋਂ ਬਾਹਰੋਂ ਕੋਈ ਜ਼ੋਰ-ਜ਼ੋਰ ਦੀ ਦਰਵਾਜ਼ਾ ਖੜਕਾਉਂਦਾ, "ਜੱਗੀ ਸ਼ੇਰਾ ਮੇਰੀਆਂ ਦਾਤੀਆਂ ਦੇ ਦੰਦੇ ਕੱਢਤੇ..ਰੰਬਾ ਬਣਾਤਾ..ਹੱਲ ਨੂੰ ਫਾਲ ਲਾਤੀ..ਚੇਤਾ ਹੈ ਨਾ...ਕਿਤੇ ਭੁੱਲ ਹੀ ਨਾ ਜਾਈਂ-ਮੈਂ ਤਾਂ ਕਲ੍ਹ ਬੜਾ ਔਖਾ ਰਿਹਾ..ਅੱਜ ਜ਼ਰੂਰ ਗੋੜੀ ਦੀ ਗਾਧੀ ਪਾਉਣੀ..ਵੇਲੇ ਸਿਰ ਆ ਜਾਈਂ..ਆਊਂਗਾ ਕਿ ਫੇਰ ਆ ਕੇ ਲਿਜਾਣਾ ਪਊ..।" ਮੰਜੇ 'ਤੇ ਪਿਆਂ ਅੱਖਾਂ ਸਾਹਮਣੇ ਸਲਵਾੜ ਦੇ ਕਸੀਰ ਲਮਕਦੇ ਹੁੰਦੇ। ਜਾਲੇ ਖਾਧੇ। ਕਾਲੇ-ਕਾਲੇ। ਮੱਖੀਆਂ ਦੀ ਭਿੰਨ-ਭਿੰਨ। ਮੱਛਰਾਂ ਦੇ ਵਾਵਰੋਲੇ। ਹੁਣ ਤੱਕ ਉਹ ਆਏ ਗਏ ਲਈ ਇੱਕ



www.PunjabiLibrary.com

ਬੈਠਕ ਨਹੀਂ ਬਣਾ ਸਕਿਆ ਸੀ। ਮਸਾਂ-ਮਸਾਂ ਆਹ ਕੋਠਾ ਵੀ ਖੜ੍ਹਾ ਕੀਤਾ। ਇੱਟਾਂ ਤਾਂ ਜਿੱਦਾਂ ਕਿੱਦਾਂ ਲਾ ਲਈਆਂ ਸਨ ਆਪੇ ਹੀ, ਅਜੇ ਸੀਮੈਂਟ ਨਹੀਂ ਜੁੜਿਆ। ਇੱਟਾਂ ਵਿਚੋਂ ਮਿੱਟੀ ਨਿਕਲਦੀ ਗਈ ਤੇ ਵਿੱਚ-ਵਿੱਚ ਮੋਰੀਆਂ ਹੋਣ ਲੱਗੀਆਂ। ਛਿੰਨੀ ਨੇ ਲਿਪ-ਪੋਚ ਕੇ ਬਚਾਈ ਰੱਖਿਆ। ਮੀਂਹ ਵਾਲਿਆਂ ਦਿਨਾਂ ਵਿਚ ਖਤਰਾ ਬਣਿਆ ਰਹਿੰਦਾ। ਉਪਰ ਪਿਆ ਬਾਲਗੀਰ ਵੀ ਘੁਣ ਖਾਧਾ। ਬਦਲ ਹੀ ਨਹੀਂ ਹੋਇਆ। ਮਾਂ ਵਾਲਾ ਕੋਠਾ ਕੁਝ ਚੰਗਾ ਪਰ ਹੈ ਸਿਰਫ ਬੁੱਤਾ ਸਾਰ। ਵੇਲੇ ਸਿਰ ਗਾਰਡਰ ਜੁੜ ਗਏ।

ਉਹ ਸੋਚੀਂ ਪੈ ਜਾਂਦਾ। ਕੀ ਰੱਖਿਆ ਹੈ ਇੱਧਰ ਕੰਮ 'ਚ। ਜ਼ਿੰਮੀਦਾਰ ਛੇਆਂ ਮਹੀਨਿਆਂ ਬਾਅਦ ਹਾੜ੍ਹੀ-ਸੌਣੀ ਜਾ ਕੇ ਦਾਣਿਆਂ ਦੀ ਬੋਰੀ ਦਿੰਦੇ। ਉਹ ਵੀ ਉਪਰੋਂ ਪੰਜਾਹ ਗੇੜੇ ਮਰਵਾ ਕੇ। ਆਪਣੇ ਆਪ ਕੌਣ ਮਾਈ ਦਾ ਲਾਲ ਦੇ ਕੇ ਜਾਂਦਾ। ਦਿੰਦਿਆਂ ਵੀ ਐਦਾਂ ਲੱਗਦਾ ਹੁੰਦਾ ਜਿਵੇਂ ਉਹ ਕੋਈ ਅਹਿਸਾਨ ਕਰ ਰਿਹਾ ਹੋਵੇ। ਮਾਈ ਹਰਨਾਮੀ ਵੱਲ ਤਾਂ ਸੌ ਗੇੜੇ ਮਾਰਨੇ ਪੈਂਦੇ। ਪੂਰੀ ਫਫਾਕੁੱਟਣੀ। ਗੱਲਾਂ ਦੀ ਧਨੀ-'ਲੈ ਜੱਗੀ-ਤੂੰ ਪੁੱਤ ਕਲ੍ਹ ਨੂੰ ਆਵੀਂ। ਅੱਜ ਤੇਰਾ ਤਾਇਆ ਘਰੇ ਨ੍ਹੀਂ। ਕੌਣ ਤੋਲੇ। ਚਾਹੁੰਦੀ ਤਾਂ ਆਂ ਕਿ ਤੇਰੇ ਸਾਹਮਣੇ ਹੀ ਤੋਲਾਂ। ਮੇਰੇ ਵਿੱਚ ਇੰਨੀ ਜਾਨ ਨ੍ਹੀਂ ਰਹੀ। ਕੋਈ ਗੱਲ ਨ੍ਹੀਂ। ਤੇਰੇ ਦਾਣੇ ਕਿਤੇ ਦੌੜੇ ਚੱਲੇ।' ਕਰਤਾਰੇ ਹੋਰਾਂ ਨੇ ਤਾਂ ਪੱਕੀ ਸਹੁੰ ਖਾਧੀ ਕਿ ਚੰਗੀ ਚੀਜ਼ ਦੇਣੀ ਹੀ ਨਹੀਂ। ਬੱਸ ਰਹਿੰਦ-ਖੂੰਹਦ ਰੱਖਣੀ। ਕੰਮ ਕਰਵਾਉਣ ਨੂੰ ਅੱਗੇ। ਦੇਣ ਨੂੰ ਪਿੱਛੇ। ਇਹੋ ਹਾਲ ਮੋਹਣੇ ਹੋਰਾਂ ਦਾ। ਦੇਣ ਲੱਗਿਆਂ ਸੌ-ਸੌ ਮੱਥੇ ਵਟ ਪਾਉਂਦੇ। ਅਜੇ ਮਾਸਟਰ ਚੰਗੇ ਸਾਰੇ ਪਿੰਡ ਵਿਚੋਂ। ਆਪੇ ਭਈਆਂ ਕੋਲੋਂ ਬੋਰੀ ਸੁੱਟਵਾਂ ਦਿੰਦੇ ਪਰ ਕੰਮ ਦਾ ਕੋਈ ਵੇਲਾ ਨਹੀਂ। ਇੱਕ ਵਾਰੀ ਆਰਨ ਤਪਾ ਲਓ ਫੇਰ ਰੋਟੀ ਖਾਣ ਦੀ ਵੀ ਵਿਹਲ ਨਹੀਂ ਮਿਲਦੀ। ਛਿੰਨੀ ਵਾਰ-ਵਾਰ ਕਹੀ ਜਾਊ-'ਰੋਟੀ ਤਾਂ ਟੈਮ ਸਿਰ ਖਾ ਲਓ ਕਰੋ' ਪਰ ਰੋਟੀ ਖਾਣੀ ਕਿਹੜੇ ਭੜਵੇ ਨੂੰ ਸੁਝਦੀ। ਦਾਤੀਆਂ, ਰੰਬੇ ਮੁੱਕ ਜਾਣ ਤਾਂ ਸੌ ਹੋਰ ਕੰਮ ਨਿਕਲ ਆਉਂਦੇ। ਪਤਾ ਹੀ ਉਦੋਂ ਲੱਗਦਾ ਜਦੋਂ ਸੂਰਜ ਅੰਦਰ ਬਾਹਰ ਹੋਣ ਵਾਲਾ ਹੁੰਦਾ। ਸਾਰੀ ਦਿਹਾੜੀ ਚਾਹ ਹੀ ਚਲਦੀ ਰਹਿੰਦੀ। ਜਾਂਦਾ-ਜਾਂਦਾ ਕੋਈ ਨਾ ਕੋਈ ਕੁਮੰਡਲ ਵਿੱਚੋਂ ਗਲਾਸ ਭਰ ਕੇ ਦੇ ਜਾਂਦਾ। ਕੋਈ ਟਾਈਮ ਨਹੀਂ ਕੰਮ ਦਾ। ਦਾਣਿਆਂ ਦੀਆਂ ਬੋਰੀਆਂ ਤਾਂ ਪਹਿਲਾਂ ਹੀ ਗਈਆਂ ਹੁੰਦੀਆਂ ਉਧਾਰ 'ਚ। ਸਣੇ ਵਿਆਜ। ਉਧਾਰ ਵਾਲੇ ਕੰਮ ਤਾਂ ਕਹਿੰਦੇ ਆ-ਹੁਣੇ ਹੋਵੇ ਤੇ ਜੇ ਅਗੋਂ ਪੈਸੇ ਮੰਗੋ ਤਾਂ ਪੋਲਾ ਜਿਹਾ ਮੂੰਹ ਬਣਾ ਕੇ ਕਹਿਣਗੇ, 'ਲੈ ਕਲ੍ਹ ਨੂੰ ਲੈ ਜਾਈਂ।' ਉਨ੍ਹਾਂ ਦਾ ਕਲ੍ਹ ਨਹੀਂ ਆਉਂਦਾ। ਉਹ ਪਿੰਡ 'ਚੋਂ ਬਾਹਰ ਗਏ ਮੁੰਡਿਆਂ ਦਿਆਂ ਘਰਾਂ ਵੱਲ ਡੂੰਘੀ ਨਜ਼ਰ ਮਾਰਦਾ। ਫਲਾਨੇ ਦੇ ਟੇਪ ਵੱਜਦੀ ਰਹਿੰਦੀ ਹੈ ਸਵੇਰ ਤਰਕਾਲੀਂ। ਫਲਾਨੇ ਦੇ ਪੱਕੇ ਮਕਾਨ ਪੈ ਗਏ। ਨਿੰਦਰ ਦੀ ਵਹੁਟੀ ਰੋਜ਼ ਦੇ ਦੋ-ਦੋ ਸੂਟ ਬਦਲਦੀ। ਪੱਪੂ ਦੀ ਬੀਬੀ ਪੰਜਾਵੇਂ ਸਾਲ ਵਿੱਚ ਵੀ ਕਿਸੇ ਤੋਂ ਘੱਟ ਨਹੀਂ ਬਣ ਠਣ ਕੇ ਰਹਿੰਦੀ। ਪਿਆਰੇ ਦਾ ਚੌਂਹ ਸਾਲਾਂ ਦਾ ਮੁੰਡਾ ਗੁੱਟ ਨੂੰ ਘੜੀ ਬੰਨ੍ਹੀਂ ਫਿਰਦਾ। ਚਾਨਣ ਦੇ ਮੁੰਡੇ ਨੇ ਜਾਂਦਿਆਂ ਹੀ ਵੀਹ ਹਜ਼ਾਰ ਭੇਜ ਦਿੱਤੇ। ਦੇਬੂ ਦਾ ਅੰਮੀ-ਸੌਰੇ ਨੂੰ ਕੋਈ ਪੁੱਛਦਾ ਨਹੀਂ ਸੀ ਹੁੰਦਾ। ਬਾਹਰ ਕੀ ਗਿਆ, ਘਰ ਦੇ ਨਕਸ਼ੇ ਬਦਲ ਗਏ। ਐਤਕੀਂ ਪਟੋਲੇ ਵਰਗੀ ਜਨਾਨੀ ਵਿਆਹ ਕੇ ਲਿਆਇਆ। ਸਹੁਰਿਆਂ ਘਰ ਭਰ ਦਿੱਤਾ ਸਾਮਾਨ ਨਾਲ। ਹੁਣ ਲੋਕੀਂ ਅੰਮੀ ਨੂੰ ਭੁੱਲ ਹੀ ਗਏ ਹਨ। ਹਾਕ ਵੀ ਐਦਾਂ ਮਾਰਦੇ



ਅ-'ਘਰੇ ਈ ਆ ਅਮਰੀਕ ਸਿਹਾਂ।'

ਲੱਲ੍ਹੀਆਂ ਵਾਲੇ ਰੱਖਾ ਸਿੰਘ ਵੱਲੋਂ ਹਾਂ ਹੋਣ 'ਤੇ ਉਸ ਪੈਸਿਆਂ ਲਈ ਨੱਠ-ਭੱਜ ਸ਼ੁਰੂ ਕਰ ਦਿੱਤੀ ਸੀ। ਪੰਦਰਾਂ ਹਜ਼ਾਰ 'ਚ ਘਰ ਵਾਲਾ ਮਕਾਨ ਗਹਿਣੇ ਰੱਖ ਦਿੱਤਾ ਸੀ। ਹਜ਼ਾਰ ਕੁ ਦੀਆਂ ਛਿੰਨੀ ਦੀਆਂ ਟੂੰਬਾਂ ਵੇਚ ਦਿੱਤੀਆਂ ਸਨ। ਚਾਰ ਹਜ਼ਾਰ ਸ਼ੈਲੇ ਵਾਲੀ ਭੈਣ ਤੋਂ ਫੜ ਲਿਆਂਦਾ ਸੀ। ਪੰਜ ਹਜ਼ਾਰ ਰਾਮ ਮੱਲ ਤੋਂ ਵਿਆਜ਼ 'ਤੇ ਲੈ ਲਏ ਸਨ।

ਬੜੀ ਭੱਜ-ਨੱਠ ਤੋਂ ਬਾਅਦ ਪੈਸੇ ਇਕੱਠੇ ਹੋਏ ਸਨ। ਇੱਕ ਦੋ ਤੋਂ ਉਧਾਰ ਮੰਗੇ ਤਾਂ ਅੱਗੋਂ ਅੱਖਾਂ ਫਿਰੀਆਂ ਮਿਲੀਆਂ ਸਨ। ਹਰੇਕ ਤਾਂ ਆਪਣੀ ਮਜ਼ਬੂਰੀ ਜ਼ਾਹਰ ਕਰਦਾ ਰਿਹਾ ਸੀ। ਕਿੰਨਾ ਪ੍ਰੇਮ ਸੀ ਮੀਤੂ ਕੇ ਜਸਵਿੰਦਰ ਨਾਲ। ਪਹਿਲੀ ਉਮਰੇ ਖਾਣ-ਪੀਣ ਵੀ 'ਕੱਠਾ ਰਿਹਾ। ਦੋਵਾਂ ਦੀ ਇੱਕ ਸਲਾਹ ਹੁੰਦੀ ਸੀ ਪਰ ਵੇਲੇ ਸਿਰ ਉਸ ਵੀ ਪੋਲਾ ਜਿਹਾ ਮੂੰਹ ਬਣਾ ਕੇ ਕਿਹਾ ਸੀ, "ਮੈਂ ਭਾਪੇ ਨਾਲ ਸਲਾਹ ਕੀਤੀ ਸੀ। ਨੂਰਪੁਰ ਵਾਲੀ ਭੂਆ ਦਾ ਮੁੰਡਾ ਵੀ ਬਾਹਰ ਜਾਣ ਵਾਲਾ। ਉਸ ਨੂੰ ਪੰਜ ਹਜ਼ਾਰ ਦੇਣਾ।" ਇਹੋ ਜਿਹੀ ਗੱਲ ਲਛੂ ਨੇ ਵੀ ਕੀਤੀ ਸੀ।

"ਕੋਈ ਗੱਲ ਨ੍ਹੀਂ, ਤੂੰ ਫਿਕਰ ਨਾ ਕਰੀਂ।" ਜਾਣ ਤੋਂ ਚਾਰ ਦਿਨ ਪਹਿਲਾਂ ਉਸ ਛਿੰਨੀ ਨੂੰ ਸਮਝਾਇਆ ਸੀ।

"ਮਗਰੋਂ ਘਰ ਦਾ ਕਿਵੇਂ ਸਰੂ ?"

"ਤੂੰ ਐਦਾਂ ਫੜ-ਫੁੜ ਕੇ ਸਾਰ ਲਈਂ। ਮੈਂ ਮਹੀਨੇ ਤਾਈਂ ਚਾਰ-ਪੰਜ ਹਜ਼ਾਰ ਤਾਂ ਜ਼ਰੂਰ ਭੇਜੂੰ। ਥੋੜ੍ਹੇ ਦਿਨਾਂ ਦੀ ਗੱਲ ਆ ਵਿੱਚੋਂ। ਤੂੰ ਆਪ ਸਿਆਣੀ..।"

ਛਿੰਨੀ ਚੁੱਪ ਕਰ ਗਈ ਸੀ। ਹੌਸਲੇ ਨਾਲ। ਉਮੀਦ ਨਾਲ। ਆਸ਼ਾ ਨਾਲ।

"ਭਾਪਾ ਮੇਰੇ ਲਈ ਕੀ ਭੇਜੂਗਾ ?" ਪਿਆਰੇ ਨੇ ਪਹਿਲਾਂ ਹੀ ਪੁੱਛਣਾ ਸ਼ੁਰੂ ਕਰ ਦਿੱਤਾ ਸੀ।

"ਜੋ ਤੂੰ ਕਹੇਂ।"

"ਗਰੈਨਡਿੰਗ ਦੀ ਟੇਪ ਭੇਜੀ। ਪਪੂ ਕਿਆਂ ਵਰਗੀ।"

ਜੋ ਕਿਸੇ ਕੁਝ ਕਿਹਾ, ਮੰਗਿਆ ਉਸ ਭੇਜਣ ਲਈ ਹਾਂ ਕਰ ਦਿੱਤੀ ਸੀ।

"ਪੁੱਤ ਤੂੰ ਜਾਂਦਾ ਹੀ ਚਿੱਠੀ ਪਾਈਂ-ਜਦੋਂ ਤਾਈਂ ਤੇਰੀ ਚਿੱਠੀ ਨਾ ਆਈ ਮੈਨੂੰ ਚੈਨ ਨ੍ਹੀਂ ਆਉਣੀ-ਨਾਲੇ ਮੇਰੇ ਕਿਹੜੇ ਪੰਜ ਸੱਤ ਆ।— ਸੌ ਸੁੱਖਾਂ ਦਾ ਤੂੰ। ਤੇਰੇ ਜਾਣ ਬਾਰੇ ਸੁਣ ਕੇ ਮੇਰੇ ਤਾਂ ਹੌਲ ਪੈਣ ਲੱਗ ਜਾਂਦਾ।" ਮਾਂ ਰੋਣ ਲੱਗ ਪਈ ਸੀ।

ਉਹ ਦੋ ਮਹੀਨੇ ਦਿੱਲੀ ਠਹਿਰਿਆ ਸੀ। "ਅੱਜ ਜਾਨੇਂ ਆਂ। ਲਓ ਕਲ੍ਹ ਨੂੰ ਪੱਕਾ।" 'ਚ ਹੀ ਦਲਾਲ ਨੇ ਦੋ ਮਹੀਨੇ ਲੰਘਾ ਦਿੱਤੇ ਸਨ। ਸਵੇਰ ਨੂੰ ਉਹ, ਪ੍ਰੀਤੂ ਤੇ ਜਗਤਾ ਦਲਾਲ ਦੇ ਦਫਤਰ 'ਚ ਚਲੇ ਜਾਂਦੇ ਤੇ ਪੁੱਛਦੇ, "ਕਦੋਂ ਚੱਲਣਾ ਆਂ ਫੇਰ ਜੀ ?" ਦਲਾਲ ਦਾ ਜਵਾਬ ਹੁੰਦਾ, "ਕਲ੍ਹ ਨੂੰ ਪਤਾ ਲੱਗੂ। ਅਜੇ ਦਿੱਲੀ ਦੀ ਸੈਰ ਕਰੋ। ਜਦੋਂ ਇੱਕ ਵਾਰੀ ਜਰਮਨ ਪਹੁੰਚ ਗਏ, ਫੇਰ ਐਦਾਂ ਦਾ ਮੌਕਾ ਨ੍ਹੀਂ ਮਿਲਣਾ। ਚਾਰ ਦਿਨ ਫਿਰ ਤੁਰ ਲਓ। ਸਾਰੀ ਉਮਰ ਕੰਮ ਹੀ ਕਰਨਾ। ਫਿਰ ਪੈਸੇ ਹੋਣੇ ਆ ਪਰ ਵਿਹਲ ਨ੍ਹੀਂ। ਦਿੱਲੀ ਤਾਂ ਬਹੁਤ ਹੁਸੀਨ ਆ। ਇਥੇ ਅੱਧੇ ਨਾਲੋਂ ਜ਼ਿਆਦਾ ਪੰਜਾਬੀ ਰਹਿੰਦੇ। ਓਪਰਾਪਨ ਤਾਂ ਬਿਲਕੁਲ ਮਹਿਸੂਸ ਨ੍ਹੀਂ



www.PunjabiLibrary.com

ਹੁੰਦਾ। ਜਿਧਰ ਮਰਜ਼ੀ ਚਲੇ ਜਾਓ। ਪੰਜਾਬੀ ਮਿਲ ਜਾਂਦੇ। ਮੈਨੂੰ ਤਾਂ ਪੰਜਾਬ ਤੇ ਦਿੱਲੀ ਵਿਚ ਕੋਈ ਫਰਕ ਨ੍ਹੀਂ ਦਿੱਸਦਾ। ਸੀਸ ਗੰਜ ਗੁਰਦੁਵਾਰੇ ਜਾਇਆ ਕਰੋ। ਰੋਜ਼ ਹੀ। ਕਲ੍ਹ ਨੂੰ ਮੈਂ ਵੀ ਤੁਹਾਡੇ ਨਾਲ ਜਾਵਾਂਗਾ..।"

ਘਰੋਂ ਲਿਆਂਦੇ ਪੈਸੇ ਮੁੱਕਣ ਕੰਢੇ ਸਨ। ਪਿੱਛੇ ਮੁੜਦਾ ਤਾਂ ਲੋਕਾਂ ਟਿਚਰਾਂ ਕਰਨੀਆਂ ਸਨ। ਦੋ ਚਾਰ ਵਾਰ ਤਾਂ ਉਹ ਗੁਰਦੁਆਰਿਓਂ ਰੋਟੀ ਖਾ ਆਇਆ ਸੀ। ਵਿਚ-ਵਿਚ ਦਲਾਲ ਵੀ ਨਾ ਹੋਇਆਂ ਵਰਗਾ ਖਰਚ ਦੇ ਦਿੰਦਾ ਸੀ। ਉਸ ਦਾ ਵਿਹਲੇ ਦਾ ਦਿਲ ਨਾ ਲੱਗਦਾ। ਸਮਾਂ ਹੀ ਨਾ ਗੁਜ਼ਰਦਾ। ਪਹਿਲੇ ਹਫ਼ਤੇ ਤਾਂ ਉਹ ਦਿੱਲੀ ਦੀਆਂ ਸੜਕਾਂ 'ਤੇ ਘੁਮਦਾ ਰਿਹਾ ਸੀ। ਫੇਰ ਲਾਲ ਕਿਲ੍ਹਾ-ਜਾਮਾ ਮਸਜਿਦ-ਸ਼ੀਸ਼ ਗੰਜ ਗੁਰਦੁਆਰਾ-ਚਿੜਿਆ ਘਰ-ਬਿਰਲਾ ਮੰਦਰ ਸਭ ਕੁਝ ਤਾਂ ਉਹ ਦੇਖ ਚੁੱਕਾ ਸੀ। ਹੁਣ ਤਾਂ ਉਸ ਨੂੰ ਇਨ੍ਹਾਂ ਤੋਂ ਵੀ ਅਕੇਵਾਂ ਹੋਣ ਲੱਗ ਪਿਆ ਸੀ। ਜਾਣ ਦੀ ਚਿੰਤਾ ਨੇ ਵੀ ਉਹਦੀ ਚੈਨ ਉਡਾ ਦਿੱਤੀ ਸੀ। ਖਿਆਲਾਂ ਵਿਚ ਹਵਾਈ ਜਹਾਜ਼ ਵਿਚ ਬੈਠਾ ਹੁੰਦਾ ਸੀ। ਸ਼ੀਸ਼ ਗੰਜ ਗੁਰਦੁਆਰੇ ਵਿਚ ਮਹਾਰਾਜ਼ ਦੀ ਹਾਜ਼ਰੀ 'ਚ ਬੈਠਾ ਹੁੰਦਾ ਜਾਂ ਲਾਲ ਕਿਲ੍ਹੇ ਦੇ ਇਕ ਪਾਸੇ ਬਣੇ ਪਾਰਕ 'ਚ, ਸਕੀਮਾਂ ਉਸ ਦਾ ਪਿੱਛਾ ਨਾ ਛੱਡਦੀਆਂ। ਕਦੇ ਉਹ ਸਕੀਮਾਂ 'ਤੇ ਭਾਰੂ ਹੁੰਦਾ ਤੇ ਕਦੇ ਸਕੀਮਾਂ ਉਸ ਉਪਰ।

ਉਸ ਨੂੰ ਆਪਣੇ ਆਪ 'ਤੇ ਹਾਸਾ ਵੀ ਆਉਂਦਾ-ਕਿਆ ਸ਼ੇਖ਼ਚਿਲੀ ਵਾਲੀ ਖੇਡ ਖੇਡੀ ਜਾ ਰਿਹਾ ਪਰ ਦੂਜੇ ਪਲ ਇਹ ਹਾਸਾ ਅਸਲੀ ਰੂਪ ਵਿਚ ਬਦਲ ਜਾਂਦਾ। ਉਸ ਨੂੰ ਸਭ ਕੁਝ ਸੱਚਾ-ਸੱਚਾ ਲੱਗਣ ਲੱਗ ਜਾਂਦਾ। ਦਲਾਲ ਦਾ ਕਿਹਾ, "ਤੀਹ ਹਜ਼ਾਰ ਤਨਖ਼ਾਹ ਤਾਂ ਵੱਟ ਤੇ ਪੱਕੀ। ਬਾਕੀ ਰਹੀ ਓਵਰ ਟਾਈਮ ਦੀ ਗੱਲ। ਇਹ ਤੇਰੇ ਤੇ ਡਿਪੈਂਡ ਕਰਦਾ। ਭਾਵੇਂ ਦੋ ਘੰਟੇ ਲਈ ਤੇ ਭਾਵੇਂ ਚਾਰ ਘੰਟੇ। ਕੰਮ ਦਾ ਕੋਈ ਘਾਟਾ ਨ੍ਹੀਂ। ਓਵਰ ਟਾਈਮ ਖੁੱਲ੍ਹਾ। ਬੱਸ ਬੰਦੇ ਵਿਚ ਹਿੰਮਤ ਹੋਣੀ ਚਾਹੀਦੀ। ਉਦਾਂ ਵੀ ਮੇਰੇ ਖਿਆਲ ਵਿਚ ਤੂੰ ਚਾਲ੍ਹੀਆਂ ਤੋਂ ਥੱਲੇ ਨ੍ਹੀਂ ਰਹਿੰਦਾ। ਤੇਰੇ ਵਰਗੇ ਬੰਦੇ ਕਿਤੇ ਕੰਮ ਤੋਂ ਥੱਕਦੇ। ਐਦਾਂ ਦਿਆਂ ਨੂੰ ਤਾਂ ਉਹ ਹਾਕਾਂ ਮਾਰਦੇ ਫਿਰਦੇ। ਕੰਮ ਕਰਨ ਵਾਲੇ ਦੀ ਪੂਰੀ ਕਦਰ ਹੁੰਦੀ। ਆਪਣੇ ਮੁਲਖ ਵਾਂਗੂੰ ਨ੍ਹੀਂ।" ਉਸ ਦਾ ਕੱਦ ਇਕੋ ਹੱਲੇ ਵਿਚ ਇੱਕ ਫੁੱਟ ਹੋਰ ਵਧਾ ਦਿੰਦਾ। ਸਕੀਮਾਂ ਦੀ ਲੜੀ ਫੇਰ ਜੁੜ ਜਾਂਦੀ। ਉਹ ਹਿਸਾਬ-ਕਿਤਾਬ ਵਿਚ ਲੱਕ-ਲੱਕ ਤਕ ਖੁੱਭ ਜਾਂਦਾ। ਇਸ ਦਾ ਮਤਲਬ ਹੋਇਆ ਚਾਲ੍ਹੀ ਕੁ ਹਜ਼ਾਰ ਬਣ ਹੀ ਜਾਇਆ ਕਰੇਗਾ ਮਹੀਨੇ ਦਾ..ਆਪਣਾ ਕੀ ਆ.. ਰੋਟੀ ਹੀ ਖਾਣੀ..ਸ਼ਰਾਬ ਨੂੰ ਮੂੰਹ ਨ੍ਹੀਂ ਲਾਉਣਾ..ਵੀਹ ਨ੍ਹੀਂ ਤਾਂ ਪੰਦਰਾਂ ਹਜ਼ਾਰ ਹੀ ਲਾ ਲਊ..ਰੋਟੀ ਤਾਂ ਆਪਾ ਓਵਰਟੈਮ ਦੇ ਸਿਰੋਂ ਖਾਣੀ..ਫੇਰ ਸਾਰੇ ਬਚ ਜਾਇਆ ਕਰਨਗੇ.. ਚੱਲ ਮੇਰੇ ਭਾਈ ਸਾਰੇ ਪੈਸੇ ਛਿੰਨੀ ਕੋਲ..ਦੋ ਮਹੀਨਿਆਂ ਵਿਚ ਲੈਣੇ ਦੇਣੇ ਪੂਰੇ ਹੋ ਜਾਣੇ.. ਬਚਤ ਹੀ ਬਚਤ ਸਮਝੋ..ਬਾਹਲਾ ਤਾਂ ਪੈਸੇ ਜੋੜਨ ਦੀ ਕਰਨੀ..ਪੈਸੇ ਲਈ ਤਾਂ ਇੱਥੋਂ ਤੱਕ ਆਏਂ..ਪੈਸੇ ਹੈ ਤਾਂ ਸਭ ਕੁਝ ਹੈ..ਛਿੰਨੀ ਨੂੰ ਲਿਖਣਾ ਬਈ ਵਧੀਆ ਜਿਹੀਆਂ ਬੈਠਕਾਂ ਪਾਈਂ..ਅੱਗੇ ਬਰਾਂਡਾ..ਕੋਈ ਆਏ ਤਾਂ ਪਤਾ ਲੱਗੇ ਬਈ ਜਗਤ ਸਿੰਘ ਜਰਮਨੀ ਵਾਲੇ ਦਾ ਘਰ..ਘਰ ਨ੍ਹੀਂ ਕੋਠੀ..ਜੇ ਔਖ ਹੋਈ ਤਾਂ ਚੂੜ ਸਿਹੁੰ ਨੂੰ ਸਦ ਲਈਂ..ਤੇਰਾ ਭਰਾ ਹੈ ਨਾ..ਫੇਰ ਕਾਹਦੀ ਔਖ..ਘਰ ਦਾ ਕੋਈ ਬੰਦਾ ਨਾਲ ਹੋਵੇ ਤਾਂ ਕੋਈ ਚੀਜ਼ਾਂ ਦੇ ਭਾਅ ਜ਼ਿਆਦਾ ਨ੍ਹੀਂ ਲਾਉਂਦਾ..



ਛੇ ਕੁ ਮਹੀਨਿਆਂ ਵਿਚ ਮਕਾਨ ਤਿਆਰ ਹੋ ਜਾਣਾ..ਪੈਸਿਆਂ ਦੀ ਕੋਈ ਕਿਰਸ ਨਾ ਕਰੀਂ, ਮੈਂ ਜਿਉਂ ਬੈਠਾ..ਪੈਸਿਆਂ ਦਾ ਤਾਂ ਇੱਥੇ ਵਾਰੀ ਮੀਂਹ ਪਵਾ ਦਊਂ..ਵੀਣਾ ਨੂੰ ਕਾਲਜ ਵਿਚ ਪੜ੍ਹਨੇ ਜ਼ਰੂਰ ਪਾ ਦੇਈਂ। ਜ਼ਿੰਦਗੀ ਬਣ ਜਾਊ ਵਿਚਾਰੀ ਦੀ..ਇੱਕ ਸਾਲ ਮਾਰਿਆ ਗਿਆ.. ਚਲੋ ਕੋਈ ਗੱਲ ਨ੍ਹੀਂ..ਆਖਿਰ ਵਾਗਰੂ ਨੇ ਸਾਡੀ ਸੁਣ ਲਈ..ਕਿਸੇ ਚੀਜ਼ ਲਈ ਕਿਉਂ ਤਰਸੀਏ ਤੇ ਨਿਆਣਿਆਂ ਨੂੰ ਕਿਉਂ ਤਰਸਾਈਏ। ..ਸੋਚ ਦੇ ਘੋੜੇ ਆਪਣੀ ਦਿਸ਼ਾ ਬਦਲ ਲੈਂਦੇ। ਸਕੀਮਾਂ ਦਾ ਰੁੱਖ ਬਦਲ ਜਾਂਦਾ..ਪੰਜ ਸਾਲਾਂ ਤੋਂ ਪਹਿਲਾਂ ਪਿੰਡ ਨਹੀਂ ਜਾਣਾ..ਐਦੂੰ ਪਹਿਲਾਂ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ.. ਮਹੀਨਾ ਕੁ ਰਹਿਣਾ..ਵਾਹਲਾ ਚਿਰ ਰਹਿਣ ਦਾ ਕੀ ਫਾਇਦਾ..ਚਾਰ ਪੈਸੇ ਤਾਂ ਕਮਾ ਲਈਏ..ਫੇਰ ਦੇਖੀ ਜਾਊ..ਲਾਲੀ ਵੀ ਵਲੈਤੋਂ ਪੰਦਰਾਂ ਸਾਲ ਬਾਅਦ ਮੁੜਿਆ ਸੀ..ਗੁਰਬਚਨ ਵੀਹਾਂ ਸਾਲਾ ਬਾਅਦ..ਆਪਣਾ ਟੱਬਰ ਟੀਰ ਵੀ ਉਧਰ ਮੰਗਾ ਲਿਆ। ਕਹਿਣ ਲੱਗਾ ਕੀ ਪਿਆ ਇੱਧਰ ਭੁੱਖ ਮਰੀ..ਪਰ ਪਿੰਡ ਤਾਂ ਪਿੰਡ ਹੀ ਹੁੰਦਾ..ਜੇ ਆਪਦਾ ਸੂਤ ਲੱਗ ਗਿਆ ਤਾਂ ਆਪਾਂ ਕਿਹੜੀ ਘੱਟ ਕਰਨੀ। ਛਿੰਨੀ ਨੂੰ ਤਾਂ ਇਕ ਵਾਰ ਜ਼ਰੂਰ ਸੱਦਣਾ..ਕਈ ਵਾਰ ਕਹਿੰਦੀ ਹੁੰਦੀ ਹੈ-ਮੇਰਾ ਚਿੱਤ ਜਹਾਜ਼ ਦੇਖਣ ਨੂੰ ਕਰਦਾ..ਜਹਾਜ਼ ਦੇਖਣਾ ਤਾਂ ਇਕ ਪਾਸੇ ਰਿਹਾ ਮੈਂ ਤਾਂ ਜਹਾਜ਼ ਦੀ ਸੈਰ ਕਰਾਊਂ।..ਦੇਖੀਂ ਫੇਰ ਏਧਰ ਆ ਕੇ ਮੇਮਾਂ ਵਰਗੀ ਲੱਗਣ ਲੱਗ ਪਊ। ਵੀਣਾ ਨੂੰ ਆਉਣਾ ਹੀ ਇੱਧਰ..ਪਹਿਲਾਂ ਉਹਨੂੰ ਸੱਦ ਲਵਾਂਗੇ ਇੱਧਰ ਤੇ ਫੇਰ..ਮੁੰਡਾ ਸੱਦ ਲਵਾਂਗੇ ਇੰਡੀਆ ਤੋਂ.. ਮਾਂ ਲਈ ਗਰਮ ਗਰਮ ਸੂਟ ਭੇਜਣੇ..ਐਦਾਂ ਦੇ ਗਰਮ ਕਿ ਸਿਆਲਾਂ ਵਿਚ ਇਕ ਵਾਰੀ ਮੁੜਕਾ ਆ ਜਾਵੇ..ਮਾਸੀ ਹੈ ਨਾ ਦਿੱਲੀ ਵਾਲੀ..ਆਪਣੇ ਮੁੰਡਿਆਂ ਤੋਂ ਤੰਗ ਰਹਿੰਦੀ.. ਉਹਨੂੰ ਚਿੱਠੀ ਲਿਖੂੰ ਕਿ ਪਿੰਡ ਆ ਜਾ ਤੇ ਆਪਣੀ ਭੈਣ ਕੋਲ ਰਹੂ..ਦੋਵੇਂ ਭੈਣਾਂ ਖ਼ੁਸ਼..ਆਪੇ ਜੀਅ ਲੱਗਾ ਰਹੂ..ਆਖਿਰ ਭੈਣ-ਭੈਣ ਹੀ ਹੁੰਦੀ। ਕੰਨਾਂ ਕੋਲ ਖਾਜ ਕਰਦਿਆਂ ਉਹਨੂੰ ਯਾਦ ਆ ਹੀ ਜਾਂਦੀ ਸੀ..ਭਾਪੇ ਦੀ ਕੁੱਟ। ਮਾਲੜੀ ਦਾ ਮੇਲਾ ਸੀ। ਉਹ ਭਾਪੇ ਦੇ ਖਹਿੜੇ ਹੀ ਪੈ ਗਿਆ ਸੀ ਕਿ ਰੁਪਿਆ ਲੈ ਕੇ ਜਾਣਾ..ਭਾਪਾ ਇਹੀ ਕਹੇ ਜਾਵੇ..ਮੇਰੇ ਕੋਲ ਤਾਂ ਇਕੋ ਚਵੰਨੀ..ਹੋਰ ਮੈਂ ਕਿਥੋਂ ਦੇ ਦੇਵਾਂ..ਮਾਂ ਚੁੱਪ ਰਹੀ ਸੀ। ਭਾਵੇਂ ਉਹ ਵਿਚ ਵਿਚ ਦੋਵਾਂ ਵੱਲ ਦੇਖ ਲੈਂਦੀ..ਜ਼ਿਆਦਾ ਹੀ ਰੌਣ ਲੱਗਾ ਤਾਂ ਭਾਪੇ ਨੇ ਵੱਟ ਕੇ ਚਪੇੜ ਮਾਰੀ ਸੀ। ਉਹ ਸਿੱਧਾ ਹੀ ਛੈਣੀ 'ਤੇ ਡਿੱਗ ਪਿਆ ਸੀ। ਅੱਧੀ ਕੁ ਇੰਚ ਛੈਣੀ ਖੁਭ ਗਈ ਤੇ ਲਹੂ ਦਾ ਤਾਂ ਛੱਪੜ ਹੀ ਲੱਗ ਗਿਆ..ਮਾਂ ਨੂੰ ਤਾਂ ਗਸ਼ੀ ਹੀ ਪੈ ਗਈ ਸੀ। ਭਾਪੇ ਦਾ ਮੂੰਹ ਰੌਣ ਹਾਕਾ ਹੋ ਗਿਆ ਸੀ..ਘੜੀ-ਮੁੜੀ ਕਹੀ ਜਾਵੇ..ਪੈਸੇ ਦੀ ਥੁੜ੍ਹ ਆਦਮੀ ਨੂੰ ਕੀ ਦਾ ਕੀ ਬਣਾ ਦਿੰਦੀ..ਕਾਹਦਾ ਸਾਡਾ ਜਿਉਣਾ। ਬੱਚੇ ਨੂੰ ਇੱਕ ਰੁਪਿਆ ਵੀ ਨਹੀਂ ਦੇ ਸਕਦਾ। ਭਾਪਾ ਸ਼ਹਿਰ ਜਾਂਦਿਆਂ ਸਾਰੀ ਵਾਟ ਉਸਨੂੰ ਵਰਾਉਂਦਾ ਗਿਆ ਸੀ। ਉਸ ਦੀਆਂ ਅੱਖਾਂ ਵਿਚ ਅਥਾਹ ਗਮੀ ਸੀ ਜਿਵੇਂ ਉਸਦੇ ਅੰਦਰ ਇਕ ਸਹਿਮ ਨੇ ਵਾਸਾ ਕਰ ਲਿਆ ਹੋਵੇ। ਉਸਦੇ ਅੰਦਰ ਵੀ ਇਕ ਘਾਟ ਨੇ ਜਨਮ ਲੈ ਲਿਆ ਸੀ। ਜਦ ਵੀ 'ਕੱਲਾ ਹੁੰਦਾ ਤਾਂ ਇਹ ਘਾਟ ਉਸ ਅੰਦਰ ਵਿਸ ਘੋਲਣ ਲੱਗ ਜਾਂਦੀ..ਆਪਣੀ ਹੀ ਤਰ੍ਹਾਂ ਦੀ। ਆਪਣੇ ਹੀ ਹਡਾਂ ਨੂੰ ਖੋਰਣ ਵਾਲੀ। ਹੁਣ ਇਹ ਵਿਸ ਸਦਾ ਲਈ ਖਤਮ ਹੋ ਜਾਵੇਗੀ। ਬਹੁਤ ਚਿਰ ਇਸਦਾ ਸੰਤਾਪ ਹੰਢਾਇਆ। ਉਸਦਾ ਦਿਮਾਗ ਐਦਾਂ ਦੇ ਵਿਚਾਰਾਂ ਵਿਚ ਹੀ ਘੁੰਮਦਾ ਰਹਿੰਦਾ। ਇੱਧਰੋਂ ਉਧਰ ਤੇ ਉਧਰੋਂ ਇਧਰ। ਲੱਗਦਾ ਜਿਵੇਂ ਉਸਨੂੰ ਮੰਜ਼ਿਲ ਮਿਲ ਗਈ



www.PunjabiLibrary.com

ਹੋਵੇ। ਬੈਠਾ ਬੈਠਾ ਥੱਕ ਜਾਂਦਾ ਤੇ ਇੱਕ ਭਰੋਸੇ ਨਾਲ ਵਾਪਸ ਆਪਣੇ ਕਮਰੇ ਵਿਚ ਪਰਤ ਆਉਂਦਾ। ਲੱਗਦਾ ਹੁਣ ਚੰਗਾ ਸਮਾਂ ਆਉਣ ਵਾਲਾ..।

****

"ਬਾਬੂ ਜੀ ਅਜੇ ਕਿੰਨੀ ਕੁ ਵਾਟ ਰਹਿੰਦੀ ਆ..?" ਜੱਗੀ ਨੇ ਪੁੱਛਿਆ ਸੀ।

ਉਹ ਤੁਰਦਾ-ਤੁਰਦਾ ਅੱਕ ਤੇ ਬੁਰੀ ਤਰ੍ਹਾਂ ਥੱਕ ਗਿਆ ਸੀ। ਸਾਰਾ ਦਿਨ ਤੁਰਦਿਆਂ ਹੀ ਲੰਘ ਚੱਲਿਆ ਸੀ। ਹੁਣ ਫਰਕ ਸਿਰਫ ਐਨਾ ਸੀ ਕਿ ਪਹਿਲਾ ਦਿਨ ਉਨ੍ਹਾਂ ਤਪਦੀ ਰੇਤਾਂ 'ਚ ਲੰਘਾਇਆ ਸੀ ਤੇ ਅੱਜ ਦਾ ਦਿਨ ਤਪਦੇ ਪਹਾੜਾਂ 'ਚ। ਰੇਤ ਦਿਆਂ ਟਿੱਬਿਆਂ ਵਾਂਗ ਇੱਥੇ ਦੇ ਪਹਾੜ ਵੀ ਖੁਸ਼ਕ ਹਨ। ਭੂਰੇ-ਭੂਰੇ।

ਫੇਰ ਸਾਰੇ ਹੀ ਚੁੱਪ ਹੋ ਗਏ ਸਨ। ਕੋਈ ਜਣਾ ਡਿੱਗਦਾ ਤਾਂ ਝੱਟ ਦੂਜਾ ਉਸਨੂੰ ਸੰਭਾਲ ਲੈਂਦਾ। ਹੌਂਸਲਾ ਦਿੰਦਾ। ਹੱਲਾ ਸ਼ੇਰੀ ਦਿੰਦਾ।

"ਪ੍ਰੀਤੂ ਆਹ ਸੌਦਾ ਤਾਂ ਮੈਂਗ੍ਹਾ ਪਊ?" ਉਸਨੇ ਪ੍ਰੀਤੂ ਨਾਲ ਸੁਲਾਹ ਮਾਰੀ। ਕੱਛਾਂ ਤੇ ਸੌੜਾਂ 'ਚ ਨਿੱਕੇ-ਨਿੱਕੇ ਅਣਗਿਣਤ ਛਾਲੇ ਉਭਰ ਆਏ ਸਨ। ਲਾਲ-ਲਾਲ। ਪਾਣੀ ਨਾਲ ਭਰੇ। ਪੈਰ ਝੁਲਸ ਗਏ ਸਨ। ਕੇਸਾਂ 'ਚ ਰੇਤਾ ਜੰਮ ਗਿਆ ਸੀ। ਚਿਹਰਾ ਬੇਪਛਾਣ ਹੋ ਗਿਆ ਸੀ। ਜਿਵੇਂ ਉਹ ਕਿਸੇ ਹੋਰ ਹੀ ਮਹਾਂਦੀਪ ਦਾ ਵਾਸੀ ਹੋਵੇ। ਕਿਸੇ ਸੁਣੀ ਸੁਣਾਈ ਕਹਾਣੀ ਦੇ ਪਾਤਰ ਵਰਗਾ।

"ਸਾਲਿਆ-ਪੈਸੇ ਐਵੇਂ ਤਾਂ ਨ੍ਹੀਂ ਬਣਦੇ। ਕਿਥੇ ਮਹੀਨੇ ਦੇ ਤਿੰਨ ਸੌ ਤੇ ਕਿਥੇ ਤੀਹ ਹਜ਼ਾਰ।"

ਪ੍ਰੀਤੂ ਹੁਣ ਪਹਿਲਾਂ ਨਾਲੋਂ ਤੇਜ਼ ਤੁਰਨ ਲੱਗ ਪਿਆ ਸੀ। ਜਿਵੇਂ ਉਸ ਨੂੰ ਇੱਕ ਦਮ ਪੈਸਿਆਂ ਦਾ ਹੌਂਸਲਾ ਹੋ ਗਿਆ ਹੋਵੇ।

ਚੁੱਪ ਸੀ।

ਧੁੱਪ ਸੀ। ਰੇੜ੍ਹੇ ਜੁੜੀ ਖਚਰ ਦੇ ਖੁਰਾਂ 'ਚੋਂ ਨਿਕਲਦੀ ਅੱਗ ਵਰਗੀ।

ਸਹਿਮ ਸੀ।

ਡਰ ਸੀ।

ਚਿੰਤਾ ਸੀ।

ਮਾਤਮ ਸੀ।

ਜਗਤੇ ਦਾ ਪਰਛਾਵਾਂ ਨਾਲ-ਨਾਲ ਆ ਰਿਹਾ ਸੀ।

"ਹਿਸਾਬ ਲਾ ਕੇ ਦੇਖੀਏ?" ਦਲਾਲ ਨੇ ਘੜੀ ਦੇਖੀ ਤੇ ਗੋਡਿਆਂ ਭਾਰ ਹੋ ਕੇ ਨਕਸ਼ਾ ਦੇਖਣ ਲੱਗਾ। ਪੈੱਨ ਨਾਲ ਇੱਕ ਬਿੰਦੂ 'ਤੇ ਨਿਸ਼ਾਨ ਲਾਇਆ। ਇੱਕ ਵਾਰ ਨਜ਼ਰਾਂ ਉਤਾਂਹ ਨੂੰ ਚੁੱਕੀਆਂ। ਦੱਸਣਾ ਸ਼ੁਰੂ ਕੀਤਾ, "ਮੇਰੇ ਖਿਆਲ ਨਾਲ ਹੁਣ ਮੇਨ ਰੋਡ ਵੀਹ, ਪੰਝੀ ਮੀਲ ਦੂਰ ਹੋਣਾ। ਐਨਾ ਕੁ ਆ। ਜੇ ਆਹ ਨਕਸ਼ਾ ਨਾ ਹੋਵੇ ਤਾਂ ਪਤਾ ਨ੍ਹੀਂ ਕਿੱਥੇ ਦੇ ਕਿੱਥੇ ਰੁਲਦੇ ਫਿਰੀਏ। ਪੰਜ ਸੱਤ ਮੇਨ ਨਿਸ਼ਾਨੀਆਂ ਮੈਂ ਨੋਟ ਕੀਤੀਆਂ ਹੋਈਆਂ। ਇਰਾਨ 'ਚ ਇੰਟਰ ਹੋਣ ਦੀ ਦੇਰ ਆ। ਸੀਟਾਂ ਬੁਕ ਹੋਈਆਂ ਨੀਂ। ਚੱਲ ਮੇਰੇ ਭਾਈ ਅਗਲੇ ਰਾਹ। ਸਿੱਧੇ ਹੀ ਜਰਮਨ। ਜੇ ਐਸੀ ਵੈਸੀ ਗੱਲ ਹੋ ਗਈ ਤਾਂ ਗੱਡੀ ਤੇ ਨਿਕਲ ਚਲਾਂਗੇ ਡੁੱਬਈ



ਵੱਲ ਨੂੰ..।"

****

"ਗੋਡਿਆਂ ਦੀਆਂ ਚੱਪਣੀਆਂ ਦੁੱਖਣ ਲੱਗ ਪਈਆਂ।"

"ਚੱਕਰ ਆਉਣ ਲੱਗੇ।"

"ਮੇਰੇ ਤਾਂ ਖੋਹ ਪੈਂਦੀ।"

"ਮੇਰੀਆਂ ਅੱਖਾਂ ਵਿਚ ਰੜਕ ਪੈਣ ਲੱਗੀ।"

"ਮੁੜਕੇ ਨਾਲ ਬੁਰਾ ਹਾਲ।"

"ਮੇਰੀ ਤਾਂ ਕੱਛ ਨਾਲ ਬਾਂਹ ਹੀ ਨ੍ਹੀਂ ਲੱਗਦੀ।"

"ਸਿਰ ਵੀ ਮਿੱਟੀ ਨਾਲ ਭਰ ਗਿਆ।"

"ਕੁੱਝ ਖਾਣ ਨੂੰ ਮਿਲਣਾ ਚਾਹੀਦਾ।"

"ਤੂੰ ਤਾਂ ਮੇਰੇ ਮਨ ਦੀ ਗੱਲ ਕਰਤੀ।"

"ਧਰਮ ਨਾਲ ਭੁੱਖਿਆਂ ਦੀਆਂ ਨਾੜਾਂ ਸੁੰਗੜਣ ਲੱਗੀਆਂ।"

"ਢਿੱਡ ਵਿਚ ਕੁਝ ਹੋਵੇ ਤਾਂ ਤੁਰਿਆ ਜਾਂਦਾ।"

"ਤੁਰਨ ਨੂੰ ਜਿੰਨਾ ਕੋਈ ਮਰਜ਼ੀ ਤੋਰ ਲਏ ਪਰ ਜੇ ਖਾਣ ਨੂੰ ਬਰੋਬਰ ਮਿਲਦਾ ਰਹੇ।"

ਪਾਣੀ ਪੀਣ ਨੂੰ ਜੱਗੀ ਦਾ ਚਿੱਤ ਵੀ ਕਾਹਲਾ ਪਿਆ ਸੀ। ਏਅਰ ਪੋਰਟ ਤੋਂ ਪਾਣੀ ਪੀਤਾ ਸੀ ਜਾਂ ਅੱਧ ਬੇਹੋਸ਼ੀ ਵੇਲੇ। ਮੁੜ ਪਾਣੀ ਪੀਣਾ ਤਾਂ ਇੱਕ ਪਾਸੇ ਰਿਹਾ, ਪਾਣੀ ਦੇ ਦਰਸ਼ਨ ਤੱਕ ਨਹੀਂ ਸਨ ਹੋਏ। ਜੀਭ ਸੁੱਕ ਜਾਂਦੀ ਤਾਂ ਉਹ ਸੰਘ ਨੂੰ ਖੁਰਕਦਾ। ਖਿੱਚ ਧੂ ਕੇ ਅੰਦਰੋਂ ਥੁੱਕ ਜੀਭ ਤੱਕ ਲਿਆਉਂਦਾ। ਜੀਭ ਗਿੱਲੀ ਕਰਦਾ। ਜੀਭ ਨੂੰ ਬੁੱਲਾਂ 'ਤੇ ਫੇਰਦਾ। ਜਾਨ ਪੈਂਦੀ। ਮੁੜ ਉਹੀ ਚਕਰ ਸ਼ੁਰੂ ਹੋ ਜਾਂਦਾ।

"ਤੁਰ ਤੁਰ ਕੇ ਮੇਰਾ ਤਾਂ ਮੱਚ ਮਰ ਚਲਿਆ," ਥੱਲੇ ਵੱਲ ਨੂੰ ਉਤਰਦਿਆਂ ਉਸ ਨੇ ਦੱਸਿਆ।

"ਮੇਰੇ ਵੀ ਖੱਲੀਆਂ ਪੈ ਚਲੀਆਂ।"

"ਮੇਰੇ ਪੈਰ ਸੁਜ ਗਏ।"

"ਮੇਰੇ ਮੋਢੇ ਨ੍ਹੀਂ ਹਿਲਦੇ।"

ਉਹ ਆਪਸ 'ਚ ਕਰਨ ਲੱਗੇ ਸਨ।

"ਮੈਂ ਵੀ ਤੁਹਾਡੇ ਹੀ ਨਾਲ ਹਾਂ। ਕੋਈ ਦੱਸੇ-ਇਕ ਵਾਰੀ ਵੀ ਸੀ ਕੀਤੀ। ਜੇ ਤੁਸੀਂ ਕੁਝ ਨ੍ਹੀਂ ਖਾਧਾ ਤਾਂ ਖਾਧਾ ਮੈਂ ਵੀ ਨ੍ਹੀਂ। ਬਰਾਬਰ ਤੁਰਦਾ ਰਿਹਾ ਹਾਂ। ਬਰਾਬਰ ਕੀ ਤੁਹਾਡੇ ਨਾਲੋਂ ਅੱਗੇ। ਪਿੱਛੇ ਮੁੜ ਕੇ ਦੇਖਿਆ ਹੀ ਨ੍ਹੀਂ। ਪਿੱਛੇ ਮੁੜ ਕੇ ਦੇਖਣ ਵਾਲੇ ਆਪਣੀ ਮੰਜ਼ਿਲ ਤੇ ਨ੍ਹੀਂ ਪਹੁੰਚ ਸਕਦੇ।" ਦਲਾਲ ਖਿੱਠ ਉਠਿਆ ਸੀ।

****

"ਅੱਤਵਾਦੀ..ਅੱਤਵਾਦੀ।" ਇਕ ਪਹਾੜੀ ਤੋਂ ਹੇਠਾਂ ਉਤੱਰਦਾ ਹੀ ਦਲਾਲ ਚੀਕਿਆ।



www.PunjabiLibrary.com

"ਦੌੜੋ-ਦੌੜੋ।"

ਵਾਹੋਵਾਹੀ, ਉਹ ਪਹਾੜ ਦੇ ਹੇਠਾਂ ਵੱਲ ਨੂੰ ਦੌੜੇ। ਪਿੱਪਲ 'ਚ ਬਣੀ ਖੁੱਡ ਵਾਂਗ ਪਹਾੜ 'ਚ ਵੀ ਭੋਰਾ ਜਿਹਾ ਬਣਿਆ ਸੀ। ਪਹਾੜ ਦੇ ਭੋਰੇ 'ਚ ਉਹ ਸਾਹੋਸਾਹੀ ਹੋਏ ਲੁਕ ਗਏ ਸਨ। ਬੈਗ ਸੰਭਾਲੀ। ਸੂਟਕੇਸ ਸਾਂਭੀ। ਹੱਥਾਂ 'ਚ ਘੁਟਦਿਆਂ। ਜੇਬਾਂ ਨਪਦਿਆਂ। ਇਕ ਦੂਜੇ ਉਪਰ ਡਿੱਗਦੇ। ਇਕ ਦੂਜੇ ਨਾਲ ਲੱਗੇ। ਚੁੰਬੜੇ।

ਇਕ ਡਰ ਸੀ।

ਇਕ ਸਹਿਮ ਸੀ।

ਇਕ ਦਹਿਸ਼ਤ ਸੀ।

ਸੂਰਜ ਪਹਾੜਾਂ ਓਹਲੇ ਨੂੰ ਹੁੰਦਾ ਜਾ ਰਿਹਾ ਸੀ।

ਫੇਰ ਗੋਲੀਆਂ ਚੱਲੀਆਂ ਸਨ। ਅੱਤਵਾਦੀਆਂ ਉਪਰੋਂ ਪੱਥਰ ਸੁੱਟੇ ਸਨ।

ਅਜੀਬੋ-ਗਰੀਬ ਕੁਲ-ਬੁਲ-ਕੁਲ-ਬੁਲ ਹੋ ਰਹੀ ਸੀ। ਸੂਰਾਂ ਦੀ ਆਵਾਜ਼ ਵਰਗੀ।

" ???" ਆਵਾਜ਼ਾਂ ਆਉਣ ਲੱਗੀਆਂ ਸਨ।

"ਇਹ ਕਹਿੰਦੇ ਆ-ਜਿਨ੍ਹਾਂ ਕੋਲ ਜੋ ਕੁਸ਼ ਵੀ ਆ-ਬਾਹਰ ਰੱਖ ਦਿਓ-ਨ੍ਹੀਂ ਤਾਂ..।" ਦਲਾਲ ਨੇ ਵਿਚਲੀ ਰਮਜ ਸਮਝਾਉਂਦਿਆਂ ਦੱਸਿਆ।

ਜੱਗੀ ਨੇ ਪ੍ਰੀਤ ਵੱਲ ਦੇਖਿਆ। ਹੋਰਨਾਂ ਵੱਲ ਵੀ। ਸਾਰਿਆਂ ਦੇ ਮੂੰਹ ਵਿਤਲੇ ਖਰਬੂਜ਼ੇ ਵਾਂਗ ਹੋ ਗਏ ਸਨ। ਹਲਦੀ ਵਰਗੀ ਪੀਲੋਂ ਉਨ੍ਹਾਂ ਦਿਆਂ ਚਿਹਰਿਆਂ 'ਤੇ ਤੈਰ ਰਹੀ ਸੀ। ਸਾਮਾਨ ਦੇਣ ਨੂੰ ਤਾਂ ਕੋਈ ਵੀ ਤਿਆਰ ਨਹੀਂ ਸੀ। ਨਾ ਹੀ ਕਿਸੇ ਦਾ ਹਿਆਂ ਪੈ ਰਿਹਾ ਸੀ।

" ???" ਅੱਤਵਾਦੀਆਂ ਫੇਰ ਵਾਰਨਿੰਗ ਦਿੱਤੀ ਸੀ।

ਉਹ ਗਿਣਤੀ 'ਚ ਚਾਰ ਸਨ। ਉਹ ਪਹਾੜੀ ਤੋਂ ਹੇਠਾਂ ਉਤਰ ਆਏ। ਉਨ੍ਹਾਂ ਦੇ ਵੱਡੇ-ਵੱਡੇ ਕਾਲੇ ਚੋਗੇ ਪਾਏ ਸਨ। ਸਿਰਾਂ ਉਪਰ ਚਿੱਟੀਆਂ ਪੱਟੀਆਂ ਬੰਨ੍ਹੀਆਂ ਸਨ। ਮੋਢਿਆਂ 'ਤੇ ਥੈਲੇ ਲਟਕਾਏ ਸਨ। ਲੱਕਾਂ ਨਾਲ ਬੈਲਟਾਂ ਬੰਨ੍ਹੀਆਂ ਸਨ।

ਸਾਮਾਨ ਦਾ ਵਾਹਵਾ ਸਾਰਾ ਢੇਰ ਲੱਗ ਪਿਆ ਸੀ।

ਫੇਰ ਇੱਕਲੇ-ਇੱਕਲੇ ਦੀ ਤਲਾਸ਼ੀ ਹੋਣ ਲੱਗੀ ਸੀ।

"ਜਾ ਉਏ ਦੌੜ ਕੇ ਦੇ ਆ। ਕਿਉਂ ਘੜੀ ਬਦਲੇ ਮਰਨ ਲੱਗਾਂ," ਪ੍ਰੀਤੂ ਨੇ ਉਸ ਨੂੰ ਸਮਝਾਇਆ। ਜੱਗੀ ਨੇ ਘੜੀ ਵੱਲ ਦੇਖਿਆ। ਜਾਣ ਲੱਗਿਆਂ ਇਹ ਘੜੀ ਉਸ ਦੇ ਪੰਡੋਰੀ ਵਾਲੇ ਭਣੋਈਏ ਨੇ ਦਿੱਤੀ ਸੀ। ਉਸ ਦਾ ਹਿਆਂ ਘੜੀ ਦੇਣ ਨੂੰ ਨਹੀਂ ਪੈ ਰਿਹਾ ਸੀ। ਇਕ ਦੋ ਵਾਰ ਹੱਥ ਜ਼ਰੂਰ ਚੈਨ ਤਕ ਪਹੁੰਚਿਆ ਸੀ ਪਰ ਉਂਗਲਾਂ ਹਰਕਤਹੀਣ ਰਹੀਆਂ ਸਨ। ਘੜੀ ਉਹ ਕਿਉਂ ਦੇਵੇ ? ਦਾ ਵਿਚਾਰ ਭਾਰੂ ਹੁੰਦਾ ਰਿਹਾ। ਲੁਕਾਉਣ ਲਈ ਸਮਾਂ ਨਹੀਂ ਰਿਹਾ ਸੀ। ਭਰੇ ਮਨ ਤੇ ਕੰਬਦਿਆਂ ਹੱਥਾਂ ਨਾਲ ਉਸ ਘੜੀ ਗੁਟ ਨਾਲੋਂ ਖੋਲ੍ਹੀ ਤੇ ਇਕ ਅੱਤਵਾਦੀ ਵੱਲ ਕਰ ਦਿੱਤੀ। ਅੱਤਵਾਦੀ ਨੇ ਉਸ ਨੂੰ ਵਾਲਾਂ ਤੋਂ ਫੜ ਕੇ ਝਟਕਾ ਦਿੱਤਾ।

"ਮਾਂ-ਮੈਂ ਮਰ ਗਿਆ," ਉਸ ਦੀ ਲੇਰ ਨਿਕਲ ਗਈ ਸੀ। ਉਹ ਇਕ ਪਾਸੇ ਨੂੰ ਡਿੱਗ ਪਿਆ ਸੀ।



"ਹੁਣ ਚੰਗਾ ਰਿਹਾ।" ਕਿਸੇ ਟਿਚਰ ਕੀਤੀ ਸੀ। ਬਹੁਤ ਹੌਲੀ ਜਿਹੀ ਪਰ ਆਵਾਜ਼ ਉਸ ਸੁਣ ਲਈ ਸੀ। ਦੇਖਣ ਦੀ ਉਸ ਵਿਚ ਸਤਿਆ ਨਹੀਂ ਰਹੀ ਸੀ।

ਨੀਵੀਂ ਪਾਈ ਉਹ ਬੈਠਾ ਰਿਹਾ । ਸੋਚਦਾ ਰਿਹਾ ਤੇ ਆਪਣੇ ਆਪ ਨਾਲ ਹੱਥੋਪਾਈ ਹੁੰਦਾ ਰਿਹਾ।

****

ਅੱਧੀ ਰਾਤ ਨੂੰ ਜਦ ਉਸ ਦੀ ਅੱਖ ਖੁੱਲ੍ਹੀ ਤਾਂ ਚੰਨ ਦੀ ਚਾਨਣੀ ਨੇ ਦਿਨ ਚੜ੍ਹਾ ਰੱਖਿਆ ਸੀ। ਸਰੀਰ ਬੁਰੀ ਤਰ੍ਹਾਂ ਟੁੱਟਿਆ ਭੱਜਿਆ ਪਿਆ ਸੀ। ਪਾਸਾ ਲੈਣ ਜੋਗੀ ਵੀ ਸ਼ਕਤੀ ਨਹੀਂ ਰਹੀ ਸੀ। ਕਸੀਸ ਵੱਟ ਕੇ ਉਸ ਪਾਸਾ ਲਿਆ ਤਾਂ ਅਚਨਚੇਤ ਹੀ ਉਸ ਦੀ ਨਜ਼ਰ ਬਾਕੀਆਂ 'ਤੇ ਪੈ ਗਈ। ਬੰਦੇ ਤਾਂ ਉਹ ਜ਼ਿਆਦਾ ਸਨ। ਹੁਣ ਘੱਟ ਕਿਉਂ ਸਨ। ਭੁਲੇਖਾ ਦੂਰ ਕਰਨ ਲਈ ਉਸ ਅੱਖਾਂ ਘੁੱਟ ਕੇ ਮਲੀਆਂ। ਚਾਨਣੀ ਰਾਤ ਵਿਚ ਸਭ ਕੁਝ ਤਾਂ ਸਪੱਸ਼ਟ ਦਿੱਸ ਰਿਹਾ ਸੀ। ਉਸ ਚੁਫੇਰੇ ਦੇਖਿਆ। ਬਹੁਤੇ ਸਾਥੀ ਗੁੰਮ ਸਨ। ਗਿਣਤੀ ਕੀਤੀ। ਸਿਰਫ ਸੱਤ ਘੂਕ ਸੱਤੇ ਪਏ ਸਨ।

ਜਿਥੇ ਕਿਸੇ ਨੂੰ ਕੋਈ ਜਗ੍ਹਾ ਮਿਲੀ ਸੀ, ਉਸ ਪੈਣ ਦੀ ਕੀਤੀ ਸੀ। ਡਰ ਤੇ ਥਕਾਵਟ ਦੋਵੇਂ ਨਾਲੋਂ-ਨਾਲ ਚਲਦੇ ਰਹੇ ਸਨ ਤੇ ਆਖਿਰ ਵਿਚ ਥਕਾਵਟ ਭਾਰੂ ਹੋ ਗਈ ਸੀ।

ਤੇ ਦਲਾਲ ?

ਦਲਾਲ ਦੀ ਭਾਲ ਕਰਦਿਆਂ ਉਹ ਇਧਰ ਉਧਰ ਦੇਖਣ ਲੱਗਾ। ਉਹ ਦੂਰ ਤਕ ਨਿਕਲ ਗਿਆ। ਇਹ ਸੋਚ ਕੇ ਸ਼ਾਇਦ ਉਹ ਕਿਤੇ ਇਧਰ ਉਧਰ ਹੀ ਹੋਵੇਗਾ ਪਰ ਦਲਾਲ ਹੁੰਦਾ ਤਾਂ ਮਿਲਦਾ। ਉਹ ਮੁੜ ਪ੍ਰੀਤੂ ਕੋਲ ਆ ਗਿਆ।

"ਪ੍ਰੀਤੂ ਉਠ ਉਏ," ਉਸ ਪ੍ਰੀਤੂ ਨੂੰ ਬਾਹੋਂ ਫੜ ਕੇ ਇਕੋ ਹੀ ਝਟਕੇ ਨਾਲ ਬੈਠਾ ਦਿੱਤਾ।

"ਰੱਬ ਦੇ ਵਾਸਤੇ ਸੌਂ ਤਾਂ ਲੈਣ ਦੇ। ਅੱਗੇ ਹੀ ਬੱਸ ਹੋਈ ਪਈ। ਹੁਣ ਤੂੰ ਟਿਕਣ ਨ੍ਹੀਂ ਦਿੰਦਾ," ਪ੍ਰੀਤੂ ਫੇਰ ਲੰਮਾ ਪੈ ਗਿਆ ।

"ਉਠ ਕੇ ਦੇਖ ਤਾਂ ਸਹੀਂ।"

"ਕੀ ਦੇਖਾਂ ?"

"ਉਠੇਂਗਾ ਤਾਂ ਪਤਾ ਲੱਗੂ।"

"ਸਿੱਧੀ ਗੱਲ ਦੱਸ। ਕੀ ਨਿਆਣਿਆਂ ਵਾਲੀਆਂ ਗੱਲਾਂ ਕਰੀ ਜਾਣਾਂ ? ਮੇਰੇ ਤਾਂ ਪੱਲੇ ਕਸ਼ ਨ੍ਹੀਂ ਪੈ ਰਿਹਾ।"

"ਲੱਗਦਾ ਦਲਾਲ ਫਰਾਰ ਹੋ ਗਿਆ। ਨਾਲ ਹੀ ਆਪਣੇ ਖਾਸ-ਖਾਸ ਬੰਦੇ ਲੈ ਕੇ ਗਿਆ ।"

"ਕੀ ?" ਪ੍ਰੀਤੂ ਇੱਕ ਦਮ ਉਠ ਕੇ ਐਦਾਂ ਬੈਠ ਗਿਆ ਜਿਵੇਂ ਕੋਈ ਠੂੰਆਂ ਲੜ ਗਿਆ ਹੋਵੇ ।

"ਵਾਗਰੂ-ਵਾਗਰੂ ਬੋਲ-ਕੀ ਹੋਊ ?" ਪ੍ਰੀਤੂ ਨੇ ਪੁੱਛਿਆ।



www.PunjabiLibrary.com

"ਹੌਲੀ ਬੋਲ-ਆ ਮੇਰੇ ਮਗਰ-ਮਗਰ। ਆਪਾਂ ਵੀ ਨਿਕਲ ਚੱਲੀਏ। ਉਹ ਅਜੇ ਦੂਰ ਨ੍ਹੀਂ ਗਏ ਹੋਣੇ। ਹਿੰਮਤ ਮਾਰੀਏ। ਸ਼ਾਇਦ ਲੱਭ ਹੀ ਪੈਣ।"

"ਇਨ੍ਹਾਂ ਦਾ ਕੀ ਹੋਊ ?" ਪ੍ਰੀਤੂ ਨੇ ਬਾਕੀਆਂ ਵੱਲ ਦੇਖ ਕੇ ਹੌਕਾ ਲਿਆ।

"ਉਹ ਬਾਅਦ ਵਿਚ ਦੇਖੀ ਜਾਊ। ਜੇ ਆਪਾਂ ਨੇ ਇਨ੍ਹਾਂ ਨੂੰ ਉਠਾਲਿਆ ਤਾਂ ਉਨ੍ਹਾਂ ਨਿਕਲ ਜਾਣਾ। ਅਜੇ ਤਾਂ ਇੱਥੇ ਕਿਤੇ ਲਾਗੇ ਛਾਂਗੇ ਹੋਣਗੇ।"

ਉਹ ਇਕ ਸੇਧ ਵੱਲ ਨੂੰ ਹੋ ਤੁਰੇ ਸਨ। ਇਕ ਪਾਸਿਉਂ ਟੱਰਕ ਚੱਲਣ ਦੀ ਆਵਾਜ਼ ਆਈ ਸੀ ਤਾਂ ਉਸ ਕਿਹਾ ਸੀ, "ਪ੍ਰੀਤੂ ਆਪਣੀ ਕਿਸਮਤ ਹਾਰ ਗਈ। ਉਹ ਤਾਂ ਨਿਕਲ ਗਏ। ਆਪਾਂ ਨੂੰ ਵੀ ਹੁਣ ਕੋਈ ਨਾ ਕੋਈ ਢੋਅ ਮੇਲਾ ਬਣਾਉਣਾ ਪਊਗਾ। ਚੱਲ ਮਿੱਤਰਾ ਅੱਗੇ..।"

ਦਿਨ ਚੜ੍ਹਦੇ ਨੂੰ ਉਹ ਤੇ ਪ੍ਰੀਤੂ ਇੱਕ ਛੋਟੇ ਦਰਿਆ ਦੇ ਕੰਢੇ ਪੁੱਜ ਗਏ ਸਨ। ਬਈਂ ਨੁਮਾ ਦਰਿਆ। ਉਨ੍ਹਾਂ ਨੇ ਰੱਜ ਕੇ ਪਾਣੀ ਪੀਤਾ ਤੇ ਰੁੱਖ ਥੱਲੇ ਲੰਮੇ ਪੈ ਰਾਏ।

ਜਦ ਉਸਦੀ ਅੱਖ ਖੁੱਲ੍ਹੀ ਤਾਂ ਸੂਰਜ ਉਸ ਦੀਆਂ ਅੱਖਾਂ 'ਤੇ ਸਿੱਧਾ ਪੈ ਰਿਹਾ ਸੀ। ਉਸ ਲਤਾਂ 'ਤੇ ਹੱਥ ਫੇਰਿਆ। ਛਾਲਿਆਂ ਦੇ ਨੇੜੇ-ਤੇੜੇ ਖਾਜ ਕਰਨ ਲੱਗਾ। ਪ੍ਰੀਤੂ ਨੂੰ ਉਸ ਪਾਣੀ ਦਾ ਅੰਦਾਜ਼ਾ ਲਾਉਣ ਲਈ ਇਸ਼ਾਰਾ ਕੀਤਾ।

"ਕੋਈ ਜ਼ਿਆਦਾ ਨ੍ਹੀਂ ਹੋਣਾ," ਪ੍ਰੀਤੂ ਦਾ ਕਿਆਫਾ ਸੀ।

"ਚਲ ਆ ਫੇਰ ਮੇਰੇ ਮਗਰ ਮਗਰ," ਪ੍ਰੀਤੂ ਉਹਦੀ ਬਾਂਹ ਫੜ ਤੁਰ ਪਿਆ। ਵਾਗਰੂ-ਵਾਗਰੂ ਕਰਦੇ ਉਹ ਪਾਰ ਚਲੇ ਗਏ।

ਅਜੇ ਮੀਲ ਕੁ ਗਏ ਸਨ ਕਿ ਹਨ੍ਹੇਰੀ ਦਾ ਜ਼ੋਰ ਵੱਧਣ ਲੱਗਾ। ਉਸ ਜਿਧਰ ਦੇਖਿਆ-ਰੇਤਾ ਹੀ ਰੇਤਾ ਸੀ। ਉਪਰ ਵੀ ਤੇ ਹੇਠਾਂ ਵੀ ਰੇਤਾ। ਅੱਖਾਂ ਰੇਤਾ ਨਾਲ ਭਰਨ ਲੱਗੀਆਂ। ਉਹ ਉਥੇ ਹੀ ਪੈ ਗਏ। ਹੇਠੋਂ ਤੱਤੀ ਰੇਤਾ ਲੱਗਣ ਲੱਗੀ ਸੀ ਤੇ ਉਪਰੋਂ ਵੀ ਤੱਤੀ ਰੇਤਾ ਪੈਣ ਲੱਗੀ ਸੀ। ਗਰਮੀ ਤਾਂ ਪਹਿਲਾਂ ਹੀ ਕਾਫੀ ਸੀ। ਘੰਟਾ ਕੁ ਇਹ ਸਿਲਸਿਲਾ ਚਲਦਾ ਰਿਹਾ ਸੀ। ਭੂਰਾਪਨ ਚਾਰ ਚੁਫੇਰੇ ਪਸਰਿਆ ਸੀ। ਕਾਲੀ ਬੋਲੀ ਹਨ੍ਹੇਰੀ ਵਰਗਾ।

"ਹੁਣ ਕਿਧਰ..?" ਪ੍ਰੀਤੂ ਨੇ ਹਨ੍ਹੇਰੀ ਮੱਠੀ ਪੈਂਦੀ ਦੇਖ ਕੇ ਪੁੱਛਿਆ।

ਚੁੱਪ ਚਾਪ ਉਹ ਇਧਰ ਉਧਰ ਦੇਖਣ ਲੱਗਾ। ਕਿਤੇ ਵੀ ਪੈਰਾਂ ਦੇ ਨਿਸ਼ਾਨ ਨਹੀਂ ਦਿੱਸ ਰਹੇ ਸਨ।

"ਚਲ ਇਧਰ ਨੂੰ ਚੱਲਦੇ ਆਂ।"

ਪਰ ਉਹ ਜਿਥੋਂ ਚਲੇ ਸਨ, ਉਥੇ ਹੀ ਆ ਗਏ।

ਫੇਰ ਦਰਿਆ ਤੋਂ ਪਾਣੀ ਪੀ ਕੇ ਤੁਰ ਪਏ। ਇਕ ਸੇਧ ਬਣਾ ਕੇ।

ਅਗੋਂ ਸੜਕ ਆ ਗਈ ਸੀ। ਐਨੀ ਧੁੱਪ ਦੇ ਬਾਵਜੂਦ ਲੁੱਕ ਪੈਰਾਂ ਨੂੰ ਨਹੀਂ ਲੱਗ ਰਿਹਾ ਸੀ।

ਫੇਰ ਉਹ ਖੜ੍ਹ ਗਿਆ।

ਭੁੱਖੇ ਢਿੱਡ 'ਤੇ ਉਸ ਹੱਥ ਫੇਰਿਆ। ਢਿੱਡ ਤਾਂ ਪਲਾਸਟਕ ਦੇ ਭੁਕਾਨੇ ਵਾਂਗ ਸੁੰਗੜ ਚੁੱਕਾ ਸੀ। ਖੋਅ ਵਧਦੀ ਜਾ ਰਹੀ ਸੀ।



ਪ੍ਰੀਤੂ ਚੁੱਪ ਸੀ ਜਿਵੇਂ ਉਸ ਨੂੰ ਕੁਝ ਵੀ ਸੁਝ ਨਾ ਰਿਹਾ ਹੋਵੇ।

****

ਸੜਕੋਂ ਸੜਕੀ ਉਹ ਤੁਰਦੇ ਗਏ ।

"ਆਹ ਕਾਂ ਤਾਂ ਆਪਣੇ ਮੁਲਕ ਵਰਗਾ ਲੱਗਦਾ ?" ਪ੍ਰੀਤੂ ਨੇ ਇਕ ਰੁੱਖ ਥੱਲੇ ਲੱਤਾਂ ਪਸਾਰ ਕੇ ਬੈਠਦਿਆਂ ਕਿਹਾ।

"ਪਰ ਇਕ ਗੱਲ ਆ।"

"ਕੀ ?"

"ਵੱਡਾ ਆ ਕੁਸ਼ ਆਪਣਿਆਂ ਨਾਲੋਂ।"

"ਰਹਿੰਦੇ ਜੋ ਰੇਤਾ ਵਿਚ ਹੋਏ। ਕੋਈ ਨਾ ਕੋਈ ਮਿਲ ਜਾਂਦਾ ਆਪਣੇ ਵਰਗਾ ਭੁੱਖ ਦਾ ਮਾਰਿਆ ਹੋਇਆ। ਇਹ ਖਾਂਦੇ ਹੁਣੇ ਹਫਤਾ ਭਰ ਗੋਸ਼ਤ ਰੱਜ-ਰੱਜ ਕੇ। ਮੋਟੇ ਕਿਉਂ ਨਾ ਹੋਣ।" ਉਸ ਉੱਚੀ-ਉੱਚੀ ਹੱਸਦਿਆਂ ਕਿਹਾ। ਪਰ ਇਹ ਹਾਸਾ ਤਾਂ ਉਪਰੋਂ-ਉਪਰੋਂ ਸੀ। ਵਿਚੋਂ ਤਾਂ ਉਹ ਸੰਗੜਿਆ ਪਿਆ ਸੀ। ਇਕ ਡਰ ਨਾਲ। ਇਕ ਸਹਿਮ ਨਾਲ। ਅੱਗੋਂ ਕੀ ਹੋਵੇਗਾ ? ਇਸ ਸੋਚ ਨਾਲ।

ਭੁੱਖ ਨਾਲ ਤਾਂ ਨਾੜਾਂ ਸੁੰਗੜੀਆਂ ਸ਼ੁਰੂ ਹੋ ਗਈਆਂ ਸਨ। ਉਹ ਇਕ ਸੁੱਕਾ ਪੱਤਾ ਚੁੱਕ ਕੇ ਮੂੰਹ ਮਾਰਨ ਲੱਗਾ। ਹੌਲੀ—ਹੌਲੀ ਉਹ ਇਕ-ਇਕ ਕਰ ਕੇ ਕਿੰਨੇ ਸਾਡੇ ਪੱਤੇ ਖਾ ਗਿਆ। ਸੁਆਦ ਕੁਸੈਲਾ ਸੀ। ਕੁੱੜਤਣ ਜਿਹੀ ਮਾਰਦਾ। ਪਰ ਭੁੱਖ ਤਾਂ ਆਖਿਰ ਭੁੱਖ ਹੁੰਦੀ ਹੈ ਨਾ! ਇਸ ਨੂੰ ਸੁਆਦ ਨਾਲ ਕੀ। ਗੁਜਾਰੇ ਕੁ ਜੋਗੇ ਪੱਤੇ ਖਾ ਕੇ ਉਸ ਰੁੱਖ ਨਾਲ ਢੋਅ ਲਾ ਲਈ।

"ਪੱਤੇ ਤਾਂ ਇਹਦੇ ਤੂਤ ਵਰਗੇ," ਪ੍ਰੀਤੂ ਵੀ ਪੱਤੇ ਖਾਣ ਲੱਗਾ ਸੀ।

"ਥੋੜ੍ਹਾ ਕੁ ਫਰਕ।"

"ਕੀ ?"

"ਤੂਤ ਦੇ ਪੱਤੇ ਇੰਦੂ ਚੌੜੇ ਹੁੰਦੇ।"

ਸ਼ਾਮ ਪੈ ਗਈ ਸੀ।

"ਮਿੱਤਰਾ ਅੱਗੇ ਚਲੀਏ ?" ਉਸ ਪ੍ਰੀਤੂ ਨੂੰ ਕਿਹਾ ਤੇ ਕੱਪੜੇ ਝਾੜ ਕੇ ਤੁਰ ਪਏ।

ਉਹ ਤੁਰਦਾ-ਤੁਰਦਾ ਸੋਚ ਰਿਹਾ ਸੀ—ਇਹ ਸਭ ਕੁਝ ਕਿਵੇਂ ਵਾਪਰ ਗਿਆ ? ਕਿਉਂ ਹੋ ਗਿਆ ? ਉਸ ਨੂੰ ਇਸਦੀ ਕੋਈ ਵੀ ਸਮਝ ਨਹੀਂ ਲੱਗੀ। ਉਸ ਦਾ ਦਿਲ ਘਿਰਣ ਲੱਗਾ। ਅੱਖਾਂ ਅੱਗੇ ਰੇਤਾ ਸੀ ਜਾਂ ਜਗਤੇ ਦੀ ਲਾਸ਼ ਸੀ।

ਇੱਕ ਟੱਰਕ ਆਉਂਦਾ ਦੇਖ ਕੇ ਉਹ ਸੜਕੋਂ ਪਰ੍ਹੇ ਹੋ ਗਏ।

"ਲੈ ਆਪਾਂ ਇਰਾਨ ਆ ਗਏ," ਟਰੱਕ ਦੇ ਪਿਛਲੇ ਪਾਸੇ ਲਿਖੇ ਅੱਖਰਾਂ ਦਾ ਜੋੜ ਕਰਕੇ ਉਸ ਪ੍ਰੀਤ ਨੂੰ ਦੱਸਿਆ।

"ਚੱਲੋ ਕਿਤੇ ਤਾਂ ਆ ਲੱਗੇ," ਪ੍ਰੀਤੂ ਨੂੰ ਵੀ ਕੁਝ ਹੌਂਸਲਾ ਹੋਇਆ ਸੀ।

"ਪਰ ?" ਉਹ ਤੁਰਦਾ-ਤੁਰਦਾ ਰੁਕ ਗਿਆ।

"ਕੀ ?" ਇਸ ਵੱਲ ਦੇਖਦਿਆਂ ਹੀ ਪ੍ਰੀਤੂ ਵੀ ਇਕਦਮ ਡਰ ਗਿਆ।



www.PunjabiLibrary.com

"ਆਪਣੇ ਪਾਸਪੋਰਟ ਤਾਂ ਦਲਾਲ ਕੋਲ ਹੀ ਸੀ। ਪਿੰਡ ਮੁੰਡੇ ਦੱਸਦੇ ਹੁੰਦੇ ਸੀ ਕਿ ਬਿਨਾਂ ਪਾਸਪੋਰਟ ਦਾ ਮਤਲਬ ਹੁੰਦਾ ਹੈ ਜ਼ੇਲ੍ਹ।"

"ਗੱਲ ਤਾਂ ਤੇਰੀ ਠੀਕ ਆ।"

"ਹੁਣ ਕਿਦਾਂ ਹੋਵੇ?"

"ਅਗਾਂਹ ਚੱਲ। ਇੱਥੇ ਖੜ੍ਹਨ ਨਾਲ ਕਿਹੜਾ ਪਾਸਪੋਰਟ ਮਿਲ ਜਾਣਾ ।"

ਤੁਰਦਿਆਂ-ਤੁਰਦਿਆਂ ਉਸ ਦੀ ਚਾਲ ਯਕਦਮ ਪਹਿਲਾਂ ਨਾਲੋਂ ਮੱਠੀ ਪੈ ਗਈ ਸੀ।

ਪ੍ਰੀਤੂ ਨੇ ਇਕ ਟਰੱਕ ਆਉਂਦਿਆਂ ਦੇਖ ਕੇ ਹੱਥ ਦਿੱਤਾ।

ਬਜ਼ਰੀ ਨਾਲ ਭਰਿਆ ਟਰੱਕ ਉਨ੍ਹਾਂ ਤੋਂ ਪੰਜ ਛੇ ਫੁੱਟ ਅਗਾਂਹ ਜਾ ਕੇ ਰੁੱਕਿਆ। ਪ੍ਰੀਤੂ ਪੁੱਠੇ ਸਿੱਧੇ ਹੱਥ ਮਾਰ ਕੇ ਸਮਝਾਉਣ ਲੱਗਾ ਪਰ ਮੂੰਹੋਂ ਕੁਝ ਨਾ ਬੋਲਿਆ।

ਉਸ ਦੀ ਇਹ ਮੂਕ ਬਾਣੀ ਬੇਕਾਰ ਗਈ।

"ਤੂੰ ਹੀ ਸਮਝਾ ਇਹਨੂੰ ਪਤੰਦਰ ਨੂੰ। ਉਦਾਂ ਕਹਿਣਾ ਹੁਣਾ, 'ਗੇਜ਼ੀ ਆਉਂਦੀ," ਪ੍ਰੀਤੂ ਨੇ ਉਸ ਦੇ ਕੂਹਣੀ ਮਾਰੀ।

"ਉਏ ਤੁਸੀਂ ਇੱਧਰ?" ਟਰੱਕ ਡਰਾਈਵਰ ਨੇ ਪੁੱਛਿਆ।

"ਵੀਰ-ਪੰਜਾਬੀ?" ਉਨ੍ਹਾਂ ਨੂੰ ਚਾਅ ਚੜ੍ਹ ਗਿਆ।

"ਹਾਂ, ਮੈਂ ਪਾਕਿਸਤਾਨ ਤੋਂ ਪਿਛਲੇ ਸਾਲ ਇਥੇ ਆਇਆਂ। ਡਰੈਵਰੀ ਕਰਦਾਂ। ਤੁਸੀਂ ਕਿਧਰੇ ਜ਼ਿਆਦਾ ਤਾਂ ਨਹੀਂ ਪੀ ਛੱਡੀ?"

"ਪੁੱਛ ਨਾ ਵੀਰੇ।"

"ਚੱਲੋ ਉਸ ਰੱਖ ਥੱਲੇ ਬੈਠਦੇ ਆਂ। ਦੋ ਘੜੀਆਂ- ਗੱਲਾਂ ਬਾਤਾਂ ਕਰਾਂਗੇ। ਦੁੱਖ ਸੁੱਖ ਫੋਲਾਂਗੇ। ਮਨ ਦਾ ਬੋਝ ਹੌਲਾ ਹੋਊ। ਮੈਂ ਗੱਡੀ ਵਿਚੋਂ ਚਾਹ ਵਾਲੀ ਥਰਮੋਸ ਲੈ ਆਵਾਂ। "

ਉਸ ਪ੍ਰੀਤੂ ਵੱਲ ਦੇਖਿਆ ਤੇ ਪ੍ਰੀਤੂ ਨੇ ਉਸ ਵੱਲ। ਜਿਵੇਂ ਆਪਸ 'ਚ ਕਹਿ ਰਹੇ-ਹੁਣ ਤਾਂ ਕੰਮ ਬਣ ਜੂਗਾ। ਆਪਣਾ ਹੀ ਬੰਦਾ ਮਿਲ ਗਿਆ। ਹੋਰ ਨਾ ਹੋਇਆ ਤਾਂ ਮੰਨਤ ਸਵੈਤ ਕਰ ਲਾਂਗੇ।

"ਸਾਲੀ ਇੱਧਰ ਆ ਕੇ ਵੀ ਚਾਹ ਨਹੀਂ ਛੁੱਟੀ।"

ਉਹ ਚਾਹ ਪੀਂਦੇ ਰਹੇ। ਗੱਲਾਂ ਕਰਦੇ ਰਹੇ।

ਪ੍ਰੀਤੂ ਨੇ ਰਸੀਦ ਨੂੰ ਸਾਰੀ ਕਹਾਣੀ ਇੱਕੋ ਸਾਹੇ ਸੁਣਾ ਦਿੱਤੀ।

"ਸਾਨੂੰ ਵੀ ਕਿਸੇ ਤਨ ਪਤਨ ਲਾ ਦੇ," ਉਸ ਕੋਲੋਂ ਮਨ ਦੀ ਗੱਲ ਕਹਿ ਹੀ ਹੋ ਗਈ ।

"ਐਦਾਂ ਤਾਂ ਹੋ ਨਹੀਂ ਸਕਣਾ।"

"ਕਿਉਂ?"

"ਇੱਧਰ ਦੇ ਕਾਨੂੰਨ ਬਹੁਤ ਸਖਤ ਨੇ। ਸਾਲੇ ਹੱਥ ਪੈਰ ਕੱਟ ਦਿੰਦੇ।"

ਖਿੜਿਆ—ਖਿੜਿਆ ਉਸ ਦਾ ਚਿਹਰਾ ਪਲ 'ਚ ਹੀ ਮੁਰਝਾ ਗਿਆ।



"ਐਦਾਂ ਕਰੋ—ਮੈਂ ਇਥੋਂ ਪੰਜਾਹ ਮੀਲ ਦੂਰ ਸ਼ਹਿਰ ਜੈਦਾਨ ਜਾਣਾ। ਉਥੇ ਤੱਕ ਚੱਲੋ ਮੇਰੇ ਨਾਲ । ਸ਼ਾਇਦ ਉਥੇ ਤੁਹਾਡਾ ਕੋਈ ਟੰਕਾ ਫਿਟ ਹੋ ਜਾਏ।"

"ਅੱਛਾ," ਉਸ ਕੋਲੋਂ ਮਸਾਂ ਐਨਾ ਕਹਿ ਹੋਇਆ ਸੀ।

****

ਟਰੱਕ ਚੱਲ ਪਿਆ ਸੀ।

ਤਿੰਨੋਂ ਚੁੱਪ ਸਨ। ਆਪੋ ਆਪਣੀ ਦੁਨੀਆ 'ਚ ਗੁੰਮ।

ਟਰੱਕ 'ਚ ਲੱਗੇ ਸ਼ੀਸ਼ੇ 'ਚ ਉਸ ਆਪਣਾ ਚਿਹਰਾ ਦੇਖਿਆ। ਪੱਗ ਦੇ ਮਧੋੜ ਵਿਚੋਂ ਵਾਲ ਨਿਕਲੇ ਹੋਏ ਸਨ। ਰੇਤਾ ਜੰਮੀ ਸੀ। ਉਸ ਦਾੜ੍ਹੀ 'ਤੇ ਹੱਥ ਫੇਰਿਆ। ਰੇਤਾ ਹੀ ਰੇਤਾ ਸੀ। ਨੱਕ ਦੇ ਆਲੇ ਦੁਆਲੇ ਨਿੱਕੇ-ਨਿੱਕੇ ਅਨੇਕਾਂ ਛਾਲੇ ਉਭਰੇ ਸਨ। ਬੁੱਲ੍ਹ ਪਾਟ ਗਏ ਸਨ। ਸਾਰਾ ਜਿਸਮ ਚਿੱਟਾ ਹੋਇਆ ਪਿਆ ਸੀ।

"ਲਉ ਬਈ ਸੱਜਣੋਂ ਆ ਗਿਆ ਸ਼ਹਿਰ," ਰਸੀਦ ਨੇ ਇਕ ਚੌਂਕ 'ਚ ਟਰੱਕ ਰੋਕ ਕੇ ਕਿਹਾ।

"ਅੱਛਾ," ਕਹਿ ਉਹ ਭਾਰੀ ਮਨ ਨਾਲ ਹੇਠਾਂ ਉਤਰ ਆਏ।

"ਕੋਈ ਫਿਕਰ ਨਾ ਕਰਿਉ। ਤੁਹਾਨੂੰ ਕੋਈ ਨਾ ਕੋਈ ਪੰਜਾਬੀ ਮਿਲ ਜਾਊ," ਰਸੀਦ ਨੇ ਹੱਥ ਮਿਲਾਉਂਦਿਆਂ ਕਿਹਾ।

"ਠਹਿਰ ਯਾਰ-ਮੇਰੀ ਜੇਬ 'ਚ ਕੁਝ ਰਿਆਲ ਨੇ। ਲੈ ਜਾਓ। ਤੁਹਾਡੇ ਕਿਧਰੇ ਕੰਮ ਆਉਣਗੇ," ਰਸੀਦ ਨੇ ਟਰੱਕ ਬੈਕ ਕਰ ਕੇ ਉਹਨਾਂ ਕੋਲ ਲੈ ਆਂਦਾ ਸੀ।

"ਰਹਿਣ ਦੇ," ਜੱਗੀ ਦੇ ਨਾਲ-ਨਾਲ ਪ੍ਰੀਤੂ ਵੀ ਬੋਲਿਆ।

"ਨਹੀਂ, ਨਹੀਂ ਲੈ ਜਾਵੋ। ਮੈਨੂੰ ਪਤਾ ਤੁਹਾਡੇ ਕੋਲ ਕੋਈ ਪੈਸਾ ਨਹੀਂ। ਕੁਵੇਲੇ ਪੈਸਾ ਬਹੁਤ ਕੰਮ ਆਂਦਾ। ਪੈਸਾ ਜੇਬ ਵਿਚ ਹੋਵੇ ਤਾਂ ਢਿੱਡ ਵੀ ਭਰਿਆ ਹੁੰਦਾ ਤੇ ਆਦਮੀ ਸੌ ਜੁਗਾੜ ਬਣਾਉਂਦਾ।"

ਪ੍ਰੀਤੂ ਨੇ ਨੋਟ ਫੜ ਲਏ ਤੇ ਦੂਰ ਜਾਂਦੇ ਟਰੱਕ ਨੂੰ ਦੇਖਦਾ ਰਿਹਾ।

ਡਰਦੇ-ਡਰਦੇ, ਸਹਿਮੇ-ਸਹਿਮੇ, ਭਿੱਜੀ ਬੱਕਰੀ ਵਾਂਗੂੰ 'ਕੱਠੇ ਹੋਏ ਉਹ ਇਧਰ ਉਧਰ ਘੁੰਮਦੇ ਰਹੇ।

ਪਰਾਈ ਧਰਤੀ। ਪਰਾਏ ਲੋਕ। ਨਾ ਕੋਈ ਜਾਣੇ। ਨਾ ਕੋਈ ਪਹਿਚਾਣੇ।

ਕੀ ਕਰੀਏ? ਕਿਧਰ ਜਾਈਏ? 'ਤੇ ਗੱਲ ਆਕੇ ਰੁੱਕ ਜਾਂਦੀ। ਵਿਚ-ਵਿਚ ਕਿਸੇ ਕੋਲੋਂ ਪੁੱਛਣ ਦਾ ਹਿਆਂ ਕਰਦੇ ਪਰ ਗੱਲ ਨਾ ਬਣਦੀ। ਨਾ ਕੋਈ ਇਹਨਾਂ ਦੀ ਗਿਟਮਿਟ ਸਮਝਦਾ ਤੇ ਨਾ ਹੀ ਇਹ ਕਿਸੇ ਦੀ। ਬੁੱਲ੍ਹਾਂ 'ਤੇ ਫੋਕਾ ਹਾਸਾ ਤੈਰਦਾ ਦਿੱਸਦਾ।

ਪੈਸੇ ਕੋਲ ਸਨ। ਢਿੱਡੋਂ ਭੁੱਖੇ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਸੀ। ਸੁਆਲ ਸੀ ਹੁਣ ਅੱਗੇ ਕੀ ਹੋਵੇਗਾ? ਫੜੇ ਜਾਣ ਦਾ ਸੀ। ਅੰਦਰ ਹੋ ਜਾਣ ਜਾਂ ਖਾਲੀ ਹੱਥ ਪਿਛੇ ਮੁੜਨ ਦਾ ਸੀ। ਫਿਰਦਿਆਂ ਤੁਰਦਿਆਂ ਰਾਤ ਪੈ ਗਈ ਸੀ। ਪਰ ਅਜੇ ਤਾਈਂ ਕੰਮ ਵਾਲਾ ਕੋਈ ਬੰਦਾ ਨਹੀਂ ਮਿਲਿਆ ਸੀ। ਨਾ ਹੀ ਕੋਈ ਠਾਹਰ ਦੇਣ ਵਾਲਾ।

ਪਾਸਪੋਰਟ ਦਾ ਖਿਆਲ ਇਕ ਵਾਰ ਫੇਰ ਆਇਆ ਤਾਂ ਉਸ ਪ੍ਰੀਤੂ ਨੂੰ ਬਾਹੋਂ ਫੜ



www.PunjabiLibrary.com

ਕੇ ਰੌਸ਼ਨੀ ਤੋਂ ਦੂਰ ਹਨ੍ਹੇਰੇ 'ਚ ਲੈ ਆਂਦਾ ਸੀ। ਡੰਗ ਟਪਾਉਣ ਲਈ ਇੱਕ ਕੋਠਾ ਲੱਭ ਪਿਆ ਸੀ। ਕੋਠੇ ਦੇ ਦੋ ਦਰਵਾਜ਼ੇ ਸਨ। ਬਦਬੂ ਉੱਠ ਰਹੀ ਸੀ। ਇਹ ਬੁਚੜਖਾਨਾ ਲੱਗਦਾ ਸੀ। ਕਈ ਥਾਵਾਂ 'ਤੇ ਤਾਜ਼ੇ ਖ਼ੂਨ ਦੇ ਛਿੱਟੇ ਲੱਗੇ ਸਨ। ਜ਼ੀਜ਼ ਵਹੁਟੀ ਵਰਗੇ।

ਬੈਠਿਆਂ-ਬੈਠਿਆਂ ਹੀ ਪ੍ਰੀਤੂ ਸੌਂ ਗਿਆ ਸੀ ਪਰ ਉਹ ਕਿੰਨਾ ਚਿਰ ਕੰਧ ਨਾਲ ਢੋਅ ਲਾਈ ਖੜ੍ਹਾ ਰਿਹਾ ਸੀ। ਫੇਰ ਉਸ ਗੋਡਿਆਂ 'ਤੇ ਹੱਥ ਰੱਖ ਕੇ ਬੈਠਣ ਦੀ ਕੋਸ਼ਿਸ਼ ਕੀਤੀ ਸੀ। ਗੋਡੇ ਤਾਂ ਜੁਆਬ ਦੇ ਰਹੇ ਸਨ। ਉਸ ਪੱਟਾਂ 'ਤੇ ਹੱਥ ਰੱਖ ਕੇ ਪੂਰਾ ਜ਼ੋਰ ਲਾਇਆ। ਕੜਕ ਦੇਣੀ ਹੋਈ। ਉਸ ਨੂੰ ਲੱਗਾ ਜਿਵੇਂ ਸੱਜੇ ਗੋਡੇ ਦੀ ਚੱਪਣੀ ਤਿੜਕ ਗਈ ਹੋਵੇ। ਉਹ ਲੱਤਾਂ ਪਸਾਰ ਕੇ ਬੈਠ ਗਿਆ ਤੇ ਹੌਲੀ-ਹੌਲੀ ਗੋਡਿਆਂ ਨੇੜਿਉਂ ਮਾਲਸ਼ ਕਰਨ ਲੱਗਾ। ਛਾਲਿਆਂ ਵਰਗੇ ਜ਼ਖ਼ਮ ਭਰੇ ਪਏ ਸਨ। ਸੱਜੀ ਚੱਪਣੀ ਵੱਲੋਂ ਦਰਦ ਵੱਧਦਾ ਹੀ ਗਿਆ। ਉਸ ਕੋਸ਼ਿਸ਼ ਜਾਰੀ ਰੱਖੀ। ਲੱਤ ਤਾਂ ਮੁੜ ਗਈ ਸੀ। ਹੁਣ ਉਹ ਸਾਰਾ ਜ਼ੋਰ ਸੱਜੀ ਲੱਤ 'ਤੇ ਦੇਣ ਲੱਗਾ। ਉਹ ਸਿੱਧਾ ਖੜ੍ਹਾ ਹੋ ਗਿਆ। ਸੱਜੀ ਲੱਤ ਕੁਝ-ਕੁਝ ਮੁੜਨ ਲੱਗੀ। ਉਸ ਇਕ ਲੱਤ ਦੇ ਭਾਰ ਹੋ ਕੇ ਉਪਰੋਂ ਜ਼ੋਰ ਪਾਇਆ ਤਾਂ ਡਿਗ ਪਿਆ।

"ਮਾਂ..ਮੈਂ ਮਰ ਗਿਆ," ਉਸ ਦੀ ਲੇਰ ਨਿਕਲ ਗਈ ਸੀ।

"ਉਏ ਕੀ ਹੋਇਆ ?" ਪ੍ਰੀਤੂ ਹੜਬੜਾ ਕੇ ਉਠਿਆ ਤੇ ਡੌਰ-ਭੌਰ ਇਧਰ ਉਧਰ ਦੇਖਣ ਲੱਗਾ।

"ਮੇਰੇ ਤੋਂ ਤਾਂ ਬੈਠਿਆ ਹੀ ਨ੍ਹੀਂ ਜਾਂਦਾ।"

"ਖੜ੍ਹਾ ਹੀ ਰਹਿ ਫੇਰ। ਹੋਰ ਇਥੇ ਸ਼ੀਸ਼ ਮਹੱਲ ਤਾਂ ਲੱਭਣੋ ਰਹੇ ?"

"ਨ੍ਹੀਂ—ਇਹ ਗੱਲ ਨ੍ਹੀਂ ।"

"ਜੇ ਮੁਸ਼ਕ ਆਉਂਦਾ ਤਾਂ ਨਾਸਾਂ ਮੋਰੇ ਰੁਮਾਲ ਰੱਖ ਲੈ।"

"ਤੈਨੂੰ ਟਿੱਚਰਾਂ ਸੁਝਦੀਆਂ ਤੇ ਮੇਰੀ ਜਾਨ ਦੀ ਬਣੀ ਹੋਈ ਆ।"

"ਇਕ ਤੇਰਾ ਫਾਇਦਾ ਸੋਚਦਾਂ ਤੇ ਉਪਰੋਂ.." ਪ੍ਰੀਤੂ ਅਜੇ ਵੀ ਉਸੇ ਰੌਂਅ ਵਿਚ ਹੱਸ ਰਿਹਾ ਸੀ।

ਕੋਲ ਹੀ ਪਈ ਇਕ ਖੱਲ ਉਸ ਚੁੱਕੀ ਤੇ ਜ਼ਖ਼ਮਾਂ ਉਪਰ ਦੇ ਦਿੱਤੀ। ਖੱਲ ਨਿੱਘੀ ਜਿਹੀ ਹੋਣ ਕਰਕੇ ਉਸ ਨੂੰ ਕੁਝ ਰਾਹਤ ਮਿਲੀ।

ਰਾਤ ਸਾਂਅ-ਸਾਂਅ ਕਰ ਰਹੀ ਸੀ।

ਦੂਰ ਕਿਤੇ ਸੀਟੀ ਵੱਜਦੀ ਤਾਂ ਉਹ ਡਰ ਜਾਂਦਾ। ਕੰਬ ਉਠਦਾ। ਹੁਣ ਕੀ ਹੋਊ ? ਦੇ ਚੱਕਰ 'ਚ ਫਸ ਜਾਂਦਾ ਤੇ ਚੱਕਰ ਉਲਝਦਾ ਹੀ ਜਾਂਦਾ ।

ਫੇਰ ਉਹਨੂੰ ਘਰ ਦੀ ਯਾਦ ਆਉਣ ਲੱਗੀ।

ਘਰ ਦੀ ਕੀ ਬਣੂ ?ਇਹ ਵਿਚਾਰ ਮਨ 'ਤੇ ਭਾਰੂ ਹੋਣ ਲੱਗਾ ਸੀ। ਉਸ ਨੂੰ ਲੱਗਾ ਸੀ ਜਿਵੇਂ ਬੇੜੀ ਐਨ ਦਰਿਆ ਦੇ ਵਿਚਕਾਰ ਆ ਕੇ ਡੋਲ ਰਹੀ ਹੈ। ਕੀ ਪਤਾ ਪਾਰ ਲੱਗੇ ਕਿ ਨਾ ਲੱਗੇ। ਫੇਰ ਉਹ ਵਿਆਜ ਦੇ ਚੱਕਰ 'ਚ ਉਲਝਣ ਲੱਗਾ। ਸੌ ਨੂੰ ਪੂਰੇ ਚਾਰ ਰੁਪਏ ਮਹੀਨਾ ਵਿਆਜ ਪੈ ਰਿਹਾ ਸੀ। ਪੰਜ ਹਜ਼ਾਰ ਦੇ ਬਣ ਗਏ ਦੋ ਸੌ ਤੇ ਹਜ਼ਾਰ ਦੇ ਬਣ ਗਏ ਚਾਲੀ। ਸਾਰੇ ਬਣ ਗਏ ਦੋ ਸੌ ਚਾਲੀ। ਛਿੰਨੀ ਕਿਥੋਂ ਦਊਗੀ ਇਹ ਵਿਆਜ। ਉਪਰੋਂ ਦਿੱਤਾ



ਮੱਲ ਨੇ ਰੋਜ਼-ਰੋਜ਼ ਆ ਕੇ ਕੰਨ ਖਾਣੇ ਆ— "ਉਦਣ ਤਾਂ ਕਹਿੰਦਾ ਸੀ ਜਾਂਦਾ ਹੀ ਭੇਜ ਦਊਂ। ਹੁਣ ਤਾਂ ਦੋ ਸਾਲ ਹੋ ਗਏ ਨੇ। ਮੈਂ ਇਹ ਬਾਨ੍ਹ ਕੀਤੀ ਕੀ ਉਹ ਆ ਜਾਊ। ਮੇਰੇ ਵੱਲੋਂ ਭਾਵੇਂ ਕਲ੍ਹ ਨੂੰ ਆ ਜਾਏ, ਭਾਵੇਂ ਸਾਲ ਨੂੰ। ਆਪਾਂ ਨੂੰ ਤਾਂ ਸਮੇਂ ਸਿਰ ਵਿਆਜ ਮਿਲਣਾ ਚਾਹੀਦਾ। ਮੂਲ ਤਾਂ ਅਜੇ ਮੈਂ ਨਹੀਂ ਮੰਗਦਾ। ਬੰਦੇ ਦੇ ਸਿਰ ਤੇ ਸੌ ਹਬੀ ਨਬੀ ਪੈ ਜਾਂਦੀ। ਬੰਦਾ ਬੰਦੇ ਦਾ ਦਾਰੂ ਹੁੰਦਾ। ਮੈਂ ਇਹੀ ਸਮਝ ਕੇ ਪੈਸੇ ਦਿੱਤੇ ਸੀ— ਚੱਲੋ ਬੰਦਾ ਮੂੰਹ ਮੱਥੇ ਲੱਗਣ ਵਾਲਾ। ਆਪੇ ਟਾਈਮ ਸਿਰ ਦੇ ਦਊ। ਪਰ ਟਾਈਮ ਦੀ ਕੋਈ ਹੱਦ ਹੁੰਦੀ ਹੈ ਨਾ। ਕਿੰਨਾ ਚਿਰ ਇੰਤਜਾਰ ਕੀਤਾ ਜਾ ਸਕਦਾ ? ਹੁਣ ਵਿਆਜ 'ਚ ਆਹ ਮੱਝ ਹੀ ਦੇ ਦੇ," ਛਿੰਨੀ ਅੱਗੋਂ ਕੀ ਜਵਾਬ ਦਊ। ਉਹ ਤਾਂ ਅੱਗੇ ਗਊ ਹੋਈ। ਨਾ ਉਸ ਪਿੱਛੇ ਸੁਖ ਦੇਖਿਆ ਤੇ ਨਾ ਹੀ ਅੱਗੇ। ਕਿੰਨੀ ਮਿਹਨਤ ਨਾਲ ਉਸ ਇਹ ਘਰ ਬੰਨ੍ਹਿਆ ਸੀ। ਸਾਰਾ ਦਿਨ ਤਾਂ ਵਿਚਾਰੀ ਨੂੰ ਟਿਕਣਾ ਨਹੀਂ ਮਿਲਦਾ। ਰੋਟੀ ਟੁਕ ਤੋਂ ਵਿਹਲੀ ਹੁੰਦੀ ਤਾਂ ਚਰਖਾ ਲੈ ਬਹਿੰਦੀ। ਵੀਨਾ ਵੀ ਤਾਂ ਹੁਣ ਵਿਆਹੁਣ ਵਾਲੀ ਹੋ ਚਲੀ। ਕਿੱਡੀ ਛੇਤੀ ਮੱਕੀ ਦੇ ਟਾਂਡੇ ਵਾਂਗ ਵੱਧ ਗਈ। ਉਸ ਤੋਂ ਇਕ ਸਾਲ ਛੋਟਾ ਕਾਕੂ ਉਸ ਦੇ ਲੱਕ ਤੱਕ ਮਸਾਂ ਆਉਂਦਾ..ਕਿਸੇ ਰਿਸ਼ਤੇਦਾਰ ਦਾ ਵੀ ਕੋਈ ਆਸਰਾ ਨਹੀਂ। ਚਾਚਾ ਤਾਂ ਅੱਗੇ ਹੀ ਨਹੀਂ ਦੇਖ ਸੁਖਾਉਂਦਾ। ਜਦ ਉਸ ਨੂੰ ਪਤਾ ਲੱਗਾ ਸੀ ਤਾਂ ਉਸ ਸੌ ਤਿਊੜਿਆਂ ਮੱਥੇ 'ਤੇ ਪਾ ਕੇ ਕਿਹਾ ਸੀ, "ਜੱਗੀ ਪੁੱਤ-ਤੈਨੂੰ ਇਥੇ ਕੰਮ ਦਾ ਕਿਤੇ ਘਾਟਾ। ਐਵੇਂ ਨਾ ਬਾਹਰ ਜਾ ਕੇ ਰੁਲੀਂ।" ਜੱਗੀ ਚੁੱਪ ਸੀ। ਬੁੱਲ੍ਹਾਂ ਦੇ ਅੰਦਰ ਕਈ ਕੁਝ ਦਬ ਕੇ ਰਹਿ ਗਿਆ ਸੀ। ਕੀ ਆ ਇਹ ਜ਼ਿੰਦਗੀ! ਨਾ ਚੰਗਾ ਖਾਈਦਾ। ਨਾ ਹੀ ਚੰਗਾ ਪਹਿਨੀਦਾ। ਨਾ ਚੰਗਾ ਰਹੀਦਾ। ਚੱਲ ਸੋ ਚੱਲ ਲੱਗੀ ਰਹਿੰਦੀ ਹੈ। ਕਦੀ ਘਰ 'ਚ ਦਾਲ ਹੈ ਤਾਂ ਚਾਹ ਪੱਤੀ ਹੈ ਨਹੀਂ । ਕਦੀ ਚਾਹ ਹੈ ਤਾਂ ਖੰਡ ਨਹੀਂ। ਦਿਨੇ ਰਾਤੀਂ ਦੌੜ ਲੱਗੀ ਰਹਿੰਦੀ। ਇੱਕ ਪਾਸਿਉਂ ਛੁੱਟੀਦਾ ਤੇ ਦੂਜੇ ਪਾਸੇ ਅੜ ਜਾਈਦਾ..।

"ਜੱਗੀ ਉਹ ਦੇਖ ਕੌਣ ਜਾਂਦਾ ?" ਪ੍ਰੀਤੂ ਨੇ ਦੂਰ ਸੜਕ ਪਾਰ ਕਰਦੇ ਆਦਮੀ ਵੱਲ ਇਸ਼ਾਰਾ ਕਰਦਿਆਂ ਕਿਹਾ।

ਉਸ ਝੱਟ ਚਾਹ ਦਾ ਕੱਪ ਰੱਖਿਆ ਤੇ "ਸਰਦਾਰ ਜੀ-ਸਰਦਾਰ ਜੀ," ਕਰਦਾ ਉਸ ਵੱਲ ਦੌੜਿਆ ਤੇ ਸਤ ਸ਼੍ਰੀ ਅਕਾਲ ਜਾ ਬੁਲਾਈ।

"ਸਤ ਸ਼੍ਰੀ ਅਕਾਲ," ਭਾਪੇ ਨੇ ਦਾਹੜੀ 'ਤੇ ਹੱਥ ਫੇਰਦਿਆਂ ਹੋਇਆਂ ਜਵਾਬ ਦਿੱਤਾ।

"ਕਿਹੜਾ ਮੁਲਕ ਹੋ ਤੁਹਾਡਾ ?" ਪਹਿਲ ਭਾਪੇ ਨੇ ਕੀਤੀ ਸੀ।

"ਇੰਡੀਆ।"

"ਫੇਰ ਤਾਂ ਹਮਵਤਨੀ ਭੱਰਾ ਹੋਏ।"

ਭਾਪਾ ਖੀਂਅ-ਖੀਂਅ ਕਰਦਾ ਹੋਇਆ ਹੱਸਿਆ ਸੀ।

"ਉਏ ਆਹ ਤੁਸਾਂ ਕੈ ਹਾਲ ਬਣਾਇਐ ?"

"ਕੁਸ਼ ਨਾ ਪੁੱਛੋ।"

ਪ੍ਰੀਤੂ ਨੇ ਅਲਫ ਤੋਂ ਲੈ ਕੇ ਜੇ ਤੱਕ ਸਾਰੀ ਕਹਾਣੀ ਇਕੋ ਸਾਹੇ ਦੁਹਰਾਈ।

"ਹੁਣ ?" ਭਾਪੇ ਨੇ ਪ੍ਰੀਤੂ ਤੋਂ ਪੁੱਛਿਆ।



www.PunjabiLibrary.com

"ਕਿਤੇ ਕੰਮ ਮਿਲ ਜਾਏ ਤਾਂ," ਜੱਗੀ ਵਿਚੋਂ ਹੀ ਬੋਲਿਆ।

"ਗੁਰੂ ਘਰ ਚਲਦੇ ਸੀ, " ਟੈਕਸੀ ਲੈ ਉਹ ਗੁਰਦੁਆਰੇ ਵੱਲ ਨੂੰ ਤੁਰ ਪਏ।

"ਮੈਡਾ ਇਹ ਸ਼ਹਿਰ ਨਹੀਂ। ਮੈਂ ਕਭੀ ਕਭਾਰ ਕੰਪਨੀ ਦੇ ਕੰਮ ਇਧਰ ਔਨਾ ਹੁੰਨਾ। ਜਦੋਂ ਭੀ ਆਵਾਂ-ਗੁਰੂ ਘਰ ਜ਼ਰੂਰ ਮੱਥਾ ਟੇਕੀਦਾ। ਉਂਞ ਤਾਂ ਸ਼ਾਂਤੀ ਨਹੀਂ ਪੈਂਦੀ। ਇਕ ਇਹਦਾ ਹੀ ਸਹਾਰਾ..।"

****

"ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਹਿ," ਭਾਪੇ ਨੇ ਗ੍ਰੰਥੀ ਨੂੰ ਫਤਹਿ ਬੁਲਾਈ। ਉਹ ਕੁਝ ਚਿਰ ਇਧਰ ਉਧਰ ਦੀਆਂ ਗੱਲਾਂ ਕਰਦੇ ਰਹੇ।

ਗ੍ਰੰਥੀ ਨੇ ਉਨ੍ਹਾਂ ਲਈ ਇਕ ਕਮਰਾ ਖੋਲ੍ਹ ਦਿੱਤਾ। ਨਹਾਉਣ ਲਈ ਸਾਬਣ ਤੇਲ ਵੀ ਦਿੱਤਾ।

"ਹੁਣ ਤੁਸੀਂ ਆਰਮ ਕਰਸੀ। ਗੱਲ ਸੁੱਭਾ ਨੂੰ ਹੋਸੀ," ਭਾਪੇ ਨੇ ਜਾਣ ਤੋਂ ਪਹਿਲਾਂ ਦੱਸਿਆ ਸੀ।

"ਕਿੰਨਾ ਚੰਗਾ।" ਉਹ ਹੌਸਲੇ ਨਾਲ ਬੋਲਿਆ।

"ਆਪਣਾ ਆਪਣਾ ਹੀ ਹੁੰਦਾ।"

"ਗੁਰੂ ਨੇ ਸਿੱਖਾਂ ਵਿਚ ਐਨੀ ਦਯਾ ਦੀ ਭਾਵਨਾ ਭਰੀ ਆ ਕਿ ਪੁੱਛੋ ਕੁਝ ਨਾ।"

"ਪਿੰਡ ਨੂੰ ਚਿੱਠੀ ਨਾ ਪਾ ਦੇਈਏ ?"

"ਚਾਹੀਦੀ ਤਾਂ ਜ਼ਰੂਰ ਆ।"

"ਜਾ ਫੇਰ ਭਾਈ ਕੋਲੋਂ ਮਿੰਨਤ ਤਰਲਾ ਕਰ ਕੇ ਚਿੱਠੀ ਫੜ ਲਿਆ।"

****

ਕੰਧ ਦਾ ਪ੍ਰਛਾਵਾਂ ਫੈਲਣ ਲੱਗਾ ਸੀ। ਪ੍ਰੀਤੂ ਗ੍ਰੰਥੀ ਕੋਲੋਂ ਚਿੱਠੀ ਤੇ ਨਾਲ ਹੀ ਪੈੱਨ ਵੀ ਲੈ ਆਇਆ।

"ਕੀ ਲਿਖਾਂ ?" ਉਸ ਪ੍ਰੀਤੂ ਤੋਂ ਪੁੱਛਿਆ।

"ਲਿਖ ਦੇ ਰਾਜ਼ੀ ਖ਼ੁਸ਼ੀ।"

"ਹੋਰ।"

"ਅੱਗੇ ਬਾਰੇ ਤਾਂ ਮੈਨੂੰ ਵੀ ਕੁਸ਼ ਨ੍ਹੀਂ ਪਤਾ।"

"ਏਦਾਂ ਨਾ ਲਿਖ ਦੇਵਾਂ-ਅੱਧੇ ਮਰ ਗਏ ਆਂ ਤੇ ਅੱਧੇ..ਬਾਕੀ ਰਾਮ ਨਾਮ ਸੱਤ ਹੈ। ਆਪਾਂ ਪਾ ਕੇ ਅੱਠ ਹੈ।"

"ਨ੍ਹੀਂ। ਆਪਣੇ ਨਾਲ ਤਾਂ ਜੋ ਹੋਈ ਸੀ, ਸੋ ਹੋ ਹੀ ਰਹੀ ਆ ਪਰ ਉਨ੍ਹਾਂ ਨੂੰ ਕਿਉਂ ਫਿਕਰਾਂ ਵਿਚ ਪਾਉਣਾ।"

"ਚਿੱਠੀ ਤਾਂ ਸਾਰੀ ਖਾਲੀ ਪਈ। ਕੁਸ਼ ਨਾ ਕੁਸ਼ ਤਾਂ ਲਿਖਣਾ ਹੀ ਪੈਣਾ। ਆਖਿਰ ਭਰਨੀ ਵੀ ਆ।"

"ਲਿਖ ਦੇ ਇਰਾਨ ਵਿਚ ਸਾਨੂੰ ਪਾਕਿਸਤਾਨੀ ਵੀਰ ਰਸ਼ੀਦ ਮਿਲਿਆ। ਬਹੁਤ ਹੀ ਚੰਗਾ ਬੰਦਾ ਸੀ। ਇਨਸਾਨ ਦੇ ਰੂਪ ਵਿਚ ਦੇਵਤਾ। ਸਾਡੀ ਉਸ ਨੇ ਖ਼ੂਬ ਖਾਤਰ ਕੀਤੀ।



ਇਕ ਭਾਪਾ ਮਿਲਿਆ। ਬਹੁਤ ਹੀ ਮਿਲਣਸਾਰ ਬੰਦਾ ਸੀ। ਉਸ ਵੀ ਸਾਡੀ ਬੜੀ ਮਦਦ ਕੀਤੀ ਸੀ। ਟੈਕਸੀ ਵਿਚ ਬੈਠਾ ਕੇ ਸਾਰਾ ਸ਼ਹਿਰ ਘੁੰਮਾਇਆ। 'ਕੱਲੀ-'ਕੱਲੀ ਥਾਂ ਦਿਖਾਈ। ਬਹੁਤ ਹੀ ਵਧੀਆ ਸ਼ਹਿਰ ਜੈਦਾਨ। ਆਪਣੇ ਚੰਡੀਗੜ੍ਹ ਵਰਗਾ। ਬਿਲਕੁਲ ਉਦਾਂ ਦਾ ਹੀ। ਵੱਡੀਆਂ-ਵੱਡੀਆਂ ਕੋਠੀਆਂ। ਕਾਰਾਂ ਹੀ ਕਾਰਾਂ ਨਜ਼ਰ ਆਉਂਦੀਆਂ। ਬਹੁਤ ਸਫਾਈ। ਈਰਾਨ ਚੰਗਾ ਮੁਲਕ। ਅਸੀਂ ਤਿੰਨਾਂ ਦਿਨਾਂ ਤੋਂ ਆਲੀਸ਼ਾਨ ਹੋਟਲ ਵਿਚ ਰਹਿ ਰਹੇ ਆਂ। ਬਹੁਤ ਨਜ਼ਾਰੇ ਨੇ ਏਸ ਹੋਟਲ ਵਿਚ। ਕੱਚ ਦਾ ਤਲਾਅ। ਰੋਜ਼ ਸਿਲਮਾ ਦੇਖੀਦਾ। ਫਰਿਜ਼ ਦਾ ਠੰਢਾ ਪਾਣੀ ਪੀਈਦਾ। ਸੌਣ ਲਈ ਗੱਦੇ। ਖਾਣ ਪੀਣ ਲਈ ਖੁੱਲ੍ਹਾ। ਭਾਵੇਂ ਮੱਛੀ ਖਾਈਏ, ਭਾਵੇਂ ਕੁੱਕੜ। ਭਰ ਗਈ ਕਿ ਅਜੇ ਵੀ ਕੋਈ ਕਸਰ ਰਹਿੰਦੀ ਆ ?"

"ਕਿਉਂ ਸਾਲਿਆਂ ਝੂਠ ਬੋਲਦਾ," ਉਸ ਪ੍ਰੀਤੂ ਦੇ ਪੱਟ 'ਤੇ ਜ਼ੋਰ ਨਾਲ ਹੱਥ ਮਾਰਦਿਆਂ ਕਿਹਾ।

"ਚੱਲ ਐਦਾਂ ਲਿਖ ਦੇ। ਅਸੀਂ ਅਗਲੇ ਹਫ਼ਤੇ ਤੈਰਾਨ ਪੁੱਜ ਜਾਣਾ। ਦੂਜਾ ਖਤ ਉਥੋਂ ਪਾਵਾਂਗੇ ਤੇ ਫੇਰ ਪੱਕਾ ਡਰੈਸ ਲਿਖਾਂਗੇ।"

"ਹੋਰ।"

"ਬਾਬਿਆਂ ਦੇ ਸੁਖ ਲਿਉ..।"

"ਅੱਛਾ," ਕਹਿ ਉਹ ਉੱਚੀ- ਉੱਚੀ ਹੱਸਿਆ।

"ਬਾਕੀ ਤੂੰ ਆਪਣੇ ਵੱਲੋਂ ਜੋ ਜੀਅ ਵਿਚ ਆਉਂਦਾ ਲਿਖ ਲੈ।"

ਐਦਾਂ ਦੀਆਂ ਹੋਰ ਗੱਲਾਂ ਲਿਖ ਕੇ ਉਸ ਚਿੱਠੀ ਪੂਰੀ ਕੀਤੀ ਤੇ ਭਾਈ ਜੀ ਨੂੰ ਦੇ ਆਇਆ ਸੀ।

ਗਿੱਟੇ ਥੱਲੇ ਉਭਰਿਆ ਹੋਇਆ ਛਾਲਾ ਉਸ ਅੰਗੂਠੇ ਦੇ ਦਬਾਅ ਨਾਲ ਫੇਹ ਦਿੱਤਾ ਸੀ। ਛਾਲਾ ਪੱਕ ਗਿਆ ਸੀ। ਪਾਣੀ ਬਾਹਰ ਨਿਕਲ ਗਿਆ। ਉਸ ਖਿੱਚ ਕੇ ਉਪਰੋਂ ਮਾਸ ਲਾਹ ਦਿੱਤਾ। ਹੇਠਾਂ ਅਣਗਿਣਤ ਨਿੱਕੇ-ਨਿੱਕੇ ਨਿਸ਼ਾਨ ਦਿੱਸੇ। ਜਿਵੇਂ ਇਕੋ ਵਾਰ ਕਿੰਨੇ ਹੀ ਛਾਲਿਆਂ ਨੇ ਜਨਮ ਲੈ ਲਿਆ ਹੋਵੇ। ਹੁਣ ਇਸ ਉਪਰ ਕੀ ਲਾਇਆ ਜਾਵੇ। ਉਹ ਸੋਚਣ ਲੱਗਾ ਸੀ। ਐਦਾਂ ਤਾਂ ਜੁੱਤੀ ਵੀ ਨਹੀਂ ਪੈਣੀ। ਪਿੰਡ ਤਾਂ ਜੁੱਤੀਉਂ ਬਿਨਾਂ ਸਰ ਜਾਂਦਾ ਸੀ। ਜਿਧਰ ਮਰਜ਼ੀ ਫਿਰੀ ਜਾਓ। ਉਸ ਕਦੇ ਛਾਲੇ ਛੂਲੇ ਦੀ ਪ੍ਰਵਾਹ ਹੀ ਨਹੀਂ ਕੀਤੀ ਸੀ। ਆਪੇ ਹੋ ਜਾਂਦਾ। ਆਪੇ ਹੀ ਫਿਸ ਜਾਂਦਾ। ਜੇ ਭੁੜਕ ਕੇ ਛੈਣੀ ਲੱਗ ਜਾਂਦੀ ਤਾਂ ਉਹ ਜ਼ਖ਼ਮ 'ਤੇ ਪਿਸ਼ਾਬ ਕਰ ਲੈਂਦਾ ਤੇ ਉਪਰ ਕੱਸ ਕੇ ਲੀਰ ਬੰਨ੍ਹ ਲੈਂਦਾ। ਆਰਾਮ ਆ ਜਾਂਦਾ। ਜੇ ਕਿਤੇ ਭਰ ਜਾਂਦਾ ਤਾਂ ਤਾਏ ਹਰੀਦਾਸ ਕੋਲ ਚਲੇ ਜਾਂਦਾ। ਕੂੰਡੀ 'ਚੋਂ ਉਂਗਲ ਲਬੇੜ ਕੇ ਜ਼ਖ਼ਮ 'ਤੇ ਮਲ੍ਹਮ ਜਿਹੀ (ਲਾਲ ਰੰਗ ਦੀ) ਲਗਾ ਲੈਂਦਾ। ਤਾਇਆ ਹਰੀਦਾਸ ਕਹਿੰਦਾ, "ਜੱਗਿਆ, ਤੈਨੂੰ ਮਲ੍ਹਮ ਦੀ ਕੀ ਲੋੜ ਪੈ ਗਈ ?"

"ਤਾਇਆ—ਆਹ ਜ਼ਖ਼ਮ ਭਰ ਚਲਿਆ। ਜ਼ਿਆਦਾ ਹੀ ਤੰਗ ਕਰਦਾ ਸੀ। ਮੈਂ ਕਿਆ ਫੇਰ ਔਖੇ ਹੋਵਾਂਗੇ। ਤੇਰੇ ਵਾਲੀ ਮਲ੍ਹਮ ਬਹੁਤ ਹੀ ਚੰਗੀ । ਸਿਰਫ ਚਾਰ ਵਾਰ ਲਾਉਣੀ ਪੈਂਦੀ। ਫੇਰ 'ਰਾਮ ਆ ਜਾਂਦਾ।"

ਹੁਣ ਉਸ ਨੂੰ ਤਾਇਆ ਹਰੀਦਾਸ ਬਹੁਤ ਯਾਦ ਆਇਆ। ਹੱਕਾ ਚੁੱਕ ਕੇ ਉਹ



www.PunjabiLibrary.com

ਕਾਰਖਾਨੇ ਆ ਜਾਂਦਾ ਸੀ ਰੰਬਾ ਚੰਡਾਉਣ ਜਾਂ ਦਾਤੀ ਦੇ ਦੰਦੇ ਕੱਢਵਾਉਣ। ਗੱਲਾਂ ਦੀ ਲੜੀ ਨਾ ਟੁੱਟਣ ਦਿੰਦਾ। ਜਿਵੇਂ ਉਹ ਸਾਰੇ ਪਿੰਡ ਦਾ ਇਤਿਹਾਸ ਜਾਣਦਾ ਹੋਵੇ। ਪਰਤ ਦਰ ਪਰਤ ਉਹ ਇਤਿਹਾਸ ਦੇ ਪੰਨੇ ਫਰੋਲਦਾ ਜਾਂਦਾ ਤੇ ਗੱਲ ਭਾਪੇ 'ਤੇ ਆ ਜਾਂਦੀ, "ਬੜਾ ਪਿਆਰ ਸੀ ਸਾਡੇ ਵਿਚ। ਉਦੋਂ ਦੂਜ ਦੀ ਗੱਲ ਕੌਣ ਜਾਣਦਾ ਸੀ। ਜੇ ਬਾਵਾ ਸਿਹੁੰ ਸਾਡੇ ਘਰ ਆ ਜਾਂਦਾ ਤਾਂ ਮਾਂ ਮੇਰੇ ਨਾਲੋਂ ਜ਼ਿਆਦਾ ਛੰਨਾ ਭਰ ਕੇ ਉਸ ਨੂੰ ਦੁੱਧ ਦਿੰਦੀ। ਜੇ ਮੈਂ ਤੁਹਾਡੇ ਘਰ ਜਾਂਦਾ ਤਾਂ ਭਾਬੀ ਕਰਤਾਰੋ ਮੇਰੇ ਵਾਲੇ ਕੌਲ 'ਚ ਮੁੱਠ ਜ਼ਿਆਦਾ ਹੀ ਸ਼ੱਕਰ ਪਾਉਂਦੀ। ਕਦੇ ਮੈਂ ਇਧਰ ਪਿਆ ਹੁੰਦਾ। ਕਦੇ ਬਾਵਾ ਸਿੰਹੁ। ਜੱਗਿਆ ਤੂੰ ਤਾਂ ਇੰਨ ਬਿੰਨ ਉਸੇ 'ਤੇ ਗਿਆ। ਕਈ ਵਾਰ ਤਾਂ ਉਸ ਦਾ ਭੌਲਾ ਪੈਂਦਾ..।"

ਮਿੱਟੀ ਦੀ ਚੁਟਕੀ ਭਰ ਕੇ ਉਸ ਜ਼ਖ਼ਮ ਵਾਲੀ ਥਾਂ 'ਤੇ ਪਾ ਦਿੱਤੀ। ਉਂਗਲ ਨਾਲ ਨਪ ਦਿੱਤੀ। ਲੱਤਾਂ ਪਸਾਰ ਲਈਆਂ। ਮਨ ਹੀ ਮਨ ਉਹ ਕਰਨ ਲੱਗਾ। ਪਿੰਡ ਐਨਾ ਕੰਮ ਕਰੀਦਾ ਸੀ। ਇਕ ਵਾਰ ਇੰਦਰ ਕੇ ਕਣਕ ਕੁਤਰਾਉਣ ਲੈ ਗਏ। ਪੂਰੇ ਛੱਤੀ ਘੰਟੇ ਬਰਾਬਰ ਰੁੱਗ ਲਾਉਂਦਾ ਰਿਹਾ ਸੀ। ਜੀਤੂ ਤਾਂ ਦੇਖਦਾ ਰਹਿ ਗਿਆ ਸੀ। ਜਦੋਂ ਕੰਮ ਖਤਮ ਹੋ ਗਿਆ ਤਾਂ ਉਸ ਪੁੱਛਿਆ ਸੀ, "ਤਾਇਆ ਹੋਰ ਸੇਵਾ?"

"ਜੱਗਿਆ ਸ਼ੇਰਾ..ਤੂੰ ਤਾਂ ਜੱਟਾਂ ਦੇ ਪੁੱਤਰਾਂ ਨੂੰ ਵੀ ਪਿੱਛੇ ਛੱਡ ਗਿਆ।"

"ਤਾਇਆ ਕੰਮ ਕਰੀਦਾ।"

"ਸੱਚੀ ਪੁੱਤਰਾ।"

"ਅਜੇ ਤਾਂ ਪੂਰੀ ਖੁਰਾਕ ਨ੍ਹੀਂ ਮਿਲਦੀ।"

"ਕਿਉਂ ਦੋ ਮੱਝਾਂ ਨ੍ਹੀਂ ਰੱਖੀਆਂ ! ਦੁੱਧ ਨ੍ਹੀਂ ਦਿੰਦੀਆਂ।"

"ਦੁੱਧ ਤਾਂ ਦੋਵੇਂ ਦਿੰਦੀਆਂ। ਇੱਕ ਤਾਜ਼ਾ ਸੂਈ ਤੇ ਦੂਜੀ ਤੋਕੜ ਆ ਪਰ..।"

"ਪਰ ਕੀ..?"

"ਘਰ ਦੀਆਂ ਤੰਗੀਆਂ ਨੇ ਮਾਰ ਲਿਆ। ਮਹਿੰਗਾਈ ਐਨੀ ਹੋ ਗਈ ਕਿ ਖਰਚਿਆਂ ਦਾ ਪਤਾ ਨ੍ਹੀਂ ਲੱਗਦਾ। ਦੁੱਧ ਤਾਂ ਸਾਰਾ ਦੋਧੀ ਲੈ ਜਾਂਦਾ। ਜਦੋਂ ਭਾਪਾ ਜਿਉਂਦਾ ਸੀ, ਮਜਾਲ ਸੀ ਘੁੱਟ ਦੁੱਧ ਵੇਚਣ ਦਿੰਦਾ। ਕਹਿੰਦਾ ਹੁੰਦਾ ਸੀ—ਦੁੱਧ ਪੁੱਤ ਬੜੇ ਕਰਮਾਂ ਨਾਲ ਮਿਲਦੇ ਆ। ਦੋਹਾਂ ਨੂੰ ਨ੍ਹੀਂ ਵੇਚੀਦਾ। ਰਾਤ ਨੂੰ ਆਪਣੇ ਕੋਲ ਬੈਠਾ ਲੈਂਦਾ। ਕਹੇਂ ਦਾ ਵੱਡਾ ਗਲਾਸ ਪਹਿਲਾਂ ਮੈਨੂੰ ਭਰ ਕੇ ਦਿੰਦਾ। ਫੇਰ ਆਪ ਭਰ ਲੈਂਦਾ। ਖਾਲੀ ਹੁੰਦਾ ਤਾਂ ਮਗਰੇ ਤਾਂਬੇ ਦੇ ਪਤੀਲੇ 'ਚੋਂ ਹੋਰ ਭਰ ਦੇਂਦਾ। ਮੈਂ ਕਹਿੰਦਾ ਰਹਿ ਜਾਂਦਾ-ਭਾਪਾ ਮੇਰੇ ਕੋਲੋਂ ਨ੍ਹੀਂ ਪੀਤਾ ਜਾਂਦਾ। ਭਾਪਾ ਕਹਿੰਦਾ-ਸੌਰਿਆ ਗੱਦਾਂ ਦਿਆ, ਪੀ ਲੈ ਮੇਰੇ ਹੁੰਦਿਆਂ, ਫੇਰ ਨ੍ਹੀਂ ਆਹ ਵੇਲੇ ਆਉਣੇ।"

"ਬਾਵਾ ਸਿਹੁੰ ਨੇ ਵੀ ਕਿਹੜਾ ਸੁੱਖ ਦੇਖਿਆ। ਬੜਾ ਜੁਆਨ ਸੀ ਉਹ। ਮੇਹਰਦੀਨ ਭਲਵਾਨ ਵਰਗਾ। ਜਦੋਂ ਬਾਵਾ ਸਿਹੁੰ ਨੇ ਸੁਰਤ ਸੰਭਾਲੀ ਆਰਨ 'ਤੇ ਜਾ ਬੈਠਾ। ਤੈਨੂੰ ਪਤਾ ਹੀ ਕਿ ਆਰਨ 'ਤੇ ਉਹ ਬੈਠਾ ਹੀ ਪੂਰਾ ਹੋ ਗਿਆ ਸੀ।"

ਭਾਪੇ ਦੇ ਹੁੰਦਿਆਂ ਤਾਂ ਉਸ ਨੂੰ ਕਿਸੇ ਗੱਲ ਦਾ ਕੋਈ ਫਿਕਰ ਨਹੀਂ ਹੁੰਦਾ ਸੀ। ਜੋ ਭਾਪਾ ਸਮਝਾਈ ਜਾਂਦਾ, ਉਹ ਉਹੀ ਕਰੀ ਜਾਂਦਾ। ਇਸ ਤੋਂ ਵੱਧ ਕੋਈ ਹੋਰ ਗੱਲ ਨਾ ਹੁੰਦੀ।



ਭਾਪਾ ਗੁਰਦੁਆਰੇ ਦੇ ਭਾਈ ਦੀ ਆਵਾਜ਼ ਸੁਣਦਿਆਂ ਹੀ ਵਾਗਰੂ-ਵਾਗਰੂ ਕਹਿੰਦਿਆਂ ਉਠ ਬੈਠਦਾ। ਆਰਨ ਪਾਉਂਦਾ। ਜਦੋਂ ਤਪ ਜਾਂਦਾ, ਫੇਰ ਉਸ ਨੂੰ ਆਵਾਜ਼ ਮਾਰਦਾ। ਫੇਰ ਤਾਂ ਭਾਪਾ ਹੁੰਦਾ ਤੇ ਉਸ ਦਾ 'ਹੂੰ', 'ਹਾਂ', 'ਅੱਛਾ'।

ਪਰ ਇਸ ਮੈਦਾਨ ਵਿਚ ਉਹ ਹਾਰ ਗਿਆ ਸੀ—ਸੋਚ ਉਸਨੂੰ ਆਪਣੇ ਆਪ 'ਤੇ ਹਾਸਾ ਵੀ ਆਇਆ। ਕੀ ਮਰੂੰ-ਮਰੂੰ ਕਰੀ ਗਿਆ ਸੀ ਸਾਰੀ ਵਾਟ। ਇਸ ਕਰਕੇ ਕਿ ਰੇਤਾ ਵਿਚ ਪੈਰ ਖੁੱਭਦੇ ਰਹੇ ਸਨ। ਉਸ ਨੂੰ ਹਿੰਮਤ ਨਹੀਂ ਸੀ ਹਾਰਨੀ ਚਾਹੀਦੀ। ਉਹ ਬਾਕੀਆਂ ਨਾਲੋਂ ਚੰਗਾ ਰਿਹਾ ਸੀ। ਵਿਜੈ..ਪੰਮਾ..ਵਿਨੋਦ। ਉਨ੍ਹਾਂ ਦਾ ਬਹੁਤ ਬੁਰਾ ਹਾਲ ਸੀ। ਵਿਨੋਦ ਤਾਂ ਅੜ ਕੇ ਬੈਠ ਗਿਆ ਸੀ.."ਮੇਰੇ ਤੋਂ ਨ੍ਹੀਂ ਹੋਰ ਤੁਰਿਆ ਜਾਂਦਾ।"

"ਕਾਕਾ—ਅਜੇ ਤਾਂ ਅੱਧੀ ਵਾਟ ਵੀ ਨ੍ਹੀਂ ਮੁੱਕੀ," ਦਲਾਲ ਗੁੱਸੇ ਵਿਚ ਬੋਲਿਆ ਸੀ।

"ਕੀ?"

"ਅਜੇ ਤਾਂ ਦਿੱਲੀ ਬਹੁਤ ਦੂਰ ਆ।"

"ਐਦਾਂ ਕਰੋ। ਅੱਜ ਦਾ ਸਫ਼ਰ ਇੱਥੇ ਹੀ ਖਤਮ ਕਰ ਦਿਓ।"

" ਵਿਨੋਦ ਦੀ ਗੱਲ ਠੀਕ ਆ," ਪੰਮਾ ਵੀ ਥਾਈਂ ਖੜ ਗਿਆ ਸੀ।

"ਮੇਰੇ ਤੋਂ ਵੀ ਨ੍ਹੀਂ ਤੁਰਿਆ ਜਾਂਦਾ।" ਵਿਜੈ ਨੇ ਵੀ ਏਅਰ ਬੈਗ ਮੋਢੇ ਤੋਂ ਲਾਹ ਥੱਲੇ ਰੱਖ ਦਿੱਤਾ ਸੀ।

ਦਲਾਲ ਸੋਚੀਂ ਪੈ ਗਿਆ ਸੀ।

ਸਾਰੇ ਤਾਂ ਇਕ ਦੂਜੇ ਦੀ ਛਾਂ ਵਿਚ ਖੜੇ ਸਨ।

"ਦੇਖੋ-ਬਈ। ਐਦਾਂ ਤਾਂ ਗੱਲ ਨ੍ਹੀਂ ਬਣਨੀ। ਆਖਿਰ ਠਹਿਰਣ ਲਈ ਜਗ੍ਹਾ ਚਾਹੀਦੀ। ਆਪਾਂ ਇੱਥੇ ਰੁਕ ਵੀ ਕਿਵੇਂ ਸਕਦੇ। ਨਾ ਬੈਠਣ ਲਈ ਥਾਂ, ਨਾ ਹੀ ਪੈਣ ਲਈ..ਬਾਕੀ ਤੁਸੀਂ ਆਪ ਦੇਖ ਲਉ..।"ਕਹਿ ਦਲਾਲ ਬੈਗ ਰੱਖ ਕੇ ਉਪਰ ਬੈਠ ਗਿਆ।

"ਬਾਬੂ ਜੀ, ਕੋਈ ਰੁੱਖ ਰੱਖ ਆਊ?" ਵਿਜੈ ਨੇ ਪੁੱਛਿਆ ਸੀ।

"ਮੇਰੇ ਖਿਆਲ ਵਿਚ ਦੋ ਕੁ ਘੰਟਿਆਂ ਵਿਚ ਕੋਈ ਰੁੱਖ ਆ ਹੀ ਜਾਊਗਾ।"

"ਚੱਲੋਂ-ਬਈ-ਚੱਲੋ ਫੇਰ ਆਪਾਂ 'ਰਾਮ ਕਰਾਂਗੇ।" ਜਸਵੰਤ ਨੇ ਹੱਲਾਸ਼ੇਰੀ ਦਿੱਤੀ ਤੇ ਕਾਫਲਾ ਅਗਾਂਹ ਤੁਰ ਪਿਆ ਸੀ।

ਮੀਲ ਕੁ ਤੁਰਨ ਤੋਂ ਬਾਅਦ ਬਲਵੀਰ ਨੇ ਵੀ ਹਥਿਆਰ ਸੁੱਟ ਦਿੱਤੇ ਸਨ। ਭਲਾ ਹੋਵੇ ਜਸਵੀਰ ਦਾ। ਇਕ ਵਾਰ ਬਾਂਹ ਫੜ ਲਈ, ਮੁੜ ਛੱਡੀ ਹੀ ਨਹੀਂ। ਕਹੀ ਗਿਆ, "ਕਾਕਾ ਤੁਰਿਆ ਚੱਲ। ਮੇਰਾ ਸ਼ੇਰ। ਮੇਰਾ ਬਘਿਆੜ। ਮੈਂ ਤੇਰੇ ਨਾਲ। ਔਹ ਸਾਹਮਣੇ ਦਰਖ਼ਤ ਦਿੱਸਦੇ। ਉਥੇ ਤੂੰ ਲੰਮਾ ਪੈ ਜਾਈਂ। ਪਹਿਲਾਂ ਮੈਂ ਤੇਰੀਆਂ ਲੱਤਾਂ ਘੁਟੂੰਗਾ ਤੇ ਤੂੰ ਮੇਰੀ ਮਾਲੀਸ਼ ਕਰੇਂਗਾ। ਫੇਰ ਦੋਵੇਂ ਤਰੋ-ਤਾਜ਼ਾ। ਮੈਂ ਤੈਨੂੰ ਖੱਲੀਆਂ ਮਾਰਨ ਦੇ ਢੰਗ ਸਮਝਾਊਂਗਾ। ਦੇਖੀਂ ਫੇਰ ਤੂੰ ਸਹੇ ਵਾਂਗੂੰ ਛੁੜੱਪੇ ਮਾਰਨ ਲੱਗ ਜਾਊਂ ਪਾਣੀ ਵੀ ਮਿਲੂ। ਦਰਖ਼ਤ ਆ ਗਏ ਤਾਂ ਪਾਣੀ ਵੀ ਮਿਲੂ। ਜਿੰਨਾ ਮਰਜ਼ੀ ਪੀ ਲਈਂ। ਮੇਰੀ ਉਮਰ ਤੇਰੇ ਨਾਲੋਂ ਪੰਦਰਾਂ ਸਾਲ ਜ਼ਿਆਦਾ ਆ। ਮਜ਼ਾਲ ਆ ਕਿ ਇਕ ਵਾਰ ਵੀ ਸੀ ਕੀਤੀ ਹੋਵੇ। ਕਰਤੀ ਨਾ



www.PunjabiLibrary.com

ਅੱਜ ਦੇ ਮੁੰਡਿਆਂ ਵਾਲੀ ਗੱਲ। ਸੌਰਿਆ ਅਜੇ ਤਾਂ ਵਿਆਹ ਕਰਾਉਣਾ। ਉਥੇ ਕੀ ਕਰੇਗਾ। ਫੇਰ ਮੈਨੂੰ ਹਾਰ ਮਾਰ ਲਈਂ।"

ਦਿਲਾਸੇ ਸਨ—ਇੱਕ ਦੂਜੇ ਨੂੰ। ਨਹੀਂ ਤਾਂ ਇੰਨਾ ਸਫਰ ਤੈਅ ਨਾ ਹੁੰਦਾ। ਜੇ ਮੇਰੇ ਵਰਗੇ ਥੱਕ ਗਏ..ਬਾਕੀਆਂ ਬਾਰੇ ਕੀ ਕਿਹਾ ਜਾ ਸਕਦਾ। ਆਪਣੇ ਆਪ ਪਿੰਜਨੀਆਂ ਘੁਟਦਿਆਂ ਉਸ ਆਪਣੇ ਆਪ ਨੂੰ ਕਿਹਾ।..ਕੀਤਾ ਵੀ ਕੀ ਜਾ ਸਕਦਾ ਸੀ। ਕੋਈ ਵੀ ਹਾਰ ਸਕਦਾ ਸੀ। ਕੋਈ ਗੱਲ ਨਹੀਂ। ਮੰਜ਼ਿਲ ਦਿੱਸਣੀ ਚਾਹੀਦੀ ਹੈ, ਸੋਚਦਿਆਂ-ਸੋਚਦਿਆਂ ਉਸ ਅੰਦਰ ਇਕ ਨਵੀਂ ਸਫੂਤੀ ਦੇ ਭਾਵ ਉਭਰੇ ਸਨ। ਉਹਨੂੰ ਹੁਣ ਆਪਣਾ ਆਪ ਪਹਿਲਾਂ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਲੱਗਣ ਲੱਗਾ ਸੀ। ਆਪਣੇ ਕੀਤੇ ਹੋਏ 'ਤੇ ਪਛਤਾਵਾ ਵੀ ਹੋਣ ਲੱਗਾ ਸੀ। ਐਵੇਂ ਨਿਆਣਿਆਂ ਵਾਂਗੂ ਮਰੂੰ-ਮਰੂੰ ਕਰਨ ਦਾ ਕੀ ਫਾਇਦਾ ਹੁੰਦਾ।

****

"ਆਪਾਂ ਕੰਮ ਲੱਭਣਾ," ਪ੍ਰੀਤੂ ਕੋਲ ਜਾ ਕੇ ਉਸ ਸੁਲਾਹ ਮਾਰੀ।

"ਕੰਮ ਲੱਭਣ ਹੀ ਤਾਂ ਆਏਂ-ਹੋਰ ਕੜਛ ਮਾਂਜਣਾ।"

"ਜਿਦਾਂ ਮਰਜ਼ੀ ਹੋਵੇ। ਜਿੰਨੇ ਕੁ ਦਿੱਤੇ—ਉੱਨੇ ਹੀ ਵਾਪਸ ਹੋ ਜਾਣ। ਫੇਰ ਭਾਵੇਂ ਪਿੰਡ ਨੂੰ ਮੋੜ ਦੇਣ।"

"ਹੂੰ," ਕਹਿ ਪ੍ਰੀਤੂ ਚੁੱਪ ਕਰ ਗਿਆ ਸੀ। ਉਹ ਵੀ ਆਪਣੀਆਂ ਸਕੀਮਾਂ ਵਿਚ ਗੁਆਚਿਆ ਹੋਇਆ ਸੀ।

ਦੇਰ ਰਾਤ ਗਈ ਤੱਕ ਉਹ ਆਪਣੀਆਂ ਸਕੀਮਾਂ ਸਾਂਝੀਆਂ ਕਰੀ ਗਏ ਸਨ ਪਰ ਅੰਦਰ ਇਕ ਹਉਕਾ ਆਪਣੀ ਜ਼ਹਿਰੀ ਗੈਸ ਫੈਲਾਉਂਦਾ ਰਿਹਾ ਸੀ।

ਕਮਰੇ ਵਿਚ ਟਿਊਬ ਜਗ ਜਹੀ ਸੀ।

ਕਲਾਕ ਦੀਆਂ ਵੱਡੀਆਂ—ਵੱਡੀਆਂ ਸੂਈਆਂ ਦੌੜੀਆਂ ਜਾ ਰਹੀਆਂ ਸਨ।

ਉਹ ਪਾਸੇ ਤੇ ਪਾਸਾ ਲੈ ਰਿਹਾ ਸੀ। ਜਿੰਨੀ ਉਸ ਸੌਣ ਦੀ ਕੋਸ਼ਿਸ਼ ਕੀਤੀ ਸੀ, ਉੱਨਾ ਹੀ ਉਹ ਨੀਂਦ ਤੋਂ ਦੂਰ ਹੁੰਦਾ ਗਿਆ ਸੀ। ਦੋ ਵਾਰ ਉਸ ਉੱਠ ਕੇ ਪਾਣੀ ਪੀਤਾ ਸੀ। ਟਿਊਬ ਬੁਝਾਉਣ ਦੀ ਹਿੰਮਤ ਉਸ ਵਿਚ ਨਹੀਂ ਰਹੀ ਸੀ। ਵਿਚ-ਵਿਚ ਉਹ ਉਠ ਕੇ ਬੈਠ ਜਾਂਦਾ।

ਉਸ ਨੂੰ ਮਾਸਟਰਾਂ ਦਾ ਭਈਆ ਲੋਚਨੀ ਯਾਦ ਆਇਆ ਸੀ। ਲੋਚਨੀ ਉਸ ਕੋਲੋਂ ਗੰਡਾਸੇ ਚੰਢਾਉਣ ਆਉਂਦਾ ਹੁੰਦਾ ਸੀ। ਜਦੋਂ ਵੀ ਆਉਂਦਾ, ਆਪਣੇ ਬਾਰੇ ਕੋਈ ਨਾ ਕੋਈ ਗੱਲ ਛੇੜ ਲੈਂਦਾ।

"ਸਰਦਾਰ ਜੀ—ਆਪ ਹਮ ਸੇ ਅੱਛੇ ਹੈਂ," ਹਰ ਗੱਲ ਨਾਲ ਉਹ ਇਹ ਜ਼ਰੂਰ ਕਹਿੰਦਾ, "ਹਮ ਤੋ ਘਰ ਸੇ ਦੂਰ ਹੈਂ। ਦੋ ਸਾਲ ਬਾਅਦ ਜਾਤੇ ਹੈਂ। ਪਤਨੀ, ਬੱਚੋਂ ਕੇ ਸਾਥ ਅੰਨਦ ਸੇ ਰਹਿ ਭੀ ਨਹੀਂ ਸਕਤੇਂ।"

"ਸਰਦਾਰ ਜੀ—ਮਜ਼ਦੂਰੀ ਬਹੁਤ ਕੰਮ ਮਿਲਤੀ ਹੈਂ। ਠਾਕੁਰ ਲੋਕ ਕਾਮ ਤੋ ਸਾਰਾ ਦਿਨ ਕਰਵਾ ਲੇਤੇ ਹੈਂ। ਪਰ ਪੇਟ ਭਰ ਅਨਾਜ ਭੀ ਨਹੀਂ ਦੇਤੇ ਖਾਨੇ ਕੋ। ਬਾਕੀ ਵਸਤੂਏ ਤੋਂ ਬਾਦ ਮੇਂ ਆਤੀਂ ਹੈਂ।"



ਗੱਲਾਂ ਕਰਦੇ-ਕਰਦੇ ਲੋਚਨੀ ਦੀਆਂ ਅੱਖਾਂ ਭਰ ਆਉਂਦੀਆਂ ਸਨ। ਉਹ ਆਪਣਾ ਦੁੱਖ ਦਰਦ ਸਾਂਝਾ ਕਰਦਾ ਰਹਿੰਦਾ ਸੀ।

ਉਹ ਕਿੰਨੀ ਦੇਰ ਲੋਚਨੀ ਬਾਰੇ ਸੋਚਦਾ ਹੁੰਦਾ ਸੀ। ਰਾਤ ਨੂੰ ਛਿੰਨੀ ਨਾਲ ਵੀ ਲੋਚਨੀ ਬਾਰੇ ਗੱਲਾਂ ਕਰਦਾ ।

"ਕੁਸ਼ ਨ੍ਹੀਂ ਜ਼ਿੰਦਗੀ ਭਈਆਂ ਦੀ ਵੀ।"

"ਵਿਚਾਰੇ ਘਰੋਂ-ਬੇ-ਘਰ ਜਿਉਂ ਹੋਏ।"

"ਪੇਟ ਸਭ ਕੁਸ਼ ਕਰਾਉਂਦਾ।"

"ਕਿਸਮਤ ਦੀਆਂ ਗੱਲਾਂ ਹੁੰਦੀਆਂ।"

"ਕਹਿੰਦੇ ਉਧਰ ਗਰੀਬੀ ਵੀ ਬਹੁਤ। ਦੋ ਵੇਲੇ ਰੋਟੀ ਵੀ ਨਸੀਬ ਨ੍ਹੀਂ ਹੁੰਦੀ। ਅੱਜ ਆਪਣਾ ਕਾਮਰੇਡ ਧੰਨਾ ਸਿੰਘ ਦੱਸਦਾ ਸੀ ਕਿ ਜਦੋਂ ਆਪਣਾ ਪ੍ਰਧਾਨ ਮੰਤਰੀ ਨਵਾਂ- ਨਵਾਂ ਕੁਰਸੀ 'ਤੇ ਬੈਠਾ ਸੀ ਤਾਂ ਉਸ ਇਕ ਨਵੀਂ ਯੋਜਨਾ ਬਣਾਈ ਸੀ। ਗੰਗਾ ਦੀ ਸਫਾਈ ਕਰਾਉਣ ਦੀ। ਆਖਿਰ ਗੰਗਾ ਸਾਡੀ ਪਵਿੱਤਰ ਨਦੀ ਜਿਉਂ ਹੋਈ। ਫੇਰ ਇਸ ਵਿਚ ਐਨਾ ਗੰਦ ਕਿਉਂ ਸੁੱਟਿਆ ਜਾਵੇ। ਇਸ ਦੀ ਪਵਿੱਤਰਤਾ ਨੂੰ ਬਹਾਲ ਕੀਤਾ ਜਾਣਾ ਚਾਹੀਦਾ। ਇਕ ਦਿਨ ਅਖ਼ਬਾਰ ਵਿੱਚ ਇਕ ਲੇਖ ਆਇਆ ਸੀ 'ਗ' ਸੇ ਗੰਗਾ ਔਰ 'ਗ' ਸੇ ਗਰੀਬੀ। ਲੇਖਕ ਨੇ ਦੱਸਿਆ ਸੀ ਕਿ ਗੰਗਾ ਘਾਟ ਦੇ ਦੋਵੇਂ ਪਾਸੀਂ ਪੈਂਦੇ ਇਲਾਕਿਆਂ ਵਿਚ ਐਨੀ ਗਰੀਬੀ ਆ ਕਿ ਇੱਕ ਆਦਮੀ ਦੀ ਔਸਤ ਆਮਦਨ ਸੱਠ ਰੁਪਏ ਮਹੀਨਾ ਵੀ ਨ੍ਹੀਂ ਬਣਦੀ। ਅਜਿਹੇ ਲੋਕਾਂ ਦੀ ਗਿਣਤੀ ਪਝੱਤਰ ਪ੍ਰਤੀਸ਼ਤ ਤੋਂ ਜ਼ਿਆਦਾ ਹੋਣੀ। ਪ੍ਰਧਾਨ ਮੰਤਰੀ ਨੂੰ ਚਾਹੀਦਾ ਕਿ ਗੰਗਾ ਦੀ ਪਵਿੱਤਰਤਾ ਤੋਂ ਪਹਿਲਾਂ ਲੋਕਾਂ ਦੇ ਢਿੱਡਾਂ ਵਿੱਚ ਪੈਂਦੇ ਵੱਟਾਂ ਨੂੰ ਦੂਰ ਕਰੇ।"

"ਲੋਕੀ ਕਹਿੰਦੇ ਹੁੰਦੇ-ਕਾਮਰੇਡ ਐਵੇਂ ਰੌਲਾ ਪਾਉਂਦਾ ਰਹਿੰਦਾ ਪਰ ਆਹ ਗੱਲ ਤਾਂ ਮਨ ਨੂੰ ਲੱਗਦੀ।"

ਹੁਣ ਉਸ ਨੂੰ ਆਪਣਾ ਆਪ ਭਈਏ ਲੋਚੀਨੀ ਵਰਗਾ ਲੱਗ ਰਿਹਾ ਸੀ। ਥੋੜ੍ਹਾ ਜਿਹਾ ਫਰਕ ਸੀ। ਲੋਚਨੀ ਆਪਣੇ ਦੇਸ਼ ਵਿੱਚ ਸੀ ਤੇ ਉਹ ਵਿਦੇਸ਼ ਵਿਚ।

ਹੋਰ ਭਈਏ ਉਸ ਦੀਆਂ ਨਜ਼ਰਾਂ ਅੱਗਿਉਂ ਲੰਘ ਗਏ ਸਨ। ਜਿਵੇਂ ਕਿਸੇ ਫਿਲਮ ਦੀ ਰੀਲ ਚੱਲ ਰਹੀ ਹੋਵੇ।

"ਆਹ ਵੀ ਹੋਣਾ ਸੀ," ਸੋਚ ਸ਼ਕਤੀ ਦੀ ਸਾਰੀ ਊਰਜਾ ਇਥੇ ਆ ਕੇ ਖਤਮ ਹੋ ਜਾਂਦੀ।

****

ਫੇਰ ਸਵੇਰ ਹੋਈ ਸੀ।

ਫੇਰ ਉਹ ਅਣਮੰਨੇ ਮਨ ਨਾਲ ਉਠਿਆ ਸੀ।

ਫੇਰ ਉਹ ਨਹਾਤਾ ਸੀ।

ਫੇਰ ਭਾਈ ਜੀ ਚਾਹ ਲਈ ਕਹਿ ਗਏ ਸਨ।

ਫੇਰ ਉਸ ਮਹਾਰਾਜ ਦੀ ਹਾਜ਼ਰੀ ਵਿੱਚ ਸੀਸ ਨਿਵਾਇਆ ਸੀ।

ਫੇਰ ਉਸ ਸਰਬਤ ਦੇ ਭਲੇ ਦੀ ਖ਼ੈਰ ਮੰਗੀ ਸੀ।



www.PunjabiLibrary.com

ਫੇਰ ਉਸ ਆਪਣੇ 'ਕੰਮ' ਲਈ ਬੇਨਤੀ ਕੀਤੀ ਸੀ।

ਅਰਦਾਸ ਤੋਂ ਬਾਅਦ ਕਮੇਟੀ ਬੈਠੀ ਸੀ।

ਪ੍ਰਧਾਨ, ਜਿਸ ਨੇ ਫਿਕਸੋ ਲਾ ਕੇ, ਕੱਸ ਕੇ ਦਾੜ੍ਹੀ ਬੰਨ੍ਹ ਰੱਖੀ ਸੀ, ਸੋਫੇ 'ਤੇ ਪਸਰ ਗਿਆ ਸੀ। ਬਾਕੀ ਚਾਰੇ ਮੈਂਬਰ ਵੀ ਉਸ ਵਰਗੇ ਹੀ ਸਨ।

ਵੱਡਾ ਸਾਰਾ ਮੇਜ਼ ਵਿਚਕਾਰ ਪਿਆ ਸੀ।

"ਗੱਲ ਤਾਂ ਬਹੁਤ ਹੀ ਮਾੜੀ ਹੋ ਰਹੀ," ਗੱਲ ਪ੍ਰਧਾਨ ਨੇ ਤੋਰੀ ਸੀ।

"ਸਰਦਾਰ ਜੀ-ਅੱਜ ਕਲ੍ਹ ਦਲਾਲ ਕਿਸੇ ਨੂੰ ਨ੍ਹੀਂ ਬਖਸ਼ਦੇ। ਵਾਹੇਗੁਰੂ ਇਨ੍ਹਾਂ ਤੋਂ ਬਚਾਏ। ਇਹ ਪੈਸਾ ਵੀ ਮਨ ਮਰਜ਼ੀ ਨਾਲ ਲੈਂਦੇ ਤੇ ਖਰਾਬ ਵੀ ਮਨ ਮਰਜ਼ੀ ਨਾਲ ਕਰਦੇ।" ਕੋਈ ਹੋਰ ਮੈਂਬਰ ਬੋਲਿਆ ਸੀ।

"ਪੈਸਿਆਂ ਦੀ ਕੋਈ ਗੱਲ ਨ੍ਹੀਂ ਹੁੰਦੀ। ਕੰਮ ਬਣਨਾ ਚਾਹੀਦਾ। ਕੰਮ ਬਣ ਜਾਏ ਤਾਂ ਆਦਮੀ ਖਰਚੇ ਹੋਏ ਪੈਸੇ ਨੂੰ ਭੁੱਲ ਜਾਂਦਾ।"

"ਇਨ੍ਹਾਂ ਮਾਸੂਮਾਂ ਕੋਲੋਂ ਐਨੇ ਪੈਸੇ ਭੀ ਲੈ ਲਏ। ਚਾਰ ਦਿਨ ਰੇਤਾ ਵਿੱਚ ਤੋਰਾਇਆ। ਹਾਲੋਂ-ਬੇਹਾਲ ਕਰਤਾ। ਫੇਰ ਦਗ਼ਾ ਦੇ ਕੇ ਦੌੜ ਗਏ।"

"ਕਿਥੇ ਭਲਾ ਹੋਊਗਾ ਇਨ੍ਹਾਂ ਦਾ।"

"ਵਾਹਿਗੁਰੂ ਆਪੇ ਇਨ੍ਹਾਂ ਨੂੰ ਸਿਝੂਗਾ।"

"ਸਾਨੂੰ ਇਨ੍ਹਾਂ ਦੇ ਵਿਰੁੱਧ ਕੁਸ਼ ਕਰਨਾ ਚਾਹੀਦਾ ਹੈ। ਇਹ ਕੰਮ ਗ਼ੈਰ-ਕਾਨੂੰਨੀ ਹੋ ਰਿਹਾ।"

"ਚਾਹੀਦਾ ਤਾਂ ਬਹੁਤ ਕੁਸ਼ ਹੈ।

"ਇਨ੍ਹਾਂ ਤੇ ਉਲਟ ਕੇਸ ਬਣ ਸਕਦਾ।"

"ਕੇਸ ਤਾਂ ਇਕ ਦੋ ਤੇ ਬਣੇਗਾ ਪਰ ਫਾਇਦਾ ਸਾਰਿਆਂ ਨੂੰ ਹੋਊਗਾ।"

"ਹਾਂ-ਮਤਾ ਪਾਸ ਕਰਕੇ ਅੰਬੈਸੀ ਨੂੰ ਭੇਜ ਦਿਓ। ਉਹ ਆਪੇ ਹੀ ਅਗਾਂਹ ਗੱਲ ਪਹੁੰਚਾਉਣਗੇ।"

"ਠੀਕ ਹੈ ਜੀ," ਸਾਰਿਆਂ ਸਹਿਮਤੀ ਪ੍ਰਗਟ ਕੀਤੀ ਸੀ।

"ਸੁਣੋ ਬਈ ਬੱਚਿਓ-ਅਸੀਂ ਤੁਹਾਨੂੰ ਜੈਦਾਨ ਤੋਂ ਲੈ ਕੇ ਤਹਿਰਾਨ ਤੱਕ ਦਾ ਕਿਰਾਇਆ ਦੇਂਦੇ ਹਾਂ। ਨਾਲ ਹੀ ਪੰਝੀ-ਪੰਝੀ ਰਿਆਲ ਚਾਹ ਪਾਣੀ ਲਈ ਵੀ। ਤੁਸੀਂ ਇੰਡੀਅਨ ਐਮਬੈਸੀ ਨੂੰ ਮਿਲੋ। ਸਾਰੀ ਗੱਲ ਦੱਸਿਓ। ਉਹ ਹੀ ਤੁਹਾਨੂੰ ਸਿੱਧੇ ਰਾਹ ਪਾਉਣਗੇ। ਤੁਸੀਂ ਅਸਾਡੇ ਕੋਲ ਹਫਤਾ ਭਰ ਰਹਿ ਸਕਦੇ ਹੋ। ਸਾਰਾ ਖਰਚਾ ਅਸਾਡਾ ਹੋਵੇਗਾ। ਲੰਗਰ ਪਾਣੀ ਛਕੋ ਤੇ ਵਾਗਰੂ ਦੇ ਚਰਨੀ ਸੀਸ ਨਿਵਾਉ। ਉਹ ਈ ਅਸਾਡਾ ਸਾਰਿਆਂ ਦਾ ਬੇੜਾ ਪਾਰ ਕਰਨ ਵਾਲਾ। ਅਸਾਡਾ ਪਰਵਰਦਿਗਾਰ ਪਾਤਸ਼ਾਹ," ਕਮੇਟੀ ਦੇ ਪ੍ਰਧਾਨ ਨੇ ਕਮੇਟੀ ਦਾ ਫੈਸਲਾ ਸੁਣਾਇਆ ਸੀ।

"ਵਾਗਰੂ ਜੀ ਕਾ ਖ਼ਾਲਸਾ-ਵਾਗਰੂ ਜੀ ਕੀ ਫਤਹਿ," ਨਾਲ ਕਮੇਟੀ ਉਠ ਗਈ ਸੀ।

****



"ਉਏ ਦਵਿੰਦਰ ਤੇ ਦਿਆਲਾ," ਜੱਗੀ ਲੰਗੜਾਉਂਦਾ ਗੇਟ ਵੱਲ ਦੌੜ ਪਿਆ।

"ਤੁਸੀਂ ਏਥੇ ਕਿਵੇਂ?" ਚੌਹਾਂ ਦੇ ਮੂੰਹੋਂ ਇੱਕੋ ਵਾਰ ਨਿਕਲਿਆ ਸੀ।

"ਬੈਠ ਤਾਂ ਲਉ। ਫੇਰ ਆਪਣੀ ਰਾਮ ਕਹਾਣੀ ਸੁਣਾ ਲਈਓ," ਦਿਆਲੇ ਨੇ ਕਿਹਾ।

ਸਾਰਿਆਂ ਦੇ ਮੂੰਹ 'ਤੇ ਪੀਲਾਪਨ ਪਸਰ ਗਿਆ ਸੀ। ਜਿਵੇਂ ਉਨ੍ਹਾਂ 'ਚੋਂ ਖੂਨ ਬਿਲਕੁਲ ਹੀ ਨਿਚੋੜ ਲਿਆ ਹੋਵੇ।

"ਇਥੇ ਕੁ ਆ ਜਾਓ," ਪ੍ਰੀਤੂ ਨੇ ਪੈਰ ਨਾਲ ਪੱਤੇ ਪਰ੍ਹਾਂ ਹਟਾ ਕੇ ਕਿਹਾ।

ਫੇਰ ਗੱਲਾਂ ਇਧਰ ਉਧਰ ਦੀਆਂ ਚਲਦੀਆਂ ਰਹੀਆਂ ਸਨ।

"ਕਦੋਂ ਪੁੱਜੇ ਇੱਥੇ?" ਉਸ ਦਵਿੰਦਰ ਤੋਂ ਪੁੱਛਿਆ।

"ਸਾਲਿਓ ਤੁਸੀਂ ਤਾਂ ਸਾਨੂੰ ਛੱਡ ਕੇ ਦੌੜ ਆਏ। ਮੈਂ ਜਦੋਂ ਉਠਿਆ ਤਾਂ ਸਭ ਕੁਸ਼ ਬਦਲ ਚੁੱਕਾ ਸੀ। ਮੈਂ ਬਾਕੀ ਜਣਿਆਂ ਨੂੰ ਉਠਾਇਆ ਤੇ ਵਿਚਾਰ ਕੀਤੀ। ਕੋਈ ਕੁਸ਼ ਬੋਲਿਆ ਤੇ ਕੋਈ ਕੁਝ।..ਅਸੀਂ ਸਾਰਾ ਦਿਨ ਰੇਤਾ ਵਿਚ ਪੈਰਾਂ ਦੇ ਨਿਸ਼ਾਨ ਲੱਭਦੇ ਰਹੇ ਪਰ ਕੁਸ਼ ਨਾ ਬਣਿਆ ਜੁੜਿਆ। ਕੁਸ਼ ਪਿਛੇ ਮੁੜਨ ਲਈ ਦਲੀਲਾਂ ਦੇਣ ਲੱਗੇ ਤੇ ਕੁਸ਼ 'ਗਾਂਹ ਜਾਣ ਲਈ। ਸਾਨੂੰ ਇਕ ਪਹਾੜ ਕੋਲ ਪਾਸਪੋਰਟਾਂ ਦੀ ਢੇਰੀ ਮਿਲੀ।..ਅਸੀਂ ਪੰਜੇ 'ਗਾਂਹ ਟੁਰ ਪਏ ਤੇ ਬਾਕੀ ਪਿੱਛੇ ਨੂੰ ਤੁਰਦੇ ਇੱਕ ਵੇਈਂ ਦੇ ਕੰਢੇ ਆਏ। ਛਿੰਦਾ, ਨੀਟੂ ਤੇ ਪਿਆਰਾ ਵੇਈਂ ਪਾਰ ਕਰਨ ਲੱਗੇ ਡੁੱਬ ਗਏ। ਮੈਂ ਤੇ ਦਿਆਲਾ ਪਾਰ ਕਰ ਗਏ। ਪਤਾ ਹੀ ਨ੍ਹੀਂ ਲੱਗਾ ਕਿਹੜੀ ਚੀਜ਼ ਉਨ੍ਹਾਂ ਨੂੰ ਹੇਠਾਂ ਨੂੰ ਖਿੱਚ ਕੇ ਲੈ ਗਈ ਸੀ। ਮੈਂ ਕਈਆਂ ਨੂੰ ਡੁੱਬਦਿਆਂ ਦੇਖਿਆ। ਇਕ ਵਾਰ ਤਾਂ ਬੰਦਾ ਜ਼ਰੂਰ 'ਤਾਂਹ ਨੂੰ ਆਉਂਦਾ। ਫੇਰ ਅਸੀਂ ਉਥੋਂ ਤੁਰ ਪਏ। ਇਕ ਤਾਂ ਪਹਿਲਾਂ ਜਗਤਾ ਚਲੇ ਗਿਆ ਤੇ ਉਪਰੋਂ ਇਹ ਤਿੰਨ। ਅਸੀਂ ਤਾਂ ਪਤਾ ਨ੍ਹੀਂ ਕਿਸ ਦੇ ਆਸਰੇ ਜਿਉਂਦੇ ਰਹੇ। ਨਾ 'ਗਾਂਹ ਜਾਣ ਨੂੰ ਚਿੱਤ ਮੰਨੇ ਤੇ ਨਾ ਹੀ ਪਿਛਾਂਹ ਨੂੰ। ਦਿਆਲਾ ਹੀ ਮੈਨੂੰ ਏਥੇ ਤਾਈਂ ਲੈ ਆਇਆ..।"

"ਹੋਰ," ਉਹ ਬੇਚੈਨ ਹੋ ਉਠਿਆ ਸੀ?

"ਤੈਨੂੰ ਪਤਾ-ਉਹ ਅੱਤਵਾਈ ਕੌਣ ਸੀ ?"

"ਨ੍ਹੀਂ।"

"ਉਹ ਦਲਾਲ ਦੇ ਆਪਣੇ ਬੰਦੇ ਸੀ।"

"ਤੈਨੂੰ ਕਿਦਾਂ ਪਤਾ?"

"ਉਹ ਦਲਾਲ ਦੇ ਆਪਣੇ ਬੰਦੇ ਸੀ। ਅਸੀਂ ਅੱਜ ਹੀ ਉਨ੍ਹਾਂ ਨੂੰ ਚੌਂਕ ਵਿੱਚ ਦੇਖਿਆ। ਉਹ ਹੀ ਚਾਰੇ ਅੱਤਵਾਦੀ ਤੇ ਆਪਣਾ ਦਲਾਲ। ਸਾਲਿਆਂ ਮੇਰਿਆਂ ਨੇ ਪੂਰੀ ਟੌਰ ਕੱਢੀ ਸੀ। ਪਹਿਲਾਂ ਤਾਂ ਸਿਆਨ ਵਿੱਚ ਹੀ ਨਾ ਆਏ। ਪਰ ਮਨ ਕਹੇ ਕਿ ਹੈ ਤਾਂ ਉਹ ਹੀ ਬੰਦੇ। ਮੈਂ ਪੁਲਸ ਕੋਲ ਤਲਾਹ ਕਰਨ ਲਈ ਮਨ ਪੱਕਾ ਕੀਤਾ। ਫੇਰ ਡਰ ਗਿਆ। ਕਿਉਂਜੁ ਪੁੱਠੀ ਪੈ ਜਾਊ। ਮੇਰੇ ਕੋਲ ਕਿਹੜਾ ਵੀਜ਼ਾ ਸੀ। ਸਾਨੂੰ ਦੇਖ ਕੇ ਉਹ ਬਿਲਕੁਲ ਨ੍ਹੀਂ ਘਬਰਾਇਆ। ਸਗੋਂ ਹਾਲ ਚਾਲ ਪੁੱਛਣ ਲੱਗਾ। ਬੋਲਿਆ.. ਮੈਂ ਵੀ ਤੁਹਾਡੇ ਨਾਲ ਹੀ ਲੁਟਿਆ ਗਿਆ। ਚਲੋ ਜੋ ਹੋ ਗਿਆ ਮਾੜਾ ਹੋਇਆ।.. ਇੱਥੇ ਮੇਰੇ ਪਿੰਡ ਦੇ ਚਾਰ ਮੁੰਡੇ



www.PunjabiLibrary.com

ਰਹਿੰਦੇ। ਆਪਾਂ ਤਾਂ ਕਲ੍ਹ ਨੂੰ ਉਨ੍ਹਾਂ ਕੋਲ ਚਲੇ ਜਾਣਾ। ਆਪੇ ਸਾਂਭਣਗੇ।"

****

ਜਿਉਂ ਹੀ ਬਸ ਤਹਿਰਾਨ ਨੇੜੇ ਪੁੱਜੀ, ਉਸ ਦੇ ਡੋਲ ਜਿਹੀ ਪੈਣ ਲੱਗੀ ਸੀ।

ਉਹ ਖਾਲੀ ਹੱਥ ਘਰ ਜਾਵੇਗਾ? ਗੱਲ ਇਥੇ ਆ ਕੇ ਰੁਕ ਜਾਂਦੀ ਸੀ।

"ਦੇਖ ਉਏ ਕਿੰਨੀਆਂ ਸੋਹਣੀਆਂ ਕੋਠੀਆਂ ?" ਪ੍ਰੀਤੂ ਨੇ ਸ਼ੀਸ਼ੇ ਵਿੱਚੋਂ ਬਾਹਰ ਦੇਖਦਿਆਂ ਕਿਹਾ।

ਉਹ ਬੋਲਿਆ ਨਾ ਤੇ ਨੀਵੀਂ ਪਾਈ ਸੱਜੇ ਹੱਥ ਦੀ ਤੀਜੀ ਉਂਗਲ ਨਾਲ ਮੱਥੇ ਦੇ ਐਨ ਵਿਚਕਾਰ ਠੋਕਰਾਂ ਮਾਰਨ ਲੱਗਾ।

"ਦੇਖ ਤਾਂ ਸਈਂ," ਪ੍ਰੀਤੂ ਨੇ ਉਸ ਦੀ ਠੋਡੀ ਫੜ ਕੇ ਉਤਾਂਹ ਨੂੰ ਮੂੰਹ ਕਰਦਿਆਂ ਕਿਹਾ।

"ਆਹ ਤਾਂ ਚੰਡੀਗੜ੍ਹ ਲੱਗਦਾ?"

"ਤੂੰ ਚੰਡੀਗੜ੍ਹ ਦੇਖਿਆ ਸੀ।"

"ਹੂੰ।"

"ਕਦੋਂ?"

"ਜਦੋਂ ਇੰਟਰਵਿਊ ਦੇਣ ਗਿਆ ਸੀ।"

ਵੀਜੇ ਦਾ ਵਿਚਾਰ ਫੇਰ ਭਾਰੂ ਹੋਣ ਲੱਗਾ ਸੀ। ਗੱਲ ਤਾਂ ਅੰਦਰ ਹੋਣ ਵਾਲੀ ਸੀ। ਉਸ ਮਨ ਨਾਲ ਵਿਚਾਰ ਕੀਤੀ–ਚਲੋ ਐਦਾਂ ਫਿਰਨ ਨਾਲੋਂ ਤਾਂ ਅੰਦਰ ਹੋਏ ਹੀ ਚੰਗੇ। ਰੋਟੀ ਦਾ ਟੁੱਕ ਤਾਂ ਮਿਲੂ। ਰਹਿਣ ਲਈ ਕੋਠੜੀ ਹੋਊ। ਕਿਸੇ ਸਿਰੇ ਕੰਢੇ ਤਾਂ ਲੱਗਾਂਗੇ। ਕੁੱਤੇ ਦੀ ਮੌਤ ਮਰਨ ਦਾ ਕੀ ਫਾਇਦਾ। ਕੋਈ ਛੇਤੀ ਕੀਤੇ ਇਸ਼ਾਰਾ ਵੀ ਨਹੀਂ ਸਮਝਦਾ। ਚਾਹ ਦਾ ਕੱਪ ਪੀਣ ਲਈ ਪਹਿਲਾਂ ਕੱਪ ਨੂੰ ਚੁੱਕ ਕੇ ਦਿਖਾਉਣਾ ਪੈਂਦਾ ਤੇ ਅੱਗੋਂ ਅਗਲੇ ਵੀ ਕਹਿੰਦੇ ਹੋਣੇ ਆ ਕਿ ਕਿਥੋਂ ਆ ਗਏ ਇਹ ਕਾਲੇ 'ਗ੍ਰੇਜ਼।

"ਐਦਾਂ ਨਾ ਕਰੀਏ–ਪੁਲੀਸ ਅੱਗੇ ਪੇਸ਼ ਹੋ ਜਾਈਏ ਤੇ ਸਾਰੀ ਰਾਮ ਕ੍ਹਾਣੀ ਦੱਸ ਦੇਈਏ–ਪੰਡੋਰੀ ਵਾਲੇ ਦਿਆਲ ਨੇ ਵੀ ਐਦਾਂ ਹੀ ਕੀਤਾ ਸੀ। ਪੁਲਿਸ ਆਪੇ ਅੰਬੈਂਸੀ ਕੋਲ ਪੁਚਾ ਦਊ ਤੇ ਫੇਰ ਵਾਪਸੀ," ਉਸ ਪ੍ਰੀਤੂ ਨੂੰ ਸਮਝਾਇਆ।

ਬਸ 'ਚ ਬੈਠੀਆਂ ਸਵਾਰੀਆਂ ਬਹਿਸ 'ਚ ਉਲਝੀਆਂ ਹੋਈਆਂ ਸਨ। ਕੁਝ ਸ਼ਾਹ ਪੱਖੀ ਸਨ ਤੇ ਕੁਝ ਖੁਮੈਨੀ ਪੱਖੀ। ਉਨ੍ਹਾਂ ਦੀ ਗੱਲਬਾਤ ਦਾ ਰੁੱਖ ਜ਼ਿਆਦਾ ਹੀ ਜਜ਼ਬਾਤੀ ਹੁੰਦਾ ਜਾ ਰਿਹਾ ਸੀ।

ਦੋ ਮੁੰਡੇ ਵਾਰ–ਵਾਰ ਹੱਥਾਂ 'ਚ ਫੜੀਆਂ ਅਖ਼ਬਾਰਾਂ ਨੂੰ ਬਸ ਦੀ ਛੱਤ 'ਚ ਮਾਰ ਰਹੇ ਸਨ।

"ਸਾਲਿਆਂ ਕੀ ਗਿੱਟ–ਮਿੱਟ ਲਾਈ ਆ," ਸੁਣਦਾ–ਸੁਣਦਾ ਉਹ ਖਿਝ ਗਿਆ ਸੀ।

"ਆਪਾਂ ਨੂੰ ਕੀ ਆ—ਆਪਣਾ ਰਾਂਝਾ ਰਾਜ਼ੀ ਕਰੀ ਜਾਣ," ਪ੍ਰੀਤੂ ਨੇ ਕਿਹਾ ਸੀ। ਫੇਰ ਉਹ ਤੂੰ–ਤੂੰ ਮੈਂ–ਮੈਂ ਤੋਂ ਛਿਤਰੋਂ ਪਤਾਣੀ ਹੋਣ ਲੱਗੇ ਸਨ।



ਬਸ ਰੁੱਕ ਗਈ।

ਉਹ ਤੇ ਪ੍ਰੀਤੂ ਇਕ ਪਾਸੇ ਨੂੰ ਹੋ ਕੇ ਖੜ ਗਏ।

"?????.." ਕਹਿੰਦੇ–ਕਹਿੰਦੇ ਮੁੰਡੇ ਉਤਰ ਗਏ ਸਨ।॥

"ਚੰਗਾ ਹੋਇਆ," ਉਸ ਸੁਖ ਦਾ ਸਾਹ ਲਿਆ। "ਜੱਗੀ ਗੱਲ ਸੁਣ। ਆਪਣੇ ਪਿੰਡ ਵੀ ਇਹੋ ਗੱਲਾਂ ਚਲਦੀਆਂ ਸਨ। ਮਾਸਟਰਾਂ ਦਾ ਮਲਕੀਤਾ ਤੇ ਵਿਹੜੇ ਵਾਲਾ ਡਾਕਟਰ–ਮਜਾਲ ਆ ਕਿ ਬਹਿਸ ਕਰਦੇ ਅੱਕ ਜਾਣ। ਭਾਵੇਂ ਖੜਿਆਂ–ਖੜਿਆਂ ਰਾਤ ਪੈ ਜਾਏ। ਦਿੱਲੀ ਆਏ ਤਾਂ ਉਥੇ ਰੋਜ਼ ਹੀ ਜਲੂਸ ਹੁੰਦੇ ਸੀ। ਹੁਣ ਇਥੇ ਆਏ ਤਾਂ ਵੀ ਉਹੋ ਕੜ੍ਹੀ ਘੁਲ ਰਹੀ। ਸਾਰੇ ਪਾਸੇ ਇਕੋ ਮਾਰ ਵਗੀ ਚਲੀ ਜਾਂਦੀ।"

"ਸਮੇਂ ਬਦਲ ਗਏ। ਲੋਕ ਹਰ ਗੱਲ 'ਤੇ ਵਿਚਾਰ ਕਰਦੇ।"

"ਵਿਚਾਰ ਵਿਚੂਰ ਕੀ ਕਰਦੇ, ਲੜਨ ਨੂੰ ਫਿਰਦੇ।"

"ਲੜਨਾ ਸੌਰਿਆਂ ਨੇ ਕੀ। ਗੱਦੀਆਂ ਕਿਸੇ ਲੈ ਜਾਣੀਆਂ ਤੇ ਇਨ੍ਹਾਂ ਦੇ ਪੱਲੇ ਛਿਕੂ ਪੈਣਾ।"

"ਗੱਲ ਤਾਂ ਲਗਨ ਦੀ ਹੁੰਦੀ।"

"ਕਾਅਦੀ ਆ ਇਹ ਲਗਨ। ਮੈਨੂੰ ਤਾਂ ਲੱਗਦਾ ਇਹ ਤਾਂ ਸੁਦਾ ਆ।"

"ਕੁਸ਼ ਵੀ ਹੋਵੇ–ਪਿਆਰ ਹੁੰਦਾ।"

"ਪ੍ਰੀਤੂ ਇਕ ਗੱਲ ਦੱਸੀ ਤਾਂ।

"ਕੀ?"

"ਤੈਨੂੰ ਆਪਣੇ ਮੁਲਖ ਨਾਲ ਕਿੰਨਾ ਕੁ ਪਿਆਰ?"

"ਬਹੁਤ ਹੀ ਜ਼ਿਆਦਾ। ਮੁਲਖ ਆ ਤਾਂ ਅਸੀ ਹਾਂ। ਸਾਡਾ ਘਰ ਆ। ਘਾਟ ਆ। ਪਰਿਵਾਰ ਆ।"

"ਦੇਸ਼ ਨੇ ਸਾਨੂੰ ਕੀ ਦਿੱਤਾ?"

"ਮੈਂ ਸਮਝਿਆ ਨ੍ਹੀਂ।"

"ਮੈਂ ਤੈਨੂੰ ਸਮਝਾਉਣਾ। ਪਹਿਲਾਂ ਮੈਨੂੰ ਵੀ ਬਹੁਤ ਪਿਆਰ ਸੀ। ਤੇਰੇ ਨਾਲੋਂ ਕਿਤੇ ਜ਼ਿਆਦਾ। ਪਰ ਕਾਬੁਲ ਪਹੁੰਚਦਿਆਂ ਹੀ ਇਸ ਪਿਆਰ ਵਿੱਚ ਤਰੇੜ ਪੈ ਗਈ। ਮੇਰੇ ਮਨ ਵਿਚ ਇਹ ਸਵਾਲ ਵਾਰ ਵਾਰ ਆਈ ਜਾਵੇ ਕਿ ਸਾਡਾ ਦੇਸ਼ ਸਾਨੂੰ ਚੰਗਾ ਰੁਜ਼ਗਾਰ ਨ੍ਹੀਂ ਦੇ ਸਕਦਾ। ਅਸੀਂ ਪੈਸੇ ਲਈ ਕਿਥੇ–ਕਿਥੇ ਭਟਕਦੇ ਫਿਰਦੇ ਆਂ। ਘਰੋਂ–ਬੇਘਰ। ਪਿਛਲਿਆਂ ਨਾਲ ਪਤਾ ਨ੍ਹੀਂ ਕੀ ਭਾਅ ਬੀਤਦੀ ਹੋਣੀ।"

"ਇਹ ਤਾਂ ਇਕ ਜੰਗ ਹੁੰਦੀ ਆ।"

"ਜੰਗ ਜਿਸ ਵਿਚ ਗਰੀਬ ਦੀ ਹਮੇਸ਼ਾ ਹਾਰ ਹੁੰਦੀ ਹੈ।"

"ਬਾਕੀ ਸਾਰੀ ਖੇਡ ਕਿਸਮਤ ਦੀ।"

"ਕੀ ਰੱਬ ਨੇ ਸਾਡੀ ਹੀ ਕਿਸਮਤ ਮਾੜੀ ਲਿਖਣੀ ਸੀ?"

"ਹੋਰ ਹੋ ਵੀ ਕੀ ਸਕਦਾ?"

"ਜਦੋਂ ਬੰਦੇ ਨੂੰ ਕੋਈ ਪਾਸਾ ਨ੍ਹੀਂ ਝਲਦਾ ਤਾਂ ਉਹ ਕਿਸਮਤ ਦਾ ਸਹਾਰਾ ਲੈਂਦਾ।



www.PunjabiLibrary.com

ਇਕ ਗੱਲ ਹੋਰ ਸੁਣ?"

"ਕਿਹੜੀ?"

"ਮੈਨੂੰ ਤਾਂ ਦੇਸ਼ ਉਦੋਂ ਚੰਗਾ ਲੱਗੂਗਾ ਜਦੋਂ ਸਾਡੇ ਲੋਕਾਂ ਨੂੰ ਬਾਹਰ ਜਾਣ ਦੀ ਲੋੜ ਮਹਿਸੂਸ ਨ੍ਹੀਂ ਹੋਵੇਗੀ।"

"ਗੱਲ ਤਾਂ ਤੇਰੀ ਸੋਲ੍ਹਾਂ ਆਨੇ ਸੱਚੀ।"

"ਪ੍ਰੀਤੂ ਮੈਨੂੰ ਤਾਂ ਕਦੀ-ਕਦੀ ਲੱਗਦਾ ਕਿ ਸਾਡੇ ਉਪਰ ਦੀ ਧੁੱਪ ਦਾ ਰੰਗ ਕਾਲਾ ਹੁੰਦਾ ਜਾ ਰਿਹਾ। ਕਿਤੇ ਇਹ ਕਾਲੀ ਧੁੱਪ ਸਾਡੀ ਹੋਂਦ ਨੂੰ ਹੀ ਖ਼ਤਮ ਨਾ ਕਰ ਦੇਵੇ।"

"ਮੈਨੂੰ ਤੇਰੀ ਇਹ ਫਿਲਾਸਫੀ ਸਮਝ ਨ੍ਹੀਂ ਆਉਂਦੀ। ਮੈਨੂੰ ਤਾਂ ਕੰਮ ਚਾਹੀਦਾ ਤੇ ਕੰਮ ਲਈ ਬਾਜਿਬ ਪੈਸੇ ਮਿਲਣ। ਸਾਨੂੰ ਆਪਣਾ ਘਰ-ਬਾਰ ਨਾ ਛੱਡਣਾ ਪਵੇ। ਸਾਡੀਆਂ ਘਰਵਾਲੀਆਂ ਤੇ ਬੱਚੇ ਸਾਡੇ ਤੋਂ ਦੂਰ ਨਾ ਰਹਿਣ। ਆਪਾਂ ਨੂੰ ਤਾਂ ਐਦਾਂ ਦਾ ਕੁਸ਼ ਚਾਹੀਦਾ। ਆਹ ਤਾਂ ਕੋਈ ਸ਼ਹਿਰ ਆ ਗਿਆ ਲੱਗਦਾ?"

"ਹੂੰ.. ਹੂੰ। ਮੇਰੇ ਖਿਆਲ ਇਹ ਸ਼ਹਿਰ ਤਹਿਰਾਨ ਹੋਣਾ।"

"ਲੱਗਦਾ ਤਾਂ ਐਦਾਂ ਹੀ ਆ।"

"ਚਲੋ-ਪਤਾ ਲੱਗ ਜਾਊ। ਨ੍ਹੀਂ ਤਾਂ ਕਿਸੇ ਕੋਲੋਂ ਪੁੱਛ ਲਵਾਂਗੇ।"

ਇਕ ਚੌਕ 'ਚ ਚਾਰ ਸਵਾਰੀਆਂ ਉਤਰੀਆਂ ਤਾਂ ਉਹ ਵੀ ਦੇਖੋ ਦੇਖੀ ਉਤਰ ਗਏ।

"ਹੁਣ ਕਿਧਰ ਨੂੰ ਚਲੀਏ?" ਪ੍ਰੀਤੂ ਨੇ ਉਸ ਦੀ ਸਲਾਹ ਪੁੱਛੀ।

ਉਸ ਦੂਰ ਤੱਕ ਦੇਖਿਆ ਸੀ। ਕਾਰਾਂ ਦੌੜ ਰਹੀਆਂ ਸਨ। ਲੋਕ ਦੌੜ ਰਹੇ ਸਨ। ਉਹ ਖੜ੍ਹਾ ਸੋਚ ਰਿਹਾ ਸੀ ਕਿ ਕਿਧਰ ਨੂੰ ਚੱਲਿਆ ਜਾਵੇ। ਅੱਗੇ ਚੌਰਸਤਾ ਸੀ।

"ਤੂੰ ਹੀ ਦੱਸ," ਉਸ ਪ੍ਰੀਤੂ ਨੂੰ ਕਿਹਾ।

"ਮੈਨੂੰ ਤਾਂ ਕੋਈ ਥੌਹ ਪਤਾ ਨ੍ਹੀਂ ਲੱਗਦਾ।"

"ਕਿਸੇ ਨੂੰ ਪੁੱਛ ਹੀ ਲੈ। ਸ਼ਾਇਦ ਕੰਮ ਹੀ ਬਣ ਜਾਵੇ," ਉਸ ਤੁਰੇ ਜਾਂਦੇ ਇੱਕ ਆਦਮੀ ਦੀ ਬਾਂਹ ਫੜੀ। ਆਦਮੀ ਨੇ ਉਸ ਦਿਆਂ ਹਿਲਦਿਆਂ ਬੁੱਲ੍ਹਾਂ ਵੱਲ ਦੇਖਿਆ ਤੇ ਅਗਲੇ ਪਲ ਹੱਥ ਮਾਰ ਕੇ ਅਗਾਂਹ ਚਲੇ ਗਿਆ। ਜਿਵੇਂ ਕਹਿ ਗਿਆ ਹੋਵੇ "ਮੇਰੇ ਪੱਲੇ ਕੁਸ਼ ਨਹੀਂ ਪਿਆ" ਤੇ ਐਦਾਂ ਹੀ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਿਆ ਸੀ।

"ਚਲ ਆ-ਮੇਰੇ ਮਗਰ-ਮਗਰ," ਕਹਿ ਉਹ ਇਕ ਪਾਸੇ ਨੂੰ ਤੁਰ ਪਿਆ।

ਇਕ-ਕਈ ਇਕ ਕਰਕੇ ਕਈ ਮੋੜ ਮੁੜਦਿਆਂ ਹੀ, ਉਸ ਦੀਆਂ ਲੱਤਾਂ ਕੰਬਣ ਲੱਗੀਆਂ ਸਨ। ਆਸਮਾਨ ਘੁੰਮਦਾ ਲੱਗਿਆ ਤੇ ਪੈਰਾਂ ਹੇਠੋਂ ਮਿੱਟੀ ਨਿਕਲਦੀ ਜਾਣ ਲੱਗੀ। ਉਹ ਘੁੰਮੇਟਣੀ ਖਾ ਕੇ ਡਿੱਗ ਪਿਆ। ਲੱਤਾਂ 'ਤੇ ਹੋਏ ਨਿੱਕੇ-ਨਿੱਕੇ ਜ਼ਖ਼ਮ ਰਿਸਨ ਲੱਗੇ ਸਨ। ਜ਼ਖ਼ਮਾਂ 'ਚੋਂ ਪੀਕ ਬਾਹਰ ਵੱਗਣ ਲੱਗ ਪਈ ਸੀ।

ਪ੍ਰੀਤੂ ਨੇ ਉਸ ਨੂੰ ਸਮਝਾਉਂਦਿਆਂ ਕਿਹਾ, "ਜੱਗੀ ਉਠ। ਤੂੰ ਇਥੇ ਪਿਆ ਚੰਗਾ ਨ੍ਹੀਂ ਲੱਗਦਾ। ਕੋਈ ਹੋਰ ਨਵਾਂ ਪੰਗਾ ਖੜ੍ਹਾ ਹੋ ਜਾਊਗਾ। ਹੌਂਸਲਾ ਰੱਖੀਦਾ। ਮੈਂ ਵੀ ਤੇਰੇ ਨਾਲ ਹੀ ਆਂ।" ਅਗੋਂ ਉਹ ਤਾਂ ਬੇਸੁਰਤ ਹੋ ਗਿਆ ਸੀ। ਉਸ ਦਾ ਮੱਥਾ ਅੱਗ ਛੱਡਦਾ ਸੀ।



ਪ੍ਰੀਤੂ ਨੇ ਉਸ ਦੀ ਬਾਂਹ 'ਤੇ ਢਿੱਡ ਛੂਹਿਆ। ਉਹ ਕੁਝ ਚਿਰ ਉਸ ਵੱਲ ਸਿੱਧਾ ਹੀ ਦੇਖਦਾ ਰਿਹਾ। ਉਸ ਨੂੰ ਕੁਝ ਵੀ ਸੁੱਝ ਨਹੀਂ ਰਿਹਾ ਸੀ। ਉਹ ਕਦੀ ਉਸ ਦਾ ਸਿਰ ਘੁਟਣ ਲੱਗ ਜਾਂਦਾ ਤੇ ਕਦੀ ਸੁੱਕੀਆਂ ਤਲੀਆਂ ਝੱਸਣ ਲੱਗ ਜਾਂਦਾ।

ਲੋਕ ਉਨ੍ਹਾਂ ਵੱਲ ਦੇਖਦੇ ਤੇ ਅਗਾਂਹ ਤੁਰ ਜਾਂਦੇ।

ਪ੍ਰੀਤੂ ਨੇ ਕੱਛਾਂ ਹੇਠੋਂ ਦੀ ਹੱਥ ਪਾ ਕੇ ਉਸ ਨੂੰ ਚੁੱਕਿਆ ਤੇ ਕੰਧ ਦੀ ਛਾਵੇਂ ਕਰ ਦਿੱਤਾ। ਉਸ ਜੱਗੀ ਦੇ ਬੂਟ ਲਾਹੇ, ਸਿਰ ਥੱਲੇ ਰੱਖੇ ਤੇ ਆਪ ਕੁਝ ਬੰਦੋਬਸਤ ਕਰਨ ਲਈ ਤੁਰ ਪਿਆ।

****

"ਹਾਏ ਮਾਂ। ਮੈਂ ਮਰ ਗਿਆ," ਕਹਿ ਜੱਗੀ ਨੇ ਪਾਸਾ ਪਰਤਣਾ ਚਾਹਿਆ ਪਰ ਲੱਕ ਟੁੱਟੇ ਕੁੱਤੇ ਵਾਂਗ ਹਿੱਲ ਨਾ ਸਕਿਆ। ਸਾਰੇ ਸਰੀਰ 'ਤੇ ਬੇਤਹਾਸ਼ਾ ਖਾਜ ਆ ਰਹੀ ਸੀ। ਜਿਵੇਂ ਕੀੜੀਆਂ ਲੜ ਰਹੀਆਂ ਹੋਣ। ਉਸ ਅੱਖਾਂ ਖੋਲ੍ਹੀਆਂ, "ਪ੍ਰੀਤੂ ਉਏ ਪ੍ਰੀਤੂ, ਪਾਣੀ ਤਾਂ ਪਿਲਾ ਘੁੱਟ।" ਕਿੰਨਾ ਚਿਰ ਉਹ ਹਾਕਾਂ ਮਾਰਦਾ ਰਿਹਾ। ਪ੍ਰੀਤੂ ਤਾਂ ਰਾਹ ਭੁੱਲ ਗਿਆ ਸੀ। ਉਸ ਅੱਖਾਂ ਬੰਦ ਕੀਤੀਆਂ। ਫੇਰ ਖੋਲ੍ਹੀਆਂ ਜਿਵੇਂ ਉਸ ਨੂੰ ਕੁਝ ਦਿੱਸ ਰਿਹਾ ਸੀ- ਮੱਝ ਖੋਲ੍ਹੀ ਜਾ ਰਿਹਾ ਦਿੱਤਾ ਮੱਲ-ਭੈਣ ਨਾਲ ਹੁੰਦੀ ਕੁੱਤੇ ਖਾਣੀ-ਘਰ 'ਚ ਖਾਲੀ ਖੜਕਦੇ ਭਾਂਡੇ-ਸੁੱਖਾਂ ਸੁੱਖਦੀ ਮਾਂ-ਚਰਖਾ ਕਤਦੀ ਛਿੰਨੀ-ਵਿਲਕਦੇ ਨਿੱਕੂ-ਪਿਆਰਾ ਤੇ ਕਾਕੂ ਤੇ ਜਵਾਨ ਹੋਈ ਵੀਣਾ। ਵੀਣਾ ਦਾ ਖਿਆਲ ਉਸ 'ਤੇ ਜ਼ਿਆਦਾ ਹੀ ਭਾਰੂ ਹੋਣ ਲੱਗਾ। ਦੋ ਕੁ ਸਾਲਾਂ ਤਾਈਂ ਉਹ ਵਿਆਹੁਣ ਜੋਗੀ ਹੋ ਜਾਣੀ ਤੇ ਵਿਆਹ ਲਈ ਉਸ ਨੂੰ ਪੈਸਿਆਂ ਦੀ ਲੋੜ ਪੈਣੀ ਹੈ।

ਕਚੀਚੀ ਵੱਟ ਕੇ ਉਹ ਉਠ ਬੈਠਿਆ।



www.PunjabiLibrary.com

## ਕਿਹੜਾ ਕੋਈ ਪਹਾੜ ਡਿੱਗਾ

ਗੱਲ ਵਾਕਿਆ ਹੀ ਅਚੰਭੇ ਵਾਲੀ ਸੀ।

ਹਰੀਸ਼ ਕੁਮਾਰ ਤੇ ਉਸ ਦੀ ਸੀਟ ਦੀ ਬਦਲੀ ?

ਉਹ ਵੀ ਪਿਆਰਾ ਸਿੰਘ ਅਕਾਉਂਟ ਅਫਸਰ ਦੇ ਰਾਜ 'ਚ, ਜਿਸ ਦੇ ਪੁੱਛਿਆਂ ਬਿਨਾਂ ਤਾਂ ਹਵਾ ਵੀ ਦਫਤਰ 'ਚ ਵੜਣ ਦੀ ਹਿੰਮਤ ਨਹੀਂ ਕਰ ਸਕਦੀ ਸੀ। ਫਾਈਲ ਕਿਹੜੀ ਮਾਂ ਨੂੰ ਜੰਮੀ ਸੀ ਕਿ ਇਕ ਇੰਚ ਵੀ ਇਧਰ-ਉਧਰ ਖਿਸਕ ਜਾਵੇ।

ਗੱਲ ਪਿਛਲੇ ਹਫਤੇ ਸਮੁੰਦਰ ਦੀ ਤਹਿ 'ਚ ਉਠੀ ਹਲਚਲ ਵਾਂਗੂ ਸ਼ੁਰੂ ਹੋਈ ਸੀ ਪਰ ਕਿਸੇ ਨੇ ਵੀ ਉਸ 'ਤੇ ਰਤੀ ਭਰ ਵਿਸ਼ਵਾਸ ਨਹੀਂ ਕੀਤਾ ਸੀ। ਜਿਵੇਂ ਐਦਾਂ ਦੀਆਂ ਗੱਲਾਂ ਵਿਸ਼ਵਾਸ ਕਰਨ ਯੋਗ ਨਹੀਂ ਹੁੰਦੀਆਂ। ਐਵੇਂ ਅਫਵਾਹ ਮਾਤਰ ਹੁੰਦੀਆਂ ਹਨ। ਅਫਵਾਹਾਂ ਫੇਰ ਅਫਵਾਹਾਂ ਹੀ ਹੁੰਦੀਆਂ ਹੈ ਨਾ!

ਪਹਿਲਾਂ ਅਮਲਾ ਸ਼ਾਖਾ 'ਚ ਹੋਈ ਘੁਸਰ-ਮੁਸਰ ਨੇ ਸ਼ੱਕ ਦਾ ਜਾਮਾ ਪਹਿਨਿਆਂ ਤੇ ਫੇਰ ਜਿਵੇਂ ਆਮ ਦਫਤਰਾਂ 'ਚ ਹੁੰਦਾ ਹੈ, ਇਸ ਦਫਤਰ 'ਚ ਵੀ ਇੰਨ-ਬਿੰਨ ਉਵੇਂ ਹੋਇਆ ਸੀ।

ਹੁਣ ਲੰਚ ਵੇਲਾ ਸੀ। ਕ੍ਰਿਸ਼ਨ ਲਾਲ ਨੇ ਅਗਾ-ਪਿਛਾ ਦੇਖ ਸਵਰਨ ਸਿੰਘ ਨੂੰ ਪੁੱਛਣ ਦੀ ਅਦਾ 'ਚ ਤੇ ਸ਼ੱਕ ਨੂੰ ਯਕੀਨ 'ਚ ਬਦਲਣ ਦੀ ਤੀਬਰਤਾ ਨਾਲ, "ਪਤਾ ਲੱਗਾ ਕੁਸ਼ ? ਹਰੀਸ਼ ਕੁਮਾਰ ਦਾ ਪੱਤਾ ਗੋਲ ਹੋ ਚਲਿਆ", ਪੁੱਛਿਆ।

"ਨ੍ਹੀਂ-ਕਾਕਾ-ਐਦਾਂ ਨ੍ਹੀਂ ਹੋ ਸਕਦਾ। ਮੇਰੇ ਵਾਲ ਧੁੱਪ ਵਿਚ ਨ੍ਹੀਂ, ਇਸ ਦਫਤਰ ਦੀਆਂ ਫਾਇਲਾਂ ਵਿਚ ਬੱਗੇ ਹੋਏ ਨੇ। ਕਈ ਆਫੀਸਰ ਆਏ, ਕਈ ਗਏ। ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਨੂੰ ਕਿਸੇ ਨੇ ਹੱਥ ਨ੍ਹੀਂ ਪਾਇਆ," ਸਵਰਨ ਸਿੰਘ ਨੇ ਇਕ ਸੀਨੀਅਰ ਵਜੋਂ ਉਸ ਨੂੰ ਸਮਝਾਇਆ।

"ਦੇਖ ਲਿਉ-ਐਤਕੀਂ ਤੁਹਾਨੂੰ ਸੱਚ ਮੰਨਣਾ ਪਊ।"

ਉਸ ਸਮੇਂ ਮਦਨ ਲਾਲ ਡਿਸਪੈਚਰ ਦੀ ਸੀਟ ਤੋਂ ਕੋਈ ਚਿੱਠੀ ਲੱਭਣ ਆ ਗਿਆ ਸੀ ਤੇ ਉਸ ਹੁੱਬ ਕੇ ਦੱਸਿਆ ਸੀ ਕਿ ਇਹ ਗੱਲ ਸੋਲ੍ਹਾਂ ਆਨੇ ਸੱਚੀ ਹੈ। ਨੋਟਿੰਗ 'ਤੇ ਹਾਂ ਹੋ ਗਈ ਹੈ। ਸ਼ਾਮ ਤਾਈਂ ਆਰਡਰ ਜਾਰੀ ਹੋਇਆ ਲਓ।



"ਤੈਨੂੰ ਕਿਥੋਂ ਪਤਾ ਲੱਗਾ ?" ਸਵਰਨ ਸਿੰਘ ਨੇ ਹੱਥ 'ਚ ਫੜੀ ਬੁਰਕੀ ਡੱਬੇ 'ਚ ਮੁੜ ਰੱਖਦਿਆਂ ਹੈਰਾਨਗੀ ਨਾਲ ਪੁੱਛਿਆ ਕਿਉਂ ਜੁ ਕਿਸੇ ਵੀ ਨਵੇਂ ਆਰਡਰ ਹੋਣ ਦੀ ਪੂਰਵ-ਸੂਚਨਾ ਅਮਲਾ ਸ਼ਾਖ਼ਾ ਕੋਲ ਹੁੰਦੀ ਹੈ। ਫੇਰ ਇਹ ਗੱਲ ਕਿਵੇਂ ਰਹੱਸ ਬਣੀ!

"ਲੈ ਪਤਾ ਲੱਗਣ ਨੂੰ ਇਹ ਕਿਹੜਾ ਖਜੂਰ ਦਾ ਫਲ ਜਿਹਨੂੰ ਹੱਥ ਪਾਇਆ ਨ੍ਹੀਂ ਤੋੜਿਆ ਜਾ ਸਕਦਾ। ਨੰਦੂ ਸਾਹਿਬ ਨੂੰ ਚਾਹ ਸਰਵ ਕਰ ਰਿਹਾ ਸੀ ਤੇ ਉਦੋਂ ਅੰਦਰ ਗੱਲ ਚਲੀ ਸੀ। ਤੈਨੂੰ ਪਤਾ-ਸਾਹਿਬ ਦਾ ਪੀਅਨ ਤਾਂ ਸਾਰੇ ਦਫ਼ਤਰ ਦੀ ਦਾਈ ਹੁੰਦਾ।"

ਹੁਣ ਕਹਾਣੀ ਹਰੀਸ਼ ਕੁਮਾਰ ਦੀ ਸੁਣ ਲਓ।

ਦੁਪਹਿਰ ਦਾ ਵੇਲਾ ਸੀ। ਲੰਚ ਟਾਈਮ ਹੋਣ ਵਾਲਾ ਸੀ। ਇਕਹਿਰੇ ਜਿਸਮ ਵਾਲੇ ਮੁੰਡੇ ਨੇ ਸੁਪਰਡੈਂਟ ਨੂੰ ਨਮਸਕਾਰ ਕੀਤਾ ਸੀ। ਉਨ੍ਹਾਂ ਨੂੰ ਤਾਂ ਉਹ ਕਿਸੇ ਸਕੂਲ ਦਾ ਵਿਦਿਆਰਥੀ ਲੱਗਿਆ ਸੀ। ਅਜੇ ਤਕ ਮੂੰਹ ਦੇ ਵਾਲ ਤਾਂ ਕੀ ਕੱਕੀ-ਕੱਕੀ ਲੂਈਂ ਵੀ ਚੰਗੀ ਤਰ੍ਹਾਂ ਨਹੀਂ ਫੁੱਟੀ ਸੀ। ਦੇਖਣ-ਚਾਖਣ ਤੋਂ ਹੀ ਉਸ ਬਾਰੇ ਜਾਣਿਆ ਜਾ ਸਕਦਾ ਸੀ। ਫਿਕੇ ਹਰੇ ਰੰਗ ਦੀ ਅੱਧਘਸੀ ਪਰ ਸਾਫ ਕਮੀਜ਼, ਨਾਲ ਮਿਲਦੀ-ਜੁਲਦੀ ਪੈਂਟ ਤੇ ਪੈਰਾਂ 'ਚ ਕੈਂਚੀ ਦੀਆਂ ਚੱਪਲਾਂ। ਸੁਪਰਡੈਂਟ ਨੇ ਉਸ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਸੀ। ਜਿਵੇਂ ਉਨ੍ਹਾਂ ਸਮਝ ਲਿਆ ਹੋਵੇ ਕਿ ਇਹ ਆਪਣੇ ਡੈਡੀ ਦੀ ਛੁੱਟੀ ਦੀ ਅਰਜ਼ੀ ਜਾਂ ਕਿਸੇ ਹੋਰ ਦਾ ਸੁਨੇਹਾ ਲੈ ਕੇ ਆਇਆ ਹੋਵੇਗਾ।

"ਹਾਂ-ਕਾਕਾ ਕਿਵੇਂ ਆਇਆਂ ?" ਕੁਝ ਚਿਰ ਪਿੱਛੋਂ ਉਨ੍ਹਾਂ ਫਾਇਲਾਂ 'ਚੋਂ ਐਦਾਂ ਸਿਰ ਉਤਾਂਹ ਚੁੱਕਿਆ ਸੀ ਜਿਵੇਂ ਕਛੂਕੁੰਮਾ ਆਪਣੀ ਖੋਪੜੀ 'ਚੋਂ ਧੌਣ ਬਾਹਰ ਕੱਢਦਾ ਹੈ।

"ਮੇਰਾ ਜੋਆਨਿੰਗ ਲੈਟਰ..", ਲਿਫਾਫੇ 'ਚੋਂ ਪੱਤਰ ਕੱਢ ਕੇ ਉਸ ਉਨ੍ਹਾਂ ਅਗੇ ਪਏ ਸ਼ੀਸ਼ੇ 'ਤੇ ਰੱਖ ਦਿੱਤਾ ਸੀ।

ਉਨ੍ਹਾਂ ਉਸ ਵੱਲ ਨਵੇਂ ਸਿਰਿਉਂ ਦੇਖਿਆ ਸੀ ਤੇ ਦੇਖਦੇ ਰਹਿ ਗਏ ਸਨ। ਮਨ 'ਚ ਇਕ ਖਿਆਲ ਆਇਆ ਸੀ ਕਿ ਇਸ ਨੂੰ ਤਾਂ ਇਸ ਉਮਰੇ ਕਾਲਜ 'ਚ ਹੋਣਾ ਚਾਹੀਦਾ ਸੀ ਤੇ ਸੰਗੀ-ਸਾਥੀਆਂ ਸੰਗ ਰੌਣਕ ਮੇਲਾ ਕਰਨਾ ਚਾਹੀਦਾ ਸੀ। ਜ਼ਰੂਰ ਇਸ ਦੀ ਕੋਈ ਮਜਬੂਰੀ ਹੋਵੇਗੀ। ਫੇਰ ਉਨ੍ਹਾਂ ਪੱਤਰ ਫੜ ਲਿਆ, ਪੜ੍ਹਦੇ ਗਏ ਤੇ ਉਸ ਨੂੰ ਕਿਹਾ, "ਹਰੀਸ਼ ਜੀ-ਬੈਠ ਜਾਓ। ਕੁਰਸੀ ਮੇਰੇ ਕੋਲ ਖਿਚ ਲਉ।" ਝਕਦਿਆਂ-ਝਕਦਿਆਂ ਉਹ ਕੁਰਸੀ 'ਤੇ ਬੈਠਾ ਸੀ। ਉਸੇ ਵੇਲੇ ਉਸ ਨੂੰ ਮਹਿਸੂਸ ਹੋਇਆ ਸੀ ਕਿ ਸਾਰੇ ਕਰਮਚਾਰੀਆਂ ਨੇ ਆਪਣੇ ਕੰਨ ਸ਼ਿਕਾਰੀ ਕੁੱਤੇ ਵਾਂਗ ਖੜੇ ਕਰ ਲਏ ਸਨ ਤੇ ਫਾਇਲਾਂ ਦੀ ਕੈਦ 'ਚੋਂ ਦੋ ਪਲਾਂ ਲਈ ਮੁਕਤ ਹੋ ਕੇ ਸੁਪਰਡੈਂਟ ਸਾਹਿਬ ਵੱਲ ਝਾਕਣ ਲੱਗੇ ਸਨ।

ਉਨ੍ਹਾਂ ਪੱਤਰ ਪੇਪਰ-ਵੇਟ ਥਲੇ ਪਈ ਕਾਗਜ਼ਾਂ ਦੀ ਢੇਰੀ ਉਪਰ ਰੱਖ ਦਿੱਤਾ ਤੇ ਪੁੱਛਿਆ, "ਚਾਹ ਮੰਗਵਾਵਾਂ ?"

"ਨ੍ਹੀਂ ਜੀ ! ਕੋਈ ਲੋੜ ਨ੍ਹੀਂ।"

"ਪਾਣੀ ਤਾਂ ਚਲੂ ?"

"ਹਾਂ-ਪਾਣੀ ਪੀਤਾ ਜਾ ਸਕਦਾ।"

ਉਸ ਦਾ ਮਨ ਪਹਿਲਾਂ ਨਾਲੋਂ ਜ਼ਿਆਦਾ ਸਥਿਰ ਹੋ ਗਿਆ ਸੀ। ਘਰੋਂ ਤੁਰਣ ਤੋਂ



www.PunjabiLibrary.com

ਲੈ ਕੇ ਇਸ ਬਿਲਡਿੰਗ ਦੀਆਂ ਪੌੜੀਆਂ ਚੜ੍ਹਣ ਤਕ ਉਹ ਪ੍ਰਸ਼ਨਾਂ ਦੇ ਘੇਰੇ 'ਚ ਨੂੜਿਆ ਰਿਹਾ ਸੀ। ਇਕ ਛਿੰਨ ਲਈ ਵੀ ਇਸ ਤੋਂ ਮੁਕਤ ਨਹੀਂ ਹੋ ਸਕਿਆ ਸੀ। ਵਾਰ-ਵਾਰ ਇਹੋ ਵਿਚਾਰ ਭਾਰੂ ਹੁੰਦਾ ਰਿਹਾ ਸੀ ਕਿ ਪਤਾ ਨਹੀਂ ਕਿਵੇਂ ਹੋਊਗਾ। ਉਸ ਸੁਣ ਰੱਖਿਆ ਸੀ ਕਿ ਬਾਬੂ ਲੋਕ ਤਾਂ ਸਿੱਧੇ ਮੱਥੇ ਕਿਸੇ ਓਪਰੇ ਆਦਮੀ ਨਾਲ ਗੱਲ ਨਹੀਂ ਕਰਦੇ। ਉਹ ਤਾਂ ਹੁਣ ਓਪਰਾ ਆਦਮੀ ਨਹੀਂ ਰਿਹਾ ਸੀ। ਇਸ ਦਫ਼ਤਰ ਦਾ ਇਕ ਅੰਗ ਹੈ। ਘਰ 'ਚ ਸਾਰੇ ਛੋਟੇ ਸਨ। ਅਨਪੜ੍ਹ ਮਾਂ ਸੀ ਜਿਸ ਨੂੰ ਨਾਲ ਲੈ ਕੇ ਜਾਣ ਦੀ ਕੋਈ ਤੁਕ ਨਹੀਂ ਬਣਦੀ ਸੀ। ਜੇ ਕੋਈ ਅੰਗ-ਸੰਗ ਸੀ ਤਾਂ ਉਹ ਸੀ ਮਾਸਟਰ ਤਾਰਾ ਸਿੰਘ ਦਾ ਵਿਸ਼ਵਾਸ।.. "ਘਬਰਾਉਣ ਦੀ ਕੋਈ ਲੋੜ ਨ੍ਹੀਂ। ਸਭ ਕੁਸ਼ ਚੰਗਾ ਹੋਊ। ਲੋਕੀਂ ਤਾਂ ਨੌਕਰੀਆਂ ਲਈ ਤਰਸਦੇ ਫਿਰਦੇ ਨੇ। ਪਤਾ ਨਹੀਂ ਕਿੰਨੇ ਲੋਕ ਪੈਸਿਆਂ ਦੇ ਬੈਗ ਚੁੱਕੀ ਫਿਰਦੇ। ਇਹ ਤਾਂ ਤੇਰੀ ਮੈਰਿਟ ਦਾ ਨਤੀਜਾ.. ਜਾਣ ਨੂੰ ਤਾਂ ਮੈਂ ਨਾਲ ਚਲੇ ਜਾਵਾਂ ਪਰ ਫੇਰ ਵੀ ਤੈਨੂੰ ਇਕੱਲਿਆਂ ਜਾਣਾ ਪੈਣਾ। ਅੱਜ ਤੋਂ ਹੀ ਸਮਝ ਲੈ ਕਿ ਕੰਮ ਤੇ ਜਾ ਰਿਹਾ।"

ਮੈਡੀਕਲ ਕਰਾਉਣ ਤੋਂ ਬਾਅਦ ਹਰੀਸ਼ ਕੁਮਾਰ ਨੇ ਦਫਤਰ ਜੋਆਇਨ ਕਰ ਲਿਆ ਸੀ। ਉਸ ਨੂੰ ਬਿੱਲਾਂ ਨਾਲ ਸੰਬੰਧਤ ਸੀਟ ਮਿਲ ਗਈ ਸੀ। ਵੱਖ-ਵੱਖ ਫਰਮਾਂ ਦੇ ਬਿੱਲ ਆਉਂਦੇ ਸਨ। ਡੇਟ ਬਾਊਂਡ ਕੰਮ ਸੀ। ਪਿਆਰਾ ਸਿੰਘ ਅਕਾਊਂਟ ਅਫਸਰ ਨੇ ਉਸ ਨੂੰ ਆਪਣੇ ਸਾਹਮਣੇ ਬੈਠਾ ਕੇ ਸਮਝਾਇਆ ਸੀ, "ਬੇਟਾ , ਮੈਨੂੰ ਤੇਰੇ ਤੇ ਵਿਸ਼ਵਾਸ ਆ। ਖਿਆਲ ਰੱਖੀਂ..।" ਉਨ੍ਹਾਂ ਦੀ ਆਵਾਜ਼ 'ਚ ਨਸੀਹਤ ਸੀ ਤੇ ਆਉਣ ਵਾਲੇ ਸਮੇਂ ਲਈ ਤਾੜਨਾ ਵੀ। ਇਸ ਸਭ ਕੁਝ ਨੂੰ ਭਲਾ ਹਰੀਸ਼ ਕੁਮਾਰ ਕਿਵੇਂ ਸਮਝ ਸਕਦਾ ਸੀ। ਉਹ ਵੀ ਸਿਰਫ ਇਕ ਦਿਨ 'ਚ। ਉਸ ਕੋਲ ਕਿਤਾਬੀ ਗਿਆਨ ਜ਼ਰੂਰ ਸੀ। ਚੰਗੇ ਮੰਦੇ ਦੇ ਫਰਕ ਦੀ ਸੋਝੀ ਐਡੀ ਛੇਤੀ ਥੋੜ੍ਹੇ ਆ ਜਾਂਦੀ ਹੈ। ਉਸ ਕੋਲੋਂ ਤਾਂ ਇੰਨਾ ਕੁ ਹੀ ਕਿਹਾ ਗਿਆ ਸੀ,"ਠੀਕ ਆ-ਸਰ।"

ਉਸ ਦੇ ਸਾਹਮਣੇ ਸਰਕਾਰੀ ਮੇਜ਼-ਕੁਰਸੀ ਸੀ। ਫਾਈਲਾਂ ਦੀ ਢੇਰੀ ਸੀ। ਉਹ ਇਨ੍ਹਾਂ ਬਾਰੇ ਇੱਲ ਦਾ ਨਾਂ ਕੁਕੜ ਨਹੀਂ ਜਾਣਦਾ ਸੀ।

ਅਸਹਿਜ ਹੋਇਆ ਉਹ ਕੁਝ ਚਿਰ ਖੜਾ ਰਿਹਾ ਸੀ।

ਕਮਰੇ 'ਚ ਉਸ ਬਿਨਾਂ ਚਾਰ ਜਣੇ ਹੋਰ ਸਨ।

ਦੇਵ ਚੰਦ ਨੇ ਫਾਇਲਾਂ ਦਾ ਚਾਰਜ ਉਸੇ ਅੱਗੇ ਲਿਆ ਰੱਖਿਆ ਸੀ।

ਸੈਕਸ਼ਨ ਅਫਸਰ ਦੇ ਕਹਿਣ 'ਤੇ ਉਸ ਇਕੱਲੀ-ਇਕੱਲੀ ਫਾਈਲ ਦੇ ਪੰਨੇ ਗਿਣ ਕੇ ਚਾਰਜ ਲੈਣਾ ਸ਼ੁਰੂ ਕਰ ਦਿੱਤਾ ਸੀ।

ਬਾਰਾਂ ਕੁ ਵਜੇ ਖ਼ਰੀਦ ਸ਼ਾਖਾ ਵੱਲੋਂ ਬਿੱਲ ਆ ਗਏ ਸਨ।

ਉਸ ਦੇਵ ਚੰਦ ਵੱਲ ਦੇਖਿਆ ਸੀ। ਜਿਵੇਂ ਕਹਿ ਰਿਹਾ ਹੋਵੇ-'ਬੜੇ ਭਾਈ-ਤੂੰ ਛੁੱਟੀ ਚਲਿਆ। ਮੈਨੂੰ ਕੰਮ ਤਾਂ ਸਿਖਾ ਜਾ। ਇਕ ਵਾਰ ਸਮਝਾ ਦੇ। ਫੇਰ ਮੈਂ ਜਾਣਾ ਜਾਂ ਉਪਰ ਵਾਲਾ। ਉਪਰ ਵਾਲਾ ਕਿਉਂ। ਪਹਿਲਾਂ ਉਹ ਆਪ ਜਾਣੇਗਾ ਤਾਂ ਹੀ ਉਪਰ ਵਾਲਾ ਵੀ ਸਹਾਈ ਹੋ ਸਕਦਾ।'

ਦੇਵ ਉਸ ਦੀ ਭਾਵਨਾ ਸਮਝ ਗਿਆ ਸੀ। ਸੈਕਸ਼ਨ ਅਫਸਰ ਕੋਲ ਪਈ ਖ਼ਾਲੀ



ਕੁਰਸੀ ਖਿਚ ਕੇ ਉਸ ਦੇ ਬਰਾਬਰ ਆ ਬੈਠਿਆ ਸੀ। ਬਿੱਲਾਂ ਦੇ ਪਿਛਲੇ ਪਾਸੇ ਉਸ ਪੇਮੈਂਟ ਆਰਡਰ ਲਾਏ ਸਨ। ਬਿੱਲ ਕਿਵੇਂ ਚੈਕ ਕਰਨੇ ਹੁੰਦੇ ਹਨ? ਕੀ-ਕੀ ਦੇਖਣ ਵਾਲਾ ਹੁੰਦਾ ਹੈ? ਅਕਾਊਂਟੈਂਟ ਦੀ ਕੀ ਜ਼ੁੰਮੇਵਾਰੀ ਹੁੰਦੀ ਹੈ? ਸੈਕਸ਼ਨ ਅਫਸਰ ਨੂੰ ਕਿਵੇਂ ਸੰਤੁਸ਼ਟ ਕਰਨਾ ਹੈ?.. ਸਮਝਾਉਂਦਾ ਗਿਆ ਸੀ।

ਜਿਵੇਂ ਕਿ ਆਮ ਦਫਤਰਾਂ 'ਚ ਹੁੰਦਾ ਹੈ, ਉਸ ਨਾਲ ਵੀ ਹੋਇਆ ਸੀ। ਇਕ ਹਫਤਾ ਅਚੋਤਾਈ 'ਚ ਲੰਘਿਆ ਸੀ। ਫੇਰ ਉਹ ਸਹਿਜ ਹੁੰਦਾ ਚਲਿਆ ਗਿਆ ਸੀ।

ਉਹ ਜਿਸ ਕਮਰੇ 'ਚ ਵੀ ਜਾਂਦਾ, ਉਸ ਨੂੰ ਲੱਗਦਾ -ਜਿਵੇਂ ਕੁਝ ਖਾਸ ਨਜ਼ਰਾਂ ਉਸ ਦਾ ਪਿਛਾ ਕਰ ਰਹੀਆਂ ਹੋਣ।

ਘੁਸਰ-ਮੁਸਰ ਹੁੰਦੀ।

—ਸੀਟ ਤਾਂ ਬਹੁਤ ਔਖੀ ਹੈ।

—ਚੜ੍ਹਦੀ ਉਮਰ ਦਾ ਕਾਕਾ।

—ਛੇਤੀ ਸਸਪੈਂਡ ਹੋਇਆ ਲਉ।

—ਇਸ ਸੀਟ 'ਤੇ ਤਾਂ ਦੇਵ ਵਰਗਾ ਕੋਈ ਘੈਂਟ ਬੰਦਾ ਚਾਹੀਦਾ ਸੀ।

—ਪਿਆਰਾ ਸਿੰਘ ਨੇ ਇਸ ਵਿਚ ਕਿਹੜਾ ਖਾਸ ਗੁਣ ਦੇਖ ਲਿਆ।

—ਦੇਵ ਜਾਣ-ਬੁਝ ਕੇ ਛੁੱਟੀ ਗਿਆ।

—ਪਿਆਰਾ ਸਿੰਘ ਇਕੋ ਵਾਰ ਨਾਲ ਦੋ ਸ਼ਿਕਾਰ ਖੇਡੇਗਾ।

ਜਿੰਨੇ ਕਰਮਚਾਰੀ ਸਨ-ਉੱਨੇ ਹੀ ਕਿਆਫੇ ਸਨ। ਆਪਣੀਆਂ-ਆਪਣੀਆਂ ਭਵਿੱਖਬਾਣੀਆਂ ਸਨ। ਵਿਚਲੀ ਗੱਲ ਦੀ ਕੰਨੀਂ ਕਿਸੇ ਕੋਲੋਂ ਵੀ ਨਹੀਂ ਫੜੀ ਗਈ ਸੀ। ਵਿਚ-ਵਿਚ ਕੋਈ ਉਸ ਤੋਂ ਪੁੱਛ ਲੈਂਦਾ ਕਿ ਕੀ ਉਹ ਪਿਆਰਾ ਸਿੰਘ ਦਾ ਰਿਸ਼ਤੇਦਾਰ ਹੈ? ਕੀ ਉਹ ਅਕਾਉਂਟ ਅਫਸਰ ਨੂੰ ਪਹਿਲਾਂ ਤੋਂ ਜਾਣਦਾ ਹੈ? ਉਸ ਜੀ.ਐਮ.ਕੋਲ ਅਪਰੋਚ ਤਾਂ ਨਹੀਂ ਕੀਤੀ? ਪਿਆਰਾ ਸਿੰਘ ਉਸ ਵੱਲ ਐਨਾ ਉਲਾਰ ਕਿਉਂ ਹੈ? ਕਿੰਨੇ ਹੀ ਹੋਰ ਸੁਆਲ ਨਾਲ-ਨਾਲ ਰਲਦੇ ਗਏ ਸਨ। ਇਨ੍ਹਾਂ ਸੁਆਲਾਂ ਨੇ ਇਕ ਹਜੂਮ ਦੀ ਸ਼ਕਲ ਅਖ਼ਤਿਆਰ ਕਰ ਲਈ ਸੀ।

ਹਰੀਸ਼ ਕੁਮਾਰ ਕੋਲ ਦੋ ਲਫ਼ਜ਼ੀ ਜੁਆਬ ਹੁੰਦਾ ਸੀ ਕਿ ਉਹ ਕਿਸੇ ਨੂੰ ਨਹੀਂ ਜਾਣਦਾ। ਮੈਰਿਟ 'ਤੇ ਚੁਣਿਆ ਗਿਆ। ਕੀ ਪਤਾ ਪਿਆਰਾ ਸਿੰਘ ਨੇ ਉਸ ਦੀ ਨੰਬਰ ਸ਼ੀਟ ਦੇਖ ਕੇ ਹੀ ਉਸ ਨੂੰ ਇਸ ਸੀਟ ਦੇ ਲਾਇਕ ਸਮਝ ਲਿਆ ਹੋਵੇ। ਸੁਪਰਡੈਂਟ ਨੇ ਉਸ ਨੂੰ ਜਾਂ ਤਾਂ ਡਾਇਰੀ ਦੀ ਸੀਟ 'ਤੇ ਲਾਉਣਾ ਸੀ ਜਾਂ ਫੇਰ ਡਿਸਪੈਚ 'ਤੇ।

ਪਹਿਲੇ ਹਫਤੇ ਉਸ ਨੂੰ ਕਮਰਾ ਨਹੀਂ ਮਿਲਿਆ ਸੀ। ਰਾਤ ਉਹ ਧਰਮਸ਼ਾਲਾ 'ਚ ਕੱਟਦਾ। ਸ਼ਾਮ ਨੂੰ ਕਿਸੇ ਕੁਲੀਗ ਨੂੰ ਨਾਲ ਲੈ ਕੇ ਕਮਰਾ ਲੱਭਣ ਨਿਕਲ ਜਾਂਦਾ। ਉਸ ਦੀ ਉਮਰ ਤੇ ਸ਼ਕਲ ਦੇਖ ਕੇ ਕੋਈ ਉਸ ਨੂੰ ਕਮਰਾ ਦੇਣ ਨੂੰ ਤਿਆਰ ਨਾ ਹੁੰਦਾ। ਜੇ ਕਮਰਾ ਮਿਲਦਾ ਵੀ ਤਾਂ ਨਾ ਹੋਇਆਂ ਵਰਗਾ। ਕਿਤੇ ਪੱਕੀ ਲੈਟਰੀਨ ਨਹੀਂ। ਕਿਤੇ ਪਾਣੀ ਦੂਰੋਂ ਟੂਟੀ ਤੋਂ ਭਰਨਾ ਪੈਣਾ ਸੀ।

ਸ਼ੁਕਰਵਾਰ ਸ਼ਾਮ ਨੂੰ ਉਸ ਪਿੰਡ ਵਾਲੀ ਬਸ ਫੜੀ ਸੀ। ਮਾਂ ਖੁਸ਼ ਸੀ। ਛੋਟਾ ਕੁਲਬੀਰ



www.PunjabiLibrary.com

ਜਫੀ ਪਾ ਕੇ ਮਿਲਿਆ ਸੀ। ਦੋਹਾਂ ਭੈਣਾਂ ਕੋਲੋਂ ਉਨ੍ਹਾਂ ਦਾ ਚਾਅ ਨਹੀਂ ਸੰਭਾਲਿਆ ਜਾ ਰਿਹਾ ਸੀ। ਨਿੱਕੀਆਂ-ਨਿੱਕੀਆਂ ਗੱਲਾਂ 'ਚ ਰਾਤ ਦਾ ਪਤਾ ਨਹੀਂ ਲੱਗਾ ਸੀ। ਮਾਂ ਉਸ ਬਾਰੇ ਚਿੰਤਤ ਸੀ। ਦੂਜੇ ਦਿਨ ਉਹ ਫੇਰ ਮੁੜ ਆਇਆ ਸੀ। ਮਾਂ ਨੇ ਸੋਮਵਾਰ ਜਾਣ ਲਈ ਜ਼ੋਰ ਪਾਇਆ ਸੀ। ਉਸ ਕਿਹਾ ਸੀ ਕਿ ਇਨ੍ਹਾਂ ਦੋ ਦਿਨਾਂ 'ਚ ਉਹ ਪੈਡਿੰਗ ਕੰਮ ਨੂੰ ਸਮਝੇਗਾ। ਫਰਮਾਂ ਨੂੰ ਯਾਦ-ਪੱਤਰ ਲਿਖੇਗਾ।

ਬਸ 'ਚ ਬੈਠਿਆਂ ਉਸ ਨੂੰ ਵਾਰ-ਵਾਰ ਜਸਵੰਤ ਦੀ ਗੱਲ ਯਾਦ ਆਉਂਦੀ ਰਹੀ ਸੀ, "ਐਵੇਂ ਨ੍ਹੀਂ ਘਬਰਾਈਦਾ। ਸਰਕਾਰੀ ਕੰਮ ਔਖਾ ਨ੍ਹੀਂ ਹੁੰਦਾ। ਪਿਛਲਾ ਪੜ੍ਹੀ ਜਾਉ-ਅਗਲਾ ਆਪੇ ਆ ਜਾਂਦਾ।"

****

ਬਸ-ਅੱਡੇ 'ਤੇ ਉਸ ਨੂੰ ਰਾਮਚੰਦ ਅਕਾਉਂਟੈਂਟ ਮਿਲ ਗਿਆ ਸੀ। ਉਸ ਨੂੰ ਚਾਹ ਵਾਲੇ ਖੋਖੇ ਵੱਲ ਲੈ ਤੁਰਿਆ ਸੀ। ਚਾਹ ਦੇ ਕੱਪ ਦੇ ਖ਼ਾਲੀ ਹੁੰਦਿਆਂ ਹੀ ਕਮਰੇ ਦੀ ਸਮੱਸਿਆ ਹੱਲ ਹੋ ਗਈ ਸੀ। ਰਾਮਚੰਦ ਇਕੱਲਾ ਰਹਿੰਦਾ ਸੀ। ਉਸ ਵੀ ਸ਼ੁਕਰਵਾਰ ਨੂੰ ਪਿੰਡ ਨੂੰ ਜਾਣਾ ਹੁੰਦਾ ਸੀ।

.. ਠਹਿਰੋ, ਰੁਕਣਾ ਪਊਗਾ। ਐਦਾਂ ਤਾਂ ਕਹਾਣੀ ਦੀ ਲੜੀ ਟੁੱਟ ਜਾਵੇਗੀ।

ਕਮਰਾ ਉਸ ਦੇ ਪਸੰਦ ਆ ਗਿਆ ਸੀ। ਚੌਬਾਰਾ ਸੀ। ਅਗੇ ਬਰਾਂਡਾ ਪਿਆ ਸੀ। ਸੱਜੇ ਪਾਸੇ ਲੈਟਰੀਨ ਤੇ ਬਾਥਰੂਮ ਸੀ। ਘਰ ਦੀ ਇਕ ਨੁਕਰ 'ਚੋਂ ਪੌੜੀਆਂ ਚੜਦੀਆਂ ਸਨ। ਹੇਠਲਿਆਂ ਦਾ ਉਤਲਿਆਂ ਨਾਲ ਕੋਈ ਸਰੋਕਾਰ ਨਹੀਂ। ਕਿਰਾਇਆ-ਤਿੰਨ ਸੌ ਰੁਪਿਆ।

ਰਾਮਚੰਦ ਤਾਂ ਕਮਰਾ ਦਿਖਾ ਕੇ ਹੀ ਚਲੇ ਗਿਆ ਸੀ। ਜਾਣਾ ਤਾਂ ਉਸ ਸ਼ਾਮੀਂ ਹੀ ਸੀ ਪਰ ਜੀ.ਐਮ. ਦੇ ਜ਼ਰੂਰੀ ਕੰਮ 'ਚ ਅਜਿਹਾ ਉਲਝਿਆ ਕਿ ਆਖਿਰੀ ਬਸ ਨਿਕਲ ਗਈ ਸੀ।

ਉਸ ਕਮਰੇ 'ਚ ਬੌਕਰ ਮਾਰੀ। ਹਰ ਇਕ ਚੀਜ਼ ਸਲੀਕੇ ਨਾਲ ਟਿੱਕਾ ਦਿੱਤੀ ਸੀ। ਸ਼ਾਮ ਹੁੰਦਿਆਂ ਕਰਦਿਆਂ ਉਹ ਸਾਰੇ ਕੰਮਾਂ ਤੋਂ ਫਾਰਿੰਗ ਹੋ ਗਿਆ ਸੀ। ਉਸ ਦੇ ਮਨ 'ਚ ਆਇਆ ਸੀ ਕਿ ਕਿਉਂ ਨਾ ਪਿੰਡ ਹੀ ਗੇੜਾ ਮਾਰ ਆਵੇ। ਤੁਰਨ ਲੱਗਿਆਂ ਉਸ ਦੇਖਿਆਂ ਸੀ ਕਿ ਮਾਂ ਡਾਹਢੀ ਉਦਾਸ ਸੀ। ਭੈਣਾਂ ਦਾ ਮਨ ਭਰਿਆ ਪਿਆ ਸੀ। ਉਨ੍ਹਾਂ ਕੋਲੋਂ ਬੋਲਿਆ ਵੀ ਨਹੀਂ ਗਿਆ ਸੀ। ਕੁਲਬੀਰ ਤਾਂ ਚੌਗਾਠ ਨਾਲ ਲਗਾ ਖੜਾ ਸੀ। ਐਨਾ ਕੁਝ ਯਾਦ ਆਉਣ 'ਤੇ ਵੀ ਉਹ ਪਿੰਡ ਨਹੀਂ ਗਿਆ ਸੀ। ਸਵੇਰ ਨੂੰ ਦਫ਼ਤਰ ਆ ਗਿਆ ਸੀ। ਸਿਕਿਉਰਟੀ ਗਾਰਡ ਨੂੰ ਕਹਿ ਕੇ ਆਪਣੇ ਕਮਰੇ ਦਾ ਜਿੰਦਰਾ ਖੁੱਲ੍ਹਵਾ ਲਿਆ ਸੀ। ਉਸ ਨੂੰ ਨਾ ਤਾਂ ਸਮੇਂ ਦਾ ਖਿਆਲ ਰਿਹਾ ਤੇ ਨਾ ਹੀ ਖਾਣ-ਪੀਣ ਦਾ ਤੇ ਨਾ ਹੀ ਇਸ ਗੱਲ ਦਾ ਕਿ ਛੁੱਟੀ ਵਾਲੇ ਦਿਨ ਬਿਨਾਂ ਮੰਜੂਰੀ ਤੋਂ ਆਉਣਾ ਖਤਰੇ ਤੋਂ ਖ਼ਾਲੀ ਨਹੀਂ ਹੁੰਦਾ। ਵਿੱਚ-ਵਿੱਚ ਸਿਕਿਉਰਟੀ ਗਾਰਡ ਚਾਹ ਲਈ ਸੁਲਾਹ ਮਾਰ ਜਾਂਦਾ ਸੀ। ਉਹ ਚਾਹ ਮੰਗਵਾਉਂਦਾ ਰਿਹਾ ਸੀ। ਉਸ ਦੋਬਾਰਾ ਤੋਂ ਫ਼ਾਇਲਾਂ ਦੇ ਨੰਬਰ ਮਾਰਕ ਕੀਤੇ ਸਨ। ਪੁਰਾਣੇ ਕਵਰ ਵੇਸਟ ਬਾਸਕਟ 'ਚ ਸੁੱਟੇ ਦਿੱਤੇ ਸਨ। ਨਵੇਂ ਲਾਏ ਸਨ। ਪਏ ਬਿੱਲਾਂ ਦੀ ਕੈਲਕੂਲੇਸ਼ਨ ਕੀਤੀ ਸੀ। ਸਪਲੀਮੈਂਟਰੀ ਬਿੱਲਾਂ ਦੀ ਲਿਸਟ ਬਣਾ ਕੇ ਸ਼ੀਸ਼ੇ ਥਲੇ ਰੱਖ ਲਈ ਸੀ। ਮਨ ਨਾਲ ਵਿਚਾਰ ਕੀਤਾ ਸੀ ਕਿ



ਜਦੋਂ ਵੀ ਵਿਹਲ ਮਿਲੀ, ਇਕ-ਇਕ ਕਰਕੇ ਇਨ੍ਹਾਂ ਨੂੰ ਕੱਢਦਾ ਰਹੇਗਾ।

****

ਸੋਮਵਾਰ ਨੂੰ ਆਉਂਦਿਆਂ ਹੀ ਉਸ ਰੱਜੀ ਹੋਈ ਮੱਝ ਵਾਂਗੂ ਬਿੱਲਾਂ ਨਾਲ ਭਰੀਆਂ ਫਾਇਲਾਂ ਅਕਾਉਂਟੈਂਟ ਜਸਦੇਵ ਸਿੰਘ ਦੀ ਮੇਜ਼ 'ਤੇ ਰੱਖ ਦਿੱਤੀਆਂ ਸਨ।

ਦਸ ਵਜ ਚਲੇ ਸਨ। ਪਰ ਅਕਾਉਂਟੈਂਟ ਅਜੇ ਤਾਈਂ ਆਇਆ ਨਹੀਂ ਸੀ।

ਸੈਕਸ਼ਨ ਅਫਸਰ ਕਿਸੇ ਕੇਸ 'ਤੇ ਆਪਣੇ ਕੁਮੈਂਟਸ ਲਿਖ ਰਿਹਾ ਸੀ।

ਗਿਆਰਾਂ ਕੁ ਵਜੇ ਅਕਾਉਂਟੈਂਟ ਆਇਆ ਸੀ ਤੇ ਫਾਇਲਾਂ ਵੱਲ ਦੇਖ ਕੇ ਬੋਲਿਆ ਸੀ, "ਯਾਰ-ਤੂੰ ਤਾਂ ਕਮਾਲ ਕਰੀ ਜਾਣਾਂ। ਸਾਨੂੰ ਸਾਰਿਆਂ ਨੂੰ ਭੁੱਖੇ ਮਾਰਣ ਦਾ ਇਰਾਦਾ ਤਾਂ ਨ੍ਹੀਂ ਕਰ ਲਿਆ ?"

ਇਸ ਰਾਜ਼ ਦਾ ਉਸ ਨੂੰ ਪਤਾ ਨਹੀਂ ਲੱਗਾ ਸੀ ਕਿ ਇਸ ਵਿਚ ਭੁੱਖੇ ਮਾਰਣ ਵਾਲੀ ਕਿਹੜੀ ਗੱਲ ਸੀ। ਇਹ ਤਾਂ ਉਸ ਦੀ ਡਿਊਟੀ ਸੀ ਕਿ ਸਮੇਂ ਸਿਰ ਬਿੱਲ ਕੱਢ ਦੇਵੇ। ਉਸ ਤਾਂ ਆਪਣਾ ਕੰਮ ਨਿਪਟਾਇਆ ਸੀ।

ਅੱਜ ਉਸ ਕੋਲ ਸਮਾਂ ਸੀ। ਅਕਾਉਂਟੈਂਟ ਤੇ ਸੈਕਸ਼ਨ ਅਫਸਰ ਬਿੱਲ ਕੱਢਣਗੇ। ਉਹ ਕਲੇਮਾਂ ਦੇ ਯਾਦ-ਪੱਤਰ ਜਾਰੀ ਕਰੇਗਾ। ਦੇਵ ਨੇ ਤਾਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਸੀ। ਪਤਾ ਨਹੀਂ ਉਸ ਕੀ ਸੋਚ ਕੇ ਇਨ੍ਹਾਂ ਨੂੰ ਖੂੰਜੇ ਲਾਈ ਰੱਖਿਆ ਸੀ।

ਉਹ ਯਾਦ-ਪੱਤਰ ਲਿਖਣ ਲੱਗਾ ਸੀ। ਵਿਚ-ਵਿਚ ਸਿਰ ਉਤਾਂਹ ਚੁੱਕ ਕੇ ਅਕਾਉਂਟੈਂਟ ਵੱਲ ਦੇਖ ਲੈਂਦਾ ਸੀ। ਅਕਾਉਂਟੈਂਟ ਘੰਟਾ ਭਰ ਅਖ਼ਬਾਰ ਪੜ੍ਹਦਾ ਰਿਹਾ ਸੀ। ਫੇਰ ਸੈਕਸ਼ਨ ਅਫਸਰ ਨਾਲ ਬਾਬਰੀ ਮਸਜਿਦ ਅਯੋਧਿਆ ਮਸਲੇ ਬਾਰੇ ਜਿਉਂ ਬਹਿਸ 'ਚ ਉਲਝਿਆ ਤਾਂ ਲੰਚ ਸਮੇਂ ਤਕ ਇਸ ਗੱਧੀ-ਗੇੜ 'ਚੋਂ ਬਾਹਰ ਨਾ ਨਿਕਲਿਆ।

ਇਕ ਵਾਰ ਯਾਦ ਦਵਾਉਣ ਦੇ ਲਹਿਜੇ 'ਚ ਉਸ ਕਿਹਾ ਸੀ, "ਅਕਾਉਂਟੈਂਟ ਸਾਹਿਬ ਬਿੱਲ ?"

"ਤੂੰ ਕਾਸ ਲਈ ਘਬਰਾਉਣਾ। ਤੂੰ ਅੱਜ ਦੀ ਡੇਟ ਵਿਚ ਪੁਟ-ਅੱਪ ਕਰ ਦਿੱਤੇ। ਹੁਣ ਤੇਰੀ ਜੁੰਮੇਵਾਰੀ ਖ਼ਤਮ ਹੋ ਗਈ। ਤੂੰ ਬੁੱਲੇ ਲੁੱਟ। ਮੌਜ ਕਰ। ਫਿਰਣ ਤੁਰਣ ਨੂੰ ਜੀਅ ਕਰਦਾ ਤਾਂ ਜਾ ਆ। ਅਗੋਂ ਮੈਂ ਜਾਣਾ, ਮੇਰਾ ਕੰਮ ਜਾਣੇ..।"

ਐਦਾਂ ਹੀ ਸਾਰਾ ਦਿਨ ਬੀਤ ਗਿਆ ਸੀ। ਜਾਣ ਲੱਗਿਆਂ ਅਕਾਉਂਟੈਂਟ ਨੇ ਉਸ ਨੂੰ ਫਾਇਲਾਂ ਅਲਮਾਰੀ ਅੰਦਰ ਰੱਖਣ ਦਾ ਇਸ਼ਾਰਾ ਕੀਤਾ ਸੀ।

****

ਰਾਮਚੰਦ ਦੇ ਸਾਈਕਲ ਪਿਛੇ ਬੈਠ ਕੇ ਉਹ ਕਮਰੇ 'ਚ ਆ ਗਿਆ ਸੀ। ਦੋਹਾਂ ਨੇ ਰੱਲ ਕੇ ਰੋਟੀ ਬਣਾਈ ਸੀ। ਖਾਣ ਬੈਠੇ ਤਾਂ ਰਾਮਚੰਦ ਨੇ ਕਿਲੀ 'ਤੇ ਟੰਗੇ ਕੋਟ ਦੀ ਜੇਬ 'ਚੋਂ ਅਧੀਆ ਕੱਢ ਲਿਆਂਦਾ। ਸੁਲਾਹ ਮਾਰੀ,"ਅੱਜ ਤਾਂ ਯਾਰ ਬਹੁਤ ਠੰਢ ਆ। ਹੱਡ 'ਕੱਠੇ ਹੁੰਦੇ ਜਾ ਰਹੇ। ਪਾਵਾਂ ਨਾ ਤੇਰੇ ਲਈ ਵੀ ਇਕ ਲਵਲੀ ਪੈੱਗ ? ਦੇਖੀਂ ਤਾਂ ਠੰਢ ਜੇ ਨੇੜੇ ਵੀ ਆ ਗਈ ਤਾਂ। ਬੜੀ ਵਧੀਆ। ਦਿੱਲੀ ਦੇ ਬਾਰਡਰ ਤੋਂ ਮੰਗਾਈ। ਆਪਣਾ ਇਕ ਡਰਾਈਵਰ ਹੈਗਾ..।"



www.PunjabiLibrary.com

ਅਗੋਂ ਉਸ ਨਾਂਹ ਕਰ ਦਿੱਤੀ ਸੀ।

ਦੂਜਾ ਪੈੱਗ ਅੰਦਰ ਜਾਂਦਿਆਂ ਸਾਰ ਰਾਮਚੰਦ ਖੁੱਲ੍ਹਣ ਲੱਗਾ ਸੀ। ਸਿਆਣਿਆਂ ਵਾਂਗੂ ਆਪਣੇ ਤੋਂ ਛੋਟੇ ਨੂੰ ਸਮਝਾਉਣ ਲੱਗਾ, "ਦੇਖ ਹਰੀਸ਼ ਬਾਬੂ, ਤੂੰ ਨਵਾਂ-ਨਵਾਂ ਆਇਆਂ। ਤੈਨੂੰ ਇਸ ਦਫਤਰ ਦੇ ਕਾਇਦੇ ਕਾਨੂੰਨਾਂ ਦਾ ਨ੍ਹੀਂ ਪਤਾ। ਘਬਰਾਈਂ ਨਾ। ਮੈਂ ਜਿਉਂ ਬੈਠਾਂ। ਤੈਨੂੰ ਡਰਣ ਦੀ ਕੋਈ ਲੋੜ ਨ੍ਹੀਂ। ਨਵਾਂ-ਨਵਾਂ ਬੰਦਾ ਐਦਾਂ ਕਰਦਾ ਹੁੰਦਾ। ਮੇਰੇ ਨਾਲ ਵੀ ਐਦਾਂ ਹੋਇਆ ਸੀ। ਪਰ ਉਦੋਂ ਸਮੇਂ ਹੋਰ ਸਨ। ਹੁਣ ਹੋਰ ਆ। ਫੇਰ ਕਿਸੇ ਨਿਆਣੇ ਦੇ ਪਹਾੜਾ ਯਾਦ ਕਰਨ ਵਾਂਗੂ ਤੈਨੂੰ ਵੀ ਸਭ ਕੁਸ਼ ਮੂੰਹ ਜ਼ਬਾਨੀ ਰਟ ਜਾਣਾ। ਇਹ ਗੱਲ ਮੈਂ ਨ੍ਹੀਂ ਕਹਿੰਦਾ। ਮੇਰਾ ਤੇਰੇ ਨਾਲ ਕੋਈ ਸਿੱਧਾ ਤਲਕਾਤ ਨ੍ਹੀਂ। ਜਸਦੇਵ ਸਿੰਘ ਆਪਣਾ ਯਾਰ ਬੇਲੀ ਆ। ਅਸੀਂ ਇਕੱਠੇ ਅਕਾਉਂਟੈਂਟ ਭਰਤੀ ਹੋਏ ਸੀ। ਉਹ ਕਹਿੰਦਾ ਸੀ—ਆਪਣਾ ਸਾਰਿਆਂ ਦਾ ਐਦ੍ਹਾਂ ਨ੍ਹੀਂ ਸਰਣਾ। ਤੂੰ ਇਕ ਦਿਨ ਵਿਚ ਵੱਧ ਤੋਂ ਵੱਧ ਪੰਜ ਛੇ ਬਿੱਲ ਕੱਢਿਆ ਕਰ। ਜੇ ਸਮੇਂ ਸਿਰ ਬਿੱਲ ਪਾਸ ਹੁੰਦੇ ਗਏ ਤਾਂ ਫਰਮ ਵਾਲਿਆਂ ਨੇ ਸਾਡੇ ਕੋਲੋਂ ਛਿਕੂ ਲੈਣਾ।"

ਉਹ ਚੁੱਪਚਾਪ ਰਾਮਚੰਦ ਦੀਆਂ ਗੱਲਾਂ "ਹੂੰ""ਅੱਛਾ""ਹਾਂ" ਕਹਿੰਦਾ ਸੁਣਦਾ ਗਿਆ ਸੀ। ਰੋਟੀ ਮੁੱਕੀ ਤਾਂ ਰਾਮਚੰਦ ਨੇ ਪੰਜਾਹ ਰੁਪਏ ਉਸ ਵੱਲ ਕਰਦਿਆਂ ਕਿਹਾ ਸੀ,"ਆਹ ਲੈ-ਮੈਂ ਭੁੱਲ ਚਲਿਆ ਸੀ। ਆਹ ਕੰਮ ਵੀ ਤੇਰੇ ਅਕਾਉਂਟੈਂਟ ਨੇ ਕੀਤਾ। ਉਹ ਬੜਾ ਚੰਗਾ ਬੰਦਾ। ਯਾਰਾਂ ਦਾ ਯਾਰ। ਬੇਲੀਆਂ ਦਾ ਬੇਲੀ। ਉਸ ਦੇ ਆਪਣੇ ਸਿਧਾਂਤ ਆ। ਕਿਸੇ ਦਾ ਹੱਕ ਨ੍ਹੀਂ ਮਾਰਣਾ ਤੇ ਕਿਸੇ ਨੂੰ ਆਪਣਾ ਹੱਕ ਨ੍ਹੀਂ ਮਾਰਣ ਦੇਣਾ। ਫੜ ਵੀ ਨਾ। ਕੋਈ ਫਰਮ ਵਾਲਾ ਦੇ ਗਿਆ ਹੋਣਾ। ਸਿੱਧਾ ਤੇਰੇ ਨਾਲ ਗੱਲ ਕਰਦਾ ਝਿਝਕਦਾ ਸੀ। ਨਵਾਂ ਨਵਾਂ ਬਾਬੂ ਹੈ ਨਾ। ਉਸ ਆਪਣਾ ਧਰਮ ਪਾਲਿਆ। ਹੁਣ ਤੂੰ ਵੀ ਉਸ ਨੂੰ ਨਾ ਭੁੱਲ ਜਾਈਂ, ਸਮਝਿਆ।"

ਉਸ ਨੋਟ ਨਹੀਂ ਫੜਿਆ ਸੀ। ਰਾਮਚੰਦ ਨੇ ਫੇਰ ਸਮਝਾਇਆ ਸੀ, "ਦੇਖ ਹਰੀਸ਼, ਜੇ ਤੂੰ ਨਾ ਵੀ ਲਿਆ ਤਾਂ ਕੋਈ ਫਰਕ ਨ੍ਹੀਂ ਪੈਣਾ। ਮੈਂ ਵੀ ਤੇਰੇ ਵਾਲੀ ਬ੍ਰਾਂਚ ਵਿਚ ਚਾਰ ਸਾਲ ਕੰਮ ਕੀਤਾ। ਫਰਮ ਦੇ ਰੀਪ੍ਰੀਜ਼ੈਂਟੇਟਿਵ ਨੇ ਖ਼ਰਚੇ ਪਾਉਣੇ ਹੁੰਦੇ ਆ। ਜੇ ਜਸਦੇਵ ਸਿੰਘ ਨਾ ਲੈਂਦਾ ਤਾਂ ਉਨ੍ਹਾਂ ਡਕਾਰ ਜਾਣਾ ਸੀ। ਫੇਰ ਇਹ ਪੈਸੇ ਨਾ ਤੈਨੂੰ ਮਿਲਣੇ ਸੀ, ਨਾ ਹੀ ਫਰਮ ਦੇ ਮਾਲਕ ਨੂੰ..।"

ਉਸ ਹੋਰ ਵੀ ਕਈ ਕੁੱਝ ਦੱਸਿਆ ਪਰ ਉਸ ਨੇ ਉਸ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ। ਗੋਡਿਆਂ ਤੀਕ ਰਜਾਈ ਖਿਚ ਲਈ ਸੀ। ਇਕਨੌਮਿਕਸ ਦੀ ਕਿਤਾਬ ਪੜ੍ਹਨ ਲੱਗਾ ਸੀ। ਫਸਟ ਯੀਅਰ ਦਾ ਦਾਖਲਾ ਉਸ ਭੇਜ ਰੱਖਿਆ ਸੀ। ਦਸੰਬਰ ਚਲ ਰਿਹਾ ਸੀ। ਅਪ੍ਰੈਲ 'ਚ ਪੇਪਰ ਆਏ ਖੜੇ ਸਨ। ਇਕ ਹੋਰ ਦਿਨ।

ਉਹ ਬਿੱਲਾਂ 'ਤੇ ਦਸਖਤ ਕਰਾਉਣ ਗਿਆ ਤਾਂ ਪਿਆਰਾ ਸਿੰਘ ਨੇ ਬੈਠਾ ਲਿਆ ਸੀ। ਪੁੱਛਿਆ ਸੀ, "ਪੁੱਤਰਾ, ਤੈਨੂੰ ਇਸ ਸੀਟ 'ਤੇ ਕੋਈ ਦਿੱਕਤ ਤਾਂ ਨ੍ਹੀਂ ਆਈਂ ?"

"ਨ੍ਹੀਂ ਜੀ," ਉਹ ਖੜਾ ਰਿਹਾ ਸੀ।

"ਤੂੰ ਓਪਰਿਆਂ ਵਾਂਗ ਖੜਾ ਕਿਉਂ ? ਆਹ ਕੁਰਸੀ ਮੇਰੇ ਲਾਗੇ ਨੂੰ ਖਿਚ ਲਿਆ।"



ਉਹ ਬੈਠਿਆ ਤਾਂ ਉਨ੍ਹਾਂ ਪੁੱਛਿਆ, "ਤੇਰੇ ਕੋਲ ਨਵੇਂ ਸਾਲ ਦੀਆਂ ਕਿੰਨੀਆਂ ਡਾਇਰੀਆਂ ਪਈਆਂ ?"

"ਕੋਈ ਵੀ ਨ੍ਹੀਂ।"

"ਹਰੀਸ਼ ਬਾਬੂ-ਇਹ ਕਿਦਾਂ ਹੋ ਸਕਦਾ ? ਇਸ ਸੀਟ 'ਤੇ ਡਾਇਰੀਆਂ ਨਾ ਆਈਆਂ ਹੋਣ।" ਕਹਿੰਦਿਆਂ ਉਨ੍ਹਾਂ ਦੇ ਮੱਥੇ 'ਤੇ ਤਿਊੜੀਆਂ ਦਾ ਜਾਲ ਸੰਘਣਾ ਹੋ ਗਿਆ। ਉਸ ਦੇ ਭੋਲੇ-ਭਾਲੇ ਚਿਹਰੇ ਵੱਲ ਦੇਖ ਕੇ ਪਹਿਲਾਂ ਉਹ ਹੱਸੇ। ਫੇਰ ਬੋਲੇ, "ਕੋਈ ਕਹਾਣੀ ਨ੍ਹੀਂ। ਸੜਕ ਪਾਰ ਕਰਕੇ ਸੁਪਰਰਾਈਸ ਵਾਲਿਆਂ ਦਾ ਹੈਡ-ਆਫਿਸ ਹੈਗਾ। ਇਸ ਵਾਰੀ ਵੀ ਉਨ੍ਹਾਂ ਨੂੰ ਪੰਦਰਾਂ ਲੱਖ ਦਾ ਆਰਡਰ ਹੋਇਆ। ਹੁਣੇ ਜਾਹ ਤੇ ਦੋ ਡਾਇਰੀਆਂ ਫੜ ਲੈ ਆ।"

ਆਪਣੇ ਬਾਸ ਦਾ ਕਿਹਾ ਸਿਰ ਮੱਥੇ 'ਤੇ। ਨਾਂਹ ਕਿਵੇਂ ਹੋ ਸਕਦੀ ਸੀ ?

ਉਹ ਗਿਆ। ਕਾਫੀ ਪੀਤੀ। ਕਾਜੂ ਖਾਧੇ। ਫਰਮ ਦੀ ਆਪਣੀ ਡਾਇਰੀ ਅਜੇ ਕਲਕੱਤੇ ਤੋਂ ਨਹੀਂ ਆਈ ਸੀ। ਉਨ੍ਹਾਂ ਬਾਜ਼ਾਰੋਂ ਦੋ ਹਾਰਡਬਾਊਂਡ ਮੰਗਵਾ ਦਿੱਤੀਆਂ। ਹਲੀਮੀ ਨਾਲ ਪੁੱਛਿਆ, "ਕੋਈ ਹੋਰ ਸੇਵਾ ਹੈ ਤਾਂ ਦੱਸੋ ?"

"ਥੈਂਕਸ।"

"ਸਾਡੇ ਬਿੱਲ ਪਾਸ ਹੋ ਗਏ ਕਿ ਨ੍ਹੀਂ ? ਮਾਲ ਤਾਂ ਅਸੀਂ ਪੰਦਰਾਂ ਦਿਨ ਪਹਿਲਾਂ ਦੇ ਚੁੱਕੇ ਆਂ।"

"ਤੁਹਾਡੇ ਬਿੱਲ ਖਜਾਨੇ ਗਏ। ਹੈਡ ਆਫਿਸ ਤੋਂ ਬਜਟ ਲੇਟ ਮਿਲਿਆ, 'ਤੇ ਉਪਰੋਂ ਛੁੱਟੀਆਂ ਆ ਗਈਆਂ। ਇਸੇ ਲਈ ਪੇਸੈਂਟ ਲੇਟ ਹੋ ਗਈ।"

"ਵੈਰੀ ਗੁੱਡ। ਸਾਨੂੰ ਪਤਾ-ਸਾਡੇ ਬੰਦੇ ਬੈਠੇ। ਸਾਨੂੰ ਕਾਹਦੀ ਚਿੰਤਾ। ਤੁਸੀਂ ਆਇਆ ਕਰੋ। ਦੇਵ ਜੀ ਤਾਂ ਆਉਂਦੇ ਰਹਿੰਦੇ ਸਨ। ਕਿਸੇ ਦਿਨ ਸਾਡੇ ਨਾਲ ਡਿਨਰ ਲਉ।"

ਅਗੋਂ ਕੀ ਜੁਆਬ ਦੇਣਾ ਹੁੰਦਾ-ਇਸ ਬਾਰੇ ਉਸ ਨੂੰ ਪਤਾ ਨਹੀਂ ਸੀ। ਹੱਸਦਾ-ਹੱਸਦਾ ਬਾਹਰ ਆ ਗਿਆ ਸੀ। ਪਿਆਰਾ ਸਿੰਘ ਦੇ ਟੇਬਲ 'ਤੇ ਡਾਇਰੀਆਂ ਲਿਆ ਰੱਖੀਆਂ ਸਨ। ਉਨ੍ਹਾਂ ਪੈਕਿਟ ਖੋਲ੍ਹਿਆ ਸੀ। ਦੇਖ ਕੇ ਅਸ਼-ਅਸ਼ ਕਰ ਉਠੇ। ਪੇਜ ਦੇਖਣ ਲੱਗੇ। ਵਿਚਕਾਰੋਂ ਸੌ ਸੌ ਦੇ ਪੰਜ ਨੋਟ ਨਿਕਲੇ ਮਨ। ਫੇਰ ਉਨ੍ਹਾਂ ਦੂਜੀ ਡਾਇਰੀ ਦੇ ਪੇਜ਼ ਦੇਖੇ ਸਨ। ਇਕ ਵਾਰ ਉਨ੍ਹਾਂ ਉਸ ਵੱਲ ਦੇਖਿਆ। ਬੁਲ੍ਹਾਂ 'ਚ ਹੱਸੇ। ਸੌ ਦੇ ਦੋ ਨੋਟ ਉਸ ਵੱਲ ਕਰਦਿਆਂ ਕਿਹਾ, "ਲੈ ਫੜ-ਆਪਣਾ ਹਿੱਸਾ। ਬੁੱਲੇ ਲੁੱਟ। ਮੇਰੇ ਰਾਜ ਵਿਚ ਮੌਜਾਂ ਕਰ। ਹੈ ਕੋਈ ਮਾਈ ਦਾ ਲਾਲ, ਜਿਹੜਾ ਮੇਰੇ ਅਗੇ ਅੱਖ ਚੁੱਕ ਜਾਏ।"

ਉਸ ਨਾਂਹ ਕਰ ਦਿੱਤੀ ਸੀ।

ਉਨ੍ਹਾਂ ਸਮਝਾਇਆ, "ਕਮਲੇ ਨ੍ਹੀਂ ਬਣੀਦਾ ਹੁੰਦਾ। ਤੇਰੀ ਸੀਟ ਤਾਂ ਨੋਟ ਹਗਦੀ ਆ। ਸਮਝੀਦਾ ਹੁੰਦਾ।"

ਉਹ ਹਾਂ ਤੇ ਨਾਂਹ 'ਚ ਫਸ ਗਿਆ ਸੀ।

ਆਖਿਰ-ਉਸ ਅਕਾਉਂਟ ਅਫਸਰ ਦੀ ਹਾਂ ਨੂੰ ਆਪਣੀ ਹਾਂ ਮੰਨ ਲਿਆ ਸੀ।

****



www.PunjabiLibrary.com

ਹੁਣ ਉਸ ਦੇ ਮੇਜ਼ 'ਤੇ ਬਿੱਲਾਂ ਦਾ ਢੇਰ ਪਿਆ ਰਹਿੰਦਾ ਹੈ। ਉਹ ਆਪਣੀ 'ਪਸੰਦ' ਦੇ ਬਿੱਲ ਚੁਣਦਾ ਹੈ। ਪੈਮੈਂਟ ਆਰਡਰ ਲਾਉਂਦਾ ਹੈ ਤੇ ਖਚਰੀਆਂ ਨਜ਼ਰਾਂ ਨਾਲ ਅਕਾਉਂਟੈਂਟ ਨੂੰ ਹਦਾਇਤ ਕਰਨ ਵਾਂਗ ਕਹਿੰਦਾ ਹੈ, "ਇਸ ਫਾਈਲ ਵਿਚਲੇ ਬਿੱਲ ਬਹੁਤ ਜ਼ਰੂਰੀ ਆ। ਹੁਣੇ ਕੱਢ ਦਿਓ। ਪਰਸੋਂ ਨੂੰ ਬੈਂਕੋਂ ਬਿਲਟੀ ਛੁਡਾਉਣੀ ਪੈਣੀ। ਨ੍ਹੀਂ ਤਾਂ ਡੈਮਰੇਜ ਪੈ ਜਾਊ। ਸਬ-ਡਿਪੂਆਂ ਵਿਚ ਚੀਜ਼ਾਂ ਦੀ ਪਹਿਲਾਂ ਹੀ ਸ਼ਾਰਟੇਜ਼ ਚਲ ਰਹੀ।"

ਉਸ ਦੇ ਮੇਜ਼ ਦੀ ਦਰਾਜ਼ 'ਚ ਪੈਨ, ਡਾਇਰੀਆਂ ਤੇ ਛੋਟੇ-ਛੋਟੇ ਬੈਂਗਾਂ ਦਾ ਢੇਰ ਜਮ੍ਹਾਂ ਰਹਿੰਦਾ ਹੈ। ਫਰਮਾਂ ਦੇ ਪ੍ਰਤੀਨਿਧ ਆਉਂਦੇ ਹਨ। ਉਹ ਚਾਹ ਮੰਗਾਉਂਦਾ ਹੈ। ਬਿਲਟੀ ਜਲਦੀ ਛੁਡਾਉਣ ਦਾ ਵਾਇਦਾ ਕਰਦਾ ਹੈ। ਦੂਨੀ ਚੰਦ ਦੇ ਹੋਟਲ 'ਚ ਚਾਹ ਪੀਂਦਿਆਂ ਆਪਸ 'ਚ ਗਿਟਮਿਟ ਇਕ 'ਬਿੰਦੂ' 'ਤੇ ਖ਼ਤਮ ਹੋ ਜਾਂਦੀ ਹੈ।

ਉਸ ਨੂੰ ਆਇਆਂ ਦੋ ਕੁ ਸਾਲ ਹੀ ਹੋਏ ਹੋਣੇ ਹਨ ਪਰ ਉਹ ਆਪਣੇ ਕਿੱਤੇ 'ਚ ਪਹਿਲਾਂ ਨਾਲੋਂ ਕਾਫੀ ਨਿਪੁੰਨ ਹੋ ਗਿਆ ਹੈ। ਉਹ ਜਾਣਦਾ ਹੈ ਕਿ ਕਿਵੇਂ ਅਕਾਉਂਟੈਂਟ ਤੋਂ ਕੰਮ ਲੈਣਾ ਹੈ? ਸੈਕਸ਼ਨ ਅਫਸਰ ਨੂੰ ਖ਼ੁਸ਼ ਰੱਖਣਾ ਹੈ? ਪਿਆਰਾ ਸਿੰਘ ਦੀ ਕਿਹੜੇ ਵੇਲੇ ਕਿਹੜੀ ਲੋੜ ਪੂਰੀ ਕਰਨੀ ਹੈ?ਇਨ੍ਹਾਂ ਗੱਲਾਂ ਦਾ ਤਾਂ ਉਸ ਚਾਰਟ ਹੀ ਬਣਾ ਰੱਖਿਆ ਹੈ।

ਇਨ੍ਹਾਂ ਦਿਨਾਂ 'ਚ ਉਹ ਘਰ ਵੱਲ ਨੂੰ ਘੱਟ ਹੀ ਮੂੰਹ ਕਰਦਾ ਹੈ। ਜਦੋਂ ਜਾਂਦਾ ਹੈ ਤਾਂ ਪਹਿਲਾਂ ਇਹ ਦੇਖਦਾ ਹੈ ਕਿ ਘਰ 'ਚ ਹੁਣ ਕਿਸ ਚੀਜ਼ ਦੀ ਲੋੜ ਹੈ। ਮਾਂ ਕੋਲ ਦੋ ਗਰਮ ਤੇ ਅੱਠ ਠੰਢੇ ਸੂਟ ਹੋ ਗਏ ਹਨ। ਕੁਲਬੀਰ ਜਿੰਨੀ ਵਾਰੀ ਵੀ ਉਸ ਨੂੰ ਮਿਲਣ ਆਇਆ ਹੈ ਤਾਂ ਉਸ ਨਵਾਂ ਸੂਟ ਪਵਾ ਕੇ ਵਾਪਸ ਭੇਜਿਆ ਹੈ। ਪਿਛਲੀ ਵਾਰੀ ਤਾਂ ਨਵਾਂ ਕਮਰਾ ਬਣਾਉਣ ਦਾ ਵਿਚਾਰ ਵੀ ਪੱਕਾ ਕਰ ਲਿਆ ਸੀ।

ਦੋਹਾਂ ਸਾਲਾਂ 'ਚ ਘਰ 'ਚ ਟੈਲੀਵੀਯਨ ਆ ਗਿਆ ਹੈ। ਕੁਲਬੀਰ ਕੋਲ ਨਵਾਂ ਸਾਈਕਲ ਹੈ। ਕੂਲਰ, ਗੈਸ ਤੇ ਹੋਰ ਚੀਜ਼ਾਂ ਨੰਬਰਵਾਰ ਆ ਰਹੀਆਂ ਸਨ। ਹੁਣ ਮਾਂ ਨੇ ਜਾਣ ਲੱਗਿਆਂ ਕਦੇ ਉਸ ਨੂੰ ਘਰ ਦੇ ਬਣਾਏ ਹੋਏ ਬੇਸਨ ਦਾ ਡੱਬਾ ਨਹੀਂ ਫੜਾਇਆ। ਕਦੇ ਇਹ ਨਹੀਂ ਪੁੱਛਿਆ ਕਿ ਉਸ ਦਾ ਬਿਸਤਰਾ ਤਾਂ ਨਹੀਂ ਧੋਣ ਵਾਲਾ। ਕਦੇ ਇਹ ਗੱਲ ਨਹੀਂ ਪੁੱਛੀ ਕਿ ਉਸ ਦੀ ਤਨਖ਼ਾਹ ਕਿੰਨੀ ਹੈ ? ਉਹ ਵਿਚੋਂ ਕਿੰਨੇ ਖਰਚਦਾ ਹੈ ਤੇ ਕਿੰਨੇ ਬਚਾਉਂਦਾ ਹੈ? ਹੁਣ ਤਾਂ ਸਾਰੇ ਪਰਿਵਾਰ ਨੂੰ ਇਸ ਗੱਲ ਦੀ ਤਾਂਘ ਰਹਿੰਦੀ ਹੈ ਕਿ ਹੁਣ ਜਦੋਂ ਉਹ ਆਵੇਗਾ ਤਾਂ ਉਸ ਦੇ ਨਾਲ ਕਿਹੜੀ ਨਵੀਂ ਚੀਜ਼ ਆਵੇਗੀ। ਹੁਣ ਉਸ ਦੇ ਮੂੰਹ 'ਚੋਂ ਉਨ੍ਹਾਂ ਨੂੰ ਸ਼ਰਾਬ ਦੀ ਬੂ ਨਹੀਂ ਆਉਂਦੀ। ਚਿਕੜ ਗੜੁਚੇ ਵਾਲ ਬੁਰੇ ਨਹੀਂ ਲੱਗਦੇ। ਉਲਟੀਆਂ ਨਾਲ ਭਰੇ ਕਪੜਿਆਂ ਨੂੰ ਧੋਂਦਿਆਂ ਕਚਿਆਣ ਨਹੀਂ ਆਉਂਦੀ। ਗੋਡੇ, ਗਿਟਿਆਂ 'ਤੇ ਪੱਟੀਆਂ ਕਰਾਉਂਦਿਆਂ ਡਾਕਟਰ ਨੂੰ ਦੱਸਣਾ ਪੈਂਦਾ ਹੈ ਕਿ 'ਕਾਕਾ ਜੀ' ਬਾਥਰੂਮ 'ਚ ਤਿਲਕ ਗਏ ਸਨ।

****

ਰਾਮਚੰਦ ਅਕਾਉਂਟੈਂਟ ਨਾਲ ਤਾਂ ਉਹ ਸਿਰਫ ਪਹਿਲਾ ਸਾਲ ਰਿਹਾ ਸੀ।

ਫੇਰ ਉਸ ਟੂ ਰੂਮ ਸੈਟ ਵਾਲਾ ਕੁਆਟਰ ਲੈ ਲਿਆ ਸੀ।

ਫਰਮਾਂ ਦੇ ਪ੍ਰਤੀਨਿਧੀ ਉਸ ਕੋਲ ਠਹਿਰਦੇ ਸਨ। ਸ਼ਰਾਬ ਹੁੰਦੀ ਸੀ। ਮੁਰਗਮ



ਮੁਸਲਮ ਹੁੰਦਾ ਸੀ। ਨਾਲ ਪਿਆਰਾ ਸਿੰਘ ਦਾ ਅਸ਼ੀਰਵਾਦ।

ਇਕਨੌਮਿਕਸ ਦੀ ਕਿਤਾਬ ਕਿਤੇ ਗੁਆਚ ਗਈ ਸੀ। ਫੇਰ ਲੱਭਣ ਦੀ ਲੋੜ ਹੀ ਨਹੀਂ ਪਈ ਸੀ।

****

ਵਿਚਲੀ ਗੱਲ (ਕਹਾਣੀ) ਦੱਸਣ ਦੀ ਕੋਈ ਬਹੁਤ ਲੋੜ ਨਹੀਂ ਹੈ।

ਨੋਟਿੰਗ ਸੰਬੰਧੀ ਹਰੀਸ਼ ਕੁਮਾਰ ਨੂੰ ਵੀ ਪਤਾ ਲੱਗਾ ਸੀ। ਉਸ 'ਤੇ ਪਹਿਲਾਂ ਤਾਂ ਅਸਰ ਨਹੀਂ ਪਿਆ ਸੀ। ਉਸ ਅਕਾਉਂਟੈਂਟ ਨੂੰ ਸੁਣਾ ਕੇ ਕਿਹਾ ਸੀ, "ਮੇਰੇ ਸਿਰ 'ਤੇ ਕੋਈ ਪਹਾੜ ਤਾਂ ਨ੍ਹੀਂ ਡਿੱਗ ਚਲਿਆ।"

ਐਨਾ ਕਹਿਣ ਤੋਂ ਬਾਅਦ ਇਕ ਵਾਰ ਤਾਂ ਉਹ ਹਿਲ ਗਿਆ ਸੀ। ਜਿਸ ਸੀਟ 'ਤੇ ਉਸ ਦੇ ਆਰਡਰ ਹੋਣ ਦੀ ਗੱਲ ਉਸ ਸੁਣੀ ਸੀ-ਉਥੇ ਉਹ ਸਿਰਫ ਰੀਕਾਰਡਕੀਪਰ ਹੋਣਾ ਸੀ। ਇਸ ਤੋਂ ਇਲਾਵਾ ਕੁਝ ਨਹੀਂ। ਫੇਰ ਤਾਂ ਚਾਹ ਵੀ ਪਲਿਉਂ ਪੀਣੀ ਪੈਣੀ ਸੀ ਤੇ ਬਾਕੀ ਦਾ ਖਰਚਾ- ਇਸ ਸੋਚ ਨੇ ਇਕ ਵਾਰ ਤਾਂ ਉਸ ਨੂੰ ਕੱਚੀ ਤ੍ਰੇਲੀ ਲਿਆ ਦਿੱਤੀ ਸੀ।

ਕਿੰਨਾ ਚਿਰ ਉਹ ਸੋਚੀਂ ਪਿਆ ਰਿਹਾ। ਆਪਣੇ ਆਪ ਨਾਲ ਉਲਝਦਾ ਰਿਹਾ। ਕੈਲਕੂਲੇਟਰ 'ਤੇ ਜਮ੍ਹਾਂ ਘਟਾਓ 'ਚ ਸੀਟ ਨੂੰ ਕਿਵੇਂ ਬਰਕਰਾਰ ਰੱਖਿਆ ਜਾਵੇ-ਇਸ ਬਾਰੇ ਵਿਉਂਤਬੰਦੀ ਕਰਦਾ ਰਿਹਾ।

ਦਫਤਰ 'ਚ ਘੁਸਰ-ਮੁਸਰ ਸਿਖਰਾਂ 'ਤੇ ਪਹੁੰਚ ਗਈ ਸੀ। ਹੁਣ ਵੀ ਆਰਡਰ ਜਾਰੀ ਹੋਏ, ਹੁਣੇ ਹੀ ਹੋਏ ਸਮਝੋ, ਵਾਲੀ ਸਥਿਤੀ ਪੈਦਾ ਹੋ ਗਈ ਸੀ।

****

ਅਜਿਹਾ ਬਿਲਕੁਲ ਨਹੀਂ ਹੋਇਆ। ਜੋ ਤੁਸੀਂ ਸਮਝਿਆ ਉਹ ਭ੍ਰਮ ਪਾਲਣ ਵਾਂਗ ਸੀ। ਜਿੰਨੇ ਕਿਆਫੇ ਬਾਬੂਆਂ ਲਾਏ, ਪੋਟਿਆਂ 'ਤੇ ਗਿਣਨ ਜੋਗੀਆਂ ਸ਼ਰਤਾਂ ਲਾਈਆਂ, ਸਭ ਫਿਰਨੀ 'ਚੋਂ ਉਠੀ ਧੂੜ ਵਾਂਗੂ ਥਾਂਈਂ ਬੈਠ ਗਈਆਂ। ਮੈਂ ਆਪ ਵੀ ਕਹਾਣੀ ਦੇ ਅੰਤ 'ਚ ਉਲਝ ਸੀ। ਜੁਲਾਹੇ ਦੀ ਉਲਝੀ ਹੋਈ ਤਾਣੀ ਵਾਂਗੂ। ਜਾਂ ਅਜੰਤਾ ਦੀਆਂ ਗੁਫਾਵਾਂ 'ਚ ਆਪਣਾ ਰਸਤਾ ਲੱਭਦੇ ਸੈਲਾਨੀ ਵਾਂਗੂ।

ਕਹਾਣੀ ਦਾ ਅੰਤ ਅਜਿਹਾ ਨਹੀਂ ਹੋਣਾ ਚਾਹੀਦਾ।

ਪਰ ਅਜਿਹਾ ਹੋਇਆ ਹੈ।

ਅਜਿਹਾ ਕਿਉਂ ਹੋਇਆ ਹੈ?

ਇਸ ਦਾ ਜੁਆਬ ਮੈਂ ਤੁਹਾਡੇ ਲਈ ਛੱਡਦਾਂ ਹਾਂ।

"ਜੋ ਹੋਇਆ, ਹੁਣ ਉਸ ਨੂੰ ਹੀ ਪੜ੍ਹ ਲਓ.. ਫਾਈਲ ਇਨਕੁਆਰੀ ਤੋਂ ਪਤਾ ਚਲਿਆ ਹੈ ਕਿ ਕਿਸੇ ਨੇ ਹਰੀਸ਼ ਕੁਮਾਰ ਦੀ ਸ਼ਿਕਾਇਤ ਲਾਗਬਾਜ਼ੀ ਨਾਲ ਕੀਤੀ ਸੀ। ਦਫ਼ਤਰੀ ਰਿਕਾਰਡ ਤੇ ਪਿਛਲੇ ਸਾਲਾਂ ਦੀਆਂ ਏ. ਸੀ. ਆਰਜ਼. ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਹਰੀਸ਼ ਕੁਮਾਰ ਇਕ ਇਮਾਨਦਾਰ ਕਰਮਚਾਰੀ ਹੈ ਤੇ ਉਸ ਦਾ ਕੰਮ ਤਸਲੀਬਖ਼ਸ਼ ਹੈ।" ਥਲੇ ਪਿਆਰਾ ਸਿੰਘ ਨੇ 'ਵੈਰੀ ਗੁਡ' ਲਿਖ ਕੇ ਸਾਈਨ ਕੀਤੇ ਸਨ। ਉਸ ਦੇ ਹੇਠਾਂ ਜੀ.ਐਮ. ਦੇ ਸਾਈਨ ਵੀ ਹੋ ਗਏ ਸਨ।



www.PunjabiLibrary.com

# ਪਾਣੀ ਦੇ ਸੱਪ

(1)

ਦੇਵ ਨੇ ਠਿੱਬੀ ਜੁੱਤੀ ਲਾਹ ਕੇ ਬਾਬੇ ਦੀ ਤਸਵੀਰ ਅੱਗੇ ਸਿਰ ਝੁਕਾਇਆ। ਪ੍ਰਾਰਥਨਾ ਵਰਗੇ ਸ਼ਬਦ ਉਚਾਰੇ। ਖੈਰ ਮੰਗੀ। ਆਪਣੀ ਗੱਡੀ ਦੀ। ਆਦਤ ਅਨੁਸਾਰ 'ਕੁੱਲ ਸੰਸਾਰ' ਦੀ ਵੀ। ਮੈਲੀ ਕੁਚੈਲੀ ਤੇ ਤੇਲ ਨਾਲ ਗੜੁਚ ਹੋਈ ਲੀਰ ਨਾਲ ਟੁੱਟੇ ਹੋਏ ਬਾਣ ਦੇ ਮੰਜੇ ਵਰਗੇ ਮੀਟਰ ਬਕਸ ਤੋਂ ਮਿੱਟੀ ਝਾੜੀ। ਸ਼ੀਸ਼ੇ 'ਚ ਮੁੱਛਾਂ ਸੰਵਾਰੀਆਂ। ਪੱਗ ਦਾ ਲੜ ਉੜਾਂਗਿਆ। ਗੇਅਰ ਦੀ ਚੂੜੀਆਂ ਵਾਲੀ ਡੂਟਣੀ ਨੂੰ ਖੱਬੇ ਹੱਥ ਦੇ ਅੰਗੂਠੇ ਨਾਲ ਨੱਪ ਤੇ ਪੈਰ ਕਲੱਚ ਤੇ ਐਕਸੀਲੇਟਰ 'ਤੇ ਟਿਕਾਉਂਦਿਆਂ ਹੋਇਆਂ, ਸੱਜੇ ਹੱਥ ਦੀ ਦੂਜੀ ਉਂਗਲ ਸੈਲਫ 'ਤੇ ਰੱਖਦਿਆਂ ਹੋਇਆਂ ਪਿਛਾਂਹ ਨੂੰ ਭਰਵੀਂ ਨਜ਼ਰ ਮਾਰ ਕੇ ਪੁੱਛਿਆ, "ਉਏ ਸੇਮਿਆਂ ਚਲੀਏ ?"

"ਨ੍ਹੇਰੀ ਆਈ ਆ। ਦੋ ਕੁ ਮਿਨਟ ਹੋਰ ਦੇਖ ਲੈ," ਇਕ ਲੱਤ ਥੱਲੇ ਤੇ ਇਕ ਲੱਤ ਤਾਕੀ ਦੇ ਪਹਿਲੇ ਪੌਂਡੇ 'ਤੇ ਟਿਕਾ ਕੇ ਪਿਛਲੇ ਪਾਸੇ ਵੱਲ ਨੂੰ ਸਵਾਰੀਆਂ ਦੀ ਝਾਕ ਵਿਚ ਨਜ਼ਰ ਰੱਖਦਿਆਂ ਹੋਇਆਂ ਤਰਸੇਮ ਨੇ ਆਵਾਜ਼ ਦਿੱਤੀ।

"ਖਸਮਾਂ ਚੱਲ ਵੀ ਪਿਆ ਕਰ। 'ਗਾਂਹ ਵੀ ਲੱਗਣਾ ਹੁੰਦਾ ਕਿਤੇ ਪੱਤਣ ਕੰਢੇ।"

"'ਗਾਂਹ ਤਾਂ ਮੈਂ ਵੀ ਜਾਣਾਂ। ਤੇਰੇ ਕੁਸ਼ ਲੱਗਦੇ ਨੇ ਦਸ ਟਿਕਟਾਂ ਕੱਟ ਦਿੱਤੀਆਂ। ਨਕੋਦਰ ਦੀਆਂ। ਅਜੇ ਪੰਜ ਵਿਕੀਆਂ। ਮੈਂ ਕਿਹੜਾ ਮਹਾਰਾਜੇ ਪਟਿਆਲੇ ਦਾ ਰਿਸ਼ਤੇਦਾਰ ਆਂ ਕਿ ਕੋਲੋਂ ਪਾ ਦਵਾਂ।"

"ਕੋਈ ਨਾ। ਕੋਈ ਨਾ। ਤੂੰ ਇਹ ਕਿਹੜੀ ਗੱਲ ਕਰਤੀ। ਮਹਾਰਾਜੇ ਪਟਿਆਲੇ ਨਾਲ ਵੀ ਰਿਸ਼ਤੇਦਾਰੀ ਲੱਭ ਲੈਣੇ ਆਂ। ਦੂਰ-ਨੇੜੇ ਦੀ। ਤੂੰ ਪੰਜਾਂ ਨੂੰ ਰੋਣਾਂ। ਦੇਖੀਂ-ਵੀਹ ਹੋਰ ਵਿਕ ਜਾਣੀਆਂ। ਸ਼ਹਿਰੋਂ ਨਿਕਲਣ ਤੋਂ ਪਹਿਲਾਂ-ਪਹਿਲਾਂ।" ਉਸ ਵਿਸਲ ਦੀ ਪ੍ਰਵਾਹ ਕੀਤਿਆਂ ਬਿਨਾਂ ਬਸ ਤੋਰਨ ਦੀ ਕੀਤੀ ਸੀ।

(2)

ਗੁਰੂ ਨਾਨਕ ਮਿਸ਼ਨ ਚੌਕ।



ਪੰਜ ਸਵਾਰੀਆਂ ਚੜ੍ਹੀਆਂ।

ਨਕੋਦਰ ਚੌਕ।

ਅੱਠ ਸਵਾਰੀਆਂ ਸਨ।

ਰਵਿਦਾਸ ਚੌਕ।

ਬਸ ਭਰ ਗਈ ਸੀ।

ਬਡਾਲਾ ਚੌਕ।

"ਹੁਣ ਤੁਰਿਆ ਵੀ ਚੱਲ। 'ਕੱਠਾ ਹੀ ਮਿਹਰਬਾਨ ਹੋ ਗਿਆਂ। ਨਾ ਚੁੱਕੇਂ ਤਾਂ ਭਾਵੇਂ ਦਸ ਸਵਾਰੀਆਂ ਵੀ ਨਾ ਚੁੱਕੇਂ, ਜੇ ਦਿਲ ਆ ਜਾਵੇ ਤਾਂ ਇਕ ਵੀ ਨ੍ਹੀਂ ਛੱਡਦਾ," ਤਰਸੇਮ ਨੇ ਵਿਸਲ ਮਾਰਦਿਆਂ ਹੋਇਆਂ ਕਿਹਾ।

"ਕੋਈ ਗੱਲ ਨ੍ਹੀਂ। ਤੂੰ ਪੰਜ ਟਿਕਟਾਂ ਦੀ ਗੱਲ ਕਰਦਾ ਸੀ-ਹੁਣ ਰੱਜ ਲੈ। ਇਹ ਵਿਚਾਰੇ ਵੀ ਐਸ ਵੇਲੇ ਕਿੱਥੇ ਜਾਣਗੇ। ਆਪਣੀ ਬੁਕਿੰਗ ਦਾ ਰਿਕਾਰਡ ਬਣ ਜਾਊ। ਫੇਰ ਕਿਹੜਾ ਮਾਈ ਦਾ ਲਾਲ ਜੰਮਿਆ ਸਾਨੂੰ ਇਸ ਰੂਟ ਤੋਂ ਲਾਹੁਣ ਵਾਲਾ। ਐਵੇਂ ਤਾਂ ਸਰਕਾਰ ਨ੍ਹੀਂ ਦਿੰਦੀ-ਸਾਢੇ ਤਿੰਨ ਘੰਟੇ ਓਵਰ ਟੈਮ ਦੇ। ਚੌਸਰ ਲਾਈ ਦੀ ਆ ਰੋਜ਼.....।"

"ਬੀਰਬਲ ਵਾਂਗੂ ਗੱਲਾਂ ਇਹਤੋਂ ਕੋਈ ਜਿੰਨੀਆਂ ਮਰਜ਼ੀ ਕਰਾ ਲਵੇ।"

(3)

ਖੁਰਲੇ ਕਿੰਗਰੇ ਤਕ ਸਵਾਰੀਆਂ ਦੀ ਗਿਣਤੀ ਤਰਸੇਮ ਦੇ ਕਿਆਸ ਨਾਲੋਂ ਕਿਤੇ ਵਧ ਹੋ ਗਈ ਸੀ।

"ਹੁਣ ਤੈਨੂੰ ਕੀ ਕਸਰ ਆ। ਤੂੰ ਫੇਰ ਰੋਕ ਲਈ," ਟੀਵੀ ਟਾਵਰ ਕੋਲ ਆ ਕੇ ਤਰਸੇਮ ਨੇ ਖਿਝ ਕੇ ਲੰਮੀ ਵਿਸਲ ਦਿੰਦਿਆਂ ਹੋਇਆਂ ਕਿਹਾ। ਅਜੇ ਤਾਈਂ ਉਸ ਮਸਾਂ ਅੱਧੀਆਂ ਕੁ ਟਿਕਟਾਂ ਕੱਟੀਆਂ ਸੀ।

"ਕੁਲੱਕੜਾ-ਤੈਨੂੰ ਨ੍ਹੀਂ ਪਤਾ। ਇਹ ਆਪਣਾ ਸਟਾਫ ਮੈਂਬਰ ਆ। ਅੱਜ ਆਪਾਂ ਇਹਨੂੰ ਨਾ ਚੜ੍ਹਾਇਆ ਤਾਂ ਕਲ੍ਹ ਨੂੰ ਇਹ ਆਪਣੇ ਨਾਲ ਘੱਟ ਕਰੂਗਾ।"

ਤਰਸੇਮ ਇਕ ਦਮ ਹੀ ਚੁੱਪ ਕਰ ਗਿਆ ਸੀ ਜਿਵੇਂ ਬਸ ਵਿਚ ਕੋਈ ਸਵਾਰੀ ਨਹੀਂ ਸਗੋਂ ਉਸ ਦਾ ਕੋਈ ਰਿਸ਼ਤੇਦਾਰ ਚੜ੍ਹ ਗਿਆ ਹੋਵੇ।

"ਚੱਲੀਏ," ਉਸ ਨੇ ਸਾਈਡ ਵਾਲੇ ਸ਼ੀਸ਼ੇ ਥਾਣੀਂ ਦੇਖਿਆ। ਫੇਰ ਧੌਣ ਪਿਛਾਂਹ ਨੂੰ ਕਰਕੇ ਪੁੱਛਿਆ, "ਉਏ ਰੱਬ ਦਿਆ ਬੰਦਿਆ, ਹੁਣ ਕਿਹੜੀ ਮਾਂ ਕੋਲ ਜਾ ਕੇ ਸੌਂ ਗਿਆਂ ?"

"ਚੱਲ-ਚੱਲ-ਹੁਣ ਕੀਲੀ ਨੱਪੀ ਚਲ।"

ਇਕ ਸਵਾਰੀ ਨੇ ਦੂਜੀ ਸਵਾਰੀ ਨੂੰ ਕਿਹਾ, "ਪੁਲਿਸ ਤੇ ਰੋਡਵੇਜ਼ ਵਾਲਿਆਂ ਦੀ ਭਾਸ਼ਾ ਬੜੀ ਅੱਖੜ ਕਿਸਮ ਦੀ ਹੁੰਦੀ ਆ।"

ਦੂਜੀ ਸਵਾਰੀ ਨੇ ਦੱਸਿਆ, "ਇਕ ਵਾਰੀ ਦੀ ਗੱਲ ਆ। ਕਿਸੇ ਕਾਲਜ ਦੀ ਪ੍ਰਿੰਸੀਪਲ ਬਸ 'ਚ ਮੋਗੇ ਜਾ ਰਹੀ ਸੀ। ਸਾਰੀ ਵਾਟ ਕੰਡਕਟਰ ਨੇ ਐਨੀਆਂ ਗਾਲਾਂ ਕੱਢੀਆਂ ਕਿ ਰਹੇ ਰੱਬ ਦਾ ਨਾਂ। ਪ੍ਰਿੰਸੀਪਲ ਨੂੰ ਬੜਾ ਗੁੱਸਾ ਆਇਆ। ਪਰ ਉਸ ਸਬਰ ਰਖਿਆ। ਬਸ ਮੋਗੇ ਪਹੁੰਚੀ ਤਾਂ ਉਹ ਸਿੱਧੀ ਜਨਰਲ ਮੈਨੇਜਰ ਦੇ ਕਮਰੇ 'ਚ ਚਲੇ ਗਈ। ਉਸ ਕੋਲ



www.PunjabiLibrary.com

ਕੰਡਕਟਰ ਦੀ ਸ਼ਕਾਇਤ ਕੀਤੀ। ਜਨਰਲ ਮੈਨੇਜਰ ਨੇ ਘੰਟੀ ਮਾਰ ਕੇ ਡਿਊਟੀ ਇੰਸਪੈਕਟਰ ਨੂੰ ਬੁਲਾ ਲਿਆ। ਜਨਰਲ ਮੈਨੇਜਰ ਨੇ ਡਿਊਟੀ ਇੰਸਪੈਕਟਰ ਨੂੰ ਕਿਹਾ-'ਉਸ ਭੈਣ ਦੇ ਯਾਰ ਨੂੰ ਗਲ ਤੋਂ ਫੜ ਕੇ ਲਿਆਉ। ਮੈਂ ਦੱਸਦਾਂ ਕਿ ਭੈਣ... ਮਾਂ ਵਾਲੀ ਨੌਕਰੀ ਕਿਵੇਂ ਕਰੀਦੀ ਆ।' ਪ੍ਰਿੰਸੀਪਲ ਬੁੱਲ੍ਹਾਂ 'ਚ ਹੱਸਦੀ ਹੋਈ ਬਾਹਰ ਆ ਗਈ ਕਿ ਇਥੇ ਤਾਂ ਆਵਾ ਹੀ ਉਤਿਆ ਹੋਇਆ।"

ਗੱਲ ਤਰਸੇਮ ਨੇ ਵੀ ਸੁਣ ਲਈ ਸੀ। ਉਸ ਕਿਹਾ ਸੀ, "ਬਾਬੂ ਜੀ ਪੰਜੇ ਉਂਗਲਾਂ ਇਕੋ ਜਿਹੀਆਂ ਨ੍ਹੀਂ ਹੁੰਦੀਆਂ।"

(4)

ਲੁਹਾਰਾਂ ਪਿੰਡ ਦੀ ਜੂਹ ਟੱਪਦਿਆਂ ਹੀ ਬਸ ਦੀ ਸਪੀਡ ਘੱਟਦੀ-ਘੱਟਦੀ ਬਿਲਕੁਲ ਘੱਟ ਗਈ ਸੀ। ਸਿਰਫ਼ ਘੂੰ-ਘੂੰ ਦੀ ਆਵਾਜ਼ ਆਉਣ ਲਗੀ ਸੀ।

ਸਪੀਡ ਵਧਾਉਣ 'ਚ ਉਸ ਦਾ ਹਰੇਕ ਯਤਨ ਅਸਫਲ ਰਿਹਾ ਸੀ।

"ਉਏ ਯੰਗਮੈਨ-ਆਈਂ ਤਾਂ ਜ਼ਰਾ ਕੁ," ਉੱਚੀ ਦੇਣੀ ਉਸ ਤਰਸੇਮ ਨੂੰ ਹਾਕ ਮਾਰੀ ਸੀ।

"ਹੁਣ ਕੀ ਬੀਮਾਰੀ ਪੈ ਗਈ?"

"ਇਥੇ ਖੜਾ ਹੀ ਟਿਟਔਲੀ ਵਾਂਗ ਟੈਂ-ਟੈਂ ਕਰੀ ਜਾਣਾਂ। ਉਰੇ ਆ ਬੀਮਾਰੀ ਤੈਨੂੰ ਫੇਰ ਦੱਸੂੰਗਾ। ਪਹਿਲਾਂ ਜ਼ਰਾ ਪੰਪ ਤਾਂ ਮਾਰ ਆ ਕੇ।"

ਤਰਸੇਮ ਨੇ ਟਿਕਟਾਂ 'ਤੇ ਲਾਸਟਿਕ ਦੇ ਪੱਟੇ ਦਾ ਬਲ ਮਾਰਿਆ। ਟਿਕਟਾਂ ਥੈਲੇ ਦੀ ਵਿਚਕਾਰਲੀ ਜੇਬ 'ਚ ਰੱਖੀਆਂ। ਕਮੀਜ਼ ਦੀ ਬਾਂਹ ਉਤਾਂਹ ਨੂੰ ਉਡੂੰਗੀ। ਹਵਾ ਦੇ ਜ਼ੋਰ ਤੋਂ ਬਚਣ ਲਈ ਮੂੰਹ ਨੂੰ ਇਕ ਪਾਸੇ ਕਰਕੇ ਪੰਪ ਮਾਰਨ ਲੱਗਾ। ਦੂਹੋ-ਦੂਹ।

"ਹੋਰ ਹੀ ਪਾਸਿਆਂ 'ਚ ਜ਼ੋਰ ਲਾਉਣਾ ਰਹਿਣਾਂ। ਇਥੇ ਜ਼ੋਰ ਲਾ ਕੇ ਦੇਖ।"

(5)

ਬਸ 'ਚ ਸਵਾਰੀਆਂ ਕੁਲ-ਬੁਲ-ਕੁਲ-ਬੁਲ ਕਰਨ ਲਗੀਆਂ ਸਨ। ਹਰ ਇਕ ਨੂੰ ਆਪਣੀ ਆਪਣੀ ਕਾਹਲੀ ਸੀ।

-ਰੋਡਵੇਜ਼ ਦੀਆਂ ਲਾਰੀਆਂ-ਧੱਕਾ ਲਾਉਣ ਸਵਾਰੀਆਂ।

-ਰੋਡਵੇਜ਼ ਦੀ ਬਸ ਵਿਚ ਬੈਠਣ ਦਾ ਤਾਂ ਪੰਜਾਹਾਂ ਦਾ ਘਾਟਾ।

-ਐਸ ਵੇਲੇ ਕਿਸੇ ਹੋਰ ਬਸ ਦਾ ਟੈਮ ਵੀ ਨ੍ਹੀਂ।

-ਜਿੱਦਾਂ ਦੀ ਸਰਕਾਰ ਉਦਾਂ ਦੀਆਂ ਸਰਕਾਰੀ ਬਸਾਂ।

-ਬਸ ਰੱਬ ਆਸਰੇ ਆ ਸਾਰਾ ਕੁਝ।

-ਏਦੂੰ ਤਾਂ ਮਿੰਨੀ ਬਸ ਵਿਚ ਜਾਣਾ ਚੰਗਾ।

-ਬੰਦਾ ਵੀ ਕੀ ਕਰੇ। ਇਸ ਮੁਲਕ ਵਿਚ ਕੋਈ ਸੁਣਵਾਈ ਨ੍ਹੀਂ।

-ਆਹ ਵੇਲਾ। ਉਪਰੋਂ ਅੱਤਵਾਦੀਆਂ ਦੀ ਦਹਿਸ਼ਤ।

-ਚੁੱਪ ਕਰੋ ਜੀ। ਐਸ ਵੇਲੇ ਆਹ ਗੱਲਾਂ ਨਾ ਕਰੋ। ਨ੍ਹੀਂ ਤਾਂ ਕਈਆਂ ਦਾ ਡਰਦਿਆਂ ਮਾਰਿਆਂ ਦਾ ਕੱਛੇ 'ਚ ਪੇਸ਼ਾਬ ਨਿਕਲ ਜਾਣਾਂ।



(6)

ਦੇਵ ਦੀ ਮਿਹਨਤ ਰੰਗ ਲਿਆਈ ਸੀ।

ਬਸ ਚੱਲਣ ਨਾਲ ਲੋਕ ਸ਼ਾਂਤ ਹੋ ਗਏ ਸਨ।

ਲਾਂਬੜਾ ਟਪਦਿਆਂ ਹੀ ਬਸ ਦੀ ਸਪੀਡ ਫੇਰ ਘੱਟ ਗਈ ਸੀ।

"ਹੁਣ ਕੀ ਇਹਦੇ ਸੱਪ ਲੜ ਗਿਆ?" ਤਰਸੇਮ ਨੇ ਇੰਜਣ 'ਤੇ ਬੈਠਦਿਆਂ ਹੋਇਆਂ ਪੁੱਛਿਆ।

"ਕੁਝ ਪਤਾ ਨ੍ਹੀਂ ਲੱਗਦਾ। ਅੱਜ ਤਾਂ ਆਪਾਂ ਗੇੜਾ ਵੀ ਮਿਸ ਕੀਤਾ-ਬਈ ਪੰਪ ਦਾ ਕੰਮ ਠੀਕ-ਠਾਕ ਹੋ ਜਾਵੇ।"

"ਮਿਸਤਰੀ ਸਾਲਿਆਂ ਨੇ ਪੰਦਰਾਂ ਮੇਰੇ ਖਰਚਾ ਦਿੱਤੇ।"

"ਅਜੇ ਤਾਂ ਛਿੰਦਰ ਬੋਤਲ ਮੰਗਦਾ। ਕਹਿੰਦਾ ਸੀ-ਗਰਮ ਸਰਮ ਹੋਣਾ।"

"ਮਿਸਤਰੀ ਬੜੇ ਹੱਡ ਹਰਾਮੀ ਹੋ ਗਏ! ਕੰਮ ਕਰਕੇ ਰਾਜ਼ੀ ਹੀ ਨ੍ਹੀਂ।"

"ਬੱਸ ਗੱਲ ਢੱਕੀ ਰਹਿਣ ਦੇ। ਗੰਦ ਨੂੰ ਫਰੋਲਿਆਂ ਹੱਥ ਹੀ ਲਿਬੜਣੇ ਆ।"

"ਫਿਲਟਰ ਚੰਗਾ ਨਿਕਲ ਆਵੇ ਤਾਂ ਠੀਕ। ਨ੍ਹੀਂ ਤਾਂ ਚੌਵੀ ਘੰਟੇ ਵੀ ਨ੍ਹੀਂ ਕੱਢਦਾ।"

(7)

ਬਸ ਫੇਰ ਖੜ ਗਈ ਸੀ। ਹਨੇਰਾ ਹੋਰ ਸੰਘਣਾ ਹੋ ਗਿਆ ਸੀ। ਠੰਢ ਵੱਧ ਗਈ ਸੀ।

"ਹੁਣ?" ਤਰਸੇਮ ਨੇ ਪੁੱਛਿਆ।

"ਦੇਖਦੇਂ," ਉਸ ਬਰਨੋਟ ਇਕ ਪਾਸੇ ਟਿਕਾਉਂਦਿਆਂ ਹੋਇਆਂ ਕਿਹਾ।

ਤਰਸੇਮ ਤਾਂ ਸਿੱਧਾ ਹੀ ਉਸ ਦੇ ਮੂੰਹ ਵੱਲ ਦੇਖ ਰਿਹਾ ਸੀ।

"ਬੈਜੋਂ ਬੋਲਟ ਵਿਚ ਨੁਕਸ ਲੱਗਦਾ।"

"ਅੱਛਾ।"

"ਤੇਲ ਨ੍ਹੀਂ ਚੜ੍ਹ ਰਿਹਾ। ਅੱਜ ਕਲ੍ਹ ਦੇ ਤੇਲ ਵੀ ਮਾੜੇ ਆ।"

"ਤੈਨੂੰ ਪਤਾ ਹੀ ਆ।"

"ਪੰਪ ਮਾਰ ਤਾਂ ਇਕ ਵਾਰ ਫੇਰ। ਸ਼ਾਇਦ ਨੀਲੀ ਛੱਤਰੀ ਵਾਲਾ ਭਲੀ ਕਰੇ।"

ਤਰਸੇਮ ਨੇ ਹੱਥ ਪੂੰਝਣ ਲਈ ਕੱਪੜਾ ਫੜ ਲਿਆ ਤੇ ਦੂਹੋ-ਦੂਹ ਪੰਪ ਮਾਰਨ ਲੱਗਾ।

"ਯੰਗਮੈਨ। ਤੇਰਾ ਨਵਾਂ-ਨਵਾਂ ਵਿਆਹ ਹੋਇਆ। ਪੱਖੇ ਤੋਂ ਬਚੀਂ। ਦੇਖੀਂ ਕਿਤੇ ਲਲ੍ਹੀਆਂ ਵਾਲੇ ਕੈਲੋ ਵਾਂਗੂੰ....।"

(8)

"ਧੱਕਾ ਲਾ ਕੇ ਦੇਖ ਲਓ," ਪਿੱਛੋਂ ਕਿਸੇ ਸਵਾਰੀ ਦੀ ਆਵਾਜ਼ ਆਈ ਸੀ।

"ਭਾਜੀ, ਧੱਕਾ ਤਾਂ ਲਾਈਦਾ-ਜੇ ਗੱਡੀ ਸਟਾਰਟ ਨਾ ਹੋਵੇ," ਲੀਰੋ-ਲੀਰ ਹੋਈ ਲੀਰ ਨਾਲ ਰਗੜ-ਰਗੜ ਕੇ ਹੱਥ ਪੂੰਝਦਿਆਂ ਹੋਇਆਂ ਤਰਸੇਮ ਨੇ ਦੱਸਿਆ ਸੀ।



www.PunjabiLibrary.com

(9)

"ਸਵਾਰੀਆਂ ਨੂੰ ਪੈਸੇ ਮੋੜ ਦੇ-'ਰਾਮ ਨਾਲ। ਐਸ ਵੇਲੇ ਵਰਕਸ਼ਾਪੋਂ ਕਿਸੇ ਸ਼ਾਹਿਨਸ਼ਾਹ ਨੇ ਨ੍ਹੀਂ ਆਉਣਾ। ਨਾ ਹੀ ਕਿਸੇ ਬਸ ਦਾ ਟੈਮ ਰਿਹਾ। ਸਾਢੇ ਸੱਤ ਵਜੇ ਫੋਰਸ ਵਾਲੀ ਆਉਣੀ। ਪਰ ਉਨ੍ਹਾਂ ਪਤੰਦਰਾਂ ਨੇ ਨ੍ਹੀਂ ਰੋਕਣੀ। ਨਾਲ ਜਿਉਂ ਬੈਠੇ ਹੁੰਦੇ ਆ ਲਾਲ ਪੱਗਾਂ ਵਾਲੇ," ਉਸ ਪੈਰ ਕਲੱਚ ਤੋਂ ਚੁੱਕ ਲਿਆ ਸੀ। ਖੇਸ ਦੀ ਬੁਕਲ ਮਾਰ ਲਈ ਸੀ। ਸਰੀਰ ਢਿੱਲਾ ਛੱਡ ਦਿੱਤਾ ਸੀ।

"ਮੈਂ ਪਿੰਡ ਨੂੰ ਜਾ ਆਵਾਂ?" ਤਰਸੇਮ ਨੇ ਦੇਵ ਦੇ ਕੰਨ ਕੋਲ ਮੂੰਹ ਲਿਜਾ ਕੇ ਪੁੱਛਿਆ।

"ਤੂੰ ਤਾਂ ਜਾ 'ਰਾਮ ਨਾਲ। ਲਾਲ ਚੂੜੇ ਵਾਲੀ ਉਡੀਕਦੀ ਹੋਣੀ ਆ-ਜੀ ਮੇਰਾ ਮਾਹੀਆ ਅਜੇ ਨ੍ਹੀਂ ਆਇਆ। ਜਾ ਕੇ ਬੁਕਲ ਨਿਘੀ ਕਰ। ਮੈਂ ਨ੍ਹੀਂ ਜਾ ਸਕਦਾ।"

"ਤੂੰ ਜਾਵੇਂਗਾ ਵੀ ਕਿਵੇਂ। ਜੇ ਰਾਤ ਨੂੰ ਗੱਡੀ ਦਾ ਨੁਕਸਾਨ ਹੋ ਗਿਆ ਤਾਂ। ਅਜੇ ਮਲਸੀਆਂ ਵਾਲੀ ਗੱਲ ਭੁੱਲੀ ਨ੍ਹੀਂ ਹੋਣੀ।"

"ਮੈਨੂੰ ਅਕਲ ਨਾ ਦੇ। ਤੂੰ ਜਾਣ ਦੀ ਤਿਆਰੀ ਕਰ।"

(10)

ਤਰਸੇਮ ਦੇ ਦੁਆਲੇ ਸਵਾਰੀਆਂ ਦਾ ਝੁਰਮਟ ਇਕੱਠਾ ਹੋ ਗਿਆ ਸੀ। ਬਸ ਵਿਚ ਜਾਂ ਤਾਂ ਔਰਤਾਂ ਰਹਿ ਗਈਆਂ ਸਨ ਜਾਂ ਬੁੱਢੇ ਠੇਰੇ।

"ਮੈਂ ਤਾਂ ਕੋਈ ਚੀਜ਼ ਦੇਖਣ ਲਈ ਥੱਲੇ ਉਤਰਿਆ ਸੀ ਪਰ ਤੁਸੀਂ ਸਾਰੇ ਕਿਉਂ ਠੰਢ 'ਚ ਆ ਗਏ?" ਤਰਸੇਮ ਨੇ ਦੂਰ ਤੱਕ ਸੁੰਨੀ ਸੜਕ ਵੱਲ ਦੇਖਦਿਆਂ ਹੋਇਆਂ ਕਿਹਾ ਸੀ।

"ਅਸੀਂ ਵੀ ਕਿਤੇ ਸਿਰੇ ਬੰਨੇ ਲੱਗਣਾਂ।" ਰਲਵੀਆਂ-ਮਿਲਵੀਆਂ ਇਕੋ ਸੁਰ ਵਾਲੀਆਂ ਆਵਾਜ਼ਾਂ ਆਈਆਂ ਸਨ।

"ਮੈਂ ਵੀ ਤੁਹਾਡੇ ਨਾਲ ਹੀ ਆਂ।"

"ਤੇਰੇ ਕੋਲ ਤਾਂ ਬਿਸਤਰਾ ਵੀ ਹੋਣਾ।"

"ਕਿੱਥੋਂ ਭਰਾਵੋ।"

(11)

ਦੇਵ ਨੇ ਨੀਵੀਂ ਪਾਈ ਹੋਈ ਸੀ। ਰਾਤ ਕਿਵੇਂ ਬੀਤੇਗੀ? ਇਸ ਬਾਰੇ ਸੋਚ ਰਿਹਾ ਸੀ। ਲਾਗੇ-ਛਾਗੇ ਤਾਂ ਕੋਈ ਖੂਹ-ਮੋਟਰ ਨਹੀਂ ਸੀ। ਪਿੰਡ ਨਹੀਂ ਸੀ। ਪਿੰਡ ਢੇਡ ਕੁ ਮੀਲ ਹੋਣਾ। ਢੇਡ ਮੀਲ ਦੂਰ ਕੌਣ ਜਾਵੇਗਾ। ਬਸ ਇਕੱਲੀ ਛੱਡ ਕੇ। ਕੀ ਪਤਾ ਮਗਰੋਂ ਕੋਈ ਗੱਦੀਆਂ ਚੁੱਕ ਕੇ ਲੈ ਜਾਵੇ। ਬੈਟਰੀਆਂ ਹੀ ਕੱਢ ਲਵੇ। ਕੋਈ ਭੂਤਰਿਆ ਹੋਇਆ ਮੁੰਡਾ ਗੱਡੀ ਨੂੰ ਅੱਗ ਲਾ ਦੇਵੇ। ਉਪਰੋਂ ਕਿਹੜਾ ਸਮਾਂ ਬੀਤ ਰਿਹਾ। ਲੋਕ ਤਾਂ ਛੇ ਵਜੇ ਹੀ ਬਾਹਰਲੇ ਦਰਵਾਜ਼ੇ ਨੂੰ ਜਿੰਦਰਾ ਮਾਰ ਕੇ ਅੰਦਰ ਜਾ ਵੜਦੇ ਹਨ।

ਵਰਕਸ਼ਾਪ ਤੋਂ ਕਿਸੇ ਮਿਸਤਰੀ ਨੇ ਆਉਣਾ ਨਹੀਂ ਸੀ। ਮਨਾ-ਕਟ ਰਾਤ ਫੇਰ ਇਥੇ ਹੀ, ਆਪਣੇ ਮਨ ਨਾਲ ਉਸ ਵਿਚਾਰ ਕੀਤੀ। ਉਸ ਦੀ ਨਜ਼ਰ ਥੈਲੇ ਵੱਲ ਚਲੇ ਗਈ।



ਥੈਲੇ 'ਚ ਦਵਿੰਦਰ ਦੀ ਸਲੇਟ ਸੀ। ਨਾਨੋ ਦੀਆਂ ਕਿਤਾਬਾਂ ਸਨ। ਰਾਤੀਂ ਸੌਣ ਲੱਗਿਆਂ ਨਾਨੋ ਨੇ ਚੇਤੇ ਕਰਾਇਆ ਸੀ, "ਦੇਖੀਂ ਪਾਪਾ ਕਿੱਤੇ ਭੁੱਲ ਨਾ ਜਾਈਂ। ਮਾਸਟਰ ਨੇ ਫੇਰ ਮੈਨੂੰ ਕਹਿਣਾਂ।" ਅੱਜ ਤਾਂ ਉਸ ਕੋਲ ਸਮਾਂ ਵੀ ਕਾਫੀ ਬਚਿਆ ਸੀ। ਬਸ ਨੂੰ ਮਿਸਤਰੀ ਦੇ ਹਵਾਲੇ ਕਰਕੇ ਉਹ ਬਾਜ਼ਾਰ ਚਲਾ ਗਿਆ ਸੀ। ਵਾਪਸ ਆਇਆ ਤਾਂ ਬਸ ਉਦਾਂ ਦੀ ਉਦਾਂ ਹੀ ਖੜ੍ਹੀ ਸੀ। ਪੁੱਛਿਆ ਤਾਂ ਛਿੰਦਰ ਨੇ ਕਿਹਾ ਸੀ, "ਚਾਹ-ਚੂ ਤਾਂ ਮੰਗਾ ਪਹਿਲਾਂ। ਲੈ ਹੋਈ ਸਮਝ।" ਸਬਬ ਨਾਲ ਤਰਸੇਮ ਵੀ ਉਸ ਵੇਲੇ ਆ ਗਿਆ ਸੀ। ਫੇਰ ਕੀ ਸੀ-ਚਾਹ ਵੀ ਆ ਗਈ ਸੀ ਤੇ ਢਿੱਡ ਭਰਨ ਜੋਗੇ ਪਕੋੜੇ ਵੀ।

ਟਾਈਮ ਤਾਂ ਉਨ੍ਹਾਂ ਦਾ ਪੰਜ ਪੰਤਾਲੀ ਦਾ ਬਣਦਾ ਸੀ। ਬਸ ਸਾਢੇ ਚਾਰ ਵਜੇ ਮਿਸਤਰੀ ਨੇ ਉਸ ਦੇ ਹਵਾਲੇ ਕਰ ਦਿੱਤੀ ਸੀ ਇਹ ਕਹਿੰਦਿਆਂ, "ਲੈ ਵੀ ਦੇਵਿਆ-ਹੁਣ ਨ੍ਹੀਂ ਰਿਹਾ ਤੇਰੀ ਗੱਡੀ ਵਿਚ ਕੋਈ ਡੀਜ਼ਲ ਡਿਪੈਕਟ-ਪਰ ਮੂੰਹ ਕੌੜਾ ਜ਼ਰੂਰ ਕਰਾ।"

(12)

ਉਸ ਦੇ ਜ਼ਿਹਨ 'ਚ ਆਪਣਾ ਘਰ ਉਭਰਿਆ ਸੀ। ਅੱਜ ਵੀ ਘਰ ਨਹੀਂ ਜਾ ਹੋਣਾ। ਵਿਚਾਰੀ ਜੀਤੋ ਉਡੀਕਦੀ ਬੈਠੀ ਹੋਣੀ ਕਿ ਹੁਣ ਵੀ ਆਇਆ ਕਿ ਹੁਣ ਵੀ ਆਇਆ। ਘਰ ਜਾਂਦਿਆਂ ਕਰਦਿਆਂ ਰੋਜ਼ ਹੀ ਅੱਠ ਨੌਂ ਵੱਜ ਹੀ ਜਾਂਦੇ ਹਨ। ਪਹਿਲਾਂ ਐਸ. ਡੀ. ਐਮ. ਦੀ ਕਚਹਿਰੀ 'ਚ ਜਾ ਕੇ ਬਸ ਖੜੀ ਕਰਨੀ ਹੁੰਦੀ ਹੈ। ਫੇਰ ਪੰਜ ਮੀਲ ਸਾਈਕਲ ਚਲਾਕੇ ਪਿੰਡ ਜਾਣਾ ਹੁੰਦਾ ਹੈ।

ਦਸ ਵੱਜੇ ਤੱਕ ਤਾਂ ਉਹ ਜ਼ਰੂਰ ਉਡੀਕੇਗੀ। ਗਾਲਾਂ ਕੱਢੇਗੀ ਕਿ ਡਰਾਈਵਰਾਂ ਦਾ ਕੀ ਵਿਸਾਹ। ਉਹ ਗਾਉਣ ਲਗਾ-ਡਰੈਵਰੋਂ ਸੇ ਅਖੀਆਂ ਨਾ ਮਿਲਾਨਾ।

(13)

ਦੂਰੋਂ ਚਮਕਦੀਆਂ ਲਾਈਟਾਂ ਵੱਲ ਦੇਖਕੇ ਪੰਜ ਸਵਾਰੀਆਂ ਨੇ ਝਟ ਹੀ ਪੈਸੇ ਲੈਣ ਦੀ ਕੀਤੀ ਸੀ। ਟਿਕਟਾਂ ਤਰਸੇਮ ਦੇ ਹਵਾਲੇ ਕਰ ਦਿੱਤੀਆਂ ਸਨ। ਅੱਗੋਂ ਟਰੱਕ ਨਿਕਲਿਆ ਸੀ। ਨਾ ਰੁਕਿਆ। ਕਈਆਂ ਨੇ ਥੱਲੇ ਹੱਥ ਮਾਰੇ। ਇਕ ਦੋ ਨੇ ਹੱਥ ਜੋੜੇ।

(14)

"ਅਸੀਂ ਹੁਣ ਕਿੱਥੇ ਜਾਈਏ?"

"ਦੇਖੋ ਸ਼ਾਇਦ ਕੋਈ ਮਿੰਨੀ ਬਸ ਜਾਂ ਟਰੱਕ ਹੀ ਰੁਕ ਜਾਵੇ। ਮੈਂ ਵੀ ਤੁਹਾਡੇ ਨਾਲ ਹੀ ਜਾਣਾਂ।"

"ਅਸੀਂ ਤਾਂ 'ਗਾਂਹ ਵੀ ਜਾਣਾਂ।"

ਤਰਸੇਮ ਚੁੱਪ ਰਿਹਾ ਸੀ।

"ਸਾਨੂੰ ਆਪਣਾ ਤਾਂ ਕੋਈ ਫਿਕਰ ਨ੍ਹੀਂ। ਪਰ ਆਹ ਵਿਚਾਰੀਆਂ ਔਰਤਾਂ।"

"ਆਪਣੇ ਪੈਸੇ ਤਾਂ ਲੈ ਲਓ ਪਹਿਲਾਂ।

"ਪੈਸੇ ਅਸੀਂ ਸਿਰ 'ਚ ਮਾਰਣੇ। ਸਾਨੂੰ ਕਿਸੇ ਨਾ ਕਿਸੇ ਤਰ੍ਹਾਂ ਨਕੋਦਰ ਪਹੁੰਚਾ।"

"ਮੇਰੇ ਨਾਲ ਕਿਉਂ ਔਖਾ ਹੁਨਾਂ। ਤੇਰੇ ਕੋਲੋਂ ਪੈਸੇ ਲਏ ਸੀ। ਪੈਸੇ ਮੋੜ ਰਿਹਾ ਆਂ। ਬਸ ਦੀ ਜ਼ੁੰਮੇਵਾਰੀ ਡਰਾਈਵਰ ਦੀ ਹੁੰਦੀ। ਉਸ ਨਾਲ ਜਾ ਕੇ ਗੱਲ ਕਰ। ਮੇਰੇ ਨਾਲ ਫਾਲਤੂ



www.PunjabiLibrary.com

ਬੋਲਣ ਦੀ ਲੋੜ ਨ੍ਹੀਂ। ਸਮਝਿਆ ਕਿ ਸਮਝਾਵਾਂ ?"

(15)

ਅੱਖ ਦੇ ਫੇਰ ਨਾਲ ਹੀ ਲੋਕਾਂ ਨੇ ਦੇਵ ਨੂੰ ਆ ਘੇਰਿਆ ਸੀ। ਜਿਵੇਂ ਪਹਿਲਾਂ ਤੇ ਅੰਤਮ ਕਸੂਰ ਉਸੇ ਦਾ ਹੀ ਹੋਵੇ।

ਉਹ ਆਪਣੀ ਸੀਟ 'ਤੇ ਬੈਠਾ ਸੀ ਜਿਵੇਂ ਉਸ ਨੂੰ ਪਤਾ ਸੀ ਕਿ ਆਖਿਰੀ ਗੱਲ ਉਸ ਨਾਲ ਹੀ ਹੋਵੇਗੀ।

"ਅਸੀਂ ਐਸ ਵੇਲੇ ਕਿਥੇ ਜਾਈਏ ?"

"ਇਸ ਗੱਲ ਦਾ ਮੇਰੇ ਕੋਲ ਕੋਈ ਜੁਆਬ ਨ੍ਹੀਂ।"

"ਹੋਰ ਜੁਆਬ ਕਿਸ ਕੋਲ ਹੋਵੇਗਾ ?"

"ਦੇਖੋ-ਬਈ ਬਸ ਆ। ਮਸ਼ੀਨਰੀ ਆ। ਕਿਸੇ ਵੇਲੇ ਵੀ ਖਰਾਬ ਹੋ ਸਕਦੀ।"

"ਤੇਰੀ ਇਸ ਗੱਲ ਨੇ ਸਾਨੂੰ ਨਕੋਦਰ ਨ੍ਹੀਂ ਪਹੁੰਚਾਉਣਾ।"

"ਤੁਸੀਂ ਤਾਂ ਫੇਰ ਵੀ ਕਿਸੇ ਨਾ ਕਿਸੇ ਚੀਜ਼ ਤੇ ਚਲੇ ਜਾਉਗੇ-ਪਰ ਮੈਂ ਕਿੱਥੇ ਜਾਊਂਗਾ। ਮੇਰੀ ਇਸ ਗੱਲ ਦਾ ਜੁਆਬ ਦੇਉ।"

"ਇਹ ਤੁਸੀਂ ਆਪਣੇ ਮਹਿਕਮੇ ਵਾਲਿਆਂ ਤੋਂ ਪੁੱਛੋ।"

"ਫੇਰ ਬਸ ਖਰਾਬ ਖੜੀ ਆ। ਮੇਰਾ ਸਿਰ ਖਾਣ ਦੀ ਲੋੜ ਨ੍ਹੀਂ। ਤੁਸੀਂ ਜਾ ਕੇ ਦਫਤਰ ਵਾਲਿਆਂ ਨਾਲ ਗੱਲ ਕਰੋ।"

(16)

ਗੱਲ ਅਗਾਂਹ ਵੱਧਦੀ ਇਸਤੋਂ ਪਹਿਲਾਂ ਹੀ ਇਕ ਟਰੱਕ ਰੁਕ ਗਿਆ ਸੀ। ਸਵਾਰੀਆਂ ਨੇ ਚੜ੍ਹਣ ਦੀ ਕੀਤੀ ਸੀ। ਹੁਣ ਬਸ ਰਹਿ ਗਈ ਸੀ। ਖਾਲੀ ਦੀ ਖਾਲੀ। ਦੇਵ ਰਹਿ ਗਿਆ ਸੀ। ਉਸ ਦੀਆਂ ਨਾ ਮੁਕਣ ਵਾਲੀਆਂ ਸੋਚਾਂ ਦਾ ਕਾਫਲਾ। ਕੋਲ ਦੀ ਟਰੱਕ ਜਾਂ ਕੋਈ ਹੋਰ ਚੀਜ਼ ਲੰਘਦੀ ਤਾਂ ਉਸ ਦੀਆਂ ਸੋਚਾਂ ਦੀ ਲੜੀ ਟੁੱਟਦੀ। ਇਕ ਪਲ ਧਿਆਨ ਘਰ ਵੱਲ ਜਾਂਦਾ। ਢਿੱਡ 'ਚ ਖੋ ਪੈਣ ਲੱਗਦੀ। ਉਹਦੇ ਮੂੰਹੋਂ ਗਾਲ੍ਹਾਂ ਨਿਕਲਦੀਆਂ। ਇਨ੍ਹਾਂ ਦੀ ਭੈਣ ਨੂੰ ਚੁੱਕ ਕੇ ਲੈ ਜਾਂ। ਆਪ ਤਾਂ ਸਾਲੇ ਖਾ-ਖਾ ਡਕਾਰ ਮਾਰੀ ਜਾਂਦੇ। ਕਮੀਸ਼ਨ ਖਾ-ਖਾ ਕੋਠੀਆਂ ਪਾਈ ਜਾਂਦੇ ਤੇ ਮੈਨੂੰ ਅੱਧ ਵਾਟੇ ਰੋਣਾ ਪੈਂਦਾ। ਪਹਿਲਾਂ ਐਸ. ਪੀ. ਏ. ਦਾ ਲੱਕ ਸ਼ਿਕਾਰੀ ਕੁੱਤੇ ਵਰਗਾ ਸੀ। ਹੁਣ ਤਾਂ ਸੂਰ ਵਰਗੀ ਚਰਬੀ ਚੜ੍ਹੀ ਆ ਭੈਣ ਦੇਣੇ ਦੇ। ਸਾਲਾ ਮੇਰਾ ਕਿੰਨਾ ਮਲੀ ਜਾਂਦਾ। ਢੇਡ ਬੋਤਲ ਤਾਂ ਬੈਠਾ-ਬੈਠਾ ਡਕਾਰ ਜਾਂਦਾ। ਬਸ ਕਹੀ ਜਾਊ-'ਮਜ਼ਾ ਨ੍ਹੀਂ ਆਇਆ ਅਜੇ।' ਅਕਾਊਟੈਂਟ, ਐਸ. ਓ. ਤੇ ਵਰਕਸ ਮੈਨੇਜਰ ਦੀਆਂ ਤਾਂ ਦਸ ਦੀਆਂ ਦਸ ਉਂਗਲਾਂ ਚਾਸਣੀ ਨਾਲ ਲਿਬੜੀਆਂ ਰਹਿੰਦੀਆਂ। ਮਿਸਤਰੀ ਸਿੱਧੇ ਮੂੰਹ ਗੱਲ ਹੀ ਨਹੀਂ ਕਰਦੇ।

ਉਸ ਨੂੰ ਯਾਦ ਆਇਆ ਕਿ ਇਕ ਵਾਰ ਉਸ ਦੇ ਬਾਬੇ ਨੇ ਉਸਨੂੰ ਦੱਸਿਆ ਸੀ ਕਿ ਉਹ ਦਰਿਆ ਪਾਰ ਕਰ ਰਿਹਾ ਸੀ ਕਿ ਪਾਣੀ ਦੇ ਸੱਪਾਂ ਨੇ ਉਸਨੂੰ ਘੇਰ ਲਿਆ ਸੀ। ਕਈਆਂ ਨੇ ਉਹਨੂੰ ਡਸਿਆ ਸੀ। ਪਰ ਉਸਨੂੰ ਇਸ ਗੱਲ ਦਾ ਪਤਾ ਨਹੀਂ ਲੱਗਾ ਸੀ ਕਿ ਕਿਸ-ਕਿਸ ਨੇ ਉਸ ਨੂੰ ਡਸਿਆ ਸੀ ਕਿਉਂਕਿ ਉਹ ਇਕ ਨੂੰ ਪਰ੍ਹੇ ਕਰਦਾ ਸੀ ਤਾਂ ਦੂਜਾ ਪਾਣੀ 'ਚੋਂ ਸਿਰ ਬਾਹਰ ਕੱਢ ਲੈਂਦਾ ਸੀ। ਪਾਣੀ ਦੇ ਸੱਪ ਦੇ ਡੱਸਣ ਦਾ ਕੋਈ ਨੁਕਸਾਨ ਤਾਂ ਨਹੀਂ ਹੁੰਦਾ ਪਰ ਉਸ ਦਾ ਭੈਅ ਸਾਰੀ ਉਮਰ ਮਨੋ ਨਹੀਂ ਜਾਂਦਾ।

ਫੇਰ ਉਸ ਨੂੰ ਆਪਣੇ ਮਹਿਕਮੇ ਦੇ ਕਰਮਚਾਰੀ ਤੇ ਅਧਿਕਾਰੀ ਪਾਣੀ ਦੇ ਸੱਪ ਲੱਗੇ ਸਨ। ਬਸ, ਉਹ ਤਾਂ ਪਿੰਡੇ 'ਤੇ ਪਏ ਧਫੜਾਂ 'ਤੇ ਲਗਾਤਾਰ ਖਾਜ਼ ਕਰ ਰਿਹਾ ਸੀ।

www.PunjabiLibrary.com

## ਸ਼ੁਰੂਆਤ

ਕਹਾਣੀ ਤਾਂ ਕਿਤੋਂ ਵੀ ਸ਼ੁਰੂ ਕੀਤੀ ਜਾ ਸਕਦੀ ਹੈ।

ਇਸ ਦੀ ਸ਼ੁਰੂਆਤ ਹੀ ਇਸ ਦਾ ਅੰਤ ਹੈ ਤੇ ਅੰਤ ਸ਼ੁਰੂਆਤ।

...ਤੁਸੀਂ ਪੁੱਛੋਗੇ ਕਿ ਇਹ ਕੀ ਤੁਕ ਬਣੀ ਗੱਲ ਸ਼ੁਰੂ ਕਰਨ ਦੀ। ਇਸ ਦੀ ਸ਼ੁਰੂਆਤ ਹੀ ਇਸ ਦਾ ਅੰਤ ਕਿਵੇਂ ਹੋ ਸਕਦਾ ਹੈ। ਮੈਂ ਇਹ ਕਹਿਣਾ ਤਾਂ ਨਹੀਂ ਚਾਹੁੰਦਾ ਸੀ ਪਰ ਕੀ ਕੀਤਾ ਜਾਵੇ। ਵੈਸੇ ਕਿਹਾ ਜਾਂਦਾ ਹੈ ਕਿ ਲੇਖਕ ਨੂੰ ਚੁੱਪ ਰਹਿਣਾ ਚਾਹੀਦਾ ਹੈ। ਉਸ ਲਹਿਜੇ 'ਚ ਮੈਂ ਉਲੀਕੀ ਹੋਈ ਲੀਕ ਨਹੀਂ ਟੱਪਾਂਗਾ।

ਇਹ ਗੱਲਾਂ ਸ਼ੁਰੂ 'ਚ ਕਰਨੀਆਂ ਹੀ ਬਣਦੀਆਂ ਹਨ। ....ਨਹੀਂ ....ਨਹੀਂ। ਇਸ ਨਾਲ ਕਹਾਣੀ-ਰਸ 'ਚ ਕੋਈ ਰੁਕਾਵਟ ਨਹੀਂ ਪੈਣ ਲੱਗੀ। ਸਗੋਂ ਤੁਹਾਨੂੰ ਨਾਲ ਤੋਰਨ 'ਚ ਮਦਦ ਮਿਲੇਗੀ। ਤੁਹਾਨੂੰ ਇਕੱਲਿਆਂ ਨੂੰ ਨਹੀਂ, ਕਹਾਣੀ-ਪਾਠਕਾਂ ਨੂੰ ਵੀ। ਆਲੋਚਕਾਂ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ।

ਇਸ ਵਿਚ ਬੋਰ ਕਰਨ ਵਾਲੀ ਗੱਲ ਦਾ ਵਿਚਾਰ ਤੁਹਾਡੇ ਮਨ 'ਚ ਕਿਵੇਂ ਆ ਗਿਆ। ਕਹਾਣੀ ਤਾਂ ਆਖਿਰ ਕਹਾਣੀ ਹੀ ਹੋਣੀ ਹੈ। ਫੇਰ ਕੁਝ ਗੱਲਾਂ ਸਪੱਸ਼ਟ ਕਰਨ 'ਚ ਕੀ ਹਰਜ ਹੈ।...ਮੈਂ ਪਹਿਲਾਂ ਵੀ ਕਿਹਾ ਹੈ ਕਿ ਇਸ ਨਾਲ ਕਹਾਣੀ-ਰਸ 'ਚ ਕੋਈ ਫਰਕ ਨਹੀਂ ਆਉਣਾ। ਕਿਉਂਜੁ ਕਹਾਣੀ ਤਾਂ ਅਜੇ ਸ਼ੁਰੂ ਹੋਣੀ ਹੈ।

ਮੁੱਢ 'ਚ ਇਹ ਗੱਲਾਂ ਕਰਨੀਆਂ ਹੀ ਬਣਦੀਆਂ ਹਨ।

ਬੱਸ ਥੋੜ੍ਹਾ ਕੁ ਚਿਰ ਹੋਰ ਇੰਤਜ਼ਾਰ ਕਰਨਾ ਪਵੇਗਾ।

...ਉਦੋਂ ਤਾਈਂ ਮੁੱਖ ਪਾਤਰ ਬਾਰੇ ਦੱਸ ਦਿਆਂ।...ਫੇਰ ਉਹੀ ਗੱਲ। ਸ਼ਾਇਦ ਤੁਹਾਨੂੰ ਭਰਮ ਹੋਣਾ ਹੈ।...ਨਹੀਂ, ਮੇਰਾ ਇਹੋ ਜਿਹਾ ਕੋਈ ਇਰਾਦਾ ਨਹੀਂ। ਮੈਂ ਤੁਹਾਡੀ ਮਨੋਬਿਰਤੀ ਨੂੰ ਸਮਝਦਾ ਹਾਂ। ਇਸੇ ਲਈ ਤਾਂ ਮੈਨੂੰ ਭੂਮਿਕਾ ਬੰਨਣੀ ਪਈ ਹੈ।

ਫੁੰਮਣ ਸਿੰਘ ਦੀ ਕੁੜੀ ਕਿੰਦਰੋ ਨੂੰ ਜੀਤੇ ਦਾ ਜਗਦੀਸ਼ਾ ਕੱਢ ਕੇ ਲੈ ਗਿਆ, ਕਹਾਣੀ ਇਥੋਂ ਸ਼ੁਰੂ ਕੀਤੀ ਜਾ ਸਕਦੀ ਹੈ।

ਘਰ ਤੋਂ ਬਸ ਸਟੈਂਡ ਤੇ ਬਸ ਸਟੈਂਡ ਤੋਂ ਘਰ ਤੱਕ ਦੇ ਸਫ਼ਰ ਤੱਕ ਮੈਨੂੰ ਕਿੰਨੇ ਹੀ ਆਦਮੀ ਮਿਲੇ ਹਨ। ਤੁਹਾਡੇ ਵਰਗੇ। ਇਨ੍ਹਾਂ ਵਰਗੇ। ਇਕੋ ਗੱਲ ਹੁੰਦੀ ਸੀ। ਆਪੇ ਸੁਆਲ



ਕਰਦੀ। ਆਪੇ ਜੁਆਬ ਦਿੰਦੀ। ਕੁੜੀ ਮਿਲ ਗਈ? ਅਜੇ ਨਹੀਂ ਮਿਲੀ? ਘਰਦਿਆਂ ਨੂੰ ਪਹਿਲਾਂ ਪਤਾ ਸੀ? ਕੁੜੀ ਦੀ ਮਾਂ ਨੂੰ ਅਵੱਸ਼ ਪਤਾ ਹੋਊਗਾ? ਪੁਲਿਸ ਨੇ ਗੱਲ ਦਾ ਕੋਈ ਲੜ-ਸਿਰਾ ਫੜਿਆ? ਪੰਜਾਬ ਦੀ ਪੁਲਿਸ ਕੋਲੋਂ ਕਿਹਨੂੰ ਨਿਆਂ ਮਿਲਿਆ? ਗੱਲ ਸ਼ੁਰੂ ਹੋਣ ਦੀ ਦੇਰ ਹੁੰਦੀ ਹੈ। ਇਕ ਵਾਰ ਸ਼ੁਰੂ ਹੋ ਜਾਵੇ ਤਾਂ ਚਲ ਮੇਰੇ ਭਾਈ ਚਲਦੀ ਹੀ ਰਹਿੰਦੀ ਹੈ। ਫੇਰ ਸਾਰੇ ਜ਼ਰੂਰੀ ਕੰਮ ਪਿਛੇ ਪੈ ਜਾਂਦੇ ਹਨ। ਸਮੇਂ ਦੀਆਂ ਦੌੜੀਆਂ ਜਾ ਰਹੀਆਂ ਸੂਈਆਂ ਦੀ ਕੋਈ ਵੀ ਪ੍ਰਵਾਹ ਨਹੀਂ ਕਰਦਾ।

ਵਿਚਲੀ ਗੱਲ ਪੰਜਾਂ ਆਦਮੀਆਂ ਤੋਂ ਸ਼ੁਰੂ ਕਰਦਾ ਹਾਂ।

### ਪਹਿਲਾਂ ਆਦਮੀ

"ਕੀ ਹਾਲ ਆ ਚੌਧਰੀ ਸਾਬ੍ਹ?" ਲੰਬੜਾਂ ਦੀ ਹਵੇਲੀ ਵਾਲੇ ਪਾਸੇਉਂ ਪਾਟਦੀ ਗਲੀ ਵੱਲੋਂ ਹਰੀਏ ਨੂੰ ਨਿਕਲਦੇ ਨੂੰ ਦੇਖਕੇ ਮੈਂ ਪੁੱਛਿਆ ਸੀ।

"ਕੁਸ਼ ਨਾ ਪੁਸ਼," ਜਾਂਦਾ-ਜਾਂਦਾ ਹਰੀਆ ਥਾਈਂ ਹੀ ਰੁਕ ਗਿਆ ਸੀ। ਉਸ ਨੇ ਨਾਲ ਆ ਰਹੇ ਆਪਣੇ ਪੋਤਰੇ ਨੂੰ ਸਮਝਾਇਆ ਸੀ, "ਤੂੰ ਤੁਰਿਆ ਚਲ। ਅਛੀਂ ਤੇਰੇ ਮਗਰੇ ਮਗਰ ਆਏ ਲੈ। ਅੱਡੇ 'ਤੇ ਜਾ ਕੇ ਛਾਮਾਨ ਛਾਈਕਲ ਤੋਂ ਲਾਹ ਕੇ ਰੱਖੀਂ। ਇਧਰ ਉਧਰ ਨਾ ਚਲੇ ਜਾਈਂ ਕਿਤੇ। ਜਿੰਨਾ ਚਿਰ ਅਛੀਂ ਨ੍ਹੀਂ ਆਉਂਦੇ। ਛਾਮਾਨ ਕੋਲ ਰਹੀਂ। ਜੇ ਗਿਆ ਤਾਂ ਆਪਣਾ ਪੜ੍ਹਿਆ ਵਿਚਾਰ ਲਈਂ। ਸਮਝਿਆ?"

ਮੁੰਡਾ ਅੱਗੋਂ ਕੁਝ ਨਹੀਂ ਬੋਲਿਆ ਸੀ। ਉਸ ਸਾਈਕਲ 'ਤੇ ਲੱਤ ਦਿੱਤੀ ਸੀ। ਮੈਂ ਫੇਰ ਪੁੱਛਿਆ ਸੀ, "ਕੀ ਗੱਲ ਹੋ ਗਈ?"

"ਲੈ-ਤੂੰ ਮੈਨੂੰ ਪੁੱਛਦਾਂ। ਤੈਨੂੰ ਨ੍ਹੀਂ ਪਤਾ। ਤੂੰ ਕਿਹੜੇ ਭੋਰੇ 'ਚ ਵੜਿਆ ਰਹਿਣਾ। ਚਹੁੰ ਪਿੰਡਾਂ 'ਚ ਤੋਏ ਤੋਏ ਹੋ ਰਹੀ ਆ। ਅੱਜ ਕਲ੍ਹ ਦੇ ਮੁੰਡੇ ਕਿਛੇ ਦੀ ਪ੍ਰਵਾਹ ਨ੍ਹੀਂ ਕਰਦੇ। ਕਰਨ ਨੂੰ ਮੁੰਡੀਰਵਾਧਾ ਤੇ ਭੁਗਤਣ ਨੂੰ ਛਿਆਣੇ। ਹਨ੍ਹੇਰ ਸਾਈਂ ਦਾ।" ਸਿਗਰੇਟ ਦਾ ਲੰਬਾ ਕਾਸ਼ ਖਿਚ ਕੇ ਉਸ ਨੇ ਕਿਹਾ ਸੀ, "ਅੱਜ ਕਲ੍ਹ ਦੇ ਪਾੜ੍ਹੇ ਤਾਂ ਕਿਛੇ ਦੀ ਨ੍ਹੀਂ ਛੁਣਦੇ। ਫੁੰਮਣ ਸਿਹੁੰ ਦੀ ਕੁੜੀ ਨੂੰ ਦੌੜਾ ਕੇ ਲੈ ਗਿਆ ਜੀਤੂ ਕਾ ਜਗਦੀਛਾ। ਜਾਤ ਦੀ ਕੋੜ੍ਹ ਕਿਰਲੀ-ਛਤੀਰਾਂ ਨੂੰ ਜੱਫੇ-ਵਾਲੀ ਗੱਲ ਹੋਈ ਨਾ। ਊਤ ਨੇ ਦੌੜਣ ਲੱਗਿਆ ਕੀ ਛੋਚਿਆ। ਦੱਛੋਂ-ਪਿੰਡ ਦੀ ਧੀ ਛਾਰਿਆਂ ਦੀ ਧੀ ਹੁੰਦੀ ਆ ਕਿ ਨ੍ਹੀਂ। ਹੋਰ ਭਾਵੇਂ ਕੋਈ ਰਿਛਤਾ ਹੋਵੇ ਨਾ ਹੋਵੇ-ਪਰ ਪਿੰਡ ਦੀ ਧੀ ਜ਼ਰੂਰ ਛਾਂਝੀ ਹੁੰਦੀ ਆ। ਪਰ ਇਸ ਭੜੂਏ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਪਿੰਡ ਦੀ ਧੀ ਪਿੰਡ ਦੀ ਨੌਂਹ ਕਿਵੇਂ ਬਣ ਛਕਦੀ ਆ। ਛਾਲਾ ਜ਼ਮਾਨਾ ਹੀ ਪੁੱਠਾ ਆ ਗਿਆ। ਕਹਿੰਦੇ ਮੀਂਹ ਨ੍ਹੀਂ ਪੈਂਦਾ। ਜਦੋਂ ਐਦਾਂ ਦਾ ਅਨਰਥ ਹੋਵੇ ਤਾਂ ਮੀਂਹ ਕਿਵੇਂ ਪੈ ਛਕਦਾ। ਰੌਲਿਆਂ ਤੋਂ ਦਛ ਕੁ ਛਾਲ ਪਹਿਲਾਂ ਵੀ..." ਦੱਸਦਾ-ਦੱਸਦਾ ਉਹ ਰੁੱਕ ਗਿਆ ਸੀ।

"ਕੀ ਹੋਇਆ ਸੀ ਚੌਧਰੀ ਸਾਬ੍ਹ?" ਮੈਂ ਉਤਸੁਕਤਾ ਨਾਲ ਪੁੱਛਿਆ ਸੀ।

"ਆਪਣੇ ਪਿੰਡ ਦੀ ਕੁੜੀ ਨਿਕਲ ਚਲੀ ਸੀ। ਰੱਬ ਨੇ ਦੋਵੇਂ ਹੱਥ ਦੇ ਕੇ ਇੱਜ਼ਤ ਰੱਖ ਲਈ। ਛਤਨਾਮ ਕਿਆਂ ਨੂੰ ਵੇਲੇ ਛਿਰ ਪਤਾ ਲੱਗ ਗਿਆ। ਉਨ੍ਹਾਂ ਨੇ ਪਾਂਧਾ ਨ੍ਹੀਂ ਪੁੱਛਿਆ। ਚਹੁੰ ਪਾਸੀਂ ਭਾਲ ਕੀਤੀ। ਪੰਜ ਭਰਾ ਛੀ। ਡਾਂਗਾ ਜਿੱਡੇ। ਫੇਰ ਬੰਦਾ ਦੌੜ ਕੇ ਕਿੱਥੇ



www.PunjabiLibrary.com

ਜਾ ਛਕਦਾ ਸੀ। ਅਲੀ-ਅਲੀ ਕਰਦੇ ਆਲੇ ਦੁਆਲੇ ਖਿਲਰ ਗਏ। ਪਤਾ ਉਦੋਂ ਲੱਗਾ ਜਦੋਂ ਗੱਡਿਉਂ ਜਾ ਲਾਹੀ। ਦੋ ਤਿੰਨ ਦਿਨ ਪਿੰਡ ਵਿਚ ਅੰਤਾਂ ਦੀ ਐਂਤ-ਊਂਤ ਹੁੰਦੀ ਰਹੀ। ਗਾਲ੍ਹਾਂ ਹੀ ਗਾਲ੍ਹਾਂ ਛੁਣਦੀਆਂ ਸੀ। ਜੱਟਾਂ ਦੀਆਂ ਦੁਛਮਣੀਆਂ ਵੀ ਭੈੜੀਆਂ ਹੁੰਦੀਆਂ। ਛਤਨਾਮ ਦੇ ਮੁੰਡੇ ਤਾਂ ਅਗਲਿਆਂ ਦੀਆਂ ਕੁੜੀਆਂ ਨੂੰ ਚੁੱਕਣ ਨੂੰ ਫਿਰਦੇ ਛੀ। ਛਿਆਣੇ ਬੰਦੇ ਵਿਚ ਆ ਪਏ। ਗੱਲ ਰਫਾ-ਦਫਾ ਹੋਈ। ਦੇਖ-ਲੈ ਅਜੇ ਤਾਈਂ ਵੀ ਉਨ੍ਹਾਂ ਦੀ ਆਪਛ ਵਿਚ ਬੋਲ ਚਾਲ ਬੰਦ ਆ।" ਉਸ ਭੌਂਅ ਕੇ ਦੇਖਿਆ ਕਿਤੇ ਕੋਈ ਤੀਜਾ ਆਦਮੀ ਉਸਦੀ ਗੱਲ ਨੂੰ ਸੁਣ ਤਾਂ ਨਹੀਂ ਰਿਹਾ।

"ਅੱਛਾ ?"

"ਪਰ ਆ ਤਾਂ ਜਗੋਂ ਤੇਹਰਵੀਂ ਗੱਲ ਹੋਈ ਨਾ। ਛੁੰਮਣ ਸਿਹੁੰ ਪਿੰਡ ਦਾ ਵੱਡਾ ਛਰਦਾਰ ਆ। ਜੀਤੂ ਦਾ ਕਾਲਜ ਵਿਚ ਪੜ੍ਹਦਾ ਮੁੰਡਾ ਦੀਛਾ। ਛਾਲਾ ਕਿਥੇ ਦਾ ਨਿਆਂ ਹੋਇਆ। ਛਾਡੀਆਂ ਕੁੜੀਆਂ ਬੁੜੀਆਂ ਨੇ ਰੋਜ਼ ਉਨ੍ਹਾਂ ਦੇ ਖਤਿਆਂ ਵਿਚ ਬਾਹਰ-ਅੰਦਰ ਜਾਣਾ ਹੁੰਦਾ। ਪੱਠੇ ਦੱਬੇ ਤੇ ਬਾਲਣ-ਬੂਲਣ ਲਈ। ਛਾਗ-ਛਬਜ਼ੀ ਵੀ ਛਾਨੂੰ ਉਨ੍ਹਾਂ ਤੋਂ ਮਿਲਦੀ। ਛਾਡੀ ਇੱਜ਼ਤ ਉਨ੍ਹਾਂ ਦੀ ਇੱਜ਼ਤ। ਉਨ੍ਹਾਂ ਦੀ ਇੱਜ਼ਤ ਛਾਡੀ ਇੱਜ਼ਤ। ਦੋਹਾਂ ਵਿਚ ਇਕ ਛਾਂਝ। ਜਦੋਂ ਛਾਂਝ ਹੀ ਟੁੱਟ ਜਾਵੇ ਤਾਂ ਫੇਰ ਦੱਛੋ ਕੌਣ ਕਿਸੇ ਦਾ ਛਕਾ ਰਹਿੰਦਾ।"

ਉਸ ਦੀ ਸਿਗਰਟ ਬੁਝ ਗਈ ਸੀ। ਗੱਲਾਂ 'ਚ ਪੈਣ ਕੇ ਉਹ ਕਸ਼ ਨਹੀਂ ਖਿਚ ਸਕਿਆ ਸੀ। ਉਸ ਹੱਥ ਦਾ ਉਹਲਾ ਕਰ ਕੇ ਤੀਲੀ ਬਾਲੀ ਸੀ। ਸਿਗਰੇਟ ਲਾਈ ਸੀ। ਸਿਰ ਤੋਂ ਸਾਫਾ ਲਾਹ ਕੇ, ਵਾਲਾਂ 'ਚ ਖਾਜ ਕਰਦਿਆਂ ਮੇਰੇ ਵੱਲ ਐਦਾਂ ਦੇਖਿਆ ਸੀ ਜਿਵੇਂ ਉਹ ਮੇਰੇ ਵਿਚਾਰ ਸੁਣਨਾ ਚਾਹੁੰਦਾ ਸੀ ਜਾਂ ਇਸ ਗੱਲ ਦਾ ਰੀਐਕਸ਼ਨ ਦੇਖਣਾ ਚਾਹੁੰਦਾ ਸੀ।

"ਤੂੰ ਕੁਛ ਹੋਰ ਵੀ ਛੁਣਿਆ ?" ਉਸ ਧੀਮੀ ਆਵਾਜ਼ 'ਚ ਮੈਥੋਂ ਪੁੱਛਿਆ ਸੀ।

"ਕੀ ?"

"ਉਹ ਛਾਡੀ ਬਰਾਦਰੀ ਦਾ ਬੈਕਾਟ ਕਰਨ ਨੂੰ ਫਿਰਦੇ। ਕਹਿੰਦੇ ਛਾਡੀ ਕਿਸੇ ਜਨਾਨੀ ਨੂੰ ਬਾਹਰ-ਅੰਦਰ ਨ੍ਹੀਂ ਜਾਣ ਦੇਣਾ। ਘਾਹ ਵੀ ਦੂਜੇ ਪਿੰਡ ਤੋਂ ਖੋਤ ਕੇ ਲਿਆਉ। ਜੇ ਕੋਈ ਗਈ ਤਾਂ...," ਉਸ ਅੰਦਰਲਾ ਡਰ ਹਰ ਪਲ ਵਧਦਾ ਜਾ ਰਿਹਾ ਸੀ।

"ਨ੍ਹੀਂ, ਮੈਂ ਤਾਂ ਐਦਾਂ ਦੀ ਕੋਈ ਗੱਲ ਨ੍ਹੀਂ ਸੁਣੀ।"

"ਤੈਨੂੰ ਛੁਣਨ ਦੀ ਕੀ ਲੋੜ ਆ। ਪੁੱਛ ਛਾਨੂੰ ਜਿਨ੍ਹਾਂ ਨੂੰ ਰਾਤ ਨੂੰ ਨੀਂਦ ਨ੍ਹੀਂ ਆਉਂਦੀ। ਕਈ ਵਾਰ ਐਦਾਂ ਹੁੰਦਾ ਕਿ ਕਰੇ ਕੋਈ ਤੇ ਭਰੇ ਕੋਈ।"

"ਤੂੰ ਐਨਾ ਕਿਉਂ ਡਰਦਾਂ ? ਹੁਣ ਪਹਿਲਾਂ ਵਾਲੇ ਸਮੇਂ ਨ੍ਹੀਂ ਰਹੇ।"

"ਮੈਂ 'ਕਲੇ ਨੇ ਕੀ ਡਰਨਾ-ਛਾਡੀ ਤਾਂ ਛਾਰੀ ਆਬਾਦੀ ਡਰੀ ਹੋਈ ਆ। ਤੂੰ ਆਪਣੇ ਆਪ ਨੂੰ ਕਾਮਰੇਡ ਅਖਵਾਉਣਾ। ਜੇ ਲੋੜ ਪਈ ਤਾਂ ਤੂੰ ਵੀ ਛਾਡਾ ਛਾਥ ਨ੍ਹੀਂ ਦੇਣਾ। ਆਪਣੇ ਲੋਕਾਂ ਨਾਲ ਜਾ ਖੜਨਾ। ਔਖੇ ਵੇਲੇ ਆਪਣੇ ਹੀ ਕੰਮ ਆਉਂਦੇ ਆ। ਆਪਣੇ ਹੀ ਛਾਥ ਵੀ ਛੱਡ ਜਾਂਦੇ ਹੁੰਦੇ ਆ....।"



## ਦੂਜਾ ਆਦਮੀ

"ਸਾਡੀ ਤਾਂ ਭੈਣ...ਦੇ ਕੇ ਰਖਤਾ...," ਮੇਰੇ ਬੈਠਣ ਤੋਂ ਪਹਿਲਾਂ ਹੀ ਉਸ ਟਿਕਾ ਕੇ ਗਾਲ੍ਹ ਕੱਢੀ ਸੀ ਤੇ ਚਾਹ ਦਾ ਵੱਡਾ ਘੁੱਟ ਭਰਿਆ ਸੀ।

ਉਸ ਦੀ ਗੱਲ ਸੁਣ ਕੇ ਮੈਂ ਹੈਰਾਨ ਰਹਿ ਗਿਆ ਸੀ। ਕਿੰਨੀ ਜਲਦੀ ਉਹ ਭੜਕ ਪਿਆ ਸੀ।

ਮੇਰੇ ਆਉਣ ਤੋਂ ਪਹਿਲਾਂ ਹੀ ਉਹ ਘਰੇ ਆਇਆ ਬੈਠਾ ਸੀ। ਮਾਂ ਜੀ ਨਾਲ ਗੱਲੀਂ ਪਿਆ ਸੀ।

"ਸਿਹਤ ਤਾਂ ਠੀਕ ਆ ਚਾਚਾ ਜੀ। ਕਈ ਵਾਰੀ ਪਾਣੀ ਬਦਲਣ ਨਾਲ ਵੀ ਬੰਦੇ ਦਾ ਚਿੱਤ ਘਬਰਾ ਜਾਂਦਾ," ਸਰਸਰੀ ਜਿਹੀ ਮੈਂ ਪੁੱਛਿਆ ਸੀ।

"ਸਿਹਤ ਤਾਂ ਠੀਕ ਪਰ.....।"

"ਕਿਉਂ ਕੀ ਗੱਲ ਹੋ ਗਈ ?"

"ਸਾਡੀ ਤਾਂ ਭੈਣ...ਦੇ ਕੇ ਰਖਤਾ....," ਉਹ ਫੇਰ ਗਾਲ੍ਹੀਂ ਉਤਰ ਆਇਆ ਸੀ। ਉਹ ਹੋਰ ਵੀ ਗਾਲ੍ਹਾਂ ਕੱਢਦਾ ਜੇ ਮਾਂ ਜੀ ਖੰਘ ਕੇ ਆਪਣੀ ਹੋਂਦ ਜ਼ਾਹਿਰ ਨਾ ਕਰਦੇ।

"ਕੀ ਬਣਿਆ ਫੇਰ ? ਸੁਣਿਆ ਤੁਸੀਂ ਵੀ ਉਨ੍ਹਾਂ ਦੇ ਨਾਲ ਥਾਣੇ ਗਏ ਸੀ ?"

"ਬਣਨਾ ਬੁਰੇ ਦਾ ਸਿਰ। ਕੋਈ ਪਤਾ ਨ੍ਹੀਂ ਲੱਗਾ। ਚੜ੍ਹਮ ਕੁੜੀ ਨੂੰ ਪਤਾ ਨ੍ਹੀਂ ਕਿੱਥੇ ਲੈ ਗਿਆ। ਪੁਲਿਸ ਨੇ ਪੰਚਾਇਤ ਦੇ ਸਾਹਮਣੇ ਵਾਹਵਾ ਕੁਪੱਤ ਕੀਤੀ ਸੀ। ਤੀਵੀਂ-ਆਦਮੀ ਦੀ। ਪਰ ਸਾਲਿਆਂ ਮੇਰਿਆਂ ਕੁਸ਼ ਨ੍ਹੀਂ ਦੱਸਿਆ। ਮੈਂ ਆਪ ਇਕ ਸਿਪਾਹੀ ਨੂੰ ਪੰਜ ਸੌ ਦਿੱਤੇ। ਛਿੱਤਰ ਮਾਰਣ ਲਈ। ਉਨ੍ਹਾਂ ਦੀ ਇਹ ਮਜਾਲ ਕਿ ਸਾਡੀ ਇੱਜ਼ਤ ਨੂੰ ਹੱਥ ਪਾ ਜਾਣ। ਮੈਂ ਸਿਪਾਹੀ ਨੂੰ ਉਰੇ ਸੱਦ ਕੇ ਕਿਹਾ ਕਿ ਜਿੰਨੇ ਹੋਰ ਪੈਸੇ ਚਾਹੀਦੇ ਆ-ਲੈ ਲਓ ਪਰ ਇਕ ਵਾਰ ਕੁੱਟ-ਕੁੱਟ ਕੇ ਇਨ੍ਹਾਂ ਦੀ ਚਮੜੀ ਉਖੇੜ ਦਿਓ। ਪਤਾ ਕਰੋ ਕਿ ਇਨ੍ਹਾਂ ਕੁੜੀ ਕਿੱਥੇ ਛਿੱਪਣ ਕੀਤੀ।" ਬੋਲਦਿਆਂ-ਬੋਲਦਿਆਂ ਉਸਦਾ ਸਾਹ ਫੁੱਲ ਗਿਆ ਸੀ। ਇਕ ਪਲ ਲਈ ਉਹ ਰੁਕਿਆ ਸੀ। ਫੇਰ ਦੱਸਣ ਲੱਗਾ ਸੀ, "ਮੈਨੂੰ ਪਤਾ ਲੱਗਾ ਕਿ ਪੁਲਿਸ ਵਾਲੇ ਦੋਹਾਂ ਪਾਸਿਆਂ ਤੋਂ ਪੈਸੇ ਖਾਈ ਜਾਂਦੇ ਆ। ਹੈ ਨਾ ਹਨ੍ਹੇਰਗਰਦੀ। ਮੈਂ ਬਥੇਰਾ ਜ਼ੋਰ ਲਾਇਆ ਕਿ ਮੇਰੇ ਸਾਹਮਣੇ ਇਕ ਵਾਰ ਇਨ੍ਹਾਂ ਦੀ ਤੌਣੀ ਲਾਉ। ਪਰ ਸਹੁਰਿਆਂ ਨੇ ਪੈਰਾਂ 'ਤੇ ਪਾਣੀ ਨ੍ਹੀਂ ਪੈਣ ਦਿੱਤਾ। ਬੱਸ ਇਹੋ ਕਹੀ ਜਾਣ-ਕੋਈ ਨਾ ਜੀ-ਕੋਈ ਨਾ ਜੀ। ਰਾਤ ਨੂੰ ਹਿਸਾਬ-ਕਿਤਾਬ ਕਰਾਂਗੇ।"

"ਐਫ. ਆਈ. ਆਰ. ਦਰਜ ਹੋ ਗਈ ?"

"ਅਜੇ ਨ੍ਹੀਂ।"

"ਫੇਰ ਉਨ੍ਹਾਂ ਨੂੰ ਐਨੇ ਦਿਨ ਅੰਦਰ ਕਿਵੇਂ ਕਰੀ ਰੱਖਿਆ ?"

ਮੇਰੀ ਇਸ ਗੱਲ ਨਾਲ ਉਹ ਖਿੱਝ ਗਿਆ ਸੀ। ਗੁੱਸੇ ਨਾਲ ਨਾਸਾਂ ਫੈਲਾਉਂਦਿਆਂ ਹੋਇਆਂ ਕਿਹਾ ਸੀ, "ਤੈਨੂੰ ਉਨ੍ਹਾਂ ਨਾਲ ਹਮਦਰਦੀ ਆ ?"

"ਇਹ ਤੂੰ ਕਿਵੇਂ ਕਹਿਤਾ ?"

"ਤੂੰ ਤਾਂ ਬੋਲੀ ਹੀ ਹੋਰ ਦੀ ਹੋਰ ਬੋਲੀ ਜਾਣਾਂ। ਮੈਂ ਪੱਚੀ ਸਾਲ ਗੋਰਿਆਂ 'ਚ ਰਿਹਾਂ। ਤੂੰ ਕਿਹੜੇ ਸਟੇਸ਼ਨੋਂ ਬੋਲਦਾਂ-ਮੈਂ ਸਭ ਜਾਣਦਾਂ। ਤੈਨੂੰ ਆਪਣੇ ਲੋਕਾਂ ਦੀ ਗੱਲ



www.PunjabiLibrary.com

ਕਰਨੀ ਚਾਹੀਦੀ ਆ। ਤੂੰ ਇਸ ਗੱਲ ਨੂੰ ਭੁੱਲ ਜਾ ਕਿ ਫੁੰਮਣ ਸਿਹੁੰ ਦੀ ਧੀ ਨਾਲ ਮਾੜੀ ਹੋਈ ਆ। ਉਹ ਵੀ ਆਪਣੇ ਖਾਨਦਾਨ 'ਚੋਂ ਹੀ ਆ। ਸਾਡੇ ਪੜਦਾਦੇ ਸੱਕੇ ਭਰਾ ਸੀ। ਮੈਂ ਪੰਜ-ਸੱਤ ਲੱਖ ਖਰਚ ਦਊਂਗਾ ਪਰ ਇਕ ਵਾਰ ਚੜ੍ਹੰਮਾਂ ਨੂੰ ਸਬਕ ਸਿਖਾ ਕੇ ਦਿਖਾਊਂਗਾ। ਜੇ ਆਪਾਂ ਢਿੱਲ ਕਰ ਦਿੱਤੀ ਤਾਂ ਹੋਰਾਂ ਦਾ ਹੌਸਲਾ ਵਧ ਜਾਣਾਂ। ਕੋਈ ਨਾ। ....ਮਿਲ ਲੈਣ ਦੇ ਭਾਜੀ ਨੂੰ। ਤੈਨੂੰ ਵੀ ਸੁਧਾਰਣਾ ਪੈਣਾਂ....।" ਕਹਿ ਕੇ ਉਹ ਉੱਠ ਖੜਿਆ ਸੀ ਤੇ ਮੇਰੇ ਰੋਕਦਿਆਂ ਰੋਕਦਿਆਂ ਵੀ ਦਰਵਾਜ਼ੇ 'ਚੋਂ ਬਾਹਰ ਚਲੇ ਗਿਆ ਸੀ। ਉਹ ਉੱਚੀ-ਉੱਚੀ ਕਹਿ ਰਿਹਾ ਸੀ, "ਤੇਰਾ ਵੀ ਇਲਾਜ ਕਰਨਾ ਪੈਣਾ....ਅੱਜ ਸ਼ਾਮ ਨੂੰ ਮੈਂ ਆਪਣੀ ਕੋਠੀ 'ਚ ਸਾਰੇ ਪਾਸੇ ਪਾਸਿਆਂ ਨੂੰ ਬੁਲਾਇਆ। ਅੱਜ ਫੈਸਲਾ ਕਰ ਹੀ ਦੇਣਾਂ....।"

**ਤੀਜਾ ਆਦਮੀ**

"ਚਾਹ ਤਾਂ ਰੱਖ ਮੈਂ ਕਿਹਾ-ਬਈ ਆਪਣੇ ਘਰੇ ਪਹਿਲੀ ਵਾਰ ਆਇਆ ਸਰਕਾਰੀ ਮਾਸਟਰ।" ਮੇਰੇ ਵੱਲ ਸਰਸਰੀ ਜਿਹੀ ਨਜ਼ਰ ਮਾਰ ਕੇ ਉਸ ਰਸੋਈ ਵਿਚ ਬੈਠੀ ਕਿਸ਼ਨੋ ਨੂੰ ਆਵਾਜ਼ ਦਿੱਤੀ ਸੀ।

ਉਹ ਮੈਨੂੰ ਉਖੜਿਆ ਉਖੜਿਆ ਲੱਗਾ ਸੀ। ਬੇਤਰਤੀਬੀ ਦਾੜ੍ਹੀ। ਉਘੜ ਦੁਘੜ ਬੰਨ੍ਹੀ ਪੱਗ। ਵਿਚਕਾਰੋਂ ਬਾਹਰ ਨੂੰ ਝਾਕਦੇ ਵਾਲ। ਮੱਥੇ 'ਤੇ ਫੈਲੀ ਕਾਲੋਂ। ਉਹ ਘਬਰਾਹਟ ਵਿਚ ਪਹਿਲੇ ਸ਼ਬਦ ਬਾਅਦ 'ਚ ਬੋਲ ਗਿਆ ਸੀ। ਬਾਅਦ ਵਾਲੇ ਪਹਿਲਾਂ। ਕਈ ਵਾਰ ਅਜਿਹਾ ਹੋ ਹੀ ਜਾਂਦਾ ਹੈ। ਪਹਿਲਾਂ ਜਦੋਂ ਉਹ ਮਿਲਦਾ ਤਾਂ ਅਕਸਰ ਪੁੱਛਦਾ ਹੁੰਦਾ ਸੀ, "ਸੁਣਾ ਬਈ ਸਰਕਾਰੀ ਮਾਸਟਰਾ।" ਹਰੇਕ ਗੱਲ ਨਾਲ 'ਸਰਕਾਰੀ ਮਾਸਟਰਾ' ਜ਼ਰੂਰ ਲਾਉਂਦਾ ਸੀ। ਕਈ ਵਾਰ ਮੈਨੂੰ ਲੱਗਦਾ ਜਿਵੇਂ ਉਹਨੇ ਮੇਰਾ ਇਹ ਤਕੀਆ ਕਲਾਮ ਹੀ ਬਣਾ ਦਿੱਤਾ ਹੋਵੇ। ਮੈਂ ਵੀ ਕਹਿ ਦਿੰਦਾ ਸੀ-"ਸੁਣਾ ਬਈ ਪੇਂਡੂ।" ਉਹ ਹੱਸ-ਹੱਸ ਕੇ ਦੂਹਰਾ ਤੀਹਰਾ ਹੋ ਜਾਂਦਾ ਸੀ। ਹਰ ਗੱਲ ਨੂੰ ਮਜ਼ਾਕ ਸਮਝਣਾ ਉਸ ਦਾ ਸੁਭਾਅ ਹੀ ਬਣ ਗਿਆ ਸੀ। ਉਸ ਦੇ ਚਿਹਰੇ 'ਤੇ ਕਦੀ ਗਮੀ ਨਹੀਂ ਆਈ ਸੀ। ਤੀਹ ਖੇਤ ਹਨ। ਇਕੋ ਟਕ ਵਿਚ। ਨੌਕਰ-ਚਾਕਰ ਹਨ। ਦੋਵੇਂ ਵੱਡੇ ਭਰਾ ਅਮਰੀਕਾ-ਕੈਨੇਡਾ 'ਚ ਰਹਿੰਦੇ ਹਨ। ਉਸ ਨੂੰ ਕਦੇ ਕੰਮ ਕਰਨ ਦੀ ਲੋੜ ਹੀ ਨਹੀਂ ਪਈ ਸੀ। ਉਹ ਬਹੁਤਾ ਸਮਾਂ ਬਾਹਰਲੀ ਬੈਠਕ 'ਚ ਹੀ ਬੈਠਦਾ ਸੀ। ਮਹਿਫ਼ਲਾਂ ਸਜਾਉਂਦਾ ਸੀ।

ਚਹਿਕਦੇ ਹੋਏ ਘਰ ਨੂੰ ਉਦਾਸੀ ਨੇ ਆ ਘੇਰਿਆ ਸੀ। ਕੁਰਸੀ 'ਤੇ ਬੈਠਦਿਆਂ ਸਾਰ ਹੀ ਮੈਨੂੰ ਲੱਗਾ ਸੀ ਜਿਵੇਂ ਹੁਣੇ-ਹੁਣੇ ਇਥੋਂ ਕਿਸੇ ਦੀ ਲਾਸ਼ ਉੱਠੀ ਹੋਵੇ।

ਮੈਂ ਚੁੱਪ ਸੀ। ਮੂੰਹੋਂ ਕੋਈ ਗੱਲ ਨਿਕਲ ਹੀ ਨਹੀਂ ਰਹੀ ਸੀ। ਕੀ ਕਿਹਾ ਜਾਵੇ ਜਾਂ ਗੱਲ ਕਿੱਥੋਂ ਸ਼ੁਰੂ ਕਰਾਂ 'ਚ ਫਸਿਆ ਬੈਠਾ ਸੀ। ਮੇਰੀ ਨਜ਼ਰ ਵਾਰ-ਵਾਰ ਤੇਜ਼ ਹਵਾ ਨਾਲ ਵਿਹੜੇ 'ਚ ਉੱਡਦੇ ਨਿੰਬ ਦੇ ਪੱਤਿਆਂ, ਡੱਕਿਆਂ ਵੱਲ ਚਲੇ ਗਈ ਸੀ। ਲੱਗਦਾ ਜਿਵੇਂ ਇਨ੍ਹਾਂ ਦੇ ਨਾਲ-ਨਾਲ ਉਹ ਵੀ ਉੱਡ ਰਿਹਾ ਹੋਵੇ। ਇਧਰੋਂ ਉਧਰ। ਉਧਰੋਂ ਇਧਰ।

"ਪੁੱਤ ਅਸੀਂ ਤਾਂ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨ੍ਹੀਂ ਰਹੇ," ਮੈਂ ਤਾਈ ਜੀ ਦੇ ਪੈਰੀਂ ਹੱਥ ਲਾਏ ਤਾਂ ਉਸ ਹੁੱਬਕੀ ਰੋਂਦਿਆਂ ਹੋਇਆਂ ਕਿਹਾ ਸੀ।



"ਚੱਲ-ਚੱਲ ਬੁੜ੍ਹੀਏ ਤੂੰ ਅੰਦਰ ਜਾ ਕੇ ਬੈਠ। ਐਵੇਂ ਖੇਖਣ ਨਾ ਕਰ।" ਉਹ ਤਾਈ ਜੀ ਨੂੰ ਟੁੱਟ ਕੇ ਪੈ ਗਿਆ ਸੀ।

"ਨ੍ਹੀਂ ਵੇ ਪੁੱਤ....ਮੇਰਾ ਕੀ ਕਸੂਰ ਆ....ਤੂੰ ਕਿਉਂ ਮੇਰਾ ਬੁਢਾਪਾ ਰੋਲਦਾਂ," ਸੋਟੀ ਮੰਜੇ ਦੀ ਪਵਾਂਦੀ ਨਾਲ ਟਿਕਾਉਂਦਿਆਂ, ਉਹ ਮੰਜੇ 'ਤੇ ਬੈਠ ਗਈ ਸੀ।

"ਚੁੱਪ ਕਰਕੇ ਚਲੇ ਜਾ ਅੰਦਰ। ਸਾਰਾ ਪੁਆੜਾ ਤੇਰਾ ਪਾਇਆ।" ਤਾਈ ਜੀ ਨੂੰ ਬਾਹੋਂ ਫੜ ਕੇ ਉਹ ਅੰਦਰ ਛੱਡ ਆਇਆ ਸੀ। ਮੁੜ ਉਸੇ ਰੋਅ 'ਚ ਬੋਲਿਆ ਸੀ, "ਸਾਰਾ ਹੀ ਪੁਆੜਾ ਸਾਡੀ ਮਾਂ ਦਾ ਸੀ। ਕਿੰਦਰੋ ਜੇਠੀ ਕੁੜੀ ਸੀ...ਮਸਾਂ-ਮਸਾਂ ਘਰ ਵਿਚ ਬੱਚਾ ਖੇਡਿਆ ਸੀ। ਪਹਿਲੇ ਵਿਆਹ ਦਾ ਕੋਈ ਬੱਚਾ ਨ੍ਹੀਂ ਹੋਇਆ ਸੀ...ਫ਼ੇਰ ਐਨੇ ਸਾਲਾਂ ਬਾਅਦ...ਮਾਂ ਨੇ ਲਾਡਲੀ ਰਖਿਆ। ਕਿਸ਼ਨੋ ਕਦੇ ਕਿੰਦਰੋ ਨੂੰ ਝਿੜਕਦੀ ਵੀ ਤਾਂ ਮਾਂ ਅੱਗੋਂ ਉਸਨੂੰ ਟੁੱਟ ਕੇ ਪੈ ਜਾਂਦੀ। ਕਹਿੰਦੀ ਇਹ ਧੀ ਨ੍ਹੀਂ-ਮੇਰਾ ਪੁੱਤ ਆ...ਸੱਚੀਂ ਮਾਂ ਨੇ ਤਾਂ ਕਦੇ ਉਸ ਨੂੰ ਧੀ ਸਮਝਿਆ ਹੀ ਨ੍ਹੀਂ ਸੀ...ਬੱਸ ਪੁੱਤ-ਪੁੱਤ ਕਹਿੰਦੀ ਰਹਿੰਦੀ। ਫੇਰ ਤਾਂ ਸਾਡੇ ਘਰ ਦੀ ਵਾਗਡੋਰ ਕੁੜੀ ਦੇ ਹੱਥਾਂ ਵਿਚ ਸੀ। ਬਹੁਤ ਮਾਨ ਸੀ ਉਸ 'ਤੇ ਪਰ ਕਿੱਥੇ ਗਿਆ ਸਾਡਾ ਮਾਨ ?" ਉਸ ਮੇਰੇ ਵੱਲ ਦੇਖਿਆ ਸੀ। ਜਿਵੇਂ ਇਸ ਗੱਲ ਦਾ ਜੁਆਬ ਮੇਰੇ ਕੋਲੋਂ ਭਾਲਦਾ ਹੋਵੇ। "ਕਿਥੇ ਤਾਂ ਅਸੀਂ ਉਸ ਨੂੰ ਅਮਰੀਕਾ ਭੇਜਣ ਲਈ ਜ਼ੋਰ ਲਾ ਰਹੇ ਸੀ ਤੇ ਕਿੱਥੇ... ?"

ਗੁੱਸੇ ਨਾਲ ਉਸਦਾ ਮੂੰਹ ਲਾਲ ਹੋ ਗਿਆ ਸੀ।

"ਚਾਹ ਤਾਂ ਲੈ...ਉਦਾਂ ਪਈ," ਕੱਪ ਮੇਰੇ ਵੱਲ ਸਰਕਾਉਂਦਿਆਂ ਹੋਇਆਂ ਉਸ ਕਿਹਾ ਸੀ।

"ਪੁਲਿਸ ਨੇ ਕੀ ਕਾਰਵਾਈ ਕੀਤੀ ਆ ?"

"ਅਜੇ ਤਾਈਂ ਕੁਸ਼ ਪਤਾ ਨ੍ਹੀਂ ਲੱਗਾ। ਸਾਰਾ ਲਾਣ੍ਹਾ ਦੌੜਿਆ ਫਿਰਦਾ। ਸੁਣਿਆ ਰਾਜਸਥਾਨ ਵੱਲ ਦੌੜ ਗਏ। ਉਨ੍ਹਾਂ ਦੇ ਸਾਰੇ ਰਿਸ਼ਤੇਦਾਰ ਫੜੇ ਹੋਏ। ਜਿੱਥੇ ਵੀ ਸ਼ੱਕ ਪੈਂਦੀ ਆ-ਮਿੰਨੀ ਬਸ ਕਰੀਦੀ, ਪੁਲਸੀਏ ਨਾਲ ਲਈਦੇ, ਛਾਪੇ ਮਾਰਦੇ ਆਂ। ਅਗੋਂ ਕੁਸ਼ ਵੀ ਥਹੁ ਪਤਾ ਨ੍ਹੀਂ ਲੱਗਦਾ। ਬਹੁਤੀ ਥਾਈਂ ਤਾਂ ਘਰਾਂ ਨੂੰ ਜਿੰਦਾ ਲੱਗਾ ਹੁੰਦਾ। ਉਪਰੋਂ ਪੁਲਿਸ ਵਾਲੇ ਖਾਂਦੇ ਨ੍ਹੀਂ ਰੱਜਦੇ। ਆਏ ਵਾਰ ਪੰਜ ਸੱਤ ਹਜ਼ਾਰ ਤਾਂ ਦੇਣਾ ਪੈਂਦਾ। ਹਫਤੇ ਵਿਚ ਹੀ ਪੰਜਾਹ ਹਜ਼ਾਰ ਖਰਚਿਆ ਗਿਆ। ਪਰ ਪੈਸੇ ਨੂੰ ਚੱਟਣਾ। ਗੱਲ ਤਾਂ ਕਲੰਕ ਦੀ ਆ....ਇਕ ਵਾਰ ਮਿਲ ਜਾਵੇ ਤਾਂ ਸਹੀਂ। ਮੁੰਡੇ ਦੀ ਬੋਟੀ-ਬੋਟੀ ਕਰ ਦੇਣੀ ਆ।"

**ਚੌਥਾ ਆਦਮੀ**

ਚੌਥਾ ਆਦਮੀ ਥਾਣੇ ਵਿਚ ਬੰਦ ਹੈ।

ਚੌਥਾ ਆਦਮੀ ਜੀਤ ਰਾਮ ਹੈ।

ਉਹ ਆਪਣੇ ਘਰ ਦੇ ਵਿਹੜੇ 'ਚ ਇਕੱਲਾ ਬੈਠਾ ਹੈ। ਉਸ ਦੀ ਘਰਵਾਲੀ ਤੇ ਬੱਚੇ ਨਾਨਕਿਆਂ ਦੇ ਗਏ ਹਨ। ਦੋ ਮੱਝਾਂ ਤੇ ਤਿੰਨ ਗਾਈਆਂ-ਪਤਾ ਨਹੀਂ ਕੌਣ ਖੋਲ੍ਹ ਕੇ ਲੈ ਗਿਆ ਸੀ। ਘਰ ਦਾ ਅੱਧਾ ਸਾਮਾਨ ਵੀ ਗੁੰਮ ਹੈ। ਉਹ ਸੁੰਨ-ਵੱਟਾ ਬਣਿਆ ਹੋਇਆ ਬੈਠਾ ਹੈ। ਕਦੇ-ਕਦੇ ਬਾਹਰਲੇ ਦਰਵਾਜ਼ੇ ਵੱਲ ਦੇਖ ਲੈਂਦਾ ਹੈ ਜਿਵੇਂ ਉਸ ਨੂੰ ਕਿਸੇ ਦੇ ਆਉਣ ਦਾ



www.PunjabiLibrary.com

ਇੰਤਜ਼ਾਰ ਹੋਵੇ।

ਉਸ ਆਪਣੇ ਅੱਗੇ ਅਖ਼ਬਾਰ ਫੈਲਾ ਰੱਖੀ ਹੈ ਜਿਸ 'ਚ ਉਸ ਵੱਲੋਂ ਛਪਵਾਇਆ ਗਿਆ ਇਸ਼ਤਿਹਾਰ ਛਪਿਆ ਹੈ: ਮੇਰਾ ਪੁੱਤਰ ਜਗਦੀਸ਼ ਚੰਦ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਬੁਰੀ ਸੰਗਤ ਨਾਲ ਸੰਬੰਧਤ ਹੈ, ਉਸ ਦੇ ਕਿਸੇ ਵੀ ਬੁਰੇ-ਭਲੇ ਕੰਮ ਦਾ ਮੈਂ ਜਾਂ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵੇਗਾ। ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ-ਜੀਤ ਰਾਮ। ਸਪੁੱਤਰ ਮਿਲਖ ਚੰਦ।

**ਪੰਜਵਾਂ ਆਦਮੀ**

ਪੰਜਵਾਂ ਆਦਮੀ ਮੇਰਾ ਦੋਸਤ ਹੈ। ਪਿੰਡ ਦੇ ਰਿਸ਼ਤੇ ਵੱਲੋਂ ਭਾਣਜਾ ਲੱਗਦਾ ਹੈ। ਕਦੇ ਇਹ ਮੇਰੇ ਕੋਲ ਪੜ੍ਹਦਾ ਹੁੰਦਾ ਸੀ। ਘਰ ਨਹੀਂ। ਸਕੂਲ ਵਿਚ। ਯਾਨਿ ਕਿ ਮੇਰਾ ਵਿਦਿਆਰਥੀ ਸੀ। ਆਪਸੀ ਸਾਂਝ ਵਧੀ ਤਾਂ ਵਿਦਿਆਰਥੀ ਤੋਂ ਦੋਸਤ ਬਣ ਗਿਆ। ਕਾਮਰੇਡ...ਨਹੀਂ-ਨਹੀਂ। ਬਿਲਕੁਲ ਨਹੀਂ। ਤੁਸੀਂ ਐਵੇਂ ਭੁਲੇਖਾ ਖਾ ਗਏ। ਲੋਕਾਂ ਨੂੰ ਇਹ ਭਰਮ ਹੋਇਆ ਹੈ ਕਿ ਕਾਮਰੇਡ ਗੱਲਾਂ ਜ਼ਿਆਦਾ ਕਰਦੇ ਹਨ ਤੇ ਅਮਲ ਘੱਟ। ....ਨਹੀਂ। ਇਸਦਾ ਕਿਸੇ ਪਾਰਟੀ-ਸਾਰਟੀ ਨਾਲ ਕੋਈ ਸੰਬੰਧ ਨਹੀਂ। ਮਾਰਕਸਵਾਦੀਆਂ ਨਾਲ ਵੀ ਨਹੀਂ। ਉਂਝ ਕਾਮਰੇਡਾਂ ਨਾਲ ਇਸ ਦੀ ਉੱਠਣੀ-ਬੈਠਣੀ ਹੈ। ਉਨ੍ਹਾਂ ਨਾਲ ਇਸ ਦੀ ਨੋਕ-ਝੋਕ ਚਲਦੀ ਰਹਿੰਦੀ ਹੈ।

ਉਹ ਉਨ੍ਹਾਂ ਦੇ ਘਰ ਨਹੀਂ ਗਿਆ ਸੀ।

....ਤੁਸੀਂ ਇਸ ਨੂੰ ਗਲਤ ਨਾ ਸਮਝਣਾ। ਗਲਤ ਗੱਲ ਨੂੰ ਲੋਕ ਛੇਤੀ ਸਮਝ ਜਾਂਦੇ ਹਨ। ਕੁੜੀ ਦੀ ਮੰਮੀ ਛੱਤ ਉਪਰੋਂ ਦੀ ਇਨ੍ਹਾਂ ਦੇ ਘਰੋਂ ਕੋਈ ਚੀਜ਼ ਲੈਣ ਆਈ ਸੀ। ਲੈਣ-ਦੇਣ ਦੀ ਆਂਢ-ਗੁਆਂਢ ਸਾਂਝ ਹੁੰਦੀ ਹੈ।

ਉਹ ਤਾਂ ਆਪਣੇ ਨਾਨਾ ਜੀ ਕੋਲ ਬੈਠਾ ਸੀ। ਇਸ ਘਟਨਾ ਬਾਰੇ ਉਸ ਵੀ ਸੋਚਿਆ ਸੀ। ਉਸ ਨੂੰ ਲੱਗਾ ਸੀ ਕਿ ਹੋ ਸਕਦਾ ਹੈ ਕਿ ਮੁੰਡੇ ਦਾ ਕੋਈ ਕਸੂਰ ਹੀ ਨਾ ਹੋਵੇ। ਕੁੜੀ ਹੀ ਮੁੰਡੇ ਨੂੰ ਕੱਢ ਕੇ ਲੈ ਗਈ ਹੋਵੇ।

ਉਸ ਹਾਕ ਮਾਰ ਲਈ ਸੀ, "ਮਾਮੀ ਜੀ-ਜਾਣ ਲੱਗਿਆਂ ਮੈਨੂੰ ਮਿਲ ਕੇ ਜਾਈਉ।"

"ਹਾਂ-ਪੁੱਤ ਦੱਸ-ਕੀ ਗੱਲ?" ਮੁੜਦੇ ਪੈਰੀਂ ਉਹ ਉਸ ਦੇ ਕੋਲ ਆ ਗਈ ਸੀ।

"ਬੈਠੋ। ਸਿਹਤ ਠੀਕ ਰਹਿੰਦੀ ਆ?"

"ਹੁਣ ਸਿਹਤਾਂ ਕੀ ਰਹਿਣੀਆਂ। ਐਦੂੰ ਤਾਂ ਵਾਹਿਗੁਰੂ ਚੁੱਕ ਲੈਂਦਾ ਤਾਂ ਚੰਗਾ ਹੋਣਾ ਸੀ।"

"ਕੀ ਬਣਿਆ?"

"ਪੁੱਤ ਕੀ ਬਣਨਾ ਸੀ। ਸਾਡੀ ਤਾਂ ਇੱਜ਼ਤ ਰੁਲ ਗਈ ਮਿੱਟੀ ਵਿਚ। ਕੁੜੀ ਦਾ ਕੋਈ ਥਹੁ ਪਤਾ ਨ੍ਹੀਂ ਲੱਗ ਰਿਹਾ। ਪਰ ਤੇਰਾ ਮਾਮਾ ਕਹਿੰਦਾ-ਜ਼ਮੀਨ ਭਾਵੇਂ ਸਾਰੀ ਵਿਕ ਜਾਵੇ ਪਰ ਇਕ ਵਾਰ ਉਨ੍ਹਾਂ ਨੂੰ ਜ਼ਰੂਰ ਲੱਭ ਕੇ ਲਿਆਵਾਂਗੇ।"

"ਲਿਆ ਕੇ ਕੀ ਕਰੋਗੇ?"



"ਦੋ ਮਹੀਨਿਆਂ ਬਾਅਦ ਫਾਹਾ ਵਢਾਂਗੇ ਵਿਚੋਂ।"

"ਵਿਆਹ...?"

"ਨ੍ਹੀਂ...ਵਿਆਹ ਵਾਲੀ ਹੁਣ ਕਿਹੜੀ ਗੱਲ ਰਹਿ ਗਈ। ਮੰਨਿਆ ਔਖੇ ਸੌਖੇ ਹੋ ਕੇ ਅਸੀਂ ਵਿਆਹ ਵੀ ਕਰ ਦਿੰਨੇ ਆਂ...। ਪਰ ਜਦੋਂ ਉਸ ਦੇ ਸਹੁਰਿਆਂ ਨੂੰ ਪਤਾ ਲੱਗ ਗਿਆ ਤਾਂ ਫੇਰ...।"

"ਫੇਰ।"

"ਫੇਰ ਨਾਲੋਂ ਪਹਿਲਾਂ ਹੀ ਫਾਹਾ ਵੱਢਣਾ ਸੌਖਾ ਲੱਗਦਾ।"

"ਦੱਸੋ-ਤੁਹਾਨੂੰ ਕੀ ਸੁਦਾ ਹੋਇਆ। ਪਹਿਲਾਂ ਦੋ ਖੱਤੇ ਲੱਭਣ ਲਈ ਵੇਚੋ। ਫੇਰ ਸਾਰੀ ਉਮਰ ਜੇਲ੍ਹਾਂ ਵਿਚ ਰੁਲੋ। ਇਹ ਨਾ ਕਰ ਬੈਠਿਓਂ। ਛੋਟੇ-ਛੋਟੇ ਬਾਲ ਬੱਚੇ ਨੇ ਤੁਹਾਡੇ। ਮਾਮਾ ਜੇਲ੍ਹਾਂ ਵਿਚ ਰੁਲਦਾ ਫਿਰੂ। ਪਿਛੋਂ ਤੁਹਾਨੂੰ ਕੌਣ ਸਾਂਭੂ। ਬੱਚਿਆਂ ਦਾ ਕੀ ਬਣੂ?"

"ਗੱਲ ਤਾਂ ਤੇਰੀ ਠੀਕ ਪਰ ਸ਼ਰੀਕੇ ਭਾਈਚਾਰੇ ਨੇ ਜੀਣਾ ਹਰਾਮ ਕਰ ਦੇਣਾ।"

"ਉਨ੍ਹਾਂ ਤੁਹਾਨੂੰ ਖਾਣ ਨੂੰ ਨ੍ਹੀਂ ਦੇਣਾ।"

ਕਿੰਨਾ ਚਿਰ ਹੀ ਉਹ ਸੋਚਾਂ ਵਿਚ ਗੁਆਚੀ ਰਹੀ ਸੀ। ਫੇਰ ਉਹ ਇਹ ਕਹਿੰਦੀ ਘਰ ਨੂੰ ਤੁਰ ਪਈ ਸੀ, "ਨ੍ਹੀਂ-ਇਹ ਕਦੇ ਨ੍ਹੀਂ ਹੋ ਸਕਦਾ। ਤੂੰ ਤਾਂ ਆਪਣਾ ਹੀ ਕਮਲ ਕੁੱਟਣ ਲੱਗ ਪਿਆਂ। ਅਸੀਂ ਸਾਰੀ ਉਮਰ ਦੀ ਲਾਹਨਤ ਨ੍ਹੀਂ ਖੱਟਣੀ। ਜ਼ਮੀਨ ਦਾ ਕੀ ਆ-ਭਾਵੇਂ ਸਾਰੀ ਗਹਿਣੇ ਪੈ ਜਾਏ....।"

****

ਬੱਸ। ਬੱਸ। ਇਹੀ ਕਹਾਣੀ ਹੈ।

ਮੈਨੂੰ ਪਤਾ ਹੈ ਕਿ ਤੁਸੀਂ ਅਗਾਂਹ ਬਾਰੇ ਵੀ ਜਾਣਨਾ ਚਾਹੁੰਦੇ ਹੋ।

ਪਰ ਹੁਣ ਇਸ ਦੀ ਕੋਈ ਲੋੜ ਨਹੀਂ ਰਹੀ।

ਸ਼ੁਰੂ 'ਚ ਮੈਂ ਕਿਹਾ ਸੀ ਕਿ ਇਸ ਦੀ ਸ਼ੁਰੂਆਤ ਹੀ ਇਸ ਦਾ ਅੰਤ ਹੈ ਤੇ ਅੰਤ ਹੀ ਸ਼ੁਰੂਆਤ।

...ਹਾਂ-ਹਾਂ। ਇਹ ਤਾਂ ਤੁਸੀਂ ਦੇਖਣਾ ਹੈ।



www.PunjabiLibrary.com

## ਘੁੰਮਣਘੇਰੀਆਂ

13, ਦਸੰਬਰ, 1988

ਹੁਣ ਮੈਂ ਸਿਗਰਟ ਵੀ ਪੀਣ ਲੱਗ ਪਿਆਂ। ਤੁਹਾਨੂੰ ਇਹ ਗੱਲ ਭੁੱਲ ਗਈ ਹੋਣੀ ਕਿ ਦੋ ਕੁ ਹਾੜੇ ਲੱਗੇ ਹੋਣ ਤਾਂ ਇਹ ਆਪਣਾ ਹੀ ਸਰੂਰ ਦਿੰਦੀ ਹੈ। ਤੁਸੀਂ ਸਭ ਕੁਝ ਛੱਡ ਛੁਡਾ ਗਏ। ਮੈਂ ਸਭ ਕੁਝ ਚੱਟਮ ਕਰੀ ਜਾਣਾਂ। ਭਈਏ ਭੰਗ ਵਾਲੀ ਸਿਗਰਟ ਦਾ ਸੂਟਾ ਲਵਾ ਜਾਂਦੇ। ਹੈ ਨਾ ਅਚੰਭੇ ਵਾਲੀ ਰਾਮ ਕਹਾਣੀ। ਇਹ ਸਭ ਕੁਝ ਕੋਠੀ ਬਣਦਿਆਂ-ਬਣਦਿਆਂ ਸ਼ੁਰੂ ਕੀਤਾ। ...ਪੇਪਰਾਂ ਦੇ ਦਿਨਾਂ 'ਚ ਸੁਰਜਨ ਨੇ ਵਾਹ-ਜਹਾਨ ਦੀ ਲਾਈ ਸੀ, ਮੈਂ ਇਸ ਪਾਸੇ ਮੂੰਹ ਨਹੀਂ ਕੀਤਾ ਸੀ। ਮੇਰਾ ਮਨ ਰਾਜ਼ੀ ਨਹੀਂ ਹੁੰਦਾ ਸੀ। ਸਿਗਰਟ ਤੇ ਮੈਂ! ਸਾਡੇ ਪਰਿਵਾਰ 'ਚ ਤਾਂ ਕੀ-ਮੇਰੇ ਨਾਨਕਿਆਂ ਤੇ ਫੇਰ ਭੈਣਾਂ ਦੇ ਵੀ ਇਹਨੂੰ ਅੰਤਾਂ ਦੀ ਨਫ਼ਰਤ ਕਰਦੇ ਸਨ। ਤੁਸੀਂ ਸਾਰੇ ਜ਼ਿਆਦਾ ਹੀ ਖਹਿੜੇ ਪੈ ਜਾਂਦੇ ਤਾਂ ਮੈਂ ਟੈਂਟ 'ਚੋਂ ਬਾਹਰ ਆ ਜਾਂਦਾ ਸੀ। ਸ਼ੀਤ ਲਹਿਰ 'ਚ। ਮਾਈਨਸ ਚਾਰ ਡਿਗਰੀ ਟੈਂਪਰੇਚਰ 'ਚ। ਮੈਥੋਂ ਤੁਹਾਡੇ ਮੂੰਹਾਂ 'ਚੋਂ ਨਿਕਲਿਆ ਧੂੰਆਂ ਬਰਦਾਸ਼ਤ ਨਾ ਹੁੰਦਾ। ਕਚਿਆਣ ਆਉਂਦੀ। ਲੱਗਦਾ-ਹੁਣ ਵੀ ਉਲਟੀ ਆਈ-ਹੁਣ ਵੀ ਖਾਧਾ-ਪੀਤਾ ਬਾਹਰ ਨਿਕਲਿਆ। ਸ਼ਰਾਬ! ਤੌਬਾ। ਤੌਬਾ ਮੇਰੇ ਬਾਪ ਦੀ। ਗਿਲਾਸ 'ਚ ਪਈ ਸ਼ਰਾਬ ਦੇਖ ਕੇ ਹੀ ਉੱਬਤ ਆਉਂਦਾ। ਨਾਸਾਂ ਨੂੰ ਕੁਝ ਚੜ੍ਹਦਾ। ਰਮ ਤਾਂ ਇਕ ਵਾਰੀ ਜੱਸੂ ਨੇ ਮਲੋਜ਼ੋਰੀ ਪਲਾਈ ਸੀ, "ਪੀ ਲਿਆ ਕਰ ਦੋ ਘੁੱਟ। ਐਨੀ ਠੰਢ ਵਿਚ ਹੱਡ ਜੁੜ ਗਏ ਤਾਂ ਫੇਰ ਸਾਰੀ ਉਮਰ ਮੱਥੇ 'ਤੇ ਹੱਥ ਮਾਰੂੰਗਾ।"

ਪੂਰੇ ਠਾਠ-ਬਾਠ ਨਾਲ ਧੁੱਪੇ ਕੁਰਸੀ 'ਤੇ ਬੈਠਾ ਹਾਂ। ਸਾਹਮਣੇ ਨਿੱਕਾ ਮੇਜ਼ ਪਿਆ ਹੈ ਜਿਸ 'ਤੇ ਕੇਸ਼ੂ ਚਾਹ ਦੀ ਕੇਤਲੀ ਤੇ ਕੱਪ-ਪਲੇਟ ਰੱਖ ਗਿਆ। ਘੰਟਾ ਕੁ ਪਹਿਲਾਂ ਘਰੇ ਗੇੜਾ ਮਾਰਨ ਗਿਆਂ ਮੈਂ ਦੋ ਭਰਵੇਂ ਹਾੜੇ ਲਾਏ ਸਨ। ਫੇਰ ਚਾਹ ਕਿਥੋਂ ਚੰਗੀ ਲੱਗਣੀ ਸੀ। ਪਰ ਮੈਂ ਉਨ੍ਹਾਂ ਨੂੰ ਨਾਂਹ ਨਹੀਂ ਕਰਦਾ। ਇਹ ਆਪ ਗਿਲਾਸਾਂ 'ਚ ਪੀਂਦੇ ਹਨ। ਮੇਰੇ ਲਈ ਸਪੈਸ਼ਲ ਕੱਪ-ਪਲੇਟ-ਕੇਤਲੀ ਰੱਖੀ ਹੈ। ਮੈਂ ਇਨ੍ਹਾਂ ਨੂੰ ਇਹ ਸੈੱਟ ਲਿਆ ਕੇ ਦਿੱਤਾ ਸੀ। ਦੋ ਸਾਲ ਪਹਿਲਾਂ। ਉਦਾਂ ਦਾ ਪਿਆ। ਅਸ਼ਕੇ ਜਾਈਏ ਇਨ੍ਹਾਂ ਦੀ ਸਾਂਭ ਸੰਭਾਲ ਦੇ। ਇਹ ਜਿੰਨੀ ਵਾਰੀ ਵੀ ਚਾਹ ਬਣਾਉਣ-ਮੈਨੂੰ ਇਕ ਕੱਪ ਅਵੱਸ਼ ਪਿਲਾਉਂਦੇ। ਮੈਂ ਇਨ੍ਹਾਂ ਨੂੰ ਖੁੱਲ੍ਹ ਦੇ ਰੱਖੀ ਕਿ ਜਦੋਂ ਇਨ੍ਹਾਂ ਦਾ ਮਨ ਕਰੇ-ਇਹ ਚਾਹ ਬਣਾ ਲੈਣ। ਖੰਡ ਦਾ ਪੀਪਾ ਮੁੱਕ ਜਾਵੇ



ਤਾਂ ਹੋਰ ਭਰਾ ਦੇਣਾਂ। ਇਹ ਸਾਰੇ ਮੈਥੋਂ ਖ਼ੁਸ਼ ਹਨ। ਮੈਂ ਇਨ੍ਹਾਂ ਤੋਂ। ਇਨ੍ਹਾਂ ਦੇ ਨਾਂ ਮੇਰੀ ਜ਼ਬਾਨ 'ਤੇ ਨਹੀਂ ਚੜ੍ਹਦੇ। ਕੋਈ ਕਮਲੇਸ਼ਵਰ ਹੈ। ਕੋਈ ਰਾਮ ਸ਼ਰਨਦਾਸ ਸਿੰਘ। ਇਕ ਦਾ ਨਾਂ ਭੀਮਸ਼ਵਰ ਨਰਾਇਣ ਹੈ। ਮੈਂ ਕਮਲੇਸ਼ਵਰ ਨੂੰ ਕੇਸ਼ੂ, ਰਾਮਸ਼ਰਨ ਦਾਸ ਸਿੰਘ ਨੂੰ ਰਾਮੂ ਤੇ ਭੀਮਸ਼ਵਰ ਨਰਾਇਣ ਨੂੰ 'ਉਏ ਭੀਮਿਆਂ' ਆਵਾਜ਼ ਮਾਰ ਕੇ ਬੁਲਾਉਂਦਾ ਹਾਂ। ਇਹ ਮੇਰੀ ਗੱਲ ਦਾ ਗੁੱਸਾ ਨਹੀਂ ਕਰਦੇ। ਚੰਗੇ ਬੰਦੇ ਹਨ। ਬੀਬੇ ਹਨ। ਕਾਮੇ ਹਨ। ਜੀ-ਜੀ ਕਹਿੰਦੇ ਮੇਰੀ ਇਕ ਆਵਾਜ਼ 'ਤੇ ਦੌੜੇ ਆਉਂਦੇ। ਇਹ ਤਿੰਨੋਂ ਮੇਰੇ ਕੋਲ ਖੂੰਜੇ ਵਾਲੇ ਕਮਰੇ 'ਚ ਰਹਿੰਦੇ। ਉਦੋਂ ਤੋਂ ਜਦੋਂ ਦੀ ਮੈਂ ਕੋਠੀ ਬਣਾਉਣੀ ਸ਼ੁਰੂ ਕੀਤੀ। ਬਾਕੀ ਨਹਿਰੋਂ ਪਾਰ ਵਾਲੀ ਮੋਟਰ 'ਤੇ। ਆਪਣੇ ਸੰਗੀ-ਸਾਥੀਆਂ ਨਾਲ। ਆਉਂਦੇ ਸਾਰ 'ਸਰਦਾਰ ਜੀ ਸਤ ਸ੍ਰੀ ਅਕਾਲ' ਬੁਲਾਉਂਦੇ। ਯੂਪੀਉਂ ਕੋਈ ਨਵਾਂ ਆਇਆ ਹੋਵੇ ਤਾਂ ਬਾਬੂ ਜੀ ਨਮਸਤੇ ਕਹਿ ਜਾਂਦਾ। ਮੇਰਾ ਮਨ ਕਰਦਾ ਕਿ ਨਮਸਤੇ ਕਹਿਣ ਵਾਲੇ ਦੇ ਮੂੰਹ 'ਤੇ ਖਿੱਚ ਕੇ ਚਪੇੜ ਮਾਰਾਂ। ਰਿਹਾ ਨਾ ਭੱਈਏ ਦਾ ਭੱਈਆ। ਇਹਨੂੰ ਦੱਸਾਂ ਕਿ ਮੈਂ ਸਰਦਾਰ ਦਰਬਾਰਾ ਸਿੰਘ ਹਾਂ। ਫੇਰ ਮਨ ਨੂੰ ਸਮਝਾਉਣਾਂ ਕਿ ਇਸ ਵਿਚਾਰੀ ਗਊ ਨੂੰ ਕੀ ਪਤਾ। ਡਾਈ ਕੀਤੇ ਵਾਲਾਂ ਤੇ ਚੱਟਮਚੱਟ ਕੀਤੇ ਮੂੰਹ ਤੋਂ ਮੈਂ ਇਹਨੂੰ ਬਾਬੂ ਲੱਗਦਾਂ। ਇਸੇ ਗੱਲੋਂ ਮੈਂ ਪਿੰਡ ਦੀ ਲੇਬਰ ਨਹੀਂ ਲਾਉਂਦਾ। ਕੰਮ ਵਧਣ 'ਤੇ ਭਾਵੇਂ ਵੱਡਾ ਮਿਸਤਰੀ ਆਪਣੀ ਮਰਜ਼ੀ ਨਾਲ ਦੋ ਚਾਰ ਦਿਹਾੜੀਏ ਫੜ ਲਿਆਵੇ। ਇਨ੍ਹਾਂ ਨੂੰ ਬੋਲਣਾ ਭੁੱਲਦਾ ਜਾਂਦਾ। ਜੇ ਕੋਈ ਮੁੰਡਾ ਹੋਵੇ ਤਾਂ ਉਹ ਦੂਰੋਂ ਹੀ ਪੁੱਛਦਾ, "ਅੰਕਲ ਜੀ, ਕਿੱਦਾਂ ਹਾਲ ਚਾਲ ਆ?" ਨਾ ਸਰਦਾਰ ਜੀ। ਨਾ ਵਲੈਤੀਆ। ਸਾਲੇ ਡੀ.ਐਸ.ਫ਼ੋਰ. ਦੇ। ਜੇ ਪੱਕੀ ਉਮਰ ਦਾ ਹੋਵੇ ਤਾਂ ਉਹ ਹੱਥ ਜੋੜ ਕੇ ਤੇ ਸਿਰ ਨਿਵਾ ਕੇ ਪੁੱਛਦਾ, "ਫ਼ੌਜੀ ਸਾਹਿਬ, ਠੀਕ ਹੋ?" ਫ਼ੌਜੀ ਸ਼ਬਦ ਨਾਲ ਮੈਨੂੰ ਚਿੜ ਹੈ। ਇਹ ਜਾਣ-ਬੁੱਝ ਕੇ ਕਹਿੰਦੇ। ਇਨ੍ਹਾਂ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਮੈਂ ਅਜੇ ਵੀ ਫ਼ੌਜੀ ਕਿਵੇਂ ਹਾਂ। ਤੀਹ-ਪੈਂਤੀ ਸਾਲ ਹੋ ਗਏ ਫ਼ੌਜ ਨੂੰ ਛੱਡਿਆਂ। ਬਾਰ੍ਹਾਂ ਸਾਲ ਸਾਊਦੀ ਅਰਬ ਲਾਏ। ਅੱਠ-ਨੌਂ ਵਾਰ ਇੰਗਲੈਂਡ ਗਿਆਂ। ਅਮਰੀਕਾ ਗਿਆ। ਜਰਮਨੀ ਗਿਆ। ਨੌਨਸੈਂਸ। ਬੇਵਕੂਫ਼। ਇਨ੍ਹਾਂ ਨੂੰ ਫ਼ੌਜ ਦਾ ਕੀ ਪਤਾ। ਇਨ੍ਹਾਂ ਨੂੰ ਫ਼ੌਜੀ ਦਾ ਕੀ ਪਤਾ। ਜਿੱਡੇ ਵੱਡੇ ਇਹਦੇ ਅਰਥ ਹੋਣੇ ਚਾਹੀਦੇ, ਉਹ ਨਹੀਂ ਹੁੰਦੇ।

ਪਹਿਲਾਂ ਸਾਡੀ ਅੱਲ 'ਮਿਸਤਰੀ' ਪਈ ਸੀ। ਫੇਰ ਮੇਰੇ ਨਾਂ ਨਾਲ 'ਫ਼ੌਜੀ' ਸ਼ਬਦ ਜੁੜ ਗਿਆ। ਕੁਝ ਸਾਲਾਂ ਤੋਂ ਕੋਈ ਦੂਜੇ ਪਿੰਡਾਂ ਦਾ ਮੰਗਤਾ ਆ ਜਾਵੇ ਤਾਂ ਉਹ ਉੱਚੀ-ਉੱਚੀ 'ਵਲੈਤੀਆਂ ਦੀ ਖ਼ੈਰ' ਵੀ ਕਹਿ ਜਾਂਦਾ। ਪਹਿਲਾਂ ਮੈਨੂੰ ਮਿਸਤਰੀ ਸ਼ਬਦ ਔਖਾ ਕਰਦਾ ਸੀ। ਫੇਰ ਫ਼ੌਜੀ ਕਰਨ ਲੱਗ ਪਿਆ। ਵਲੈਤੀਆ ਚੰਗਾ ਲੱਗਦਾ। ਵਿਹੜੇ ਵਾਲੇ ਸਾਲ ਪਿੱਛੋਂ 'ਸਾਲ' ਕਰਾਉਂਦੇ। ਜੇ ਮੈਂ ਇਥੇ ਹੋਵਾਂ ਤਾਂ ਨਚਾਰ ਨੂੰ ਪੰਜਾਂ ਦਾ ਨੋਟ ਦੇ ਕੇ ਕਹਿਣਾ ਕਿ ਉਹ ਸਰਦਾਰ ਬਿਸ਼ਨ ਸਿੰਘ ਦਾ ਨਾਂ ਲਵੇ। ਉਹ ਪਿੜ 'ਚ ਜਾ ਕੇ ਕੰਨ 'ਤੇ ਹੱਥ ਰੱਖ ਕੇ ਕਹਿੰਦਾ, "ਵੇਲ-ਪੰਜਾਂ ਰੁਪਈਆਂ ਦੀ ਵੇਲ। ਵਲੈਤੀਆ ਸਾਹਿਬ ਆਪਣੇ ਬਾਪੂ ਦੀ ਵੇਲ ਕਰਾਉਂਦਾ। ਬਿਸ਼ਨ ਸਿਹੁੰ ਦੇ ਰੁਪਈਆਂ ਦੀ ਵੇਲ।" ਜੇ ਕਦੇ ਮੈਂ ਨਾ ਦੱਸਦਾ ਤਾਂ ਉਹਦੀ ਸੁਰ ਹੁੰਦੀ, "ਵਲੈਤੀਆ ਸਾਹਿਬ ਦੇ ਰੁਪਈਆਂ ਦੀ ਵੇਲ। ਮੇਰੇ ਫ਼ੌਜੀ ਸਾਹਿਬ ਦੇ ਰੁਪਈਆਂ ਦੀ ਵੇਲ।"

ਆਪਣੀ ਨੁੱਕ ਬੰਨਣ ਲਈ ਆਹ ਕੋਠੀ ਬਣਾ ਰਿਹਾ ਹਾਂ। ਅੱਜ ਤੱਕ ਪੰਤਾਲੀ



www.PunjabiLibrary.com

ਲੱਖ ਖ਼ਰਚ ਹੋ ਗਏ। ਪੰਜ-ਸੱਤ ਹੋਰ ਲੱਗਜੂ। ਮੈਨੂੰ ਪਤਾ ਹੈ ਕਿ ਮੇਰੇ ਕਿਸੇ ਧੀ-ਪੁੱਤ ਨੇ ਇਥੇ ਆ ਕੇ ਨਹੀਂ ਰਹਿਣਾ। ਉਹ ਰਹਿ ਹੀ ਨਹੀਂ ਸਕਦੇ। ਨਾ ਉਹ। ਨਾ ਉਹਨਾਂ ਦੇ ਬੱਚੇ। ਮੇਰੇ ਲਈ ਪਿੰਡ ਵਿਚਲਾ ਪੁਰਾਣਾ ਘਰ ਵਥੇਰਾ ਸੀ। ਫੇਰ ਮੇਰਾ ਕੋਈ ਪੱਕਾ ਟਿਕਾਣਾ ਨਹੀਂ। ਕਦੇ ਇਥੇ ਹੁਣਾਂ। ਕਦੇ ਮੁੰਡਿਆਂ ਕੋਲ।

ਸ਼ਹਿਰੋਂ ਮੁੜਦਿਆਂ ਹੋਇਆਂ ਕੋਠੀ ਵੱਲ ਦੇਖਦਾ ਸੀ ਤਾਂ ਮੈਨੂੰ ਨਸ਼ਾ ਜਿਹਾ ਚੜ੍ਹਦਾ ਸੀ। ਦੂਜੇ ਪੱਲ ਹੈਰਾਨੀ ਵੀ ਹੁੰਦੀ ਸੀ। ਮੈਥੋਂ ਜ਼ਿਆਦਾ ਲੋਕ ਹੈਰਾਨ ਹੁੰਦੇ ਸਨ। ਕੁਝ ਪਿੱਠ ਪਿੱਛੇ ਕਹਿੰਦੇ, "ਫ਼ੌਜੀ ਤਾਂ ਦਮੜੀ ਖ਼ਰਚਣ ਵਾਲਾ ਨ੍ਹੀਂ ਸੀ-ਇਹ ਐਨੇ ਪੈਸੇ ਕਿਵੇਂ ਖ਼ਰਚ ਕਰੀ ਜਾਂਦਾ।" ਕੁਝ ਸਾਹਮਣੇ ਪੁੱਛ ਲੈਂਦੇ, "ਵਲੈਤੀਆ, ਮਹੱਲ ਖੜ੍ਹਾ ਕਰਨ ਦਾ ਸ਼ੌਂਕ ਕਿਵੇਂ ਉੱਠਿਆ?" ਮੈਂ ਹੱਸ ਛੱਡਦਾ। ਮੇਰਾ ਕੋਈ ਹਿਮਾਇਤੀ ਜੁਆਬ ਦਿੰਦਾ, "ਇਹ ਕਿਹੜਾ ਕਿਸੇ ਨਾਲੋਂ ਮਾੜਾ ਧੀੜਾ। ਸਾਰਾ ਟੱਬਰ ਬਾਹਰ ਗਿਆ। ਹੁਣ ਤਾਂ ਉਨ੍ਹਾਂ ਘਰਾਂ 'ਚ ਵੀ ਕੋਠੀਆਂ ਬਣ ਗਈਆਂ ਜਿਨ੍ਹਾਂ ਦੀਆਂ ਬੁੜੀਆਂ ਕੁੜੀਆਂ ਸਾਡੇ ਬੰਨਿਆਂ ਤੋਂ ਘਾਹ ਖੋਤਦੀਆਂ ਸੀ।" ਜਦੋਂ ਚੰਮ ਦਾ ਕੰਮ ਕਰਨ ਵਾਲੇ ਮਨੋਹਰ ਨੇ ਬਾਹਰਲੀ ਫਿਰਨੀ 'ਤੇ ਪਾਸ਼ਾ ਸਿਹੁੰ ਕੋਲੋਂ ਮੂੰਹ ਮੰਗੀ ਕੀਮਤ ਦੇ ਕੇ, ਤਿੰਨ ਕਰਨਾਲਾਂ ਖਰੀਦ ਕੇ ਕੋਠੀ ਬਣਵਾਈ ਸੀ ਤੇ ਗੇਟ 'ਤੇ ਲਿਖਾਇਆ ਸੀ-ਮਨੋਹਰ ਲਾਲ ਜਖੂ, (ਅਮਰੀਕਾ ਵਾਲਾ) ਤੇ ਮਨਮੋਹਨ ਵਾਰਸ ਨੂੰ ਸੱਦ ਕੇ ਕੋਠੀ 'ਚ ਗਾਉਣ ਪਾਣੀ ਕਰਵਾਇਆ ਸੀ, ਉਦੋਂ ਝਿਊਰਾਂ ਦੇ ਕੰਤੇ ਨੇ ਕਿਹਾ ਸੀ, "ਦੇਖ ਲਉ-ਤਾਇਆ ਜੀ-ਆਹ ਮਨੋਹਰ ਅਮਰੀਕਾ ਕੀ ਗਿਆ-ਪੈਸਿਆਂ ਦਾ ਮੀਂਹ ਵਰ੍ਹਾਤਾ। ਕੋਠੀ ਬਣਾਈ। ਆਖੰਡ ਪਾਠ ਦਾ ਭੋਗ ਪਵਾਇਆ। ਸਭ ਤੋਂ ਮਹਿੰਗਾ ਗਾਉਣ ਵਾਲਾ ਸੱਦਿਆ। ਖਾਣ-ਪੀਣ ਦੇ ਕਿਆ ਕਹਿਣੇ। ਲੋਕ ਕੋਠੀ ਕੋਲ ਖੜ੍ਹੇ ਹੋ-ਹੋ ਕੇ ਦੇਖਦੇ ਆ। ਉਹ ਤੁਹਾਡੇ ਸਾਰਿਆਂ ਨਾਲੋਂ ਉਤੇ ਹੋ ਗਿਆ।" ਉਸ ਗੱਲ ਸਹਿਜ-ਸੁਭਾਵਕ ਕੀਤੀ ਸੀ ਜਾਂ ਮਾਖੌਲ ਨਾਲ। ਮੈਨੂੰ ਉਸਦੀ ਗੱਲ ਨੇ ਬੇਚੈਨ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਵੀ ਕਈ ਮੂੰਹ-ਮੱਥੇ ਲੱਗਣ ਵਾਲਿਆਂ ਨੇ ਟਕੋਰਾਂ ਲਾਈਆਂ ਸਨ। ਮੈਂ ਮਨ ਹੀ ਮਨ 'ਚ ਕਿਹਾ ਸੀ, "ਕੋਈ ਨਾ ਪੁੱਤਰ ਕੰਤਿਆ-ਹੁਣ ਤੂੰ ਸਾਡੀ ਕੋਠੀ ਦੇਖੀਂ।" ਕੰਤਾ ਤਾਂ ਆਪਣੇ ਘਰ ਵੱਲ ਤੁਰ ਗਿਆ ਸੀ-ਮੈਂ ਮਨੋਹਰ ਨਾਲੋਂ ਦੋਗੁਣਾਂ ਵੱਡੀ ਕੋਠੀ ਬਣਾਉਣ ਦਾ ਫ਼ੈਸਲਾ ਕਰ ਲਿਆ ਸੀ। ਇਸੇ ਦੇ ਨਾਲ ਹੀ ਦੋ ਕੰਮ ਹੋਰ ਸੰਵਾਰੇ ਜਾਣੇ ਸਨ। ਦਸਾਂ ਪਿੰਡਾਂ 'ਚ ਵਲੈਤੀਆਂ ਦੀ ਕੋਠੀ ਦੀ ਚਰਚਾ ਹੋ ਜਾਣੀ ਸੀ। ਵਲੈਤੀਏ ਨੇ ਫ਼ੌਜੀ ਤੇ ਮਿਸਤਰੀ ਨੂੰ ਦਬਾ ਜਾਣਾ ਸੀ। ਮੇਰੇ ਦੋ-ਤਿੰਨ ਸਾਲ ਚੰਗੇ ਨਿਕਲਣੇ ਸਨ। ਮੈਂ ਦਸ ਖੇਤਾਂ ਦਾ ਮਾਲਕ-ਕੋਠੀ ਕੀ-ਮਹੱਲ ਖੜ੍ਹਾ ਕਰ ਸਕਦਾ ਸੀ। ਇਹ ਸਲਾਹ ਤਾਂ ਕੁੜੀਆਂ ਨੇ ਪਹਿਲਾਂ ਵੀ ਦਿੱਤੀ ਸੀ। ਉਹ ਇਧਰ ਆਉਂਦੀਆਂ। ਆਪਣੇ ਰਿਸ਼ਤੇਦਾਰਾਂ ਦੇ ਜਾਂਦੀਆਂ। ਉਨ੍ਹਾਂ ਦੀਆਂ ਕੋਠੀਆਂ ਦੀ ਪ੍ਰਸ਼ੰਸਾ ਕਰਦੀਆਂ। ਕਹਿੰਦੀਆਂ, "ਡੈਡੀ ਜੀ-ਪੈਸੇ ਜੋੜ ਕੇ ਕਿੱਥੇ ਲੈ ਜਾਣੇ। ਵਧੀਆ ਜਿਹੀ ਕੋਠੀ ਬਣਾਉ। ਅਸੀਂ ਪੈਸੇ ਖ਼ਰਚ ਦਈਏ?" ਅੱਗੋਂ ਮੇਰਾ ਜੁਆਬ ਹੁੰਦਾ, "ਮੈਂ ਤੁਹਾਡੇ ਕੋਲੋਂ ਪੈਸੇ ਲੈਂਦਾ ਚੰਗਾ ਲੱਗਦਾਂ।" ਉਹ ਵਾਪਸ ਚਲੇ ਜਾਂਦੀਆਂ। ਗੱਲ ਆਈ ਗਈ ਹੋ ਜਾਂਦੀ। ਫੇਰ ਮੇਰੀ ਆਪਣੀ ਇੱਛਾ ਜਾਗੀ। ਉਹਨੂੰ ਭਾਗ ਲੱਗਣ ਲੱਗੇ। ਉਹ ਹੋਰ ਤੇਜ਼ ਹੁੰਦੀ। ਵਿਚ-ਵਿਚਾਲੇ ਦਮ ਤੋੜ ਜਾਂਦੀ। ਮੇਰਾ ਹਿਆਂ ਨਾ ਪੈਂਦਾ। ਮੈਨੂੰ ਪੈਸੇ ਲਾਉਣੇ ਬੇਫਜ਼ੂਲ ਲੱਗਦੇ।



ਬਚਪਨ, ਜਵਾਨੀ 'ਚ ਦੇਖੀਆਂ ਤੰਗੀਆਂ, ਤੁਰਸੀਆਂ ਮੈਨੂੰ ਪੈਸੇ ਨਾ ਖ਼ਰਚਣ ਦਿੰਦੀਆਂ। ਮੈਂ ਤਾਂ ਨਿੱਕੀ-ਨਿੱਕੀ ਗੱਲ 'ਤੇ ਵੀ ਹੱਥ ਘੁੱਟਦਾ ਸੀ। ਮੁੰਡਿਆਂ ਨੇ ਇਕ ਨਵਾਂ ਟੰਟਾ ਖੜ੍ਹਾ ਕਰ ਦਿੱਤਾ ਸੀ। ਉਹ ਚਾਹੁੰਦੇ ਸਨ ਕਿ ਮੈਂ ਜ਼ਮੀਨ ਵੇਚ ਦਵਾਂ ਤੇ ਜਿੰਨੇ ਪੈਸੇ ਵੱਟੇ ਜਾਂਦੇ, ਉਹ ਆਪਣਿਆਂ ਪੋਤਰਿਆਂ ਦੇ ਨਾਂ ਲਵਾ ਦਵਾਂ। ਨਾ ਤਾਂ ਉਨ੍ਹਾਂ ਨੂੰ ਇਸ ਜ਼ਮੀਨ ਨਾਲ ਕੋਈ ਮੋਹ ਸੀ ਤੇ ਨਾ ਹੀ ਆਉਂਦੇ ਠੇਕੇ ਨਾਲ। ਮੈਂ ਉਨ੍ਹਾਂ ਨਾਲ ਸਹਿਮਤ ਨਾ ਹੁੰਦਾ। ਕੁੜੀਆਂ ਵੀ ਆਪਣੇ ਭਰਾਵਾਂ ਦਾ ਪੱਖ ਲੈਂਦੀਆਂ। ਵੱਡੀ ਨਿੰਦਰ ਨੇ ਫੋਨ ਕੀਤਾ, "ਤੁਸੀਂ ਜ਼ਮੀਨ ਵੇਚ ਦਿਉ। ਪਿੱਛੋਂ ਕਿਸੇ ਨੇ ਆਉਣਾ ਨ੍ਹੀਂ। ਜਿਹਨੇ ਸਾਂਭ ਲਈ ਉਹਨੇ ਛੱਡਣੀ ਨ੍ਹੀਂ।" ਛੋਟੀ ਕੁਲਵੰਤ ਨੇ ਆਪਣੀ ਕਹਾਣੀ ਸੁਣਾਈ ਸੀ, "ਸਾਡੇ ਵੱਲ ਦੇਖ ਲਉ। ਤੀਹ ਖੇਤ ਸੀ। ਚਾਚੇ ਨੇ ਸਾਂਭ ਲਏ। ਡੈਡੀ ਜੀ ਨੂੰ ਕੇਸ ਲੜਦਿਆਂ ਦਸ ਸਾਲ ਹੋ ਗਏ। ਉਨ੍ਹਾਂ ਦਾ ਇਕ ਪੈਰ ਅਮਰੀਕਾ ਹੁੰਦਾ। ਇਕ ਰਾਮਪੁਰੇ। ਅਜੇ ਤੱਕ ਕੁਸ਼ ਨ੍ਹੀਂ ਬਣਿਆ-ਜੁੜਿਆ। ਤੁਹਾਡੇ ਨਾਲ ਵੀ ਐਦਾਂ ਹੋਣੀ।" ਮੈਂ ਜ਼ਮੀਨ ਵੇਚਣ ਨੂੰ ਮੰਨਿਆ ਨਹੀਂ ਸੀ। ਉਨ੍ਹਾਂ ਦੇ ਜ਼ੋਰ ਪਾਉਣ 'ਤੇ ਕੋਠੀ ਬਣਾਉਣੀ ਜ਼ਰੂਰ ਸ਼ੁਰੂ ਕਰ ਦਿੱਤੀ ਸੀ। ਮਨ 'ਚ ਇਕ ਇਹ ਵੀ ਇੱਛਾ ਪੈਦਾ ਹੋਈ ਸੀ ਕਿ ਆਪਣੇ ਪੋਤਰੇ ਅੰਗਰੇਜ਼ ਸਿੰਘ ਦਾ ਵਿਆਹ ਇਸੇ ਕੋਠੀ 'ਚ ਕਰਨਾ।

ਹੁਣ ਮੈਂ ਸ਼ਾਹ-ਖ਼ਰਚ ਹਾਂ। ਪਹਿਲਾਂ ਨਹੀਂ ਸੀ। ਜਿਸ ਬੰਦੇ ਦੇ ਤਿੰਨ ਪੁੱਤ ਤੇ ਚਾਰ ਧੀਆਂ ਹੋਣ, ਘਰ ਦੇ ਸਿਰਫ਼ ਦੋ ਖੇਤ ਹੋਣ, ਉਹ ਸ਼ਾਹ-ਖ਼ਰਚ ਕਿਵੇਂ ਹੋ ਸਕਦਾ। ਉਪਰੋਂ ਪੰਜ ਭੈਣਾਂ ਦੀਆਂ ਕਬੀਲਦਾਰੀਆਂ। ਬਾਪੂ ਦਾ ਲੱਕੜਾਂ ਦਾ ਟਾਲ ਸੀ। ਇਸੇ ਕਰਕੇ ਬਹੁਤੇ ਤਾਂ ਸਾਨੂੰ ਮਿਸਤਰੀ ਸਮਝੀ ਬੈਠੇ ਸਨ। ਸਿਆਲਾਂ ਨੂੰ ਕਸ਼ਮੀਰੋਂ ਰਾਸ਼ੇ-ਗੋਛੇ ਆਉਂਦੇ। ਉਹ ਟਾਲ ਦੇ ਨੁੱਕਰ 'ਚ ਬਣੇ ਢਾਰੇ 'ਚ ਡੇਰਾ ਲਾਉਂਦੇ। ਉਨ੍ਹਾਂ ਲਈ ਟਾਲ 'ਚੋਂ ਕੰਮ ਨਾ ਮੁੱਕਦਾ। ਜੇ ਕਦੇ ਮੁੱਕ ਵੀ ਜਾਂਦਾ ਤਾਂ ਉਹ ਆਲੇ ਦੁਆਲੇ ਦੇ ਪਿੰਡਾਂ 'ਚ ਕੰਮ ਕਰ ਕੇ ਰਾਤ ਨੂੰ ਉਸੇ ਢਾਰੇ 'ਚ ਵਾਪਸ ਆ ਕੇ ਸੌਂਦੇ। ਉਨ੍ਹਾਂ 'ਚੋਂ ਚਾਚਾ ਰਫ਼ੀਕ ਬਾਪੂ ਕੋਲ ਸੌਂਦਾ। ਉਹ ਬਾਪੂ ਨੂੰ 'ਮਿਸਤਰੀ ਜੀ' ਕਹਿੰਦਾ ਸੀ। ਬਾਪੂ ਉਸ ਨੂੰ ਟੋਕਦਾ ਨਹੀਂ ਸੀ। ਸ਼ਾਇਦ ਉਹਨੂੰ ਮਿਸਤਰੀ ਕਹਿਲਾਉਣਾ ਚੰਗਾ ਲੱਗਦਾ ਸੀ। ਅੱਜ ਕਲ੍ਹ ਵੀ ਉਹੀ ਰਾਸ਼ੇ-ਗੋਛੇ ਆਏ ਹੋਏ ਹਨ। ਇਹ ਰਾਤ ਨੂੰ ਮੇਰੇ ਕੋਲ ਹੁੰਦੇ ਹਨ। ਸਾਡੀ ਰੋਜ਼ ਹੀ ਮਹਿਫਲ ਜੰਮਦੀ ਹੈ।

ਗਰਮੀ ਨੂੰ ਮੈਂ ਇੰਗਲੈਂਡ ਜਾਣਾਂ। ਸਿਆਲਾਂ ਨੂੰ ਇਥੇ ਹੁਣਾਂ। ਤਿੰਨਾਂ ਮੁੰਡਿਆਂ 'ਚੋਂ ਕੋਈ ਨਾ ਕੋਈ ਟਿਕਟ ਭੇਜ ਦਿੰਦਾ। ਜੇ ਉਹ ਭੁੱਲ ਜਾਣ ਤਾਂ ਮੈਂ ਆਪ ਫੋਨ ਕਰਦਾਂ। ਵੱਡਾ ਅਮਜਿੰਦਰ ਵੁਲਵਰਹੈਮਪਟਨ ਰਹਿੰਦਾ। ਉਹ ਵਿਆਹ ਦੇ ਬੇਸ 'ਤੇ ਗਿਆ ਸੀ। ਮੀਆਂ-ਬੀਵੀ ਦੀ ਬਣੀ ਨਹੀਂ। ਪੰਜਵੇਂ ਸਾਲ ਉਨ੍ਹਾਂ ਦਾ ਤਲਾਕ ਹੋ ਗਿਆ। ਮੁੰਡਾ ਸੀ। ਉਹ ਬਹੂ ਲੈ ਗਈ। ਫੇਰ ਉਸ ਨੇ ਗੋਰੀ ਨਾਲ ਲਵ-ਮੈਰਿਜ ਕਰਵਾ ਲਈ। ਉਹਦਾ ਕੰਮ ਬੜਾ ਚੰਗਾ। ਕਿਸੇ ਫਰਮ 'ਚ ਮੈਨੇਜਰ ਲੱਗਾ। ਦੌੜਿਆ ਫਿਰਦਾ। ਉਹਨੂੰ ਟਿਕਣਾ ਨਹੀਂ ਮਿਲਦਾ। ਉਹਦੀ ਘਰਵਾਲੀ ਵੀ ਮੈਨੇਜਰ ਲੱਗੀ। ਉਨ੍ਹਾਂ ਕੋਲ ਬਹੁਤ ਹੀ ਜ਼ਿਆਦਾ ਪੈਸਾ ਹੈ। ਪਰ ਸਮਾਂ ਨਹੀਂ ਹੈ। ਮੈਂ ਜਾਵਾਂ ਤਾਂ ਉਹ ਮੇਰੇ ਲਈ ਗਿਣਤੀ-ਮਿਣਤੀ ਦੀਆਂ ਘੜੀਆਂ ਕੱਢਦਾ। ਕੋਠੀ ਦਾ ਨਕਸ਼ਾ ਉਸੇ ਨੇ ਪਾਸ ਕੀਤਾ ਸੀ ਤੇ ਸਾਰਿਆਂ ਨਾਲੋਂ ਵਧ ਉਸੇ ਪੈਸੇ ਭੇਜੇ ਸਨ। ਹੁਣ ਵੀ ਭੇਜ ਰਿਹਾ। ਮੈਂ ਉਹਦੇ ਮੋਬਾਇਲ 'ਤੇ ਗੱਲ ਕਰਦਾਂ। ਕੁਇਕ ਐਕਸ਼ਨ ਹੁੰਦਾ। ਉਹਦਾ ਇਕੋ



www.PunjabiLibrary.com

ਇਕ ਮੁੰਡਾ ਹੈ ਜਿਸ ਦਾ ਨਾਂ ਉਸ ਰਵਿੰਦਰ ਸਿੰਘ ਰੱਖਿਆ। ਗੋਰੀ ਉਸ ਨੂੰ ਰੌਬਨ ਕਹਿੰਦੀ ਹੈ। ਮੈਂ ਅੰਗਰੇਜ਼ ਸਿੰਘ ਨਾਂ ਰੱਖ ਲਿਆ। ਮੁੰਡਾ ਕੀ ਹੈ-ਨਿਰੀ-ਪੁਰੀ ਸੰਗਮਰਮਰ ਦੀ ਮੂਰਤ ਹੈ। ਉਹ ਮੇਰਾ ਬਹੁਤ ਮੋਹ ਕਰਦਾ ਹੈ। ਉਹਦੇ ਕਰਕੇ ਮੈਨੂੰ ਹਰ ਸਾਲ ਜਾਣਾ ਪੈਂਦਾ ਹੈ। ਉਹਨੂੰ ਦੇਖ ਕੇ ਹੀ ਮੈਨੂੰ ਨਸ਼ਾ ਜਿਹਾ ਚੜ੍ਹਨ ਲੱਗ ਜਾਂਦਾ ਹੈ। ਕਦੇ ਮੈਂ ਚਾਹਿਆ ਸੀ ਕਿ ਮੇਰਾ ਕੋਈ ਮੁੰਡਾ ਗੋਰੀ ਨਾਲ ਵਿਆਹ ਕਰਵਾਏ। ਇਹ ਵੀ ਇੱਛਾ ਪੂਰੀ ਹੋ ਗਈ। ਉਸ ਕੋਲ ਹਫ਼ਤਾ ਕੁ ਰਹਿ ਕੇ ਗਭਲੇ ਭੀਮਇੰਦਰ ਕੋਲ ਆ ਜਾਣਾਂ। ਭੀਮ ਤੇ ਛੋਟਾ ਜਗਸੀਰਤ ਲਾਗੇ-ਲਾਗੇ ਰਹਿੰਦੇ। ਭੀਮ ਈਲਿੰਗ ਰਹਿੰਦਾ। ਜਗਸੀਰਤ ਹੇਜ਼। ਦਿਨੇ ਮੈਂ ਭੀਮ ਕੋਲ ਹੁੰਦਾ। ਰਾਤ ਨੂੰ ਜਗਸੀਰਤ ਕੋਲ। ਜਗਸੀਰਤ ਕੰਮ 'ਤੇ ਜਾਣ ਲੱਗਾ ਮੈਨੂੰ ਭੀਮ ਦੇ ਘਰੇ ਉਤਾਰ ਜਾਂਦਾ। ਅੱਗੋਂ ਭੀਮ ਆਪਣੇ ਵਿਜਨੈਸ ਟਰਿਪ 'ਤੇ ਗਿਆ ਹੁੰਦਾ। ਬੱਚੇ ਸਕੂਲ 'ਚ। ਨੌਂਹ-ਰਾਣੀ ਘਰੇ ਕੰਮ ਕਰਦੀ ਹੈ। ਕੱਪੜਿਆਂ-ਸੂਟਾਂ ਦੀ ਸਿਲਾਈ-ਕਢਾਈ ਦਾ। ਉਸ ਦੇ ਕਸਟਮਰਾਂ ਦਾ ਕੋਈ ਸਮਾਂ ਨਹੀਂ ਹੁੰਦਾ। ਉਸ ਦਾ ਰੋਟੀ ਖਾਣ ਦਾ ਕੋਈ ਸਮਾਂ ਨਹੀਂ ਹੁੰਦਾ। ਸੌਣ ਦਾ ਕੋਈ ਸਮਾਂ ਨਹੀਂ ਹੁੰਦਾ। ਜਾਵਾਂ ਤਾਂ ਉਹ ਮੇਰੇ ਸਾਹਮਣੇ ਸ਼ਰਾਬ ਦੀ ਬੋਤਲ ਰੱਖ ਦਿੰਦੀ। ਨਾਲ ਹੀ ਜੂਸ ਦਾ ਡੱਬਾ। ਟੀ.ਵੀ. ਲਗਾ ਜਾਂਦੀ। ਬੱਚੇ ਤਿੰਨ-ਚਾਰ ਵਜੇ ਆਉਂਦੇ। ਜਦੋਂ ਉਹਨੂੰ ਵਿਹਲ ਮਿਲੇ ਤਾਂ ਸੁਲਾਹ ਮਾਰ ਲੈਂਦੀ, "ਡੈਡੀ ਖਾਣਾ ਬਣਾਵਾਂ ? ਹੁਣ, ਮੇਰੇ ਕੋਲ ਟਾਈਮ ਹੈਗਾ। ਪੰਦਰਾਂ ਮਿੰਟਾਂ ਬਾਅਦ ਇਕ ਕਸਟਮਰ ਨੂੰ ਟਾਈਮ ਦਿੱਤਾ। ਜੇ ਗਰਮ-ਗਰਮ ਰੋਟੀ ਖਾਣੀ ਤਾਂ ਤਿਆਰ ਹੋ ਜਾਵੋ। ਜਾਂ ਫੇਰ ਮਾਈਕਰੋਵੇਜ਼ ਵਿਚ ਗਰਮ ਕਰ ਲਿਉ।" ਮੈਂ ਉਹਨੂੰ ਕੀ ਕਹਿਣਾ ਹੁੰਦਾ। ਉਹ ਬਹੁਤ ਵਿਜੀ ਰਹਿੰਦੀ। ਉਸਨੂੰ ਮੇਰੇ 'ਤੇ ਕੀ ਤਰਸ ਆਉਣਾ-ਮੈਨੂੰ ਉਸ 'ਤੇ ਤਰਸ ਆ ਜਾਂਦਾ। ਮੈਨੂੰ ਭੁੱਖ ਨਾ ਵੀ ਹੋਵੇ ਤਾਂ ਵੀ ਖਾ ਲੈਂਦਾ। ਮੈਂ ਜਗਸੀਰਤ ਨੂੰ ਪਸੰਦ ਨਹੀਂ ਕਰਦਾ। ਉਹ ਮੈਨੂੰ ਨਹੀਂ। ਇਥੇ ਰਹਿਣਾ ਮੇਰੀ ਮਜ਼ਬੂਰੀ ਹੁੰਦੀ। ਇਥੇ ਰੱਖਣਾ ਉਸ ਦੀ ਮਜ਼ਬੂਰੀ ਹੁੰਦੀ। ਸ਼ਰਾਬ ਉਹ ਵੀ ਮੁਕਣ ਨਹੀਂ ਦਿੰਦਾ। ਸੰਡੇ ਨੂੰ ਸਾਰਾ ਪਰਿਵਾਰ ਘੁੰਮਣ-ਫਿਰਨ ਜਾਂਦਾ। ਮੈਨੂੰ ਵੀ ਨਾਲ ਲੈ ਜਾਂਦੇ। ਪਸੰਦ ਇਨ੍ਹਾਂ ਦੀ ਹੁੰਦੀ। ਮੈਂ ਤੇ ਜੌਨੀ ਪਿਛਲੀ ਸੀਟ 'ਤੇ ਬੈਠ ਜਾਂਦੇ। ਜਗਸੀਰਤ ਤੇ ਕੁਲਜੀਤ ਅਗਲੀਆਂ ਸੀਟਾਂ 'ਤੇ।

ਉਥੇ ਮੈਂ ਬਹੁਤ ਚਿਰ ਰਹਿ ਨਹੀਂ ਸਕਦਾਂ। ਮੈਨੂੰ ਵਾਰ-ਵਾਰ ਲੱਗਦਾ ਕਿ ਮੈਂ ਇਨ੍ਹਾਂ ਲਈ ਬੋਝ ਹਾਂ। ਇਥੇ ਆ ਕੇ ਮੇਰੀ ਕੋਈ ਆਪਣੀ ਇੱਛਾ ਨਹੀਂ ਰਹਿ ਜਾਂਦੀ। ਮੈਂ ਵਿਹਲਾ-ਨਿਕੰਮਾ ਹੁੰਦਾ। ਪੂਰੀ ਤਰ੍ਹਾਂ ਉਨ੍ਹਾਂ 'ਤੇ ਨਿਰਭਰ। ਅੰਗਰੇਜ਼ ਸਿੰਘ ਮੈਨੂੰ ਦਿਨ 'ਚ ਇਕ ਵਾਰ ਅਵੱਸ਼ ਫੋਨ ਕਰਦਾ।

ਇਥੇ ਇਕੱਲਤਾ ਮਾਰਦੀ ਹੈ। ਪਰ ਮੈਂ ਆਪਣੇ ਘਰ ਸ਼ਹਿਨਸ਼ਾਹ ਹਾਂ। ਹੁਣ ਤਾਂ ਪੂਰੀ ਸਰਦਾਰੀ ਹੈ। ਪੂਰਾ ਠੁੱਕ ਬੱਝਾ ਹੈ। ਸਾਰਾ ਪ੍ਰਤਾਪ ਇਸੇ ਬਣ ਰਹੀ ਕੋਠੀ ਦਾ ਹੈ। ਹਰ ਕੋਈ ਲੰਘਦਾ-ਵੜਦਾ ਬੁਲਾ ਕੇ ਜਾਂਦਾ ਹੈ। ਆਪਣੀ ਸਲਾਹ ਦੇ ਜਾਂਦਾ ਹੈ। ਮੇਰੀ ਸੁਣ ਜਾਂਦਾ ਹੈ। ਪਹਿਲਾਂ ਮੇਰੀ ਕੋਈ ਪੁੱਛਗਿੱਛ ਨਹੀਂ ਸੀ। ਮੈਂ ਵਿਹੜੇ ਦੇ ਵਿਚਕਾਰ ਕੁਰਸੀ ਢਾਹ ਕੇ ਬੈਠ ਜਾਂਦਾ ਸੀ। ਮੈਨੂੰ ਕੋਈ ਮਿਲਣ ਨਹੀਂ ਆਉਂਦਾ ਸੀ। ਜਿਵੇਂ ਕਿਸੇ ਨੂੰ ਮੈਥੋਂ ਕੁਝ ਵੀ ਮਿਲਣ ਦੀ ਆਸ ਨਾ ਹੋਵੇ। ਕੰਜੂਸ ਕੋਲੋਂ ਕੋਈ ਕੀ ਲੈ ਸਕਦਾ ? ਮੈਂ ਰੇਡੀਓ ਲਾਈ ਰੱਖਦਾ ਸੀ। ਉੱਚੀ ਆਵਾਜ਼ 'ਚ। ਜਿਵੇਂ-ਜਿਵੇਂ ਵੱਖ-ਵੱਖ ਪ੍ਰੋਗਰਾਮਾਂ ਦਾ ਸਮਾਂ ਹੁੰਦਾ-ਉਵੇਂ-ਉਵੇਂ



ਮੈਨੂੰ ਚਾਹ, ਰੋਟੀ ਤੇ ਹਾੜੇ ਦੀ ਲੋੜ ਮਹਿਸੂਸ ਹੁੰਦੀ ਸੀ। ਹੁਣ ਅੱਧੇ ਨਾਲੋਂ ਜ਼ਿਆਦਾ ਪਿੰਡ ਇੰਗਲੈਂਡ, ਕਨੇਡਾ, ਅਮਰੀਕਾ ਤੇ ਅਰਬਾਂ 'ਚ ਗਿਆ। ਸਾਰੇ ਘਰ ਖਾਂਦੇ ਪੀਂਦੇ ਹਨ। ਕੋਈ ਕਿਸੇ ਦੇ ਘਰ ਵੱਲ ਨਹੀਂ ਝਾਕਦਾ। ਮੇਰਾ ਤਾਂ ਕਿਸੇ ਵੱਲ ਬਹੁਤਾ ਜਾਣ-ਆਉਣ ਵੀ ਨਹੀਂ ਸੀ। ਇਕੋ ਇਕ ਸਕੂਲ ਵੇਲੇ ਦਾ ਲੰਗੋਟੀਆ ਯਾਰ ਸਤਵੰਤ ਹੁੰਦਾ ਸੀ-ਉਹ ਵੀ ਕਨੇਡਾ ਚਲਾ ਗਿਆ।

ਮੇਰੀ ਇਥੇ ਕਿਸੇ ਨਾਲ ਸਾਂਝ ਨਹੀਂ ਪਈ ਸੀ। ਪਹਿਲਾਂ ਸਾਰਾ ਲੈਣ-ਦੇਣ ਮਾਈ ਦੇ ਹੱਥਾਂ 'ਚ ਸੀ-ਫੇਰ ਸੀਬੋ ਨੇ ਵਾਗਡੋਰ ਸੰਭਾਲ ਲਈ ਸੀ। ਅਠਾਰਾਂ ਸਾਲਾਂ ਦਾ ਹੋਇਆ ਤਾਂ ਫ਼ੌਜ 'ਚ ਭਰਤੀ ਹੋ ਗਿਆ ਸੀ। ਸਾਲ ਮਗਰੋਂ ਛੁੱਟੀ ਆਉਂਦਾ ਸੀ। ਬਹੁਤੇ ਦਿਨ ਰਿਸ਼ਤੇਦਾਰਾਂ ਨੂੰ ਮਿਲਣ-ਗਿਲਣ ਤੇ ਘਰ ਦੀਆਂ ਬੁੱਤੀਆਂ ਕਰਨ 'ਚ ਨਿਕਲ ਜਾਂਦੇ ਸਨ। ਪੈਨਸ਼ਨ ਮਿਲੀ ਸੀ। ਸਾਲ ਕੁ ਪਿੰਡ ਰਿਹਾ ਸੀ। ਟਾਲ ਬਾਪੂ ਦੇ ਸਿਰ 'ਤੇ ਚਲਦਾ ਸੀ-ਉਹ ਨਾ ਰਿਹਾ ਤਾਂ ਮੈਂ ਖਾਨਪੁਰ ਦੇ ਮਿਸਤਰੀ ਹਜੂਰਾ ਸਿੰਘ ਨੂੰ ਸਾਰਾ ਢੇਰ ਵੇਚ ਦਿੱਤਾ ਸੀ। ਮਾਈ ਨੇ ਘਰ ਸਿਰ 'ਤੇ ਚੁੱਕ ਲਿਆ ਸੀ, "ਇਹਨੇ ਤੇਰੇ ਪਿਉ ਨੂੰ ਰੁਜ਼ਗਾਰ ਦਿੱਤਾ। ਤੁਹਾਨੂੰ ਸਾਰਿਆਂ ਨੂੰ ਪੜ੍ਹਾਇਆ-ਲਿਖਾਇਆ। ਕੁੜੀਆਂ ਦੇ ਕਾਰਜ-ਵਿਹਾਰ ਸਿਰੇ ਚੜ੍ਹਾਏ। ਇਹ ਨਾ ਵੇਚ।" ਉਹ ਆਪਣੀ ਥਾਂ ਸੱਚੀ ਸੀ। ਮੈਂ ਆਪਣੀ ਥਾਂ। ਮੈਂ ਇਸ ਗੱਲ 'ਤੇ ਅੜਿਆ ਸੀ, "ਹੁਣ ਇਹਨੂੰ ਕੌਣ ਸੰਭਾਲੂ। ਨਿਆਣੇ ਕਾਲਜ-ਸਕੂਲੇ ਜਾਣ ਜਾਂ ਲੱਕੜਾਂ ਵੇਚਣ।" ਉਸ ਇਥੋਂ ਤਕ ਕਿਹਾ ਸੀ ਕਿ ਇਹ ਕੰਮ ਉਹ ਆਪ ਕਰ ਸਕਦੀ ਹੈ। ਉਹ ਪਹਿਲਾਂ ਵੀ ਤਾਂ ਇਥੇ ਬੈਠਦੀ ਰਹੀ ਹੈ। ਉਹ ਘਾਟਾ ਨਹੀਂ ਪੈਣ ਦੇਵੇਗੀ। ਚਾਰ ਪੈਸੇ ਆਉਣਗੇ ਹੀ। ਕੋਈ ਨੁਕਸਾਨ ਤਾਂ ਨਹੀਂ ਹੋਣ ਲੱਗਾ। ਉਹਨੂੰ ਲੱਕੜਾਂ ਦੀ ਕਮਾਲ ਦੀ ਪਹਿਚਾਣ ਸੀ। ਬਾਪੂ ਨੇ ਜਦੋਂ ਖੜੀਆਂ ਟਾਹਲੀਆਂ ਦਾ ਸੌਦਾ ਮਾਰਨਾ ਹੁੰਦਾ ਸੀ ਤਾਂ ਉਹ ਮਾਈ ਨੂੰ ਸਾਈਕਲ ਦੇ ਪਿੱਛੇ ਬੈਠਾ ਕੇ ਲੈ ਜਾਂਦਾ ਸੀ। ਉਹ ਵਗਦੇ ਪਾਣੀ ਤੋਂ ਦੂਰੀ, ਸ਼ੱਕ, ਪੱਤੇ ਤੇ ਮਹਿਕ ਲੈ ਕੇ ਦੱਸ ਦਿੰਦੀ ਸੀ ਕਿ ਇਹਦੀ ਪੋਰ ਕਿੰਨੀ ਕੁ ਕਾਲੀ ਹੋਊ। ਕਿੰਨੀ ਕੁ ਬੱਗੀ ਹੋਊ। ਬਾਪੂ ਅੱਗੇ ਪਿੱਛੇ ਗਿਆ ਹੁੰਦਾ ਤਾਂ ਮਾਈ ਹੀ ਟਾਲ ਵਾਲੇ ਬੈਂਚ 'ਤੇ ਬੈਠਦੀ ਸੀ। ਮੈਨੂੰ ਉਸ ਦਾ ਉਥੇ ਬੈਠਣਾ ਔਖਾ ਕਰਦਾ ਸੀ। ਮੁੰਡੇ ਮੈਨੂੰ ਛੇੜਦੇ। ਟਿਚਰਾਂ ਕਰਦੇ। ਵੱਡੇ ਵੀ ਵਿਚ ਦੀ ਆਰ ਲਾ ਜਾਂਦੇ। ਮੈਂ ਮਾਈ ਦਾ ਵਿਰੋਧ ਕਰਨਾ ਚਾਹੁੰਦਾ ਪਰ ਮੈਨੂੰ ਇਸ ਗੱਲ ਦੀ ਸਮਝ ਨਹੀਂ ਲੱਗਦੀ ਸੀ ਕਿ ਉਸਨੂੰ ਉੱਥੋਂ ਬੈਠਣੋਂ ਕਿਵੇਂ ਹਟਾਵਾਂ। ਘਰ ਦੇ ਬਹੁਤੇ ਖ਼ਰਚੇ ਟਾਲ 'ਚੋਂ ਹੀ ਪੂਰੇ ਹੁੰਦੇ ਸਨ।

ਫਿਰਨੀ 'ਤੇ ਪੈਂਦੇ ਇਕ ਖੇਤ 'ਚ ਇਹ ਟਾਲ ਪਾਇਆ ਸੀ। ਟਾਲ ਵੇਚਣ ਲੱਗਿਆਂ ਮੈਂ ਉਹਦੀ ਇਕ ਨਹੀਂ ਸੁਣੀ ਸੀ। ਉਹ ਪਹਿਲਾਂ ਵਾਂਗ ਹੀ ਅੜੀ ਸੀ। ਮੇਰੇ ਨਾਲ ਲੜੀ ਸੀ। ਮੈਨੂੰ ਪਤਾ ਸੀ ਕਿ ਉਹ ਜਿਸ ਗੱਲ 'ਤੇ ਅੜ ਜਾਵੇ-ਉਸ ਉਹ ਗੱਲ ਮਨਾ ਕੇ ਹੀ ਸਾਹ ਲੈਣਾ ਹੁੰਦਾ ਸੀ। ਬਾਪੂ ਵੇਲੇ ਤਾਂ ਉਹਦੀ ਪੂਰੀ ਸਰਦਾਰੀ ਸੀ। ਉਸਦੀ ਆਗਿਆ ਬਿਨਾਂ ਘਰ ਦਾ ਪੱਤਾ ਵੀ ਨਹੀਂ ਹਿਲ ਸਕਦਾ ਸੀ। ਜੇ ਉਹ ਦਿਨ ਨੂੰ ਰਾਤ ਕਹੇ ਤਾਂ ਬਾਪੂ ਵੀ ਮਗਰੇ ਹੀ ਰਾਤ ਕਹਿੰਦਾ ਸੀ। ਉਹ ਮੂਡ 'ਚ ਆਇਆ ਕਹਿੰਦਾ ਸੀ, "ਪੁੱਤਰਾ-ਆਹ ਘਰ ਤੁਹਾਡੀ ਮਾਈ ਦੇ ਸਿਰ 'ਤੇ ਚਲਿਆ। ਮੈਂ ਤਾਂ ਬਿਲਕੁੱਲ ਸਿੱਧ-ਪਧਰਾ ਜੱਟ ਸੀ। ਇਹ ਉੱਨੀ ਕਰ



www.PunjabiLibrary.com

ਦੇਵੇ, ਇੱਕੀ ਕਰ ਦੇਵੇ-ਮੈਨੂੰ ਮਨਜ਼ੂਰ ਹੁੰਦਾ।" ਮਾਈ ਨੇ ਬਹੁਤ ਮਿਹਨਤ ਕੀਤੀ ਸੀ। ਉਸ ਟਾਲ ਦੇ ਨਾਲ-ਨਾਲ ਲੋਕਾਂ ਦੀਆਂ ਦਰੀਆਂ ਬੁਣੀਆਂ ਸਨ। ਕੁੜੀਆਂ ਨੂੰ ਪੱਖੀਆਂ ਕੱਢਣੀਆਂ ਸਿਖਾਈਆਂ ਸਨ। ਸਭ ਤੋਂ ਅਹਿਮ ਗੱਲ ਇਹ ਸੀ ਕਿ ਉਸ ਸਾਨੂੰ ਮਿਹਨਤੀ ਬਣਾਇਆ ਸੀ। ਉਹ ਸਾਨੂੰ ਕਿਸੇ ਨਾ ਕਿਸੇ ਆਹਰੇ ਲਾਈ ਰੱਖਦੀ ਸੀ। ਨਾ ਉਹ ਆਪ ਵਿਹਲੀ ਬੈਠਦੀ ਸੀ, ਨਾ ਕੁੜੀਆਂ ਨੂੰ ਬੈਠਣ ਦਿੰਦੀ ਸੀ। ਉਹ ਸਿਰਫ਼ ਸੰਗਰਾਂਦ ਵਾਲੇ ਦਿਨ ਗੁਰਦੁਆਰੇ ਜਾਂਦੀ ਸੀ। ਸਵੇਰ-ਸ਼ਾਮ ਨੂੰ ਕੰਮ ਕਰਦੀ-ਕਰਦੀ ਪਾਠ ਵੀ ਕਰੀ ਜਾਂਦੀ। ਜਿੰਨਾ ਚਿਰ ਉਹ ਅਰਦਾਸ ਨਾ ਕਰ ਲੈਂਦੀ, ਉੱਨਾ ਚਿਰ ਕਿਸੇ ਵੀ ਖਾਣ-ਪੀਣ ਵਾਲੀ ਚੀਜ਼ ਨੂੰ ਹੱਥ ਨਾ ਲਾਉਣ ਦਿੰਦੀ। ਉਹ ਆਖ਼ਿਰਾਂ ਦੀ ਸੁੱਚਮ ਰੱਖਦੀ ਸੀ। ਉਸ ਦੀ ਆਵਾਜ਼ 'ਚ ਪਹਿਲਾਂ ਵਾਲਾ ਗੜਕਾ ਮੌਜੂਦ ਸੀ। ਤਿੰਨਾਂ ਮੁੰਡਿਆਂ ਨੇ ਮੇਰੀ ਹਾਂ 'ਚ ਹਾਂ ਮਿਲਾਈ ਸੀ। ਘਰ 'ਚ ਮੇਰੀਆਂ ਵੋਟਾਂ ਵਧ ਗਈਆਂ ਸਨ। ਮਾਈ ਨਾਲ ਸਿਰਫ਼ ਸੀਬੋ ਰਹਿ ਗਈ ਸੀ। ਫੇਰ ਮੈਂ ਉਹਦੀ ਚਲਣ ਨਹੀਂ ਦਿੱਤੀ ਸੀ। ਮੈਂ ਜ਼ਰਾ ਕੁ ਉੱਚੀ ਆਵਾਜ਼ 'ਚ ਬੋਲਿਆ ਤਾਂ ਉਹ ਕੁਝ ਕੁ ਢੈਲੀ ਪੈ ਗਈ ਸੀ। ਉਸ ਹਟਕੋਰੇ ਭਰਦੀ ਹੋਈ ਨੇ ਕਿਹਾ ਸੀ, "ਜਿਵੇਂ ਤੈਨੂੰ ਚੰਗਾ ਲੱਗਦਾ-ਕਰ ਲੈ....ਮੇਰੀ ਕਿਹੜਾ ਕੋਈ ਸੁਣਨ ਵਾਲਾ ਹੈਗਾ।....ਮੇਰਾ ਰਾਜ ਭਾਗ ਮਿਸਤਰੀ ਜੀ ਨਾਲ ਸੀ।" ਉਹ ਬਾਪੂ ਨੂੰ 'ਮਿਸਤਰੀ ਜੀ' ਕਹਿ ਕੇ ਬੁਲਾਉਂਦੀ ਸੀ। ਸਾਨੂੰ ਸਾਰਿਆਂ ਨੂੰ ਇਹ ਅਖਰਦਾ ਸੀ। ਬਾਪੂ ਬਾਰੇ ਕੋਈ ਪਤਾ ਨਹੀਂ। ਅਸੀਂ ਭੈਣ-ਭਰਾ ਉਹਨੂੰ ਟੋਕਦੇ। ਰੋਕਦੇ। ਅਸੀਂ ਜੱਟ ਮਿਸਤਰੀ ਕਿਵੇਂ ਬਣ ਗਏ ? ਅੱਗੋਂ ਉਹ ਹੱਸ ਛੱਡਦੀ।

ਲੱਕੜਾਂ ਦੇ ਵਾਹਵਾ ਪੈਸੇ ਵੱਟੇ ਗਏ ਸਨ। ਮੈਂ ਇਹੀ ਪੈਸੇ ਦਲਾਲ ਨੂੰ ਦਿੱਤੇ ਤੇ ਸਾਊਦੀ ਅਰਬ ਚਲੇ ਗਿਆ ਸੀ। ਇਸੇ ਕਮਾਈ ਨਾਲ ਮੁੰਡਿਆਂ ਨੂੰ ਪੜ੍ਹਾਇਆ ਸੀ। ਉਨ੍ਹਾਂ ਨੂੰ ਤਕੜੇ ਘਰਾਂ ਦੇ ਰਿਸ਼ਤੇ ਮਿਲੇ ਸਨ। ਪਹਿਲਾਂ ਵੱਡਾ ਇੰਗਲੈਂਡ ਗਿਆ ਸੀ। ਦੋ-ਦੋ ਸਾਲਾਂ ਦੇ ਵਕਫੇ ਮਗਰੋਂ ਦੂਜੇ ਵੀ ਦੋਵੇਂ ਚਲੇ ਗਏ ਸਨ। ਕੁੜੀਆਂ ਕੈਨੇਡਾ, ਅਮਰੀਕਾ ਵਿਆਹੀਆਂ ਸਨ। ਅੱਠ ਸਾਲਾਂ 'ਚ ਇਕ-ਟਕ ਪੰਜ ਖੇਤ ਖਰੀਦ ਲਏ ਸਨ। ਘਰ 'ਚ ਲਹਿਰਾਂ ਬਹਿਰਾਂ ਹੋ ਗਈਆਂ ਸਨ। ਕਿਸੇ ਚੀਜ਼ ਦਾ ਕੋਈ ਘਾਟਾ ਨਹੀਂ ਸੀ ਰਿਹਾ। ਮੁੰਡੇ ਪੈਸੇ ਭੇਜਣ ਬਾਰੇ ਪੁੱਛਦੇ-ਅੱਗੋਂ ਮੈਂ ਨਾਂਹ ਕਰ ਦਿੰਦਾ ਸੀ। ਮੈਂ ਪੈਸੇ ਕੀ ਕਰਨੇ ਸਨ। ਅਸੀਂ ਸਿਰਫ਼ ਤਿੰਨ ਜੀਅ ਸੀ। ਮੇਰੀਆਂ ਦੋ ਪੈਨਸ਼ਨਾਂ ਤੇ ਜ਼ਮੀਨ ਦੇ ਠੇਕੇ 'ਚੋਂ ਮਿਲੇ ਪੈਸੇ ਅੱਧਿਉਂ ਕਿਤੇ ਵੱਧ ਬੈਂਕ 'ਚ ਜਮ੍ਹਾਂ ਹੁੰਦੇ ਸਨ। ਆਪਣੀ ਨੀਂਦੇ ਸੌਂਈਦਾ ਸੀ। ਆਪਣੀ ਜਾਗੇ ਜਾਗੀਦਾ ਸੀ। ਫੇਰ ਮੈਨੂੰ ਵੱਡੀ ਸੱਟ ਇਹੀ ਵੱਜੀ ਕਿ ਪਹਿਲਾਂ ਮਾਈ ਗਈ। ਤੀਜੇ ਸਾਲ ਸੀਬੋ ਵੀ ਸਾਥ ਛੱਡ ਗਈ।

15 ਫਰਵਰੀ, 1989

ਕੋਠੀ ਅੱਸੀ ਪਰਸੈਂਟ ਬਣ ਗਈ। ਮਾਰਬਲ ਲੱਗ ਗਿਆ। ਜੋੜੀਆਂ ਚੜ੍ਹਾਉਣੀਆਂ ਸ਼ੁਰੂ ਹੋਈਆਂ। ਜੰਡਿਆਲੇ ਵਾਲੇ ਕੁੜਮ ਨੂੰ ਮੋਹਰਲੀ ਚਾਰ ਦੀਵਾਰੀ ਤੇ ਬਾਹਰਲਾ ਗੇਟ ਚੰਗਾ ਨਹੀਂ ਲੱਗਾ ਸੀ। ਕੁੜਮ ਸਾਹਿਬ ਦਾ ਕਿਹਾ ਸਿਰ ਮੱਥੇ 'ਤੇ। ਮੈਂ ਇਹ ਢੁਆ ਦਿੱਤੀ ਸੀ। ਉਹ ਆਪਣੀ ਕਾਰ 'ਚ ਮਿਸਤਰੀ ਨੂੰ ਲੈ ਕੇ ਅੰਮ੍ਰਿਤਸਰ ਗਿਆ ਸੀ। ਉਹਨੂੰ ਇਕ



ਕੋਠੀ ਦਿਖਾਈ ਸੀ। ਇੰਨ ਬਿੰਨ ਮੋਹਰਲਾ ਪਾਸਾ ਉਵੇਂ ਦਾ ਤਿਆਰ ਕਰਨ ਨੂੰ ਕਿਹਾ ਸੀ। ਅੰਗਰੇਜ਼ ਸਿੰਘ ਦਾ ਫੋਨ ਆ ਗਿਆ ਕਿ ਸਵੀਮਿੰਗ ਪੂਲ ਵੀ ਬਣਾਉ। ਉਹ ਦੀ ਗੱਲ ਮੰਨਣੀ ਹੀ ਪੈਣੀ ਸੀ। ਮੈਂ ਆਪਣੇ ਪਿਆਰੇ ਪੋਤੇ ਦਾ ਕਿਹਾ ਕਿਵੇਂ ਟਾਲ ਸਕਦਾ ਸੀ। ਕੰਮ ਫੇਰ ਵੱਧ ਗਿਆ। ਵੱਡੇ ਮਿਸਤਰੀ ਦੀਆਂ ਬਾਂਛਾਂ ਖਿੜ ਗਈਆਂ। ਭੱਈਆਂ ਨੂੰ ਕੰਮ ਮਿਲ ਗਿਆ। ਮੈਂ ਹੋਰ ਰੁਝ ਗਿਆ। ਸੱਚੀ ਗੱਲ ਦੱਸਾਂ ਮੈਂ ਆਪ ਚਾਹੁੰਦਾ ਸੀ ਕਿ ਕੰਮ ਛੇਤੀ ਦੇਣੀ ਨਾ ਨਿਬੜੇ। ਮੈਂ ਕਾਹਲੀ ਨਹੀਂ ਹੋਣ ਦਿੰਦਾ। ਹੌਲੀ-ਹੌਲੀ ਕੰਮ ਚਲਾਉਣਾਂ।

ਸਭ ਕੁਝ ਠੀਕ ਚਲ ਰਿਹਾ। ਬੱਸ ਨਿੱਕੀ ਜਿਹੀ ਸਮੱਸਿਆ ਆਣ ਖੜੀ ਹੈ। ਗੇਟ 'ਤੇ ਨੇਮ ਪਲੇਟ ਲਾਉਣ ਦੀ। ਨੇਮ ਪਲੇਟ ਨਹੀਂ-ਮਾਰਬਲ 'ਤੇ ਖੁਦਵਾ ਕੇ ਲਿਖਾਉਣ ਦੀ। ਪਹਿਲਾਂ ਮੈਂ ਇਸ ਬਾਰੇ ਕੁੜੀਆਂ ਨੂੰ ਫੋਨ ਕੀਤਾ ਸੀ ਤਾਂ ਉਨ੍ਹਾਂ ਬਾਪੂ ਦਾ ਨਾਂ ਲਿਆ ਸੀ। ਮੁੰਡਿਆਂ ਨੇ ਕਿਹਾ ਸੀ ਕਿ ਜਿਵੇਂ ਮੈਨੂੰ ਚੰਗਾ ਲੱਗਦਾ ਹੈ-ਉਵੇਂ ਕਰ ਲਵਾਂ। ਜੋ ਵੀ ਲਿਖਵਾਉਣਾ ਹੈ-ਅੰਗਰੇਜ਼ੀ 'ਚ ਲਿਖਵਾਵਾਂ ਤਾਂ ਜੋ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਣ 'ਚ ਸੌਖ ਹੋਵੇ। ਮੇਰੀ ਇਹ ਇੱਛਾ ਸੀ ਕਿ ਅੰਗਰੇਜ਼ ਸਿੰਘ ਦਾ ਨਾਂ ਲਿਖਵਾਵਾਂ। ਮੈਂ ਦੂਰ ਦੀ ਸੋਚਦਾ ਤਾਂ ਬਾਬੇ ਦਾ ਨਾਂ ਯਾਦ ਆ ਜਾਂਦਾ। ਮੈਂ ਪੜਦਾਦੇ ਦਾ ਨਾਂ ਵੀ ਯਾਦ ਕਰਦਾ। ਇਕ ਦਿਨ ਮੈਂ ਬਾਪੂ ਦਾ ਉਹ ਟਰੰਕ ਫਰੋਲਿਆ ਸੀ ਜਿਸ 'ਚ ਮਾਈ ਨੇ ਉਹਦਾ ਨਿਕਸੁਕ ਸੰਭਾਲ ਕੇ ਰੱਖਿਆ ਹੋਇਆ ਸੀ। ਕੱਪੜਿਆਂ ਦੀ ਤਹਿ 'ਚੋਂ ਇਕ ਕਾਪੀ ਨਿਕਲੀ ਸੀ। ਮੈਂ ਇਹਦੇ ਵਰਕੇ ਫਰੋਲੇ ਸਨ। ਬਾਪੂ ਨੇ ਲੈਣ-ਦੇਣ ਬਾਰੇ ਲਿਖਿਆ ਸੀ। ਪਿਛਲੇ ਵਰਕੇ 'ਤੇ ਉਸ ਆਪਣੇ ਖਾਨਦਾਨ ਬਾਰੇ ਲਿਖਿਆ ਸੀ। ਬਿਸ਼ਨ ਸਿੰਘ ਸਪੁੱਤਰ ਦਰਸ਼ਨ ਸਿੰਘ ਸਪੁੱਤਰ ਮਿਲਖੀ ਰਾਮ ਸਪੁੱਤਰ ਕੇਹਰੂ ਸਪੁੱਤਰ ਮੀਆਂ ਦਾਸ। ਮੇਰੇ ਲਈ ਇਹ ਜਾਣਕਾਰੀ ਅਨਮੋਲ ਸੀ। ਮੇਰੇ ਮਨ ਦੀ ਕਿਸੇ ਨੁਕਰੋਂ ਇਹ ਵੀ ਨਿਕਲਿਆ ਸੀ ਕਿ ਇਨ੍ਹਾਂ ਪੰਜਾਂ ਦੇ ਨਾਂ ਖੁਦਵਾਵਾਂ। ਇਉਂ ਸਾਡਾ ਪਰਿਵਾਰਕ ਇਹ ਇਤਿਹਾਸ ਸਾਂਭਿਆ ਜਾਵੇਗਾ।

ਮੈਥੋਂ ਇਸ ਸਮੱਸਿਆ ਦਾ ਹੱਲ ਅਜੇ ਤੱਕ ਨਹੀਂ ਨਿਕਲਿਆ।

ਕਲ੍ਹ ਸ਼ਾਮੀਂ ਵੀ ਮੈਂ ਇਹਦੇ ਬਾਰੇ ਸੋਚਦਾ ਰਿਹਾਂ।

ਰਾਤੀਂ ਰਫੀਕ ਚਾਚੇ ਕੋਲੋਂ ਸਲਾਹ ਪੁੱਛੀ ਸੀ। ਉਹ ਮੇਰੀ ਸੁਰਤ ਤੋਂ ਪਹਿਲਾਂ ਦਾ ਆਉਂਦਾ। ਅੱਜ ਕਲ੍ਹ ਉਨ੍ਹਾਂ ਦੀ ਪੰਜਾਂ ਦੀ ਟੋਲੀ ਹੈ। ਉਹਦੇ ਨਾਲ ਉਹਦੇ ਦੋ ਪੋਤਰੇ ਹਨ। ਦੋ ਭਤੀਜੇ। ਉਹ ਇਧਰ ਉਧਰ ਤੁਰ ਫਿਰ ਕੇ ਕੰਮ ਲੱਭ ਲੈਂਦੇ ਹਨ। ਰਾਤ ਨੂੰ ਮੇਰੇ ਕੋਲ ਆ ਜਾਂਦੇ ਹਨ। ਮੈਨੂੰ ਉਨ੍ਹਾਂ ਦਾ ਸਾਥ ਅਨੰਦਤ ਕਰਦਾ ਹੈ। ਹਫ਼ਤੇ ਮਗਰੋਂ ਮੁਰਗਾ ਬਣਾਉਂਦੇ ਹਨ। ਮੈਨੂੰ ਮੇਰਾ ਹਿੱਸਾ ਫੜਾ ਜਾਂਦੇ ਹਨ। ਖਾ-ਪੀ ਕੇ ਮੇਰੇ ਕੋਲ ਆ ਬੈਠਦੇ ਹਨ। ਚਾਚੇ ਦੀ ਉਮਰ ਅੱਸੀਆਂ ਦੇ ਏੜ-ਗੇੜ 'ਚ ਹੈ। ਉਹ ਅਜੇ ਵੀ ਕਾਇਮ ਹੈ। ਉਹ ਹੱਥੀਂ ਕੰਮ ਨਹੀਂ ਕਰਦਾ। ਮੁੰਡਿਆਂ ਨੂੰ ਸਮਝਾ ਕੇ ਕਰਾਉਂਦਾ ਹੈ। ਚਾਚਾ ਰਫੀਕ ਬਾਪੂ ਦੀ ਬਹੁਤ ਸਿਫਤ ਕਰਦਾ ਹੈ। ਉਹ ਬਾਪੂ ਦੀ ਗੱਲ-'ਮਿਸਤਰੀ ਸਾਹਿਬ ਬਹੁਤ ਨੇਕ ਦਿਲ ਇਨਸਾਨ ਸੀ'-ਨਾਲ ਸ਼ੁਰੂ ਕਰਦਾ-'ਉਸ ਵਰਗੇ ਬੰਦੇ ਅੱਜਕਲ੍ਹ ਨ੍ਹੀਂ ਮਿਲ ਸਕਦੇ' ਨਾਲ ਖ਼ਤਮ ਕਰਦਾ। ਮੈਨੂੰ ਉਹਦਾ ਮਿਸਤਰੀ ਕਹਿਣਾ ਚੰਗਾ ਨਹੀਂ ਲੱਗਦਾ। ਉਹ ਮੈਥੋਂ ਉਮਰ 'ਚ ਬਹੁਤ ਵੱਡਾ ਹੈ। ਮੈਂ ਉਹਨੂੰ ਗੱਲੀਂ ਬਾਤੀਂ ਟੋਕਦਾਂ ਤਾਂ ਅੱਗੋਂ ਉਹ ਕਹਿ ਦਿੰਦਾ, "ਪੁੱਤ-ਤੈਨੂੰ ਨ੍ਹੀਂ ਪਤਾ-



www.PunjabiLibrary.com

ਉਹ ਅੱਧਾ ਮਿਸਤਰੀ ਸੀ ਤੇ ਅੱਧਾ ਜੱਟ।" ਮੈਂ ਇਹੀ ਸਮਝੀ ਬੈਠਾ ਸੀ ਕਿ ਟਾਲ ਹੋਣ ਕਰਕੇ ਉਹ ਬਾਪੂ ਨੂੰ ਮਿਸਤਰੀ ਕਹਿੰਦਾ ਸੀ।

ਚਾਚਾ ਮੈਨੂੰ ਮੁਰਗੇ ਦੀ ਕੌਲੀ ਦੇਣ ਆਇਆ ਸੀ। ਉਹਦੇ ਨਾਂਹ-ਨਾਂਹ ਕਹਿੰਦਿਆਂ ਵੀ ਮੈਂ ਉਹਨੂੰ ਸਾਹਮਣੇ ਵਾਲੀ ਕੁਰਸੀ 'ਤੇ ਬੈਠਾ ਲਿਆ ਸੀ। ਉਸ ਅੱਗੇ ਵਿਸਕੀ ਦੀ ਬੋਤਲ ਖਿਸਕਾ ਦਿੱਤੀ ਸੀ। ਦੋ ਹਾੜੇ ਲਾ ਕੇ ਉਸ ਆਪਣੀ ਆਦਤ ਮੁਤਾਬਕ ਫੇਰ ਬਾਪੂ ਦੀਆਂ ਗੱਲਾਂ ਛੇੜ ਲਈਆਂ ਸਨ। ਬਾਪੂ ਨੇ ਚਾਚੇ ਦੇ ਸਿਰ 'ਤੇ ਐਨੇ ਅਹਿਸਾਨ ਕਰ ਰੱਖੇ ਸਨ ਕਿ ਬਾਪੂ ਉਸ ਲਈ ਵੱਡਾ ਭਰਾ ਨਹੀਂ, ਕੋਈ ਫਰਿਸ਼ਤਾ ਬਣ ਨਿਬੜਿਆ ਸੀ। ਗੱਲ ਸੀ ਵੀ ਸੱਚ। ਬਾਪੂ ਉਨ੍ਹਾਂ ਨੂੰ ਰਹਿਣ ਲਈ ਢਾਰਾ ਦਿੰਦਾ। ਮਾਈ ਆਟਾ, ਦਾਲ-ਪਾਣੀ ਦਿੰਦੀ। ਹੋਰ ਵੀ ਜਿਹੜੀ ਚੀਜ਼ ਚਾਹੀਦੀ ਹੁੰਦੀ-ਉਹ ਦੇਣ ਲੱਗਿਆਂ ਨਾਂਹ ਨਾ ਕਰਦੀ। ਨਾ ਬਾਪੂ ਕੋਈ ਹਿਸਾਬ ਰੱਖਦਾ। ਨਾ ਚਾਚਾ ਆਪਣੀ ਮਿਹਨਤ ਦੇ ਮੂੰਹ-ਅੱਡ ਕੇ ਪੈਸੇ ਮੰਗਦਾ।

ਮੈਂ ਉਹਨੂੰ ਰੋਕਿਆ, "ਹਾਂ-ਬਈ ਚਾਚਾ-ਕੋਠੀ ਤਾਂ ਸਮਝ ਲੈ ਬਣ ਗਈ। ਤੂੰ ਦੱਸ-ਗੇਟ 'ਤੇ ਕਿਹਦਾ ਨਾਂ ਲਿਖਵਾਈਏ ?"

"ਤੂੰ ਕੀ ਸੋਚਿਆ ?" ਉਹਨੇ ਉਲਟਾ ਮੈਥੋਂ ਪੁੱਛ ਲਿਆ।

"ਆਪਣੇ ਪੋਤੇ ਅੰਗਰੇਜ਼ ਸਿਹੁੰ ਦਾ।"

"ਹੋਰ ?"

"ਬਾਪੂ ਦਾ ਨਾਂ ਹੋਣਾ ਚਾਹੀਦਾ।"

"ਮਾਂ ਨੂੰ ਭੁੱਲ ਗਿਆਂ ?"

"ਨ੍ਹੀਂ।"

"ਫੇਰ ਉਹਦਾ ਨਾਂ ਵੀ ਨਾਲ ਲਿਖਾ।"

"ਇਹ ਕਿੱਦਾਂ ਹੋ ਸਕਦਾ। ਨਾਂ ਤਾਂ ਬੰਦਿਆਂ ਦੇ ਹੁੰਦੇ।"

"ਖ਼ਾਸ ਔਰਤਾਂ ਦੇ ਵੀ ਹੁੰਦੇ।"

ਮੈਂ ਚੁੱਪ ਕਰ ਗਿਆ। ਚੁੱਪ ਰਹਿਣ 'ਚ ਹੀ ਭਲਾ ਲੱਗਾ। ਮੈਨੂੰ ਪਹਿਲੀ ਵਾਰ ਇਸ ਗੱਲ ਦਾ ਅਹਿਸਾਸ ਹੋਇਆ ਕਿ ਚਾਚਾ ਜ਼ਿਆਦਾ ਬੁੜਾ ਹੋ ਗਿਆ। ਇਹਦੇ ਦਿਮਾਗ ਦੀ ਗਰਾਰੀ ਬਾਪੂ ਤੇ ਮਾਈ 'ਤੇ ਆ ਕੇ ਅੜ ਜਾਂਦੀ। ਉਪਰੋਂ ਵਿਸਕੀ ਦੇ ਭਰਵੇਂ ਤਿੰਨ-ਚਾਰ ਹਾੜੇ। ਇਹਨੇ ਆਪਣੀਆਂ ਹੀ ਜਬਲੀਆਂ ਮਾਰੀ ਜਾਣੀਆਂ। ਮੇਰੀ ਤਾਂ ਕੋਈ ਗੱਲ ਸੁਣਨੀ ਹੀ ਨਹੀਂ। ਇਸ ਨਾਲ ਸਲਾਹੀਂ ਪੈਣ ਦਾ ਕੋਈ ਫਾਇਦਾ ਨਹੀਂ। ਮੈਨੂੰ ਪਤਾ ਸੀ ਕਿ ਜੇ ਮੈਂ ਇਹਦੀਆਂ ਗੱਲਾਂ ਦਾ ਹੁੰਗਾਰਾ ਨਾ ਭਰਿਆ ਤਾਂ ਇਸ ਆਪੇ ਉੱਠ ਕੇ ਚਲੇ ਜਾਣਾ। ਇਸੇ ਘੜੀ ਮੈਂ ਫ਼ੈਸਲਾ ਕਰ ਲਿਆ ਸੀ ਕਿ ਉੱਪਰ ਬਾਪੂ ਦਾ ਨਾਂ ਹੀ ਠੀਕ ਰਹਿਣਾ ਹੈ। ਹੇਠਾਂ ਅੰਗਰੇਜ਼ ਸਿੰਘ ਦਾ।

ਮੈਂ ਵਿਸਕੀ ਦਾ ਅੱਧਾ ਗਿਲਾਸ ਭਰ ਲਿਆ।

ਚਾਚਾ ਫੇਰ ਸ਼ੁਰੂ ਹੋ ਗਿਆ, "ਤੈਨੂੰ ਭਾਬੀ ਦਾ ਨਾਂ ਲਿਖਵਾਉਣਾ ਚਾਹੀਦਾ। ਸਰਦਾਰਣੀ ਸਵਰਨਜੀਤ ਕੌਰ। ਲੋਕ ਤਾਂ ਆਪਣੀ ਮਾਂ ਲਈ ਮੰਦਰ ਬਣਾਉਂਦੇ। ਗੁਰਦੁਆਰਿਆਂ 'ਚ ਪੱਥਰ ਲਗਵਾਉਂਦੇ। ਧਰਮਸ਼ਾਲਾਵਾਂ ਬਣਾਉਂਦੇ। ਤੈਥੋਂ ਇੰਨਾ ਕੁ ਕੰਮ



ਵੀ ਨ੍ਹੀਂ ਹੁੰਦਾ।"

"ਕੋਈ ਖ਼ਾਸ ਕਾਰਨ ਤਾਂ ਹੋਵੇ।"

"ਪੁੱਤ ਕਾਰਨ ਆ। ਬਹੁਤ ਸਾਰੇ ਕਾਰਨ ਆ। ਉਹਨੇ ਤੈਨੂੰ ਜਨਮ ਦਿੱਤਾ। ਤੇਰਾ ਗੂਹ-ਮੂਤ ਚੁੱਕਿਆ। ਤੈਨੂੰ ਪਾਲਿਆ। ਵੱਡਾ ਕੀਤਾ। ਕਿਤੇ ਤੇਰੇ ਮਨ 'ਚ ਵੀ ਇਹ ਗੱਲ ਘਰ ਤਾਂ ਨ੍ਹੀਂ ਕਰੀ ਬੈਠੀ ਕਿ ਉਹ ਮਿਸਤਰੀਆਂ ਦੀ ਕੁੜੀ ਸੀ।"

ਉਸ ਦੀ ਇਸ ਗੱਲ ਨੇ ਮੇਰੇ ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ।"

ਮੈਂ ਕੁਝ ਬੋਲਦਾ ਜਾਂ ਪੁੱਛਦਾ, ਉਹ ਆਪਣੇ ਹੀ ਸਰੂਰ 'ਚ ਦੱਸਣ ਲੱਗਾ, "ਹਾਂ-ਭਤੀਜ ਇਹ ਸੱਚ ਆ ਕਿ ਉਹ ਮਿਸਤਰੀਆਂ ਦੀ ਕੁੜੀ ਸੀ। ਬਿਸ਼ਨ ਸਿਹੁੰ ਰੌਲਿਆਂ ਵੇਲੇ ਉਹਨੂੰ ਕੱਢ ਕੇ ਲਿਆਇਆ ਸੀ। ਉਹਦੀ ਆਪਣੀ ਮਰਜੀ ਨਾਲ। ਇਸ ਗੱਲ ਦਾ ਕਿਸੇ ਨੂੰ ਨ੍ਹੀਂ ਪਤਾ। ਸਿਰਫ਼ ਸਾਨੂੰ ਤਿੰਨਾਂ ਨੂੰ ਪਤਾ। ਸ਼ਾਇਦ ਦੋ-ਚਹੁੰਆਂ ਨੂੰ ਪਤਾ ਹੋਵੇ। ਮੈਂ ਪੱਕ ਨ੍ਹੀਂ ਕਹਿ ਸਕਦਾ। ਉਹ ਲਾਇਲਪੁਰੋਂ ਚੱਕ ਨੰਬਰ ਪੰਜਵਾਂ 'ਚੋਂ ਆਇਆ ਸੀ। ਰੌਲਿਆਂ ਵੇਲੇ ਉਹਦਾ ਸਾਰਾ ਟੱਬਰ ਉਧਰ ਵੱਢਿਆ ਗਿਆ ਸੀ। ਨਾ ਉਹਦਾ ਕੋਈ ਅੱਗਾ ਰਿਹਾ ਸੀ। ਨਾ ਕੋਈ ਪਿੱਛਾ। ਇਧਰ ਆ ਕੇ ਉਹਨੂੰ ਗਿਆਰਾਂ ਖੇਤ ਅਲਾਟ ਹੋਏ ਸਨ। ਉਧਰ ਵੀ ਉਹ ਸਿਰੇ ਦਾ ਬਦਮਾਸ਼ ਸੀ। ਇੱਧਰ ਆ ਕੇ ਵੀ ਉਹਦੀ ਬੈਠਣੀ-ਉਠਣੀ ਉਹਦੇ ਵਰਗੇ ਯਾਰਾਂ ਨਾਲ ਰਹੀ। ਉਸ 'ਚ ਦੁਨੀਆਂ ਭਰ ਦੇ ਵੈਲ ਸਨ। ਇਕ ਕਤਲ ਕੇਸ 'ਚ ਉਹ ਫਸ ਗਿਆ ਸੀ। ਅਠ ਖੇਤ ਵਿਕ ਗਏ। ਭਾਬੀ ਨੇ ਮੁਕੱਦਮੇ ਦੀ ਪੂਰੀ ਪੈਰਵੀ ਕੀਤੀ ਸੀ। ਉਹ ਮਰਦ ਬਣ ਗਈ ਸੀ। ਮੈਂ ਆਪ ਉਹਦੇ ਨਾਲ ਦੋ ਸਾਲ ਤਰੀਕਾਂ 'ਤੇ ਜਾਂਦਾ ਰਿਹਾਂ। ਉਹਦੀਆਂ ਕੋਸ਼ਿਸ਼ਾਂ ਨਾਲ ਬਿਸ਼ਨ ਸਿਹੁੰ ਵਰੀ ਹੋਇਆ ਸੀ। ਉਸੇ ਨੇ ਹੀ ਉਹਨੂੰ ਬੰਦੇ ਦਾ ਪੁੱਤ ਬਣਾਇਆ ਸੀ। ਰੱਬ ਦੇ ਲੜ ਲਾਇਆ ਸੀ। ਉਹ ਦੋ ਵੇਲੇ ਗੁਰਦੁਆਰੇ ਜਾਣ ਲੱਗਾ ਸੀ। ਟਾਲ ਵੀ ਉਸਦੇ ਕਹਿਣ 'ਤੇ ਬਿਸ਼ਨ ਸਿਹੁੰ ਨੇ ਪਾਇਆ ਸੀ।"

ਇਹ ਇਕ ਅਜਿਹਾ ਸੱਚ ਸੀ ਜਿਸ ਨੂੰ ਨਾ ਤਾਂ ਮੇਰੇ 'ਚ ਜਰਣ ਦੀ ਸ਼ਕਤੀ ਸੀ। ਨਾ ਹੀ ਭੁੱਲਣ ਦੀ। ਐਨਾ ਨੇੜਲਾ ਰਿਸ਼ਤਾ। ਮਾਂ ਤੇ ਪੁੱਤ ਤੋਂ ਪਵਿੱਤਰ ਵੀ ਕੋਈ ਰਿਸ਼ਤਾ ਹੋ ਸਕਦਾ। ਮੇਰੀ ਮਾਈ ਮੈਨੂੰ ਅੰਤਾਂ ਦਾ ਪਿਆਰ ਕਰਦੀ ਸੀ। ਉਹ ਕਿਹਾ ਕਰਦੀ ਸੀ, "ਦਰਬਾਰਿਆ ਜਿੰਨਾ ਚਿਰ ਤੂੰ ਫ਼ੌਜ 'ਚ ਰਿਹਾਂ-ਮੈਨੂੰ ਰੱਜ ਕੇ ਨੀਂਦ ਨ੍ਹੀਂ ਆਈ।" ਉਹ ਸੀਬੋ ਨੂੰ ਕਹਿੰਦੀ ਹੁੰਦੀ ਸੀ, "ਚੌਵੀ ਸਾਲਾਂ 'ਚ ਮੈਂ ਬਹੁਤ ਰੋਈ ਸੀ। ਅੰਦਰ ਵੜਕੇ। ਬੁੱਕਲ 'ਚ ਮੂੰਹ ਲੈ ਕੇ। ਕਿਤੇ ਕੋਈ ਦੇਖ ਨਾ ਲਵੇ। ਮੇਰੀ ਤਾਂ ਅੱਧੀ ਜਾਨ ਦਰਬਾਰੇ 'ਚ ਆ।" ਉਸ ਇਹ ਗੱਲ ਮੈਨੂੰ ਕਿਉਂ ਨਹੀਂ ਦੱਸੀ। ਆਪਣੀਆਂ ਧੀਆਂ ਨੂੰ ਕਿਉਂ ਨਾ ਦੱਸੀ। ਸ਼ਾਇਦ ਦੱਸੀ ਹੋਵੇ। ਉਹ ਮੈਥੋਂ ਉਹਲਾ ਰੱਖ ਗਈਆਂ ਹੋਣ। ਮੈਨੂੰ ਸਭ ਕੁਝ ਫਜ਼ੂਲ ਤੇ ਝੂਠਾ ਜਿਹਾ ਲੱਗਣ ਲੱਗਾ। ਮੇਰੇ ਵੱਸ 'ਚ ਹੁੰਦਾ ਤਾਂ ਮੈਂ ਕੋਠੀ 'ਚ ਲੱਗੀ ਇੱਟ-ਇੱਟ ਖਿਲਾਰ ਦਿੰਦਾ। ਮੈਨੂੰ ਆਪਣੀਆਂ ਜੜ੍ਹਾਂ ਹੀ ਖੋਖਲੀਆਂ ਲੱਗੀਆਂ। ਮੈਂ ਇਕ ਹੋਰ ਗਿਲਾਸ ਨੱਕੋ-ਨੱਕ ਭਰ ਲਿਆ। ਇਕੋ ਸਾਹੇ ਪੀ ਗਿਆ। ਚਾਚੇ ਨੇ ਮੈਨੂੰ ਰੋਕਿਆ ਨਾ। ਉਸ ਮੇਰੀ ਮਨੋਅਵਸਥਾ ਨੂੰ ਸਮਝ ਲਿਆ ਸੀ। ਮੈਂ ਹਿੰਸਕ ਵੀ ਹੋ ਸਕਦਾ-ਸ਼ਾਇਦ ਉਹ ਇਥੋਂ ਤੱਕ ਵੀ ਸੋਚ ਗਿਆ ਹੋਵੇ। ਉਹ ਚਿੰਤਾਗ੍ਰਸਤ ਹੋਇਆ ਆਪਣੇ ਪੋਤਰਿਆਂ ਤੇ ਭਤੀਜਿਆਂ ਕੋਲ ਜਾ ਪਿਆ। ਮੈਂ ਆਪ



www.PunjabiLibrary.com

ਚਾਹਿਆ ਸੀ ਕਿ ਉਹ ਇਥੇ ਮੇਰੇ ਸਾਹਮਣੇ ਨਾ ਬੈਠੇ। ਮੈਂ ਟੈਲੀਫੋਨ ’ਤੇ ਐਸ. ਟੀ. ਡੀ. ਖੋਲ੍ਹੀ। ਸਾਰੀ ਰਾਤ ਇੰਗਲੈਂਡ, ਕਨੇਡਾ, ਅਮਰੀਕਾ ਤੇ ਹੋਰ ਪਤਾ ਨਹੀਂ ਕਿਥੇ-ਕਿਥੇ ਫੋਨ ਕੀਤੇ। ਸ਼ਰਾਬ ਪੀਈ ਗਿਆਂ-ਫ਼ੋਨ ਕਰੀ ਗਿਆ। ਪਤਾ ਨਹੀਂ ਕਦੋਂ ਕੁ ਮੈਨੂੰ ਨੀਂਦ ਆਈ। ਵੱਡੇ ਤੜਕੇ ਮਾਈ ਦਿੱਸੀ ਸੀ। ਉਹ ਟਾਲ ’ਚ ਬੈਠੀ ਲੱਕੜਾਂ ਤੋਲ ਰਹੀ ਸੀ। ਉਸ ਕਿਹਾ ਸੀ, “ਤੂੰ ਕਿਹੜੀਆਂ ਸੋਚਾਂ ’ਚ ਪਿਆਂ। ਗੇਟ ’ਤੇ ਆਪਣੇ ਬਾਪੂ ਦਾ ਨਾਂ ਲਿਖਾ। ਅਸੀਂ ਕਿਹੜੇ ਦੋ ਆਂ।” ਝਟਕੇ ਨਾਲ ਮੇਰੀ ਅੱਖ ਖੁੱਲ੍ਹੀ ਸੀ। ਜਲਦੀ ਹੀ ਫੇਰ ਨੀਂਦ ਆ ਗਈ ਸੀ। ਸਵੇਰੇ ਜਦੋਂ ਚਾਚਾ ਰਫੀਕ ਚਾਹ ਦਾ ਗਿਲਾਸ ਲੈ ਕੇ ਆਇਆ ਤਾਂ ਉਸ ਮੈਨੂੰ ਮੋਢਿਆਂ ਤੋਂ ਫੜ ਕੇ ਹਲੂਣਦਿਆਂ ਕਿਹਾ, “ਭਤੀਜ-ਅੱਜ ਸੈਰ ਕਰਨ ਨ੍ਹੀਂ ਜਾਣਾ।”

ਚਾਹ ਪੀ ਕੇ ਮੈਂ ਕੁਝ ਕੁ ਰਾਹਤ ਮਹਿਸੂਸ ਕੀਤੀ। ਨਹਿਰੋਂ ਪਾਰ ਵਾਲੀ ਮੋਟਰ ਉਪਰ ਦੀ ਗੇੜਾ ਕੱਢ ਕੇ ਕੋਠੀ ਦੇ ਗੇਟ ਕੋਲ ਆ ਖੜਿਆ। ਲਾਗੇਉਂ ਇੱਟ ਦਾ ਰੋੜਾ ਚੁੱਕਿਆ। ਖੱਬੇ ਪਾਸੇ ਲਿਖ ਦਿੱਤਾ-ਸਰਦਾਰ ਬਿਸ਼ਨ ਸਿੰਘ ਸਰਦਾਰਣੀ ਸਵਰਨਜੀਤ ਕੌਰ।



# ਮੌਤ

ਸ਼ੇਕਸਪੀਅਰ ਨੇ ਹੀ ਕਿਹਾ ਹੈ ਨਾ ਬਈ ਨਾਂ ਵਿਚ ਕੀ ਪਿਆ ਹੈ ? ਪਰ ਨਾਂ ਬਿਨਾਂ ਸਰਦਾ ਵੀ ਨਹੀਂ। ਕੋਈ ਨਾ ਕੋਈ ਨਾਂ ਹੋਣਾ ਹੀ ਚਾਹੀਦਾ ਹੈ। ਭਾਵੇਂ ਇਕ ਅੱਖਰ ਦਾ ਹੋਵੇ ਜਾਂ ਵੀਹਾਂ ਅੱਖਰਾਂ ਦਾ। ਆਪਾਂ ਨੂੰ ਵੀ ਇਨ੍ਹਾਂ ਪਾਤਰਾਂ ਦੇ ਨਾਂ ਰੱਖਣੇ ਹੀ ਪੈਣੇ ਹਨ। ਚਲੋ ਦੋ ਨੰਬਰ ਦੇ ਹੀ ਰੱਖ ਲੈਂਦੇ ਹਾਂ। ਤੁਸੀਂ ਪੁੱਛੋਗੇ ਕਿ ਦੋ ਨੰਬਰ ਦਾ ਕੀ ਮਤਲਬ ਹੋਇਆ ? ਤੁਹਾਨੂੰ ਪਤਾ ਹੀ ਹੈ ਕਿ ਅੱਜ ਕਲ੍ਹ ਸਭ ਕੁਝ ਦੋ ਨੰਬਰ ਵਿਚ ਹੀ ਚਲਦਾ ਹੈ। ਫੇਰ ਆਪਾਂ ਕੀਹਦੀ ਨੂੰਹ-ਧੀ ਨਾਲੋਂ ਘੱਟ ਹਾਂ। ਜੇ ਨਾਂ ਹਿੰਦੀ ਵਿਚ ਰੱਖੀਏ ਤਾਂ ਆ ਛੋਟਾ ਆ ਵੱਡਾ ਜ਼ਬਾਨ ’ਤੇ ਚੜ੍ਹਦਾ ਹੀ ਨਹੀਂ। ਬੜਾ ਅਜੀਬ ਜਿਹਾ ਲੱਗਦਾ। ਪੰਜਾਬੀ ਵਾਲਾ ੳ, ਅ, ਸ ਜੱਚਦਾ ਨਹੀਂ। ਏ, ਬੀ, ਸੀ ਝਟ ਜ਼ਬਾਨ ਤੇ ਚੜ੍ਹ ਜਾਂਦੇ ਹਨ। ਚਲੋ ਗੱਲ ਖਤਮ ਹੋ ਗਈ। ਪਾਤਰ ਬਣ ਗਏ : ਏ, ਬੀ, ਸੀ ਤੇ ਡੀ।

ਏ, ਬੀ ਤੇ ਡੀ ਆ ਚੁੱਕੇ ਹਨ। ਪਹਿਲਾਂ ‘ਡੀ’ ਆਇਆ ਸੀ। ਉਸਦਾ ਪਿੰਡ ਇਥੋਂ ਦੂਰ ਪੈਂਦਾ ਹੈ। ਫੇਰ ‘ਏ’, ਬਾਅਦ ’ਚ ‘ਬੀ’। ‘ਏ’ ਤੇ ‘ਡੀ’ ਨੇ ਪੋਚ-ਪੋਚ ਕੇ ਸਾਫ਼ੇ ਬੰਨੇ ਹੋਏ ਹਨ ਤੇ ‘ਬੀ’ ਕਲੀਨ ਸੇਵਡ ਹੈ। ਗੰਗਾ ਦੇ ਪਾਂਡਿਆਂ ਵਾਂਗ ਰੁੰਡ-ਮਰੁੰਡ। ‘ਏ’ ਨੇ ਬੈਠਦਿਆਂ ਹੀ ਝੋਲਾ ਮੇਜ਼ ’ਤੇ ਸੁੱਟ ਦਿੱਤਾ ਸੀ ਤੇ ਪੈਂਟ ਦੀ ਮੋਹਰਲੀ ਜੇਬ ਵਿਚੋਂ ਜਰਦਾ ਕੱਢ ਕੇ ਮਲਣ ਲੱਗਾ ਸੀ। ਜਿਉਂ-ਜਿਉਂ ਉਹ ਖੱਬੇ ਹੱਥ ਦੀ ਹਥੇਲੀ ’ਤੇ ਜਰਦੇ ਤੇ ਕਲੀ ਨੂੰ ਇਕ-ਮਿਕ ਕਰ ਰਿਹਾ ਸੀ ਤਿਉਂ-ਤਿਉਂ ‘ਡੀ’ ਬੁੱਲ ਸੰਵਾਰਦਾ ਗਿਆ ਸੀ। ਜਰਦਾ ਤਾਂ ਉਸ ਦੇ ਥੈਲੇ ਵਿਚ ਵੀ ਸੀ ਪਰ ਪਹਿਲ ‘ਏ’ ਨੇ ਕੀਤੀ ਸੀ। ਉਸ ਜਰਦਾ ਸੱਜੀ ਤਲੀ ’ਤੇ ਰੱਖਿਆ ਸੀ ਤੇ ਫੇਰ ਖੱਬੀ ਤਲੀ ਤੋਂ ਕਲੀ ਝਾੜ ਕੇ ਜਰਦਾ ਸੱਜੀ ਤਲੀ ’ਤੇ ਰੱਖ ਲਿਆ ਸੀ। ਅੰਗੂਠੇ ਦੀ ਰਗੜ ਵਧੀ ਸੀ। ਫੇਰ ਉਸ ਅੰਗੂਠੇ ਨਾਲ ਦੀ ਉਂਗਲ ਫੇਰੀ ਸੀ। ਤਲੀ ’ਤੇ ਪਟਾਕਾ ਜਿਹਾ ਮਾਰਿਆ ਸੀ। ਚੌਹਾਂ ਉਂਗਲਾਂ ਨਾਲ। ਫੇਰ ਜਰਦੇ ਨੂੰ ਮਲਿਆ ਸੀ। ਵਿਚ-ਵਿਚ ਤਲੀ ਨੂੰ ਘੁੱਟਿਆ ਸੀ। ਫੈਲਾਇਆ ਸੀ ਤੇ ਇਕੱਠਾ ਕੀਤਾ ਸੀ। ‘ਬੀ’ ਕੋਲੋਂ ਰਿਹਾ ਨਹੀਂ ਗਿਆ ਸੀ। ਉਸ ਕਮੀਜ਼ ਦੀ ਮੋਹਰਲੀ ਜੇਬ ’ਚੋਂ ਫੋਰ ਸਕੇਅਰ ਦੀ ਡੱਬੀ ਕੱਢੀ ਸੀ। ਪਰ ਉਸਨੂੰ ਮਾਚਿਸ ਨਹੀਂ ਮਿਲੀ ਸੀ। ਉਸ ਦੋ ਵਾਰ ਥੈਲੇ ’ਚ ਹੱਥ ਮਾਰਿਆ ਸੀ। ਜੇਬਾਂ ਫਰੋਲੀਆਂ ਸਨ।

“ਪਤਾ ਨ੍ਹੀਂ ਕਿੱਥੇ ਰੱਖ ਬੈਠਾਂ। ਹੁਣੇ ਤਾਂ ਸਾਲੀ ਜੇਬ ਵਿਚ ਸੀ।” ਖਿੱਝਿਆ ਹੋਇਆ



www.PunjabiLibrary.com

'ਬੀ' ਬੋਲਿਆ ਹੈ।

"ਰਾਹ 'ਚ ਕਿਤੇ ਡਿੱਗ ਪਈ ਹੋਣੀ ਆ," 'ਡੀ' ਉਸਦੀ ਬੇਚੈਨੀ ਪਹਿਚਾਣਦਾ ਹੋਇਆ ਕਹਿੰਦਾ ਹੈ।

"ਖਰੀਦੀਆਂ ਤੇ 'ਕੱਠੀਆਂ ਸੀ ਬਸ ਸਟੈਂਡ ਤੋਂ। ਆਉਂਦਿਆਂ ਹੋਇਆਂ ਰਿਕਸ਼ੇ ਵਿਚ ਦੋ ਸਿਗਰਟਾਂ ਲਾਈਆਂ ਸੀ," ਝੋਲੇ 'ਚੋਂ ਇਕ-ਇਕ ਚੀਜ਼ ਬਾਹਰ ਰੱਖਦਾ ਤੇ ਝਾੜਦਾ ਹੋਇਆ 'ਬੀ' ਦੱਸਦਾ ਹੈ।

"ਜੇ ਨ੍ਹੀਂ ਥਿਆ ਰਹੀ ਤਾਂ ਸਾਹਮਣੇ ਅਲਮਾਰੀ 'ਚ ਵੇਖ," 'ਡੀ' ਉਸ ਨੂੰ ਕਹਿੰਦਾ ਹੈ।

"ਥੈਂਕਸ," ਕਹਿ ਕੇ 'ਬੀ' ਡੱਬੀ ਚੁੱਕਣ ਚਲਾ ਗਿਆ ਹੈ।

"ਆਵੇ," 'ਏ' ਨੇ ਸੁਲਾਹ ਮਾਰੀ ਹੈ।

"ਇਹ ਵੀ ਪੁੱਛਣ ਵਾਲੀ ਗੱਲ ਆ," 'ਡੀ' 'ਏ' ਦੇ ਸ਼ਬਦਾਂ ਨੂੰ ਵਿਚੋਂ ਹੀ ਬੋਚ ਕੇ ਬੋਲਿਆ ਹੈ।

"ਲੈ ਜਿੰਨਾ ਮਰਜ਼ੀ ਲੈ-ਲੈ," 'ਏ' ਨੇ 'ਡੀ' ਵੱਲ ਹਥੇਲੀ ਕੀਤੀ ਹੈ ਤੇ 'ਬੀ' ਵੱਲ ਦੇਖਿਆ ਹੈ। 'ਬੀ' ਤਾਂ ਸਿਗਰੇਟ ਦੇ ਲੰਬੇ-ਲੰਬੇ ਕੱਸ਼ ਖਿੱਚ ਰਿਹਾ ਹੈ। ਉਸ ਨੇ ਹੰਭੇ ਹੋਏ ਊਠ ਵਾਂਗ ਸਿਰ ਸੋਫੇ ਦੇ ਉਤਲੇ ਪਾਸੇ ਸੁੱਟ ਰੱਖਿਆ ਹੈ। ਉਹ ਇਕ ਟੱਕ ਛੱਤ ਵੱਲ ਦੇਖ ਰਿਹਾ ਹੈ। ਜਿਵੇਂ ਖਿਲਾਅ ਵਿਚੋਂ ਕੁਝ ਭਾਲ ਰਿਹਾ ਹੋਵੇ।

"ਆਵੇ," 'ਡੀ' ਨੇ 'ਏ' ਨੂੰ ਹਲੂਣਦਿਆਂ ਹੋਇਆਂ ਪੁੱਛਿਆ ਹੈ।

"ਨ੍ਹੀਂ।"

"ਆਹ ਬੱਤੀ ਐਧਰ ਕਰ। 'ਕੱਲਾ-'ਕੱਲਾ ਈ ਖਿੱਚੀ ਜਾਨੈਂ," 'ਡੀ' ਸਿਰ ਤੋਂ ਸਾਫਾ ਲਾਹ ਕੇ ਮੇਜ਼ ਉਪਰ ਟਿਕਾਉਂਦਿਆਂ ਹੋਇਆਂ ਬੋਲਿਆ ਹੈ।

'ਬੀ' ਨੇ ਡੱਬੀ 'ਡੀ' ਵੱਲ ਨੂੰ ਸੁੱਟ ਦਿੱਤੀ ਹੈ।

'ਡੀ' ਨੇ ਸਿਗਰੇਟ ਲਾਉਣ ਤੋਂ ਬਾਅਦ 'ਏ' ਵੱਲ ਦੇਖਿਆ ਹੈ। 'ਏ' ਕੁਝ ਝਿਜਕਦਾ ਹੈ ਪਰ ਦੂਜੇ ਪਲ ਹੀ ਸਿਰ ਤੋਂ ਸਾਫਾ ਲਾਹ ਕੇ ਥੈਲੇ 'ਚ ਤੁੰਨ ਲੈਂਦਾ ਹੈ। ਬਿਨਾਂ ਕਿਸੇ ਸੰਕੋਚ ਭਾਵ ਦੇ ਖਿਲਰੇ ਵਾਲਾਂ ਨੂੰ ਝਟਕਾ ਦੇ ਕੇ ਸੰਵਾਰਦਾ ਹੈ। ਮਲਕ ਦੇਣੀ ਡੱਬੀ 'ਚੋਂ ਸਿਗਰਟ ਖਿਚਦਿਆਂ ਹੋਇਆਂ 'ਡੀ' ਨੂੰ ਸਿਗਰੇਟ ਲਵਾਉਣ ਲਈ ਇਸ਼ਾਰਾ ਕਰਦਾ ਹੈ।

ਕਮਰੇ 'ਚ ਧੂੰਆਂ ਹੀ ਧੂੰਆਂ ਹੈ।

...ਤੁਹਾਨੂੰ ਅਜੀਬ ਜਿਹਾ ਤਾਂ ਨਹੀਂ ਲੱਗ ਰਿਹਾ। ਗੱਲ ਤਾਂ ਹੈ ਅਜੀਬ ਜਿਹੀ ਹੀ। ਕਦੇ ਮੈਨੂੰ ਵੀ ਅਜੀਬ ਲਗਦਾ ਸੀ ਇਨ੍ਹਾਂ ਨੂੰ ਦੇਖ ਕੇ।

ਕਦੇ ਕਦੇ 'ਡੀ' ਰੌਅ 'ਚ ਆਇਆ ਕਹਿ ਦਿੰਦਾ ਹੈ, "ਜੇ ਸ਼ਿਵ ਵਰਗਾ ਦੇਵਤਾ ਭੰਗ ਦਾ ਛੰਨਾ ਪੀ ਕੇ ਅੰਤਰ ਧਿਆਨ ਹੋ ਸਕਦੇ ਤਾਂ ਅਸੀਂ ਵੀ ਨਸ਼ੇ ਪੱਤਿਆਂ ਨਾਲ ਟੁੰਨ ਹੋ ਕੇ ਚੰਗਾ ਸੋਚ ਸਕਦੇ ਆਂ...। ਮਾਰਕੇ ਦੀ ਗੱਲ ਕਰ ਸਕਦੇ ਆ...ਨਾਲੇ ਸੁਣਿਆ ਕੋਲਰੇਜ ਨੇ ਆਪਣੀ ਵਧੀਆ ਕਵਿਤਾ ਫੀਮ ਦੀ ਗੋਲੀ ਖਾ ਕੇ ਲਿਖੀ ਸੀ। ਸ਼ਿਵ ਬਟਾਲਵੀ ਨੇ ਵੀ ਗੁਟ ਹੋ ਕੇ ਚੰਗਾ ਲਿਖਿਆ।"



ਹੈ ਨਾ ਗੱਲ ਮਾਅਰਕੇ ਦੀ। ਉਹ ਵੀ ਤਰਕ ਭਰਪੂਰ।

" 'ਸੀ' ਅਜੇ ਨ੍ਹੀਂ ਆਇਆ," 'ਏ' ਘੜੀ ਵੱਲ ਦੇਖ ਕੇ ਬੋਲਿਆ ਹੈ।

"ਕਿੰਨੇ ਵਜੇ ਦਾ ਲਿਖਿਆ ਸੀ?"

"ਨੌਂ ਵਜੇ ਦਾ।"

"ਹੁਣ ਤੱਕ ਆ ਜਾਣਾ ਚਾਹੀਦਾ ਸੀ," 'ਡੀ' ਨੇ ਅੱਖ ਦੇ ਫੇਰ ਨਾਲ ਡੱਬੀ ਵਿਚੋਂ ਇਕ ਹੋਰ ਸਿਗਰਟ ਕੱਢ ਲਈ ਤੇ 'ਬੀ' ਵੱਲ ਦੇਖਦਾ ਹੋਇਆ ਮਿੰਨਾ-ਮਿੰਨਾ ਮੁਸਕਰਾਇਆ ਹੈ।

"ਗੱਡੀ ਲੇਟ ਹੋ ਗਈ ਹੋਣੀ। ਬੰਦਾ ਤਾਂ ਉਹ ਬਹੁਤ ਸਿਆਣੈ," 'ਸੀ' ਨੇ ਸੋਫੇ 'ਤੇ ਪੱਸਰਦਿਆਂ ਹੋਇਆਂ ਕਿਹਾ ਹੈ।

"ਗੱਡੀਆਂ ਦਾ ਕੀ ਪਤਾ ਲਗਦਾ। ਇਹ ਘੰਟਾ, ਦੋ ਘੰਟੇ ਲੇਟ ਹੋ ਜਾਂਦੀਆਂ।"

"ਐਦਾਂ ਤਾਂ ਬੋਰੀਅਤ ਜਿਹੀ ਹੋ ਰਹੀ ਐ। ਕਿਉਂ ਨਾ ਚਾਹ ਪੀਤੀ ਜਾਏ," 'ਏ' ਕਹਿੰਦਾ ਹੈ।

"ਜੇ ਏਥੇ ਮਿਲ ਜਾਵੇ ਤਾਂ ਮਜ਼ਾ ਆ ਜਾਵੇ। ਮੈਨੂੰ ਤਾਂ ਅੱਗੇ ਹੀ ਥਕਾਵਟ ਹੋਈ ਆ।" 'ਬੀ' ਨੇ ਅਖ਼ਬਾਰ ਤੋਂ ਨਜ਼ਰ ਹਟਾ ਕੇ ਕਿਹਾ ਹੈ।

"ਇਹ ਨ੍ਹੀਂ ਹੋ ਸਕਦਾ।"

"ਕਿਉਂ?"

"ਪੀਅਨ ਸਾਲਾ ਜ਼ਿੰਦਾ ਖੋਲ੍ਹ ਕੇ ਕਿਤੇ ਵਗ ਗਿਐ ਲੱਗਦੈ।"

"ਚਲੋ ਉਥੇ ਈ ਚਲਦੇ ਆਂ...ਹਵਾ ਪਾਣੀ ਬਦਲ ਜਾਊ...ਨਾਲੇ ਨਸ਼ਾ ਪੱਤਾ ਲੈ ਆਈਏ। ਚਾਰ ਕੁ ਘੰਟੇ ਤਾਂ ਲਗ ਈ ਜਾਣੇ।" 'ਬੀ' ਨੇ ਮੁੜ ਝੋਲੇ 'ਚ ਅਖ਼ਬਾਰ ਤੁੰਨਦਿਆਂ ਹੋਇਆਂ ਕਿਹਾ ਹੈ।

'ਏ' ਤੇ 'ਡੀ' ਨੇ ਸਾਫੇ ਦਾ ਸਿਰ 'ਤੇ ਲਪੇਟਾ ਜਿਹਾ ਮਾਰ ਲਿਆ ਹੈ।

****

ਇਕ ਮਿਨਟ। ਸਿਰਫ ਇਕ ਮਿਨਟ। ਲੱਗਦੇ ਹੱਥੀਂ ਮੈਂ ਤੁਹਾਨੂੰ ਇਨ੍ਹਾਂ ਬਾਰੇ ਮੋਟਾ-ਮੋਟਾ ਦੱਸ ਦਿਆਂ। ਦੱਸਣਾ ਤਾਂ ਪਹਿਲਾਂ ਚਾਹੀਦਾ ਸੀ ਪਰ ਉਦੋਂ 'ਸੀ' ਨਹੀਂ ਆਇਆ ਸੀ। ਉਸ ਬਿਨਾਂ ਗੱਲ ਅਧੂਰੀ ਰਹਿ ਜਾਣੀ ਸੀ।

ਇਹ 'ਮੰਚ' ਦੀ ਮੀਟਿੰਗ ਹੈ। 'ਐਰਾ ਗੈਰਾ ਨੱਥੂ ਖੈਰਾ' ਸਭਾ ਦੀ ਨਹੀਂ ਸਗੋਂ ਅਗਾਂਹ ਵਧੂ ਮੰਚ ਦੀ। ਇਹ ਮੰਚ ਵੀ ਪਿਛੇ ਜਿਹੇ ਬਣਿਆ ਹੈ। ਇਸ ਦਾ ਮੁਖ ਉਦੇਸ਼ ਲੋਕਾਂ ਦਾ ਸੁਆਦ ਬਦਲਣਾ ਹੈ। ਸੁਆਦ ਬਦਲਣ ਤੋਂ ਭਾਵ ਚੰਗੀ ਸੋਚ ਵਾਲਾ ਸਾਹਿਤ ਦੇਣਾ ਹੈ। ਇਸ ਮੰਚ ਨੇ 'ਨੇਕ' ਹੀ ਕੰਮ ਕੀਤੇ ਹਨ। ਇਹੀ ਸੁਨਣ ਵਿਚ ਆਇਆ ਹੈ। ਮੰਚ ਦਾ ਪ੍ਰਧਾਨ ਚੰਗਾ ਆਦਮੀ ਹੈ। ਇਸੇ ਕਰਕੇ ਹੀ। ਖੈਰ ਮੈਂ ਕਿਧਰ ਨੂੰ ਤੁਰ ਗਿਆ। ਉਹ ਜਿਹੜਾ ਮੇਜ਼ 'ਤੇ ਲੱਤਾਂ ਰੱਖੀ ਬੈਠਾ ਹੈ ਨਾ-ਉਹ 'ਏ' ਹੈ। ਇਹ ਪਰਚਾ ਕੱਢਦਾ ਹੈ। ਘਰ ਦੀ ਚੰਗੀ ਖੇਤੀ ਹੈ। ਪੱਕਾ ਪਾਰਟੀ ਵਰਕਰ ਹੈ। ਮੁਜਾਰਿਆਂ, ਜਲਸਿਆਂ ਤੇ ਮੀਟਿੰਗਾਂ ਨੇਮਬੰਦ ਅਟੈਂਡ ਕਰਦਾ ਹੈ। ਪਾਰਟੀ ਦੀ ਭਾਸ਼ਾ 'ਚ 'ਕੁਮਿਟਿਡ ਵਰਕਰ' ਹੈ। ਬਹੁਤ ਘੱਟ ਪੜ੍ਹਦਾ ਹੈ। ਬੋਲਦਾ ਜ਼ਿਆਦਾ



www.PunjabiLibrary.com

ਹੈ। ਪਰ ਹੈ ਜਿੰਦਾਦਿਲ ਇਨਸਾਨ। ਦੇਖੋ ਕਿਵੇਂ 'ਡੀ' ਦੇ ਪਟਾਂ 'ਤੇ ਹੱਥ ਮਾਰ-ਮਾਰ ਕੇ ਹੱਸ ਰਿਹਾ ਹੈ। 'ਬੀ' ਕਾਲਜ ਵਿਚ ਪ੍ਰੋਫੈਸਰ ਹੈ। ਇਤਿਹਾਸ ਦਾ। ਜਾਣਿਆਂ ਪਹਿਚਾਣਿਆਂ ਲੇਖਕ। ਮੈਗਜ਼ੀਨ ਦੇਖਦਾ ਹੈ। ਅਡਰੈੱਸ ਨੋਟ ਕਰਦਾ ਹੈ। ਰਚਨਾ ਦੀ ਕਾਪੀ ਕਰਦਾ ਹੈ ਤੇ ਚਲ ਮੇਰੇ ਭਾਈ ਅਗਲੇ ਦੇ ਦੁਆਰੇ। ਉਹ ਸਲਾਨਾ ਚੰਦਾ ਭੇਜਣਾ ਨਹੀਂ ਭੁੱਲਦਾ। ਦੇਖਣ ਨੂੰ ਲੇਖਕ ਘੱਟ ਤੇ ਪਹਿਲਵਾਨ ਜ਼ਿਆਦਾ ਲੱਗਦਾ ਹੈ। 'ਸੀ' ਵੀ ਪ੍ਰੋਫੈਸਰ ਹੈ। ਅੱਜ ਦੀ ਮੀਟਿੰਗ 'ਚ ਉਸ ਵੱਲੋਂ ਸੰਪਾਦਤ ਕੀਤੀ ਜਾ ਰਹੀ ਕਿਤਾਬ 'ਸਮਕਾਲੀ ਕਹਾਣੀਆਂ' 'ਤੇ ਵਿਚਾਰ-ਵਟਾਂਦਰਾ ਹੈ। ਉਹ 'ਮੰਚ' ਦਾ ਹੁਣੇ-ਹੁਣੇ ਮੈਂਬਰ ਬਣਿਆ ਹੈ। ਉਸ ਦੀ ਲਿਆਕਤ ਨੂੰ ਮੁੱਖ ਰੱਖ ਕੇ ਪ੍ਰਧਾਨ ਨੇ ਉਸ ਨੂੰ ਇਹ ਕੰਮ ਸੌਂਪਿਆ ਹੈ। 'ਡੀ' ਸਕੂਲ ਮਾਸਟਰ ਹੈ। ਮਾਸਟਰਾਂ ਦੀ ਜਿਊਂਦੀ ਜਾਗਦੀ ਤਸਵੀਰ। ਬੈਠਦਾ ਵੀ ਇਨ-ਬਿਨ ਮਾਸਟਰਾਂ ਵਾਂਗੂ ਹੀ ਹੈ। ਪੈਰ 'ਬੀ' ਦੀ ਕਰੀਮ ਕਲਰ ਪੈਂਟ 'ਤੇ ਰੱਖੇ ਹਨ ਤੇ ਬਾਹਾਂ ਮੋਰ ਦਿਆਂ ਖੰਭਾਂ ਵਾਂਗੂ ਫੈਲਾ ਕੇ ਸੋਫੇ ਦਿਆਂ ਦੋਹਾਂ ਪਾਸਿਆਂ ਨੂੰ ਘੁਟ ਕੇ ਫੜ ਰੱਖਿਆ ਹੈ। ਜਿਵੇਂ ਕਿਤੇ ਕੋਈ ਥਲਿਉਂ ਸੋਫਾ ਨਾ ਖਿਚ ਲਵੇ।

'ਏ' ਨੇ ਕਿਸੇ ਕਾਲਜ ਦੀ ਗੱਲ ਤੋਰੀ ਸੀ। ਪ੍ਰਿੰਸੀਪਲ ਨੇ ਕਿਸੇ ਪ੍ਰੋਫੈਸਰ ਦੀ ਛੁੱਟੀ ਕਰ ਦਿੱਤੀ ਸੀ। ਪੱਕੀ ਹੀ। 'ਏ' ਮੁਜਾਹਰੇ 'ਚ ਗਿਆ ਸੀ। ਉਸ ਦੱਸਿਆ ਸੀ, "ਅਸੀਂ ਚਾਰ ਜਣੇ ਪ੍ਰਿੰਸੀਪਲ ਨੂੰ ਮਿਲੇ। ਸਪੱਸ਼ਟੀਕਰਣ ਦਿੱਤਾ। ਪਹਿਲਾਂ ਉਸ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ ਪਰ ਜਦੋਂ ਗੁਰਸ਼ਰਨ ਨੇ ਲੰਮੀ ਸਟਰਾਈਕ ਦੀ ਧਮਕੀ ਦਿੱਤੀ ਤਾਂ ਉਹ ਝੱਟ ਮੂਤ ਦੀ ਝੱਗ ਵਾਂਗ ਬੈਠ ਗਿਆ।"

"ਗੱਲ ਐਦਾਂ ਹੀ ਸੂਤ ਆਉਂਦੀ ਹੁੰਦੀ ਆ,"

****

"ਗੱਲ ਸ਼ੁਰੂ ਕੀਤੀ ਜਾਵੇ," 'ਸੀ' ਨੇ ਗੰਭੀਰ ਹੁੰਦਿਆਂ ਪੁੱਛਿਆ ਹੈ।

"ਦੋ ਮਿਨਟ ਰੁਕ ਜਾਉ,' 'ਬੀ' ਪੱਖੇ ਦਾ ਰੈਗੂਲੇਟਰ ਘੁੰਮਾਉਂਦਿਆਂ ਹੋਇਆਂ ਬੋਲਿਆ ਹੈ। ਨੰਬਰ ਇਕ ਜਾਂ ਨੰਬਰ ਤਿੰਨ ਕੰਮ ਕਰ ਰਿਹਾ ਹੈ। ਨੰਬਰ ਇਕ ਦੀ ਹਵਾ 'ਡੀ' ਦੇ ਸ਼ਬਦਾਂ 'ਚ 'ਜਮਾਂ ਈ ਘੱਟ ਐ' ਤੇ ਨੰਬਰ ਤਿੰਨ ਦੀ ਹਵਾ ਵੀ ਬੁੱਤਾ ਨਹੀਂ ਸਾਰ ਰਹੀ ਹੈ। 'ਏ' ਨੇ ਵੀ ਪਹਿਲਾਂ ਆਪਣਾ ਜ਼ੋਰ ਲਾਇਆ ਸੀ।

"ਛੱਡ ਵੀ ਯਾਰ....ਕਿਤੇ ਏਸ ਤੋਂ ਵੀ ਨਾ ਜਾਈਏ," 'ਬੀ' ਨੇ ਕਮੀਜ਼ ਉਤਾਰ ਕੇ ਅਲਮਾਰੀ 'ਤੇ ਫੈਲਾ ਦਿੱਤੀ ਹੈ।

"ਸ਼ੁਕਰ ਕਰੋ ਕਿ ਸਰਕਾਰੀ ਦਫਤਰ ਵਿਚੋਂ ਐਨੀ ਕੁ ਹਵਾ ਵੀ ਮਿਲੀ ਜਾਂਦੀ ਆ," 'ਸੀ' ਬੋਲਿਆ ਹੈ।

"ਇਥੋਂ ਤਾਂ ਐਨੀ ਦੀ ਵੀ ਆਸ ਨ੍ਹੀਂ," 'ਡੀ' ਦੀ ਗੱਲ 'ਤੇ ਸਾਰਿਆਂ ਨੇ ਸਹਿਮਤੀ ਪ੍ਰਗਟ ਕੀਤੀ ਹੈ।

ਇਹ ਗਿਆਨ ਭਵਨ ਹੈ। ਪੂਰੇ ਦੱਸਾਂ ਕਮਰਿਆਂ ਦਾ।

"ਚਲ," 'ਏ', 'ਡੀ' ਤੇ 'ਬੀ' ਇਕੋ ਵਾਰੀ ਇਕੱਠੇ ਬੋਲੇ ਹਨ।

'ਸੀ' ਨੇ ਥੈਲੇ ਵਿਚੋਂ ਕਹਾਣੀਆਂ ਦੀ ਫਾਈਲ ਪਹਿਲਾਂ ਹੀ ਕੱਢਕੇ ਗੋਡਿਆਂ 'ਤੇ ਰੱਖੀ ਹੋਈ ਹੈ। ਕਈ ਸਾਰੀਆਂ ਕਹਾਣੀਆਂ ਹਨ। ਵੀਹ ਪੰਝੀ ਤਾਂ ਹੋਣਗੀਆਂ ਹੀ। 'ਮੰਚ' ਨੇ



ਬਕਾਇਦਾ ਅਖ਼ਬਾਰਾਂ ਤੇ ਪਰਚਿਆਂ ਵਿਚ ਖ਼ਬਰ ਛਪਵਾ ਕੇ ਕਹਾਣੀਕਾਰਾਂ ਨੂੰ 'ਸਮਕਾਲੀ ਕਹਾਣੀਆਂ' ਪੁਸਤਕ ਲਈ ਕਹਾਣੀ ਭੇਜਣ ਲਈ ਬੇਨਤੀ ਕੀਤੀ ਸੀ।

"ਪਹਿਲੀ ਕਹਾਣੀ ਉਥਵੀਰ ਦੀ ਆ ਜੀ," 'ਸੀ' ਨੇ ਅਲਫੈਬੈਟਾਕਲੀ ਪਹਿਲੀ ਕਹਾਣੀ ਦੇ ਕਹਾਣੀਕਾਰ ਦਾ ਨਾਂ ਬੋਲਿਆ ਹੈ।

"ਕਿਹੜੇ ਪਰਚੇ 'ਚ ਛਪੀ ਸੀ," 'ਏ' ਨੇ ਪੁੱਛਿਆ ਹੈ।

'ਬੀ' ਤੇ 'ਡੀ' ਚੁੱਪ ਹਨ।

"ਨਾਗਮਣੀ 'ਚ।"

"ਕਦੋਂ?"

"ਜੂਨ-ਜੁਲਾਈ ਦੇ ਅੰਕ 'ਚ।"

"ਠੀਕ ਆ। ਅੰਮ੍ਰਿਤਾ ਪ੍ਰੀਤਮ ਸਿਆਣੀ ਸੰਪਾਦਕਾ ਆ। ਪੜ੍ਹਣ ਦੀ ਕੋਈ ਲੋੜ ਨ੍ਹੀਂ," 'ਏ' ਨੇ ਕਿਹਾ ਹੈ। 'ਬੀ' ਤੇ 'ਡੀ' ਨੇ ਵੀ ਹਾਂ ਕਰਦਿਆਂ ਅੱਖਾਂ ਝਮਕ ਦਿੱਤੀਆਂ ਹਨ।

"ਦੂਜੀ ਕਹਾਣੀ ਦਲਬੀਰ ਚੇਤਨ ਦੀ ਆਈ ਹੈ," 'ਸੀ' ਨੇ ਪਹਿਲੀ ਕਹਾਣੀ 'ਤੇ ਸਹੀ ਦਾ ਨਿਸ਼ਾਨ ਮਾਰ ਕੇ ਦੱਸਿਆ ਹੈ।

"ਜ਼ਰੂਰ-ਜ਼ਰੂਰ। ਚੇਤਨ ਦੀ ਕਹਾਣੀ ਜ਼ਰੂਰ ਛਪਣੀ ਆਂ।" 'ਬੀ' ਨੇ ਉਤੇਜਿਤ ਹੁੰਦਿਆਂ ਕਿਹਾ ਹੈ।

"ਤੁਸੀਂ ਇਹ ਕਹਾਣੀ ਪੜ੍ਹੀ ਆ?" 'ਸੀ' ਪੁੱਛਦਾ ਹੈ।

"ਨ੍ਹੀਂ।"

"ਫੇਰ ਤੁਸੀਂ ਕਿਦਾਂ ਸਵੀਕ੍ਰਿਤੀ ਦੇ ਦਿੱਤੀ?"

"ਤੁਹਾਨੂੰ ਇਸ ਗੱਲ ਦਾ ਪਤਾ ਨ੍ਹੀਂ।" ਚੇਤਨ ਨੇ ਫ਼ੌਜੀ ਜ਼ਿੰਦਗੀ 'ਤੇ ਕਮਾਲ ਦੀਆਂ ਕਹਾਣੀਆਂ ਲਿਖੀਆਂ। 'ਏ' ਨੇ 'ਸੀ' ਤੋਂ ਕਹਾਣੀ ਫੜ ਕੇ ਉਪਰ ਸਹੀ ਦਾ ਨਿਸ਼ਾਨ ਲਾ ਦਿੱਤਾ ਹੈ। ਅਗਾਂਹ ਜਾਣ ਲਈ ਕਿਹਾ ਹੈ। ਐਦਾਂ ਹੀ ਪੰਜ ਕਹਾਣੀਆਂ ਦੀ ਚੋਣ ਹੋ ਜਾਂਦੀ ਹੈ। ਜੇ 'ਏ' ਬੋਲਿਆ ਹੈ ਤਾਂ 'ਬੀ' ਤੇ 'ਡੀ' ਚੁੱਪ ਰਹਿੰਦੇ ਹਨ। ਜੇ 'ਬੀ' ਬੋਲਿਆ ਹੈ ਤਾਂ 'ਏ' ਅਤੇ 'ਡੀ' ਚੁੱਪ ਰਹਿੰਦੇ ਹਨ। ਬੱਸ, ਉਨ੍ਹਾਂ ਇਕ ਦੂਜੇ ਦੀ ਹਾਂ ਵਿਚ ਹਾਂ ਮਿਲਾਈ ਹੈ। ਨਜ਼ਰਾਂ ਹੀ ਨਜ਼ਰਾਂ ਵਿਚ ਪੁੱਛਿਆ ਹੈ, 'ਠੀਕ ਐ ਨਾ'।

"ਆਹ ਜੀ...ਕਹਾਣੀ ਹੈ...ਸੌਰੀ," 'ਸੀ' ਨੇ ਇਸ ਵਾਰੀ ਕਹਾਣੀਕਾਰ ਦੀ ਥਾਂ 'ਤੇ ਕਹਾਣੀ ਦਾ ਸਿਰਲੇਖ ਦੱਸਿਆ ਹੈ।

"ਕਿਸ ਦੀ ਲਿਖੀ ਐ?"

"ਜਿੰਦਰ ਦੀ।"

"ਕਿਹੜਾ ਜਿੰਦਰ?"

"ਇਹ ਤਾਂ ਮੈਨੂੰ ਵੀ ਪਤਾ ਨ੍ਹੀਂ।"

"ਕਿਹੜੇ ਪਰਚੇ 'ਚ ਛੱਪੀ ਐ?"

"ਅਜੋਕੇ ਸ਼ਿਲਾਲੇਖ।"

"ਜਿੰਦਰ ਵੀ ਕੋਈ ਕਹਾਣੀਕਾਰ ਆ।" 'ਬੀ' ਪੁੱਛਦਾ ਹੈ।



www.PunjabiLibrary.com

"ਕਹਾਣੀ ਦਾ ਨਾਂ ਜੱਚਦਾ ਨ੍ਹੀਂ," 'ਡੀ' ਕਹਿੰਦਾ ਹੈ।

"ਇਹ ਕਹਾਣੀ ਕਾਫੀ ਚਰਚਿਤ ਐ?" 'ਸੀ' ਦੱਸਦਾ ਹੈ।

"'ਕੱਲੀ ਚਰਚਾ ਨਾਲ ਨ੍ਹੀਂ ਸਰਦਾ ਹੁੰਦਾ।"

"ਇਹ ਦਲਿਤਾਂ ਦੀ ਜ਼ਿੰਦਗੀ ਨੂੰ ਲੈ ਕੇ ਲਿਖੀ ਗਈ ਕਹਾਣੀ ਆ...ਤਹਿਰੀਫ ਕਰਨਯੋਗ ਐ।"

"ਹੋਊਗੀ," 'ਡੀ' ਕਹਿੰਦਾ ਹੈ।

"ਹੋਊਗੀ ਨ੍ਹੀਂ...ਹੈ," 'ਸੀ' ਸਖਤੀ ਨਾਲ ਬੋਲਿਆ ਹੈ।

"ਅਸੀਂ ਕਿਤਾਬ ਦੀ ਸੇਲ ਵੀ ਦੇਖਣੀ ਐ।" 'ਡੀ' ਨੇ ਹੋਰ ਹੀ ਨੁਕਤਾ ਉੱਠਾ ਦਿੱਤਾ ਹੈ। 'ਏ' ਪੱਖੇ ਵੱਲ ਦੇਖ ਰਿਹਾ ਹੈ। 'ਬੀ' ਨੇ ਸਿਗਰੇਟ ਲਾ ਲਈ ਹੈ। 'ਡੀ' ਕਦੇ 'ਸੀ' ਦੇ ਹੱਥ 'ਚ ਫੜੀ ਕਹਾਣੀ ਵੱਲ ਦੇਖ ਰਿਹਾ ਹੈ ਤੇ ਕਦੇ ਮੇਜ਼ 'ਤੇ ਪਈ ਫਾਈਲ ਨੂੰ।

"ਜਿੰਦਰ ਨੂੰ ਦਲਿਤਾਂ ਬਾਰੇ ਟਟੂ ਦਾ ਪਤਾ। ਉਹ ਕਿਥੋਂ ਦਾ ਦਲਿਤ ਆ। ਇਕ ਦਲਿਤ ਹੀ ਦਲਿਤਾਂ ਬਾਰੇ ਲਿਖ ਸਕਦਾ। ਦੂਜੇ ਲੇਖਕ ਦੀ ਸੰਵੇਦਨਾ ਪ੍ਰਭਾਵਹੀਣ ਹੋਊਗੀ।" 'ਏ' ਨੇ ਕਿਹਾ ਹੈ।

"ਫੇਰ ਗੁਰਦਿਆਲ ਸਿੰਘ ਨੂੰ ਜਗਸ਼ੀਰ ਬਾਰੇ ਕੀ ਪਤਾ। ਬਲਦੇਵ ਸਿੰਘ ਦਾ ਨਾਵਲ 'ਅੰਨਦਾਤਾ'....ਹੋਰ ਦੱਸਾਂ...ਵਰਿਆਮ ਸੰਧੂ ਦੀ ਕਹਾਣੀ 'ਭਜੀਆਂ ਬਾਹੀਂ' ਦਾ ਖਤਰੀਆਂ ਦਾ ਪਰਿਵਾਰ...ਤਲਵਿੰਦਰ ਦੀ ਕਹਾਣੀ ਲੇਜਰ ਸ਼ੋਅ....," 'ਸੀ' ਨੇ ਉੱਚੀ ਆਵਾਜ਼ 'ਚ ਕਿਹਾ ਹੈ।

ਅਗੋਂ ਤਿੰਨੇ ਚੁੱਪ ਰਹਿੰਦੇ ਹਨ ਜਿਵੇਂ ਉਨ੍ਹਾਂ ਦਾ ਇਸ ਗੱਲ ਨਾਲ ਕੋਈ ਸਰੋਕਾਰ ਹੀ ਨਾ ਹੋਵੇ।

'ਸੀ' ਨੂੰ ਲੱਗਦਾ ਹੈ ਜਿਵੇਂ ਉਹ ਗਲਤ ਜਗ੍ਹਾ 'ਤੇ ਆ ਗਿਆ ਹੋਵੇ।

"ਚਲੋ...ਇਹਨੂੰ ਛੱਡੋ...ਮੁੰਡਾ ਅਜੇ ਨਿਆਣਾ ਐ...ਅਗਲੀ ਵਾਰ ਦੇਖਾਂਗੇ।" 'ਡੀ' ਨੇ 'ਸੀ' ਦੇ ਹੱਥਾਂ 'ਚੋਂ ਕਹਾਣੀ ਫੜ ਕੇ ਰੱਦੀ ਵਾਲੀ ਟੋਕਰੀ ਵਿਚ ਸੁੱਟ ਦਿੱਤੀ ਹੈ। 'ਸੀ' ਦੇ ਮਨ ਵਿਚ ਆਉਂਦਾ ਹੈ ਕਿ ਉਹ ਕਹਾਣੀ ਚੁੱਕੇ ਤੇ ਪਹਿਲੇ ਨੰਬਰ 'ਤੇ ਲਗਾ ਦੇਵੇ। ਪਰ ਉਹ ਕਰੇ ਜਾਂ ਨਾ ਕਰੇ 'ਚ ਫਸ ਕੇ ਰਹਿ ਗਿਆ ਹੈ। ਉਸਨੂੰ ਸੋਚਣ ਦਾ ਮੌਕਾ ਵੀ ਨਹੀਂ ਮਿਲਿਆ।

"ਚਲੋ...ਅਗੇ ਚਲੋ," 'ਏ' 'ਸੀ' ਨੂੰ ਹਲੂਣਦਿਆਂ ਹੋਇਆਂ ਕਹਿੰਦਾ ਹੈ।

'ਸੀ' ਅਗਲੇ ਕਹਾਣੀਕਾਰ ਦੀ ਕਹਾਣੀ ਬਾਰੇ ਦੱਸਦਾ ਹੈ। ਲੱਗਦਾ ਹੈ ਕਿ ਕਹਾਣੀਕਾਰ ਦਾ ਸਿੱਧਾ ਸੰਬੰਧ 'ਡੀ' ਨਾਲ ਹੈ। ਉਹ ਆਮ ਨਾਲੋਂ ਉੱਚੀ ਆਵਾਜ਼ 'ਚ ਕਹਿੰਦਾ ਹੈ, "ਕੀ ਵਧੀਆ ਕਹਾਣੀ ਲਿਖੀ ਐ, ਤਨਜੀਤ ਨੇ...ਵਾਹ...ਵਾਹ। ਏਸ ਤਰ੍ਹਾਂ ਦੀ ਕਹਾਣੀ ਬਹੁਤ ਘਟ ਪੜ੍ਹਨ ਨੂੰ ਮਿਲਦੀ ਐ...ਇਸ ਨੂੰ ਪਹਿਲੇ ਨੰਬਰ ਤੇ ਰੱਖੋ।"

"ਚਲੋ...ਚਲੋ...ਠੀਕ ਆ...ਤਰਤੀਬ ਬਾਅਦ ਵਿਚ ਬਣਾਵਾਂਗੇ...ਅੱਗੇ ਚਲੋ," 'ਬੀ' 'ਡੀ' ਨੂੰ ਵਿਚਕਾਰੋਂ ਰੋਕ ਕੇ ਬੋਲਿਆ ਹੈ।

ਅੱਠ ਕਹਾਣੀਆਂ ਦੀ ਚੋਣ ਹੋ ਚੁੱਕੀ ਹੈ।



"ਜਗਰੂਪ ਸਿੰਘ ਦਾਤੇਵਾਸ ਦੀ ਕਹਾਣੀ...।" 'ਸੀ' ਪਹਿਲਾਂ ਨਾਲੋਂ ਵਿਸ਼ਵਾਸ ਨਾਲ ਬੋਲਿਆ ਹੈ।

"ਕਿਥੇ ਛਪੀ ਐ?"

"ਸ਼ਬਦ ਵਿਚ।"

"ਕਦੋਂ?"

"ਪਿਛਲੇ ਮਹੀਨੇ।"

"ਉਸ ਕਹਾਣੀ ਭੇਜੀ ਸੀ?"

"ਨ੍ਹੀਂ।"

"ਫੇਰ ਕਿਉਂ ਚੁਣੀ?"

"ਮੈਂ ਆਪ ਪੜ੍ਹ ਕੇ ਚੁਣੀ ਆ ਜੀ," 'ਸੀ' ਕਹਾਣੀ ਦੀਆਂ ਪਹਿਲੀਆਂ ਸਤਰਾਂ ਪੜ੍ਹ ਰਿਹਾ ਹੈ। ਮਨ ਹੀ ਮਨ ਕਹੀ ਵੀ ਜਾ ਰਿਹਾ ਹੈ ਕਿ ਇਹੋ ਜਿਹੀ ਹੀ ਪੰਜਾਬੀ ਦੀ ਪ੍ਰਤੀਨਿੱਧ ਕਹਾਣੀ ਹੋ ਸਕਦੀ ਹੈ।

"ਦਾਤੇਵਾਸ ਕਿਥੇ ਦਾ ਰਹਿਣ ਵਾਲੈ?" 'ਡੀ' ਨੇ ਜਰਦਾ ਪਰ੍ਹਾਂ ਥੁੱਕ ਕੇ ਪੁੱਛਿਆ ਹੈ।

"ਪਟਿਆਲੇ।"

"ਕੀ ਕੰਮ ਕਰਦੈ?"

"ਇਸ ਦਾ ਕੰਮ ਨਾਲ ਕੀ ਸੰਬੰਧ?" 'ਸੀ' ਅੱਗੋਂ ਸਿੱਧਾ ਹੋ ਜਾਂਦਾ ਹੈ।

"ਐ," 'ਡੀ' ਸਿਰ ਮਾਰਦਾ ਹੋਇਆ ਬੋਲਿਆ ਹੈ।

"ਇਹ ਕਹਾਣੀ ਠੀਕ ਨ੍ਹੀਂ," 'ਏ' ਨੇ ਕਹਿ ਦਿੱਤਾ ਹੈ।

"ਫੇਰ ਇਸ ਕਹਾਣੀ ਬਿਨਾਂ ਇਹ ਸੰਗ੍ਰਹਿ ਕਾਹਦਾ ਆ।" 'ਸੀ' 'ਏ' ਵੱਲ ਦੇਖਦਿਆਂ ਹੋਇਆਂ ਬੋਲਿਆ ਹੈ।

"ਹੋ ਸਕਦੈ।"

"ਕਹਾਣੀ ਤਾਂ ਮੈਂ ਵੀ ਪੜ੍ਹੀ ਸੀ...ਕਾਬਲੇ ਤਾਰੀਫ ਆ....ਥੀਮ ਵਧੀਆ," 'ਬੀ' ਦੱਸਦਾ ਹੈ।

"ਹੂੰ।"

"ਇਹ ਇਸ ਸੰਗ੍ਰਹਿ ਵਿੱਚ ਫਿੱਟ ਨ੍ਹੀਂ ਹੋ ਸਕਦੀ।"

"ਕਿਉਂ?" 'ਸੀ' 'ਏ' ਨੂੰ ਮੁਖਾਤਿਬ ਹੋਇਆ ਹੈ।

"ਤੁਹਾਨੂੰ ਨ੍ਹੀਂ ਪਤਾ," 'ਏ' ਕਹਿੰਦਾ ਹੈ।

"ਆਖਿਰ ਕਿਉਂ?" 'ਸੀ' ਦੇ ਚਿਹਰੇ 'ਤੇ ਹੈਰਾਨਗੀ ਦੇ ਭਾਵ ਉਭਰੇ ਹਨ।

"ਇਸ ਨੇ ਪਾਰਟੀ ਦੇ ਵਿਰੁੱਧ ਲਿਖਿਆ ਸੀ," 'ਏ' ਨੇ ਵਿਚਲੀ ਗੱਲ ਦੱਸੀ ਹੈ।

"ਸੱਚੀਂ।"

"ਆਹੋ-ਇਹ ਉਹੋ ਆ-ਜਿਸ ਦਾ ਪਹਿਲਾਂ ਨਾਂ ਜਗਰੂਪ ਸਿੰਘ ਹੁੰਦਾ ਸੀ।"

"ਅੱਛਾ-ਅੱਛਾ-ਯਾਦ ਆਇਆ-ਇਸ ਨੇ ਤਾਂ ਪਾਰਟੀ ਦੇ ਵਿਰੁੱਧ ਲਿਖਿਆ ਸੀ



www.PunjabiLibrary.com

ਤੇ ਪਾਰਟੀ ਨੇ ਐਕਸ਼ਨ ਵੀ ਲਿਆ ਸੀ।"

"ਪਰ ਇਸ ਕਹਾਣੀ ਦਾ ਪਾਰਟੀ ਨਾਲ ਕੀ ਸੰਬੰਧ। ਸਰਵ-ਪੱਖੀ ਕਿਤਾਬ ਐਡਿਟ ਕਰਨ ਦੀ ਗੱਲ ਹੋਈ ਸੀ-ਨਾ ਕਿ ਕਿਸੇ ਪਾਰਟੀ ਨਾਲ ਸੰਬੰਧਤ," 'ਸੀ' ਨੇ ਔਖ ਮੰਨਦਿਆਂ ਹੋਇਆਂ ਪੁੱਛਿਆ ਹੈ।

"ਸੰਬੰਧ ਤਾਂ ਐ," 'ਡੀ' ਪਹਿਲੀ ਗੱਲ ਦਾ ਜੁਆਬ ਦਿੰਦਾ ਹੈ ਤੇ ਪਿਛਲੀ ਗੱਲ ਦੱਬਾ ਜਾਂਦਾ ਹੈ।

"ਕਿਸੇ ਲੇਖਕ ਦਾ ਵਿਅਕਤੀਤੱਵ ਉਸਦੀ ਰਚਨਾ 'ਚ ਸਮੋਇਆ ਹੁੰਦਾ," 'ਏ' ਕਿਸੇ ਕਿਤਾਬ 'ਚੋਂ ਪੜ੍ਹੀ ਤੁਕ ਨੂੰ ਤੋੜ ਮਰੋੜ ਕੇ ਦੱਸਦਾ ਹੈ।

"ਉਸ ਨੇ ਪਾਰਟੀ ਦੇ ਪੱਖ ਵਿਚ ਵੀ ਲਿਖਿਆ....," 'ਸੀ' ਵੀ ਆਪਣੀ ਗੱਲ 'ਤੇ ਅੜਿਆ ਬੈਠਾ ਹੈ।

ਮੁੰਡਾ ਚਾਹ ਰੱਖ ਕੇ ਚਲੇ ਗਿਆ ਹੈ। ਸਾਰੇ ਮੀਟਿੰਗ ਨੂੰ ਭੁੱਲ ਜਾਂਦੇ ਹਨ। 'ਏ' ਨੇ ਸਿਗਰੇਟ ਲਾ ਲਈ ਹੈ। 'ਡੀ' ਨੇ ਜੇਬ 'ਚੋਂ ਜਰਦੇ ਤੇ ਕਲੀ ਦੀ ਪੁੜੀ ਨੂੰ ਕੱਢ ਕੇ ਮੇਜ਼ 'ਤੇ ਰੱਖ ਦਿੱਤਾ ਹੈ। ਇਸ ਵਿਚਾਰ ਨਾਲ ਕਿ ਜਿਸ ਦੀ ਜਿੰਨੀ ਮਰਜ਼ੀ ਹੈ-ਆਪੇ ਲੈ ਲਵੇ।

'ਸੀ' ਸੁਸਤਾਉਣ ਲੱਗਾ ਹੈ।

'ਡੀ' ਨੇ ਪਿਛਲੇ ਫੰਕਸ਼ਨ ਦੀ ਗੱਲ ਤੋਰ ਲਈ ਹੈ। ਉਹ ਵਾਰ-ਵਾਰ ਕਹਿ ਰਿਹਾ ਹੈ, "ਵਾਕਿਆ ਈ...ਪਿਛਲਾ ਪ੍ਰੋਗਰਾਮ ਬਹੁਤ ਹੀ ਵਧੀਆ ਰਿਹੈ...ਅਸੀਂ ਤਾਂ ਸੋਚਿਆ ਸੀ ਕਿ ਦੋ ਕੁ ਹਜ਼ਾਰ ਆਉਣਗੇ ਪਰ ਹਾਲ 'ਚ ਤਾਂ ਖੜੇ ਹੋਣ ਜੋਗੀ ਜਗ੍ਹਾ ਵੀ ਨ੍ਹੀਂ ਬਚੀ ਸੀ।"

"ਦਾਰ ਜੀ ਦੇ ਡਰਾਮੇ ਕਿਸਨੂੰ ਨ੍ਹੀਂ ਖਿਚ ਲਿਆਉਂਦੇ," 'ਏ' ਨੇ ਕਿਹਾ ਹੈ ਤੇ ਗੱਲਾਂ ਪਿਛਲੇ ਫੰਕਸ਼ਨ 'ਤੇ ਹੀ ਕੇਂਦ੍ਰਿਤ ਹੋਣ ਲੱਗੀਆਂ ਹਨ... ਮਸਲਨ... ਕਿਤਾਬਾਂ ਦੀ ਸੇਲ ਬਹੁਤ ਹੋਈ ਹੈ...ਮੁਜਾਹਰੇ ਬਾਰੇ ਤਰੀਕ ਨਿਸ਼ਚਿਤ...

"ਹੁਣ ਫੇਰ ਜੀ...," 'ਸੀ' ਨੇ ਘੜੀ ਵੱਲ ਦੇਖਦਿਆਂ ਹੋਇਆਂ ਗੱਲ ਫੇਰ ਤੋਰੀ ਹੈ।

"ਉਹ ਦੀ ਕਹਾਣੀ ਨ੍ਹੀਂ ਸ਼ਾਮਿਲ ਕਰਨੀ," 'ਏ' ਨੇ ਸਪੱਸ਼ਟ ਕਿਹਾ ਹੈ।

"ਤੁਸੀਂ ਦਾਤੇਵਾਸ ਦੀਆਂ ਸਾਰੀਆਂ ਕਹਾਣੀਆਂ ਪੜ੍ਹੀਆਂ ?"

"ਨ੍ਹੀਂ।"

"ਫੇਰ ਤੁਸੀਂ ਕਿਵੇਂ ਗਲਤ ਕਿਹਾ ?"

"ਬੰਦੇ ਦਾ ਪਤਾ ਹੁੰਦੈ।"

"ਕਹਾਣੀ ਵਿਚ ਕੀ ਘਾਟ ਆ ?" 'ਸੀ' ਨੇ ਕੁਝ ਪਲਾਂ ਦੀ ਚੁੱਪ ਤੋਂ ਬਾਅਦ ਸਮਝਾਉਣ ਦੇ ਲਹਿਜੇ 'ਚ ਪੁੱਛਿਆ ਹੈ।

"ਕਈ ਕੁਸ਼ ਦੇਖਣਾ ਪੈਂਦਾ," 'ਏ' ਬੋਲਿਆ ਹੈ।

"ਲੇਖਕ 'ਚ ਕੀ ਘਾਟ ਐ। ਏ ਕਲਾਸ ਲੇਖਕ ਦਾ ਆ। ਯੂਨੀਵਰਸਿਟੀਆਂ ਦੇ ਸਿਲੇਬਸ ਵਿਚ ਵੀ ਲੱਗਾ...ਕਹਾਣੀਆਂ ਸਾਰੇ ਪਰਚਿਆਂ ਵਿਚ ਛਪਦੀਆਂ ਨੇ।" 'ਸੀ' ਉਸੇ ਰੌਅ ਵਿਚ ਬੋਲਦਾ ਹੈ।



"ਪਰ ਇਸ ਨੇ ਪਾਰਟੀ ਨੂੰ ਕਿਉਂ ਗਲਤ ਕਿਹੈ ?"

"ਕੁਮਿਟਿਡ ਹੁੰਦਾ ਤਾਂ ਨਾ ਕਹਿੰਦਾ।"

"ਸਿਰਫ ਇਕ ਵਾਰ," 'ਸੀ' ਚਿੜ ਜਾਂਦਾ ਹੈ। ਪਰ ਕਿਸੇ ਤਰ੍ਹਾਂ ਆਪਣੀ ਚਿੜ 'ਤੇ ਅਕੁੰਸ਼ ਲੱਗਾ ਦਿੰਦਾ ਹੈ।

"ਹੋ ਸਕਦਾ...ਠੀਕ ਹੋਵੇ।" 'ਬੀ' ਬੋਲਿਆ ਹੈ।

"ਤੂੰ ਇਹ ਕੀ ਕਹਿੰਨੈ ?"

"ਜੀ।"

"ਤੈਨੂੰ ਉਸ ਘਟਨਾ ਦਾ ਕੀ ਪਤੈ ?"

"ਛੱਡੋ ਪਰੇ ਤੁਸੀਂ ਕਿਧਰ ਨੂੰ ਤੁਰ ਪਏ।" 'ਏ' 'ਡੀ' ਨੂੰ ਰੋਕਦਿਆਂ ਹੋਇਆਂ ਕਹਿੰਦਾ ਹੈ।

"ਵਿਚੋਂ ਮੁੱਕਦੀ ਗੱਲ ਇਹ ਆ ਕਿ ਇਹ ਕਹਾਣੀ ਨ੍ਹੀਂ ਸ਼ਾਮਿਲ ਕਰਨੀ...ਇਸ ਨੇ ਪਾਰਟੀ ਨੂੰ ਕਿਉਂ ਗਲਤ ਕਿਹਾ ਸੀ। ਸਾਡਾ ਇਹੋ ਵੱਡਾ ਅਬਜੈਕਸ਼ਨ ਐ," 'ਬੀ' ਤੇ 'ਡੀ' ਨੇ ਆਪਣਾ ਫੈਸਲਾ ਸੁਣਾ ਦਿੱਤਾ ਹੈ।

"ਅੱਗੇ ਚਲੋ।" 'ਏ' ਬੋਲਿਆ ਹੈ।

ਬਹੁਤ ਹੋ ਗਿਆ ਹੈ। ਇਨ੍ਹਾਂ ਰਲ ਮਿਲ ਕੇ ਇਹ ਹੀ ਕੜ੍ਹੀ ਘੋਲਣੀ ਸੀ। ਲੱਗਦਾ ਹੈ ਜਿਵੇਂ ਕਿਸੇ ਦੀ ਮੌਤ ਹੋ ਗਈ। ਬਿਨਾਂ ਕਾਰਨ ਹੀ। 'ਸੀ' ਦੇ ਮਨ 'ਤੇ ਇਹ ਵਿਚਾਰ ਭਾਰੂ ਹੋਣ ਲੱਗਾ ਹੈ। ਉਸ ਨੇ ਫਾਈਲ ਮੇਜ਼ ਦੇ ਇਕ ਪਾਸੇ ਬੈਠੇ 'ਡੀ' ਵੱਲ ਸਰਕਾ ਦਿੱਤੀ ਹੈ। ਉਹ ਉਬਾਸੀ ਲੈਂਦਾ ਹੈ। ਅੱਖਾਂ ਮਲਦਾ ਹੈ। ਉਸਦੇ ਪਸੰਦ ਦੀ ਮੌਤ ਹੋਈ ਹੈ। ਪਰ ਉਹ ਮੂੰਹੋਂ ਕੁਝ ਵੀ ਨਹੀਂ ਬੋਲਦਾ। ਉਹ ਸੋਫੇ 'ਤੇ ਟੇਢਾ ਪੈ ਕੇ ਉਨ੍ਹਾਂ ਵੱਲ ਨੂੰ ਪਛਾੜੀ ਕਰ ਲੈਂਦਾ ਹੈ ਤੇ ਉਨ੍ਹਾਂ ਦੀ ਕਿਸੇ ਵੀ ਗੱਲ ਦਾ ਕੋਈ ਹੁੰਗਾਰਾ ਨਹੀਂ ਭਰਦਾ।



www.PunjabiLibrary.com

## ਉਹ ਉਡੀਕਦਾ ਰਿਹਾ

ਕਿੰਨਾ ਕੁਝ ਵਾਪਰ ਗਿਆ ਸੀ।

ਸਵੇਰ ਦਾ ਵੇਲਾ ਸੀ। ਉਹ ਠਰੂ-ਠਰੂ ਕਰਦਾ ਤੇ ਵਾਰ-ਵਾਰ ਹੱਥਾਂ ਨੂੰ ਆਪਸ ਵਿਚ ਰਗੜਦਾ ਹੋਇਆ ਸੇਲ ਰਜਿਸਟਰ ਕੰਪਲੀਟ ਕਰ ਰਿਹਾ ਸੀ। ਵਿਚ-ਵਿਚ ਉਹ ਪਿਛੇ ਨੂੰ ਧੌਣ ਘੁੰਮਾ ਕੇ ਬੋਰੀਆਂ ਉਪਰ ਚਾਕ ਨਾਲ ਲਿਖੇ ਨੰਬਰਾਂ ਨੂੰ ਪੜ੍ਹਦਾ। ਕਾਗਜ਼ 'ਤੇ ਨਾਲੋਂ ਨਾਲ ਲਿਖੀ ਜਾਂਦਾ। ਜੋੜ ਕਰਦਾ। ਘਟਾਉਂਦਾ। ਜੋੜ ਲਾਉਂਦਾ ਤੇ ਰਜਿਸਟਰ ਦਾ ਅਗਲਾ ਪੰਨਾ ਪਲਟ ਦਿੰਦਾ। ਉਹ ਆਪਣੇ ਕੰਮ 'ਚ ਖੁਭਿਆ ਪਿਆ ਸੀ। ਸੜਕ ਅੱਗੋਂ ਕੌਣ ਆ ਜਾ ਰਿਹਾ ਸੀ-ਇਸ ਗੱਲ ਨਾਲ ਉਸ ਦਾ ਕੋਈ ਸਰੋਕਾਰ ਨਹੀਂ ਸੀ।

"ਬਾਬੂ ਜੀ, ਮੈਂ ਕਿਯਾ ਬਾਬੂ ਜੀ, ਚਾਹ ਪੀਨੀ। ਇਕ ਅਠੱਨੀ ਦੇ ਦਿਓ ਨਾ। ਬਾਬੂ ਜੀ, ਬਾਬੂ ਜੀ, ਬੱਸ ਇਕੋ ਅਠੱਨੀ। ਅੱਜ ਬਹੁਤ ਹੀ ਠੰਢ ਆ। ਦੰਦ ਵਜ ਰਹੇ ਨੇ। ਚਾਹ ਪੀਣੀ। ਰੱਬ ਤੁਹਾਨੂੰ ਜ਼ਿਆਦਾ ਦਿਊਗਾ," ਮਰੀਅਲ ਜਿਹੀ ਆਵਾਜ਼ ਉਸ ਦੇ ਕੰਨਾਂ 'ਚ ਪੈ ਰਹੀ ਸੀ। ਲਗਾਤਾਰ। ਪਰ ਉਸ ਮੂੰਹ ਉਪਰ ਚੁੱਕਕੇ ਨਹੀਂ ਦੇਖਿਆ ਸੀ। ਕਿਉਂਕਿ ਉਸ ਨੂੰ ਆਉਣ 'ਚ ਦੇਰੀ ਹੋ ਗਈ ਸੀ। ਪਿੰਡੋਂ ਆਉਂਦਿਆਂ ਅੱਧਵਾਟੇ ਹੀ ਸਾਈਕਲ ਪੈਂਚਰ ਹੋ ਗਿਆ ਸੀ। ਉਸ ਨੂੰ ਬਾਕੀ ਦੀ ਵਾਟ ਸਾਈਕਲ ਦਾ ਹੈਂਡਲ ਫੜੀ ਤੁਰ ਕੇ ਆਉਣਾ ਪਿਆ ਸੀ।

ਉਸ ਢੇਰ ਸਾਰੇ ਕੰਮ ਕਰਨੇ ਸਨ। ਸਵੇਰ ਦੇ ਦੋ ਘੰਟੇ ਤਾਂ ਉਹ ਬਹੁਤ ਹੀ ਰੁਝਿਆ ਰਹਿੰਦਾ ਸੀ। ਇਕ ਤੋਂ ਬਾਅਦ ਇਕ ਕੰਮ ਨਬੇੜਣਾ ਹੁੰਦਾ ਸੀ। ਸਟਾਕ ਤੋਂ ਬਾਅਦ ਸੇਲ ਰਜਿਸਟਰ ਭਰਨਾ ਹੁੰਦਾ ਸੀ। ਬੈਂਕ ਡਰਾਫਟ ਦੇ ਫਾਰਮ ਭਰਨੇ ਹੁੰਦੇ ਸਨ। ਫੇਰ ਬੈਂਕ ਜਾਣਾ ਸੀ। ਇਨ੍ਹਾਂ ਡਰਾਫਟਾਂ ਦੀ ਕਲੀਨਿੰਗ ਲਈ। ਵੱਖ-ਵੱਖ ਡੀਲਰਾਂ ਨੂੰ ਚਿੱਠੀਆਂ ਲਿਖਣੀਆਂ ਸਨ। ਖਾਦ ਦਾ ਰੈਕ ਵੀ ਪਰਸੋਂ ਨੂੰ ਲੱਗਣ ਵਾਲਾ ਸੀ।

"ਬਾਬੂ ਜੀ, ਠੰਢ ਬਹੁਤ ਆ," ਰੁਕ-ਰੁਕ ਕੇ ਆਵਾਜ਼ ਆਈ ਸੀ।

"ਹੂੰ," ਇਕ ਵਾਰ ਉਸ ਹੁੰਗਾਰਾ ਭਰਿਆ ਸੀ।

"ਚਲ-ਚਲ, ਅੱਗੇ ਚਲ। ਸਵੇਰੇ-ਸਵੇਰੇ ਆ ਮਰਦੀ-ਨਾ ਕੰਮ ਨਾ ਕਾਰ-ਅਜੇ ਤਾਂ ਬੋਹਣੀ ਵੀ ਨ੍ਹੀਂ ਕੀਤੀ-ਤੈਨੂੰ ਕਿਥੋਂ ਦਈਏ," ਹੁਣੇ-ਹੁਣੇ ਉਸ ਦੇ ਕੋਲ ਆ ਕੇ ਬੈਠੇ



ਲਾਲਾ ਜੀ ਦੇ ਪਾਪਾ ਜੀ ਨੇ ਕਿਹਾ ਸੀ। ਫੇਰ ਉਸ ਨੂੰ ਮੁਖਾਤਬ ਹੋਏ ਸਨ, "ਬੇਟਾ, ਡਰਾਫਟਾਂ ਦਾ ਕੰਮ ਹੋ ਗਿਆ ?"

"ਬੱਸ ਜੀ, ਆਹ ਡੇ-ਬੁੱਕ ਕੰਪਲੀਟ ਕਰ ਲਵਾਂ। ਫੇਰ ਡਰਾਫਟ ਹੀ ਭਰਨੇਂ," ਉਹ ਪਹਿਲਾਂ ਨਾਲੋਂ ਜ਼ਿਆਦਾ ਫੁਰਤੀ ਨਾਲ ਕੰਮ ਨਿਬੇੜਨ ਲੱਗਾ ਸੀ।

"ਦੋ ਡਰਾਫਟ ਅੰਦਰੋਂ ਵੀ ਲੈ ਲਈਂ ਜਾਣ ਲੱਗਾ। ਤੇਰੇ ਜਾਣ ਤੋਂ ਬਾਅਦ ਗੁਰਾਇਆ ਵਾਲੇ ਜਗਦੀਸ਼ ਚੰਦਰ ਹੋਰੀਂ ਦੇ ਗਏ ਸੀ। ਦੋ ਟਰੱਕ ਯੂਰੀਆਂ ਦੇ ਭੇਜਣੇਂ।"

"ਬਾਬੂ ਜੀ-ਬਾਬੂ ਜੀ," ਕੁੜੀ ਨੇ ਐਨਾ ਹੀ ਕਿਹਾ ਸੀ ਜਿਵੇਂ ਸਮਝਦੀ ਹੋਵੇ ਬਹੁਤ ਰੌਲਾ ਪਾਉਣ ਦਾ ਕੋਈ ਫਾਇਦਾ ਨਹੀਂ ਹੋਣਾ।

ਉਸ ਨੂੰ ਤਾਂ ਕੰਮ ਤੋਂ ਫੁਰਸਤ ਹੀ ਨਹੀਂ ਮਿਲ ਰਹੀ ਸੀ। ਸਾਢੇ ਨੌਂ ਵੱਜਣ ਵਾਲੇ ਸਨ। ਕੈਸ਼ ਤੇ ਸਟਾਕ ਵਿਚ ਫਰਕ ਨਿਕਲ ਆਇਆ ਸੀ। ਯੂਰੀਆਂ ਦੇ ਦੋ ਬੋਰੇ ਘੱਟ ਰਹੇ ਸਨ। ਉਸ ਸੇਲ ਦਾ ਦੋਬਾਰਾ ਜੋੜ ਲਾਉਣ ਲੱਗਾ। ਬੋਰੀਆਂ ਦੀ ਗਿਣਤੀ ਕੀਤੀ। ਘਟਾਇਆ। ਗਲਤੀ ਉਸ ਦੀ ਸਮਝ 'ਚ ਆ ਗਈ ਸੀ। ਉਸ ਦੇ ਮੂੰਹ 'ਤੇ ਰੌਣਕ ਆ ਗਈ ਸੀ। ਪਹਿਲਾਂ ਤਾਂ ਉਸ ਨੂੰ ਕੱਚੀਆਂ ਤਰੇਲੀਆਂ ਆਈਆਂ ਸਨ।

ਬੋਰਡ 'ਤੇ ਤਾਰੀਕ ਤੇ ਸਟਾਕ ਬਦਲਣ ਲਈ ਉਹ ਕੁਰਸੀ ਤੋਂ ਉੱਠਿਆ ਤਾਂ ਉਸ ਦੀ ਨਜ਼ਰ ਕੁੜੀ 'ਤੇ ਪਈ ਸੀ। ਉਹ ਸ਼ੈੱਡ ਦੇ ਪਾਈਪ ਨਾਲ ਢੋਅ ਲਾਈ ਖੜੀ ਸੀ। ਨੰਗੇ ਪੈਰੀਂ। ਨੰਗੇ ਸਿਰ। ਅੱਧ ਨੰਗੀਆਂ ਲੱਤਾਂ। ਧੁੰਨੀ ਲਾਗਿਉਂ ਅੱਧ ਨੰਗਾ ਢਿੱਡ। ਸਾਂਵਲਾ ਰੰਗ। ਰੰਗ ਰੂਪ ਤੋਂ ਉਹ ਬੰਗਾਲਣ ਲੱਗਦੀ ਸੀ। ਬੋਲੀ ਤੋਂ ਪੰਜਾਬਣ। ਪੰਦਰਾਂ ਕੁ ਸਾਲਾਂ ਦੀ ਉਮਰ ਹੋਣੀ ਹੈ। ਉਸ ਗੱਲ 'ਚ ਬਗਲੀ ਪਾਈ ਹੋਈ ਸੀ। ਉਸ ਨੂੰ ਸਿੱਧਿਆਂ ਹੀ ਆਪਣੇ ਆਪ ਦੇਖਦਿਆਂ ਦੇਖ ਉਹ ਸ਼ਰਮਾ ਗਈ ਸੀ। ਜਿਵੇਂ ਉਹ ਆਮ ਲੋਕਾਂ ਤੋਂ ਸ਼ਰਮਾਉਂਦੀ ਸੀ। ਉਸ ਨੂੰ ਉਹ ਵੀ ਆਮ ਆਦਮੀਆਂ ਵਰਗਾ ਲੱਗਾ ਸੀ। ਸਿੱਧਾ ਉਸ ਵੱਲ ਦੇਖ ਰਿਹਾ ਸੀ। ਇਕ ਟੱਕ ਹੀ। ਮੂੰਹੋਂ ਕੁਝ ਵੀ ਨਹੀਂ ਬੋਲ ਰਿਹਾ ਸੀ।

ਕੁਝ ਕਹਿਣ ਤੋਂ ਪਹਿਲਾਂ ਹੀ ਉਹ ਤੁਰ ਪਈ ਸੀ।

"ਬੱਸ-ਚਾਹ ਹੀ ਚਾਹੀਦੀ।"

"ਕੀ ?" ਕੁੜੀ ਦੀ ਆਵਾਜ਼ 'ਚ ਇਕ ਦਮ ਘਬਰਾਹਟ ਆ ਗਈ ਸੀ। ਉਸ ਨੂੰ ਲੱਗਾ ਸੀ ਜਿਵੇਂ ਉਹ ਪੁੱਛ ਰਿਹਾ ਹੋਵੇ ਕਿ ਬੱਸ ਇਕ ਕੱਪ ਚਾਹ ਨਾਲ ਹੀ ਸਰ ਜਾਵੇਗਾ। ਉਸ ਦਾ ਮੁੱਲ ਸਿਰਫ਼ ਇਕ ਕੱਪ ਚਾਹ ? ਸੋਚ ਉਸ ਮੱਥੇ 'ਤੇ ਹੱਥ ਮਾਰਿਆ ਤੇ ਮਨ ਹੀ ਮਨ ਕਿਹਾ ਕਿ ਕਿਸਮਤ ਨੇ ਸਵੇਰੇ-ਸਵੇਰੇ ਕਿਸ ਦੇ ਮੱਥੇ ਲਾਇਆ। ਹੁਣੇ ਹੀ ਐਦਾਂ ਹੋਣ ਲੱਗੀ ਸੀ-ਅੱਗੇ ਤਾਂ ਸਾਰਾ ਦਿਨ ਪਿਆ।

ਉਸ ਮੁੜ ਕੇ ਉਸ ਵੱਲ ਦੇਖਿਆ ਤੇ ਅਗਾਂਹ ਤੁਰ ਪਈ ਸੀ।

"ਠਹਿਰ ਜਾ। ਲੈ ਕੇ ਜਾਈਂ," ਡਰਾਫਟ ਸੰਭਾਲਦਿਆਂ ਹੋਇਆਂ ਉਹ ਕੁਰਸੀ ਤੋਂ ਉੱਠ ਖੜਿਆ ਸੀ।

ਉਹ ਜਾਂਦੀ-ਜਾਂਦੀ ਫੇਰ ਰੁਕ ਗਈ ਸੀ।

"ਉਰੇ ਤਾਂ ਆ।"



www.PunjabiLibrary.com

"ਕੀ ਗੱਲ ?"

"ਕੋਈ ਵੀ ਨ੍ਹੀਂ।"

"ਬਾਬੂ ਜੀ ਠੰਢ ਬਹੁਤ ਆ। ਚਾਹ ਪੀਣੀ।"

"ਚਾਹ ਪੀਣੀ ਆ ਕਿ ਪੈਸੇ ਦੇਵਾਂ ?" ਜੇਬ 'ਚ ਹੱਥ ਮਾਰਦਿਆਂ ਹੋਇਆਂ ਉਸ ਪੁੱਛਿਆ ਸੀ। ਅਸਲ 'ਚ ਉਹ ਕੀ ਕਹਿ ਰਿਹਾ ਸੀ ਤੇ ਕੀ ਕਰ ਰਿਹਾ ਸੀ, ਦਾ ਪਤਾ ਉਸ ਨੂੰ ਵੀ ਨਹੀਂ ਸੀ। ਨਵਾਂ-ਨਵਾਂ ਲੱਗਾ ਸੀ। ਐਨੇ ਸਾਰੇ ਕੰਮਾਂ ਦੇ ਭਾਰ ਨਾਲ ਉਹ ਅਕਸਰ ਬੌਂਦਲ ਜਾਂਦਾ ਸੀ।

"ਬਾਬੂ ਜੀ-ਤੁਹਾਡੇ ਕੋਲ ਕੁਸ਼ ਦੇਣ ਲਈ...।"

ਉਸ ਕੁੜੀ ਵੱਲ ਨਵੇਂ ਸਿਰਿਉਂ ਫੇਰ ਦੇਖਿਆ ਸੀ। ਹੁਣ ਉਹ ਉਸ ਨੂੰ ਜ਼ਿਆਦਾ ਸੁੰਦਰ ਲੱਗੀ ਸੀ। ਪਤਲਾ ਪਰ ਤਿੱਖਾ ਨੱਕ। ਮੋਟੀਆਂ-ਮੋਟੀਆਂ ਅੱਖਾਂ। ਪਤਲੇ-ਪਤਲੇ ਬੁੱਲ੍ਹ।

"ਤੁਸੀਂ ਵੀ ਸਾਡੇ ਨਾਲ ਮਜ਼ਾਕ ਕਰਨ ਲੱਗ ਪਏ।"

"ਨ੍ਹੀਂ-ਨ੍ਹੀਂ ਐਸੀ ਤਾਂ ਮੈਂ ਕੋਈ ਗੱਲ ਨ੍ਹੀਂ ਕੀਤੀ। ਲੈ ਫੜ," ਉਸ ਰੁਪਏ ਦਾ ਸਿੱਕਾ ਉਸ ਵੱਲ ਉਛਾਲ ਕੇ ਕਿਹਾ ਸੀ।

ਕੁੜੀ ਨੇ ਸ਼ੱਕ ਭਰੀਆਂ ਨਜ਼ਰਾਂ ਨਾਲ ਉਸ ਵੱਲ ਦੇਖਿਆ ਸੀ। ਸਿੱਕੇ ਵੱਲ ਦੇਖਿਆ ਸੀ ਜਿਵੇਂ ਉਸ ਦਾ ਸਾਰਾ ਸ਼ੱਕ ਸਿੱਕੇ 'ਚ ਆ ਸਮੋਇਆ ਹੋਵੇ। ਫੇਰ ਉਹ ਸਿੱਕੇ ਨੂੰ ਪੁੱਠਾ ਸਿੱਧਾ ਕਰਕੇ ਦੇਖਣ ਲੱਗੀ ਸੀ ਕਿ ਕਿਤੇ ਨਕਲੀ ਜਾਂ ਖੋਟਾ ਤਾਂ ਨਹੀਂ। ਠੀਕ ਹੋਣ 'ਤੇ ਉਸ ਦਾ ਸ਼ੱਕ ਹੋਰ ਵੱਧ ਗਿਆ ਸੀ। ਇਹ ਤਾਂ ਬੜੀਆਂ ਗੱਲਾਂ ਮਾਰਦਾ ਸੀ। ਰੁਪਿਆ ਕਿਵੇਂ ਦੇ ਦਿੱਤਾ ? ਸੌ-ਸੌ ਮਿੰਨਤਾਂ ਕਰਵਾ ਕੇ ਮਸਾਂ ਕੋਈ ਦਸੀ ਜਾਂ ਪੰਜੀ ਦਿੰਦਾ ਸੀ। ਪਰ ਇਸ ਤਾਂ ਰੁਪਿਆ ਦੇਣ ਲੱਗਿਆਂ ਕੋਈ ਭੈੜੀ ਹਰਕਤ ਵੀ ਨਹੀਂ ਕੀਤੀ ਸੀ। ਨੀਵੀਂ ਪਾਈ ਰਖੀ ਸੀ। ਜੇ ਕੋਈ ਚਵੰਨੀ ਵੀ ਦਿੰਦਾ ਸੀ ਤਾਂ ਨਾਲ ਦੀ ਨਾਲ ਦੋ ਚਾਰ ਅਸ਼ਲੀਲ ਗੱਲਾਂ ਸੁਣਾ ਜਾਂਦਾ ਸੀ। ਪਹਿਲਾਂ-ਪਹਿਲਾਂ ਤਾਂ ਉਸ ਨੂੰ ਉਨ੍ਹਾਂ ਦੀਆਂ ਹਰਕਤਾਂ ਚੁਭਦੀਆਂ ਰਹਿੰਦੀਆਂ ਸਨ ਪਰ ਫੇਰ ਤਾਂ ਉਹ ਇਨ੍ਹਾਂ ਗੱਲਾਂ ਤੇ ਹਰਕਤਾਂ ਦੀ ਆਦੀ ਹੋ ਗਈ ਸੀ। ਜਿਥੋਂ ਸੁਣੀ, ਉਥੇ ਹੀ ਛੱਡ ਦਿੱਤੀ।

"ਬਾਬੂ ਜੀ-ਰੱਬ ਤੁਹਾਡਾ ਭਲਾ ਕਰੇ।"

"ਮੇਰੇ ਭਲੇ ਦੀ ਕੋਈ ਲੋੜ ਨ੍ਹੀਂ। ਸਾਰੀ ਖਲਕਤ ਦਾ ਭਲਾ ਮੰਗ।"

"ਤੂੰ ਅਜੇ ਇਥੇ ਹੀ ਖੜੀ ਆਂ-ਚਲ ਚਲ ਦਫਾ ਹੋ ਦਾ-ਸਵੇਰੇ-ਸਵੇਰੇ ਹੀ ਆ ਮਰਦੀਆਂ-ਨਾ ਕੰਮ ਨਾ ਕਾਰ-ਲੈ ਚੁੱਕ ਤੇ ਤੁਰਦੀ ਬਣ..." ਪਾਪਾ ਜੀ ਨੇ ਅੰਦਰੋਂ ਵਾਪਸ ਆਉਂਦਿਆਂ ਹੀ ਜੇਬ 'ਚੋਂ ਦਸੀ ਕੱਢ ਕੇ ਉਸ ਵੱਲ ਵਗਾਹ ਮਾਰੀ ਸੀ। ਉਸ ਦਸੀ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ।

"ਬੇਟਾ-ਤੂੰ ਨਵਾਂ-ਨਵਾਂ ਆਇਆਂ-ਤੈਨੂੰ ਸ਼ਹਿਰਦਾਰੀ ਦਾ ਨ੍ਹੀਂ ਪਤਾ-ਨਾ ਹੀ ਇਹੋ ਜਿਹੀਆਂ ਦਾ-ਇਹ ਤਾਂ ਪੂਰੀਆਂ ਫਟਾ-ਕੁਟਣੀਆਂ ਹੁੰਦੀਆਂ-ਹੱਥ 'ਤੇ ਹੱਥ ਮਾਰ ਕੇ ਪੈਸੇ ਲੈ ਜਾਂਦੀਆਂ-ਦਬਕਾ ਮਾਰ ਕੇ ਤੋਰ ਦਿਆ ਕਰ ਇਹੋ ਜਿਹੀਆਂ ਨੂੰ-ਬਹੁਤਾ ਮੂੰਹ ਨ੍ਹੀਂ



ਲਾਈਦਾ," ਪਾਪਾ ਜੀ ਨੇ ਉਸ ਨੂੰ ਨਸੀਹਤਾਂ ਦਿੱਤੀਆਂ ਸਨ।

****

ਉਹ ਰੋਜ਼ ਆਉਣ ਲੱਗੀ ਸੀ। ਉਸ ਦੇ ਆਉਣ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਸੀ ਹੁੰਦਾ। ਆਉਂਦੀ ਉਦੋਂ ਹੀ ਸੀ ਜਦੋਂ ਦੁਕਾਨ 'ਤੇ ਕੋਈ ਗਾਹਕ ਨਾ ਹੋਵੇ। ਲਾਲਾ ਜੀ ਦੇ ਪਾਪਾ ਜੀ ਨਾ ਬੈਠੇ ਹੋਣ। ਕੋਈ ਦੂਜਾ ਬੰਦਾ ਨਾ ਬੈਠਾ ਹੋਵੇ। ਬੱਸ 'ਕੱਲਾ ਉਹ ਹੀ ਹੋਵੇ। ਨਿਤ-ਨੇਮ ਅਨੁਸਾਰ ਉਹ ਅਠੰਨੀ ਦਿੰਦਾ ਸੀ।

ਗੱਲਾਂ-ਗੱਲਾਂ 'ਚ ਉਸ ਇਕ ਦਿਨ ਉਸ ਤੋਂ ਉਸ ਦਾ ਨਾਂ ਪੁੱਛਿਆ ਸੀ। ਉਸ ਦਾ ਨਾਂ ਸੁਮੈਸਾ ਸੀ। ਪੇਸ਼ਾ ਮੰਗਣਾ ਜਾਂ ਫਾਲਤੂ ਸਮਝੀਆਂ ਜਾਂਦੀਆਂ ਚੀਜ਼ਾਂ ਨੂੰ ਇਕੱਠਾ ਕਰਕੇ ਵੇਚਣਾ। ਪਹਿਲਾਂ ਉਨ੍ਹਾਂ ਦਾ ਡੇਰਾ ਕਰਨਾਲ ਸੀ। ਫੇਰ ਅੰਬਾਲੇ ਤੇ ਹੁਣ ਇਕ ਮਹੀਨੇ ਤੋਂ ਇਸ ਸ਼ਹਿਰ 'ਚ ਸਟੇਸ਼ਨ ਲਾਗੇ ਦਾਣਾ ਮੰਡੀ। ਉਸ ਦੇ ਘਰ ਦੇ ਪੁਰਾਣੇ ਲੋਹੇ ਦੇ ਟੁਕੜੇ, ਕਾਗਜ਼ ਆਦਿ ਇਕੱਠੇ ਕਰਦੇ ਸਨ। ਸਾਲ 'ਚ ਨੌਂ ਮਹੀਨੇ ਇਹੋ ਕੰਮ ਕਰਦੇ ਸਨ ਤੇ ਤਿੰਨ ਮਹੀਨੇ ਮੰਡੀ 'ਚੋਂ ਕਣਕ ਤੇ ਝੋਨੇ ਦਾ ਛਾਣ 'ਕੱਠਾ ਕਰਕੇ ਲਿਆਉਂਦੇ ਸਨ। ਉਡਾ-ਉਡਾ ਕੇ ਵਿਚੋਂ ਦਾਣੇ ਕੱਢ ਲੈਂਦੇ ਸਨ।

ਇਕ ਵੇਰ ਉਸ ਪੁੱਛਿਆ ਸੀ, "ਸੁਮੈਸਾ ਤੁਸੀਂ ਇਕ ਜਗ੍ਹਾ ਟਿਕ ਕੇ ਕੰਮ ਕਿਉਂ ਨ੍ਹੀਂ ਕਰਦੇ ?"

ਸੁਮੈਸਾ ਨੇ ਦੱਸਿਆ ਸੀ, "ਬਾਬੂ ਜੀ, ਲੋਕਾਂ ਨੂੰ ਸਾਡਾ ਕੰਮ ਕਰਨਾ ਪਸੰਦ ਨ੍ਹੀਂ।"

"ਕਿਉਂ ?"

"ਕਹਿੰਦੇ ਆ ਸਾਡੇ ਕੋਲੋਂ ਬੂ ਆਉਂਦੀ ਆ।"

"ਲੈ-ਇਹ ਕੀ ਗੱਲ ਹੋਈ-ਤੁਸੀਂ ਕਿਹੜੇ ਬੰਦੇ ਨ੍ਹੀਂ।"

"ਬੰਦੇ ਤਾਂ ਹਾਂ-ਪਰ ਲੋਕੀਂ ਸਾਨੂੰ ਬੰਦੇ ਨ੍ਹੀਂ ਸਮਝਦੇ।"

"ਮਿਹਨਤ-ਮਜ਼ਦੂਰੀ ਕਰਨਾ ਤਾਂ ਬੰਦੇ ਦਾ ਕਰਮ ਆ।"

"ਕਰਮ ਤਾਂ ਜ਼ਰੂਰ ਆ ਪਰ ਜੇਕਰ ਮੌਕਾ ਮਿਲੇ ਤਾਂ। ਮੇਰੀ ਮਾਂ ਨੇ ਇਕ ਵਾਰ ਮੈਨੂੰ ਦੱਸਿਆ ਸੀ ਕਿ ਜਦੋਂ ਉਹ ਜੁਆਨ ਸੀ ਤਾਂ ਕੰਮ 'ਤੇ ਜਾਂਦੀ ਸੀ। ਗੋਦਾਮ ਵਿਚ ਆਲੂਆਂ ਦੀ ਸਫਾਈ ਕਰਨ। ਇਕ ਦਿਨ ਠੇਕੇਦਾਰ ਨੇ ਉਸ ਨੂੰ ਗੋਦਾਮ 'ਚ ਫੜ ਲਿਆ ਸੀ। ਉਸ ਦੀ ਇੱਜ਼ਤ ਲੁੱਟੀ ਸੀ। ਉਹ ਕਿਸ ਕੋਲ ਫਰਿਆਦ ਕਰਦੀ। ਕੌਣ ਉਸ ਦੀ ਫਰਿਆਦ ਸੁਣਨ ਵਾਲਾ ਸੀ। ਔਰਤ ਸੀ ਸੋ ਚੁੱਪ ਕਰ ਗਈ। ਜ਼ੁਲਮ ਸਹਿ ਗਈ। ਉਹ ਦਿਨ ਗਿਆ ਸੋ ਗਿਆ, ਮਾਂ ਨੇ ਬੱਝਵਾਂ ਕੰਮ ਨ੍ਹੀਂ ਕੀਤਾ। ਫੇਰ ਮੰਗਣ ਲੱਗ ਪਈ। ਉਹ ਰਾਤ ਨੂੰ ਨਹਾਉਂਦੀ ਸੀ ਤੇ ਸਵੇਰ ਨੂੰ ਸਾਰੇ ਸਰੀਰ 'ਤੇ ਸੁਆਹ ਮਲ ਲੈਂਦੀ ਸੀ। ਬਾਬੂ ਜੀ, ਇਹ ਸਾਡਾ ਜਿਊਣਾ ਆ।"

****

ਦੋ ਕੁ ਹਫਤਿਆਂ ਬਾਅਦ ਉਹ ਗੁਜਰਾਤ ਤੋਂ ਵਾਪਸ ਆਇਆ ਸੀ। ਵਾਪਸ ਆਇਆਂ ਵੀ ਉਸ ਨੂੰ ਦੋ ਦਿਨ ਹੋ ਗਏ ਸਨ....ਪਰ ਸੁਮੈਸਾ ਉਸ ਨੂੰ ਮਿਲੀ ਨਹੀਂ ਸੀ। ਉਸ ਸੁਮੈਸਾ ਦੇ ਹਿੱਸੇ ਦੀਆਂ ਅਠੰਨੀਆਂ ਰੱਖੀਆਂ ਹੋਈਆਂ ਸਨ। ਉਸ ਨੂੰ ਸੁਮੈਸਾ ਨਾਲ ਮੋਹ ਜਿਹਾ ਹੋ ਗਿਆ ਸੀ। ਮੋਹ ਜਿਹੜਾ ਇਕ ਅਟੁੱਟ ਰਿਸ਼ਤਾ ਜੋੜ ਦਿੰਦਾ ਹੈ। ਉਹ ਨਹੀਂ ਆਈ



www.PunjabiLibrary.com

ਸੀ। ਉਸਦੇ ਮਨ 'ਚ ਭੈੜੇ-ਭੈੜੇ ਖਿਆਲ ਆ ਰਹੇ ਸਨ। ਕਿਤੇ ਮਾਂ ਵਾਲਾ ਹਸ਼ਰ ਧੀ ਨਾਲ ਨਾ ਹੋਇਆ ਹੋਵੇ ? ਇਸ ਗੱਲ 'ਤੇ ਆ ਕੇ ਸੋਚ ਰੁਕ ਜਾਂਦੀ ਸੀ।

ਇਕ ਦਿਨ ਉਹ ਸਾਈਕਲ ਚੁੱਕ ਕੇ ਸਟੇਸ਼ਨ ਵੱਲ ਤੁਰ ਪਿਆ ਸੀ। ਝੁੱਗੀਆਂ ਕੋਲ ਖੇਡ ਰਹੇ ਇਕ ਮੁੰਡੇ ਕੋਲੋਂ ਉਸ ਸੁਮੈਸਾ ਬਾਰੇ ਪੁੱਛਿਆ ਸੀ।

"ਔਹ ਸਾਹਮਣੇ ਰਹਿੰਦੀ," ਦੱਸ ਕੇ ਮੁੰਡਾ ਫੇਰ ਖੇਡਣ ਲੱਗ ਪਿਆ ਸੀ।

"ਤੂੰ ਮੇਰੇ ਨਾਲ ਚੱਲ।"

ਉਹ ਨੇੜੇ ਗਿਆ ਤਾਂ ਅੱਗੋਂ ਭਾਂਤ-ਭਾਂਤ ਦੀਆਂ ਆਵਾਜ਼ਾਂ ਆਈਆਂ ਸਨ।

"ਬਾਬੂ ਜੀ ਕਿਹਨੂੰ ਮਿਲਣਾ ?"

"ਕੀ ਚਾਹੀਦਾ ?"

"ਬਾਬੂ ਜੀ-ਸੁਨੇਹਾ ਭੇਜ ਦੇਣਾ ਸੀ ?"

"ਬਾਬੂ ਜੀ-ਬੈਠੋ।"

"ਬਾਬੂ ਜੀ-ਬਾਬੂ ਜੀ।"

"ਬਾਬੂ ਜੀ, ਔਹ ਮਕਾਨ ਆ ਉਨ੍ਹਾਂ ਦਾ," ਦੱਸ ਕੇ ਮੁੰਡਾ ਦੌੜ ਗਿਆ ਸੀ। ਉਸ ਨੂੰ ਆਪਣੀ ਮਿੱਤ ਮਾਰੀ ਜਾਣ ਦਾ ਡਰ ਸੀ।

ਮਕਾਨ ? ਨਾ ਕੋਈ ਪੱਕੀ ਇੱਟ। ਨਾ ਹੀ ਕੱਚੀਂ ਇੱਟ। ਨਾ ਕੋਈ ਗਾਰਡਰ। ਨਾ ਕੋਈ ਛਤੀਰੀ। ਨਾ ਕੋਈ ਦਰਵਾਜ਼ਾ। ਨਾ ਕੋਈ ਬਾਰੀ। ਨਾ ਕੋਈ ਰੌਸ਼ਨਦਾਨ। ਨਾ ਕੋਈ ਫਰਸ਼-ਫੁਰਸ਼। ਨਾ ਹੀ ਪਰਨਾਲਾ। ਬੱਸ ਬਾਂਸ ਦੀਆਂ ਸੋਟੀਆਂ ਮਰੋੜ ਕੇ ਥਾਂ-ਥਾਂ ਤੋਂ ਰਫੂ ਕੀਤੀ ਕਾਲੀ ਤਰਪੈਲ ਸੋਟੀਆਂ ਨਾਲ ਬੰਨੀ ਹੋਈ ਸੀ।

"ਬਾਬੂ ਜੀ, ਕਿਹਨੂੰ ਮਿਲਣਾ ?" ਇਕ ਬਜ਼ੁਰਗ ਨੇ ਹੁੱਕੇ ਦੀ ਲੜੀ ਤੋਂ ਮੂੰਹ ਹਟਾ ਕੇ ਪੁੱਛਿਆ ਸੀ।

"ਸੁਮੈਸਾ ਨੂੰ।"

"ਉਸ ਕੋਲੋਂ ਕੀ ਭੁੱਲ ਹੋ ਗਈ। ਉਹ ਤਾਂ ਕਿੰਨੇ ਦਿਨਾਂ ਦੀ ਘਰੋਂ ਬਾਹਰ ਹੀ ਨ੍ਹੀਂ ਨਿਕਲੀ।" ਬਜ਼ੁਰਗ ਨੇ ਨਿਮਰਤਾ ਨਾਲ ਦੱਸਿਆ ਸੀ। ਉਸ ਸਮਝਿਆ ਸੀ ਕਿ ਇਹ ਬਾਬੂ ਕਿਸੇ ਸਰਕਾਰੀ ਦਫਤਰ ਦਾ ਹੋਵੇਗਾ।

"ਬਾਬੂ ਜੀ-ਤੁਸੀਂ ?" ਉਸ ਨੂੰ ਦੇਖ ਕੇ ਸੁਮੈਸਾ ਹੱਕੀ ਬੱਕੀ ਹੋ ਗਈ ਸੀ।

ਉਸ ਦੇਖਿਆ। ਪਹਿਚਾਣਿਆਂ। ਕੀ ਇਹ ਉਹੋ ਸੁਮੈਸਾ ਸੀ ? ਪੀਲਾ ਤੇ। ਉਤਰਿਆ ਹੋਇਆ ਚਿਹਰਾ। ਢਿੱਲਾ ਪਿਆ ਸਰੀਰ। ਸੁੱਜੀਆਂ-ਸੁੱਜੀਆਂ ਅੱਖਾਂ।

"ਤੂੰ-ਬੀਮਾਰ ਹੋ ਗਈ ਸੀ ?"

"ਨ੍ਹੀਂ ਬਾਬੂ ਜੀ, ਮੈਂ ਬੀਮਾਰ ਨ੍ਹੀਂ ਹੋਈ। ਬੀਮਾਰ ਕਰ ਦਿੱਤੀ ਗਈ। ਮੇਰੇ ਨਾਲ ਵੀ ਉਹੋ ਹੋਇਆ ਜੋ ਮੇਰੀ ਮਾਂ ਨਾਲ ਹੋਇਆ ਸੀ। ਥਾਣੇ ਦੇ ਪਿਛਲੇ ਪਾਸੇ ਇਕ ਟੋਆ ਪੈਂਦਾ ਹੈ ਨਾ। ਮੈਂ ਕਮਲੀ ਇਕ ਦਿਨ ਉਥੇ ਚੁੰਬਕ ਵਾਲੀ ਛੜੀ ਲੈ ਕੇ ਲੋਹਾ ਭਾਲਣ ਲੱਗੀ। ਲੋਹੇ ਦੀਆਂ ਤਾਂ ਉਥੋਂ ਕਿੰਨੀਆਂ ਹੀ ਪੱਤੀਆਂ ਲੱਭੀਆਂ। ਮੈਂ ਪੱਤੀਆਂ ਥੈਲੇ ਵਿਚ ਮਰੋੜ-ਮਰੋੜ ਕੇ ਪਾਉਂਦੀ ਰਹੀ। ਮਨ ਵਿਚ ਅਜੀਬ ਖ਼ੁਸ਼ੀ ਸੀ। ਲਕੜੀ ਦੀ ਇਕ ਫਟੀ ਨਾਲੋਂ ਪੱਤੀ ਉਖਾੜ ਰਹੀ ਸਾਂ ਕਿ



ਰੌਸ਼ਨਦਾਨਾਂ ਵਿਚੋਂ ਆਵਾਜ਼ ਆਈ-'ਕੀ ਕਰ ਰਹੀ ਏਂ ਕੁੜੀਏ ਇਥੇ ?' ਮੈਂ ਕੰਬ ਗਈ। ਪਹਿਲਾਂ ਤਾਂ ਮੈਨੂੰ ਪਤਾ ਹੀ ਨ੍ਹੀਂ ਲੱਗਾ ਕਿ ਆਵਾਜ਼ ਕਿਧਰੋਂ ਆਈ। ਆਲੇ ਦੁਆਲੇ ਨਜ਼ਰ ਮਾਰੀ ਤਾਂ ਇਕ ਲਾਲ ਪਗੜੀ ਦਿੱਸੀ। ਆਵਾਜ਼ ਫੇਰ ਆਈ ਸੀ-"ਸੁਣਿਆ ਨ੍ਹੀਂ।" 'ਜੀ', ਕਹਿ ਮੈਂ ਉੱਠ ਖੜ੍ਹੀ। 'ਨਾਲ ਦੇ ਦਰਵਾਜ਼ੇ ਥਾਨੀਂ ਅੰਦਰ ਆ। ਵੀਹਾਂ ਰੁਪਿਆ ਦਾ ਮਾਲ ਇਕੱਠਾ ਕਰ ਕੇ ਲੈ ਚੱਲੀਂ। ਚੱਲ ਇਥੇ ਵੀ ਝਾੜੂ ਮਾਰ।' ਥੈਲਾ ਪਿਛੇ ਨੂੰ ਲਮਕਾ ਕੇ ਮੈਂ ਅੰਦਰ ਗਈ ਤਾਂ ਥਾਂ-ਥਾਂ ਹੱਡੀਆਂ ਖਿਲਰੀਆਂ ਪਈਆਂ ਸਨ। ਖਾਲੀ ਬੋਤਲਾਂ ਸਨ ਤੇ ਕਿੰਨੇ ਹੀ ਢੱਕਣ। ਇਕ ਵਾਰ ਤਾਂ ਮੇਰਾ ਆਪਾ ਕੰਬ ਉੱਠਿਆ ਸੀ। ਪਰ ਕਰ ਵੀ ਕੀ ਸਕਦੀ ਸੀ। ਬੌਕਰ ਚੁੱਕ ਸਫਾਈ ਕਰ ਲੱਗੀ। ਗੰਦ ਵੀ ਬਹੁਤ ਪਿਆ ਸੀ। ਕੂੜਾ ਬਾਹਰ ਸੁੱਟਣ ਚੱਲੀ ਤਾਂ ਸਿਪਾਹੀ ਕਹਿਣ ਲੱਗਾ, 'ਆਹ ਲੈ ਫੜ ਹਮਾਮ ਦਾ ਸਾਬੁਣ। ਨਲਕੇ ਤੋਂ ਚੰਗੀ ਤਰ੍ਹਾਂ ਮੂੰਹ ਹੱਥ ਧੋ ਕੇ ਆ। ਮੂੰਹ ਤੇ ਮੈਲ ਕਿੰਨੀ ਚੜ੍ਹੀ। ਡਰ ਨਾ-ਤੈਨੂੰ ਕੁਸ਼ ਨਹੀਂ ਕਹਿੰਦਾ। ਬੱਸ ਦੋ ਕੁ ਕੱਪੜਿਆਂ ਨੂੰ ਸਾਬੁਣ ਲਵਾਉਣਾ। ਜੇ ਤੇਰੇ ਸਰੀਰ ਤੇ ਮੈਲ ਹੋਊ ਤਾਂ ਕੱਪੜੇ ਤੂੰ ਸੁਆਹ ਧੋਵੇਗੀ।' ਡਰ ਤਾਂ ਸੀ ਪਰ ਮੇਰੇ ਨਾਲ ਐਸੀ ਹੋਵੇਗੀ-ਮੈਂ ਨ੍ਹੀਂ ਸੋਚਿਆ ਸੀ। ਨਲਕੇ ਤੋਂ ਮੂੰਹ ਹੱਥ ਧੋ ਕੇ ਆਈ ਤਾਂ ਸਿਪਾਹੀ ਨੇ ਧੱਕਾ ਦੇ ਕੇ ਮੰਜੇ ਤੇ ਸੁੱਟ ਲਿਆ ਸੀ। ਫੇਰ ਇਕ ਹੋਰ ਸਿਪਾਹੀ ਆਇਆ ਸੀ। ਫੇਰ ਇਕ ਹੋਰ। ਉਸ ਤੋਂ ਬਾਅਦ ਦਾ ਮੈਨੂੰ ਪਤਾ ਨ੍ਹੀਂ। ਹੋਸ਼ ਆਈ ਤਾਂ ਆਪਣੀ ਝੌਂਪੜੀ ਵਿਚ ਸੀ। ਬਾਪੂ ਨਾਲ ਗੱਲ ਕੀਤੀ। ਬਾਪੂ ਨੇ ਹੋਰਾਂ ਨਾਲ। ਸਾਡੇ ਬੰਦੇ ਥਾਣੇ ਗਏ ਪਰ ਕਿਸੇ ਨੇ ਇਕ ਨਾ ਸੁਣੀ। ਕਿਹਾ-'ਬੰਦੇ ਦੇ ਪੁੱਤ ਬਣ ਕੇ ਦੌੜ ਜਾਓ। ਨ੍ਹੀਂ ਤਾਂ ਮਾਰ-ਮਾਰ ਕੇ ਦੂੰਬਾ ਬਣਾ ਦਿਆਂਗੇ।' ਇਕ ਲੀਡਰ ਕੋਲ ਗਏ। ਪਰ ਪੁਲਿਸ ਦਾ ਨਾਂ ਸੁਣਦਿਆਂ ਉਹ ਵੀ ਪਤਰਾ ਵਾਚ ਗਿਆ। ਗਰੀਬ ਹਾਂ ਨਾ ਬਾਬੂ। ਸਾਡੀ ਕੌਣ ਸੁਣਦਾ ? ਆਖਿਰ ਚੁੱਪ ਕਰਨਾ ਸੀ-ਚੁੱਪ ਕਰ ਗਏ। ਜਦੋਂ ਸਾਡੇ ਰਾਖੇ ਹੀ ਸਾਡੀ ਇੱਜ਼ਤ ਲੁੱਟਣ ਤਾਂ ਦਸੋ ਬਾਬੂ-ਕੋਈ ਹੱਜ ਆ ਜਿਉਣ ਦਾ।"

ਉਸ ਦਾ ਮਨ ਕੀਤਾ ਸੀ ਕਿ ਉਹ ਕੰਨਾਂ 'ਚ ਉਂਗਲਾਂ ਲੈ ਲਵੇ।

****

ਹੁਣ ਉਹ ਰੋਜ਼ ਦੁਕਾਨ 'ਤੇ ਸੁਮੈਸਾ ਨੂੰ ਉਡੀਕਦਾ ਹੈ। ਪਰ ਸੁਮੈਸਾ ਤਾਂ ਕਿਤੇ ਵੀ ਨਹੀਂ ਹੈ। ਸ਼ਾਇਦ ਉਨ੍ਹਾਂ ਦਾ ਡੇਰਾ ਕਿਸੇ ਹੋਰ ਸ਼ਹਿਰ ਚਲਾ ਗਿਆ ਹੈ।



www.PunjabiLibrary.com

# ਨਿਊਡ

-ਕੌਰ ਆ ਰਹੀ ਹੈ।

-ਨਹੀਂ।

-ਰਾਣੀ ਆ ਰਹੀ ਹੈ।

-ਨਹੀਂ।

-ਕੌਰ ਆ ਰਹੀ ਹੈ।

-ਰਾਣੀ ਬਹੁਤ ਮਹਿੰਗੀ ਹੈ।

-ਕੌਰ ਦਾ ਰੇਟ ਵੀ ਵੱਧ ਗਿਆ ਹੈ।

-ਉਹ ਕਿਹੜੇ ਮਾੜੇ ਧੀੜੇ ਹਨ। ਦੋ ਭਰਾ ਇੰਗਲੈਂਡ 'ਚ ਹਨ। ਪੰਦਰਾਂ ਖੇਤ ਘਰ ਦੇ ਹਨ। ਇਕੋ ਟੱਕ 'ਚ ਹਨ। ਪੱਧਰੀ ਜ਼ਮੀਨ ਹੈ। ਜੋ ਮਰਜ਼ੀ ਬੀਜ ਲਵੋ, ਹੋ ਜਾਂਦਾ ਹੈ। ਫਿਰਨੀ ਨਾਲ ਜ਼ਮੀਨ ਲੱਗਦੀ ਹੈ। ਫੋਰਡ ਟਰੈਕਟਰ ਹੈ। ਦੋ ਮੋਟਰਾਂ ਹਨ। ਦੱਸ ਮੱਝਾਂ ਹਨ। ਤੇਰ੍ਹਾਂ ਵਲੈਤਣ ਗਾਈਆਂ ਹਨ। ਮੁਰਗੀਆਂ ਦਾ ਫਾਰਮ ਹੈ। ਘਰ ਦੀ ਕਾਰ ਹੈ। ਰਾਇਲ ਫਿਨਫੀਲਡ ਹੈ। ਨੌਕਰ ਹਨ। ਚਾਕਰ ਹਨ। ਸਰਕਾਰੇ ਚਲਦੀ ਹੈ। ਵੱਡੇ ਸਰਦਾਰ ਦਾ ਠਾਠ-ਬਾਠ ਦੇਖਣ ਵਾਲਾ ਹੈ। ਗੱਲ ਮਕਾਓ। ਦਾਤੇ ਦਾ ਦਿੱਤਾ ਸਭ ਕੁਝ ਹੈ। ਲਾਨੇ ਵਾਲੇ ਹਨ।

ਪਿੰਡ 'ਚ ਅਜੀਬ ਸ਼ੋਰ ਹੈ। ਹਰ ਪਲ ਉਤੇਜਨਾ ਵਧਦੀ ਜਾ ਰਹੀ ਹੈ। ਚਾਅ ਨਾਲ। ਉਮੰਗ ਨਾਲ। ਨਜ਼ਰਾਂ ਕੁਝ ਨਵਾਂ ਭਾਲਦੀਆਂ ਹਨ।

ਸ਼ਰਤਾਂ ਲੱਗਦੀਆਂ ਹਨ।

ਘਰ ਦੇ ਇਕ ਇਕ ਜੀਅ ਤੋਂ ਪੁੱਛਿਆ ਜਾਂਦਾ ਹੈ। ਵਾਰ-ਵਾਰ। ਘੜੀ-ਮੁੜੀਂ। ਪੱਕਾ ਪਤਾ ਉਨ੍ਹਾਂ ਨੂੰ ਵੀ ਨਹੀਂ। ਬੱਸ ਐਨਾ ਪਤਾ ਹੈ ਕਿ ਗਾਉਣ ਵਾਲੀ ਆ ਰਹੀ ਹੈ। ਦੂਜਿਆਂ ਮੁੰਡਿਆਂ ਦੇ ਵਿਆਹ 'ਤੇ ਵੀ ਆਈ ਸੀ। ਇਸ ਵਿਆਹ 'ਤੇ ਵੀ ਅਵੱਸ਼ ਆਊਗੀ।

-ਕੌਰ ਆ ਰਹੀ ਹੈ।

-ਰਾਣੀ ਆ ਰਹੀ ਹੈ।

ਜਿਥੇ ਵੀ ਦੋ ਜਣੇ ਮਿਲਦੇ ਹਨ ਕੌਰ ਦੀਆਂ ਗੱਲਾਂ ਹੁੰਦੀਆਂ ਹਨ। ਰਾਣੀ ਦੀਆਂ ਸਿਫਤਾਂ ਹਨ। ਕੌਰ ਦੇ ਗੀਤ ਦੁਹਰਾਏ ਜਾਂਦੇ ਹਨ। ਰਾਣੀ ਦੇ ਨਵੇਂ ਗੀਤਾਂ ਦੀ ਗੱਲ ਹੁੰਦੀ ਹੈ।



ਬਹਿਸ ਹੁੰਦੀ ਹੈ। ਸਵਾਲ ਜੁਆਬ ਹੁੰਦੇ ਹਨ।

ਗਲੀਆਂ, ਮੋੜਾਂ, ਖੂਹਾਂ, ਟਿੱਬਿਆਂ, ਅੰਦਰਲੀਆਂ ਤੇ ਬਾਹਰਲੀਆਂ ਫਿਰਨੀਆਂ, ਸਕੂਲ 'ਚ ਗੱਲਾਂ ਹੋ ਰਹੀਆਂ ਹਨ।

-ਕੌਰ ਆ ਰਹੀ ਹੈ।

-ਰਾਣੀ ਆ ਰਹੀ ਹੈ।

ਮੁਟਿਆਰਾਂ ਦੇ ਕਿਆਸ ਵੱਖਰੇ ਹਨ।

-ਨੀ ਕੌਰ ਬਹੁਤ ਸੋਹਣੀ ਆ।

-ਰਾਣੀ ਤਾਂ ਹੇਠੋਂ ਉਪਰੋਂ ਗੋਲ ਮੋਲ ਹੈ।

-ਮੇਰੇ ਪੇਕਿਆਂ ਦੇ ਟੈਲੀਵਿਜਨ ਲੱਗਾ। ਮੈਂ ਕਈ ਵਾਰ ਟੈਲੀਵਿਜਨ 'ਤੇ ਕੌਰ ਨੂੰ ਦੇਖਿਆ। ਜਦੋਂ ਬਾਂਹ ਉਪਰ ਚੁੱਕ ਕੇ ਹੇਕ ਲਾਉਂਦੀ ਆ ਤਾਂ ਆਦਮੀਆਂ ਦੀ ਜਾਨ ਨਿਕਲਣ 'ਤੇ ਆ ਜਾਂਦੀ ਆ।

-ਕੌਰ ਦੋ ਵਾਰ ਇੰਗਲੈਂਡ ਗਈ ਹੈ।

-ਰਾਣੀ ਨੇ ਪਿਛਲੇ ਮਹੀਨੇ ਕਨੇਡਾ ਤੇ ਅਮਰੀਕਾ ਵਿਚ ਧੂੜਾਂ ਪੁੱਟੀਆਂ।

-ਕੌਰ ਦੀ ਨਵੀਂ ਫ਼ਿਲਮ ਆ ਰਹੀ ਹੈ।

-ਰਾਣੀ ਨੇ ਵੀ ਦੋ ਫ਼ਿਲਮਾਂ ਚ ਕੰਮ ਕੀਤਾ ਹੈ।

****

ਦਿਨ ਅੱਧ ਪਚੱਦਾ ਸਾਫ਼ ਹੈ। ਠੰਢ ਦਾ ਅਸਰ ਘੱਟ ਗਿਆ ਹੈ।

ਹਰ ਕੋਈ ਪੁੱਛ ਰਿਹਾ ਹੈ, "ਆ ਗਈ ?"

ਕੋਈ ਦੱਸਦਾ ਹੈ, "ਨਹੀਂ।"

ਨਜ਼ਰਾਂ ਘੜੀਆਂ ਦੀਆਂ ਸੁਈਆਂ 'ਤੇ ਜਾ ਟਿਕਦੀਆਂ ਹਨ। ਗੱਲ ਇਕ ਤੋਂ ਸ਼ੁਰੂ ਹੋ ਕੇ ਬਰਾਤੀਆਂ ਤਕ ਪੁੱਜਦੀ ਹੈ।

ਬਰਾਤੀ ਦੱਸਦੇ ਹਨ, "ਬਾਰਾਂ ਵਜੇ ਆਊ।"

"ਕੌਰ ਜਾਂ ਰਾਣੀ।"

"ਕੌਰ।"

ਬਾਰਾਂ ਵੱਜਣ 'ਚ ਅੱਧਾ ਘੰਟਾ ਰਹਿੰਦਾ ਹੈ। ਅੱਧਾ ਘੰਟਾ ਅੱਧੀ ਸਦੀ ਜਿੱਡਾ ਲੰਬਾ ਲੱਗਦਾ ਹੈ। ਸੜਕ 'ਤੇ ਭੀੜ ਵੱਧਦੀ ਜਾ ਰਹੀ ਹੈ। ਹਰੇਕ ਕਾਰ ਦਾ ਮੁਆਇਨਾ ਕੀਤਾ ਜਾ ਰਿਹਾ ਹੈ। ਕਾਰ 'ਚ ਕਿੰਨੀਆਂ ਸਵਾਰੀਆਂ ਬੈਠੀਆਂ ਹਨ। ਕਿੰਨੀਆਂ ਔਰਤਾਂ ਤੇ ਕਿੰਨੇ ਆਦਮੀ ਬੈਠੇ ਹਨ। ਢੋਲਕੀ ਵਾਲਾ ਹੈ ਕਿ ਨਹੀਂ। ਚਿਮਟੇ ਵਾਲਾ ਭਾਈ। ਘੜਾ ਮੋਹਰੇ ਪਿਆ ਹੈ ਜਾਂ ਕਾਰ ਦੀ ਡਿੱਗੀ 'ਚ। ਕਾਰ ਦਾ ਰੰਗ ਕੀ ਸੀ ? ਜਦੋਂ ਕੋਈ ਕਾਰ ਲੰਘ ਜਾਂਦੀ ਹੈ ਤੇ ਉਸ 'ਚ ਕੌਰ ਨਹੀਂ ਹੁੰਦੀ ਜਾਂ ਕਾਰ ਨਹੀਂ ਰੁਕਦੀ ਹੈ ਤਾਂ ਉਹ ਡੌਰ-ਭੌਰ ਹੋਏ ਆਲੇ ਦੁਆਲੇ ਦੇਖਣ ਲੱਗਦੇ ਹਨ।

"ਉਏ ਕੌਰ ਆ ਗਈ," ਇਕ ਪਾਸਿਉਂ ਰੌਲਾ ਪੈਂਦਾ ਹੈ।

"ਕਿੱਥੇ ?"



www.PunjabiLibrary.com

"ਕਿਨ੍ਹਾਂ ਦੇ ਘਰ ?"

"ਕਦੋਂ ਆਈ ?"

"ਉਹਦੀ ਕਾਰ ਕਿੱਥੇ ਖੜੀ ਆ ?"

"ਕਾਰ ਦਾ ਰੰਗ ਕੀ ਸੀ ?"

"ਨਾਲ ਕੌਣ ਕੌਣ ਆਇਆ ?"

"ਕਦੋਂ ਲੱਗਣਾ ਗਾਉਣ ?"

"ਕਿੰਨੇ ਘੰਟੇ ਗਾਊ ?"

ਸਵਾਲ ਦਰ ਸਵਾਲ ਹਨ।

"ਉਥੇ," ਕਿਸੇ ਨੇ ਇਸ਼ਾਰਾ ਕੀਤਾ ਹੈ।

ਇਕੱਠ ਬਿਕਰ ਸਿਹੁੰ ਦੀ ਬੈਠਕ ਮੂਹਰੇ ਇਕੱਠਾ ਹੋਣ ਲੱਗਾ ਹੈ। ਨਿਆਣੇ ਤੇ ਜੁਆਨ ਤਾਕੀਆਂ 'ਤੇ ਚੜ੍ਹ ਚੜ੍ਹ ਕੇ ਰੌਸ਼ਨਦਾਨਾਂ ਥਾਣੀਂ ਕੌਰ ਨੂੰ ਦੇਖਦੇ ਕਹਿੰਦੇ ਹਨ, "ਹੈਗੀ ਉਏ-ਸੱਚੀ ਉਏ-ਨੀਲਾ ਸੂਟ ਪਾਇਆ-ਨੀਲਾ ਈ ਉਏ-ਬਹੁਤ ਹੀ ਸੋਹਣੀ ਆ...।"

ਇਕੱਠ ਵਧਦਾ ਜਾ ਰਿਹਾ ਹੈ।

"ਸੌਰੇਓ-ਉਹ ਵੀ ਜਨਾਨੀ ਆਂ।" ਬਿਕਰ ਸਿਹੁੰ ਖਿੱਝ ਉਠਦਾ ਹੈ।

"ਫੇਰ ਖੋਲ੍ਹ ਦਿਓ ਦਰਵਾਜ਼ੇ।"

"ਠਹਿਰ ਜਾ-ਮੈਂ ਖੋਲ੍ਹਦਾਂ।" ਬਿਕਰ ਸਿਹੁੰ ਦਾ ਮੁੰਡਾ ਜੀਤਾ ਬੋਲਣ ਵਾਲੇ ਨੂੰ ਕਹਿੰਦਾ ਹੈ।

ਬਿਕਰ ਸਿਹੁੰ ਅਗਾਂਹ ਹੋ ਕੇ ਇਕੱਠ ਨੂੰ ਸਟੇਜ ਵਾਲੀ ਜਗ੍ਹਾ ਵੱਲ ਜਾਣ ਲਈ ਹੱਥ ਜੋੜਦਾ ਹੈ। ਅੱਧਾ ਕੁ ਪ੍ਰਭਾਵ ਪੈਂਦਾ ਹੈ। ਇਕੱਠ ਇਧਰ ਉਧਰ ਖਿਲਰਣ ਲੱਗਦਾ ਹੈ।

ਗਲੀਆਂ 'ਚ ਰੌਣਕ ਹੈ। ਮੋੜਾਂ 'ਤੇ ਭੀੜ ਹੈ। ਸਾਈਕਲ ਹਨ। ਟਰੈਕਟਰ ਹਨ। ਸਕੂਟਰ ਹਨ। ਘੋੜੀਆਂ ਹਨ। ਟਰੱਕ ਹਨ। ਟਰੱਕ ਡਰਾਈਵਰ ਹਨ।

****

ਬੀਬੀ ਜੀ ਚਾਹ ਬਣਾਉਂਦੇ ਬਣਾਉਂਦੇ ਖਿੱਝ ਉੱਠੇ ਹਨ।

ਦਸ-ਦਸ ਮਿੰਟਾਂ ਬਾਅਦ ਮੈਂ ਰਸੋਈ 'ਚ ਜਾ ਕੇ ਕਹਿੰਦਾ ਹਾਂ-ਬੀਬੀ ਜੀ-ਚਾਹ ਬਣਾਉ-ਦੋਸਤ ਆਏ ਆ। ਬੈਠਕ 'ਚ ਭੀੜ ਵੱਧਦੀ ਹੀ ਜਾ ਰਹੀ ਹੈ। ਪਤਾ ਨਹੀਂ ਲੱਗਦਾ ਇਨ੍ਹਾਂ ਨੂੰ ਕਿੱਥੋਂ ਪਤਾ ਲੱਗ ਗਿਆ। ਮੇਰੇ ਘਰ ਮੋਹਰੇ ਆ ਕੇ ਆਵਾਜ਼ ਆਉਂਦੀ ਹੈ, "ਆ-ਆਹ-ਆ-ਇਹ ਘਰ ਆ ਐਮ. ਏ. ਬਾਈ ਦਾ" ਤੇ ਆਉਣ ਵਾਲਾ ਸਾਹਮਣੇ ਬੈਠੇ ਦੋਸਤਾਂ ਵੱਲ ਆਪੇ ਹੀ ਚਲਾ ਜਾਂਦਾ ਹੈ।

-ਮਜ਼ਾ ਆਊ।

-ਮੈਂ ਤਾਂ ਪਹਿਲੀ ਵਾਰ ਦੇਖਣੀ।

-ਗਾਉਂਦੀ ਬਹੁਤ ਸੁਹਣਾ।

-ਰਿਕਾਰਡ ਤਾਂ ਬੜੇ ਸੁਣੇ ਆ-ਦਰਸ਼ਨ ਪਹਿਲੀ ਵਾਰ ਕਰਨੇ ਆ।

ਮੈਨੂੰ ਤਾਂ ਚਾਹ ਵਰਤਾਉਣ ਤੋਂ ਵਿਹਲ ਹੀ ਨਹੀਂ ਮਿਲਦੀ। ਮੈਂ ਬੀਬੀ ਜੀ ਦੀ ਚਾਹ



ਬਣਾਉਣ 'ਚ ਮਦਦ ਕਰਦਾ ਹਾਂ। ਕਦੀ ਨਲਕੇ ਕੋਲ ਜਾ ਕੇ ਕੱਪ ਧੋ ਲਿਆਉਂਦਾ ਹਾਂ, ਕਦੀ ਕੇਤਲੀ। ਸ਼ੁਕਰ ਹੈ ਉਪਰ ਵਾਲੇ ਦਾ। ਮੱਝ ਤਾਜ਼ੀ ਸੂਈ ਹੈ। ਨਹੀਂ ਤਾਂ ਐਨਾ ਦੁਧ ਕਿੱਥੋਂ ਮਿਲਦਾ। ਬੀਬੀ ਜੀ ਨੂੰ ਵਾਰ-ਵਾਰ ਚੁੱਪ ਰਹਿਣ ਲਈ ਮਿੰਨਤ ਕਰਦਾ ਹਾਂ। ਉਹ ਕਹਿੰਦੇ ਹਨ, "ਐਨਾ ਮੇਲ ਤਾਂ ਵਿਆਹ ਵਾਲਿਆਂ ਦੇ ਨ੍ਹੀਂ ਆਇਆ ਹੋਣਾ।"

****

ਕੌਰ ਸਟੇਜ 'ਤੇ ਆ ਗਈ ਹੈ।

-ਬੜੀ ਸੋਹਣੀ ਆ।

-ਉਮਰ ਚਾਲੀ ਕੁ ਸਾਲਾਂ ਦੀ ਲੱਗਦੀ ਆ।

-ਸਾਲਾ ਚਾਲੀ ਸਾਲਾਂ ਦਾ। ਮਰ ਕੇ ਚੌਵੀਵਾਂ ਲੱਗਾ ਹੋਣਾ।

-ਗੋਲ ਮੋਲ ਆ। ਉਪਰੋਂ। ਹੇਠੋਂ।

-ਆਹ ਨਾਲ ਕੌਣ ਆ ਗਾਉਣ ਵਾਲਾ।

-ਲੱਗਦਾ ਤਾਂ ਮਿਆਨਕ ਆ ਫਤਿਹਪੁਰੀਆ।

-ਗੱਲ ਬਣੂਗੀ ਅੱਜ।

ਸਟੇਜ 'ਤੇ ਟੇਪ ਰਿਕਾਰਡਰਾਂ ਦਾ ਢੇਰ ਲੱਗ ਗਿਆ ਹੈ। ਬਰਾਤੀਆਂ ਮੰਜੇ ਧੂ-ਖਿਚ ਕੇ ਸਟੇਜ ਦੇ ਕੋਲ ਕਰ ਲਏ ਹਨ।

"ਪਹਿਲਾਂ ਅਸੀਂ ਗੁਰਬਾਣੀ ਗਾਵਾਂਗੇ। ਫੇਰ ਬਾਣੀ ਤੇ ਫੇਰ ਪਾਣੀ," ਸਟੇਜ ਸਕੈਟਰੀ ਮਾਇਕ 'ਚ ਫੂਕ ਮਾਰ ਕੇ ਹੈਲੋ-ਹੈਲੋ-ਮਾਇਕ ਟੈਸਟਿੰਗ ਤੋਂ ਬਾਅਦ ਕਹਿੰਦਾ ਹੈ। ਸ਼ੋਰ ਉੱਠਦਾ ਹੈ।

-ਪਾਣੀ ਪਹਿਲਾਂ।

-ਗੁਰਬਾਣੀ ਸੁਣਨ ਲਈ ਗੁਰਦੁਆਰੇ ਥੋੜ੍ਹੇ ਆ।

-ਕੰਮ ਦੀ ਗੱਲ ਸ਼ੁਰੂ ਕਰੋ।

ਕੌਰ ਗੁਰੂ ਗ੍ਰੰਥ ਸਾਹਿਬ 'ਚੋਂ ਸ਼ਬਦ ਗਾਉਂਦੀ ਹੈ।

ਬਰਾਤੀਆਂ ਨੇ ਸ਼ਰਾਬ ਦੀਆਂ ਬੋਤਲਾਂ ਦੇ ਡੱਟ ਖੋਲ੍ਹ ਦਿੱਤੇ ਹਨ। ਕਈਆਂ ਨੇ ਮੂੰਹ ਨੂੰ ਸਿੱਧਿਆਂ ਹੀ ਬੋਤਲ ਲਗਾ ਲਈ ਹੈ।

ਇਕੱਠ 'ਚੋਂ ਵੀ ਸ਼ਰਾਬ ਦੀ ਬੂ ਉੱਠਣ ਲੱਗੀ ਹੈ।

ਕੌਰ ਆਲੇ ਦੁਆਲੇ ਦੇਖਦੀ ਹੈ।

ਚੁੱਪ ਹੈ।

ਇਕੱਠ ਕੀਲਿਆ ਗਿਆ ਹੈ।

ਵਿਚ-ਵਿਚ ਟੇਪ ਰਿਕਾਰਡਰਾਂ ਦੀ ਟਿੱਪ-ਟਿੱਪ ਹੁੰਦੀ ਹੈ।

"ਦੇਖ ਐਮ. ਏ. ਭਾਈ-ਹਰਨਾਮ ਕੌਰ ਕਿਦਾਂ ਬਾਰੀ ਨਾਲ ਜੁੜ ਕੇ ਖੜੀ ਆ। ਕੋਠੇ 'ਤੇ ਚੜ੍ਹਦੀ ਨੂੰ ਸੰਗ ਲੱਗਦੀ ਆ," ਮਹਿੰਦਰ ਦੱਸਦਾ ਹੈ।

ਮੈਂ ਚੁੱਪ ਹਾਂ।

ਲੋਕ ਆ ਰਹੇ ਹਨ।



www.PunjabiLibrary.com

–ਇਹ ਕੀ ਗਾਈ ਜਾਂਦੀ।

–ਐਵੇਂ ਟਾਈਮ ਖਰਾਬ ਕਰਦੀ ਆ।

–ਇਹਨੂੰ ਤਾਂ ਸਟੇਜ ਬਨ੍ਹਣੀ ਨ੍ਹੀਂ ਆਉਂਦੀ।

–ਰਾਣੀ ਨੂੰ ਲਿਆਉਂਦੇ ਡੂਢ ਦੀ ਥਾਂ ਦੋ ਲੈ ਲੈਂਦੀ।

ਇਕੱਠ ਹਰਕਤਾਂ ਕਰਨ ਲੱਗਾ ਹੈ। ਕੁੱਲ-ਬੁੱਲ-ਕੁੱਲ-ਬੁੱਲ ਹੋਣ ਲੱਗੀ ਹੈ। ਬਰਾਤੀਆਂ 'ਚ ਵੀ ਘੁਸਰ ਮੁਸਰ ਸ਼ੁਰੂ ਹੋ ਗਈ ਹੈ।

ਵਿਆਂਦੜ ਦਾ ਭਰਾ ਉੱਠਦਾ ਹੈ। ਉਹ ਸਟੇਜ ਸੈਕਟਰੀ ਦੇ ਕੰਨ 'ਚ ਕੁਝ ਕਹਿੰਦਾ ਹੈ।

"ਲਉ ਜੀ-ਹੁਣ ਸੁਣੋ-ਸਾਡਾ ਪਿਛਲੇ ਮਹੀਨੇ ਰਿਕਾਰਡ ਹੋਇਆ ਗੀਤ। ਤੁਸੀਂ ਪਹਿਲਾਂ ਨ੍ਹੀਂ ਸੁਣਿਆ ਹੁਣਾਂ। ਡਰੈਵਰਾਂ ਬਾਰੇ। ਇਹ ਬੜੇ ਹੰਡੇ-ਵਰਤੇ ਹੁੰਦੇ ਆ। ਜਨਾਨੀ ਨੂੰ ਤਾਂ ਕਹਿੰਦੇ-ਕੱਚੀ ਨੂੰ ਹੀ ਖਾ ਜਾਈਏ।" ਸਟੇਜ ਸੈਕਟਰੀ ਭੂਮਿਕਾ ਬੰਨਦਾ ਹੈ।

ਕੌਰ ਕੰਨਾਂ 'ਤੇ ਹੱਥ ਰੱਖ ਕੇ ਲੰਬੀ ਹੇਕ ਕੱਢਦੀ ਹੈ। ਉਹ ਗਾਉਂਦੀ ਹੈ-ਬੜੇ ਡਰਾਈਵਰ ਭੈੜੇ ਹੁੰਦੇ-ਮੈਂ-ਮੈਂ-ਮੈਂ-ਡਰਦੀ-ਡਰਦੀ-ਧਰਮ ਨਾਲ-ਸਹੁੰ ਤੇਰੀ-ਸਹੁੰ ਉਹਦੀ-ਡਰਦੀ ਨਾ ਬਹਿੰਦੀ।

ਹਵਾਈ ਫਾਇਰ ਹੋਇਆ ਹੈ।

ਇਕ ਆਦਮੀ ਦੌੜਾ-ਦੌੜਾ ਆਇਆ ਹੈ। ਠੰਢ 'ਚ ਵੀ ਉਹ ਮੁੜਕੋ-ਮੁੜਕੀ ਹੋਇਆ ਸੀ। ਉਹ ਮੇਰੇ ਤੋਂ ਪੁੱਛਦਾ ਹੈ, "ਕਦੋਂ ਦੀ ਆਈ ਆ? ਕਿੰਨੇ ਤਵੇ ਗਾਏ ਆ? ਫਲਾਨਾ ਗੀਤ ਤਾਂ ਨਹੀਂ ਗਾਇਆ?"

ਮੈਂ ਕੋਈ ਜੁਆਬ ਨਹੀਂ ਦਿੰਦਾ।

ਉਹ ਮੇਰੇ ਵੱਲ ਘੂਰ ਕੇ ਦੇਖਦਾ ਹੈ ਤੇ ਪਰ੍ਹੇ ਜਾ ਖੜ੍ਹਦਾ ਹੈ।

ਕੌਰ ਗਾ ਰਹੀ ਹੈ। ਨੱਚ ਰਹੀ ਹੈ। ਹੱਸ ਰਹੀ ਹੈ। ਮਿਆਨਕ ਉਸ ਦੇ ਮੋਢੇ 'ਚ ਮੋਢਾ ਮਾਰ ਰਿਹਾ ਹੈ। ਵਿਚ-ਵਿਚ ਉਹ ਕੌਰ ਨੂੰ ਜੱਫੀ 'ਚ ਲੈਣ ਲਈ ਉਤਾਵਲਾ ਹੁੰਦਾ ਹੈ। ਮੂੰਹ ਅਗਾਂਹ ਲੈ ਜਾਂਦਾ ਹੈ। ਕੌਰ ਉਸਦੇ ਮੂੰਹ 'ਤੇ ਪੋਲੀ ਦੇਣੀ ਚਪੇੜ ਮਾਰਦੀ ਹੈ।

ਇਕੱਠ ਤਾੜੀਆਂ ਮਾਰਦਾ ਹੈ।

ਇਕੱਠ ਖ਼ੁਸ਼ ਹੈ। ਲੋਕ ਆ ਰਹੇ ਹਨ। ਜਾਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਭਾਰ ਨਾਲ ਮੰਜਿਆਂ ਦੀਆਂ ਬਾਹੀਆਂ-ਸੇਰੂ ਟੁੱਟ ਗਏ ਹਨ।

****

"ਔਹ ਗੀਤ ਗਾ-ਬਾਬਾ ਸੱਤਰ ਸਾਲ ਦਾ," ਇਕ ਬਾਬਾ ਪੰਜਾਂ ਦਾ ਨੋਟ ਉਤਾਂਹ ਕਰਕੇ ਕਹਿੰਦਾ ਹੈ।

"ਅੱਛਾ-ਬਾਪੂ ਜੀ," ਸਟੇਜ ਸੈਕਟਰੀ ਮਾਇਕ ਸੰਭਾਲਦਾ ਹੈ।

"ਹੁਣੇ ਹੀ ਮੈਂ ਕਹਿਣਾ," ਬਾਬਾ ਡਿਗਦਾ-ਡਿਗਦਾ ਅਗਾਂਹ ਵਧਦਾ ਹੈ। ਉਸਦੇ ਹੱਥ 'ਚ ਬੋਤਲ ਫੜੀ ਹੈ।

"ਬੱਸ..ਇਥੇ ਹੀ ਖੜਾ ਰਹੁ। ਮੈਂ ਆ ਕੇ ਲੈ ਜਾਣਾਂ," ਸਟੇਜ ਸਕੈਟਰੀ ਮਾਇਕ ਤੋਂ ਉਰੇ ਆਉਣ ਲੱਗਾ ਹੈ।



"ਨ੍ਹੀਂ-ਤੂੰ ਨ੍ਹੀਂ। ਮੈਂ ਆਪੇ ਕੌਰ ਨੂੰ ਦਊਂ।"

"ਕੁਸ਼ ਤਾਂ ਸ਼ਰਮ ਕਰ।

"ਸਿਰ 'ਚ ਕੋਈ ਕਾਲਾ ਵਾਲ ਰਹਿ ਗਿਆ ਹੋਣਾ।"

"ਚੜੀ ਜਵਾਨੀ ਬਾਪੂ ਨੂੰ।"

ਬਾਬਾ ਹਿਰਖ 'ਚ ਆ ਕੇ ਬੋਲਿਆ ਹੈ, "ਵਰਤ ਕੇ ਦੇਖ ਲਓ।"

ਇਕੱਠ ਤਾੜੀਆਂ ਮਾਰਦਾ ਹੈ।

ਬਾਬਾ ਸਟੇਜ ਵੱਲ ਨੂੰ ਜਾ ਰਿਹਾ ਹੈ।

"ਬਾਬਾ ਜੀ ਐਦਾਂ ਚੰਗਾ ਨ੍ਹੀਂ ਲੱਗਦਾ। ਉਹ ਕੀ ਕਹਿਣਗੇ। ਤੂੰ ਮੰਜੇ ਤੇ ਬੈਠ ਜਾ," ਘਰ ਦੇ ਕਿਸੇ ਜੀਅ ਨੇ ਉਸਨੂੰ ਸਮਝਾਇਆ ਹੈ।

"ਮੈਂ ਤਾਂ ਆਪੇ ਕੌਰ ਨੂੰ ਫੜਾਊਂ।"

"ਬਾਬਾ ਜੀ-ਇਹ ਠੀਕ ਨ੍ਹੀਂ।"

"ਫੇਰ ਜਿੱਦਾਂ ਠੀਕ ਆ-ਓਦਾਂ ਕਰ ਲੈ।"

ਬਾਬੇ ਦਾ ਨਸ਼ਾ ਸਿਖਰਾਂ 'ਤੇ ਹੈ।

"ਬਾਪੂ ਜੀ-ਮੰਜੇ ਤੇ ਬਹਿ ਜਾਉ," ਕੌਰ ਕਹਿੰਦੀ ਹੈ।

"ਮੈਂ ਤਾਂ ਤੈਨੂੰ ਨੋਟ ਫੜਾ ਕੇ ਬੈਠੂੰ। ਨਾਲ ਹੀ ਸੁਣੂੰ-ਬਾਬਾ-ਸੱਤਰ ਸਾਲ ਦਾ।"

ਬਰਾਤੀਆਂ 'ਚੋਂ ਇਕ ਨੌਜੁਆਨ ਉੱਠਿਆ ਹੈ। ਉਸ ਬਾਬੇ ਨੂੰ ਕੇਸਾਂ ਤੋਂ ਫੜ ਲਿਆ ਹੈ। ਇਕੋ ਝਟਕੇ ਨਾਲ ਬਾਬਾ ਹੇਠਾਂ ਡਿਗ ਪਿਆ ਹੈ। ਦੇਖੋ ਦੇਖੀ ਦੂਜੇ ਬਰਾਤੀ ਵੀ ਉਸ ਦੇ ਮਾਰਣ ਲੱਗੇ ਹਨ। ਕੁਝ ਜਾਣੂ ਬਾਬੇ ਨੂੰ ਛਡਾਉਂਦੇ ਹਨ। ਬਾਬੇ ਦੇ ਚਿੱਟੇ ਕੱਪੜੇ ਡੱਬ ਖੜੱਬੇ ਹੋ ਗਏ ਹਨ।

ਬਾਬਾ ਅਜੇ ਵੀ ਕਹਿ ਰਿਹਾ ਹੈ, "ਕੋਈ ਗੱਲ ਨ੍ਹੀਂ। ਨ੍ਹੀਂ।"

****

ਕੌਰ ਗਾ ਰਹੀ ਹੈ।

–ਚੁੱਕ ਲੈ ਚੁਬਾਰੇ ਵਿਚੋਂ ਬਾਂਹ ਖਿੱਚ ਕੇ....

ਬਾਹਾਂ ਉੱਪਰ ਉੱਠਦੀਆਂ ਹਨ। ਉਂਗਲਾਂ 'ਚ ਨੋਟ ਹਨ। ਪੰਜਾਂ-ਪੰਜਾਂ ਦੇ। ਦੱਸਾਂ-ਦੱਸਾਂ ਦੇ। ਪੰਜਾਹਾਂ-ਪੰਜਾਹਾਂ ਦੇ। ਸੌ-ਸੌ ਦੇ। ਇਕ ਦੋ ਤਾਂ ਕੋਈ ਸੰਗਦਾ ਦਿੰਦਾ ਨਹੀਂ।

ਸਪੈਸ਼ਲ ਇਨਾਮ।

ਗੀਤਾਂ ਦੀ ਫਰਮਾਇਸ਼ ਹੋ ਰਹੀ ਹੈ।

ਸਟੇਜ 'ਤੇ ਨੋਟ ਹੀ ਨੋਟ ਹਨ।

ਫਾਇਰ ਹੋ ਰਹੇ ਹਨ।

ਚਾਰ ਵੱਜ ਗਏ ਹਨ। ਘਰੋਂ ਵਾਰ-ਵਾਰ ਰੋਟੀ ਦੇ ਸੁਨੇਹੇ ਆ ਰਹੇ ਹਨ।

ਮੰਜਿਆਂ ਦੀਆਂ ਦੋਨਾਂ ਟੁੱਟ ਗਈਆਂ ਹਨ। ਖਾਲੀ ਬੋਤਲਾਂ ਦਾ ਢੇਰ ਵਧ ਰਿਹਾ ਹੈ।



www.PunjabiLibrary.com

ਮੈਂ ਸੁੰਨ ਖੜਾ ਹਾਂ। ਆਏ ਦੋਸਤ ਮੈਨੂੰ ਹੱਸਣ ਲਈ ਉਤੇਜਿਤ ਕਰਦੇ ਹਨ। ਕੌਰ ਦੇ ਐਕਸ਼ਨਾਂ ਵੱਲ ਇਸ਼ਾਰੇ ਕਰਦੇ ਹਨ। ਮੈਂ ਉਪਰੋਂ ਉਪਰੋਂ ਉਨ੍ਹਾਂ ਦਾ ਸਾਥ ਦਿੰਦਾ ਹਾਂ। ਮੈਂ ਦੌੜ ਜਾਣਾ ਚਾਹੁੰਦਾ ਹਾਂ। ਦੌੜ ਕਿਵੇਂ ਸਕਦਾ ਹਾਂ ? ਇਹ ਜਿਉਂ ਮੇਰੇ ਕੋਲ ਖੜੇ ਹਨ।

"ਇਹ ਮੇਰਾ ਆਖਰੀ ਗੀਤ ਆ। ਛੜਿਆਂ 'ਤੇ ਤਾਂ ਪੂਰੇ ਦੋ ਸਾਲ ਅਸਰ ਕਰੇਗਾ," ਕੌਰ ਨੇ ਦੱਸਿਆ ਹੈ।

ਇਕੱਠ ਹੌਕਾ ਲੈਂਦਾ ਹੈ।

ਕੋਈ ਪੁੱਛ ਰਿਹਾ ਹੈ-ਕਿੰਨਾ ਚਿਰ ਹੋ ਗਿਆ ਇਸ ਨੂੰ ਗਾਉਂਦੀ ਨੂੰ।

-ਦੋ ਘੰਟੇ।

-ਸੱਚੀਂ।

-ਘੜੀ ਦੇਖ ਕੇ ਦੱਸ।

-ਲੈ ਘੰਟਾ ਹੋਰ ਲਾ ਦਵੇ-ਇਸ ਦਾ ਕੀ ਘਸ ਜਾਣਾ।

ਇਕ ਹੋਰ ਗੀਤ ਦੀ ਫਰਮਾਇਸ਼ ਹੋਈ ਹੈ।

ਕਿੰਗ ਫੇਰ ਵੱਜਣ ਲੱਗੀ ਹੈ। ਘੜਾ ਫੇਰ ਖੜਕਣ ਲੱਗਾ ਹੈ। ਚਿਮਟੇ ਵਾਲੇ ਦੀਆਂ ਫੇਰ ਅੱਖਾਂ ਬੰਦ ਹਨ।

ਕੌਰ ਨੇ ਗਿੱਧਾ ਪਾਉਣਾ ਸ਼ੁਰੂ ਕੀਤਾ ਹੈ।

ਹਰਕਤਾਂ ਸਿਰੇ 'ਤੇ ਪੁੱਜ ਗਈਆਂ ਹਨ।

ਹਰਨਾਮ ਕੌਰ ਨੇ ਬੁਲ੍ਹ ਚਿਥਦਿਆਂ ਹੋਇਆਂ ਤਾਕੀ ਬੰਦ ਕਰ ਦਿੱਤੀ ਹੈ।

ਮੁਟਿਆਰਾਂ ਮਿੰਨੀਆਂ-ਮਿੰਨੀਆਂ ਹੱਸ ਰਹੀਆਂ ਹਨ।

"ਹੁਣ ਨਸ਼ਾ ਹੋ ਗਿਐ," ਕੌਰ ਅੱਖ ਦੱਬ ਕੇ ਪੁੱਛਦੀ ਹੈ।

"ਨ੍ਹੀਂ।"

ਰਲਮੀਆਂ ਮਿਲਵੀਆਂ ਆਵਾਜ਼ਾਂ ਆਈਆਂ ਹਨ।

ਇਕੱਠ ਨੇ ਹੌਕਾ ਲਿਆ ਹੈ।

"ਬਾਕੀ ਅਗਲੀ ਵਾਰ..." ਕਹਿ ਕੇ ਕੌਰ ਸਟੇਜ ਤੋਂ ਉਤਰ ਗਈ ਹੈ।

****

"ਚਾਚਾ ਜੀ ਕੌਰ ਨੇ ਬਹਿਜਾ-ਬਹਿਜਾ ਕਰਾ 'ਤੀ," ਮੇਰੇ ਭਤੀਜੇ ਸੁਨੀਲ ਨੇ ਟੇਪ ਰਿਕਾਰਡਰ 'ਤੇ ਕੌਰ ਦੀ ਕੈਸਟ ਲਾਉਂਦਿਆਂ ਹੋਇਆਂ ਕਿਹਾ ਹੈ।

"ਰਹਿਣ ਦੇ ਉਏ।"

"ਚਾਚਾ ਜੀ ਸੁਣ ਕੇ ਤਾਂ ਦੇਖੋ।"

"ਸਾਲਾ-ਕੀ ਗੰਦ ਸੀ।" ਮੈਂ ਉਸ ਕੋਲੋਂ ਟੇਪ ਰਿਕਾਰਡਰ ਖੋਹ ਲੈਂਦਾ ਹਾਂ ਤੇ ਕੈਸਟ ਕੱਢ ਕੇ ਕੋਠੇ ਉਪਰ ਵਗਾਹ ਮਾਰਦਾ ਹਾਂ।

"ਚਾਚਾ ਜੀ ਤੁਹਾਨੂੰ ਕੀ ਹੋ ਗਿਆ ?" ਸੁਨੀਲ ਨੇ ਹੈਰਾਨੀ ਨਾਲ ਪੁੱਛਿਆ ਹੈ। ਉਸ ਨੂੰ ਲੱਗਦਾ ਹੈ ਜਿਵੇਂ ਮੈਂ ਜਗੋਂ ਤੇਰਹਵੀਂ ਗੱਲ ਕੀਤੀ ਹੋਵੇ।

"ਨਿਊਡ," ਮੈਂ ਆਪਣੇ ਮਨ ਦੀ ਭੜਾਸ ਕੱਢੀ ਹੈ।



ਹੁਣ ਕੌਰ ਦੀ ਆਵਾਜ਼ ਸਪੀਕਰ ਵਿਚੋਂ ਆ ਰਹੀ ਹੈ। ਘਰਾਂ 'ਚ ਟੇਪ ਰਿਕਾਰਡਰਾਂ ਬੋਲ ਰਹੀਆਂ ਹਨ। ਕੌਰ-ਕੌਰ-ਕੌਰ ਹੋ ਰਹੀ ਹੈ। ਮਜ਼ਾ ਆ ਗਿਆ। ਮਜ਼ਾ ਆ ਗਿਆ-ਹੋ ਰਿਹਾ ਹੈ। ਮੈਂ ਕੰਨਾਂ 'ਚ ਉਂਗਲਾਂ ਲੈ ਲੈਂਦਾ ਹਾਂ। ਆਵਾਜ਼ ਤਾਂ ਫੇਰ ਵੀ ਆ ਰਹੀ ਹੈ। ਕੌਰ ਗਾ ਰਹੀ ਹੈ।



www.PunjabiLibrary.com

## ਇਹੁ ਹਮਾਰਾ ਜੀਵਣਾ

ਕਹਿੰਦੇ ਹਨ ਕਿ ਪੈਸਾ ਆਦਮੀ ਨੂੰ ਫਰਸ਼ ਤੋਂ ਅਰਸ਼ ਤੱਕ ਪੁਚਾ ਦਿੰਦਾ ਹੈ। ਦਸ-ਪੰਦਰਾਂ ਨੋਟਾਂ ਨੇ ਉਸ ਨੂੰ ਅਰਸ਼ ਤੱਕ ਤਾਂ ਨਾ ਪਹੁੰਚਾਇਆ ਪਰ ਉਸ ਦੇ ਪੈਰ ਧਰਤੀ 'ਤੇ ਨਹੀਂ ਲੱਗ ਰਹੇ ਸਨ। ਮੱਝਾਂ ਨੂੰ ਪਾਣੀ ਪਿਲਾਉਂਦਿਆਂ, ਆੜ ਘੜਦਿਆਂ, ਵੱਟਾਂ ਪਾਉਂਦਿਆਂ ਤੇ ਪਸ਼ੂਆਂ ਦੀਆਂ ਖੁਰਲੀ 'ਚ ਪੱਠੇ ਰਲਾਉਂਦਿਆਂ, ਉਸ ਕੱਛੇ ਦੇ ਨਾਲੇ ਨਾਲ ਬੰਨ੍ਹੀ ਗੁੱਥਲੀ ਨੂੰ ਵਾਰ-ਵਾਰ ਟੋਹਿਆ ਸੀ। ਸਪਰਸ਼ ਆਵਾਜ਼ ਬਣਦੀ ਸੀ ਤੇ ਉਸ ਨੂੰ ਅਦਭੁੱਤ ਜਿਹੀ ਸੰਤੁਸ਼ਟੀ ਹੋ ਜਾਂਦੀ ਸੀ। ਥਕਾਵਟ ਉੱਕਾ ਹੀ ਨਹੀਂ ਹੋਈ ਸੀ। ਭਾਵੇਂ ਦੇਰ ਰਾਤ ਤੱਕ ਉਹ ਆਪਣੇ ਸਾਥੀਆਂ ਨਾਲ ਭਜਨ ਗਾਉਂਦਾ ਰਿਹਾ ਸੀ ਤੇ ਵੱਡੇ ਤੜਕੇ ਹੀ ਸਰਦਾਰ ਨੇ ਮੋਟਰ ਚਲਾਉਣ ਲਈ ਤੋਰ ਦਿੱਤਾ ਸੀ। ਅੱਜ ਉਹ ਇਕ ਕੰਮ ਕਰਨ ਤੋਂ ਬਾਅਦ ਬੈਠਿਆਂ ਨਹੀਂ ਸੀ। ਉਸ ਦਾ ਮਨ ਕਰਦਾ ਕਿ ਨੋਟ ਕੱਢ ਕੇ ਹੱਥ 'ਚ ਫੜ ਲਵੇ, ਉਨ੍ਹਾਂ ਨੂੰ ਚੁੰਮੇ-ਚੱਟੇ ਪਰ ਇਕ ਕੰਮ ਤੋਂ ਬਾਅਦ ਦੂਜੇ ਕੰਮ 'ਚ ਉਹਨੂੰ ਵਿਹਲ ਨਹੀਂ ਮਿਲੀ ਸੀ। ਸਰਦਾਰ ਦੇ ਮੂੰਹੋਂ ਅੱਧ ਪਚੱਧੇ ਬੋਲ ਨਿਕਲੇ ਸਨ ਤੇ ਉਹ ਝੱਟ ਕੰਮ 'ਤੇ ਟੁੱਟ ਪਿਆ ਸੀ। ਸਰਦਾਰ ਵੀ ਉਸ ਵੱਲ ਓਪਰਾ ਜਿਹਾ ਦੇਖ ਕੇ ਹੱਸਿਆ ਸੀ, "ਸਹੁਰੇ ਨੂੰ ਕਿੰਨਾ ਚਾਅ ਚੜ੍ਹਿਆ-ਦੋ ਟਕਿਆਂ ਨਾਲ-ਐਨੇ ਖ਼ੁਸ਼ ਤਾਂ ਸਾਡੇ ਵਲਾਈਤੀਏ ਵੀ ਨ੍ਹੀਂ ਹੁੰਦੇ....।"

"ਓਏ ਰਾਮੂ, ਜਾਣ ਤੋਂ ਪਹਿਲਾਂ ਮੱਝਾਂ ਲਈ ਵੰਡ ਭੇਂ ਦੇਈਂ," ਸਰਦਾਰ ਨੇ ਹਦਾਇਤ ਕੀਤੀ ਸੀ ਤੇ ਦੂਜੇ ਪਿੰਡ ਨੂੰ ਇਕ ਝਗੜੇ ਦਾ ਨਿਆਂ ਕਰਨ ਤੁਰ ਪਿਆ ਸੀ।

ਸਰਦਾਰ ਦੇ ਜਾਣ ਲਈ ਦੇਰ ਸੀ, ਉਸ ਝੱਟ ਪੱਟ ਹੀ ਮੱਝਾਂ ਨੂੰ ਧਰੇਕ ਥੱਲੇ ਕੀਤਾ ਸੀ। ਬਲਦਾਂ ਦੀ ਖੁਰਲੀ ਧੂਹ ਕੇ ਕੋਠੇ ਦੀ ਛਾਵੇਂ ਕੀਤੀ ਸੀ। ਕੁੱਤੇ ਨੂੰ ਕਿੱਕਰ ਨਾਲ ਲਪੇਟਾ ਮਾਰ ਕੇ ਬੰਨ੍ਹਿਆ ਸੀ। ਪੱਠਿਆਂ 'ਤੇ ਪੱਲੀ ਦਿੱਤੀ ਸੀ। ਗੁੱਥਲੀ 'ਚੋਂ ਨੋਟ ਕੱਢ ਕੇ ਗਿਣੇ ਸੀ। ਪੂਰੇ ਪੰਦਰਾਂ ਸਨ। ਉਸ ਨੋਟਾਂ ਨੂੰ ਪੁੱਠੇ ਸਿੱਧੇ ਕਰਕੇ ਦੇਖਿਆ ਸੀ। ਫੇਰ ਉਸ ਦੇਖਿਆ ਸੀ ਕਿ ਦਸ ਦਾ ਹਿੰਦਸਾ ਹਰੇਕ ਨੋਟ 'ਤੇ ਹੈ। ਨੋਟਾਂ ਦੇ ਰੰਗਾਂ 'ਚ ਕਿੰਨਾ ਕੁ ਫਰਕ ਹੈ। ਕਿਹੜਾ ਨੋਟ ਮੈਲਾ ਹੈ ਤੇ ਕਿਹੜਾ ਨਵਾਂ ਨਕੋਰ। ਕਿਸ ਨੋਟ ਦੀ ਕੰਨੀ ਮੁੜੀ ਹੋਈ ਹੈ ਤੇ ਕਿਸ ਨੋਟ ਨੂੰ ਜ਼ਿਆਦਾ ਭੰਨ ਪਏ ਹਨ। ਵੱਖ ਵੱਖ ਨੋਟ ਸਨ। ਕਿਸੇ 'ਤੇ ਸਮੁੰਦਰ 'ਚ ਜਹਾਜ਼, ਕਿਸੇ 'ਤੇ ਜੰਗਲਾਂ 'ਚ ਚਹਿਚਲਾਉਂਦੀਆਂ ਚਿੜੀਆਂ, ਕਿਸੇ ਤੇ ਟਰੈਕਟਰ ਦੌੜਾ ਰਿਹਾ ਕਿਸਾਨ...ਫੇਰ



ਉਹ ਸੋਚਣ ਲੱਗਾ ਕਿ ਦਸਾਂ ਦੇ ਨੋਟ ਦਾ ਰੰਗ ਪੰਜਾਂ ਨਾਲੋਂ ਕਿਉਂ ਵੱਖਰਾ ਹੈ। ਭੰਨ ਪਏ ਨੋਟਾਂ ਨੂੰ ਉਸ ਹੱਥ 'ਤੇ ਰੱਖ ਕੇ ਪ੍ਰੈੱਸ ਕੀਤਾ ਸੀ।

ਉਸਨੂੰ ਮਹੀਨੇ ਭਰ ਦੀ ਪਹਿਲੀ ਤਨਖਾਹ ਮਿਲੀ ਸੀ। ਉਸ ਆਪਣੇ ਪਿੰਡ ਠਾਕੁਰ ਦਿਆਂ ਖੇਤਾਂ 'ਚ ਵੀ ਦਿਹਾੜੀ ਕੀਤੀ ਸੀ ਤੇ ਮਰ ਟੁੱਟ ਕੇ ਮਸਾਂ ਦਿਹਾੜੀ ਦਾ ਇਕ ਰੁਪਈਆ ਕਮਾਇਆ ਸੀ। ਉਹ ਵੀ ਢਿੱਡੋਂ ਭੁੱਖਿਆਂ ਰਹਿ ਕੇ। ਇਹ ਕਮਾਈ ਉਸ ਨੂੰ ਦੁਬਈ-ਮਾਸਕਟ ਵਰਗੀ ਲੱਗੀ ਸੀ। ਤਿੰਨ ਵੇਲੇ ਰੋਟੀ। ਲੱਸੀ। ਚਾਹ। ਕਦੀ ਕਦਾਈਂ ਦੁੱਧ-ਫਰੂਟ ਤੇ ਮੀਟ ਵੀ ਮਿਲ ਜਾਂਦਾ ਸੀ।

ਸਰਦਾਰਨੀ ਨੂੰ ਦੱਸ ਕੇ ਉਹ ਸ਼ਹਿਰ ਨੂੰ ਕੱਚੇ ਰਸਤੇ ਥਾਣੀਂ ਤੁਰ ਪਿਆ ਸੀ। ਸ਼ਹਿਰ ਪਿੰਡੋਂ ਪੰਜ ਕੁ ਮੀਲ ਦੂਰ ਸੀ। ਉਹ ਕਈ ਵਾਰ ਸਰਦਾਰ ਦੇ ਨਾਲ ਟਰਾਲੀ 'ਚ ਬੈਠ ਕੇ ਗਿਆ ਸੀ। ਪਿੰਡੋਂ ਬਾਹਰ ਆ ਕੇ ਉਹ ਰੁਕ ਗਿਆ ਸੀ। ਡਰ ਗਿਆ ਸੀ। ਉਸ ਨੂੰ ਕਿਧਰੇ ਵੀ ਕੋਈ ਬੰਦਾ, ਨਾ ਪਰਿੰਦਾ ਦਿੱਸਿਆ ਸੀ। ਰੇਤ ਦੇ ਇਕ ਉੱਚੇ ਟਿੱਬੇ 'ਤੇ ਚੜ੍ਹ ਕੇ ਉਸ ਦੂਰ ਤੱਕ ਦੇਖਿਆ ਸੀ। ਦੋ ਬੰਦੇ ਲਾਠੀਆਂ ਲਈ ਆਉਂਦੇ ਦਿੱਸੇ ਤਾਂ ਉਸ ਦਾ ਲਹੂ ਪਾਣੀ ਹੋਣ ਲੱਗਾ ਸੀ। ਉਹ ਥਰ ਥਰ ਕੰਬਣ ਲੱਗਾ ਸੀ। ਉਸ ਗੁਥਲੀ ਟੋਹੀ ਸੀ। ਠੀਕ ਸੀ। ਫੇਰ ਉਹ ਨੇੜੇ ਹੀ ਕਣਕ ਦੇ ਇਕ ਖੇਤ 'ਚ ਲੰਮਾ ਪੈ ਗਿਆ ਸੀ। ਮਾਰਚ ਦੇ ਆਖਿਰੀ ਦਿਨ ਤੇ ਉਪਰੋਂ ਪੱਕੀ ਹੋਈ ਕਣਕ ਦੇ ਤਿੱਖੇ ਕਸੀਰ। ਉਹ ਮੁੜ੍ਹਕੇ ਨਾਲ ਭਿੱਜ ਗਿਆ ਸੀ। ਇਸੇ ਹਫਤੇ ਹੀ ਤਾਂ ਪਿੰਡ ਦੇ ਇਕ ਭੱਈਏ ਤੋਂ ਕਿਸੇ ਡਰਾ-ਧਮਕਾ ਕੇ ਸੌ ਰੁਪਿਆ ਖੋਹ ਲਿਆ ਸੀ ਤੇ ਕੋਈ ਉੱਘ-ਸੁੱਘ ਨਹੀਂ ਸੀ ਨਿਕਲੀ। ਉਸ ਕੋਡੇ ਹੋ ਕੇ ਦੇਖਿਆ ਸੀ। ਲਾਠੀਆਂ ਵਾਲੇ ਨਹੀਂ ਦਿੱਸੇ ਸਨ। ਉਹ ਸ਼ਹਿਰ ਵੱਲ ਲੰਮੀਆਂ-ਲੰਮੀਆਂ ਉਲਾਂਘਾਂ ਪੁੱਟਣ ਲੱਗਾ ਸੀ।

****

ਸ਼ਹਿਰ ਦੀ ਹਰ ਚੀਜ਼ ਉਸ ਨੂੰ ਲੁਭਾਉਣੀ ਲੱਗੀ ਸੀ। ਉਹ ਦੇਰ ਤੱਕ ਬਾਜ਼ਾਰ 'ਚ ਘੁੰਮਦਾ ਰਿਹਾ। ਕਪੜਿਆਂ ਵਾਲੀਆਂ ਦੁਕਾਨਾਂ 'ਚ ਬਨਾਉਟੀ ਬਣੀਆਂ ਮੇਮਾਂ ਦੇ ਪਾਏ ਰੰਗ ਬਿਰੰਗੇ ਕਪੜੇ ਦੇਖਦਾ ਰਿਹਾ। ਭਾਅ ਪੁੱਛਣ ਦਾ ਉਸ ਦਾ ਹੌਂਸਲਾ ਹੀ ਨਾ ਪਿਆ। ਉਹ ਫਿਰਦਾ-ਫਿਰਾਉਂਦਾ ਫੁਟਪਾਥ 'ਤੇ ਆ ਗਿਆ। ਤਰ੍ਹਾਂ-ਤਰ੍ਹਾਂ ਦੇ ਕਪੜੇ ਦੇਖਣ ਤੋਂ ਬਾਅਦ, ਉਸ ਅਠਾਈ ਰੁਪਿਆਂ ਦਾ ਕੁੜਤਾ-ਪਜਾਮਾ ਖਰੀਦਿਆ। ਹਲਕੇ ਪੀਲੇ ਰੰਗ ਦਾ। ਮੋਢਿਆਂ ਤੋਂ ਸੁੱਚੇ ਤਿਲੇ ਨਾਲ ਕੱਢਿਆ। ਕੁੜਤਾ ਪਜਾਮਾ ਪੁਰਾਣਾ ਹੋਣ ਕਰਕੇ, ਅੱਧਾ ਕੁ ਸੁੱਚਾ-ਤਿਲਾ ਉਖੜ ਗਿਆ ਸੀ। ਕਢਾਈ ਦੇ ਨਿਸ਼ਾਨਾਂ ਦੇ ਛੋਟੇ-ਛੋਟੇ ਛੇਕ ਪਏ ਸਨ। ਅੱਧ ਪਚੱਧੇ ਕਾਲੇ ਰੰਗ ਦੇ ਟਿੱਚ ਲੱਗੇ ਸਨ। ਪਜਾਮੇ 'ਚ ਲਾਸਟਿਕ ਪਾਈ ਹੋਈ ਸੀ। ਪਹੁਚਿਆਂ 'ਤੇ ਕਾਲੇ ਰੰਗ ਦੀ ਪੱਟੀ ਲੱਗੀ ਸੀ। ਦੋ ਤਿੰਨ ਜਗ੍ਹਾ ਤੋਂ ਰਫੂ ਕੀਤਾ ਹੋਇਆ ਸੀ।

"ਇਹਦੇ ਨਾਲ ਮੌਜੇ ਵੀ ਲੈ ਲਈਂ," ਦੁਕਾਨ ਨੇ ਸਲਾਹ ਦਿੱਤੀ ਸੀ।

"ਮੇਰੇ ਪਾਸ ਇਤਨੇ ਪੈਸੇ ਕਹਾਂ।"

ਉਸ ਪੰਜਾਂ ਰੁਪਈਆਂ ਦੀਆਂ ਚਪਲਾਂ ਖਰੀਦੀਆਂ, ਪਾਨ ਖਾਧਾ। ਚਾਹ ਪੀਤੀ। ਪੰਜ ਰੁਪਏ ਆਪਣੇ ਕੋਲ ਰੱਖ ਬਾਕੀ ਬਚਦੇ ਘਰ ਨੂੰ ਮਨੀਆਰਡਰ ਕਰਾ ਦਿੱਤੇ।

"ਬੀਬੀ ਜੀ-ਯੇਹ ਕੁੜਤਾ ਪਜਾਮਾ ਆਪ ਕੋ ਕੈਸਾ ਲੱਗਤਾ ਹੈ," ਉਸ ਸਰਦਾਰਨੀ



www.PunjabiLibrary.com

ਅੱਗੇ ਕੁੜਤਾ-ਪਜਾਮਾ ਰੱਖ ਕੇ ਪੁੱਛਿਆ ਸੀ। ਉਹ ਤਾਂ ਕੁੜਤੇ ਪਜਾਮੇ ਦੇ ਚਾਅ 'ਚ ਉਡਿਆ ਫਿਰ ਰਿਹਾ ਸੀ।

"ਉਏ ਬਹੁਤ ਚੰਗਾ। ਕਿਤਨੇ ਕਾ ਆਇਆ ?" ਸਰਦਾਰਨੀ ਨੇ ਉਸ ਦਾ ਦਿਲ ਰੱਖਣ ਲਈ ਪੁੱਛਿਆ ਸੀ। ਉਂਝ ਉਸ ਕੱਪੜਾ ਦੇਖਦਿਆਂ ਈ ਤਾੜ ਲਿਆ ਸੀ ਕਿ ਇਸ ਜ਼ਿਆਦਾ ਦਿਨ ਨਹੀਂ ਕੱਢਣੇ ਸਨ।

"ਵੋਹ ਤੀਸ ਮਾਗਤਾ ਥਾ। ਜ਼ੋਰ ਡਾਲ ਕਰ ਅਠਾਈ ਕਾ ਲਿਯਾ।"

"ਫੇਰ ਤੋਂ ਠੀਕ ਆ।"

"ਰੰਗ ਤੋਂ ਅੱਛਾ ਹੈ ਨਾ ?"

"ਬਹੁਤ ਵਧੀਆ। ਅੱਜ ਕਲ੍ਹ ਐਸਾ ਹੀ ਰਿਵਾਜ ਹੈ।"

"ਸੋਹਨ ਕੇ ਲੜਕੇ ਕੇ ਪਾਸ ਭੀ ਐਸਾ ਹੀ ਕੁੜਤਾ-ਪਜਾਮਾ ਹੈ।"

"ਗੱਲਾਂ ਈ ਕਰੀ ਜਾਵੇਂਗਾ ਮਰ ਜਾਣਿਆਂ। ਇਹਨੂੰ ਪਾ ਕੇ ਵੀ ਦਿਖਾ।"

"ਇਸੇ ਤੋ ਮੈਂ ਦੇਸ ਜਾਨੇ ਕੇ ਸਮਯ ਹੀ ਪਹਿਨੂਗਾ।"

"ਜਾਹ ਫੇਰ ਮੱਝਾਂ ਨੂੰ ਕੁੰਡ ਕਰ।"

"ਅੱਛਾ ਜੀ।"

ਉਹ ਉੱਠਿਆ ਤੇ ਹਵੇਲੀ ਵੱਲ ਤੁਰ ਪਿਆ।

ਉਸ ਦਾ ਮਨ ਤਾਂ ਕੁੜਤਾ ਪਜਾਮਾ ਪਾਉਣ ਨੂੰ ਕਰਦਾ ਸੀ ਪਰ ਦੇਸ਼ ਜਾਣ ਵੇਲੇ ਪਾਉਣਾ ਉਸ ਨੂੰ ਵਧੇਰੇ ਚੰਗਾ ਲੱਗਾ ਸੀ। ਉਸ ਕੁੜਤੇ ਪਜਾਮੇ ਨੂੰ ਥੈਲੇ 'ਚ ਪਾ ਕੇ ਤੂੜੀ ਵਾਲੇ ਢਾਰੇ ਅੰਦਰ ਕਿੱਲੀ ਨਾਲ ਟੰਗ ਦਿੱਤਾ।

****

ਉਸ ਦੀਆਂ ਯਾਦਾਂ ਦੀ ਐਲਬਮ 'ਚ ਚੌਂਹ ਸਾਲਾਂ ਦੇ ਬਾਲ ਦੀ ਤਸਵੀਰ ਉੱਭਰੀ। ਉੱਧੜੀ ਨਿੱਕਰ 'ਚ ਉਹ ਹੱਡੀਆਂ ਦੀ ਮੁੱਠ ਬਣਿਆ ਆਪਣੀ ਮਾਂ ਨੂੰ ਕਮੀਜ਼ ਪਾਉਣ ਲਈ ਕਹਿੰਦਾ। ਮਾੜਕੂ ਜਿਹਾ ਸਰੀਰ ਠੰਢ ਨਾਲ ਕੰਬਦਾ। ਮਾਂ ਉਸ ਨੂੰ ਆਪਣੇ ਲੰਮੇ ਸਾਰੇ ਧੋਤੀ-ਨੁਮਾ ਚੋਗੇ 'ਚ ਲੁਕੋ ਲੈਂਦੀ। ਜਦੋਂ ਤੀਕ ਉਹ ਮਾਂ ਦੇ ਢਿੱਡ ਨਾਲ ਲੱਗਾ ਰਹਿੰਦਾ, ਗਰਮੈਸ਼ ਰਹਿੰਦੀ ਤੇ ਮਾਂ ਦੀ ਬੁੱਕਲ 'ਚੋਂ ਨਿਕਲਦਿਆਂ ਹੀ ਉਹ ਫੇਰ ਕਮੀਜ਼ ਪਾਉਣ ਲਈ ਰੋਂਦਾ। ਮਾਂ ਦੇ ਦੰਦੀਆਂ ਵੱਢਦਾ। ਉਸ ਦੇ ਵਾਲ ਪੁੱਟਦਾ। ਮਾਂ ਰੋਣ ਤੋਂ ਬਿਨਾਂ ਹੋਰ ਕੁਝ ਨਾ ਕਰਦੀ। ਬਾਪੂ ਦੂਜੇ ਪਾਸੇ ਮੂੰਹ ਕਰ ਲੈਂਦਾ ਜਾਂ ਉੱਠ ਕੇ ਬਾਹਰ ਨੂੰ ਤੁਰ ਪੈਂਦਾ। ਫੇਰ ਇਕ ਦਿਨ ਮਾਂ ਨੇ ਆਪਣੀ ਧੋਤੀ 'ਚੋਂ ਕੁਝ ਹਿੱਸਾ ਪਾੜਕੇ, ਸੂਈ ਨਾਲ ਉਸ ਨੂੰ ਕਮੀਜ਼ ਵਰਗੀ ਚੀਜ਼ ਬਣਾ ਦਿੱਤੀ ਸੀ। ਕਿੰਨਾ ਖ਼ੁਸ਼ ਹੋਇਆ ਸੀ ਉਹ ਉਸ ਦਿਨ। ਮਾਂ ਕਮੀਜ਼ ਨੂੰ ਧੋਣ ਲਈ ਜ਼ਬਰਦਸਤੀ ਜਦੋਂ ਉਸ ਤੋਂ ਲਹਾਉਂਦੀ ਤਾਂ ਉਹ ਰੋਣ-ਹਾਕਾ ਹੋ ਜਾਂਦਾ। ਤਿੰਨਾਂ ਹਫਤਿਆਂ ਬਾਅਦ ਹੀ ਕਮੀਜ਼ ਲੀਰੋ-ਲੀਰ ਹੋ ਗਈ। ਮਾਂ ਇਕ ਪਾਸਿਓਂ ਸਿਉਂਦੀ ਤਾਂ ਦੂਜੇ ਪਾਸੇ ਲੰਗਾਰ ਲਮਕ ਪੈਂਦਾ। ਆਖਿਰ ਕਿੰਨੀਆਂ ਟਾਕੀਆਂ ਲੱਗ ਸਕਦੀਆਂ ਹਨ। ਫੇਰ ਉਸ ਦਸ-ਦਸ ਪੈਸੇ ਜੋੜ ਕੇ ਪੰਜ ਰੁਪਏ ਜਮ੍ਹਾ ਕੀਤੇ ਸਨ। ਇਕ ਦਿਨ ਉਸ ਮਾਂ ਨੂੰ ਸ਼ਹਿਰ ਜਾਣ ਲੱਗਿਆਂ ਕਮੀਜ਼ ਲਿਆਉਣ ਲਈ ਕਿਹਾ ਸੀ। ਸਾਰੀ ਭਾਨ ਉਸ ਅੱਗੇ ਢੇਰੀ ਕਰ ਦਿੱਤੀ ਸੀ। ਮਾਂ ਕੁਝ ਨਹੀਂ



ਬੋਲੀ ਸੀ। ਉਂਝ ਉਹ ਸਭ ਕੁਝ ਜਾਣਦੀ ਸੀ। ਕੈਲਾਸ਼-ਉਸ ਦਾ ਬਾਪੂ, ਸ਼ਹਿਰ 'ਚ ਦਿਹਾੜੀ ਕਰਨ ਜਾਂਦਾ। ਉਹਨੂੰ ਦੋ ਤਿੰਨ ਰੁਪਏ ਮਿਲਦੇ, ਜਿਸ ਨਾਲ ਘਰ ਦੀ ਗੱਡੀ ਮਾੜੀ ਮੋਟੀ ਚਲਦੀ ਸੀ। ਸ਼ਹਿਰੋਂ ਵਾਪਸੀ 'ਤੇ ਮਾਂ ਨੇ ਉਸ ਨੂੰ ਇਕ ਪੁਰਾਣੀ ਫ਼ੌਜੀ-ਨੁਮਾ ਕਮੀਜ਼ ਲਿਆ ਦਿੱਤੀ ਸੀ। ਕਮੀਜ਼ ਨੂੰ ਦੇਖਕੇ ਉਹ ਤੜਫ ਉੱਠਿਆ ਸੀ। ਉਸ ਕਮੀਜ਼ ਚੁੱਕ ਕੇ ਵਿਹੜੇ 'ਚ ਮਾਰੀ ਸੀ। ਪਰ ਮੂੰਹੋਂ ਕੁਝ ਨਹੀਂ ਬੋਲਿਆ ਸੀ। ਕਿਥੇ ਉਹ ਤੇ ਕਿੱਥੇ ਇਹ ਕਮੀਜ਼। ਮਾਂ ਵਿਰੁੱਧ ਬੋਲਣ ਲਈ ਕਈ ਕੁਝ ਉਸ ਅੰਦਰ ਮਚਲ ਉੱਠਿਆ ਸੀ। ਮਾਂ ਨੇ ਉਸ ਨੂੰ ਸਮਝਾਇਆ ਸੀ। ਉਹ ਮਸੋਸਿਆ ਜਿਹਾ ਕੰਧ ਨਾਲ ਢੋਹ ਲਾ ਕੇ ਬੈਠ ਗਿਆ ਸੀ। ਮਾਂ ਨੇ ਕਮੀਜ਼ ਨੂੰ ਬਲੇਡ ਨਾਲ ਕੱਟਿਆ ਤੇ ਟੁਕੜੇ-ਟੁਕੜੇ ਕਰ ਕਰ ਦਿੱਤੇ ਸੀ। ਉਸ ਅੰਦਰ ਰੋਹ ਭੜਕਿਆ ਸੀ। ਧਾਗਾ ਸੂਈ ਲੈ, ਮਾਂ ਨੇ ਕਮੀਜ਼ ਦੇ ਨਾਲ ਨਿਕਰ ਵੀ ਬਣ ਦਿੱਤੀ ਸੀ। ਉਹ ਖਿੜ ਉੱਠਿਆ ਸੀ। ਉਸ ਕਮੀਜ਼ ਤੇ ਨਿੱਕਰ ਪਾਈ ਸੀ। ਪਿੰਡ ਦੀਆਂ ਗਲੀਆਂ ਵਿਚ ਦੌੜ ਗਿਆ ਸੀ। ਉਸ ਰਾਮ, ਕ੍ਰਿਸ਼ਨ, ਦੀਸੀ ਤੇ ਲਸ਼ਕਰ ਦੋਸਤਾਂ ਨੂੰ ਅੰਗੂਠਾ ਦਿਖਾਇਆ ਸੀ। ਉਸ ਦੇ ਪੈਰ ਤਾਂ ਧਰਤੀ 'ਤੇ ਲੱਗ ਨਹੀਂ ਰਹੇ ਸਨ। ਉਹ ਬਾਂਦਰਾਂ ਵਾਂਗ ਟਪੂਰੀ ਮਾਰ ਕਦੇ ਇਧਰ ਬੈਠ ਜਾਂਦਾ ਤੇ ਕਦੇ ਓਧਰ। ਹੇਠਾਂ ਬੈਠਣ ਲੱਗਾ, ਪਹਿਲਾਂ ਹੱਥ ਨਾਲ ਜਗ੍ਹਾ ਸਾਫ਼ ਕਰਦਾ।

"ਬਾਪੂ....ਬਾਪੂ ਮਾਂ ਨੇ ਕਮੀਜ਼ ਬਣਾ ਦੀਯਾ," ਸ਼ਾਮ ਨੂੰ ਕੰਮ ਤੋਂ ਵਾਪਸ ਆਏ ਆਪਣੇ ਬਾਪੂ ਨੂੰ ਉਸ ਦੱਸਿਆ ਸੀ। ਉਸ ਦਾ ਬਾਪੂ ਕਿੰਨਾ ਚਿਰ ਉਸ ਵੱਲ ਦੇਖੀ ਗਿਆ ਸੀ। ਕੁਝ ਕਹਿਣਾ ਚਾਹੁੰਦਾ ਸੀ, ਪਰ ਕਹਿ ਨਹੀਂ ਸਕਿਆ ਸੀ।

****

ਉਸ ਨੂੰ ਨੀਂਦ ਨਹੀਂ ਆ ਰਹੀ ਸੀ। ਕਈ ਵਾਰ ਉੱਠਿਆ ਸੀ, ਲੰਮਾ ਪਿਆ ਸੀ। ਇੰਝ ਕਰਦਿਆਂ ਦਸ-ਗਿਆਰਾਂ ਵੱਜ ਗਏ ਸਨ। ਫੇਰ ਉਹ ਉੱਠਿਆ ਸੀ। ਨਲਕੇ ਤੋਂ ਪਾਣੀ ਲੈ ਕੇ ਮੂੰਹ ਧੋਤਾ ਸੀ। ਨਹਾਉਣ ਨੂੰ ਉਸ ਦਾ ਚਿੱਤ ਨਹੀਂ ਮੰਨਿਆ ਸੀ। ਸਾਫਾ ਭਿਉਂ ਕੇ ਪਿੰਡੇ 'ਤੇ ਫੇਰਿਆ ਸੀ। ਕੁੜਤਾ ਪਜਾਮਾ ਪਾ ਕੇ ਬੈਠ ਗਿਆ ਸੀ। ਕਿੰਨਾ ਚਿਰ ਉਸ ਆਪਣੇ ਆਪ ਨਾਲ ਗੱਲਾਂ ਕੀਤੀਆਂ ਸਨ। ਉਸ ਨੂੰ ਯਾਦ ਆਇਆ ਸੀ ਕਿ ਉਸ ਨਲਕੇ ਕੋਲ ਇਕ ਸ਼ੀਸ਼ੇ ਦਾ ਟੁਕੜਾ ਦੇਖਿਆ ਸੀ। ਉਸ ਬਾਹਰਲਾ ਬਲਬ ਜਗਾਇਆ ਸੀ। ਨਲਕੇ ਕੋਲ ਹਨੇਰਾ ਰਿਹਾ ਸੀ। ਉਸ ਕੁੜਤਾ-ਪਜਾਮਾ ਲਾਹਿਆ ਸੀ। ਚਾਦਰ ਦੀ ਬੁੱਕਲ ਮਾਰ ਕੇ ਨਲਕੇ ਕੋਲ ਸ਼ੀਸ਼ੇ ਦਾ ਟੁਕੜਾ ਲੱਭਿਆ ਸੀ। ਹੱਥ 'ਚ ਕਿੱਕਰ ਦੀਆਂ ਸੂਲਾਂ ਚੁੱਭ ਗਈਆਂ ਸਨ, "ਸਾਲੇ ਦਾਤਣ ਕਰ ਰਹੈਂ-ਔਰ ਕਾਂਟੇ ਜਹਾਂ ਵਖੇਰਤ ਹੈਂ।" ਉਸ ਉੱਚੀ ਦੇਣੀ ਕਿਹਾ ਸੀ। ਫੇਰ ਉਸ ਨੂੰ ਸ਼ੀਸੇ ਦਾ ਟੁਕੜਾ ਮਿਲ ਗਿਆ ਸੀ। ਉਸ ਕੁੜਤਾ-ਪਜਾਮਾ ਪਾਇਆ ਸੀ। ਸ਼ੀਸ਼ੇ 'ਚ ਵਾਰ-ਵਾਰ ਆਪਣੇ ਆਪ ਨੂੰ ਦੇਖਿਆ ਸੀ। ਉਸ ਅੰਦਰ ਅਜੀਬ ਤਰ੍ਹਾਂ ਦੀ ਹਲਚਲ ਉੱਠੀ ਸੀ। ਉਸ ਆਲੇ ਦੁਆਲੇ ਦੇਖਿਆ ਸੀ। ਕਿਧਰੇ ਕੋਈ ਦੇਖ ਤਾਂ ਨਹੀਂ ਸੀ ਰਿਹਾ। ਕੋਈ ਨਹੀਂ ਸੀ। ਮੱਝਾਂ ਜੁਗਾਲੀ ਕਰਨ 'ਚ ਮਸਤ ਸਨ। ਕੁੱਤਾ ਵੀ ਘੂਕ ਸੁੱਤਾ ਪਿਆ ਸੀ। ਉਸ ਦੇ ਮਨ 'ਚ ਆਇਆ ਸੀ ਕਿ ਆਪਣੇ ਸਾਥੀਆਂ ਕੋਲ ਜਾਵੇ ਤੇ ਆਪਣਾ ਕੁੜਤਾ-ਪਜਾਮਾ ਦਿਖਾਵੇ।

ਉਹ ਕਹੇਗਾ-ਦੇਖ ਕੌਸ਼ਲ-ਕਭੀ ਕੀਸੀ ਆਪਣੇ ਲੋਗਨ ਨੇ ਐਸਾ ਕੁੜਤਾ-ਪਜਾਮਾ ਪਹਿਨਾ।



www.PunjabiLibrary.com

–ਹੈ ਨਾ ਬੜੀਆ ਟੈਰਕਾਟ ਗਮੂ।

–ਬਾਤ ਬਣਤੀ ਹੈ ਨਾ ਕੁਚਲੇ।

–ਜਭ ਮੈਂ ਆਪਣੇ ਦੇਸ਼ ਗਯਾ–ਕਿਤਨਾ ਸੋਹਣਾ ਲਗੇਗਾ ਯੇਹ ਕੁਤੜਾ–ਪਜਾਮਾ। ਦੇਖਣਾ ਗਾਉਂ ਕੀਆਂ ਛੋਰੀਆਂ ਮੇਰੇ ਕਰੀਬ ਮੰਡਰਾਏਂਗੀ।

–ਮੇਰੀ ਟੌਹਰ ਹੋਗੀ।

ਉਹ ਦਲਾਨ ਨੂੰ ਕੁੰਡਾ ਮਾਰ, ਆਪਣੇ ਸਾਥੀਆਂ ਦੇ ਡੇਰੇ ਨੂੰ ਹੋ ਤੁਰਿਆ ਸੀ। ਹਨੇਰੇ 'ਚ ਸੁੱਚਾ ਤਿੱਲਾ ਮਾੜਾ ਮਾੜਾ ਚਮਕਿਆ ਸੀ। ਉਹ ਅਜੇ ਸ਼ਾਮੂ ਦੀ ਹਵੇਲੀ ਕੋਲ ਹੀ ਗਿਆ ਸੀ ਕਿ ਕੁੱਤੇ ਮਗਰ ਪੈ ਗਏ ਸਨ। ਉਸ ਡਰ ਕੇ ਕੰਧ ਨਾਲ ਢੋਅ ਲਾ ਲਈ ਸੀ ਕਿ ਕਿਧਰੇ ਕੁੱਤੇ ਉਸ ਦਾ ਕੁੜਤਾ ਪਜਾਮਾ ਹੀ ਨਾ ਪਾੜ ਦੇਣ। ਇਹ ਵਿਚਾਰ ਆਉਂਦਿਆਂ ਹੀ ਉਸ ਕਾਹਲੀ ਕਾਹਲੀ ਕੁੜਤਾ ਪਜਾਮਾ ਲਾਹ ਕੇ ਮੋਢਿਆਂ 'ਤੇ ਰੱਖ ਲਿਆ ਸੀ। ਆਪਣੀ ਹਵੇਲੀ ਮੁੜ ਆਇਆ ਸੀ।

****

ਦਿਨ ਰਾਤ ਉਹ ਸਰਦਾਰ ਦਿਆਂ ਖੇਤਾਂ 'ਚ ਕੰਮ ਕਰਦਾ ਤੇ ਸਰਦਾਰ ਦੇ ਮੁੰਡੇ ਦੇ ਪੁਰਾਣੇ ਕੱਪੜੇ ਪਾ ਕੇ ਗੁਜ਼ਾਰਾ ਕਰ ਲੈਂਦਾ। ਕੁੜਤੇ–ਪਜਾਮੇ ਨੂੰ ਹੱਥ ਨਾ ਲਾਉਂਦਾ। ਰੋਟੀ ਪਾਣੀ ਸਰਦਾਰ ਤੋਂ ਮਿਲ ਜਾਂਦਾ। ਕਦੇ ਕਦਾਈਂ ਬੀੜੀਆਂ ਦਾ ਬੰਡਲ ਜ਼ਰੂਰ ਲੈਂਦਾ ਤੇ ਵਧੇਰੇ ਕਰਕੇ, ਬੀੜੀਆਂ ਦੇ ਪੈਸੇ ਵੀ ਸਰਦਾਰ ਦਾ ਮੁੰਡਾ ਹੀ ਦੇ ਦੇਂਦਾ ਜਾਂ ਕਦੇ ਕਦੇ ਸਾਧੂ ਉਸ ਨੂੰ ਬੀੜੀਆਂ ਪਿਲਾ ਜਾਂਦਾ।

ਫਗੂਆ ਮਨਾਉਣ ਦੇ ਦਿਨ ਆਏ ਤਾਂ ਉਸ ਦੇ ਸਾਥੀਆਂ ਨੇ ਉਸ ਨੂੰ ਨਾਲ ਚਲਣ ਲਈ ਕਿਹਾ। ਪਹਿਲਾਂ ਤਾਂ ਉਸ ਨਾਂਹ ਕਰ ਦਿੱਤੀ ਪਰ ਉਨ੍ਹਾਂ ਦੀ ਤਿਆਰੀ ਦੇਖ, ਉਸਦਾ ਵੀ ਮਨ ਜਾਣ ਲਈ ਕਾਹਲਾ ਪੈ ਗਿਆ। ਉਸ ਨੂੰ ਸਰਦਾਰ ਤੋਂ ਛੁੱਟੀ ਮਿਲ ਗਈ। ਆਇਆਂ ਵੀ ਤਾਂ ਚਾਰ ਸਾਲ ਹੋ ਗਏ ਸਨ। ਉਸ ਨਹਾਉਣ ਲਈ ਪਾਣੀ ਦਾ ਬਾਲਟਾ ਭਰਿਆ ਤੇ ਕੁੜਤੇ ਪਜਾਮੇ ਵਾਲਾ ਥੈਲਾ ਲਿਆ ਕੇ ਨੇੜੇ ਹੀ ਮੰਜੇ 'ਤੇ ਰੱਖ ਲਿਆ। ਉਦੋਂ ਹੀ ਉਸ ਦੇ ਨਾਂ ਦੀ ਚਿੱਠੀ ਲੈ ਕੇ ਸਰਦਾਰ ਦਾ ਛੋਟਾ ਮੁੰਡਾ ਆਇਆ। ਘਰੋਂ ਦੋ ਸੌ ਰੁਪਏ ਜਲਦੀ ਭੇਜਣ ਲਈ ਵਾਰ ਵਾਰ ਲਿਖਿਆ ਸੀ। ਉਸ ਕੋਲ ਤਾਂ ਸਿਰਫ਼ ਸੌ ਕੁ ਸਨ। ਦਸ ਰੁਪਏ ਸਰਦਾਰ ਨੇ ਉਸ ਨੂੰ ਇਮਾਨਦਾਰੀ ਵਜੋਂ ਰਾਹ 'ਚ ਖਰਚਣ ਲਈ ਦਿੱਤੇ ਸਨ। ਉਹ ਥਾਈਂ ਬੈਠ ਗਿਆ। ਸਿਰ ਦੇ ਵਾਲ ਉਂਗਲਾਂ 'ਚ ਫੜ ਖਿੱਚਣ ਲੱਗਾ। ਪੈਸੇ ਵੀ ਤਾਂ ਜ਼ਰੂਰ ਭੇਜਣੇ ਸਨ। ਭੈਣ ਦਾ ਗੌਣਾ ਤੋਰਨਾ ਸੀ। ਉਸ ਪਾਣੀ ਦਾ ਬਾਲਟਾ ਡੋਲ੍ਹ ਦਿੱਤਾ ਤੇ ਮੁੜ ਉਸੇ ਤਰ੍ਹਾਂ ਹੀ ਥੈਲਾ ਚੁੱਕ ਕੇ ਕਿੱਲੀ ਨਾਲ ਟੰਗ ਦਿੱਤਾ ਜਿਵੇਂ ਲਾਹਿਆ ਸੀ।

"ਰਾਮੂ ਲਾਲ ਯਦੀ ਆਪ ਨੇ ਨਹੀਂ ਜਾਣਾ ਤੋ ਕੁੜਤਾ ਪਜਾਮਾ ਮੁਝੇ ਪਹਿਨਣੇ ਕੋ ਦੇ ਦੋ–ਵਾਪਸ ਆਕਰ ਲੌਟਾ ਦੂੰਗਾ।" ਉਸ ਦੇ ਇਕ ਸਾਥੀ ਨੇ ਕਿਹਾ ਸੀ।

"ਨਾਹੀਂ–ਯੇਹ ਕੈਸੇ ਹੋ ਸਕਤਾ ਹੈ।" ਉਹ ਝੱਟ ਬੋਲਿਆ ਸੀ।

"ਫਿਰ–ਪੈਸੇ ਲੇ ਲੋ।"

"ਨਾਹੀਂ, ਨਾਹੀਂ," ਕਹਿ ਉਹ ਭਾਰੀ ਮਨ ਨਾਲ ਮੋਟਰ ਵੱਲ ਤੁਰ ਪਿਆ ਸੀ।



ਤਿੰਨ ਸਾਲ ਬੀਤ ਗਏ। ਉਹ ਕੁੜਤੇ ਪਜਾਮੇ ਨੂੰ ਪਾਉਣ ਦੀਆਂ ਸਕੀਮਾਂ ਬਣਾਉਂਦਾ ਰਿਹਾ ਤੇ ਸਕੀਮਾਂ–ਸਕੀਮਾਂ ਤਕ ਹੀ ਸੀਮਤ ਰਹੀਆਂ। ਘਰ 'ਚ ਪੈਸਿਆਂ ਦੀ ਤੰਗੀ ਨੇ ਉਸ ਨੂੰ ਹੋਰ ਕੱਪੜੇ ਵੀ ਖਰੀਦਣ ਨਾ ਦਿੱਤੇ। ਸਰਦਾਰ ਦਾ ਕੰਮ ਵਧਦਾ ਗਿਆ। ਇਕ ਤੋਂ ਦੂਜੀ ਤੇ ਦੂਜੀ ਤੋਂ ਤੀਜੀ ਮੋਟਰ ਤੱਕ ਉਹ ਆਉਂਦਾ–ਜਾਂਦਾ ਰਹਿੰਦਾ। ਸਰਦਾਰ ਨੇ ਉਸ ਦੇ ਪੰਝੀ ਰੁਪਏ ਹੋਰ ਵਧਾ ਦਿੱਤੇ ਸਨ। ਉਹ ਹਰ ਮਹੀਨੇ ਪੰਜ ਰੁਪਏ ਆਪਣੇ ਲਈ ਰੱਖ–ਬਾਕੀ ਪੈਸੇ ਘਰ ਨੂੰ ਭੇਜ ਦੇਂਦਾ। ਉਸ ਦੇ ਬਾਪੂ ਨੂੰ ਦਮੇਂ ਦੀ ਬਿਮਾਰੀ ਸੀ। ਉਸ ਦੇ ਭੇਜੇ ਅੱਧ–ਪਚੱਧੇ ਪੈਸੇ ਤਾਂ ਉਸ ਦੀ ਬਿਮਾਰੀ 'ਤੇ ਲੱਗ ਜਾਂਦੇ ਸਨ।

****

ਉਸ ਦੇ ਗੌਨੇ ਦੀ ਚਿੱਠੀ ਆਈ ਤਾਂ ਉਸ ਗੌਨੇ ਵੇਲੇ ਕੁੜਤਾ ਪਜਾਮਾ ਪਾਉਣਾ ਠੀਕ ਸਮਝਿਆ। ਉਸ ਸਰਦਾਰ ਨੂੰ ਜਾਣ ਲਈ ਕਿਹਾ। ਵਾਢੀਆਂ ਦੇ ਦਿਨ ਸਨ। ਸਰਦਾਰ ਕਿਥੇ ਛੱਡਦੇ ਹਨ ਕਿਸੇ ਨੂੰ ਵਢਾਈਆਂ ਦੇ ਦਿਨਾਂ 'ਚ। ਅੱਜ ਜਾਈਂ–ਕਲ੍ਹ ਜਾਈਂ 'ਚ ਕਿੰਨੇ ਦਿਨ ਲੰਘ ਗਏ ਤੇ ਉਹ ਗੌਨੇ ਤੋਂ ਦੋ ਦਿਨ ਪਹਿਲਾਂ, ਸਰਦਾਰ ਦੇ ਮੁੰਡੇ ਦੇ ਪੁਰਾਣੇ ਕੱਪੜੇ ਪਾ ਕੇ ਤੇ ਕੁੜਤੇ ਪਜਾਮੇ ਵਾਲਾ ਥੈਲਾ ਪਿੱਛੇ ਨੂੰ ਲਟਕਾ, ਪਿੰਡ ਦੀ ਗੱਡੀ ਚੜ੍ਹ ਗਿਆ।

ਉਨ੍ਹਾਂ ਦਾ ਕੱਚਾ ਘਰ ਮੋੜ ਦੇ ਬਿਲਕੁਲ ਸਾਹਮਣੇ ਸੀ। ਦੂਰੋਂ ਹੀ ਕਲੀ ਹੋਏ ਘਰ ਨੂੰ ਦੇਖ, ਉਸ ਨੂੰ ਚਾਅ ਜਿਹਾ ਚੜ੍ਹ ਗਿਆ। ਉਹ ਤੇਜ਼ੀ–ਤੇਜ਼ੀ ਪੈਰ ਪੁਟਦਾ ਘਰ ਅੰਦਰ ਗਿਆ। ਵੱਡੇ ਸਾਰੇ ਪਤੀਲੇ 'ਚ ਚੌਲ ਉਬਾਲ ਰਹੇ ਸਨ ਤੇ ਉਸ ਦੀ ਮਾਂ, ਕੁਝ ਹੋਰ ਜਨਾਨੀਆਂ ਤੇ ਉਸ ਦੀਆਂ ਭੈਣਾਂ ਹਰ–ਹਰ ਦੀ ਦਾਲ ਚੁਗ ਰਹੀਆਂ ਸਨ। ਚੌਂਹ ਪਾਸੀਂ ਸਫਾਈ ਸੀ। ਉਸ ਨੂੰ ਦੇਖ ਸਾਰੇ ਕੰਮ ਛੱਡ ਉਸ ਵੱਲ ਆਏ।

"ਠੀਕ ਵਕਤ ਘਰ ਆ ਗਯਾ ਬੇਟਵਾ," ਮਾਂ ਨੇ ਉਸ ਦੇ ਸਿਰ 'ਤੇ ਪਿਆਰ ਦਿੱਤਾ ਤੇ ਮੂੜਾ ਬੈਠਣ ਲਈ ਦਿੱਤਾ। ਭੈਣਾਂ ਪਹਿਲਾਂ ਪਾਣੀ ਤੇ ਫੇਰ ਚਾਹ ਬਣਾ ਕੇ ਲਿਆਈਆਂ। ਬਾਪੂ ਨੇ ਘੁੱਟ ਕੇ ਜੱਫੀ ਪਾਈ ਤੇ ਹੰਝੂ ਕੇਰਨ ਲੱਗਾ। ਉਹ ਮਾਪਿਆਂ ਦਾ ਇਕੱਲਾ ਪੁੱਤ ਸੀ।

"ਬਾਪੂ ਯੇਹ ਅੱਛਾ ਨਾਹੀਂ," ਉਸ ਬਾਪੂ ਨੂੰ ਬੁਲ੍ਹਾਂ 'ਚ ਜਰਦਾ ਰੱਖਦਿਆਂ ਦੇਖ ਕਿਹਾ। ਉਹ ਦਾ ਬਾਪੂ ਕੁਝ ਨਾ ਬੋਲਿਆ ਤੇ ਉੱਠ ਕੇ ਜਰਦਾ ਬਾਹਰ ਥੁੱਕ ਆਇਆ ਜਿਵੇਂ ਉਸ ਨੂੰ ਆਪਣੇ ਪੁੱਤ ਦੀ ਗੱਲ ਠੀਕ ਲੱਗੀ ਹੋਵੇ।

ਦਿਨ ਪੰਜਾਬ ਦੀਆਂ ਗੱਲਾਂ ਤੇ ਰਾਤ ਕਲ੍ਹ ਦੇ ਪ੍ਰੋਗਰਾਮ ਦੀਆਂ ਸਕੀਮਾਂ 'ਚ ਗੁਜ਼ਰ ਗਈ।

ਗੌਨੇ ਦੇ ਸਾਰੇ ਸ਼ਗਨ ਪੂਰੇ ਹੋਣ ਲੱਗੇ। ਭੈਣਾਂ ਨੇ ਉਸ ਨੂੰ ਮਲ ਮਲ ਕੇ ਨਹਾਇਆ ਤੇ ਖ਼ੁਸ਼ੀ ਦੇ ਗੀਤ ਗਾਏ। ਨਹਾਉਣ ਤੋਂ ਬਾਅਦ, ਜਦੋਂ ਮਾਂ ਨੇ ਉਸ ਨੂੰ ਪਹਿਣਨ ਲਈ ਕਮੀਜ਼ ਤੇ ਧੋਤੀ ਦਿੱਤੀ ਤਾਂ ਉਸ ਕਿਹਾ–"ਮਾਂ ਮੇਰੇ ਪਾਸ ਆਪਣਾ ਕੁੜਤਾ–ਪਜਾਮਾ ਹੈ–ਵੋਹ ਸਾਮਨੇ ਕੀਲੀ ਕੇ ਸਾਥ ਜੋ ਥੈਲਾ ਲਟਕ ਰਹਾ ਹੈ–ਵੋ ਮੁਝੇ ਦੇ ਦੋ।"

ਉਸ ਥੈਲੇ 'ਚੋਂ ਕੁੜਤਾ ਪਜਾਮਾ ਕੱਢਿਆ ਤੇ ਝਾੜਿਆ। ਤਿੰਨ–ਚਾਰ ਟਿੱਡੀਆਂ ਉੱਡੀਆਂ। ਦੋ ਤਾਂ ਉਸ ਦੇ ਨੰਗੇ ਪਿੰਡੇ 'ਤੇ ਬੈਠ ਗਈਆਂ। ਉਹ ਤ੍ਰਭਕ ਗਿਆ। ਕੁੜਤੇ ਪਜਾਮੇ 'ਚ ਤਾਂ ਛੇਕ ਹੀ ਛੇਕ ਹੋ ਗਏ ਸਨ। ਬੂਰਾ ਹਵਾ 'ਚ ਉਡਿਆ। ਉਸ ਨੂੰ ਇਤਬਾਰ



www.PunjabiLibrary.com

ਨਹੀਂ ਆਇਆ ਸੀ। ਉਸ ਕੁੜਤਾ ਪਜਾਮਾ ਅੱਖਾਂ ਦੇ ਬਿਲਕੁਲ ਸਾਹਮਣੇ ਕੀਤਾ। ਤੇਜ਼ ਸੂਰਜ ਦੀਆਂ ਕਿਰਨਾਂ ਛੇਕਾਂ ਰਾਹੀਂ ਉਸ ਦੀਆਂ ਅੱਖਾਂ 'ਚ ਪਈਆਂ।

"ਰਾਮ ਲਾਲ ਜਲਦੀ ਜਲਦੀ ਕਰੋ। ਸਮਯ ਤੋ ਹੋ ਚਲਾ," ਬਾਪੂ ਨੇ ਚੜ੍ਹਦੀ ਜਾਂਦੀ ਧੁੱਪ ਤੋਂ ਸਮੇਂ ਦਾ ਅੰਦਾਜ਼ਾ ਲਾ ਕੇ ਕਿਹਾ।

ਉਹ ਕੁਝ ਨਾ ਬੋਲਿਆ। ਕੁਝ ਚਿਰ ਪੈਰ ਦਿਆਂ ਨੌਂਹਾਂ ਨਾਲ ਗਿੱਲੀ ਮਿੱਟੀ ਨੂੰ ਖੁਰਚਦਾ ਰਿਹਾ ਜਿਵੇਂ ਉਸ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਲੱਗ ਰਿਹਾ ਸੀ ਕਿ ਇਹ ਸਭ ਕੁਝ ਕਿਵੇਂ ਹੋ ਗਿਆ। ਫੇਰ ਉਸ ਮਾਂ ਕੋਲੋਂ ਕਮੀਜ਼ ਤੇ ਧੋਤੀ ਫੜੀ ਤੇ ਕੁੜਤੇ ਪਜਾਮੇ ਨੂੰ ਮੁੜ ਥੈਲੇ 'ਚ ਪਾ ਕੇ ਰੱਖ ਦਿੱਤਾ ਜਿਵੇਂ ਉਸ ਨੂੰ ਅਜੇ ਵੀ ਕੁੜਤੇ-ਪਜਾਮੇ ਦੇ ਖਰਾਬ ਨਾ ਹੋਣ 'ਤੇ ਸ਼ੱਕ ਹੋਵੇ।



## ਜੰਗਲ 1 ਤੇ 2

'ਨ' ਦਾ ਕਤਲ ਹੋ ਗਿਆ ਸੀ। ਉਹ ਵੀ ਵੱਡੇ ਸ਼ਹਿਰ 'ਚ।

'ਨ' ਕੋਈ ਐਰਾ-ਗੈਰਾ ਨਥੂ ਖੈਰਾ ਤਾਂ ਨਹੀਂ ਸੀ ਬਈ ਜਿਸ ਦੀ ਲਾਵਾਰਿਸ਼ ਲਾਸ਼ ਸੜਕ ਕੰਢੇ ਪਈ ਰੁਲਦੀ ਰਹਿੰਦੀ ਤੇ ਇੱਲਾਂ, ਕਾਂ ਉਸ ਦੇ ਮਾਸ 'ਤੇ ਚੁੰਝਾਂ ਮਾਰਦੇ, ਉੱਡਦੇ, ਬੈਠਦੇ ਜਾਂ ਉਸ ਦੀ ਲਾਸ਼ ਨਿਗਮ ਦੀ ਗੱਡੀ ਦੀ ਉਡੀਕ ਕਰਦੀ-ਕਰਦੀ ਬੂਅ ਮਾਰਣ ਲੱਗ ਜਾਂਦੀ ਜਾਂ ਕੋਈ ਗਵਾਹੀ ਦੇਣ ਤੋਂ ਡਰਦਾ ਮਾਰਾ ਉਸ ਨੂੰ ਗੜ੍ਹੰਮ ਦੇਣੀ ਕਿਸੇ ਅੰਡਰ ਗਰਾਊਂਡ ਨਾਲੇ 'ਚ ਰੋੜ ਦਿੰਦਾ।

ਉਹ ਤਾਂ ਵਜ਼ੀਰੇ-ਆਲਾ ਸੀ। ਸ਼ਹਿਨਸ਼ਾਹ ਦਾ ਸੱਜਾ ਹੱਥ। ਕਦੇ ਅਜਿਹਾ ਸਮਾਂ ਹੀ ਨਹੀਂ ਆਇਆ ਸੀ ਕਿ ਸ਼ਹਿਨਸ਼ਾਹ ਨੇ ਉਸ ਦੀ ਸਲਾਹ ਤੋਂ ਬਿਨਾਂ ਇਕ ਕਦਮ ਵੀ ਆਪਣੇ ਮਹੱਲ 'ਚੋਂ ਬਾਹਰ ਰੱਖਿਆ ਹੋਵੇ ਜਾਂ ਕੋਈ ਅਹਿਮ ਫੈਸਲਾ ਲਿਆ ਹੋਵੇ ਜਾਂ ਵਿਦੇਸ਼ੀ ਯਾਤਰਾ ਕੀਤੀ ਹੋਵੇ।

ਪਿਛਲੇ ਦਿਨੀਂ ਤਾਂ ਮੁਲਕ ਦੀ ਹਵਾ ਵੀ ਉਸ ਦੀ ਗੁਲਾਮ ਹੋ ਕੇ ਰਹਿ ਗਈ ਸੀ।

ਆਖਿਰ ਵਜ਼ੀਰੇ-ਆਲਾ ਜਿਉਂ ਹੋਇਆ। ਪਾਲਿਸੀ-ਮੇਕਰ, ਪਾਲਿਸੀ ਬਰੋਕਰ।

ਕਾਨੂੰਨ ਦੀ ਕਿਤਾਬ ਲਿਖਣ ਵਾਲਿਆਂ ਵੀ ਤਾਂ ਕੁਝ ਸੋਚ ਵਿਚਾਰ ਕੇ ਹੀ ਉਸ ਨੂੰ ਇੰਨੀ ਤਾਕਤ ਦਿੱਤੀ ਸੀ।

ਉਂਝ ਤਾਂ ਸ਼ਹਿਨਸ਼ਾਹ ਹੇਠਾਂ ਹੋਰ ਵਜ਼ੀਰ ਵੀ ਸਨ ਪਰ 'ਨ' ਦਾ ਰੁਤਬਾ ਕਾਬਿਲੇ-ਜ਼ਿਕਰ ਸੀ। ਹੁਣ ਉਸੇ 'ਨ' ਦਾ ਕਤਲ ਹੋ ਗਿਆ ਸੀ।

ਸਾਰੇ ਟੀਵੀ ਵਾਲਿਆਂ ਨੇ ਆਪਣੇ ਰੰਗਾਰੰਗ ਪ੍ਰੋਗਰਾਮ ਵਿਚਕਾਰ ਹੀ ਰੋਕ ਕੇ ਇਹ ਅਹਿਮ ਘਟਨਾ ਦੱਸੀ ਸੀ। ਰੇਡੀਓ ਦੇ ਰਿਕਾਰਡ ਰੂਮ 'ਚੋਂ ਸ਼ਬਦ-ਬੰਦਗੀ ਦੇ ਰਿਕਾਰਡਾਂ ਦੀ ਜੰਗੀ ਪੱਧਰ 'ਤੇ ਭਾਲ ਸ਼ੁਰੂ ਹੋ ਗਈ ਸੀ। ਅਖ਼ਬਾਰਾਂ ਦੀਆਂ ਸੁਰਖੀਆਂ ਦੇ ਪੁਆਇੰਟ ਜ਼ਰਾ ਜ਼ਿਆਦਾ ਮੋਟੇ ਕੰਪੋਜ ਹੋਏ ਸਨ। ਉਹ ਵੀ ਕਾਲੀ ਪੱਟੀ ਦੇ ਘੇਰੇ 'ਚ।

ਸਕੂਲ ਕਾਲਜ ਬੰਦ ਹੋਣ ਸੰਬੰਧੀ ਐਲਾਨ ਹੋ ਚੁੱਕਿਆ ਸੀ। ਬਾਜ਼ਾਰ ਬੰਦ ਸਨ। ਲਗਦਾ ਸੀ ਜਿਵੇਂ ਇਨ੍ਹਾਂ ਪਲਾਂ 'ਚ ਜ਼ਿੰਦਗੀ ਦਾ ਉਪਰਲਾ ਸਾਹ ਉਪਰ ਤੇ ਹੇਠਲਾ ਸਾਹ ਹੇਠਾਂ ਚਲਿਆ ਗਿਆ ਹੋਵੇ।



www.PunjabiLibrary.com

ਸਿਰਫ਼ ਵੱਡੇ ਸ਼ਹਿਰ ਲਈ ਸਪੈਸ਼ਲ ਬਸਾਂ ਚਲੀਆਂ ਸਨ।

ਤੇ ਫੇਰ ?

ਸੜਕਾਂ ਨੂੰ ਕੱਚ ਦੀਆਂ ਟੁੱਟੀਆਂ ਬੋਤਲਾਂ ਨੇ ਢੱਕ ਲਿਆ ਸੀ।

ਚਹੁੰ ਪਾਸੀਂ ਧੂੰਆਂ ਹੀ ਧੂੰਆਂ ਸੀ ਜਾਂ ਕਦੇ ਤੇਜ਼ ਤੇ ਕਦੇ ਮੱਠੀਆਂ ਪੈਂਦੀਆਂ ਅੱਗ ਦੀਆਂ ਲਾਟਾਂ ਸਨ।

'ਨ' ਦਾ ਅੰਤਮ ਸਸਕਾਰ ਕਿਸ ਦਿਨ ਹੋਣਾ ਹੈ ?-ਇਸ ਸੰਬੰਧੀ ਆਪੋ ਆਪਣੇ ਅੰਦਾਜ਼ੇ ਸਨ। ਕਿਆਫੇ ਸਨ।

ਪ੍ਰਸ਼ਾਸਨ ਨੇ ਕਈ ਸ਼ਹਿਰਾਂ 'ਚ 'ਲਾਅ ਐਂਡ ਆਰਡਰ' ਬਣਾਈ ਰੱਖਣ ਲਈ ਕਰਫਿਊ ਲਾ ਦਿੱਤਾ ਸੀ।

ਕਰਫਿਊ ਤਾਂ ਆਮ ਸ਼ਹਿਰੀ ਲਈ ਹੁੰਦਾ ਹੈ ਨਾ। ਫੇਰ ਕਿਹੜਾ ਮਾਈ ਦਾ ਲਾਲ ਜੰਮਿਆਂ ਸੀ ਜਿਹੜਾ 'ਹ' ਦੀ ਗੱਡੀ ਰੋਕਦਾ ਜਾਂ ਖੜਾ ਕੇ ਚੈੱਕ ਕਰਦਾ।

'ਹ' ਦੀ ਗੱਡੀ ਆਪਣੇ ਮਿਸ਼ਨ 'ਚ ਵਾਹੋ-ਦਾਹੀ ਦੌੜ ਰਹੀ ਸੀ।

ਇਧਰ 'ਓ' ਤੇ 'ਅ', 'ਸ' ਦੀ ਕੋਠੀ 'ਚ ਬੈਠੇ ਸਨ। ਵਿਚਕਾਰ ਮੇਜ਼ ਪਿਆ ਸੀ। ਤਿੰਨਾਂ ਨੇ ਲੱਤਾਂ ਮੇਜ਼ 'ਤੇ ਟਿਕਾਈਆਂ ਸਨ। ਉਨ੍ਹਾਂ ਦੇ ਸੱਜੇ ਪਾਸੇ ਐਲ. ਸੀ. ਡੀ. ਪਈ ਸੀ। ਪੰਜ ਸੱਤ ਮਿੰਟਾਂ ਪਿੱਛੋਂ ਉਹ ਐਲ. ਸੀ. ਡੀ. ਦੀ ਸਕਰੀਨ 'ਤੇ ਨਜ਼ਰਾਂ ਟਿਕਾ ਦਿੰਦੇ-ਇਸ ਆਸ ਨਾਲ ਕਿ ਪਤਾ ਤਾਂ ਲੱਗੇ ਕਿ ਉਹ ਕਿਹੜਾ ਸੁੱਚਾ ਸੂਰਮਾ ਸੀ ਜਿਸ 'ਨ' ਸਾਹਿਬ ਦਾ ਦਿਨ ਦਿਹਾੜੇ ਕਤਲ ਕਰਨ ਦਾ ਜੇਰਾ ਕੀਤਾ। ਪਰ ਐਲ. ਸੀ. ਡੀ. ਦੀ ਸਕਰੀਨ 'ਤੇ ਤਾਂ ਭਜਨਾਂ ਤੋਂ ਬਿਨਾਂ ਕੋਈ ਦੂਜੀ ਵੰਨਗੀ ਪਿਛਲੇ ਡੇਢ ਘੰਟੇ ਤੋਂ ਨਹੀਂ ਦਿੱਸੀ ਸੀ।

ਖਿੱਝ ਕੇ 'ਸ' ਬੋਲਿਆ ਸੀ, "ਭੈਣ ਦੀ ਜਾਵਿਆ-ਕਮਾਲ ਕਰਤੀ-ਬੱਸ ਇਕੋ ਵਾਰ ਖ਼ਬਰ ਦੇ ਕੇ ਸਾਲੇ ਚੁੱਪ ਕਰ ਗਏ।"

'ਓ' ਨੇ ਉਸ ਦੀ ਸੁਰ 'ਚ ਸੁਰ ਮਿਲਾਈ ਸੀ, "ਪਤਾ ਨ੍ਹੀਂ ਡਾਇਰੈਕਟਰ ਦੇ ਦਿਮਾਗ ਵਿਚ ਇਹ ਗੱਲ ਕਿਉਂ ਨ੍ਹੀਂ ਆਈ ਬਈ ਆਹ ਵੇਲਾ ਭਜਨਾਂ ਦਾ ਨਹੀਂ ਸਗੋਂ 'ਨ' ਜੀ ਦੇ ਪਵਿੱਤਰ ਵਿਚਾਰਾਂ ਜਾਂ ਉਨ੍ਹਾਂ ਦੀ ਜ਼ਿੰਦਗੀ ਨਾਲ ਸੰਬੰਧਤ ਰਿਕਾਰਡਿੰਗਜ਼ ਨੂੰ ਦਿਖਾਉਣ ਦਾ ਆਂ।"

"ਉਹ ਜ਼ਰੂਰ ਵਿਰੋਧੀ ਗੁੱਟ ਦਾ ਹੋਣਾ। ਹੋ ਸਕਦਾ ਕਿ ਉਸ ਬੇਵਕੂਫ ਨੇ ਸਾਰੀਆਂ ਰਿਕਾਰਡਿੰਗਜ਼ ਡੈਸਟਰਾਏ ਕਰ ਦਿੱਤੀਆਂ ਹੋਣ।"

"ਭੋਲਿਆ ਪਾਤਸ਼ਾਹਾਂ ਉਸ ਦੇ ਹੇਠਾਂ ਪ੍ਰੋਡਿਊਸਰਜ਼ ਵੀ ਹੁੰਦੇ।"

'ਸ' ਉੱਠ ਕੇ ਆਪਣੀ ਕੋਠੀ ਦੇ ਬਾਹਰਲੇ ਗੇਟ ਤੱਕ ਗਿਆ ਸੀ। ਬਾਡੀ-ਗਾਰਡ ਤੰਬੂ ਦੇ ਬਾਹਰ ਤਰਪੈਲ ਵਿਛਾਈ ਤਾਸ਼ ਖੇਡ ਰਹੇ ਸਨ। ਰਫਲਾਂ ਉਨ੍ਹਾਂ ਆਪਣੇ ਪੱਟਾਂ ਉਪਰ ਰੱਖੀਆਂ ਸਨ। ਜਦੋਂ ਕਰਫਿਊ ਹੀ ਲਗਾ ਸੀ ਫੇਰ ਇਧਰ ਨੂੰ ਕਿਸੇ ਨੇ ਮੂੰਹ ਕਰਕੇ ਐਵੇਂ ਭੰਗ ਦੇ ਭਾੜੇ ਮਰ ਕੇ ਕੀ ਖੱਟਣਾ ਸੀ।

ਉਸ ਦੂਰ ਤਕ ਨਜ਼ਰ ਦੌੜਾਈ ਸੀ। ਚਹੁੰ ਪਾਸੀਂ ਸੁੰਨ ਪਸਰੀ ਸੀ।

ਇਰਾਦਾ ਤਾਂ ਉਸ ਦਾ ਇਹ ਹੋਇਆ ਸੀ ਕਿ ਆਪਣੇ ਬਾਡੀ-ਗਾਰਡਾਂ ਕੋਲ ਜਾਵੇ



ਤੇ ਉਨ੍ਹਾਂ ਨੂੰ ਅਲਰਟ ਰਹਿਣ ਲਈ ਕਹਿ ਆਵੇ ਪਰ ਉਸ ਵਿਚਾਰ ਬਦਲ ਲਿਆ ਸੀ। ਆਪਣਾ ਕੀ ਜਾਂਦਾ-ਮੌਜ ਕਰਨ ਦਿਉ। ਐਸ਼ ਲੈ ਲੈਣ।

ਤਾਸ਼ ਖੇਡਦੇ ਜੁਆਨ ਉਸ ਨੂੰ ਚੰਗੇ-ਚੰਗੇ ਲੱਗੇ ਸਨ। ਉਸ ਨੂੰ ਆਪਣੇ ਪਿਤਾ ਜੀ ਦੀ ਸਮਝਾਈ ਹੋਈ ਕੰਮ ਦੀ ਗੱਲ, "ਆਪਣੇ ਡਰਾਈਵਰ ਤੇ ਸੁਰੱਖਿਆ ਅਮਲੇ ਦਾ ਖਾਸ ਖਿਆਲ ਰੱਖਣਾ ਚਾਹੀਦਾ," ਇਕ ਵਾਰ ਫੇਰ ਯਾਦ ਆਈ ਸੀ। ਉਸ ਦੇ ਮਨ 'ਚ ਆਇਆ ਕਿ ਕਾਕੂ ਨੂੰ ਕਹੇ ਕਿ ਇਕ ਬੋਤਲ ਇਨ੍ਹਾਂ ਨੂੰ ਵੀ ਦੇ ਆਵੇ। ਐਦਾਂ ਦੇ ਮੌਕੇ ਤਾਂ ਰੱਬ ਸਬੱਬੀ ਮਿਲਦੇ ਹਨ ਪਰ ਬਾਹਰ ਬੈਠੇ ਹੋਣ ਕਰਕੇ ਉਸ ਇਕੋ ਝਟਕੇ 'ਚ ਇਹ ਵਿਚਾਰ ਮਨੋ ਵਿਸਾਰ ਦਿੱਤਾ ਸੀ। ਬਦਨਾਮੀ ਹੋਣ ਦਾ ਡਰ ਸੀ। ਅੰਦਰ ਬੈਠ ਕੇ ਬੰਦਾ ਜੋ ਮਰਜ਼ੀ ਖਾ ਪੀ ਲਵੇ। ਭਾਵੇਂ ਬਾਹਰ ਕਰਫਿਊ ਲਗਾ ਸੀ ਪਰ ਲੋਕਾਂ ਨੇ ਅੱਖਾਂ ਤਾਂ ਨਹੀਂ ਬੰਦ ਕਰ ਰੱਖੀਆਂ। ਫੇਰ ਐਸ ਵੇਲੇ ਸਮਾਂ ਪਤਾ ਨਹੀਂ ਕਦੋਂ ਹੱਥ ਦੀਆਂ ਤਲੀਆਂ 'ਚੋਂ ਤਲਕ ਜਾਵੇ।

ਨੀਵੀਂ ਪਾਈ ਹੀ ਉਹ 'ਅ' ਤੇ 'ਓ' ਕੋਲ ਆ ਬੈਠਾ ਸੀ। ਪੁੱਛਿਆ ਸੀ ਉਨ੍ਹਾਂ ਨੂੰ ਕਿਸੇ ਹੋਰ ਚੀਜ਼ ਦੀ ਲੋੜ ਤਾਂ ਨਹੀਂ ਹੈ। ਕੋਠੀ 'ਚ ਹਰੇਕ ਚੀਜ਼ ਮਿਲ ਸਕਦੀ ਹੈ। ਇਸ ਪੱਖੋਂ ਉਸ ਦੀ ਬੀਵੀ ਉਸ ਨਾਲੋਂ ਕਈ ਗੁਣਾਂ ਸਿਆਣੀ ਹੈ।

" 'ਹ' ਸਾਹਿਬ ਨੂੰ ਹੁਣ ਤਾਈਂ ਆ ਜਾਣਾ ਚਾਹੀਦਾ ਸੀ," 'ਓ' ਨੇ ਫਿਕਰਮੰਦ ਹੋ ਕੇ ਪੁੱਛਿਆ ਸੀ।

"ਹੂੰ। ਚਾਹੀਦਾ ਤਾਂ ਸੀ। ਵੈਸੇ ਤਾਂ ਉਹ ਸਾਡੇ ਸਾਰਿਆਂ ਨਾਲੋਂ ਤੇਜ਼ ਨੇ। ਪਤਾ ਨ੍ਹੀਂ ਕਿੱਥੇ ਫਸ ਗਏ...." 'ਸ' ਨੇ ਕਿਹਾ ਤੇ ਪੁੱਛਿਆ ਸੀ, "ਟੈਲੀਫੋਨ ਕਰਾਂ ?"

"ਨ੍ਹੀਂ। ਰਿਹਾ ਨਾ ਫੇਰ ਉਹੀ। ਐਦਾਂ ਦੀਆਂ ਗੱਲਾਂ ਟੈਲੀਫੋਨ ਤੇ ਨ੍ਹੀਂ ਪੁੱਛੀਦੀਆਂ ਹੁੰਦੀਆਂ।"

'ਸ' ਨੇ ਸੌਰੀ ਕਿਹਾ ਸੀ। ਜਿਵੇਂ ਉਸ ਕੋਲੋਂ ਬਹੁਤ ਵੱਡੀ ਗਲਤੀ ਹੋਣ ਜਾ ਰਹੀ ਹੋਵੇ।

ਅਜੇ ਤਾਂ ਉਹ ਪਿਛਲੀ ਗਲਤੀ ਦਾ ਖਮਿਆਜ਼ਾ ਭੁਗਤ ਰਿਹਾ ਸੀ। ਇਸੇ ਲਈ ਤਾਂ ਉਹ ਹੁਣ ਤਾਈਂ ਚੇਅਰਮੈਨ ਦੀ ਪੌੜੀ ਤੋਂ ਅਗਲਾ ਪੌਡਾ ਨਹੀਂ ਚੜ੍ਹ ਸਕਿਆ।

ਉਸ ਨੇ ਸਿਰ ਨੂੰ ਐਦਾਂ ਝਟਕਾ ਦਿੱਤਾ ਜਿਵੇਂ ਕਹਿ ਰਿਹਾ ਹੋਵੇ-'ਮਨਾ ਉਸ ਘਟਨਾ ਨੂੰ ਇਸ ਵੇਲੇ ਯਾਦ ਨਾ ਕਰਨ 'ਚ ਹੀ ਭਲਾ ਹੈ। ਨਹੀਂ ਤਾਂ ਤੇਰੇ ਕੋਲ ਇਸ ਵਾਰੀ ਵੀ ਮੌਕਾ ਸੰਭਾਲ ਨਹੀਂ ਹੋਣਾ।'

"ਮੈਂ ਪਤਾ ਕਰ ਕੇ ਆਵਾਂ," 'ਓ' ਨੇ ਗਲਾਸ ਖਾਲੀ ਕਰਕੇ ਦੋਹਾਂ ਨੂੰ ਸਲਾਹ ਮਾਰਦਿਆਂ ਪੁੱਛਿਆ ਸੀ।

"ਨ੍ਹੀਂ।" 'ਅ' ਤੇ 'ਸ' ਅਗੜ-ਪਿਛੜ ਬੋਲੇ ਸੀ।

"ਭਾਈ ਸਾਹਿਬ-ਵਿਚਲੀ ਗੱਲ ਕਿਉਂ ਨ੍ਹੀਂ ਸਮਝਦੇ। ਜੇ ਤੁਸੀਂ ਚਲੇ ਗਏ ਤੇ 'ਹ' ਸਾਹਿਬ ਆ ਗਏ-ਫੇਰ ਗੱਲ ਤਾਂ ਉਥੇ ਹੀ ਖੜ੍ਹੀ ਰਹੇਗੀ। ਪਹਿਲਾਂ ਉਨ੍ਹਾਂ ਨੂੰ ਉਡੀਕਦੇ ਸੀ। ਫਿਰ ਜੇ ਤੁਹਾਨੂੰ ਨਾ ਉਡੀਕਿਆ ਤਾਂ ਮਗਰੋਂ ਬੁੱਲ੍ਹ ਟੇਰੋਗੇ। ਸਮਾਂ ਅਗੇ ਥੋੜ੍ਹਾ। ਕੀ ਪਤਾ ਕਲ੍ਹ ਨੂੰ ਹੀ 'ਨ' ਜੀ ਦਾ ਅੰਤਮ ਸਸਕਾਰ ਕਰ ਦਿੱਤਾ ਜਾਵੇ। ਫੇਰ ਠਨ-ਠਨ ਗੋਪਾਲ ਕਰਨ ਜੋਗੇ



www.PunjabiLibrary.com

ਰਹਿ ਜਾਵਾਂਗੇ ਨਾ," 'ਸ' ਨੇ ਸਮਝਾਉਣ ਦੇ ਲਹਿਜੇ 'ਚ ਕਿਹਾ ਤਾਂ ਅੱਗੋਂ 'ਓ' ਕੋਲ ਬੋਲਣ ਜੋਗਾ ਕੁਝ ਵੀ ਨਹੀਂ ਰਿਹਾ ਸੀ।

ਐਲ. ਸੀ. ਡੀ. ਦੀ ਸਕਰੀਨ 'ਤੇ ਚਿਹਰਾ ਬਦਲਿਆ ਤਾਂ ਉਨ੍ਹਾਂ ਆਪਣੇ ਕੰਨ ਉਧਰ ਲਾ ਦਿੱਤੇ ਸਨ ਪਰ ਪੰਦਰਾਂ ਮਿੰਟਾਂ ਦੀਆਂ ਖ਼ਬਰਾਂ ਵਿਚ ਇਕ ਵਾਰੀ ਵੀ ਅਨਾਊਂਸਰ ਨੇ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਸੀ ਕਿ 'ਨ' ਜੀ ਦਾ ਕਤਲ ਕਿਸ ਕੀਤਾ।

"ਐਹ ਤੇਰੀ ਮਾਂ ਦੇ...ਰੱਖਿਆ," 'ਸ' ਦੇ ਮਨ 'ਚ ਆਇਆ ਸੀ ਕਿ ਖਾਲੀ ਗਲਾਸ ਚੁੱਕ ਕੇ ਸਕਰੀਨ 'ਤੇ ਮਾਰ ਕੇ ਇਸ ਨੂੰ ਟੁਕੜੇ-ਟੁਕੜੇ ਕਰ ਦੇਵੇ।

ਪਰ ਇਸ ਤੋਂ ਪਹਿਲਾਂ ਹੀ 'ਓ' ਨੇ ਉਸਦਾ ਧਿਆਨ ਆਪਣੇ ਵੱਲ ਮੋੜ ਲਿਆ ਸੀ। "ਕਰਫਿਊ ਤਾਂ ਕਲ੍ਹ ਨੂੰ ਅਵੱਸ਼ ਖੁੱਲ੍ਹ ਜਾਊ।"

"ਖੁੱਲ੍ਹੇਗਾ ਤਾਂ ਲੋਕ 'ਨ' ਜੀ ਦੇ ਅੰਤਮ ਦਰਸ਼ਨ ਕਰਨ ਜਾਣਗੇ।"

ਵਿਚਲੀ ਗੱਲ ਦੀ ਇਕ ਵੀ ਕੰਨੀ ਉਨ੍ਹਾਂ ਕੋਲੋਂ ਫੜੀ ਨਹੀਂ ਗਈ ਸੀ। ਉਹ ਗੱਲ ਸ਼ੁਰੂ ਕਰਦੇ ਤੇ ਵਿਚਕਾਰ ਹੀ ਛੱਡ ਕੇ ਇਕ ਦੂਜੇ ਦੇ ਮੂੰਹ ਵੱਲ ਦੇਖਣ ਲੱਗ ਜਾਂਦੇ। ਕੋਈ ਹੋਰ ਵੇਲਾ ਹੁੰਦਾ ਤਾਂ 'ਓ', ਆਪਣੀ ਫੈਕਟਰੀ ਦੀ ਕਥਾ ਛੇੜਦਾ। 'ਅ' ਆਪਣੀ ਫ਼ੌਜੀ ਜ਼ਿੰਦਗੀ ਦੇ ਕਿੱਸੇ ਸੁਣਾਉਂਦਾ ਤੇ 'ਸ' ਆਪਣੀ ਖੇਤੀਬਾੜੀ ਦੇ ਨਾਲ-ਨਾਲ ਬਾਹਰੋਂ ਮੰਗਵਾਈਆਂ ਗਊਆਂ ਦੀਆਂ ਸਿਫਤਾਂ ਦੇ ਪੁਲ੍ਹ ਬੰਨ੍ਹਦਾ।

'ਓ' ਆਪਣੇ ਜ਼ਿਲ੍ਹੇ ਦਾ ਪ੍ਰਧਾਨ ਹੈ। 'ਅ' ਆਪਣੇ ਜ਼ਿਲ੍ਹੇ ਤੋਂ ਚੁਣਿਆ ਐਮ. ਪੀ. ਹੈ। 'ਸ' ਚੇਅਰਮੈਨ ਹੈ।

'ਹ' ਇਸ ਇਲਾਕੇ 'ਚ ਉਨ੍ਹਾਂ ਦੀ ਪਾਰਟੀ ਦਾ ਪ੍ਰਧਾਨ ਹੈ। ਗੌਡ-ਫਾਦਰ।

ਇਕ ਗੱਲ ਮੰਨਣ ਵਾਲੀ ਸੀ ਕਿ ਇਨ੍ਹਾਂ ਚਹੁੰਆਂ ਦੀ ਆਪਸ 'ਚ ਰਾਸ ਮਿਲਦੀ ਸੀ। ਜੇ ਰੋਜ਼ ਨਹੀਂ ਤਾਂ ਹਫ਼ਤੇ 'ਚ ਇਕ ਅੱਧ ਵਾਰ ਇਨ੍ਹਾਂ ਚਹੁੰਆਂ ਦਾ ਮੇਲ ਅਵੱਸ਼ ਹੁੰਦਾ ਸੀ। ਥਾਂ ਭਾਵੇਂ 'ਸ' ਦੇ ਫਾਰਮ 'ਚ ਪਾਈ ਹੋਈ ਕੋਠੀ ਹੋਵੇ ਜਾਂ 'ਓ' ਦੀ ਫੈਕਟਰੀ ਦਾ ਬਾਰ-ਨੁਮਾ ਕਮਰਾ ਜਾਂ 'ਅ' ਦੀ ਡੀਫੈਂਸ ਕਾਲੋਨੀ ਦਾ ਖੁੱਲ੍ਹਾ-ਡੁੱਲ੍ਹਾ ਲਾਅਨ। 'ਹ' ਬਿਨਾਂ ਤਾਂ ਇਹ ਸਾਹ ਨਹੀਂ ਲੈਂਦੇ ਸਨ ਤੇ 'ਹ' ਦਾ ਸਾਹ ਵੀ ਇਨ੍ਹਾਂ ਕੋਲ ਗਹਿਣੇ ਰੱਖਿਆ ਹੋਇਆ ਹੈ।

ਸਾਹਮਣੇ ਗੇਟ ਵਾਲੇ ਪਾਸਿਉਂ ਕਾਰ ਦੇ ਰੁਕਣ ਦੀ ਆਵਾਜ਼ ਆਈ ਤਾਂ ਤਿੰਨੇ ਸਾਵਧਾਨ ਹੋ ਕੇ ਬੈਠ ਗਏ ਸਨ। ਉਨ੍ਹਾਂ ਦੇ ਦਿਲਾਂ ਦੀ ਧੜਕਣ ਤੇਜ਼ ਹੋ ਗਈ ਸੀ।

'ਹ' ਸਾਹਿਬ ਹੌਲੀ-ਹੌਲੀ ਉਨ੍ਹਾਂ ਵੱਲ ਆ ਰਹੇ ਸਨ।

ਉਨ੍ਹਾਂ ਦੀ ਅਸਲੀ ਖ਼ਬਰ ਜਾਣਨ ਦੀ ਉਤਸੁਕਤਾ ਉਨ੍ਹਾਂ ਦੇ ਵਸ 'ਚ ਨਹੀਂ ਆ ਰਹੀ ਸੀ।

ਕੋਈ ਪੁੱਛਦਾ, ਇਸ ਤੋਂ ਪਹਿਲਾਂ ਹੀ 'ਹ' ਨੇ ਉਨ੍ਹਾਂ ਨੂੰ ਅੰਦਰ ਜਾਣ ਲਈ ਇਸ਼ਾਰਾ ਕੀਤਾ ਤੇ ਦਰਵਾਜ਼ੇ ਕੋਲ ਆ ਕੇ ਆਪਣੇ ਡਰਾਈਵਰ ਨੂੰ ਕਿਹਾ ਸੀ, "ਕਾਕਾ, ਤੈਨੂੰ ਵੀ ਭੁੱਖ ਲੱਗੀ ਹੋਣੀ। ਸਵੇਰੇ ਦੀ ਅੱਡੀ ਜ਼ਮੀਨ ਤੇ ਲਾ ਕੇ ਨ੍ਹੀਂ ਦੇਖੀ। ਗੱਡੀ ਅੰਦਰ ਲੈ ਆ ਤੇ ਕੁਸ਼ ਖਾ ਪੀ ਲੈ-ਅਜੇ ਘੰਟਾ ਕੁ ਇਥੇ ਰੁਕਣਾ ਪੈਣਾ।"

"ਘੰਟਾ ਕੁ ਰੁਕਣਾ ਪੈਣਾਂ," ਸੁਣਦਿਆਂ ਸਾਰ ਤਿੰਨਾਂ ਨੂੰ ਅਦਿੱਖ ਚਿੰਤਾ ਨੇ ਆ



ਘੇਰਿਆ ਸੀ।

ਪਰ ਪੁੱਛਣ ਦਾ ਹੀਆਂ ਕੋਈ ਵੀ ਨਹੀਂ ਕਰ ਸਕਿਆ ਸੀ। ਤਿੰਨੇ ਜਾਣਦੇ ਸਨ ਕਿ ਜਦੋਂ ਤਾਈ 'ਹ' ਸਾਹਿਬ ਮੂਡ 'ਚ ਨਹੀਂ ਹੋਣਗੇ-ਉਦੋਂ ਤਾਈਂ ਉਨ੍ਹਾਂ ਕੋਲੋਂ ਪੂਰੀ ਤਰ੍ਹਾਂ ਗੱਲ ਨਹੀਂ ਕੀਤੀ ਜਾਣੀ।

'ਸ' ਨੇ ਗਿਲਾਸ 'ਚ ਬਰਫ਼ ਦੇ ਟੁਕੜੇ ਪਾਏ ਸਨ। 'ਹ' ਵੱਲ ਦੇਖਿਆ ਸੀ ਤੇ ਗਿਲਾਸ ਅੱਧਾ ਕੁ ਕਰਕੇ ਉਨ੍ਹਾਂ ਦੇ ਹੱਥ 'ਚ ਫੜਾ ਕੇ ਕਿਹਾ ਸੀ, "ਸਵੇਰੇ ਦੇ ਥੱਕ ਗਏ ਹੋਣੇ। ਲਉ ਪਹਿਲਾਂ ਮੋਸ਼ਨ ਬਣਾਉ।"

'ਹ' ਨੇ ਨੀਵੀਂ ਪਾਈ ਹੀ ਗਿਲਾਸ ਫੜਿਆ ਸੀ ਪਰ ਉਨ੍ਹਾਂ ਅੰਦਰ ਪਈ ਖੋਹ ਨੇ ਉਨ੍ਹਾਂ ਨੂੰ ਪੀਣ ਤੋਂ ਰੋਕ ਦਿੱਤਾ ਸੀ।

ਉਨ੍ਹਾਂ ਜਿਉਂ ਦਾ ਤਿਉਂ ਗਿਲਾਸ ਮੇਜ਼ 'ਤੇ ਰੱਖ ਦਿੱਤਾ ਤੇ ਸੋਫੇ ਨਾਲ ਢੋਅ ਲਾ ਕੇ ਅੱਖਾਂ ਬੰਦ ਕਰ ਲਈਆਂ ਸਨ।

'ਸ' ਨੇ ਫਿਕਰਮੰਦ ਹੁੰਦਿਆਂ ਪੁੱਛਿਆ ਸੀ, "ਕੀ ਗੱਲ ਹੋ ਗਈ ਭਾਈ ਸਾਹਿਬ ?"

'ਹ' ਨੇ ਢਿੱਡ 'ਤੇ ਹੱਥ ਫੇਰਿਆ ਤੇ ਬੋਲਿਆ ਸੀ, "ਯਾਰ ਸਵੇਰ ਦੀ ਇਕ ਵਾਰ ਹੀ ਚਾਹ ਪੀਤੀ। ਫੇਰ ਚਲ ਸੌ ਚਲ ਲਗੀ ਰਹੀ। ਹੁਣ ਪਹਿਲਾਂ ਮੈਂ ਕੁਸ਼ ਖਾਵਾਂਗਾ।"

ਆਪਣੇ ਨੌਕਰ ਨੂੰ ਆਵਾਜ਼ ਮਾਰਨ ਦੀ ਬਜਾਏ 'ਸ' ਆਪ ਰਸੋਈ 'ਚ ਗਿਆ ਸੀ ਤੇ ਗਰਮ ਮੀਟ ਦਾ ਡੋਂਗਾ, ਮੱਖਣ ਦੀਆਂ ਟਿੱਕੀਆਂ ਤੇ ਬਰੈਡਪੀਸ ਲੈ ਆਇਆ ਸੀ। ਉਸ ਨੂੰ 'ਹ' ਦੀ ਇਸ ਕਮਜ਼ੋਰੀ ਦਾ ਪਤਾ ਸੀ ਕਿ ਉਹ ਮੱਖਣ ਨਾਲ ਬਰੈਡ ਲੈਂਦਾ ਸੀ ਤੇ ਚਮਚੇ ਨਾਲ ਤਰੀ।

ਤਿੰਨੇ ਉਸ ਨੂੰ ਖਾਂਦੇ ਨੂੰ ਚੋਰ ਅੱਖ ਨਾਲ ਦੇਖਣ ਲਗੇ ਸਨ।

'ਹ' ਨੇ ਹੱਥ ਧੋ ਕੇ ਘੜੀ ਦੇਖੀ ਸੀ। ਤਿੰਨ ਵੱਜਣ 'ਚ ਪੰਜ ਮਿੰਟ ਰਹਿੰਦੇ ਸਨ। ਇਥੇ ਆਇਆਂ ਉਨ੍ਹਾਂ ਨੂੰ ਘੰਟਾ ਹੋ ਚਲਿਆ ਸੀ।

ਉਨ੍ਹਾਂ ਨੂੰ ਆਪਣਾ ਆਪ ਆਪਣੇ ਵੱਸ 'ਚ ਆਉਂਦਾ ਜਾਪਿਆ ਸੀ। ਭੁੱਖਾ ਢਿੱਡ ਪਹਿਲਾਂ ਖਾਣਾ ਮੰਗਦਾ ਹੈ। ਬਾਕੀ ਗੱਲਾਂ ਬਾਅਦ 'ਚ।

" 'ਨ' ਜੀ ਦਾ ਕਤਲ 'ਫ' ਬਰਾਦਰੀ ਦੇ ਇਕ ਛੋਕਰੇ ਨੇ ਕੀਤਾ। ਉਹ ਆਜ਼ਾਦੀ ਦਿਹਾੜੇ 'ਤੇ ਝੰਡਾ ਚੜਾਉਣ ਗਏ ਸਨ ਕਿ ਪਿਛੋਂ ਦੀ ਵਾਰ ਕੀਤਾ।" 'ਨ' ਨੇ ਕੰਮ ਦੀ ਗੱਲ ਦੱਸੀ ਸੀ।

"ਫ' ਬਰਾਦਰੀ ਨੇ।" ਤਿੰਨਾਂ ਨੂੰ ਅਚੰਭਾ ਹੋਇਆ ਸੀ। 'ਫ' ਬਰਾਦਰੀ ਤਾਂ ਬੜੀ ਭਲੀਮਾਨਸ ਮੰਨੀ ਗਈ ਸੀ। ਇੰਨੇ ਸਾਲਾਂ ਤੋਂ ਡਰੀ ਕੁਚਲੀ। ਬੰਦਾ ਤਾਂ ਕੀ ਕਦੇ ਉਨ੍ਹਾਂ 'ਚੋਂ ਕੋਈ ਕੁੱਤਾ ਮਾਰਨ ਦਾ ਹੀਆ ਵੀ ਨਹੀਂ ਕਰ ਸਕਿਆ ਸੀ।

"ਗੱਲ ਤੁਹਾਡੀ ਹੀ ਨ੍ਹੀਂ-ਸਾਰਿਆਂ ਨੂੰ ਹੈਰਾਨੀ ਹੁੰਦੀ ਆ। ਮੈਨੂੰ ਵੀ ਹੋਈ ਸੀ ਪਰ ਸੱਚ ਇਹੀ ਆ।"

"ਮੈਨੂੰ ਤਾਂ ਅਜੇ ਵੀ ਇਤਬਾਰ ਨ੍ਹੀਂ ਆਉਂਦਾ," 'ਓ' ਨੇ ਆਪਣੀ ਸ਼ੰਕਾ ਪ੍ਰਗਟਾਈ ਸੀ।



www.PunjabiLibrary.com

"ਕਤਲ ਕਿਉਂ ਹੋਇਆ ? ਇਹ ਵੇਲਾ ਅਜਿਹਾ ਸੋਚਣ ਦਾ ਨ੍ਹੀਂ–ਸਗੋਂ ਕੁਝ ਕਰਨ ਦਾ ਹੈ," 'ਹ' ਦੀ ਆਵਾਜ਼ 'ਚ ਚਿੜਚਿੜਾਪਨ ਆ ਗਿਆ ਸੀ।

"ਸਾਡੇ ਲਈ ਕੀ ਹੁਕਮ ਆ ?" 'ਅ' ਤੇ 'ਸ' ਕਾਹਲੀ–ਕਾਹਲੀ ਬੋਲੇ ਸਨ ਤੇ ਉੱਠ ਕੇ 'ਹ' ਦੇ ਸਾਹਮਣੇ ਪਏ ਮੇਜ਼ 'ਤੇ ਆ ਬੈਠੇ ਸਨ।

"....ਹੁਣ ਇਹ ਵੀ ਮੈਨੂੰ ਦੱਸਣਾ ਪਊ। 'ਸ' ਸਾਹਿਬ ਤੁਹਾਡੀ ਅੱਧੀ ਜ਼ਿੰਦਗੀ ਪੋਲਿਟਿਕਸ 'ਚ ਲੰਘ ਗਈ–ਪਰ ਤੁਹਾਡਾ ਦਿਮਾਗ ਥੋਥਾ ਰਿਹਾ–ਫ਼ੌਜ ਦੀ ਕੈਪਟਨੀ ਵੀ ਰਿਜ਼ਰਵਕੋਟੇ 'ਚ ਤਾਂ ਨ੍ਹੀਂ ਮਿਲੀ ਸੀ। ਹੁਣ.....," 'ਹ' ਨੇ ਆਪਣੀ ਗੱਲ ਅਧੂਰੀ ਛੱਡ ਕੇ ਆਪਣੀਆਂ ਨਜ਼ਰਾਂ ਤਿੰਨਾਂ ਦੇ ਚਿਹਰਿਆਂ 'ਤੇ ਕਿਲ ਵਾਂਗੂੰ ਠੋਕ ਦਿੱਤੀਆਂ ਸਨ।

## ਜੰਗਲ–1

ਤਿੰਨ ਦਿਨਾਂ ਬਾਅਦ।

'ਓ' ਦੀ ਸ਼ਹਿਰੋਂ ਬਾਹਰ ਪੈਂਦੀ ਫੈਕਟਰੀ ਦੇ ਬਾਰ–ਨੁਮਾ ਕਮਰੇ 'ਚ ਚਾਰੇ ਜਣੇ ਬੈਠੇ ਸਨ। ਉਨ੍ਹਾਂ ਇੱਕ ਇੱਕ ਹੀ ਪੈੱਗ ਲਾਇਆ ਸੀ। ਉਹ ਖ਼ੁਸ਼ੀ ਦੇ ਮੂਡ 'ਚ ਸਨ। ਜਿਵੇਂ ਜੋ ਕੁਝ ਹੋਇਆ ਸੀ ਜਾਂ ਉਨ੍ਹਾਂ ਕੀਤਾ ਸੀ, ਉਸ ਸਭ ਕਾਸੇ ਤੋਂ ਉਹ ਸਤੁੰਸ਼ਟ ਹੋਣ।

"ਚੁੱਕੋ", 'ਓ', 'ਸ' ਵੱਲ ਨੂੰ ਤੰਦੂਰੀ ਮੁਰਗਿਆਂ ਦੀ ਪਲੇਟ ਕਰਦਾ ਹੋਇਆ ਬੋਲਿਆ ਹੈ।

'ਸ' ਥੋੜ੍ਹਾ ਜਿਹਾ ਗੰਭੀਰ ਹੁੰਦਾ ਕਹਿੰਦਾ ਹੈ, "ਇਸ ਵਾਰੀ ਆਪਣੇ ਖਾਸ ਬੰਦੇ ਵੀ ਭੇਂਟ ਚੜ੍ਹ ਗਏ।"

"ਕਿੰਨੇ ਕੁ ?" 'ਅ' ਨੇ ਪੁੱਛਿਆ ਹੈ।

"ਸੱਤ," 'ਸ' ਹੌਲੀ ਜਿਹੇ ਦੱਸਦਾ ਹੈ।

"ਲੈ–ਤੂੰ ਸੱਤਾਂ ਨੂੰ ਰੋਣਾਂ। ਮੇਰੇ ਪੰਦਰਾਂ ਜਣੇ ਬਲੀ ਦਾ ਬੱਕਰਾ ਬਣੇ। ਐਨਾ ਕੁ ਨੁਕਸਾਨ ਝਲਣਾ ਹੀ ਪੈਂਦਾ," ਕਹਿ ਕੇ 'ਅ' ਪੈੱਗ ਪਾਉਣ ਲੱਗਾ ਹੈ।

"ਮੈਂ ਤੁਹਾਡੇ ਨਾਲੋਂ ਠੀਕ ਰਿਹਾ," ਹੁਣ 'ਓ' ਬੋਲਿਆ ਹੈ।

"ਕਿਵੇਂ ?" ਦੋਵੇਂ ਉਤਸੁਕਤਾ ਨਾਲ ਪੁੱਛਦੇ ਹਨ।

"ਆਪਣਾ ਕੋਈ ਨ੍ਹੀਂ ਮਰਿਆ–ਦੂਜਿਆਂ ਦੀ ਮੈਨੂੰ ਪ੍ਰਵਾਹ ਨ੍ਹੀਂ।"

"ਫਾਇਦਾ ਤਾਂ ਸਾਰਿਆਂ ਨੂੰ ਹੋਇਆ।" 'ਹ' ਨੇ ਗੁੱਝੀ ਗੱਲ ਕੀਤੀ ਹੈ।

ਫੇਰ ਤਿੰਨੇ ਮੁਸਕੜੀਆਂ ਹੱਸੇ ਹਨ। ਜਿਵੇਂ ਉਨ੍ਹਾਂ ਦੀ ਪਰਫਾਰਮੈਂਸ ਠੀਕ ਹੀ ਰਹੀ ਹੋਵੇ। ਉਹ ਇਕ–ਇਕ ਪੈੱਗ ਹੋਰ ਲੈਂਦੇ ਹਨ ਤਾਂ ਉਨ੍ਹਾਂ ਨੂੰ ਆਪਣਾ ਕੱਦ ਹੋਰ ਉੱਚਾ ਲੱਗਦਾ ਹੈ। ਕੋਈ ਆਪਣੇ ਆਪ ਨੂੰ ਮੰਤਰੀ ਦੀ ਕੁਰਸੀ 'ਤੇ ਬੈਠਾ ਦੇਖਦਾ ਹੈ ਤੇ ਕੋਈ ਐਮ. ਪੀ. ਬਣਿਆ ਬੈਠਾ ਹੈ। ਕਿਸੇ ਨੂੰ ਲੱਗਦਾ ਹੈ ਕਿ ਦੁਖ ਭਰੇ ਦਿਨ ਬੀਤੇ ਰੇ ਭਈਆ ਅਬ ਸੁਖ ਆਓਰੇ।

ਹੁਣ ਸਾਰੇ ਚੁੱਪ ਹਨ। ਸਿਪ ਕਰਨ ਲੱਗੇ ਹਨ। ਖਾ ਰਹੇ ਹਨ। ਕੁਝ ਕਹਿਣਾ/



ਪੁੱਛਣਾ ਚਾਹੁੰਦੇ ਹਨ ਪਰ ਕੋਈ ਵੀ ਪਹਿਲ ਨਹੀਂ ਕਰਦਾ।

"ਬਾਲ ਬੱਚੇ ਤਾਂ ਠੀਕ ਆ," 'ਹ' ਨੇ 'ਓ' ਕੋਲੋਂ ਉਨ੍ਹਾਂ ਦੇ ਘਰ ਦੀ ਸੁਖ ਸਾਂਦ ਪੁੱਛੀ ਹੈ।

"ਮੈਂ ਤਾਂ ਕੋਠੀ ਨੂੰ ਬਾਹਰੋਂ ਜਿੰਦਰਾ ਲਵਾ ਦਿੱਤਾ ਸੀ।"

"ਮੇਰੇ ਬਾਡੀਗਾਰਡ ਤਾਂ ਕੁੱਤੇ–ਬਿੱਲੀ ਨੂੰ ਅੰਦਰ ਨ੍ਹੀਂ ਲੰਘਣ ਦਿੰਦੇ–ਮਰਦ–ਜਾਤ ਵੀ ਕੀ ਮਜ਼ਾਲ।"

"ਬੱਚਿਆਂ ਬਾਰੇ ਪਹਿਲਾਂ ਸੋਚ ਲਿਆ ਸੀ। ਤਿੰਨ ਦਿਨ ਫਾਰਮ 'ਤੇ ਮੌਜ ਨਾਲ ਰਹੇ।"

ਤਿੰਨਾਂ ਬਾਰੋ–ਬਾਰੀ ਦੱਸਿਆ ਹੈ।

"ਤੁਸੀਂ ਆਪਣੇ ਬਾਰੇ ਦੱਸਿਆ ਨ੍ਹੀਂ," 'ਓ' ਨੇ 'ਹ' ਵੱਲ ਨੂੰ ਮੂੰਹ ਕਰਕੇ ਪੁੱਛਿਆ ਹੈ।

"ਮੇਰਾ ਵੱਡਾ ਮੁੰਡਾ 'ਕ' ਮਾਰਿਆ ਗਿਆ।"

" 'ਕ' ਮਾਰਿਆ ਗਿਆ ਹੈਂ–ਹੈਂ–ਪਰ ਸਾਨੂੰ ਪਤਾ ਕਿਉਂ ਨ੍ਹੀਂ ਲੱਗਾ ?" ਤਿੰਨੇ ਹੈਰਾਨ–ਪ੍ਰੇਸ਼ਾਨ ਉਸ ਵੱਲ ਦੇਖਦੇ ਹਨ, "ਤੁਸੀਂ ਸਾਨੂੰ ਇਨਫਾਰਮ ਨ੍ਹੀਂ ਕੀਤਾ ?"

"ਚੰਗਾ ਹੀ ਹੋਇਆ," 'ਹ' ਦੇ ਚਿਹਰੇ 'ਤੇ ਕੋਈ ਪ੍ਰੇਸ਼ਾਨੀ ਨਹੀਂ ਹੈ। ਉਨ੍ਹਾਂ ਦੇ ਚਿਹਰੇ 'ਤੇ ਫੈਲੀ ਵਿਆਕੁਲਤਾ ਨੂੰ ਘੱਟ ਕਰਦਾ ਹੋਇਆ 'ਹ' ਕਹਿੰਦਾ ਹੈ, "ਚੰਗਾ ਹੀ ਹੋਇਆ–ਤੁਸੀਂ ਪੁੱਛੋਗੇ–ਇਸ ਵਿਚ ਚੰਗਾ ਹੋਣ ਵਾਲੀ ਕਿਹੜੀ ਗੱਲ ਆ ਗਈ। ਉਹ ਆਪਣਾ ਹੀ ਪਾਲਿਟਿਕਸ ਖੇਡਣ ਲੱਗ ਪਿਆ ਸੀ। ਉਹ 'ਫ' ਬਰਾਦਰੀ ਦੇ ਨਾਲ ਜਾ ਖੜਿਆ। ਜੇ ਇਕ ਪਾਰਟੀ ਪ੍ਰਧਾਨ ਦਾ ਮੁੰਡਾ ਹੀ ਐਦਾਂ ਕਰਨ ਲੱਗ ਜਾਵੇ ਤਾਂ ਬਾਕੀਆਂ ਦਾ ਕੀ ਹੋਵੇਗਾ।...ਤੇ ਮੈਂ ਆਪ ਉਸ ਦੇ ਗੋਲੀ ਮਰਵਾ ਦਿੱਤੀ," ਕਹਿੰਦਿਆਂ 'ਹ' ਨੇ ਗਿਲਾਸ ਖਾਲੀ ਕਰ ਦਿੱਤਾ ਤੇ 'ਓ' ਨੂੰ ਹੋਰ ਪੈੱਗ ਪਾਉਣ ਲਈ ਇਸ਼ਾਰਾ ਕੀਤਾ ਹੈ।

ਹੁਣ 'ਹ' ਤੋਂ ਬਿਨਾਂ ਤਿੰਨਾਂ ਦੇ ਚਿਹਰਿਆਂ ਤੋਂ ਰੌਣਕ ਗਾਇਬ ਹੋ ਗਈ ਸੀ।

"ਚੁੱਕੋ ਆਪਣੇ–ਆਪਣੇ ਗਿਲਾਸ ਤੇ ਜਸ਼ਨ ਮੰਨਾਉ......" 'ਹ' ਮਸਤੀ 'ਚ ਆ ਕੇ ਹੁਕਮ ਸੁਣਾਉਂਦਾ ਹੈ।

ਉਹ ਚੀਕਾਂ ਮਾਰ ਰਹੇ ਹਨ। ਇਕ ਦੂਜੇ ਦਾ ਹੱਥ ਫੜ ਕੇ ਨੱਚਣ ਲੱਗੇ ਹਨ। 'ਅ' ਅਸ਼ਲੀਲ ਬੋਲੀ ਪਾਉਂਦਾ ਹੈ। 'ਓ' ਤਾੜੀਆਂ ਮਾਰ ਰਿਹਾ ਹੈ। 'ਸ' ਬੱਲੇ–ਬੱਲੇ ਕਰ ਰਿਹਾ ਹੈ। 'ਹ' ਹੱਸ–ਹੱਸ ਕੇ ਲੋਟ–ਪੋਟ ਹੋ ਰਿਹਾ ਹੈ। ਆਵਾਜ਼ਾਂ ਚਹੁੰਆਂ ਕੰਧਾਂ ਨਾਲ ਟਕਰਾ ਕੇ ਮੁੜ ਉਨ੍ਹਾਂ ਕੋਲ ਆ ਰਹੀਆਂ ਹਨ। ਕਮਰਾ ਬੰਦ ਹੈ।



www.PunjabiLibrary.com

## ਜੰਗਲ-2

ਪੰਜਾਂ ਦਿਨਾਂ ਬਾਅਦ।

'ਪ' ਨੇ ਘੁੱਗੀਆਂ ਫੜਣ ਲਈ ਜਾਲ ਵਿਛਾਇਆ ਹੋਇਆ ਹੈ। ਜਾਲ ਪਾਟਾ ਹੋਣ ਕਰਕੇ ਘੁੱਗੀਆਂ ਫੁਰਰ-ਫੁਰਰ ਕਰਦੀਆਂ ਉੱਡ ਜਾਂਦੀਆਂ ਤੇ ਉਹ ਹੱਥ ਮਲਦਾ ਰਹਿ ਜਾਂਦਾ। ਸਵੇਰ ਤੋਂ ਦੁਪਹਿਰ ਹੋ ਗਈ ਪਰ ਅਜੇ ਤਾਈਂ ਉਹ ਪੰਜ ਘੁੱਗੀਆਂ ਹੀ ਫੜ ਸਕਿਆ ਸੀ। ਤਿੰਨ ਮਰੀਆਂ। ਦੋ ਜਿਉਂਦੀਆਂ। ਉਸ ਮਨ 'ਚ ਧਾਰ ਲਿਆ ਸੀ ਕਿ ਜਦੋਂ ਤਾਈਂ ਪੱਚੀ ਘੁੱਗੀਆਂ ਨਹੀਂ ਹੋ ਜਾਂਦੀਆਂ-ਉਹ ਸਿਵਿਆਂ ਦੇ ਪਛਾੜੀ ਬਣਾਈ ਆਪਣੀ ਝੁੱਗੀ ਵੱਲ ਮੂੰਹ ਨਹੀਂ ਕਰੇਗਾ।

ਉਸ ਜਾਲ ਇਕੱਠਾ ਕੀਤਾ। ਥੋੜ੍ਹਾ ਕੁ ਅਗਾਂਹ ਗਿਆ ਤਾਂ ਉਸ ਨੂੰ ਪਿੰਡ ਵੱਲੋਂ 'ਚ' ਸਨਤੋੜ ਦੌੜਾ ਆਉਂਦਾ ਦਿੱਸਿਆ। 'ਚ' ਉਸ ਦਾ ਬਹੁਤ ਮੋਹ ਕਰਦਾ ਹੈ। ਸਕੂਲੋਂ ਆਉਂਦਾ ਹੀ ਉਸ ਵੱਲ ਦੌੜ ਪੈਂਦਾ ਤੇ ਪੜ੍ਹਾਈ ਦੀਆਂ ਅਜੀਬੋ-ਗਰੀਬ ਗੱਲਾਂ ਉਸ ਨੂੰ ਦੱਸਦਾ। ਬਹੁਤ ਸਾਰੀਆਂ ਗੱਲਾਂ ਉਸ ਲਈ ਨਵੀਆਂ ਹੁੰਦੀਆਂ ਤੇ ਇਹ ਉਸ ਨੂੰ ਆਪਣੇ ਗਿਆਨ 'ਚ ਵਾਧਾ ਕਰਦੀਆਂ ਲੱਗਦੀਆਂ।

ਉਨ੍ਹਾਂ ਦੇ ਕਬੀਲੇ 'ਚ ਇਕੋ 'ਚ' ਸਕੂਲ ਜਾਂਦਾ ਹੈ। ਹੋਰ ਕਿਸੇ ਨੇ ਕਦੇ ਪੜ੍ਹਾਈ ਵੱਲ ਮੂੰਹ ਨਹੀਂ ਕੀਤਾ। ਅੱਧ ਕੱਜੇ ਆਪਣੀਆਂ ਮਾਵਾਂ ਮਗਰ ਦੌੜਦੇ ਰਹਿੰਦੇ ਤੇ ਸੱਤਾਂ-ਅੱਠਾਂ ਦੇ ਹੁੰਦੇ ਹੀ ਆਪਣੇ ਕਿਸਬ ਦੇ ਧਨੀ ਹੋ ਜਾਂਦੇ।

"ਬਾਬਾ-ਬਾਬਾ-ਆਹ ਦੇਖ ਅਖ਼ਬਾਰ 'ਚ ਕੀ ਦਿੱਤਾ?" 'ਚ' ਨੇ ਕਾਹਲੀ-ਕਾਹਲੀ ਬੋਲਦਿਆਂ ਕਿਹਾ ਹੈ। ਉਸ ਲਈ ਇਹ ਘਟਨਾ ਉਕਾ ਹੀ ਨਵੀਂ ਸੀ। ਉਹ ਛੱਪੜੀ 'ਚੋਂ ਪਾਣੀ ਪੀਣ ਗਿਆ ਸੀ ਕਿ ਉਸ ਨੂੰ ਅਖ਼ਬਾਰ ਦਾ ਅੱਧਾ ਸਫਾ ਮਿਲ ਗਿਆ ਸੀ। ਛੱਪੜੀ ਕੰਢੇ ਹੀ ਉਸ ਨੇ 'ਨ' ਦੀ ਫੋਟੋ ਦੇਖੀ ਸੀ। ਤਾਂਡਵ ਨਾਚ ਦੀ ਕਹਾਣੀ ਪੜ੍ਹੀ ਸੀ। ਜਿਉਂ ਜਿਉਂ ਉਹ ਪੜ੍ਹਦਾ ਗਿਆ ਸੀ, ਤਿਉਂ ਤਿਉਂ ਉਸ ਦੀ ਲੂੰਈਂ ਖੜ੍ਹਦੀ ਗਈ ਸੀ। ਇਸ ਵਿਚਾਰ ਨਾਲ ਕਿ ਅਜਿਹਾ ਵੀ ਹੋ ਜਾਂਦਾ ਹੈ।

"ਦੱਸ ਪੁੱਤ ਕੀ ਹੋਇਆ?" 'ਪ' ਨੇ ਉਤਸੁਕਤਾ ਨਾਲ ਪੁੱਛਿਆ ਹੈ।

"ਆਪਣੇ ਮੁਲਕ ਦੇ ਵਜੀਰੇ ਆਲਾ 'ਨ' ਜੀ ਦਾ ਕਤਲ ਹੋ ਗਿਆ।"

"ਪੁੱਤ-ਇਹ ਤਾਂ ਬਹੁਤ ਮਾੜੀ ਗੱਲ ਹੋਈ," ਬੁੱਢਾ ਫਿਕਰਮੰਦ ਹੋਇਆ ਬੋਲਿਆ ਹੈ। ਉਹ ਆਪਣੀ ਜ਼ਿੰਦਗੀ 'ਚ ਸਿਰਫ਼ ਦੋ ਵਾਰ ਸ਼ਹਿਰ ਗਿਆ ਸੀ ਪਰ ਉਸ ਨੂੰ ਇਸ ਗੱਲ ਦਾ ਪਤਾ ਸੀ ਕਿ ਜਦੋਂ ਕਿਸੇ ਵਜੀਰੇ ਆਲਾ ਦਾ ਕਤਲ ਹੁੰਦਾ ਹੈ ਤਾਂ ਬੜਾ ਅਨਰਥ ਹੁੰਦਾ ਹੈ।

ਫੇਰ 'ਚ' ਪੜ੍ਹਦਾ ਗਿਆ ਸੀ ਤੇ ਬੁੱਢੇ ਦੇ ਹੱਥ 'ਚ ਫੜੇ ਪਿੰਜਰੇ 'ਚੋਂ ਦੋਵੇਂ ਘੁੱਗੀਆਂ ਉੱਡ ਗਈਆਂ ਸਨ। ਕਿਵੇਂ ਉੱਡ ਗਈਆਂ। ਉਸ ਨੂੰ ਇਸ ਗੱਲ ਦਾ ਪਤਾ ਨਹੀਂ ਲੱਗਾ ਸੀ। ਉਸ ਨੇ ਤਾਂ ਫੁਰਰ-ਫੁਰਰ ਦੀ ਆਵਾਜ਼ ਸੁਣੀ ਸੀ।

"ਸਮਝ ਲੈ-ਹੁਣ 'ਫ' ਬਰਾਦਰੀ ਵਾਲੇ ਵੀ ਸਾਡੇ ਨਾਲ ਰਲ ਗਏ।" ਉਸ ਦੇ ਮੂੰਹੋਂ ਅਚਾਨਕ ਨਿਕਲਿਆ ਸੀ।



"ਉਹ ਕਿਵੇਂ ਬਾਬਾ?" 'ਚ' ਨੇ ਪੁੱਛਿਆ।

ਬੁੱਢੇ ਅੰਦਰ ਕੰਬਣੀ ਛਿੜੀ। ਉਹ ਦੋ-ਚਿੱਤੀ 'ਚ ਫਸ ਗਿਆ। ਦੱਸੇ ਕਿ ਨਾ ਦੱਸੇ। ਕਿਉਂ ਜੁ 'ਚ' ਆਮ ਬੱਚਾ ਤਾਂ ਨਹੀਂ ਸੀ। ਉਹ ਤਾਂ ਅਸਾਧਾਰਣ ਸੀ। ਫੇਰ ਉਸ ਨੂੰ ਅੱਜ ਨਹੀਂ ਤਾਂ ਕਲ੍ਹ ਨੂੰ ਆਪਣੇ ਕਬੀਲੇ ਦੇ ਇਤਿਹਾਸ ਦਾ ਪਤਾ ਚੱਲ ਹੀ ਜਾਵੇਗਾ।

"ਪੁੱਤ ਆਪਣੀ ਬਰਾਦਰੀ ਨਾਲ ਵੀ ਐਦਾਂ ਹੋਇਆ ਸੀ," ਛਾਂ ਵੱਲ ਨੂੰ ਜਾਂਦਿਆਂ ਹੋਇਆਂ 'ਪ' ਨੇ ਮੁੰਡੇ ਦੀ ਉਂਗਲ ਫੜ ਲਈ ਸੀ। "ਆਪਣੇ ਵਡੇਰੇ ਜਰਾ ਵਿਆਧ ਨੇ ਰਾਜੇ ਕ੍ਰਿਸ਼ਨ ਦੇ ਪੈਰ 'ਚ ਤੀਰ ਮਾਰ ਕੇ ਉਨ੍ਹਾਂ ਨੂੰ ਮਾਰ ਦਿੱਤਾ ਸੀ। ਰਾਜੇ ਦਾ ਕਤਲ ਕੋਈ ਛੋਟੀ ਮੋਟੀ ਗੱਲ ਤਾਂ ਹੁੰਦੀ ਨ੍ਹੀਂ, ਇਸ ਨਾਲ ਤਾਂ ਥਲੜੀ ਉਪਰ ਤੇ ਉਪਰਲੀ ਥਲੇ ਆ ਜਾਂਦੀ। ਜਰਾ ਵਿਆਧ ਨੂੰ ਦੁਆਰਕਾਪੁਰੀ 'ਚੋਂ ਕੱਢ ਦਿੱਤਾ ਸੀ। ਸਾਡੇ ਤੇ ਰਾਜੇ ਦੇ ਕਤਲ ਦਾ ਕਲੰਕ ਲਗ ਗਿਆ ਸੀ ਜਿਸ ਦਾ ਖਮਿਆਜਾ ਅਸੀਂ ਅਜੇ ਤਾਈਂ ਪਿੰਡੋਂ ਬਾਹਰ ਰਹਿ ਕੇ ਭੁਗਤ ਰਹੇ ਹਾਂ। ਅਜੇ ਪਤਾ ਨ੍ਹੀਂ ਕਿੰਨਾ ਚਿਰ ਹੋਰ ਐਦਾਂ ਰਹਿਣਾ ਪਊਗਾ," ਦੱਸਦਿਆਂ 'ਪ' ਦਾ ਹੌਕਾ ਨਿਕਲ ਗਿਆ ਹੈ।

ਇਹ ਹੌਕਾ 'ਚ' ਦੇ ਛੋਟੇ ਜਿਹੇ ਦਿਲ ਦੇ ਆਰ-ਪਾਰ ਵੀ ਹੋ ਗਿਆ ਹੈ। ਉਸ ਹੋਰ ਕੁਝ ਨਹੀਂ ਪੁੱਛਿਆ ਸੀ। ਜਿਵੇਂ ਪੁੱਛਣ ਵਾਲਾ ਕੁਝ ਰਹਿ ਨਹੀਂ ਗਿਆ ਸੀ।

'ਚ' ਤੇ 'ਪ' ਦੇ ਕੰਨਾਂ 'ਚ ਦਗੜ ਦਗੜ ਦੀ ਆਵਾਜ਼ ਆ ਰਹੀ ਹੈ। ਜਿਵੇਂ ਕੁਝ ਲੋਕ ਸ਼ਹਿਰਾਂ ਤੋਂ ਜੰਗਲ ਵੱਲ ਸਨਤੋੜ ਦੌੜ ਰਹੇ ਹੋਣ।



www.PunjabiLibrary.com

# ਮੈਂ, ਕਹਾਣੀ ਤੇ ਉਹ

ਕਹਾਣੀ ਰੁਕ ਗਈ ਸੀ।

ਗੱਲ ਅੰਤ ਦੀ ਸੀ। ਦੁਪਹਿਰ ਤੋਂ ਹੀ ਮੈਂ ਦੰਦਾਂ ਨਾਲ ਪੈੱਨ ਦੇ ਖੋਲ ਦੀ ਢਿੰਮਗੀ ਚਿੱਥ ਰਿਹਾ ਸੀ ਜਿਵੇਂ ਸਭ ਕੁਝ ਇਸ ਹੱਲ ਕਰਨਾ ਹੋਵੇ। ਉਂਝ ਗੱਲ ਸੀ ਵੀ ਤਾਂ ਅੰਤ ਦੀ ਹੀ। ਗੱਲ ਕਿਸੇ ਸਿਰੇ ਕੰਢੇ ਨਹੀਂ ਲੱਗ ਰਹੀ ਸੀ। ਕੀ-ਲਿਖਾਂ, ਕੀ ਨਾ ਲਿਖਾਂ, ਵਿਚਕਾਰ ਮੈਂ ਫੱਸਿਆ ਬੈਠਾ ਸੀ। ਇਹ ਤਾਂ ਮੇਰੀ ਵੀ ਗੱਲ ਸੀ। ਵਿਚਕਾਰ ਛੱਡਿਆ ਵੀ ਨਹੀਂ ਜਾ ਸਕਦਾ ਸੀ। ਕੁਝ ਨਾ ਕੁਝ ਤਾਂ ਹੋਣਾ ਹੀ ਸੀ। ਭਾਵੇਂ ਅੱਜ ਹੁੰਦਾ ਤੇ ਭਾਵੇਂ ਕਲ੍ਹ। ਹੋ ਸਕਦਾ ਕਿ ਕਲ੍ਹ ਨਾ ਹੀ ਆਵੇ। ਪਰਸੋਂ ਦੀ ਮੰਜ਼ਲ ਤਾਂ ਬਹੁਤ ਦੂਰ ਦੀ ਹੁੰਦੀ ਹੈ।

ਅੰਤ ਉਸ ਦੀ ਜ਼ਿੰਦਗੀ ਦਾ। ਅੰਤ ਮੇਰੀ ਜ਼ਿੰਦਗੀ ਦਾ। ਅੰਤ ਨੇ ਮੇਰਾ ਅੰਤ ਦੇਖਣਾ ਸੀ। ਗੱਲ ਆਪਣੀ ਜਗ੍ਹਾ ਖੜ ਗਈ ਸੀ। ਇਕ ਤਰਤੀਬ ਦਿਮਾਗ ਵਿਚ ਆਉਂਦੀ ਤਾਂ ਝੱਟ ਦੂਜੀ ਉਸ 'ਤੇ ਕਾਂਟਾ ਮਾਰ ਦਿੰਦੀ। ਫੇਰ ਇਹ ਸਿਲਸਿਲਾ ਚਲਦਾ ਰਹਿੰਦਾ।

ਸ਼ੁਰੂਆਤ ਤਾਂ ਠੀਕ ਸੀ।

ਮੈਂ ਬੁੱਕਸਟਾਲ ਤੋਂ ਅਖ਼ਬਾਰ ਖਰੀਦੀ ਸੀ ਤੇ ਭੀੜ ਤੋਂ ਵੱਖ ਹੋ ਕੇ, ਬਸ ਦੀ ਉਡੀਕ ਕਰਨ ਲੱਗਾ ਸੀ।

"ਜ਼ਰਾ ਅਖ਼ਬਾਰ ਦਿਖਾਓ," ਉਹ ਨਿਮਰਤਾ ਨਾਲ ਬੋਲਿਆ ਸੀ।

"ਦੇਖ, ਮੈਂ ਵੀ ਪੜ੍ਹਦਾਂ। ਵਿਚਲਾ ਸਫਾ ਲੈ ਲੈ।" ਮੈਂ ਵਕੈਂਸੀਆਂ ਵਾਲੇ ਸਫੇ ਤੋਂ ਨਜ਼ਰਾਂ ਹਟਾ ਕੇ ਕਿਹਾ ਸੀ। ਅਖ਼ਬਾਰ ਖਰੀਦਦੀ ਵੀ ਇਸੇ ਕਰਕੇ ਹੈ।

"ਉਹ ਸਿਰ ਵਿਚ ਮਾਰਨਾ। ਰੋਜ਼ ਦੀਆਂ ਉਹੀ ਖਿਸੀਆਂ-ਪਿਟੀਆਂ ਖ਼ਬਰਾਂ ਪੜ੍ਹਣ ਦਾ ਕੀ ਫਾਇਦਾ।" ਉਸ ਦੀ ਆਵਾਜ਼ 'ਚ ਖਿਝ ਸੀ।

"ਕੋਈ ਖਾਸ ਗੱਲ ਆ ?" ਮੈਂ ਉਸ ਵੱਲ ਦੇਖਿਆ ਸੀ। ਉਸ ਦੋਹਾਂ ਹੱਥਾਂ ਨਾਲ ਕਮੀਜ਼ 'ਤੇ ਲੱਗੀਆਂ ਟਾਕੀਆਂ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਪਰ ਟਾਕੀਆਂ ਐਨੀਆਂ ਵੱਡੀਆਂ ਸਨ ਕਿ ਉਨ੍ਹਾਂ ਦੀ ਕੋਈ ਨਾ ਕੋਈ ਨੁੱਕਰ ਨੰਗੀ ਹੋ ਜਾਂਦੀ।

"ਖਾਸ ਹੀ ਸਮਝੋ।"

"ਕਿਹੜੀ ਖਾਸ ?"



"ਕੋਈ ਵਕੈਂਸੀ.....।" ਵਕੈਂਸੀ ਸ਼ਬਦ 'ਤੇ ਉਸ ਜ਼ਿਆਦਾ ਜ਼ੋਰ ਦਿੱਤਾ ਸੀ।

"ਕੋਈ ਨ੍ਹੀਂ ਨਿੱਕਲੀ ਮਿੱਤਰਾ।"

"ਅੱਛਾ," ਕਹਿ ਕੇ ਉਹ ਅਗਾਂਹ ਤੁਰ ਪਿਆ ਸੀ।

ਮੈਨੂੰ ਉਸ ਨਾਲ ਹਮਦਰਦੀ ਹੋ ਗਈ ਸੀ। ਉਹ ਤਾਂ ਮੇਰੇ ਵਰਗਾ ਸੀ। ਉਸਦੇ ਨਾਂਹ-ਨਾਂਹ ਕਰਦਿਆਂ ਮੈਂ ਉਸਨੂੰ ਬਾਂਹੋਂ ਫੜ ਕੇ ਟੀ-ਸਟਾਲ 'ਤੇ ਲੈ ਗਿਆ ਸੀ। ਚਾਹ ਪੀਣ ਨੂੰ ਮੇਰਾ ਵੀ ਚਿੱਤ ਕਰਦਾ ਸੀ ਤੇ ਬਸ ਆਉਣ ਵਿਚ ਅਜੇ ਸਮਾਂ ਪਿਆ ਸੀ।

ਚਾਹ ਦਾ ਕੱਪ ਖਾਲੀ ਹੁੰਦਿਆਂ ਸਾਰ ਹੀ ਉਹ ਜੇਬਾਂ ਵਿਚ ਹੱਥ ਮਾਰਨ ਲੱਗਾ ਸੀ।

'ਨ੍ਹੀਂ ਨ੍ਹੀਂ ਮਿੱਤਰਾ-ਮੈਂ ਦਊਂਗਾ।" ਮੈਂ ਉਸਦਾ ਹੱਥ ਫੜ ਲਿਆ ਸੀ।

"ਨ੍ਹੀਂ ਮੈਂ ਦਿਣਾਂ।"

ਉਸ ਟੀ-ਸਟਾਲ 'ਤੇ ਬੈਠੇ ਮੁੰਡੇ ਨੂੰ ਭਾਨ ਦਿੱਤੀ ਸੀ। ਸਾਈਕਲ 'ਤੇ ਲੱਤ ਦੇ ਕੇ ਜਾਣ ਦੀ ਕੀਤੀ ਸੀ।

"ਛਿੰਦਿਆ-ਅਜੇ ਸੁੱਤਾ ਨ੍ਹੀਂ," ਭਰਜਾਈ ਵਿਹੜੇ ਵਿਚੋਂ ਬੋਲੀ ਸੀ। ਉਹ ਮੀਂਹ ਕਣੀ ਤੋਂ ਡਰਦੀ ਸਵਾਤ ਵਿਚ ਪਾਥੀਆਂ ਰੱਖਣ ਲਈ ਉੱਠੀ ਸੀ। "ਹੁਣ ਕਿਹੜੇ ਪੇਪਰ ਦੇਣੇ ਆ। ਐਵੇਂ ਨਾ ਬਹੁਤਾ ਪੜ੍ਹਿਆ ਕਰ। ਅੱਗੇ ਕੁਸ਼ ਨ੍ਹੀਂ ਬਣਿਆ। ਹੁਣ ਕਹਾਣੀਆਂ ਲਿਖ-ਲਿਖ ਕੀ ਬਣ ਜਾਣਾਂ.....।"

ਮੈਂ ਬੱਤੀ ਬੁਝਾ ਦਿੱਤੀ ਤੇ ਕੰਧ ਨਾਲ ਢੋਅ ਲਾ ਕੇ ਬੈਠ ਗਿਆ ਸੀ। ਭਰਜਾਈ ਜ਼ਰੂਰ ਮੇਰੇ ਬਾਰੇ ਸੋਚਦੀ ਹੋਵੇਗੀ। ਹੁਣ ਤਾਂ ਇਹ ਹੀ ਮੇਰੀ ਮਾਂ ਹੈ। ਮਾਂ ਦਾ ਮੂੰਹ ਤਾਂ ਮੈਨੂੰ ਦੇਖਣਾ ਵੀ ਨਸੀਬ ਨਹੀਂ ਸੀ ਹੋਇਆ। ਘਰ ਵਿਚ ਉਸਨੂੰ ਕੋਈ ਵੱਡੀ ਚਿੰਤਾ ਨਹੀਂ ਸੀ। ਭਾਈ ਸਰਕਾਰੀ ਮੁਲਾਜ਼ਮ ਹੈ। ਉਸਨੂੰ ਇਕੋ-ਇਕ ਮੇਰੀ ਚਿੰਤਾ ਹੈ। ਉਹ ਜਦੋਂ ਵੀ ਮੇਰੇ ਵੱਲ ਦੇਖਦੀ ਹੈ ਤਾਂ ਮੈਂ ਹਵੇਲੀ ਨੂੰ ਤੁਰ ਪੈਂਦਾ ਹਾਂ। ਉਹ ਮੇਰੇ ਖਾਣ ਪੀਣ ਵੱਲ ਉਚੇਚਾ ਧਿਆਨ ਦੇਂਦੀ ਹੈ। ਡਰਦੀ ਹੈ ਕਿਧਰੇ ਉਸਦਾ ਦਿਓਰ ਵੀ ਚਿੱਤ ਛੋਟਾ ਕਰਕੇ ਗੱਡੀ ਦਿਆਂ ਪਹੀਆਂ ਥਲੇ ਨਾ ਜਾ ਪਵੇ। ਕਦੇ ਕਦੇ ਮੈਂ ਉਸ ਕੋਲ ਬੈਠਦਾ ਹਾਂ। ਕਿੰਨਾ ਪਿਆਰ ਕਰਦੀ ਹੈ ਮੈਨੂੰ ਭਰਜਾਈ। ਉਹ ਮੈਨੂੰ ਨੌਕਰੀ ਬਾਰੇ ਪੁੱਛਦੀ ਹੈ ਪਰ ਮੈਂ ਗੱਲ ਗੋਲ ਕਰ ਜਾਂਦਾ ਹਾਂ। ਅੱਜ ਉਹ ਪਹਿਲਾਂ ਨਾਲੋਂ ਵਧੇਰੇ ਓਦਾਸ ਸੀ। ਹੋ ਸਕਦਾ ਹੈ ਕਿ ਪਿੰਡ ਵਿਚ ਕਿਸੇ ਮੁੰਡੇ ਦੇ ਵਿਆਹ ਦਾ ਦਿਨ ਬੰਨਿਆ ਗਿਆ ਹੋਵੇ ਜਾਂ ਕਿਸੇ ਨੂੰ ਨੌਕਰੀ ਮਿਲ ਗਈ ਹੋਵੇ ਜਾਂ ਕੋਈ ਡੁਬੱਈ ਮਸਕਟ ਚਲਾ ਗਿਆ ਹੋਵੇ। ਮੈਨੂੰ ਉਸ ਕਈ ਸੁਨੇਹੇ ਭੇਜੇ ਸਨ ਪਰ ਮੈਂ ਹਵੇਲੀ ਵਿਚ ਬੀਮਾਰਾਂ ਵਾਂਗ ਸਾਰਾ ਦਿਨ ਪਿਆ ਰਿਹਾ ਸੀ।

ਟਿਊਬ ਜਗਾ ਕੇ ਮੈਂ ਫੇਰ ਪੈੱਨ ਚੁੱਕ ਲਿਆ ਸੀ।

ਅਕਸਰ ਉਹ ਮੈਨੂੰ ਬਸ ਸਟੈਂਡ 'ਤੇ ਦੋ ਤਿੰਨਾਂ ਹਫਤਿਆਂ ਪਿੱਛੋਂ ਮਿਲ ਪੈਂਦਾ। ਇਧਰ ਉਧਰ ਦੀਆਂ ਗੱਲਾਂ ਮਾਰ ਹਮੇਸ਼ਾ ਇਹੀ ਪੁੱਛਦਾ, "ਮੇਰੇ ਵਰਗੇ ਪੜ੍ਹੇ ਹੋਏ ਲਈ ਕੋਈ ਵਕੈਂਸੀ ਨਿਕਲੀ ?"

ਮੇਰਾ ਜੁਆਬ ਹੁੰਦਾ, "ਨ੍ਹੀਂ।"

ਤੇ ਉਹਦਾ ਅਗਲਾ ਸਵਾਲ ਹੁੰਦਾ, "ਕਿਉਂ ?"

ਮੈਂ ਕਹਿ ਦਿੰਦਾ, "ਤੂੰ ਹੀ ਦੱਸ।"

ਅੱਗੋਂ ਉਹ ਚੁੱਪ ਕਰ ਜਾਂਦਾ ਤੇ ਦੰਦਾਂ ਨਾਲ ਬੁੱਲ੍ਹ ਚਿਥਣ ਲੱਗ ਪੈਂਦਾ।

ਕੁਝ ਚਿਰ ਬਾਅਦ ਉਹ ਪੁੱਛਦਾ, "ਤੁਸੀਂ ਬੈਂਕ ਦੇ ਪੇਪਰ ਦਿੱਤੇ ਸੀ ?"



www.PunjabiLibrary.com

"ਹਾਂ।"

"ਫੇਰ ਕੀ ਬਣਿਆ ?"

"ਐਗਜਾਮ 'ਚੋਂ ਤਾਂ ਮੈਂ ਪਾਸ ਹੋ ਗਿਆ ਸੀ ਪਰ ਇੰਟਰਵਿਊ ਵਿਚੋਂ ਅਗਲਿਆਂ ਕੱਢਤਾ।"

"ਮੇਰੇ ਨਾਲ ਵੀ ਪਿਛਲੇ ਸਾਲ ਐਦਾਂ ਹੀ ਹੋਇਆ ਸੀ।" ਉਹ ਹੌਕਾ ਲੈ ਕੇ ਦੱਸਦਾ ਤੇ ਆਲੇ ਦੁਆਲੇ ਓਪਰਿਆਂ ਵਾਂਗ ਦੇਖਦਾ।

ਮੈਂ ਉਸ ਵੱਲ ਦੇਖਦਾ। ਉਹ ਮੇਰੇ ਵੱਲ। ਸਾਡੀਆਂ ਨਜ਼ਰਾਂ ਟਕਰਾਉਂਦੀਆਂ। ਉਹ ਨੀਵੀਂ ਪਾ ਕੇ ਖੱਬੇ ਪੈਰ ਨਾਲ ਸੱਜੇ ਗਿੱਟੇ ਉਪਰ ਖਾਜ ਕਰਨ ਲੱਗ ਜਾਂਦਾ ਤੇ ਕਿਸੇ ਹੋਰ ਹੀ ਦੁਨੀਆਂ 'ਚ ਗੁਆਚ ਜਾਂਦਾ।

"ਚੰਦਰ," ਮੈਂ ਉਸਨੂੰ ਹਲੂਣਦਾ।

"ਹੂੰ," ਉਹ ਅੱਖਾਂ ਝਮਕਦਾ।

"ਕਿਥੇ ਚਲਾ ਗਿਆ ਸੀ ?"

"ਮੈਂ ਕਿਥੇ ਜਾਣਾ।"

"ਕਲਰਕ ਗਰੇਡ ਦੇ ਪੇਪਰ ਆ ਗਏ।" ਮੈਂ ਉਸਨੂੰ ਯਾਦ ਕਰਾਉਂਦਾ।

"ਹਾਂ-ਅੱਪਲਾਈ ਤਾਂ ਮੈਂ ਕੀਤਾ ਜੇ...," ਅਗਲੇ ਸ਼ਬਦ ਉਸਦੇ ਮੂੰਹੋਂ ਨਾ ਨਿਕਲਦੇ ਪਰ ਉਹ ਪਹਿਲਾਂ ਨਾਲੋਂ ਚੇਤੰਨ ਜ਼ਰੂਰ ਹੋ ਜਾਂਦਾ ਜਿਵੇਂ ਉਸ ਕਲ੍ਹ ਹੀ ਪੇਪਰ ਦੇਣੇ ਹੋਣ। ਫੇਰ ਉਸ ਨੂੰ ਪੜ੍ਹਨ ਤੋਂ ਬਿਨਾਂ ਕੁਝ ਨਾ ਸੁਝਦਾ। ਨਾ ਰੋਟੀ। ਨਾ ਪਾਣੀ। ਉਸਦੀ ਲਗਨ ਹੁੰਦੀ ਕਿ ਉਸ ਹਰ ਹਾਲਤ ਵਿਚ ਪਾਸ ਹੋਣਾ ਤੇ ਚੰਗੇ ਨੰਬਰ ਲੈਣੇ ਹਨ।

ਪਰਸੋਂ ਉਹ ਪਹਿਲਾਂ ਨਾਲੋਂ ਜ਼ਿਆਦਾ ਉਦਾਸ ਸੀ। ਸਰਕਾਰ ਦੀ ਨਵੀਂ ਨੀਤੀ ਵਿਚ ਕੋਈ ਤਬਦੀਲੀ ਨਹੀਂ ਆਈ ਸੀ। ਪਹਿਲਾਂ ਤਾਂ ਉਹ ਸੋਚਦਾ ਸੀ ਕਿ ਸ਼ਾਇਦ ਉਮਰ ਵਿਚ ਛੋਟ ਮਿਲ ਜਾਵੇਗੀ ਤੇ ਉਸ ਲਈ ਹੋਰ ਮੌਕੇ ਪੈਦਾ ਹੋ ਜਾਣਗੇ।

ਉਸਦੇ ਓਵਰਏਜ ਹੋਣ ਵਿਚ ਸਿਰਫ਼ ਮਹੀਨਾ ਰਹਿ ਗਿਆ ਸੀ। ਇਸ ਨਵੀਂ ਸੋਚ ਨੇ ਉਸਦੇ ਬਾਕੀ ਬਚਦੇ ਸਾਹ ਸੱਤ ਵੀ ਸੂਤ ਲਏ ਸਨ।

ਹੁਣ ਉਹ ਕੀ ਕਰੇਗਾ ? ਇਹੀ ਸਵਾਲ ਉਸਦਾ ਸਿਰ ਘੁੰਮਾ ਦਿੰਦਾ।

ਉਸ ਦਿਨ ਉਹ ਮੈਨੂੰ ਸਾਈਕਲ ਪਿੱਛੇ ਬੈਠਾ ਕੇ ਲੈ ਤੁਰਿਆ ਸੀ, "ਤੂੰ ਵੀ ਦੇਖ ਲੈ ਜਾਂਦੀ ਵਾਰ ਦਾ ਤਮਾਸ਼ਾ।"

ਅੱਡ-ਅੱਡ ਫਟੀਆਂ ਹੋਏ ਦਰਵਾਜ਼ੇ ਤੋਂ ਦੀ ਲੰਘ ਕੇ ਮੈਂ ਉਸ ਨਾਲ ਘਰ ਦੇ ਅੰਦਰ ਗਿਆ ਸੀ। ਵਿਹੜੇ ਵਿਚ ਉਸਦੀ ਮਾਂ ਚਰਖਾ ਕੱਤਦੀ ਪਈ ਸੀ। ਮੈਂ ਸਤਿਕਾਰ ਨਾਲ ਸਿਰ ਨਿਵਾਇਆ ਤੇ ਸਵਾਤ ਵਿਚ ਮੰਜੇ 'ਤੇ ਬੈਠ ਗਿਆ ਸੀ। ਕੱਚੀ ਅਲਮਾਰੀ ਵਿਚ ਉਸਦੀਆਂ ਕਿਤਾਬਾਂ ਦਾ ਢੇਰ ਪਿਆ ਸੀ।

ਉਸ ਕਿਹਾ ਸੀ, "ਮੇਰੀ ਇਕੋ ਇਕ ਭੈਣ ਆ। ਪਹਿਲੀ ਚਿੰਤਾ ਮੈਨੂੰ ਉਸਦੇ ਵਿਆਹ ਦੀ ਆ। ਦੂਜੀ ਮੇਰੀ ਨੌਕਰੀ ਦੀ। ਸ਼ੁਕਰ ਆ ਇਹ ਮੇਰੇ ਤੋਂ ਛੋਟੀ ਆ। ਭੈਣ ਦਾ ਵਿਆਹ ਤਾਂ ਮੈਂ ਮਕਾਨ ਵੇਚ ਕੇ ਕਰ ਦਿਆਂਗਾ। ਮੈਂ ਸਵੇਰੇ ਸ਼ਹਿਰ ਨੂੰ ਤੁਰ ਜਾਂਦਾ ਹਾਂ ਕੰਮ ਲੱਭਣ ਲਈ ਪਰ ਹੱਥ ਪਲੇ ਕੁਸ਼ ਨ੍ਹੀਂ ਪੈਂਦਾ। ਜੇ ਕਿਧਰੇ ਪ੍ਰਾਈਵੇਟ ਕੰਮ ਮਿਲਦਾ ਤਾਂ ਅੱਗੋਂ ਜਮਾਨਤ ਮੰਗਦੇ ਆ। ਪਿਓ ਸਿਰ ਤੇ ਨ੍ਹੀਂ ਤੇ



ਜਮਾਨਤ ਕੋਈ ਦਿੰਦਾ ਨ੍ਹੀਂ। ਦਿਹਾੜੀ ਕਰਨ ਨੂੰ....।"

ਬਾਹਰੋਂ ਆਵਾਜ਼ ਆਈ ਸੀ।

ਉਹ ਗੜਵੀ ਵਿਚ ਚਾਹ ਲੈ ਆਇਆ ਸੀ ਤੇ ਗਿਲਾਸਾਂ ਵਿਚ ਪਾਉਂਦਿਆਂ ਕਿਹਾ ਸੀ, "ਗੁੜ ਦੀ ਆ।"

"ਕੋਈ ਗੱਲ ਨ੍ਹੀਂ। ਗੁੜ ਦੀ ਚਾਹ ਪੀ ਪੀ ਕੇ ਐਡੇ ਹੋਏ ਆਂ।" ਮੈਂ ਹੱਸ ਕੇ ਗਿਲਾਸ ਉਸ ਕੋਲੋਂ ਫੜ ਲਿਆ ਸੀ।

ਅੱਧੀ ਕੁ ਚਾਹ ਪੀਣ ਤੋਂ ਬਾਅਦ, ਉਸ ਕਿਤਾਬਾਂ ਫਰੋਲਣੀਆਂ ਸ਼ੁਰੂ ਕੀਤੀਆਂ ਸਨ। ਇਕ ਤੋਂ ਬਾਅਦ ਇਕ ਕਿਤਾਬ ਹੇਠਾਂ ਸੁੱਟੀ ਗਿਆ ਸੀ। ਕਿਤਾਬਾਂ ਦੀ ਢੇਰੀ ਵਿਚੋਂ ਇਕ ਫਾਇਲ ਕੱਢ ਕੇ ਉਸ ਮੰਜੇ 'ਤੇ ਰੱਖੀ ਸੀ। ਬਾਕੀ ਦੀਆਂ ਕਿਤਾਬਾਂ ਨੂੰ ਇਕੋ ਝਟਕੇ ਨਾਲ ਹੇਠਾਂ ਸੁੱਟ ਦਿੱਤਾ ਸੀ। ਉਸ ਇਕੱਲਾ ਇਕੱਲਾ ਸਰਟੀਫਿਕੇਟ ਮੈਨੂੰ ਦਿਖਾਇਆ ਸੀ।

"ਇਕ ਕੰਮ ਤਾਂ ਕਰ।" ਉਸ ਨੇ ਕੰਬਦਿਆਂ ਬੁੱਲ੍ਹਾਂ ਨਾਲ ਕਿਹਾ ਸੀ।

"ਕੀ ?"

"ਇਨ੍ਹਾਂ ਨੂੰ ਅੱਗ ਲਾ ਦੇ। ਹੁਣ ਤਾਂ ਇਕ ਮਹੀਨਾ ਰਹਿ ਗਿਆ।"

ਉਹ ਜਾਣਦਾ ਸੀ ਕਿ ਉਹ ਕੀ ਕਹਿ ਰਿਹਾ ਸੀ ਤੇ ਇਸਦਾ ਹਸ਼ਰ ਵੀ ਜਾਣਦਾ ਸੀ। ਸਰਟੀਫਿਕੇਟਾਂ ਨੂੰ ਪ੍ਰਾਪਤ ਕਰਨ ਲਈ ਉਸ ਕਿੰਨੀ ਮਿਹਨਤ ਕੀਤੀ ਸੀ। ਸਿਆਲਾਂ ਦੀਆਂ ਠੰਢੀਆਂ ਸਵੇਰਾਂ ਨੂੰ ਜਦੋਂ ਠਰੇ ਰੇਤਾਂ ਦਿਆਂ ਟਿੱਬਿਆਂ ਨੂੰ ਪਾਰ ਕਰਦਾ ਤਾਂ ਉਸਦਾ ਸਰੀਰ ਬਰਫ਼ ਵਾਂਗ ਜੰਮ ਜਾਂਦਾ ਸੀ। ਉਹ ਦੌੜ ਪੈਂਦਾ ਸੀ। ਪੱਕੀ ਸੜਕ 'ਤੇ ਜਾ ਕੇ ਸਾਹ ਲੈਂਦਾ ਸੀ। ਕੋਈ ਤਰਸ ਖਾ ਕੇ ਉਸਨੂੰ ਸਾਈਕਲ ਪਿੱਛੇ ਬਿਠਾ ਲੈਂਦਾ ਸੀ ਪਰ ਪੁੱਛਦਾ ਜ਼ਰੂਰ ਸੀ, "ਕਾਕਾ ਤੇਰੀ ਜੁੱਤੀ।" ਅੱਗੋਂ ਉਹ ਚੁੱਪ ਰਹਿੰਦਾ ਸੀ। ਅਗਲਾ ਫੇਰ ਪੁੱਛਦਾ ਤਾਂ ਉਹ ਕਹਿ ਦਿੰਦਾ ਸੀ, "ਜੀ, ਸਕੂਲੇ ਗੁਆਚ ਗਈ।" ਇਸ ਤਰ੍ਹਾਂ ਉਸਦੀਆਂ ਜੁੱਤੀਆਂ ਗੁਆਚਦੀਆਂ ਰਹਿੰਦੀਆਂ ਸਨ। ਗਰਮੀਆਂ ਨੂੰ ਰੇਤਾ ਅੱਗ ਵਾਂਗ ਭੁੱਖ ਉੱਠਦੀ ਸੀ। ਠੰਢੀ ਤੇ ਗਰਮ ਰੇਤਾ 'ਤੇ ਦੌੜਦਾ-ਦੌੜਦਾ ਉਹ ਇਕ ਤੋਂ ਬਾਅਦ ਇਕ ਜਮਾਤ ਪਾਸ ਕਰਦਾ ਗਿਆ ਸੀ। ਕਾਲਜ ਵਿਚ ਉਸਦੇ ਸਾਥੀ ਸਿਨੇਮਾ ਘਰਾਂ ਦੇ ਚੱਕਰ ਲਾਉਂਦੇ ਜਾਂ ਕੰਟੀਨ 'ਤੇ ਬੈਠੇ ਕੁੜੀਆਂ ਨੂੰ ਮਖੌਲ ਕਰਦੇ ਜਾਂ ਫੇਰ ਬਾਜ਼ਾਰਾਂ ਵਿਚ ਅਵਾਰਾਗਰਦੀ ਕਰਦੇ ਪਰ ਉਹ ਕਾਲਜ ਦੀ ਲਾਇਬ੍ਰੇਰੀ 'ਚ ਬੈਠਾ ਪੜ੍ਹਦਾ ਰਹਿੰਦਾ ਸੀ।

ਮਾਂ ਕਹਿੰਦੀ ਸੀ, "ਹੀਰਿਆ ਪੜ੍ਹ ਲੈ। ਘਰ ਦੇ ਨਕਸ਼ੇ ਬਦਲ ਜਾਣਗੇ। ਤੇਰਾ ਪਿਓ ਤੇ ਬਾਬਾ ਤਾਂ ਕੋਰੇ ਕਾਗਜ਼ ਸੀ," ਤੇ ਜਦੋਂ ਉਹ ਮਾਂ ਨੂੰ ਆ ਕੇ ਦੱਸਦਾ, "ਮਾਂ ਮੈਂ ਪਾਸ ਹੋ ਗਿਆਂ।" ਤਾਂ ਮਾਂ ਦਾ ਮਨ ਬਾਗੋ-ਬਾਗ ਹੋ ਜਾਂਦਾ ਸੀ। ਉਸਨੂੰ ਘਰ ਦੀਆਂ ਕੱਚੀਆਂ ਇੱਟਾਂ ਪੱਕੀਆਂ ਹੁੰਦੀਆਂ ਦਿੱਸਦੀਆਂ ਸਨ। ਉਹ ਪੁੱਤ ਦਾ ਮੱਥਾ ਚੁੰਮਦੀ। ਮੱਥੇ 'ਤੇ ਕਾਲਖ ਦਾ ਟਿੱਕਾ ਲਾਉਂਦੀ। ਦੇਵੀ-ਦੇਵਤੇ ਧਿਆਉਂਦੀ।

"ਠਹਿਰ ਜਾ ਅਜੇ ਤਾਂ ਤਿੰਨ ਮਹੀਨੇ ਪਏ।"

"ਤਿੰਨ ਨ੍ਹੀਂ-ਸਿਰਫ਼ ਇਕ ਮਹੀਨਾ ਰਹਿ ਗਿਆ।"

"ਅੱਛਾ ਅੱਛਾ।" ਮੈਂ ਆਪਣੀ ਘਬਰਾਹਟ ਅੰਦਰ ਹੀ ਪੀ ਗਿਆ ਸੀ। ਦਰਅਸਲ ਮੈਨੂੰ ਆਪਣੀ ਯਾਦ ਆ ਗਈ ਸੀ।

"ਕੁਸ਼ ਸੋਚ ਲੈ," ਮੈਂ ਮੁੜ ਕਿਹਾ ਸੀ।



www.PunjabiLibrary.com

"ਪੰਜ ਸਾਲ ਲੰਘ ਗਏ-ਹੁਣ ਮਹੀਨੇ ਵਿਚ ਕੀ ਨਵਾਂ ਚੰਦ ਚੜ੍ਹ ਜਾਊਗਾ।"

ਗੱਲ ਤਾਂ ਉਸਦੀ ਸੱਚੀ ਸੀ।

ਦੇਖਦਿਆਂ-ਦੇਖਦਿਆਂ ਉਸਨੇ ਇਕ-ਇਕ ਕਰਕੇ ਸਾਰੇ ਸਰਟੀਫਿਕੇਟਾਂ ਨੂੰ ਅੱਗ ਲਾ ਦਿੱਤੀ ਸੀ। ਫੇਰ ਨੌਕਰੀਆਂ ਲਈ ਭੇਜੀਆਂ ਰਜਿਸਟਰੀਆਂ ਦੀਆਂ ਰਸੀਦਾਂ ਨੂੰ ਵੀ ਹੋਰ। ਬਹੁਤ ਕੁਝ ਜੋ ਕਦੇ ਉਸ ਲਈ ਅਨਮੋਲ ਸੀ ਪਰ ਹੁਣ ਸਭ ਕੁਝ ਫਜ਼ੂਲ ਲੱਗ ਰਿਹਾ ਸੀ। ਕਿਤਾਬਾਂ ਵਿਚੋਂ ਨੀਲਾ ਧੂੰਆਂ ਨਿਕਲਿਆ ਸੀ।

"ਮੇਰਾ ਅੰਤ," ਉਸਦੀਆਂ ਨਜ਼ਰਾਂ 'ਚ ਇਹ ਸੁਆਲ ਉਭਰਿਆ ਸੀ।

"ਤੇਰਾ ਅੰਤ-ਮੇਰਾ ਅੰਤ।" ਕਹਿ ਕੇ ਮੈਂ ਉੱਠ ਖੜ੍ਹਿਆ ਸੀ। ਭਾਰੀ ਮਨ ਨਾਲ ਬਸ ਅੱਡੇ ਵੱਲ ਤੁਰ ਪਿਆ ਸੀ।

ਕੀ ਅੰਤ ਹੋ ਸਕਦਾ ਹੈ ?

ਕੀ ਉਹ ਜ਼ਹਿਰ ਖਾ ਕੇ ਮਰ ਜਾਵੇ ? ਕਿਸੇ ਖੂਹ, ਟੋਏ ਜਾਂ ਨਹਿਰ, ਦਰਿਆ, ਨਦੀ ਵਿਚ ਡੁੱਬ ਮਰੇ। ਕਿਸੇ ਦਾ ਕਤਲ ਕਰਕੇ ਜੇਲ੍ਹਾਂ ਵਿਚ ਰੁਲੇ ਤੇ ਨਾਲ ਹੀ ਘਰ ਦਿਆਂ ਨੂੰ ਰੁਲਾਵੇ ?

ਕੋਈ ਹੱਲ ਨਹੀਂ ਨਿਕਲਦਾ ਲੱਗਦਾ।

ਮੈਂ ਸਿਰ ਨੂੰ ਝਟਕਾ ਦਿੱਤਾ ਸੀ। ਕਿਧਰੇ ਕੋਈ ਹੱਲ ਨਿਕਲ ਆਵੇ ਪਰ ਬੇਕਾਰ। ਦਿਨ ਚੜ੍ਹ ਗਿਆ ਸੀ। ਭਰਜਾਈ ਨੇ ਚਾਹ ਪੀਣ ਲਈ ਤਿੰਨ ਚਾਰ ਵਾਰ ਆਵਾਜ਼ਾਂ ਮਾਰੀਆਂ ਸਨ।

"ਹੁਣੇ ਆਇਆ-ਹੁਣੇ ਆਇਆ," ਮੈਂ ਇਹ ਕਹਿ ਕੇ ਜੰਗਲ-ਪਾਣੀ ਲਈ ਪੱਪੀ ਕੀ ਮੋਟਰ ਵੱਲ ਚਲੇ ਗਿਆ ਸੀ।

ਬਾਹਰੋਂ ਫਾਰਿਗ ਹੋ ਕੇ, ਜਦੋਂ ਮੈਂ ਵਾਪਸ ਆਇਆ ਤਾਂ ਪੰਜ ਕੁ ਸਾਲਾਂ ਦਾ ਸੁਨੀਲ ਦੋਵੇਂ ਹੱਥਾਂ ਨਾਲ ਸਾਬਤੀ ਇੱਟ ਚੁੱਕੀ ਰਸੋਈ ਵੱਲ ਜਾ ਰਿਹਾ ਸੀ।

"ਰੱਖ ਦੇ ਏਥੇ ਓਏ-ਪੈਰ ਤੇ ਲੱਗ ਜਾਊਗੀ," ਮੈਂ ਦੂਰੋਂ ਹੀ ਕਿਹਾ ਸੀ।

"ਨਈਂ ਚਾਚਾ-ਮੈਂ ਨਈਂ ਸੁੱਟਣੀ," ਕਹਿੰਦਿਆਂ-ਕਹਿੰਦਿਆਂ ਉਹ ਰਸੋਈ ਵਿਚ ਜਾ ਵੜਿਆ ਸੀ।

"ਚਾਚਾ-ਮੈਂ ਹੋਰ ਤੁਕੂੰ," ਉਹ ਫੇਰ ਪੌੜੀਆਂ ਵੱਲ ਇੱਟ ਚੁੱਕਣ ਦੌੜ ਗਿਆ ਸੀ।

ਮੈਂ ਆਸਵੰਦ ਹੋਇਆ ਕਦੇ ਇੱਟ ਚੁੱਕੀ ਆ ਰਹੇ ਸੁਨੀਲ ਵੱਲ ਦੇਖ ਰਿਹਾ ਸੀ ਤੇ ਕਦੇ ਆਪਣੀ ਕਹਾਣੀ ਦੇ ਅੰਤ ਵੱਲ।



## ਦੋਹਾਂ ਦਾ ਹੀ

-ਭੈਣ ਦਿਆ ਯਾਰਾ....ਤੈਨੂੰ ਦਿੱਸਿਆ ਨ੍ਹੀਂ ?

-ਕੀ ਜੀ ?

-ਆਹੀ ਤੇਰੇ ਪਿਓ ਵਾਲਾ। ਮੇਰੇ ਹੱਥ ਦਾ ਇਸ਼ਾਰਾ।

-ਨ੍ਹੀਂ ਜੀ।

-ਮਾਂ ਆਪਣੀ ਦਿਆ ਖਸਮਾਂ....ਤੈਨੂੰ ਸੁਣਿਆ ਵੀ ਨ੍ਹੀਂ।

-ਨ੍ਹੀਂ ਜੀ। ਮੇਰੇ ਸਕੂਟਰ ਦੀ ਖੜ ਖੜ ਦੀ ਆਵਾਜ਼ 'ਚ ਕੁਸ਼ ਨ੍ਹੀਂ ਸੁਣਦਾ।

-ਕਿਵੇਂ ਦੌੜ ਚਲਿਆ ਸੀ ਸਾਰਿਆਂ ਨੂੰ ਘਚਾਣੀ ਦੇ ?

-ਕਿਤੇ ਵੀ ਨ੍ਹੀਂ। ਮੈਂ ਪ੍ਰੈੱਸ 'ਚ ਜਾ ਰਿਹਾ ਸੀ।

-ਨੌਕਰੀ ਕਰਦਾਂ ?

-ਜੀ।

-ਤੂੰ ਤਾਂ ਨੌਕਰੀ 'ਤੇ ਚਲਿਆ ਸੀ ਪਰ ਹਰਾਮਦੀਏ ਮਾਰੇ, ਸਾਡਾ ਤਾਂ ਮੱਕੂ ਬੱਝ ਜਾਣਾ ਸੀ।

-ਸਰਦਾਰ ਜੀ ਮੈਥੋਂ ਕੀ ਖੁਣਾਮੀ ਹੋ ਗਈ ?

-ਤੇਰੀ ਭੈਣ ਨੂੰ...ਅਜੇ ਖੁਣਾਮੀ ਪੁੱਛਦਾਂ। ਸਾਹਮਣੇ ਦਿੱਸਦਾ ਨ੍ਹੀਂ ਤੇਰੀ ਮਾਂ ਵਾਲਾ ਬੋਰਡ ਲੱਗਾ। ਰੋਡ ਕਲੋਜ਼ ਕੀਤਾ। ਇਸਦਾ ਮਤਲਬ ਸਮਝਦਾਂ ?

-ਜੀ।

-ਤਾਂ ਹੀ ਨਿਕਲ ਚਲਿਆ ਸੀ ? ਵੱਡਾ ਆਇਆ ਸੂਰਮਾ। ਅਸੀਂ ਤਾਂ ਆਦਮੀ ਕੀ-ਰਾਤ ਦੀ ਇਧਰੋਂ ਚਿੜੀ-ਸਾਰਕੀ ਨ੍ਹੀਂ ਲੰਘਣ ਦਿੱਤੀ। ਸਾਡੀ ਲਛਮਣ ਰੇਖਾ ਦੀ ਕਿਸੇ ਕੁੱਤੇ ਨੇ ਵੀ ਹੱਦ ਨ੍ਹੀਂ ਟੱਪੀ। ਕਿਸੇ ਦਾ ਖੂਨ ਕਰਕੇ ਆਇਆਂ ?

-ਮੈਂ ਤੇ ਖੂਨ !

-ਖੂਨ ਵੀ ਤੇਰੇ ਵਰਗੇ ਕਰਦੇ ਆ। ਕਿਤੋਂ ਉਪਰੋਂ ਤਾਂ ਨ੍ਹੀਂ ਡਿੱਗ ਪੈਂਦੇ।

-ਜੀ-ਜੀ......।

-ਤੈਨੂੰ ਪਤਾ ਨ੍ਹੀਂ ਰੋਡ ਕਲੋਜ਼ ਕਿਉਂ ਕੀਤਾ ?



www.PunjabiLibrary.com

–ਨ੍ਹੀਂ।
–ਕਿਉਂ ਸਾਲਿਆ ਖੇਖਣ ਕਰਦਾਂ।
–ਵਿਚੋਂ ਗੱਲ ਤਾਂ ਦੱਸੋ ਜੀ।
–ਤੈਨੂੰ ਬਿਲਕੁਲ ਪਤਾ ਨ੍ਹੀਂ।
–ਨ੍ਹੀਂ ਜੀ।
–ਮਾਰ ਮਾਰ ਕੇ ਖਲੜੀ ਉਧੇੜ ਦਊਂਗਾ...ਮਾਂ ਦਿਆਂ ਪਤੰਦਰਾ। ਅੱਧੇ ਮੁਲਕ ਨੂੰ ਪਤਾ–ਪ੍ਰਧਾਨ ਮੰਤਰੀ ਆ ਰਹੇ ਤੇ ਤੂੰ ਨਵਾਬਜ਼ਾਦਾ ਕਹਿ ਰਿਹਾਂ–ਪਤਾ ਨ੍ਹੀਂ। ਇਹ ਕਿਦਾਂ ਹੋ ਸਕਦਾ?
ਗੱਲ ਲੰਬੀ ਹੁੰਦੀ ਦੇਖ ਕੇ ਸੀ. ਆਰ. ਪੀ. ਦਾ ਇਨਸਪੈਕਟਰ ਆ ਗਿਆ ਸੀ।
–ਤੂੰ ਤਾਂ ਨਿਕਲ ਚਲਿਆ ਸੀ। ਸਾਥੋਂ ਅੱਖ ਬਚਾ ਕੇ।
–ਇਹ ਕਿਦਾਂ ਤੋਂ ਸਕਦਾ?
–ਮੈਂ ਮਗਰ ਨਾ ਦੌੜਦਾ ਤਾਂ ਤੂੰ ਛੂੰ ਮੰਤਰ ਹੋ ਜਾਣਾ ਸੀ।
–ਨ੍ਹੀਂ ਸਰਦਾਰ ਜੀ।
–ਲਿਆ ਫੇਰ ਦਿਖਾ ਕਾਗਜ਼ ਪੱਤਰ।
–ਚਾਬੀ ਤਾਂ ਤੁਸੀਂ ਕੱਢ ਲਈ।
–ਕਾਅਦੀ ਉਏ?
–ਸਕੂਟਰ ਦੀ।
–ਅੱਛਾ–ਅੱਛਾ।

****

–ਮੈਨੂੰ ਤਾਂ ਲਾਈਸੈਂਸ ਇਹਦਾ ਲੱਗਦਾ ਹੀ ਨ੍ਹੀਂ। ਜ਼ਰੂਰ ਕੋਈ ਕਾਰਾ ਕਰਕੇ ਆਇਆ ਹੋਣਾ। ਭੈਣ ਦਾ ਯਾਰ ਝੂਠ ਬੋਲਦਾ। ਤਾਂ ਹੀ ਨਿਕਲ ਚਲਿਆ ਸੀ।
–ਦਿਖਾਯੋ ਤੋ। ਕਹਿ ਕੇ ਇਨਸਪੈਕਟਰ ਨੇ ਲਾਈਸੈਂਸ ਫੜ ਲਿਆ ਤੇ ਉਲਟਾ ਪੁਲਟਾ ਕੇ ਦੇਖਣ ਲੱਗਾ।
–ਯੇਹ ਕਿਯਾ। ਇਨਸਪੈਕਟਰ ਤ੍ਰਬਕ ਕੇ ਬੋਲਿਆ।
–ਕੀ ਹੋ ਗਿਆ ਜੀ?
–ਯੇ ਤੋ ਆਪਕਾ ਲਾਈਸੈਂਸ ਨਹੀਂ ਲਗਤਾ।
–ਧਿਆਨ ਨਾਲ ਦੇਖੋ।
–ਧਿਆਨ ਸੇ ਦੇਖ ਰਹੇ ਹੈਂ। ਤੁਮਾਰੇ ਤੋ ਸਰ ਪਰ ਪਗੜੀ ਹੈ।
–ਫੇਰ ਕੀ ਹੋਇਆ।
–ਦਾੜ੍ਹੀ ਭੀ ਬੜ੍ਹੀ ਹੂਈ ਹੈ। ਬੜੀ ਬੜੀ ਮੂਛੇਂ.....।
–ਜੀ।
–ਪ੍ਰੰਤੂ?
–ਪ੍ਰੰਤੂ ਕੀ?



–ਲਾਈਸੈਂਸ ਮੇਂ ਤੋ ਤੁਮਾਰੇ ਧਰਮਿੰਦਰ ਮਾਰਕਾ ਵਾਲ ਰਖੇ ਹੂਏ ਹੈਂ।
–ਸਮੇਂ ਸਮੇਂ ਦੀ ਗੱਲ ਹੁੰਦੀ ਹੈ।
–ਅਭ ਸਮਯ ਕੋ ਕਯਾ ਹੋ ਹੂਆ?
–ਸਮੇਂ ਨੂੰ ਅੱਤਵਾਦੀਆਂ ਦਾ ਘੁਣ ਲੱਗ ਗਿਆ।
–ਯੇਹ ਭੀ ਆਪ ਲੋਗੋਂ ਕਾ ਲਗਾਯਾ।
–ਇਹ ਤੁਸੀਂ ਕਿਦਾਂ ਕਹਿਤਾ?
–ਹਮ ਨੇ ਕਯਾ ਕਹਿਨਾ ਹੈ। ਸਭ ਕੁਛ ਆਪ ਕੇ ਸਾਹਮਨੇ ਹੈ। ਆਪ ਹੀ ਬਤਾਏਂ। ਫੋਟੋ ਮੇਂ ਆਪ ਕੇ ਵਾਲ ਕਾਟੇ ਹੂਯੇ ਹੈਂ। ਅਸਲੀ ਕੈਸੇ ਪਹਿਚਾਣ ਹੋ?
–ਤੁਸੀਂ ਪਹਿਚਾਣ ਕਰ ਵੀ ਨ੍ਹੀਂ ਸਕਦੇ।
–ਕੈਸੇ ਨਹੀਂ ਕਰ ਸਕਤੇ?
–ਪੰਜਾਬ ਦੀ ਸਾਈਕਾਲੋਜੀ ਨ੍ਹੀਂ ਸਮਝ ਸਕਦੇ।
–ਬੜੇ ਸਯਾਨੇ ਬਣਤੇ ਹੈਂ। ਜਾਣਤੇ ਤੋਂ ਸਭ ਕੁਛ ਹੈਂ। ਵੈਸੇ ਹਮ ਨੇ ਸਾਈਕਾਲੋਜੀ ਸੇ ਕਯਾ ਲੇਨਾ ਦੇਨਾ। ਡਿਊਟੀ ਕਰਨੀ ਹੈ। ਆਜ ਯਹਾਂ ਪਰ ਤੋ ਕਲ ਕੋ ਵਹਾਂ। ਮੈਂ ਕਹਾਂ ਚਲ ਪੜਾ। ਕਹੀਂ ਆਪ ਮੁਝੇ....। ਸੁਣਨੇ ਮੇਂ ਆਤਾ ਹੈ ਕਿ ਆਪ ਲੋਕ ਬਾਤੋਂ ਮੇਂ ਉਲਝਾ ਲੇਤੇ ਹੈਂ। ਆਜ ਯੇਹ ਬਾਤ ਮਹਿਸੂਸ ਹੂਈ। ਕਯਾ ਨਾਮ ਹੋ ਤੁਮਾਰਾ?
–ਤਰਸੇਮ ਸਿੰਘ।
–ਪਿਤਾ ਕਾ ਨਾਮ?
–ਗੁਰਚਰਨ ਲਾਲ।
–ਕਯਾ? ਪਿਤਾ ਕਾ ਨਾਮ ਲਾਲ ਔਰ ਆਪ ਕਾ ਨਾਮ ਸਿੰਘ। ਯੇਹ ਕਯਾਂ ਬਾਤ ਹੂਈ?
–ਪੰਜਾਬ ਵਿਚ ਐਦਾਂ ਹੀ ਚਲਦਾ। ਇਕ ਭਰਾ ਨੇ ਕੇਸ ਰੱਖੇ। ਦੂਜੇ ਨੇ ਬਾਲ।
–ਗਾਂਵ ਕਾ ਨਾਮ?
–ਨੂਰਪੁਰ।
–ਤਹਿਸੀਲ?
–ਨਕੋਦਰ।
–ਕਹਾਂ ਕਾਮ ਕਰਤੇ ਹੋ?
–ਐਮ. ਬੀ. ਡੀ. ਪ੍ਰੈੱਸ 'ਚ।
–ਕਯਾ?
–ਪ੍ਰੈੱਸ ਵਿਚ ਪਰੂਫ ਰੀਡਰ।
–ਠੀਕ। ਨਿਕਾਲੋ ਆਪਣਾ ਆਈ ਕਾਰਡ।
–ਪ੍ਰਾਈਵੇਟ ਪ੍ਰੈਸਾਂ ਵਾਲਿਆਂ ਦਾ ਕੋਈ ਆਈਕਾਰਡ ਨ੍ਹੀਂ ਹੁੰਦਾ।
–ਕੈਸੇ ਨਹੀਂ ਹੋਤਾ?
–ਹੁੰਦਾ ਇਸੇ ਲਈ ਨ੍ਹੀਂ ਕਿ ਉਹ ਲਿਮਟਿਡ ਨ੍ਹੀਂ ਹੁੰਦੀਆਂ।



www.PunjabiLibrary.com

–ਗਿਰਗਿਟ ਕੀ ਭਾਂਤੀ ਰੰਗ ਬਦਲ ਲੇਤੇ ਹੈਂ। ਇਸੀ ਲੀਏ ਪਹਿਚਾਨ ਨਹੀਂ ਹੋ ਰਹੀ ਕਿ ਕਤਲ ਕੌਨ ਕਰ ਰਹਾ ਹੈ। ਮਨ ਮੇਂ ਆਇਆ ਤੋ ਵਾਲ ਰੱਖ ਲੀਏ। ਨਹੀਂ ਤੋ ਪਗੜੀ ਬਾਂਧ ਲੀ।

****

–ਸਾਹਿਬ ਕੀ ਗੱਲ ਹੋ ਗਈ? ਪੰਜਾਬ ਪੁਲਿਸ ਦੇ ਸਿਪਾਹੀ ਨੇ ਕੋਲ ਆ ਕੇ ਪੁੱਛਿਆ ਸੀ। ਉਸ ਕੋਲ ਜਾ ਕੇ ਸਮਝਾਇਆ ਸੀ, "ਸੋਧਾਈ ਬੰਦਿਆ–ਸਿਆਣਿਆਂ ਕਿਹਾ–ਇਕ ਚੁੱਪ–ਸੌ ਸੁਖ। ਬਹੁਤ ਘੱਟ ਬੋਲੀਦਾ ਹੁੰਦਾ। ਮਾਫੀ ਮੰਗ ਕੇ ਜਾਨ ਛੁੜਵਾ ਲੈ।"

–ਯੇਹ ਤੋ ਅਜੀਬ ਮੁਸੀਬਤ ਹੈ। ਡਰਾਵਿੰਗ ਲਾਈਸੈਂਸ ਮੇਂ ਔਰ ਹੈਂ ਤੋ ਯਹਾਂ ਪਰ ਔਰ। ਇਕ ਹੋਰ ਸਿਪਾਹੀ ਨੇ ਲਾਇਸੈਂਸ ਦੇਖਿਆ। ਦੋਵੇਂ ਚਿਹਰਿਆਂ ਨੂੰ ਮਿਲਾਇਆ।

–ਤੂੰ ਤਾਂ ਕੁੜਿਕੀ 'ਚ ਫਸ ਗਿਆ।

–ਕਿਉਂ?

–ਸਬੂਤ ਤੇਰੇ ਸਾਹਮਣੇ।

–ਤੁਸੀਂ ਵੀ ਕਮਾਲ ਕਰਦੇ ਹੋ।

–ਕਮਾਲ ਅਸੀਂ ਕੀ ਕਰਨਾ...ਕਮਾਲ ਤਾਂ ਤੁਹਾਡਾ ਦੇਖਣ ਵਾਲਾ।

–ਕੀ ਕੇਸ ਰੱਖਣਾ ਵੀ ਮੇਰੇ ਲਈ ਗੁਨਾਹ ਆ। ਕੇਸ ਰੱਖ ਲਈਏ ਤਾਂ ਸੀ. ਆਰ. ਪੀ. ਵਾਲੇ ਨ੍ਹੀਂ ਛੱਡਦੇ। ਜੇ ਨਾ ਰੱਖੀਏ ਤਾਂ ਅੱਤਵਾਦੀ ਨ੍ਹੀਂ ਬਖ਼ਸ਼ਦੇ।

–ਹੁਣ ਤਾਂ ਲੰਬਾ ਪੰਗਾ ਪੈ ਗਿਆ ਮਿਤਰਾ।

–ਉਹ ਕਿਦਾਂ?

–ਇਕ ਤਾਂ ਤੂੰ ਸਾਡੀ ਬਾਹੀ ਲਛਮਣ ਰੇਖਾ ਪਾਰ ਕੀਤੀ।

–ਜੀ।

–ਦੂਜੇ ਤੇਰੀ ਸ਼ਕਲ ਰੰਗ–ਬਰੰਗੀ। ਪੂਰੀ ਤਫਸੀਲ ਕਰਨੀ ਪਊ।

–ਤੁਹਾਨੂੰ ਮੇਰੇ ਤੇ ਸ਼ੱਕ ਆ?

–ਸ਼ੱਕ ਨਾਲੋਂ ਵੀ ਵਾਧੂ।

–ਫੇਰ ਐਦਾਂ ਕਰੋ। ਮੇਰੀ ਪ੍ਰੈੱਸ ਵਿਚ ਟੈਲੀਫੂਨ ਕਰ ਲਓ। ਨੰਬਰ ਹੈ 613175। ਆਪੇ ਪਤਾ ਚਲ ਜਾਊ ਜਾਂ ਪਿੰਡੋਂ.....।

–ਅਸੀਂ ਕਿਉਂ ਕਰੀਏ। ਆਪੇ ਕਰਨ ਵਾਲੇ ਕਰ ਲੈਣਗੇ। ਤੈਨੂੰ ਐਵੇਂ ਨ੍ਹੀਂ ਛੱਡਣ ਲੱਗੇ। ਸਮਝਿਆ। ਤੈਨੂੰ ਪਤਾ ਹੋਣਾ ਚਾਹੀਦਾ ਕਿ ਅੱਜ ਪ੍ਰਧਾਨ ਮੰਤਰੀ ਆ ਰਹੇ ਨੇ। ਉਨੀ–ਇੱਕੀ ਹੋ ਗਈ ਤਾਂ ਸਾਡੀ ਮਾਂ ਦੀ...ਪੁਲੀਸ ਤਾਂ ਅੱਗੇ ਲੋਕਾਂ ਨੇ ਬਦਨਾਮ ਕੀਤੀ ਆ.......।

–ਮੇਰੇ ਕੋਲ ਐਨਾ ਕੰਮ ਸੀ ਕਿ ਸਿਰ ਖੁਰਕਣ ਜੋਗੀ ਵਿਹਲ ਵੀ ਨ੍ਹੀਂ ਸੀ।

–ਇਕ ਗੱਲ ਦੱਸ।

–ਜੀ?

–ਸਾਹਮਣੇ ਰੋਡ ਕਲੋਜ ਆ। ਫੇਰ ਤੂੰ ਕਿਥੋਂ ਦਾ ਆ ਗਿਆ ਵੱਡਾ ਸੂਰਮਾ ਜਿਹੜਾ ਸਾਨੂੰ ਲਲਕਾਰ ਕੇ ਨਿਕਲ ਚਲਿਆ ਸੀ?



–ਮੈਨੂੰ ਇਥੇ ਆ ਕੇ ਯਾਦ ਆਇਆ ਕਿ ਪਰੂਫਾਂ ਵਾਲਾ ਬੰਡਲ ਤਾਂ ਘਰੇ ਰਹਿ ਗਿਆ। ਮੈਂ ਤਾਂ ਵਾਪਸ ਜਾਣ ਲਈ ਸਕੂਟਰ ਮੋੜਿਆ ਸੀ ਕਿ ਤੁਸੀਂ...।

–ਅੱਛਾ ਫੇਰ ਏਥੇ ਹੀ ਖੜ੍ਹਾ ਰਹੁ। ਜਦੋਂ ਪ੍ਰਧਾਨ ਮੰਤਰੀ ਚਲਿਆ ਗਿਆ ਫੇਰ ਤੇਰੇ ਨਾਲ ਸਿਜਦੇ ਆਂ।

****

ਉਸ ਘੜੀ 'ਤੇ ਨਜ਼ਰ ਮਾਰੀ। ਛੋਟੀ ਸੂਈ ਬਾਰ੍ਹਾਂ ਤੋਂ ਅਗਾਂਹ ਚਲੇ ਗਈ ਸੀ। ਅੱਜ ਪੇਸ਼ੀ ਹੋਈ ਸਮਝੋ। ਪਰੂਫ ਵੀ ਜ਼ਰੂਰੀ ਸਨ। ਕਿਤਾਬ ਆਊਟ ਹੋਣੀ ਸੀ। ਟੂਰ ਜਾਣਾ ਸੀ। ਉਹ ਕੀ ਜਵਾਬ ਦੇਵੇਗਾ। ਸੁਭਾਸ਼ ਨੇ ਤਾਂ ਸਿੱਧੀ ਚੜ੍ਹਾਈ ਕਰ ਦੇਣੀ। ਬੋਲਣ ਲੱਗਾ ਤਾਂ ਉਹ ਅੱਗਾ ਪਿੱਛਾ ਨਹੀਂ ਦੇਖਦਾ। ਸਾਰਿਆਂ ਨੂੰ ਇਕੋ ਰੱਸੇ ਬੰਨ ਦਿੰਦਾ। ਜੇ ਸੇਠ ਸਾਹਿਬ ਨੂੰ ਗੁੱਸਾ ਆ ਗਿਆ ਤਾਂ ਜਵਾਬ ਹੋਇਆ ਲਓ।

–ਮੇਰੀ ਸਰਕਾਰ–ਹੁਣ ਮੈਂ ਜਾਵਾਂ?

–ਕਿਉਂ?

–ਪ੍ਰੈੱਸ ਦਾ ਟਾਈਮ ਨਿਕਲ ਚਲਿਆ।

–ਚੁੱਪ ਕਰਕੇ ਖੜ੍ਹਾ ਰਹੁ। ਦੋ ਖਾ ਕੇ ਵੀ ਖੜੇਂਗਾ। ਪ੍ਰਧਾਨ ਮੰਤਰੀ ਆ ਗਏ ਆ। ਜਦੋਂ ਚਲੇਂਗੇ ਗਏ, ਫੇਰ ਤੇਰੀ ਸਾਰ ਲਵਾਂਗੇ।

****

–ਚੱਲ ਪੁੱਤ ਬੈਠ ਗੱਡੀ ਵਿਚ। ਹੁਣ ਤੈਨੂੰ ਲਾਲ ਕਿਲ੍ਹੇ ਦੀ ਸੈਰ ਕਰਾਉਂਦੇ ਆਂ।

–ਜੀ, ਕਿਹੜਾ ਲਾਲ ਕਿਲ੍ਹਾ?

–ਚੌਂਕੀ ਨੰ: ਗਿਆਰਾਂ।

–ਕਿਉਂ?

–ਜਦੋਂ ਪੁੱਠਾ ਕਰਕੇ ਟੰਗਿਆ ਤੇ ਚਿੱਤੜਾਂ 'ਤੇ ਪਟਾਂ ਪਰੇਡ ਹੋਈ ਤਾਂ ਤੋਤੇ ਵਾਂਗੂੰ ਬੋਲਣ ਲੱਗ ਪਏਂਗਾ। ਚੰਗੀ ਗੱਲ ਤਾਂ ਇਹੀ ਆ ਕਿ ਰਾਹ ਵਿਚ ਹੀ ਬਕ ਪੈ। ਤੇਰਾ ਵੀ ਭਲਾ। ਸਾਡਾ ਵੀ ਭਲਾ। ਉਥੇ ਜਾ ਕੇ ਤਾਂ ਵੱਡੇ ਵੱਡੇ ਨਾਢੂ ਖਾਂ ਸਿੱਧੇ ਹੋ ਜਾਂਦੇ ਆ ਤੂੰ ਕਿਹੜੇ ਬਾਗ ਦੀ ਮੂਲੀ ਆਂ।

–ਮੇਰਾ ਸਕੂਟਰ।

–ਸਾਲਿਆ ਸਕੂਟਰ ਦਿਆ। ਪਹਿਲਾਂ ਆਪਣੀ ਚਿੰਤਾ ਕਰ। ਇਸ ਭੈਣ ਦੇ ਯਾਰ ਬਾਲਣ ਨੂੰ ਕੌਣ ਲੈ ਚਲਿਆ।

****

ਹਨੇਰਾ ਪਸਰਦਿਆਂ ਹੀ ਉਸ ਨੂੰ ਕੋਠੜੀ ਵਿਚੋਂ ਕੱਢ ਕੇ ਐਸ. ਐਚ. ਓ. ਨੇ ਕਿਹਾ ਸੀ, "ਹਰਾਮਦੀਏ ਮਾਰੇਂ ਤੈਨੂੰ ਖੜ੍ਹਾ ਹੋਣਾ ਵੀ ਨ੍ਹੀਂ ਆਉਂਦਾ। ਆਹ ਆਪਣੇ ਮਾਂ ਦੇ ਖਸਮ ਥੱਲੇ ਕਰ। ਕਿਵੇਂ ਕੋਹੜਕਿਰਲੇ ਵਾਂਗੂੰ ਆਕੜਿਆ ਖੜਾ।

ਉਸ ਹੱਥ ਥੱਲੇ ਕਰ ਲਏ।

–ਕੀ ਨਾਂ ਆ ਤੇਰਾ?



www.PunjabiLibrary.com

–ਤਰਸੇਮ।

–ਤਰੇਸਮ। ਅੱਜ ਕਲ੍ਹ ਭੈਣ ਦੇ ਯਾਰ ਲੋਕਾਂ ਦਾ ਕੋਈ ਪਤਾ ਨ੍ਹੀਂ ਲੱਗਦਾ। ਨਾਂ ਭਾਵੇਂ ਲਾਲ ਹੋਵੇ ਪਰ ਪਿਓ ਵਾਲਾ ਪੱਗੜ ਬੰਨ੍ਹ ਲੈਂਦੇ।

–ਤਰਸੇਮ ਸਿੰਘ।

–ਅੱਛਾ–ਅੱਛਾ। ਮੈਨੂੰ ਤਾਂ ਤੇਰੀ ਸਕਲ ਪੈਂਟੇ ਨਾਲ ਮਿਲਦੀ ਲੱਗਦੀ ਆ।

–ਸਰ, ਕਿਹੜਾ ਪੈਂਟਾ ਜੀ ?

–ਛੇਤੀ ਪਤਾ ਲੱਗ ਜਾਊ।

–ਮੈਂ ਸਮਝਿਆ ਨ੍ਹੀਂ।

–ਭੈਣ ਦਿਆ ਯਾਰਾ....ਬੜੇ ਸਵਾਲ–ਜਵਾਬ ਕਰਦਾਂ। ਕਦੇ ਪੁਲਸੀਆਂ ਨਾਲ ਵਾਹ ਪਿਆ ਨ੍ਹੀਂ ਲੱਗਦਾ।....ਤੂੰ ਕੀ ਸਮਝੇਂਗਾ। ਸਮਝ ਤਾਂ ਅਸੀਂ ਵੀ ਨ੍ਹੀਂ ਸਕੇ ਇਸ ਖੇਡ ਨੂੰ।

–ਜੀ।

–ਕਿਹੜੇ ਧੜੇ ਨਾਲ ਤੇਰਾ ਸੰਬੰਧ ਆ ?

–ਕਿਹੜਾ ਧੜਾ ?

–ਗੱਲ ਸੁਣ ਲੈ ਕੰਨ ਖੋਲ੍ਹ ਕੇ। ਮੈਂ ਇਕੋ ਨੁਕਤੇ 'ਚ ਗੱਲ ਮਕਾਉਣਾ ਹੁੰਨਾ ਜਾਂ ਤਾਂ ਸੱਚ ਸੱਚ ਬੋਲ ਦੇ ਜਾਂ ਰੱਬ ਦਾ ਨਾਂ ਲੈਣਾ ਸ਼ੁਰੂ ਕਰ ਲੈ।

–ਸਰ....।

–ਛੇਤੀ ਬਕ ਪੈ ਨ੍ਹੀਂ ਤਾਂ।

–ਸਰ, ਮੈਂ ਤਾਂ ਇਕ ਮਾਮੂਲੀ ਆਦਮੀ ਹਾਂ।

–ਇਕ ਤਾਂ ਤੁਸੀਂ ਜਲਦੀ ਨ੍ਹੀਂ ਮੰਨਦੇ। ਜਦੋਂ ਹੱਡਾਂ ਵਿਚ ਪਾਣੀ ਪਾ 'ਤਾ ਫੇਰ ਬੋਲਣਾ।

–ਸਰ...ਮੈਂ.....।

–ਤੇਰੀ ਭੈਣ ਦੀ....ਅੱਗੋਂ ਸਾਲਾ ਬੋਲਦਾਂ।

–ਨ੍ਹੀਂ ਸਰ–ਮੇਰਾ ਤਾਂ ਸਿਰ ਘੁੰਮਦਾ।

–ਫੇਰ ਕਿਉਂ ਅਨਿਆਈ ਮੌਤੇ ਮਰਦਾਂ। ਤੁਹਾਡੇ ਵਰਗਿਆਂ ਦੀ ਜਵਾਨੀ ਦੇਖ ਕੇ ਕਦੇ ਕਦੇ ਤਰਸ ਆ ਹੀ ਜਾਂਦਾ।

–ਸਰ–ਮੈਂ ਉਹ ਨ੍ਹੀਂ....।

–ਓਏ ਜੋਗਿਆ। ਕਰ ਜ਼ਰਾ ਇਹਨੂੰ ਪੁੱਠਾ। ਸਾਲਾ ਆਪੇ ਮੰਨੂੰ। ਜਦੋਂ ਮਾਰ ਮਾਰ ਕੇ...ਬਾਂਦਰੀ ਦੀ...ਵਰਗੇ ਕਰਤੇ।

****

ਪਿੰਡੋਂ ਆਈ ਪੰਚਾਇਤ ਸੀ ਤੇ ਪ੍ਰੈੱਸ ਦੇ ਮੈਨੇਜਰ ਨੂੰ ਐਸ. ਐਚ. ਓ. ਨੇ ਕਿਹਾ ਸੀ.....ਤੁਸੀਂ ਦੱਸੋ....ਅਸੀਂ ਕੀ ਕਰ ਸਕਦੇ ਹਾਂ। ਸਾਨੂੰ ਤਾਂ ਉਪਰੋਂ ਹੁਕਮ ਹੁੰਦਾ...ਆਹ ਕਰ ਦਿਓ। ਸਾਡਾ ਜਵਾਬ ਹੁੰਦਾ–ਜੀ ਸਰਕਾਰ ਹੋ ਗਿਆ। ਤੁਹਾਨੂੰ ਪਤਾ ਪ੍ਰਧਾਨ ਮੰਤਰੀ ਆਏ ਤਾਂ ਸਾਡੇ ਹੱਥਾਂ ਦੇ ਤੋਤੇ ਉੱਡ ਗਏ। ਸਖਤ ਡਿਊਟੀਆਂ ਲਾਈਆਂ। ਕਈ ਸੜਕਾਂ ਬੰਦ



ਕਰਨੀਆਂ ਪਈਆਂ। ਆਖਿਰ ਦੇਸ਼ ਦਾ ਪ੍ਰਧਾਨ ਮੰਤਰੀ ਆ ਰਿਹਾ ਸੀ। ਫੇਰ ਅਜਿਹੇ ਮੌਕੇ ਪੂਰੀ ਤਫਸੀਲ ਕਰਨੀ ਪੈਂਦੀ ਆ। ਅਸੀਂ ਤਾਂ ਅੱਗੇ ਹੀ ਬਹੁਤ ਬਦਨਾਮ ਹੋਏ ਆਂ। ਫੇਰ ਕਿਸੇ ਤਰ੍ਹਾਂ ਦੀ ਨਰਮੀ ਦਾ ਕੀ ਮਤਲਬ। ਤੁਸੀਂ ਹੀ ਦੱਸੋ ?

–ਗੱਲ ਤਾਂ ਤੁਹਾਡੀ ਸੋਲ੍ਹਾਂ ਆਨੇ ਠੀਕ ਆ ਜੀ ਪਰ ਬੰਦਾ–ਕੁ–ਬੰਦਾ ਦੇਖ ਲਿਆ ਕਰੋ।

–ਕੀ ਗੱਲ ਕਰਦੇ ਹੋ। ਕਿਸੇ ਦੇ ਮੱਥੇ 'ਤੇ ਤਾਂ ਨ੍ਹੀਂ ਲਿਖਿਆ ਹੁੰਦਾ ਕਿ ਆਦਮੀ ਠੀਕ ਹੈ ਜਾਂ ਗਲਤ।

****

–ਕੋਈ ਮਾੜਾ ਘਟਨਾ ਨਹੀਂ ਵਾਪਰੀ। ਟੀ. ਵੀ. ਤੋਂ ਖ਼ਬਰਾਂ ਖਤਮ ਹੋਣ ਤੋਂ ਬਾਅਦ ਉਸ ਦੀ ਮਿਸਿਜ਼ ਬੋਲੀ ਸੀ।

–ਘਟਨਾਵਾਂ ਤਾਂ ਕਈ ਵਾਪਰ ਗਈਆਂ ਹੋਣਗੀਆਂ ਪਰ ਉਸਦਾ ਫੇਰਾ ਸ਼ਾਂਤੀ–ਪੂਰਨ ਰਿਹਾ।

–ਚੰਗੀ ਹੀ ਗੱਲ ਆ।

–ਹੂੰ।

–ਬੜੀ ਤਾਰੀਫ ਕੀਤੀ ਪੰਜਾਬੀਆਂ ਦੀ ਪ੍ਰਧਾਨਮੰਤਰੀ ਨੇ।

–ਇਸ ਵਿਚ ਸ਼ੱਕ ਵੀ ਕੀ ਆ ?

–ਪੰਜਾਬੀ, ਪੰਜਾਬੀ ਹੀ ਹੁੰਦਾ।

–ਮੁਹਾਜ ਭਾਵੇਂ ਕੋਈ ਵੀ ਹੋਵੇ।

–ਹੱਲਾਸ਼ੇਰੀ ਵੀ ਦੇ ਗਿਆ।

–ਇਹ ਤਾਂ ਲੀਡਰਾਂ ਦਾ ਹਥਿਆਰ ਹੁੰਦਾ।

–ਪੋਲਾ ਜਿਹਾ ਮੂੰਹ ਬਣਾ ਕੇ ਕਹਿ ਰਿਹਾ ਸੀ–ਪੰਜਾਬੀਓਂ ਨੇ ਹਮੇਸ਼ਾਂ ਹੀ ਹਰ ਸੰਕਟ ਦਾ ਬਹਾਦਰੀ ਸੇ ਸਾਹਮਣਾ ਕੀਯਾ ਹੈ। ਅਭ ਇਨਹੋਨੇ ਆਤੰਕਵਾਦ ਕਾ ਡਟ ਕਰ ਸਾਹਮਣਾ ਕਰਨਾ ਹੈ।

–ਇਕ ਗੱਲ ਮੈਂ ਦਸਾਂ ?

–ਕਿਹੜੀ....।

–ਪੰਜਾਬੀਆਂ ਨੇ ਹਰ ਸੰਕਟ ਦਾ ਬਹਾਦਰੀ ਨਾਲ ਸਾਹਮਣਾ ਕੀਤਾ ਆ।

–ਹਾਂ ! ਹਾਂ !!

–ਹੁਣ ਉਹਨਾਂ ਨੂੰ ਅੱਤਦੀਆਂ ਅਤੇ ਪੁਲੀਸਵਾਦੀਆਂ ਦਾ ਵੀ ਬਹਾਦਰੀ ਨਾਲ ਸਾਹਮਣਾ ਕਰਨਾ ਪੈਣਾਂ।



www.PunjabiLibrary.com

# ਆਪਣਿਆਂ 'ਚ

ਸਕੂਲਾਂ 'ਚ ਹੋਈਆਂ ਛੁੱਟੀਆਂ ਦੇ ਆਰੰਭਲੇ ਦਿਨ ਸਨ।

ਸਵੇਰ ਦੀ ਚਾਹ ਬਣ ਰਹੀ ਹੁੰਦੀ ਜਾਂ ਅਸੀਂ ਚਾਹ ਪੀਣ ਲਗਦੇ ਤਾਂ ਬਾਹਰੋਂ ਜਾਣੀ-ਪਹਿਚਾਣੀ ਆਵਾਜ਼ ਸੁਣਾਈ ਦਿੰਦੀ, "ਬੀਬੀ ਜੀ...ਬੀਬੀ ਜੀ...ਅੱਧਾ ਕੁ ਕੱਪ ਦੁੱਧ ਦਾ ਦਿਉ ਨਾ। ਅਸੀਂ ਚਾਹ ਪੀਣੀ ਆ। ਵਾਗੁਰੂ ਤੁਹਾਡਾ ਭਲਾ ਕਰੇਗਾ...," ਉਹ ਕੁਝ ਪਲਾਂ ਲਈ ਚੁੱਪ ਕਰ ਜਾਂਦਾ। ਜਿਵੇਂ ਅਗੇਉਂ ਸਾਡੇ ਰਿਸਪੌਨਸ ਦੀ ਉਡੀਕ ਕਰਦਾ ਹੋਵੇ। ਫੇਰ ਕਹਿੰਦਾ, "ਦੁੱਧ ਨ੍ਹੀਂ ਤਾਂ ਚਾਹ ਹੀ ਪਿਆ ਦਿਓ। ਕੋਈ ਰਾਤ ਦੀ ਬਚੀ-ਖੁਚੀ ਰੋਟੀ ਹੋਣੀ। ਬੀਬੀ....।"

ਉਸ ਦੇ ਚਿਹਰੇ 'ਤੇ ਅਥਾਹ ਮਾਸੂਮੀਅਤ ਹੁੰਦੀ। ਨਿਮਰਤਾ ਹੁੰਦੀ।

ਉਸ ਦੀ ਆਵਾਜ਼ ਸੁਣਦਿਆਂ ਸਾਰ ਦੀਸ਼ ਬਾਹਰ ਵੱਲ ਨੂੰ ਤੁਰ ਪੈਂਦਾ। ਦਰਵਾਜ਼ਾ ਖੋਲ੍ਹ ਕੇ ਉਸ ਨੂੰ ਵਿਹੜੇ 'ਚ ਲੈ ਆਉਂਦਾ। ਅੱਖ ਚੁਰਾ ਕੇ ਸਾਡੇ ਵੱਲ ਦੇਖਦਾ ਤੇ ਫੇਰ ਹੌਲੀ ਜਿਹੇ ਉਸਨੂੰ ਕਹਿੰਦਾ, "ਚਾਹ ਜ਼ਰੂਰ ਪਿਲਾਊਂ। ਪਹਿਲਾਂ ਨੱਚ ਕੇ ਦਿਖਾ ਤੇ ਗਾ-ਬਹੁਤ ਪਯਾਰ ਕਰਤੇ ਹੈਂ ਤੁਮ ਕੋ ਸਨਮ।" ਹੱਥ 'ਚ ਫੜਿਆ ਸਿਲਵਰ ਦਾ ਚਿਬ-ਖੜਿਬਾ ਕੱਪ, ਉਹ ਦਰਵਾਜ਼ੇ ਕੋਲ ਰੱਖ ਆਉਂਦਾ। ਉਹ ਇਕ ਹੱਥ ਲੱਕ ਤੋਂ ਥੋੜ੍ਹਾ ਕੁ ਹੇਠਾਂ ਟਿਕਾਉਂਦਾ ਤੇ ਦੂਜੇ ਹੱਥ ਨਾਲ ਇਕ ਉਂਗਲ ਖੜੀ ਕਰਕੇ ਪੈਲਾਂ ਪਾਉਂਦੇ ਮੋਰ ਵਾਂਗੂ ਝਾਲਰ ਬਣਾਉਂਦਾ। ਬਿਆਈਆਂ ਪਾਟੇ ਪੈਰਾਂ ਦੇ ਨਾਲ-ਨਾਲ ਗੋਢਿਆਂ ਤੀਕ ਲਮਕਦਾ ਮੈਲ ਨਾਲ ਗੜੁਚ ਕੁੜਤਾ ਤੇ ਜਟਾਂ ਬਣੇ ਵਾਲ ਵੀ ਨੱਚਣ ਲੱਗ ਜਾਂਦੇ। ਉਸਦੇ ਪੀਲੇ ਹੋਏ ਦੰਦਾਂ ਦੀ ਕੋਈ ਪ੍ਰਵਾਹ ਨਾ ਕਰਦਾ। ਉਹ ਕਿਸੇ ਵੱਲ ਦੇਖਦਾ ਨਾ। ਲਗਦਾ ਜਿਵੇਂ ਨੱਚਦਿਆਂ ਹੋਇਆਂ ਉਸਨੂੰ ਆਪ ਵੀ ਅਜੀਬ ਜਿਹਾ ਨਸ਼ਾ ਚੜ੍ਹ ਗਿਆ ਹੋਵੇ।

ਗੀਤ ਮੁਕਦਾ ਤਾਂ ਉਸਦਾ ਨੱਚਣਾ ਵੀ ਬੰਦ ਹੋ ਜਾਂਦਾ। ਉਹ ਥਾਈਂ ਬੈਠ ਜਾਂਦਾ। ਲੰਬੇ-ਲੰਮੇ ਸਾਹ ਲੈਂਦਾ। ਫੇਰ ਦੀਸ਼ ਵੱਲ ਦੇਖਦਾ। ਜਿਵੇਂ ਪੁੱਛ ਰਿਹਾ ਹੋਵੇ ਕਿ ਛੋਟੇ ਸਾਹਿਬ ਹੁਣ ਰੂਹ ਖ਼ੁਸ਼ ਹੋ ਗਈ।

ਦੀਸ਼ ਦੀ ਤਸੱਲੀ ਨਾ ਹੁੰਦੀ। ਉਸ ਦਾ ਹੋਰ ਗੀਤ ਸੁਣਨ ਨੂੰ ਮਨ ਕਾਹਲਾ ਪੈਂਦਾ। ਉਹ ਕਹਿੰਦਾ, "ਬੱਸ ਇਕ ਹੋਰ ਗਾਣਾ ਸੁਣਾ ਤੇ ਨਾਲ ਡੈਸਕੋ ਡਾਂਸ ਵੀ। ਤੂੰ ਸਲਮਾਨ ਖਾਨ



ਦੀ ਨਵੀਂ ਫਿਲਮ ਦੇਖੀ ਹੈ ਨਾ? ਸਾਇਨਪਾਲ ਵਿਚ ਲੱਗੀ।"

"ਨ੍ਹੀਂ," ਉਹ ਦੱਸਦਾ।

"ਲੈ ਤੂੰ ਇਕ ਵਾਰੀ ਵੀ ਨ੍ਹੀਂ ਦੇਖੀ। ਮੈਂ ਤਾਂ ਤਿੰਨ ਵਾਰੀ ਦੇਖ ਚੁੱਕਾਂ। ਇਕ ਵਾਰ ਡੈਡੀ ਨਾਲ ਮਲਟੀਪਲੈਕਸ ਵਿਚ ਦੇਖੀ। ਦੋ ਵਾਰ ਪਰਜਮੀਤ ਕੇ ਲੈਪਟੌਪ 'ਤੇ...।"

ਉਸ ਨੂੰ ਦੀਸ਼ ਦਾ ਇਸ ਤਰ੍ਹਾਂ ਪੁੱਛਣਾ ਚੰਗਾ ਲੱਗਦਾ।

ਦੀਸ਼ ਨੂੰ ਕੁਝ ਹੋਰ ਯਾਦ ਆ ਜਾਂਦਾ, "ਅੱਛਾ ਫੇਰ ਐਦਾਂ ਕਰ। ਸਰਤਾਜ ਦਾ ਗੀਤ ਸੁਣਾ-ਪਹਿਲੀ ਕਿੱਕ ਤੇ ਸਟਾਰਟ ਮੇਰਾ ਯਾਮਾ...।"

"ਅੱਛਾ।"

ਇਹ ਗੀਤ ਉਸ ਕਈ ਵਾਰ ਸੁਣਿਆ ਸੀ। ਕੁਝ ਕੁ ਸਤਰਾਂ ਯਾਦ ਸਨ।

ਉਹ ਫੇਰ ਨੱਚਣ ਲੱਗ ਜਾਂਦਾ। ਗਾਉਣ ਲੱਗਦਾ। ਮੈਂ ਤੇ ਮੇਰੀ ਬੀਵੀ ਹੱਸ-ਹੱਸਕੇ ਲੋਟ-ਪੋਟ ਹੋ ਜਾਂਦੇ।

ਮੈਂ ਕਹਿੰਦਾ, "ਤੂੰ ਅੱਜ ਕਲਾਬਾਜ਼ੀਆਂ ਤਾਂ ਲਾਈਆਂ ਹੀ ਨ੍ਹੀਂ।"

ਉਹ ਪੁੱਠਾ ਹੋ ਕੇ ਆਪਣੇ ਸਰੀਰ ਦਾ ਸਾਰਾ ਭਾਰ ਉਂਗਲਾਂ 'ਤੇ ਦਿੰਦਾ। ਫੇਰ ਤੀਰ ਕਮਾਣ ਵਾਂਗੂ ਵਿਚਕਾਰੋਂ ਲਿਫ ਜਾਂਦਾ। ਸਾਰਾ ਭਾਰ ਹੱਥਾਂ ਤੇ ਪੈਰਾਂ ਦੀਆਂ ਉਂਗਲਾਂ 'ਤੇ ਆ ਜਾਂਦਾ। ਫੇਰ ਉਹ ਟੇਢਾ ਹੋ ਕੇ ਇਕੋ ਸਾਹੇ ਕਈ ਕਲਾਬਾਜ਼ੀਆਂ ਲਾਉਂਦਾ। ਦੀਸ਼ ਮੈਨੂੰ ਕਹਿੰਦਾ, "ਡੈਡੀ-ਐਦਾਂ ਤਾਂ ਰੂਸ ਦੀਆਂ ਕੁੜੀਆਂ ਨੱਚਦੀਆਂ ਹੁੰਦੀਆਂ। ਇਹਨੇ ਵੀ ਟੈਲੀਵਿਜ਼ਨ 'ਤੇ ਉਨ੍ਹਾਂ ਨੂੰ ਨੱਚਦਿਆਂ ਹੋਇਆਂ ਦੇਖਿਆ ਹੋਣਾਂ।"

ਫੇਰ ਉਹ ਕਲਾਬਾਜ਼ੀਆਂ ਲਾਉਂਦਾ-ਲਾਉਂਦਾ ਥੱਕ ਜਾਂਦਾ। ਉਸ 'ਚ ਪਹਿਲਾਂ ਵਾਲਾ ਉਤਸ਼ਾਹ ਨਾ ਰਹਿੰਦਾ। ਸ਼ਾਇਦ ਅਜਿਹਾ ਭੁੱਖੇ ਢਿੱਡ ਕਰਕੇ ਹੁੰਦਾ ਸੀ।

ਉਹ ਪੈਰਾਂ ਭਾਰ ਬੈਠ ਜਾਂਦਾ।

ਦੀਸ਼ ਚਾਹ ਦਾ ਗਿਲਾਸ ਉਸ ਦੇ ਕੱਪ 'ਚ ਪਾ ਦਿੰਦਾ। ਜੇ ਰਸ ਬਚੇ ਹੁੰਦੇ ਜਾਂ ਡਬਲ ਰੋਟੀ ਦਾ ਪੀਸ ਪਿਆ ਹੁੰਦਾ ਜਾਂ ਕੋਈ ਬਿਸਕੁਟ ਲਭ ਪੈਂਦਾ ਤਾਂ ਦੀਸ਼ ਉਸ ਨੂੰ ਫੜਾ ਕੇ ਰਸੋਈ 'ਚ ਆ ਕੇ ਕੋਈ ਹੋਰ ਖਾਣ ਵਾਲੀ ਚੀਜ਼ ਲੱਭਣ ਲੱਗਦਾ।

ਉਹ ਜਾਣ ਲਗਦਾ ਤਾਂ ਪਰਮਿੰਦਰ ਉਸ ਨੂੰ ਰੋਕ ਲੈਂਦਾ। ਜ਼ੋਰ ਦੇ ਕੇ ਕਹਿੰਦਾ ਕਿ ਇਥੇ ਬੈਠ ਕੇ ਹੀ ਪੀ ਲੈ। ਘਰ ਜਾਂਦਿਆਂ ਤੀਕ ਠੰਢੀ ਹੋ ਜਾਣੀ। ਅਕਸਰ ਉਹ ਗੱਲ ਮੰਨ ਲੈਂਦਾ ਸੀ। ਪਰਮਿੰਦਰ ਉਸ ਕੋਲੋਂ ਨੱਚਣ ਦੇ ਗੁਰਾਂ ਬਾਰੇ ਪੁੱਛਦਾ। ਉਹ ਕਿਵੇਂ ਕਲਾਬਾਜ਼ੀਆਂ ਲਾਉਂਦਾ-ਇਸ ਬਾਰੇ ਪੁੱਛਦਾ। ਚਾਹ ਮੁਕਦਿਆਂ ਹੀ ਉਹ ਜਾਣ ਲਈ ਉੱਠ ਖੜ੍ਹਦਾ।

ਰਸੋਈ 'ਚ ਕੰਮ ਕਰਦੀ ਮੇਰੀ ਬੀਵੀ ਉਸ ਦੀ ਉਮਰ ਦਾ ਕਿਆਸ ਲਾਉਂਦੀ। ਉਸ ਨੂੰ ਉਹ ਪੰਜਵੀਂ 'ਚ ਪੜ੍ਹਦੇ ਪਰਮਿੰਦਰ ਤੋਂ ਸਾਲ-ਖੰਡ ਵੱਡਾ ਲੱਗਦਾ। ਉਹ ਭਾਵੁਕ ਹੋ ਕੇ ਮੈਥੋਂ ਪੁੱਛਦੀ, "ਇਹ ਭਲਾ ਪੜ੍ਹਦਾ ਵੀ ਹੋਊਗਾ?"

"ਨ੍ਹੀਂ। ਇਹ ਪੜ੍ਹਦੇ ਨ੍ਹੀਂ ਹੁੰਦੇ।"

"ਐਸ ਯੁੱਗ 'ਚ ਅਨਪੜ੍ਹ ਹੋਣਾ?"

"ਇਹ ਵਿਚਾਰੇ ਪੜ੍ਹਨ ਕਿਵੇਂ। ਇਕ ਮਹੀਨਾ ਇਸ ਸ਼ਹਿਰ ਵਿਚ ਰਹਿਣਾ। ਅਗਲੇ



www.PunjabiLibrary.com

ਮਹੀਨੇ ਇਨ੍ਹਾਂ ਦੀ ਕਿਸਮਤ 'ਚ ਪਤਾ ਨ੍ਹੀਂ ਕਿਹੜੇ ਸ਼ਹਿਰ ਦਾ ਦਾਣਾ ਪਾਣੀ ਲਿਖਿਆ ਹੁੰਦਾ। ਜਿਧਰ ਨੂੰ ਜੀਅ ਕੀਤਾ-ਤੁਰ ਪਏ। ਖਾਨਾਬਦੋਸ਼ ਜਿਉਂ ਹੋਏ?"

"ਡੈਡੀ-ਇਨ੍ਹਾਂ ਦਾ ਕੋਈ ਬੱਚਾ ਕਿਉਂ ਨ੍ਹੀਂ ਪੜ੍ਹਦਾ?" ਪਰਮਿੰਦਰ ਹੈਰਾਨਗੀ ਨਾਲ ਪੁੱਛਦਾ।

"ਇਨ੍ਹਾਂ ਦੇ ਰਹਿਣ ਦਾ ਕੋਈ ਪੱਕਾ ਟਿਕਾਣਾ ਨ੍ਹੀਂ ਹੁੰਦਾ। ਅੱਜ ਕਿਤੇ। ਕਲ੍ਹ ਨੂੰ ਕਿਸੇ ਹੋਰ ਥਾਂ। ਗਰੀਬੀ ਪੜ੍ਹਣ ਨ੍ਹੀਂ ਦਿੰਦੀ। ਨਾ ਇਨ੍ਹਾਂ ਦੇ ਮਾਂ-ਪਿਓ ਚਾਹੁੰਦੇ ਆ ਕਿ ਇਹ ਪੜ੍ਹਣ। ਨਾ ਸਾਡੀਆਂ ਸਰਕਾਰਾਂ ਚਾਹੁੰਦੀਆਂ। ਇਨ੍ਹਾਂ 'ਚੋਂ ਕੋਈ ਵਿਰਲਾ ਹੀ ਸਕੂਲ ਗਿਆ ਹੋਣਾਂ।"

"ਕੋਈ ਨਾ। ਕਲ੍ਹ ਨੂੰ ਆ ਲੈਣ ਦਿਓ। ਮੈਂ ਇਹਨੂੰ ਆਪਣੀਆਂ ਪੁਰਾਣੀਆਂ ਕਿਤਾਬਾਂ ਪੜ੍ਹਣ ਨੂੰ ਦਊਂਗਾ।" ਕਹਿ ਉਹ ਆਪਣੀਆਂ ਕਿਤਾਬਾਂ ਕਾਪੀਆਂ ਲੈ ਕੇ ਛੁੱਟੀਆਂ ਦਾ ਕੰਮ ਕਰਨ ਲਗ ਜਾਂਦਾ।

ਮੇਰੀ ਬੀਵੀ ਦੀ ਗੱਲ ਅਧੂਰੀ ਰਹਿ ਜਾਂਦੀ। ਉਹ ਕੁਝ ਹੋਰ ਜਾਨਣਾ/ ਪੁੱਛਣਾ ਚਾਹੁੰਦੀ। ਉਸ ਦਾ ਪੁੱਛਣਾ/ਜਾਨਣਾ ਦੂਜੇ ਦਿਨ 'ਤੇ ਜਾ ਪੈਂਦਾ।

ਮੇਰੇ ਮਨ 'ਚ ਵੀ ਕਈ ਖਿਆਲ ਆਉਂਦੇ। ਮਸਲਨ ਕੀ ਉਸ ਦਾ ਮਾਨਸਿਕ ਵਿਕਾਸ ਹੋਵੇਗਾ? ਕੀ ਉਹ ਚਾਹ ਦੇ ਕੱਪ ਖਾਤਿਰ ਦੂਜਿਆਂ ਲਈ ਜੋਕਰ ਬਣਿਆ ਰਹੇਗਾ? ਕੀ ਉਸ ਦੀ ਆਪਣੀ ਵੀ ਕੋਈ ਇੱਛਾ ਹੋਵੇਗੀ? ਕੀ ਕਦੇ ਉਸ 'ਚ ਆਤਮ-ਵਿਸ਼ਵਾਸ ਆਏਗਾ? ਜੇ ਉਹ ਐਦਾਂ ਹੀ ਮਰੂ-ਮਰੂ ਕਰਦਾ ਤੇ ਡਰਦਾ ਰਿਹਾ ਤਾਂ ਉਹ ਕਦੇ ਵੀ ਕਿਸੇ ਗਲਤ ਗੱਲ ਦਾ ਵਿਰੋਧ ਨਹੀਂ ਕਰ ਸਕੇਗਾ।

ਮੈਨੂੰ ਉਸ ਬਾਰੇ ਕੁਝ ਗੱਲਾਂ ਦਾ ਪਤਾ ਲਗਾ ਸੀ। ਉਸ ਦਾ ਨਾਂ ਜੈਲਾ ਹੈ। ਉਮਰ ਨੌਂ ਸਾਲ। ਉਸਦਾ ਬਾਪੂ ਸ਼ਿਕਾਰੀ ਕੁੱਤਿਆਂ ਦੀ ਸੰਗਲੀ ਫੜੀ ਬਿੱਲੇ, ਗੋਹਾਂ ਜਾਂ ਸਹੇ ਲੱਭਣ ਜਾਂਦਾ ਹੈ। ਅੰਮਾ ਤੁਰ-ਫਿਰ ਕੇ ਪੱਚੀਆਂ-ਤੀਹਾਂ ਰੁਪਿਆਂ ਦੀ ਕਾਰ ਕਰ ਲੈਂਦੀ ਹੈ। ਬਚਦੇ ਸਮੇਂ 'ਚ ਉਹ ਕੱਖ-ਕਾਨਾਂ ਦਾ ਬੰਦੋਬਸਤ ਕਰਦੀ ਹੈ।

ਇਕ ਦਿਨ ਮੇਰੀ ਬੀਵੀ ਨੇ ਕਿਹਾ ਸੀ, "ਆਪਾਂ ਜੈਲੇ ਨੂੰ ਪੜ੍ਹਾਉਣ ਦਾ ਪੁੰਨ ਖਟੀਏ?"

"ਉਹ ਕਿਦਾਂ?"

"ਮੈਂ ਉਹਨੂੰ ਆਪਣੇ ਸਕੂਲ 'ਚ ਦਾਖਲ ਕਰਵਾ ਦਵਾਂਗੀ। ਕੱਪੜੇ ਤੇ ਕਿਤਾਬਾਂ ਵੀ ਲੈ ਦਵਾਂਗੀ। ਵਿਚਾਰੇ ਦੀ ਜੂਨ ਸੁਧਰ ਜਾਵੇਗੀ। ਕੀ ਇਸ ਤੋਂ ਵੱਡਾ ਵੀ ਕੋਈ ਭਲੇ ਦਾ ਕੰਮ ਹੋ ਸਕਦਾ।"

"ਸ਼ਾਇਦ ਤੇਰੀ ਪਲੈਨਿੰਗ ਸਿਰੇ ਨਾ ਚੜ੍ਹੇ।"

"ਕਿਉਂ?"

"ਇਹਦੇ ਲਈ ਇਨ੍ਹਾਂ ਦੇ ਪਰਿਵਾਰ ਨੂੰ ਇਕ ਥਾਂ ਟਿਕ ਕੇ ਰਹਿਣਾ ਪੈਣਾਂ।"

"ਇਹ ਗੱਲਾਂ ਬਾਅਦ ਦੀਆਂ। ਅੱਜ ਸ਼ਾਮ ਨੂੰ ਆਪਾਂ ਜੈਲੇ ਦੇ ਮਾਂ-ਬਾਪ ਕੋਲ ਜਾਣਾਂ। ਬਾਕੀ ਦਾ ਮਸਲਾ ਮੈਂ ਆਪੇ ਨਜਿੱਠ ਲਵਾਂਗੀ।"



ਤੇ ਉਸੇ ਸ਼ਾਮ!!

ਮੈਂ ਤੇ ਮੇਰੀ ਬੀਵੀ ਜੈਲੇ ਦੇ ਮਾਂ-ਬਾਪ ਨੂੰ ਮਿਲਣ ਲਈ ਘਰੋਂ ਬਾਹਰ ਨਿਕਲੇ ਸੀ ਕਿ ਸਾਨੂੰ ਰੌਲਾ ਤੇ ਚੀਕ ਚਿਹਾੜਾ ਸੁਣਿਆ ਸੀ। ਲੱਗਾ ਸੀ ਜਿਵੇਂ ਕੋਈ ਰੋ ਰਿਹਾ ਹੋਵੇ। ਚੀਕਾਂ ਮਾਰ ਰਿਹਾ ਹੋਵੇ।

ਦੋ ਪਰਿਵਾਰਾਂ 'ਚ ਗਹਿਗਚ ਲੜਾਈ ਹੋ ਰਹੀ ਸੀ। ਉਹ ਆਪਣੀ ਬੋਲੀ 'ਚ ਗਾਲੋਂ-ਗਾਲੀ ਹੋ ਰਹੇ ਸਨ। ਉਹ ਹੱਥੋਂ ਪਾਈ ਹੁੰਦੀਆਂ ਤਾਂ ਨਿਆਣੇ ਚੀਕ ਚਿਹਾੜਾ ਪਾਉਣ ਲੱਗ ਜਾਂਦੇ।

ਵਿਚਲੀ ਗੱਲ ਦਾ ਕਿਸੇ ਨੂੰ ਵੀ ਕੋਈ ਥਹੁ ਪਤਾ ਨਹੀਂ ਲੱਗਾ ਸੀ ਪਰ ਐਨਾ ਕੁ ਅੰਦਾਜ਼ਾ ਲੱਗ ਗਿਆ ਸੀ ਕਿ ਲੜਾਈ ਦਾ ਮੂਲ ਕਾਰਨ ਜੈਲੇ ਦੀ ਅੰਮਾ ਤੇ ਦੋਵਾਂ ਭੈਣਾਂ ਨੂੰ ਮਿਥਿਆ ਜਾ ਰਿਹਾ ਹੈ।

ਵਿਚਕਾਰਲੀ ਝੁਗੀ ਕੋਲ ਖੜ੍ਹੇ ਜੈਲੇ ਦੇ ਹੱਥ 'ਚ ਇੱਟ ਦਾ ਟੋਟਾ ਫੜਿਆ ਸੀ। ਉਹ ਉੱਚੀ ਆਵਾਜ਼ 'ਚ ਬੋਲਦਾ ਤਾਂ ਉਸ ਦੇ ਬੁੱਲ੍ਹ ਕੰਬ ਉੱਠਦੇ। ਉਹ ਆਪਣੀ ਭੈਣ, ਜੋ ਕਦੇ ਅਗਾਂਹ ਚਲੇ ਜਾਂਦੀ ਤੇ ਫੇਰ ਪਹਿਲਾਂ ਵਾਲੀ ਥਾਂ ਆ ਖੜ੍ਹਦੀ, ਵੱਲ ਦੇਖ ਲੈਂਦਾ। ਜਿਵੇਂ ਪੁੱਛ ਰਿਹਾ ਹੋਵੇ-ਮੈਨੂੰ ਹੁਕਮ ਕਰ। ਮੈਂ ਇਸ ਦਾ ਸਿਰ ਪਾੜ ਸੁੱਟਾਂਗਾ।

"ਜੈਲਿਆ-ਤੂੰ ਇੱਟ ਕਿਉਂ ਚੁੱਕੀ? ਇਹਨੂੰ ਸੁੱਟ ਦੇ," ਸਮਝਾਉਂਦਿਆਂ ਹੋਇਆਂ ਮੈਂ ਅਗਾਂਹ ਹੋਇਆ ਸੀ। ਮੈਨੂੰ ਇਸ ਗੱਲ ਦਾ ਪਤਾ ਸੀ ਕਿ ਉਹ ਮੇਰੀ ਗੱਲ ਨਹੀਂ ਮੋੜੇਗਾ।

ਮੈਨੂੰ ਇਸ ਗੱਲ ਦਾ ਡਰ ਸੀ ਕਿ ਕੀ ਪਤਾ ਬਾਲ ਮਨ ਕਿਹੜੇ ਵੇਲੇ ਕੀ ਸੋਚ ਲਵੇ ਤੇ ਉਹ ਠਾਅ ਕਰਕੇ ਇੱਟ ਮਾਰ ਦੇਵੇ। ਇਸ ਤੋਂ ਅਗਾਂਹ ਦੀ ਕਲਪਨਾ???

"ਬਾਬੂ ਜੀ...ਤੁਹਾਨੂੰ ਨ੍ਹੀਂ ਪਤਾ। ਇਸ ਮਾਦਰ...ਨੇ ਹਮਾਰੀ ਅੰਮਾ ਔਰ ਭੈਣੋਂ ਕੋ ਗਾਲੀ ਦਿੱਤੀ," ਜੈਲਾ ਪਰ੍ਹਾਂ ਨੂੰ ਹੋ ਗਿਆ ਸੀ।

"ਲੈ ਫੇਰ ਕੀ ਹੋਇਆ। ਲੜਾਈ ਵੱਡਿਆਂ ਦੀ-ਵੱਡੇ ਆਪੇ ਨਬੇੜ ਲੈਣਗੇ," ਮੇਰੀ ਬੀਵੀ ਨੇ ਕਿਹਾ ਸੀ। ਮਗਰੇ ਹੋਰ ਆਵਾਜ਼ਾਂ ਆ ਰਲੀਆਂ ਸਨ।

-ਤੂੰ ਅਜੇ ਬਹੁਤ ਛੋਟਾਂ।

-ਲੜਨਾ ਤੇਰਾ ਕੰਮ ਨ੍ਹੀਂ।

-ਜਾਣ ਦੇ ਕਾਕਾ। ਐਵੇਂ ਕਿਸੇ ਦੇ ਸੱਟ ਲੱਗ ਜਾਊ।

-ਗੁੱਸਾ ਨ੍ਹੀਂ ਕਰੀਦਾ।

-ਤੂੰ ਸਾਡਾ ਹੀ ਕਹਿਣਾ ਮੰਨ ਲੈ।

"ਬਾਬੂ ਜੀ ਤੁਹਾਨੂੰ ਇਸ ਗੱਲ ਦਾ ਨ੍ਹੀਂ ਪਤਾ। ਮੇਰਾ ਬਾਪੂ ਕਹਿੰਦਾ ਹੁੰਦਾ ਬਈ ਆਪਣਿਆਂ 'ਚ ਤਾਂ ਇੱਜ਼ਤ ਨਾਲ ਰਹਿਣਾ ਚਾਹੀਦਾ।" ਹੱਥ 'ਚ ਫੜਿਆ ਇੱਟ ਦਾ ਟੋਟਾ ਉਸ ਹੋਰ ਵੀ ਘੁਟ ਲਿਆ ਸੀ।



www.PunjabiLibrary.com

# ਜਿੰਦਰ ਬਾਰੇ ਜਾਣਕਾਰੀ

ਪੂਰਾ ਨਾਂ : ਹਰਜਿੰਦਰ ਪਾਲ
ਪਿਤਾ ਦਾ ਨਾਂ : ਸਵ: ਚਾਨਣ ਰਾਮ
ਮਾਤਾ ਦਾ ਨਾਂ : ਪਰਸਿੰਨੀ ਦੇਵੀ
ਪਤਨੀ ਦਾ ਨਾਂ : ਪੁਸ਼ਪਾ (ਦੀਪਕ ਜੈਤੋਈ ਦੀ ਧੀ)
ਬੱਚਿਆਂ ਦੇ ਨਾਂ : ਸ਼ਿਵ, ਸੈਫੀ (ਬੇਟੇ)
ਜਨਮ ਮਿਤੀ : 2-2-1954
ਜਨਮ ਸਥਾਨ : ਲੱਧੜਾਂ (ਜ਼ਿਲ੍ਹਾ ਜਲੰਧਰ, ਤਹਿਸੀਲ ਨਕੋਦਰ ਦਾ ਛੋਟਾ ਜਿਹਾ ਪਿੰਡ)
ਜਾਤ : ਰਾਜਪੂਰ ਸੁਨਿਆਰ
ਵਿਦਿਆ : ਤਿੰਨ ਜਮਾਤਾਂ ਨੂਰਮਹਲ ਤੋਂ, ਹਾਇਰ ਸਕੈਂਡਰੀ, ਆਰੀਆ ਸਕੂਲ ਨਕੋਦਰ ਤੋਂ (1972) ਬੀ. ਏ., ਡੀ. ਏ. ਵੀ. ਕਾਲਜ ਨਕੋਦਰ ਤੋਂ (1975) ਐੱਮ. ਏ., ਡੀ. ਏ. ਵੀ. ਕਾਲਜ ਜਲੰਧਰ ਤੋਂ (1977)
ਕਿੱਤੇ : ਤਿੰਨ ਵਾਰ ਮਾਰਕੀਟ ਕਮੇਟੀ, ਨਕੋਦਰ 'ਚ ਆਕਸ਼ਨ ਰਿਕਾਰਡਰ, ਢੇਡ ਸਾਲ ਅਗਰਵਾਲ ਫਰਮ, ਨਕੋਦਰ 'ਚ ਮੁਨੀਮ, 1983 ਤੋਂ 1988 ਤੱਕ ਐੱਮ. ਬੀ. ਡੀ. ਜਲੰਧਰ 'ਚ ਪਰੂਫ ਰੀਡਰ, 17 ਅਗਸਤ, 1988 ਤੋਂ ਪੰਜਾਬ ਸਰਕਾਰ ਦੇ ਟ੍ਰਾਂਸਪੋਰਟ ਵਿਭਾਗ 'ਚ ਆਡੀਟਰ, ਅੱਜ ਕਲ੍ਹ ਡਾਇਰੈਕਟਰ, ਸਟੇਟ ਟ੍ਰਾਂਸਪੋਰਟ ਚੰਡੀਗੜ੍ਹ ਪੋਸਟਿੰਗ

ਪ੍ਰਕਾਸ਼ਤ ਪੁਸਤਕਾਂ :

**ਕਹਾਣੀ ਸੰਗ੍ਰਹਿ**

ਮੈਂ, ਕਹਾਣੀ ਤੇ ਉਹ — 1990, 2012
ਤੁਸੀਂ ਨਹੀਂ ਸਮਝ ਸਕਦੇ — 1996,99, 2004, 2012
— 1997 (ਹਿੰਦੀ)
— 1998 (ਸ਼ਾਹਮੁਖੀ ਲਿਪੀ ਪਾਕਿਸਤਾਨ 'ਚ)
ਨਹੀਂ, ਮੈਂ ਨਹੀਂ — 2000, 2004
ਬਿਨਾਂ ਵਜ੍ਹਾ ਤਾਂ ਨਹੀਂ —2004, 2013
ਜ਼ਖ਼ਮ —2010, 2013
ਤਹਿਜ਼ੀਬ (ਸਾਰੀਆਂ ਕਹਾਣੀਆਂ) —2012
ਮੇਰੀਆਂ ਚੋਣਵੀਆਂ ਕਹਾਣੀਆਂ —2013/2014
ਜ਼ਖ਼ਮ, ਦਰਦ ਔਰ ਪਾਪ (ਹਿੰਦੀ) —2011
ਜ਼ਖ਼ਮ (ਮਰਾਠੀ) —2013
ਦਰਦ (ਮਰਾਠੀ) —2013

**ਰੇਖਾ ਚਿੱਤਰ**

ਕਵਾਸੀ ਰੋਟੀ — 1998
ਜੇ ਇਹ ਸੱਚ ਹੈ ਤਾਂ? — 2004
ਰੋੜੂ ਰਾਜਾ ਉਰਫ਼ ਫ਼ਜ਼ਲਦੀਨ —2013

**ਸਫ਼ਰਨਾਮਾ**

ਛੇ ਸੌ ਇਕਵੰਜਾ ਮੀਲ —2011

**ਸੰਪਾਦਨ**

ਕਹਾਣੀ ਸੰਗ੍ਰਹਿ
ਬੇਲੋੜੇ —1997
ਲਾਲ ਮਿੱਟੀ ਦੀ ਸੜਕ —2006
ਪੰਚਕੂਲੇ 'ਚ ਜਨਾਜ਼ਾ —2008
ਸ਼ਾਇਦ ਰੰਮੀ ਮੰਨ ਜਾਏ —2008
ਕਾਹਵਾ ਘਰ ਦੀ ਹਸੀਨਾ —2009
ਇਕਬਾਲੀਆ ਬਿਆਨ —2009
ਅਜੇ ਅੰਤ ਨਹੀਂ —2010
ਮੁਹਾਜ, ਪਿੰਜਰੇ ਤੇ ਜ਼ਖ਼ਮ —2011
ਸਮੁੰਦਰ, ਘਰ ਤੇ ਜੰਗਲੀ ਕਬੂਤਰ —2013
1947 ਅੱਲੇ ਜ਼ਖ਼ਮਾਂ ਦੀ ਦਾਸਤਾਨ —2013
1947 ਦੇ ਉਜਾੜੇ ਦੀ ਦਾਸਤਾਨ —2013
ਪਰਵਾਸੀਆਂ ਦੀਆਂ ਕਹਾਣੀਆਂ —2013
ਰਘੁਬੀਰ ਢੰਡ ਦੀਆਂ ਚੋਣਵੀਆਂ ਕਹਾਣੀਆਂ —2013
ਔਰਤ ਮਰਦ ਸੰਬੰਧਾਂ ਦੀਆਂ ਕਹਾਣੀਆਂ —2014

**ਅਨੁਵਾਦ :**

ਬੱਚੇ ਜਿਹਨਾਂ ਨੇ ਕਮਾਲ ਕੀਤਾ —2012
ਮਹੀਪ ਸਿੰਘ ਦੀਆਂ ਚੋਣਵੀਆਂ ਕਹਾਣੀਆਂ —2013
ਰਾਮਦਰਸ਼ ਮਿਸਰ ਦੀਆਂ ਚੋਣਵੀਆਂ ਕਹਾਣੀਆਂ —2013

www.PunjabiLibrary.com

ਸੰਪਾਦਕ : ਸ਼ਬਦ

ਕੁਝ ਕਹਾਣੀਆਂ ਇੰਗਲਿਸ਼, ਮਰਾਠੀ, ਰਾਜਸਥਾਨੀ, ਨੇਪਾਲੀ, ਤੇਲਗੂ, ਬੰਗਲਾ, ਸ਼ਾਹਮੁਖੀ ਲਿੱਪੀ, ਹਿੰਦੀ ਤੇ ਹੋਰ ਭਾਸ਼ਾਵਾਂ 'ਚ ਅਨੁਵਾਦ

ਜਿੰਦਰ ਦੀਆਂ ਕਹਾਣੀਆਂ : ਔਰਤ, ਸੈਕਸ ਅਤੇ ਦਲਿਤਵਾਦ (2006) ਸੰਪਾਦਕ : ਡਾ. ਬਲਕਾਰ ਸਿੰਘ

ਇੱਕ ਕਹਾਣੀ : ਦਸ ਦਿਸ਼ਾਵਾਂ (ਕਤਲ ਕਹਾਣੀ ਬਾਰੇ) ਸੰਪਾਦਕ : ਡਾ. ਰਵੀ ਰਵਿੰਦਰ

* ਸੌਂਗੀ : ਆਦ ਤੋਂ ਅੰਤ ਤੱਕ, ਸੰਪਾਦਕ : ਡਾ. ਸੁਖਰਾਜ ਧਾਲੀਵਾਲ

* ਜਿੰਦਰ ਦਾ ਕਥਾ ਸੰਸਾਰ, ਸੰਪਾਦਕ : ਡਾ. ਕਰਨਦੀਪ ਸਿੰਘ

– ਵਿਦਿਆਰਥੀਆਂ ਵੱਲੋਂ ਕਈ ਐੱਮ. ਫਿਲ ਦੇ ਥੀਸਿਸ ਲਿਖੇ ਗਏ :

* ਜਿੰਦਰ ਦੇ ਕਹਾਣੀ ਸੰਗ੍ਰਹਿ 'ਨਹੀਂ, ਮੈਂ ਨਹੀਂ ਦਾ ਆਲੋਚਨਾਤਮਕ ਆਧਿਐਨ (2001) ਖੋਜਾਰਥੀ : ਕੁਲਵਿੰਦਰ ਕੌਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।

* ਜਿੰਦਰ ਰਚਿਤ ਕਹਾਣੀ ਸੰਗ੍ਰਹਿ 'ਤੁਸੀਂ ਨਹੀਂ ਸਮਝ ਸਕਦੇ' ਦਾ ਆਲੋਚਨਾਤਮਕ ਅਧਿਐਨ (2002-03) ਖੋਜਾਰਥੀ : ਬਲਵਿੰਦਰ ਸਿੰਘ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।

* ਜਿੰਦਰ ਦੀ ਕਹਾਣੀ ਕਲਾ (2003) ਖੋਜਾਰਥੀ : ਹਰਪ੍ਰੀਤ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

* ਜਿੰਦਰ ਦੇ ਕਹਾਣੀ ਜਗਤ ਵਿੱਚ ਔਰਤ-ਮਰਦ ਸੰਬੰਧ ਇਕ ਅਧਿਐਨ (2002-03) ਖੋਜਾਰਥੀ : ਸੁਖਚੈਨ ਕੌਰ, ਕੁਰੂਕਸ਼ੇਤਰ, ਯੂਨੀਵਰਸਿਟੀ, ਕੁਰੂਕਸ਼ੇਤਰ।

* ਕਹਾਣੀਕਾਰ ਜਿੰਦਰ ਦੀਆਂ ਪੰਜ ਪ੍ਰਤੀਨਿੱਧ ਕਹਾਣੀਆਂ ਦਾ ਚਿਹਨ ਵਿਗਿਆਨਕ ਅਧਿਐਨ (2004) ਖੋਜਾਰਥੀ : ਸਤਿੰਦਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

* ਜਿੰਦਰ ਦੀਆਂ ਕਹਾਣੀਆਂ ਦਾ ਵਿਰਚਨਾਤਮਕ ਅਧਿਐਨ (2005) ਖੋਜਾਰਥੀ : ਜਗਮੀਤ ਸਿੰਘ, ਪੰਜਾਬ ਯੂਨੀਵਰਸਿਟੀ, ਰੀਜਨਲ ਸੈਂਟਰ, ਮੁਕਤਸਰ

* ਜਿੰਦਰ ਦੀ ਕਹਾਣੀ ਕਲਾ (2006) ਖੋਜਾਰਥੀ : ਸਤਨਾਮ ਸਿੰਘ, ਕੁਰੂਕਸ਼ੇਤਰ, ਯੂਨੀਵਰਸਿਟੀ, ਕੁਰੂਕਸ਼ੇਤਰ।

* ਜਿੰਦਰ ਦੀਆਂ ਕਹਾਣੀਆਂ ਦਾ ਆਲੋਚਨਾਤਮਕ ਅਧਿਐਨ (2007) ਖੋਜਾਰਥੀ : ਮਨਵਿੰਦਰ ਸਿੰਘ, ਕੁਰੂਕਸ਼ੇਤਰ, ਯੂਨੀਵਰਸਿਟੀ, ਕੁਰੂਕਸ਼ੇਤਰ।

* ਕਹਾਣੀਕਾਰ ਜਿੰਦਰ : ਇੱਕ ਅਧਿਐਨ (2009) ਖੋਜਾਰਥੀ : ਪ੍ਰਭਜੋਤ ਕੌਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

* ਜਿੰਦਰ ਦੀਆਂ ਕਹਾਣੀਆਂ ਦਾ ਚਿਹਨ ਵਿਗਿਆਨਕ ਅਧਿਐਨ (2009-10) ਖੋਜਾਰਥੀ : ਮਨਵੀਰ ਕੌਰ, ਪੰਜਾਬੀ ਯੂਨੀਵਰਸਿਟੀ, ਰੀਜ਼ਨਲ ਸੈਂਟਰ, ਬਠਿੰਡਾ।

× ਜਿੰਦਰ ਦੀਆਂ ਕਹਾਣੀਆਂ ਦੇ ਮੂਲ ਸਰੋਕਾਰ (2013) ਖੋਜਾਰਥੀ : ਕੁਲਦੀਪ ਕੁਮਾਰ, ਪੰਜਾਬੀ ਯੂਨੀਵਰਸਿਟੀ, ਰੀਜ਼ਨਲ ਸੈਂਟਰ, ਬਠਿੰਡਾ।

* ਜਿੰਦਰ ਦੇ ਕਹਾਣੀ ਸੰਗ੍ਰਹਿ ਜ਼ਖ਼ਮ ਦੇ ਥੀਮਕ ਪਰਸਾਰ (2013) ਖੋਜਾਰਥੀ, ਹਰਵਿੰਦਰ ਕੌਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।

ਘਰ ਦਾ ਪਤਾ : 984, ਮਾਡਲ ਹਾਊਸ,
ਨੇੜੇ ਸੁਰਿੰਦਰ ਵੈਲਡਿੰਗ ਵਰਕਸ, ਜਲੰਧਰ-3 ਪੰਜਾਬ (ਮੋਬਾਇਲ) 98148-03254

www.PunjabiLibrary.com